ਸਾਂਦਲਬਾਰ

ਦਾ

ਇਤਿਹਾਸ ਵਿਰਕ ਅਤੇ ਹੋਰ



ਮੂਲ ਲੇਖਕ :
ਭਾਈ ਜੀਵਨ ਸਿੰਘ ਜੈ ਚੱਕ

ਲੇਖਕ ਤੇ ਸੰਪਾਦਕ :
ਗਿ: ਗੁਰਇਕਬਾਲ ਸਿੰਘ ਕੈਪਟਨ

ਲੇਖਕ ਤੇ ਸੰਪਾਦਕ :
ਭਗਵੰਤ ਸਿੰਘ 'ਆਜ਼ਾਦ'

ਸਾਂਦਲਬਾਰ ਦਾ ਇਤਿਹਾਸ
ਵਿਰਕ ਅਤੇ ਹੋਰ

ਮੂਲ ਲੇਖਕ :

ਭਾਈ ਜੀਵਨ ਸਿੰਘ ਚੱਕ ਜੋਦ ਨੰ: 16

ਲੇਖਕ ਤੇ ਸੰਪਾਦਕ :

(1) ਗਿਆਨੀ ਗੁਰਇਕਬਾਲ ਸਿੰਘ ਕੈਪਟਨ

(2) ਭਗਵੰਤ ਸਿੰਘ 'ਆਜ਼ਾਦ'

ਪਹਿਲੀ ਵਾਰ : 2000

ਸਾਲ : 1994

ਪ੍ਰਕਾਸ਼ਕ :
ਭਗਵੰਤ ਸਿੰਘ 'ਆਜ਼ਾਦ'
ਪਿੰਡ ਤੇ ਡਾ: ਸਿਆਣਾ ਸੱਯਦਾਂ
ਤਹਿਸੀਲ ਪਹੇਵਾ (ਕੁਰਕਸ਼ੇਤਰ) ਹਰਿਆਣਾ

ਛਾਪਕ :
ਪੇਸਰ ਪ੍ਰਿੰਟਰਜ਼,
ਵਿਰਕ ਕਲੋਨੀ ਨੇੜੇ ਬਾਜਵਾ ਕਲੋਨੀ,
ਪਟਿਆਲਾ-147 001

ਮੂਲ : 150/- ਰੁਪਏ



ਮੂਲ ਲੇਖਕ :
ਭਾਈ ਜੀਵਨ ਸਿੰਘ ਚੱਕ ਜੈਦ ਨੰ. 16



ਲੇਖਕ ਤੇ ਸੰਪਾਦਕ :
ਗਿ: ਗੁਰਇਕਬਾਲ ਸਿੰਘ ਕੈਪਟਨ



ਲੇਖਕ ਤੇ ਸੰਪਾਦਕ :
ਭਗਵੰਤ ਸਿੰਘ 'ਆਜ਼ਾਦ'

ਸਮਰਪਤ



ਭਾਈ ਮੂਲ ਸਿੰਘ ਗਰਮੂਲਾ

ਨੂੰ ਜਿਨ੍ਹਾਂ ਦੇ ਦਿਮਾਗ ਵਿੱਚ ਇਸ ਇਤਿਹਾਸ ਨੂੰ ਲਿਖਣ ਤੇ ਛਪਵਾਉਣ ਦਾ ਖਿਆਲ ਨਿੰਮਿਆ

ਅਤੇ

ਉਹਨਾਂ ਲੱਖਾਂ ਇਤਿਹਾਸ ਘਾੜਿਆਂ ਨੂੰ ਜਿਨ੍ਹਾਂ ਦੁਨੀਆਂ ਭਰ ਦੇ ਇਤਿਹਾਸ ਵਿਚ ਸਾਂਦਲਬਾਰ ਦੇ ਲਈ ਬਹੁਤ ਉੱਚੀ ਥਾਂ ਬਣਾਈ ਪਰ ਸਮੇਂ ਨੇ ਉਹਨਾਂ ਨੂੰ ਅਣਗਹਿਲੀ ਦੀ ਧੂੜ ਹੇਠ ਦੱਬ ਜਾਣ ਦਿੱਤਾ ਤੇ ਹੁਣ ਇਸ ਗ੍ਰੰਥ ਰਾਹੀਂ ਉਨ੍ਹਾਂ 'ਚੋਂ ਕੁਝ ਨੂੰ ਇਤਿਹਾਸ ਦੇ ਮੇਜ਼ ਤੇ ਲਿਆਉਣ ਦਾ ਯਤਨ ਕੀਤਾ ਗਿਆ ਹੈ। ਜੇ ਉਨ੍ਹਾਂ ਇਹ ਵਿਲਖਣ ਇਤਿਹਾਸ ਘੜਿਆ ਤੇ ਤਾਂ ਅਸੀਂ ਇਸ ਨੂੰ ਲੱਭ ਸਕੇ ਅਤੇ ਲਿਖ ਸਕੇ ਹਾਂ ਅਤੇ ਮੁੱਛਾਂ ਨੂੰ ਤਾਅ ਦੇ ਲੈਂਦੇ ਹਾਂ। ਜੇ ਉਹ ਆਪਣੇ ਉੱਚ-ਮਨੋਬਲ, ਤਕੜੇ ਬਾਹੂ-ਬਲ ਅਤੇ ਸਿਆਣੇ ਸੋਚ-ਬਲ ਨਾਲ ਉੱਚ-ਕਰਣੀਆਂ ਨਾ ਕਰਦੇ ਤਾਂ ਅਸਾ ਲਭਣਾ ਕੀਹ ਸੀ ਤੇ ਲਿਖਣਾ ਕੀਹ ਸੀ। ਸੋ ਵਾਰ ਵਾਰ ਨੱਤ-ਮਸਤਕ ਹੋ ਕੇ ਉਹਨਾਂ ਨੂੰ ਸਮਰਪਿਤ ਹੈ ਉਹਨਾਂ ਦਾ ਇਹ ਇਤਿਹਾਸ।

ਆਪਣੇ ਸਮੇਂ ਦਾ ਸਰਦਾਰ-ਇ-ਕੌਮ
ਨਵਾਬ ਕਪੂਰ ਸਿੰਘ ਨਵਾਬੀ ਅਤੇ ਖਿੱਲਤ ਮਿਲਣ ਤੇ



ਅਸੀਂ ਚੋਰ ਨਹੀਂ, ਚੋਰਾਂ ਨੂੰ ਪੈਂਦੇ ਰਹੇ ਮੋਰ ਸਾਂ। ਅਸੀਂ ਡਾਕੂ ਨਹੀਂ, ਡਾਕੂਆਂ ਨੂੰ ਲੁੱਟਦੇ ਰਹੇ ਭੜਾਕੂ ਸਾਂ ਅਤੇ ਇਸ ਕਾਸੇ ਨਾਲ ਲੜਾਕੂ ਤਾਂ ਅਸੀਂ ਬਣ ਹੀ ਗਏ ਸਾਂ: ਭਾਵ ਹਾਲਾਤ ਨੇ ਸਾਨੂੰ ਇਹ ਕੁਝ ਬਣਾਇਆ ਸੀ। ਅਸੀਂ ਹਿੰਦੁਸਤਾਨ ਦੀ ਉਸ ਦਹਿਲੀਜ਼ ਤੇ ਸਾਂ ਜਿੱਥੇ ਇਸ ਦੇਸ਼ ਤੇ ਚੜ੍ਹ ਕੇ ਆਏ ਹਰ ਹਮਲਾ-ਆਵਰ ਨਾਲ ਆਉਂਦਿਆਂ ਵੀ ਤੇ ਜਾਂਦਿਆਂ ਵੀ ਸਾਨੂੰ ਸਿੱਝਦਾ ਰਿਹਾ ਅਤੇ ਅਸੀਂ ਸਿਝਦੇ ਰਹੇ ਨੇਜ਼ਿਆਂ ਨਾਲ, ਬਰਛੀਆਂ ਨਾਲ, ਤੇਗਾਂ ਨਾਲ, ਖੰਡਿਆਂ ਨਾਲ ਅਤੇ ਕਈ ਵਾਰੀ ਹੱਥੋ ਹੱਥੀਂ ਵੀ। ਇਸ ਦੇਸ਼ ਤੇ ਹਮਲਾਵਰ ਆਏ ਓਨੇ ਜਿੰਨੇ ਸ਼ਾਇਦ ਇਸ ਦੇਸ਼ ਦੇ ਇਤਿਹਾਸ ਦੇ ਵਰਕੇ ਹਨ।

ਅਸੀਂ ਮਜ਼ਲੂਮਾਂ ਲਈ ਫੁੱਲ ਰਹੇ, ਜਾਲਮ ਲਈ ਤਿਖੇ ਖ਼ਾਰ ਰਹੇ।
ਢਲ ਜਾਣ ਲਈ ਅਸੀਂ ਮੋਮ ਵੀ ਸਾਂ, ਪਰ ਲੋੜ ਪਿਆਂ ਤਲਵਾਰ ਰਹੇ।

ਇਸ ਕਾਸੇ ਦਾ ਪੂਰਾ ਵੇਰਵਾ ਇਸ ਗ੍ਰੰਥ ਦੇ ਅਗਲੇ ਸਫਿਆਂ ਵਿਚ ਥਾਂ-ਪਰ-ਥਾਂ ਪੜ੍ਹੋਗੇ।

ਇਹ ਵੱਖਰੀ ਗੱਲ ਏ ਕਿ ਅੱਜ ਨਵਾਬ ਕਪੂਰ ਸਿੰਘ ਜਿਹਾਂ ਦੀ ਅਣਹੋਂਦ ਕਰ ਕੇ ਅਸੀਂ ਸ਼ੋਹਦੇ ਆਪ ਹੀ ਮਜ਼ਲੂਮ ਹੋਏ ਲਗੇ ਫਿਰਦੇ ਹਾਂ ਅਤੇ ਆਪਣੀ ਜ਼ਾਨ-ਮਾਲ ਤੇ ਇਜ਼ਤ ਦੀ ਰੱਖਵਾਲੀ ਲਈ ਲਿਲ੍ਹਕੜੀਆਂ ਕੱਢਦੇ ਫਿਰਦੇ ਹਾਂ।

—ਭਗਵੰਤ ਸਿੰਘ 'ਆਜ਼ਾਦ'

ਪੀੜਾਂ ਹੰਢਾਈਆਂ ਜਿੰਨੀਆਂ............

ਸਾਂਦਲ ਦੀ ਬਾਰ ਅੰਦਰ, ਸੰਦਲ ਜਿਹੀ ਬਾਸ਼ਨਾ ਸੀ ।
ਨਿਕਲੇ ਅਸੀ' ਸਾਂ ਮੁਲਖਾਂ ਜਨਮਾਂ ਦਾ ਸ੍ਵਾਬ ਛੱਡ ਕੇ ।
ਅੱਧੀ ਸਦੀ ਪਈ ਹੋਵੇ, ਬਦਬੋਆਂ ਸਹਿੰਦਿਆਂ ਨੂੰ,
ਹਥੀਂ ਲਗਾਏ ਅਪਣੇ ਬਾਗ-ਇ-ਗੁਲਾਬ ਛੱਡ ਕੇ ।
ਸਾਨੂੰ ਨਖੇੜਿਓ ਨੇ ਨਾਨਕਿਆਣੇ ਦੇ ਨਾਲੋਂ[1]
ਬੇ-ਸੁਰ ਹੋਏ ਹਾਂ ਫਿਰਦੇ, ਨਾਨਕ ਰਬਾਬ ਛੱਡ ਕੇ,
ਕਹਿੰਦੇ ਨੇ ਸਾਨੂੰ ਭੁਲ ਜਾਉ, "ਬਾਪੂ ਜੀ, ਨਾਲੇ ਮਾਂ ਨੂੰ[2],
ਐਪਰ ਕੀਹ ਮੂੰਹ ਦਿਆਂਗੇ, ਨਿੱਪਲ ਦੀ ਯਾਦ ਛੱਡ ਕੇ ।
ਲਿਖਦੇ ਹਹੇ ਸਦੀਆਂ ਤੋੜੀਂ, ਲਹੂਆਂ ਤੇ ਮੁੜਕਿਆਂ ਨਾਲ,
ਨੱਸੇ ਮੁਸੀਬਤਾਂ (ਹਰਫਲੀਆਂ) ਵਿਚ, ਪੜਨੀਂ ਕਿਤਾਬ ਛਡ ਕੇ ।
ਉਜੜੇ ਅਸੀਂ ਸਾਂ ਮੁਲਖਾ, ਦੁਨੀਆਂ ਤੋਂ ਵਖਰੇ ਹੀ,
ਕਈਆਂ ਸਵਾਲਾਂ ਦੇ ਹਾਂ, ਅਧੂਰੇ ਜਵਾਬ ਛੱਡ ਕੇ
ਅੱਖਾਂ ਸੀ ਬਣੀਆਂ ਭੱਠੀਆਂ, ਆਨੇ ਬਣੇ ਅੰਗਾਰੇ,
ਪੀ ਗਏ ਸਭ ਬੇ-ਬਸੀਆਂ, ਕਿੰਨੇ ਈ ਹਿਸਾਬ ਛੱਡ ਕੇ .
ਐਪਰ
ਲਿਖਣ ਜੇ ਲੱਗ ਪਏ ਇਸ ਤੇ, ਮੁਕ ਜਾਊ ਤੁਹਾਡੀ ਧਰਤੀ,
ਅਸਾਂ
ਪੀੜਾਂ ਹੰਢਾਈਆਂ ਜਿੰਨੀਆਂ, ਰਾਵੀ ਚਨਾਬ ਛੱਡ ਕੇ ।

ਭਗਵੰਤ ਸਿੰਘ ਆਜ਼ਾਦ

---

1. ਅਸੀਂ ਜੜ੍ਹਾਂ ਅਤੇ ਮੁੱਢਾਂ ਨਾਲੋਂ ਵੱਢੇ ਹੋਏ ਤਣੇ ਹਾਂ; ਤਣਿਆਂ ਨਾਲੋਂ ਕੱਟੇ ਹੋਏ ਸਗੋਂ ਤਰੋੜੇ ਹੋਏ ਟਾਂਹਣ ਹਾਂ ਅਤੇ ਟਾਹਣਾਂ ਨਾਲੋਂ...... .....।
2. ਸਾਡੀ ਜਨਮ ਭੂਮੀ-ਸਾਂਦਲ ਬਾਰ ਦੀ ਧਰਤੀ।

ਤਤਕਰਾ

ਨੰ.	ਕੀਹ	ਕਿੱਥੇ

ਆਦਿ ਕਥਨ

ਇਹ ਪੁਸਤਕ 'ਸਾਂਦਲਬਾਰ ਦਾ ਇਤਿਹਾਸ' ਵੇਖ ਕੇ ਅਤੇ ਪੜ੍ਹ ਕੇ ਅਤਿਅੰਤ ਖੁਸ਼ੀ ਦਾ ਅਨੁਭਵ ਹੋ ਰਿਹਾ ਹੈ। ਵਾਸਤਵ ਵਿਚ ਇਹ ਰਾਵੀ ਤੇ ਚਨਾਬ ਦਰਿਆਵਾਂ ਦੇ ਮੱਧ ਵਿਚ ਵਸਦੇ ਲੋਕਾਂ ਦਾ ਇਤਿਹਾਸ ਸਾਡਾ ਆਪਣਾ ਵਿਰਸਾ ਹੈ ਜਿਸ ਨਾਲੋਂ ਬਦਕਿਸਮਤੀ ਨਾਲ ਅਸੀਂ 1947 ਦੇ ਮਾਰੂ ਘੱਲੂਘਾਰੇ ਵਿਚ ਟੁੱਟ ਗਏ ਹਾਂ ਜਾਂ ਜਬਰਦਸਤੀ ਨਿਖੇੜ ਦਿੱਤੇ ਗਏ ਹਾਂ। ਮੇਰਾ ਆਪਣਾ ਪਿੰਡ ਜਾਮਕੀ' ਚੱਠਾ ਤਹਿਸੀਲ ਵਜ਼ੀਰਾਬਾਦ ਜ਼ਿਲਾ ਗੁਜ਼ਰਾਂਵਾਲਾ ਹੈ ਜਿਥੋਂ ਦੇ ਲਹਿਲਹਾਂਦੇ ਖੇਤਾਂ ਤੇ ਖੁਸ਼ੀਆਂ ਭਰੀ ਫਿਜ਼ਾ ਨੂੰ ਯਾਦ ਕਰਕੇ ਅੱਜ ਵੀ ਫ਼ਖਰ ਮਹਿਸੂਸ ਹੁੰਦਾ ਹੈ। ਉਸ ਥਾਂ ਦਾ ਇਤਿਹਾਸ ਗੁਆਚਿਆ ਪਿਆ ਸੀ। ਇਸ ਬਿਖਰੀ ਮਾਲਾ ਦੇ ਮਣਕਿਆਂ ਨੂੰ ਇਕ ਮਾਲਾ ਵਿਚ ਪ੍ਰੋਣ ਲਈ ਜੋ ਉੱਦਮ ਭਾਈ ਜੀਵਨ ਸਿੰਘ, ਗਿਆਨੀ ਗੁਰਇਕਬਾਲ ਸਿੰਘ ਕੇਪਟਨ ਅਤੇ ਸ: ਭਗਵੰਤ ਸਿੰਘ 'ਆਜ਼ਾਦ' ਨੇ ਕੀਤਾ ਹੈ, ਉਹ ਬੜਾ ਸ਼ਲਾਘਾਯੋਗ ਹੈ। ਉਨ੍ਹਾਂ ਨੇ ਆਪ ਅਤੇ ਉਨ੍ਹਾਂ ਦੇ ਕੁੱਝ ਸਾਥੀਆਂ ਨੇ ਆਪਣੇ ਵੱਡੇ ਵੱਡੇਰਿਆਂ ਤੋਂ, ਮਰਾਸੀਆਂ ਤੋਂ, ਢੋਲਈਆਂ ਤੋਂ, ਭੱਟਾਂ ਤੋਂ, ਗਵੱਈਆਂ ਤੋਂ, ਹਰਿਦੁਆਰ ਵਰਗੇ ਤੀਰਥ ਸਥਾਨਾਂ ਤੋਂ, ਪੰਡਤਾਂ ਦੀਆਂ ਪੁਰਾਣੀਆਂ ਵਹੀਆਂ ਤੋਂ ਕੁਰਸੀਨਾਵੇਂ ਲੈ ਲੈ ਕੇ, ਨਿਕੀਆਂ ਨਿਕੀਆਂ ਪਾਕਟ ਬੁੱਕਾਂ ਤੋਂ ਭਾਰਤ ਅਤੇ ਪੰਜਾਬ ਸਰਕਾਰ ਦੇ ਪੁਰਾਤਤਵ ਵਿਭਾਗ ਦੇ ਰਿਕਾਰਡ ਵਿਚੋਂ ਸਾਂਦਲਬਾਰ ਦੇ ਲੋਕਾਂ ਵਿਸ਼ੇਸ਼ ਕਰਕੇ ਵਿਰਕਾਂ ਸੰਬੰਧੀ ਇਤਿਹਾਸਕ ਤੱਥਾਂ ਨੂੰ ਇਕਠਿਆਂ ਕੀਤਾ ਜਿਸ ਨਾਲ ਹੌਲੀ ਹੌਲੀ ਇਹ ਸਾਰੀ ਸਾਮਗਰੀ ਇੱਕ ਪਸਤਕ ਦਾ ਰੂਪ ਧਾਰਨ ਲੱਗੀ। ਜੇ ਇਸ ਸਾਰੇ ਕਾਰਜ ਪਿੱਛੇ ਸ: ਭਗਵੰਤ ਸਿੰਘ ਆਜ਼ਾਦ ਜਿਹੇ ਵਿਅਕਤੀ ਦੀ ਲਗਨ, ਦ੍ਰਿੜ੍ਹਤਾ ਤੇ ਸਿਰੜ ਨਾ ਹੁੰਦੇ ਤਾਂ ਸ਼ਾਇਦ ਇਹ ਸੁਪਨਾ ਅੱਜ ਇਸ ਰੂਪ ਵਿਚ ਸਾਕਾਰ ਨਾ ਹੋ ਸਕਦਾ।

ਗੁਰੂ ਨਾਨਕ ਦੇਵ ਜੀ ਨੇ ਰਾਗ ਤੁਖਾਰੀ ਬਾਰਹ ਮਾਹਾ ਮ: 1. ਵਿਚ ਬਾਰ ਦੇ ਇਲਾਕੇ ਵੱਲ ਸੰਕੇਤ ਕੀਤਾ ਹੈ : –

'ਬਨ ਫੂਲੇ ਮੰਝ ਬਾਰਿ, ਮੈ ਪਿਰੁ ਘਰੁ ਬਾਹੁੜੇ ॥'

ਬਾਰ ਦੇ ਇਲਾਕੇ ਵਿਚ ਜਿਵੇਂ **ਵਣ ਦਾ ਬ੍ਰਿਛ** ਫ਼ਲਣ ਤੋਂ ਬਸੰਤ ਬਹਾਰ ਦਾ ਪਤਾ ਲਗਦਾ ਹੈ, ਤਿਵੇਂ ਮੇਰੇ **ਹਿਰਦੇਘਰ** ਵਿਚ ਵੀ ਬਸੰਤ ਆ ਜਾਏ ਜੇ ਮੇਰਾ ਪਿਆਰਾ ਹਿਰਦੇਘਰੁ ਵਿਚ ਆ ਪਹੁੰਚੇ। ਭਾਵ ਗੁਰੂ ਸਾਹਿਬ ਨੇ 'ਬਾਰ' ਦੇ ਟਾਕਰੇ ਤੇ ਘਰ (ਮਨੁੱਖੀ ਹਿਰਦੇ) ਸ਼ਬਦ ਦੀ ਵਰਤੋਂ ਕਰਕੇ ਬਾਰ (ਜੰਗਲ) ਦੇ ਇਲਾਕੇ ਦੀ ਉਤਮਤਾ ਨੂੰ ਪ੍ਰਗਟਾਇਆ ਹੈ।

ਕਿੱਡੇ ਵੱਡੇ ਮਾਨ ਦੀ ਗੱਲ ਹੈ ਕਿ ਇਸ ਇਲਾਕੇ ਦੇ ਲੋਕਾਂ ਨੇ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿਚ ਸ਼ੁਰੂ ਤੋਂ ਵਰਤਮਾਨ ਤੱਕ ਪੂਰਾ ਯੋਗਦਾਨ ਪਾਇਆ ਹੈ। ਹਜ਼ਾਰਾਂ ਸਾਲਾਂ ਤੋਂ ਹਿੰਦੁਸਤਾਨ ਉੱਤੇ ਚੜ੍ਹ ਕੇ ਆਏ ਬਦੇਸ਼ੀ ਆਕ੍ਰਮਣਕਾਰੀਆਂ ਦਾ ਆਉਂਦਿਆਂ ਵੀ ਤੇ ਜਾਂਦਿਆਂ ਵੀ, ਨੇਜ਼ਿਆਂ, ਬਰਛਿਆਂ ਤੇ ਤਲਵਾਰਾਂ ਨਾਲ ਡਟ ਕੇ ਮੁਕਾਬਲਾ ਕੀਤਾ ਜਿਸ ਨਾਲ ਏਥੋਂ ਦੇ ਵਸਨੀਕ ਜੰਗਜੂ ਭਾਵ ਲੜਾਕੇ ਤੇ ਨਿਡਰ ਬਣ ਗਏ। ਨਵਾਬ ਕਪੂਰ ਸਿੰਘ, ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲੂਆ, ਭਾਈ ਮੂਲ ਸਿੰਘ ਗਰਮੂਲਾ, ਕਰਤਾਰ ਸਿੰਘ ਝਬਰ, ਜਥੇਦਾਰ ਮਾਨ ਸਿੰਘ ਹੰਬੋ, ਪੰਥ ਦਾ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ, ਭਾਈ ਸੁੱਚਾ ਸਿੰਘ ਜੈ ਚੱਕ, ਤੇਜਾ ਸਿੰਘ ਚੂਹੜਕਾਣਾ, ਜੰਗੀਰ ਸਿੰਘ ਕੋਟੀਆ, ਅਮਰ ਸਿੰਘ ਕਕੜ ਤੇ ਅਣਗਿਣਤ ਹੀਰੇ ਹੋਰ ਏਸੇ ਇਲਾਕੇ ਦੇ ਜੰਮਪਲ, ਇਹਨਾਂ ਹਾਲਾਤਾਂ ਦੀ ਘਾੜਤ ਸਿਖ ਕੌਮ ਅਤੇ ਦੇਸ਼ ਦਾ ਫਖਰ ਹੋਏ ਹਨ।

ਪਰ ਕਿੱਡੇ ਦੁੱਖ ਦੀ ਗੱਲ ਏ ਕਿ ਭਾਰਤ ਦੇ ਇਤਿਹਾਸਕਾਰਾਂ ਨੇ ਸਾਡੇ ਦੋ ਦੁਖਾਂ ਉਤੇ ਅੱਜ ਤੱਕ ਇਕ ਅੱਥਰੂ ਵੀ ਨਹੀਂ ਕੇਰਿਆ ਪਹਿਲਾਂ ਕਿ ਅਸਾਂ 15 ਅਗਸਤ 1947 ਦੀ ਆਜ਼ਾਦੀ ਆਉਣ ਤੋਂ ਪਿਛੋਂ ਵੀ ਕੁਰਬਾਨੀਆਂ ਦਿੱਤੀਆਂ—ਘਰ ਛੱਡੇ, ਰਫਿਊਜੀ ਬਣੇ, ਜਾਇਦਾਦਾਂ ਗੁਆਈਆਂ, ਪ੍ਰਵਾਰ ਮਰਵਾਏ। ਦੂਜਾ ਕਿ ਭਾਰਤ ਨੇ, ਸਾਨੂੰ ਅਜਿਹੇ ਲੋਕਾਂ ਨੂੰ ਅਵਾਰਡ ਦੇਣ ਦੀ ਥਾਂ ਜਾਇਦਾਦਾਂ ਨੂੰ ਹੀ ਕੱਟਾਂ ਲਾ ਦਿਤੀਆਂ। ਏਡੇ ਵਡੇ ਜਜ਼ੀਏ ਦੀ ਗੱਲ ਸ਼ਾਇਦ ਹੀ ਕਿਤੇ ਇਤਿਹਾਸ ਵਿਚ ਮਿਲਦੀ ਹੋਵੇ ਤੇ ਫਿਰ ਜਿੰਨ੍ਹਾਂ ਨੂੰ ਆਪਣੇ ਮੰਨ ਕੇ ਸਭ ਕੁਝ ਛੱਡਿਆ ਹੋਵੇ ਉਹਨਾਂ ਵਲੋਂ ਹੀ ਏਡਾ ਤਿਖਾ ਛੁਰਾ ਚਲਿਆ ਹੋਵੇ ਤੇ ਇਤਿਹਾਸਕਾਰ ਦੋ ਅੱਖਰ ਵੀ ਏਡੇ ਅਨੱਰਥ ਉਤੇ ਨਾ ਲਿਖਣ, ਤੌਬਾ ! ਓ ਭਲੇ ਲੋਕੋ, ਤੁਸਾਂ ਆਪਣੇ ਕੋਲੋਂ ਮੁਰੱਬੇ ਤੇ ਸਾਨੂੰ ਨਹੀਂ ਸਨ ਦੇਣੇ ਪਰ ਸਿਆਹੀ ਦੇ ਦੋ ਟੱਬਿਆਂ ਨਾਲ ਚਾਰ ਅੱਖਰ ਦੇਣੇ ਤਾਂ ਤੁਹਾਡਾ ਇਖਲਾਕੀ ਅਤੇ ਇਤਿਹਾਸਕ ਫਰਜ਼ ਬਣਦਾ ਸੀ। ਖੈਰ ! ਇਸ ਨੂੰ ਹੁਣ ਹੀ ਪਛਾਣੋ ਤਾਂ ਅਸੀਂ ਅਗਾਊਂ ਧੰਨਵਾਦੀ ਹਾਂ।

ਇਤਿਹਾਸ ਦੇ ਇਸ ਸੰਕਲਣ ਦੇ ਮੂਲ ਲੇਖਕ ਭਾਈ ਜੀਵਨ ਸਿੰਘ ਨੇ ਬਹੁਤ ਪੁਰਾਤਣ ਸਮੇਂ ਦੀ ਖੋਜ ਕਰ ਕੇ ਕੁਰਸੀਨਾਵੇਂ ਦੇ ਕੇ ਬੰਸਾਵਲੀਆਂ ਨੂੰ ਜੋੜਿਆ ਹੈ। ਇਤਿਹਾਸ ਦੇ ਰਿਸਰਚ ਸਕਾਲਰਾਂ ਲਈ ਬਹੁਤ ਕੀਮਤੀ ਮਿਸਾਲਾ ਹੈ। ਗਿਆਨੀ ਗੁਰਇਕਬਾਲ ਸਿੰਘ ਕੈਪਟਨ ਨੇ ਬਹੁਤ ਮਿਹਨਤ ਨਾਲ ਵਾਰਤਕ ਰੂਪ ਦੇ ਕੇ ਖਾਲੀ ਥਾਵਾਂ ਨੂੰ ਭਰਿਆ ਹੈ ਅਤੇ 'ਚਰਨ ਹਰਿ ਵਿਸਤਾਰ' ਪੁਸਤਕ ਦੇ ਲੇਖਕ ਵਹਿਗਿਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਸਾਡੇ ਇਤਿਹਾਸ ਤੇ ਵਿਰਸੇ ਨੂੰ ਅਗਿਆਨਤਾ ਕਰ ਕੇ ਜਾਂ ਕਿਸੇ ਈਰਖਾ ਕਰ ਕੇ ਰਲਗਡ ਨਾ ਕਰਿਆ ਕਰਨ।

ਭਗਵੰਤ ਸਿੰਘ 'ਆਜ਼ਾਦ' ਨੇ ਇਸ ਵਿਚ ਲਿਖਤਾਂ ਤੇ ਵਿਚਾਰਾਂ ਦੀਆਂ ਕਈ ਵੰਨਗੀਆਂ ਸ਼ਾਮਲ ਕਰ ਕੇ ਇਸ ਇਤਿਹਾਸ ਭਾਵ ਸਾਂਦਲਬਾਰ ਦੇ ਜੀਵਨ ਦੀ ਵਿਸਤਾਰਤਾ ਅਤੇ ਵਿਸ਼ਾਲਤਾ ਨੂੰ ਸਾਡੇ ਸਾਹਮਣੇ ਹੂ-ਬ-ਹੂ ਲਿਆਂਦਾ ਹੈ।

ਜ਼ਿੰਦਗੀ ਦੇ ਅੰਦਰਲੇ ਨੂੰ ਉਘੇੜਦੇ ਹੋਏ ਨੂਰੀ ਦੇ ਢੋਲੇ ਤੇ ਖਾਸ ਕਰ ਦਰਸ਼ਨ ਸਿੰਘ ਦਰਸ਼ਨ ਦੁਆਰਾ ਦਿੱਤਾ ਹੋਇਆ 'ਨੂਰੀ ਦਾ ਸ਼ਰਾਬ ਬਾਰੇ ਢੋਲਾ ਹਾਲ ਹਾਲ ਕਰਦਾ ਹੈ ਕਿ ਸ਼ਰਾਬ ਸਾਡੇ ਚੋਣਵਿਆਂ ਬੰਦਿਆਂ ਨਾਲ ਦੈਂਤ ਵਰਗਾ ਸਲੂਕ ਕਰਦਾ ਆਇਆ ਹੈ। ਅਸੀਂ ਸਮਝੀਏ। ਸ਼ਰਾਬ ਦੁਆਰਾ ਦਿੱਤੀ ਹੋਈ ਦਲੇਰੀ ਆਪਣਿਆਂ ਨੂੰ ਹੀ ਮਾਰਣ ਤੇ ਨਾ ਵਰਤੀਏ।

ਲਾਭ ਸਿੰਘ ਡੇਰੇ ਦੇ ਢੋਲੇ ਅਤੇ 'ਆਜ਼ਾਦ' ਦੁਆਰਾ ਇਕੱਤਰ ਕੀਤੀਆਂ ਹੋਰ ਕਵਿਤਾਵਾਂ ਆਪਣੇ ਸਮੇਂ ਦੀ ਸਾਡੀ ਆਰਥਕ ਲੁਟ-ਖਸੁਟ ਅਤੇ ਤਿਖੇ ਰਾਜਨੀਤਕ ਲੋਕ-ਬਹਾਵ ਦਾ ਨੰਗਾ ਚਿੱਟਾ ਚਿੱਤਰ ਖਿਚਦੇ ਹਨ।

ਦੇਸ਼ ਦੀ ਆਜ਼ਾਦੀ ਦੇ ਏਨੇ ਲੰਮੇ ਸੰਘਰਸ਼ ਵਿਚ ਪਹਿਲੀ ਜਿੱਤਵੀਂ ਲੜਾਈ (ਮਹਾਤਮਾ ਗਾਂਧੀ ਨੇ ਵੀ ਇਹ ਸਚਾਈ ਮੰਨ ਕੇ ਟੈਲੀਗ੍ਰਾਮ ਰਾਹੀਂ ਵਧਾਈ ਭੇਜੀ ਸੀ) ਨਨਕਾਣਾ ਸਾਹਿਬ ਦੇ ਸਾਕੇ ਦਾ ਵਿਸਤਾਰ ਨਾਲ ਵੇਰਵਾ ਤਾਂ ਹੈ ਹੀ, ਨਾਲ ਦੀ ਨਾਲ ਚੈਨ ਸਿੰਘ 'ਚੈਨ' ਦੀ ਵਾਰ 'ਸਾਕਾ ਨਨਕਾਣਾ ਸਾਹਿਬ', ਭਾਈ ਲਛਮਣ ਸਿਘ, ਭਾਈ ਦਲੀਪ ਸਿੰਘ ਤੇ ਕਰਤਾਰ ਸਿੰਘ ਝੱਬਰ ਦੀਆਂ ਵਾਰਾਂ, ਹੁਣ ਢਾਡੀ ਜਥੇ ਸਟੇਜਾਂ ਤੇ ਗਾਇਆ ਕਰਨਗੇ ਅਤੇ ਅੱਗੋਂ ਹੋਰ ਲਿਖਾਰੀ ਇਹਨਾਂ ਤੇ ਨਵੀਆਂ ਵਾਰਾਂ ਲਿਖਿਆ ਕਰਨਗੇ।

ਮੀਆਂ ਕੁਤਬ ਹੁਸੈਨ ਦੀ ਭਿੱਖੀ ਕਿਆਂ ਨੂੰ ਚਿੱਠੀ ਉਘੜ ਕੇ ਦੱਸਦੀ ਹੈ ਕਿ ਉਹਨਾਂ ਵੀਰਾਂ ਦੇ ਦਿਲਾਂ ਵਿਚ ਸਾਡੇ ਲਈ ਅਥਾਹ ਪਿਆਰ ਹੈ ਪਰ

ਹਾਏ ਹਾਏ ਹਾਏ ਮਜਬੂਰੀ,
ਇਹ ਪਿਆਰ, ਵਿਚ 'ਲੀਕ'* ਦੀ ਦੂਰੀ।

ਅਣਪੜ੍ਹ ਜਿਹੇ ਬੰਦੇ ਕੁਲਵੰਤ ਸਿੰਘ ਦਾ ਲੇਖ 'ਅਸੀਂ ਰਫਿਊਜੀ ਬਣੇ' ਅਤੇ ਵਿਦਵਾਨ ਡਾ. ਹਰਕੀਰਤ ਸਿੰਘ ਦੇ ਲੇਖ '......ਅਤੇ ਕਾਫਲਾ ਤੁਰ ਪਿਆ' ਆਦਿ ਸੰਤਾਲੀ ਦੇ ਸੰਤਾਪ ਨੂੰ ਸਾਡੇ ਸਾਹਮਣੇ ਸੱਜਰਾ ਕਰ ਦੇਂਦੇ ਹਨ ਅਤੇ ਆਉਣ ਵਾਲੀਆਂ ਦੂਰ ਤੱਕ ਦੀਆਂ ਪੀੜ੍ਹੀਆਂ ਤੇ ਉਹਨਾਂ ਦੇ ਸ਼ਾਸਕਾਂ ਨੂੰ ਕਲਪ ਕਲਪ ਕੇ ਸੁਚੇਤ ਕਰਦੇ ਹਨ ਕਿ ਅਜਿਹੀ ਮੁਹੰਮਦ ਤੁਗਲਕੀ ਤਬਾਹੀ ਨੂੰ ਫਿਰ ਕਦੀ ਨਾ ਆਉਣ ਦਿੱਤਾ ਜਾਏ।

ਪੁਸਤਕ ਵਿਚ ਥਾਂ ਪਰ ਥਾਂ 'ਆਜ਼ਾਦ' ਵਲੋਂ ਦਿੱਤੀਆਂ ਟੂਕਾਂ ਭਾਵੇਂ ਵਾਰਤਕ ਵਿਚ ਤੇ ਭਾਵੇਂ ਕਵਿਤਾ ਵਿਚ ਬੜੀਆਂ ਸੰਦਰਭਾਤਮਕ ਭਾਵ ਢੁਕਵੀਆਂ ਹਨ ਅਤੇ ਥੋੜੇ ਅੱਖਰਾਂ ਵਿਚ ਕਿੰਨਾ ਕੁਝ ਹੀ ਕਹਿ ਜਾਂਦੀਆਂ ਹਨ। ਨਵਾਬ ਕਪੂਰ ਸਿੰਘ ਪੂਰੇ ਮਨ ਨਾਲ ਸੇਵਾ ਦਾ ਪੁਜਾਰੀ ਸੀ ਅਤੇ ਹੱਥੀਂ ਕਾਰਸੇਵਾ ਕਰਦਾ ਸੀ। ਇਥੇ ਸੇਵਾ ਦੇ ਸੰਕਲਪ ਬਾਰੇ ਦੋ ਲਾਈਨਾਂ ਵੇਖੋ ਕਿੰਨਾ ਕੁਝ ਕਹਿ ਗਈਆਂ ਹਨ :-

ਏਥੇ ਮੈਂ ਦੇ ਮੂੰਹ ਤੇ ਪੈਂਦੀਆਂ ਨੇ ਅਤੇ ਤੂੰ ਨੂੰ ਸੀਸ ਨਿਵਾਈਦਾ ਏ।
ਏਥੇ ਸਿੱਖਿਆ ਦੇ ਮੋਤੀ ਬਰਸਦੇ ਨੇ, ਨੀਵੇਂ ਹੋਈਏ ਤੇ ਉੱਚਾ ਅਖਵਈਦਾ ਏ।

ਸਾਂਦਲਬਾਰ ਦੀ ਰਹਿਣੀ ਬਹਿਣੀ ਦਾ ਇੰਨ ਬਿੰਨ ਚਿੱਤਰ 'ਆਜ਼ਾਦ' ਵਲੋਂ ਦਿੱਤੀ ਭੂਮਿਕਾ ਵਿਚਲੀਆਂ ਕਵਿਤਾਵਾਂ ਵਿਚੋਂ ਪੜ੍ਹੋ।

*ਦੋਹਾਂ ਦੇਸ਼ਾਂ ਵਿਚਕਾਰ ਸਰਹੱਦ।

ਪੰਨਾ 429 ਤੇ ਭਾਈ ਕਨ੍ਹਈਆ ਜੀ ਦੇ ਸਿਧਾਂਤ ਨੂੰ ਅੱਜ ਦੇ ਸਿੱਖ ਜੀਵਨ ਪ੍ਰਤੀ ਈਰਖਾਲੂਆਂ ਅਤੇ ਵਿਰੋਧੀਆਂ ਉਤੇ ਕਿੰਨੇ ਚੰਗੇ ਢੰਗ ਨਾਲ 'ਆਜ਼ਾਦ' ਨੇ ਢੁਕਾਇਆ ਅਤੇ ਪ੍ਰਗਟਾਇਆ ਹੈ। ਸਿਰਫ ਹਰ ਸਿੱਖ ਦਾ ਹੀ ਨਹੀਂ, ਸਗੋਂ ਹਰ ਮਨੁੱਖ ਦਾ ਫਰਜ ਬਣਦਾ ਹੈ ਕਿ ਇਸ ਦੀ ਦਾਦ ਦੇਵੇ।

ਇਤਿਹਾਸ ਦੀ ਇਸ ਪੁਸਤਕ ਬਾਰੇ ਲਿਖਣ ਦਾ ਪੂਰਾ ਇਨਸਾਫ ਕਰਾਂ ਤਾਂ ਇਕ ਪੁਸਤਕ ਹੋਰ ਬਣਦੀ ਹੈ। ਭਾਵੇਂ ਇਸ ਤੋਂ ਕੁਝ ਛੋਟੀ ਹੀ ਸਹੀ। ਪਰ ਸਮੇਂ ਤੇ ਸਥਾਨ ਦੀ ਸੰਖੇਪਤਾ ਨੂੰ ਸਾਹਮਣੇ ਰੱਖਦਾ ਹੋਇਆ ਮੈਂ ਏਥੇ ਹੀ ਆਪਣੇ ਵਲੋਂ, ਇਤਿਹਾਸ ਦੇ ਪਾਠਕਾਂ ਅਤੇ ਖੋਜੀਆਂ ਵਲੋਂ, ਸਮੁੱਚੀ ਸਿੱਖ ਕੌਮ ਵਲੋਂ, ਭਾਰਤ ਸਗੋਂ ਸਾਰੇ ਸੰਸਾਰ ਦੇ ਇਤਿਹਾਸਕਾਰਾਂ ਵਲੋਂ, ਸੰਸਾਰ ਦੇ ਇਤਿਹਾਸ ਵਿਚ ਇਹ ਅਨੂਠਾ ਮਸਾਲਾ ਵਧਾਉਣ ਤੇ ਹਾਰਦਿਕ ਧੰਨਵਾਦ ਕਰਦਾ ਹਾਂ ਭਾਈ ਮੂਲ ਸਿੰਘ ਗਰਮੂਲਾ ਦਾ, ਭਾਈ ਜੀਵਨ ਸਿੰਘ ਜੈ ਚੱਕ ਦਾ, ਗਿਆਨੀ ਗੁਰਇਕਬਾਲ ਸਿੰਘ ਕੈਪਟਨ ਦਾ, ਜਥੇਦਾਰ ਹਰਬੰਸ ਸਿੰਘ 'ਡਾਚਰ' ਦਾ ਅਤੇ ਭਗਵੰਤ ਸਿੰਘ 'ਆਜ਼ਾਦ' ਦਾ ਜਿਨ੍ਹਾ ਦੀ ਵਰ੍ਹਿਆਂ ਬੱਧੀ ਅਣਥਕ ਮਿਹਨਤ, ਇਤਿਹਾਸ ਲਈ ਸੜਕਣ ਅਤੇ ਸਿਰੜ ਸਦਕਾ ਇਹ ਕਾਰਜ ਸਿਰੇ ਚੜ੍ਹਿਆ ਏ ਅਤੇ ਮੋਟੇ ਅੱਖਰਾਂ ਵਿਚ ਵਧਾਈ ਦੇਂਦਾ ਹਾਂ ਸਾਂਦਲਬਾਰੀਆਂ ਸਗੋਂ ਸਮੁੱਚੀ ਸਿੱਖ ਕੌਮ ਨੂੰ ਜਿਨ੍ਹਾਂ ਦੇ ਨਸਲ ਦਰ ਨਸਲ ਲਾ ਲਾ ਕੇ ਬਣਾਏ ਤੇ ਕਮਾਏ ਅਤੇ ਫਿਰ ਲੰਮੇ ਸਮੇਂ ਦੀ ਧੂੜ ਥਲੇ ਰੁਲਦੇ ਖੁਲਦੇ ਤੇ ਖਿਲਰੇ-ਪੁਲਰੇ ਵਿਰਸੇ ਨੂੰ ਇਕੱਠਾ ਕਰ ਕੇ ਅੱਖਰੀ ਰੂਪ ਦੇ ਕੇ ਸੰਸਾਰ ਦੇ ਇਤਿਹਾਸਕ ਤੇ ਭੂਗੋਲਿਕ ਨਕਸ਼ੇ ਉਤੇ ਰੱਖ ਦਿੱਤਾ ਗਿਆ ਹੈ।

—ਡਾ. ਜੋਗਿੰਦਰ ਸਿੰਘ

ਐਮ.ਏ., ਪੀ.ਐਚ.ਡੀ., ਪੀ.ਈ.ਐਸ. (I)
ਸਾਬਕਾ ਪ੍ਰਿੰਸੀਪਲ,
ਮਹਿੰਦਰਾ ਕਾਲਜ, ਪਟਿਆਲਾ।

3 ਮਾਰਚ, 1994

ਇਹ ਇਤਿਹਾਸ ਕਿਵੇਂ ਛਪਿਆ ?

ਬਾਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਣ

ਕਿਸੇ ਵੀ ਇਤਿਹਾਸ ਦੇ ਚਿੰਤਣ, ਲਿਖਣ ਅਤੇ ਛਪਵਾਉਣ ਦੀਆਂ ਲੋੜਾਂ, ਉਦੇਸ਼ ਤੇ ਮਨੋਰਥ ਤਾਂ ਇਸ ਗ੍ਰੰਥ ਦੇ ਪੰਨਾ 1 ਤੇ 'ਇਤਿਹਾਸ ਦੀਆਂ ਲੋੜਾਂ' ਵਾਲੇ ਪਾਠ ਵਿਚ ਵਿਸਥਾਰ ਨਾਲ ਛਪ ਚੁੱਕੇ ਹਨ।

ਸਾਂਦਲਬਾਰ ਦੇ ਇਸ ਵਿਸੇਸ਼ ਇਤਿਹਾਸ ਦੀ ਸਰਵਪੱਖੀ ਜਾਣਕਾਰੀ ਇਸ ਦੀ ਭੂਮਿਕਾ ਵਿਚ ਦਿੱਤੀ-ਗਈ ਹੈ। ਮਾਰਚ 1991 ਈ: ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਕ 'ਪੰਜਾਬ ਇਤਿਹਾਸ' ਕਾਨਫਰੰਸ ਹੋਈ। ਇਸ ਵਿਚ ਸਾਰੇ ਦੇਸ਼ ਅਤੇ ਯੂਨੀਵਰਸਿਟੀਆਂ ਵਿਚੋਂ ਇਤਿਹਾਸਕਾਰ ਸ਼ਾਮਲ ਹੋਏ ਸੀ। ਉਸ ਕਾਨਫਰੰਸ ਵਿਚ ਮੈਂ ਇਸ ਇਤਿਹਾਸ ਤੇ ਪੇਪਰ ਪੜ੍ਹਿਆ ਸੀ, ਉਹ ਹੀ ਪੇਪਰ ਇਹ ਭੂਮਿਕਾ ਹੈ।

ਇਸ ਵਿਸ਼ੇਸ਼ ਇਤਿਹਾਸ ਦਾ ਮਸਾਲਾ ਕਿਵੇਂ ਨਿੰਮਿਆ, ਜੰਮਿਆ ਤੇ ਜਵਾਨ ਹੋਇਆ, ਇਸ ਦਾ ਵੇਰਵਾ ਇਸ ਗਰੰਥ ਦੇ ਪੰਨਾ 8 ਤੇ 'ਵਿਸ਼ੇ ਪ੍ਰਯੋਜਨ' ਵਾਲੇ ਚੈਪਟਰ ਵਿਚ ਸਪੱਸ਼ਟ ਹੋ ਜਾਂਦਾ ਹੈ ਕਿ ਵਿਰਕ ਇਤਿਹਾਸ ਦੇ ਲਿਖਣ ਤੇ ਛਪਣ ਦਾ ਖਿਆਲ ਭਾਈ ਮੂਲ ਸਿੰਘ ਗਰਮੂਲਾ ਦੇ ਦਿਮਾਗ ਵਿਚ ਨਿੰਮਿਆ ਅਤੇ ਉਹਨਾਂ ਨਾਨਕ ਸਿੰਘ ਬਾਠ ਅਤੇ ਹੋਰ ਸਾਥੀਆਂ ਸਮੇਤ ਪ੍ਰਚਾਰ ਕੀਤਾ ਕਿ ਵਿਰਕਾਂ ਦਾ ਪੰਜਾਬ ਅਤੇ ਸਗੋਂ ਭਾਰਤ ਦੇ ਇਤਿਹਾਸ ਨੂੰ ਯੋਗਦਾਨ ਬਹੁਤ ਹੈ, ਵਿਰਕਾਂ ਨੇ ਇਤਿਹਾਸ ਘੜਿਆ ਬਹੁਤ ਹੈ, ਪਰ ਉਸ ਦੀਆਂ ਕਹਾਣੀਆਂ ਜ਼ਬਾਨ-ਦਰ-ਜ਼ਬਾਨ ਹੀ ਚਲ ਰਹੀਆਂ ਹਨ। ਸੰਭਾਲ ਕਰ ਕੇ ਇਸ ਦੀ ਲਿਖਤ ਕਰ ਕੇ ਛਾਪਣਾ ਵੀ ਚਾਹੀਦਾ ਹੈ। ਮੇਰੇ ਖਿਆਲ 'ਚ ਸਗੋਂ ਇਸ ਤੋਂ ਵੀ ਵੱਧ ਇਸ ਵਿਚ ਸਾਰੇ ਵਿਰਕ ਤਪੇ (ਸਾਂਦਲਬਾਰ) ਦੇ ਸਭ ਲੋਕ ਹਿੱਸੇਦਾਰ ਹਨ।

ਭਾਈ ਜੀਵਨ ਸਿੰਘ ਚੱਕ ਜੰਦ (ਪਾਕਿਸਤਾਨ) ਨੇ ਏਧਰ ਧਿਆਨ ਕੀਤਾ ਅਤੇ ਤੱਥ ਇੱਕਠੇ ਕਰਨੇ ਸ਼ੁਰੂ ਕਰ ਦਿੱਤੇ। ਵਡੇਰਿਆਂ ਤੋਂ, ਮਰਾਸੀਆਂ ਤੋਂ, ਢੋਲਈਆਂ ਤੋਂ, ਗਵੱਈਆਂ ਤੋਂ, ਹਰਦੁਆਰ ਵਰਗੇ ਤੀਰਥ ਸਥਾਨਾਂ ਤੋਂ, ਪੰਡਤਾਂ ਦੀਆਂ ਪੁਰਾਣੀਆਂ ਵਹੀਆਂ 'ਚੋਂ, ਕੁਰਸੀਨਾਵੇਂ ਲੈ ਲੈ ਕੇ ਨਿਕੀਆਂ ਨਿਕੀਆਂ ਪਾਕਟ ਬੁੱਕਾਂ ਵਿਚ ਬੜੀ ਥੋੜੀ ਜਿਹੀ ਪੜ੍ਹਾਈ ਵਾਲੀ ਪੰਜਾਬੀ ਵਿਚ ਲਿਖਦਾ ਰਿਹਾ। ਹੌਲੀ ਹੌਲੀ ਮਿਹਨਤ ਨਾਲ ਬਹੁਤ ਵੱਡਾ ਖਜ਼ਾਨਾ ਇੱਕਠਾ ਕੀਤਾ। ਇਸ ਤਰ੍ਹਾਂ ਭਾਈ ਜੀਵਨ ਸਿੰਘ ਨੇ ਇਹ ਸਿਧ ਕਰ ਦਿਤਾ ਕਿ ਇਤਿਹਾਸ ਵਾਸਤੇ ਲਗਨ ਕੇਵਲ ਚੋਖੇ ਪੜ੍ਹਿਆਂ ਲਿਖਿਆਂ ਨੂੰ ਹੀ ਨਹੀਂ ਹੋ ਸਕਦੀ, ਘਟ ਪੜ੍ਹੇ ਹੋਏ ਵੀ ਇਤਿਹਾਸ ਦੇ ਪ੍ਰੇਮ ਨਾਲ ਭਰਪੂਰ ਹੋ ਸਕਦੇ ਹਨ। ਖਿਲਰੇ ਪੁਲਰੇ ਹੀਰੇ ਮੋਤੀ (ਇਤਿਹਾਸਕ ਤੱਥ) ਇਕੱਠੇ ਕਰਦਾ ਰਿਹਾ। ਫਿਰ ਸਬੱਬ ਨਾਲ ਗਿਆਨੀ ਗੁਰਇਕਬਾਲ ਸਿੰਘ ਕੈਪਟਨ ਦਾ ਮੇਲ ਹੋ ਗਿਆ। ਉਹ ਭਾਈ ਜੀਵਨ ਸਿੰਘ ਨੂੰ ਵੀ ਅਤੇ ਸਾਰੀਆਂ ਕਾਪੀਆਂ ਆਦਿ ਨੂੰ ਡੇਰਾ ਵਰਨਾਂ (ਡਾਚਰ) ਤੋਂ ਚੁੱਕ ਕੇ ਫੌਜੀ ਕਾਲੋਨੀ ਬਾਜਪੁਰ (ਯੂ. ਪੀ.) ਆਪਣੀ ਰਿਹਾਇਸ਼ ਤੇ ਲੈ ਗਿਆ। ਸਾਰੇ ਮੈਟਰ ਨੂੰ ਵਾਰਤਕ ਬਣਾ ਕੇ ਲਿਖਿਆ ਫਾਈਲਾਂ ਦੇ ਰੂਪ ਵਿਚ। ਏਨੇ ਨੂੰ ਭਾਈ ਜੀਵਨ ਸਿੰਘ ਸਦਾ ਲਈ ਚੱਲ ਵੱਸੇ।

ਗਿਆਨੀ ਜੀ ਨੇ ਆਪ ਕਾਫੀ ਨਵਾਂ ਮੈਟਰ ਰਲਾਇਆ। ਖਾਸ ਕਰਕੇ ਪੁਰਾਣੇ ਸਰਕਾਰੀ ਰਿਕਾਰਡ ਵਿਚੋਂ ਲਭ ਲਭ ਕੇ ਕਿਉਂ ਜੋ ਉਹ ਖੁਦ ਇੰਗਲਿਸ਼ ਚੰਗੀ ਤਰ੍ਹਾਂ ਪੜ੍ਹੇ ਹੋਏ ਸਨ ! ਉਹ ਵੀ ਇਸ ਖਰੜੇ ਨੂੰ ਛਪਵਾਉਣ ਦੇ ਯਤਨ ਵਿਚ ਰਹੇ ਪਰ ਉਨ੍ਹਾਂ ਦਾ ਵੀ ਅੰਤ ਸਮਾਂ ਹੋ ਗਿਆ।

ਖਰੜਾ ਉਹਨਾਂ ਦੇ ਘਰ ਲਗਭਗ ਸਤ ਅੱਠ ਸਾਲ ਪਿਆ ਰਿਹਾ। ਇਸ ਤਰ੍ਹਾਂ ਭਾਈ ਜੀਵਨ ਸਿੰਘ ਚੱਕ ਜੈਦ ਅਤੇ ਗਿਆਨੀ ਗੁਰਇਕਬਾਲ ਸਿੰਘ ਕੈਪਟਨ ਨੇ ਇਸ ਦਾ ਕੱਦ ਬੁੱਤ ਬਣਾ ਕੇ ਜਵਾਨ ਕਰ ਦਿਤਾ ਪਰ ਸਮੇਂ ਨੇ ਉਸ ਨੂੰ ਪਰਵਾਨ ਚੜ੍ਹਾ ਕੇ ਛਪਵਾਉਣ ਨਾ ਦਿਤਾ।

ਜਥੇਦਾਰ ਹਰਬੰਸ ਸਿੰਘ ਡਾਚਰ (ਕਰਨਾਲ) ਕਿਸੇ ਕੰਮ ਉਧਰ ਗਏ ਹੋਏ ਗਿਆਨੀ ਜੀ ਦੇ ਘਰ ਠਹਿਰੇ। ਉਥੇ ਇਤਿਹਾਸ ਵੇਖਿਆ। ਗਿਆਨੀ ਜੀ ਦੇ ਲੜਕੇ ਪ੍ਰਮਿੰਦਰ ਸਿੰਘ ਅਤੇ ਨੂੰਹ ਸਰਬਜੀਤ ਕੌਰ ਨੇ ਬਹੁਤ ਸੰਭਾਲ ਕੇ ਰਖਿਆ ਹੋਇਆ ਸੀ। ਇਸ ਦੇ ਲਈ ਕੌਮ ਉਹਨਾਂ ਦੀ ਬਹੁਤ ਧੰਨਵਾਦੀ ਹੈ।

ਜਥੇਦਾਰ ਜੀ ਇਹ ਸਭ ਕੁਝ ਵੇਖ ਕੇ ਬਹੁਤ ਖੁਸ਼ ਹੋਏ। ਉਨ੍ਹਾਂ ਦੇ ਦਿਲ ਵਿਚ ਉਮੰਗ ਉਠੀ ਕਿ ਇਹ ਇਤਿਹਾਸ ਕਿਤਾਬ ਦੇ ਰੂਪ 'ਚ ਛਪਣਾ ਚਾਹੀਦਾ ਹੈ। ਸੋਚਣ ਲਗੇ ਕਿਵੇਂ ਛਪੇ? ਖਰਚ ਕਿਥੋਂ ਬਣੇ ਤੇ ਤਰਤੀਬ ਲਾਉਣ ਤੇ ਪ੍ਰੈਸ ਤੇ ਛਪਵਾਉਣ ਦੀ ਜ਼ਿੰਮੇਵਾਰੀ ਕੌਣ ਲਵੇ ਜਿਸ ਕੋਲ ਵਿਦਿਆ ਵੀ ਹੋਵੇ, ਕੌਮ ਦੇ ਕੰਮ ਲਈ ਲਗਨ ਵੀ ਹੋਵੇ, ਘਰ ਦੇ ਕੰਮ 'ਚੋਂ ਸਮਾਂ ਵੀ ਕੱਢ ਸਕਦਾ ਹੋਵੇ, ਵੇਲੇ-ਕੁਵੇਲੇ ਕੁਝ ਖਰਚ ਕੋਲੋਂ ਵੀ ਕਰ ਸਕਦਾ ਹੋਵੇ ਅਤੇ ਇਸ ਸਭ ਕਾਸੇ ਦੇ ਨਾਲ ਨਾਲ ਕੌਮ ਵਾਸਤੇ ਤਿਆਗ ਦਾ ਜਜ਼ਬਾ ਵੀ ਦਿਲ ਵਿਚ ਹੋਵੇ।

ਉਸ ਤੋਂ ਕੁਝ ਮਹੀਨੇ ਹੀ ਪਹਿਲਾਂ ਮੈਂ ਆਪਣੇ ਕਾਰ ਵਿਹਾਰ ਤੋਂ ਕੁਝ ਵਿਹਲ ਕੱਢ ਕੇ ਰਿਟਾਇਰਡ ਜੀਵਨ ਬਿਤਾ ਰਿਹਾ ਸੀ ਪਿੰਡ ਜਲਮਾਨਾ (ਕਰਨਾਲ) ਵਿਖੇ। ਜਥੇਦਾਰ ਜੀ ਮੇਰੇ ਪਾਸ ਪਹੁੰਚੇ ਤੇ ਵਿਥਿਆ ਸੁਣਾਈ ਤੇ ਕਿਹਾ ਕਿ ਇਸ ਨੂੰ ਛਪਵਾਉਣਾ ਚਾਹੀਦਾ ਏ ਤੇ ਤੂੰ ਇਸ ਕੰਮ ਵਾਸਤੇ ਕਾਇਮ ਹੋ। ਪਰ ਮੈਂ ਕਿਹਾ ਕਿ ਏਨੇ ਵਡੇ ਕੰਮ ਲਈ ਮੇਰੇ ਤੋਂ ਟਾਈਮ ਤੇ ਖੇਚਲ ਨਹੀਂ ਝੱਲੀ ਜਾ ਸਕਦੀ। ਮੈਂ ਇਹ ਇਤਿਹਾਸ ਵੇਖਿਆ ਹੋਇਆ ਏ। 1960 ਈ: ਵਿਚ ਮੈਂ ਅਸੰਧ ਸਕੂਲ ਵਿਚ ਮਾਸਟਰ ਸੀ, ਓਦੋਂ ਭਾਈ ਜੀਵਨ ਸਿੰਘ ਨੇ ਮੈਨੂੰ ਇਹ ਹੀ ਕੁਝ ਕਿਹਾ, ਮੈਂ ਵਰਨਾਂ ਦੇ ਡੇਰੇ ਤੇ ਜਾ ਕੇ ਉਹਨਾਂ ਦੀਆਂ ਕਾਪੀਆਂ ਵੇਖੀਆਂ। ਕੰਮ ਵਡਾ ਤੇ ਮੈਂ ਆਪਣਾ ਨੌਕਰੀ ਤੇ ਘਰੇਲੂ ਕੰਮ ਦੀ ਮਜਬੂਰੀ ਕਰਕੇ ਉਦੋਂ ਕੰਮ ਨਹੀਂ ਸੀ ਓਟ ਸਕਿਆ। ਹੁਣ ਵੀ ਮੈਂ ਨਾਂਹ ਜਾਰੀ ਰਖੀ ਪਰ ਉਹਨਾਂ ਫਿਰ ਕਹੋ, ਫਿਰ ਕਹੋ, ਜਾਰੀ ਰਖਿਆ। ਫਿਰ ਹੋਰ ਆਦਮੀ ਅਸੰਧ, ਜਲਮਾਨਾ, ਨੀਸਿੰਗ ਆਦਿ ਤੋਂ ਇਕਠੇ ਮੇਰੇ ਪਾਸ ਲਿਆਏ। ਖੈਰ ਗਲ ਕੀ, ਬੰਦਿਆਂ ਦੇ ਵਾਰ ਵਾਰ ਜ਼ੋਰ ਦੇਣ ਤੇ ਮੈਂ ਸਹਿਮਤ ਹੋ ਗਿਆ। ਜਥੇਦਾਰ ਜੀ ਬਾਜਪੁਰ ਜਾ ਕੇ ਖਰੜਾ ਲੈ ਆਏ। ਮੈਂ ਪੜ੍ਹ ਕੇ ਵੇਖਿਆ ਤਾਂ ਜਾਪਿਆ ਕਿ ਕਾਫੀ ਲਿਖਤਾਂ/ਸਹਾਇਕ ਨੋਟ ਅਜੇ ਉਥੇ ਰਹਿ ਗਏ ਹਨ। ਫਿਰ ਅਸੀਂ ਦੋਵੇਂ ਗਏ ਤੇ ਹੋਰ ਸਮਾਨ ਲਿਆਏ। ਕੰਮ ਸ਼ੁਰੂ ਹੋ ਗਿਆ। ਅਸੰਧ ਅਤੇ ਨੀਸਿੰਗ ਗੁਰਦੁਆਰਿਆਂ ਵਿਚ ਖੁਲੀਆਂ ਮੀਟਿੰਗਾਂ ਹੋਈਆਂ। ਖਰਚ ਲਈ ਪੈਸੇ ਇਕੱਠੇ ਕਰਨ ਦੀ ਸਲਾਹ ਪਾਸ ਹੋਈ ਜੋ ਕੁਝ ਸਜਨਾਂ ਨੇ ਬੜੇ ਉਦਮ ਨਾਲ ਦਿੱਤੇ। ਪਰ ਖਰਚ ਪੂਰਾ ਕਰਨ ਲਈ ਜਥੇਦਾਰ ਜੀ ਨੂੰ ਕਈ ਵਾਰ ਨਾਨੀ ਚੇਤੇ ਆਉਂਦੀ ਰਹੀ ਤੇ ਨਾਲੇ ਗੁਣਗੁਣਾਉਂਦੇ ਰਹੇ :—

ਆਪੇ ਫਾਥੜੀਏ, ਤੈਨੂੰ, ਕੌਣ ਛੁਡਾਵੇ।

ਖੈਰ ਸੰਗਤ ਨੇ ਕਾਫੀ ਸਾਥ ਦਿਤਾ ਪਰ ਸਾਨੂੰ ਦੋਹਾਂ ਨੂੰ ਬਹੁਤ ਕੁਝ ਸਹਿਣਾ ਪਿਆ। ਮੇਰੀ ਤਾਂ ਬੰਬ ਬੋਲ ਗਈ ਏ ਕਿਉਂ ਜੋ ਪਹਿਲਾਂ ਥੋੜੇ ਜਿਹੇ ਪੈਸੇ ਹੀ ਕੋਲ ਹੋਣ ਨਾਲ ਪਟਿਆਲੇ ਕੰਮ ਸ਼ੁਰੂ ਕਰਵਾ ਦਿਤਾ। ਕੁਝ ਤਾਂ ਵਾਰੀ ਵਾਰੀ ਗਲਤ ਪ੍ਰੈਸਾਂ ਨਾਲ ਵਾਹ ਪੈਂਦਾ ਰਿਹਾ। ਕੁਝ ਖਰਚ ਨਾ ਰਲਦਾ ਰਿਹਾ। ਕੰਮ ਲੇਟ ਪੈਂਦਾ ਗਿਆ ਤੇ ਪੰਜ ਸਾਲਾਂ 'ਚ ਸਿਰੇ ਚੜ੍ਹਿਆ ਏ। ਹਰ ਚੀਜ਼ ਤੇ ਕੰਮ ਦੀ ਮਹਿੰਗਾਈ ਕਾਰਨ ਖਰਚ ਕਈ ਗੁਣਾਂ ਵਧ ਗਿਆ। ਮੈਂ ਪੰਜ ਸਾਲ ਘਰ ਦੇ ਕੰਮ 'ਚ ਡੱਕਾ ਨਹੀਂ ਤੋੜ ਸਕਿਆ। ਲੱਖਾਂ ਰੁਪਏ ਦਾ ਨੁਕਸਾਨ। ਫਿਰ ਜਥੇਦਾਰ ਜੀ ਵਲੋਂ ਤਾਂ ਪੈਸੇ ਕਾਗਜ਼, ਛਪਾਈ, ਬਲਾਕਾਂ ਆਦਿ ਲਈ ਮਸਾਂ ਨਫੀ ਹੋ ਹੋ ਕੇ ਹੀ ਪੂਰੇ ਹੁੰਦੇ ਰਹੇ। ਬਾਕੀ ਸਭ ਖਰਚੇ ਕੋਲੋਂ। ਪਹਿਲਾਂ ਪ੍ਰਵਾਰ ਸਮੇਤ ਰਿਹਾਇਸ਼ ਹੀ ਕਿਰਾਏ ਦੇ ਮਕਾਨਾਂ ਵਿਚ ਪਟਿਆਲੇ ਰੱਖੀ। ਪਿਤਾ ਜੀ ਪਿੰਡ ਸ਼ੇਖੂਪੁਰਾ (ਕਰਨਾਲ) ਬੀਮਾਰ ਹੋ ਗਏ। ਫਿਰ ਪਿਛਾਂਹ, ਫਿਰ ਉਧਰ, ਹਸਪਤਾਲਾਂ ਵਿਚ। ਅਖੀਰ ਸਾਰੇ ਪ੍ਰਵਾਰ ਦੀ ਰਿਹਾਇਸ਼ ਪਿੰਡ ਸਿਆਣਾ (ਪਹੇਵਾ) ਲੈ ਆਂਦੀ ਤਾਂ ਜੋ ਮਾਤਾ ਪਿਤਾ ਜੀ ਵੀ ਏਥੇ ਕੋਲ ਟਿਕ ਸਕਣ ਅਤੇ ਮੈਂ ਇਥੋਂ ਪਟਿਆਲੇ ਕੁਝ ਸੌਖਾ ਜਾ ਤੇ ਆ ਸਕਾਂ। ਨਵਾਂ ਮਕਾਨ ਬਨਾਉਣਾ ਪਿਆ। ਖਰਚੇ ਦੀਆਂ ਪੰਡਾਂ ਘਰ ਦੀ ਰੱਖੀ ਰਖਾਈ ਵੀ ਹੂੰਝ ਹੂੰਝਾ ਕੇ ਲਾ ਦਿੱਤੀ ਪਰ ਮਨ ਵਿਚ ਇਹ ਹੀ ਗੱਲ ਰੱਖੀ ਕਿ : —

ਪਹਿਲਾਂ ਤੁਰਨ ਤੋਂ ਅਟਕਦਾ ਸੋ ਅਟਕ ਜਾਂਦਾ,
ਪੰਧੇ ਤੁਰ ਕੇ ਤੇ ਹੁਣ ਅਟਕਣਾ ਕੀਹ,
ਪਹਿਲਾਂ ਫਟਕ ਲੈਂਦਾ ਖੰਭ ਜੋ ਫਟਕਣੇ ਸੀ,
ਸਿਰ ਤੇ ਪੰਡ ਟਿਕਾ ਕੇ ਫਟਕਣਾ ਕੀਹ।

ਸੋ ਤੁਰੇ ਗਏ ਤੇ ਮੰਜ਼ਲ ਤੁਹਾਡੇ ਹੱਥਾਂ ਵਿਚ ਏ।

ਜਦੋਂ ਮੈਂ ਕੰਮ ਸ਼ੁਰੂ ਕੀਤਾ ਸੀ, ਉਦੋਂ ਹੀ ਅਖਬਾਰਾਂ ਵਿਚ ਇਸ ਇਤਿਹਾਸ ਦੇ ਛਪਣ ਦੀ ਤਿਆਰੀ ਬਾਰੇ ਸੁਣਾਈ ਕਈ ਵਾਰੀ ਕਈ ਸਾਧਨਾਂ ਰਾਹੀਂ ਕੀਤੀ। ਇਕ ਉਦਾਹਰਣ 7. 7. 1988 ਈ: ਦੀ ਟ੍ਰਿਬਿਯੂਨ ਵਿਚ ਹੇਠਾਂ ਪੜ੍ਹੋ। ਇਹ ਠੀਕ ਏ ਅਖਬਾਰਾਂ ਵਾਲੇ ਸਜਨ ਮੇਰੇ ਘੱਲੇ ਹੋਏ ਅਖਰਾਂ 'ਚੋਂ" ਕੁਝ ਅਦਲ ਬਦਲ ਜਰੂਰ ਕਰ ਦੇਂਦੇ ਸਨ ਪਰ ਤਾਂ ਵੀ ਧੰਨਵਾਦ ਕਿ ਛਾਪਦੇ ਤਾਂ ਸੀ। ਲੋਕਾਂ ਤੱਕ ਗੱਲ ਤਾਂ ਪਹੁੰਚਦੀ ਰਹੀ। ਮਈ 1989 ਨੂੰ ਇੱਕ ਵਾਰ ਰੇਡੀਓ ਸਟੇਸ਼ਨ ਚੰਡੀਗੜ੍ਹ ਤੋਂ ਖਬਰ ਦੇ ਤੌਰ ਤੇ ਇਸ ਗੱਲ ਦੀ ਸੁਣਾਈ ਕੀਤੀ ਗਈ ਸੀ।

VIRK HISTORY

(From the Tribune 7.7.1988)

A history of the Virks, Gills, Cheemas, Randhawas and other sections of the Sikh community is nearing completion.

A few decades ago Jiwan Singh Jaichak started collecting data on the Virks. After his death, Capt Gur Iqbal Singh took up the task and dug out more information. Bhagwant Singh Azad, who is currently in charge of the project, has enlarged it to include non–Virks also and is giving it finishing touches.

"The common belief that Virks are 'chores', 'dakoos' and 'larakoos' finds a special mention in the proposed volume", says Mr. Azad.

The list of distinguishad Virks is also significant, 'Nawab Kapoor Singh Virk was a celebrated warrior, Mool Singh Garmula, Kartar Singh Jhabbar, Maan Singh Hambo, Sucha Singh Jaichak and Teja Singh Chuharkana actively participated in the freedom struggle and the Sikh "sudhar" movements. *In* Punjabi literature—Kulwant Singh Virk is a respected name.

Mr. Azad solicits more information and photographs on the topic, which may be sent to the Virk History Committee, V. P. O. Jalmana in Karnal district of Haryana.

ਪਰ ਜਿਨ੍ਹਾਂ ਵਿਰਕਾਂ ਖਾਸ ਕਰ ਪੜ੍ਹੇ ਲਿਖੇ ਉੱਚ ਵਰਗ ਦੇ ਸਜਨਾਂ ਨੇ ਫਿਰ ਵੀ ਕੋਈ ਵੇਰਵੇ ਨਹੀਂ ਭੇਜੇ ਉਹ ਰਹਿ ਗਏ ਹੋਣ ਤਾਂ ਜ਼ੁੰਮੇਵਾਰੀ ਸਾਡੇ ਤੇ ਨਹੀਂ ਆਉਂਦੀ। ਪਰ ਕਈ ਸਿਆਣੇ ਸਜਨਾਂ ਨੇ ਚਿਠੀਆਂ ਰਾਹੀਂ ਬਹੁਤ ਉਤਸ਼ਾਹਜਨਕ ਹੁੰਗਾਰਾ ਭਰਿਆ ਤੇ ਕੀਮਤੀ ਇਤਿਹਾਸਕ ਮਸਾਲਾ ਭੇਜਿਆਂ। ਉਹਨਾਂ ਦਾ ਧੰਨਵਾਦ।

—ਭਗਵੰਤ ਸਿੰਘ 'ਆਜ਼ਾਦ'

ਇਤਿਹਾਸ ਦੇ ਇਸ ਗ੍ਰੰਥ ਦੀਆਂ ਕੁਝ ਵਿਸ਼ੇਸ਼ਤਾਵਾਂ

ਕਿਸੇ ਵੀ ਪ੍ਰਾਜੇਕਟ ਵਿਚ ਖ਼ੂਬੀਆਂ ਵੀ ਹੁੰਦੀਆਂ ਹਨ ਤੇ ਉਸ ਵਿਚ ਤਰੁੱਟੀਆਂ ਵੀ ਹੁੰਦੀਆਂ ਹਨ ਤੇ ਖਾਸ ਕਰ ਕੇ ਜੋ ਪ੍ਰਾਜੇਕਟ ਏਦਾਂ ਦਾ ਹੋਵੇ ਅਤੇ ਫਿਰ ਪਹਿਲੀ ਵਾਰ ਤਿਆਰ ਹੋਵੇ । ਏਦਾਂ ਹੀ ਇਸ ਵਿਚ ਦੋਵੇਂ ਪੱਖ ਹਨ। ਕੁਝ ਦਾ ਜ਼ਿਕਰ ਹੇਠਾਂ ਕਰਦੇ ਹਾਂ ਤਾਂ ਜੋ ਪਾਠਕ ਚੰਗੀਆਂ ਗੱਲਾਂ ਤੋਂ ਸੇਧਾਂ ਲੈ ਸਕਣ ਅਤੇ ਤਰੁੱਟੀਆਂ ਨੂੰ ਦੂਰ ਕਰਣ ਲਈ ਚੰਗੇ ਚੰਗੇ ਉਸਾਰੂ ਸੁਝਾਵ ਘੱਲ ਕੇ ਧੰਨਵਾਦੀ ਬਨਾਉਣ ਤੇ ਅਗਲੇ ਐਡੀਸ਼ਨ ਲਈ ਸੁਧਾਈ ਹੋਵੇ ।

ਗੁਣ : ਇਤਿਹਾਸ ਦੇ ਇਸ ਸੰਕਲਣ ਵਿਚ ਵੱਡੀ ਖ਼ੂਬੀ ਇਹ ਹੈ ਕਿ ਇਸ ਵਿਚ ਲਗ਼ਪਗ 75 ਪ੍ਰਤੀਸ਼ਤ ਮੈਟਰ ਅਣਛਪਿਆ ਹੈ। ਲਾਇਬ੍ਰੇਰੀਆਂ ਦੀਆਂ ਸੈਲਫਾਂ ਵਿਚੋਂ ਨਹੀਂ ਸਗੋਂ ਫੀਲਡ ਵਿਚੋਂ ਇਕੱਠਾ ਕੀਤਾ ਗਿਆ ਹੋਇਆ ਹੈ—ਮਰਾਸੀਆਂ ਤੋਂ, ਤੀਰਥ ਸਥਾਨਾਂ ਤੋਂ ਪੰਡਤਾਂ ਦੀਆਂ ਪੁਰਾਤਣ ਤੇ ਨਵੀਆਂ ਵਹੀਆਂ ਵਿਚੋਂ, ਭਟਾਂ ਤੋਂ, ਗਵਈਆਂ ਤੋਂ, ਢੋਲੱਈਆਂ ਤੋਂ, ਪੁਰਾਣੇ ਵਡੇਰੇ ਪੁਰਸ਼ਾਂ ਤੋਂ ਅਤੇ ਸਰਕਾਰ ਦੇ ਪੁਰਾਤਤਵ ਵਿਭਾਗਾਂ ਦੇ ਰਿਕਾਰਡ ਵਿਚੋਂ ਆਦਿ । ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਮਾਰਚ 1991 ਦੀ 'ਪੰਜਾਬ ਇਤਿਹਾਸ ਕਾਨਫਰੰਸ ਦੇ' ਵਿਦਾਇਗੀ ਸਮਾਗਮ ਵਿਚ ਭਾਰਤ ਦੇ ਪ੍ਰਸਿਧ ਇਤਿਹਾਸਕਾਰ ਐਮ. ਐਲ. ਆਹਲੂਵਾਲੀਆ ਨੇ ਕਿਹਾ ਸੀ "ਇਤਿਹਾਸ ਦੇ ਇਸ ਸੰਕਲਣ ਵਿਚ ਬਹੁਤ ਨਵਾਂ ਮੈਟਰ ਹੋਣ ਕਰਕੇ ਇਤਿਹਾਸ ਦੇ ਵਿਦਿਆਰਥੀਆਂ ਅਤੇ ਰਿਸਰਚ ਸਕਾਲਰਾਂ ਲਈ ਬਹੁਤ ਹੀ ਵਧ ਮਹੱਤਵ ਵਾਲਾ ਹੈ ।

ਉਸੇ ਹੀ ਸਮਾਗਮ ਵਿਚ ਸ਼ਾਇਦ ਹੈਦਰਾਬਾਦ ਯੂਨੀਵਰਸਿਟੀ ਦਾ ਵਿਦਵਾਨ ਇਤਿਹਾਸਕਾਰ ਸੀ ਜਿਸ ਨੇ ਕਾਨਫਰੰਸ ਵਿਚ ਇਸ ਬਾਰੇ ਚਰਚਾ ਸੁਣ ਕੇ ਮੈਨੂੰ ਸੰਬੋਧਨ ਕਰ ਕੇ ਕਿਹਾ, "ਤੁਹਾਡਾ ਇਤਿਹਾਸਕ ਸੰਕਲਣ ਇਤਿਹਾਸ ਦੀ ਦੁਨੀਆਂ ਲਈ ਬਹੁਤ ਹੀ ਕੀਮਤੀ ਏ ਪਰ ਸਾਨੂੰ ਸਮਸਿਆ ਏ ਕਿ ਅਸੀਂ ਪੰਜਾਬੀ ਪੜ੍ਹ ਨਹੀਂ ਸਕਦੇ, ਹਿੰਦੀ ਇੰਗਲਿਸ਼ ਵਿਚ ਵੀ ਛਪਵਾਓ ।" ਮੈਂ ਕਿਹਾ, ਇਸ ਇਤਿਹਾਸ ਲਈ ਤੁਹਾਡੇ ਪ੍ਰੇਮ ਅਤੇ ਇਸ ਦੀ ਕੀਤੀ ਕਦਰ ਲਈ ਤੁਹਾਡਾ ਧੰਨਵਾਦ, ਪਰ ਇਸ ਕੰਮ ਬਾਰੇ ਬਹੁਤ ਮਜਬੂਰੀਆਂ ਹਨ ਖਰਚ ਦੀਆਂ । ਨਾ ਤਾਂ ਮੈਂ ਹੀ ਕੋਈ ਜਗੀਰਦਾਰ ਹਾਂ, ਨਾ ਹੀ ਕਿਸੇ ਜਗੀਰਦਾਰ/ਰਾਜੇ ਮਹਾਰਾਜੇ ਦੀ ਮੈਨੂੰ ਸਰਪ੍ਰਸਤੀ ਹੈ ਜਿਵੇਂ ਭਾਈ ਕਾਹਨ ਸਿੰਘ ਨਾਭਾ ਨੂੰ ਨਾਭੇ ਵਾਲੇ ਰਾਜੇ ਦੀ ਜਾਂ ਜਿਵੇਂ ਭਾਈ ਸੰਤੋਖ ਸਿੰਘ ਨੂੰ ਕੈਥਲ ਵਾਲੇ ਰਾਜੇ ਦੀ । ਜੇ ਸਾਧਨ ਹੋਣ ਤਾਂ ਇੰਗਲਿਸ਼ ਅਤੇ ਹਿੰਦੀ ਵਿਚ ਮੈਂ ਆਪ ਹੀ ਅਨੁਵਾਦ ਕਰ ਲੈਣਾ ਹੈ । ਕਲ੍ਹ ਹੀ ਸ਼ੁਰੂ ਕਰ ਦਿਆਂ ਅਤੇ ਛਪਵਾ ਦਿਆਂ ।

ਇਸ ਵੇਲੇ ਇਸ ਦਾ ਕੁਝ ਖਰਚ ਕੌਮ ਵਿਚੋਂ ਕੁਝ ਇਤਿਹਾਸ ਪਰੇਮੀ ਸਜਨਾਂ ਵਲੋਂ ਦਿਤੇ ਪੈਸਿਆਂ ਨਾਲ ਤੇ ਕੁਝ ਜਥੇਦਾਰ ਜੀ ਵਲੋਂ ਤੇ ਬਾਕੀ ਮੇਰੀ ਤੇ ਮੇਰੇ ਪ੍ਰਵਾਰ ਦੀਆਂ ਪਸਲੀਆਂ ਵਿਚੋਂ ਨਿਕਲ ਰਿਹਾ ਹੈ (ਮੇਰੇ ਪ੍ਰੀਵਾਰ ਦੇ ਸਾਰੇ ਜੀਆਂ ਦਾ ਖਾਸ ਕਰ ਧੰਨਵਾਦ ਹੈ ਜੋ ਇਤਿਹਾਸ ਦੇ ਨਾਂ ਤੇ ਮੇਰੇ ਵਲੋਂ ਦਿੱਤੀ ਹਰ ਤਕਲੀਫ ਸਹਿ ਰਹੇ ਹਨ) ਤੇ ਗੱਡੀ ਤੁਰੀ ਜਾ ਰਹੀ ਹੈ। ਅਸ਼ੀਰਵਾਦ ਦਿਓ ਇਹ ਮੰਜ਼ਲ ਤੇ ਪਹੁੰਚ ਜਾਵੇ ਭਾਵੇਂ ਐਕਸਪ੍ਰੈਸ ਨਹੀਂ ਤੇ ਪੈਸੈਂਜਰ ਗੱਡੀ ਦੀ ਚਾਲੇ ਹੀ ਸਹੀ ਪਰ ਪਹੁੰਚ ਜਾਵੇ ਮੇਰੀ ਇਹ ਅੰਤ੍ਰੀਵ ਲਗਨ ਹੈ ਇਸ ਦੀ ਮੁਕੰਮਲਤਾ ਵਾਸਤੇ ।

ਮੇਰੇ ਮਨ ਅੰਦਰ ਇਹ ਵੀ ਤੀਬਰ ਕਾਮਨਾ ਹੈ ਕਿ ਛੇਤੀ ਹੀ ਕੋਈ ਇਤਿਹਾਸ ਪ੍ਰੇਮੀ, ਇਸ ਕੌਮ ਦਾ ਹਮਦਰਦ ਇਸ ਦੇ ਅਨੁਵਾਦ

ਹੋਰ ਭਾਸ਼ਾਵਾਂ ਵਿਚ ਕਰਣ/ਕਰਵਾਉਣ ਲਈ ਤਨੋਂ, ਮਨੋਂ ਤੇ ਧਨੋਂ ਉਪਰਾਲਾ ਕਰਣ ਤਾਂ ਜੋ ਇਹ ਸਮੇਂ ਦੀ ਧੂੜ ਹੇਠੋਂ ਕੱਢੀਆਂ ਹੋਈਆਂ ਹੀਰੇ ਮੋਤੀਆਂ ਦੀਆਂ ਲੜੀਆਂ ਚਮਕ ਕੇ ਸਾਰੀ ਮਨੁੱਖਤਾ ਦੇ ਸਾਮ੍ਹਣੇ ਆਉਣ ਅਤੇ ਸੰਸਾਰ ਦੇ ਸੋਹਜ/ਸ਼ਿੰਗਾਰ/ਸੁਆਦ ਵਿਚ ਵਾਧਾ ਹੋਵੇ।

2. ਇਕ ਹੋਰ ਮੁੱਖ ਵਿਸ਼ੇਸ਼ਤਾ ਇਸ ਵਿਚ ਕੁਰਸੀਨਾਵਿਆਂ ਦੀ ਹੈ ਜਿਨ੍ਹਾਂ ਨੂੰ ਜੇ ਲੰਮੀ ਧੀਰਜ ਕਰਕੇ ਗਹੁ ਨਾਲ ਘੋਖਿਆ ਪਰਖਿਆ ਜਾਵੇ ਤਾਂ ਹਜ਼ਾਰਾਂ ਸਾਲਾਂ ਤੋਂ ਲੈ ਕੇ ਅਜ ਤਕ ਪੁਸ਼ਤ-ਦਰ-ਪੁਸ਼ਤ ਜੋੜਿਆ ਜਾ ਸਕਦਾ ਹੈ। ਇਤਿਹਾਸ ਉਪਰ ਲਿਖੀਆਂ ਅਨੇਕਾਂ ਪੁਸਤਕਾਂ ਵਿਚੋਂ ਸ਼ਾਇਦ ਕਿਸੇ ਇਕ ਵਿਚ ਹੀ ਇਹ ਗੱਲ ਮਿਲੇ। ਇਹ ਦੇਣ ਹੈ ਉਸ ਥੋੜੇ ਜਿਹੇ ਪੜ੍ਹੇ ਹੋਏ ਭਾਈ ਜੀਵਨ ਸਿੰਘ ਦੀ।

3. ਰਾਜਨੀਤਕ ਇਤਿਹਾਸ ਵਾਂਗ ਹੀ ਖੁਲ੍ਹ ਕੇ ਸਮਾਜਿਕ, ਆਰਥਿਕ ਤੇ ਧਾਰਮਿਕ ਇਤਿਹਾਸ ਵੀ ਬਿਆਨਿਆ ਗਿਆ ਹੈ।

4. ਵਾਰਤਕ ਦੇ ਨਾਲ ਨਾਲ ਕਵਿਤਾ ਦੀਆਂ ਵਖ ਵਖ ਵਨਗੀਆਂ ਵਿਚ ਜੀਵਨ ਦੇ ਸਾਰੇ ਪੱਖਾਂ ਨੂੰ ਸੰਖੇਪ ਸ਼ਬਦਾਂ ਵਿਚ ਬਖੂਬੀ ਉਲਿਕਿਆ ਗਿਆ ਹੈ। 'ਨੂਰੀ' ਅਤੇ ਲਾਭ ਸਿੰਘ ਡੋਰੇ ਦੇ ਢੱਲੇ, ਦਰਸ਼ਨ ਸਿੰਘ ਦਰਸ਼ਨ, ਕਵੀ ਚੈਨ ਸਿੰਘ ਚੈਨ, ਅਨੂਪ ਸਿੰਘ ਵਿਰਕ, ਮੀਆਂ ਕੁਤਬ ਹੁਸੈਨ ਪਾਕਿਸਤਾਨ ਵਲੋਂ ਭਿਖੀ ਕਿਆਂ ਨੂੰ ਚਿੱਠੀ ਪੰਨਾ 492 ਤੇ ਛੱਪੀ ਹੋਈ, ਅਤੇ ਮੇਰੀਆਂ ਕਵਿਤਾਵਾਂ .. ਇਹਨਾਂ ਸਭ ਵਿਚ ਕੇਵਲ ਜੀਵਨ ਦੇ ਨੇੜਿਓਂ ਹੋ ਕੇ ਨਹੀਂ ਸਗੋਂ ਕਈ ਥਾਈਂ ਜੀਵਨ ਦੀ ਗੱਦ ਵਿਚ ਬਹਿ ਕੇ ਅਤੇ ਕਈ ਥਾਈਂ ਜੀਵਨ ਨੂੰ ਗੱਦ ਵਿਚ ਬਿਠਾ ਕੇ ਇੰਨ ਬਿੰਨ ਚਿਤਰਿਆ ਹੈ, ਜੀਵਨ ਦੀ ਕੇਵਲ ਕਾਰਬਨ ਕਾਪੀ ਹੀ ਨਹੀਂ, ਸਗੋਂ ਸਿਧੀ ਸਾਵ੍ਹੀਂ ਫੋਟੋ ਕਾਪੀ ਦਿੱਤੀ ਹੈ। ਕਈ ਥਾਈਂ ਇਸ ਵਿਚ ਪੂਰੀ ਜਿੰਦ ਧੜਕਦੀ ਸਪਸ਼ਟ ਮਹਿ-ਸੂਸ ਹੁੰਦੀ ਹੈ। ਸਗੋਂ ਅਸਲ ਵਿਚ ਗੱਲ ਏਦਾਂ ਏ ਕਿ ਜਿਦਾਂ ਇਤਿਹਾਸਕਾਰ ਐਮ.ਐਲ. ਆਹਲੂਵਾਲੀਆ ਨੇ ਮੈਨੂੰ ਕਹੀ ਕਿ ਐਂ ਜਾਪਦਾ ਏ ਤੁਸਾਂ ਇਹ ਬਹੁਤ ਕੁਝ ਅਖੀਂ ਵੇਖਿਆ ਏ ਅਤੇ ਨੇੜੇ ਬਹਿ ਕੇ ਸੁਣਿਆ ਏ—ਮੈਂ ਕਿਹਾ ਨਹੀਂ ਅਸਾਂ...ਇਸ ਦੇ ਲੇਖਕਾਂ ਨੇ ਆਪਣਿਆਂ ਪਿੰਡਿਆਂ ਤੇ ਹੰਢਾਇਆ ਹੋਇਆ ਹੈ ਤੇ ਪਿੰਡਿਆਂ ਵੀ ਕਈ ਵਾਰੀ ਨੰਗਿਆਂ ਤੇ। ਸਾਡੇ ਵਡੇਰਿਆਂ ਕਈ ਵਾਰ ਕਪੜਿਆਂ ਦੀ ਥਾਂ ਪਿੰਡੇ ਹੀ ਹੰਢਾ ਹੰਢਾ ਕੇ ਬੀਆਬਾਨ ਬਾਰ ਨੂੰ ਆਬਾਦ ਕੀਤਾ ਸੀ। ਇਸ ਤਰਾਂ ਅਸੀਂ ਇਸ ਇਤਿਹਾਸ ਵਿਚ ਰਚ ਹੋਏ ਹਾਂ, ਇਹ ਇਤਿਹਾਸ ਸਾਡੇ ਸਰੀਰ ਤੇ ਹੱਡ ਮਾਸ ਸਗੋਂ ਸਭ ਕਾਸੇ ਵਿਚ ਗਹਿ ਗੱਚ ਹੋਇਆ ਹੋਇਆ ਹੈ। ਅਸੀਂ ਇਕੋ ਹੀ ਹਾਂ। ਸਾਨੂੰ ਇਸ ਇਤਿਹਾਸ ਨਾਲੋਂ ਅਤੇ ਇਸ ਇਤਿਹਾਸ ਨੂੰ ਸਾਡੇ ਨਾਲੋਂ ਵਖ ਕਰ ਕੇ ਵੇਖਣ ਦਾ ਅਰਥ ਸਮਝਣਾ ਕੋਈ ਬਹੁਤਾ ਗੁੰਝਲਦਾਰ ਨਹੀਂ ਹੋਵੇਗਾ, ਸਗੋਂ ਸਿਰਫ ਏਨਾ ਕੁ, ਜਿੰਨਾ ਜਿਵੇਂ ਕਿਸੇ ਸਰੀਰ ਦੇ ਸਿਰ ਅਤੇ ਧੜ ਨੂੰ ਵਖੋ ਵਖ ਕਰਕੇ ਉਨ੍ਹਾਂ ਨੂੰ ਵੇਖੀਏ ਪਏ, ਭਾਵੇਂ ਮੋਟੀ ਨਜ਼ਰੇ ਤੇ ਭਾਵੇਂ ਨੀਝਾਂ ਲਾ ਲਾ ਕੇ ਤੇ ਜੇ ਕੋਈ ਏਨਾ ਕੁਝ ਨਾ ਵੀ ਕਰ ਸਕੇ ਅਤੇ ਨਿਰੇ ਥੋੜੇ ਬਹੁਤੇ ਅਥਰੂ ਹੀ ਸਾਡੇ ਬੀਤੇ ਅਤੇ ਬੀਤੇ ਵਿਚੋਂ ਨਿਕਲੇ ਵਰਤਮਾਨ ਤੇ ਵਹਾਉਣਾ ਚਾਹੇ ਤਾਂ ਮੈਂ ਗਿਆਨੀ ਸੋਹਣ ਸਿੰਘ ਸੀਤਲ ਦੀਆਂ ਦੋ ਲਾਈਨਾਂ ਦੇ ਕੁਝ ਲਫਜ ਬਦਲ ਕੇ ਦੇਂਦਾ ਹਾਂ: —

ਹੰਝੂ ਚਾਰ ਜੇ ਕੇਰਨਾ ਚਾਹੇ ਕੋਈ, ਸਾਡੀ ਚੰਦ ਵਰਗੀ ਕਿਸਮਤ ਸੜੀ ਉੱਤੇ।
ਉਹ ਹਾਲ ਦਲੀਪ ਦਾ ਪੜ੍ਹ ਲਵੇ (ਪਰ) ਹੋ ਕੇ ਖੜਾ ਰਣਜੀਤ ਦੀ ਮੜ੍ਹੀ ਉਤੇ।

5. ਇਸ ਪੁਸਤਕ ਦੀ ਬੋਲੀ ਸੌਖੀ, ਸੁਖਾਲੀ, ਸਿੱਧੀ ਤੇ ਅਸਲ ਵਿਚ ਲੋਕ-ਬੋਲੀ ਹੈ। ਜੋ ਸਮਝਣ ਵਿਚ ਸਾਧਾਰਨ ਪਾਠਕ ਤੇ ਸਰੋਤੇ ਨੂੰ ਵੀ ਔਖਿਆਈ ਨਹੀਂ ਹੁੰਦੀ।

6. ਜਦੋਂ ਮੈਂ ਸਾਰਾ ਖਰੜਾ ਪੜਿਆ ਤਾਂ ਮਹਿਸੂਸ ਕੀਤਾ ਕਿ ਅਸੀਂ ਇਸ ਇਲਾਕੇ ਸਾਂਦਲ ਬਾਰ ਵਿਚ ਬਹੁਤ ਹੀ ਗੋਤਾਂ ਦੇ ਲੋਕ ਸਾਂ, ਵਿਰਕ, ਚੀਮੇ, ਸੰਧੂ, ਬਾਜਵੇ, ਵੜਾਇਚ, ਚੱਠੇ ਗਿੱਲ ਆਦਿ ਆਦਿ। ਇਹ ਠੀਕ ਏ ਕਿ ਵਿਰਕਾਂ ਦੀ ਗਿਣਤੀ ਬਹੁਤ ਵੱਧ ਹੈ। ਪਰ ਕਿਸੇ ਵੀ ਸੰਘਰਸ਼, ਮੋਰਚੇ, ਜਲਸੇ ਵਿਚ ਸਿਰਫ ਤੇ ਸਿਰਫ਼ ਵਿਰਕ ਹੀ ਨਹੀਂ ਸ਼ਾਮਲ ਹੁੰਦੇ ਰਹੇ, ਦੂਜੇ ਵੀ ਸਾਰੇ ਹਿੱਸੇਦਾਰ ਰਹੇ। ਇਹ ਠੀਕ ਏ ਕਿ ਆਪਣੀ ਗਿਣਤੀ ਦੇ ਲਿਹਾਜ ਨਾਲ ਘਟ ਰਹਿੰਦੇ ਸਨ, ਪਰ ਸ਼ਾਮਲ ਜ਼ਰੂਰ ਸਨ, ਇਸ ਲਈ ਮੈਂ ਉਹਨਾਂ ਨੂੰ ਵੀ ਸ਼ਾਮਲ ਕੀਤਾ ਏ ਤਾਂ ਜੋ ਸਾਂਦਲਬਾਰ ਸਮੁੱਚੇ ਦਾ ਇਤਿਹਾਸ ਬਣੇ।

ਤਰੁਟੀਆਂ :

ਕਈ ਠੋਸ ਕਾਰਨਾਂ ਅਤੇ ਪ੍ਰੈਕਟੀਕਲ ਮਜਬੂਰੀਆਂ ਕਰਕੇ ਕਈ ਤਰੁਟੀਆਂ ਰਹਿ ਗਈਆਂ ਹਨ :—

1. ਕਿਸੇ ਵੀ ਪਹਿਲੇ ਸੰਕਲਣ ਵਿਚ ਤਰੁਟੀਆਂ ਰਹਿ ਜਾਣੀਆਂ ਸੁਭਾਵਿਕ ਵੀ ਹੈ।

2. ਇਸ ਵਿੱਚ ਤਾਂ ਜ਼ਰੂਰ ਹੀ ਰਹਿਣੀਆਂ ਸਨ ਕਿਉਂ ਜੋ ਏਡਾ ਵੱਡਾ ਏ ਅਤੇ ਅੱਧੀ ਸਦੀ ਤੱਕ ਕਿੰਨੇ ਹੀ ਹੱਥੀਂ ਤਿਆਰ ਹੁੰਦਾ ਰਿਹਾ ਏ।

3. ਛੱਪਣ ਵਾਲਾ ਮਸਾਲਾ ਆਖਰੀ ਸਫਾ ਛੱਪਣ ਤੱਕ ਪਹੁੰਚਦਾ ਰਿਹਾ ਏ। ਇਸ ਤਰ੍ਹਾਂ ਘਟਨਾਵਾਂ ਦੀ ਅਤੇ ਗੱਲਾਂ ਦੀ ਸਮੇਂ ਅਨੁਸਾਰ ਤਰਤੀਬ ਨਹੀਂ ਰਹਿ ਸਕੀ।

4. ਜਦੋਂ ਮੈਨੂੰ ਖਰੜਾ ਮਿਲਿਆ ਕਈ ਵੱਖ-ਵੱਖ ਫ਼ਾਈਲਾਂ ਵਿਚ ਸੀ । ਫਾਈਲਾਂ ਅਤੇ ਉਨ੍ਹਾਂ ਵਿਚ ਚੈਪਟਰਾਂ ਦੀ ਤਰਤੀਬ ਅਜੇ ਪੂਰੀ ਨਹੀਂ ਸੀ । ਸਾਰਾ ਹਿਸਾਬ ਲਾਇਆ ਗਿਆ ਜੇ ਮੁਢੋਂ ਸੁਢੋਂ ਤਰਤੀਬ ਦੇ ਕੇ ਲਿਖਦਾ ਤਾਂ ਖਰੜੇ ਦੀ ਮੌਲਿਕਤਾ ਬਹੁਤ ਹੱਦ ਤੱਕ ਜਾਂਦੀ ਰਹਿੰਦੀ ਸੀ ਜੋ ਮੈਂ ਨਹੀਂ ਸੀ ਕਰਨੀ ਚਾਹੀ ਅਤੇ ਕਰਨੀ ਚਾਹੀਦੀ ਵੀ ਨਹੀਂ ਸੀ । ਇਸ ਲਈ ਜਿੰਨੀ ਸੰਭਵ ਹੋ ਸਕੀ ਤਰਤੀਬ ਕੀਤੀ ਹੈ ।

5. ਅਸਲ ਵਿਚ ਇਹ ਕੰਮ ਹੁਣ ਦੂਜੇ ਐਡੀਸ਼ਨ ਵਿਚ ਹੋਣ ਵਾਲਾ ਹੈ । ਸ਼ਬਦ ਜੋੜਾਂ ਦੀਆਂ ਗਲਤੀਆਂ ਵੀ ਹਨ ।

6. ਇਤਿਹਾਸ ਦੀਆ ਘਟਨਾਵਾਂ ਅਤੇ ਕੁਰਸੀਨਾਵੇਂ ਸਾਰੇ ਨਹੀਂ ਆ ਸਕੇ । ਕੁਰਸੀਨਾਵੇਂ ਤਾਂ ਜੇ ਸਾਰੇ ਲਾਈਏ ਤਾਂ ਹਜ਼ਾਰਾਂ ਸਾਲਾਂ ਤੋਂ ਲੈ ਕੇ ਅੱਜ ਤੱਕ ਕਰੋੜਾਂ ਦੀ ਗਿਣਤੀ ਵਿਚ ਹੋ ਜਾਂਦੇ ਹਨ ਜੋ ਇਕ ਪੁਸਤਕ ਵਿਚ ਆ ਹੀ ਨਹੀਂ ਸਕਦੇ ।

7. ਘਟਨਾਵਾਂ ਸਾਰੀਆਂ ਮਿਲ ਨਹੀਂ ਸਕੀਆਂ । ਬਥੇਰਾ ਯਤਨ ਕੀਤਾ ਏ ਮੇਰੇ ਤੋਂ ਪਹਿਲਿਆਂ ਨੇ ਵੀ ਅਤੇ ਮੈਂ ਵੀ, ਥਾਂ ਥਾਂ ਫਿਰ ਕੇ ਵੀ, ਅਖਬਾਰਾਂ ਰਾਹੀਂ, ਸਮਾਗਮਾਂ ਵਿਚ ਸੁਣਾਈ ਕਰ ਕੇ ਵੀ, ਕਈਆਂ ਨੇ ਪਹੁੰਚਾਇਆ । ਪਰ ਕਈਆਂ ਜਿਨ੍ਹਾਂ ਕੋਲ ਜਾਣਕਾਰੀ ਸੀ ਵੀ ਉਹਨਾਂ ਮਸਾਲਾ ਨਹੀਂ ਦਿੱਤਾ, ਪਹੁੰਚਾਇਆ ਨਹੀਂ । ਇਸ ਦੇ ਲਈ ਕਈ ਸਰੀਰਕ ਕਾਰਨਾਂ ਦੇ ਨਾਲ ਉਹਨਾਂ ਦੀ ਮਾਨਸਿਕ ਸਥਿਤੀ ਤੇ ਸੋਚ ਦੀ ਹੋਰ ਸੇਧ ਵੀ ਸੀ । ਜਿਵੇਂ ਮੈਂ ਉਦਾਹਰਣਾਂ ਦੇਂਦਾ ਹਾਂ ।

ਇਕ ਥਾਂ ਦੋ ਨਗਰਾਂ ਦੇ 15 ਕੁ ਪਤਵੰਤੇ ਸੱਜਣ ਕਿਸੇ ਸਮਾਗਮ ਤੇ ਬੈਠੇ ਹੋਏ ਸਨ, ਵਿਚ ਇਕ ਵਾਹ-ਵਾਹ ਪੜ੍ਹਿਆ ਲਿਖਿਆ ਸੀ ਬਾਕੀ ਤਾਂ ਹਮਾਤੜ ਸਾਥੀ ਪੜ੍ਹਾਈ ਪੱਖੋਂ ਘੱਟ ਸਨ, ਉਂਝ ਸੂਝ ਸਮਝ ਵਾਲੇ ਸਨ, ਖ਼ੈਰ ਗੱਲ ਚਲ ਪਈ ਇਸ ਇਤਿਹਾਸ ਵਿਚ ਸ਼ਾਮਲ ਹੋਣ ਦੀ । ਉਸ ਖੂਬ ਪੜ੍ਹੇ ਲਿਖੇ ਸੱਜਣ ਦਾ ਤਿੰਨ ਚਾਰ ਵਾਰ ਇਹ ਹੀ ਬੋਲ ਸੀ, "ਲੈ ਸਾਡਾ ਇਤਿਹਾਸ ਕੋਈ ਲੁਕਿਆ ਛੁਪਿਆ ਏ । ਸੂਰਜ ਵਾਂਗ ਚਮਕਦਾ ਏ । ਸਾਨੂੰ ਕੀ ਲੋੜ ਪਈ ਏ ਕਿਤਾਬਾਂ ਵਿਚ ਲਿਖਵਾਂਦੇ ਫਿਰੀਏ । ਨਾ ਲਿਖਾਵਾਂਗੇ ਤਾਂ ਇਹ ਕੋਈ ਘੱਟ ਚਲਿਆ ਏ ।" ਕਈ ਵਾਰ ਕਹਿਣ ਤੇ ਵੀ ਉਹ ਸੱਜਣ ਇਹ ਮੰਨਣ ਲਈ ਸਹਿਮਤ ਨਾ ਹੋਇਆ ਕਿ ਮਾਤਰਾ ਵਿਚ ਤਾਂ ਨਾ ਘਟੇਗਾ ਪਰ ਲੋਕਾਈ ਦੀ ਯਾਦਾਸ਼ਤ ਵਿਚੋਂ ਘੱਟਦਾ ਜਾਵੇਗਾ ਅਤੇ ਪੁਸ਼ਤ-ਦਰ-ਪੁਸ਼ਤ ਕੁਝ ਬਦਲਦਾ ਜਾਵੇਗਾ, ਜਿਵੇਂ ਕਿ ਜ਼ੁਬਾਨ-ਦਰ-ਜ਼ੁਬਾਨ ਰਹਿਣ ਵਾਲੀਆਂ ਕਹਾਣੀਆਂ ਨਾਲ ਹੁੰਦੀ ਆਈ ਏ । ਉਸ ਮਨੁੱਖ ਵਿਚ ਕੀ ਏ ? ਹਉਮੈਂ ਹੈ ਤੇ ਉਹ ਵੀ ਨਿਰੋਲ ਗ਼ਲਤ ।

ਕਈ ਫੋਟੋਆਂ ਯੋਗ ਥਾਵਾਂ ਤੋਂ ਅੱਗੇ ਪਿੱਛੇ ਲਾਉਣੀਆਂ ਪਈਆਂ ਹਨ ਕਿਉਂਕਿ ਕੁਝ ਫੋਟੋਆਂ ਲੇਟ ਪਹੁੰਚੀਆਂ, ਕੁਝ ਬਲਾਕ ਬਣਾਉਣ ਵਾਲੇ ਅੱਗਾ ਪਿੱਛਾ ਕਰਦੇ ਰਹੇ ਅਤੇ ਕੁਝ ਹੜ੍ਹਾਂ ਕਾਰਨ ਸਮਾਨ ਖਰਾਬ ਹੋਣ ਕਰ ਕੇ ਨਵੀਆਂ ਮੰਗਵਾਂਦਿਆਂ ਚਿਰ ਲੱਗ ਗਿਆ ।

ਉਂਜ ਜੇ ਇਸ ਗ੍ਰੰਥ ਦੇ ਸਾਰੇ ਗੁਣ ਜਾਂ ਤਰੁੱਟੀਆਂ ਲਿਖੀਏ ਤਾਂ ਇਹ ਚੈਪਟਰ ਬਹੁਤ ਹੀ ਲੰਮਾ ਹੋ ਕੇ ਆਪਣੇ ਆਪ ਵਿਚ ਇਸ ਇਤਿਹਾਸ ਦਾ ਇਤਿਹਾਸ ਬਣ ਜਾਵੇਗਾ । ਇਸ ਲਈ ਏਨੇ ਕੁ ਨੁਕਤੇ ਦੇ ਕੇ ਬਾਕੀ ਪਾਠਕਾਂ ਦੇ ਨਿਰੀਖਣ ਅਤੇ ਨਿਰਣੇ ਤੇ ਛੱਡਦੇ ਹਾਂ ।

ਮੈਂ ਇਕ ਅਪੀਲ ਕਰਦਾ ਹਾਂ ਕਿ ਪਾਠਕ ਤੇ ਸਰੋਤੇ ਇਸ ਦੀਆਂ ਤਰੁੱਟੀਆਂ ਸਿਰਫ ਇਸ ਲਈ ਨਾ ਵੇਖਣ ਕਿ ਸਾਡੇ ਕੰਮ ਵਿਚ ਨੁਕਸ ਜ਼ਰੂਰ ਕੱਢਣੇ ਹਨ, ਸਗੋਂ ਇਸ ਲਈ ਕਿ ਚੰਗੇ ਸੁਝਾਅ ਦੇਣੇ ਹਨ ਤਾਂ ਜੋ ਅੱਗੋਂ ਲਈ ਸੁਧਾਰ ਹੋਵੇ ।

– ਭਗਵੰਤ ਸਿੰਘ 'ਆਜ਼ਾਦ'

ਭੂਮਿਕਾ

ਸਾਂਦਲਬਾਰ, ਉਸ ਦੇ ਲੋਕ ਅਤੇ ਉਨ੍ਹਾਂ ਦਾ ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਯੋਗਦਾਨ

—ਭਗਵੰਤ ਸਿੰਘ 'ਆਜ਼ਾਦ'

ਸਾਂਦਲਬਾਰ ਪੂਰੇ ਪੰਜਾਬ ਦੇ ਇੱਕ ਮੁੱਖ ਇਲਾਕੇ ਦਾ ਨਾਂਉਂ ਹੈ ਜੋ ਮੋਟੇ ਜਿਹੇ ਤੌਰ ਤੇ ਰਾਵੀ ਅਤੇ ਚਨਾਬ (ਝਨਾਂ) ਦਰਿਆਵਾਂ ਦੇ ਵਿਚਕਾਰਲਾ ਇਲਾਕਾ ਜਾਂ ਦੁਆਬਾ ਰਚਨਾ ਹੈ। ਇਸ ਵਿੱਚ ਜ਼ਿਲ੍ਹਾ ਗੁੱਜਰਾਂਵਾਲਾ, ਸ਼ੇਖ਼ੂਪੁਰਾ, ਲਾਇਲਪੁਰ, ਸਿਆਲਕੋਟ ਅਤੇ ਲਹੌਰ ਦਾ ਪਰਲਾ ਇਲਾਕਾ ਹੈ।

ਇਸ ਇਲਾਕੇ ਦੇ ਖਿੰਡਵੇਂ ਪੁੰਡਵੇਂ ਜ਼ਿਕਰ ਇਤਿਹਾਸ ਦੇ ਵਰਕਿਆਂ ਤੇ ਮਿਲਦੇ ਹਨ। ਮੈਂ ਇਸ ਪਰਚੇ ਵਿੱਚ ਸਮੂਹਿਕ ਤੌਰ ਤੇ ਇੱਕ ਮੁਜੱਸਮ ਦੇ ਰੂਪ ਵਿੱਚ ਇਸ ਇਲਾਕੇ ਨੂੰ ਪੇਸ਼ ਕਰਨ ਦਾ ਯਤਨ ਕਰ ਰਿਹਾ ਹਾਂ।

ਪਹਿਲਾਂ ਇਸ ਇਲਾਕੇ ਦੇ ਨਾਂਉਂ ਬਾਰੇ ਕੁਝ ਥਿਊਰੀਆਂ ਲਿਖਦਾ ਹਾਂ

ਬਾਰ ਦਾ ਅਰਥ ਮੁੱਖ ਤੌਰ ਤੇ ਜੰਗਲ ਅਤੇ ਰੋਹੀ ਹੈ। ਝਾੜੀਆਂ, ਬੂਟੀਆਂ ਅਤੇ ਰੁੱਖਾਂ ਦਾ ਇਲਾਕਾ ਹੋਣ ਕਰਕੇ ਇਸ ਨੂੰ ਬਾਰ ਕਿਹਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1108 ਤੇ ਰਾਗ ਤੁਖਾਰੀ ਬਾਰਹ ਮਾਹ ਮਹਲਾ ਇੱਕ ਵਿੱਚ ਦਰਜ ਹੈ :—

ਟੀਡੁ ਲਵੈ ਮੰਝਿ ਬਾਰੇ।

ਮਹਾਨ ਕੋਸ਼ ਵਿੱਚ ਇਸ ਦਾ ਅਰਥ ਹੈ "ਬਿੰਡੇ ਜੰਗਲ ਵਿੱਚ ਬੋਲਦੇ ਹਨ ਤੇ ਫਿਰ ਖਾਸ ਕਰਕੇ ਓਸੇ ਇਲਾਕੇ ਲਈ ਵਰਤਿਆ ਹੋਇਆ ਹੈ ਤੇ ਉਹ ਨਾਨਕਿਆਣੇ ਦੇ ਆਸ ਪਾਸ ਦਾ ਦੇਸ਼ ਹੈ।"

ਬਾਰ ਦੇਸ ਸਭ ਦੇਸ ਨਰੇਸੁ।

......'ਸਾਂਦਲ' ਸ਼ਬਦ ਵਾਸਤੇ ਕਈ ਇਤਿਹਾਸਕ ਅਤੇ ਭੂਗੋਲਿਕ ਕਾਰਨ ਬਣੇ ਹਨ।

ਇੱਕ ਵਿਚਾਰ ਅਨੁਸਾਰ ਝਨਾਂ/ਚਨਾਬ/ਅਰਥਾਤ ਚੰਦ੍ਰਭਾਗ* ਨਦੀ ਨੂੰ ਯੂਨਾਨੀ ਲੋਕ ਆਪਣੀ ਭਾਸ਼ਾ ਵਿੱਚ ਸਾਂਦਾਬਲ ਕਰਕੇ ਪੁਕਾਰਿਆ ਕਰਦੇ ਸਨ। ਸੰਭਵ ਹੈ ਕਿ ਸਾਂਦਾਬਲ ਦਾ ਰੂਪਾਂਤਰ ਸਾਂਦਲ ਹੋ ਕੇ ਬਾਰ (ਜੰਗਲ) ਨਾਲ ਮਿਲ ਕੇ ਪ੍ਰਵਰਤਿੱਤ ਨਾਂ ਸਾਂਦਲ ਬਾਰ ਹੋ ਗਿਆ ਹੋਵੇ।

ਪੁਰਾਤਣ ਸਮਿਆਂ ਵਿੱਚ ਪਹਾੜਾਂ ਤੋਂ ਥੱਲੇ ਰਾਵੀ ਤੇ ਚੰਦ੍ਰਭਾਗ ਨਦੀ ਵਿਚਕਾਰਲੇ ਦੁਆਬੇ ਨੂੰ ਦੁਆਬਾ ਰਚਨਾ ਜਾਂ ਜੰਬੂ ਦੀਪ ਆਖਦੇ ਹੁੰਦੇ ਸੀ। ਅੱਗੇ ਇਸ ਦੀਪ ਦੇ ਫਿਰ ਦੋ ਹਿੱਸੇ ਹਨ। ਪਹਾੜੀ ਦੀ ਕੰਢੀ ਤੋਂ ਥੱਲੇ ਵੱਲ ਦੇ ਆਬਾਦ ਇਲਾਕੇ ਜ਼ਿਲ੍ਹਾ (ਸਿਆਲਕੋਟ) ਆਦਿ ਨੂੰ ਦੜਪ ਅਤੇ ਅਗਲੇ ਪੱਛਮ ਵੱਲ ਦੇ ਜੰਗਲਾਂ ਨੂੰ ਭਰਤ-ਖੰਡ ਜਾਂ ਬਾਰ (ਜੰਗਲ ਕਰਕੇ) ਕਹਿੰਦੇ ਸਨ। 'ਚਰਣ ਹਰਿ ਵਿਸਥਾਰ' ਨਾਮੀ ਪੁਸਤਕ ਦੇ ਪੰਨਾ 67 ਤੇ ਇਉਂ ਲਿਖਿਆ ਹੈ ?

---

* ਇਹ ਨਦੀ ਹਿਮਾਲਾ 'ਚੋਂ ਚੰਦ੍ਰਭਾਗ ਨਾਮਕ ਸਥਾਨ ਤੋਂ ਨਿਕਲਦੀ ਹੈ। ਇਸ ਦਾ ਹੀ ਨਾਮ ਚਨਾਬ ਜਾਂ ਝਨਾਂ ਨਦੀ ਹੈ।

ਜੰਬੂ ਦ੍ਵੀਪ ਕੇ ਮਧ ਹੈ ਇੱਕ ਭਰਤਖੰਦਸ਼ ਨਾਮ।

ਤਹਾਂ ਏਕ ਸੌ ਨਦੀ ਹੈ, ਪਸਚਮੇ ਪ੍ਰਵਾਹ ਜਾਵਤ ਚੰਦ੍ਰਭਾਗ ਨਾਮ

ਇਹੋ ਹੀ ਭਰਤਖੰਡ ਦਾ ਖੇਤਰ ਪਿਛੋਂ ਜਾ ਕੇ ਸ਼ਾਂਦਲ ਬਾਰ ਦੇ ਨਾਂ ਨਾਲ ਮਸ਼ਹੂਰ ਹੋਇਆ ਹੈ।

ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਦੇ ਪੰਨਾ 182 ਤੇ ਸਾਂਦਲਬਾਰ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ :—

"ਰਾਵੀ ਤੇ ਚਨਾਬ ਦੇ ਮੱਧ ਇੱਕ ਪੁਰਾਣਾ ਜੰਗਲ। ਸਾਂਡਲ ਰਿਖੀ ਇਸ ਜੰਗਲ ਵਿੱਚ ਰਹਿੰਦਾ ਸੀ ਜਿਸ ਕਰਕੇ ਨਾਮ ਸਾਂਡਿਲਯਵਨ ਹੋਇਆ।"

ਸੋਢੀ ਮਿਹਰਬਾਨ ਨੇ ਆਪਣੀਆਂ ਗੋਸ਼ਟਾਂ ਵਿੱਚ ਇਸ ਤਪੇ ਨੂੰ ਸਾਂਧੜ ਬਾਰ ਦਾ ਨਾਮ ਦਿੱਤਾ ਹੈ, ਜੋ ਕਿ ਅੱਜ ਕਲ੍ਹ ਦੇ ਸਾਂਦਲਬਾਰ ਦਾ ਪਹਿਲਾਂ ਜਾਂ ਫਿਰ ਅਣਸੌਰਿਆ ਰੂਪ ਹੈ ਅਤੇ ਮਹਾਨ ਕੋਸ਼ ਦੀ ਹੀ ਪ੍ਰੋੜਤਾ ਕਰਦਾ ਹੈ।

'ਸਾਂਦਲ ਬਾਰ, ਨਾਮ ਪੈ ਜਾਣ ਦਾ ਇਕ ਹੋਰ ਭੂਗੋਲਿਕ ਕਾਰਨ-ਸੁਰਗਵਾਸੀ ਸ੍ਰੀ ਰਾਮ ਚੰਦਰ ਮਨਚੰਦਾ ਐਡਵੋਕੇਟ ਲਾਹੌਰ ਨੇ ਆਪਣੇ ਭਾਸ਼ਣ 'ਪੁਰਾਣੇ ਨਾਵਾਂ ਪਿਛੇ ਕਿਸੇ ਨਾ ਕਿਸੇ ਭੂਗੋਲਿਕ ਵੇਰਵੇ ਦੇ ਹੋਣ ਦੀ ਸੰਭਾਵਨਾ' ਵਿੱਚ ਦੱਸਿਆ। ਜਿਸ ਤਰ੍ਹਾਂ ਸ਼ਬਦ 'ਹਿਮਾਲਾ' ਬਰਫ ਦੇ ਘਰ ਦਾ ਸੂਚਕ ਹੈ, ਕਸ਼ਮੀਰ ਪਹਾੜਾਂ ਕਸੀਆਂ (ਨਦੀਆਂ) ਦਾ ਦੇਸ਼ ਹੈ, ਇਸੇ ਤਰ੍ਹਾਂ ਸਾਂਦਲ ਬਾਰ 'ਸਮਤਲ ਵਰਾਹਾ' (ਦਰਿਆਵਾਂ ਦੁਆਰਾ ਬਣਾਈ ਹੋਈ ਸਮਤਲ ਧਰਤੀ ਪਦ ਦਾ ਸੂਚਕ ਹੈ। ਇਸ ਖੰਡ ਦੀ ਧਰਤੀ ਵਧੇਰੇ ਦਰਿਆਵਾਂ ਦੀ ਬਣਾਈ ਵਰਾਹ (River Bed) ਹੈ ਅਤੇ ਲਗਾਤਾਰ ਚਪਟੀ, ਸਮਧਰ ਚਲੀ ਜਾਂਦੀ ਹੈ। ਵਰਾਹ ਪਦ ਸਸਾਂ ਪਾ ਕੇ ਬਾਰ ਵਿੱਚ ਵਟ ਗਿਆ ਤੇ ਜੰਗਲ ਬੂਟੇ ਹੋਣ ਕਰਕੇ ਜੰਗਲ ਦਾ ਭਾਵ ਦੇਣ ਲੱਗ ਪਿਆ ਅਤੇ ਸਮਧਰ ਵਰਤੋਂ ਵਿੱਚ ਆਉਂਦਾ 2 ਸਾਂਦਲ ਬਣ ਗਿਆ।

ਪ੍ਰਿੰਸਿਪ ਦੇ ਕਥਨ ਅਨੁਸਾਰ ਰਾਏ ਰਣਛੋੜ ਦੇ ਵੰਸ਼ਜ ਹੂਣ-ਸੂਣ ਦੇ ਦਲ ਦੇ ਨਾਮ ਤੇ 'ਸੂਹੇ-ਦਲ' ਤੋਂ ਬਦਲਕੇ ਸਾਂਦਲ ਬਣ ਗਿਆ ਹੋਵੇਗਾ।

ਆਈਨਾ-ਏ-ਬਰਾਰ ਦੇ ਕਰਤਾ ਅਨੁਸਾਰ ਜਦੋਂ ਯਾਦਵ ਕੁਲ ਦੇ ਵਡੇਰਿਆਂ ਨੇ ਇਸ ਇਲਾਕੇ ਵਿੱਚ ਪੈਰ ਰੱਖੇ ਤਾਂ ਸਾਂਗਲੇ ਦੇ ਉਤਪਾਤੀ ਅਤੇ ਉਪਦਰੱਵੀ ਸਾਂਧੜ ਨਾਮੀ ਚੂਹੜ ਨੇ ਉਨ੍ਹਾਂ ਨੂੰ ਤੰਗ ਕੀਤਾ। ਰਾਏ ਬੱਛ ਨੇ ਇਸ ਨੂੰ ਯੁੱਧ ਵਿੱਚ ਮਾਰਿਆ। ਸਾਂਧੜ ਦੇ ਨਾਂ ਤੋਂ ਸਾਂਦਲ ਬਣ ਗਿਆ ਹੋਵੇਗਾ।

ਸਾਂਧੜ ਨਾਂ ਦੇ ਚੂਹੜੇ ਦੀ ਹੋਂਦ ਬਾਰੇ ਇੱਕ ਹੋਰ ਕਹਾਣੀ ਦੀ ਸਾਖੀ ਮਿ. ਈ.ਡੀ. ਮੈਕਲੇਗਨ ਵੀ ਇਸ ਤਰ੍ਹਾਂ ਭਰਦਾ ਹੈ।

ਖੋਖਰ ਗੋਤ ਦੇ ਰਾਜ਼ੇ ਭਰਤ ਦੇ ਪੋਤਰੇ ਸਾਂਦੇ ਨੇ ਰਾਵੀ ਤੇ ਡੇਕ ਨਦੀ ਦੇ ਵਿਚਕਾਰ ਸਾਂਦਰ ਨਾਂ ਦਾ ਨਗਰ ਵਸਾਇਆ ਜੋ ਫਿਰ ਉੱਜੜ ਗਿਆ ਅਤੇ ਜਿਸ ਦਾ ਥੇਹ ਅਜੇ ਵੀ ਸਾਂਦੜ ਕਾ ਟਿੱਬਾ ਕਰਕੇ ਮੰਨਿਆ ਜਾਂਦਾ ਹੈ। ਸਾਂਦੇ ਨੇ ਪਿੰਡੀ ਭਟੀਆਂ ਦੇ ਇਲਾਕੇ ਵਿੱਚ ਬੜਾ ਅੱਛਾ ਰਾਜ ਕੀਤਾ ਜਿਸ ਦੇ ਪਿਛੇ ਇਸ ਬਲਕੇ ਦਾ ਨਾਮ ਸਾਂਦਲ ਅਤੇ ਜੰਗਲ ਹੋਣ ਕਰਕੇ ਬਾਰ, ਤੇ ਇਸ ਤਰ੍ਹਾਂ ਸਾਂਦਲਬਾਰ ਪੈ ਗਿਆ।

ਹਿੰਦੂ ਮਿਥਿਹਾਸ ਕੋਸ਼ ਦੇ ਅਨੁਸਾਰ ਜੋ ਜਾਤੀਆਂ ਸੰਧਿਆ ਭਾਵ ਸ਼ਾਮ ਸਮੇਂ ਬਲਵਾਨ ਹੁੰਦੀਆਂ ਹਨ, ਉਨ੍ਹਾਂ ਨੂੰ ਸੰਧਿਆਬਲ ਕਿਹਾ ਜਾਂਦਾ ਸੀ। ਜਿੰਨੇ ਵੀ ਵਿਦੇਸ਼ੀ ਆਕ੍ਰਮਣਕਾਰੀ ਅੰਗਰੇਜ਼ਾਂ ਤੋਂ ਪਹਿਲਾਂ ਭਾਰਤ ਤੇ ਚੜ੍ਹ ਕੇ ਆਏ ਸਭ ਇਸ ਬਾਰ ਦੇ ਖੇਤਰ ਵਿਚੋਂ ਹੋ ਕੇ ਆਏ ਤੇ ਗਏ। ਚੀਨ, ਸੰਨ 1962 ਤੋਂ ਪਹਿਲਾਂ ਉਚੇ ਪਹਾੜ ਲੰਘ ਕੇ ਅਤੇ ਪੁਰਤਗਾਲੀਆਂ ਅੰਗਰੇਜ਼ਾਂ ਤੋਂ ਪਹਿਲਾਂ ਸਮੁੰਦਰ ਲੰਘ ਕੇ ਕੋਈ ਵੀ ਵਿਦੇਸ਼ੀ ਆਕ੍ਰਮਨ ਲਈ ਜਾਂ ਵਪਾਰ ਲਈ ਨਾ ਆ ਸਕਿਆ। ਕੇਵਲ ਤੇ ਕੇਵਲ ਪੱਛਮ ਉਤਰ ਵੱਲ ਦੇ ਕੋਨੇ ਤੋਂ ਹੀ ਰਾਹ ਸੀ।

ਇਸ ਤਰ੍ਹਾਂ ਭਾਰਤ ਦੀ ਡਿਓੜੀ ਰੂਪੀ 'ਪੰਜਾਬ' ਸੀ ਅਤੇ ਇਸ ਡਿਓੜੀ ਦੀ ਦਹਲੀਜ਼ ਸਾਂਦਲ ਬਾਰ ਸੀ ਜਿਸ ਤੇ ਪੈਰ ਰਖ ਕੇ ਹੀ ਹਰ ਆਕ੍ਰਮਣਕਾਰੀ ਆਉਂਦਾ ਵੀ ਤੇ ਵਾਪਸ ਜਾਂਦਾ ਵੀ ਲੰਘਦਾ ਸੀ। ਏਥੋਂ ਦੇ ਵਸਨੀਕਾਂ ਨੇ ਜੰਗਲਾਂ ਵਿੱਚ ਵੀ ਠਿਕਾਣੇ ਬਣਾਏ ਹੋਏ ਸਨ ਜਦੋਂ ਸ਼ਾਮ ਨੂੰ ਅਤੇ ਫਿਰ ਰਾਤ ਨੂੰ ਦੁਸ਼ਮਨ ਦੀ ਫੌਜ ਰੋਟੀ ਪਾਣੀ ਅਤੇ ਅਰਾਮ ਵਿੱਚ ਹੁੰਦੀ ਤਾਂ ਇਸ ਬਾਰ ਦੇ ਵਾਸੀ ਛਾਪੇ ਮਾਰ ਕੇ ਉਹਨਾਂ ਨੂੰ ਲੁੱਟ ਲੈ ਜਾਇਆ ਕਰਦੇ। ਭਾਰਤ 'ਚੋਂ ਲੁਟਿਆ ਹੋਇਆ ਧਨ ਮਾਲ, ਔਰਤਾਂ, ਆਦਮੀ, ਲੜਕੇ, ਲੜਕੀਆਂ ਵਾਪਸ ਖੋਂਹਦੇ ਹੁੰਦੇ ਸਨ, ਰਾਤ ਜਾਂ ਸੰਧਿਆ ਸਮੇਂ ਬਲ ਵਿਖਾਉਣ ਕਰਕੇ ਉਹਨਾਂ ਨੂੰ ਸੰਧਿਆਬਲ ਕਿਹਾ ਜਾਂਦਾ ਸੀ। ਫਿਰ ਹੌਲੀ-2 ਸੰਧਾਬਲ ਤੇ ਉਹਨਾਂ ਦੇ ਇਸ ਇਲਾਕੇ ਵਿਚ ਝਾੜ ਜੰਗਲ ਹੋਣ ਕਰਕੇ ਇਸ ਨੂੰ ਬਾਰ ਤੇ ਇਸ ਤਰ੍ਹਾਂ 'ਸੰਧਾਬਲ ਬਾਰ' ਤੇ ਹੋਰ ਹੌਲੀ ਹੌਲੀ ਪ੍ਰਵਰਤਿਤ ਰੂਪ 'ਸਾਂਦਲਬਾਰ' ਹੋ ਗਿਆ ਜਾਪਦਾ ਹੈ। ਸੋ ਅਜਿਹੀਆਂ ਧਾਰਨਾਵਾਂ ਅਤੇ ਕਾਰਨ ਹਨ 'ਸਾਂਦਲ ਬਾਰ' ਨਾਉਂ ਬਾਰੇ।

ਸਾਂਦਲ ਬਾਰ ਦੇ ਲੋਕ ਅਤੇ ਉਹਨਾਂ ਦੇ ਸੁਭਾਅ ਅਤੇ ਸੁਭਾਅ ਅਨੁਸਾਰ ਹੀ ਯੋਗਦਾਨ

ਹੁਣ ਗੱਲ ਕਰਦੇ ਹਾਂ ਇਸ ਇਲਾਕੇ ਦੇ ਲੋਕਾਂ ਵਲੋਂ ਭਾਰਤ ਦੀ ਆਜ਼ਾਦੀ ਦੇ ਸੰਗ੍ਰਾਮ ਵਿੱਚ ਯੋਗਦਾਨ ਦੀ। ਇਸ ਕੰਮ ਦੇ ਸਰਵੇਖਣ ਤੋਂ

ਪਹਿਲਾਂ ਆਪਾਂ ਸਾਂਦਲ ਬਾਰ ਦੇ ਲੋਕਾਂ ਦੇ ਸੁਭਾਵਾਂ ਬਾਰੇ ਕੁਝ ਵੇਖ ਲਈਏ ।

1. ਸਾਂਦਲ ਬਾਰ ਦਾ ਨਾਂਓ ਇੱਕ ਰਿਸ਼ੀ ਸਾਂਡਲਿਯ ਦੇ ਨਾਂ ਤੇ ਹੋਣਾ ਦੱਸਦਾ ਹੈ ਕਿ ਇਸ ਇਲਾਕੇ ਵਿੱਚ ਰਿਸ਼ੀ ਮੁਨੀ ਤਪ ਕਰਿਆ ਕਰਦੇ ਸੀ ਤੇ ਇਸ ਦੇ ਪ੍ਰਭਾਵ 'ਚੋਂ ਲੋਕਾਂ ਵਿੱਚ ਅਧਿਆਤਮਿਕਤਾ ਮਨੁੱਖੀ ਜੀਵਨ ਵਿੱਚ ਸਚਾਈ ਤੇ ਭਲਾਈ ਦੀ ਭਾਵਨਾ ਦਿੰਦੀ ਹੈ। ਸਚਾਈ ਅਤੇ ਭਲਾਈ ਦੀ ਭਾਵਨਾ ਨਾਲ ਮਨੁੱਖ ਦਾ ਜੀਵਨ ਸਾਦਾ ਅਤੇ ਮਨੋਬਲ ਤਕੜਾ ਹੁੰਦਾ ਹੈ ।

2. ਜੀਵਨ ਦਾ ਕਾਫੀ ਸਮਾਂ ਜੰਗਲਾਂ 'ਚ ਕਠਿਨਾਈਆਂ ਨਾਲ ਬਤੀਤ ਹੋਣ ਕਰਕੇ ਲੋਕਾਂ ਦਾ ਜੀਵਨ ਗੱਦਿਆਂ ਤੇ ਸੌਣ ਵਾਲਾ ਸੁਖਾਲਾ ਤੇ ਐਸ਼ ਪ੍ਰਸਤੀ ਵਾਲਾ ਨਹੀਂ ਸੀ । ਸਗੋਂ ਉੱਦਮੀ ਚੌਕਸ ਤੇ ਚੁਕੰਨਾ ਸੀ । ਸਗੋਂ ਉੱਦਮੀ ਚੌਕਸ ਤੇ ਚੁਕੰਨਾ ਸੀ । ਖੁਰਾਕਾਂ ਖਾਣੀਆਂ, ਵਰਜਸ਼ਾਂ ਕਰਨੀਆਂ, ਸਾਦਾ ਪਹਿਨਣਾ ਤੇ ਸਰੀਰਕ ਬਲ ਵੀ ਚੋਖੇ ਤਕੜੇ ਸਨ । ਖੁਰਾਕ, ਪੁਸ਼ਾਕ ਤੇ ਖੁਲ੍ਹੇ ਡੁਲ੍ਹੇ ਸੁਭਾਵਾਂ ਬਾਰੇ ਹੇਠਾਂ ਹੋਰ ਪੜ੍ਹੋ :—

ਸਾਂਦਲ ਬਾਰੀਏ ਮਾਰਦੇ ਰਹੇ ਮੱਲਾਂ, ਅਸੀਂ ਕਚਕੜੇ ਨਹੀਂ ਪਰੋਂਵਦੇ ਰਹੇ ।
ਸਾਥੋਂ ਜੋ ਵੀ ਜਮਾਨੇ ਨੇ ਆਸ ਕੀਤੀ. ਅਸੀਂ ਉਸ ਤੋਂ ਵੱਧ ਹੀ ਹੋਂਵਦੇ ਰਹੇ ।
ਸਾਡਾ ਪਲੜਾ ਸਦਾ ਹੀ ਰਿਹਾ ਭਾਰਾ, ਅਸੀਂ ਨਿਓਂਦੇ ਝੁੱਕਦੇ ਹੋਂਵਦੇ ਰਹੇ ।
ਅਸੀਂ ਜਿਥੇ ਵੀ ਰਹੇ ਹਾਂ, ਰਹੇ ਚੜ੍ਹ ਕੇ, ਅੱਗੋਂ ਉੱਠ ਕੇ ਕਿੰਨੇ ਹੀ ਖਲੋਂਵਦੇ ਰਹੇ ।
ਮਾਂ ਮਰੀ ਸੀ 'ਕਰੀ' ਦੀ ਬੜੀ ਛੇਤੀ, ਜਥੇ 'ਝੱਬਰ ਦੇ' ਸਾਵ੍ਹੇਂ ਜਦ ਹੋਂਵਦੇ ਰਹੇ ।

ਬੋਤਲ ਪੀ ਜਦ ਮੁੱਛਾਂ ਨੂੰ ਤਾਅ ਦੇਂਦੇ, ਅਸੀਂ ਹਾਥੀਆਂ ਨੂੰ ਕੱਟੇ ਸਮਝ ਛੱਡਦੇ ।
ਸਹਿਜ ਸੁਭਾਅ ਜਿਵੇਂ ਰਹਿੰਦੇ ਸੁਹਾਗਿਆਂ ਤੇ, ਅਸੀਂ ਫਾਂਸੀਆਂ ਦੇ ਫੱਟੇ ਸਮਝ ਛੱਡਦੇ ।
ਪੀਂਦੇ ਨਹੀਂ ਰਹੇ ਸਿੱਪੀਆਂ ਚਿਮਚਿਆਂ ਨਾਲ, ਮੱਝਾਂ ਚੁੰਘੀਆਂ ਪੂਰੀਆਂ ਪੂਰੀਆਂ ਨੇ ।
ਅਸਾਂ ਚੁੰਘੀਆਂ ਕੁੰਢੀਆਂ ਮੀਣੀਆਂ ਨੇ, ਅਸਾਂ ਚੁੰਘੀਆਂ ਕਾਲੀਆਂ ਬੂਰੀਆਂ ਨੇ ।
ਅਸੀਂ ਲੱਪ ਗੜਪੜੀਂ ਰਹੇ ਖਾਂਦੇ, ਗੱਲਾਂ ਰਹੀਆਂ ਨਾ ਊਣੀਆਂ ਊਰੀਆਂ ਨੇ ।
ਬਾਹੂ ਬਲ ਓਤੇ ਸਾਨੂੰ ਫਖਰ ਵੀ ਸੀ, ਸਾਡੇ ਵਿੱਚ ਨਹੀਂ ਐਵੇਂ ਫਤੂਰੀਆਂ ਨੇ ।

ਕਿਸ ਕਿਸ ਥਾਂ ਬਹਿ ਕੇ ਖਾਂਦੇ ਰਹੇ, ਕਿਤੇ ਅੰਦਰੀਂ ਵੜ ਕੇ ਡਾਇਨਿੰਗ ਟੇਬਲਾਂ ਤੇ ਜਾਂ ਕਿਚਨ ਸੈਲਫਾਂ ਤੇ ਨਹੀਂ ਸਗੋਂ.........

ਬਾਹਕਾਂ, ਵਾੜਿਆਂ, ਭੱਤਿਆਂ, ਹਲਾਂ ਦੇ ਵਿੱਚ, ਖਾਧੀਆਂ ਖੁਲ੍ਹਮ-ਖੁਲ੍ਹੀਆਂ ਚੂਰੀਆਂ ਨੇ ।
ਸਾਬਤ ਬਕਰੇ ਖਾ ਕੇ ਡੱਕਾਰ ਮਾਰੇ, ਕਰਨਾ ਕੀਹ ਅੱਜ ਚਿਕਨ ਤੰਦੂਰੀਆਂ ਨੇ ।
ਹੈ ਸੀ ਛੰਨਾ ਸ਼ੰਗਾਰ ਸਾਡੇ ਚੌਂਕਿਆਂ ਦਾ, ਕੀ ਸਵਾਰਨਾ ਏ ਨਿੱਕੀਆਂ ਕੱਪੀਆਂ ਨੇ ।
ਚਾਹ ਚੰਦਰੀ ਚਬੜੀ ਚੌਂਹ ਪਾਸੀਂ, ਮਲਾਈਆਂ ਵਿਚ ਡਰੰਮਾਂ ਦੇ ਰਖੀਆਂ ਨੇ ।
ਅਸੀਂ ਮੱਲ ਅਖਾੜੇ ਦੇ ਹੋਂਵਦੇ ਸਾਂ, ਜਿਥੇ ਮੱਲ ਬਹਿੰਦੇ ਮਾਲੀ ਜਿੱਤਦੇ ਸਾਂ ।
ਮਲ ਮਲ ਕੇ ਤੇਲ ਸਾਂ ਘੋਰ ਕਰਦੇ, ਕਰ ਕਰ ਕੇ ਵੀ ਨਾ ਥੱਕਦੇ ਸਾਂ ।
ਡੰਡ ਪੇਲਦੇ ਬੈਠਕਾਂ ਮਾਰਦੇ ਸਾਂ, ਚੁੱਕ ਚੁੱਕ ਸੁਹਾਗੜੇ ਸੱਟਦੇ ਸਾਂ ।
ਸਾਡੇ ਪਿੰਡੇ ਸਨ ਆਇਰਨ ਲੁਹਾਰ ਵਾਂਗੂੰ, ਇਹਨਾਂ ਉਤੇ ਹੀ ਧੁਪ ਛਾਂ ਡੱਕਦੇ ਸਾਂ ।
ਅਸੀਂ 'ਵਿਰਕ' ਅਲਬੇਲੜੇ ਛੈਲ ਬਾਂਕੇ, ਅਸੀਂ ਕਚਕੜੇ ਨਹੀਂ ਪਰੋਏ ਬੀਬਾ ।
ਗੱਲਾਂ ਕਈ ਹੈ ਸਨ, ਕੰਮ ਕਈ ਸਨ ਹੈ, ਹੱਡ ਗੋਡੜੇ ਹੈ ਸਨ ਨਰੋਏ ਬੀਬਾ ।
ਪੈਂਦੇ ਗੰਨ ਸਨ ਪੱਟਾਂ ਤੇ ਡੌਲਿਆਂ ਤੇ, ਅੱਜ ਵਾਂਗ ਨਾ ਨੁਚੜੇ ਹੋਏ ਬੀਬਾ ।
ਕਦੀ ਸਮਾਂ ਸੀ ਹਾੜ ਸਿਆਲ ਪੂਰੇ, ਅਸਾਂ ਸਿਰਫ ਤੇ ਸਿਰਫ ਹੰਢਾਏ ਪਿੰਡੇ ।
ਧੁਪਾਂ ਠੰਡਾਂ ਦੇ ਕਰੜੇ ਥਪੇੜਿਆਂ ਨੇ ਸਾਡੇ ਕਰੜੇ ਖੂਬ ਬਣਾਏ ਪਿੰਡੇ ।
ਜਿਹੜੇ ਮੁੱਕ ਨਾਲ ਤਿੰਨ ਅੱਜ ਡਿੱਗ ਪੈਂਦੇ, ਉਹ ਮੁੱਕ ਓਦੋਂ ਪਿੰਡਾਂ ਝੱਲਦਾ ਸੀ ।

ਅਤੇ ਅੱਜ, ਅਸਲ ਵਿੱਚ ਉਹ ਮੁੱਕ ਗਏ ਹੀ ਗਏ ਨੇ। ਨਾ ਉਹ ਮੁੱਕ ਨੇ, ਨਾ ਉਹ ਪਿੰਡੇ ਨੇ......)

ਦੁੱਧੀਂ ਕੱਚਿਆਂ, ਮਖਣਾਂ ਪੇੜਿਆਂ ਨਾਲ, ਮੱਲਾਂ ਮਾਰੀਆਂ ਅਸਾਂ ਅਵੱਲੀਆਂ ਨੇ।
ਅਸਾਂ ਚੁੰਘੀਆਂ ਸੇਹਰੀਆਂ, ਮਧਰੀਆਂ ਨੇ, ਅਸਾਂ ਚੁੰਘੀਆਂ ਬੋਲੀਆਂ ਬਲ੍ਹੀਆਂ ਨੇ।
ਸੇਰ ਛੋਲੇ ਭੁਨਾ ਕੇ ਪਾ ਗੁੜ ਦਾ, ਕਦੇ ਵਾਈ ਬਾਦੀ ਸਾਨੂੰ ਪੋਹੀ ਨਹੀਂ ਸੀ।
(ਅੱਜ) ਜੀਅ ਬੜੇ ਬੀਮਾਰੀਆਂ ਬਹੁਤੀਆਂ ਨੇ, ਏਹੋ ਜਿਹੀ ਕਦੇ ਸਾਡੇ ਨਾਲ ਹੋਈ ਨਹੀਂ ਸੀ।

ਕਿੱਲਾ ਪੋਹਲੀਆਂ ਦਾ ਪਿੰਡਾ ਕਰ ਨੰਗਾ, ਜਾਏ ਲੇਟਦਾ 'ਈਸਰਕਾ'[1] ਪਾਰ ਹੋ ਜਾਏ।
ਮੱਝ ਇਕ ਦੇਣੀ ਆਖੀ ਹੋਏ ਮਾਮੇ, ਉਹ ਦੇਣ ਤੋਂ ਕੱਚਾ ਇਕਰਾਰ ਹੋ ਜਾਏ।
ਤੇ ਫਿਰ ਉਹ ਵੀ ਸੀ 'ਈਸਰ ਕਾ' ਲੁੱਕ ਰਾਤੀਂ, ਦੋ ਕੱਢ ਕੇ ਮੱਝਾਂ ਫਰਾਰ ਹੋ ਜਾਏ।
ਬਾਬਾ ਬੁੰਗ ਬੁੰਗ ਉਹ ਅਖਵਾਏ ਤੇ ਫਰ, ਆਖੇ ਫਿਰ ਜਦ ਖੀਰ ਉਹ ਖਾਣ ਲੱਗੇ।

ਦੇਵੋ ਕੋਲ ਕੋਈ ਲੈ ਲਓ ਚਿਮਚੜਾ ਇਹ, ਅੰਦਰ ਨਾ ਤੁਰ ਜਾਏ ਮੂੰਹ ਪਾਣ ਲੱਗੇ।
(ਅਸਾਂ) ਗੜਵਾ ਲੱਸੀ ਦਾ ਪੀਣਾ ਉਹ ਪਚ ਜਾਣਾ, ਬਾਟਾ ਦਹੀਂ ਦਾ ਗਟਾਗਟ ਛਕ ਜਾਣਾ।
ਸੇਰ ਘਿਓ ਦਾ ਸਹਿਜ ਸੁਭਾਅ ਪੀ ਕੇ, ਬੁਰਕੀ ਟੁੱਕਰ ਨਾਲ ਸ਼ਕਰ ਥੋੜ੍ਹੀ ਫੱਕ ਜਾਣਾ।
ਕਿਥੋਂ ਚੌਂਕੇ ਦੇ ਅੱਜ ਜਵਾਨ ਲੱਭਾਂ, ਪੰਜ ਸੇਰ ਕੜਾਹ ਪਚਾ ਜਾਵਣ।
ਕਿਤੇ ਬਨਣ ਪ੍ਰਾਹੁਣੇ ਤੇ ਹੱਸ ਹੱਸਦੇ, ਆਟਾ ਸਾਰੇ ਹੀ ਟੱਬਰ ਦਾ ਖਾ ਜਾਵਣ

ਖਾਂਦੇ ਬੋੜਵੇਂ ਸਾਂ, ਪੀਂਦੇ ਲੱਸੀਆਂ ਸਾਂ, ਵਿਚ ਗਰਮੀਆਂ ਦੇ ਠੰਡੋ ਠੰਡ ਜਾਪੇ।
ਚੌਣਾ ਰੂਪ ਸੀ ਚੜ੍ਹਦਾ ਜਾਂਵਦਾ ਜਦ, ਸਾਡੇ ਪਿੰਡੇ ਤੇ ਕਣਕ ਦੀ ਕੰਡ ਜਾਪੇ।
ਚੱਪਾ ਚੱਪਾ ਚਰਬੀ ਚੜ੍ਹਦੀ ਪਿੰਡਿਆਂ ਤੇ, ਜਦ ਛਿੰਝਾਂ ਪੈਂਦੀਆਂ ਸਨ, ਮੇਲੇ ਲੱਗਦੇ ਸਨ।

ਜਦੋਂ ਮਾਂਗੀਆਂ ਪੈਂਦੀਆਂ ਵਾਢੀਆਂ ਵਿਚ, ਤਾਲ ਦਾਤੀਆਂ ਦੇ ਢੋਲ ਵੱਜਦੇ ਸਨ।
ਹੈ ਸਨ ਸਾਡੇ ਤੇ ਰੁੱਤਾਂ 'ਰਹਿ ਰੱਬ ਦਾ ਨਾਂ', ਜਦੋਂ ਰੱਖਾਂ ਤੇ ਜੂਹਾਂ ਅਸਾਂ ਮੱਲੀਆਂ ਸਨ।
ਸਾਡੇ ਵੱਗਾਂ ਦੇ ਵੱਗ ਜਦ ਸਨ ਚੁਗਦੇ, ਗਲਾਂ ਵਿਚ ਵਾਹ ਖੜਕਦੀਆਂ ਟੱਲੀਆਂ ਸਨ।
ਵਗਦੇ ਬਲਦ ਜਦ ਘੁੰਗਰੂਆਂ ਵਾਲੜੇ ਸਨ, ਤਾਲ ਬਝਵੀਂ ਆਉਂਦੀ ਛੁਣਕਾਰ ਹੈ ਸੀ।

ਸਾਵਾ, ਪੀਲਾ ਤੇ ਲਾਖਾ ਜਿਵੇਂ ਪਾਣ ਪੈਲਾਂ, ਭਰਦੇ ਚੁੰਗੀਆਂ ਜਿਵੇਂ ਨਾ ਭਾਰ ਹੈ ਸੀ।
ਠੁੱਲ੍ਹਾ ਖਦਰ ਸਵ੍ਹਾਰਾ ਹੀ ਥਾਣ ਲੈਣਾ, ਸਾਰੇ ਟੱਬਰ ਦਾ ਕੱਜਿਆ ਕੱਜ ਜਾਣਾ।
ਨਿੱਘਾ ਠੰਡ ਦੇ ਵਿਚ, ਠੰਡਾ ਮੁੜ੍ਹਕਿਆਂ ਵਿਚ, ਪਿੰਡਾ ਉਛਣ ਦਾ ਬਣ ਨਾ ਪੱਜ ਜਾਣਾ।
ਝਾਲ ਝੱਲੇ ਨਾ ਜਦ ਕਦੀ ਬੁਕਦੇ ਸਾਂ, ਅਸੀਂ ਮੋਢਿਆਂ ਤੋਂ ਥੁੱਕਾਂ ਸੱਟਦੇ ਸਾਂ।
ਸਾਡੀ ਧਾਂਕ ਚੁਫੇਰੜੇ ਸਦਾ ਹੀ ਰਹੀ, ਗੁਰਜਾਂ ਜਿੱਤਦੇ ਸਾਂ, ਰੱਸੇ ਖਿਚਦੇ ਸਾਂ।
ਹੈ ਸਾਂ ਡਾਂਗ ਮਾਰੂ, ਡਾਂਗ ਝੱਲਦੇ ਵੀ, ਸਾਂਡੇ ਪਿੰਡਿਆਂ ਵਿਚ ਐਸੀ ਜਾਨ ਵੀ ਸੀ।
ਵਾਹ ਵਾਹ ਸਾਊ ਵੀ ਸਾਂ, ਠਹਿਰੇ ਹੋਏ ਵੀ ਸਾਂ, ਸਾਡੇ ਵਿਚ ਹੀ ਬੇਸ਼ਕ ਸ਼ੈਤਾਨ ਵੀ ਸੀ।
ਸ਼ੈਤਾਨ ਹੁੰਦਾ ਤਾਂ ਹੈ ਗਾ ਏ ਹਰ ਬੰਦੇ ਦੇ ਵਿੱਚ, ਅਸਾਂ ਪਾਲਿਆ, ਪਾਲਣਾ ਪੈ ਗਿਆ ਸੀ।
ਜਦੋਂ ਅਸਾਂ ਸੀ ਬਾਰ ਆਬਾਦ ਕੀਤੀ, ਵਾਹ ਜਾਂਗਲੀ[2] ਲੋਕਾਂ ਨਾਲ ਪੈ ਗਿਆ ਸੀ।

---

1. ਸੋਹਣ ਸਿੰਘ, ਪਿੰਡ ਈਸਰਕਾ ਸੀ। ਮੂੰਹ ਨਾਲ ਤੂੰਬਾ ਬਹੁਤ ਵਜਾਉਂਦਾ ਸੀ, ਇਸ ਲਈ ਬਾਬਾ ਬੁੰਗ ਬੁੰਗ ਕਿਹਾ ਜਾਂਦਾ ਸੀ। ਸਰੀਰ ਏਨਾ ਤਕੜਾ ਤੇ ਪੁਖਤਾ ਕਿ ਨੰਗੇ ਪਿੰਡੇ ਇਕ ਏਕੜ ਕੰਡਿਆਲੀਆਂ ਪੋਹਲੀਆਂ ਇਕ ਪਾਸਿਓਂ ਲੇਟਦਾ ਦੂਜੇ ਪਾਸੇ ਨਿਕਲ ਗਿਆ ਸੀ। ਉਸ ਦੀ ਸਰੀਰਕ ਤਕੜਾਈ ਬਾਰੇ ਅਨੇਕਾਂ ਘਟਨਾਵਾਂ ਹਨ। ਪੂਰਾ ਵੇਰਵਾ ਇਸ ਪੁਸਤਕ ਵਿਚ ਵੇਖੋ।
2. ਜਿਨ੍ਹਾਂ ਲੋਕਾਂ ਦਾ ਨਾਂ ਹੀ ਜਾਂਗਲੀ ਸੀ, ਉਹਨਾਂ ਦਾ ਸੁਭਾਅ ਕਿੰਨਾ ਰਫ਼ ਹੋਵੇਗਾ ਅਤੇ ਉਹਨਾਂ ਨੂੰ ਠਲ੍ਹ ਪਾਉਣ ਲਈ ਸਾਨੂੰ ਵੀ ਡਾਂਗ ਵਰਤੂ ਸੁਭਾਅ ਬਨਾਉਣਾ ਪਿਆ।

ਰੇਲਾਂ ਨਾਲ ਬਰਾਬਰ ਅਸੀਂ ਭੱਜਦੇ ਰਹੇ[1], ਮੁਗਦਰ ਚੁੱਕਦੇ, ਮੁੰਗਲੀ ਫੇਰਦੇ ਰਹੇ।
ਅਸੀਂ ਦੁਸ਼ਮਨਾਂ ਨਾਲ ਕਰੜੇ ਰਹੇ ਦੁਸ਼ਮਨ, ਅਸੀਂ ਸਜਨਾਂ ਨਾਲ ਫੁੱਲ ਕੇਰਦੇ ਰਹੇ।
ਭਾਈ ਮੂਲ ਸਿੰਘ[2] ਜਿਹੇ ਪ੍ਰਚਾਰਕਾਂ ਨੇ, ਸਿੱਖੀ ਵਿਸਰੀ ਤਾਈਂ ਜਗਾ ਦਿੱਤਾ।
'ਸੁੱਚਾ ਮੋਤੀ'[3] ਜਦ ਬੋਲਿਆ ਵਿਚ ਸੰਗਤ, ਜਿਵੇਂ ਰੂਹ-ਕਿਓੜਾ ਬਰਸਾ ਦਿੱਤਾ।
ਨਾ ਕੋਈ ਸਾਜ ਨਾ ਸੰਦ ਨਾ ਤਾਰ ਤੁਣਕਾ, ਰਸਣਾ ਮਿੱਠੜੀ ਦਾ ਹੀ ਜਾਦੂ ਪਾ ਦਿੱਤਾ।
ਸਿਖ ਪੰਥ ਜੋ ਰਸਤਿਓਂ ਉਖੜਿਆ ਸੀ, ਫੇਰ ਰਾਹ ਦੇ ਉਤੇ ਲਿਆ ਦਿੱਤਾ।
ਕਿਥੋਂ ਲਭਾਂ ਅੱਜ 'ਝਬਰ ਕਰਤਾਰ ਸਿੰਘ' ਨੂੰ, ਕੀਤੀ ਜਿੱਤ ਜਿਥੇ ਖੁੰਡਾ ਡਟ ਗਿਆ।
'ਹੰਬੋ'[4] ਬੋਲਿਆ ਚੱਕਰ ਚਮਕਾ ਜਿਥੇ, ਅੜਿਆ ਰਿਹਾ ਨਾ ਚੱਕਰ ਸਭ ਹਟ ਗਿਆ।
ਅੱਜ ਫਿਰ ਆਏ 'ਨੂਰੀ'[5] ਢੋਲੇ ਗਾਏ ਨੂਰੀ, ਸਾਡਾ ਕਈ ਕੁੱਝ ਸਾਵ੍ਹੇਂ ਵਿਖਾਏ ਨੂਰੀ।
ਮੇਰੇ ਜਿਹੇ ਚਾਹੇ ਕਿੰਨੇ ਹੀ ਪਏ ਬੋਲ ਬੋਲਣ, ਗੱਲ ਬਣੇ ਕਿ ਬਣੇ ਹੀ ਨਾ ਪੂਰੀ।
ਕੰਨ ਖੋਲ ਦੇਵੇ ਕਈਆਂ ਬੋਲਿਆਂ ਦੇ, ਜੇ ਕਿਤੇ 'ਡੋਰਾ'[6] ਸਟੇਜਾਂ ਤੇ ਆ ਬੋਲੇ।
ਪਰ ਮੈਂ ਹਾਂ ਕਲਪਦਾ ਉਹਦੇ ਸਮਕਾਲੀਆਂ ਨੂੰ, ਜਿੰਨਾ ਰਖੇ ਨਹੀਂ ਉਹਦੇ ਸੰਭਾਲ ਢੋਲੇ।
ਏਸ ਕੋਮ ਵਿਚ ਸੰਭਾਲ ਇਤਿਹਾਸ ਦੀ ਘਟ, ਘੜਦੀ ਗਈ ਪਰ ਸਾਂਭ ਵੱਲ ਹੋਈ ਨਹੀਂ
ਮਾਰਨ ਵਾਲੜੇ ਲੱਗੇ ਰਹੇ ਚਿਰਾਂ ਤੋਂ ਹੀ, ਪਰ 'ਕੁਛ ਬਾਤ' ਏ ਕਿ ਇਹ ਮੋਈ ਨਹੀਂ
ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ
ਸਦੀਓਂ ਰਹਾ ਚਾਹੇ ਦੁਸ਼ਮਨ ਦੋਰੇ ਜ਼ਮਾਂ ਹਮਾਰਾ।

ਹਜ਼ਾਰਾਂ ਵਰ੍ਹੇ ਭਾਰਤ ਤੇ ਵਿਦੇਸ਼ੀ ਆਕਰਮਨਕਾਰੀਆਂ ਦੀ ਆਉਂਦਿਆਂ ਵੀ, ਜਾਂਦਿਆਂ ਵੀ ਹਾਜ਼ਰੀ ਭਰਨੀ, ਫੁੱਲਾਂ ਦੇ ਗੁੱਲਦਸਤਿਆਂ ਨਾਲ ਨਹੀਂ ਸਗੋਂ ਤਲਵਾਰਾਂ, ਨੇਜ਼ਿਆਂ, ਬਰਛੀਆਂ ਨਾਲ——ਇਸ ਗੱਲ ਨੇ ਉਹਨਾਂ ਨੂੰ ਜੰਗਜੂ ਭਾਵ ਲੜਾਕੇ ਭੜਾਕੇ ਤੇ ਨਿੱਡਰ ਬਣਾ ਦਿੱਤਾ ਸੀ।

ਪੁਰਤਗਾਲੀਆਂ ਤੇ ਅੰਗਰੇਜ਼ਾਂ ਤੋਂ ਪਹਿਲਾਂ ਦੁਨੀਆਂ 'ਚੋਂ ਕੋਈ ਵੀ ਵਿਦੇਸ਼ੀ ਪੂਰਬ, ਦੱਖਣ ਅਤੇ ਪੱਛਮ ਦੇ ਡੂੰਘੇ ਸਮੁੰਦਰਾਂ ਰਾਹੀਂ ਆ ਕੇ ਭਾਰਤ ਨੂੰ ਨਹੀਂ ਮੱਲ ਸੱਕਿਆ। ਚੀਨ ਸੰਨ 1962 ਤੋਂ ਪਹਿਲਾਂ ਉੱਤਰ ਪੂਰਵ ਦੇ ਉਚੇ ਪਹਾੜਾਂ ਤੋਂ ਲੰਘ ਕੇ ਵੀ ਕੋਈ ਭਾਰਤ ਤੇ ਆਕ੍ਰਮਣ ਨਹੀਂ ਕਰ ਸਕਿਆ। ਪਰ ਭਾਰਤ ਤੇ ਆਕ੍ਰਮਣਕਾਰੀ ਆਏ ਓਨੇ ਹਨ ਜਿੰਨੇ ਕਿ ਭਾਰਤ ਦੇ ਇਤਿਹਾਸ ਦੇ ਵਰਕੇ ਹਨ ਤੇ ਉਹ ਸਾਰੇ ਦੇ ਸਾਰੇ ਆਏ ਕਿਧਰੋਂ ? ਕੇਵਲ ਤੇ ਕੇਵਲ ਉੱਤਰ ਪੱਛਮੀ ਕੋਨੇ 'ਚੋਂ ਅਤੇ ਏਸ ਕੋਨੇ 'ਚ ਭਾਰਤ ਦੀ ਡਿਊੜੀ, ਪ੍ਰਵੇਸ਼ ਦੁਆਰਾ ਪੰਜਾਬ ਨੂੰ ਲੁੱਟਦੇ ਤੇ ਲਿਤਾੜਦੇ ਆਏ ਅਤੇ ਲੁੱਟਦੇ ਤੇ ਲਿਤਾੜਦੇ ਗਏ।

---

1. ਸੁ: ਉਜਾਗਰ ਸਿੰਘ ਮਹਿਲੀਆ ਵਿਰਕ (ਚੁਹੜਕਾਣਾ) ਪੂਰੀ ਰਫਤਾਰ ਤੇ ਚਲਦੀ ਰੇਲ ਦੇ ਬਰਾਬਰ ਇੱਕ ਮੀਲ ਦੌੜਦਾ ਸੀ।
2. ਭਾਈ ਮੂਲ ਸਿੰਘ ਵਿਰਕ ਪਿੰਡ ਗਰਮੂਲਾ ਜ਼ਿਲ੍ਹਾ ਸ਼ੇਖੂਪੁਰਾ
3. ਭਾਈ ਸੁੱਚਾ ਸਿੰਘ ਪਿੰਡ ਜੰ ਚਕ ਨੰ: 16 ਜ਼ਿਲ੍ਹਾ ਸ਼ੇਖੂਪੁਰਾ
4. ਜਥੇਦਾਰ ਮਾਨ ਸਿੰਘ ਵਿਰਕ ਪਿੰਡ ਹੰਬੋ ਜ਼ਿਲ੍ਹਾ ਸ਼ੇਖੂਪੁਰਾ
5. 'ਨੂਰੀ' ਸਾਂਦਲ ਬਾਰੇ ਦਾ ਪ੍ਰਸਿੱਧ ਢੋਲੇ ਬੋਲਣ ਵਾਲਾ ਜੋ ਆਮ ਤੋਰ ਤੇ ਲੋਕਾਂ ਦੀਆਂ ਆਪਸੀ ਲੜਾਈਆਂ ਦੇ ਢੋਲੇ ਇਸ ਤਰ੍ਹਾਂ ਉਲੀਕਦਾ ਤੇ ਬੋਲਦਾ ਸੀ ਕਿ ਇਵੇਂ ਜਾਪਦਾ ਸੀ ਜਿਵੇਂ ਸਾਰਾ ਸੀਨ ਅੱਖੀਂ ਸਾਵ੍ਹੇਂ ਹੁਣੇ ਹੀ ਵਾਪਰ ਰਿਹਾ ਹੈ।
6. ਲਾਭ ਸਿੰਘ 'ਡੋਰਾ' ਵਿਰਕ, ਪਿੰਡ ਫੁੱਲਰਵੰਨ (ਪ੍ਰਸਿੱਧ ਇਤਿਹਾਸਕਾਰ, ਕੁਲਵੰਤ ਸਿੰਘ ਵਿਰਕ ਵਾਲਾ ਪਿੰਡ ਜ਼ਿਲ੍ਹਾ ਸ਼ੇਖੂਪੁਰਾ) ਜਿਸ ਦੇ ਢੋਲੇ ਉਸ ਵੇਲੇ ਦੀ ਭਾਰਤ ਦੀ ਅੰਗਰੇਜ਼ਾਂ ਹਥੋਂ ਰਾਜਨੀਤਕ ਤੇ ਆਰਥਕ ਲੁਟ ਖਸੁੱਟ ਨੂੰ ਸਾਮ੍ਹਣੇ ਲਿਆ ਕੇ ਆਜ਼ਾਦੀ ਲਈ ਲੋਕ ਲਹਿਰ ਨੂੰ ਅਥਾਹ ਬਲ ਦੇਂਦੇ ਸਨ। ਪੱਛਮੀ ਪੰਜਾਬ ਵਿਚ ਕਿਤੇ ਵੀ ਜਲਸੇ ਵਿਚ ਪੰਡਤ ਨਹਿਰੂ ਆਪਣੇ ਭਾਸ਼ਨ ਤੋਂ ਪਹਿਲਾਂ ਲਾਭ ਸਿੰਘ ਡੋਰੇ ਤੋਂ ਉਚੇਚੇ ਤੌਰ ਤੇ ਦੋ ਚਾਰ ਢੋਲੇ ਜ਼ਰੂਰ ਬੁਲਵਾਉਂਦੇ ਸਨ।

ਹੁਣ ਧਿਆਨ ਗੋਚਰ ਗੱਲ ਇਹ ਹੈ ਕਿ ਪੰਜਾਬ ਤਾਂ ਡਿਉੜੀ ਸੀ ਅਤੇ ਸਾਂਦਲ ਬਾਰ ਇਸ ਡਿਉੜੀ ਦੀ ਦਹਲੀਜ਼ । ਅਜੇ ਡਿਉੜੀ 'ਚੋਂ ਤਾਂ ਕਿਸੇ ਪਾਸਿਉਂ ਆਉਣਾ ਤੇ ਕਿਸੇ ਪਾਸਿਉਂ ਜਾਣਾ ਹੋ ਸਕਦਾ ਹੈ ਪਰ ਹਰ ਵਾਰ ਦਹਲੀਜ਼ ਤੋਂ ਤਾਂ ਲੰਘਣਾ ਹੀ ਲੰਘਣਾ ਹੈ । ਜਿਵੇਂ ਰਾਵੀ ਤੋਂ ਉਰ੍ਹਾਂ ਕਦੀ ਪਹਾੜਾਂ ਦੇ ਨਾਲ ਨਾਲ ਲੰਘਦੇ ਰਹੇ ਅਤੇ ਕਦੀ ਰਾਜਪੂਤਾਨੇ ਵਾਲੇ ਪਾਸਿਉਂ । ਪਰ ਰਾਵੀ ਤੋਂ ਅਗਾਂਹ ਤਾਂ ਉਹੋ ਤੇ ਉਹੋ ਸਾਂਦਲ ਬਾਰ ਦਹਲੀਜ਼ ਰਹਿ ਜਾਂਦੀ ਹੈ ਤੇ ਉਸ ਨੂੰ ਤਾਂ ਲਿਤਾੜਨਾ ਹੀ ਲਿਤਾੜਨਾ ਸੀ ਤੇ ਓਹ ਲਿਤੜਦੀ ਰਹੀ ਤੇ ਇਨ੍ਹਾਂ ਪ੍ਰਸਥਿਤੀਆਂ 'ਚ ਉਥੋਂ ਦੇ ਲੋਕਾਂ ਦਾ ਜੀਵਨ ਕਿੰਨ੍ਹਾ ਕੁ ਲੜਾਕੂ ਭੜਾਕੂ ਹੋਣਾ ਚਾਹੀਦਾ ਸੀ ਤੇ ਉਹ ਹੋਇਆ ਏਥੇ ਵਿਆਖਿਆ ਦੀ ਲੋੜ ਨਹੀਂ ਤੇ ਉਹਨਾਂ ਦੇ ਵਿੱਚ ਦਲੇਰੀ, ਵੀਰਤਾਂ, ਨਿਡਰਤਾ ਤੇ ਅਣਖ਼ ਦੇ ਬਿਜਲੀ ਵਰਗੇ ਲਿਸ਼ਕਾਰੇ ਹੋਣੇ ਸੁਭਾਵਿਕ ਹੀ ਸਨ । ਕੁਝ ਉਦਾਹਰਨਾਂ ਪੜ੍ਹੋ ਤੇ ਇਹ ਹੀ ਉਦਾਹਰਨਾਂ ਹਨ ਸਾਂਦਲਬਾਰ ਦੇ ਲੋਕਾਂ ਵਲੋਂ ਭਾਰਤ ਦੇਸ਼ ਦੀ ਆਜ਼ਾਦੀ ਲਈ ਲੰਮੇ ਤੇ ਲੰਮੇਰੇ ਸੰਗ੍ਰਾਮ ਵਿੱਚ ਯੋਗਦਾਨ ਜੋ ਕੇਵਲ ਉਨੀਵੀਂ ਤੇ ਵੀਹਵੀਂ ਸਦੀ 'ਚ ਨਹੀਂ ਰਿਹਾ ਸਗੋਂ ਪੁਰਾਤਣ ਕਾਲ ਤੋਂ ਜਦੋਂ

(1) ਸੰਸਾਰ ਵਿਜੈ ਪ੍ਰਾਪਤੀ ਦੇ ਇੱਛਕ ਸਿਕੰਦਰ ਮਹਾਨ ਨਾਲ ਰਾਜਾ ਪੋਰਸ ਨੇ ਲੜਾਈ ਲੜੀ ਪਰ ਸਰੀਰਕ ਤੌਰ ਤੇ ਹਾਰਨ ਤੇ ਵੀ ਮਾਨਸਿਕ ਤੌਰ ਤੇ ਨਹੀਂ ਹਾਰਿਆ ਤੇ ਇਹ ਪੁੱਛਣ ਤੇ ਕਿ ਤੇਰੇ ਨਾਲ ਕੀ ਸਲੂਕ ਕੀਤਾ ਜਾਏ, ਉਸ ਯਈਂ ਯਈਂ ਨਹੀਂ ਕੀਤੀ, ਗੀਦੀਪੁਣੇ ਵਾਲੀ ਲਿਲ੍ਹਕੜੀ ਨਹੀਂ ਕੱਢੀ, ਸਗੋਂ ਸਵੈਮਾਨ ਨੂੰ ਬਰਕਰਾਰ ਰੱਖਿਆ ਕਿ ਜੋ ਸਲੂਕ ਬਾਦਸ਼ਾਹ ਬਾਦਸ਼ਾਹਾਂ ਨਾਲ ਕਰਦੇ ਹਨ ।

(2) ਸਾਂਗਲੇ ਦੇ ਕਾਠੀਏ ਲੋਕਾਂ ਨਾਲ ਸਿਕੰਦਰ ਦਾ ਵਾਹ ਪਿਆ । ਸਿਕੰਦਰ ਦੇ ਆਪਣੇ ਹੀ ਇਤਿਹਾਸਕਾਰ 'ਅਰੀਯਨ' ਅਨੁਸਾਰ ਸਿਕੰਦਰ ਦੀਆਂ ਫੌਜਾ ਤੌਬਾ ਕਰ ਉੱਠੀਆਂ ਅਤੇ ਅਗਾਂਹ ਵਧਣ ਤੋਂ ਨਾਂਹ ਕਰ ਗਈਆਂ । ਸਾਂਗਲਾ ਸਾਂਦਲਬਾਰ ਦਾ.ਬਹੁਤ ਪੁਰਾਣਾ ਨਗਰ ਹੈ । ਜੋ ਬ੍ਰਾਹਮਣਾਂ ਦਾ ਸਕਾਲਾ, ਬੁੱਧਾਂ ਦਾ ਸਾਗਲ, ਯੂਨਾਨੀ ਇਤਿਹਾਸਕਾਰਾਂ ਦਾ ਦੱਸਿਆ ਹੋਇਆ ਸਾਂਗਲਾ ਹੈ । ਆਰੀਆ ਲੋਕਾਂ ਦਾ ਦੱਖਣੀ ਭਾਰਤ ਵੱਲ ਵਧਣ ਵੇਲੇ ਦਾ ਇਹ ਪਹਿਲਾ ਪੜਾਓ ਸੀ । ਇਥੇ ਹੀ ਉਹਨਾਂ ਪਹਿਲਾ ਕਿਲਾ ਕਾਇਮ ਕੀਤਾ ।

......ਮਹਾਂਭਾਰਤ ਵਿੱਚ ਸਾਂਗਲੇ ਨੂੰ ਚਾਂਦੀ ਵਾਂਗੂ ਚਮਕਦੀਆਂ ਝੀਲਾਂ ਪੀਹਲੂੰ ਦਿਆਂ ਰੁੱਖਾਂ ਨਾਲ ਸੁਸੱਜਿਤ, ਕੁੰਜ-ਗਲੀਆ ਸਥਾਨ ਵਰਨਣ ਕੀਤਾ ਹੋਇਆ ਹੈ ।

ਸਮੇਂ ਅਤੇ ਸਥਾਨ ਦੀ ਥੁੜ ਕਰਕੇ ਕਾਫੀ ਅੱਗੇ ਆ ਜਾਓ ।

ਬਾਬਾ ਫਰੀਦ ਨੇ ਇਸ ਬਾਰ ਦੀਆਂ ਵਿਚ ਝਾੜੀਆਂ, ਪੀਲੂੰਆਂ, ਪੇਂਝੂਆਂ ਨੂੰ ਖਾਂਦਿਆਂ ਆਪਣੇ ਸਲੋਕ ਗਾਏ ਤੇ ਸੁਣਾਏ ।

ਦੁਨੀਆਂ ਦੇ ਅਨੂਠੇ ਪੈਗੰਬਰ ਅਤੇ ਦੁਨੀਆਂ ਦੇ ਨਵੀਨਤਮ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ ਨਨਕਾਣਾ ਸਾਹਿਬ ਦਾ ਮਾਨ, ਉਹਨਾਂ ਦੇ ਸੱਚੇ ਸੌਦੇ ਵਰਗੇ ਸਥਾਨ ਦਾ ਮਾਨ ਇਸੇ ਸਾਂਦਲ ਬਾਰ ਨੂੰ ਪ੍ਰਾਪਤ ਹੋਇਆ । ਦੁਨੀਆਂ ਦੇ ਮਹਾਨ ਜ਼ਾਬਰ ਮੁਗ਼ਲ ਬਾਬਰ ਦੇ ਕਹਿਰ ਦੇ ਵਿਰੁੱਧ ਖੁਲ੍ਹ-ਮ-ਖੁਲ੍ਹਾ ਬੋਲਣ ਦਾ ਹੀਆ ਵੀ ਸਾਂਦਲ ਬਾਰ ਨੇ ਹੀ ਕੀਤਾ, ਜਦੋਂ ਗੁਰੂ ਨਾਨਕ ਦੇਵ ਜੀ ਐਮਨਾਬਾਦ ਤੇ ਕਹਿਰ ਦੇਖ ਕੇ ਜੋਰਦਾਰ ਸ਼ਬਦਾਂ ਵਿਚ ਬੋਲ ਉਠੇ ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ 722 ਤਲੰਗ ਮਹਲਾ 1 ਵਿਚ ਦਰਜ ਹਨ । ਇਹ ਸਾਂਦਲ ਬਾਰ ਦਾ ਮਨੋਬਲ ਸੀ ਕਿ ਹਿੰਦੁਸਤਾਨ ਭਰ 'ਚੋਂ ਵਿਦੇਸ਼ੀ ਰਾਜ ਦੇ ਜਬਰ ਵਿਰੁਧ ਏਨੀ ਖੜਕਵੀਂ ਆਵਾਜ਼ ਉਠਾਈ :—

ਜੈਸੀ ਮੈਂ ਆਵੈ ਖਸਮ ਕੀ ਬਾਣੀ, ਤੈਸੜਾ ਕਰੀਂ ਗਿਆਨ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀਂ ਮੰਗੈ ਦਾਨ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ, ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾਂ ਕਸ਼ਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿੰਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥

ਸਿਧੇ ਸਾਦੇ ਜਿਹੇ ਸ਼ਬਦਾਂ ਵਿੱਚ ਅਰਥ ਕਿੰਨਾ ਸਪੱਸ਼ਟ ਹੈ ਗੁਰੂ ਗਰੰਥ ਸਾਹਿਬ ਦੇ ਪੰਨਾ 360 ਤੇ ।

ਖੁਰਾਸਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ ॥

ਇਥੋਂ ਤੱਕ ਕਿ ਬਾਬਰ ਦੇ ਅਤਿਆਚਾਰਾਂ ਵਿਰੁੱਧ ਰੱਬ ਤੇ ਵੀ ਰੋਸ ਕੱਢਦੇ ਹਨ ਜਦ ਕਹਿੰਦੇ ਹਨ ਕਿ ;—

ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦੁ ਨ ਆਇਆ ॥

ਜਰਵਾਣਿਆਂ ਦੇ ਅਣ-ਮਨੁੱਖੀ ਜਬਰਾਂ ਨਾਲ ਉਸ ਸਮੇਂ ਦੀ ਜਨਤਾ ਦੀ ਦਰਦਨਾਕ ਹਾਲਤ ਨੂੰ ਇੰਨ-ਬਿੰਨ ਗੁਰੂ ਜੀ ਨੇ ਸਾਂਦਲਬਾਰ ਵਿਚ ਹੀ ਚਿਤਰਿਆ ਹੈ ਜੋ ਗੁਰੂ ਗਰੰਥ ਸਾਹਿਬ ਦੇ ਪੰਨਾ 417 ਤੇ ਰਾਗ ਆਸਾ ਮਹਲਾ 1 ਅਸਟਪਦੀਆਂ ਵਿੱਚ ਦਰਜ ਹੈ :—

ਜਿਨ ਸਿਰਿ ਸੋਹਨਿ ਪਟੀਆ ਮਾਂਗੀਂ ਪਾਇ ਸੰਧੂਰੁ ॥
ਸੇ ਸਿਰਿ ਕਾਤੀ ਮੁਨੀਅਨਿ ਗਲ ਵਿਚਿ ਆਵੈ ਧੂੜਿ ॥
ਮਹਲਾਂ ਅੰਦਰਿ ਹੋਦੀਆ ਹੁਣਿ ਬਹਿਣ ਨ ਮਿਲਨਿ ਹਦੂਰਿ ॥

ਅਤੇ

ਗਰੀ ਛੁਹਾਰੇ ਖਾਂਦੀਆਂ ਮਾਣਨਿ ਸੇਜੜੀਆਂ ॥
ਤਿਨ ਗਲਿ ਸਿਲਕਾਂ ਪਾਈਆ ਤੁਟਨਿ ਮੋਤਸਰੀਆਂ ॥
ਧਨੁ ਜੋਬਨੁ ਦੁਇ ਵੈਰੀ ਹੋਏ ਜਿਂਨ੍ਹੀ ਰਖੇ ਰੰਗਿ ਲਾਇ ॥
ਦੂਤਾ ਨੋ ਫਰਮਾਇਆ ਲੈ ਚਲੇ ਪਤਿ ਗਵਾਇ ॥

ਹਾਕਮਾਂ ਅਤੇ ਉਹਨਾਂ ਦੇ ਸਰਕਾਰੀ ਕਰਮਚਾਰੀਆਂ ਦਾ ਭਾਰਤ ਵਾਸੀਆਂ ਨਾਲ ਅਤੀ ਬੁਰਾ ਵਰਤਾਵ ਵੇਖ ਕੇ ਉਹ ਗੱਜੇ :—

ਰਾਜੇ ਸ਼ੀਹ ਮੁਕਦਮ ਕੁੱਤੇ ॥
ਜਾਇ ਜਗਾਇਨਿ ਬੈਠੇ ਸੁੱਤੇ ॥

ਇਹ ਹੈ ਸਾਂਦਲਬਾਰ ਦੇ ਸੁਭਾਵ ਵਿੱਚ ਦੇਸ਼ ਭਗਤੀ ਅਤੇ ਜਰਵਾਣਿਆਂ ਦੇ ਵਿਰੋਧ ਲਈ ਅਣਖ ਦਾ ਹੜ੍ਹ। ਭਾਰਤ ਤੇ ਪਈਆਂ ਵਿਦੇਸ਼ੀ ਗੁਲਾਮੀ ਦੀਆਂ ਜ਼ੰਜੀਰਾਂ ਵਿਰੁੱਧ ਪਹਿਲਾਂ ਪਹਿਲ ਖੁਲ੍ਹ ਕੇ ਦਲੇਰਾਨਾ ਤਰਜ਼ 'ਚ ਬੋਲਣ ਦਾ ਹੀਆ ਕੀਤਾ ਤਾਂ ਸਾਂਦਲਬਾਰ ਨੇ ਕੀਤਾ।

ਇਸ ਤੋਂ ਪਿਛੋਂ ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਜੀ, ਤੇ ਗੁਰੂ ਹਰਿ ਰਾਏ ਜੀ............ਸਭ ਨੇ ਹੀ ਸਾਂਦਲਬਾਰ ਨੂੰ ਚਰਨ-ਛੁਹ ਬਖਸ਼ੀ। ਉਹ ਸਾਂਦਲ ਬਾਰ ਵਿਚਲੇ ਆਪਣੇ ਪ੍ਰੇਮੀਆਂ ਦੇ ਪ੍ਰੇਮ ਦੇ ਖਿਚੇ ਜਾਂਦੇ ਰਹੇ। (ਹਾਲਾਂ ਛਪ ਰਹੇ ਇਤਿਹਾਸ-ਵਿਰਕ ਤੇ ਹੋਰ ਦੇ ਪੰਨਾ 49 ਤੋਂ 51 ਤੱਕ ਵੇਖੋ।)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਖਾਲਸੇ ਨੇ ਆਪਣੇ ਘਰ ਘੋੜਿਆਂ ਦੀਆਂ ਕਾਠੀਆਂ ਤੇ ਰਖੇ ਤੇ ਮੁਗਲ ਸਾਮਰਾਜ ਨੇ ਅੱਕ ਥੱਕ ਕੇ ਖਾਲਸੇ ਨੂੰ ਖਿਤਾਬ ਤੇ ਖਿੱਲਤ ਭੇਜੀ ਤਾਂ ਸਮੂਹ ਖਾਲਸਾ ਪੰਥ ਨੇ ਉਸ ਖਿਤਾਬ ਦੇ ਯੋਗ ਜਿਸ ਵਿਅਕਤੀ ਨੂੰ ਸਮਝਿਆ ਉਹ ਸੀ ਸ੍ਰ: ਕਪੂਰ ਸਿੰਘ ਵਿਰਕ, ਸਾਂਦਲਬਾਰ ਦੇ ਹੀ ਪਿੰਡ ਕਾਲੋਕੇ (ਨੇੜੇ ਸੱਚਾ ਸੌਦਾ) ਦਾ ਜੰਮਪਲ ਸੀ। ਜਿਸ ਨਵਾਬ ਕਪੂਰ ਸਿੰਘ ਦਾ ਨਾਓਂ ਅੱਜ ਸਿੱਖ ਇਤਿਹਾਸ ਵਿੱਚ ਸੋਨੇ ਦੇ ਅੱਖਰੀਂ ਮੜ੍ਹਿਆ ਜੜਿਆ ਹੋਇਆ ਹੈ।

ਸਿੱਖਾਂ ਦੀਆਂ ਬਾਰਾਂ ਮਿਸਲਾਂ ਬਣੀਆਂ, ਉਹਨਾਂ ਵਿਚੋਂ ਸ਼ੁਕਰਚਕੀਆਂ ਮਿਸਲ ਦਾ ਸਰਦਾਰ ਮਹਾਂ ਸਿੰਘ ਗੁੱਜਰਾਂਵਾਲੇ ਸ਼ਹਿਰ (ਸਾਂਦਲਬਾਰ) ਦਾ ਨਿਵਾਸੀ ਅਤੇ ਮਿਸਲ ਦਾ ਹੈਡ ਕੁਆਰਟਰ/ਰਾਜਧਾਨੀ ਵੀ ਗੁੱਜਰਾਂਵਾਲਾ ਸੀ। ਪੰਜ ਸਦੀਆਂ ਵਿੱਚ ਇੱਕ ਹੀ ਸਮੇਂ ਸਿੱਖ ਰਾਜ ਸਥਾਪਤ ਹੋਇਆ ਅਤੇ ਉਸ ਦਾ ਸੰਸਥਾਪਕ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਹੋਇਆ ਹੈ। ਉਹ ਵੀ ਗੁੱਜਰਾਂਵਾਲਾ (ਸਾਂਦਲਬਾਰ) ਦਾ ਜੰਮਪਲ ਸੀ। ਇਸ ਤਰ੍ਹਾਂ ਸਿੱਖ ਰਾਜ ਦਾ ਸੰਸਥਾਪਕ ਵੀ ਸਾਂਦਲਬਾਰ ਦਾ ਅਤੇ ਸਿੱਖ ਰਾਜ ਦਾ ਮੁੱਢ ਵੀ ਸਾਂਦਲਬਾਰ 'ਚ ਬੱਝਾ ਅਤੇ ਉਥੋਂ ਹੀ ਸਿੱਖ ਰਾਜ ਵਧਿਆ ਫੁੱਲਿਆ।

ਸੋ ਸਿੱਖ ਧਰਮ ਦਾ ਮੁੱਢ ਅਤੇ ਲਾਲਨ-ਪਾਲਣ ਅਤੇ ਨਾਲ ਹੀ ਸਿੱਖ ਰਾਜ ਦਾ ਮੁੱਢ ਅਤੇ ਲਾਲਨ-ਪਾਲਣ, ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਿੱਖ ਕੌਮ ਦਾ ਸ਼ੇਰੇ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ, ਜਿਸ ਇਲਾਕੇ ਵਿਚ ਹੋਏ ਅਤੇ ਸਿਖ ਇਤਿਹਾਸ ਦੇ ਇਹਨਾਂ ਮੁੱਖ ਪੜਾਵਾਂ ਵਿਚਕਾਰ ਫਖ਼ਰ-ਏ-ਕੌਮ ਨਵਾਬ ਕਪੂਰ ਸਿੰਘ ਜਿਸ ਇਲਾਕੇ ਵਿਚ ਹੋਏ, ਉਸ ਇਲਾਕੇ ਦਾ ਨਾਂ ਹੈ ਸਾਂਦਲਬਾਰ। ਹਿਸਾਬ ਲਾ ਲਓ ਪੰਜਾਬ ਅਤੇ ਦੇਸ਼ ਦੇ ਇਤਿਹਾਸ ਵਿਚ ਸਾਂਦਲਬਾਰ ਤੇ ਏਥੋਂ ਦੇ ਲੋਕਾਂ ਦੇ ਯੋਗਦਾਨ ਦਾ। ਇਸ ਤਰ੍ਹਾਂ ਸਾਂਦਲਬਾਰ ਨਾਂ ਦੀ ਏਨੀ ਵੱਧ ਮਹਾਨਤਾ ਹੈ ਫਿਰ ਵੀ ਇਸ ਪਦ ਸਾਂਦਲਬਾਰ ਨੂੰ ਅਸਾਂ ਅਤੇ ਸਾਡੇ ਇਤਿਹਾਸਕਾਰਾਂ ਨੇ ਇਤਿਹਾਸ ਦੇ ਪੰਨਿਆਂ ਤੋਂ ਅਲੋਪ ਕੀਤਾ ਹੋਇਆ ਹੈ ਅਤੇ ਪੈਰੋ ਪੈਰ ਕਰ ਰਹੇ ਹਨ ਤੇ ਇਹ ਕਿਉਂ ? ਮੈਂ ਅਨੇਕਾਂ ਸਰਕਾਰੀ ਤੇ ਗੈਰ ਸਰਕਾਰੀ ਲਾਇਬਰੇਰੀਆਂ ਵਿਚ ਇਤਿਹਾਸ ਦੀਆਂ ਅਨੇਕਾਂ ਪੁਸਤਕਾਂ ਪੰਜਾਬ ਅਤੇ ਭਾਰਤ ਦੇ ਇਤਿਹਾਸ ਨਾਲ ਸੰਬੰਧਤ ਫੋਲ ਚੁੱਕਾ ਹਾਂ ਤੇ ਆਪਣੇ ਮਨ ਨੂੰ ਤਕਲੀਫ ਆਈ ਹੈ ਅਤੇ ਇਸ ਸਦੀ ਦੇ ਇਤਿਹਾਸਕਾਰਾਂ ਤੇ ਅਫਸੋਸ ਆਇਆ ਹੈ ਏਡੇ ਜ਼ਰੂਰੀ ਇਤਿਹਾਸਕ ਅਤੇ ਭੂਗੋਲਿਕ ਪਦ 'ਸਾਂਦਲਬਾਰ' ਜਿਸ ਦੇ ਨਾਓਂ ਪਿੱਛੇ ਏਨੀਆਂ ਠੋਸ ਇਤਿਹਾਸਕ ਥਿਊਰੀਆਂ ਹਨ ਅਤੇ ਜਿਸ ਦੀ ਹਿੱਕ ਉੱਤੇ, ਜਿਸ ਦੀ ਛਾਤੀ ਵਿੱਚ, ਜਿਸ ਦੇ ਹੱਡ ਮਾਸ ਵਿੱਚ, ਜਿਸ ਦੇ ਲੂੰ-2 ਵਿੱਚ ਪੰਜਾਬ ਅਤੇ ਹਿੰਦੁਸਤਾਨ ਦਾ ਇਤਿਹਾਸ ਵਿਸ਼ੇਸ਼ ਤੌਰ ਤੇ ਰਚਿਆ ਸਗੋਂ ਗੁੰਝਿਆ

ਹੋਇਆ ਹੈ ਉਸ ਨੂੰ ਵਰਕਿਆਂ ਤੇ ਲਿਖਦਿਆਂ ਹੋਇਆ ਇਨ੍ਹਾਂ ਨੂੰ ਕਿਉਂ ਸੰਗ ਆਈ ਹੈ, ਕਿਉਂ ਝਿਜਕ ਆਈ ਹੈ ਜਾਂ ਕਿਹੜੇ ਦ੍ਵੈਸ਼ ਅਤੇ ਈਰਖਾ ਦੀ ਅੱਗ ਉਹਨਾਂ ਦੇ ਕਲੇਜੇ ਵਿੱਚ ਹੈ ਜਿਸ ਨੇ ਏਨੇ ਅਮੀਰ ਇਤਿਹਾਸਕ ਵਿਰਸੇ ਵਾਲੇ ਨਾਂ ਨੂੰ ਹੀ ਇਹਨਾਂ ਦੇ ਦਿਮਾਗ ਅਤੇ ਚੇਤੇ ਵਿਚੋਂ ਸਾੜ ਸੁਟਿਆ ਹੈ। ਅੱਜ ਤੋਂ ਅੱਗੇ ਮੈਂ ਹਰ ਭਾਸ਼ਾ ਦੇ ਇਤਿਹਾਸਕਾਰ ਤੋਂ ਇਹ ਆਸ ਤੇ ਵਿਸ਼ਵਾਸ਼ ਰੱਖਣਾ ਚਾਹੁੰਦਾ ਹਾਂ ਕਿ ਉਹ ਜਦੋਂ ਵੀ ਰਾਵੀ ਤੋਂ ਪਾਰਲੇ ਇਲਾਕੇ ਦੀ ਗੱਲ ਕਰਦਾ ਹੈ ਅਤੇ ਲਿਖਦਾ ਹੈ ਉਹ ਸਾਂਦਲਬਾਰ ਨਾਂ ਨੂੰ ਲਿਖਣਾ ਗੌਰਵ ਸਮਝੇ।

..... ਮਹਾਰਾਜਾ ਰਣਜੀਤ ਸਿੰਘ ਨੇ ਜਦ ਆਪਣਾ ਰਾਜਾ ਸਥਾਪਤ ਕਰ ਲਿਆ ਤਾਂ ਰਾਜ ਵਿਸਥਾਰ ਲਈ ਹੋਰ ਜਿੱਤਾਂ ਵੱਲ ਧਿਆਨ ਕੀਤਾ। ਰਸੂਲ ਨਗਰ ਦੇ ਕਿਲੇ ਨੂੰ ਜਿੱਤਣ ਵਾਸਤੇ ਬੜਾ ਯਤਨ ਕੀਤਾ ਗਿਆ ਪਰ ਗੱਲ ਨਾ ਬਣੀ। ਫਿਰ ਰਣਜੀਤ ਸਿੰਘ ਨੇ ਸਾਂਦਲਬਾਰ ਦੇ ਲੋਕਾਂ ਦੀ ਯੁੱਧਾਂ ਵਿੱਚ ਨਿਡਰਤਾ ਅਤੇ ਸਾਫ਼ ਨਿਯਤ ਵਰਗੇ ਗੁਣਾਂ ਕਰਕੇ ਉਹਨਾਂ ਦੀ ਸਹਾਇਤਾ ਲਈ ਅਤੇ ਫੌਜ ਵਿੱਚ ਬਹੁਤ ਵੱਧ ਗਿਣਤੀ ਸਾਂਦਲਬਾਰ ਦੇ ਲੋਕਾਂ ਖਾਸ ਕਰ ਵਿਰਕਾਂ ਦੀ ਰਸੂਲ ਨਗਰ ਕਿਲੇ ਨੂੰ ਜਿਤਣ ਵਾਸਤੇ ਭੇਜੀ ਗਈ, ਕਿਲਾ ਜਿੱਤਿਆ ਗਿਆ। ਅਜਿਹੇ ਹੋਰ ਆਧਾਰਾ ਤੇ ਸ਼ੇਰੇ ਪੰਜਾਬ ਨੇ ਸਾਂਦਲਬਾਰ ਦੇ ਮੁੱਖ ਪਿੰਡਾਂ ਕੜਿਆਲਾਂ ਦੇ ਵਾਸੀਆਂ ਨੂੰ 'ਬਾਬੇ ਕੜਿਯਾਲੀਏ', ਕਹਿ ਕੇ ਸਤਿਕਾਰ ਕੀਤਾ।

ਸਿੱਖ ਰਾਜ ਦਾ ਮੁੱਖੀ ਜਰਨੈਲ ਜਿਸ ਦੇ ਨਾਂ ਦੇ ਡਰਾਵੇ ਨਾਲ ਪਠਾਣੀਆਂ ਆਪਣੇ ਬੱਚਿਆਂ ਨੂੰ ਚੁੱਪ ਕਰਵਾਦੀਆਂ ਹਨ ਸ੍ਰ: ਹਰੀ ਸਿੰਘ ਨਲੂਆਂ ਸਾਂਦਲਬਾਰ ਦਾ ਹੀ ਸਪੁੱਤਰ ਹੋਇਆ ਹੈ ਉਸ ਦੀ ਧਾਂਕ ਉਸ ਸਮੇਂ ਹਿੰਦੁਸਤਾਨ ਭਰ ਅਤੇ ਪੱਛਮ ਦੇ ਸਭ ਮੁਸ਼ਲਮਾਨੀ ਦੇਸ਼ਾਂ ਵਿੱਚ ਸੀ।

ਹੁਣ ਥੋਖੇ ਅਗਾਂਹ ਆ ਜਾਉ, ਅੰਗਰੇਜ਼ੀ ਸਾਮਰਾਜ ਵਿਰੁਧ ਸੰਘਰਸ਼ ਵਿੱਚ.........

ਸਾਂਦਲਬਾਰ ਵਿੱਚ ਸਥਿੱਤ ਨਨਕਾਣਾ ਸਾਹਿਬ ਗੁਰਦਵਾਰੇ ਦਾ ਕਬਜ਼ਾ ਲੈਣ ਹਿੱਤ ਸਾਂਦਲਬਾਰ ਦੇ ਲੋਕਾਂ ਨੇ ਮੋਰਚਾ ਲਾਇਆ। ਭਾਈ ਲਛਮਣ ਸਿੰਘ ਤੇ ਦਲੀਪ ਸਿੰਘ ਵੀ ਤੇ ਉਹਨਾਂ ਦਾ ਜੱਥਾ ਵੀ ਸਾਂਦਲਬਾਰ ਦਾ ਹੀ ਜੱਥਾ ਸ਼ਹੀਦ ਹੋਇਆ। ਸਾਂਦਲਬਾਰ ਦੇ ਹੀ ਜੱਥੇ ਅਤੇ ਜੱਥੇ ਦੇ ਆਗੂ ਸ੍ਰ: ਕਰਤਾਰ ਸਿੰਘ ਝਬਰ ਨੇ ਅੰਗਰੇਜ਼ ਡੀ. ਸੀ. ਮਿ: ਕਰੀ ਤੋਂ ਮਿੰਟਾਂ ਵਿੱਚ ਚਾਬੀਆਂ ਲਈਆਂ। ਹਿਕਮਤ-ਅਮਲੀ ਅਤੇ ਕੁਰਬਾਨੀ ਲਈ ਸੌ ਫੀਸਦੀ ਦੀ ਤਿਆਰੀ ਅਤੇ ਕੁਰਬਾਨੀ ਨਾਲ। ਹਿੰਦੁਸਤਾਨ ਦੇ ਰਾਜਨੀਤਕ ਚਿੰਤਕਾਂ ਜਿਵੇਂ ਮਹਾਤਮਾ ਗਾਂਧੀ ਨੇ ਵਧਾਈ ਦਿੰਦਿਆ ਕਿਹਾ ਕਿ ਹਿੰਦੁਸਤਾਨ ਦੀ ਆਜ਼ਾਦੀ ਲਈ ਲੰਮੇ ਸੰਘਰਸ਼ ਵਿਚ ਇਹ ਪਹਿਲੀ ਸਫਲ ਲੜਾਈ ਹੈ ਅਤੇ ਇਹ ਇਸ ਲੰਮੇ ਸੰਗ੍ਰਾਮ ਦੀ ਸਫਲਤਾ ਲਈ ਨੀਂਹ ਟਿਕ ਗਈ ਹੈ। ਇਸ ਤਰ੍ਹਾਂ ਭਾਰਤ ਦੀ ਆਜ਼ਾਦੀ ਦੀ ਸਫਲਤਾ ਦੀ ਨੀਂਹ ਸਾਂਦਲਬਾਰ ਵਿੱਚ ਹੀ ਟਿਕੀ ਪਰ ਅਸੀਂ ਇਤਿਹਾਸ ਨਾਲ ਕਿਵੇਂ ਖਿਲਵਾੜ ਕਰਦੇ ਹਾਂ ਉਦਾਹਰਨ ਵੇਖੋ :—

ਗੁਰਦੁਆਰਾ ਨਨਕਾਣਾ ਸਾਹਿਬ ਅੰਗਰੇਜ਼ ਦੇ ਪਾਲਤੂ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਮੁਢਲੀ ਆਵਾਜ਼ ਉਠਾਉਣ ਵਿਚ ਮੁਖੀ, ਸਾਰੇ ਮੋਰਚੇ ਦਾ ਸੰਚਾਲਕ, ਨਾਇਕ, ਪ੍ਰਬੰਧਕ, ਆਪਣੇ ਜਥੇ ਦੀ ਦਾਬ ਅਤੇ ਆਪਣੀ ਹਿਕਮਤ ਨਾਲ ਅੰਗਰੇਜ਼ ਸਰਕਾਰ ਤੋਂ ਮੌਕੇ ਤੇ ਹੀ ਮਿੰਟਾਂ ਵਿਚ ਚਾਬੀਆਂ ਸੁਟਵਾਉਣ ਵਾਲਾ, ਸ਼ਹੀਦਾਂ ਦੀਆਂ ਲਾਸ਼ਾਂ ਦਾ ਸਸਕਾਰ ਕਰਵਾਕੇ ਸਥਾਨ ਦੀ ਸਫਾਈ ਕਰਾ ਕੇ ਪ੍ਰਬੰਧ ਲਈ ਕਮੇਟੀ ਬਨਾਉਣ ਵਾਲਾ ਕਰਤਾਰ ਸਿੰਘ ਝੱਬਰ ਸੀ।

21 ਫਰਵਰੀ 1990 ਦੇ ਪੰਜਾਬੀ ਟ੍ਰਿਬਿਊਨ ਦੇ ਪੰਨਾ 4 ਤੇ ਇਕ ਲੇਖਕ ਬਲਜੀਤ ਸਿੰਘ ਬੱਲੀ ਦਾ ਲਗਭਗ 900 ਲਫਜਾਂ ਦਾ ਲੇਖ ਨਨਕਾਣਾ ਸਾਹਿਬ ਦੇ ਸਾਕੇ ਤੇ ਛਪਿਆ ਹੈ ਜਿਸ ਵਿਚ ਇਕ ਵਾਰ ਵੀ ਕਰਤਾਰ ਸਿੰਘ ਝੱਬਰ ਦਾ ਨਾਉਂ ਨਹੀਂ ਲਿਖਿਆ। ਇਹ ਸਾਂਦਲਬਾਰ ਦੇ ਇਤਿਹਾਸ ਨਾਲ ਟਰੈਜੇਡੀ ਹੈ—ਦਿਲ ਬਹੁਤ ਦੁਖਿਆ ਤੇ ਇਹ ਸਤਰਾਂ ਨਿਕਲੀਆਂ :—

ਬਾਜ਼ ਆ ਜਾਓ ਹਕੀਕਤ ਨੂੰ ਛੁਪਾਣੋਂ ਦੋਸਤੋ।
ਬਾਜ਼ ਆ ਜਾਓ, ਜੀਂਦਾਂ ਇਤਿਹਾਸ ਖਾਣੋਂ ਦੋਸਤੋ।

ਕਲਮਾ ਵਾਲਿਓ ਤੁਸੀਂ ਤਾਂ ਕਾਇਮ ਰਹੋ,
ਲਿਖੋ, ਲਿਖੋ ਤੇ ਲਿਖੋ ਇਨਸਾਫ਼ ਲਿਖੋ।

ਬੁੱਧੀਜੀਵੀਓ ਆਉਂਦੀਆ ਪੀੜੀਆਂ ਲਈ,
ਜੀਵੋਂ ਐਵੇਂ ਇਤਿਹਾਸ ਛੁਟਿਆਈ ਨਾ ਜਾਓ।
ਬੁੱਧੀ, ਵਿੱਦਿਆ ਨਾਲ ਸਚਿਆਈ ਮੌਲੇ,
ਅਸਲੋਂ ਸੱਚਾ ਇਤਿਹਾਸ ਝੁਠਿਆਈ ਨਾ ਜਾਓ।

ਅੜਿਓ ਤੁਸੀਂ ਕਰੀਮ ਸਮਾਜ ਦੀ ਹੋ,
ਵੇਖੋ ਵੇਖੋ ਇਤਿਹਾਸ ਗੰਦਿਆਈ ਨਾ ਜਾਓ ।

ਕਿਸੇ ਈਰਖਾ ਜਾਂ ਅਗਿਆਨਤਾ ਵਿੱਚ,
ਛੁਰੀ ਸੀਨੇ ਇਤਿਹਾਸ ਦੇ ਲਾਈ ਨਾ ਜਾਓ ।

ਅਜੇ ਕਲ੍ਹ ਦੀ ਗੱਲ, ਕੋਈ ਦੂਰ ਦੀ ਨਹੀਂ,
ਅੱਖੀਂ ਵੇਖਣ ਵਾਲੜੇ ਜੀਂਵਦੇ ਨੇ ।

[ਆਉਣ ਵਾਲੀਆਂ ਪੀਹੜੀਆਂ ਲਈ ਏਦਾਂ,
ਆਉਣ ਵਾਲੇ ਇਤਿਹਾਸ ਸਕਾਲਰਾਂ ਲਈ,]
ਗਲਤ ਪੈਂਤੜੇ ਏਦਾਂ ਹੀ ਬੀਂਵਦੇ ਨੇ ।

ਨਨਕਾਣਾ ਸਾਹਿਬ ਦੇ ਸਾਕੇ ਨਾਲ ਸਬੰਧਤ ਸਾਂਦਲਬਾਰ 'ਚ ਵਾਪਰੀ ਖ਼ਾਸ ਕਰਕੇ ਵਿਰਕਾਂ ਬਾਰੇ ਮਹੱਤਵਪੂਰਨ ਗੱਲ ਇੱਕ ਹੋਰ ਲਿਖਦਾ ਹਾਂ । ਅੰਮ੍ਰਿਤਸਰ ਤੋਂ ਪੰਥਕ ਲੀਡਰਾਂ ਦੇ ਨਾਲ ਸ੍ਰ: ਤੇਜਾ ਸਿੰਘ, ਸਮੁੰਦਰੀ ਵੀ ਨਨਕਾਣਾ ਸਾਹਿਬ ਪੁੱਜੇ । ਸਭ ਕੁਝ ਵੇਖ ਸੁਣ ਕੇ ਸਾਂਦਲਬਾਰ ਦੇ 'ਝੱਬਰ' ਦੇ ਜਥੇ ਅਤੇ 'ਝੱਬਰ' ਦੀ ਦਲੇਰੀ, ਨਿਡਰਤਾ, ਸੁਚੱਜਤਾ ਤੋਂ ਬਹੁਤ ਪ੍ਰਭਾਵਤ ਹੋਏ ਅਤੇ ਕਿਹਾ, "ਅਜੇ ਤਕ ਵਿਰਕਾਂ ਦੇ ਡਾਂਗ ਮਾਰੂ ਹੋਣ ਬਾਰੇ ਸੁਣਿਆ ਸੀ ਪਰ ਅੱਜ ਅੱਖੀਂ ਵੇਖਿਆ ਹੈ ਕਿ ਇਹ ਅਨੁਸ਼ਾਸ਼ਿਤ (Disciplined) ਵੀ ਬਹੁਤ ਹਨ । ਝੱਬਰ ਸਾਹਿਬ, ਮੈਂ ਤੁਹਾਡੇ ਜਥੇ ਤੋਂ ਏਨਾ ਪ੍ਰਭਾਵਿਤ ਹਾਂ ਕਿ ਤੁਸੀਂ ਆਪਣੇ ਜਥੇ ਵਿਚ ਕੋਈ ਵਿਰਕ ਲੜਕਾ ਦਸੋ । ਮੈਂ ਇਨਾਮ ਦੇ ਤੌਰ ਤੇ ਉਸ ਵੱਲ ਰਿਸ਼ਤਾ ਕਰਨਾ ਚਾਹੁੰਦਾ ਹਾਂ । 'ਝੱਬਰ ਜੀ' ਨੇ ਸ਼ੁਕਰੀਆ ਕਹਿੰਦੇ ਹੋਏ ਦੋ ਵਾਰ ਨਾਂਹ ਕੀਤੀ ਤਾਂ ਸਮੁੰਦਰੀ ਜੀ ਨੇ ਹੰਢੋਰੇ ਨਾਲ ਕਿਹਾ ਕਿ ਤੁਸੀਂ ਮੇਰਾ ਪਿਆਰ ਪ੍ਰਵਾਨ ਨਹੀਂ ਕਰਦੇ ।" ਇਸ ਤੇ ਪਿੰਡ ਭਿੱਖੀ ਜ਼ਿਲ੍ਹਾ ਸੇਖੂਪੁਰਾ ਦੇ ਨੌਜੁਆਨ ਸਾਵਲ ਸਿੰਘ ਵਾਸਤੇ ਸਹਿਮਤੀ ਹੋ ਕੇ ਸਮੁੰਦਰੀ ਜੀ ਨੇ ਉਸ ਵਲੋਂ ਰਿਸ਼ਤਾ ਕੀਤਾ ਜੋ ਪ੍ਰਵਾਰ ਇਸ ਵੇਲੇ ਪਿੰਡ ਪਿਓਂਤ੍ਰ ਜ਼ਿਲ੍ਹਾ ਕਰਨਾਲ ਵਿੱਚ ਆਬਾਦ ਹਨ । ਇਹ ਸਿਖ ਕੌਮ ਦੇ ਇਕ ਚੋਟੀ ਦੇ ਨੇਤਾ ਵਲੋਂ ਸਾਂਦਲਬਾਰ ਦੇ ਵਸਨੀਕ ਵਿਰਕਾਂ ਦੇ ਗੁਣਾਂ ਪ੍ਰਤੀ ਪਿਆਰ ਤੇ ਸਤਿਕਾਰ ਦੀ ਇੱਕ ਉਦਾਹਰਨ ਹੈ ।

ਹਰਿਮੰਦਰ ਸਾਹਿਬ ਅੰਮ੍ਰਿਤਸਰ, ਤਰਨਤਾਰਨ, ਗੁਰਦੁਆਰਾ ਗੁਰੂ ਕਾ ਬਾਗ ਅਤੇ ਹੋਰ ਗੁਰਦਵਾਰਿਆਂ ਦੀ ਆਜ਼ਾਦੀ ਲਈ ਘੋਲ ਵਿੱਚ ਸਾਂਦਲਬਾਰ ਦਾ ਹੀ ਸ੍ਰ: ਕਰਤਾਰ ਸਿੰਘ ਝਬਰ ਮੋਹਰੇ ਹੋ ਕੇ ਖੂੰਡਾ ਖੜਕਾਂਦਾ ਰਿਹਾ :—

ਕਿਥੋਂ ਲੱਭਾ ਅੱਜ ਝਬਰ ਕਰਤਾਰ ਸਿੰਘ ਨੂੰ,
ਕੀਤੀ ਜਿੱਤ ਜਿਥੇ ਖੂੰਡਾ ਡਟ ਗਿਆ ।

'ਹੰਬੋ'[1] ਬੋਲਿਆ ਚੱਕਰ ਚਮਕਾ ਜਿਥੇ,
ਅੜਿਆ ਰਿਹਾ ਨਾ ਚੱਕਰ ਸਭ ਹਟ ਗਿਆ ।

ਇਸੇ ਦੌਰਾਨ ਸਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਬਣੀ । ਅਕਾਲੀ ਦਲ ਸਥਾਪਤ ਹੋਇਆ । ਚੀਫ ਖਾਲਸਾ ਦੀਵਾਨ ਅਤੇ ਹੋਰ ਸਿੱਖ ਸੰਗਠਨ ਅਤੇ ਸੰਸਥਾਵਾਂ ਸਥਾਪਤ ਹੁੰਦੀਆਂ ਗਈਆਂ । ਇਨ੍ਹਾਂ ਸਭ ਵਿੱਚ ਸਾਂਦਲਬਾਰ ਦੇ ਸੁਲਝੇ, ਸੂਝਵਾਨ, ਧੀਰਜਵਾਨ, ਨਿਰਭੈ ਅਤੇ ਅਸਲੇ ਦੇ ਖਰੇ ਬੰਦੇ ਭਾਈ ਮੂਲ ਸਿੰਘ ਗਰਮੂਲਾ, ਕਰਤਾਰ ਸਿੰਘ ਝੱਬਰ, ਭਾਈ ਸੁੱਚਾ ਸਿੰਘ ਜੈ ਚੱਕ, ਸੁਚਾ ਸਿੰਘ ਚੱਕਰ ਵਾਲਾ, ਜਥੇਦਾਰ ਮਾਨ 'ਸਿੰਘ ਹੰਬੋ, ਬੂਟਾ ਸਿੰਘ, ਸ੍ਰ: ਗੁਲਾਬ ਸਿੰਘ, ਗਿਆਨੀ ਕਰਤਾਰ ਸਿੰਘ, ਸ੍ਰ: ਤੇਜਾ ਸਿੰਘ ਸਮੰਦਰੀ (ਸਮੁੰਦਰੀ ਜੀ ਦਾ ਜਨਮ ਤੇ ਬਚਪਨ ਤਾਂ ਅੰਮ੍ਰਿਤਸਰ ਜ਼ਿਲੇ ਦੇ ਹੀ ਹਨ ਪਰ ਇਹ ਲਾਇਲਪੁਰ ਜ਼ਿਲੇ ਦੇ ਸਮੁੰਦਰੀ ਕਸਬੇ ਵਿਚ ਹੀ ਜਾ ਵਸੇ ਤੇ ਪੰਥ ਸੇਵਾ ਅਤੇ ਆਜ਼ਾਦੀ ਸੰਘਰਸ਼ ਵਿਚ ਲੱਗੇ ਰਹੇ) ਪੰਥ ਦਾ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ, ਸ੍ਰ: ਜਗੀਰ ਸਿੰਘ ਕੋਟੀਆ, ਸ੍ਰ: ਅਮਰ ਸਿੰਘ ਕੱਕੜ, ਸ੍ਰ: ਬੰਤਾ ਸਿੰਘ ਖਾਹਰਾ, ਸ੍ਰ: ਜਗੀਰ ਸਿੰਘ ਗਾਜੀ ਅਤੇ ਅਨੇਕ ਹੋਰਾਂ ਦਾ ਬਹੁਤ ਹੀ ਮਹੱਤਵਪੂਰਣ ਯੋਗਦਾਨ ਰਿਹਾ ਹੈ ਜਿਨ੍ਹਾਂ ਆਜ਼ਾਦੀ ਦੀ ਲਹਿਰ ਵਿਚ ਸੰਘਰਸ਼ ਕਰਦਿਆਂ ਜਿੱਤਾਂ ਪ੍ਰਾਪਤ ਕੀਤੀਆਂ ।

ਛੇਵੀਂ ਸਰਬ ਹਿੰਦ ਅਕਾਲੀ ਕਾਨਫਰੰਸ ਗੁੱਜਰਾਂਵਾਲਾ (ਸਾਂਦਲਬਾਰ) ਵਿੱਚ ਹੋਈ । ਉਥੇ ਹੀ ਸ੍ਰੀ ਸੁਭਾਸ਼ ਚੰਦਰ ਬੋਸ ਨੇ ਪਹੁੰਚ ਕੇ ਸਰਬ ਹਿੰਦ ਕਾਂਗਰਸ ਪਾਰਟੀ ਦੇ ਪ੍ਰਧਾਨ ਚੁਣੇ ਜਾਣ ਵਿਚ ਅਕਾਲੀ ਨੇਤਾਵਾਂ ਵਲੋਂ ਦਿਤੇ ਸਹਿਯੋਗ ਅਤੇ ਸਹਾਇਤਾ ਲਈ ਉਨ੍ਹਾਂ ਦਾ ਧੰਨਵਾਦ ਕੀਤਾ ।

1. ਜਥੇਦਾਰ ਮਾਨ ਸਿੰਘ ਵਿਰਕ ਜੋ ਸਾਂਦਲਬਾਰ ਦੇ ਪਿੰਡ 'ਹੰਬੋ' ਦਾ, ਸੀ । ਇਕੱਠੇ ਪੰਜਾਬ ਅਸੈਂਬਲੀ ਵਿਚ ਐਮ. ਐਲ. ਏ. ਵੀ ਰਿਹਾ ।

ਸਾਂਦਲਬਾਰ ਦੇ ਲੋਕਾਂ ਨੇ ਅੰਗਰੇਜ਼ ਸਰਕਾਰ ਵਿਰੁੱਧ ਭਾਰਤ ਦੇ ਸੰਘਰਸ਼ ਵਿੱਚ ਬਹੁਤ ਹੀ ਉੱਘੜ ਕੇ ਹਿੱਸਾ ਪਾਇਆ। ਅੰਗਰੇਜ਼ ਇਥੋਂ ਦੇ ਲੋਕਾਂ ਤੋਂ ਅਤੀ ਜਿਆਦਾ ਔਖੇ ਹੋ ਗਏ। ਅੰਗਰੇਜਾਂ ਵਿਰੁੱਧ ਰੋਸ ਵਜੋਂ ਹਿੰਦੁਸਤਾਨ ਭਰ ਵਿਚ ਸਭ ਤੋਂ ਪਹਿਲਾਂ ਸਟੇਸ਼ਨ ਸਾੜਨੇ, ਲਾਈਨਾਂ ਪੁਟਣੀਆਂ ਅਤੇ ਇਹੋ ਜਿਹੇ ਹੋਰ ਦਲੇਰ ਕਦਮ ਸਾਂਦਲਬਾਰ ਨੇ ਹੀ ਚੁੱਕੇ। ਜਦ ਉਹਨਾਂ ਚੂਹੜਕਾਣਾ ਤੇ ਹੋਰ ਸਟੇਸ਼ਨ ਸਾੜੇ ਅੰਗਰੇਜ਼ ਏਨੇ ਔਖੇ ਹੋ ਗਏ ਕਿ ਉਹਨਾਂ ਨੇ ਸਾਂਦਲਬਾਰ ਦੇ ਮੁੱਖ ਪਿੰਡਾਂ ਕੜਿਆਲਾਂ ਨੂੰ ਸਾੜਿਆ ਅਤੇ ਉਥੋਂ ਦੀ ਮੁੱਖ ਗੋਤ ਵਿਰਕਾਂ ਨੂੰ 'ਜ਼ਰਾਇਮ ਪੇਸ਼ਾ' ਕਰਾਰ ਦਿੱਤਾ। ਇਸ ਤੇ ਸ੍ਰ: ਬਹਾਦਰ ਬੂਟਾ ਸਿੰਘ ਅਤੇ ਮੁਹੱਬਤ ਖਾਂ ਨੇ ਪੰਜਾਬ ਅਸੈਂਬਲੀ ਲਾਹੌਰ ਵਿਚ ਇਸ ਦਾ ਖੰਡਣ ਕਰਦਿਆਂ ਜੋਰਦਾਰ ਭਾਸ਼ਣ ਦੇ ਨਾਲ ਹੀ ਡਿਪਟੀ ਸਪੀਕਰਸ਼ਿਪ ਅਤੇ ਸਪੀਕਰਸ਼ਿਪ ਤੋਂ ਆਪਣੇ ਅਸਤੀਫੇ ਰੱਖ ਦਿਤੇ ਕਿ ਜੇ ਸਾਰੀ ਵਿਰਕ ਕੌਮ ਹੀ ਜ਼ਰਾਇਸ ਪੇਸ਼ਾ ਹੈ ਤਾਂ ਵਿਰਕ ਹੋਣ ਦੇ ਨਾਤੇ ਅਸੀਂ ਵੀ ਦੋਵੇਂ ਜਰਾਇਤਾ ਪੇਸ਼ਾ ਹਾਂ। ਸਾਨੂੰ ਇਹਨਾਂ ਅਹੁਦਿਆਂ ਤੇ ਰਹਿਣ ਦਾ ਹੱਕ ਨਹੀਂ ਹੈ। ਪਿੰਡ ਝਾਮਕੇ ਜ਼ਿਲ੍ਹਾ ਸ਼ੇਖੂਪੁਰਾ ਵਿਚ ਭਾਰੀ ਕਾਨਫਰੰਸ ਹੋਈ। ਜਿਸ ਗੋਤ ਦੇ ਬੰਦੇ ਸਾਰੇ ਪੰਜਾਬ ਰਾਜ ਦੀ ਅਸੈਂਬਲੀ ਦੇ ਸਪੀਕਰ, ਡਿਪਟੀ ਸਪੀਕਰ, ਐਮ. ਐਲ. ਏ. ਉਘੇ ਡਾਕਟਰ, ਵਕੀਲ, ਪ੍ਰਚਾਰਕ ਤੇ ਪ੍ਰਬੰਧਕ ਹਨ ਉਹ ਸਾਰੀ ਗੋਤ ਜਰਾਇਮ ਪੇਸ਼ਾ ਕਿਵੇਂ ਹੋ ਗਈ। ਗੱਲ ਕੀ ਸਰਕਾਰ ਨੂੰ ਝੁਕਣਾ ਪਿਆ ਤੇ ਉਸ ਨੇ ਕਾਲਾ ਆਦੇਸ਼ ਵਾਪਸ ਲਿਆ।

ਭਾਰਤ ਦੀ ਆਜਾਦੀ ਦੇ ਸੰਘਰਸ਼ ਵਿਚ ਉਸਾਰੂ ਰੋਲ ਦਾ ਦਰਜਾ ਵੀ ਸਾਂਦਲਬਾਰ ਦਾ ਆਪਣਾ ਹੀ ਹੈ। ਉਸ ਸਮੇਂ ਸਾਰੇ ਭਾਰਤ ਵਿਚ ਕਿਰਤੀ ਪਾਰਟੀ ਦਾ ਇਕੋ ਇੱਕ ਅਖਬਾਰ 'ਲਾਲ ਝੰਡਾ' ਸੀ ਜੋ ਅੰਡਰਗਰਾਉਂਡ ਹੀ ਛਪਦਾ ਸੀ ਅਤੇ ਸਾਰੇ ਭਾਰਤ ਵਿਚ ਉਸ ਦਾ ਵਿਤਰਣ ਵੀ ਅੰਡਰਗਰਾਉਡ ਹੀ ਹੁੰਦਾ ਸੀ ਉਸ ਅਖਬਾਰ ਨੂੰ ਤਿੰਨ ਸਾਲਾਂ ਤੱਕ ਸਰਕਾਰ ਦਾ ਸੀ. ਆਈ. ਡੀ. ਅਤੇ ਪਬਲਿਕ ਵਿਚਲੇ ਚੁਗਲਖੋਰਾਂ ਤੇ ਝੋਲੀ-ਚੁੱਕਾਂ ਤੋਂ ਲੁਕਾ ਕੇ ਤਿੰਨ ਭਾਸ਼ਾਵਾਂ ਵਿਚ ਛਾਪਣ ਵਾਲਾ, ਪੰਜਾਬੀ ਅਤੇ ਅੰਗਰੇਜ਼ੀ ਦਾ ਮੈਟਰ ਵੀ ਆਪ ਲਿਖਣ ਵਾਲਾ ਮਰਦ ਅਤੇ ਉਰਦੂ ਦਾ ਮੈਟਰ ਲਿਖਣ ਵਾਲਾ ਦੂਜਾ ਮਰਦ-ਅਜੇ ਜਿਉਂਦੇ ਜਾਗਦੇ ਹਨ। ਇਹ ਦੋਵੇਂ ਸਾਂਦਲਬਾਰ ਦੇ ਸਪੂਤ ਅਤੇ ਆਜ਼ਾਦ ਭਾਰਤ ਦੇ ਬਾਪੂਆਂ ਵਿਚੋਂ ਹਨ। ਇੱਕ ਸ੍ਰ: ਜੰਗੀਰ ਸਿੰਘ ਪਿੰਡ ਸੋਂਹਦੇ ਦੇ ਕੋਟ ਜ਼ਿਲ੍ਹਾ ਸੇਖੂਪੁਰਾ (ਪਾਕਿਸਤਾਨ) ਹੈ ਅਤੇ ਇਸ ਵੇਲੇ ਪਿੰਡ ਹਾਬੜੀ ਜ਼ਿਲ੍ਹਾ ਕੁਰੂਕਸੇਤਰ ਵਿਚ ਆਬਾਦ ਹੈ। ਦੂਜਾ ਮਰਦ ਸ੍ਰ: ਅਮਰ ਸਿੰਘ ਗਿੱਲ ਪਿੰਡ ਕਕੜ ਜ਼ਿਲ੍ਹਾ ਸੇਖੂਪੁਰਾ ਪਾਕਿਸਤਾਨ ਅਤੇ ਇਸ ਵੇਲੇ ਪਿੰਡ ਡਾਚਰ ਜ਼ਿਲ੍ਹਾ ਕਰਨਾਲ ਵਿਚ ਆਬਾਦ ਹੈ। ਇਹ ਅਖਬਾਰ ਨੂੰ ਆਪਣੇ ਕਮਾਦਾਂ ਵਿਚ, ਜਵਾਰਾਂ ਮਕਈਆ ਵਿਚ, ਖੁਰਲੀਆਂ ਵਿਚ, ਤੂੜੀ ਵਾਲੇ ਬੰਦ ਕੋਠਿਆਂ ਵਿੱਚ, ਡੰਗਰਾਂ ਵਾਲੇ ਤਬੇਲਿਆਂ ਆਦਿ ਆਦਿ ਵਿਚ ਛਾਪਦੇ ਰਹੇ।

ਇਹਨਾਂ ਦੋਹਾਂ ਦੀ ਸੂਝ ਬੂਝ, ਉਸ ਅਣਪੜਤਾ ਦੇ ਦੌਰ ਵਿਚ ਏਨੀ ਵਿਦਵਤਾ ਅਤੇ ਆਪਣੇ ਆਪ ਨੂੰ ਹਰ ਸਮੇਂ ਸੂਲੀ ਤੇ ਟੰਗੇ ਰੱਖਣ ਦੀ ਕੁਰਬਾਨੀ ਨੂੰ ਵਿਹੰਦਿਆ ਹੋਇਆਂ ਆਜ਼ਾਦ ਭਾਰਤ ਦੇ ਇਤਿਹਾਸ ਅਤੇ ਸਮਾਜ ਵਿਚ ਇਹਨਾਂ ਨੂੰ ਬਹੁਤ ਉਚੀ ਅਤੇ ਆਦਰਯੋਗ ਥਾਂ ਅਤੇ ਆਜਾਦ ਭਾਰਤ ਦੇ ਖਜ਼ਾਨੇ ਵਿਚੋਂ ਬਹੁਤ ਕੁਝ ਮਿਲਣਾ ਚਾਹੀਦਾ ਸੀ, ਪਰ ਅਫਸੋਸ ਕਿ 44 ਸਾਲਾਂ ਵਿਚ ਇਨ੍ਹਾਂ ਨੂੰ ਕਿਸੇ ਨੇ ਦੁਖ ਸੁਖ ਪੁਛਿਆ ਨਹੀਂ ਸਿਵਾਏ ਹੁਣ ਜਨਰਲ ਤੌਰ ਤੇ ਸਵਤੰਤਰਤਾ ਸੰਗ੍ਰਾਮੀਆਂ ਨਾਲ ਪੈਨਸ਼ਨ ਇਹਨਾਂ ਨੂੰ ਵੀ ਮਿਲਣ ਦੇ ਅਤੇ 1989 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬ ਇਤਿਹਾਸ ਅਧਿਅਨ ਵਿਭਾਗ ਨੇ ਸ੍ਰ: ਜੰਗੀਰ ਸਿੰਘ ਦਾ ਕੁਝ ਰਿਕਾਰਡ ਆਪਣੇ ਵਿਭਾਗ ਵਿਚ ਬਣਾਇਆ ਹੈ।

ਤੇ ਫਿਰ ਬੰਗਾਲ ਅਤੇ ਭਾਰਤ ਦੇ ਹੋਰ ਅਨੇਕਾਂ ਪ੍ਰਾਂਤਾਂ ਵਿਚੋਂ ਜਿਹੜੇ ਚੋਟੀ ਦੇ ਗਰਮ ਪੰਥੀ ਗਦਰੀ ਆਗੂ ਰੂਪੋਸ਼ ਹੁੰਦੇ ਸਨ ਉਹ ਇਨ੍ਹਾਂ ਕੋਲ ਆ ਕੇ ਸਾਲ-ਸਾਲ ਕੱਟਦੇ ਸਨ ਜਿਵੇਂ ਕਾਮਰੇਡ ਤੇਜਾ ਸਿੰਘ ਸੁਤੰਤਰ, ਉਜਾਗਰ ਸਿੰਘ ਬਿਲਗਾ, ਭਗਤ ਸਿੰਘ ਬਿਲਗਾ, ਕਾਮਰੇਡ ਧੰਨਵੰਤਰੀ, ਕਾਮਰੇਡ ਸੁਸ਼ੀਲਾ, ਅਜੈ ਸਿੰਘ ਘੋਸ਼, ਕਾ: ਚੈਨ ਸਿੰਘ ਚੈਨ, ਰਾਮ ਸਿੰਘ ਦੱਤ, ਟੀਕਾ ਰਾਮ ਸੁਖਣ, ਸੱਚੀ ਮਹਿੰਦਰ ਸਿੰਘ, ਹਰਬੰਸ ਸਿੰਘ ਕਕਰਾਣਾ ਤੇ ਹੋਰ ਕਿੰਨੇ ਹੀ ਮੁੱਖ ਬੰਗਾਲੀ ਗਦਰੀ। ਕਿਰਤੀ ਪਾਰਟੀ ਦੀ ਪੋਲਿਟ ਬਿਊਰੋ ਦੀਆਂ ਨੈਸ਼ਨਲ ਲੈਵਲ ਦੀਆਂ ਮੀਟਿੰਗਾਂ ਬਹੁਤੀ ਵਾਰ ਉਥੇ ਹੀ ਸੋਂਹਦੇ ਦੇ ਕੋਟ (ਸਾਂਦਲ ਬਾਰ) ਵਿਚ ਹੁੰਦੀਆਂ ਰਹੀਆਂ। ਸ੍ਰ: ਜਗੀਰ ਸਿੰਘ ਕੱਟੀਏ ਦਾ ਚਾਚਾ ਕ. ਮੁਹਬਤ ਸਿੰਘ ਮੁੱਖ ਤੌਰ ਤੇ ਉਹਨਾਂ ਅੰਡਰਗਰਾਉਡ ਬਾਗੀਆਂ ਤੇ ਗਦਰੀਆਂ ਲੀਡਰਾਂ ਦਾ ਮੇਜਬਾਨ ਹੁੰਦਾ ਸੀ। ਇਨ੍ਹਾਂ ਦੇ ਬਾਗਾਂ ਵਿਚ, ਕਮਾਦਾਂ ਵਿਚ, ਮੱਝਾਂ ਚਰਣ ਵਾਲੀਆਂ ਰੱਖਾਂ ਵਿਚ ਉਨ੍ਹਾਂ ਦੇ ਟਿਕਾਣੇ ਸਨ ਅਤੇ ਸੈਂਕੜਿਆਂ ਦੀ ਗਿਣਤੀ ਵਿੱਚ ਮੱਝਾਂ ਗਾਈਆਂ ਦਾ ਦੁੱਧ ਪੀਂਦੇ ਸਨ। ਉਹ ਮਹੱਬਤ ਸਿੰਘ ਵੀ ਅੱਜ ਜਿਉਂਦਾ ਹੈ ਅਤੇ ਵਿਦੇਸ਼ ਵਿੱਚ ਹੈ।

ਸੰਸਾਰ ਪ੍ਰਸਿਧ ਸਾਹਿਤਕਾਰ ਸ੍ਰ. ਕੁਲਵੰਤ ਸਿੰਘ ਵਿਰਕ ਸਾਂਦਲਬਾਰ ਵਿਚ ਆਪਣੇ ਮੇਰੇ ਪਿੰਡ ਜੋ ਚੱਕ ਤੋਂ ਮੀਲ ਡੇਢ ਪਿੰਡ ਫੁਲਰਵੰਨ ਜ਼ਿਲ੍ਹਾ ਸੇਖੂਪੁਰਾ ਪਾਕਿਸਤਾਨ ਦਾ ਜੰਮਪਲ ਸੀ। ਉਸੇ ਹੀ ਪਿੰਡ ਦੇ ਲਾਭ ਸਿੰਘ ਡੋਰੇ ਨੇ ਆਪਣੇ ਢਲ ਸਟੇਜਾਂ ਤੇ ਗਾ ਗਾ ਕੇ ਲੱਖਾਂ ਲੋਕਾਂ ਦੇ ਦਿਲਾਂ ਵਿਚ ਆਜ਼ਾਦੀ ਵਾਸਤੇ ਤੜਪ ਲਾ ਦਿੱਤੀ, ਦਿਲਾਂ ਵਿਚ ਆਜ਼ਾਦੀ ਪ੍ਰਾਪਤ ਕਰਨ ਲਈ ਧਰੂਹ ਪੈਣ ਲੱਗ ਪਈ।

ਸ੍ਰ: ਜੰਗੀਰ ਸਿੰਘ ਪਿੰਡ ਗਾਜੀ ਜ਼ਿਲ੍ਹਾ ਸੇਖੂਪੁਰਾ ਪਾਕਿਸਤਾਨ (ਹੁਣ ਸ਼ਾਹਬਾਦ ਮਾਰਕੰਡਾ ਜ਼ਿਲ੍ਹਾ ਕੁਰੂਕਸ਼ੇਤਰ, ਸ੍ਰ; ਬੰਤਾ ਸਿੰਘ ਪਿੰਡ ਖਾਹਰਾ ਜ਼ਿਲ੍ਹਾ ਸੇਖੂਪੁਰਾ ਪਾਕਿਸਤਾਨ ਜਿਸ ਦੀ ਔਲਾਦ ਹੁਣ ਪਿੰਡ ਜਲਮ ਨਾ ਜ਼ਿਲ੍ਹਾ ਕਰਨਾਲ ਵਿਚ ਆਬਾਦ ਹੈ—ਜ਼ਿਲ੍ਹਾ ਸੇਖੂਪੁਰਾ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਦੀ ਕੋਠੀ ਦੇ ਉਤੋਂ ਦਿਨ ਦਿਹਾੜੇ ਅੰਗਰੇਜ਼ਾਂ ਦਾ ਯੂਨੀਅਨ ਜੈਕ ਝੰਡਾ ਵੱਢ ਕੇ ਅਤੇ ਭਾਰਤ ਦਾ ਤਿਰੰਗਾ ਝੰਡਾ ਗੱਡ ਅਤੇ ਨਾਅਰੇ ਲਾ ਕੇ ਹਿੰਦੁਸਤਾਨ ਦੇ ਕੋਨੇ ਕੋਨੇ ਵਿੱਚ ਸਰਕਾਰ ਵਾਸਤੇ ਤਰਥੱਲੀ ਮਚਾ ਦਿੱਤੀ ਸੀ ਅਤੇ ਅੰਗਰੇਜ਼ਾਂ ਅੰਦਰ ਇਹ ਗੱਲ ਬਿਠਾ ਦਿੱਤੀ ਕਿ ਹੁਣ ਤੁਹਾਨੂੰ ਅਸੀਂ ਇਸ ਦੇਸ਼ 'ਚੋਂ ਕੱਢ ਕੇ ਹੀ ਸਾਹ ਲੈਣਾ ਹੈ। ਇਸ ਦਲੇਰਾਨਾ ਘਟਨਾ ਨਾਲ ਭਾਰਤ ਵਾਸੀਆਂ ਨੂੰ ਜਿਵੇਂ ਇੱਕ ਇੱਕ ਬੋਤਲ ਗੁੱਲੂਕੋਜ਼ ਚੜ੍ਹ ਗਿਆ ਹੋਵੇ। ਇਹ ਇਲਾਕਾ ਸਾਂਦਲਬਾਰ ਹੀ ਹੈ ਅਤੇ ਉਹ ਸਾਂਦਲਬਾਰ ਦੇ ਸ਼ੇਰ ਹਨ।

ਸੁ: ਲਾਭ ਸਿੰਘ 'ਡੋਰੇ' ਦੇ ਕੁਝ ਢੋਲੇ ਵਣਗੀ ਵਜੋਂ ਏਥੇ ਦੇਂਦਾ ਹਾਂ ।

(1) ਸੰਨ 1914 ਈ:,

ਦੇਸ ਭਗਤ ਸਾਡੇ ਵਿੱਚ ਅਮਰੀਕਾ ਦੇ ਬੈਠੇ ਨੇ ਹੋ ਕੇ 'ਕੱਠੇ ।

ਆਂਹਦੇ, ਦੁਨੀਆਂ ਸਾਨੂੰ ਫਿਰਨ ਨਹੀਂ ਦੇਂਦੀ ਵਿੱਚ ਬਾਜ਼ਾਰਾਂ ਦੇ,
ਮਿਹਨੇ ਮਾਰਦੀ ਏ ਤੇ ਕਰਦੀ ਏ ਠੱਠੇ ।

ਆਂਹਦੀ, ਔਹ 30 ਕਰੋੜ ਹਿੰਦੀ ਗੁਲਾਮ ਨੇ,
ਫਿਰਦੇ ਬੇ-ਸਾਊਰ ਤੇ ਅਕਲ ਦੇ ਮੱਠੇ ।

ਇਹ ਬੋਲੀਆਂ ਗਈਆਂ ਸੀਨੇ ਪਾੜ ਜਵਾਨਾਂ ਦੇ,
ਜਿਵੇਂ ਬਜਾਜ਼ ਪਾੜਦਾ ਏ ਥਾਣਵੀਂ ਲੱਠੇ ।

ਉਸ ਵੇਲੇ ਝੰਡਾ ਚੁਕਿਆ ਪੰਜਾਬੀ ਬਾਬਿਆਂ ਨੇ
ਨਾਲ ਰਲੇ ਨੇ ਨੌਜੁਆਨ ਬੰਗਾਲੀ ਤੇ ਮਰਹੱਟੇ ।

ਖਿਚੀ ਲੀਕ ਕਰਤਾਰ ਸਿੰਘ ਸਰਾਭੇ ਨੇ,
ਜਿਸ ਭਜਣਾ ਏ ਫਿਰ ਮੈਦਾਨ 'ਚੋਂ, ਉਹ ਹੁਣੇ ਹੀ ਹਟੇ ।

ਅਸਾਂ ਚਲ ਜਗਾਣਾ ਏ ਸੁੱਤੀ ਹਿੰਦ ਨੂੰ,
ਇਹ ਵੀ ਪਤਾ ਨਹੀ ਤੁਲਣਾ ਪੈਂਦਾ ਏ ਕਿਹੜਾ ਵੀ ਵੱਟੇ ।

ਸਾਡੇ ਚਮੜੇ ਉਡਣੇ ਨੇ ਖੌਰੇ ਨਾਲ ਬੈਂਤਾਂ ਦੇ
ਉਮਰਾਂ ਗੁਜ਼ਾਰਨੀਆਂ ਵਿਚ ਜੇਹਲਾਂ ਦੇ, ਵੇਖਣੇ ਪੈਣੇ ਨੇ ਫਾਂਸੀ ਦੇ ਫੱਟੇ ।

ਇਹ ਵੀ ਪਤਾ ਨਹੀਂ ਮੁਲਖ ਸਾਥ ਦੇਸੀ ਕਿ ਨਾ ਦੇਸੀ,
ਉਲਟੇ ਲਾ ਦੇਣ ਗੇ ਫਤਵੇ, ਜਿਹੜੇ ਨੇ ਸਰਕਾਰ ਦੇ ਚੱਟੇ ।

ਸਾਡੇ ਜਿਹਾਂ ਦੇ ਨਾਲ ਉਹਨਾਂ ਕਿਥੇ ਘਟ ਗੁਜ਼ਾਰਨੀ ਏ
ਜਿਹੜੇ ਲਬੜ-ਕੱਟੇ, ਝੋਲੀਆਂ ਚੁੱਕ ਚੁੱਕ ਉੱਕਾ ਈ ਪਏ ਨੇ ਚੱਟੇ
ਡੋਰਾ ਆਂਹਦਾ ਏ, ਦੇਸ਼ ਭਗਤਾਂ ਦੀਆਂ ਗੱਲਾਂ ਸੱਚੀਆਂ ਹੋ ਗਈਆਂ ਨੇ ਮੁਲਖਾ,
ਕੁੱਝ ਮਾਰੇ ਕੁੱਟੇ, ਉੱਡੇ ਨਾਲ ਗੋਲੀਆਂ
ਵਾਹਦੇ ਵਿਚ ਕੈਂਪ ਦਿਓਲੀ ਦੇ ਨੇ ਡੱਕੇ ।

———

2. ਨਾਰਦ ਉਠਿਆ ਏ ਭੰਨ ਕੇ ਡਾਂਡ ਨੂੰ ।

ਅੰਗਰੇਜ਼ਾਂ ਸਾਨੂੰ ਹੀ ਸਾਡੇ ਨਾਲ ਲੜਾਣ ਲਈ,
ਸਾਡੇ 'ਚੋਂ ਨੀਅਤ ਦੇ ਭੁਖਿਆਂ ਨੂੰ, ਟੁੱਕਰ ਚਾ ਘਤਿਓ ਨੇ ਖਾਣ ਨੂੰ ।

ਪਰ ਜਿਨ੍ਹਾਂ ਨੂੰ ਇਸ਼ਕ ਆਜ਼ਾਦੀ ਦਾ ਲੱਗ ਗਿਆ
ਉਹ ਨਾ ਝੱਲਦੇ ਕਿਸੇ ਦੀ ਤਾਹਣ ਨੂੰ ।

ਉਹ ਆਂਹਦੇ ਨੇ, ਸਾਡਾ ਤੇ ਅੰਗਰੇਜ਼ਾਂ ਦਾ ਹੁਣ ਝਟ ਨਹੀਂ ਲੰਘਦਾ
ਅਸਾਂ ਦੇਣਾ ਏ ਕਰ ਸਾਫ਼ ਮੈਦਾਨ ਨੂੰ ।

ਅਸਾਂ ਰਾਜ ਬਨਾਣਾ ਏ ਸਾਂਝਾ,
ਉਚਿਆਂ ਰਖਣਾ ਏ, ਮੁਲਕ ਆਪਣੇ ਦੀ ਸ਼ਾਨ ਨੂੰ ।

ਇਤਿਹਾਸ-ਵਿਰਕ ਤੇ ਹੋਰ/

ਪੱਕੀਆਂ ਕੋਠੀਆਂ ਹਰ ਇੱਕ ਦੀਆਂ ਹੋਣਗੀਆਂ
ਅੱਗੇ ਬਾਗੀਚੇ ਵੀ ਲਾ ਦਿਆਂ ਗੇ ਹਵਾ ਖਾਣ ਨੂੰ ।

ਪੱਖੇ ਬਿਜਲੀ ਦੇ ਵਿਚ ਲੱਗਣਗੇ,
ਲਾਟੂ ਲਾ ਦਿਆਂਗੇ, ਨੇਰ੍ਹਾ ਹਟਾਣ ਨੂੰ ।

ਵਿਹਲਾ ਕੋਈ ਨਾ ਰਹੇਗਾ ਵਿਚ ਹਿੰਦ ਦੇ,
ਵਡੇ ਢਿੱਡਾਂ ਵਾਲਿਆਂ ਨੂੰ ਦਿਆਂਗੇ ਹਲ ਵਾਹਣ ਨੂੰ ।

ਕਾਰਖਾਨਿਆਂ ਤੇ ਕਬਜ਼ਾ ਮਜ਼ਦੂਰਾਂ ਦਾ ਹੋਸੀ
ਜ਼ਮੀਨ ਇੱਕੋ ਜਿਹੀ ਦਿਆਂਗੇ ਵਾਹਣ ਨੂੰ

'ਡੋਰਾ' ਆਂਹਦਾ ਏ, ਸਾਰੀਆਂ ਗੱਲਾਂ ਉਸ ਦਿਹਾੜੇ ਹੋਣਗੀਆਂ, ਮੁਲਖਾ
ਜਦੋਂ ਅੰਗਰੇਜ਼ ਵੀ ਵਾਂਹਦਾ ਰਹੇਗਾ, ਇੰਗਲਿਸਤਾਨ ਨੂੰ ।

ਏਨੀ ਜਾਨ ਹੈ, ਏਨਾ ਵੇਰਵਾ ਹੈ, ਸਾਦੇ ਜਿਹੇ ਸ਼ਬਦਾਂ ਵਿੱਚ ਏਨਾ ਗਿਆਨ, ਏਨੀ ਸੂਝ ਬੂਝ, ਏਨੀ ਸਪਿਰਿਟ ਏਨੀ ਰੂਹ ਭਰਵੀਂ ਸਪੱਸ਼ਟਤਾ, ਏਨੀ ਉਕਸਾਹਟ, ਏਣੀ ਤੀਬਰਤਾ— ਲੱਖਾਂ ਸੁੱਤਿਆਂ ਲੋਕਾਂ ਨੂੰ ਉਹਨਾਂ ਦੀ ਸਿਧੀ ਸਾਦੀ ਤੇ ਟੁੰਬਵੀਂ ਬੋਲੀ ਰਾਹੀਂ ਜਗਾਇਆ । ਸਾਂਦਲਬਾਰ ਦੇ ਲਗਭਗ ਅਣਪੜ੍ਹ ਬੰਦੇ ਨੇ ਏਨਾ ਕੁਝ ਕੀਤਾ ।

ਪਰ ਢੋਲਿਆਂ ਦੇ ਏਸ ਬੜੇ ਕੀਮਤੀ ਖਜ਼ਾਨੇ ਦੀ ਲਿਖਤੀ ਸੰਭਾਲ ਨਹੀਂ ਹੋਈ । ਪੁਰਾਣੇ, ਬੰਦੇ ਹੁਣ ਵਿਰਲੇ ਵਿਰਲੇ ਰਹਿ ਗਏ ਹਨ, ਕੁਝ ਬਜ਼ੁਰਗਾਂ ਨੂੰ ਜ਼ਬਾਨੀ ਹੀ ਯਾਦ ਹਨ । ਕਿਸੇ ਇਸ ਖਜ਼ਾਨੇ ਨੂੰ ਸੰਭਾਲਿਆ ਨਹੀਂ । ਹੁਣ ਮੈਂ ਯਤਨ ਕਰ ਰਿਹਾ ਹਾਂ ਦੂਰ ਦੁਰਾਡੇ ਅਨੇਕਾਂ ਬੰਦਿਆਂ ਕੋਲ ਜਾ ਕੇ ਇਕੱਤਰ ਕਰਣ ਦਾ ।

ਉਹਨਾਂ ਢੋਲਿਆਂ ਅਤੇ ਢੋਲਿਆਂ ਦੇ ਬੁਲਾਰੇ ਵਿਚ ਜਾਨ ਏਨੀ ਕਿ ਅੱਜ ਵੀ......

ਕੰਨ ਖੋਲ੍ਹ ਦੇਵੇ ਕਈਆਂ ਬੋਲਿਆਂ ਦੇ, ਜੇ ਕਿਤੇ, 'ਡੋਰਾ' ਸਟੇਜਾਂ ਤੇ ਬੋਲੇ ।
ਮੈਂ ਹਾਂ ਕਲਪਦਾ ਉਹਦੇ ਸਮਕਾਲੀਆਂ ਨੂੰ, ਜਿਨ੍ਹਾਂ ਰੱਖੇ ਨਹੀਂ ਉਹਦੇ ਸੰਭਾਲ ਢੋਲੇ ।

ਆਜ਼ਾਦੀ ਲਈ ਸੰਘਰਸ਼ ਲੋਕ-ਲਹਿਰ ਬਣ ਗਈ

ਸਾਂਦਲਬਾਰ ਵਿੱਚ ਆਜ਼ਾਦੀ ਲਈ ਤੜਪ ਅਤੇ ਉਸ ਲਈ ਸੰਘਰਸ਼ ਕੇਵਲ ਲੀਡਰਾਂ ਅਤੇ ਵਰਕਰਾਂ ਤੱਕ ਹੀ ਸੀਮਿਤ ਨਹੀਂ ਸੀ ਰਹੇ, ਸਗੋਂ ਗਲੀਆਂ, ਬਾਜ਼ਾਰਾਂ, ਹਲ ਵਾਹੁੰਦਿਆਂ, ਮੱਝਾਂ ਚਾਰਦਿਆਂ, ਸੌਦੇ ਤੋਲਦਿਆਂ, ਰੋਟੀਆਂ ਪਕਾਂਦੀਆਂ, ਚਰਖੇ ਕੱਤਦੀਆਂ, ਗੁੱਲੀ ਡੰਡਾ ਤੇ ਖਿਦੋ ਖੂੰਡੀ ਖੇਡਦਿਆਂ ਵਿੱਚ ਵੀ ਘਰ ਕਰ ਗਈ ਹੋਈ ਸੀ । ਜਦੋਂ ਸਰਕਾਰ ਦੇ ਪਿੱਠੂ, ਝੋਲੀ ਚੁੱਕ ਤੇ ਚੁਗਲ ਖੋਰ ਗਲੀਆਂ ਬਾਜ਼ਾਰੀਂ ਲੰਘਦੇ ਤਾਂ ਉਥੇ ਖੇਡਦੇ ਬੱਚੇ ਵੀ ਉਹਨਾਂ ਨੂੰ ਚਿੜਾਣ ਵਾਸਤੇ ਪ੍ਰੀ-ਪਲੈਨਡ—ਟੋਲੀਆਂ ਵਿੱਚ ਕੋਲੋਂ ਦੀ ਲੰਘਦੇ ਤੇ ਇਹ ਗਾਉਂਦੇ :—

ਜ਼ੈਲਦਾਰੋ ਤੇ ਲੰਬੜਦਾਰੋ,
ਚੁਗਲ-ਖੋਰੋ ਤੇ ਝੋਲੀ ਚੁੱਕੋ,
ਮਾਂ ਤੁਹਾਡੀ ਸਾਨੂੰ ਬੜਾ ਸਤਾਂਦੀ ਏ ।

ਕਣਕ ਕਪਾਹ ਤੇ ਹੋਰ ਪਦਾਰਥ,
ਪੇਕੇ ਸਭ ਪਹੁਚਾਂਦੀ ਏ ।

ਸਾਰੀ ਕਣਕ ਬਾਪੂ ਦੀ ਵਿਕ ਜਾਏ,
ਮਾਮਲਾ ਵੀ ਨਾ ਲਾਂਹਦੀ ਏ ।

ਦਾਣੇ ਵੇਚ ਕੇ ਆਇਆ ਏ ਬਾਪੂ,
ਚੀਜੀ ਨਹੀਂ ਲਿਆਂਦੀ ਏ ।

ਚੋਹ ਸਾਲਾਂ ਤੋਂ ਨਹੀਂ ਧੀ ਵਿਆਹੀ,
ਬੇਬੇ ਵੱਢ ਵੱਢ ਖਾਂਦੀ ਏ । ..

ਜ਼ਰਾ ਮੁਲਾਂਕਣ ਕਰੋ ਨੰਨ੍ਹਿਆਂ ਮੁੰਨਿਆਂ ਵਿੱਚ ਵੀ ਆਜ਼ਾਦੀ ਲਈ ਚਿਣਗ ਦਾ ਅਤੇ ਅੰਗਰੇਜ਼ ਸਰਕਾਰ ਦੀ ਭਾਰਤ ਵਿਚੋਂ ਕੱਚੇ ਮਾਲ ਦੀ ਲੁੱਟ ਖਸੁੱਟ ਅਤੇ ਉਸ ਸਮੇਂ ਦੀ ਬਿਲਕੁਲ ਨਿੱਘਰ ਚੁੱਕੀ ਕਿਸਾਨੀ ਆਰਥਿਕਤਾ ਦੀ ਮੂੰਹ ਬੋਲਦੀ ਹੂ-ਬ ਹੂ ਤਸਵੀਰ ਦਾ ।

ਆਜ਼ਾਦੀ ਸੰਘਰਸ਼ ਦੇ ਸਾਂਦਲਬਾਰ ਵਿਚ ਲੋਕ ਲਹਿਰ ਬਣ ਚੁਕਣ ਦੀਆਂ ਹੋਰ ਉਦਾਹਰਣਾ ਵੇਖੋ । ਉਹਨਾਂ ਦਿਨਾਂ ਵਿਚ ਸਾਂਦਲਬਾਰ ਦੇ ਅਨੇਕਾਂ ਆਗੂਆਂ. ਵਰਕਰਾਂ, ਆਪਣਾ 2 ਕਾਰੋਬਾਰ ਕਰਦਿਆਂ ਅਤੇ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਫੜ ਫੜ ਕੇ ਜੇਹਲਾਂ 'ਚ ਡੱਕ ਦਿੱਤਾ ਤਾਂ ਉਪਰ ਲਿਖੇ ਵਾਂਗੂੰ ਰਸੋਈਆਂ ਵਿਚ, ਚਰਖਿਆਂ ਅਤੇ ਮਧਾਣੀਆਂ ਅੱਗੇ, ਹਵੇਲੀਆਂ ਅਤੇ ਝੁਆੜਿਆਂ ਵਿੱਚ, ਟੱਕੇ ਗੇੜਦਿਆਂ ਨੇ ਸੁਰਾਂ ਤੇ ਤਾਣਾਂ ਨਾਲ ਇਹ ਕੁੱਝ ਗਾਇਆ :—

ਟੋਪੀ ਵਾਲੇ ਜ਼ਾਲਮ,
ਬੂਹੇ ਜੇਲ੍ਹਾਂ ਦੇ ਖੋਲ੍ਹ
ਸਾਨੂੰ ਮਿਲਣੇ ਦੀ ਲੋੜ
ਟੋਪੀ ਵਾਲੇ ਜ਼ਾਲਮ.........

1. ਸੁਚਾ ਸਿੰਘ ਸੁੱਚਾ,
ਕੰਮ ਕਰਦਾ ਏ ਉੱਚਾ
ਉਡਦਾ ਬਾਜ਼ਾਂ ਤੋਂ ਉੱਚਾਂ
ਉਹਦੇ ਸਚੇ ਨੇ ਬੋਲ,
ਟੋਪੀ ਵਾਲੇ ਜ਼ਾਲਮ............

2. ਕਰਤਾਰ ਸਿੰਘ ਸਰਦਾਰ,
ਕੈਦ 25 ਏ ਸਾਲ
ਜੇਹਲ ਵਿਚ ਬੀਮਾਰ,
ਉਹਦੇ ਕੋਈ ਨਹੀਂ ਕੋਲ
ਟੋਪੀ ਵਾਲੇ ਜ਼ਾਲਮ.........

3. ਲਖਾ ਸਿੰਘ ਕੁਰਲਕਾ ਜੀਵੇ,
ਪਾਟੇ ਫੱਟਾਂ ਨੂੰ ਸੀਵੇ ।
ਜੇਹਲੀਂ ਮੁੜ ਮੁੜ ਕੇ ਥੀਵੇ,
ਉਹਨੂੰ, ਘਰ ਨੂੰ ਤੋਰ,
ਸਾਨੂੰ ਮਿਲਦੇ ਦੀ ਲੋੜ
ਟੋਪੀ ਵਾਲੇ ਜ਼ਾਲਮ.........

4. ਖੜਕ ਸਿੰਘ ਪਿਆ ਖੜਕੇ,
ਉਹਨੂੰ ਲੈ ਗਏ ਨੇ ਫੜ ਕੇ,
ਸਾਡੇ ਸੀਨੇ ਵਿਚ ਰੜਕੇ,
ਡਕਿਆ ਜੇਹਲ ਵਿਚ ਅੜਕੇ,
ਤੇਰੇ ਖੋਲਦਾ ਏ ਪੋਲ
ਟੋਪੀ ਵਾਲੇ ਜ਼ਾਲਮ......

ਬੂਹੇ ਜੇਲ੍ਹਾਂ ਦੇ ਖੋਲ,
ਸਾਨੂੰ ਮਿਲਣੇ ਦੀ ਲੋੜ

ਲੋਕ ਲਹਿਰ ਦੇ ਰੂਪ ਵਿਚ ਇਹ ਸਾਂਦਲ ਬਾਰੀਆਂ ਦੇ ਲੂੰ ਲੂੰ ਵਿੱਚ ਹੱਡ ਮਾਸ ਅਤੇ ਧੁਰ ਅੰਦਰ ਤੱਕ ਕਿੱਥੋਂ ਤੱਕ ਰੱਚ ਗਈ ਹੋਈ ਸੀ ਇਕ ਉਦਾਹਰਣ ਦੇਂਦਾ ਹਾਂ :—

ਪਿੰਡ ਜੈ ਚੱਕ ਜ਼ਿਲ੍ਹਾ ਸੇਖੂਪੁਰਾ ਦੇ ਯੁਵਕ ਹਜ਼ੂਰ ਸਿੰਘ ਨੇ ਵੀ ਬੀ. ਏ. ਪਾਸ ਕਰ ਲਈ। ਉਸ ਵੇਲੇ ਕਿਸੇ ਜ਼ਿਲ੍ਹੇ ਵਿੱਚ ਬੀ. ਏ. ਪਾਸ ਗਰੇਜੂਏਟ, ਉਂਗਲਾਂ ਤੇ ਗਿਣੇਂ ਜਾਣ ਜੋਗੇ ਹੀ ਹੁੰਦੇ ਸੀ। ਹਜ਼ੂਰ ਸਿੰਘ ਨੂੰ ਦਿੱਲੀ, ਵਾਇਸਰਾਏ ਦੇ ਦਫ਼ਤਰ ਵਿੱਚ ਨੌਕਰੀ ਮਿਲੇ। ਉਸ ਦੇ ਪਿਤਾ ਸ: ਸ਼ੇਰ ਸਿੰਘ ਨੇ ਜੋਰ ਦੇ ਕੇ ਕਿਹਾ "ਓ ਹਜ਼ੂਰਿਆ, ਇਹਨਾਂ ਚੂਹੜਿਆਂ (ਅੰਗਰੇਜ਼ਾਂ) ਦੀ ਨੌਕਰੀ ਨਹੀਂ ਕਰਨੀ। ਇਹਨਾਂ ਸਾਡਾ ਰਾਜ ਖੋਹ ਕੇ ਸਾਨੂੰ ਗੁਲਾਮ ਬਣਾਇਆ ਹੋਇਆ ਹੈ ਅਤੇ ਸਾਡੀ ਰਾਜ ਮਾਤਾ ਰਾਣੀ ਜਿੰਦਾਂ ਦੀ ਬੜੇ ਬੇਇਜ਼ਤ ਢੰਗ ਨਾਲ ਤਲਾਸ਼ੀ ਲਈ ਸੀ। "ਬਹੁਤ ਆਦਮੀਆ ਦੇ ਜ਼ੋਰ ਦੇਣ ਤੇ ਵੀ ਉਹ ਸੇਰ ਸਿੰਘ ਨਹੀਂ ਸੀ ਮੰਨਿਆ ਅਤੇ ਠੋਕ ਵਜਾ ਕੇ ਕਿਹਾ ਕਿ ਜਦ ਤਕ ਅਸੀਂ ਅੰਗਰੇਜਾਂ ਨੂੰ ਦੇਸ਼ 'ਚੋਂ ਕੱਢ ਨਹੀਂ ਲੈਂਦੇ ਜੇ ਇਹ ਸਰਕਾਰ ਦੀ ਨੌਕਰੀ ਕਰੇ ਤੇ ਨਾ ਇਹ ਪੁੱਤਰ ਤੇ ਨਾ ਮੈਂ ਪਿਓ, ਜਾਂ ਘਰ ਵਿਚ ਇਹ ਰਹੇਗਾ ਜਾਂ ਮੈਂ।' ਉਸ ਹਜ਼ੂਰ ਸਿੰਘ ਨੇ ਸਾਰੀ ਉਮਰ ਸਰਕਾਰੀ ਨੌਕਰੀ ਨਹੀਂ ਕੀਤੀ ਅਤੇ 1947 ਪਿਛੋਂ ਖਾਲਸਾ ਹਾਈ ਸਕੂਲ ਤਲਵੰਡੀ ਸਾਹਿਬ (ਦਮਦਮਾ ਸਾਹਿਬ) ਵਿਖੇ ਹੈਡ ਮਾਸਟਰ ਦੇ ਤੌਰ ਤੇ ਨੌਕਰੀ ਕਰਦੇ ਰਹੇ।"

ਸ: ਵਿਰਸਾ ਸਿੰਘ ਵਿਰਕ ਸੈਫਦੀਪੁਰ ਦੇ ਮੈਨੂੰ ਦੱਸੇ ਅਨੁਸਾਰ ਸਾਂਦਲਬਾਰ ਵਿਚ 20ਵਿਆਂ ਵਿੱਚ ਹਾਲਾਤ ਏਨੇ ਗਰਮ ਹੋ ਗਏ ਸਨ ਕਿ ਸਾਨੂੰ ਮਾਪੇ ਸਕੂਲਾਂ ਵਿੱਚ ਪੜ੍ਹਣ ਨਹੀਂ ਸਨ ਭੇਜਦੇ ਕਿਉਂਕਿ ਅਠਵੀਂ-ਦੱਸਵੀਂ ਦੇ ਮੁੰਡੇ ਸਕੂਲਾਂ 'ਚੋਂ ਹੀ ਅਗਾਂਹ ਕਿਸੇ ਨਾ ਕਿਸੇ ਜਥੇ/ਜਲਸੇ/ਜਲੂਸ ਵਿਚ ਜਾ ਰਲਦੇ, ਨਾਅਰੇ ਲਾਂਦੇ ਤੇ ਜੇਹਲੀਂ ਪਹੁੰਚ ਜਾਂਦੇ। ਇਹਨਾਂ ਕਾਰਨਾਂ ਕਰਕੇ ਅਸੀਂ ਪੜ੍ਹਾਈਆਂ ਵੀ ਨਾ ਕਰ ਸਕੇ।

ਖੈਰ ਆਜ਼ਾਦੀ ਮਿਲ ਗਈ, ਆਜ਼ਾਦੀ ਨੂੰ ਵਰਣ ਲਈ ਸਾਂਦਲਬਾਰ ਦੇ ਇੱਕ ਇੱਕ ਕਣ ਦਾ ਇੱਕ ਇੱਕ ਮਣ ਤੋਂ ਵੱਧ ਯੋਗਦਾਨ ਹੈ ਤੇ ਘਰ ਪਹੁੰਚ ਕੇ ਫਿਰ ਆਜ਼ਾਦੀ ਨੇ ਸਾਂਦਲਬਾਰ ਤੋਂ ਘੁੰਡ ਚੁਕਾਈ ਕੀ ਲਈ? 1947 ਦਾ ਘਲੂਘਾਰਾ ਸਾਡੇ ਪਿੰਡੇ ਦੇ ਨਾਲੋਂ ਘਸਰ ਘਸਰ ਕੇ ਇਸ ਨੂੰ ਵੱਢ ਵੱਢ ਕੇ ਲੰਘਿਆ ਸੀ ਜਿਨ੍ਹਾਂ ਨੇ ਅੱਖੀਂ ਨਹੀਂ ਡਿੱਠਾ ਉਹ ਸਾਡੇ ਤੋਂ (1947 ਦੇ ਪਹਿਲਾਂ ਦੇ ਸਾਂਦਲਬਾਰੀਆਂ ਤੋਂ) ਸੁਣਿਆ ਕਰੋ ਅਤੇ ਲਿਖਿਆ ਕਰੋ ਜਾਂ ਅੰਮ੍ਰਿਤਾ ਪ੍ਰੀਤਮ ਦੀ ਉਹ ਕਵਿੱਤਾ ਅਤੇ ਜਾਂ ਉਸ ਕਵਿਤਾ ਦੀਆਂ ਇਹ ਲਾਈਨਾਂ ਹੀ ਗੁਣ-ਗੁਣਾਇਆ ਕਰੋ :—

ਇੱਕ ਰੋਈ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਈਆਂ ਤੈਨੂੰ, ਵਾਰਸਸ਼ਾਹ ਨੂੰ ਕਹਿਣ।

ਉਠ ਦਰਦ ਮੰਦਾਂ ਦਿਆ ਦਰਦੀਆ ਉਠ ਤੱਕ ਆਪਣਾ ਪੰਜਾਬ।
ਅੱਜ ਬੇਲੇ ਲਾਸ਼ਾਂ ਵਿਛੀਆਂ ਅਤੇ ਲਹੂ ਦੀ ਭਰੀ ਚਨਾਬ।

ਸੋ ਅਸੀਂ ਕੇਵਲ ਆਜ਼ਾਦੀ ਲਿਆਉਣ ਲਈ ਹੀ ਨਹੀਂ, ਆਜ਼ਾਦੀ ਆਉਣ ਤੇ ਵੀ ਘਰ ਲੁਟਾਏ, ਇਸ ਨੂੰ ਬੱਚੇ ਖੁਆਏ, ਘਰ ਛੱਡੇ, ਰਫਿਊਜੀ ਅਖਵਾਏ :—

ਰਫਿਊਜੀ ਲਫ਼ਜ ਬੋਲਣ ਵਿੱਚ ਛੋਟਾ ਜਿਹਾ ਹੈ ਪਰ ਇਸ ਦੇ ਅਰਥ ਕਰੋ, ਵਿਆਖਿਆ ਕਰੋ, ਰਫਿਊਜੀ ਜੀਵਨ ਨੂੰ ਲਫਜਾਂ ਵਿੱਚ ਚਿਤਰੋਂ, ਅਰਥ ਪੂਰੀ ਤਰ੍ਹਾਂ ਸਮਝ ਤੇ ਤਾਂ ਆਵੇਗਾ ਕਿਤੇ ਰਫਿਊਜੀ ਬਣ ਕੇ ਵੇਖੋ..... ਘਰ ਛੱਡਣੇ, ਘਾਟ ਛੱਡਣੇ, ਜਾਇਦਾਦਾਂ ਛਡਣੀਆਂ, ਥੋੜਾ ਬਹੁਤ ਸਾਮਾਨ ਗੱਡਿਆਂ ਉਤੇ (ਉਵੇਂ ਅੱਜ ਰਫਿਊਜੀ ਬਨਣਾ ਸ਼ਾਇਦ ਕੁਝ ਸੌਖਾ ਹੋਵੇ ਟ੍ਰਾਲੀਆਂ ਹਨ, ਟੈਂਪੂ ਹਨ, ਬਹੁਤ ਮਸ਼ੀਨਰੀ ਹੈ।) ਸੜਕਾਂ ਦੇ ਕਿਨਾਰੇ ਭੋਏ 'ਚ ਨਿੱਕਾ ਜਿਹਾ ਟੋਇਆ ਪੁੱਟ ਕੇ ਚੁਲ੍ਹ ਬਨਾਉਣੀ, ਆਲੇ ਦੁਆਲਿਓਂ ਢੀਂਗਰੀਆਂ ਇਕੱਠੀਆਂ ਕਰਕੇ ਬਾਲਣ ਬਨਾਉਣਾ ਤੇ ਉਥੇ ਰੋਟੀਆਂ ਪਕਾਉਣੀਆਂ, ਉਤੇ ਲੂਣ ਰਗੜਣਾ ਤੇ ਤੂਤੀਆਂ ਬਣਾ ਕੇ ਖਾਈ ਜਾਣੀਆਂ ਆਦਿ ਆਦਿ.........

ਆਜ਼ਾਦੀ ਲਈ ਸੰਘਰਸ਼ ਤੋਂ ਲੈ ਕੇ ਆਜ਼ਾਦੀ ਪ੍ਰਾਪਤੀ ਪਿਛੋਂ ਤੱਕ ਵੀ ਘਰਾਂ ਦੀਆਂ, ਆਪਣੀਆਂ ਅਤੇ ਬਾਲ ਬੱਚਿਆਂ ਦੀਆਂ ਅਹੂਤੀਆਂ ਦੇਂਦੇ ਜਾਣ ਤੋਂ ਬਾਅਦ ਸਾਨੂੰ ਇਸ ਆਜ਼ਾਦ ਹੋ ਚੁੱਕੇ ਦੇਸ਼ ਵਲੋਂ ਕੀ ਕੁਝ ਮਿਲਿਆ? ਤੋਹਫੇ ਮਿਲਣ ਕਿਆ ਬਾਤ ਹੈ ਤੋਹਫਿਆਂ ਦੀ ਜਾਇਦਾਦਾਂ ਨੂੰ ਕੱਟਾਂ, ਚੋਥਾ ਹਿੱਸਾ, ਤੀਜਾ ਹਿੱਸਾ, ਅੱਧ ਸੁੱਧ ਸਾਡੀਆਂ ਓਧਰ ਦੀਆਂ ਆਪਣੀਆਂ ਜਾਇਦਾਦਾਂ ਇਸ ਆਜ਼ਾਦ ਦੇਸ਼ ਅਤੇ ਆਜ਼ਾਦ ਦੇਸ਼ ਵਿੱਚ ਆਪਣੀ ਸਰਕਾਰ ਨੇ ਕੱਟ ਲਈਆਂ। ਜੰਗੀਰ ਸਿੰਘ ਕੱਟੀਏ, ਅਮਰ ਸਿੰਘ ਗਿੱਲ ਵਰਗੇ ਜਫਰ ਜਾਲਣ ਵਾਲਿਆਂ ਨੂੰ ਵੀ 30 ਏਕੜ ਜ਼ਮੀਨ 'ਚੋਂ 18 ਏਕੜ ਮਿਲੀ, 15 ਵਾਲੇ ਨੂੰ 10 ਹੀ ਮਿਲੀ ਆਦਿ ਆਦਿ। ਕਈ ਦਹਾਕੇ ਵਰ੍ਹੇ ਉਹਨਾਂ ਦਾ ਸੁਖ ਦੁਖ ਕਿਸੇ ਪੁਛਿਆ ਹੀ ਨਹੀਂ। ਹੁਣ ਪੋਲੀਟੀਕਲ ਸਫਰਰਜ਼ ਨਾਲ ਜਨਰਲ ਪੈਨਸ਼ਨਾਂ ਮਿਲੀਆਂ ਹਨ। ਆਜ਼ਾਦ ਭਾਰਤ ਦੀ ਆਪਣੀ ਸਰਕਾਰੇ :—

ਇਸ ਦੇਸ਼ ਦੀ ਆਜ਼ਾਦੀ ਲਈ ਘਰ ਲੁਟਾਏ, ਆਪਾਂ।
ਇਹ ਦੇਸ਼ ਦੀ ਆਜ਼ਾਦੀ ਲਈ ਸੀਸ ਲਾਏ, ਆਪਾਂ।
ਤੇ ਜਦੋਂ ਆਜ਼ਾਦੀ ਮਿਲ ਗਈ,

ਇਸ ਦੇਸ਼ ਦੀ ਆਜ਼ਾਦੀ ਨੂੰ ਲਹੂ ਨੁਹਾਏ, ਆਪਾਂ ।
ਇਸ ਦੇਸ਼ ਦੀ ਆਜ਼ਾਦੀ ਨੂੰ ਬੱਚੇ ਖੁਆਏ, ਆਪਾਂ ।
ਇਸ ਦੇਸ਼ ਦੀ ਆਜ਼ਾਦੀ ਲਈ ਰਫਿਊਜ਼ੀ[1] ਕਹਾਏ ਆਪਾਂ ।
ਇਸ ਦੇਸ਼ ਦੀ ਆਜ਼ਾਦੀ (ਆਉਣ ਤੇ)[2] ਕੱਟ ਲੁਆਏ ਆਪਾਂ ।
ਅਤੇ ਫਿਰ ਵੀ ਇਹਨਾਂ ਹਾਲਤਾਂ 'ਚ ਵੀ,
ਇਸ ਦੇਸ਼ ਦੀ ਆਜ਼ਾਦੀ ਦੇ ਜਸ਼ਨ ਮਨਾਏ ਆਪਾਂ ।
ਇਸ ਦੇਸ਼ ਦੀ ਆਜ਼ਾਦੀ ਦੇ ਗੀਤ ਗਾਏ ਆਪਾਂ ।
ਇਸ ਦੇਸ਼ ਦੀ ਆਜ਼ਾਦੀ ਤੇ ਭੰਗੜੇ ਪਾਏ ਆਪਾਂ ।
ਫਿਰ
ਇਸ ਦੇਸ਼ ਦੀ ਖੁਸ਼ਹਾਲੀ ਲਈ ਮੁੜ੍ਹਕੇ ਵਹਾਏ ਆਪਾਂ ।

ਇਹ ਦੇਸ਼ ਤਾਂ ਪਰ ਸਾਡਾ ਚੇਤਾ ਹੀ ਰਿਹਾ ਭੁਲਾਈ ।
ਇਤਿਹਾਸ ਵਿਚੋਂ ਸਾਡਾ ਨਾਂ ਹੀ ਰਿਹਾ ਏ ਲੁਕਾਈ ।
ਇਸ ਦੇਸ਼ ਨੂੰ ਅਜ ਆਪਣਾ, ਮੰਨਣੋਂ ਵੀ ਕਿਸੇ ਮਨਾਹੀ[3] ।
ਫਿਰ ਵੀ ਐ ਦੇਸ਼ ਭਾਰਤ, ਆਜ਼ਾਦੀ ਦੀ ਦਿਆਂ ਵਧਾਈ ।
ਬੁਲ੍ਹਾਂ ਤੇ ਬਾਤ ਆਈ, ਜਾਂਦੀ ਨਹੀ ਲੁਕਾਈ,
ਸਾਨੂੰ ਨਹੀਂ ਰਾਸ ਆਈ, ਸਾਡੀ ਰਹੀ ਕਰ ਤਬਾਹੀ ।
.........ਫਿਰ ਵੀ ਦਿਆਂ ਵਧਾਈ ।

ਕਿਉਂਕਿ ਸਾਂਦਲਬਾਰ ਦੇ ਲੋਕਾਂ ਦਾ ਏਡੀਆਂ ਕੁਠਾਲੀਆਂ 'ਚੋਂ ਅਤੇ ਏਡੇ ਘਾਣਾਂ ਚੋਂ ਲੰਘ ਕੇ ਏਨਾ ਵੱਡਾ ਜਿਗਰਾ ਅਤੇ ਸ਼ਾਬਤ ਸੁਭਾਅ ਹੋ ਗਿਆ ਹੋਇਆ ਹੈ ਕਿ :—

ਸਾਡੇ ਦਿਲਾਂ ਵਿਚਲੇ ਸੂਲਾ ਸਲਾਂ ਹੇਠੋਂ ਵੀ,
ਸੁਖ ਸਾਂਦ ਨਿਕਲੂ, ਆਸ਼ਾਵਾਦ ਨਿਕਲੂ ।
ਸਾਡੇ ਦਿਲੋਂ ਨਿਕਲੂ, ਜਦ ਵੀ ਇਹ ਹੀ ਨਿਕਲੂ,
ਤੇਰੇ ਲਈ ਕੋਈ ਚੰਗੀ ਮੁਰਾਦ ਨਿਕਲੂ ।

ਕਿਉਂ ਜੋ ਗਿਲੇ ਤੇਰੇ ਤੇ ਕੀ ਹੋਣੇ ਹਨ, ਜਿਨ੍ਹਾਂ ਦੇ ਪੰਜੇ ਤੇ ਸ਼ਕੰਜੇ ਵਿੱਚ ਤੂੰ ਆ ਗਿਆ ਹੋਇਆ ਹੈਂ, ਉਹਨਾਂ ਤੇ ਹਨ ।

ਆਜ਼ਾਦੀ ਸੰਘਰਸ਼ ਵਿਚਲੇ ਜੋ ਨੈਸ਼ਨਲ ਲੈਵਲ ਦੇ ਆਗੂ ਰਹੇ ਉਹਨਾਂ ਦੇ ਦਿਲਾਂ ਵਿੱਚ ਸਾਂਦਲਬਾਰ ਦੇ ਲੋਕਾਂ ਲਈ ਕਿੰਨਾ ਸਤਿਕਾਰ ਤੇ ਵਿਸ਼ਵਾਸ ਸੀ, ਮਹਾਤਮਾ ਗਾਂਧੀ ਦੇ 1921 ਈ: ਵਿੱਚ ਨਨਕਾਣਾ ਸਾਹਿਬ ਦੇ ਸਫ਼ਲ ਸਾਕੇ ਬਾਰੇ ਭੇਜੀ ਤਾਰ ਕਿ ਹਿੰਦੁਸਤਾਨ ਦੀ ਆਜ਼ਾਦੀ ਲਈ ਸਦੀ

---

1. ਰਫਿਊਜ਼ੀ ਸ਼ਬਦ ਬੋਲ ਲੈਣਾ ਹੀ ਸੌਖਾ ਹੈ ਪਰ ਰਫਿਊਜ਼ੀ ਬਨਣਾ, ਤੋਬਾ ! ਵਸਦੇ ਰਸਦੇ ਭਰੇ ਭਰਾਏ ਘਰ ਛੱਡ ਕੇ ਨਿਕਲ ਆਉਣਾ ਅਤੇ ਮੰਗੇ ਤੰਗੇ, ਖੋਹੇ ਘਸੀਟੇ, ਸਰਕਾਰ ਵਲੋਂ ਮੁਫ਼ਤ ਦਿੱਤੇ ਦਾਣੇ.ਆਟੇ ਸੜਕਾਂ ਦੇ ਕੰਢਿਆਂ ਤੇ, ਪਲੇਟ ਫਾਰਮਾਂ ਤੇ ਕੈਂਪਾਂ ਵਿੱਚ ਇੱਟਾਂ ਧਰ ਕੇ ਚੁਲ੍ਹਾ ਜਾਂ ਇੱਟਾਂ ਵੀ ਨਾ ਮਿਲਣੀਆਂ ਤੇ ਭੋਏਂ ਵਿੱਚ ਹੀ ਟੋਏ ਪੁਟ ਕੇ ਚੁਲ੍ਹਾ ਬਣਾ ਕੇ, ਇੱਕੋ ਪਤੀਲੀ ਵਿਚ ਵਾਰੀ ਵਾਰੀ ਬਾਥੂ ਚਲਾਈ ਆਦਿ ਸਾਗ ਦੇ ਪੱਤੇ ਉਬਾਲਣੇ, ਆਸਿਓਂ ਪਾਸਿਓਂ ਢੀਂਗਰੀਆਂ ਇਕੱਠੀਆਂ ਕਰਕੇ ਬਾਲਣੀਆਂ ਆਦਿ ਆਦਿ ।
2. ਇਨਾਮ ਇਹ ਮਿਲਿਆ ਕਿ ਜਾਇਦਾਦਾਂ ਨੂੰ ਕੱਟਾਂ ਲਗੀਆਂ ।
3. ਕਿਵੇਂ ਮਨਾਹੀ ਦਿੱਸ ਰਹੀ ਹੈ, ਇਹ ਪੂਰੀ ਗੱਲ ਤਾਂ ਇੱਕ ਵੱਖਰੇ ਪੂਰੇ ਸੈਮੀਨਾਰ ਵਿੱਚ ਹੀ ਹੋ ਸਕਦੀ ਹੈ । ਏਥੇ ਏਨਾ ਸਮਾਂ ਤੇ ਥਾਂ ਨਹੀਂ ।

ਗੁਜਰਾਂਵਾਲਾ ਵਿਚ ਛੇਵੀਂ ਸਰਬ ਹਿੰਦ ਸਿੱਖ
ਤੋਂ ਵੱਧ ਲੰਮੇ ਸੰਘਰਸ਼ ਵਿੱਚ ਇਹ ਪਹਿਲੀ ਸਫ਼ਲ ਲੜਾਈ ਹੈ, ਸੁਭਾਸ਼ ਚੰਦਰ ਬੋਸ ਦੇ ਉਚੇਚੇ ਤੌਰ ਤੇ ਗੁਜਰਾਂਵਾਲਾ ਵਿਚ ਛੇਵੀਂ ਸਰਬ ਹਿੰਦ ਸਿੱਖ ... ਖਿੱਤਾ ਦਿੱਤਾ ਜਾਣਾ
ਕਾਨਫਰੰਸ ਵਿੱਚ ਜਾ ਕੇ ਸ਼ਾਮਲ ਹੋਣਾ ਅਤੇ ਪੰਡਿਤ ਨਹਿਰੂ ਦਾ ਕਹਿਣਾ ਕਿ ਸਿੱਖਾਂ ਨੂੰ ਉੱਤਰੀ ਭਾਰਤ ਵਿੱਚ ਇੱਕ ਅਜਿਹਾ ਖਿੱਤਾ ਦਿੱਤਾ ਜਾਣਾ
ਚਾਹੀਦਾ ਹੈ ਜਿਥੇ ਉਹ ਪੂਰੀਆ ਖੁਲ੍ਹਾਂ ਨਾਲ ਆਜ਼ਾਦੀ ਮਾਣ ਸਕਣ ਅਤੇ ਹੋਰ ਕਿੰਨੀਆਂ ਹੀ ਗੱਲਾਂ ।

ਪਰ ਇਤਿਹਾਸਕਾਰਾਂ ਨੇ ਜ਼ਿਦਗੀ ਦੇ ਹਰ ਪਖੋਂ ਜ਼ਰਖੇਜ਼ ਇਸ ਇਲਾਕੇ ਦੇ ਇਤਿਹਾਸ ਨੂੰ ਉਜਾਗਰ ਕਰਣ ਤੋਂ ਸੰਕੋਚ
ਰਖਿਆ ਹੈ । ਹਾਲਾਂ ਕਿ ਬੌਧਿਕਤਾ ਦੇ ਪੱਖੋਂ ਵੀ ਇਹ ਬਹੁਤ ਵੱਡਾ ਭੰਡਾਰਾ ਰਿਹਾ ਹੈ । ਪੰਜਾਬੀ ਜਗਤ ਦੇ ਅਨੇਕ ਬੁੱਧੀ ਜੀਵੀ, ਸ਼ੁਧੀ ਜੀਵੀ, ਸਮਾਜਕ
ਆਗੂ, ਧਾਰਮਿਕ, ਸੁਧਾਰਕ, ਰਾਜਨੀਤਕ, ਸੂਝਵਾਨ, ਕੁਰਬਾਨੀਆਂ ਦੇ ਸ਼ੇਰ, ਧੀਰਜਾਂ ਦੇ ਪਰਬਤ ਭਾਵ ਜ਼ਿੰਦਗੀ ਦੇ ਹਰ ਪੱਖ ਦੇ ਮੁਦੱਈ ਤੇ ਧੜੱਵਈ
ਮਨੁੱਖ ਇਸ ਇਲਾਕੇ ਦੀ ਦੇਣ ਹਨ ਜੋ ਸਮੁੱਚੇ ਪੰਜਾਬੀ ਜਗਤ ਦੇ ਬਹੁਮੁੱਲੇ ਹੀਰੇ, ਰਤਨ, ਜਵਾਹਰ ਮਾਣਕ ਰੂਪੀ ਬਹੁਮੁੱਲਾ ਖਜ਼ਾਨਾ ਹਨ । ਇਹਨਾਂ ਦੇ
ਨਾਓਂ ਤੁਹਾਡੀ ਜਾਣਕਾਰੀ ਵਾਸਤੇ ਲਿਖਦਾ ਹਾਂ :—

ਬਾਬਾ ਫਰੀਦ ਨੇ ਦੋਹੇ ਏਥੇ ਹੀ ਉਚਾਰੇ, ਸ੍ਰੀ ਗੁਰੂ ਨਾਨਕ ਦੇਵ ਜੀ, ਸ਼ਾਹ ਅਨਾਇਤ, ਬੁਲ੍ਹੇ ਸ਼ਾਹ, ਪੰਜਾਬੀ ਦਾ ਸੇਕਸਪੀਅਰ ਵਾਰਸ ਸ਼ਾਹ,
ਲਾਲਾ ਕ੍ਰਿਪਾ ਸਾਗਰ, ਧੰਨੀ ਰਾਮ ਚਾਤ੍ਰਿਕ, ਉਰਦੂ ਆਲਮ ਸ਼ਾਇਰ ਸਰ ਇਕਬਾਲ ਬਹੁਤ ਸਮਾਂ ਲਾਇਲਪੁਰ ਰਿਹਾ, ਪ੍ਰੋ: ਸਾਹਿਬ ਸਿੰਘ, ਕਰਮ ਸਿਘ
ਹਿਸਟੋਰੀਅਨ, ਦੀਵਾਨ ਸਿੰਘ ਕਾਲੇ ਪਾਣੀ, ਡਾ: ਗੋਕਲ ਚੰਦ ਨਾਰੰਗ, ਬਦੋ ਕੀ ਗੁਸਾਈਆਂ ਗੁਜਰਾਂਵਾਲਾ, ਕਵੀ ਤਖਤ ਸਿੰਘ, ਪ੍ਰੋ: ਦੀਵਾਨ ਸਿੰਘ,
ਅੰਮ੍ਰਿਤਾ ਪ੍ਰੀਤਮ, ਨੰਦ ਲਾਲ ਨੂਰਪਰੀ, ਕੁਲਵੰਤ ਸਿੰਘ ਵਿਰਕ, ਸਾਂਦਲ ਬਾਰ ਦੇ ਇਤਿਹਾਸ-ਵਿਰਕ ਅਤੇ ਹੋਰ ਦੇ ਦੋਵੇਂ ਕਰਤੇ, ਭਾਈ ਜੀਵਨ ਸਿੰਘ
ਅਤੇ ਕੈਪਟਨ ਗੁਰਇਕਬਾਲ ਸਿੰਘ ਗਿਆਨੀ, ਜਥੇਦਾਰ ਹਰਬੰਸ ਸਿੰਘ ਇਸ ਇਤਿਹਾਸ ਦੇ ਬੰਦ ਪਏ ਖਰੜੇ ਨੂੰ ਖੋਲਣ ਵਾਲਾ, ਏਸ਼ੇ ਇਤਿਹਾਸ ਦਾ ਸੰਪਾਦਕ
ਮੈਂ, ਭਗਵੰਤ ਸਿੰਘ ਆਜ਼ਾਦ, ਇਸ ਇਤਿਹਾਸ ਦੇ ਲਿਖਣ ਤੇ ਲਿਖਾਉਣ ਦਾ ਸਭ ਤੋਂ ਪਹਿਲਾਂ ਸੁਫਨਾ ਲੈਣ ਵਾਲਾ ਅਤੇ ਮਹਾਨ ਪ੍ਰਚਾਰਕ ਅਤੇ ਹਿਕਮਤ
ਦਾ ਕਾਵਿਕ-ਲਿਖਾਰੀ ਭਾਈ ਮੂਲ ਸਿੰਘ ਗਰਮੂਲਾ, ਸਿੱਖ ਕੌਮ ਦਾ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ, ਸੁੱਚਾ ਮੋਤੀ ਭਾਈ ਸੁੱਚਾ ਸਿੰਘ ਜੈ ਚਕ,
ਸੁਚਾ ਸਿੰਘ ਚੱਕਰ ਵਾਲਾ, ਨਨਕਾਣਾ ਸਾਹਿਬ ਸਾਕੇ ਦੇ ਮਹਾਨ ਸ਼ਹੀਦ ਭਾਈ ਲਛਮਣ ਸਿੰਘ, ਦਲੀਪ ਸਿੰਘ ਅਤੇ ਹੋਰ ਸ਼ਹੀਦ, ਕਰਤਾਰ ਸਿੰਘ
ਝੱਬਰ, ਪੰਜਾ ਸਾਹਿਬ ਗੱਡੀ ਦੇ ਸਾਕੇ ਦਾ ਸ਼ਹੀਦ ਭਾਈ ਪ੍ਰਤਾਪ ਸਿੰਘ, ਲਾਭ ਸਿੰਘ ਡੋਰਾ ਢੋਲਈ, ਨੂਰੀ ਕੇਬੋ ਕਾ ਢੋਲਈ, ਪੰਜਾਬ ਪ੍ਰਸਿੱਧ ਵਕੀਲ
ਸ੍ਰ: ਦਰਬਾਰਾ ਸਿੰਘ.........

ਦਸ਼ਮੇਸ਼ ਜੀ ਦਾ ਅੰਗ ਰਖਿਅਕ ਬੁੱਢਾ ਸਿੰਘ ਕਾਲੋਕਾ, ਚੌ. ਦਲੀਪ ਸਿੰਘ, ਨਵਾਬ ਕਪੂਰ ਸਿੰਘ, ਚੜ੍ਹਤ ਸਿੰਘ ਸੁਕਰਚਕੀਆ, ਮਹਾਂ ਸਿੰਘ,
ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ, ਸ੍ਰ: ਹਰੀ ਸਿੰਘ ਨਲਵਾ, ਅਮੀਰ ਸਿੰਘ, ਸਾਹਿਬ ਸਿੰਘ, ਸਹਾਈ ਸਿੰਘ (ਤਿੰਨੇ ਭਿਖੀ ਕੇ) ਸਾਹਿਬ ਸਿੰਘ ਝਾਮਕਾ,
ਸ੍ਰ: ਗੁਲਾਬ ਸਿੰਘ ਕੜਯਾਲੀਆ, ਸ੍ਰ: ਬੂਟਾ ਸਿੰਘ ਕੜਯਾਲੀਆ ਡਿਪਟੀ ਸਪੀਕਰ ਇਕੱਠਾ ਪੰਜਾਬ ਅਸੈਂਬਲੀ, ਗਿਆਨੀ ਕਰਤਾਰ ਸਿੰਘ, ਤੇਜਾ ਸ਼ਿੰਘ
ਚੂਹੜਕਾਣਾ, ਜਥੇਦਾਰ ਮਾਨ ਸਿੰਘ ਹੰਬੋ, ਲਖਾ ਸਿੰਘ ਔਲਖ, ਮੁਹੱਬਤ ਸਿੰਘ ਕੋਟੀਆ, ਜੰਗੀਰ ਸਿੰਘ ਕੋਟੀਆ, ਸੇਖੂਪੁਰਾ ਦੇ ਡੀ. ਸੀ. ਦੀ ਕੋਠੀ ਤੋਂ ਦਿਨ
ਦਿਹਾੜੇ ਯੂਨੀਅਨ ਜੈਕ ਲਾਹ ਕੇ ਸਾੜਣ ਅਤੇ ਤਿਰੰਗਾ ਝੁਲਾਉਣ ਵਾਲੇ ਬੰਤਾ ਸਿੰਘ ਖਾਹਰਾ ਅਤੇ ਜਗੀਰ ਸਿੰਘ ਗਾਜੀ, ਕੁੰਦਨ ਸਿੰਘ ਲਾਗਰ, ਜਥੇਦਾਰ
ਅਨੋਖ ਸਿੰਘ ਨਾਵਾਂ, ਸ: ਜੋਗਿੰਦਰ ਸਿੰਘ ਮਾਨ ਅਤੇ ਸ: ਸਿਮਰਨਜੀਤ ਸਿੰਘ ਮਾਨ, ਲੰ: ਜਨਰਲ ਕੁਲਵੰਤ ਸਿੰਘ, ਬਰਫਾਨੀ ਚੋਟੀ ਤੇ ਹਵਾਈ ਜਹਾਜ਼
ਉਤਾਰਨ ਵਾਲਾ ਅਤੇ ਪਹਾੜੀ ਯੁੱਧ ਨੀਤੀ ਦਾ ਪ੍ਰਵਾਨਿਤ ਮਾਹਿਰ ਕਮਾਂਡਰ ਮਿਹਰ ਸਿੰਘ, ਕਸ਼ਮੀਰ ਵਿੱਚ ਝੰਗਰ ਦਾ ਹੀਰੋ ਅਤੇ ਮਹਾਂਵੀਰ ਚੱਕਰ ਵਿਜੇਤਾ
ਲੈ: ਕਰਨਲ ਹਰਹੰਸ ਸਿਘ ਵਿਰਕ ਤੇ ਹੋਰ ।

ਜੇ ਮੈਂ ਕਹਾਂ ਸਿਖ ਧਰਮ, ਸਿਖ ਸੂਰਬੀਰਤਾ, ਸਿਖ ਰਾਜ, ਪੰਜਾਬੀ ਸਾਹਿਤ, ਖਾਸ ਕਰ ਸੂਫ਼ੀ, ਕਿੱਸਾ ਕਾਵਿ, ਅਧਿਆਤਮਕ ਅਤੇ ਧਾਰਮਿਕ
ਸਾਹਿਤ ਅਤੇ ਸਮੁੱਚੇ ਤੌਰ ਤੇ ਸਾਰੇ ਸਿਖ ਇਤਿਹਾਸ ਦਾ ਜਨਮ ਸਾਂਦਲ ਬਾਰ ਵਿੱਚ ਹੋਇਆ, ਲਾਲਣ ਪਾਲਣ ਸਾਂਦਲ ਬਾਰ ਵਿੱਚ ਹੋਇਆ ਸਿਰਜਣਾ
ਸਾਂਦਲ ਬਾਰ ਵਿਚ ਹੋਈ, ਰਿੜਕ ਰਿੜਕ ਕੇ ਇਹਨਾਂ 'ਚੋਂ ਕਰੀਮ ਸਾਂਦਲ ਬਾਰ ਵਿਚ ਨਿਕਲੀ ਤਾਂ ਇਹ ਗਲਤ ਨਹੀਂ ਹੋਵੇਗਾ ।

ਇਸ ਇਲਾਕੇ ਦਾ ਇਤਿਹਾਸ ਇੱਕ ਵੱਡੀ ਪੁਸਤਕ ਦੇ ਰੂਪ ਵਿਚ ਇਸ ਵੇਲੇ ਛਪ ਰਿਹਾ ਹੈ । ਇਸ ਸਬੰਧ ਵਿਚ ਸੰਸਾਰ ਦੇ ਕਿਸੇ ਕੋਨੇ ਵਿਚੋਂ
ਕੋਈ ਵਿਅਕਤੀ ਆਪਣੇ ਵਿਚਾਰ ਤੇ ਜਾਣਕਾਰੀ ਲਿਖ ਕੇ ਮੈਨੂੰ ਹੇਠ ਲਿਖੇ ਪਤੇ ਤੇ ਭੇਜ ਸਕਦਾ ।

ਭਗਵੰਤ ਸਿੰਘ 'ਆਜ਼ਾਦ'
227-ਸੇਵਕ ਕਲੋਨੀ
ਪਟਿਆਲਾ (ਪੰਜਾਬ)

ਇਤਿਹਾਸ ਦੀਆਂ ਲੋੜਾਂ

ਭਾਰਤੀ ਸਾਹਿਤ ਦੇ ਪ੍ਰਸਿੱਧ (ਜਰਮਨ) ਵਿਦਵਾਨ ਡਾਕਟਰ ਮੈਕਸਮਯੂਲਰ ਦਾ ਕਥਨ ਹੈ :—

"ਅਸਾਡੀ ਵਰਤਮਾਨ ਵਿਦਿਆ ਪ੍ਰਣਾਲੀ ਵਿਚ ਇਤਿਹਾਸ ਦਾ ਇਸ ਕਰਕੇ ਮਹੱਤਵ ਪੂਰਨ ਸਥਾਨ ਹੈ ਕਿ ਸਾਡੇ ਵਿਚੋਂ ਹਰ ਵਿਅਕਤੀ ਸਹਿਜੇ ਹੀ ਪਤਾ ਕਰ ਸਕੇ ਕਿ ਅਸੀਂ ਆਪਣੀ ਵਰਤਮਾਨ ਸਥਿਤੀ ਵਿਚ ਕਿਵੇਂ ਪੁੱਜ ਸੱਕੇ ਹਾਂ । ਹਰ ਆਵਣ ਵਾਲੀ ਪੀੜ੍ਹੀ ਨੂੰ ਆਪਣੇ ਉਥਾਂਨ ਅਤੇ ਸਿਖਰ ਤੇ ਪੁੱਜਣ ਦੇ ਹਾਲਾਤ ਦੀ ਪੁਣਛਾਣ ਦਾ ਭਾਰ ਚੁੱਕਣਾ, ਅਤੇ ਪੁਰਾਤਨ ਵਿਚਾਰ ਅਤੇ ਸਮਿਆਂ ਦੀ ਘੋਖ ਕਰਨ ਵਿਚ ਅਕਾਰਨ ਸਿਰ ਦਰਦੀ ਨਾ ਵਿਹਾਜਨੀ ਪਵੇ, ਸਗੋਂ ਲੋਕ ਆਪਣੇ ਪੂਰਵਜਾਂ ਦੇ ਅਨੁਭੂਤ ਗਿਆਨ ਅਤੇ ਪ੍ਰਾਪਤੀਆਂ ਨੂੰ ਦ੍ਰਿਸ਼ਟੀ ਵਿਚ ਰੱਖ ਕੇ, ਬਗੈਰ ਕਿਸੇ ਔਖ ਦੇ ਉਹਨਾਂ ਤੋਂ ਲਾਭ ਪ੍ਰਾਪਤ ਕਰ ਸੱਕਣ ਅਤੇ ਹੋਰ ਉੱਚਤਮ ਆਸ਼ਿਆਂ ਵਲ ਵੱਧ ਕੇ ਧਿਆਨ ਦੇ ਸੱਕਣ।"

ਇਤਿਹਾਸ ਦਾ ਸੰਬੰਧ ਅਧਿਕਤਰ ਮਨੁੱਖ ਜਾਤੀ ਦੇ ਉਸਸਮੇਂ ਦੇ ਵਿਵਹਾਰ ਨਾਲ ਹੈ ਜਦੋਂ ਕਿ ਸਭਯਤਾ ਇਤਨੀ ਉੱਨਤੀ ਕਰ ਚੁੱਕੀ ਸੀ ਕਿ ਮਨੁੱਖਮਾਤ੍ਰ ਇਕੱਠੇ ਰਹਿਣ ਸਹਿਣ ਲੱਗ ਪਏ ਸਨ । ਵਾਸਤਵ ਵਿਚ ਇਤਿਹਾਸ ਦਾ ਕੰਮ ਸਮੇਂ ਦੇ ਨਰੇਸ਼ਾਂ, ਉਹਨਾਂ ਦੇ ਰਾਜਾਂ ਦੇ ਉੱਥਾਨ ਸ਼ਿਖਰ ਅਤੇ ਫਿਰ ਪੱਤਨ, ਅਤੇ ਕੌਮਾਂ ਦੇ ਉਭਾਰਨ, ਪ੍ਰਗਤੀਕਰਨ ਅਤੇ ਫਿਰ ਉਹਨਾਂ ਦੇ ਵਿਨਾਸ਼ ਦੇ ਹਾਲਾਤ ਨੂੰ ਸੰਭਾਲ ਕੇ ਰੱਖਣ ਤਕ ਹੀ ਸੀਮਤ ਰਿਹਾ ਹੈ ।

ਇਸ ਅਸਾਰ ਸੰਸਾਰ ਵਿਚ ਹਰ ਵਕਤ ਹਰ ਸ਼ੈ, ਮਨੁੱਖ ਅਤੇ ਪਸ਼ੂ ਪੰਛੀਆਂ ਵਿਚ ਬਾਲਪਨ, ਜੁਆਨੀ ਫਿਰ ਬੁਢੇਪੇ ਆਦਿ ਦੀ ਤਬਦੀਲੀ ਵਾਪਰਦੀ ਰਹਿੰਦੀ ਹੈ ਅਤੇ ਫਿਰ ਖਾਤਮਾ ਜਾਂ ਮੌਤ ਹੋ ਜਾਂਦੀ ਹੈ । ਇਸੇ ਤਰ੍ਹਾਂ ਕੌਮਾਂ ਦੀ ਪੈਦਾਇਸ, ਫਿਰ ਬਾਲ ਵਰੇਸ਼, ਫਿਰ ਜੁਆਨੀ, ਫਿਰ ਬੁਢੇਪਾ ਅਤੇ ਅੰਤ ਖਾਤਮਾ ਜਾਂ ਮੌਤ ਵਾਪਰਦੀ ਹੈ । ਪਰ ਕੌਮਾਂ ਦਾ ਅੰਤ ਮਨੁੱਖੀ ਅੰਤ ਨਾਲੋਂ ਇੰਝ ਵੱਖਰਾ ਹੁੰਦਾ ਹੈ ਕਿ ਮਨੁੱਖ ਮਰਦਾ ਹੈ ਤਾਂ ਖਤਮ ਹੋ ਜਾਂਦਾ ਹੈ । ਪਰ ਕੌਮ ਦਾ ਜਦੋਂ ਅੰਤ ਹੁੰਦਾ ਹੈ ਤਾਂ ਜਾਂ ਉਹ ਖਤਮ ਹੋਣ ਲਗੀ ਕਿਸੇ ਹੋਰ ਕੌਮ ਲਈ ਆਪਣੇ ਵਜੂਦ ਵਿਚ ਹੀ ਥਾਂ ਬਣਾ ਜਾਂਦੀ ਹੈ ਜਾਂ ਹੋਰ ਕਿਸੇ ਤਾਕਤਵਰ ਕੌਮ ਦੇ ਥੱਲੇ ਲੱਗ ਜਾਂਦੀ ਹੈ ਮਿਸਾਲ ਦੇ ਤੌਰ ਤੇ ਜਦੋਂ ਸਾਡੇ ਆਰਯਾ ਪੂਰਵਜ ਭਾਰਤ ਵਿਚ ਆਏ ਤਾਂ ਭਾਰਤ ਦੇ ਆਦੀਵਾਸੀ ਇਕ ਵੱਖਰੀ ਕੌਮ ਸਨ । ਕਿੰਤੂ ਸਮਾਂ ਪਾ ਕੇ ਉਹ ਆਦੀਵਾਸੀ ਆਰਯ ਲੋਕਾਂ ਵਿਚ ਹੀ ਰਚ ਮਿਚ ਕੇ ਆਪਣਾ ਅਸਤਿਤਵ ਗਵਾ ਬੈਠੇ । ਦੂਸਰੀ ਮਿਸਾਲ ਉਹਨਾਂ ਤਿੱਬਤ ਵਾਸੀਆਂ ਦੀ ਹੈ ਜਿਹਨਾਂ ਉਤੇ ਅੱਜ ਚੀਨੀ ਸਾਮਰਾਜ ਦਨਦਨਾ ਰਿਹਾ ਹੈ ਅਤੇ ਤਿੱਬਤੀ ਉਹਨਾਂ ਦੇ ਥੱਲੇ ਲੱਗੇ ਪਏ ਹਨ । ਇਹ ਗੱਲ ਵੱਖਰੀ ਹੈ ਕਿ ਜੇ ਉਹਨਾ ਤਿੱਬਤੀਆਂ ਉਪਰੋਂ ਕਿਸੇ ਰੱਬੀ ਗੇੜ ਨਾਲ ਚੀਨੀਆਂ ਦੀ ਗੁਲਾਮੀ ਦੀ ਛੱਟ ਉੱਤਰ ਜਾਵੇ ਤਾਂ ਉਹ ਉੱਭਰ ਆਵਣ, ਵਰਨਾ ਅਗਰ ਇਹੋ ਹਾਲ ਰਿਹਾ ਤਾਂ ਤਿਬਤੀ ਨਸਲ, ਸਭਯਤਾ ਅਤੇ ਆਚਰਨ ਦਾ ਸ਼ੀਘਰ ਹੀ ਪਤਨ ਹੋ ਜਾਵੇਗਾ ।

ਇਤਿਹਾਸ ਦੇ ਵਿਦਿਆਰਥੀ ਨੂੰ ਡਾਕਟਰ, ਸਰ ਮੁਹੰਮਦ ਇਕਬਾਲ ਦਾ ਕਥਨ ਯਾਦ ਰੱਖਣਾ ਚਾਹੀਦਾ :—

ਆ ਤੁਝ ਕੋ ਬਤਾਊਂ ਮੈਂ, ਤਕਦੀਰਿ ਉਮੱਮ ਕਿਆ ਹੈ
ਸੈਫ-ਉ-ਸਨਾਂ ਅੱਵਲ, ਚੰਗ ਉ-ਰਬਾਬ ਆਖਰ

ਭਾਵ ਕਿ: ਕੌਮਾਂ ਜੰਮਦੀਆਂ ਹਨ ਨੇਜਿਆਂ ਦੀਆਂ ਨੋਕਾਂ ਵਿਚੋਂ ਅਤੇ ਪਲਦੀਆਂ ਹਨ ਤਲਵਾਰ ਦੀ ਧਾਰ ਉੱਤੇ ਮਗਰ ਸੌਂ ਜਾਂਦੀਆਂ ਹਨ : ਸ਼ਰਾਬ, ਕਬਾਬ, ਸ਼ਬਾਬ ਅਤੇ ਰਬਾਬ ਦੀ ਕੁਵਰਤੋਂ ਕਰਕੇ ! ਕਿਸੇ ਮਨੁੱਖ ਦੇ ਮਰਨ ਦਾ ਗਵਾਢ ਪਤਾ ਲੱਗਦਾ ਹੈ, ਕਿਸੇ ਪਤਵੰਤੇ ਦੇ ਮਰਨ ਦਾ ਪਿੰਡ ਜਾ ਵਸਤੀ ਨੂੰ ਪਤਾ ਲਗਦਾ ਹੈ, ਸ਼ਾਸਕ ਦੇ ਮਰਨ ਦਾ ਪਤਾ ਸ਼ਾਸ਼ਨ ਖੇਤਰ ਵਿੱਚ ਲੱਗਦਾ ਹੈ, ਕਿੰਤੂ ਜਦੋਂ ਕੌਮ ਮਰਦੀ ਹੈ ਤਾਂ ਮੁਸਰੀ ਵਾਙੂੰ ਸੁੱਤੀ ਸੌਂ ਜਾਂਦੀ ਹੈ; ਹੋਰ ਤਾਂ ਹੋਰ ਗਵਾਂਢੀਆਂ ਤੱਕ ਨੂੰ ਪਤਾ ਨਹੀਂ ਲੱਗਦਾ ਕਿ ਕੋਈ ਕੌਮ ਖਤਮ ਹੋ ਗਈ ਹੈ—

ਇਸਦੀ ਇਕ ਉਗਰ ਉਦਾਹਰਨ ਮੌਲਵੀ ਜ਼ਿਆਉਦੀਨ ਆਪਣੀ ਪ੍ਰਸਿੱਧ ਕ੍ਰਿਤ "ਤਾਰੀਖਿ ਕਦੀਮ" ਵਿਚ ਦੇਂਦੇ ਹਨ ਜਿਸ ਦਾ ਭਾਵ ਕੁਝ ਇਉਂ ਹੈ:—

ਚਾਲਡੀਅਨ ਲੋਕ

ਪੁਰਾਤਨ ਬਾਬਿਲ[1] ਨਿਵਾਸੀ ਸੂਰਜ ਗ੍ਰਹਿਣ ਦਾ ਕਾਰਨ ਚੰਦਰਮਾਂ ਦਾ ਧਰਤੀ ਅਤੇ ਸੂਰਜ ਦੇ ਵਿਚਕਾਰ ਆ ਜਾਣਾ ਦੱਸਿਆ ਕਰਦੇ ਸਨ ! ਧਰਤੀ, ਸੂਰਜ, ਚੰਨ ਗ੍ਰਹਿਆਂ, ਉਪ ਗ੍ਰਹਿਆਂ ਦੀ ਚਾਲ ਅਤੇ ਉਹਨਾਂ ਦੇ ਆਪਸੀ ਅੰਤਰਾਂ ਬਾਰੇ ਉਹਨਾਂ ਦੀ ਜਾਣਕਾਰੀ ਵਰਤਮਾਨ ਕਾਲ ਨਾਲੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਸੀ । ਕਿਉਂ ਕਿ ਨਿਸ਼ਕਰਸ਼ ਉਸੇ ਸਮੇਂ ਵਾਲੇ ਹੀ ਹੁਣ ਵੀ ਪ੍ਰਮਾਣਤ ਹਨ । ਯੂਨਾਨੀਆਂ ਨੂੰ ਉਹਨਾਂ ਦੀ ਵਿਦਯਾ ਦੇ ਕੇਵਲ ਇਕ ਭਾਗ ਦਾ ਹੀ ਗਿਆਨ ਸੀ ਜਿਸ ਤੇ ਅੱਜ ਯੂਰਪੀਅਨ ਵਿਗਿਆਨੀ ਆਪਣੀਆਂ ਮੁਛਾਂ ਤੇ ਤਾਉ ਦੇਂਦੇ ਹਨ । ਸੰਭਵ ਹੈ ਕਿ ਬਾਬਲੰਨੀਆ (ਬਾਬਲਨਿਵਾਸੀਆਂ) ਕੋਲ ਦੂਰਬੀਨਾਂ ਵੀ ਸਨ ਕਿਉਂਕਿ ਇਹੋ ਜਿਹੇ ਵਿਗਯਾਨਕ ਪ੍ਰਯੋਗ ਵਿਚ ਯੰਤਰਾਂ ਦਾ ਹੋਣਾ ਜ਼ਰੂਰੀ ਹੈ । ਖੰਡਰਾਂ ਖੋਲਿਆਂ ਵਿਚੋਂ ਕਈ ਐਸੀਆਂ ਹੱਥ ਲਿਖਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਉਤੇ ਨਜੂਮ ਦੇ ਆਧਾਰ ਤੇ ਭਵਿੱਖ ਬਾਣੀਆਂ ਅੰਕਿਤ ਹਨ । ਜਿਵੇਂ ਕਿ ਅਜਕਲ ਪੱਛਮੀ ਵਿਗਯਾਨਕ ਮੌਸਮ ਅਤੇ ਵਰਖਾ ਬਾਰੇ ਅਗਾਊਂ ਸੂਚਨਾਵਾਂ ਦੇਂਦੇ ਹਨ । ਬਾਬਲੋਨੀਆਂ ਵਿਚ ਵੀ ਇਸ ਦਾ ਆਮ ਰਿਵਾਜ ਸੀ ਸਗੋਂ ਉਹ ਭੂਕੰਪ (ਭੂੰਚਾਲ) ਆਦਿ ਬਾਰੇ ਵੀ ਸੂਚਨਾਵਾਂ ਦਿਆ ਕਰਦੇ ਸੀ ।

ਇਹ ਦਸ਼ਾ ਉਹਨਾਂ ਦੇ ਆਪਣੇ ਵਿਗਿਆਨ, ਅਤੇ ਸਭਯਾਚਾਰ ਦੇ ਸਿਖਰ ਵੇਲੇ ਸੀ, ਕਿੰਤੂ ਜਦੋਂ ਉਹਨਾਂ ਦੇ ਪਤਨ ਦੇ ਦਿਨ ਆਏ ਤਾਂ ਉਹਨਾਂ ਦਾ ਦੁਰਾਚਾਰ, ਬੇਹਯਾਈ ਰਸਾਤਲ ਤੱਕ ਪੁੱਜ ਗਈ ਸੀ ਯਥਾ ਬਾਬਲੋਨੀ ਪ੍ਰਦੇਸੀਆਂ ਨੂੰ ਆਕਰਸ਼ਕ ਕਰਨ ਵਾਸਤੇ ਬੇਸ਼ਰਮੀ ਨੂੰ ਉਚਿਤ ਸਮਝਦੇ ਸਨ । ਹਰ ਇਕ ਤੀਵੀਂ ਦਾ ਇਹ ਕਰਤੱਵ ਸਮਝਿਆ ਜਾਂਦਾ ਸੀ ਕਿ ਸਾਲ ਵਿਚ ਉਹ ਇਕ ਵਾਰੀ ਬਿਲਕੀਸ ਦੇਵੀ ਦੇ ਮੰਦਰ ਵਿਚ ਜਾਵੇ, ਅਤੇ ਸ਼ਰੇਆਮ ਜੇ ਕੋਈ ਉਸਦਾ ਤਲਬਗਾਰ ਹੋਵੇ ਤਾਂ ਉਸ ਦੀ ਇੱਛਿਆ ਪੂਰਤੀ ਕਰੇ । ਬਗੈਰ ਵਿਆਹ ਬੰਧਨ ਵਿਚ ਬੰਨ੍ਹਿਆਂ ਬਾਬਲੋਨੀ ਆਪਣੀਆਂ ਕੁਆਰੀਆਂ ਲੜਕੀਆਂ ਮੰਡੀ ਵਿਚ ਸ਼ਾਮ ਨੂੰ ਨੀਲਾਮ ਕੀਤਾ ਕਰਦੇ ਸਨ-ਇਸ ਤੋਂ ਆਸ਼ਾ ਇਹ ਹੁੰਦਾ ਸੀ ਕਿ ਦੂਰ ਦੂਰ ਤੋਂ ਪ੍ਰਦੇਸੀ ਸੁੰਦਰ ਲੜਕੀਆਂ ਨੂੰ ਵੇਖਣ ਵਾਸਤੇ ਬਾਬਲ ਸ਼ਹਿਰ ਵਿਚ ਆਵਣ ਅਤੇ ਬਾਬਲਲੋਨੀ ਉਹਨਾ ਚਾਹਵਾਨਾਂ ਤੋਂ ਰੋਕੜੀ ਪੈਸੇ ਵਸੂਲ ਕਰਨ । ਇਹ ਵੀ ਸੀ ਕਿ ਕਿਸੇ ਲੜਕੀ ਦੇ ਵਾਰਸਾਂ ਨੂੰ ਕੋਈ ਪ੍ਰਦੇਸੀ ਮੂੰਹ ਮੰਗੇ ਪੈਸੇ ਦੇ ਕੇ ਰਾਤ ਉਸਦੇ ਨਾਲ ਗੁਜਾਰ ਸਕਦਾ ਸੀ ।

ਨਿਕਲਸ ਵਮਿਸਕਸ ਇਕ ਯੂਨਾਨੀ ਇਤਿਹਾਸਕਾਰ ਬਾਬਲੋਨੀਆਂ ਦੇ ਚਰਿਤਰਹੀਨਤਾ ਭਰੇ ਅੰਤਮ ਦਿਨਾਂ ਦਾ ਅੱਖੀਂ ਡਿੱਠਾ ਵਰਣਨ ਇਉਂ ਕਰਦਾ ਹੈ :—

"ਬਾਬਲੋਨੀ ਮੁਟਿਆਰਾਂ ਅਤਿਅੰਤ ਸੁੰਦਰ, ਕੋਮਲਾਂਗੀਆਂ ਅਤੇ ਮ੍ਰਿਦੁਲ ਸੁਭਾਵੀ ਹਨ । ਦੂਰੋਂ ਦੂਰੋਂ ਆਏ ਅਧਿਕ ਪ੍ਰਦੇਸੀ ਗੱਭਰੂ ਤਾਂ ਉਹਨਾਂ ਦੇ ਸੁੰਦਰ ਵੇਸਭੂਸ਼ਾ ਦੀ ਝਲਕ ਵੇਖ ਲੈਣ ਨਾਲ ਹੀ ਆਪਣੀ ਯਾਤ੍ਰਾ ਸਫਲ ਹੋ ਗਈ ਸਮਝਦੇ ਹਨ । ਵਾਸਤਵ ਵਿਚ ਇਹਨਾਂ ਮੁਟਿਆਰਾਂ ਦੀਆਂ ਸੁੰਦਰ ਅਤੇ ਕੀਮਤੀ ਵਾਲੀਯਾਂ ਅਤੇ ਕੋਮਲ ਬਸਤਰ ਅਤਯੰਤ ਆਕਰਸ਼ਕ ਹਨ । ਹਰ ਇੱਕ ਮਰਦ ਅਨੇਕਾਂ ਸ਼ਾਦੀਆਂ ਕਰਦਾ ਹੈ । ਮਦਰਾਪਾਨ ਦਾ ਆਮ ਰਿਵਾਜ ਹੈ । ਖਾਵਣ ਅਤੇ ਪੀਵਣ (ਸ਼ਰਾਬ) ਤੇ ਅਧਿਕ ਖਰਚ ਕੀਤਾ ਜਾਂਦਾ ਹੈ । ਉਹਨਾਂ ਦੀਆਂ ਮੇਜਾਂ ਸੋਨੇ ਚਾਂਦੀ ਦੇ ਭਾਂਡਿਆ ਨਾਲ ਲੱਦੀਆਂ ਹੁੰਦੀਆਂ ਹਨ । ਮੁੱਕਦੀ ਗੱਲ ਬਾਬਲੋਨੀ ਹਰ ਭਾਂਤ ਦੀ ਸੁਖ ਸੁਵਿਧਾ, ਖੁਲ੍ਹ ਅਤੇ ਅਯਾਸੀ ਤੇ ਮੁਗਧ ਹਨ ।"

ਪਾਪੀ ਅਤੇ ਦੁਰਾਚਾਰੀ ਜੀਵਨ ਕਿਸੇ ਕੌਮ ਦੀਆਂ ਇਛਾਵਾਂ ਆਰਜੀ ਵਕਤ ਲਈ ਪੂਰੀਆਂ ਕਰ ਦੇਵਣ ਕਿੰਤੂ ਉਸ ਨਾਲ ਉਸ ਕੌਮ ਦਾ ਅੰਤ, ਤਬਾਹੀ ਅਰਥਾਤ ਸਰਵਨਾਸ਼ ਤੋਂ ਘਟ ਕੁਝ ਨਹੀਂ ਹੁੰਦਾ । ਅੰਤਮ ਦਿਨਾ ਵਿਚ ਬਾਬਲੋਨੀਆਂ ਅੰਦਰ ਉਹ ਸਭ ਅਵਗੁਣ ਪੈਦਾ ਹੋ ਚੁੱਕੇ ਸਨ ਜੋ ਕਿਸੇ ਕੌਮ ਨੂੰ ਸਰਵਨਾਸ਼ ਵੱਲ ਲੈ ਜਾਵਣ ਵਿਚ ਸਹਾਈ ਹੁੰਦੇ ਹਨ । ਤਾਰੀਖ-ਏ-ਕਦੀਮ ਵਿਚ ਅੰਕਤ ਹੈ ਕਿ :—

ਬਾਬਲੋਨੀ ਬੜੇ ਨਿਰਦਈ ਸਨ । ਪ੍ਰਾਜਿਤ ਕੀਤੀਆਂ ਕੌਮਾਂ ਨੂੰ ਦਰ-ਬ-ਦਰ ਕਰਨਾ ਦੁਖਦਾਈ ਲੰਮਾਂ, ਕਾਰਾਵਾਸ ਪ੍ਰਾਜਿਤਾਂ ਦੇ ਕਿਸ਼ੋਰ ਬਾਲਕਾਂ ਦਾ ਕਤਲ ਉਹਨਾਂ ਦੇ ਮਾਤਾ ਪਿਤਾ ਦੀਆਂ ਅੱਖਾਂ ਦੇ ਸਾਹਮਣੇ ਤਾਂ ਹੋਲੀਆਂ ਸਜਾਈਂ ਸਨ । ਰਾਜਾ ਆਪਣੇ ਮੰਤਰੀ ਨੂੰ ਅੱਖ ਦੇ ਸੰਕੇਤ ਨਾਲ ਕਤਲ ਕਰਵਾ ਸਕਦਾ ਸੀ ਅਤੇ ਜਦੋਂ ਪਰਜਾ ਵਿਰੋਧੀ ਹੋ ਜਾਂਦੀ ਤਾਂ ਰਾਜੇ ਨੂੰ ਬੜੀ ਅਪਮਾਨਜਨਕ ਮੌਤ ਮਾਰ ਕੇ ਸਾਹ ਲੈਂਦੀ । ਬਹੁਧਾ ਤੇਲ ਦੇ ਤੱਤੇ ਕੜਾਹੇ ਵਿਚ ਸੁਟ ਕੇ ਮਾਰਿਆ ਕਰਦੇ । ਇਹਨਾਂ ਸਭ ਜੁਲਮਾਂ ਦੀ ਜੜ੍ਹ ਹੰਕਾਰ ਤੇ ਵਿਕਾਰ ਸੀ । ਹੰਕਾਰ ਤੇ ਵਿਕਾਰ ਇੱਕ ਘਾਤਕ ਰੋਗ ਹੈ। ਜੋ ਸਫਲਤਾਵਾਂ ਵੇਲੇ ਹਰ ਕੌਮ ਉਤੇ ਛਾ ਜਾਂਦਾ ਹੈ, ਪਰ ਅੰਤ ਨੂੰ ਵਿਨਾਸ਼ ਦਾ ਕਾਰਨ ਸਿੱਧ ਹੁੰਦਾ ਹੈ ।

ਬਾਬਲੋਨੀ ਤਮਾਮ ਏਸੀਆਈ ਕੌਮਾਂ ਨਾਲੋਂ ਹੰਕਾਰ ਵਿਚ ਵਧੇ ਹੋਏ ਸਨ । ਜਦੋਂ ਬਖਤ ਨਜ਼ਰ (ਨੇਬੂ ਚਡ ਨੇਜ਼ਰ)[2] ਨੇ ਆਲੇ ਦੁਆਲੇ ਦੇ ਰਾਜਾਂ ਨੂੰ ਪ੍ਰਾਜਿਤ ਕਰਕੇ ਸ਼ਹਿਰ ਬਬਿਲ ਨੂੰ ਮਾਲਾਮਾਲ ਕੀਤਾ ਤਾਂ ਹੰਕਾਰ ਨੇ ਉਸਦੇ ਮੂੰਹੋਂ ਇਹ ਬਚਨ ਕਢਵ ਏ, "ਇਹ ਬਾਬਿਲ ਉਹੀ ਨਗਰ ਹੈ ਜਿਸ ਨੂੰ ਮੈਂਨੇ ਆਪਣੀ ਅਸੀਮ ਸਕਤੀ ਦੇ ਪ੍ਰਦਰਸਨ ਅਤੇ ਆਪਣੀ ਉੱਚਤਮ ਵਿਅਕਤੀਤਵ ਦੇ ਪ੍ਰਗਟਾਉਣ ਲਈ ਬਣਾਇਆ ਹੈ । ਭਾਵ ਇਸ ਕੌਮ ਦਾ,

---

1. ਬਾਬਿਲ-ਇਰਾਕ ਅਰਬ ਦਾ ਇਕ ਪੁਰਾਤਨ ਨਗਰ ਜੋ ਕਦੇ ਫਰਾਤ ਨਦੀ ਦੇ ਚੜ੍ਹਦੇ ਕੰਢੇ ਆਬਾਦ ਸੀ । ਇਸਦੇ ਝੂਲਣੇ ਬਗੀਚੇ ਪੁਰਾਤਨ ਜਗਤ ਦਾ ਸਤਵਾਂ ਅਜੂਬਾ ਸਨ । ਇਥੇ ਦੇ ਵਸਨੀਕ ਚਾਲਡੀਯਨ ਸੱਦੀ ਦੇ ਸਨ । ਬੇਬੀਲੋਨ ਨੂੰ ਫਾਰਸ ਦੇ ਸਾਹ ਸਾਈਰਸ ਨੇ ਸੰਨ 338 ਪੂ: ਈ ਨਸ਼ਟ ਕੀਤਾ।
2. "ਨੇਬੂ ਚਾਡ ਨੇਜ਼ੌਰ" (NEBU CHAD NAZZER) ਬਾਬਿਲ ਦਾ ਬਾਦਸ਼ਾਹ (605-562 ਪੂ: ਈ:) ਇਸ ਨੇ ਸਹਿਰ ਦੇ ਗਿਰਦ ਫਸੀਲ ਬਣਵਾਈ ਤੇ ਯਹੂਦੀਆਂ ਦੇ ਰਾਜੇ "ਜਿਹਸ਼ੀਆ ਕਿਮ" ਦੇ ਵਿਦਰੋਹ ਉਪਰੰਤ ਉਸਨੇ ਜਰੂਸਲਿਮ ਨੂੰ 597 ਪੂ: ਈ: ਫਤਿਹ ਕੀਤਾ ਤੇ ਜਦੋਂ ਫਿਰ "ਜੈਦੇਕੀਆਹ" ਨੇ ਬਗਾਵਤ ਕੀਤੀ ਤਾਂ 588 ਪੂ: ਈ: ਉਸਨੇ ਜੇਰੂਸਲਿਮ ਨੂੰ ਜਿਤਕੇ ਤਬਾਹ ਕਰ ਦਿਤਾ ।

ਮਸਤਕ ਹਉਮੈ ਅਤੇ ਹੰਕਾਰ ਨਾਲ ਪੁਰ ਹੋਕੇ ਛਲਕਣ ਲੱਗ ਪਿਆ । ਇਹਨਾਂ ਦੀ ਹੀ ਕਿ ਮਲਕਾ ਸਮੇਰ ਮੇਜ਼ ਨਾਮੀ ਨੇ ਭਾਰਤ ਪਰ ਇੱਕ ਆਕਰਮਣ ਅਕਾਰਨ ਹੀ ਕਰ ਦਿੱਤਾ ਮਗਰ ਅੱਧ ਵਿਚੋਂ ਹੀ ਪਿਛਾਂਹ ਪਰਤ ਗਈ ।

ਅੰਤ ਜਦੋਂ ਬਾਬਲੰਨੀ ਹੰਕਾਰ, ਆਕੜ, ਵਡਿਆਈ ਧੋਖਾ ਧੜੀ, ਵਿਲਾਸਤਾ ਅਤੇ ਬੇ ਹਯਾਈ ਦੇ ਖੱਡੇ ਵਿਚ ਡਿੱਗ ਪਏ ਤਾਂ ਫਾਰਸ (ਈਰਾਨ) ਦੇ ਬਾਦਸਾਹ ਸਾਈਰਸ[1] (ਕਾਰੂ) ਨੇ ਬਾਂਬਲੰਨੀਆਂ ਤੇ ਆਕਰਮਣ ਕਰ ਦਿਤਾ । ਅਗੰ ਬਾਬਲੰਨੀ ਸਾਈਰਸ ਦੀਆਂ ਪਹਿਲੀਆਂ ਨਾਕਾਮ ਚੜ੍ਹਾਈਆਂ ਦੇ ਹਿਲੇ ਹੋਏ ਉਸ ਤੋਂ ਬਿਲਕੁਲ ਬੇ-ਖਟਕੇ, ਸ਼ਰਾਬ ਦੇ ਨਸ਼ੇ ਵਿਚ ਬਦਮਸਤ ਅਤੇ ਅਵੇਸਲੇ ਹੋ ਕੇ, ਗਾਉਣ ਵਜਾਉਣ, ਨੱਚਣ ਟੱਪਣ ਅਤੇ ਖਰੂਦ ਕਰਨ ਵਿਚ ਵਿਅਸਤ ਸਨ

ਉਧਰ ਸਾਈਰਸ ਨੇ ਆਪਣਾ ਕੰਮ ਲਗਨ ਪੂਰਵਕ ਜਾਰੀ ਰਖਿਆ-ਅਥਵਾ ਦਰਿਆ ਦੇ ਦਰਵਾਜ਼ਿਆਂ ਰਾਹੀਂ ਆਪਣੀ ਸੈਨਾ ਦੇ ਜਵਾਨਾਂ ਨੂੰ ਇੱਕ ਇੱਕ ਕਰ ਕੇ ਸ਼ਹਿਰ ਅੰਦਰ ਵਾੜਨਾ ਸ਼ੁਰੂ ਕਰੀ ਰਖਿਆ-ਬੇ-ਖਬਰ ਅਤੇ ਗ਼ਾਫ਼ਲ ਸ਼ਹਿਰੀਆਂ ਉੱਤੇ ਉਹ ਆਸਮਾਨੀ ਬਿਜਲੀ ਵਾਂਙੂ ਪਏ ਗਏ । ਕਟਾ ਵਢੀ ਕਰਦੇ ਰਣਵਾਸ ਵਿਚ ਜਾ ਪਹੁੰਚੇ, ਰਾਜ ਕੰਵਰ ਜੋ ਰੰਗ ਰਲੀਆਂ ਵਿਚ ਮਸਤ ਸੀ, ਕਤਲ ਕਰ ਦਿਤਾ ਗਿਆ-ਫਿਰ ਸਹਿਰ ਨੂੰ ਫਤਿਹ ਕਰਨ ਪਸ਼ਚਾਤ ਬਰਬਾਦ ਕਰ ਦਿੱਤਾ ਗਿਆ । ਇਹ ਇਸ ਕੌਮ ਦੇ ਪਤਨ ਦਾ ਆਰੰਭ ਸੀ ਜਿਸ ਦੇ ਪਿਛੋਂ ਉਹ ਇਸ ਨੌਬਤ ਤੱਕ ਪੁੱਜੀ ਕਿ ਉਸਨੂੰ ਰੋਣ ਵਾਲਾ ਕੋਈ ਨਾ ਰਿਹਾ । ਉਸਦੀ ਪੁਰਾਣੀ ਸ਼ਾਨ-ਸ਼ੌਕਤ ਤੇ ਝੂਲਣੇ ਬਾਗ਼ ਮਲੀਯਾਮੇਟ ਹੋ ਗਏ । ਅਜ ਧਰਤੀ ਦੇ ਸਫੇ ਤੇ ਸਿਵਾਏ ਟੁੱਟੇ ਫੁੱਟੇ ਕੁਛ ਖੰਡਰ ਖੱਲਿਆ ਦੇ ਹੁਣ ਉਹਨਾਂ ਦਾ ਹੋਰ ਕੁਛ ਬਾਕੀ ਨਹੀਂ ਰਿਹਾ ।

ਅਸੀਰਯਨ[2]

ਬਾਬਲੰਨੀਆਂ ਵਾਙ ਹੀ ਕੀਰਤੀ ਰਖਣ ਵਾਲੀ ਇਕ ਪੁਰਾਤਨ ਕੌਮ ਅਸੀਰਯਨ (ਅਸ਼ੀਰਯਾ ਦੇ ਨਿਵਾਸੀ) ਹੋ ਗੁਜ਼ਰੀ ਹੈ ਜਿਸ ਦੀ ਰਾਜਧਾਨੀ ਨੈਨਵਾਹ ਸੀ । ਇਸੇ ਗੱਲ ਤੋਂ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਹ ਕੌਮ ਕਿਤਨੀ ਗੌਰਵਾਲੀ ਅਤੇ ਪ੍ਰਭਾਵਸ਼ਾਲੀ ਹੋਈ ਹੋਵੇਗੀ । ਨੈਨਵਾਹ ਦੀ ਹਦਬਸਤ (ਛੇਤਰ) ਦਾ ਵਰਣਨ ਵਾਰਡ ਐਂਡ ਲਾਕ ਦੀ "ਸਚਿਤ੍ਰ ਹਿਸਟਰੀ ਆਫ ਦੀ ਵਰਲਡ" ਵਿਚ ਸਵਿਸਥਾਰ ਦਿਤਾ ਗਿਆ ਹੈ—

ਅਸੀਰਯਨ ਕੌਮ ਨੇ ਵੀ ਅਦਭੁਤ ਪ੍ਰਗਤੀ ਕੀਤੀ ਸੀ ਕਿੰਤੂ ਅੰਤਲੇ ਦਿਨਾਂ ਵਿਚ ਉਸਦੇ ਅੰਦਰ ਹੌਲੀ ਹੌਲੀ ਉਹ ਸਭ ਅਵਗੁਣ ਪ੍ਰਵਿਰਤ ਹੋ ਗਏ ਜੋ ਪਤਨਸ਼ੀਲ ਕੌਮਾਂ ਵਿਚ ਪਹਿਲਾਂ ਆਇਆ ਕਰਦੇ ਹਨ ਉਹਨਾਂ ਦੇ ਜ਼ੁਲਮ ਅਤੇ ਅਤਿਆਚਾਰ ਦੀ ਕੋਈ ਸੀਮਾ ਨਾ ਰਹਿ ਗਈ । ਤਾਰੀਖ-ਇ-ਕਦੀਮ ਵਿਚ ਦੱਸਿਆ ਹੈ :—

ਅਸੀਰਯਨ ਸੈਨਿਕ ਆਪਣੇ ਵਿਰੋਧੀਆਂ ਦੇ ਸਿਰ ਵਢ ਕੇ ਆਪਣੇ ਬਾਦਸ਼ਾਹ ਨੂੰ ਵਿਖਾਉਣ ਵਾਸਤੇ ਲਿਆਇਆ ਕਰਦੇ ਸਨ ਇਸ ਤਰ੍ਹਾਂ ਪ੍ਰਾਜਿਤ ਸੈਨਾ ਮੂਲੋਂ ਨਸ਼ਟ ਹੋ ਜਾਇਆ ਕਰਦੀ ਸੀ ।

ਵੈਸੇ ਵੀ ਅਸੀਰਯਨ ਆਪਣੇ ਵਿਰੋਧੀਆਂ ਨਾਲ ਅਪਮਾਨ ਜਨਕ ਦੁਰ-ਵਿਵਹਾਰ ਨਾਲ ਹੀ ਪੇਸ਼ ਆਉਂਦੇ ਸਨ ਕਿੰਤੂ ਵਿਦਰੋਹੀਆਂ ਉਪਰ ਤਾਂ ਵਿਸ਼ੇਸ਼ ਕਰੜਾਈ ਵਰਤਦੇ ਸਨ । ਬੰਦੀਆਂ ਦੇ ਹੋਠਾਂ ਵਿਚ ਵਾਲੀਆਂ ਪਾ ਕੇ ਵਾਰੋ ਵਾਰੀ ਬਾਦਸ਼ਾਹ ਦੇ ਸਾਹਮਣੇ ਲਿਆਉਂਦੇ ਤੇ ਬਾਦਸ਼ਾਹ ਆਕੜ ਨਾਲ ਕਿਸੇ ਕਿਸੇ ਦੇ ਸਿਰ ਉਤੇ ਆਪਣੀ ਟੰਗ ਰਖ ਦਿਆ ਕਰਦਾ-ਕਿਸੇ ਬੰਦੀ ਨੂੰ ਮੁਕਤ ਤੇ ਕਿਸੇ ਨੂੰ ਕਤਲ ਕਰ ਦਿਤਾ ਜਾਂਦਾ ਅਤੇ ਬਹੁਤਿਆਂ ਨੂੰ ਗ਼ੁਲਾਮ ਬਣਾ ਲਿਆ ਜਾਂਦਾ-ਅਸ਼ਲੀਲਤਾ ਦੁਰਾਚਾਰ ਤੇ ਭੋਗ ਵਿਲਾਸਤਾ ਵਿਚ ਇਹ ਕੌਮ ਵੀ ਬਾਬਲੰਨੀਆਂ ਨਾਲੋਂ ਕਿਸੇ ਗਲੋਂ ਘਟ ਨਹੀਂ ਸੀ । ਹੈਰੋਡੁਟਸ ਆਦਿ ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਅਸੀਰਯਨ ਔਰਤਾਂ ਨੂੰ ਵੀ ਇਕ ਵਾਰੀ ਬਿਲਕੀਸ ਦੇਵੀ ਦੇ ਮੰਦਰ ਵਿਚ ਸਭ ਤੋਂ ਪਹਿਲੇ ਮਿਲੇ ਮਨੁੱਖ ਨਾਲ ਭੋਗ ਵਿਲਾਸ ਕਰਨ ਵਾਸਤੇ ਜਾਣਾ ਪੈਂਦਾ ਸੀ ।

ਅਸੀਰਯਾ ਦੀ ਰਾਜਧਾਨੀ ਨਿਨਵਾਹ ਸੀ । ਜਿਸ ਉਪਰ ਰਾਜਾ ਅਸੁਰ-ਬਨੀ-ਪਾਲ (ਸਤਵੀਂ ਸਦੀ ਪੂ: ਈ:) ਦੇ ਰਾਜ ਕਾਲ ਵਿਚ, ਮੀਡ ਜਾਤੀ ਦੇ (INDO-GERMAN) ਲੋਕਾਂ ਨੇ ਈਰਾਨ ਵਿਚੋਂ ਉੱਠ ਕੇ ਹਮਲਾ ਕੀਤਾ । ਮਗਰ ਮੀਡ ਲੋਕ ਪਿਛਾੜ ਦਿਤੇ ਗਏ । ਆਖਰ ਅਸੀਰਯਨ ਲੋਕਾਂ ਦੇ ਆਚਰਣਕ ਪਤਨ ਔਰ ਅਸੁਰ-ਬਨੀ-ਪਾਲ ਦੀ ਮੌਤ ਪਿਛੋਂ ਸੰਨ 612 ਪੂ: ਈ: ਮੀਡ ਜਾਤੀ ਨੇ ਅਸੀਰਯਾ ਦੀ ਰਾਜਧਾਨੀ ਨਿਨਵਾਹ ਮੂਲ ਨਸ਼ਟ ਕਰ ਦਿਤੀ—

ਇਹਨਾਂ ਉਪਰੋਕਤ ਦੋਨਾ ਉਦਾਹਣਾ ਤੋਂ ਸਿੱਧ ਹੋ ਗਿਆ ਕਿ ਕਿਸੇ ਕੌਮ ਦਾ ਬਹਾਦਰ, ਲੜਾਕਾ ਜਾਂ ਵਿਦਵਾਨ ਹੋਣਾ ਹੀ ਸਥਿਰਤਾ ਵਾਸਤੇ ਕਾਫੀ ਨਹੀਂ । ਆਚਰਣ ਦੀ ਉੱਚਤਾ ਇਹਨਾਂ ਉਪਰੋਕਤ ਗੁਣਾਂ ਨਾਲੋਂ ਸਰਵ ਉੱਚ ਹੈ । ਕਿਸੇ ਕੌਮ ਦਾ ਆਚਰਣਕ ਪਤਨ ਉਸਦੀ ਯਕੀਨੀ ਮੌਤ ਹੈ ।

---

1. ਸਾਇਰਸ (CYRUS, THE GREAT) (ਅੰਤ-529 ਪੂ: ਈ:) ਇਸਨੇ ਫ਼ਾਰਸ (ਈਰਾਨ) ਰਾਜ ਦੀ ਨੀਂਵ ਰਖੀ।ਏਸੀਆ ਮਾਈਨੁਰ ਵਿਚ ਦੇ ਯੂਨਾਨੀ ਸ਼ਹਿਰ ਪ੍ਰਾਜਿਤ ਕੀਤ ਅਤੇ ਬਾਬਿਲ ਦਾ ਰਾਜ ਨਸ਼ਟ ਕੀਤਾ ।
2. ਅਸੀਰਯਨ (ASSYRIAN) ਇਰਾਕ ਅਰਬ ਦੇ ਧੁਰ ਉਤਰ, ਅਤ ਫਰਾਤ ਨਦੀਆਂ ਦੇ ਮਧ ਇਸ ਕੌਮ ਦਾ ਰਾਜ ਸੀ ਇਹ ਕੌਮ ਸਾਮੀ ਨਸਲ ਨਾਲ ਮਿਲਦੀ ਜੁਲਦੀ ਸੀ । ਜ਼ਿਨ੍ਹਾਂ ਦੀ ਭਾਸ਼ਾ ਪੁਰਾਤਨ ਸਾਮੀ (ਅਕਾਡੀ) ਸੀ । ਸਨ 1300 ਪੂ: ਈਸਾ ਤਕ ਅਸੀਰਯਾ ਬਾਬਲ ਰਾਜ ਦੇ ਅਧੀਨ ਸੀ । ਜਦੋਂ ਸਾਲਮਾਨਸ ਪ੍ਰਥਮ ਨੇ ਅਸੀਰੀਯਾ ਦੀ ਰਾਜ ਸਤਾ ਸਥਾਪਤ ਕੀਤੀ । ਉਸਤੋਂ ਪਿਛੋਂ ਟਿਗਲਥ ਪਾਈਲੇਸਰ ਨੇ ਅਸੀਰਯਾ ਦੇ ਦੂਜੇ ਰਾਜ ਦੀ ਨੀਂਹ ਰਖੀ । ਜਿਸ ਦਾ ਪ੍ਰਤਾਪ 700 ਪੂ:ਈ: ਤੱਕ ਰਿਹਾ--

ਕੌਮਾਂ ਦਾ ਭਵਿੱਖ ਕਿਵੇਂ ਘੜੀ ਦਾ ਹੈ।

ਕੌਮਾਂ ਤਾਂ ਸੰਸਾਰ ਵਿਚ ਬੇਅੰਤ ਪੈਦਾ ਹੁੰਦੀਆਂ ਰਹਿੰਦੀਆਂ ਹਨ, ਪਰ ਜਿਵੇਂ ਗਰੀਬਾਂ ਦੀ ਅਧਿਕ ਔਲਾਦ ਵਿਚੋਂ ਪਰਵਾਨ ਕੋਈ ਕੋਈ ਚੜ੍ਹਦਾ ਹੈ, ਤਿਵੇਂ ਹੀ ਕੌਮ ਵੀ ਕੋਈ ਵਿਰਲੀ ਹੀ ਪ੍ਰਵਾਨ ਹੁੰਦੀ ਹੈ। ਛਾਲ ਮਾਰ ਕੇ ਟੀਸੀ ਤੇ ਉਹ ਵੀ ਨਹੀ ਜਾ ਚੜ੍ਹਦੀ। ਹੌਲੀ ਹੌਲੀ ਕਈ ਮੰਜਿਲਾਂ ਤੈਅ ਕਰਕੇ ਸਿਖਰ ਤੇ ਪੁਜਦੀ ਹੈ। ਉਹਨਾਂ ਮੰਜਲਾਂ ਅਤੇ ਸਿਖਰੀ ਪਹੁੰਚ ਬਾਰੇ ਅੰਗਰੇਜ ਲਿਖਾਰੀ ਥੇਕਰੇ (Thakery) ਦਾ ਕਥਨ ਹੈ :—

You Sow A thought, You Reap an Action.
You Sow Actions, You Reap a Habit
You Sow Habits, You Reap a Character.
When You Sow Characters, You Reap Destiny of a Nation
ਅਰਥਾਤ ਪਹਿਲੇ ਪਹਿਲ ਮਨੁੱਖ ਨੂੰ ਖਿਆਲ ਫੁਰਦਾ ਹੈ। ਫੁਰਨੇ ਤੋਂ ਮਗਰੋਂ
ਮਨੁੱਖ ਕਰਮ ਕਰਦਾ ਹੈ-ਉਸਦੇ 'ਨਿਤਾ ਪ੍ਰਤਿ ਕਰਮਾ ਤੋਂ ਉਸਦਾ ਸੁਭਾਵ ਬਣਦਾ
ਅਤੇ ਮਨੁਖ ਦੇ ਸੁਭਾਵ ਤੋਂ ਉਸਦਾ ਆਚਰਨ ਬਣਦਾ ਹੈ-ਅਤੇ ਕਿਸੇ
ਕੌਮ ਦੇ ਸਮੁੱਚੇ ਆਚਰਨ ਤੇ ਉਸਦਾ ਭਵਿਖਤ ਨਿਰਭਰ ਹੁੰਦਾ ਹੈ।

ਮੇਰੇ ਸੁਹਿਰਦ ਪਾਠਕੋ ! ਜਰਾ ਠਹਿਰੋ ਕੇ ਸੋਚੋ ਕਿ ਚਿੰਤਕ ਦਾ ਕਥਨ ਕਿਤਨਾ ਵਾਸਤਵਿਕ ਅਤੇ ਸੱਚ ਪਰ ਅਧਾਰਤ ਹੈ ?

ਸਾਡੇ ਧਰਮ ਸਾਸਤਰ ਦਸਦੇ ਹਨ ਕਿ ਵਾਹਿਗੁਰੂ ਪਹਿਲਾਂ ਨਿਰਗੁਣ ਅਵਸਥਾ ਵਿਚ ਸੀ। ਫਿਰ ਵਾਹਿਗੁਰੂ ਨੂੰ ਸਰਗੁਣ ਸਰੂਪ ਦਾ ਸੰਕਲਪ ਹੋਇਆ ਉਸ ਸੰਕਲਪ ਪਿਛੋਂ,

ਜਬ ਉਦਕਰਖ ਕਰਾ ਕਰਤਾਰਾ
ਪ੍ਰਜਾ ਧਰਤ ਤਬ ਦਿਹ ਅਪਾਰ ॥

ਜਾਂ ਜਿਵੇਂ ਸਾਮੀ ਮਤਾਂ ਦਾ ਯਕੀਨ ਹੈ :—

ਕੁਨ ਕੇ ਕਹਿਨੇ ਸੇ ਕੀਆ ਆਲਮ ਬਪਾ ॥
ਔਰ ਜਬ ਚਾਹੇ-ਉਸੇ ਕਰਦੇ ਫਨਾਹ ॥

ਸੰਸਾਰ ਦੇ ਜਿਤਨੇ ਨਿੱਕੇ ਵਡੇ ਕੰਮ ਹੁੰਦੇ ਜਾਂ ਘਟਨਾਵਾਂ ਘਟਦੀਆਂ ਹਨ ਉਹਨਾਂ ਸਭ ਦਾ ਮੂਲ, ਫੁਰਨਾ ਸੰਕਲਪ ਅਥਵਾ ਖਿਆਲ ਹੀ ਹੁੰਦਾ ਹੈ। ਅਗੋਂ ਉਹਨਾਂ ਕੰਮਾਂ ਜਾਂ ਘਟਨਾਵਾਂ ਦੇ ਸਿਟੇ ਖਿਆਲਾ ਦੇ ਉਤਮ, ਮਧਮ ਅਤੇ ਨੀਚ ਹੋਣ ਤੇ ਨਿਰਭਰ ਹੁੰਦੇ ਹਨ।

ਮਿਸਾਲ ਦੇ ਤੌਰ ਤੇ, 18ਵੀ ਸਦੀ ਦੇ ਮੱਧ ਤੱਕ ਮੁਗਲ ਰਾਜ ਦਾ ਜੋਰ ਪੰਜਾਬ ਵਿੱਚ ਰਿਹਾ-ਜਿਸ ਸੁਭਾਗੇ ਪੰਜਾਬ ਦੀ ਆਪਣੀ ਅੰਸ, ਮੁਸਲਮਾਨ, ਹਿੰਦੂ ਸਿੱਖ ਆਪਸ ਵਿਚ ਭਰਾਵਾਂ ਵਾਙੂ ਰਹਿੰਦੇ ਆ ਰਹੇ ਸਨ। ਭਾਵੇਂ ਮੁਗਲ ਸ਼ਾਸਕ ਸਿੱਖ ਅਤੇ ਹਿੰਦੂਆਂ ਨੂੰ ਦੁਖੀ ਕਰਦੇ ਸਨ ਪਰ ਪੰਜਾਬ ਦੇ ਜੰਮਪਲ ਮੁਸਲਮਾਨ ਚੰਦ ਇਕ ਮੁਕਾਲੀਆਂ ਭੇਡਾਂ (ਜਿਨ੍ਹਾਂ ਵਿਚ ਹਿੰਦੂ ਚੁਗਲ ਜੰਡਾਲੇ ਦੇ ਨਿਰੰਜਨ ਨੁਸਹਿਰੇ ਦੇ ਸਾਹਿਬ ਰਾਏ ਆਦਿ) ਨੂੰ ਛਡ ਕੇ ਬਾਕੀ ਸਭ ਆਪਸ ਵਿਚ ਘਿਉ ਖਿਚੜੀ ਸਨ। ਇਸ ਦੀ ਪੁਸ਼ਟੀ ਵਿਚ ਇਕ ਮਿਸਾਲ ਹਾਜਰ ਹੈ :—

ਸੰਨ 1745 ਈ: ਦੇ ਵਾਦੀਆਂ ਦੇ ਦਿਨਾ ਦੀ ਗਲ ਹੈ, ਕਿ ਪੂਹਲਾ ਨਗਰ ਜਿਲਾ ਲਾਹੌਰ ਨਿਵਾਸੀ ਰਹੀਮ ਬਖਸ਼ ਮਾਛੀ ਦੀ ਜਵਾਨ ਲੜਕੀ ਖੂਹ ਤੇ ਪਾਣੀ ਭਰਦੀ ਨੂੰ ਪੱਟੀ ਦਾ ਮੁਸਲਮਾਨ ਠਾਣੇਦਾਰ ਜਬਰਦਸਤੀ ਘੋੜੇ ਤੇ ਬਿਠਾ ਕੇ ਪਟੀ ਕਿਲੇ ਵਿਚ ਲੈ ਗਿਆ।

ਦੁਖੀਆ ਰਹੀਮ ਬਖਸ਼ ਪਿੰਡ ਦੇ ਪੰਚਾਂ ਕੋਲ ਗਿਆ। ਉਹਨਾਂ ਆਖਿਆ ਸਾਡੇ ਵੱਸ ਤੋਂ ਗਲ ਬਾਹਰੀ ਹੈ। ਉਹ ਹਾਕਮ ਹੋਇਆ। ਤੂੰ ਭਾਈ ਤਾਰੂ ਸਿੰਘ ਨੂੰ ਆਖ। ਉਹ ਖਾਲਸੇ[1] ਨੂੰ ਆਖ ਕੇ ਤੇਰੀ ਮਦਦ ਕਰਵਾ ਸਕਦਾ ਹੈ। ਰਹੀਮ ਬਖਸ਼ ਭਾਈ ਜੀ ਕੋਲ ਜਾ ਰੁੰਨਾ। ਭਾਈ ਜੀ ਨੇ ਉਸਨੂੰ ਹੌਸਲਾ ਦਿਤਾ ਤੇ ਗੱਲ ਸਮਝਾ ਕੇ ਘਰ ਟੋਰ ਦਿਤਾ। ਰਾਤ ਪਈ ਤਾਂ ਭਾਈ ਜੀ ਰਹੀਮ ਬਖਸ਼ ਸਮੇਤ ਪ੍ਰਸ਼ਾਦਿ ਪਾਣੀ ਲੈ ਕੇ ਜੰਗਲ ਵਿਚ ਜਾ ਸੀਟੀ ਮਾਰੀ : ਸਿੱਘ ਝਟਪਟ ਸੀਟੀ ਸੁਣ ਕੇ ਆ ਗਏ ਤੇ ਭਾਈ ਜੀ ਨੂੰ ਪੁਛਿਆ ਇਹ ਕੌਣ ਹੈ ? ਤਾਂ ਭਾਈ ਜੀ ਨੇ ਆਖਿਆ ਤੁਸੀਂ ਪ੍ਰਸ਼ਾਦ ਪਾਣੀ ਛਕੋ ਇਸ ਦੁਖੀਏ ਦੀ ਵਿਥਿਆ ਮੈਂ ਫੇਰ ਦੱਸਾਂਗਾ। ਸਿੰਘਾਂ ਨੇ ਉਤਰ ਦਿਤਾ ਅਸੀਂ ਇਸਦਾ ਦੁਖ ਪਹਿਲੋਂ ਦੂਰ ਕਰਾਂਗੇ-ਪ੍ਰਸ਼ਾਦ ਪਿਛੋਂ ਛਕਾਂਗੇ। ਭਾਈ ਜੀ। ਤੋਂ ਹਕੀਕਤ ਸੁਣਦੇ ਸਾਰੇ ਸਿੰਘਾਂ ਨੇ ਰਹੀਮ ਬਖਸ਼ ਨੂੰ ਨਾਲ ਲੈ ਕੇ ਰਾਤੋਂ ਰਾਤ ਪੱਟੀ ਜਾ ਛਾਪਾ ਮਾਰਿਆ। ਕਿਲੇ ਦੇ ਅੰਦਰ ਵੜਕੇ ਠਾਣੇਦਾਰ ਨੂੰ ਕਤਲ ਕੀਤਾ ਤੇ ਉਸੇ ਦੇ ਘੋੜੇ ਤੇ ਰਹੀਮ ਬਖਸ ਤੇ ਉਸਦੀ ਕਾਕੀ ਨੂੰ ਸਵਾਰ ਕਰਾ ਕੇ ਪੂਹਲੇ ਭੇਜ ਦਿਤਾ ਤੇ ਆਪ ਮੁੜ ਭਾਈ ਤਾਰੂ ਸਿੰਘ ਜੀ ਪਾਸੋਂ ਜਾ ਪ੍ਰਸ਼ਾਦ ਪਾਣੀ ਛਕਿਆ।

---

1. ਸਮੇਂ ਦੀ ਹਕੂਮਤ ਧੱਕੇਸਾਹੀ ਵਰਤਦੀ ਸੀ। ਕਾਜੀਆਂ ਅਤੇ ਮੁਲਾਣਿਆਂ ਦਾ ਜੋਰ ਹੋਣ ਕਰਕੇ ਆਮ ਹਾਕਮ ਆਪਣੇ ਮਜ਼ਬ ਦੇ ਫਾਦੇ ਵਿਚ ਸਹਾਇਕ ਹੋ ਜਾਂਦੇ ਸਨ। ਖਾਲਮਾ, ਮਜਲੂਮਾਂ ਦੀ ਰਖਿਆ ਕਰਨ ਕਾਰਨ ਹਾਕਮਾਂ ਨੂੰ ਚੁਭਦਾ ਸੀ ਜਿਸ ਕਰਕੇ ਖਾਲਸਾ ਜੰਗਲਾਂ ਵਿਚ ਲੁਕ ਛੁਪ ਕੇ ਰਿਹਾ ਕਰਦਾ ਸੀ।

ਉਧਰ ਠਾਣੇਦਾਰ ਦਾ ਟੱਬਰ ਲਾਹੌਰ ਨਵਾਬ ਜ਼ਕਰੀਆ ਖਾਨ ਕੋਲ ਜਾ ਪਿੱਟਿਆ। ਹਰ ਭਗਤ ਨਿਰੰਜਣੀਏ ਦੀ ਚੁਗਲੀ ਤੇ ਤਾਰੂ ਸਿੰਘ ਜੀ ਫੜੇ ਹੋਏ ਲਾਹੌਰ ਗਏ। ਜਿੱਥੇ ਵਕਤ ਦੀ ਹਕੂਮਤ ਨੇ ਆਪ ਜੀ ਦੀ ਜ਼ਿੰਦਾ ਖੋਪਰੀ ਉਤਰਵਾ ਦਿਤੀ ਤੇ ਆਪ ਜੀ ਇਕ ਮਜਲੂਮ ਮੁਸਲਮਾਨ ਕੰਨਯਾ ਦੀ ਪਤ ਆਬਰੂ ਬਦਲੇ ਵਕਤ ਦੀ ਹਕੂਮਤ ਹਥੋਂ ਸਾਵਨ ਦੀ ਸੰਗਰਾਦ ਵਾਲੇ ਦਿਨ ਸੰਨ 1745 ਵਿਚ ਸ਼ਹੀਦ ਹੋ ਗਏ। ਜੁਰਮ ਇਹ ਲਗਾਇਆ ਗਿਆ ਕਿ ਇਹ ਸਿੰਘਾਂ ਨੂੰ ਰੋਟੀ ਪਾਣੀ ਦੇਂਦਾ ਹੈ। ਥਾਣੇਦਾਰ ਦਾ ਜੁਰਮ ਨਹੀਂ ਗਿਣਿਆ ਗਿਆ ਜੋ ਮਾਛੀ ਦੀ ਲੜਕੀ ਹੀ ਖੋਹ ਕੇ ਲੈ ਗਿਆ ਸੀ। ਗੁਰੂ ਨਾਨਕ ਦੇਵ ਜੀ ਨੇ ਵੀ ਬਾਬਰ ਸਮੇਂ ਇਹੋ ਜਿਹੀ ਹਾਲਤ ਵੇਖ ਕੇ ਹੀ ਇਹ ਉਚਾਰਿਆ ਸੀ, "ਰਾਜੇ ਸ਼ੀਹੰ ਮੁਕੱਦਮ ਕੁੱਤੇ ਜਾਇ ਜਗਾਵਣ ਬੈਠੇ ਸੁੱਤੇ।"

ਸ਼ਾਹਚੀ ਦੀ ਮੌਤ

ਖਾਲਸੇ ਨੇ ਵੈਸੇ ਤਾਂ ਅਨੇਕ ਵਾਰੀ ਬਿਆਸ ਤੋਂ ਲੈ ਕੇ ਅਟਕ ਤਕ ਕਾਬਲੀ ਜਰਵਾਣਿਆਂ ਤੋਂ ਅਬਲਾਵਾਂ ਛੁਡਾਈਆਂ ਸਨ। ਇੱਕ ਘਟਣਾ 1797 ਵਿਚ ਵਾਪਰੀ ਜਿਸ ਵਿਚ ਸ਼ਾਹ ਜਮਾਨ ਦਾ ਜਰਨੈਲ ਸ਼ਾਹਚੀ ਮਾਰਿਆ ਗਿਆ ਅਤੇ ਪਠਾਣਾਂ ਨੂੰ ਭਜਦਿਆਂ ਰਾਹ ਨਾਂ ਲੱਭਾ।

ਭਾਈ ਸਾਹਿਬ ਭਾਈ ਮੂਲ ਸਿੰਘ[1] ਜੀ ਨੇ ਆਪਣੀ ਕ੍ਰਿਤ "ਉਪਕਾਰ ਖਾਲਸਾ[2] ਵਿਚ ਦੱਸਿਆ ਹੈ ਕਿ 1797 ਦੇ ਨੇੜੇ ਤੇੜੇ ਸ਼ਾਹਚੀ ਦੇ ਕਾਰਿੰਦੇ ਦੇਸ ਵਿਚੋਂ ਲੁੱਟ ਮਾਰ ਦੇ ਨਾਲ ਮੁੰਡੇ ਕੁੜੀਆਂ ਵੀ ਖੋਹ ਕੇ ਕਾਬਲ ਵਲ ਲੈ ਜਾ ਰਹੇ ਸਨ। ਇਸ ਗੱਲ ਦਾ ਪਤਾ ਬਾਰ ਦੇ ਖਾਲਸੇ ਨੂੰ ਸਿੰਘ ਬੇਲੇ[3] ਵਿਚ ਲੱਗਾ ਤਾਂ ਸਿੰਘਾਂ ਨੇ ਵਾਹਰੂ[4] ਢੋਲ ਵਜਾ ਕੇ ਪਿੰਡਾ ਵਿਚੋਂ ਸਿੰਘ ਇਕਠੇ ਕਰਕੇ 400 ਦੀ ਨਫਰੀ ਵਜੀਰਾਬਾਦ ਜਾ ਪੁਜੇ। ਲਾਹੌਰ ਵਲੋਂ ਜੱਸਾ ਸਿੰਘ ਭੰਗੀ (ਜਿਸਨੂੰ ਹਰੀ ਸਿੰਘ ਵੀ ਸਦਦੇ ਸਨ) ਦੋ ਸੌ ਅਸਵਾਰ ਲੈ ਕੇ ਆਣ ਪੁੱਜਾ। ਕਾਬਲੀ ਕਟਕ ਵਜ਼ੀਰਾਂ ਬਾਦ ਨੂੰ ਲੁੱਟਪੁੱਟ ਕੇ ਸਵੇਰ ਦਾ ਝੰਨਾ ਪਾਰ ਕਰ ਗਿਆ ਹੋਇਆ ਸੀ।

ਚਨਾਬ (ਝੰਨਾ) ਦਰਯਾ ਪਾਰ ਸਿੰਘ ਗੁਜਰਾਤ ਅਪੜੇ। ਓਥੇ ਵੀ ਖਲਕਤ ਹਾਲ ਪਾਹਰਿਆ ਕਰਦੀ ਡਿੱਠੀ। ਇਥੋਂ ਕਾਬਲੀ ਕਟਕ ਦੁਪਹਿਰ ਵੇਲੇ ਲੰਘਿਆ ਸੀ। ਖਾਲਸੇ ਨੇ ਆਪਣੀ ਚਾਲ ਤੇਜ਼ ਕਰ ਲਈ। ਸੂਹੀਆਂ ਪਤਾ ਦਿਤਾ ਕਿ ਕਟਕ ਜਲਾਲਪਰ ਤੋਂ ਅਗਲੇ ਪਾਸੇ ਡੇਰਾ ਲਾਈ ਆਰਾਮ ਕਰ ਰਿਹਾ ਹੈ। ਇਕ ਦਮ, ਸ਼ਾਮ ਦੇ ਘੁਸਮੁਸੇ ਵਿਚ ਖਾਲਸੇ ਨੇ ਤਾਬੜ ਤੋੜ ਹੱਲਾ ਬੋਲ ਦਿਤਾ। ਕਾਬਲੀ ਰਾਸ਼ੇ ਭੱਜ ਨਿਕਲੇ।' ਸ਼ਾਹਚੀ ਇਸੇ ਲੜਾਈ ਵਿਚ ਮਾਰਿਆ ਗਿਆ। ਭਜਦੇ ਗਾਜ਼ਿਆ ਮਗਰ ਸਿੰਘਾਂ ਨੇ ਯਾਰਾਂ ਕੋਹਾਂ ਤਕ ਪਿੱਛਾ ਕੀਤਾ। ਓਹਨਾਂ ਮਜਲੂਮ ਮੁੰਡੇ ਕੁੜੀਆਂ ਨੂੰ ਖਾਲਸੇ ਨੇ ਆਪੋ ਆਪਣੀ ਘਰੀ ਵਾਪਸ ਪੁਚਾ ਦਿਤਾ।[5]

ਪੰਜਾਬ ਦਾ ਹਰ ਵਸਨੀਕ ਆਪਣੇ ਆਪ ਨੂੰ (ਸਿਵਾਏ ਸ਼ਾਸਕ ਵਰਗ ਅਤੇ ਮਤਾਂਧ ਮੁਤਾਣਿਆ ਦੇ) ਭਾਈ ਭਾਈ ਹੀ ਸਮਝਦੇ ਸਨ।

ਨਾਦਰ ਸ਼ਾਹ ਦਾ ਹਮਲਾ

ਨਾਦਰ ਸ਼ਾਹ ਦੁਰਾਨੀ ਨੇ ਸੰਨ 1738 ਈ ਦੇ ਅਖੀਰ ਵਿਚ ਭਾਰਤ ਤੇ ਹਮਲਾ ਕੀਤਾ ਤੇ ਦੇਸ ਲੁੱਟ ਪੁੱਟ ਕੇ 1739 ਈ: ਵਾਪਸ ਚਲਾ ਗਿਆ-ਉਸਦੇ ਪਿਛੋਂ, ਉਸਦਾ ਜਰਨੈਲ ਅਹਿਮਦ ਸ਼ਾਹ ਅਬਦਾਲੀ ਅੰਧ ਦਸੰਬਰ ਸੰਨ 1747 ਈ: ਤੋਂ ਲਗਾ ਭਾਰਤ ਤੇ ਹਮਲੇ ਕਰਨ। ਸੰਨ 1767 ਈ: ਤਕ ਇਸਨੇ ਭਾਰਤ ਅਤੇ ਖਾਸ ਕਰਕੇ ਪੰਜਾਬ ਉਤੇ ਅਠ ਹਮਲੇ ਕੀਤੇ ਉਸ ਤੋਂ ਪਿਛੋਂ ਉਸਦੇ ਪੁਤਰ ਤੈਮੂਰ ਨੇ ਤੇ ਪੋਤੇ ਸ਼ਾਹ ਜਮਾਨ ਆਦਿ ਨੇ ਸੰਨ 1776 ਈ: ਤਕ ਮੁੜ ਮੁੜ ਹਮਲੇ ਕੀਤੇ। ਇਹਨਾ ਦੇ ਹਮਲਿਆਂ ਦੇ ਲੋਕ ਗੀਤ ਬਣ ਗਏ ਸਨ। ਯਥਾ :-

ਸਰਹਵਾਂ ਪਈਆਂ ਫੁੱਲ ਕੁੜੇ
ਅਬਦਾਲੀ ਦੀ ਹੁੱਲ ਕੁੜੇ
ਕੁੜੀਆਂ ਚਿੜੀਆਂ ਪਹਾੜੀ ਚਲੀਆਂ
ਮਰਦਾਂ ਸਾਂਭੀ ਚੁਲ੍ਹ ਕੁੜੇ[6]

ਉਹਨਾਂ ਜਮਾਨਿਆਂ ਵਿਚ ਇਹ ਕਾਬਲੀ ਰਾਸ਼ੇ ਵਡੇ ਵਡੇ ਖਾਨਾਂ ਦੀਆਂ ਧੀਆਂ ਭੈਣਾਂ ਦੀ ਬੇ-ਪਤੀ ਤਾਂ ਇੱਕ ਪਾਸੇ ਰਹੀ ਉਹਨਾਂ ਨੂੰ ਲੁੱਟ ਦਾ ਮਾਲ ਸਮਝ ਕਾਬਲ ਨੂੰ ਆਪਣੇ ਨਾਲ ਲੈ ਜਾਂਦੇ ਸਨ। ਫਿਰ ਉਥੇ ਮੰਡੀਆਂ ਵਿਚ ਨਿਲਾਮੀ ਕੀਤੀ ਜਾਂਦੀ-ਇਥੇ ਦੋ ਮਿਸਾਲਾਂ ਪੇਸ਼ ਕੀਤੀਆਂ ਜਾਂਦੀਆਂ ਹਨ—

---

1. ਭਾਈ ਮੂਲ ਸਿੰਘ ਜੀ ਗਰਮੂਲਾ।
2. ਉਪਕਾਰ ਖਾਲਸਾ ਇਕ ਛੋਟਾ ਜਿਹਾ ਟਰੈਕਟ (ਸੰਨ 1906 ਈ: ਵਿਚ ਛਪਿਆ)
3. ਸਿੰਘ ਬੇਲਾ ਨਾਮ ਦਾ ਜੰਗਲ, ਜੋ ਭਾਈ ਕੇ ਮਟਵਾਂ ਅਤੇ ਨੁਸਹਿਰਾ ਵਿਰਕਾਂ (ਜਿ: ਗੁਜਰ ਵਾਲਾ ਪਛਮੀ ਪੰਜਾਬ ਦੇ ਪਹਾੜ ਰੁਖ ਸੀ।
4. ਵਾਹਰੂ ਢੋਲ-ਪੁਰਾਣੇ ਸਮਿਆਂ ਵਿਚ ਲੋਕ ਢੋਲ ਵਜਾ ਕੇ ਦੂਰ ਦੂਰ ਖਬਰਾਂ ਲੈਂਦੇ ਦੇਂਦੇ ਸਨ ਜਿਵੇਂ ਅਫਰੀਕੀ ਲੋਕ ਅਜੇ ਵੀ ਕਰਦੇ ਹਨ। ਵਾਹਰੂ ਢੋਲ ਜੰਗ ਦੇ-ਬਿਗਲ ਦਾ ਸੰਕੇਤ ਹੁੰਦਾ ਸੀ। ਜਿਸ ਨੂੰ ਸੁਣਕੇ ਮਨੁਖ ਤਾਂ ਕੀ ਢੋਰ ਡੰਗਰ ਵੀ ਪਿੰਡ ਨੂੰ ਭੱਜ ਆਇਆ ਕਰਦੇ ਸੀ। ਵਿਸ਼ੇਸ਼ ਕਰਕੇ ਘੋੜੀਆਂ ਜਰੂਰ ਭਜ ਆਉਂਦੀਆ ਸਨ।
5. ਇਹਨਾਂ ਵਿਚ ਹਿੰਦੂਆਂ ਦੇ ਨਾਲ ਨਾਲ ਮੁਸਲਮਾਨਾਂ ਦੇ ਮੁੰਡੇ ਕੁੜੀਆਂ ਵੀ ਸਨ
6. ਬਸੰਤ ਰੁਤ ਵਿਚ ਸਰਹੋਂ ਨੂੰ ਫੁੱਲ ਪੈਂਦੇ ਹਨ। ਇਹੋ ਵਕਤ ਹੁੰਦਾ ਸੀ ਜਦੋਂ ਕਾਬਲੀ ਜਰਵਾਣੇ ਭਾਰਤ ਉਤੇ ਧਾਈ ਕੀਤਾ ਕਰਦੇ ਸਨ। ਦੇਸ ਵਾਸੀ, ਉਹਨਾਂ ਹੀ ਦਿਨਾਂ ਵਿਚ ਆਪਣੇ ਬਾਲੀ ਬੱਚੇ ਨੂੰ ਪਹਾੜ ਵਿਚ ਆਪਣੇ ਰਿਸ਼ਤੇਦਾਰਾਂ ਕੋਲ ਦਿਨ ਕਟੀ ਵਾਸਤੇ ਭੇਜ ਦਿਆ ਕਰਦੇ। ਰੁਤ ਗਰਮੀ ਆਵਨ ਤੋਂ ਪਹਿਲਾਂ ਕਾਬਲੀ ਵਾਪਸ ਪਰਤ ਜਾਂਦੇ ਤੇ ਬਾਲੀ ਬੱਚਾ ਘਰੀਂਆ ਜਾਂਦਾ।

ਕਿਸੇ ਮੁਲਕ ਦਾ ਬਾਦਸ਼ਾਹ ਸਭ ਤੋਂ ਵੱਡਾ ਹੁੰਦਾ ਹੈ। ਨਾਦਰ ਸ਼ਾਹ ਨੇ ਸੰਨ 1739 ਵਿਚ ਹਮਲਾ ਕੀਤਾ-ਹੋਰਨਾਂ ਦੀ ਗੱਲ ਛਡੋ, ਨਾਦਰ ਸ਼ਾਹ ਨੇ ਦਿਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਦੀ ਸ਼ਾਹਜਾਦੀ ਨਾਲ ਆਪਣੇ ਪੁੱਤਰ ਨਾਸਰ ਦਾ ਨਕਾਹ ਕਰਵਾਇਆ। ਜ਼ਰਾ ਨਾਦਰ ਦੀ ਖੁਦਦਾਰੀ ਅਤੇ ਬਾਦਸ਼ਾਹ ਮੁਹੰਮਦ ਸ਼ਾਹ ਦੀ ਕਾਇਰਤਾ ਅਤੇ ਕਮਜ਼ੋਰੀ ਦੀ ਹੱਦ ਵੇਖੋ :—

ਜਦੋਂ ਨਾਦਰ ਦਿੱਲੀ ਵਿਚ ਕਤਲਾਮ ਕਰਵਾ ਰਿਹਾ ਸੀ ਤਾਂ ਕਿਸੇ ਨੇ ਰੰਗੀਲੇ ਬਾਦਸ਼ਾਹ ਨੂੰ ਪੁੱਛਿਆ ਇਹ ਕਹਿਰ ਕਿਉਂ ਹੋ ਰਿਹਾ ਹੈ ਤਾਂ ਉਸਦਾ ਉਤਰ ਸੀ :-

"ਸ਼ਾਮਤਿ ਐਇ ਮਾਲਿ ਮਾਂ ਬਸੂਰਤਿ ਨਾਦਰ ਗ੍ਰਿਫਤ"

ਭਾਵ, ਸਾਡੇ ਮਾੜੇ ਕਰਮਾਂ ਨੇ ਨਾਦਰ ਦੀ ਸ਼ਕਲ ਧਾਰਨ ਕਰ ਲਈ ਹੈ"-

ਇਸ ਤੋਂ ਵਡੀ ਬੁਜ਼ਦਿਲੀ ਤੇ ਕਾਇਰਤਾ ਹੋਰ ਕੀਹ ਹੋ ਸਕਦੀ ਹੈ ਕਿ ਇੱਕ ਬਾਦਸ਼ਾਹ ਜਿਸ ਦੀ ਰਈਅਤ ਨੂੰ ਜਰਵਾਣੇ ਤਹਿ ਤੇਗ ਕਰ ਰਹੇ ਹੋ,ਣ ਉਹ ਬਜਾਏ ਕੁਝ ਹਿੰਮਤ ਕਰਨ ਦੇ ਆਪਣੇ ਕਰਮਾਂ ਨੂੰ ਰੋਣ ਡਠਾ ਹੋਵੇ।

ਹੁਣ ਵੇਖੋ ਖੁਦਦਾਰੀ ਨਾਦਰ ਦੀ। ਇਸਲਾਮੀ ਨਕਾਹ ਪਿਛੋਂ ਜਦੋਂ ਨਾਦਰ ਦਾ ਪੁੱਤਰ ਨਾਸਰ ਸ਼ਾਹੀ ਹਰਮ ਵਿਚ ਦਾਖਲ ਹੋਇਆ ਤਾਂ ਉਸਦੀਆਂ ਸਾਲੀਆਂ ਆਖਿਆ, "ਨਾਸਿਰ ਭਾਈ ਸਾਨੂੰ ਆਪਣਾ ਕੁਰਸੀ ਨਾਮਾ ਤੇ ਸੁਣਾ।"[1] ਨਾਸਰ ਛਿੱਥਾ ਜਿਹਾ ਹੋ ਕੇ ਆਪਣੇ ਬਾਪ ਕੋਲ ਗਿਆ ਅਤੇ ਪੁੱਛਿਆ "ਅਬਾ ਜਾਨ, ਸ਼ਾਹਜਾਦੀਆਂ ਮੈਥੋਂ ਕੁਰਸੀ ਨਾਵਾਂ ਪੁਛਦੀਆਂ ਹਨ ? ਨਾਦਰ ਆਖਿਆ ਵਾਹ ਇਸ ਵਿਚ ਕਿਹੜੀ ਅਜੀਬ ਗੱਲ ਹੈ, "ਸੁਣ, ਨਾਸ਼ਰ ਪੁਤਰ ਨਾਦਰ ਦਾ ਤੇ ਨਾਦਰ ਪੁਤਰ ਸ਼ਮਸ਼ੇਰ (ਤਲਵਾਰ) ਦਾ। ਜਿਸ ਦਾ ਮਤਲਬ ਸੀ ਕਿ ਮੈਂ ਸਭ ਕੁਝ ਤਲਵਾਰ ਦੇ ਜ਼ੋਰ ਬਣਾਇਆ ਹੈ। ਅਤੇ ਤਲਵਾਰ ਅਜੇ ਮੇਰੇ ਹੱਥ ਵਿਚ ਹੈ।"

ਨਾਦਰ ਨੇ ਇਸ ਸ਼ਾਹਜਾਦੀ ਦੇ ਨਾਲ ਨਾਲ ਹੋਰ ਕਈ ਅਮੀਰਾਂ ਦੀਆਂ ਸੁੰਦਰ ਕੰਨਿਆਵਾਂ ਆਪਣੇ ਅਹਿਲਕਾਰਾਂ ਨੂੰ ਦਿਵਾਈਆਂ। ਇਹ ਤਾਂ ਸੀ ਹਾਲ ਕਾਬਲੀ ਜਰਵਾਣਿਆ ਦਾ ਬਾਦਸ਼ਾਹ ਦੀਆਂ ਸ਼ਾਹਜਾਦੀਆਂ ਨਾਲ ਵਰਤਾਵੇ ਦਾ।

ਹੁਣ ਆਓ ਬਾਦਸ਼ਾਹਾਂ ਨਾਲ ਟੱਕਰ ਲੈਣ ਵਾਲੇ ਅਤੇ ਪੰਜਾਬ ਤੇ ਰਾਜ ਕਰਨ ਦੇ ਸੁਪਣੇ ਲੈਣ ਵਾਲੇ ਮਰਹਟੇ ਬਹਾਦਰਾਂ ਵੱਲ। ਸੰਨ 1761 ਈ: ਵਿਚ ਅਹਿਮਦ ਸ਼ਾਹ ਅਬਦਾਲੀ ਨੇ ਜਦ ਭਾਰਤ ਤੇ ਪੰਜਵਾਂ ਹਮਲਾ ਕੀਤਾ ਤਾਂ ਪਾਣੀਪਤ ਦੇ ਮੈਦਾਨ ਵਿਚ ਸਦਾਸ਼ਿਵ ਭਾਊ ਮਰਹੱਟਾ ਆਪਣੀ ਫੌਜ ਲੈ ਕੇ ਅਬਦਾਲੀ ਸਾਹਮਣੇ ਡਟ ਗਿਆ ਮਗਰ ਪ੍ਰਸਿਧ ਇਤਿਹਾਸਕਾਰ ਜਾਦੂ ਨਾਥ ਸਰਕਾਰ ਦੇ ਕਥਨ ਅਨੁਸਾਰ, ਸਦਾਸ਼ਿਵ ਭਾਊ, ਆਪਣੀ 1,66,000 ਫੌਜੀ ਨਫਰੀ ਦੇ ਹੁੰਦਿਆਂ ਹੋਇਆਂ ਅਬਦਾਲੀ ਦੀ ਕੇਵਲ 61 000 ਫੌਜ ਕੋਲੋਂ ਹਾਰ ਗਿਆ। ਅਬਦਾਲੀ ਨੂੰ ਚਿੱਥੇ ਬੇਪਨਾਹ ਜੰਗੀ ਸਾਮਾਨ ਤੇ ਸਸਤ੍ਰ ਬਸਤ੍ਰ ਹਥ ਲਗਾ ਉਥੇ ਕਈ ਸੈਂਕੜੇ ਮਰਹਟਾ ਇਸਤਰੀਆ ਵੀ ਕਾਬੂ ਆਈਆ। ਜਦੋਂ ਅਬਦਾਲੀ ਦੇ ਪਰਤਣ ਦਾ ਖਾਲਸੇ ਨੂੰ ਪਤਾ ਲੱਗਾ ਤਾਂ ਬਾਬਾ ਜਸਾ ਸਿੰਘ ਆਹਲੂਵਾਲੀਆ ਬਿਆਸ ਕੰਢੇ ਗੋਂਦਵਾਨਾ ਦਾ ਪੱਤਣ ਲੰਘਦਿਆ ਵੈਰੀ ਦੇ ਲਸ਼ਕਰ ਤੇ ਆ ਪਿਆ ਤੇ 2200 ਔਰਤਾਂ ਛੁਡਾ ਲਈਆਂ (ਕੰਨਹਯਾ ਲਾਲ) ਤੇ ਆਪਣੇ ਪਲਿਉਂ ਖਰਚ ਦੇ ਕੇ ਘਰੋ ਘਰੀ ਤੋਰੀਆ। ਪ੍ਰਿੰਸਿਪ ਦਾ ਕਥਨ ਹੈ ਕਿ ਇਹਨਾ ਵਿਚੋਂ ਅਧਿਕਤਰ ਮਰਹਟਾ ਔਰਤਾਂ ਸਨ ਜੋ ਆਪਣੇ ਫੌਜੀ ਯੋਧਿਆ ਨਾਲ ਘਰੋਂ ਆਈਆਂ ਹੋਈਆ ਸਨ। ਪਾਠਕ, ਕਾਬਲੀ ਪਠਾਣ, ਮਰਹਟਿਆਂ ਅਤੇ ਪੰਜਾਬੀ ਸਿੰਘਾਂ ਦੇ, ਆਚਰਣ ਦਾ ਟਾਕਰਾ ਸਹਿਜੇ ਕਰ ਲੈਣਗੇ

ਮੈਂ ਆਪਣੇ ਪਾਠਕਾਂ ਦਾ ਇੱਕ ਭੁਲੇਖਾ, ਜੋ ਅੰਗਰੇਜ਼ ਦੀ ਪਾੜੂ ਨੀਤੀ ਕਰਕੇ ਸਾਡੇ ਇਤਿਹਾਸਕਾਰਾਂ ਨੇ ਪਾਇਆ ਸੀ, ਦੂਰ ਕਰਨਾ ਚਾਹੁੰਦਾ ਹਾਂ ਕਿ ਕਾਬਲੀ ਜਰਵਾਣੇ ਕੇਵਲ ਹਿੰਦੂਆਂ ਦੇ ਮੁੰਡੇ ਕੁੜੀਆਂ ਹੀ ਖੋਹ ਲੈ ਜਾਂਦੇ ਸਨ, ਨਹੀਂ, ਉਹ ਇਸ ਪੱਖੋਂ ਹਿੰਦੂ ਮੁਸਲਮਾਨ ਦਾ ਕੋਈ ਵਿਤਕਰਾ ਨਹੀਂ ਕੀਤਾ ਕਰਦੇ ਸਨ। ਉਹ ਜਾਲਮ, ਮੁਸਲਮਾਨਾਂ ਦੀਆ ਵੀ ਖੋਹ ਖੜਦੇ ਸਨ, ਇਸਦੀ ਇਕ ਜਿੰਦਾ ਮਿਸਾਲ ਸ: ਰਘਬੀਰ ਸਿੰਘ ਸਿਧੂ ਜ਼ਿਲਾ ਲਾਹੌਰ ਪਛਮੀ ਪੰਜਾਬ, ਹੁਣ ਪੱਟੀ ਫਾਰਮ ਸੁਲਤਾਨਪੁਰ ਜਿਲਾ ਰਾਮਪੁਰਯੂ.ਪੀ. ਦੱਸਿਆ ਕਰਦੇ ਹਨ। "ਸਾਡੇ ਪਿੰਡ ਇਕ ਵਾਰੀ ਰਾਜ਼ ਕੰਧਾ ਬਨਾਣ ਵਾਲ ਆਏ, ਉਹਨਾਂ ਨਾਲ ਇਕ ਬੁਢਾ ਵੀ ਆਇਆ। ਉਸ ਪੁਛਿਆ ਇਥੇ ਫਲਾਣੇ ਜੁਲਾਹੇ ਦਾ ਘਰ ਕਿਹੜਾ ਹੈ। ਲੋਕਾ ਪੁਛਿਆ ਕੀ ਗੱਲ ? ਉਸ ਕਿਹਾ ਉਹ ਮੇਰੇ ਨਾਨਕਿਆਂ ਦਾ ਘਰ ਹੈ। ਮੇਰੀ ਮਾਂ ਨੂੰ ਸਾਡੇ ਵਡਿਕੇ ਉਹਦੇ ਘਰੋਂ ਚੁੱਕ ਕੇ ਲੈ ਗਏ ਸਨ। ਉਹ ਮੈਨੂੰ ਦਸਿਆ ਕਰਦੀ ਸੀ। ਮੈ ਹੁਣ ਉਹਨਾਂ ਦੇ ਪ੍ਰਵਾਰ ਨੂੰ ਮਿਲਣ ਆਇਆ ਹਾਂ।"

ਪੰਜਾਬ ਦੇ ਵਸਣੀਕਾਂ ਸਿਖ, ਹਿੰਦੂ ਮੁਸਲਮਾਨਾਂ ਅਤੇ ਹੋਰ ਜਾਤਾਂ ਦੇ ਆਪਸੀ ਸਲੂਕ ਦੀਆ ਮਿਸਾਲਾਂ ਉਪਰ ਦਿਤੀਆਂ ਜਾ ਚੁੱਕੀਆਂ ਹਨ। ਉਚੀਆਂ ਜਾਤਾਂ ਦਾ ਨੀਵੀਆਂ ਜਾਤਾਂ ਨਾਲ ਕੀ ਵਰਤਾਉ ਸੀ ? ਇਸ ਦੀਆ ਦੋ ਮਿਸਾਲ ਅਗ ਆਉਂਦੇ ਵਿਰਕ ਇਤਿਹਾਸ ਵਿਚੋਂ ਪੇਸ਼ ਕਰਦੇ ਹਾਂ।

ਪਿੰਡ ਕੜਯਾਲ ਕਲਾਂ ਦਾ ਬਾਬਾ ਬਾਘ ਸਿੰਘ (ਮਰਾਲੀ ਵਾਲਿਆ) ਕਿਧਰੇ ਬਾਹਰੋਂ ਘਰ ਨੂੰ ਪਰਤ ਰਿਹਾ ਸੀ। ਰਾਹ ਵਿਚ ਪਿੰਡ ਦੇ ਬਾਲਮੀਕੀਆਂ ਦੀ ਕੁੜੀ ਮੁਕਲਾਵਿਉਂ ਪਰਤਦੀ ਨੇ ਆਖਿਆ "ਬਾਬਾ ਮੱਥਾ ਟੇਕਨੀਆਂ"। ਬਾਬਾ ਬਾਘ ਸਿੰਘ ਘੋੜੇ ਤੋਂ ਥੱਲੇ

---

1. ਸਾਹਜਾਦੀਆਂ ਦਾ ਭਾਵ ਨਾਸਰ ਨੂੰ ਇਹੋ ਜਤਲਾਣਾ ਸੀ ਕਿ ਤੇਰਾ ਪਿਉ ਨਾਦਰ ਇੱਕ ਆਜੜੀ ਅਰਥਾਤ ਬਕਰੀਆਂ ਚਾਰਨ ਵਾਲੇ ਦਾ ਪੁੱਤਰ ਹੈ ਤੇ ਅਸੀਂ ਮਸ਼ਹੂਰ ਚੁਗਤਾਈ ਖਾਨਦਾਨ ਦੀਆਂ ਸਾਹਜ਼ਾਦੀਆਂ ਅਰਥਾਤ ਬਾਬਰ ਦੀਆਂ ਪੜਪੋਤੀਆਂ ਹਾਂ। ਤੂੰ ਅਸਾਥੋਂ ਬਹੁਤਾ ਨੀਵਾਂ ਹੈ।

ਉੱਤਰ ਕੇ ਪੁਛਿਆ, "ਕਾਕੀ ਕਿੱਥੇ ਜਾਣਾ ਈ ? "ਜੀ ਤੇ ਪਿੰਡ ਕੜਯਾਲ, ਮੈਂ ਫਲਾਣੇ ਦੀ ਧੀ ਹਾਂ" ਕਾਕੀ ਦਾ ਉੱਤਰ ਸੀ। ਬਾਬਾ ਸਮਝ ਗਿਆ ਕਿ ਇਹਦੇ ਨਾਲ ਦਾ ਮੁੰਡਾ ਇਹਦੇ ਘਰ ਵਾਲਾ ਹੈ। ਬਾਬੇ ਨੇ ਉਸ ਮੁੰਡੇ ਨੂੰ ਆਖਿਆ ਲੈ ਫੜ ਘੋੜਾ ਤੇ ਇਸ ਕੁੜੀ ਨੂੰ ਉੱਤੇ ਚਾੜ੍ਹ ਕੇ ਪਿੰਡ ਲੈ ਚੱਲ। ਮੈਨੂੰ ਐਥੇ ਫਲਾਣੇ ਥਾਂ ਕੰਮ ਹੈ ਮੈਂ ਉਥੋਂ ਆਪਣਾ ਦੂਜਾ ਘੋੜਾ ਲੈ ਆਵਾਂ ਗਾ।"

ਮੁੰਡਾ ਕੁੜੀ ਪਿੰਡ ਅਪੜੇ। 'ਕੁੜੀ ਦਾ ਪਿਉ ਘੋੜਾ ਲੈ ਕੇ ਬਾਬੇ ਦੇ ਘਰ ਗਿਆ। ਬਾਬੇ ਪੁੱਛਿਆ, ਆ ਕਿਵੇਂ ਆਇਆ ਹੈਂ ? ਉਸ ਆਖਿਆ,"ਜੀਵੇਂ ਸਰਦਾਰ ਤੇਰਾ ਘੋੜਾ ਪਰਤਾਨ ਆਇਆਂ।" ਬਾਬੇ ਆਖਿਆ ਉਏ ਕਦੇ ਧੀਆਂ ਨੂੰ ਮਾਲ ਦੇ ਕੇ ਵਾਪਸ ਵੀ ਲਈਦਾ ਹੈ ? ਜਾਹ ਲੈ ਜਾਹ, ਇਹ ਘੋੜਾ ਉਸ ਕਾਕੀ ਦਾ ਹੈ, ਮੇਰਾ ਨਹੀਂ।

ਦੂਜੀ ਮਿਸਾਲ, ਭਿੱਖੀ ਕੇ ਬਾਬੇ ਅਮੀਰ ਸਿੰਘ ਦੇ ਛੇੜੂ ਦੀ ਮਾਂ ਨੇ ਢਾਬ ਕੰਢੇ ਕਪੜੇ ਧੋ ਕੇ ਸੁਕੱਣੇ ਪਾਏ ਹੋਏ ਸਨੇ ਕਿ ਅਵਾਣਾਂ ਦੇ ਭੂਤਰੇ ਹੋਏ ਗੱਭਰੂ ਮਾਈ ਦੀ ਸੁੱਕਣੇ ਪਈ ਤਹਿਮਤੀ (ਤੇੜ ਦੀ ਚਾਦਰ) ਲਾਹ ਕੇ ਲੈ ਗਏ। ਮਾਈ ਨੇ ਜਦੋਂ ਮੰਗੀ ਤਾਂ ਸਗੋਂ ਅਗੋਂ ਮਸਖਰੀ ਕੀਤੀਓ ਨੇ। ਛੇੜੂ ਆ ਕੇ ਬਾਬੇ ਅਮੀਰ ਸਿੰਘ ਕੋਲ ਰੁੰਨਾ। ਬਾਬੇ ਆਪਣੇ ਕੋਲੋਂ ਚਾਦਰ ਦਿੱਤੀ ਤੇ ਆਖਿ, "ਉਸ ਫਿਕਰ ਨਾ ਕਰ ਚਾਦਰ ਸਗੁਵੀਂ ਲਵਾਂਗੇ।"

ਬਾਬੇ ਨੂੰ ਪਤਾ ਲਗਾ, ਪੀਰੇ ਸਪਰਾ ਦੇ ਘਰੋਂ ਢੁੱਕ ਕੇ ਆਵਾਣਾਂ ਦੀ ਜੰਞ ਪਰਤੀ ਆਉਂਦੀ ਹੈ। ਬਾਬਾ ਧਾੜ ਲੈ ਕੇ ਅਗੋਂ ਜਾ ਪਿਆ ਤੇ ਸਣੇ ਲਾੜੇ ਜੰਞ ਵੱਢ ਦਿਤੀ। ਡੋਲੇ ਦੇ ਕੋਲ ਜਾ ਕੇ ਇੱਕ ਲਾਗੀ ਨੂੰ ਆਪਣੀ ਚਾਦਰ ਦੇ ਕੇ ਆਖਿਆ,"ਵਿਆਂਹਦੜ ਕੁੜੀ ਨੂੰ ਆਖ, ਆਪਣੇ ਲੱਕ ਦੀ ਤਹਿਮਤ ਲਹ ਕੇ ਇਹ ਚਾਦਰ ਬੰਨ੍ਹ ਲਵੇ। ਆਪਣੀ ਤਹਿਮਤ ਲਾਹ ਕੇ ਦੇ ਦੇਵੇ।" ਜਦੋਂ ਤਹਿਮਤ ਮਿਲ ਗਈ ਤਾਂ ਆਪਣੇ ਆਦਮੀ ਨਾਲ ਘੱਲ ਕੇ ਸਣੇ ਕਹਾਰਾਂ ਦੇ ਡੋਲਾ ਪੀਰੇ ਸਪਰਾ ਦੇ ਘਰ ਮੋੜ ਦਿਤਾ। ਤੇ ਓਹ ਵਿਆਂਹਦੜ ਕੁੜੀ ਦੀ ਤਹਿਮਤ ਆਪਣੇ ਛੇੜੂ ਦੀ ਮਾਂ ਨੂੰ ਲਿਆ ਕੇ ਦਿਤੀ।

ਇਸ ਪਿਛਲੀ ਸਾਰੀ ਵਿਚਾਰ ਦਾ ਨਿਚੋੜ ਪਿ. ਭਗਵੰਤ ਸਿੰਘ 'ਆਜ਼ਾਦ' ਦੀ ਪੁਸਤਕ 'ਸਿੱਖੀ ਮੰਜ਼ਲਾਂ' ਵਿਚ ਪੰਨਾ 73 ਤੇ ਹੇਠ ਲਿਖੀ ਕਵਿਤਾ ਵਿੱਚ ਇਸ ਤਰ੍ਹਾਂ ਹੈ :

ਇਤਿਹਾਸ ਤੁਹਾਨੂੰ ਦੱਸੇਗਾ।

ਕੁੱਝ ਪਿਛਲੇ ਵਰਕੇ ਫੋਲੋ ਜੇ, ਇਤਿਹਾਸ ਤੁਹਾਨੂੰ ਦੱਸੇ ਗਾ।
ਤੁਸੀਂ ਜ਼ਰਾ ਕੁ ਕੁੱਝ ਵੀ ਟੋਲੋ ਜੇ, ਇਤਿਹਾਸ ਤੁਹਾਨੂੰ ਦੱਸੇ ਗਾ।
ਤੁਸੀਂ ਬੰਦ ਦਰਵਾਜ਼ੇ ਖੋਲੋ ਜੇ, ਵਿਚ ਰਾਸ ਤੁਹਾਨੂੰ ਦੱਸੇ ਗਾ।
ਕੌਮਾਂ ਤੇ ਜੋ ਜੋ ਬੀਤਦੀਆਂ, ਕੁਝ ਖਾਸ ਤੁਹਾਨੂੰ ਦੱਸੇ ਗਾ।
ਕੌਮਾਂ ਦਾ ਕਿੱਦਾਂ ਹੋ ਜਾਂਦਾ ਏ,ਨਾਸ ਤੁਹਾਨੂੰ ਦੱਸੇ ਗਾ।
ਕਿੱਦਾਂ ਖੁਸ਼ਹਾਲੀ ਦੀ ਬਝਦੀ ਹੈ, ਆਸ ਤੁਹਾਨੂੰ ਦੱਸੇ ਗਾ।
ਤੁਸੀਂ ਚਾਰ ਚੰਨ ਜੇ ਲਾਉਣਾ ਚਾਹੋ, ਆਪਣੀਆਂ ਕਰਾਮਾਤਾਂ ਨੂੰ।
ਕਦਮ ਕਦਮ ਪੁੱਟੋ, ਮੰਨ ਕੇ, ਇਤਿਹਾਸ ਆਪਣੇ ਦੀਆਂ ਬਾਤਾਂ ਨੂੰ।

●

ਵਿਸ਼ਯ ਪ੍ਰਯੋਜਨ

ਭਾਵ ਇਸ ਇਤਿਹਾਸ ਦੇ ਲਿਖਣ ਦੀ ਗੱਲ ਕਿਵੇਂ ਤੁਰੀ ਅਤੇ ਕਿਵੇਂ ਅਗਾਂਹ ਪਹੁੰਚੀ ।

ਸੰਨ 1939 ਦੀ ਗੱਲ ਹੈ ਕਿ ਪ੍ਰਮ ਪ੍ਰਮ ਸਨਮਾਨ ਯਗ ਗੁਰਪੁਰਵਾਸੀ ਭਾਈ ਸਾਹਿਬ ਭਾਈ ਮੂਲ ਸਿੰਘ ਜੀ ਗਰਮੂਲਾ, ਜੋ ਕਿ ਵੀਹਵੀਂ ਸ਼ਦੀ ਦੇ ਮਹਾਨ ਦਿੱਗ ਵਿਜਈ, ਸਿਖ ਪ੍ਰਚਾਰਕ, ਸਿਖ ਧਰਮ ਵਿਚ ਆਈ ਗਿਰਾਵਟ ਦੇ ਸੁਧਾਰਕ, ਆਮ ਲੋਕਾਈ (ਜਨਤਾ) ਵਾਸਤੇ ਧੁਰੰਧਰ ਵੈਦ ਅਤੇ ਵਕਤ ਦੀ ਹਕੂਮਤ ਵਲੋਂ ਸਨਮਾਨਤ ਜੈਲਦਾਰ ਸਨ, ਸੰਪਾਦਕ ਨਾਲ ਵਿਚਾਰ ਵਟਾਂਦਰਾ ਕਰਦਿਆਂ ਫ਼ੁਰਮਾਇਆ "ਗੁਰ ਇਕਬਾਲ ਸਿੰਘਾ, ਜਿਨ੍ਹਾਂ ਕੋਮਾਂ ਦਾ ਇਤਿਹਾਸ ਨਹੀਂ, ਉਹ ਜਿਉਂਦੀਆਂ ਨਹੀਂ । ਅੱਜ ਵੀ ਮੋਈਆਂ ਤੇ ਕੁੱਲ ਵੀ ਮੋਈਆ ਅਤੇ ਜਿਨ੍ਹਾਂ ਮੁੱਕ ਚੁੱਕੀਆਂ ਦੇ ਇਤਿਹਾਸ ਹਨ ਉਹ ਸਦੀਵੀ ਜਿਉਂਦੀਆਂ ਹਨ । ਸਾਡਾ ਬਾਰ ਦੇ ਵਸਣੀਕਾਂ ਦਾ, ਅਤੇ ਵਿਰਕਾਂ ਦਾ ਕੋਈ ਇਤਿਹਾਸ ਨਹੀਂ । ਹਾਲਾਂ ਕਿ ਸਾਡੇ ਬਜ਼ੁਰਗਾਂ ਨੇ ਬੜੀਆਂ ਬੜੀਆਂ ਲੜਾਈਆਂ ਲੜੀਆਂ । ਅਸਾਂ ਦੋ ਮਿਸਲਾਂ, ਸ਼ੁਕਰਚਕੀਆ ਅਤੇ ਸਿੰਘ ਪੁਰੀਆਂ ਨੂੰ ਸਹਿਯੋਗ ਦਿੱਤਾ ਮਗਰ ਸ਼ਾਡੇ ਆਮ ਦੇਸੀ ਅਤੇ ਖਾਸ ਕਰਕੇ ਸਿਖ ਇਤਿਹਾਸਕਾਰਾਂ ਨੇ ਸਾਨੂੰ ਹਮੇਸਾ ਕਾਣੀ ਅੱਖ ਨਾਲ ਤੱਕਿਆ ਅਤੇ ਤੱਕਦੇ ਰਹੇ ਹਨ । ਐਥੋਂ ਤੱਕ ਕਿ ਭਾਈ ਕਰਮ ਸਿੰਘ ਹਿਸਟੋਰੀਅਨ, ਸਾਡੇ ਇਲਾਕੇ ਦੇ ਬਿਰਧਾਂ ਦੇ ਬਿਆਨ ਲਿਖਣ ਵਾਸਤੇ ਆਏ ਤਾਂ, ਵਿਚਾਰੇ, ਅਨਪੜ੍ਹ ਕਾਰ ਵਿਹਾਰੀ ਸਿੰਘਾਂ ਨੂੰ ਹੀ ਪੁੱਛ ਖ਼ਾਲੀ ਪਰਤ ਗਏ, ਮੇਰੇ ਤੱਕ ਨਹੀਂ ਪੁੱਜੇ ਹਾਲਾਂ ਕਿ ਲੋਕਾਂ ਨੇ ਉਹਨਾ ਨੂੰ ਮੇਰੀ ਦੱਸ ਵੀ ਪਾਈ ਸੀ । ਜਿਸਦਾ ਗਿਲਾ ਮੈਂ ਉਹਨਾਂ ਨੂੰ ਆਪਣੀ ਚਿੱਠੀ ਰਾਹੀਂ ਵੀ ਦਿੱਤਾ ਸੀ

ਨਮੂਨੇ ਦੇ ਤੌਰ ਤੇ ਹੋਰ ਵੇਖੋ ਨਨਕਾਣੇ ਸਾਹਿਬ ਦੇ ਸਾਕੇ ਵਿਚ ਜਿਹੜੀ ਘਾਲ ਬਾਰ ਦੇ ਖਾਲਸਾ ਜੀ ਨੇ ਘਾਲੀ ਹੈ ਉਸਨੂੰ ਇੱਕ ਦਮ ਅਖੋਂ ਉਹਲੇ ਕਰਕੇ ਮਾਝੇ, ਮਾਲਵੇ, ਦੁਆਬੇ ਆਦਿ ਦੇ ਗੁਣ ਹੀ ਗਾਏ ਗਏ ਹਨ । ਹੋਰ ਤਾਂ ਹੋਰ ਹੁਣ ਤਾਂ ਉਹਨਾਂ ਨੇ ਲੋਕੋਕਤੀ ਘੜ ਲਈ ਹੈ "ਸਰਦਾਰ ਮਾਝਾ ਤੇ ਸੰਤ ਮਾਲਵਾ" ਮਗਰ "ਸਾਂਦਲ ਬਾਰ ਦਾ "ਬੀਰ ਖਾਲਸਾ" ਆਖਣਾ ਭੁਲ ਜਾਂਦੇ ਹਨ ।

ਤੂੰ ਸੁਭਾਵਕ ਹੀ ਪੁਛੇਗਾਂ ਕਿ ਸਾਡੇ ਵਡਿਆਂ ਨੇ ਆਪਣੇ ਕਾਰਨਾਮੇ ਕਿਉਂ ਨਾ ਲਿਖੇ ਲਿਖਾਏ । ਸੁਣ, ਇਸਦੇ ਵਡੇ ਕਾਰਨ ਇਹ ਹਨ ।

ਪੁਰਾਣੇ ਜਮਾਨੇ ਵਿਚ ਇਹ ਕੰਮ ਭੱਟਾਂ ਦੇ ਜਿੰਮੇ ਹੁੰਦਾ ਸੀ ਜਿਹੜ ਕਿ ਸਾਡੇ ਕੁਰਸੀ ਨਾਮੇ ਅਤੇ ਕਾਰਨਾਮੇ ਅੰਕਤ ਕੀਤਾ ਕਰਦੇ ਸਨ । ਜਿਵੇਂ ਕਿ ਪ੍ਰਥਵੀ ਰਾਜ ਚੋਹਾਨ ਦੇ ਭਾਟ ਚਾਂਦ ਬਰਦਾਈ ਨੇ ਚੋਹਾਨ ਵੰਸ਼ ਦਾ ਸਾਰਾ ਹਾਲ ਸਤਾਸੀ ਹਜਾਰ ਸਲੋਕਾ ਵਿਚ 'ਪ੍ਰਥਵੀ ਰਾਜ ਰਾਸੋ" ਵਿਚ ਅੰਕਤ ਕੀਤਾ-ਜੋ ਉਹ ਗਜ਼ਨੀ ਜਾਂਦਾ ਹੋਇਆ ਆਪਣੇ ਬੇਟੇ ਜਲ੍ਹਣ ਨੂੰ ਦੇ ਗਿਆ । ਜਿਸਨੇ ਮਗਰੋਂ ਚਾਂਦ ਬਰਦਾਈ ਦੇ ਇਸਾਰੇ ਤੇ ਅੰਨੇ ਪ੍ਰਥਵੀ ਰਾਜ ਹਥੋਂ ਮੁਹਮਦ ਗੋਰੀ ਨੂੰ ਤੀਰ ਨਾਲ ਮਰਵਾਣ ਦਾ ਹਾਲ ਸੰਪੂਰਨ ਤੌਰ ਤੇ ਲਿਖਿਆ ।

ਸਾਡੇ ਭਾਟ ਪਹਿਲਾਂ ਹਿੰਦੂ ਸਨ ਜਿਵੇਂ ਕਿ ਬਾਬੇ ਅੰਗਯਾਰੀ ਨੂੰ ਚੁਕ ਕੇ ਪਾਲਣਾ ਕਰਵਾਨ ਵਾਲੇ ਭਾਟ ਦਾ ਨਾਮ ਲਖਮਣ ਸੀ। ਮੁਹੰਮਦ ਗੋਰੀ ਦੇ ਸਮੇਂ (1175-1192) ਤੋਂ ਇਹ ਕੰਮ ਮਿਰਸੀਆਂ ਸਾਂਭ ਲਿਆ । ਇਹ ਲਕ ਬੜੇ ਖੁਸਾਮਦੀ ਹੁੰਦੇ ਸਨ । ਆਪਣਾ ਪੇਟ ਪਾਲਣ ਵਾਸਤੇ ਨਕਾਰੇ ਹੋਣ ਕਰਕੇ ਲਾਲਚੀ ਵੀ ਅਧਿਕ ਸਨ । ਇਹ ਲੋਕ ਮਰਨੇ ਪਰਨੇ ਤੇ ਸਾਡੀ ਝੂਠੀ ਖ਼ੁਸ਼ਾਮਦ ਦੇ ਸੋਹਿਲੇ ਗਾਂਉਂਦੇ ਤੇ ਵਡਿਆਈ ਕਰ ਛਡਦੇ ਤੇ ਜਾਂ ਸਾਡੇ ਕੁਰਸੀ ਨਾਵੇ ਲਿਖ ਛਕਦੇ ਹੁੰਦੇ ਸਨ । ਉਹ ਜਿਹੜਾ ਸਾਡਾ ਇਤਿਹਾਸਕ ਮਸਾਲਾ ਸੀ ਇਹਨਾਂ ਦੀ ਅਨਗਹਿਲੀ ਅਤੇ ਸਾਡੇ ਵਡਿਆਂ ਦੇ ਜੁਧਾਂ ਜੰਗਾਂ ਦੇ ਰੁਝੇਂਵਿਆ, ਤੇ ਸਭ ਤੋਂ ਵਡੀ ਗਲ ਸਾਡੀ ਅਣਪੜ੍ਹਤਾ, ਕਾਰਨ ਅਤੀਤ ਵਿਚ ਗੁੰਮ ਹੋ ਗਿਆ ਅਤੇ ਹੁਣ ਮੌਜੂਦਾ ਨਸਲ ਦੀ ਮੁਜਰਮਾਨਾ ਗ਼ਫਲਤ ਹੋਵੇਗੀ ਜੇਕਰ ਅਜੇ ਵੀ ਵਿਰਕ ਕੌਮ ਅਥਵਾ ਸਾਂਦਲ ਬਾਰ ਦਾ ਇਤਹਾਸ ਨਾ ਲਿਖਿਆ ਗਿਆ ਤਾਂ"-

---

ਭਾਟ : ਨੀਵੀਂ ਜਾਤ ਦੇ ਬ੍ਰਹਿਮਨ ਜੋ ਛਤਰੀਆਂ ਦੇ ਪਰੋਹਤ ਮੰਨੇ ਜਾਂਦੇ ਹਨ । ਇਹਨਾ ਦੀ ਉਤਪਤੀ ਬਾਰੇ ਮਹਾਨ ਕਸ਼ ਕ੍ਰਿਤ ਭਾਈ

ਅਗੋਂ ਫਰਮਾਨ ਲੱਗੇ "ਸਾਨੂੰ ਇੱਕ ਲਿਖਾਰੀ ਚਾਹੀਦਾ ਹੈ। ਤੂੰ ਅਜੇ ਨੌਕਰੀ ਵਿਚ ਹੈਂ। ਜਦੋਂ ਛੁੱਟੀ ਆਵੇਂ ਤਾਂ ਸਾਡੇ ਕੋਲ ਰਹਿ ਕੇ ਲਿਖੇਂ ਤਾਂ ਗੱਲ ਬਣਦੀ ਹੈ"। ਸੰਪਾਦਕ ਨੇ ਸਤਿ ਬਚਨ ਆਖ ਕੇ ਮਸਤਕ ਨੌਂਤ ਕਰ ਦਿਤਾ।

ਨੋਟ ਚਲਦਾ:—ਭਾਟ ਅਤੇ ਮਿਰਾਸੀ

ਕਾਹਨ ਸਿੰਘ ਵਿਚ ਲਿਖਿਆ ਹੈ :

ਇੱਕ ਜਾਤੀ ਜਿਸਨੂੰ ਬ੍ਰਹਿਮਣੀ ਦੇ ਉਦਰ ਤੋਂ ਛਤਰੀ ਦੇ ਵੀਰਜ ਦੁਆਰਾ ਉਪਜਿਆ ਮੰਨਿਆ ਹੈ। ਕਈਆਂ ਨੇ ਵੈਸ਼ ਜਾਤੀ ਦੀ ਇਸਤਰੀ ਤੋਂ ਸੂਦਰ ਦੀ ਸੰਤਾਨ ਭੱਟ ਕਹੀ ਹੈ।

ਭਾਟ ਜਾਂ ਭੱਟ ਆਪਣੇ ਰਾਜਪੂਤ ਯਜਮਾਨਾਂ ਦੀਆਂ ਬੰਸਾਵਲੀਆਂ, ਕੰਠਾਗਰ ਕਰ ਰੱਖਿਆ ਕਰਦੇ ਸਨ। ਅਧਿਕਤਰ ਰਾਜ ਦਰਬਾਰਾਂ ਵਿਚ ਰਾਜਿਆਂ ਅਤੇ ਯੋਧਿਆਂ ਦੇ ਯਸ਼ ਸੁਣਾ ਕੇ ਦਾਨ ਦੱਛਣਾਂ ਪ੍ਰਾਪਤ ਕਰਦੇ ਸਨ।

ਬਾਬੇ ਵਿਰਕ ਦੇ ਵੇਲੇ (1000 ਈ:) ਮਿਰਾਸੀ ਕਲੇਟ ਦਾ ਪੁੱਤਰ ਮੀਰ ਲਖਮਣ ਸੀ ਜਿਸ ਦੇ ਸਮੇ ਬਾਬਾ ਅੰਗਯਾਰੀ ਉਤਪੰਨ ਹੋਇਆ ਤੇ ਜਿਸਦੀ ਨਿਗਰਾਨੀ ਹੇਠ ਪਲਿਆ ਤੇ ਵੱਡਾ ਹੋਇਆ ਸੀ।

ਮਿਰਾਸੀ ਲੋਕ ਆਪਣਾ ਪਿਛੋਕੜ ਹਜਰਤ ਮੁਹੰਮਦ ਸਾਹਿਬ (570 ਈ:) ਦੇ ਕੁਰੈਸ਼ ਬਰਾਦਰੀ ਦੇ ਅਕਸਾ ਨਾਲ ਮਿਲਾਂਦੇ ਹਨ ਕਤੂਯਾਲੂ ਕਲ੍ਹਾਂ (ਵਿਰਕਾਂ) ਦੇ ਮਿਰਾਸੀ ਮੀਰ ਬਰਕਤ ਦੇ ਕਿੱਸੇ ਕੁਰਸੀ ਨਾਵੇਂ ਅਨੁਸਾਰ ਹਜ਼ਰਤ ਆਦਮ ਦੀ 44ਵੀਂ ਪੀੜ੍ਹੀ ਹਜ਼ਰਤ ਮਤੁਲਿਬ ਹੋਏ ਜਿਨ੍ਹਾਂ ਦੇ ਕੁੰਨਬ ਵਿਚ ਖ੍ਵਾਜਾ ਅਕਸਾ ਨੇ ਹੀ ਹਜ਼ਰਤ ਮੁਹੰਮਦ ਸਾਹਿਬ ਦੀ ਕੰਡ ਉਪਰ ਨਬੱਵਤ ਦੀ ਮੁਹਰ ਵੇਖ ਕੇ ਸਤਿਕਾਰ ਨਾਲ ਉਸ ਦਾ ਚੁੰਬਨ ਕੀਤਾ ਸੀ।

ਬਾਬੇ ਆਦਮ ਦੀ 61 ਵੀਂ ਪੀਹੜੀ ਖ੍ਵਾਜਾ ਗੁਲਸ਼ੇਰ ਸੱਤ ਸੁਯਦ ਭਰਾਵਾਂ ਅਤੇ ਮਾਈ ਰਾਸਤ੍ਰੀ ਸਮੇਤ ਭਾਰਤ ਆਏ।

ਮਿਰਾਸੀਆਂ ਦੇ ਅਰਬ ਦੇਸ਼ ਤੋਂ ਕਥਿਤ ਉਥਾਨ ਬਾਰੇ ਅਨੇਕਾਂ ਕਥਾਵਾਂ ਮਿਲਦੀਆਂ ਹਨ ਕਿੰਤੂ ਹਨ ਸਭ ਸੰਦੇਹ ਪੂਰਤ।[1] ਮਿਸਾਲ ਦੇ ਤੌਰ ਤੇ ਮੀਰ ਬਰਕਤ ਦੀ ਦਿੱਤੀ ਕੁਰਸੀ ਨਾਵੇਂ ਹੀ ਲੈ ਲਵੋ।

(I) 45ਵੀਂ ਪੀਹੜੀ ਹਜਰਤ ਅਬਾਸ, ਤੋਂ 61ਵੀਂ ਪੀਹੜੀ ਖ੍ਵਾਜਾ ਗੁਲਸ਼ੇਰ ਤੱਕ 17 ਪੀਹੜੀਆਂ ਹੁੰਦੀਆਂ ਹਨ। ਜਿਨ੍ਹਾਂ ਦਾ ਦਰਮਿਆਨੀ ਸਮਾਂ (17×30) 510 ਸਾਲ ਬਣਦਾ ਹੈ। ਹਜ਼ਰਤ ਮੁਹੰਮਦ ਸਾਹਿਬ 570—632 ਈ: ਤੱਕ ਹੋਏ। 632+510=1142 ਈ: ਵਿਚ ਖ੍ਵਾਜਾ ਗੁਲਸ਼ੇਰ ਭਾਰਤ ਆਇਆ। ਕਿੰਤੂ ਅਮੂਮ ਅਲੀ-ਉਲ-ਹਕ ਅਤੇ ਮਾਈ ਰਾਸਤ੍ਰੀ ਦੀ ਵਾਰਤਾ ਸੰਨ 965—970 ਈ: ਵਿੱਚ ਬੀਤ ਚੁਕੀ ਹੋਈ ਹੈ। 172 ਸਾਲ ਦਾ ਅੰਤਰ ਰਹਿ ਜਾਂਦਾ ਹੈ।

(II) ਖ੍ਵਾਜਾ ਅਕਸਾ ਤੋਂ ਉਪਰ ਸਾਰੇ ਨਾਮ ਅਰਬੀ ਭਾਸ਼ਾ ਦੇ ਹਨ ਜਦ ਕਿ ਉਸ ਤੋਂ ਥੱਲੇ ਦੇ 14 ਨਾਮਾ ਵਿਚੋਂ 6 ਛੱਡ ਕੇ ਬਾਕੀ ਦੇ ਅੱਠ ਨਾਮ ਭਾਰਤੀ ਭਾਸ਼ਾ ਦੇ ਹਨ।

(III) ਹਜਰਤ ਮੁਹੰਮਦ ਸਾਹਿਬ ਸੰਨ 632 ਈ: ਨੂੰ ਅੰਤਰ ਧਿਆਨ ਹੋਏ। ਉਹਨਾਂ ਤੋਂ ਪਿਛੋਂ ਖਲੀਫਿਆਂ ਨੇ ਇਸਲਾਮ ਦੇ ਝੰਡੇ ਮਿਸਰ ਅਫਰੀਕਾ, ਸਪੇਨ, ਰੋਮ, ਸਾਮ ਅਫਗਾਨਿਸਤਾਨ ਅਤੇ ਈਰਾਨ ਵਿਚ ਗੱਡ ਦਿੱਤੇ। ਮੁਹੰਮਦ ਬਿਨ ਕਾਸਮ ਨੇ ਸੰਨ 712 ਈਸਵੀ ਵਿੱਚ ਸਿੰਧ ਤੇ ਕਬਜਾ ਕੀਤਾ। ਦੇਵੀ ਦੇਵਤਿਆਂ ਦੀ ਪੂਜਾ ਅਤੇ ਅਰਾਧਨਾ ਤਾਂ ਕਿਤੇ ਰਹੀ ਉਹਨਾਂ ਨੂੰ ਵੇਖਦੇ ਸਾਰ ਹੀ ਮੋਮਨ ਭੱਜ ਕੇ ਤੋੜ ਦੇਂਦੇ ਸੀ ਨਹੀਂ ਤਾਂ ਅਪਮਾਨ ਤਾਂ ਹਦੋਂ ਵੱਧ ਕਰਦੇ ਸਨ। ਜਿਵੇਂ ਕਿ ਮੁਲਤਾਨ (ਜੋ ਸਿੰਧ ਦਾ ਸੂਬਾ ਸਮਝਿਆ ਜਾਂਦਾ ਸੀ) ਵਿਚ ਮੁਹੰਮਦ ਬਿਨ ਕਾਸਿਮ ਨੇ ਸੂਰਜ ਦੇ ਮੰਦਰ ਵਿਚ ਜਾ ਕੇ ਉਸਦੇ ਬੁੱਤ ਦੇ ਗਲ ਵਿਚ ਗਊ ਦੀਆਂ ਆਂਦਰਾਂ ਦਾ ਹਾਰ ਪਾਇਆ ਸੀ ਨਾਲੇ ਮੰਦਰ ਦਾ ਚੜ੍ਹਾਵਾ ਮੁਹੰਮਦ ਬਿਨ ਕਾਸਮ ਦੀ ਹਕੂਮਤ ਲੈ ਦੀ ਸੀ।

ਇਸ ਉਪਰੋਕਤ ਤੱਥ ਦੀ ਮੌਜੂਦਗੀ ਵਿਚ ਇਹ ਕਿਵੇਂ ਮੰਨਿਆ ਜਾ ਸਕਦਾ ਹੈ ਕਿ ਮਿਰਾਸੀਆਂ ਦੇ ਵੱਡਿਕੇ (54) ਕਾਲਕ ਦਾਸ ਨੇ ਕਾਲਕਾ ਦੇਵੀ ਦੀ ਅਰਾਧਨਾ ਕੀਤੀ ਹੋਵੇਗੀ।

ਮੀਰ ਗੁਲਸ਼ੇਰ ਤੋਂ ਅਗਲਾ ਨਾਮ "ਅਮੀਰ' ਛੱਡ ਕੇ ਬਾਕੀ ਦੇ, 25 ਨਾਵਾਂ ਵਿਚੋਂ 22 ਨਾਮ ਹਿੰਦਕੇ ਅਤੇ ਅਖੀਰਲੇ ਤਿੰਨ ਨਾਮ ਮੁਸਲਮਾਨੀ ਹਨ ਜਿਸ ਤੋਂ ਇਹ ਮੰਨਣਾ ਪਵੇਗਾ ਕਿ ਪੁਰਾਣੇ ਖਾਨਦਾਨੀ ਭਾਟਾਂ ਨੇ ਮੁਸਲਮਾਨੀ ਰਾਜ ਵੇਲੇ ਡਰਦਿਆਂ ਨੇ ਇਸਲਾਮ ਧਰਮ ਧਾਰਨ ਕਰ ਲਿਆ। ਪਿਛੋਂ ਆ ਕੇ ਉਹਨਾਂ ਨੇ ਆਪਣੇ ਆਪ ਨੂੰ ਕੁਰੈਸ਼ੀ ਸਿੱਧ ਕਰਨ ਦਾ ਚਾਰਾ ਸ਼ੁਰੂ ਕਰ ਦਿਤਾ

ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਲਿਖਦੇ ਹਨ :—

ਮੀਰਾਸੀ ਲਫ਼ਜ਼ ਦਾ ਅਰਥ ਭਾਵ ਹੈ ਮੀਰਾਸ, ਮਾਲਕੀ ਜਾਂ ਵਰਾਸਤ ਦੇ ਹੱਕ ਦਾ ਦਾਅਵੇਦਾਰ। ਇਸ ਲਈ ਮੀਰਾਸ਼ੀਆਂ ਨੇ ਇਹੋ ਵਾਰਸੀ ਦਾ ਹੋਛੀ ਦਾਅਵਾ ਸਾਬਤ ਕਰਨ ਲਈ ਆਪਣੇ ਸੰਬੰਧ ਤਾਰੀਖੀ ਪਖ ਤੋਂ ਹਿੰਦੁਸਤਾਨ ਦੀ ਨਿਸਬਤ ਅਰਬ ਦੇਸ ਨਾਲ ਜੋੜਨਾ ਉਚਿਤ ਸਮਝਿਆ। ਇਸ ਤਰ੍ਹਾਂ ਉਹ ਕੁਰੈਸੀ ਅਖਵਾਨ ਲੱਗ ਪਏ।

---

1. ਮਾਈ ਰਾਸਤੀ--ਰਾਜੇ ਸਲਵਾਨ II (ਸੁਹਨਪਾਲ) ਨੇ ਨਜੂਮੀਆਂ ਦੇ ਦੱਸੇ ਅਨੁਸਾਰ ਇਕ ਮੁਸਲਮਾਨੀ ਮਾਈ ਰਾਸਤੀ ਦੇ ਇਕਲੌਤੇ ਬੱਚੇ

ਬਾਕੀ ਚਲਦਾ ਪੰਨਾ ਨੰ: 13

ਸੰਪਾਦਕ ਉਹਨਾਂ ਦਿਨਾਂ ਵਿਚ ਫੌਜੀ ਮੁਲਾਜ਼ਮ ਸੀ। ਛੁੱਟੀ ਮੁੱਕਣ ਤੇ ਨੌਕਰੀ ਤੇ ਚਲਾ ਗਿਆ। ਭਾਈ ਸਾਹਿਬ ਭਾਈ ਮੂਲ ਸਿੰਘ ਜੀ (ਜਿਨ੍ਹਾਂ ਨੂੰ ਅਗੋਂ ਵਾਸਤੇ ਕੇਵਲ ਭਾਈ ਸਾਹਿਬ ਜਾਂ ਬਾਬਾ ਜੀ ਕਰ ਕੇ ਹੀ ਲਿਖਿਆ ਜਾਵੇਗਾ) ਨੇ ਭਾਈ ਨਾਨਕ ਸਿੰਘ ਬਾਠ ਵਲੋਂ ਇਸ ਉਪਰੋਕਤ ਮਸਲੇ ਬਾਰੇ ਇਸ਼ਤਿਹਾਰ ਕਢਵਾਇਆ ਜੋ ਇਸ ਤਰ੍ਹਾਂ ਹੈ :—

ੴ ਸਤਿਗੁਰ ਪ੍ਰਸਾਦਿ ॥

ਵਿਰਕ ਇਤਿਹਾਸ

ਜਾਂ

ਇਤਿਹਾਸ ਬਾਰ

ਇਹ ਅੱਟਲ ਸਚਿਆਈ ਹੈ ਕਿ ਇਤਿਹਾਸ ਕੌਮਾਂ ਦੀ ਜਿੰਦ ਜਾਨ ਹੋਇਆ ਕਰਦਾ ਹੈ। ਜਿਸ ਕੌਮ ਦਾ ਇਤਿਹਾਸ ਨਹੀਂ ਉਸ ਦੀਆਂ ਕਰਨੀਆਂ ਧੂੰਏ ਦੇ ਬੱਦਲ ਵਾਂਗ ਇਧਰ ਕੀਤੀਆਂ, ਉਧਰ ਗੁੰਮ ਹੋ ਗਈਆਂ। ਇਲਾਕਾ, ਬਾਰ ਸ਼ੁਰੂ ਤੋਂ ਹਰ ਮੁਸੀਬਤ ਵਿੱਚ ਸਿੱਖ ਪੰਥ ਦਾ ਚੰਗਾ ਸਾਥ ਦੇਂਦਾ ਰਿਹਾ ਹੈ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਿੱਖ ਇਤਿਹਾਸ ਵਿੱਚ ਇਸ ਦੀਆਂ ਕੁਰਬਾਨੀਆਂ ਦਾ ਜ਼ਿਕਰ ਆਟੇ ਵਿਚ ਲੂਣ ਵੱਤ ਵੀ ਨਹੀਂ ਹੈ।

ਇਸ ਦਾ ਕਾਰਨ ਪਿਛਲੇ ਲੇਖਕਾਂ ਦਾ ਇਸ ਪਾਸੇ ਵੱਲ ਨਾ ਆਉਣਾ ਅਤੇ ਵਿੱਦਿਆ ਦਾ ਘਾਟਾ ਹੈ। ਚਿਰ ਤੋਂ ਭਾਈ ਸਾਹਿਬ ਭਾਈ ਮੂਲ ਸਿੰਘ ਜੀ ਗਰਮੂਲਾ ਇਤਿਹਾਸ ਲਿਖਣ ਦਾ ਜਤਨ ਕਰ ਰਹੇ ਹਨ ਜੋ ਹੁਣ ਉਸਨੂੰ ਬਹੁਤ ਛੇਤੀ ਪੂਰਾ ਕੀਤਾ ਜਾਇਗਾ।

ਇੱਕ ਦੋ ਪੁਰਾਣੇ ਇਤਿਹਾਸਕਾਰਾਂ ਦੀ ਸਲਾਹ ਅਤੇ ਮਦਦ ਦਾ ਪ੍ਰਬੰਧ ਭੀ ਕੀਤਾ ਗਿਆ ਹੈ।

ਹਰ ਇੱਕ ਸੱਜਨ ਦਾ ਫਰਜ਼ ਹੈ ਕਿ ਓਹ ਹੱਥ ਵਟਾਏ। ਜਿਸਨੇ ਆਪਣੇ ਖਾਨਦਾਨ ਦੀ ਜਾਂ ਆਪਣੀ ਯਾਦ ਕਾਇਮ ਕਰਨੀ ਹੋਵੇ, ਓਹ ਜ਼ਬਾਨੀ ਜਾਂ ਲਿਖਤੀ ਗੱਲਬਾਤ ਕਰੇ। ਕਿਸੇ ਬਜ਼ੁਰਗ ਦੀ ਫੋਟੋ ਜਾਂ ਹੱਥ ਲਿਖੀ ਕਿਤਾਬ ਕਿਸੇ ਪਾਸ ਹੋਵੇ ਤਾਂ ਪਹੁੰਚਾਉਣ ਦੀ ਕ੍ਰਿਪਾਲਤਾ ਕਰੇ। ਆਸ ਹੈ ਕਿ ਸਭ ਸਜਨ ਸਾਡੀ ਬੇਨਤੀ ਵਲ ਧਿਆਨ ਦੇਣਗੇ। ਜਿਸ ਸਜਨ ਨੇ ਪਿਛੋਂ ਇਤਰਾਜ਼ ਕਰਨਾ ਹੈ ਉਹ ਹੁਣ ਹੀ ਆਪਣੀ ਸਲਾਹ ਦੇਵੇ। ਅਤੇ ਛੇਤੀ ਤੋਂ ਛੇਤੀ ਇਸ ਸ਼ੁਭ ਕੰਮ ਵਿਚ ਹੱਥ ਵਟਾ ਕੇ ਧੰਨਵਾਦੀ ਬਣਾਏ।

ਚਿੱਠੀ ਪੱਤਰ ਹੇਠ ਲਿਖੇ ਪਤੇ ਪਰ ਕਰ :—

ਨਾਨਕ ਸਿੰਘ ਬਾਠ

ਮਾਰਫਤ ਭਾਈ ਮੂਲ ਸਿੰਘ ਗਰਮੂਲਾ ਚੱਕ ਨੰ 169

ਡਾ: ਕੋਟ ਹਯਾਤ ਜ਼ਿਲਾ ਸ਼ੇਖੂਪੁਰਾ

ਗੁਰਮੁਖੀ ਪ੍ਰੈਸ 83 ਰੇਲਵੇ ਰੋਡ ਲਾਹੌਰ

ਦੇਵ ਨੇਤ ਸੰਪਾਦਕ 1940 ਵਿਚ ਦੂਸਰੇ ਵਿਸ਼ਵ ਯੁੱਧ ਵਿੱਚ ਭਾਗ ਲੈਣ ਵਾਸਤੇ ਮੱਧ ਪੂਰਬੀ ਦੇਸਾਂ ਨੂੰ ਚਲਾ ਗਿਆ ਜਿਥੋਂ 1943 ਸਤੰਬਰ ਵਿਚ ਘਰ ਛੁੱਟੀ ਆਇਆ। ਭਾਈ ਸਾਹਿਬ ਦੇ ਦਰਸ਼ਨਾਰਥ ਉਹਨਾਂ ਦੀ ਸੇਵਾ ਵਿਚ ਗਰਮੂਲੇ ਆਪਣੇ ਤਾਇਆ ਭਾਈ ਬੁਲਾਕਾ ਸਿੰਘ ਜੀ, ਪਿਤਾ ਜੀ, ਭਾਈ ਉਸਨਾਕ ਸਿੰਘ ਅਤੇ ਭਾਈਆ ਜੀ ਗਿਆਨੀ ਲਾਲ ਸਿੰਘ ਸਮੇਤ ਪੁੱਜਾ ਬਚਨਾ ਦੇ ਦੌਰਾਨ ਸੰਪਾਦਕ ਨੂੰ ਨੌਕਰੀ ਦਾ ਕੰਮ ਜਲਦੀ ਕਰ ਕੇ ਵਾਪਸ ਆਵਨ ਦਾ ਆਦੇਸ਼ ਬਾਬਾ ਜੀ ਨੇ ਦਿੱਤਾ ਮਗਰ ਲੜਾਈ ਤੋਂ ਪਿਛੋਂ ਉਹ ਮੇਰੇ ਪਹਿਲੇ ਤੇ ਆਖਰੀ ਦਰਸ਼ਨ ਸਨ। ਮੈਂ ਜਦੋਂ ਉਹ ਨਿਯਮਤ ਕਾਰਜ ਕਰਕੇ ਘਰ ਪਰਤ ਰਿਹਾ ਸਾਂ ਤਾਂ ਸਾਡੇ ਪਿੰਡ ਦੇ ਭਾਈ ਦੂਲਾ ਸਿੰਘ ਦੀ ਜ਼ਬਾਨੀ ਪਤਾ ਲੱਗਾ ਕਿ ਭਾਈ ਸਾਹਿਬ ਜੀ ਪਰਸੋਂ ਅਕਾਲ ਚਲਾਣਾ ਕਰ ਗਏ ਸਨ ਅਤੇ ਸਸਕਾਰ ਹੋ ਗਿਆ ਹੈ।

ਸੰਪਾਦਕ ਵਾਸਤੇ ਇਹ ਖਬਰ ਬਜਰ ਆਘਾਤ ਸੀ। ਦਿਲ ਵਿਚ ਕਈ ਰੀਝਾਂ, ਕਈ ਵਲਵਲੇ ਕਈ ਖਿਆਲ ਕਈ ਸਵਾਲ, ਇਤਿਹਾਸ ਧਰਮ, ਬਿਰਾਦਰੀ ਅਤੇ ਵੈਦਗੀ (ਹਿਕਮਤ) ਬਾਰੇ ਸਨ ਜੋ ਕਿ ਸਾਰੇ ਦੇ ਸਾਰੇ ਉਸ ਬੱਜਰ ਥੱਲੇ ਦੱਬੇ ਰਹਿ ਗਏ। ਸੰਪਾਦਕ ਉਹ ਘਟਨਾ ਬਿਆਨ

ਕਰਨ ਤੋਂ ਅਸਮਰਥ ਹੈ। ਲੱਤਾਂ ਮਣ ਮਣ ਭਾਰੀਆਂ ਹੋ ਗਈਆਂ। ਚੂਹੜਕਾਣੇ ਸਟੇਸ਼ਨ ਤੇ ਕਿਸੇ ਨੇ ਕੁੱਝ ਪੁਛਿਆ। ਮੂਹੋਂ ਕੁੱਝ ਉਲਟਾ ਸਿੱਧਾ ਉੱਤਰ ਨਿਕਲ ਗਿਆ। ਘਰ ਅਪੜਦਿਆਂ ਤੱਕ ਹਾਲਤ ਨੀਮ ਪਾਗਲਾਂ ਵਰਗੀ ਸੀ "ਆਖਰ ਦਿਲੋਂ ਆਵਾਜ਼ ਉੱਠੀ,"ਆਹ! ਵਿਦਿਆ ਦਾ ਸੂਰਜ ਲਹਿ ਗਿਆ, ਚਾਨਣ ਮੁਨਾਰਾ ਢਹਿ ਪਿਆ।"

ਬਾਬਾ ਜੀ ਦੇ ਸਤਾਰ੍ਹਵੇ ਦੇ ਭੋਗ ਸਮੇਂ ਗਤਮੁਲੇ ਬਹੁਤ ਸਾਰੀ ਸੰਗਤ ਇਕੱਤਰ ਹੋਈ। ਗੁਰਮੁਖ ਪਿਆਰੇ, ਸਿੱਖ ਕੌਮ ਦੇ ਅਕਾਲੀ ਮੋਰਚਿਆਂ ਦੇ ਨਿਧੜਕ ਜਰਨੈਲ, ਭਾਈ ਸਾਹਿਬ ਭਾਈ ਕਰਤਾਰ ਸਿੰਘ ਝੱਬਰ ਵੀ ਆਏ ਹਏ ਸਨ ਬਾਬਾ ਜੀ ਦੇ ਜੇਠੇ ਪੁੱਤਰ ਚਾਚਾ ਅਰਜਣ ਸਿੰਘ ਜੀ ਨੇ ਉਸ ਸਮੇਂ ਬਾਬਾ ਜੀ ਦੀ ਜੀਵਣੀ ਲਿਖਣ ਦਾ ਭਾਰ ਸੰਪਾਦਕ ਦੇ ਜ਼ਿਰ ਰੱਖਿਆ ਜੋ ਸਤਿਬਚਨ ਕਹਿ ਕੇ ਸਵੀਕਾਰ ਕੀਤਾ। ਕੁੱਝ ਦਿਨਾਂ ਉਪਰੰਤ ਚਾਚਾ ਅਰਜਨ ਸਿੰਘ ਜੀ ਕੁੱਝ ਕਾਪੀਆ ਅਤੇ ਡਾਇਰੀਆਂ ਸੰਪਾਦਕ ਦੇ ਹਵਾਲੇ ਕਰ ਗਏ ਜਿਨ੍ਹਾਂ ਦਾ ਕਿ ਸਿਰਫ ਜੀਵਨੀ ਨਾਲ ਹੀ ਤਅਲੁਕ ਸੀ ਕਿੰਤੂ ਤਵਾਰੀਖ ਵਿਰਕ ਬਾਰੇ ਕੋਈ ਲਿਖਤ ਨਹੀ ਸੀ।

ਸੰਪਾਦਕ ਦੇ ਪਿਤਾ ਜੀ ਵਿਰਕ ਇਤਿਹਾਸ ਵੇਖਣ ਦੇ ਬੜੇ ਇੱਛਕ ਸਨ। ਉਹ ਆਪਣੀ ਜੀਵਨ ਯਾਤਰਾ ਵਿਚ ਕਈਆਂ ਨੂੰ ਉਤਸ਼ਾਹ ਦਿਵਾਇਆ ਕਰਦੇ ਸਨ। ਵਡੀ ਕੜਯਾਲ ਦੇ ਇੱਕ ਬਜ਼ੁਰਗ ਚਾਚਾ ਤੁਲੋਕ ਸਿੰਘ ਪੁੱਤਰ ਬਾਬਾ ਜਵਾਹਰ ਸਿੰਘ ਬਖਤੂਕਾ ਚੰਗੇ ਵਿਦਵਾਨ ਸਨ। ਉਨਾਂ ਨੇ ਮਿਰਾਸੀਆਂ ਕੋਲੋਂ ਪੁੱਛ ਕੇ ਕੜਯਾਲ ਵਿਰਕਾਂ ਦਾ ਇੱਕ ਕੁਰਸੀ ਨਾਮਾ ਉਰਦੂ ਅਖਰਾਂ ਵਿਚ ਤਿਆਰ ਕੀਤਾ ਜਿਹੜਾ ਕਿ ਸੰਪਾਦਕ ਨੇ ਖਸਤਾ ਹਾਲਤ ਵਿਚ ਪਾਕਿਸਤਾਨ ਬਣਨ ਪਿਛੋਂ ਸੇਖੂਪੁਰਾ (ਜਿਲਾ ਕਰਨਾਲ) ਭਾਈ ਰਸਣ ਸਿੰਘ ਪੁੱਤਰ ਬਾਬਾ ਲਾਲ ਸਿੰਘ ਜੀ ਦੇ ਘਰ ਡਿੱਠਾ ਕਿੰਤੂ ਕੁਛ ਮਤਲੱਬ ਹੱਲ ਨਹੀਂ ਸੀ ਹੁੰਦਾ

ਸੰਪਾਦਕ ਨੇ ਪਾਕਿਸਤਾਨ ਬਣਨ ਤੋਂ ਪਹਿਲਾਂ ਜਨਵਰੀ 1947 ਵਿਚ ਕੁੱਝ ਜਮੀਨ ਪਿੰਡ ਸਰਕੜਾ ਤਹਿਸੀਲ ਬਾਜ਼ਪੁਰ ਜਿਲਾ ਨੈਨੀਤਾਲ ਵਿਚ ਖਰੀਦੀ ਅਤੇ ਆਪਣੇ ਪਿਤਾ ਜੀ ਨੂੰ ਅਤੇ ਚਚੇਰੇ ਭਾਈ ਗੁਰਸ਼ਰਨ ਸਿੰਘ ਨੂੰ ਆਬਾਦ ਕਰਨ ਹਿਤ ਮਈ 1947 ਵਿਚ ਭੇਜ ਦਿਤਾ। ਦੇਸ਼ ਵਿਭਾਜਨ ਤੋਂ ਪਸ਼ਚਾਤ ਯਾਤਾਯਾਤ ਠੱਪ ਹੋ ਜਾਣ ਤੇ ਸਭ ਸੰਪਰਕ ਟੁੱਟ ਗਏ। ਇਸੇ ਦੌਰਾਨ 1947 ਦੇ ਦੁਸਹਿਰੇ ਵਾਲੇ ਦਿਨ ਪਿਤਾ ਜੀ ਗੁਰਪੁਰੀ ਸਿਧਾਰ ਗਏ। ਜਿਸ ਦੀ ਸੂਚਨਾ ਸਾਡੇ ਪ੍ਰਵਾਰ ਨੂੰ ਅਕਤੂਬਰ 1947 ਵਿਚ ਫੀਰੋਜ਼ਪੁਰ ਪੁੱਜੀ।

ਵੀਰ ਗੁਰਸ਼ਰਨ ਸਿੰਘ ਦੀ ਹਰ ਪਤ੍ਰਕਾ ਤੋਂ ਇਉਂ ਪ੍ਰਤੀਤ ਹੋਇਆ ਕਰੇ ਕਿ ਉਹ ਅਤਿ ਸੰਕਟ ਵਿੱਚ ਹੈ। ਖੈਰ ਅੰਤ ਸੰਪਾਦਕ ਨੇ ਸੰਨ 1952 ਵਿਚ ਨੌਕਰੀ ਦਾ ਜੂਲਾ ਲਾਹ ਮਾਰਿਆ ਅਤੇ ਆਪਣੀ ਜਮੀਨ ਵਿੱਚ ਹੀ ਡੇਰਾ ਲਾ ਕੇ ਕੜਯਾਲ ਫਾਰਮ ਦੇ ਨਾਮ ਥੱਲੇ ਅਰਦਾਸ ਸੋਧ ਕੇ ਖੇਤੀ ਬਾੜੀ ਦਾ ਪਿਤਾ-ਪੁਰਖੀ ਕੰਮ ਸ਼ੁਰੂ ਕਰ ਦਿਤਾ। ਫਾਰਮ ਤੇ ਆ ਕੇ ਵੀ ਅਵਸਰ ਘਟ ਮਿਲਿਆ ਕਿਉਂ ਕਿ ਗੈਰ ਆਬਾਦ ਬੰਜਰ ਜਮੀਨ ਜੰਗਲ ਪੁੱਟ ਪੁਟਾ ਕੇ ਆਬਾਦ ਕਰਨੀ ਸੀ ਅਤੇ ਨਾਲ ਲੱਗਦੇ ਹੀ ਜਿਸ ਭਲੇ ਮਾਨਸ ਤੋਂ ਜਮੀਨ ਖਰੀਦੀ ਸੀ ਕੇਵਲ ਸੰਪਾਦਕ ਉੱਤੇ ਤਿੰਨ ਗੰਭੀਰ ਮੁਕਦਮੇ ਕਤਲ, ਚੋਰੀ ਅਤੇ ਦਖਲ ਅੰਦਾਜ਼ੀ ਅਥਵਾ ਜਬਰਨ ਕਬਜੇ ਆਦਿ ਦੇ ਪੁਲੀਸ ਨਾਲ ਮਿਲ ਕੇ ਚਾਲੂ ਕਰਵਾ ਦਿੱਤੇ।

ਨੌਬਤ ਇਥੋਂ ਤੱਕ ਆ ਗਈ ਕਿ ਕਈ ਵਾਰੀ ਦਿਨੇ ਮੁਕੱਦਮੇ ਭੁੱਗਤਦਾ ਅਤੇ ਰਾਤ ਨੂੰ ਟਰੈਕਟਰ ਚਲਾਇਆ ਜਾਂਦਾ। ਅਕਾਲ ਪੁਰਖ ਦੀ ਮਿਹਰ ਹੋਈ। ਉਹਨਾਂ ਸਾਰੇ ਮੁਕੱਦਮਿਆਂ ਵਿਚੋਂ ਬਾ ਇਜ਼ਤ ਬਰੀ ਹੋਇਆ। ਫਿਰ ਫੁਰਸਤ ਮਿਲਣ ਤੇ ਸਮੇਂ ਸਮੇਂ ਸਿਰ ਬਾਬਾ ਜੀ ਦੀ ਜੀਵਣੀ ਲਿਖਦਾ ਰਿਹਾ ਨਾਲੋਂ ਨਾਲ ਕਦੇ ਤਿਰ ਮੂਲ ਪੰਜਾਬੀ ਨੂੰ ਵਾਰਤਕ ਰੂਪ ਦਿੰਦਾ ਅਤੇ ਕਦੇ "ਗੁਰੂ ਗਰੀਬ ਨਿਵਾਜ਼ ਪੁਸਤਕ ਦੁਬਾਰਾ ਛਪਵਾਉਣ ਦਾ ਪ੍ਰਬੰਧ ਕਰਦਾ ਰਿਹਾ। ਆਖਿਰ ਇਹ ਪੁਸਤਕ ਸੰਨ 1970 ਵਿਚ ਛਪ ਗਈ ਜੋ ਸਾਰੀ ਦੀ ਸਾਰੀ ਗੁਰੂ ਪੰਥ ਨੂੰ ਮੁਫਤ ਭੇਟਾ ਕਰ ਦਿੱਤੀ ਗਈ। ਇਸ ਪੁਸਤਕ ਦੀ ਪ੍ਰਸਤਾਵਨਾ ਵਿਚ ਵਿਰਕ ਗੋਤ ਬਾਰੇ ਟੂਕ ਮਾਤਰ ਜਿਕਰ ਕੀਤਾ ਸੀ ਜੋ ਕੁਝ ਦਰੁਸਤ ਨਹੀ ਸੀ ਛਪਿਆ। ਸਾਂਦਲ ਬਾਰ ਦੇ ਕੁਝ ਮਸ਼ਹੂਰ ਵਿਅਕਤੀਆਂ ਦਾ ਬ੍ਰਿਤਾਂਤ ਵੀ ਕੇਵਲ ਟੂਕ ਮਾਤਰ ਹੀ ਦੇ ਸਕਿਆ ਸੀ ਕਿੰਤੂ ਇਸ ਪੁਸਤਕ ਨੂੰ ਬਹੁਤ ਮਾਨ ਪ੍ਰਾਪਤ ਹੋਇਆ ਅਤੇ ਸੰਪਾਦਕ ਵੀ ਸੰਗਤਾ ਦੀ ਅੱਖਾ ਵਿਚ ਆ ਗਿਆ।

ਸੰਪਾਦਕ ਇੱਕ ਸ਼ਾਦੀ ਤੇ 1969 ਵਿਚ ਪਿੰਡ ਜਲਮਾਣੇ ਜਿਲਾ ਕਰਨਾਲ ਗਿਆ ਤਾਂ ਉਥੇ ਭਾਈ ਦੀਵਾਨ ਸਿੰਘ ਖਾਹਰਾ ਪੁੱਤਰ ਮੱਖਣ ਸਿੰਘ ਨੇ ਆਖਿਆ, "ਗੁਰੂਇਕਬਾਲ ਸਿੰਘਾ ਜਿਊਣ ਸਿੰਘ ਜੋਦ ਚਕੀਆ ਐਥੇ (ਡਾਚਰ) ਵਰਨਾਂ ਵਾਲੇ ਡੇਰੇ ਤੇ ਰਹਿੰਦਾ ਹੈ। ਉਹ ਤੈਨੂੰ ਬੜਾ ਯਾਦ ਕਰਦਾ ਹੈ।" ਬੱਸ ਉਸੇ ਵੇਲੇ ਚੱਲ ਕੇ ਭਾਈ ਜੀਵਨ ਸਿੰਘ ਦੀ ਸੇਵਾ ਵਿਚ ਜਾ ਹਾਜਰ ਹੋਏ। ਉਹਨਾਂ ਨੇ ਬਗੈਰ ਕਿਸੇ ਲਗ ਲਬੇੜ ਦੇ ਆਖਿਆ, "ਭਾਈ ਮੈਂ ਕੁਛ ਵਿਰਕਾ ਬਾਰੇ ਖੋਜ ਕੀਤੀ ਹੈ, ਉਹ ਸੱਭ ਮੈਂ ਤੇਰੇ ਹਵਾਲੇ ਕਰ ਦਿਆਂਗਾ! ਤੂੰ ਉਸਨੂੰ ਸੰਵਾਰ ਕੇ ਤੇ ਨਵੇਂ ਸਿਰਿਓਂ ਲਿਖ ਕੇ ਛਪਵਾਉਣ ਦਾ ਪ੍ਰਬੰਧ ਕਰ।" ਸਤਿਬਚਨ ਆਖ ਪ੍ਰਵਾਨਗੀ ਦੇ ਦਿੱਤੀ।

ਭਾਈ ਜੀਵਨ ਸਿੰਘ ਜੀ ਪੁਰਾਤਨ ਗੁਰਸਿੱਖ ਹਨ। ਉਹਨਾਂ ਨੇ ਆਪਣੀ ਖੋਜ ਦੀਆ ਪ੍ਰਤਿਲਿਪੀਆਂ ਭੇਜੀਆਂ। ਜਿਨ੍ਹਾਂ ਵਿਚ ਕਿ ਵਿਰਕੋਤ ਦੇ ਬਹੁਤੇ ਸਜਰੇ ਨਸਬ ਸਨ। ਬਾਕੀ ਦੇ ਕੁੱਝ ਪੁਸਤਕਾ ਵਿਚੋਂ ਲਏ ਹੋਏ ਵਿਚਾਰ ਸਨ। ਜਿਸ ਧੁਨ ਵਿਚ ਧਨ ਅਤੇ ਸਮੇਂ ਦੀ ਕੁਰਬਾਨੀ ਕਰ ਕੇ ਭਾਈ ਜੀਵਨ ਸਿੰਘ ਨੇ ਇਹ ਮਸਾਲਾ ਇਕੱਠਾ ਕੀਤਾ ਸੀ ਉਸਨੇ ਸੰਪਾਦਕ ਨੂੰ ਇਹ ਪੁਸਤਕ ਭਾਈ ਜੀਵਨ ਸਿੰਘ ਦੇ ਨਾਮ ਥਲੇ ਛਾਪਣ ਲਈ ਪ੍ਰੇਰਤ ਕੀਤਾ। ਇਸ ਦੇ ਨਾਲ ਹੀ ਸਨਮਾਨ ਯੋਗ ਭਾਈ ਸਾਹਿਬ ਮੂਲ ਸਿੰਘ ਸਾਹਿਬ ਦੀ ਆਗਿਆ ਦਾ ਪਾਲਣ ਵੀ ਸੰਪੂਰਨ ਰੂਪ ਵਿੱਚ ਹੁੰਦਾ ਸੀ। ਇਤਿਹਾਸ ਨੂੰ ਪੂਰਨ ਰੂਪ ਵਿੱਚ ਅਰਥ ਭਰਪੂਰ ਬਨਾਉਣ ਲਈ ਬੰਸਾਵਲੀਆਂ ਵਿੱਚ ਦਰਜ ਮਨੁੱਖਾਂ ਦੇ ਕਾਰਨਾਮਿਆਂ ਦਾ ਸਪਸ਼ਟ ਵਰਨਣ ਹੋਣਾ ਅਤਿ ਅਵਸ਼ਕ ਹੈ ਤਾਂ ਕਿ ਸਾਡੀਆਂ ਅਗਲੀਆਂ ਆਉਣ ਵਾਲੀਆਂ ਨਸਲਾਂ ਗਰਵ ਨਾਲ ਕਹਿ ਸੱਕਣ ਕਿ ਅਸੀਂ ਫਲਾਣੇ ਬਜ਼ੁਰਗ

ਦੇ ਵੰਸ਼ਜ ਹਾਂ ਜਿਸਨੇ ਫਲਾਣਾ ਮਾਹਰਕਾ ਮਾਰਿਆ ਸੀ। ਉਸ ਦਾ ਜੀਵਨ ਅਗਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸਰੋਤ ਬਣ ਸਕਦਾ ਹੈ ਅਤੇ ਉਸ ਕੌਮ ਦਾ ਉਹ ਸਦਾ ਹੀ ਜਿਉਂਦਾ ਜਾਗਦਾ ਰਿਕਾਰਡ ਹੁੰਦਾ ਹੈ।

ਅਕਸਰ ਕਈ ਅੰਞਾਣ ਸੱਜਣ ਭੋਲੇ ਭਾ ਹੀ ਅਤੇ ਕਈ ਬਹੁਤ ਹੁਸ਼ਿਆਰ ਮਨੁੱਖ ਹੇਠੀ ਕਰਨ ਦੀ ਖਾਤਰ ਵੀ ਆਖ ਦੇਂਦੇ ਹਨ "ਵਿਰਕ ਤੇ ਚੋਰ ਡਾਕੂ ਹੁੰਦੇ ਹਨ। ਚੋਰਾਂ ਡਾਕੂਆਂ ਦੀ ਤਵਾਰੀਖ ਦਾ ਕੀ ਗੁਣ ਹੋਵੇਗਾ" ਇਹਨਾਂ ਪ੍ਰਸ਼ਨਾਂ ਦੇ ਉੱਤਰ ਤਾਂ ਇਤਿਹਾਸ ਪੜ੍ਹਨ ਤੋਂ ਹੀ ਮਿਲਣਗੇ। ਇਸ ਭਾਗ ਭਰੀ ਸਾਂਦਲ ਬਾਰ ਦੇ ਵਸਨੀਕਾ ਦੇ ਕਾਰਨਾਮਿਆਂ ਨੇ ਪੱਛਮੀ ਹਮਲਾਵਰਾਂ ਦੀਆਂ ਗਤੀਵਿਧੀਆਂ ਤੇ ਹਮੇਸ਼ਾ ਹੀ ਮਾਰੂ ਅਸਰ ਪਾਇਆ। ਇਥੇ ਟੂਕ ਮਾਤ੍ਰ ਤਿੰਨ ਉਧਾਹਰਨਾਂ ਦਿਤੀਆਂ ਜਾਂਦੀਆਂ ਹਨ।

1. ਵਿਸ਼ਵ ਵਿਜੇਤਾ ਸਿਕੰਦਰ ਮਹਾਨ ਦੇ ਆਕਰਮਨ ਸਮੇਂ (326 ਪੂ: ਈ:) ਦੁਆਬਾ ਸਿੰਧ ਸਾਗਰ[1] ਦਾ ਰਾਜਾ ਅੰਭੀ ਨਾਮੇ ਸੀ। ਜਿਸਨੇ ਸਹਿਜੇ ਹੀ ਹਥਿਆਰ ਸੁੱਟ ਦਿਤੇ। ਦੁਆਬਾ ਚਜ[2] ਦਾ ਰਾਜ ਪੋਰਸ ਕੋਲ ਸੀ। ਜਿਸਨੇ ਬੜੀ ਬੀਰਤਾ ਨਾਲ ਸਿਕੰਦਰ ਦਾ ਟਾਕਰਾ ਕੀਤਾ ਕਿੰਤੂ ਅੰਭੀ ਦੇ ਵਿਸਵਾਸਘਾਤ[3] ਕਾਰਨ ਪਰਾਜਿਤ ਹੋਇਆ। ਅਗੇ ਦੁਆਬਾ ਰਚਨਾ[4] ਕਾਠੀਯੇ[5] ਸੂਰਬੀਰਾਂ ਦ ਗਣਰਾਜ ਅਧੀਨ ਸੀ। ਜਿਨ੍ਹਾਂ ਦਾ ਪ੍ਰਸਿੱਧ ਨਗਰ ਸਾਂਗਲ ਜਾਂ ਸਾਕਲ ਆਧੁਨਿਕ ਸਾਂਗਲਾ ਹਿਲਜ਼ (ਜ਼ਿ: ਸੇਖੂਪੁਰਾ ਪਛਮੀ ਪੰਜਾਬ) ਸੀ। ਸਿਕੰਦਰ ਨੇ ਚੰਦ੍ਰਭਾਗ ਅਰਥਾਤ ਚਨਾਬ, ਪ੍ਰਸਿੱਧ ਝਨਾਂ ਨਦੀ ਨੂੰ ਕਲੂਵਾਲ ਦੇ ਪਤਨੋਂ ਪਾਰ ਕੀਤਾ ਤੇ ਸਿਧਾ ਦੁਆਬਾ ਬਾਰੀ ਵਿਚ, ਆਧੁਨਿਕ ਅੰਮ੍ਰਿਤਸਰ ਦੇ ਨੇੜੇ ਜਾ ਟਿਕਿਆ। ਝਨਾਂ ਪਾਰ ਕਰਦੇ ਨੂੰ ਕਾਠੀਯੇ ਸੂਰਬੀਰਾਂ ਨੇ ਕੁਝ ਨ ਆਖਿਆ ਤੇ ਨਾ ਸਿਕੰਦਰ ਨੇ ਹੀ ਖਿਆਲ ਕੀਤਾ ਕਿਉਂਕਿ ਸਾਗਲਾ ਉਸਦੇ ਸਿੱਧੇ ਰਸਤੇ ਤੋਂ 50-60 ਮੀਲ ਹਟਵਾਂ ਪਛਮ ਨੂੰ ਸੀ। ਪ੍ਰੰਤੂ ਅੰਭੀ ਅਤੇ ਪੋਰਸ ਨੂੰ ਖਸ਼ੋਭ ਸੀ ਕਿ ਕਾਠੀਯੇ ਕਿਉਂ ਸੁੱਕੇ ਰਹਿਣ। ਉਹਨਾਂ ਦੋਹਾ ਨੇ ਸਿਕੰਦਰ ਨੂੰ ਸਿਖਾਇਆ ਕਿ ਸਾਂਗਲੇ ਦੇ ਕਾਠੀਯੇ ਲਲਕਾਰਦੇ ਹਨ ਕਿ ਸਿਕੰਦਰ ਅੰਭੀ ਤੇ ਪੋਰਸ ਨੂੰ ਹਰਾ ਕੇ ਤਿੜਿਆ ਫਿਰਦਾ ਹੈ, ਜੇ ਕਦੇ ਸਾਡੇ ਨਾਲ ਟਕਰਦਾ ਤਾਂ ਪਤਾ ਲੱਗ ਜਾਂਦਾ। ਸਿਕੰਦਰ ਗੁੱਸਾ ਖਾ ਕੇ ਪਰਤਿਆ ਤੇ ਤੀਜੇ ਦਿਨ ਸਾਂਗਲੇ ਤੇ ਜਾ ਪਿਆ ਕਠੀਯੇ ਬਹਾਦਰਾਂ ਨੇ ਅਗੋਂ ਉਹ ਮਾਰ ਮਾਰੀ ਕਿ ਯੂਨਾਨੀ ਇਤਿਹਾਸਕਾਰ ਅਰਯਨ ਤੇ ਜਸਟਿਨ ਆਦਿ ਅਸ਼ ਅਸ਼ ਕਰ ਉੱਠੇ। ਇਸ ਯੁੱਧ ਦੇ ਫਲਸਰੂਪ ਸਾਂਗਲਾ ਤਾਂ ਭਾਵੇਂ ਤਬਾਹ ਹੋ ਗਿਆ ਅਤੇ ਕਾਠੀਯੇ ਬਹਾਦਰ ਕੁਝ ਵੀਰ ਗਤੀ ਪਾ ਗਏ, ਕੁਝ ਬਨਬਾਸੀ ਹੋ ਗਏ, ਕਿੰਤੂ ਸਿਕੰਦਰ ਨੂੰ ਵੀ ਪਤਾ ਲੱਗ ਗਿਆ ਕਿ ਰਾਠਾਂ[6] ਨੂੰ ਵੰਗਾਰਨਾ ਕੋਈ ਖਾਲਾ ਜੀ ਦਾ ਘਰ ਨਹੀਂ। ਉਹਦੀ ਫੌਜ ਦਾ ਤਾਂ ਮਾਨੋ ਸਾਹ ਹੀ ਕਾਠੀਯੇ ਬਹਾਦਰਾਂ ਨੇ ਕੱਢ ਦਿੱਤਾ ਸੀ ਸਾਗਲੇ ਤੋਂ ਸਿਧਾ ਸਿਕੰਦਰ ਬਿਆਸ ਕੰਢੇ (ਹਰੀ ਕੇ ਪਤਨ ਦੇ ਨੇੜੇ) ਪੁਜਾਂ ਤਾਂ ਉਸਦੀ ਫੌਜ ਨੇ ਅਗਾਂਹ ਵਧਨੋਂ ਹੀ ਇਨਕਾਰ ਕਰ ਦਿੱਤਾ।

ਪਿਛਲੀ ਪੈਰੀਂ ਪਰਤਦਾ ਹੋਇਆ ਅੰਭੀ ਅਤੇ ਪੋਰਸ ਦੀ ਮਦਦ ਨਾਲ ਦਰਯਾ ਜਿਹਲਮ ਰਾਹੀ ਬੇੜੀਆਂ ਤੇ ਠਿਲ੍ਹਿਆਂ ਪਹਿਲਾਂ ਕੋਟ ਕਮਾਲੀਏ ਤੇ ਜਾ ਪਿਆ। ਫਿਰ ਮੁਲਤਾਨ। ਇਹ ਦੋਵੇ ਅਸਥਾਨ ਮਲੋਈ ਗਨਰਾਜਾਂ[7] ਥੱਲੇ ਸਨ: ਸਿਕੰਦਰ ਦਾ ਟਾਕਰਾ ਦੋਹੀਂ ਥਾਈਂ ਮਲ੍ਹੀ ਬਹਾਦਰਾਂ ਨੇ ਬੜਾ ਡਟਕੇ ਕੀਤਾ। ਕੋਟ ਕਮਾਲੀਆ ਬਰਬਾਦ ਹੋ ਗਿਆ। ਕਿੰਤੂ ਮੁਲਤਾਨ ਵਿਚ ਤਾਂ ਸਿਕੰਦਰ ਨੂੰ ਇਕ ਐਸਾ ਕਾਰੀ ਫੱਟ ਵਜਾ, ਜਿਸਦਾ ਮਾਰਿਆ ਉਹ ਕਾਫੀ ਅਰਸਾ ਉੱਠ ਹੀ ਨਾ ਸਕਿਆ। ਅੰਤ ਆਪਣੀ ਬਚੀ ਖੁਚੀ ਫੌਜ ਸਮੇਤ ਸਿੰਧ ਨਦੀ ਥਾਣੀ ਸਮੁੰਦਰ ਨੂੰ ਵਹੀਰਾਂ ਘਤ ਗਿਆ ਤੇ ਵਤਨ ਨੂੰ ਜਾਂਦਾ ਹੋਇਆ ਬਾਬਿਲ ਦੇ ਅਸਥਾਨ ਤੇ ਮਰ ਗਿਆ।

ਸੰਨ 1398 ਈ: ਵਿੱਚ ਅਮੀਰ ਤੈਮੂਰ ਪ੍ਰਸਿੱਧ ਤਿਮਰਲੰਗ ਨੇ ਪੰਜਾਬ ਵਿਚ ਆਪਣੀ ਫੌਜ ਸਮੇਤ ਟਿੱਡੀ ਦਲ ਵਾਂਙ ਪ੍ਰਵੇਸ਼ ਕੀਤਾ ਅਤੇ ਜਿਥੋਂ ਦੀ ਲੰਘਦਾ ਗਿਆ ਸਭ ਤਹਿ ਤੇਗ ਕਰਦਾ ਗਿਆ ਅਤੇ ਲੋਕਾਂ ਦੇ ਘਰ ਘਾਟ ਢਾਹੁੰਦਾ ਤੇ ਅੱਗ ਦਾ ਅਲਾਂਬਾ ਫੇਰਦਾ ਵਰੋਲੇ ਵਾਙੂੰ ਦਿੱਲੀ ਨੂੰ ਵੱਧਦਾ ਗਿਆ। ਇਸਦੇ ਹਮਲੇ ਵੇਲੇ ਵਿਰਕਾਂ ਦੇ ਬੜੇ ਪਿੰਡ ਤਬਾਹ ਹੋਏ ਦੱਸੇ ਜਾਂਦੇ ਹਨ।

---

1. ਸਿੰਧ ਸਾਗਰ—ਅਟਕ ਤੇ ਸਿੰਧ ਅਤੇ ਜਿਹਲਮ ਦਰਿਯਾਵਾਂ ਵਿਚਕਾਰ ਦਾ ਇਲਾਕਾ
2. ਚੱਜ—ਜਿਹਲਮ ਅਤੇ ਚਨਾਬ ਦਰਿਯਾਵਾਂ ਵਿਚਕਾਰ ਦਾ ਇਲਾਕਾ
3. ਵਿਸ਼ਵਾਸ ਘਾਤ-ਜਦ ਸਿਕੰਦਰ, ਵਾਸਤੇ ਪੋਰਸ ਨੂੰ ਪ੍ਰਾਜਿਤ ਕਰਨ ਵਿਚ ਅਸਫਲਤਾ ਹੁੰਦੀ ਦਿੱਸੀ ਤਾਂ ਅੰਭੀ ਨੇ ਉਸਨੂੰ ਪਹਾੜ ਵਿਚਲੀ ਗੁਪਤ ਥਾਂ ਦਾ ਪਤਾ ਦਿੱਤਾ ਜਿਥੋਂ ਨਿਕਲ ਕੇ ਉਸਦੀ ਫੌਜ ਨੇ ਪੋਰਸ ਦੇ ਪਿਛਿਉਂ ਨਿਕਲ ਪ੍ਰਾਜਿਤ ਕੀਤਾ।
4. ਰਚਨਾ—ਰਾਵੀ ਅਤੇ ਚਨਾਬ ਦਰਿਯਾਵਾਂ ਦੇ ਵਿਚਕਾਰਲੀ ਧਰਤੀ
5. ਕਾਠੀਯੇ —ਇਹਨਾ ਦੇ ਪੂਰਵਜ ਗੁਜਰਾਤ ਕਾਠੀਯਾਵਾੜ ਦੇ ਵਸਨੀਕ, ਸਿੰਧ ਦਰਯਾ ਦੇ ਨਾਲ ਨਾਲ ਹੁੰਦੇ ਹੋਏ ਮਹਾਂਭਾਰਤ ਕਾਲ ਪਿਛੋਂ ਇਥੇ ਆ ਕੇ ਵਸੇ ਸਹੀ ਹੁੰਦੇ ਹਨ।
6. ਰਾਠ, ਪ੍ਰਾਕ੍ਰਿਤ, ਅਰੱਟਾ, ਸੰਸਕ੍ਰਿਤ ਸ਼ਬਦ ਅਰਾਸਟਰਿਕਾ ਦਾ ਪ੍ਰੀਵਿਰਤਤ ਰੂਪ। ਭਾਵ ਉਹ ਜਨ ਸਮੁਦਾਇ ਜੋ ਕਿਸੇ ਰਾਜੇ ਦੀ ਰੱਯਤ ਬਣਕੇ ਨਹੀਂ ਸਗੋਂ ਆਪਣੀ ਚੁਣੀ ਹੋਈ ਪੰਚਾਇਤ ਦੇ ਅਧੀਨ ਰਹਿੰਦੇ ਹੋਵਨ। ਇਹ ਸੁਤੰਤਰ ਗਣਰਾਜ ਅੰਗਰੇਜ਼ ਰਾਜ ਦੇ ਆਵਣ ਤੱਕ ਕਿਸੇ ਨਾ ਕਿਸੇ ਸ਼ਕਲ ਵਿਚ ਕਾਇਮ ਸਨ।
7. ਮਲੋਈ ਗਣਰਾਜ-ਇਸ ਵਿੱਚ ਮਲੋਈ, ਆਧੁਨਿਕ ਮਲ੍ਹੀ ਗੋਤ ਦੇ ਲੋਕ ਸ਼ਾਮਿਲ ਸਨ। ਇਹਨਾਂ ਦਾ ਪ੍ਰਮੁਖ ਨਗਰ ਮੂਲੀਸਥਾਨ ਆਧੁਨਿਕ ਮੁਲਤਾਨ ਸੀ। ਇਹ ਲੋਕ ਸੂਰਜ ਦੇਵਤਾ ਦੀ ਪੂਜਾ ਕਰਦੇ ਸਨ, ਜਿਸਦਾ ਮੰਦਰ ਮੁਲਤਾਨ ਵਿੱਚ ਪ੍ਰਸਿੱਧ ਸੀ ਇਹਨਾਂ ਦੀ ਆਬਾਦੀ ਸਾਂਦਲ ਬਾਰ ਅਤੇ ਸਿਆਲਕੋਟ ਵਿੱਚ ਵੀ ਸੀ:

ਤੈਮੂਰ[1] ਆਪਣੀ ਜੀਵਣੀ ਵਿੱਚ ਲਿਖਦਾ ਹੈ :—'ਜੱਟਾਂ ਨੇ ਮੇਰਾ ਕਾਫਲਾ ਲੁੱਟਣਾ ਸ਼ੁਰੂ ਕਰ ਦਿੱਤਾ। ਆਖਰ ਤੰਗ ਆ ਕੇ ਮੈਂ ਇਹਨਾਂ ਦਾ ਪਿੱਛਾ ਕੀਤਾ, ਇਹ ਵਸਤੀਆਂ ਛੱਡ ਕੇ ਜੰਗਲ ਬੇਲਿਆਂ ਵਿਚ ਜਾ ਲੁੱਕੇ। ਦੋ ਹਜ਼ਾਰ ਜੱਟ ਫੜ ਕੇ ਮੈਂ ਕਤਲ ਕਰਾ ਦਿੱਤੇ।

ਬਾਬਰ[2], ਆਪਣੀ ਸ੍ਵੈ ਜੀਵਨੀ ਤਜ਼ਕਿ ਬਾਬਰੀ ਵਿੱਚ ਲਿਖਦਾ ਹੈ :—

"ਕਿ ਭੇਰੇ ਤੇ ਨੀਲਾਬ (ਨੀਲੀ ਨੈਂ, ਸਤਲੁਜ) ਦੇ ਵਿਚਕਾਰਲੇ ਇਲਾਕੇ ਵਿਚ ਜੰਜੂਹੇ (ਰਾਜਪੂਤਾਂ) ਨਾਲੋਂ ਵਖਰੇ ਜੱਟ, ਗੁੱਜਰ ਤੇ ਉਹਨਾਂ ਵਰਗੇ ਕਈ ਹੋਰ ਲੋਕ ਰਹਿੰਦੇ ਹਨ। ਹਰ ਉੱਚੀ ਟਿੱਬੀ ਤੇ ਇਹਨਾਂ ਦੀ ਵਸੋਂ ਹੁੰਦੀ ਹੈ। ਇਹਨਾਂ ਦਾ ਪੰਚਾਇਤੀ ਰਾਜ ਪ੍ਰਬੰਧ ਜੰਜੂਇਆਂ ਵਰਗਾ ਅਤੇ ਚੌਧਰੀ ਗੱਖੜਾ ਵਰਗਾ ਹੁੰਦਾ ਹੈ" ਉਹ ਅੱਗੇ ਲਿਖਦਾ ਹੈ :— ਜਿਤਨੀ ਵਾਰ ਮੈਂ ਹਿੰਦੁਸਤਾਨ ਵਿਚ ਆਇਆ ਹਾਂ, ਹਰ ਵਾਰ ਇਹਨਾਂ ਦੀਆਂ ਧਾੜਾਂ, ਝਾੜਾਂ, ਝੱਲਾਂ ਤੇ ਪਹਾੜਾਂ ਵਿਚੋਂ ਨਿਕਲ ਕੇ, ਮੇਰੇ ਲਸ਼ਕਰ ਕੱਲੋਂ ਉਠ, ਘੋੜੇ ਤੇ ਬਲਦ ਭਜਾ ਕੇ ਲੈ ਜਾਂਦੀਆਂ ਰਹੀਆਂ ਹਨ। ਇਹਨਾਂ ਦੇ ਮਾਰਿਆਂ ਧਾੜਿਆਂ ਕਰਕੇ, ਇਹਨਾਂ ਦੇ ਖੇਤਰ ਵਿਚੋਂ ਸਰਕਾਰੀ ਮਾਮਲਾ ਬਿਲਕੁਲ ਨਹੀਂ ਸੀ ਮਿਲਦਾ। ਇੱਕ ਵਾਰ ਸਿਆਲਕੋਟੋਂ ਆਉਂਦਾ ਹੋਇਆ ਮੇਰਾ ਤੁਰਕੀ ਲਸ਼ਕਰ ਇਹਨਾਂ ਨੇ ਰਾਹ ਵਿਚ ਲੁੱਟ ਲਿਆ। ਇਹਨਾਂ ਵਿਚੋਂ ਦੋ ਡਾਕੂ ਫੜ ਕੇ ਮੈਂ ਬੋਟੀ ਬੋਟੀ ਕਰ ਦਿੱਤੇ।"

(ਫੁਟ ਨੋਟ ਪੰਨਾ ਨੰ: 9 ਦਾ ਬਾਕੀ)

ਦੀ ਬਲੀ, ਮਾਈ ਤੋਂ ਜਬਰਨ, ਕਿਲੇ ਦੀ ਨੀਂਵ ਵਿਚ ਸੰਨ 965-70 ਈ: ਵੇਲੇ ਦੇ ਦਿੱਤੀ। ਜਿਸ ਤੇ ਮਾਈ ਰਾਸਤੀ ਇਮਾਮ ਜੇਨੁਲ ਆਬਦੀਨ ਦੇ ਵੰਸ਼ਜ ਇਮਾਮ ਅਲੀ-ਉਲ-ਹਕ ਕੋਲ ਜਾ ਫਰਯਾਦੀ ਹੋਈ। ਇਮਾਮ ਅਲੀ-ਉਲ-ਹੱਕ ਲਸ਼ਕਰ ਸਮੇਤ ਸਿਆਲਕੋਟ ਆਇਆ ਮਗਰ ਜੰਗ ਵਿਚ ਸ਼ਹਾਦਤ ਪਾ ਗਿਆ। ਜਦ ਸੁਲਤਾਨ ਸਬੁਕਤਗੀਨ ਨੂੰ ਇਹ ਪਤਾ ਲਗਾ ਤਾ ਉਸਨੇ 981 ਈ: ਵਿਚ ਲਸ਼ਕਰ ਸਮੇਤ ਆ ਕੇ ਸਿਆਲਕੋਟ ਤਬਾਹ ਕਰ ਦਿੱਤਾ। ਇਮਾਮ ਅਲੀ-ਉਲ-ਹੱਕਦਾ ਮਕਬਰਾ ਸਿਆਲਕੋਟ ਮੌਜੂਦ ਹੈ। (ਗਨੇਸ਼ ਦਾਸ ਕ੍ਰਿਤ ਚਾਰਬਾਗ਼ ਪੰਨਾ19)

1. ਅਮੀਰ ਤੈਮੂਰ ਮੁਗਲਵੰਸੀ ਸਮਰਕੰਦ ਦਾ ਬਾਦਸ਼ਾਹ। ਤੁਰਗਈ ਨਾਮੇ ਮੁਗਲ ਦੇ ਘਰ "ਤਕੀਨਾ ਖਾਤੂਨ" ਦੇ ਉਦਰੋਂ ਕੱਸ਼ ਨਾਮੇ ਨਗਰੀ ਵਿਚ 9 ਅਪ੍ਰੈਲ 1336 ਈ: ਨੂੰ ਇਸਦਾ ਜਨਮ ਹੋਇਆ। ਇਸਨੇ ਭਾਰਤ ਤੇ ਆਕਰਮਨ ਕਰ ਦਿੱਲੀ ਦੇ ਨਾਬਾਲਗ ਅਤੇ ਨਾ ਤਜਰਬਾਕਾਰ ਬਾਦਸ਼ਾਹ ਨਾਸਿਰੁਦੀਨ ਮਹਿਮੂਦ ਨੂੰ 17 ਦਸੰਬਰ 1398 ਈ: ਵਿਚ ਹਰਾ ਕੇ ਦਿੱਲੀ ਤੇ ਕਬਜਾ ਕੀਤਾ। ਸ਼ਹਿਰ ਨੂੰ ਬੁਰੀ ਤਰ੍ਹਾਂ ਲੁੱਟਿਆ ਫਿਰ ਇਕ ਲੱਖ ਬੰਦਾ ਕਤਲ ਕਰਕੇ ਸ਼ਹਿਰ ਫੂਕ ਦਿਤਾ। ਫਿਰ ਮੁੜਦਿਆਂ ਹੋਇਆਂ ਮੇਰਠ, ਹਰਿਦੁਆਰ, ਨਗਰਕੋਟ (ਕਾਂਗੜਾ) ਵੀ ਗ਼ਰਕ ਕਰ ਦਿੱਤੇ। ਅਤੇ ਲੱਖਾਂ ਮਨੁੱਖ ਕਤਲ ਕਰਵਾਏ।

ਡਾਕਟਰ ਗੰਡਾ ਸਿੰਘ ਜੀ ਆਪਣੀ ਕ੍ਰਿੱਤ "ਸਿੱਖ ਇਤਿਹਾਸ ਵੱਲ" ਪੰਨਾ 10 ਤੇ ਇਤਿਹਾਸ ਦਾ ਹਵਾਲਾ ਦੇਂਦੇ ਹੋਏ ਲਿਖਦੇ ਹਨ :—

ਲੱਖ ਤੋਂ ਉਪਰ ਭਾਰਤੀ ਕੈਦੀਆਂ ਨੂੰ ਸਾਮਾਨ ਨਾਲ ਰੱਖਣਾ ਖਤਰਨਾਕ ਅਤੇ ਛੱਡ ਦੇਣਾ ਅਯੋਗ ਸਮਝ ਕੇ ਕਤਲ ਕਰਵਾ ਦਿੱਤੇ। ਇਹਨਾਂ ਲੱਖ ਤੋਂ ਉਪਰ ਬੰਦਿਆਂ ਨੇ ਆਪਣੇ ਨਾਲੋਂ ਬਹੁਤ ਹੀ ਘੱਟ ਗਿਣਤੀ ਦੇ ਸਿਪਾਹੀਆਂ ਅੱਗੇ ਭੇਡਾਂ ਵਾਙੂ ਧੌਣਾਂ ਨੀਵੀਆਂ ਕਰ ਦਿੱਤੀਆ ਤੇ ਸਾਰੇ ਦੇ ਸਾਰੇ ਕਤਲ ਹੋ ਗਏ। ਪਰ ਕੀ ਮਜਾਲ ਕਿ ਆਪਣੀ ਆਜ਼ਾਦੀ ਲਈ ਕਿਸੇ ਇੱਕ ਨੇ ਵੀ ਯਤਨ ਕੀਤਾ ਹੋਵੇ। ਤੈਮੂਰ ਸਮਰਕੰਦ ਨੂੰ ਪਰਤ ਗਿਆ।

ਤੈਮੂਰ ਦੀ ਨਿਰਦਯਤਾ ਬਾਰੇ ਸ੍ਰੀ ਸਾਦਿਕ ਹੁਸੈਨ ਸਰਧਨਵੀ ਆਪਣੀ ਪ੍ਰਸਿਧ ਪੁਸਤਕ "ਇਸਲਾਮ ਕੀ ਸ਼ਾਹਜ਼ਾਦੀਆਂ" ਦੇ ਪੰਨਾ 10 ਤੇ ਲਿਖਦਾ ਹੈ :—

ਤੈਮੂਰ, ਚੰਗੇਜ਼ ਖਾਨ ਦਾ ਵੰਸ਼ਜ ਸੀ। ਕੁਝ ਇਲਾਕੇ ਫਤਹਿ ਕਰਕੇ ਤਾਕਤਵਰ ਬਣ ਗਿਆ। ਇਹ ਬਦਬਖਤ ਭਾਵੇਂ ਮੁਸਲਮਾਨ ਸੀ ਕਿੰਤੂ ਮੁਸਲਮਾਨਾਂ ਅਤੇ ਮੁਸਲਮਾਨੀ ਰਾਜਾਂ ਦਾ ਕੱਟੜ ਵੈਰੀ ਸੀ। ਇਹ ਬੜਾ ਪੱਥਰ ਦਿਲ, ਨਿਰਦਈ ਅਤੇ ਖੂਨੀ ਸੀ ਇਸ ਨਾਹੰਜਾਰ, ਨਾਬਕਾਰ ਨੇ ਕਈ ਮੁਸਲਮਾਨ ਰਾਜਾਂ ਨੂੰ ਮਿਟਾਇਆ। ਬੇਸ਼ੁਮਾਰ ਮੁਸਲਮਾਨਾਂ ਨੂੰ ਕਤਲ ਕੀਤਾ। ਜਿਹੜਾ ਮੁਸਲਮਾਨ ਕਿਸੇ ਮੁਸਲਮਾਨ ਨੂੰ ਕਤਲ ਕਰੇ ਉਹ ਮੁਸਲਮਾਨ ਨਹੀਂ ਰਹਿੰਦਾ ਮਗਰ ਇਹ ਬਦਬਖ਼ਤ ਖ਼ੁਦਾ ਦਾ ਨਾਮ ਤਾਂ ਲੈਂਦਾ ਸੀ ਪ੍ਰੰਤੂ ਖ਼ੁਦਾ ਦੇ ਹੁਕਮ ਦੀ ਅਵਿਹੇਲਣਾ ਵੀ ਕਰਦਾ ਸੀ। ਖ਼ੁਦਾ ਦਾ ਹੁਕਮ ਹੈ "ਮੁਸਲਮਾਨ ਨੂੰ ਕਤਲ ਨਾ ਕਰੋ" ਕਿੰਤੂ ਉਹ ਮੁਸਲਮਾਨਾਂ ਦਾ ਖੂਨ ਡਹਲਤਾ ਸੀ ਇਸਦੀ ਸਾਰੀ ਆਪ ਬੀਤੀ ਪੜ੍ਹਨ ਤੇ ਪਤਾ ਚੱਲੇਗਾ ਕਿ ਇਸ ਨੇ ਇਤਨੇ ਮੁਸਲਮਾਨ ਕਤਲ ਕੀਤੇ ਜਿਤਨੇ ਕਿ ਸਾਰੀ ਦੁਨੀਆਂ ਨੂੰ ਫਤਹਿ ਕਰਨ ਲਈ ਕਾਫੀ ਸਨ।

ਇਸਨੇ ਜੋ ਵੀ ਰਿਆਸਤਾਂ ਨਸ਼ਟ ਕੀਤੀਆਂ ਸਭ ਮੁਸਲਮਾਨਾਂ ਦੀਆਂ ਸਨ। ਗੈਰ ਮੁਸਲਿਮ ਰਿਆਸਤਾਂ ਤੇ ਇਹ ਕਦੇ ਹਮਲਾ ਨਹੀਂ ਸੀ ਕਰਦਾ। ਸਾਰੀ ਆਯੂ ਵਿਚ ਇੱਕ ਵਾਰੀ ਰੂਸ ਤੇ ਹਮਲਾ ਕੀਤਾ। ਪ੍ਰੰਤੂ ਉਹਨਾਂ ਦੇ ਸਿੱਧੇ ਟਕਰਨ ਤੇ ਭੱਜ ਖੜੋਤਾ, ਫਿਰ ਕਦੇ ਓਧਰ ਮੂੰਹ ਕਰਨ ਦੀ ਵੀ ਹਿੰਮਤ ਨਾ ਕੀਤੀ। ਇੱਕ ਵਾਰ ਤੁਰਕਾਂ ਦੀ ਚੁੱਕ ਤੇ ਇਹਨੇ ਸ਼ਹਿਰ ਸੀਵਾਸ ਤੇ ਹਮਲਾ ਕਰਕੇ, ਸੁਲਤਾਨ ਬ ਜ਼ੀਦ ਦੇ ਪੁੱਤਰ ਤੁਗਰਲ ਸਮੇਤ ਚਾਰ ਹਜ਼ਾਰ ਮੁਸਲਮਾਨਾਂ ਦੀਆਂ ਮੁਸ਼ਕਾਂ ਬੰਨ੍ਹ ਕੇ ਜਿਊਂਦੇ ਖਡਿਆਂ ਵਿੱਚ ਨੱਪ ਦਿੱਤੇ। ਕੀ ਇਹੋ ਜਿਹਾ ਜਾਲਮ ਸ਼ਖਸ ਵੀ ਮੁਸਲਮਾਨ ਅਖਵਾ ਸਕਦਾ ਸੀ?

2. ਅਸਲ ਨਾਮ ਮੁਹੰਮਦ ਜ਼ਹੀਰ-ਉ-ਦੀਨ ਬਾਬਰ। ਇਹ ਤੈਮੂਰ ਦੀ ਛੇਵੀਂ ਪੀੜੀ ਮਿਰਜ਼ਾ ਉਮਰ ਸ਼ੇਖ ਦੇ ਘਰ "ਕੁਤਲਗ ਨਗਾਰ ਖਾਨਮ

(ਨੋਟ ਚਲਦਾ ਪੰਨਾ 14)

ਇਹ ਤਾਂ ਸੀ ਬਾਬਰ ਦੀ ਆਪ ਬੀਤੀ। ਜੋ ਕੁੱਝ ਉਸ ਦੇ ਨਾਲ ਬੀਤੀ ਅਤੇ ਜੋ ਕੁਝ ਉਸ ਨੇ ਕੀਤਾ। ਹੁਣ ਆਉ ਵੇਖੀਏ ਬਾਬਰ ਦੇ ਸਮਕਾਲੀ ਗੁਰੂ ਨਾਨਕ (1469-1539) ਜੋ ਬਾਬਰ ਦੇ 1521 ਵਾਲੇ ਹਮਲੇ ਵੇਲੇ ਸੈਦਪੁਰ ਸੈਡਾਲੀ (ਏਮਨਾਬਾਦ) ਜ਼ਿਲਾ ਗੁਜਰਾਂ-ਵਾਲਾ (ਪਛਮੀ ਪੰਜਾਬ) ਵਿਚ ਹਾਜ਼ਰ ਸਨ, ਕੀ ਲਿਖਦੇ ਹਨ :—

ਹਜ਼ੂਰ, ਭਾਈ ਲਾਲੋ ਜੀ ਨੂੰ ਸੰਬੋਧਨ ਕਰਕੇ ਦੱਸਦੇ ਹਨ :—

ਆਪੇ ਦੋਸ਼ ਨ ਦੇਈ ਕਰਤਾ ਜਮ ਕਰ ਮੁਗਲ ਚੜ੍ਹਾਇਆ" ਅਤੇ ਉਹਨਾਂ ਜਮ ਰੂਪ ਮੁਗਲਾਂ ਨੂੰ,

"ਪਾਪ ਕੀ ਜੰਞ ਲੈ ਕਾਬਲੋਂ ਧਾਇਆ" ਫਿਰ ਉਸ ਪਾਪ ਦੀ ਜੰਞ ਦੇ ਕਾਰਨਾਮੇ ਦਸਦਿਆਂ ਹੋਇਆਂ :—

"ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰੱਤ ਕਾ ਕੁੰਗੂ ਪਾਇ ਵੇ ਲਾਲੋ" ਦੀ ਤੁਲਣਾ ਦੇਂਦਾ ਹੈ। ਅੰਤ ਵਿਚ ਉਹਨਾਂ ਜਮ ਰੂਪ ਮੁਗਲ ਜਾਈਆਂ ਨੂੰ "ਰਤਨ ਵਿਗਾੜ ਵਿਗੋਏ ਕੁੱਤੀਂ, ਮੁਇਆਂ ਸਾਰ ਨ ਕਾਈ" ਦਾ ਪ੍ਰਮਾਨ ਪੱਤਰ ਗੁਰੂ ਨਾਨਕ ਦੇਵ ਜੀ ਦੇਂਦੇ ਹਨ।

ਸਾਂਦਲ ਬਾਰ ਦੇ ਆਮ ਵਸਨੀਕਾਂ ਅਤੇ ਖਾਸ ਕਰਕੇ ਵਿਰਕਾਂ ਨੂੰ "ਚੋਰ ਡਾਕੂ ਅਤੇ ਲੜਾਕੂ ਆਖਣ ਵਾਲੇ ਸੱਜਣ ਜ਼ਰਾ ਵਿਚਾਰ ਕਰ ਲੈਣ ਕਿ ਇਹ ਖੂਨ ਕੇ ਸੋਹਿਲੇ, ਜਮ ਰੂਪ ਮੁਗਲਾਂ ਦੀ ਜੰਞ ਦਾ ਉਤਾਰਾ ਸਾਦਲ ਬਾਰ ਦੇ ਮੱਧ ਵਿਚ ਏਮਨਾਬਾਦ ਹੋਇਆ ਜਿੱਥੇ (ਪ੍ਰਿ: ਤੇਜਾ ਸਿੰਘ ਜੀ ਦੇ ਅਨੁਸਾਰ ਇਨਾਂ ਪਠਾਣਾ ਨੇ ਹੀਰਿਆਂ ਵਰਗੇ ਭਾਰਤੀਆਂ ਨੂੰ ਮਿੱਟੀ ਵਿਚ ਰੋਲ ਦਿਤਾ ਸੀ। ਨਿਰਨਾ ਉਨ੍ਹਾਂ ਸਜਣਾਂ ਤੇ ਹੀ ਰਿਹਾ। ਇਹੋ ਜਿਹੇ ਅਤਿਆ-ਚਾਰੀਆਂ ਦੀ ਅਗਰ ਥੋੜੀ ਬਹੁਤੀ ਸੋਧ ਕਰ ਦਿੱਤੀ ਗਈ ਸੀ ਤਾਂ ਕੀਹ ਬੇ ਜਾ ਸੀ? ਮਗਰ ਬਾਬਰ ਆਪਣੇ ਡੰਗਰਾਂ ਦੇ ਚੋਰਾਂ ਨੂੰ ਡਾਕੂ ਕਹਿੰਦਾ, ਹੈ। ਸਜਣੋਂ! ਵਿਚਾਰ ਕਰੋ। ਅਤੇ ਦੱਸੋਂ ਬੇਗੁਨਾਹਾਂ ਦਾ ਕਾਤਲ ਵੱਡਾ ਦੋਸ਼ੀ ਸੀ ਕਿ ਕਾਤਲ ਦੇ ਢੱਗੇ ਖੋਹਣ ਵਾਲੇ ? ਇਹੋ ਜਿਹੀਆਂ ਆਉਂਦੀਆਂ ਜਾਂਦੀਆਂ ਪਾਪ ਦੀਆਂ ਜੰਞਾਂ ਜਾਂ ਦਿਨ ਦੀਵੀਂ ਗੱਦੀਆਂ ਤੇ ਬੈਠ ਕੇ ਲੁੱਟਨ ਵਾਲੇ ਲੁਟੇਰਿਆਂ ਦੀ ਸੋਧ ਕਰਨਾ ਸਾਂਦਲ ਬਾਰ ਦੇ ਵਸਨੀਕਾਂ ਦੀ ਵਿਸ਼ੇਸ਼ਤਾ ਸੀ। ਜਿਸ ਨੂੰ ਆਮ ਦੁਨੀਆਂ ਇਕ ਐਬ ਸਮਝਦੀ ਸੀ।

ਪਾਠਕ ਜੀ, ਇਹ ਉਪਰੋਕਤ ਤਿੰਨ ਉਦਾਹਰਨਾਂ ਤਾਂ ਕੇਵਲ ਦਾਲ ਵਿਚੋਂ ਲੂਣ ਵੇਖਣ ਸਮਾਨ ਹਨ। ਇਹਨਾਂ ਧਾੜਵੀਆਂ ਨੇ ਇਹ ਸਮਾਚਾਰ ਆਪਣੀਆਂ ਸਵੈਜੀਵਣੀਆਂ ਵਿਚ ਜਾਂ ਤਾਂ ਖੁਦ ਅੰਕਤ ਕੀਤੇ ਜਾਂ ਉਹਨਾਂ ਦੇ ਇਤਿਹਾਸਕਾਰਾਂ ਨੇ ਅਖੀਂ ਡਿੱਠੇ ਹਾਲ ਤਾਰੀਖਾਂ ਵਿੱਚ ਲਿਖੇ। ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ :—

1) ਦੁਆਬਾ ਰਚਨਾ ਅਤੇ ਖਾਸ ਕਰਕੇ ਸਾਂਦਲ ਬਾਰ ਰਾਠਾਂ ਦਾ ਦੇਸ਼ ਹੈ।
2) ਇਹ ਰਾਠ ਹਰ ਆਉਨ ਜਾਨ ਵਾਲੇ ਜਰਵਾਣੇ ਦਾ ਟਾਕਰਾ ਕਰਦੇ ਰਹੇ ਹਨ।
3) ਇਹਨਾਂ ਰਾਠਾਂ ਨੇ ਕਦੇ ਕਿਸੇ ਖੱਬੀਖਾਨ ਦੀ ਈਨ ਨਹੀਂ ਮੰਨੀ।

ਸਿਕੰਦਰ ਤੋਂ ਪਿਛੋਂ ਤੈਮੂਰ ਅਤੇ ਬਾਬਰ ਨੂੰ ਛੱਡ ਹੋਰ ਬਦੇਸੀ ਧਾੜਵੀ ਵੀ ਆਏ ਜੋ ਕਿ ਧਾੜਾਂ ਲੈ ਕੇ ਇਸ ਦੁਆਬਾ ਰਚਨਾ ਵਿਚੋਂ ਕਦੇ ਮੁਲਤਾਨ ਰਾਹੀਂ ਕਦੇ ਭੇਰੇ ਰਾਹੀਂ, ਕਦੇ ਸੋਧਰ ਇਕੇ ਕੂਲੂਵਾਲ ਦੇ ਪੱਤਨ ਰਾਹੀਂ ਦਰਯਾ ਝਨਾ ਨੂੰ ਪਾਰ ਕਰ, ਸਾਂਦਲ ਬਾਰ ਵਿਚੋਂ ਦੀ ਲੰਘਦੇ ਰਹੇ।

ਸਭ ਤੋਂ ਪਹਿਲਾਂ ਬਜਰੇ ਦੇ ਹਾਕਮ ਹੱਜਾਜ[1] ਦਾ ਸੈਨਾਪਤੀ (18 ਸਾਲ ਦਾ ਛੋਕਰਾ) ਮੁਹੰਮਦ ਬਿਨ ਕਾਸਿਮ ਜੂਨ 712 ਈ: ਵਿਚ ਮੇਕਰਾਨ ਅਤੇ ਬਲੋਚਸਤਾਨ ਵਿਚ ਦੀ ਹੁੰਦਾ ਹੋਇਆ ਭਾਰਤ ਤੇ ਚੜ੍ਹਕੇ ਆਇਆ, ਜਿਸਨੇ ਚੱਚ[2] ਦੇ ਪੁੱਤਰ ਰਾਜਾ ਦਾਹਰ ਨੂੰ ਜਿੱਤ ਕੇ ਰਾਜਧਾਨੀ ਦੇਵਲ ਅਤੇ ਫਿਰ ਸੰਪੂਰਨ ਮੁਲਕ ਸਿੰਧ ਤੇ ਕਬਜ਼ਾ ਕੀਤਾ। ਮੁਲਤਾਨ ਤਦੋਂ ਸਿਧ ਦਾ ਹੀ ਭਾਗ ਸਮਝਿਆ ਜਾਂਦਾ ਸੀ। ਇਤੰ

ਨੋਟ ਚਲਦਾ ਪੰਨਾ 13 ਤੋਂ

ਦੇ ਉਦਰ ਤੋਂ 15 ਫਰਵਰੀ 1483 ਈ: ਨੂੰ ਪੈਦਾ ਹੋਇਆ। ਇਸਨੇ 1504 ਈ: ਵਿੱਚ ਕਾਬਲ, 1517 ਵਿਚ ਅਟਕ ਤੱਕ, 1519 ਵਿਚ ਕਸ਼ਮੀਰ ਜਮੂੰ ਤਵੀ ਤੱਕ ਅਤੇ ਤੀਜੀ ਵਾਰ ਏਮਨਾਬਾਦ ਰਾਹੀਂ ਹੁੰਦਾ ਹੋਇਆ ਸੰਨ 1521 ਵਿਚ ਲਾਹੌਰ ਜਾ ਵੜਿਆ। 1526 ਈ: ਵਿਚ ਇਬਰਾਹੀਮ ਲੋਧੀ ਨੂੰ ਮਾਰ ਕੇ ਦਿੱਲੀ ਵਿਚ ਮੁਗਲ ਰਾਜ ਕਾਇਮ ਕੀਤਾ ਸੂਰਵੀਰ ਰਾਣਾ ਸਾਂਗਾ ਨੇ ਇਸਨੂੰ 1527 ਈ: ਵਿਚ ਭਾਜ ਦਿੱਤੀ ਇਸਦਾ ਦਿਹਾਂਤ ਸੰਨ 1530 ਵਿਚ ਆਗਰੇ ਵਿਚ ਹੋਇਆ।

1. (ਹਜਾਜ 671-714 ਈ:) ਯੂਸਫ ਸਕਫੀ ਖਲੀਫਾ ਅਬਦੁਲ ਮਲਿਕ ਦੇ ਸਮੇਂ ਅਰਬ ਅਤੇ ਇਰਾਕ ਦਾ ਗਵਰਨਰ ਸੀ। ਇਸਨੇ 693 ਈ: ਵਿਚ ਅਬਦੁਲਾ ਬਿਨ ਜ਼ੁਬੈਰ ਨੂੰ ਕਤਲ ਕਰਨ ਪਿਛੋਂ ਕਾਅਬੇ ਨੂੰ ਢਾਹ ਕੇ, ਨਵੇਂ ਸਿਰਿਓਂ ਬਣਵਾਇਆ। ਇਹ ਅਤਿਅੰਤ ਨਿਰਦਈ ਪੁਰਸ਼ ਸੀ। ਇਸਨੇ 1,20,000 ਮਨੁੱਖ ਕਤਲ ਕਰਵਾਏ ਸਨ। ਇਸ ਦੀ ਮੌਤ (ਖਲੀਫਾ ਵਲੀਦ) ਦੇ ਸਮੇਂ 50,000 ਮਨੁੱਖ ਜੇਹਲਾਂ ਵਿਚ ਸਨ ਵੇਖੋ ਪੰਨਾ 362 "ਅਰਬ ਭਾਰਤ ਸੰਬੰਧ" ਕਰਤਾ ਸ੍ਰੀ ਮੌ: ਸਯਦ ਸੁਲੇਮਾਨ ਨਦਵੀ)
2. ਚੱਚ ਇਹ ਸਿੰਧ ਦੇ ਜਾਟ ਰਾਜਿਆਂ ਦਾ ਬ੍ਰਹਿਮਣ ਵਜ਼ੀਰ ਸੀ। ਇਸ ਧਰੋਹੀ ਨੇ ਖੜਯੰਤਰ ਰਚ ਕੇ ਜਾਟਾਂ ਤੋਂ ਰਾਜ ਹਥਿਆ ਲਿਆ ਅਤੇ ਆਪਣੇ ਰਾਜ ਕਾਲ ਵਿਚ ਜਾਟਾ ਦਾ ਬੜਾ ਅਪਮਾਨ ਕਰਦਾ ਰਿਹਾ।

ਹੀ ਰਾਜੇ ਸਾਹਨ ਪਾਲ, (ਵਰਯਾਹ ਰਾਜਪੂਤ) ਦੇ ਰਾਜ ਕਾਲ ਵੇਲੇ ਅਮਾਮ ਅਲੀ-ਉਲ-ਹੱਕ[1] ਨੇ ਸੰਨ 970 ਈ: ਵਿਚ ਸਿਆਲਕੋਟ ਤੇ ਹਮਲਾ ਕੀਤਾ ਜਿਸ ਵਿੱਚ ਉਹ ਮਾਰਿਆ ਗਿਆ। ਸਿਆਲਕੋਟ ਵਿੱਚ ਉਸਦਾ ਮਜ਼ਾਰ ਹੈ।

ਸੁਬਕਤਗੀਨ[2] 981/982 ਈ: ਵਿਚ ਆਇਆ। ਸਿਆਲਕੋਟ ਢਾਹ ਕੇ ਇਲਾਕਾ ਬਰਬਾਦ ਕਰ ਪਰਤ ਗਿਆ। ਜਿਸ ਪਿੱਛੋਂ, ਮਹਿਮੂਦ ਗਜਨਵੀ[3] ਨੇ ਭਾਰਤ ਤੇ 11 ਹਮਲੇ ਕੀਤੇ, ਅਤੇ ਅਕਸਰ ਹਰ ਵਾਰ ਉਹ ਦੁਆਬਾ ਰਚਨਾ ਅਤੇ ਖਾਸ ਕਰਕੇ ਸਾਂਦਲ ਬਾਰ ਦੇ ਵਿੱਚ ਦੀ ਹੀ ਆਉਂਦਾ ਜਾਂਦਾ ਰਿਹਾ।

ਸ਼ਹਾਬੁੱਦੀਨ ਮੁਹੱਮਦ ਗੌਰੀ[4] ਇਕ ਦੋ ਵਾਰੀ ਆਇਆ ਗਿਆ, ਅਖੀਰ ਸੰਨ 1192 ਵਿੱਚ ਦਿੱਲੀਪਤ ਪ੍ਰਥਵੀ ਰਾਜ ਚੁਹਾਨ ਨੂੰ ਪ੍ਰਾਜਿਤ ਕਰ ਆਪਣਾ ਰਾਜ ਸਥਾਪਤ ਕੀਤਾ। ਉਸ ਜਮਾਨੇ ਵਿੱਚ ਵਿਰਕ[5] ਦੇ ਭਰਾ ਵਰਨ[6] ਤੇ ਧਰੰਗੜ[7] ਦੀ ਅੰਸ ਸਾਂਦਲਬਾਰ ਵਿੱਚ ਆਬਾਦ ਹੋ ਚੁੱਕੀ ਹੋਈ ਸੀ। ਵਿਰਕ ਦਾ ਪੜਪੋਤਾ ਬਾਲਾ[8] ਨਾਮੇ, ਦਿੱਲੀ ਦਰਬਾਰ ਵਲੋਂ ਸਾਂਦਲ ਬਾਰ ਦਾ ਚੌਧਰੀ ਨਿਯੁਕਤ ਸੀ। ਜੱਟਾਂ ਦੀ ਦੂਜੀ ਜਾਤਾਂ ਖਾਸ ਕਰਕੇ ਚੀਮੇ[9] ਅਤੇ ਚੱਠੇ[10] ਉਦੋਂ ਅਜੇ ਇਧਰ ਨਹੀਂ ਆਏ ਸਨ। ਸਭ ਤੋਂ ਪਹਿਲਾਂ ਮੁਸਲਿਮ ਰਾਜ ਮੁਹੰਮਦ ਗੌਰੀ ਨੇ ਹੀ ਸਥਾਪਤ ਕੀਤਾ। ਇਸ ਤੋਂ ਪਿੱਛੋਂ ਕਦੇ ਗੁਲਾਮ[11], ਕਦੇ ਖਿਲਜੀ[12] ਅਤੇ ਕਦੇ ਤੁਗਲਕ[13] ਆਦਿ ਵੰਸ਼ਾਂ ਦਾ ਕਬਜ਼ਾ ਹੁੰਦਾ ਰਿਹਾ। ਮਹਿਮੂਦ ਤੁਗਲਕ ਦੇ ਸ਼ਾਸਨ ਕਾਲ (1392-1411) ਵੇਲੇ ਅਮੀਰ ਤੈਮੂਰ (1398 ਈ:) ਭਾਰਤ ਆਇਆ, ਖਲਕਤ ਨੂੰ ਤਹਿ ਤੇਗ ਕਰਦਾ, ਮਾਲ ਨੂੰ ਹੂੰਝਾ ਅਤੇ ਮੁਲਕ ਨੂੰ ਅਲਾਂਬਾ ਫੇਰਦਾ ਦਿੱਲੀ ਉਪਰੰਤ ਮੇਰਠ ਤੇ ਹਰਿਦੁਆਰ ਹੁੰਦਾਂ ਹੋਇਆ ਵਰੋਲੇ ਵਾਙੂੰ ਸਮਰਕੰਦ ਨੂੰ ਵਾਪਸ ਚਲਾ ਗਿਆ।

ਤੁਗਲਕ ਵੰਸ ਦੀ ਸਮਾਪਤੀ (1405 ਈ:) ਪਿਛੋਂ ਦੌਲਤ ਖਾਨ ਲੋਧੀ (ਪਠਾਨ ਵੰਸ) ਨੇ ਕੇਵਲ ਇੱਕ ਸਾਲ ਰਾਜ ਕੀਤਾ। ਜਿਸ ਤੋਂ ਸ਼ਯਦ ਖਿਜ਼ਰ ਖਾਨ ਨੇ ਰਾਜ ਸੱਤਾ ਖੁੱਥੀ-ਤੇ ਸੱਯਦ ਵੰਸ ਦਾ ਰਾਜ ਸਥਾਪਿਤ ਹੋਇਆ ਜੋ 1450 ਵਿਚ ਬਹਿਲੋਲ ਲੋਧੀ ਹੱਥੋਂ ਸਮਾਪਤ ਹੋਇਆ। ਲੋਧੀ ਵੰਸ਼ ਦਾ ਰਾਜ ਇਬਰਾਹੀਮ ਲਧੀ ਵੇਲੇ 1526 ਈ: ਵਿੱਚ ਸਮਾਪਤ ਹੋਇਆ ਜਦ ਜਹੀਰੁਉਦੀਨ ਬਾਬਰ (1526-1530) ਨੇ ਭਾਰਤ ਵਿਚ ਮੁਗਲ ਰਾਜ ਦੀ ਨੀਂਵ ਰਖੀ।

ਬਾਬਰ ਦਾ ਪੁਤ੍ਰ ਹੁਮਾਯੂੰ (1530-1556) ਤਖਤ ਤੇ ਬੈਠਾ ਜਿਸ ਨੂੰ ਸ਼ੇਰ ਸਾਹ ਸੂਰੀ[14] ਪਠਾਨ ਨੇ ਦੇਸ ਵਿਚੋਂ ਕੱਢ ਦਿੱਤਾ ਅਤੇ

---

1. ਚਾਰ ਬਾਗ ਪੰਜਾਬ, ਕਰਤਾ ਗਣੇਸ਼ ਦਾਸ ਵਡਹਿਰਾ
2. ਇਹ ਅਲਪਤ ਗੀਨ ਦਾ ਗੁਲਾਮ ਸੀ ਜੋ ਪਿਛੋਂ ਗਜ਼ਨੀ ਦਾ ਰਾਜਾ ਬਣਿਆ। ਮਹਿਮੂਦ ਗਜ਼ਨਵੀ ਇਸਦਾ ਪੁੱਤਰ ਸੀ।
3. ਮਹਿਮੂਦ ਗਜ਼ਨਵੀ ਦਸੰਬਰ 967 ਈ: ਨੂੰ ਪੈਦਾ ਹੋਇਆ। 997 ਈ: ਵਿਚ ਗੱਦੀ ਤੇ ਬੈਠਾ। ਇਸਨੇ 1001 ਈ: ਤੋਂ 1024 ਈ: ਤੱਕ ਅਨੇਕਾਂ ਹਮਲੇ ਭਾਰਤ ਤੇ ਕੀਤੇ।
4. ਗ਼ਜਨੀ ਦੇ ਉੱਤਰੀ ਇਲਾਕੇ ਗੌਰ ਦਾ ਵਸਣੀਕ ਹੋਣ ਕਰਕੇ ਗੌਰੀ ਸੰਗਯਾ ਹੋਈ। ਇਸਨੇ ਸੰਨ 1175 ਵਿਚ ਮੁਲਤਾਨ, 1186 ਵਿਚ ਲਾਹੌਰ ਤੇ ਕਬਜ਼ਾ ਕੀਤਾ। 1191 ਵਿਚ ਤ੍ਰਾਵੜੀ ਦੇ ਯੁੱਧ ਵਿਚ ਪ੍ਰਥਵੀ ਰਾਜ ਚੁਹਾਨ ਤੋਂ ਭਾਂਜ ਖਾਧੀ। 1192 ਵਿਚ ਇਥੇ ਹੀ ਪ੍ਰਥਵੀ ਰਾਜ ਨੂੰ ਹਰਾ ਕੇ ਦਿੱਲੀ ਦੇ ਤਖਤ ਤੇ ਬੈਠਾ।
5. ਵਿਰਕ
6. ਵਰਨ
7. ਧਰੰਗੜ) ਸੂਰਜ ਬੰਸੀ ਛਤਰੀ ਕੁਲਮਿਨਹਾਸ ਰਾਜਪੂਤ ਰਾਜੇ ਉਧਰ ਸੈਨ ਦੇ ਸਪੁੱਤਰ ਜਿਨ੍ਹਾਂ ਦੇ ਵੱਡੇ ਸਾਂਦਲ ਬਾਰ ਦਾ ਅਧਿਕਾਰ ਆਇਆ।
8. ਬਾਲਾ--ਵਿਰਕ ਵੰਸਜ ਅੰਗਧਾਰੀ ਦੀ ਸੰਤਾਨ ਅੱਗਲ ਦਾ ਪੁੱਤਰ
9. ਚੀਮੇ
10. ਚਠੇ) ਇਹ ਦੋਵੇਂ ਗੋਤਾਂ ਚੌਹਾਨ ਰਾਜਪੂਤ ਹਨ।
11. ਕੁਤਬਦੀਨ ਏਬਕ, ਮੁਹੰਮਦ ਗੌਰੀ ਦਾ ਗੁਲਾਮ ਸੀ। ਗੌਰੀ ਦੇ ਮਰਨ ਤੇ ਇਸਨੇ ਦਿੱਲੀ ਦਾ ਰਾਜ ਸੰਭਾਲਿਆ। ਇਸ ਵੰਸ ਦਾ ਰਾਜ 1290 ਈ: ਤੱਕ ਰਿਹਾ।
12. ਖਿਲਜੀ ਵੰਸ ਦਾ ਮੋਢੀ ਜਲਾਲੁਦੀਨ ਫੀਰੋਜ਼ ਅਫਗਾਨਿਸਤਾਨ ਦੇ ਨਗਰ ਖ਼ਲਜ ਦਾ ਨਿਵਾਸੀ ਹੋਣ ਕਰ ਕੇ ਖਿਲਜੀ ਸੰਗਯਾ ਹੋਈ। ਖਿਲਜੀ ਰਾਜ 1290 ਤੋਂ 1320 ਤੱਕ ਸੀ।
13. ਇਸ ਵੰਸ ਦਾ ਮੋਢੀ ਗਯਾਸੁੱਦੀਨ ਤੁਗਲਕ, ਗਯਾਸੁੱਦੀਨ ਬਲਬਨ ਦਾ ਹਿੰਦੂ ਜਾਟ ਇਸਤਰੀ ਵਿਚੋਂ ਪੁੱਤਰ ਸੀ। ਅਸਲ ਨਾਮ ਗਾਜ਼ੀ ਮਲਕ ਸੀ। ਇਸ ਨੇ 1321 ਵਿਚ ਤੁਗਲਕ ਵੰਸ ਦਾ ਰਾਜ ਸਥਾਪਤ ਕੀਤਾ; ਜੋ 1412 ਤੱਕ ਰਿਹਾ।
14. ਸ਼ੇਰ ਸ਼ਾਹ--ਇਹ ਸਹਿਸਰਾਮ ਦੇ ਜਗੀਰਦਾਰ ਹਸਨ ਖਾਂ ਦਾ ਪੁੱਤਰ ਜੋ ਸੂਰ ਵੰਸ ਦਾ ਪਠਾਨ ਸੀ, ਜਿਸਦਾ ਪਹਿਲਾ ਨਾਮ ਫਰੀਦ ਖ਼ਾਨ ਸੀ ਬਿਹਾਰ ਦੇ ਬਾਦਸ਼ਾਹ ਲੋਹਾਨੀ ਦੀ ਨੌਕਰੀ ਵਿੱਚ ਇੱਕ ਵਾਰ ਫ਼ਰੀਦ ਨੇ ਸ਼ੇਰ ਮਾਰਿਆ, ਜਿਸ ਤੋਂ ਸ਼ੇਰ ਖਾਨ ਦੀ ਪਦਵੀ ਮਿਲੀ। ਇਸਨੇ ਹੁਮਾਯੂੰ ਨੂੰ ਸੰਨ 1540 ਵਿਚ ਹਾਰ ਦੇ ਕੇ ਭਾਰਤ ਤੋਂ ਬਾਹਰ ਕੱਢ ਦਿੱਤਾ। ਇਹ ਜਨਵਰੀ ਸੰਨ 1542 ਈ: ਨੂੰ ਦਿੱਲੀ ਦੇ ਤਖ਼ਤ ਤੇ ਬੈਠਾਂ ਅਤੇ ਆਦਿਜ ਦੀ ਪਦਵੀ ਧਾਰਨ ਕੀਤੀ। ਇਹ ਬੜਾ ਨਿਆਏਸ਼ੀਲ ਤੇ ਦਿਆਲੂ ਬਾਦਸ਼ਾਹ ਹੋਇਆ ਹੈ। ਇਸਨੇ ਸੜਕਾਂ, ਚੰਦੇ, ਖੂਹ ਅਤੇ ਸਰਾਵਾਂ ਬਣਵਾਈਆਂ ਅਤੇ ਫਲਦਾਰ ਰੁੱਖ ਲਗਵਾਏ।

1540 ਵਿਚ ਦਿੱਲੀ ਦਾ ਤਖਤ ਸਾਂਭਿਆ। ਸੰਨ 1545 ਵਿਚ ਈਰਾਨ ਦੇ ਬਾਦਸ਼ਾਹ ਦੀ ਮਦਦ ਨਾਲ ਹਮਾਯੂੰ ਫਿਰ ਭਾਰਤ ਦੇ ਤਖਤ ਤੇ ਬੈਠਾ। ਫਿਰ 1707 ਈ: ਤੱਕ ਮੁਗਲਾਂ ਡਟ ਕੇ ਰਾਜ ਕੀਤਾ। 1707 ਤੋਂ 1786 ਤੱਕ ਦਿੱਲੀ ਦਾ ਰਾਜਾ ਗਰੀਬ ਦੀ ਜੋਰੂ ਨਿਮਾਣੀ ਸਭ ਦੀ ਭਾਬੀ ਬਣ ਕੇ ਰਹਿ ਗਿਆ।

ਬਾਬਰ ਦੇ ਰਾਜ ਸੱਤਾ ਹਥਿਆਉਣ ਅਰਥਾਤ ਸੰਨ 1526 ਤੋਂ ਲੈ ਕੇ ਸੰਨ 1739 ਤੱਕ ਪੱਛਮ ਵਲੋਂ ਕੋਈ ਬਦੇਸ਼ੀ ਹਮਲਾਵਰ ਭਾਰਤ ਨਾ ਆਇਆ। ਇਸ 213 ਸਾਲ ਦੇ ਸਮੇਂ ਅੰਦਰ ਸਾਂਦਲ ਬਾਰ ਨੂੰ ਸੁਖ ਦਾ ਸਾਹ ਆਇਆ। ਤੇ ਪਰਜਾ ਵਿਚ ਵਾਧਾ ਤੇ ਖੁਸ਼ਹਾਲੀ ਹੋਈ ਕਿੰਤੂ 1739 ਵਿਚ ਬੜੀ ਭਾਰੀ ਬਿੱਜ ਨਾਦਰ ਸ਼ਾਹ ਦੁਰਾਨੀ ਦੇ ਰੂਪ ਵਿੱਚ ਭਾਰਤ ਤੇ ਆ ਡਿੱਗੀ। ਇਹ ਜਿਥੋਂ ਦੀ ਲੰਘਿਆ ਡੰਊ ਫੇਰਦਾ ਗਿਆ, ਆਬਾਦੀਆਂ ਲੁੱਟਦਾ ਤੇ ਸਾੜਦਾ ਚਲਾ ਗਿਆ। ਕਰਨਾਲ ਦੀ ਲੜਾਈ ਜਿੱਤ ਦਿੱਲੀ ਦੇ ਤਖਤ ਤੇ ਜਾ ਬੈਠਾ। ਦਿਲੀਓਂ ਜਦ ਪਰਤਿਆ ਤਾਂ ਹੋਰ ਕਰੋੜਾਂ ਦੀ ਦੌਲਤ, ਸਾਹਜ਼ਾਦੀਆਂ ਦੇ ਡੋਲੇ, ਹੋਰ ਹਜ਼ਾਰਾਂ ਲੌਂਡੀਆਂ ਬਾਂਦੀਆਂ ਤੋਂ ਇਲਾਵਾ ਭਾਰਤ ਦਾ ਮਸ਼ਹੂਰ ਤਖ਼ਤ-ਏ-ਤਾਊਸ ਅਤੇ ਕੋਹਨੂਰ ਹੀਰਾ ਵੀ ਲੈ ਗਿਆ ਕਿੰਤੂ ਖਾਲਸਾ ਇਸ ਦੇ ਮਗਰ ਕਰਨਾਲ ਤੋਂ ਹੀ ਲੱਗ ਗਿਆ ਤੇ ਮੁਗਲੀਆ ਖਾਨਦਾਨ ਦੇ ਲੁੱਟੇ ਧਨ ਵਿਚੋਂ ਆਪਣਾ ਹਿੱਸਾ ਵੰਡਾ ਕੇ ਖਲਾਸੀ ਕੀਤੀ।

ਨਾਦਰ ਦੇ ਪਿਛੋਂ ਸੰਨ 1747 ਤੋਂ 1774/75 ਤੱਕ ਅਹਿਮਦ (ਸ਼ਾਹ ਅਬਦਾਲੀ ਜਾਂ ਉਸਦੇ ਜਰਨੈਲ ਆਉਂਦੇ। ਹਰੇ ਪਰ) ਹੁਣ ਖਾਲਸਾ ਆਪਣੀ ਚੜ੍ਹਦੀ ਕਲਾ ਵਿਚ ਸੀ। ਪਠਾਣ ਭਾਵੇਂ ਆਉਂਦੇ ਤਾਂ ਬੜੇ ਧੂਮ ਧੜਕਿਆਂ ਅਤੇ ਖੜਕੇ ਦੜਕਿਆਂ ਨਾਲ ਸਨ ਪਰ ਅੱਗੋਂ ਖਾਲਸਾ ਜਿਸ ਵਿੱਚ ਸਾਂਦਲਬਾਰ ਦਾ ਮੁੱਖ ਹਿੱਸਾ ਹੁੰਦਾ ਭਬਕਾਰ ਕੇ ਪੈਂਦਾ ਤਾਂ ਦੁਮ ਦਬਾ ਕੇ ਵਾਪਸ ਕਾਬਲ ਨੂੰ ਦੜਕ ਜਾਂਦੇ-ਯਾਦ ਰਹੇ ਕਿ ਆਬਦਾਲੀ ਅਤੇ ਉਸ ਦੇ ਪਿਛਲਗ (ਉਸਦੇ ਨਾਲ ਜਾਂ ਪਿਛੋਂ ਆਵਣ ਵਾਲ) ਅਕਸਰ ਮੁਸ਼ਕਿਲ ਨਾਲ ਲਾਹੌਰ ਤੱਕ ਪੁੱਜਿਆ ਕਰਦੇ ਸਨ ਤੇ ਫਿਰ ਜਦੋਂ ਖਾਲਸਾ ਫੌਜਾਂ ਜਿੱਚ ਕਰਦੀਆਂ ਤਾਂ ਆਪਣਾ ਬਚਾਓ ਕਰਦੇ ਪਿਛਾਂ ਕਾਬਲ ਨੂੰ ਪਰਤਿਆ ਕਰਦੇ ਸਨ।

ਜਦੋਂ ਸਾਂਦਲ ਬਾਰ ਦੇ ਵਸਨੀਕਾਂ ਨੂੰ ਖਬਰ ਹੁੰਦੀ ਕਿ ਕੋਈ ਲੁਟੇਰਾ ਅਟਕ ਟੱਪ ਆਇਆ ਹੈ ਤਾਂ ਨੌਜਵਾਨ ਵਿਉਂਤਾਂ ਬਣਾਂਦੇ, ਤੇ ਜਦੋਂ ਸ਼ਿਕਾਰ ਭੈੜਾ ਟੱਪਦਾ ਤਾਂ ਸੋਚੀ ਵਿਉਂਤ ਅਨੁਸਾਰ ਰਾਤ ਨੂੰ ਛਾਪਾ ਮਾਰ (ਚੰਗੇ ਚੰਗੇ ਘੋੜੇ, ਊਠ, ਬਲਦ ਅਤੇ ਹਥਿਆਰ ਖੋਹ ਕੇ ਜੰਗਲਾਂ ਵਿੱਚ ਗਾਇਬ ਹੋ ਜਾਂਦੇ। ਲਾਹੌਰ ਦਾਖਲ ਹੋਣ ਤੱਕ ਸ਼ਿਕਾਰ ਤੇ ਹੱਥ ਸਾਫ ਕਰਦੇ ਰਹਿੰਦੇ।[1]

ਇਸ ਤਰਾਂ ਜਦੋਂ ਗਨੀਮ ਦਿੱਲੀ ਜਾਂ ਲਾਹੌਰੋਂ ਪਰਤਦਾ ਤਾਂ ਰਾਵੀ ਤੱਕ ਤਾਂ ਸੌਖਿਆਂ ਆਉਂਦਾ ਕਿਸੇ ਵੰਡੀਂਦੇ, ਮਗਰੋਂ ਰਾਵੀ ਟੱਪਣ ਪਿਛੋਂ ਤੇ ਅਟਕ ਪਾਰ ਕਰਨ ਤੱਕ ਸਾਂਦਲ ਬਾਰ ਦੇ ਸੂਰਮੇ ਉਸਦਾ ਭਾਰ ਹਰ ਰਾਤ ਹੌਲਾ ਅਤੇ ਆਪਣਾ ਭਾਰ ਭਾਰਾ ਕਰਦੇ ਰਹਿੰਦੇ। ਅਰਥਾਤ ਆਪਣੇ ਮੁਲਕ ਦਾ ਲੁੱਟਿਆ ਮਾਲ ਖੋਹ ਲੈਂਦੇ ਅਤੇ ਨਿਰਦੋਸ਼ ਬੱਚੇ ਬੱਚੀਆਂ ਜ਼ਾਲਮਾਂ ਦੀ ਕੈਦ ਵਿਚੋਂ ਛੁਡਾ ਕੇ, ਆਪਣੇ ਕੋਲੋਂ ਖਰਚਾ ਪਰਚਾ ਦੇ ਕੇ ਘਰੋ ਘਰੀ ਘਲਾਂਦੇ ਹੁੰਦੇ ਸਨ।

ਇਹ ਕਾਰਨਾਮੇ ਕਰਨ ਸਾਂਦਲਬਾਰ ਦੇ ਵਸਨੀਕਾਂ ਅਤੇ ਖਾਸ ਕਰਕੇ ਵਿਰਕਾਂ ਦੇ ਨਿਤ ਕਰਮ ਵਿਚ ਸ਼ਾਮਲ ਹੋ ਚੁੱਕੇ ਸਨ। ਖਬੀਖਾਨ ਦੀ ਪ੍ਰਵਾਹ ਨ ਕਰਨੀ ਅਤੇ ਲਿੱਸੇ ਮਾੜੇ ਦੀ ਮਦਦ ਇਹਨਾਂ ਦੀ ਪੈਦਾਇਸ਼ੀ ਸਿਫਤ ਸੀ, ਮਿਸਾਲ ਦੇ ਤੌਰ ਤੇ ਸਾਂਦਲ ਬਾਰ ਦਾ ਸਮਰਾਟ ਨਵਾਬ ਕਪੂਰ ਸਿੰਘ ਇਤਿਹਾਸ ਵਿਚ ਚਾਨਣ ਮੁਨਾਰਾ ਹੈ। ਸਿੱਖ ਮਿਸਲਾਂ ਦੇ ਵੇਲੇ ਅਤੇ 1808 ਤੱਕ ਬਾਬਾ ਅਮੀਰ ਸਿੰਘ ਸ਼ਿੱਖੀ ਦਾ ਥੰਮ੍ਹ ਹੋਇਆ ਜਿਸਨੇ ਸ਼ੇਖੂਪੁਰੇ ਦੇ ਕਿਲ੍ਹੇ ਨੇੜੇ ਸ਼ੇਰੇ ਪੰਜਾਬ ਦੀਆਂ ਫੌਜਾਂ ਨੂੰ 17 ਦਿਨ ਢੁੱਕਣ ਨ ਦਿੱਤਾ। ਫਿਰ ਬਾਬਾ ਬੁਧ ਸਿੰਘ ਕੜਯਾਲੀਆ ਹੋਇਆ ਜਿਸਨੇ ਸ: ਮਹਾਂ ਸਿੰਘ ਦੇ ਵੇਲੇ ਮਰਾਲੀ ਵਾਲੇ ਤੋਂ ਹਾਫਜ਼ਾਬਾਦ ਤੇ ਉਥੋਂ ਸ਼ੇਖੂਪੁਰਾ ਅਤੇ ਉਥੋਂ ਮਰਾਲੀ ਵਾਲੇ ਤੱਕ ਦਾ ਸਾਰਾ ਇਲਾਕਾ ਕਬਜ਼ੇ ਕੀਤਾ। ਜੋ ਅੰਤ ਸ਼ੇਰੇ ਪੰਜਾਬ ਨੇ ਆਪਣੀ ਭਰਾ ਮਾਰੂ ਨੀਤੀ ਅਨੁਸਾਰ ਸਾਰਾ ਇਲਾਕਾ ਥੋੜੀ ਜਿਹੀ ਜਾਗੀਰ ਦੇ ਕੇ ਹਥਿਆ ਲਿਆ।

ਅੰਗਰੇਜ਼ ਸਰਕਾਰ ਦੇ ਵੇਲੇ, ਸਿੰਘ ਸਭਾ ਦਾ ਨਿਧੜਕ ਪ੍ਰਚਾਰਕ, ਅਕਾਲੀ ਮੋਰਚਿਆਂ ਦਾ ਅਜਿਤ ਜਰਨੈਲ ਭਾਈ ਕਰਤਾਰ ਸਿੰਘ ਝੱਬਰ ਹੋਇਆ। ਉਹਨਾਂ ਦਾ ਹੀ ਸਾਥੀ ਭਾਈ ਤੇਜਾ ਸਿੰਘ ਚੂਹੜਕਾਣਾ ਹੋਇਆ, ਜੋ ਆਖਰੀ ਸਾਲਾਂ ਵਿਚ ਪੰਥਕ ਵਿਚਾਰ ਧਾਰਾ ਨੂੰ ਛੱਡ ਰਾਜਸੀ ਵਿਚਾਰਧਾਰੀ ਹੋ ਗਏ।

ਵਿਚਾਰ ਅਧੀਨ ਪ੍ਰਸ਼ਨ ਸੀ ਵਿਰਕ ਦੇ ਚੋਰ ਡਾਕੂ ਹੋਣ ਦਾ ਜਿਸ ਦਾ ਉਤਰ ਸੀ ਕਿ ਵਿਰਕ ਚੋਰ ਨਹੀਂ, ਬਲਕਿ ਸਾਠ ਹੈ ਜਿਹੜਾ:-

i) ਵੱਡੇ ਵੱਡੇ ਖਬੀਖਾਨਾਂ ਦੀ ਈਣ ਨਹੀਂ ਮੰਨਦਾ

ii) ਜ਼ਰੂਰਤ ਹੋਵੇ ਤਾਂ ਮਾੜੇ ਦੀ ਮਦਦ ਤੇ ਝੱਟ ਜਾਂਦਾ ਹੈ

iii) ਲੋੜ ਵੇਲੇ ਕਿਸੇ ਧਨੀ ਮਾਨੀ ਦੇ ਘਰ ਨੂੰ ਹੱਥ ਪਾਂਦਾ ਹੈ ਅਤੇ

iv) ਲਗਮੀ ਨਿਆਂ ਵਾਂਗ ਕਿਸੇ ਦੀ ਧੀ ਭੈਣ ਨੂੰ ਹੱਥ ਨਹੀਂ ਪਾਂਦਾ ਸਗੋਂ ਰੱਖਿਆ ਕਰਦਾ ਹੈ

ਇਸ ਦੀ ਇੱਕ ਉੱਗਰ ਮਿਸਾਲ ਬੂੜ ਸਿੰਘ ਬੂੰਦੀਕਾ ਕਾਮੋਕਿਆਂ ਵਾਲੇ ਦੀ ਪਾਠਕਾਂ ਸਾਮ੍ਹਣੇ ਪੇਸ਼ ਕਰਦਾ ਹਾਂ ਜੋ

1. ਵਿਸਥਾਰ ਵਾਸਤੇ ਵੇਖੋ ਪੁਸਤਕ ਉਪਕਾਰ ਖਾਲਸਾ ਕ੍ਰਿਤ ਭਾਈ ਸਾਹਿਬ ਭਾਈ ਮੂਲ ਸਿੰਘ ਜੀ ਗਰਮੂਲਾ

1) ਭਾਗੂ ਕਸ਼ਮੀਰੀ ਜੰਡਿਆਲੇ ਵਾਲੇ ਦੀ ਮਦਦ ਵਾਸਤੇ ਜੰਡਿਆਲੇ ਸ਼ੇਰਖਾਂ ਦੇ ਜ਼ੈਲਦਾਰ ਅਮੀਣ ਖਾਨ ਨੂੰ ਕਤਲ ਕਰਦਾ ਹੈ। ਮਾੜੇ ਦੀ ਮਦਦ ਕਰਦਾ ਹੈ ਅਤੇ ਖਬੀਖਾਨ ਨੂੰ ਅਗਲੇ ਘਰ ਪੁਚਾਉਂਦਾ ਹੈ।
2) ਮੁਕਦਮਿਆਂ ਵਿਚ ਧਨ ਦਾ ਅਭਾਵ ਪ੍ਰਤੀਤ ਕਰਕੇ ਇਬਣ ਵਾਲੀ ਦੇ ਸ਼ਾਹੂਕਾਰਾਂ ਦੇ ਘਰ ਡਾਕਾ ਮਾਰਿਆ।
3) ਸੈਦੂ ਅਲੀਕੇ ਦੀ ਭੈਣ ਧੱਕੇ ਨਾਲ ਖੋਹ ਕੇ ਵਸੀਰਾਂ ਨੇ ਘਰ ਘਤ ਲਈ। ਸੈਦੂ ਦੀ ਫਰਯਾਦ ਸੁਣ ਕੇ ਇਕੱਲੇ ਬੂੜ ਸਿੰਘ ਨੇ ਵਸੀਰ ਕਤਲ ਕੀਤੇ। ਆਪ ਭਾਵੇਂ ਮੁਕਦਮੇ ਵਿਚ ਅੰਦਰ ਆ ਗਿਆ ਮਗਰ ਸੈਦੂ ਦੀ ਭੈਣ ਉਹਨੂੰ ਦਿਵਾ ਦਿਤੀ ਤੇ ਸੈਦੂ ਤੇ ਹਰਫ ਵੀ ਨਾ ਆਉਣ ਦਿੱਤਾ। ਵਿਸਥਾਰ ਵਾਸਤੇ ਵੇਖੋ ਅਗੇ। ਇਹ ਹੈ ਸੂਰਬੀਰ ਵਰਯਾਮ, ਬਚਨ ਦੇ ਧਨੀ ਵਿਰਕ ਦਾ ਕਿਰਦਾਰ ਜਿਹੜਾ ਕਿ ਅੱਜ ਤੱਕ ਇਤਿਹਾਸ ਦੇ ਪੱਤਰਿਆਂ ਤੇ ਕਾਲੇ ਚਿਟੇ ਅਖਰਾਂ ਵਿਚ ਕਿਧਰੇ ਅੰਕਤ ਨਹੀਂ ਹੋਇਆ। ਇਹੋ ਜਿਹੀਆਂ ਅਨੇਕਾਂ ਜੀਵਨੀਆਂ ਅਤੀਤ ਦੀ ਰੇਤ ਥੱਲੇ ਦੱਬੀਆਂ ਗਈਆਂ ਹਨ ਜਿਨ੍ਹਾਂ ਨੂੰ ਦਿਨ ਦੀ ਰੌਸ਼ਨੀ ਫਿਰ ਕਦੇ ਨਸੀਬ ਨਹੀਂ ਹੋਵੇਗੀ। ਕਿੰਤੂ ਭੁੱਲੜ ਵੀਰ ਆਸਾਨੂੰ "ਚੋਰ" ਕਹਿਣਗੇ।

ਹੋਰ ਤਾਂ ਕਿਸੇ ਦਾ ਕੀਹ ਕਹਿਣਾ ਹੈ ਸਾਡੇ ਕਈ ਭਾਕੇ (ਆਚਰਨ ਅਤੇ ਕੱਦ ਬੁਤ ਵਾਲੇ) ਸਿੱਖ ਲੀਡਰਾਂ ਦਾ ਵੀ ਇਹੋ ਵਿਚਾਰ ਹੈ। 1947 ਦੇ ਦੇਸ਼ ਬਟਵਾਰੇ ਦੇ ਸਮੇਂ ਜਦੋਂ ਵਿਸਥਾਪਤਾਂ ਦੇ ਪੁਨਰ ਸਥਾਪਨ ਦਾ ਪ੍ਰਸ਼ਨ ਆਇਆ ਤਾਂ ਜਿਲਾ ਗੁਜਰਾਂਵਾਲਾ ਅਤੇ ਸੇਖੂਪੁਰਾ[1] ਦੇ ਵਿਸਥਾਪਤਾਂ ਨੂੰ ਕਰਨਾਲ ਪਾਣੀਪਤ ਵਿਚ ਸਿੱਟਿਆ ਕੇਵਲ ਇਸ ਕਰਕੇ ਗਿਆ ਕਿ ਇਹ ਚੋਰ ਡਾਕੂ ਹਨ।

ਉਹਨਾਂ ਮਹਾਨ ਲੀਡਰਾਂ ਤੋਂ ਪੁੱਛਿਆ ਜਾ ਸਕਦਾ ਹੈ,"ਕਿਉਂ ਸ੍ਰੀ ਮਾਨ ਸੀ, ਨੁਸਹਿਰਾ ਭੜਾਨਾ ਤਾਂ ਦੁਆਬਾ ਰਚਨਾ ਵਿਚ ਨਹੀਂ। ਚੌਧਰੀ ਸਾਹਿਬ ਰਾਏ ਦੀਆਂ ਘੋੜੀਆਂ ਕੱਢਣ ਵਾਲੇ ਅਮਰ ਸਿੰਘ, ਬਘੇਲ ਸਿੰਘ ਪਿੰਡ ਭੁਸਿਆਂ ਜ਼ਿਲਾ ਅੰਮ੍ਰਿਤਸਰ ਦੇ ਵਿਰਕ ਜੱਟ ਨਹੀਂ ਸੱਗੋਂ ਢਿੱਲੋਂ ਜੱਟ ਸਨ! ਫਿਰ ਉਹਨਾਂ ਦੋਹਾਂ ਨੇ ਸਾਹਿਬ ਰਾਏ ਦੀਆਂ ਘੋੜੀਆਂ ਲਖਮੀਰ ਸਿੰਘ ਪਿੰਡ ਘਰਿਆਲਾ ਜ਼ਿਲਾ ਅੰਮ੍ਰਤਸਰ (ਗੁੱਜਰਾਂ ਵਾਲਾ ਜਾਂ ਸੇਖੂਪੁਰਾ ਨਹੀਂ) ਨੂੰ ਦਿੱਤੀਆਂ। ਜਿਸਨੇ ਅੱਗੋਂ ਜਾ ਕੇ ਮਹਾਂਰਾਜੇ ਆਲਾ ਸਿੰਘ ਪਟਿਆਲਾ-ਪਤੀ ਕੋਲ ਵੇਚ ਕੇ ਤੇ ਪੈਸੇ ਲਿਆ ਕੇ ਭਾਈ ਤਾਰਾ ਸਿੰਘ ਡਲਵਾਂ ਵਾਲੇ ਦੇ ਲੰਗਰ ਵਿਚ ਪਾਏ (ਕੇਡੀ ਨੇਕ ਕਮਾਈ ਸੀ) ਜਿਹੜੇ ਘੋੜੀਆਂ ਕੱਢਣ ਵਾਲੇ ਬਹਾਦਰ ਸਨ ਉਹ ਵੀ-ਗੁਰਮੁਖ ਪਿਆਰੇ ਭਾਈ ਤਾਰਾ ਸਿੰਘ ਜੀ ਦੀ ਸ਼ਰਨ ਆ ਪਏ ਤੇ ਜੋ ਸਿਟਾ ਇਹਨਾਂ ਘੋੜੀਆਂ ਦੀ ਚੋਰੀ ਦਾ ਨਿਕਲਿਆ ਉਹ ਅੱਜ ਸਾਡੇ ਇਤਿਹਾਸ ਵਿੱਚ ਦਰਜ਼ ਹੈ। ਦੂਜਿਆਂ ਨੂੰ ਚੋਰ ਕਹਿਣ ਵਾਲੇ ਜਰਾ ਆਪਣੀ ਪੀਹੜੀ ਥਲੇ ਸੋਟਾ ਫੇਰ ਲਿਆ ਕਰਣ। ਉੱਚੀ ਪਧਰ ਤੇ ਵਿਰਕਾਂ ਨਾਲ ਵਿਤਕਰੇ ਦੀ ਇੱਕ ਉਗਰ ਮਿਸਾਲ ਨਵਾਬ ਕਪੂਰ ਸਿੰਘ ਜੀ ਦੀ ਸਮਾਧ ਦਾ ਗਿਰਾਇਆ ਜਾਣਾ ਹੈ। ਇਹ ਸਮਾਧ, ਨਵਾਬ ਕਪੂਰ ਸਿੰਘ ਜੀ ਦੀ ਸਮ੍ਰਿਤੀ ਵਿੱਚ ਮਹਾਰਾਜਾ ਕਪੂਰਥਲਾ ਨੇ ਸੰਗਮਰਮਰ ਦੀ ਬਣਵਾ ਕੇ ਦੁਆਲੇ ਸੁਰਖਿਆ ਵਾਸਤੇ ਲੋਹੇ ਦਾ ਜੰਗਲਾ ਲਵਾਇਆ ਸੀ। ਕਿੰਤੂ 1923 ਅਪ੍ਰੈਲ ਦੀ 12, 13 ਦੇ ਵਿਚਾਲੀ ਰਾਤ ਨੂੰ ਸਾਡੇ ਭਾਈਆਂ ਨੇ ਢਾਹ ਢੇਰੀ ਕੀਤੀ-ਆਹ!

ਸੰਨ 1723 ਈ: ਤੋਂ 1763 ਤੱਕ 40 ਸਾਲ ਖਾਲਸਾ ਪੰਥ ਦੀ ਅਗਵਾਈ ਕਰਨ ਵਾਲੇ, ਕੜਾਹਿਆਂ ਵਿਚ ਅੰਮ੍ਰਿਤ ਤਿਆਰ ਕਰਕੇ ਸਿੱਖੀ ਵਿਚ ਵਾਧਾ ਕਰਨ ਵਾਲੇ, ਵੈਰੀ ਦਲਾਂ ਵਿਚ ਮੁਹਰੈਲ ਹੋ ਕੇ ਲੜਣ ਅਤੇ ਭਾਜੜਾਂ ਪਾਣ ਵਾਲੇ, ਅਦੁਤੀ ਪ੍ਰਚਾਰਕ, ਸੇਵਾਦਾਰ ਜਰਨੈਲ, ਵਿਦਵਾਨ, ਕਰਨੀ ਵਾਲੇ ਮਹਾਂ ਪੁਰਸ਼ ਨਵਾਬ ਕਪੂਰ ਸਿੰਘ ਦੀ ਸਮ੍ਰਿਤੀ ਵਿਚ ਬਣਾਈ ਸਮਾਧ ਤਾਂ ਭਰਾਵਾਂ ਨੇ ਢਾਹ ਦਿੱਤੀ। ਪ੍ਰੰਤੂ ਉਸਦੇ ਮੁਕਾਬਲੇ ਤੇ, ਗੁਰਮੁਖ ਪਿਆਰੇ ਗੁਰਪੁਰਵਾਸੀ ਜਥੇਦਾਰ ਤੇਜਾ ਸਿੰਘ ਜੀ ਸਮੁੰਦਰੀ ਦੀ ਸਮ੍ਰਿਤੀ ਵਿਚ "ਤੇਜਾ ਸਿੰਘ ਸਮੁੰਦਰੀ ਹਾਲ" ਬਣਾ ਕੇ ਗੁਰੂ ਕੇ ਲਾਲਾਂ ਨੇ ਪਹਾੜ ਜਿੱਡੀ ਮਨਮਤ ਖੜੀ ਕਰ ਦਿੱਤੀ-ਅਫਸੋਸ ਸਦ ਅਫਸੋਸ।

ਸ੍ਰੋ: ਗੁ: ਪ੍ਰ: ਕਮੇਟੀ ਦੀਆਂ ਕਰਤਿਆਂ ਧਰਤਿਆਂ ਤੋਂ ਪੁੱਛਿਆ ਜਾ ਸਕਦਾ ਹੈ, ਕਿ ਗੁਰੂ ਖਾਲਸਾ ਦੀ ਤਵਾਰੀਖ ਦੇ ਅੰਦਰ ਇਹ ਰਵਾਇਤ ਹੈ ਕਿ ਕਿਸੇ ਸ਼ਹੀਦ ਜਾਂ ਕਰਨੀ ਵਾਲੇ ਗੁਰ ਸਿੱਖ ਦੇ ਨਾਮ ਤੇ ਕੇਵਲ ਗੁਰਦਵਾਰਾ ਹੀ ਸਥਾਪਤ ਕੀਤਾ ਜਾ ਸਕਦਾ ਹੈ-ਹੋਰ ਕੋਈ ਯਾਦਗਾਰ ਨਹੀਂ ਬਣਾਈ ਜਾ ਸਕਦੀ। ਅਗਰ ਇਹ ਰਵਾਇਤ ਨਾ ਹੁੰਦੀ ਤਾਂ ਅੱਜ ਨੂੰ ਦਿਆਲ ਸਿੰਘ ਕਾਲਜ, ਦਿਆਲ ਸਿੰਘ ਲਾਇਬਰੇਰੀ, ਟ੍ਰਿਬਯੂਨ ਟਰੱਸਟ ਵੀ ਖਾਲਸੇ ਦੇ ਹੱਥ ਹੁੰਦਾ। ਮਗਰ ਨਹੀਂ! ਕਿਉਂ ਨਹੀ? ਇਸ ਵਾਸਤੇ ਕਿ ਖਾਲਸੇ ਦੇ ਹੱਥ ਜੋ ਚੀਜ਼ ਆਉਂਦੀ ਹੈ ਉਹ ਖਾਲਸਾ ਕਾਮਨ ਵੈਲਥ ਦੀ ਹੋ ਜਾਂਦੀ ਹੈ। ਉਕਤ ਕਾਲਜ ਅਤੇ ਲਾਇਬਰੇਰੀ ਦਾ ਨਾਮ ਖਾਲਸਾ ਕਾਲਜ ਅਤੇ ਖਾਲਸਾ ਲਾਇਬਰੇਰੀ ਹੁੰਦਾ। ਇਹ ਸ: ਦਿਆਲ ਸਿੰਘ ਨੂੰ ਪ੍ਰਵਾਨ ਨਹੀਂ ਸੀ। ਉਦੋਂ ਖਾਲਸਾ ਜੀ ਨੇ ਆਪਣੀ ਰਵਾਇਤ ਨੂੰ ਪਾਲਿਆ। ਮਗਰ ਗੁਰੂ ਰਾਮ ਦਾਸ ਦੀ ਨਗਰੀ ਵਿਚ ਜਿੱਥੇ, ਅਕਾਲ ਤਖਤ ਹੈ, ਹਰਿਮੰਦਰ ਸਾਹਿਬ ਹੈ, ਗੁਰੂ ਰਾਮਦਾਸ ਸਰੋਵਰ ਹੈ, ਗੁਰੂ ਰਾਮਦਾਸ ਲੰਗਰ ਹੈ, ਗੁਰੂ ਰਾਮਦਾਸ ਸਰਾਇ ਹੈ, ਅਕਾਲ ਨਿਵਾਸ ਹੈ, ਉੱਥੇ ਗੁਰੂ ਰਾਮਦਾਸ, ਹਰਿ ਅਕਾਲ ਦੀ ਬਰਾਬਰੀ ਤੇ, ਗੁਰਮੁਖ ਪਿਆਰੇ, ਗੁਰਪੁਰਵਾਸੀ ਜੱਥੇਦਾਰ ਤੇਜਾ ਸਿੰਘ ਜੀ ਦਾ ਨਾਮ ਖੜਾ ਕਰ ਦਿੱਤਾ। ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਅਗਰ ਜੱਥੇਦਾਰ ਜੀ ਦੀ ਜ਼ਿੰਦਗੀ ਵਿਚ ਇਹੋ ਜਿਹੀ ਮਨਮਤ ਕੋਈ ਸੱਜਨ ਕਰਦਾ ਤਾਂ ਉਹ ਪੂਰਨ, ਗੁਰਸਿੱਖ ਇਸ ਦੀ ਡੱਟ ਕੇ ਮੁਖਾਲਫਤ ਕਰਦਾ, ਅਤੇ ਆਪਣੇ ਨਾਮ ਤੇ ਇਹ ਮਨਮਤ ਕਦੇ ਨਾ ਕਰਨ ਦੇਂਦਾ!

ਅਗੇ ਲਵੋ ਸਾਡੇ ਇਤਿਹਾਸਕਾਰਾਂ ਦੀਆਂ ਕਰਮ ਫਰਮਾਈਆਂ:

1. ਬਾਬਾ ਬੂੜਾ ਜਿਸਨੇ ਪਿੰਡ ਕੜਯਾਲ ਦੀ ਨੀਂਵ 1550 ਈ: ਵਿਚ ਰੱਖੀ। ਸਤਿਗੁਰੂ ਨਾਨਕ ਸਾਹਿਬ ਦੀ ਸੇਵਾ ਵਿਚ ਕਰਤਾਰਪੁਰ ਸਾਹਿਬ ਰਿਹਾ (ਬਾਬੇ ਬੂੜੇ ਦਾ ਪੁਤਰ ਬਾਬਾ ਜੋਦ ਪੱਖੋ ਕੇ ਰੰਧਾਵੇ ਵਿਆਹਿਆ ਹੋਇਆ ਸੀ) ਜਿਸਦਾ ਜ਼ਿਕਰ ਭਾਈ ਬਾਲੇ ਵਾਲੀ ਜਨਮ

---

1 ਸੀਤਲ ਸੋਹਨ ਸਿੰਘ ਕ੍ਰਿਤ ਪੰਜਾਬ ਦਾ ਉਜਾੜਾ ਪੰਨਾ 10 ਪੈਰਾ 2।

ਸਾਖੀ ਵਿਚ ਬੁੜਾ ਕੜਯਲ ਜਾ ਕਲਾਲ ਕਰਕੇ ਲਿਖਿਆ ਹੈ। ਪਰ ਇਸ ਬਾਬੇ ਬੁੜੇ ਨੂੰ ਬਾਬੇ ਬੁੱਢਾ ਜੀ ਨਾਲ ਹੀ ਖਲਤ ਮਲਤ ਕਰ ਦਿੱਤਾ:- ਅਰਥਾਤ ਹਸਤੀ ਹੀ ਖਤਮ ਕਰ ਦਿੱਤੀ। ਵੇਖੋ ਤਾਰੀਖ ਗੁਰੂ ਖਾਲਸਾ (ਭਾਸ਼ਾ ਵਿਭਾਗ) ਪੰਨਾ 282

2. ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਜੋਦਾ ਦਾ ਆਪਸ ਵਿਚ ਬੜਾ ਪਿਆਰ ਸੀ ਜਿਸ ਕਰਕੇ ਸ੍ਰੀ ਚੰਦ ਕੜਯਾਲ ਗੁਰੂ ਡੇਰੇ ਅਕਸਰ ਛੇ ਛੇ ਮਹੀਨੇ ਠਹਿਰ ਤਪ ਕੀਤਾ ਕਰਦੇ ਸਨ ਜਿਸਦਾ ਸਬੂਤ ਗੁਰੂ ਡੇਰੇ ਦਾ ਅਸਥਾਨ ਖੁਦ ਹੈ ਅਤੇ ਪੁਸਟੀ ਓਥੋਂ ਦੇ ਗੱਦੀ ਨਸੀਨ ਉਦਾਸੀ 1947 ਤੱਕ ਕਰਿਆ ਰਰਦੇਂ ਸਨ। ਮਗਰ ਇਤਿਹਾਸ ਇਸ ਬਾਰੇ ਚੁੱਪ ਹੈ

3. ਹਾਫਿਜਾਬਾਦ ਦੇ ਭਾਈ ਗੁਪਾਲਾ ਜੀ, ਮਝੂ ਚੱਕ ਦੇ ਭਾਈ ਕਮਾਲੀਯਾ ਜੀ ਅਤੇ ਪਿੰਡ "ਧੁੰਨੀ" ਦੇ ਭਾਈ ਚੈਨਾਮਲ ਪ੍ਰਸਿੱਧ ਧਰੋਮਲ ਦਾ ਕੋਈ ਜ਼ਿਕਰ ਨਹੀਂ ਜਿਸਨੂੰ ਗੁਰ੍ ਅਮਰਦਾਸ ਪਾਤਸ਼ਾਹ ਨੇ ਆਪਣਾ ਪਵਿਤ੍ ਜੋੜਾ ਬਖਸਿਆ ਜਿਸ ਦੀ ਛੂਹ ਨਾਲ ਹਜੀਰਾ ਦਾ ਰੋਗ ਦੂਰ ਹੁੰਦਾ ਹੈ।

iii ਸਾਹਿਬ ਪੰਜਵੀ ਪਾਤਸਾਹੀ ਨਾਨਕਾਣੇ ਸਾਹਿਬ ਆਏ। ਸਫਰ ਦਾ ਕੋਈ ਵੇਰਵਾ ਨਹੀਂ।

iv ਸਾਹਿਬ ਛੇਵੀਂ ਪਾਤਸ਼ਾਹੀ ਕਸ਼ਮੀਰ ਨੂੰ ਜਾਂਦੇ ਹੋਏ ਦੁਆਬਾ ਰਚਨਾ ਵਿਚੋਂ ਲੰਘੇ, ਗੁਜਰਾਤ ਪੁੱਜਣ ਤੱਕ ਰਾਹ ਦਾ ਕੋਈ ਜ਼ਿਕਰ ਨਹੀਂ

ਫਿਰ ਹਜੂਰ ਵਾਪਸ ਆਉਂਦੇ ਹੋਏ ਵਜ਼ੀਰਾਂਬਾਦੋਂ ਹਾਫ਼ਿਜ਼ਾਬਾਦ ਘਟੋ ਘਟ 40 ਮੀਲ ਦਾ ਫਾਸਲਾ ਤਿੰਨ ਮੰਜਲਾਂ ਕਲਮ ਦੀ ਨੋਕ ਨਾਲ ਮੁਕਾ ਦਿੱਤਾ। ਹਾਫ਼ਿਜ਼ਾਬਾਦ ਦਾ ਕੋਈ ਸਮਾਚਾਰ ਨਹੀਂ। ਹਜੂਰ ਛੇਵੀਂ ਪਾਤਸ਼ਾਹੀ ਨਨਕਾਣੇ ਸਾਹਿਬ ਨੂੰ ਜਾਂਦੇ ਹੋਏ ਸਾਂਦਲਬਾਰ ਦੇ ਸਿੱਖਾਂ ਨੂੰ ਤਾਰਦੇ ਹੋਏ ਸੱਚੇ ਸੌਦੇ ਆਏ। ਰਸਤੇ ਵਿੱਚ ਪਿੰਡ ਦੀਂਗਰ ਵਾਲੀ (ਹੁਣ ਨਾਮ ਈਸਰਕੇ ਜਿ: ਸੇਖੁਪੁਰਾ ਪਛਮੀ ਪੰਜਾਬ) ਠਹਿਰੇ-ਤਿਸ ਦਾ ਕੋਈ ਜ਼ਿਕਰ ਨਹੀਂ। ਉਥੋਂ ਚੱਲ ਹਜੂਰ ਪਿੰਡ ਡੱਡੋਰ ਗੁਰਦਵਾਰਾ ਖਰਾ ਸੌਦਾ ਪੁੱਜੇ ਜਿੱਥੇ ਦੇ ਸਾਬੋ ਵੰਸ਼ਜ ਨਿਰ-ਸੰਤਾਨ ਇਕ ਵਿਰਕ ਜੱਟ ਨੇ ਬੇਨਤੀ ਕੀਤੀ "ਸੱਚੇ ਪਾਤਸ਼ਾਹ ਮੇਰੇ ਘਰ ਸੰਤਾਨ ਹੋਵੇ ਮੈਂ ਤੇਰੇ ਅਣਵਿੱਧੇ ਸਿੱਖ ਬਣਾਵਾਂਗਾ। ਅੱਜ ਉਸ ਦੀ ਸੰਤਾਨ ਨਿਹੰਗਾਂ ਦੀ ਪੱਤੀ ਕਰਕੇ ਸਦਾਂਦੀ ਹੈ। ਪਰ ਇਤਿਹਾਸ ਵਿਚ ਕਿਧਰੇ ਜ਼ਿਕਰ ਤੱਕ ਨਹੀਂ, ਕੇਵਲ ਹਾਫਜਾਬਾਦੋ ਨਾਨਕਾਣੇ ਸਾਹਿਬ ਪੁੱਜਣ ਅਤੇ ਪ੍ਰਸ਼ਾਦਿ ਕਰਾਣ ਦਾ ਉਲੇਖ ਤਾਂ ਜ਼ਰੂਰ ਹੈ, ਸ਼ਾਇਦ ਲਿਖਾਰੀ ਜੀ ਨੂੰ ਵੀ ਗਫਾ ਮਿਲ ਗਿਆ ਸੀ।

1. ਗੁਰਮਤ ਪ੍ਰਕਾਸ਼ ਤੋਂ ਪਹਿਲਾਂ ਵਿਰਕ ਜੱਟਾ ਦੀਆਂ ਗੋਤਾਂ ਮਿਰਾਸੀ ਕਰਾਇਆ ਕਰਦੇ ਸਨ। ਇੱਕ ਤਾਂ ਨਿਯਤ ਦਿਨ ਤੇ ਮੁੰਡਿਆਂ ਦੇ ਸਿਰ ਮੁੰਨੇ ਜਾਂਦੇ; ਦੂਜੇ ਉਹਨਾਂ ਦੇ ਕੰਨ ਵਿੰਨ ਕੇ ਬੀਰਬਲੀਆਂ ਪਾਈਆਂ ਜਾਂਦੀਆਂ ਸਨ, ਆਨਵਿਧ ਤੋਂ ਭਾਵ ਗੁਰਮੁਖ ਬਨਾਣ ਦਾ ਸੀ (ਸੰਪਾਦਕ)।

ਗਿਆਨੀ ਗਿਆਨ ਸਿੰਘ ਜੀ ਆਪਣੀ ਪ੍ਰਸਿਧ ਪੁਸਤਕ ਤ੍ਰਾਰੀਖ ਗੁਰੂ ਖਾਲਸਾ ਵਿੱਚ ਇਸਤੋਂ ਵੀ ਵੱਧ ਲਿਖਦੇ ਹਨ :-

"ਗੁਜਰਾਤ ਤੋਂ ਚੱਲ ਪ੍ਰੇਮੀ ਸਿੱਖਾਂ ਦੇ ਪ੍ਰੇਰੇ ਹੋਏ ਹਾਫਜ਼ਾਂਬਾਦ ਜਾ ਉਤਰੇ। ਭਾਈ ਕਰਮ ਚੰਦ ਆਦਿਕ ਸਿੱਖਾਂ ਨੇ ਬਹੁਤ ਸੇਵਾ ਕੀਤੀ। ਫਿਰ ਅੱਗੇ ਬਾਰ ਦੇਸ ਦੇ ਲੋਕਾਂ ਦਾ ਉਧਾਰ ਕਰਦੇ ਹੋਏ ਤਲਵੰਡੀ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਅਸਥਾਨ ਦੇ ਦਰਸ਼ਨ ਕੀਤੇ। ਏਥੇ ਹੀ ਲਾਲੂ ਬੇਦੀ ਤੇ ਰਾਇ ਬੁਲਾਰ ਦੀ ਸੰਤਾਨ ਦੇ ਆਦਮੀ ਮਿਲੇ। ਉਹਨਾ ਨੇ ਗੁਰੂ ਜੀ ਨੂੰ ਸਭਨਾ ਅਸਥਾਨਾਂ ਦੇ ਦਰਸ਼ਨ ਕਰਾਏ. ਗੁਰੂ ਸਾਹਿਬ ਨੇ ਸਭ ਜਗਹ ਪ੍ਰਸਾਦਿ ਕਰਾਏ—(ਪੰਨਾ 439-440)

ਵੇਖ ਲਵੋ ਬਾਰ ਪ੍ਰਤਿ ਇਤਿਹਾਸਕਾਰਾਂ ਦੇ ਰਵੱਈਏ ਦਾ ਨਮੂਨਾ :

ਇਕ ਹੋਰ ਗੁਰ ਬਿਲਾਸੀਆ ਭਾਈ ਭਗਤ ਸਿੰਘ ਇੱਕ ਹੱਥ ਹੋਰ ਅਗੋਂ ਛਾਲ ਮਾਰਦਾ ਹੋਇਆ ਕਸ਼ਮੀਰੋਂ ਸਿੱਧਾ ਛੇਵੇਂ ਪਾਤਸ਼ਾਹ ਨੂੰ ਹਾਫਿਜ਼ਾਬਾਦ ਲਿਆ ਉਤਾਰਦਾ ਹੈ ਅਤੇ ਲਿਖਦਾ ਹੈ :—

ਜਹਿ ਜਹਿ ਸ੍ਰੀ ਗੁਰ ਰੈਨ ਬਮਾਏ
ਭਾਖੋਂ ਕਥ ਗ੍ਰੰਥ ਬਢ ਜਾਏ (ਪੰਨਾ 237)

ਬੱਸ ਹੋ ਗਿਆ ਇਤਿਹਾਸ-


(ਭਾਵੇਂ ਜਿੱਥੇ ਜਿੱਥ ਗੁਰੂ ਜੀ ਰਾਤਾਂ ਠਹਿਰੇ, ਜੇ ਉਨ੍ਹਾਂ ਥਾਵਾਂ ਦੀ ਕਥਾ ਕਹਾਂ ਤੇ ਗ੍ਰੰਥ ਵੱਡਾ ਹੋ ਜਾਂਦਾ ਹੈ। ਪਰ ਇਹ ਸਿਰਫ ਉਹਨਾਂ ਬਾਰ ਦੇ ਇਲਾਕੇ ਵਾਸਤੇ ਕੀਤਾ ਹੈ।)

ਦਰਅਸਲ ਇਹਨਾਂ ਸਾਰੇ ਇਤਿਹਾਸਕਾਰਾਂ ਨੇ ਭਾਈ ਸੰਤੋਖ ਸਿੰਘ ਜੀ ਕ੍ਰਿਤ ਸ੍ਰੀ ਗੁਰ ਪ੍ਰਤਾਪ ਸੂਰਜ ਦੀ ਨਕਲ ਥੋੜਾ ਬਹੁਤ ਫਰਕ ਰੱਖ ਕੇ ਕੀਤੀ ਪ੍ਰਤੀਤ ਹੁੰਦੀ ਹੈ-ਮਿਸਾਲ ਵਜੋਂ ਵੇਖੋ:—

ਹਾਫਿਜ਼ਾਬਾਦੋਂ ਭਾਈ ਕੇ ਮੱਟੂ ਕੇਵਲ 15 ਮੀਲ ਪੂਰਬ ਦਿਸ਼ਾ ਹਨ-ਜਿੱਥੇ ਕਿ ਖਾਰਾ ਸਾਹਿਬ ਨਾਮ ਦਾ ਗੁਰਦਵਾਰਾ ਹੈ। ਖਾਰਾ ਸਾਹਿਬ ਇਸ ਕਰਕੇ ਸੰਗਯਾ ਹੋਈ ਜੋ ਗੁਰੂ ਛੇਵੀਂ ਪਾਤਸਾਹੀ ਸ੍ਰੀ ਮਾਤਾ ਮਹਾਂਦੇਵੀ ਮਰਵਾਹੀ ਨੂੰ ਵਿਆਹੁਣ ਲਈ ਇੱਥੋਂ ਖਾਰੇ ਚੜ੍ਹ ਕੇ ਜੰਞ ਚੜ੍ਹੇ ਸਨ ਅਤੇ ਇੱਥੇ ਹੀ ਪੰਡਤ ਹਰਿ ਗੋਬਿੰਦ ਨੂੰ ਤਮਾਕੂ ਪੀਣ ਤੋਂ ਰੋਕਿਆ ਸੀ। ਇਸ ਗੱਲ ਨੂੰ ਇਲਾਕੇ ਦਾ ਬੱਚਾ ਬੱਚਾ ਜਾਣਦਾ ਸੀ।

ਛੇਵੀਂ ਪਾਤਸ਼ਾਹੀ (ਸੂਰਜ ਪ੍ਰਕਾਸ਼)

ਪੰਨਾ		ਛੰਦ
198	ਕਸ਼ਮੀਰੋਂ ਪਰਤੇ ਬਾਰਾਂ ਮੂਲੇ ਆਏ	4/1
"	ਹਾਫਿਜ਼ਾਬਾਦ 15 ਹਾੜ ਕਰਮ ਚੰਦ ਸਿੱਖ ਦਾ ਮਿਲਾਪ ਤੇ ਸੇਵਾ	8 ਅਤੇ 10
"	ਜੇਠੋ ਆਦਿ ਸਿੱਖਾਂ ਦੀ ਬੇਨਤੀ ਤੇ ਸਤਿਗੁਰੂ ਨੇ ਆਖਿਆ ਨਿਮਾਨੀ ਦੇ ਵਰਤ ਵਾਲੇ ਦਿਨ ਨਨਕਾਣੇ ਸਾਹਿਬ ਚੱਲਾਂਗੇ।	29,30,31
200	ਹਾਫਿਜ਼ਾਬਾਦੋਂ ਚੱਲ ਤਲਵੰਡੀ ਪਹੁੰਚ ਗਏ।	ਛੰਦ 34
201	ਤਲਵੰਡੀ ਕੁਝ ਦਿਨ ਰਹਿਕੇ ਹੌਲੀ ਹੌਲੀ ਮੱਦਰੀਂ ਪੁਜੇ।	51
203	ਮੱਦਰੀਂ ਆ ਕੇ ਖਾਰਾ ਸਾਹਿਬ ਸਤਿਗੁਰੂ ਡੇਰਾ ਕੀਤਾਏਥੇ ਸਾਵਣ ਨੂੰ ਮੇਲਾ ਹੁੰਦਾ ਹੈ।	26
204	ਮੰਢਿਆਲੀ ਤੋਂ ਰਾਵੀ ਤਿੰਨ ਕੋਹ ਦੂਰ ਹੈ।	27
"	ਕਿਸੇ ਸਿੱਖ ਨੇ ਦੁਆਰਕਾ ਦਾਸ ਨੂੰ ਦੱਸ ਪਾਈ।	30
"	ਆਖਿਆ ਜਦੋਂ ਗੁਰੂ ਜੀ ਤੇਰੇ ਪਿੰਡ ਦੇ ਨੇੜੇ ਡੇਰਾ ਕਰਨ ਸਾਰ ਕਰ ਦੇਵੀਂ।	37
"	ਜਦੋਂ ਮਦਰੀਂ ਡੇਰਾ ਸੁਣਿਆ ਤਾਂ ਲਾਗੀ ਭੇਜ ਦਿਤਾ।	39
205	ਸਗਾਈ ਹੋ ਗਈ ! ਫਿਰ ਵਿਆਹ ਦੀ ਤਿਆਰੀ ਹੋਣ ਲੱਗੀ।	45
206	ਸੁੱਭ ਦਿਨ ਤੇ ਜੰਞ ਮੰਢਿਆਲੀ ਜਾ ਪੁੱਜੀ।	02
207	ਸਤਿਗੁਰੂ ਨੇ ਲਾਵਾਂ ਲਈਆਂ, 11 ਸਾਵਨ 1615 ਈ:।	12
208	ਅੰਮ੍ਰਿਤਸਰ ਪਹੁੰਚੇ	39



(ਪਾਠਕ ਸੂਰਜ ਪ੍ਰਕਾਸ਼ ਤੋਂ ਇਹ ਵੇਰਵਾ ਕਰਣ ਕਿ ਪੰਨਾ 19 ਤੇ ਛੰਦ 39 2 ਵਾਰੀ ਕਿਵੇਂ ਹੈ ਤੇ ਇਸ ਵਿਚਲੀਆਂ ਗੱਲਾਂ ਠੀਕ ਹਨ ਜਾਂ ਫਰਕ ਹੈ)

ਕਿੰਤੂ, ਗੁਰਦਵਾਰਾ ਖਾਰਾ ਸਾਹਿਬ ਅਤੇ ਪੰਡਿਤ ਹਰਗੋਬਿੰਦ ਨਾਲ ਹੋਈ ਸਾਖੀ ਦਾ ਚੂੰਕਿ ਭਾਈ ਸੰਤੋਖ ਸਿੰਘ ਜੀ ਨੇ ਉਲੇਖ ਨਹੀਂ ਕੀਤਾ। ਬਾਕੀ ਦੇ ਲਿਖਾਰੀ ਸੱਜਨਾਂ ਵੀ ਖੋਜ ਕਰਨ ਦਾ ਕਸ਼ਟ ਨਹੀਂ ਕੀਤਾ।

ਸ੍ਰੀ ਮਾਤਾ ਮਹਾਂਦੇਵੀ ਜੀ ਮਰਵਾਹੀ ਦਾ ਪੇਕਾ ਪਿੰਡ ਮੰਦਿਆਲੀ ਜਿਲਾ ਲਾਹੌਰ ਵਿਚ ਰਾਵੀਓਂ 3 ਮੀਲ ਚੜ੍ਹਦੇ ਕੰਢੇ ਦੱਸਿਆ ਜਾਂਦਾ ਹੈ।

ਬਹੁਤੇ ਇਤਿਹਾਸਕਾਰ ਤਲਵੰਡੀ ਤੋਂ ਗੁਰੂ ਮਹਾਂਰਾਜ ਦਾ ਮੱਦਰ ਪਿੰਡ (ਜੋ ਰਾਵੀ ਕੰਢੇ ਹੈ) ਆਉਣਾ ਦੱਸਦੇ ਹਨ ਅਤੇ ਉਥੋਂ ਫਿਰ ਮੱਟਵੀਂ ਜਾਣਾ ਲਿਖਦੇ ਹਨ :—

ਹਾਫਿਜ਼ਾਬਾਦੋਂ ਨਨਕਾਣਾ ਸਾਹਿਬ ਤੇ ਫਿਰ ਮਦਰ 55 ਮੀਲ ਜਾ ਕੇ ਕਿਆ ਗੁਰੂ ਸਾਹਿਬ ਕੇਵਲ ਖਾਰੇ (ਜੰਞ ਚੜ੍ਹਨ) ਵਾਸਤੇ ਭਾਈ ਕੀ ਮਟਵੀਂ ਗਏ ਜੋ ਮਦਰਾਂ ਤੇ 45 ਮੀਲ ਸੀ ਅਤੇ ਫਿਰ ਮੱਟਵਾਂ ਤੋਂ ਢੁੱਕਣ ਵਾਸਤੇ ਮੰਦਿਆਲੀ 55 ਮੀਲ ਆਏ ?

ਅਸਲ ਵਾਕਿਆ ਇਉਂ ਪ੍ਰਤੀਤ ਹੁੰਦਾ ਹੈ ਕਿ ਮਾਤਾ ਮਰਵਾਹੀ ਜੀ ਨੂੰ ਮੰਦਿਆਲੀ ਤੋਂ ਹਾਫਿਜ਼ਾਬਾਦ ਲੈ ਆਂਦਾ ਗਿਆ ਹੋਵੇਗਾ ਤੇ ਸਤਿਗੁਰੂ ਆਪਣੇ ਪ੍ਰੇਮੀਆਂ ਕੋਲ ਮੱਟਵੀਂ ਚਲੇ ਗਏ ਹੋਣਗੇ, ਉਥੇ ਇੱਕ ਤਾਂ ਪੰਡਤ ਹਰਗੋਬਿੰਦ ਨੂੰ ਸੁਮੱਤ ਬਖਸ਼ੀ, ਦੂਜੇ ਉਥੋਂ ਜੰਞ ਬਣਾ ਕੇ ਹਾਫਿਜ਼ਾਬਾਦ ਸ੍ਰੀ ਮਾਤਾ ਮਰਵਾਹੀ ਨਾਲ ਸ਼ਾਦੀ ਕਰਕੇ, ਨਨਕਾਣੇ ਸਾਹਿਬ ਦੇ ਦਰਸ਼ਨਾਂ ਨੂੰ ਚੱਲੇ ਗਏ ਹੋਣਗੇ। ਰਸਤੇ ਵਿਚ ਨਗਰ ਭੰਡੋਰ ਦੇ ਨਜ਼ਦੀਕ ਸੱਚਾ ਸੌਦਾ ਸਥਾਨ ਦੇ ਦਰਸ਼ਨ ਕੀਤੇ। ਨਨਕਾਣਾਂ ਸਾਹਿਬ ਤੋਂ ਚੱਲ ਮਹਾਰਾਜ ਮੱਦਰੀਂ ਪੁੱਜੇ ਤੇ ਉਥੋਂ ਫਿਰ ਮਾਤਾ ਮਰਵਾਹੀ ਜੀ ਦੇ ਪੇਕੇ ਪਿੰਡ ਮੰਦਿਆਲੀ ਗਏ ਹੋਵਨਗੇ। ਵਰਨਾ ਹਾਫਜ਼ਾਂਬਾਦੋਂ, ਨਨਕਾਣਾਂ ਸਾਹਿਬ ਰਾਹੀਂ ਮਦਰੀ ਪੁੱਜਣਾ, ਫਿਰ ਭਾਈ ਕੇ ਮੱਟਵੀ (ਖਾਰਾ ਸਾਹਿਬ) ਜਾਣਾਂ, ਉਥੋਂ ਫਿਰ ਮੰਦਿਆਲੀ ਜੰਞ ਦਾ ਢੁੱਕਣਾਂ ਨਿਰਮੂਲ ਪ੍ਰਤੀਤ ਹੁੰਦਾ ਹੈ—ਜਿਸ ਤੋਂ ਇਤਿਹਾਸਕਾਰਾਂ ਦੀ ਅਣਗਹਿਲੀ ਜ਼ਾਹਿਰ ਹੁੰਦੀ ਹੈ।

ਵਿਰਕਾਂ ਦੇ ਇਤਿਹਾਸ ਮੁਤਅਲਕ ਇਤਿਹਾਸ ਅਨੇਕਾਂ ਵਿੱਚ ਪਏ ਭੁਲੇਖੇ ਦੂਰ ਕਰਨ ਅਤੇ ਕਈ ਤੱਥਾਂ ਨੂੰ, ਜੋ ਹੁਣ ਤੱਕ ਪ੍ਰੁੱਖੇ ਪਏ ਸਨ, ਨੂੰ ਸਾਹਮਣੇ ਲਿਆਵਣ ਦਾ ਨਿਮਾਨਾ ਜਿਹਾ ਯਤਨ ਅਗਲੇ ਪੰਨਿਆਂ ਵਿਚ ਕੀਤਾ ਜਾਂਦਾ ਹੈ-ਪ੍ਰੰਤੂ ਖੇਦ ਇਸ ਗੱਲ ਦਾ ਹੈ ਕਿ ਸਾਨੂੰ ਵਿਰਕਾਂ ਵੱਲੋਂ ਅਤੇ ਖਾਸ ਕਰ ਕੇ ਬੁੱਧੀ ਜੀਵੀਆਂ ਵੱਲੋਂ ਉੱਕਾ ਸਹਿਯੋਗ ਨਹੀਂ ਮਿਲਦਾ। ਚਿੱਠੀ ਪੱਤਰ ਦਾ ਉੱਤਰ ਤਾਂ ਇਕ ਪਾਸੇ ਰਿਹਾ ਅਗਰ ਅਸੀਂ ਉਹਨਾਂ ਦੇ ਦਰਸ਼ਨ, ਪਰਸ਼ਨ ਵਾਸਤੇ, ਆਪਣਾ ਧਨ ਅਤੇ ਸਮਾਂ ਨਸ਼ਟ ਕਰਕੇ ਜਾਂਦੇ ਹਾਂ ਤਾਂ ਕਈ ਤਾਂ ਸਿਧੇ ਮੂੰਹ ਗੱਲ ਹੀ ਨਹੀਂ ਕਰਦੇ, ਜੇ ਕਰਦੇ ਵੀ ਹਨ ਤਾਂ ਪੁੱਛਣ ਤੇ ਉੱਤਰ ਦਿੰਦੇ ਹਨ

"ਮੇਰੇ ਕੋਲ ਇਤਿਹਾਸ ਵਾਸਤੇ ਵਕਤ ਨਹੀਂ, ਮੈਂ ਕਣਕ ਦਾ ਭਾ ਵਧਾਣ ਵਾਲੀ ਕਮੇਟੀ ਵਿਚ ਜਾਣਾ ਹੈ।"

ਬੱਸ, ਇਹ ਵੀ ਸਾਡੇ ਇਤਿਹਾਸ ਦਾ ਭਾਗ ਬਣ ਗਿਆ, ਅਤੇ ਸਿੱਧ ਹੋ ਗਿਆ ਕਿ ਸਾਡੀ ਅਜਿਹੀ ਅਰੁਚੀ ਹੀ ਇਤਿਹਾਸ ਲਿਖਣ ਤੇ ਛਾਪਣ ਦੇ ਰਸਤੇ ਵਿੱਚ ਵਡੀ ਭਾਰੀ ਰੁਕਾਵਟ ਪਹਿਲਾਂ ਬਣੀ ਰਹੀ ਹੈ ਅਤੇ ਅਜੇ ਵੀ ਹੈ।

ਇਸ ਤੋਂ ਉਪਰੰਤ, ਅਗਰ ਕਿਸੇ ਬੁਧੀ ਜੀਵੀ ਦੇ ਮਨ ਵਿਚ ਮਿਹਰ ਆ ਜਾਵੇ ਤਾਂ ਉਹ ਗੱਲਾਂ ਤਾਂ ਸੁਣ ਲੈਂਦਾ ਹੈ। ਪਰ ਵਿਚੋਂ ਔਖਾ ਹੁੰਦਾ ਹੈ, ਅਤੇ ਛੇਤੀ ਛੇਤੀ ਹਰ ਇੱਕ ਗੱਲ ਦਾ ਵਹਿਦਾ ਕਰ ਕੇ ਬਾਹਰ ਦਰਵਾਜ਼ੇ ਤੱਕ ਛੱਡ ਜਾਂਦਾ ਹੈ। ਅਸੀਂ ਵੀ ਅੰਦਾਜ਼ਾ ਕਰ ਲੈਂਦੇ ਹਾਂ ਕਿ ਸਾਹਿਬ ਬਹਾਦਰ ਟਾਲ ਮਾਰ ਰਹੇ ਹਨ। ਜੋ ਕਿ ਅਕਸਰ ਠੀਕ ਹੁੰਦਾ ਹੈ, ਪਿਛੋਂ ਚਿੱਠੀ ਪੱਤਰ ਕਰਨ ਤੇ, ਉੱਤਰ ਵਜੋਂ ਕੋਰਾ ਜਵਾਬ ਹੁੰਦਾ ਹੈ।

ਅਨਪੜ੍ਹ ਪੇਂਡੂ ਸੱਜਣ ਕੁੱਛ ਕੁ ਦੂਰੋਂ ਆਉਂਦਾ ਵੇਖ ਭੁਲੇਖਾ ਖਾ ਜਾਂਦੇ ਹਨ ਕਿ ਕਈ ਚੰਦਾ ਇਕੱਠਾ ਕਰਨ ਵਾਲਾ ਜਾਂ ਬੀਮਾਂ ਏਜੰਟ ਆ ਰਿਹਾ ਹੈ ਤੇ ਲਾਹਮੇ ਨਿਕਲ ਜਾਂਦੇ ਹਨ। ਕਿੰਤੂ ਕਈ ਸਜਣਾ ਨੂੰ ਜਦੋਂ ਭਾਵ ਸਪਸ਼ਟ ਹੋ ਜਾਂਦਾ ਹੈ ਤਾਂ ਭਰਪੂਰ ਮਦਦ ਦੇਂਦੇ ਹਨ। ਉਹਨਾ ਦੇ ਨਾਮ, ਹਵਾਲੇ ਥਾਂ ਪਰ ਥਾਂ ਦਿੱਤੇ ਗਏ ਹਨ। ਪੇਂਡੂ ਸੱਜਨ ਸੇਵਾ ਵੀ ਰਜ ਕੇ ਕਰਦੇ ਹਨ। ਮਗਰ ਕਈ ਥਾਂਵਾਂ ਤੋਂ ਕੜਾਕੇ ਵੀ ਆਉਣਾ ਪੈਂਦਾ ਹੈ।

ਇਹੋ ਜਿਹੀਆਂ ਘਟਨਾਵਾਂ ਸਾਡੇ ਨਾਲ ਹੀ ਨਹੀਂ, ਸਗੋਂ ਭਾਈ ਜੀਵਨ ਸਿੰਘ ਜੀ ਨਾਲ ਵੀ ਵਾਪਰ ਚੁੱਕੀਆਂ ਹਨ ਜਿਨ੍ਹਾਂ ਦਾ ਜ਼ਿਕਰ ਸਥਾਨਾਭਾਵ ਕਰਕੇ ਨਹੀਂ ਦਿਤਾ ਜਾਂਦਾ।

—ਕੈਪਟਨ ਗੁਰਇਕਬਾਲ ਸਿੰਘ 'ਗਿਆਨੀ'

ਵਿਰਕ

(ਵਿਰਕਾਂ ਦਾ ਜ਼ਰਾਇਮਪੇਸ਼ਾ ਕਰਾਰ ਦਿੱਤਾ ਜਾਣਾ)

ਵਿਰਕ ਇੱਕ ਉਹ ਮਨੁੱਖ ਹੈ ਜਿਹੜਾ ਜਬਰਦਸਤੀ ਅਤੇ ਵਧੀਕੀ ਕਰਨ ਵਾਲੇ ਅੱਗੇ ਕਦੇ ਝੁਕਣਾ ਨਹੀਂ ਜਾਣਦਾ। ਮਗਰ ਕਈ ਗੀ ਗੁਣ ਵੀ ਅਵਗੁਣ ਹੋ ਟੱਕਰਦੇ ਹਨ। ਜਿਵੇਂ ਅਗਰ ਕੁਦਰਤ ਕਿਸੇ ਸਵਾਣੀ ਨੂੰ ਸੁਹਜ ਦੇ ਦੇਵੇ ਤਾਂ ਕਈ ਵਿਸ਼ੇ ਲੰਪਟ ਲੱਲਪਾਂ ਦੇ ਮੂੰਹ ਵਿਚੋਂ ਰਾਲਾਂ ਵੱਗਣ ਡਹਿ ਪੈਂਦੀਆਂ ਹਨ, ਅਤੇ ਕਈ ਤਾਂ ਕੁਹਜੀਆਂ ਹਰਕਤਾਂ ਨਾਲ ਉਸ ਵਿਚਾਰੀ ਦਾ ਜੀਵਨ ਦੁੱਭਰ ਕਰ ਦੇਂਦੇ ਹਨ।

ਐਨ ਇਹੋ ਜਿਹਾ ਹਾਲ ਵਿਰਕਾਂ ਦਾ ਹੁੰਦਾ ਰਿਹਾ। ਮਿਸਾਲ ਦੇ ਤੌਰ ਤੇ ਜਦੋਂ ਦਸਮੇਸ਼ ਪਾਤਸ਼ਾਹ ਦੇ ਵੇਲੇ ਵਿਰਕ ਸਿੰਘ ਸਜੇ ਦੁਆਬੇ ਰਚਨਾਂ ਦੇ ਵਸਨੀਕਾਂ ਨੂੰ ਇਹ ਇੱਕ ਅਜੂਬਾ ਨਜ਼ਰੀਂ ਆਏ ਅਤੇ ਢੰਗ ਢੰਗ ਨਾਲ ਇਹਨਾਂ ਨੂੰ ਜਿਚ ਤੇ ਜ਼ੇਰ ਕਰਨਾ ਚਾਹਿਆ। ਮਗਰ ਵਿਰਕ ਆਪਣੇ ਮਾਰਗ ਤੇ ਅਡੋਲ ਚਲਦਾ ਰਿਹਾ। ਹਜ਼ੂਰ ਦਸਮ ਪਾਤਸ਼ਾਹ ਦੇ ਦੱਖਨ ਪਿਆਨੇ ਉਪਰੰਤ ਜਦ ਬਾਬਾ ਬੰਦਾ ਸਿੰਘ ਬਹਾਦਰ ਆਇਆ ਤਾਂ ਸਰਕਾਰ ਅਤੇ ਮੁਲਖੱਯਾ ਦੋਵੇਂ ਵੈਰੀ ਹੋ ਗਏ। ਸੰਨ 1715 ਵਿਚ ਬਾਬਾ ਦਲੀਪ ਸਿੰਘ ਜੀ ਚੜ੍ਹਾਈ ਕਰ ਗਏ। ਜ਼ੁਲਮ ਦਾ ਗੇੜ ਹੌਲੀ ਹੌਲੀ ਚਲਦਾ ਰਿਹਾ। ਐਥੋਂ ਤੱਕ ਕਿ ਸੰਨ 1730 ਵਿਚ ਸਰਕਾਰ ਨੇ ਵਿਰਕਾਂ ਦੇ ਛੋਟੇ ਵਡੇ ਤਮਾਮ ਪਿੰਡ ਸਾੜ ਫੂਕ ਦਿੱਤੇ।

ਵਿਰਕਾਂ ਦੀ ਮਾਝੇ ਮਾਲਵੇ ਦੇ ਵਾਸੀ ਨੇ ਵਾਤ ਨਾ ਪੁੱਛੀ। ਮੁਸਲਮਾਨ ਹਕੂਮਤ ਦੀ ਸ਼ਹਿ ਤੇ ਪਚਾਧੇ, ਭੁੱਟੀ, ਖਰ੍ਹਲ ਤੇ ਅਵਾਣ ਵੀ ਵਿਰਕਾਂ ਨੂੰ ਤੰਗ ਕਰਨ ਲੱਗ ਪਏ ਮਗਰ ਇਹ ਮਰਦਾਨਿ ਮਜਾਹਦ ਡਟੇ ਰਹੇ। ਆਖਰ ਮੁਗਲ ਸਰਕਾਰ ਨੇ ਗਸ਼ਤੀ ਫੌਜਾਂ ਚਾਹੜੀਆਂ ਤੇ ਵਿਰਕਾਂ ਨੇ ਉਹਨਾਂ ਦੇ ਵੱਡੇ ਹਾਕਮ ਸਮੁੰਦ ਖਾਂ ਨੂੰ ਲੜਾਈ ਵਿਚ ਜਿੰਦਾ ਹੀ ਫੜ ਕੇ ਘੋੜਿਆਂ ਮਗਰ ਪਾਕੇ ਮਾਣਕ ਦੇ ਠਟੇ (ਕਾਲੋਕੇ ਤੇ ਕੜਯਾਲ ਕਲਾਂ ਦੇ ਵਿਚਕਾਰ) ਕੋਲ ਮਾਰ ਦਿੱਤਾ। ਸਿੱਟਾ ਇਹ ਕਿ ਵਿਰਕਾਂ ਨੇ ਗਸ਼ਤੀ ਫੌਜਾਂ ਤੋਂ ਦੱਬਣਾ ਤੇ ਕੀਹ ਸੀ, ਕਾਬੂ ਵੀ ਨਾ ਆਏ।

ਫਿਰ ਮੁਗਲ ਸਰਕਾਰ ਤੇ ਭੱਟੀ ਤੇ ਖਰਲ ਤੇ ਹੋਰ ਲੂਲੀ ਭਠਿਆਰੀ ਮੁਸਲੱਕੜ ਵਿਰਕਾਂ ਦੇ ਮਗਰ ਪੈ ਗਈ। ਪਰ ਇਹਨਾਂ ਬਹਾਦਰਾਂ ਦਾ ਕੁੱਝ ਖਹਣ ਨਾ ਖੋਹ ਸਕੇ। ਖਾਸ ਕਰਕੇ ਸਿੱਖ ਮਿਸਲਾਂ ਦੇ ਵੇਲੇ ਤਾਂ ਅਗਰ ਭਟੀ ਵਿਰਕਾਂ ਦਾ ਇੱਕ ਬੰਦਾ ਮਾਰਦੇ ਤਾਂ ਵਿਰਕ ਪੂਰੇ ਵੀਹ ਭੱਟੀ ਉਹਦੇ ਬਦਲੇ ਕਤਲ ਕਰਦੇ; ਜੇ ਉਹ ਵਿਰਕਾਂ ਦਾ ਇੱਕ ਡੰਗਰ ਲੈ ਜਾਂਦੇ ਤੇ ਵਿਰਕ ਉਹਨਾਂ ਦਾ ਪੂਰਾ ਮਾਲ ਮਾਰ ਲਿਆਉਂਦੇ। ਵਿਰਕਾਂ ਨੂੰ ਮੁਕਾਬਲੇ ਵਿੱਚ ਆ ਕੇ ਰੋਹ ਚੜ੍ਹਦਾ ਹੈ।

ਸਿੱਖ ਮਿਸਲਾਂ ਤੋਂ ਪਿੱਛੋਂ ਸਿੱਖ ਰਾਜ ਦਾ ਸਮਾਂ ਆਇਆ। ਵਿਰਕਾਂ ਨੇ ਬੜੀਆਂ ਤਲਵਾਰਾਂ ਮਾਰੀਆਂ ਤੇ ਭਿੱਖੀ ਅਤੇ ਕਾਲੋ, ਮਾਲੋ ਕਿਆਂ ਕਿਲਾ ਸੇਖੂਪੁਰ ਕਬਜ਼ੇ ਕਰ ਲਿਆ ਅਤੇ ਬਾਬੇ ਬਾਘ ਸਿੰਘ, ਕੜਯਾਲਜੇ ਨੇ ਕੜਯਾਲ ਕਲਾਂ ਅਤੇ ਮਤਾਲੀ ਵਾਲੇ ਤੱਕ 84 ਪਿੰਡਾਂ ਤੇ ਕਬਜ਼ਾ ਕਰ ਲਿਆ। ਮਗਰ ਵਕਤ ਦੀ ਹਕੂਮਤ ਅਰਥਾਤ ਮਹਾਰਾਜਾ ਰਣਜੀਤ ਸਿੰਘ ਇਹਨਾਂ ਦੋ ਖਦ ਮੁਖਤਿਆਰ ਘਰਾਨਿਆਂ ਨੂੰ ਕਿਵੇਂ ਬਰਦਾਸ਼ਤ ਕਰ ਸਕਦਾ ਸੀ। ਉਸਨੇ ਕਿਲਾ ਸੇਖੂਪੁਰਾ ਸਾਲਸਾਂ ਰਾਹੀਂ ਲੈ ਕੇ ਭਿਖੀਕਿਆਂ ਨੂੰ ਥੋੜ੍ਹੀ ਜਿਹੀ ਜਾਗੀਰ ਦੇ ਦਿੱਤੀ ਅਤੇ ਬਾਘ ਸਿੰਘ ਕੜਯਾਲਯੇ ਨੂੰ ਵੀ ਸਾਰੇ ਪਿੰਡਾਂ ਬਦਲੇ ਡੇੜ ਲੱਖ ਦੀ ਜਾਗੀਰ ਦੇ ਕੇ ਗੁੱਠੇ ਲਾ ਦਿੱਤਾ। ਹਾਲਾਂ ਕਿ ਇਹ ਆਪਣਿਆਂ ਦਾ ਰਾਜ ਸੀ ਅਤੇ ਮਹਾਰਾਜਾ ਕੜਯਾਲੀਆਂ ਨੂੰ ਬਾਬੇ ਕੇ ਕਰਕੇ ਸੱਦਿਆ ਕਰਦਾ ਸੀ। ਮਗਰ ਵਿਰਕਾਂ ਦੀ ਮਲਕੀਯਤ ਉਸ ਵੀ ਖੋਹ ਲਈ। ਮਗਰ ਵਿਰਕ ਝੁਕਿਆ ਫਿਰ ਵੀ ਨਾਂਹ।

ਫਿਰ ਆਏ ਅੰਗਰੇਜ਼। ਵਿਰਕ ਦੀ ਪਾਰਖੂ ਅੱਖ ਇਕ ਦਮ ਤਾੜ ਗਈ ਤੇ ਵਸਾਹ ਨ ਖਾਧਾ। ਸੰਨ 1848 ਦੀ ਮੁਲਤਾਨ ਦੀ ਲੜਾਈ ਵਿਚ ਚੂਹੜਕਾਣੀਯੇ ਕਰਨਲ ਬਾਲ ਸਿੰਘ ਤੋਪਖਾਨੇ ਦੇ ਕੁਮੇਦਾਨ ਨੇ ਆਪਣੀਆਂ ਤੋਪਾਂ ਦੇ ਫੋਕੇ ਗੋਲੇ ਚਲਵਾਏ ਕਿ ਦੀਵਾਨ ਮੂਲ

---

1. ਵੇਖੋ ਪੰਜਾਬ ਚੀਫਸ 1865 ਪ੍ਰਕਾਸ਼ਨ ਪੰਨਾ—441-442
2. ਵੇਖੋ ਪੰਜਾਬ ਚੀਫਸ 1865 ਪ੍ਰਕਾਸ਼ਨ ਪੰਨਾ—439-440

ਰਾਜ ਦਾ ਨੁਕਸਾਨ ਨਾ ਹੋ ਜਾਵੇ ਭਾਵ ਕਿ ਘੱਲੇ ਤਾਂ ਭਾਵੇਂ ਅੰਗਰੇਜ ਦੇ ਆਏ ਸੀ ਪਰ ਹਮਦਰਦੀ ਉਹਨਾਂ (ਵਿਰਕਾਂ) ਨੂੰ ਆਪਣੇ ਭਰਾਵਾਂ ਨਾਲ ਸੀ। ਉਹਨੀਂ ਦਿਨੀਂ ਮਸ਼ਹੂਰ ਕ੍ਰਾਂਤੀਕਾਰੀ ਬਾਬਾ ਮਹਾਰਾਜ ਸਿੰਘ ਜੀ ਪਿੰਡਾਂ ਵਿਚ ਦੇਸ਼ ਪਿਆਰ ਦੀ ਜਵਾਲਾ ਪ੍ਰਜਵੱਲਤ ਕਰਦੇ ਵਿਰਕੋਟ ਵਿੱਚ ਆ ਨਿਕਲੇ। ਜੰਡਿਆਲੇ ਸ਼ੇਰ ਖਾਂ ਦੇ ਪਠਾਣਾਂ ਦੀ ਚੁਗਲੀ ਤੇ ਰੇਜ਼ੀਡੈਂਟ ਦੇ ਹੁਕਮ ਨਾਲ ਵਿਰਕਾਂ ਦੇ ਮਸ਼ਹੂਰ ਪਿੰਡ ਸਾੜ ਦਿਤੇ, ਉਦੋਂ ਤੋਂ ਭਾਟਾਂ ਨੇ ਕਥਨ ਜੋੜਿਆ :-

ਚੂਹੜ ਕਾਣਾ ਬੜਾ ਸਿਆਣਾ ਨੱਖਰ ਦਾ ਕੀਹ ਹਾਲ।
ਬਬਰ, ਝਬਰ ਗੋਰਿਆਂ ਸਾੜੇ ਮੁੱਢੋਂ ਸੜੀ ਕੜਿਆਲ।

ਫਿਰ ਆਈ 1849 ਦੀ ਲੜਾਈ। ਆਹ! ਉਦੋਂ ਮੇਰੇ ਦੇਸ਼ ਦਾ ਰਾਜ ਸਮਾਪਤ ਹੋਇਆ। ਜੋ ਹਿੰਦ ਦਾ ਪੂਰਬੀਆ ਸੀ ਉਹ ਵੀ ਸਿੱਖਾਂ ਦਾ ਵੈਰੀ ਸੀ। ਦੇਸੀ ਮੁਸਲਮਾਨ ਗੱਦਾਰ ਰਾ ਬਾਕਰ ਭਰਵਾਣੇ ਵਰਗੇ ਵੀ ਦੁਸ਼ਮਨ ਸਨ। ਭਲਾ ਗੋਰਿਆਂ ਦੀ ਤਾਂ ਸਾਡੇ ਨਾਲ ਦੁਸਮਣੀ ਹੈ ਹੀ ਸੀ। ਆਹ! ਜਿਥੇ ਮੇਰੇ ਹੋਰ ਬਜ਼ੁਰਗਾਂ ਨੇ ਤਲਵਾਰ ਮਾਰੀ ਉਥੇ ਮੇਰੇ ਵਿਰਕਾਂ ਬਜ਼ੁਰਗਾਂ ਨੇ ਵੀ ਦੁਧਾਰਾ ਖੰਡਾ ਵਾਹਿਆ। ਵਿਰਕ ਉਸ ਆਖਰੀ ਲੜਾਈ ਵਿਚ ਕੱਲ ਪੱਗ ਬੰਨ੍ਹ ਸ਼ਾਮਲ ਹੋਇਆ ਸੀ। ਵਿਰਕਾਂ ਨੂੰ ਰੋਹ ਸੀ ਆਪਣੇ ਪਿੰਡ ਸੜੇ ਦਾ, ਆਪਣੀਆਂ ਧੀਆਂ ਭੈਣਾਂ, ਮਾਵਾਂ ਅਤੇ ਸੁਆਣੀਆਂ ਦੀ ਬੇ ਪਤੀ ਦਾ। ਹਾਂ ਵਿਰਕਾਂ ਨੇ ਖੰਡਾ ਵਾਹਿਆ। ਅੰਤ ਨੂੰ ਜਦੋਂ ਸਾਰਿਆਂ ਨੇ ਹਥਿਆਰ ਸੁੱਟ ਦਿੱਤੇ ਤਾਂ ਅਖੀਰ ਵਿਰਕ ਵੀ ਖੰਡਾ ਸੁੱਟ ਆਇਆ। ਮਗਰ ਅਣਖ ਨਹੀਂ ਸੁੱਟੀ।

ਅੰਗਰੇਜ਼ਾਂ ਨੂੰ ਹੋਰ ਸੱਭ ਨਰਮ ਲੱਗੇ, ਪਰ ਵਿਰਕ ਕੰਡੇ ਵਾਂਗੂ ਚੁਭਿਆ। ਉਸਨੇ ਭਿੱਖੀ ਵਾਲਿਆਂ ਦੀ ਜਾਂਗੀਰ ਖੁਥੀ। ਕੜਿਆਲ ਦੀ ਡੂਢ ਲੱਖ ਦੀ ਜਾਗੀਰ ਖੋਹ ਲਈ (ਵੇਖੋ ਪਿਛਲੇ ਪੰਨੇ ਦੇ ਫੁਟ ਨੋਟ)

ਅੰਗਰੇਜ਼ ਨੇ ਵਿਰਕ ਨੂੰ ਹਮੇਸ਼ਾਂ ਕੈਰੀ ਅੱਖ ਨਾਲ ਤਿੱਠਾ, ਮਗਰ ਰੋਹਬ ਉਸਦਾ ਵੀ ਵਿਰਕ ਨੇ ਨਾ ਮੰਨਿਆ। ਸੰਨ 1901 ਵਿਚ ਮੰਡੀ ਅਤੇ ਰੇਲਵੇ ਸਟੇਸ਼ਣ ਬਨਾਉਣ ਵਾਸਤੇ ਚੂਹੜਕਾਣੀਆਂ ਤੋਂ ਭੋਇ ਮੰਗੀ। ਉਹਨਾਂ ਠੋਕ ਕੇ ਜਵਾਬ ਦਿੱਤਾ। ਮੰਡੀ ਅਤੇ ਸਟੇਸ਼ਨ ਬਣੇ ਤਾਂ ਭਾਵੇਂ ਚੂਹੜਕਾਣੇ ਦੇ ਨਾਮ ਤੇ ਹੀ ਪਰ ਬਣੇ ਮੁਰੀਦਕਿਆਂ ਦੀ ਭੋਇਂ ਵਿਚ।

ਸੰਨ 1914 ਆਇਆ। ਅੰਗਰੇਜ ਨੇ ਪਵਿਤ੍ਰ ਗੁਰਦਵਾਰਾ ਰਕਾਬ ਗੰਜ ਦੀ ਕੰਧ ਢਾਹ ਕੇ ਆਪਣੀਆਂ ਕੋਠੀਆਂ ਸਿੱਧੀਆਂ ਕਰਨੀਆਂ ਚਾਹੀਆਂ। ਇਹ ਸਰਬੱਤ ਖਾਲਸੇ ਨੂੰ ਸਰਿ ਮੈਦਾਨ ਲਲਕਾਰ ਸੀ। ਮਗਰ ਖਾਲਸਾ ਤਾਂ ਉਸ ਵਕਤ ਰਾਜ ਭਗਤੀ ਦੀ ਅਫੀਮ ਨਾਲ ਮਸਤ ਹੋਇਆ ਪਿਆ ਸੀ।

ਸਰਦਾਰ ਹਰਚੰਦ ਸਿੰਘ ਅਤੇ ਤੇਜਾ ਸਿੰਘ ਸਮੁੰਦਰੀ ਨੇ ਸੋਚਿਆ ਕਿ ਕੋਈ ਯੋਗ ਸੱਜਣ ਘੱਲ ਕੇ ਉਥੋਂ ਦੇ ਅਸਲ ਹਾਲਾਤ ਦਾ ਪਤਾ ਕੀਤਾ ਜਾਵੇ ਤਾਂ ਉਹਨਾਂ ਦੀ ਪਾਰਖੂ ਅੱਖ ਮੇਰੇ ਵਿਰਕ ਬਜ਼ੁਰਗ ਭਾਈ ਤੇਜਾ ਸਿੰਘ ਜੀ ਚੂਹੜਕਾਣਾ ਤੇ ਪਈ। ਜਿਸਨੇ ਜਾਂਦਿਆਂ ਸਾਰ ਡਾਂਗ ਫੜ ਕੁੱਲ ਰਾਜ, ਮਜ਼ਦੂਰ ਤੇ ਠੇਕੇਦਾਰ ਮਾਰ ਭਜਾਏ। ਪਹਿਲੀ ਗ੍ਰਿਫਤਾਰੀ ਇਸ ਬਜ਼ੁਰਗ ਵਿਰਕ ਨੇ ਦਿੱਤੀ। ਅੰਗਰੇਜ਼ ਔਖਾ ਹੋ ਗਿਆ।

ਸੰਨ 1919 ਈ: ਵਿਚ ਵਿਸਾਖੀ ਵਾਲੇ ਦਿਨ ਮਝੈਲ ਬਹਾਦਰਾਂ ਦੇ ਸ਼ਹਿਰ ਅੰਮ੍ਰਿਤਸ਼ਰ ਅੰਦਰ ਜਨਰਲ ਡਾਇਰ ਨੇ ਗੋਲੀ ਚਲਾ ਕੇ ਭਾਰਤ ਦਾ ਸੀਨਾ ਚਾਕ ਕੀਤਾ। ਹੋਰ ਕਿਸੇ ਉਂਗਲ ਨਾਂ ਚੁੱਕੀ, ਪ੍ਰੰਤੂ ਵਿਰਕ ਬਹਾਦਰਾਂ ਨੇ ਇਸਦਾ ਡਟ ਕੇ ਵਿਰੋਧ ਕੀਤਾ। ਰੇਲਵੇ ਸਟੇਸ਼ਨ ਚੂਹੜਕਾਣਾ, ਢਾਬਾਂ ਸਿੰਘਾਂ ਅਤੇ ਮੋਮਨਾਂ ਲੁੱਟ ਕੇ ਸਾੜ੍ਹ-ਫੂਕ ਦਿਤੇ। ਰੇਲਵੇ ਦੇ ਪੁੱਲ ਉਖਾੜ ਦਿੱਤੇ, ਲਾਈਨਾਂ ਪੁੱਟ ਦਿੱਤੀਆਂ ਗੁਜਰਾਂਵਾਲੇ ਦੇ ਸ਼ਹਿਰਵਾਸੀਆਂ ਵੀ ਆਪਣਾਂ ਰੋਸ ਐਥੋਂ ਤੱਕ ਪ੍ਰਗਟ ਕੀਤਾ ਕਿ ਇੱਕ ਹਫਤੇ ਤੱਕ ਸਰਕਾਰ ਹੈ ਈ ਨਹੀਂ ਸੀ।

ਮਾਰਸ਼ਲ-ਲਾਅ ਦੀ ਸਖਤੀ ਦਾ ਦੌਰ ਆਇਆ, ਅਕਲ ਦੇ ਅੰਨੇ, ਅੰਗਰੇਜ਼ ਅਫਸਰਾਂ ਨੇ ਤੇਲ ਪਾ ਕੇ ਅੱਗ ਬੁਝਾਣੀ ਚਾਹੀ। ਭਾਈ ਕਰਤਾਰ ਸਿੰਘ ਜੀ ਝੱਬਰ ਭਾਈ ਤੇਜਾ ਸਿੰਘ ਚੂਹੜਕਾਣਾ, ਭਾਈ ਕਾਹਨ ਸਿੰਘ ਚੂਹੜਕਾਣਾ, ਆਦਿ ਨੂੰ ਫੜ ਕੇ ਪਹਿਲੋਂ ਮੌਤ ਦੀ ਸਜ਼ਾ, ਫਿਰ ਘਟਾ ਕੇ ਕਾਲੇ ਪਾਣੀ ਕੀਤੀ। ਜਿਨ੍ਹਾਂ ਨੂੰ ਫਿਰ ਗੈਰ-ਮੁਸਰੂਤ ਰਿਹਾ ਕਰ ਦਿਤਾ। ਅਕਲ ਦਿਆਂ ਅੰਨ੍ਹਿਆਂ ਨੇ ਈਰਖਾਲੂ ਜਾਂਗਲੀਆ ਦੇ ਆਖੇ ਲੱਗ ਭਾਈ ਸਾਹਿਬ ਭਾਈ ਮੂਲ ਸਿੰਘ ਗਰਮੂਲਾ ਨੂੰ ਵੀ ਧਰ ਦੱਬਿਆ। ਮਗਰ ਉਹ ਮੁਕੱਦਮੇ ਦੇ ਪੰਜੇ, ਵਿੱਚ ਨਾਂ ਆਏ ਅਤੇ ਮਗਰੋਂ ਬਰੀ ਕੀਤੇ ਗਏ।

ਵਿਰਕਾਂ ਨਾਲ ਦੁਸਮਣੀ ਦੀ ਇਕ ਵੱਡੀ ਮਿਸਾਲ ਇਹ ਹੈ ਕਿ ਸਰ ਲੇਪਲ ਗ੍ਰਿਫਨ ਨੇ ਆਪਣੀ ਪਹਿਲੀ ਛੱਪੀ ਕਿਤਾਬ 'ਦਿ ਪੰਜਾਬ ਚੀਫਸ' ਸੰਨ 1865 ਪ੍ਰਕਾਸ਼ਨ ਵਿੱਚ ਤਾਂ ਕੜਯਾਲ ਦੇ ਵਿਰਕਾਂ ਦਾ ਜ਼ਿਕਰ ਕੀਤਾ ਹੈ। ਮਗਰ ਉਸ ਤੋ ਪਿੱਛੇ ਜਿਨ੍ਹੇਂ ਪ੍ਰਕਾਸ਼ਨ ਹੋਏ ਉਹਨਾ ਵਿਚੋਂ ਉੱਕਾ ਹੀ ਉੜਾ ਦਿੱਤਾ। ਕੇਵਲ ਪਹਿਲੀ ਛਾਪ ਵਿਚ ਹੀ ਕੜਿਆਲ ਦਾ ਜ਼ਿਕਰ ਹੈ। ਮਗਰ ਉਹ ਛਾਪ ਦੁਰਲਭ ਹੈ। ਇਹ ਈਰਖਾ ਇਸ ਵਾਸਤੇ ਸੀ ਕਿ 1848 ਵਿੱਚ ਕੜਿਆਲ ਸੜਨ ਦੇ ਬਾਵਜੂਦ ਵੀ ਇਹ ਕੜਿਆਲ ਦੇ ਬਜ਼ੁਰਗ ਸਭ ਤੋਂ ਪਹਿਲਾ ਸੰਨ 1849 ਵਿੱਚ ਸਾਰੇ ਪੱਗਬੰਨ੍ਹ ਅਖੀਰਲੇ ਸਿੱਖ-ਯੁੱਧ ਵਿਚ ਆਪ ਸ਼ਾਮਲ ਹੋਏ ਤੇ ਦੂਜੇ ਭਰਾਵਾਂ ਨੂੰ ਵੰਗਾਰ ਕੇ ਸ਼ਾਮਲ ਕੀਤਾ ਸੀ।

ਫਿਰ ਆਇਆ 1921 ਦਾ ਨਨਕਾਣੇ ਸਾਹਿਬ ਦਾ ਸਾਕਾ, ਇਥੇ ਵਿਰਕਾ ਨੇ ਅੱਠਾਂ ਪਹਿਰਾ ਦੇ ਅੰਦਰ-ਅੰਦਰ ਭਾਈ ਕਰਤਾਰ ਸਿੰਘ ਜੀ ਝੱਬਰ ਦੀ ਪ੍ਰਧਾਨਗੀ ਹੇਠ ਭਿੱਖੀ ਦੇ 180 ਦੇ ਜਥੇ ਤੋਂ ਅਤਿਰਿਕਤ 2200 ਸਿੰਘ 11 ਜਥਿਆ ਵਿੱਚ ਮੋਰਚੇ ਵਿੱਚ ਝੋਂਕ ਦਿੱਤੇ। ਜਿਸਨੂੰ ਵੇਖ ਇੱਕ ਵਾਰ ਤਾਂ ਅੰਗਰਜ਼ ਦੇ ਥੰਮ ਥਿੜਕ ਗਏ। ਗੋਰਾ ਫੌਜ ਅਤੇ ਮਸ਼ੀਨ ਗੰਨਾ ਹੁੰਦਿਆ ਸੁਦਿਆ, ਕੱਖਦੋ ਹੱਥੀਂ ਦਾਬੀਆਂ ਵਿਰਕ ਸਰਦਾਰ

ਭਾਈ ਕਰਤਾਰ ਸਿੰਘ ਝੱਬਰ ਦੀ ਝੋਲੀ ਵਿੱਚ ਸੁੱਟੀਆਂ।

ਸਾਕਾ ਨਨਕਾਣਾ ਸਾਹਿਬ ਦੇ ਬਾਅਦ ਅੰਗਰੇਜ਼ ਵਿਰਕ ਤੋਂ ਬਹੁਤ ਔਖਾ ਹੋ ਗਿਆ। ਜਿਸ ਵਾਸਤੇ ਭਾਈ ਕਰਤਾਰ ਸਿੰਘ ਝੱਬਰ ਅਤੇ ਸ: ਨਾਰਾਇਣ ਸਿੰਘ ਬਾਰ. ਐਟ. ਲਾ. ਮੈਨੇਜਰ ਨਨਕਾਣਾ ਸਾਹਿਬ ਅਤੇ ਹੋਰ ਕਈ ਸਿੰਘਾਂ ਸਮੇਤ ਮਹੰਤ ਲਹਿਣ ਦਾਸ ਦੇ ਸਾਲੇ ਬਿਸ਼ਨੇ ਦੇ ਕਤਲ ਦੇ ਅਪਰਾਧ ਵਿੱਚ ਮੁਕੱਦਮਾ ਚੁੱਕ ਬਣਾਇਆ ਜਿਸ ਵਿਚ ਸਰਕਾਰ ਮੁਦਈ ਸੀ। "ਮੁਦਈ[1] ਹੀ ਨਹੀਂ ਸਗੋਂ ਮਿਸਟਰ ਗਾਰਬਟ ਜੋ ਉਸ ਸਮੇਂ ਦਾ ਹੋਮ ਸੈਕਰੇਟਰੀ ਜੋ ਖਾਸ ਕਰਕੇ ਅਕਾਲੀਆਂ ਦਾ ਕੱਟੜ ਵਿਰੋਧੀ ਸੀ ਇਸ ਗੱਲ ਤੇ ਤੁੱਲਿਆ ਹੋਇਆ ਸੀ ਕਿ ਇਸ ਮੁਕੱਦਮੇ ਨੂੰ ਸਿੱਖਾਂ ਵਾਸਤੇ ਇਕ ਮਿਸਾਲ ਬਣਾ ਦਿੱਤਾ ਜਾਵੇ ਅਤੇ ਇਸ ਵਿਚ ਕਾਬੂ ਆਏ ਦਸ ਗਿਆਰਾਂ ਆਦਮੀਆਂ ਨੂੰ ਫਾਹੇ ਲਗਵਾ ਕੇ ਅਕਾਲੀਆਂ ਨੂੰ ਹਮੇਸ਼ਾ ਲਈ ਦਬਾ ਦਿੱਤਾ ਜਾਵੇ" ਮਗਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਕਿ 13 ਜੂਨ 1933 ਨੂੰ ਹਾਈਕੋਰਟ ਦੇ ਜੱਜ ਸ਼ੇਖ ਅਹਿਸਾਨੁਲ ਹੱਕ ਨੇ, ਮੁਕਦਮੇ ਨੂੰ ਸਾਵੇਂ ਵੱਟੇ ਤੋਲਦਿਆਂ ਹੋਇਆਂ ਇਨਸਾਫ ਕੀਤਾ ਤੇ ਸਾਰੇ ਮੁਲਜ਼ਮ ਬਰੀ ਕਰਾਰ ਦਿੱਤੇ। ਮਗਰ ਸਰਕਾਰ ਵਿਰਕਾਂ ਨਾਲ ਹੋਰ ਕੌੜੀ ਹੋ ਗਈ।

ਜ਼ੈਲਦਾਰ ਅਮੀਰ ਖਾਨ ਜੰਡਿਆਲੇ ਦਾ ਕਤਲ, ਵਸੀਰਾ ਦਾ ਕਤਲ ਅਤੇ ਇਬਨ ਵਾਲੀ ਦੇ ਡਾਕੇ ਦੇ ਮੁਲਜ਼ਮਾਂ ਦੀ ਤਾਂ ਦੱਸ ਵੀ ਕੋਈ ਨਹੀਂ ਸੀ ਪਾਂਦਾ, ਫੜਾਉਣਾਂ ਤੇ ਕਿਧਰੇ। ਦਰਅਸਲ ਹਾਈ ਮਾਈ ਕੋਈ ਪੁਲੀਸ ਅਫਸਰ ਵੀ ਇਹਨਾਂ ਪੰਜਾਂ ਨੂੰ ਹੱਥ ਨਹੀਂ ਸੀ ਪਾਂਦਾ ਤੇ ਤੇ ਇਹ ਖੁੱਲ੍ਹੇ ਦਨ-ਦਨਾਂਦੇ ਫਿਰਦੇ ਸਨ। ਬੂੜ ਸਿੰਘ ਬਾਰੇ ਤਾਂ ਇਥੋਂ ਤੱਕ ਪ੍ਰਮਾਣਤ ਸੀ ਕਿ (1) ਉਹ ਘੋੜੀ ਨਾਲੋਂ ਤੇਜ਼ ਦੌੜਦਾ ਅਤੇ (2) ਖੜਾ-ਖੜੋਤਾ ਆਪਣੇ ਜਿੱਡੀ ਉਚੀ ਕੰਧ ਟੱਪ ਜਾਇਆ ਕਰਦਾ ਸੀ।

ਭਾਈ ਉਜਾਗਰ ਸਿੰਘ ਜੀ ਦੱਸਦੇ ਹਨ ਕਿ ਸਾਨੂੰ ਵਿਰਕਾਂ ਨੂੰ ਜਰਾਇਮ ਪੇਸ਼ਾ ਕਰਾਰ ਦੇ ਦਿੱਤਾ ਗਿਆ। ਵਿਰਕਾਂ ਦੇ ਵੱਡੇ-ਵੱਡੇ ਨਗਰਾਂ ਕਾਲੇਕੇ, ਭਿਖੀ, ਕੜਿਆਲ, ਗੁਰਮੂਲਾ ਆਦਿ ਵਿਚ ਤਾਅਜ਼ੀਰੀ ਚੌਂਕੀਆਂ ਬਿਠਾ ਦਿੱਤੀਆਂ ਗਈਆਂ। ਜਿੱਥੇ ਹਰ ਇੱਕ ਪਗ-ਬੰਨ੍ਹ ਨੂੰ ਦਿਹਾੜੀ ਵਿਚ ਤਿੰਨ ਵਾਰ ਹਾਜ਼ਰੀ ਦੇਣੀ ਪੈਂਦੀ। ਜਿਹੜਾ ਪੱਛੜ ਜਾਂਦਾ ਉਹਨੂੰ ਹਾਕਮ, ਢਿੱਡ ਪਰਨੇ ਲੇਟਣ ਜਾਂ ਆਪਣੇ ਸਾਹਮਣੇ ਢਿੱਡ ਘੁਰਕਣ ਨੂੰ ਆਖਦੇ।

ਇੱਕ ਦਿਨ ਕਾਲੇਕਿਆਂ, ਦਾ ਭਲਾ ਮਾਨਸ ਤੇ ਨੇਕ ਮਰਦ, ਤੇਲੀ ਮੰਗਾ ਥੋੜਾ ਪੱਛੜ ਕੇ ਆਇਆ ਤੇ ਚੌਂਕੀ ਇੰਚਾਰਜ ਥਾਣੇਦਾਰ ਨੇ ਆਖਿਆ,"ਮੰਗਿਆ ! ਮੈਂ ਤੈਨੂੰ ਹੋਰ ਕੋਈ ਸਜ਼ਾ ਨਹੀਂ ਦੇਂਦਾ, ਤੂੰ ਆਪਣਾ ਢਿੱਡ ਘੁਰਕ।" ਮੰਗੇ ਆਖਿਆ,"ਥਾਣੇਦਾਰਾ ! ਸਜ਼ਾ ਮਨ ਆਈ ਦੇ ਲੈ। ਮੈਂ ਢਿੱਡ ਢਿੱਡ ਕੋਈ ਨਹੀਂ ਘੁਰਕਣਾ।" ਦੱਸਦੇ ਹਨ, ਥਾਣੇਦਾਰ ਨੇ ਮੰਗੇ ਨੂੰ ਮਨ ਆਈ ਮਾਰ ਮਾਰੀ ਪਰ ਉਸ ਨੇ ਢਿੱਡ ਘੁਰਕਣ ਦੀ ਹਾਣਤ ਪ੍ਰਵਾਨ ਨਾਂ ਕੀਤੀ।

ਪਾਠਕ ਸਹਿਜੇ ਹੀ ਅਨੁਮਾਨ ਕਰ ਸਕਦੇ ਹਨ ਕਿ ਜਿਸ ਪਿੰਡ ਦਾ ਇਕ ਕੰਮੀ ਇਤਨਾ ਸਾਹਸੀ ਅਤੇ ਆਤਮ-ਸਨਮਾਨ ਰੱਖਦਾ ਹੋਵੇ, ਉਸ ਪਿੰਡ ਦੇ ਸਾਊਆਂ, ਦਾ (ਜਿਨ੍ਹਾਂ ਦੇ ਟੁਕੜਿਆਂ ਤੇ ਉਹ ਪਲਦਾ ਹੈ) ਆਤਮ-ਸਨਮਾਨ ਗੌਰਵਤਾ ਅਤੇ ਦ੍ਰਿੜਤਾ ਕਿਤਨੀ ਪਰਪੱਕ ਤੇ ਉੱਚੀ ਹੋਵੇਗੀ।

ਭਾਵੇਂ ਉਪਰੋਕਤ ਮੁਕੱਦਮਿਆਂ ਵਿਚ ਭਾਗੂ, ਹੈਦਰ ਤੇ ਬੂੜ ਸਿੰਘ ਨੂੰ ਲੰਮੀਆਂ ਸਜਾਵਾਂ ਹੋ ਗਈਆਂ। ਹੈਦਰ ਅਤੇ ਬੂੜ ਸਿੰਘ ਜੇਲ ਵਿੱਚ ਹੀ ਮਰ ਗਏ। ਭਾਗੂ ਕੈਦ ਕੱਟ ਕੇ ਘਰ ਆ ਗਿਆ ਪਰ ਵਿਰਕਾਂ ਤੇ ਸਖਤੀ ਦਾ ਦੌਰ ਤੇਜ਼ ਤੋਂ ਤੇਜ਼ ਹੁੰਦਾ ਚਲਾ ਗਿਆ। ਇਸ ਨੂੰ ਹਟਾਉਣ ਦਾ ਜੁਰਕਾ ਕੋਈ ਨਾਂ ਕਰੇ। ਆਖਰ ਇਹ ਕੌੜਾ ਘੁੱਟ ਵੀ ਅਕਾਲੀਆਂ ਨੂੰ ਭਰਨਾਂ ਪਿਆ। ਅਕਾਲੀਆਂ ਨੇ ਇੱਕ ਕਾਨਫਰੰਸ ਪਿੰਡ ਝਾਮਕਿਆਂ ਵਿੱਚ 18, 19 ਅਤੇ 20/10/1940 ਨੂੰ ਕੀਤੀ। ਇਸ ਵਿੱਚ ਪ੍ਰਧਾਨਗੀ ਵਾਸਤੇ ਨਵਾਬ ਕਪੂਰ ਸਿੰਘ ਦੀ ਅੰਸ ਦੇ ਸਿੰਘ ਪੁਰੀਆ ਸਰਦਾਰ ਨੂੰ ਆਮੰਤ੍ਰਿਤ ਕਰਨ ਵਾਸਤੇ ਜਥੇਦਾਰ ਅਨੋਖ ਸਿੰਘ ਜੀ ਗਏ। ਪਰ ਉਹਨਾਂ ਪ੍ਰਧਾਨਗੀ ਕਰਨੀ ਅਪਰਵਾਨ ਕਰ ਦਿੱਤੀ।

ਕਾਨਫਰੰਸ ਵਾਲੇ ਦਿਨ ਸ: ਅਮਰ ਸਿੰਘ ਐਡੀਟਰ ਅਖਬਾਰ ਸ਼ੇਰ-ਏ-ਪੰਜਾਬ ਦਾ ਹਾਥੀ ਤੇ ਜਲੂਸ ਕੱਢਿਆ ਗਿਆ। ਫਖਰਿ ਵਿਰਕਾਂ ਚੌਧਰੀ ਸਰਾ ਸ਼ਹਾਬੁਦੀਨ, ਸਰਦਾਰ ਬਹਾਦਰ ਬੂਟਾ ਸਿੰਘ ਵਕੀਲ ਸ਼ੇਖੂਪੁਰਾ, ਭਾਈ ਸਾਹਿਬ ਭਾਈ ਮੂਲ ਸਿੰਘ ਜੀ ਗੁਰਮੂਲਾ ਵਰਗੇ ਉੱਘੇ ਪੰਥ ਸੇਵਕ ਵੀ ਸ਼ਾਮਿਲ ਸਨ। ਇਹਨਾਂ ਮਹਾਨ ਵਿਅਕਤੀਆਂ ਨੇ ਆਪਣੇ ਭਾਸ਼ਨਾਂ ਵਿੱਚ ਅੰਗਰੇਜ਼ ਸਰਕਾਰ ਨੂੰ ਚਾਨਣਾ ਕਰ ਦਿੱਤਾ ਕਿ ਦੂੰਹ-ਚਹੁੰ ਬੰਦਿਆਂ ਬਦਲੇ ਸਾਰੀ ਵਿਰਕੌਤ ਨੂੰ ਜਰਾਇਮ-ਪੇਸ਼ਾ ਕਰਾਰ ਦੇ ਦੇਣਾ ਪਰਲੇ ਦਰਜੇ ਦੀ ਤੰਗ ਖਿਆਲੀ ਅਤੇ ਹੱਦ-ਦਰਜੇ ਦੀ ਬੇਇਨਸਾਫੀ ਹੈ" ਅਗਰ ਸਰਕਾਰ ਕੋਲ ਤਾਕਤ ਹੈ ਤਾਂ ਅਸਲ ਮੁਜ਼ਰਮਾਂ ਨੂੰ ਫੜ ਕੇ ਸਜ਼ਾ ਦੇਵੇ। ਬੇਗੁਨਾਵਾਂ ਤੇ ਵਧੀਕੀ ਕਰਨੀ ਕਿਸੇ ਹੀਲੇ ਵੀ ਇਨਸਾਫ ਨਹੀਂ ਮੰਨਿਆਂ ਜਾ ਸਕਦਾ।

ਇਸ ਅਕਾਲੀ ਕਾਨਫਰੰਸ ਵਿਚ ਕੀਤੀਆਂ ਤਕਰੀਰਾ ਅਤੇ ਰੇਜ਼ੂਲੇਸ਼ਨਾਂ ਅੱਗੇ ਸਰਕਾਰ ਨੂੰ ਝੁਕਣਾ ਪਿਆ। ਜਿਸ ਤੇ ਵਿਰਕੌਤ ਤੋਂ "ਜਰਾਇਮ-ਪੇਸ਼ਾ" ਦੀ ਲਾਅਨਤ ਸਦਾ ਵਾਸਤੇ ਦੂਰ ਹੋ ਗਈ।

(ਸੰਪਾਦਕ)

---

1. ਪੰਨਾ 16 ਨਨਕਾਣਾ ਸਾਹਿਬ ਕ੍ਰਿਤ ਸ: ਨਰਾਇਣ ਸਿੰਘ (ਭਾਸ਼ਾ ਵਿਭਾਗ ਪੰਜਾਬ ਛਾਪ)

ਤਾਰੀਖ ਵਿਰਕਾਂ ਬਾਰੇ ਭਾਈ ਮੂਲ ਸਿੰਘ ਜੀ ਦੇ ਯਤਨ ਉਹਨਾਂ ਦੀ ਡਾਇਰੀ ਅਨੁਸਾਰ—

13.4.1940 **ਗਰਮੂਲਾ ਕਲਾਂ**

ਦਲੀਪ ਸਿੰਘ ਦੇ ਘਰ ਖਾਣਾ ਖਾਧਾ-ਗੰਡਾ ਸਿੰਘ ਨੇ ਦੁੱਧ ਅਤੇ ਸ਼ੇਰ ਸਿੰਘ ਨੇ ਲੱਸੀ ਮੱਖਣ ਨਾਲ ਸੇਵਾ ਕੀਤੀ। ਰਲੇ ਮਿਰਾਸੀ ਤੋਂ ਤਾਰੀਖ ਬਾਰੇ ਕੁੱਝ ਗੱਲਾਂ ਦਾ ਪਤਾ ਲੱਗਾ।

16.4.1940 **ਕੜਿਆਲ ਕਲਾ**

ਵੱਸਣ ਸਿੰਘ ਨੰਬਰਦਾਰ ਨੂੰ ਮਿਲੇ। ਜੋ ਬੜੇ ਖ਼ੁਨਕ ਨਾਲ ਪੇਸ਼ ਆਇਆ ਅਤੇ ਤਾਰੀਖ ਵਿਰਕਾਂ ਦੇ ਬਾਰੇ ਅੱਛੇ-ਅੱਛੇ ਸਿਆਣੇ ਮਿਰਾਸੀ ਮੰਗਵਾ ਦਿੱਤੇ। ਜਿਨ੍ਹਾਂ ਨੇ ਕਿ ਬੜਾ ਤਸੱਲੀਬਖ਼ਸ਼ ਤਾਰੀਖ ਦਾ ਮਸਾਲਾ ਦਿੱਤਾ। ਕੁਛ ਬੇਹੂਦਾ ਮਿਰਾਸੀਆਂ ਖੱਪ ਪਾਣ ਦੀ ਕੋਸ਼ਿਸ਼ ਕੀਤੀ। ਪਰ ਅਸੀਂ ਆਪਣਾ ਮਤਲਬ ਹੱਲ ਕਰ ਲਿਆ।

17.4.1940 **ਸੱਚਾ ਸੌਦਾ**

ਸੋਹਣ ਸਿੰਘ ਜ਼ੈਲਦਾਰ ਅਤੇ ਬੂਟਾ ਸਿੰਘ ਨੇ ਕੋਸ਼ਿਸ ਕਰਕੇ ਮੰਗੇ ਮਿਰਾਸੀ ਨੂ ਸੱਦਿਆ-ਮਗਰ ਇਹ ਜਿਆਦਾ ਬੁੱਢਾ ਹੋਣ ਕਾਰਨ ਇਸਦੇ ਹਵਾਸ ਦਰੁਸਤ ਨਹੀਂ।

17.4.1940 **ਖਰਾ ਸੋਦਾ (ਮਾਂਗਾ)**

ਕਰਤਾਰ ਸਿੰਘ ਰਾਗੀ ਮਿਲਿਆ ਤ੍ਰਾਰੀਖ ਵਿਰਕਾਂ ਬਾਰੇ ਸਭ ਨੇ ਦਲੇਰੀ ਦਿੱਤੀ। ਇੱਕ ਸਾਂਹਸੀ ਪੱਡਿਆਂ ਵਾਲਾ ਇੱਕ ਮਹਿਰ, ਮੰਗ ਗੋਲਾਂ ਕਕੜਾਂ ਦਾ ਪਤਾ ਦਿੱਤਾ ਜਿਥੇ ਬੰਦਾ ਘੱਲਿਆ ਗਿਆ।

18.4.1940 **ਮਾਂਗਾ (ਗਰਮੂਲਾ)**

ਅਰਜਨ ਸਿੰਘ ਨੇ ਦਸਿਆ ਕਿ ਮਿਰਾਸੀ ਗੁੱਜਰਾਂ ਵਾਲੇ ਗਿਆ ਹੋਇਆ ਹੈ-ਇਸ ਲਈ ਤਿਆਰੀ ਕੀਤੀ-ਸਾਂਹਸੀ ਅਤੇ ਮਹਿਰ ਮੰਗ ਨੂੰ ਲਿਆਵਣਾ ਅਰਜਨ ਸਿੰਘ ਦੇ ਜਿੰਮੇ ਲਗਾਇਆ।

22.6.1940 **(ਚੱਬਾ) ਗਰਮੂਲਾ**

ਕਰਤਾਰ ਸਿੰਘ ਝੱਬਰ ਰਾਤ ਮੇਰੇ ਕੋਲ ਆ ਰਿਹਾ। ਤਾਰੀਖ ਵਿਰਕਾਂ ਅਤੇ ਵਿਰਕ ਸੁਧਾਰ ਕਮੇਟੀ ਬਾਰੇ ਵਿਚਾਰਾਂ ਹੁੰਦੀਆਂ ਰਹੀਆ। ਵਰਿਆਮ ਸਿੰਘ ਅਕਾਲੀ ਵੀ ਸ਼ਾਮਲ ਮਸ਼ਵਰਾ ਰਿਹਾ।

ਅੱਗੇ 1940 ਦੀ ਡਾਇਰੀ 7-7-40 ਤੋਂ ਫਟੀ ਹੈ।

ਸਾਂਦਲ ਬਾਰ

"ਰਾਵੀ ਦਾ ਦੇਸ ਤੇ ਰਾਵੀ ਦਾ ਸਾਂਈ" ਨਾਮੇ ਪੁਸਤਕ ਵਿਚ ਭਾਈ ਰਾਮ ਨਕੈਣ ਸਿੰਘ ਜੀ ਦਰਦੀ ਲਿਖਦੇ ਹਨ :-

ਬਾਰ : ਚੇਤ ਬਸੰਤ ਭਲਾ ਭਵਰ ਸੁਹਾਵੜੇ ॥
ਬਨ ਫੂਲੇ ਮੰਝਬਾਰ ਮੈ ਪਿਰ ਘਰ ਬਾਹੁੜੈ ॥
ਅਗਨ ਰਸ ਸੋਖੈ ਮਰੀਐ, ਧੋਖੈ ਭੀ ਸੋ ਕਿਰਤ ਨ ਹਾਰੇ ॥
ਰਥੁ ਫਿਰੈ ਛਾਇਆ ਧਨੁ ਤਾਕੈ ਟੀਂਡ ਲਵੈ ਮੰਝ ਬਾਰੇ ॥

(ਤੁਖਾਰੀ ਬਾਰਹ ਮਾਹਾ ਮ: 1)

ਸਾਂਦਲ ਬਾਰ।

ਸੋਢੀ ਮਿਹਰਬਾਨ ਨੇ ਆਪਣੀਆਂ ਗੋਸ਼ਟਾਂ ਵਿੱਚ ਇਸ ਤੱਪੇ ਨੂੰ ਸਾਂਧੜ ਬਾਰ ਦਾ ਨਾਮ ਦਿੱਤਾ ਹੈ। ਜੋ ਕਿ ਅੱਜਕਲ ਦੇ ਸਾਂਦਲ ਬਾਰ ਦਾ ਪਹਿਲਾਂ ਜਾਂ ਫਿਰ ਵਿਗੜਿਆ ਰੂਪ ਹੈ। ਇਸ ਜਨਮ ਸਾਖੀ ਦੇ ਸੰਪਾਦਕ ਨੇ ਇਸ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ "ਸਾਂਦਲ ਬਾਰ (ਦਰਯਾ ਰਾਵੀ ਤੇ ਝਨਾਂ ਦੇ ਵਿਚਕਾਰਲਾ ਇਲਾਕਾ)। ਇਸ ਇਲਾਕੇ ਵਿੱਚ ਪੁਰਾਤਨ ਸਮੇਂ ਸਾਂਡਿਲਯ ਰਿਸ਼ੀ ਦਾ ਮਿਵਾਸ ਸੀ। ਜਿਸ ਕਰਕੇ ਇਸ ਇਸ ਦਾ ਕਾਮ ਸਾਂਡਿਲਯਵਣ (ਸਾਂਦਲ ਬਾਰ) ਪ੍ਰਸਿੱਧ ਹੋ ਗਿਆ।"

ਮਹਾਨ ਕੋਸ਼ ਦੇ ਕਰਤਾ ਭਾਈ ਕਾਹਣ ਸਿੰਘ ਜੀ ਪੰਨਾ 182 ਤੇ ਭੀ ਇਹੋ ਕੁਛ ਲਿਖਦੇ ਹਨ। ਸੰਭਵ ਹੈ ਸਾਖੀਆਂ ਦੇ ਸੰਪਾਦਿਕ ਜੀ ਨੇ ਵੀ ਇਹ ਖਿਆਲ ਮਹਾਨ ਕੋਸ਼ ਤੋਂ ਹੀ ਲਿਆ ਹੋਵੇ ਕਿੰਤੂ ਅਜੇ ਤੱਕ ਸਾਂਡਿਲਯ ਰਿਸ਼ੀ ਦੇ ਨਿਵਾਸ ਦਾ ਪੁਰਾਤਨ ਲਿਖਤੀ ਸਬੂਤ ਪੁਰਾਣਾਂ, ਰਾਮਾਇਨ ਜਾਂ ਮਹਾਂਭਾਰਤ ਵਿਚੋਂ ਨਹੀ ਮਿੱਲਿਆ।

ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਝਨਾਂ ਅਰਥਾਤ ਚੰਦ੍ਰਭਾਗ[1] ਨੂੰ ਯੂਨਾਨੀ ਆਪਣੀ ਭਾਸ਼ਾ ਵਿਚ ਸਾਂਦਾਬਲ ਕਰਕੇ ਪੁਕਾਰਿਆ ਕਰਦੇ ਸਨ। ਸੰਭਵ ਹੈ ਕਿ ਉਦੋਂ ਤੋਂ ਹੀ ਸਾਂਦਾਬਲ ਦਾ ਰੂਪਾਂਤਰ ਸਾਂਦਲ ਹੋ ਕੇ ਬਾਰ (ਜੰਗਲ) ਮਿਲ ਕੇ ਪ੍ਰਵਰਤਰ ਨਾਮ ਸਾਂਦਲ ਬਾਰ ਹੋ ਗਿਆ ਹੋਵੇ।

ਪੁਰਾਤਨ ਸਮਿਆਂ ਵਿੱਚ ਪਹਾੜਾਂ ਤੋਂ ਥੱਲੇ ਰਾਵੀ ਤੇ ਚੰਦ੍ਰਭਾਗ ਦੇ ਵਿਚਕਾਰਲੇ ਦੁਆਬੇ ਨੂੰ ਜੰਬੂ ਦ੍ਵੀਪ (ਦੁਆਬਾ ਰਚਨਾ) ਆਖਦੇ ਹੁੰਦੇ ਸਨ। ਅੱਗੇ ਇਸ ਦ੍ਵੀਪ ਦੇ ਫਿਰ ਦੋ ਹਿੱਸੇ ਸਨ। ਪਹਾੜ ਦੀ ਕੰਡੀ ਤੋਂ ਥੱਲੇ ਪੱਛਮ ਵੱਲ ਦੇ ਆਬਾਦ ਇਲਾਕੇ (ਸਿਆਲਕੋਟ ਆਦਿ) ਨੂੰ ਦਰਪ ਅਤੇ ਅਗਲੇ ਪੱਛਮ ਵੱਲ ਦੇ ਜੰਗਲ ਨੂੰ ਭਰਤ ਖੰਡ ਜਾਂ ਬਾਰ ਕਹਿੰਦੇ ਸਨ। ਇਸ ਬਾਰੇ ਚਰਣ ਹਰਿ ਵਿਸਥਾਰ ਨਾਮਕ ਪੁਸਤਕ ਦੇ ਪੰਨਾ 67 ਤੇ ਇਉਂ ਲਿਖਿਆ ਹੈ :-

ਜੰਬੂ ਦੀਪ ਕੇ ਮੱਧ ਹੈ ਇਕ ਭਰਤ ਖੰਡਸ ਨਾਮ।
ਤਹਾਂ ਏਕ ਸੋ ਨਦੀ ਹੈ ਪਸਚਮੇ ਪ੍ਰਵਾਹ ਜਾਵਤ ਚੰਦ੍ਰਭਾਗ[1] ਨਾਮ ॥

ਇਹ ਭਰਤ ਖੰਡ ਪਿਛੋਂ ਜਾ ਕੇ ਸਾਂਦਲ ਬਾਰ ਅਤੇ ਕਿੜਾਨਾ ਬਾਰ ਦੇ ਨਾਮ ਨਾਲ ਮਸ਼ਹੂਰ ਹੋਇਆ।
ਮਹਾਨ ਕੋਸ਼-ਭਾਈ ਕਾਹਨ ਸਿੰਘ ਭਾਬਾ ਪੰਨਾ 855 ਤੇ ਬਾਰ ਦਾ ਅਰਥ ਹੈ ਰੱਹੀ, ਜੰਗਲ,

---

1. ਇਹ ਨਦੀ ਹਿਮਾਲਯ ਚੋਂ ਚੰਦ੍ਰਭਾਗ ਨਾਮਕ ਸਥਾਨ ਤੋਂ ਨਿਕਲਦੀ ਹੈ। ਇਸ ਦਾ ਹੀ ਨਾਮ ਚਨਾਬ ਜਾਂ ਝਨਾਂ ਨਦੀ ਹੈ।

ਟੀਡ ਲਵੈ ਮੰਝਿ ਬਾਰੇ (ਤੁਖਾ ਬਾਰਹਮਾਹ), ਬੀਂਡੇ ਜੰਗਲ ਵਿੱਚ ਬੋਲਦੇ ਹਨ

ਨਾਨਕਿਆਣੇ ਦੇ ਆਸ ਪਾਸ ਦਾ ਦੇਸ਼

"ਬਾਰ ਦੇਸ ਸਭ ਦੇਸ ਨਰੇਸੁ"

ਭਾਈ ਰਾਮ ਨਰੈਣ ਸਿੰਘ ਜੀ ਲਿਖਦੇ ਹਨ :—

ਸਾਂਦਲ ਬਾਰ ਨਾਮ ਪੈ ਜਾਣ ਦੀ ਇੱਕ ਹੋਰ ਵਜ਼ਾ ਭੀ ਦੱਸੀ ਜਾਂਦੀ ਹੈ ਜੋ ਵਧੇਰੇ ਵਿਗਿਆਨਕ ਪਰਤੀਤ ਹੁੰਦੀ ਹੈ। ਸੁਰਗਵਾਸੀ ਸ੍ਰੀ ਰਾਮ ਚੰਦ ਮਨਚੰਦਾ ਐਡਵੋਕੇਟ ਲਾਹੌਰ ਨੇ ਆਪਣੇ ਭਾਸ਼ਨ ਵਿਚ ਪੁਰਾਣੇ ਨਾਵਾਂ ਦੇ ਪਿਛੇ ਕਿਸੇ ਨ ਕਿਸੇ ਭੂਗੋਲਕ ਵੇਰਵੇ ਦੇ ਹੋਣ ਦੀ ਸੰਭਾਵਨਾ ਦੱਸਦਿਆਂ ਕਿਹਾ ਕਿ ਜਿਸ ਤਰ੍ਹਾਂ ਸ਼ਬਦ ਹਿਮਾਲਾ ਬਰਫ ਦੇ ਘਰ ਦਾ ਸੂਚਕ ਹੈ ਅਤੇ ਕਸ਼ਮੀਰ ਪਹਾੜਾਂ ਤੇ ਕਸੀਆਂ ਦੇ ਦੇਸ਼ ਦਾ ਸੰਕੇਤਕ ਹੈ (ਭਾਵੇਂ ਮਿਥਿਹਾਸ ਇਸਨੂੰ ਕਸ਼ਯਪ ਰਿਖੀ ਨਾਲ ਜੋੜਦਾ ਹੈ) ਇਸੇ ਤਰ੍ਹਾਂ ਸਾਂਦਲ ਬਾਰ ਸਮਤਲ ਵਰਾਹ (ਦਰਯਾਵਾ ਦੁਆਰਾ ਬਣਾਈ ਹੋਈ ਸਮਤਲ ਧਰਤੀ) ਪਦ ਦਾ ਸੂਚਕ ਹੈ। ਇਹ ਨਾਮ ਇਸ ਕਰਕੇ ਪਿਆ ਕਿ ਇਸ ਸਾਰੇ ਖੰਡ ਦੀ ਧਰਤੀ, ਦਰਿਆਵਾਂ ਦੀ ਬਣਾਈ ਹੋਈ ਵਰਾਹ ਅਰਥਾਤ River-Bed ਹੈ ਅਤੇ ਲਗਾਤਾਰ ਚਪਟੀ (ਸਮਧਰ) ਚਲੀ ਜਾਂਦੀ ਹੈ। ਵਰਾਹ ਪਦ ਸਮਾਂ ਪਾ ਕੇ ਬਾਰ ਵਿਚ ਵੱਟ ਗਿਆ ਤੇ ਜੰਗਲ ਬੂਟੇ ਹੋਣ ਕਾਰਨ ਜੰਗਲ ਦਾ ਭਾਵ ਦੇਣ ਲਗ ਪਿਆ। ਇਸ ਤਰ੍ਹਾਂ ਸਮਧਰ ਵਰਤੋਂ ਵਿਚ ਆਇਆ ਸਾਂਦਲ ਬਣ ਗਿਆ।"

ਕਿੰਤੂ ਇਹ ਵਿਗਿਆਨਕ ਵਜ਼੍ਹਾ ਇਸ ਇਲਾਕੇ ਤੇ ਏਨੀ ਨਹੀਂ ਘਟਦੀ ਜਿਤਨੀ ਕਿ ਦੁਆਬਾ ਜਲੰਧਰ ਜਾ ਬਾਰੀ ਤੇ। ਸਾਂਦਲ ਬਾਰ ਏਨੀ ਸਮਤਲ ਨਹੀਂ ਜਿਤਨੇ ਉਹ ਦੁਆਬੇ ਹਨ। ਹਾਂ ਅਲਬਤਾ ਪ੍ਰਿੰਸਿਪ ਦੇ ਕਥਨ ਅਨੁਸਾਰ ਰਾਏ ਰਣਛੋਡ ਦੇ ਵੰਸ਼ਜ ਹੁਣ ਸ਼ੂਨ ਤੇ ਦਲ (ਜਿਨ੍ਹਾਂ ਦਾ ਜਿਕਰ ਅਗੇ ਦਿੱਤਾ ਜਾਵੇਗਾ) ਦੇ ਨਾਮ ਤੇ ਸ਼ੂੰਹੇ ਦਲ ਤੋਂ ਅਗਰ ਬਦਲ ਕੇ ਸਾਂਦਲ ਬਣ ਗਿਆ ਹੋਵੇ ਤਾਂ ਵਡੀ ਗੱਲ ਨਹੀਂ।

ਆਈਨਾ ਇ ਬਰਾਰ ਦਾ ਕਰਤਾ ਲਿਖਦਾ ਹੈ ਕਿ ਜਦੋਂ ਯਾਦਵ ਕੁਲ ਦੇ ਵਡੇਰਿਆਂ ਨੇ ਇਸ ਇਲਾਕੇ ਵਿਚ ਪੈਰ ਰਖੇ ਤਾਂ ਸਾਂਗਲੇ ਦੇ ਉਤਪਾਤੀ ਸਾਂਧੜ ਨਾਮੀ ਚੂਹੜੇ ਨੇ ਉਹਨਾਂ ਨੂੰ ਤੰਗ ਕੀਤਾ। ਰਾਏ ਬੱਛ ਨੇ ਉਸ ਨੂੰ ਮੱਲ ਯੁੱਧ ਵਿਚ ਮਾਰਨਕਰ ਇਥੇ ਦਾ ਨਾਮ ਸਾਂਧੜ ਬਾਰ ਪਿਆ। ਇਹੋ ਵਿਥਿਆ ਖਰਲਾਂ ਵਿਚ ਇਉਂ ਪ੍ਰਚਲਤ ਹੈ :—

ਖਰਲਾਂ ਦੇ ਦੋ ਗੋਤਾਂ, ਪਿਰੋਕੇ ਤੇ ਜਾਲਬ ਕਿਆਂ ਨੂੰ ਦੂਜੇ ਖਰਲ[1] ਚੂਹੜੇਰੇ ਆਖਦੇ ਹਨ। ਜਿਸਦੀ ਵਜ੍ਹਾ ਇਹ ਹੈ ਕਿ ਬਦਨਾਮ ਚੂਹੜਾ ਡਾਕੂ, ਸਾਂਦਲ ਸਾਂਗਲੇ ਦੇ ਇਲਾਕੇ ਵਿਚ ਖਰਲਾਂ ਦੇ ਡੰਗਰ ਚੁੱਗਣ ਨਹੀਂ ਸੀ ਦੇਂਦਾ, ਫਿਰ ਉਸਨੇ ਖਰਲਾਂ ਤੋਂ ਡੋਲਾ ਮੰਗਿਆ। ਖਰਲਾਂ ਨੇ ਹਾਂ ਕਰ ਦਿੱਤੀ ਤੇ ਨਿੱਯਤ ਦਿਨ ਤੇ ਸਾਂਦਲ ਆਪਣਾ ਭਾਈ ਚਾਰਾ ਲੈ ਕੇ ਖਰਲਾਂ ਦੇ ਘਰ ਪੁੱਜਾ।

ਖਰਲਾਂ ਨੇ ਬੰਦਿਆਂ ਅਤੇ ਜਨਾਨੀਆਂ ਦੇ ਖਾਣੇ ਦਾ ਪ੍ਰਬੰਧ ਵੱਖੋ ਵੱਖ ਕੀਤਾ ਹੋਇਆ ਸੀ। ਬੰਦਿਆਂ ਨੂੰ ਜਦ ਰੋਟੀ ਖਾਣ ਵਾਸਤੇ ਛੱਪਰ ਵਿਚ ਸਫਾਂ ਤੇ ਬੈਠਾਇਆ ਤਾਂ ਸਾਰੇ ਦਾ ਸਾਰਾ ਛੱਪਰ ਭੜੱਕ ਕਰਕੇ ਉੱਡ ਗਿਆ ਕਿਉਂਕਿ ਖਰਲਾਂ ਨੇ ਸਫਾਂ ਦੇ ਥਲੇ ਬਾਰੂਦ ਰੱਖਿਆ ਹੋਇਆ ਸੀ। ਚੂਹੜਿਆਂ ਦੇ ਮਰਦ ਸਾਰੇ ਮਰ ਗਏ ਤੇ ਜਨਾਨੀਆਂ ਬਚ ਗਈਆਂ। ਉਹ ਖਰਲਾਂ ਨੇ ਘਰੀਂ ਪਾ ਲਈਆਂ ਉਹਨਾਂ ਵਿਚੋਂ ਦੋ ਦੀ ਸੰਤਾਨ, ਉਪ੍ਰੋਕਤ, ਪਿਰੋਕੇ ਤੇ ਜਾਲਬ ਕੇ ਖਰਲ ਦੱਸੀ ਦੇ ਹਨ। ਜੋ ਇਸੇ ਕਰਕੇ ਚੂਹੜੇਰੇ ਖਰਲਸਦੀਦੇ ਹਨ।

ਕਹਾਣੀ ਭਾਂਵੇ ਹੋਰ ਸਪੰਰਭ ਵਿਚ ਹੈ ਮਗਰ ਸਾਂਦਲ ਦੇ ਨਾਮ ਦੀ ਅਤੇ ਉਸਦਾ ਚੂਹੜਾ ਹੋਣ ਅਤੇ ਉਸਦੇ ਨਾਮ ਤੇ ਸਾਂਧੜ ਅਰਥਾਤ ਸਾਂਦਲ ਬਾਰ ਨਾਮ ਦੀ ਪੁਸ਼ਟੀ ਹੁੰਦੀ ਹੈ [2] ਕਿੰਤੂ ਸਾਂਦਲ ਦੇ ਉਤਪਾਤੀ ਆਦਮਖੋਰ ਹੋਣ ਦੀ ਅਤੇ ਇਸ ਤਲਕੇ ਦਾ ਨਾਮ ਸਾਂਦਲ ਬਾਰ ਪੈਣ ਦੀ ਸਾਖੀ ਮਿ: ਈ: ਡੀ ਮੈਕਲੇਗਨ ਵੀ ਭਰਦਾ ਹੈ।

ਖੱਖਰ ਗੋਤ ਦੇ ਰਾਜੇ ਭਰਤ (ਜਿਸ ਦਾ ਹਾਲ ਖੱਖਰਾਂ ਵਿਚ ਦਿੱਤਾ ਜਾਵੇਗਾ) ਦੇ ਪੋਤਰੇ ਸਾਂਦੇ ਨੇ ਰਾਵੀ ਤੇ ਡੇਕ[3] ਦੇ ਵਿਚਕਾਰ ਸਾਂਦਰ ਨਾਂ ਦਾ ਨਗਰ ਵਸਾਇਆ ਜੋ ਉੱਜੜ ਗਿਆ ਅਤੇ ਜਿਸ ਦਾ ਥਿਹ ਅਜੇ ਵੀ ਸਾਂਦੜਕਾ ਟਿੱਬਾ ਕਤਕੇ ਸੱਦਿਆ ਜਾਂਦਾ ਹੈ। ਸਾਂਦੇ ਨੇ ਪਿੰਡੀ ਭਟੀਆਂ ਦੇ ਇਲਾਕੇ ਵਿਚ ਬੜਾ ਅਛਾ ਰਾਜ ਕੀਤਾ ਜਿਸਦੇ ਮਗਰੋਂ ਇਸ ਤਲਕੇ ਦਾ ਨਾਮ ਸਾਂਦੜ ਅਥਵਾ ਸਾਦਲ ਬਾਰ ਪੈ ਗਿਆ। ਇਉਂ ਪ੍ਰਤੀਤ ਹੁੰਦਾ ਹੈ ਕਿ ਭੱਟੀਆਂ ਨੇ ਆ ਕੇ ਸਾਂਦੇ ਦੀ ਅੰਸ ਨੂੰ ਕੱਢ ਦਿੱਤਾ ਜਿਹੜੇ ਕਿ ਅਜੇ ਵੀ ਮੁਲਤਾਨ ਦੇ ਇਲਾਕੇ ਵਿਚ ਸਾਦੜ ਜੱਟ ਸੱਦੀਦੇ ਹਨ।

ਹਿੰਦੂ ਮਿਥਿਹਾਸ ਕੋਸ਼ ਦੇ ਅਨੁਸਾਰ, ਜੋ ਜਾਤੀਆਂ ਸੰਧਿਆ ਸਮੇਂ ਬਲਵਾਨ ਹੁੰਦੀਆਂ ਹਨ ਉਹਨਾਂ ਨੂੰ ਸੰਧਿਆ ਬਲ ਕਿਹਾ ਜਾਂਦਾ ਹੈ। ਕਿੰਤੂ, ਜਿਤਨੇ ਵੀ ਆਕ੍ਰਮਨਕਾਰੀ ਵਿਦੇਸ਼ੀ ਆਉਂਦੇ ਸਨ, ਸਭ ਇਸ ਬਾਰ ਵਿਚੋਂ ਹੋ ਕੇ ਗੁਜ਼ਰਦੇ ਸਨ, ਜਿਸ ਕਰਕੇ ਇਥੋਂ ਦੇ ਵਸਨੀਕ ਜੰਗਲਾਂ ਵਿਚ ਰਹਿੰਦੇ ਸਨ। ਜਦੋਂ ਰਾਤ ਨੂੰ ਫੌਜ ਆਰਾਮ ਕਰਦੀ ਸੀ ਤਾਂ ਬਾਰ ਦੇ ਵਾਸੀ ਛਾਪਾ ਮਾਰ ਕੇ ਸੁਤਿਆਂ ਨੂੰ ਲੁੱਟ ਲੈ ਜਾਇਆ ਕਰਦੇ ਸਨ। ਹੋ ਸਕਦਾ ਹੈ ਇਸੇ ਕਾਰਨ ਇਸ ਬਾਰ ਦਾ ਨਾਮ ਸੰਧਾਬਲ ਬਾਰ ਪੈ ਗਿਆ ਹੋਵੇ ਜਿਸ ਦਾ ਪ੍ਰੀਵਰਤਤ ਰੂਪ ਸਾਂਦਲ ਬਾਰ ਹੋ ਗਿਆ ਹੋਵੇ।

---

1. Punjab Tribes & Castes Voll II PP. 498/499.
2. " " " 542.
3. ਇੱਕ ਨਦੀ ਦਾ ਨਾਮ ਹੈ।

ਇੱਕ ਇਤਿਹਾਸਕ ਰਵਾਇਤ ਅਨੁਸਾਰ ਬਿਕਰਮਾਜੀਤ ਦਾ ਵੰਸ਼ਜ ਵਰਯਾਹ ਰਾਜਪੂਤ ਰਾਜਾ ਬਿਨੇ ਪਾਲ ਗਜ਼ਨੀ ਦਾ ਆਖਰੀ ਭਾਰਤੀ ਰਾਜਾ ਸੀ। ਉਹ ਜਦੋਂ ਗਜ਼ਨੀ ਛੱਡ ਕੇ ਆਇਆ ਤਾਂ ਉਸ ਦਾ ਰਾਜ ਬਠਿੰਡੇ ਤੋਂ ਲੱਗ ਕੇ ਲਮਗਾਨ ਤੱਕ ਸੀ। ਉਸਦੇ ਚਾਰ ਪੁੱਤਰ ਪਰਗਾ, ਸਾਂਧੜ, ਖਾਲਾ ਤੇ ਮੌੜ ਸਨ। ਜਿਨ੍ਹਾਂ ਵਿਚੋਂ ਪਹਿਲਾ ਨਾਭੇ ਵਿਚ ਜਾ ਬੈਠਾ ਤੇ ਦੂਜੇ ਹੋਰਨੀ ਥਾਂਈ। ਲਾਹੌਰ ਤਦੋਂ ਬਿਨੇ ਪਾਲ ਦੀ ਰਾਜਧਾਨੀ ਸੀ। ਸੰਭਵ ਹੈ ਕਿ ਜਦੋਂ ਬਿਨੇ ਪਾਲ ਗਜ਼ਨੀ ਤੋਂ ਸੰਨ 625 ਈ: ਵਿਚ ਆਇਆ ਤਾਂ ਸਾਂਦੜ ਰਚਨਾ ਦੁਆਬ ਦੇ ਇਸ ਤਲਕੇ ਵਿਚ ਆਬਾਦ ਹੋਣ ਤੇ ਸਾਂਧੜ ਬਾਰ ਨਾਮ ਪਿਆ।

ਖਰਲਾ ਬਾਰੇ

ਕੈਪਟਨ ਸੀ. ਐਮ. ਵੇਡ(C.M. WADE) ਸ਼ੇਰ-ਇ-ਪੰਜਾਬ ਦੇ ਦਰਬਾਰ ਵਿਚ ਅੰਗਰੇਜ਼ਾਂ ਦਾ ਸਫ਼ੀਰ ਸੀ। ਉਸਦੀ ਖਰਲਾਂ ਨਾਲ ਹੋਈ ਵਾਰਤਾ ਦਾ ਤਜ਼ਕਰਾ ਸੋਹਣ ਲਾਲ ਸੂਰੀ ਉਮਦਾਤੂ ਤ੍ਵਾਰੀਖ ਦੇ ਪੰਨਾ 127 ਤੇ ਕਰਦਾ ਹੈ :-

ਕੈਪਟਨ ਵੇਡ : ਤੁਸਾਡਾ ਖਾਣਾ ਕੀਹ ਕੀਹ ਹੁੰਦਾ ਹੈ ?

ਖਰਲ : ਜ਼ਿਆਦਾ ਤਰ ਦੁੱਧ ਅਤੇ ਅਨਾਜ ਘੱਟ।

ਕੈ : ਵੇਡ : ਤੁਹਾਡੇ ਕੋਲ ਕਿਤਨੀਆਂ ਕੁ ਮਝੀਂ ਗਾਈਂ ਹੁੰਦੀਆਂ ਨੇ ?

ਖਰਲ : ਸੌ-ਸੌ, ਦੋ-ਦੋ ਸੌ ਅਤੇ ਕਦੇ ਇਸ ਤੋਂ ਵੀ ਜ਼ਿਆਦਾ।

ਕੈ: ਵੇਡ : ਤੁਸੀਂ ਆਪਣੇ ਗਵਾਚੇ ਢੋਰ ਕਿਵੇਂ ਲਭ ਲੈਂਦੇ ਹੋ ?

ਖਰਲਾ : ਢੋਰ ਦੀ ਪੈੜ ਤੋਂ ਖੁਰਾ ਕੱਢ ਕੇ।

ਕੈ: ਵੇਡ : ਰਾਤ ਨੂੰ ਤੁਸੀਂ ਰਾਹ ਖਹਿੜਾ ਕਿਵੇਂ ਲੱਭ ਲੈਂਦੇ ਹੋ ?

ਖਰਲ : ਤਾਰਿਆਂ ਨੂੰ ਵੇਖ ਕੇ।

ਕੈ: ਵੇਡ : ਅਗਰ ਰਾਤ ਨੂੰ ਬੱਦਲ ਹੋਵਣ ਤਾਂ ?

ਖਰਲ : ਆਮ ਨਿਸ਼ਾਨੀਆਂ, ਝਾੜਾਂ, ਰੁਖਾਂ ਤੇ ਟੋਇਆਂ ਟਿੱਬਿਆਂ ਨੂੰ ਵੇਖ ਕੇ।

ਇਸ ਪ੍ਰਸ਼ਨੋਤਰੀ ਨਾਲ (Capt Wade) ਦੀ ਤਸੱਲੀ ਹੋ ਗਈ।

ਖੋਜੀਆਂ ਬਾਰੇ : ਆਪਣੀ ਕਿਤਾਬ (The land of five Rivers & Sindh) ਪੰਜ ਦਰਿਆਵਾਂ ਅਤੇ ਸਿੰਧ ਦਾ ਦੇਸ਼ ਦੇ ਪੰਨਾ 27 ਅਤੇ 28 ਤੇ Mr. David Ross (ਮਿ. ਡੇਵਿਡ ਰੌਸ) ਖੁਰਾ ਕੱਢਣਵਾਲੇ ਖੋਜੀਆਂ ਬਾਰੇ ਲਿਖਦਾ ਹੈ :-

ਸ਼ੀਰਕ ਜ਼ਿਲੇ ਦੇ ਖੋਜੀ ਜਿੰਨ੍ਹਾਂ ਨੂੰ ਸਿੰਧੀ ਲੋਕ ਪਾਗੀ ਕਹਿੰਦੇ ਹਨ, ਬੜੇ ਅਦਭੁਤ ਗੁਪਤਚਰ ਹੁੰਦੇ ਹਨ। ਬਹੁਤੇ ਖਾਨਦਾਨੀ: ਅਨੁਭਵ ਅਤੇ ਸਿਖਲਾਈ ਨਾਲਬਣੇ ਹੁੰਦੇ ਹਨ। ਇਹ ਢੋਰ ਚਿਰ ਬੀਤ ਚੁੱਕੇ ਤੇ ਕਾਫ਼ੀ ਦੂਰ ਹੋਏ ਡਾਕਿਆਂ ਦਾ ਖੋਜ ਕੱਢ ਲੈਂਦੇ ਹਨ ਜੋ ਨਾ ਮੰਨਣਯੋਗ ਜ਼ਾਹਿਰ ਹੁੰਦਾ ਹੈ। ਕੁਝ ਸਾਲ ਹੋਏ ਖੋਜੀਆਂ ਨੇ ਕਰਾਚੀ ਤੋਂ ਸਹਿਵਾਨ 150ਮੀਲ ਪਹਾੜੀਰਸਤੇ, ਚੋਰੀ ਕਰ ਕੇ ਆਂਦੇ ਊਠ ਦਾ ਖੁਰਾ ਕੱਢਿਆ। ਸਹਿਵਾਨ ਆ ਕੇ ਊਠ ਨਾ ਮਿਲਣ ਤੇ ਖੋਜੀ ਪ੍ਰੇਸ਼ਾਨ ਹੋ ਗਏ। ਮਗਰ ਥੋੜੀ ਦੇਰ ਪਿਛੋਂ ਉਹਨਾਂ ਨੇ ਲੱਭ ਲਿਆ ਕਿ ਚੋਰ ਦੂਸਰੇ ਰਸਤਿਉਂ ਊਠ ਲੈ ਕੇ ਬਾਹਿਰ ਨਿਕਲ ਜਾਂਦਾ ਹੈ। ਜਿਸਦੇ ਫਲਸਰੂਪ ਉਹਨਾਂ ਨੇ ਊਠ ਤੇ ਚੋਰ ਦੋਵੇਂ, ਨਾਲ ਦੇ ਪਿੰਡੋਂ ਜਾਂ ਫੜੇ। ਹੈਰਾਨੀ ਇਸ ਗਲ ਤੇ ਹੈ ਕਿ ਚੋਰ ਤੇ ਊਠ ਨੇ ਸਾਰਾ ਰਸਤਾ ਪਹਾੜੀ ਰਾਹ ਤੈਅ ਕੀਤਾ ਪਰ ਏਨੇ ਚਿਰ ਪਿੱਛੋਂ ਵੀ ਪਥਰਾਂ ਤੇ ਖੁਰੇ ਲਭ ਲਏ।

ਬਾਰ ਅਰਥਾਤ ਜੰਗਲੀ ਇਲਾਕਿਆਂ ਤਥਾ ਪੰਜਾਬ ਦੇ ਜ਼ਿਲੇ ਮੁਲਤਾਨ, ਝੰਗ, ਮਿੰਟਗੁਮਰੀ, ਸ਼ਾਹਪੁਰ ਅਤੇ ਗੁਜਰਾਂਵਾਲਾ ਦੇ ਖਾਨਦਾਨੀ ਖੋਜੀ ਵੀ ਇਹਨਾਂ ਨ ਲੋਂ ਕਿਸੇ ਗੱਲੇ ਘਟ ਨਹੀਂ। ਉਪ੍ਰੋਕਤ ਸੱਭ ਗੁਣ ਇਹਨਾਂ ਵਿਚ ਮੌਜੂਦ ਹਨ।

ਮਿ. ਰੌਸ (Ross) ਆਪਣੀ ਪੁਸਤਕ ਦੇ ਪੰਨਾ 103 ਤੇ ਬਾਰ ਦੇ ਮੁਤੱਲਕ ਲਿਖਦਾ ਹੈ। ਇਹ ਇਲਾਕਾ ਪ੍ਰਾਚੀਨ ਸਮਿਆਂ ਤੋਂ ਮਾਲ ਡੰਗਰ ਪਾਲਣ ਵਾਲਿਆਂ ਲੋਕਾਂ ਨਾਲ ਆਬਾਦ ਹੈ। ਇਹਨਾਂ ਦਾ ਇਤਿਹਾਸ ਵਿਚ ਜ਼ਿਕਰ ਕੇਵਲ ਸਿਕੰਦਰ ਮਹਾਨ ਦੇ ਸਮੇਂ ਤੋਂ ਹੈ। ਇਹ ਲੋਕ ਮਹਾਨ ਜੱਟਾਂ, ਰਾਜਪੂਤਾਂ, ਕਾਠੀਏ, ਸਿਆਲਾਂ, ਭਰਵਾਣਿਆਂ ਤੇ ਭੱਟੀਆਂ ਦੇ ਕਬੀਲਿਆਂ ਵਿੱਚੋਂ ਹਨ। ਇਹਨਾਂ ਵਿੱਚੋਂ ਰਾਜਪੂਤ ਅੰਸ਼ ਅਤਿ ਉਜਾਗਰ ਹੈ, ਜੋ ਬਹੁਤ ਹੱਦ ਤੱਕ ਖੁਦਮੁਖਤਾਰ ਹੀ ਰਹਿੰਦਾ ਆਇਆ ਹੈ। ਇਹਨਾਂ ਦੀ ਸ਼ਾਸਨਹੀਨਤਾ, ਉਤਪਾਤੀ ਸੁਭਾਅ ਚਿਰੋਕਾਲ ਤੋਂ ਪ੍ਰਮਾਣਿਤ ਹਨ। ਡਾਕੇ ਤੇ ਢੋਰ ਡੰਗਰਾਂ ਦੀ ਚੋਰੀ ਇਹਨਾਂ ਵਿੱਚ ਬੜੇ ਸਨਮਾਨਤ ਕਰਮ ਮੰਨੇ ਜਾਂਦੇ ਹਨ।

ਸਿੰਕਦਰ ਮਹਾਨ[1] ਦੇ ਇਤਿਹਾਸਕਾਰ ਅੱਰੀਯਨ ਦੇ ਅਨੁਸਾਰ ਮਕਦੂਨੀ ਫੌਜਾਂ ਦਾ ਅਗਰ ਕਿਸੇ ਡਟ ਕੇ ਮੁਕਾਬਲਾ ਕੀਤਾ ਸੀ ਤਾਂ

---

1. **ਸਿਕਦਰ ਮਹਾਨ :** ਇਹ ਯੂਨਾਨ ਦੀ ਰਿਆਸਤ ਮਕਦੂਨੀਆਂ ਦੇ ਰਾਜੇ ਫਿਲਿਪ ਦਾ ਪੁਤ੍ਰ ਸੰਨ 366 ਪੂਰਵ ਈਸਾ ਜਨਮਿਆ। ਪਿਤਾ ਦੀ ਮੌਤ ਤੋਂ ਪਿਛੋਂ 20 ਸਾਲ ਦੀ ਆਯੂ ਵਿਚ ਰਾਜ ਗੱਦੀ ਤੇ ਬੈਠਾ। ਪ੍ਰਸਿੱਧ ਫ਼ਿਲਾਸਫ਼ਰ ਅਰਸਤੂ ਇਸ ਦਾ ਗੁਰੂ ਸੀ। ਸੰਨ 326 ਪੂ.

ਕੇਵਲ ਮਲ੍ਹੀਆਂ ਤੇ ਕਾਠੀਏ ਜਾਤੀ ਦੇ ਲੋਕਾਂ ਜੋ ਕਿ ਦਰਿਆ ਜਿਹਲਮ, ਚਨਾਬ ਤੇ ਰਾਵੀ ਦੇ ਕੰਢਿਆਂ ਦੇ ਨਾਲ ਨਾਲ ਰਹਿੰਦੇ ਹਨ। ਉਤਾਂਹ ਪਹਾੜ ਵੱਲ ਦਾ ਇਲਾਕਾ ਕਾਠੀਏ ਲੋਕਾਂ ਦਾ ਘਰ ਸੀ ਅਤੇ ਮੁਲਤਾਨ ਤੇ ਕੋਟ ਕਮਾਲੀਆ ਮਲ੍ਹੀਆਂ ਦਾ—ਸਾਂਗਲਾ ਝੰਗ ਤੇ ਗੁਜਰਾਂਵਾਲੇ ਦੀ ਹੱਦ ਉੱਤੇ ਕਾਠੀਆਂ ਦੀ ਪੁਰਾਣੀ ਰਾਜਧਾਨੀ ਸੀ ਜਿਸਦੇ ਬਾਰੇ ਮਿ. Ross (ਮਿ. ਰੌਸ) ਆਪਣੀ ਪੁਸਤਕ ਦੇ ਪੰਨਾ 106 ਤੇ ਲਿਖਦਾ ਹੈ :—

ਉੱਚੀ ਪਹਾੜੀ ਅਤੇ ਉਸਦੇ ਸਮੀਪੀ ਪਾਣੀ (ਜਿਹੜਾ ਕਿ ਕਦੇ ਵੱਡੀ ਝੀਲ ਹੁੰਦਾ ਸੀ) ਨਾਲ ਘਿਰੇ ਹੋਏ ਪੁਰਾਣੇ ਖੰਡਰਾਂ ਤੋਂ ਪਤਾ ਲੱਗਾ ਹੈ ਕਿ ਇਹ ਮਹਾਂਨਗਰ, ਬ੍ਰਾਹਮਣਾਂ ਦਾ ਸਕਾਲਾ, ਬੁਧਾਂ ਦਾ ਸਾਗਲ ਅਤੇ ਯੂਨਾਨੀ ਇਤਿਹਾਸਕਾਰਾਂ ਦਾ ਦੱਸਿਆ ਹੋਇਆ ਸਾਗਲਾ ਹੈ। ਆਰੀਆ ਲੋਕਾਂ ਦਾ ਦੱਖਣ ਭਾਰਤ ਵੱਲ ਵਧਣ ਦਾ ਇਹ ਪਹਿਲਾ ਪੜਾਉ ਹੈ। ਇਥੇ ਹੀ ਉਹਨਾਂ ਆਪਣਾ ਪਹਿਲਾ ਕਿਲਾ ਕਾਇਮ ਕੀਤਾ ਸੀ। ਮਹਾਂਭਾਰਤ ਵਿਚ ਇਸਨੂੰ ਚਾਂਦੀ ਵਾਂਙੂੰ ਚਮਕਦੀਆਂ ਝੀਲਾਂ ਅਤੇ ਪੀਹਲੂ ਦਿਆਂ ਰੁਖਾਂ ਨਾਲ ਸੁਸੱਜਿਤ ਕੁੰਜ[1] ਗਲੀਆ ਸੰਯੁਕਤ ਸਥਾਨ ਵਰਣਨ ਕੀਤਾ ਹੈ।

ਇਹ ਉਹੋ ਸਥਾਨ ਹੈ ਜਿਥੇ ਰਾਜੇ ਕੁਸੂ ਦੀ ਪੁਤਰੀ ਕੁਮਾਰੀ ਪ੍ਰਭਾਵਤੀ ਨੂੰ ਖ਼ੋਹਣ ਵਾਸਤੇ ਸੱਤ ਰਾਜਿਆਂ ਨੇ ਉਸਤੇ ਹਮਲਾ ਕੀਤਾ। ਮਗਰ ਜਦ ਰਾਜੇ ਕੁਸੂ ਨੇ ਆਪਣੇ ਹਾਥੀ ਤੇ ਚੜ੍ਹ, ਕਿਲ੍ਹੇ ਤੋਂ ਬਾਹਰ ਆ ਕੇ ਸਿੰਘ ਨਾਦ ਕੀਤਾ, ਤਾਂ ਸੱਤੇ ਰਾਜੇ ਸਣੇ ਫੌਜਾਂ ਦੇ ਜਿੰਦ ਬਚਾ ਕੇ ਭੱਜ ਗਏ। ਸਾਡੇ ਕੋਲ ਇਸ ਸੁਆਦਲੀ ਮਿਤਿਹਾਸਕ ਕਹਾਣੀ ਤੋਂ ਬਗੈਰ ਹੋਰ ਕੋਈ ਲਿਖਤ ਨਹੀਂ।

ਇਥੇ ਵਿਦਵਾਨ ਲਿਖਾਰੀ ਭੁਲੇਖਾ ਖਾ ਗਿਆ ਦਿਸਦਾ ਹੈ। ਜਨਰਲ ਕਨਿੰਘਮ[2] ਲਿਖਦਾ ਹੈ :—

ਇਸ (ਉਪਰੋਕਤ ਕਥਾ ਦਾ ਸੰਬੰਧ ਸ਼ਾਇਦ ਅੰਬਾ ਕਾਪੀ ਵਾਲੇ ਸੱਤ ਭਰਾਵਾਂ ਤੇ ਭੈਣ ਨਾਲ ਹੋਵੇ, ਜਿਹੜੇ ਕਿ ਸਾਂਗਲੇ ਤੋਂ ਕੁੱਲ 40 ਮੀਲ ਦੂਰ ਚੜ੍ਹਦੇ ਪਾਸੇ ਸਨ। ਈਸਵੀ ਸੰਨ ਦੇ ਆਰੰਭ ਵਿਚ ਸਾਂਗਲਾ, ਉਸ ਰਾਜੇ ਮਲਿੰਦ[3] ਦੀ ਰਾਜਧਾਨੀ ਸੀ। ਜਿਸ ਦਾ ਨਾਮ ਅਜੇ ਵੀ ਬੋਧ ਮੁਲਕਾਂ ਵਿਚ ਮਸ਼ਹੂਰ ਹੈ ਅਤੇ ਜਿਸਨੇ ਰਾਜੇ ਨਾਗਸੈਨ ਦੀ ਵਿਰੋਧਤਾ ਬੜੀ ਕੁਸ਼ਲਤਾ ਨਾਲ ਕੀਤੀ। ਇਸ ਇਲਾਕੇ ਨੂੰ ਤਦੋਂ "ਯਵਨ" ਕਰਕੇ ਸਦਦੇ ਸਨ, ਸਾਇਦ ਯੂਨਾਨੀਆਂ ਜਾਂ ਉਹਨਾਂ ਤੋਂ ਪਿਛੇ ਆਵਣ ਵਾਲੇ ਇੰਡੋ ਸਿਥੀਅਨ ਕਰਕੇ। ਕਿੰਤੂ ਨਾਗਸੈਨ ਈਸਾ ਕਾਲ ਦੇ ਆਰੰਭ ਵਿਚ ਹੋਇਆ ਕਰਕੇ ਇੰਡੋ ਸਿਥੀਅਨ ਦਾ ਪ੍ਰਭਾਵ ਹੀ ਪ੍ਰਬਲ ਭਾਸਦਾ ਹੈ।

ਮਲਿੰਦ ਖੁਦ ਕਹਿੰਦਾ ਹੈ ਕਿ ਉਹ "ਆਲਾਸੰਦਾ" ਵਿਚ ਜੋ ਇਥੋਂ ਦੋ ਸੌ ਜੋਜਨ ਜਾਂ 1400 ਮੀਲ ਦੂਰ ਹੈ, ਪੈਦਾ ਹੋਇਆ ਸੀ ਸੋ ਨਿਰਸੰਦੇਹ ਉਹ ਇੱਕ ਵਿਦੇਸੀ ਸੀ। ਕਨਿੰਘਮ ਕਹਿੰਦਾ ਹੈ ਕਿ ਇਹ ਫਾਸਲਾ ਵਧਾ ਕੇ ਦੱਸਿਆ ਜਾਪਦਾ ਹੈ "ਮੈਂ ਉਸਦਾ ਜਨਮ ਅਲੈਗਜੈਂਡਰੀਆ

ਪਿਛਲੇ ਪੰਨੇ ਦਾ ਨੋਟ :—

ਈ. ਇਸਨੇ ਭਾਰਤ ਤੇ ਹਮਲਾ ਕੀਤਾ। ਤਦੋਂ ਸਿੰਧ ਅਤੇ ਜਿਹਲਮ ਨਦੀਆਂ ਦਾ ਵਿਚਕਾਰਲਾ ਇਲਾਕਾ (ਦੁਆਬਾ ਸਿੰਧ ਸਾਗਰ) ਟੈਕਸਲਾ ਦੇ ਰਾਜੇ ਅੰਭੀ ਅਧੀਨ ਸੀ। ਤਦੋਂ ਭਾਰਤ ਵਿਚ ਕੋਈ ਕੇਂਦਰੀ ਰਾਜ ਨਹੀਂ ਸੀ। ਸਗੋਂ ਸੁਤੰਤਰ ਰਾਜ ਸਨ ਜੋ ਆਪਸ ਵਿਚ ਲੜਦੇ ਰਹਿੰਦੇ ਸਨ।

ਅੰਭੀ ਨੇ ਨਾਂ ਕੇਵਲ ਬਗੈਰ ਜੰਗ ਦੇ ਹੀ ਸਿਕੰਦਰ ਦੀ ਅਧੀਨਗੀ ਕਬੂਲ ਕਰ ਲਈ ਸਗੋਂ ਰਾਜਾ ਪੋਰਸ ਦੇ ਖਿਲਾਫ਼ ਧਨ ਤੇ ਫੌਜ ਦੀ ਮਦਦ ਸਿਕੰਦਰ ਨੂੰ ਦਿੱਤੀ। ਕਈ ਇਤਿਹਾਸਕਾਰਾਂ ਦਾ ਕਥਨ ਹੈ ਕਿ ਪੋਰਸ ਦੇ ਕਰੜੇ ਟਾਕਰੇ ਕਰਕੇ ਜੇਤੂ ਸਿਕੰਦਰ ਹੌਂਸਲਾ ਹੋ ਗਿਆ ਤਾਂ ਅੰਭੀ ਨੇ ਉਸਨੂੰ ਪਹਾੜਾਂ ਵੱਲ ਦਾ ਰਸਤਾ ਦਿਖਾਇਆ ਜਿਥੋਂ ਉਹ ਜਿਹਲਮ ਪਾਰ ਕਰਕੇ ਪੋਰਸ ਦੇ ਸੱਜੇ ਪਾਸਿਉਂ ਹਮਲਾਵਰ ਹੋਇਆ। ਜਿਸ ਤੇ ਰਾਜਾ ਪੋਰਸ ਬੜੀ ਬੀਰਤਾ ਨਾਲ ਲੜਦਿਆਂ ਫੱਟੜ ਹੋ ਗਿਆ ਅਤੇ ਯੁੱਧ ਵਿਚ ਹਾਰ ਗਿਆ।

ਕਹਿੰਦੇ ਨੇ ਜਦੋਂ ਸਿਕੰਦਰ ਦੀ ਸੈਨਾ ਨੇ ਰਾਜਾ ਪੋਰਸ ਨੂੰ ਸਿਕੰਦਰ ਦੇ ਸਾਹਮਣੇ ਕੀਤਾ ਤਾਂ ਸਿਕੰਦਰ ਨੇ ਪੋਰਸ ਨੂੰ ਪੁਛਿਆ :—

ਦੱਸ ਹੁਣ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ ?

ਪਰਸ : ਜੋ ਸਲੂਕ ਇਕ ਬਾਦਸ਼ਾਹ ਨੂੰ ਦੂਜੇ ਬਾਦਸ਼ਾਹ ਨਾਲ ਕਰਨਾ ਉਚਿਤ ਹੈ।

ਇਹ ਉੱਤਰ ਸੁਣ ਕੇ ਸਿਕੰਦਰ ਪ੍ਰਸੰਨ ਹੋ ਗਿਆ ਤੇ ਉਸਦਾ ਰਾਜ ਜਿਹੜਾ ਕਿ ਜਿਹਲਮ ਅਤੇ ਚਨਾਬ ਨਦੀਆਂ ਦੇ ਵਿਚਕਾਰ (ਦੁਆਬਾ ਚਜ) ਸੀ ਫਿਰ ਪੋਰਸ ਨੂੰ ਵਾਪਸ ਦੇ ਕੇ ਮਿਤ੍ਰਤਾ ਕਰ ਲਿਆ। ਇਥੋਂ ਫਿਰ ਅਗਾਂਹ ਨੂੰ ਸਿਕੰਦਰ ਪਹਾੜ ਦੀ ਕੰਧੀ ਕੰਧੀ ਹੋਕੇ ਭਾਰਤ ਨੂੰ ਫ਼ਤਹਿ ਕਰਨ ਚੱਲ ਪਿਆ।

1. ਜੰਗਲ ਦੀ ਗਲੀ
2. Cunningham Archaeological Survey of India, Vol. II pp. 198-99.
3. ਸਿਕੰਦਰ ਪਿਛੋਂ 155-153 ਪੂ: ਈ: ਰਾਜਾ ਮਨਿੰਦਰ (ਮਲਿੰਦ) ਨੇ ਭਾਰਤ ਤੇ ਹਮਲੇ ਕੀਤੇ, ਤੇ ਫਤਿਹ ਕਰਦਾ 2 ਚਿਤੌੜ, ਅਵਧ ਤੱਕ ਪੁੱਜਾ (ਰਸਾਲੂ ਪੰ: 81)

ਓਪੀਆਨੇ (Alexandria opiae) ਜਿਹੜਾ ਕਿ ਕਾਬੁਲ ਤੋਂ ਚਾਲੀ ਮੀਲ ਉੱਤਰ ਵੱਲ ਹਿੰਦੂ ਕਸ਼ (Indian caucasus) ਵਿਚ ਨਿਸ਼ਚਿਤ ਕਰਦਾ ਹਾਂ"। ਕੁਝ ਚਿਰ ਪਾ ਕੇ ਸਾਂਗਲਾ ਰਾਜ ਮਿਹਰਕੁਲ ਦੇ ਥੱਲੇ ਰਿਹਾ। ਕਿੰਤੂ ਝਬਦੇ ਹੀ ਮਿਹਰਕੁਲੋ ਮਗਧ ਦੇ ਰਾਜਾ ਬਾਲਾਦਤਯਾ ਤੋਂ ਹਾਰ ਖਾਗਿਆ। ਜਦੋਂ ਮਿਹਰਕੁਲ ਆਪਣੇ ਜੇਤੂਆਂ ਕੋਲੋਂ ਬਚ ਕੇ ਨਿਕਲ ਗਿਆ ਤਾਂ ਉਸਨੇ ਧੋਖੇ ਅਤੇ ਫਰੇਬ ਨਾਲ ਕਸ਼ਮੀਰ ਰਾਜ ਤੇ ਜਾ ਕਬਜ਼ਾ ਕੀਤਾ। ਇਸ ਸਮੇਂ ਤੋਂ ਪਿਛੋਂ ਸੰਨ 633 ਈਸਵੀ ਵਿਚ ਚੀਨੀ ਯਾਤਰੂ ਹਿਊਨਸਾਂਗ ਸਾਂਗਲੇ ਦਾ ਜ਼ਿਕਰ ਕਰਦਾ ਹੈ।

ਹੁਣ ਲਵੋ ਯੂਨਾਨੀ ਇਤਿਹਾਸਕਾਰ, ਅੱਰੀਯਾਨ ਤੇ ਕਰਟਿਸ ਦੇ ਵਿਚਾਰ, ਉਹ ਲਿਖਦੇ ਹਨ ਕਿ ਸਿਕੰਦਰ ਮਹਾਨ ਗੰਗਾ ਵੱਲ ਵਧਣ ਨੂੰ ਤਿਆਰੀ ਕਰ ਰਿਹਾ ਸੀ ਜਦ ਉਸ ਨੂੰ ਖਬਰ ਮਿਲੀ ਕਿ ਸਾਂਗਲੇ ਦੇ ਕਾਠੀਏ ਬੜੇ ਹੰਕਾਰ ਵਿਚ ਆ ਕੇ ਵੰਗਾਰਦੇ ਹਨ।
ਜੇ ਕਦੇ ਸਿਕੰਦਰ ਇਧਰ ਆਵੇ ਤਾਂ ਅਸੀਂ ਡਟਕੇ ਮਾਰ ਮਾਰਾਂਗੇ ਅਤੇ ਹੋਰ ਵੀ ਦੂਤੀਆਂ[2] ਨੇ ਵਧਾ ਚੜ੍ਹਾ ਕੇ ਮਸਾਲੇ ਲਗਾ ਕੇ ਗੱਲਾਂ ਕੀਤੀਆਂ

ਕਾਠੀਏ ਆਪਣੇ ਥਾਂ ਮਸਤ ਸਨ ਅਤੇ ਅੰਦਰੋਂ ਅੰਦਰ ਤਿਆਰੀ ਵੀ ਪੱਕੀ ਸੀ। ਦਰਅਸਲ ਕਾਠੀਏ ਲੜਾਈ ਨਾਲੋਂ ਵਲਾ ਕਰਨਾ ਚਾਹੁੰਦੇ ਸਨ, ਪਰ ਜੇ ਟਾਕਰਾ ਕਰਨਾ ਹੀ ਪੈ ਗਿਆ ਤਾਂ ਡਟ ਕੇ ਮੁਕਾਬਲੇ ਲਈ ਵੀ ਤਿਆਰ ਸਨ। ਸਿਕੰਦਰ ਉਸ ਦਿਨ ਰਾਵੀ ਦੇ ਚੜ੍ਹਦੇ ਕੰਢੇ ਸੀ, ਅਗਲੇ ਦਿਨ ਰਾਵੀ ਪਾਰ ਕਰਕੇ ਉਸਨੇ Pimparama (ਪਿੰਪਰਮਾ) ਸ਼ਹਿਰ ਕੋਲ ਸੈਨਾ ਨੂੰ ਤਾਜ਼ਾਦਮ ਕਰਨ ਲਈ ਪੜਾਓ ਕੀਤਾ, ਅਤੇ ਤੀਸਰੇ ਦਿਨ ਸਾਂਗਲੇ ਪੁੱਜਾ। ਸਿਕੰਦਰ ਦੇ ਅਗਰ ਪਹਿਲੇ ਦੋ ਦਿਨ ਕੂਚ 25, 25 ਮੀਲ ਦੇ ਅਤੇ ਤੀਸਰਾ 15 ਮੀਲ ਦਾ ਮੰਨ ਲਿਆ ਜਾਵੇ ਤਾਂ ਤਾਂ ਰਾਵੀ ਪਾਰ ਦੇ ਪਹਿਲੇ ਪੜਾਉ ਤੋਂ ਸਾਂਗਲੇ ਤੱਕ ਦਾ ਕੁਲ ਫਾਸਲਾ 60, 65 ਮੀਲ ਦੇ ਕਰੀਬ ਬੈਠਦਾ ਹੈ। ਇਹ ਹੀ ਫਾਸਲਾ ਲਾਹੌਰ ਤੋਂ ਸਾਂਗਲੇ ਦਾ ਹੈ। ਜਿਥੋਂ ਕਿ ਸਿਕੰਦਰ, ਇਹਨਾਂ ਬਾਗ਼ੀ ਕਾਠੀਆਂ ਨੂੰ ਸਬਕ ਸਿਖਵਣ ਵਾਸਤੇ ਪਰਤ ਪਿਆ।

---

1. ਮਿਹਰਕੁਲ:— ਹੂਨ ਲੋਕ, ਜਿਨ੍ਹਾਂ ਨੂੰ ਕਿ ਯੇਥਾ ਜਾਂ ਹੈਪਥਾ ਲਾਈਟਸ (Hepthalites) ਵੀ ਆਖਿਆ ਜਾਂਦਾ ਹੈ, ਹਿੰਦ ਵੱਲ ਪਹਿਲੇ ਆਉਣ ਵਾਲੇ ਆਕਰਮਣਕਾਰੀਆਂ ਵਾਂਗ ਸਾਕਾ, ਯੁਏਹ-ਚੀਹ ਆਦਿ ਵਾਂਙ ਖਾਨਾਬਦੋਸ਼, ਚੀਨ ਦੀ ਹੱਦ ਤੇ ਰਹਿਣ ਵਾਲੇ ਸਨ। ਪਹਿਲਿਆ ਦੋਹਾ ਖਾਨਾਬਦੋਸ਼ (ਟੱਪਰੀਵਾਸ) ਕਬੀਲਿਆਂ ਵਾਂਙੂ, ਇਹਨਾਂ ਵੀ ਪੱਛਮ ਵੱਲ ਨੂੰ ਕੂਚ ਕਰ ਲਿਆ।

ਪੰਜਵੀਂ ਸਦੀ ਈਸਵੀ ਵਿਚ ਇਹਨਾਂ ਨੇ ਕੰਧਾਰ ਤੇ ਕਬਜ਼ਾ ਕਰ ਹਿੰਦੁਸਤਾਨ ਵੱਲ ਧਾਈ ਕੀਤੀ ਕਿੰਤੂ ਸਕੰਧ ਗੁਪਤਾ ਨੇ ਇਹਨਾਂ ਦਾ ਮੂੰਹ ਮੋੜ ਦਿਤਾ। ਤੇ ਹੂਨ ਫਿਰ ਈਰਾਨ ਤੇ ਜਾ ਪਏ। ਉਥੋਂ ਦਾ ਬਾਦਸ਼ਾਹ ਹਾਰ ਗਿਆ ਤੇ ਮਾਰਿਆ ਗਿਆ। ਹੂਨਾਂ ਨੇ ਉਥੇ ਆਪਣੇ ਪੈਰ ਜਮਾ ਕੇ ਛੇਵੀਂ ਸਦੀ ਈਸਵੀ ਦੇ ਆਰੰਭ ਵਿਚ ਫਿਰ ਭਾਰਤ ਵੱਲ ਰੁਖ ਕੀਤਾ। ਬਾਦਸ਼ਾਹ ਤੋਰਮਾਨ ਦੀ ਅਗਵਾਈ ਵਿਚ ਇਹਨਾਂ ਨੇ ਪੱਛਮੀ ਪੰਜਾਬ ਦਾ ਕਾਫੀ ਇਲਾਕਾ ਮੱਲ ਲਿਆ। ਅਤੇ ਪੱਛਮੀ ਹਿੰਦ ਦਾ ਇਲਾਕਾ ਵੀ ਕਬਜ਼ੇ ਕਰ ਲਿਆ। ਤੋਰਮਾਨ ਦੇ ਪੁੱਤਰ ਮਿਹਰਕੁਲ ਨੇ ਆਪਣਾ ਰਾਜ ਪਹਾੜ ਵੱਲ ਵੀ ਵਧਾਇਆ। ਇਸਦੀ ਰਾਜਧਾਨੀ ਸਾਂਗਲਾ ਸੀ (The coins by Rameshar Lal Gupta) ਸਿਕੇ ਕਰਤਾ ਰਮੇਸ਼ਰ ਲਾਲ ਗੁਪਤਾ।

ਇਹ ਮਿਹਰਕੁਲ, ਮਗਧ ਦੇ ਰਾਜਾ ਬਾਲਾਦਤਯਾ ਤੋਂ ਹਾਰ ਖਾ ਕੇ ਭੱਜਾ ਸੀ, ਅਤੇ ਫਰੇਬ ਨਾਲ ਕਸ਼ਮੀਰ ਦਾ ਰਾਜਾ ਬਣ ਬੈਠਾ ਸੀ।

ਧਿਆਨ ਰਹੇ ਕਿ ਕੁਛ ਹੂਨ ਗੋਤ ਦੇ ਜੱਟ ਖਾਨਦਾਨ ਹਰਿਆਣੇ ਵਿਚ ਹਨ ਉਹ ਇਹਨਾਂ ਹੂਨਾਂ ਵਿਚੋਂ ਨਹੀਂ ਕਿੰਤੂ ਰਾਏ ਰਣਛੋੜ ਦੇ ਪੁਤਰ ਹੂਨ ਦੇ ਵੰਸ਼ਜ ਹਨ --(ਸੰਪਾਦਕ)

2. ਬਾਵਾ ਬੁਧ ਸਿੰਘ ਜੀ ਆਪਣੀ ਕ੍ਰਿਤ "ਰਸਾਲੂ" ਵਿਚ ਪ੍ਰਿੰਸਪ (Princip) ਦੇ ਹਵਾਲੇ ਨਾਲ ਪੰਨਾ 30 ਤੇ ਲਿਖਦੇ ਹਨ "ਸਿਆਲਕੋਟ (ਨਹੀ ਸਾਂਗਲਾ ਹਿੱਲ) ਦਾ ਪੁਰਾਣਾ 'ਸ਼ਾਕਲਾ'' ਵੀ ਲਿਖਿਆ ਹੈ। ਮਸੀਹ ਤੋਂ 600 ਵਰੇ ਪਹਿਲੋਂ ਮਦਰਾ ਕੌਮ ਦਾ ਸ਼ਹਿਰ ਸੀ। ਸਿਕੰਦਰ ਦੇ ਹਮਲੇ ਵੇਲੇ ਪੁਰੂ ਖਾਨਦਾਨ ਦਾ ਰਾਜਾ ਰਾਜ ਕਰਦਾ ਸੀ, ਜਿਹੜਾ ਜਿਹਲਮ ਵਾਲੇ ਪੋਰਸ ਦਾ ਸਾਕੋਂ ਭਰਾ ਸੀ, ਪਰ ਭਰਾਵਾਂ ਵਿੱਚ ਵੈਰ ਸੀ। ਜਦ ਸਿਕੰਦਰ ਪੋਰਸ ਨਾਲ ਲੜਦਾ ਸੀ, ਤਾਂ ਇਹ ਖੁਸ਼ ਹੁੰਦਾ ਸੀ ਕਿ ਭਰਾ ਮਾਰਿਆ ਜਾਸੀ। ਪਰ ਅੰਤ ਪੋਰਸ ਤੇ ਸਿਕੰਦਰ ਦੀ ਦੋਸਤੀ ਹੋ ਗਈ। ਜਦ ਸਿਕੰਦਰ ਦੀਆਂ ਫੌਜਾਂ ਕੰਢੀ ਕੰਢੀ ਚੜ੍ਹਦੇ ਨੂੰ ਵਧੀਆਂ ਤਾਂ ਪੁੱਰੂ ਸਾਂਗਲਾ (ਸਿਆਲਕੋਟ ਨਹੀਂ) ਛਡ ਕੇ ਰਾਵੀਉਂ ਪਾਰ ਨੱਠ ਗਿਆ। ਪਰ ਸਿਕੰਦਰ ਨੇ ਭਾਜ ਦਿੱਤੀ ਤੇ ਇਲਾਕਾ ਪੋਰਸ ਨੂ ਦੇ ਦਿੱਤਾ। ਸਿਕੰਦਰ ਦੇ ਪਿੱਠ ਮੋੜਨ ਪਿਛੋਂ ਪੰਜਾਬ ਫਿਰ ਆਜ਼ਾਦ ਸੀ।

ਇਥੇ ਹੁਣ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਦੋਹਾਂ ਭਰਾਵਾਂ ਪਰੋਸ ਤੇ ਪੁਰੂ ਵਿੱਚ ਵੈਰ, ਤੇ ਪੋਰਸ ਦੀ ਹਾਰ ਨੇ ਪੋਰਸ ਨੂੰ ਚੁਗਲੀ ਜਾਂ ਚੁੱਕ ਤੇ ਮਜਬੂਰ ਕੀਤਾ ਜਿਸ ਤੋਂ ਸਿਕੰਦਰ ਲਾਹੌਰੋਂ ਸਿੱਧਾ ਸਾਂਗਲੇ ਨੂੰ ਆਇਆ।

ਦੂਜੀ ਧਿਆਨ ਰੱਖਣ ਵਾਲੀ ਗੱਲ ਇਹ ਹੈ ਕਿ ਪੁਰੂ ਸਿਕੰਦਰ ਦੀ ਧਾਈ ਸੁਣ ਕੇ ਹੀ ਨਹੀਂ ਸੀ ਭੱਜਿਆ ਸਗੋਂ ਲੜਾਈ ਵਿੱਚ ਦੁਸ਼ਮਨ ਦੇ ਚੰਗੇ ਦੰਦ ਖੱਟੇ ਕਰਕੇ, ਜਦੋਂ ਡਿੱਠਾ ਹਾਰ ਹੁੰਦੀ ਹੈ ਤਾਂ ਕੈਦ ਹੋਣ ਦੀ ਥਾਵੇਂ ਰਾਵੀਉਂ ਪਾਰ ਭੱਜ ਗਿਆ ਹੋਵੇਗਾ। ਲੜਾਈ ਤੋਂ ਪਹਿਲਾਂ ਤਾਂ ਛੱਡ ਕੇ ਭੱਜ ਜਾਣ ਦਾ ਕੋਈ ਅਰਥ ਹੀ ਨਹੀਂ ਬਣਦਾ। ਇੱਕ ਗੱਲ ਹੋਰ ਵੀ ਹੈ ਕਿ ਅੱਜ ਤੱਕ ਸਾਂਦਲ ਬਾਰ ਦੇ ਕਿਸੇ ਸੂਰਮੇ ਨੇ ਲੜਾਈ ਤੋਂ ਡਰ ਕੇ ਭਾਜ ਨਹੀਂ ਖਾਧੀ ਤੇ ਨਾ ਲੜੇ ਬਿਨਾ ਹਾਰ ਹੀ ਮੰਨੀ ਹੈ। ਇਹ ਇੱਕ ਇਤਹਾਸਕ ਤੱਥ ਹੈ।

ਸ੍ਰੀ ਨੀਲ ਕੰਠ ਸ਼ਾਸਤ੍ਰੀ[1] ਆਪਣੀ ਪੁਸਤਕ ਦੇ ਪੰਨਾ 124 ਤੇ ਲਿਖਦੇ ਹਨ :—''ਮੁੱਕਦੀ ਗਲ ਕਾਠੀਆਂ[1] ਦੇ ਸਖਤ ਮੁਕਾਬਲੇ ਨੇ ਸਿਕੰਦਰ ਨੂੰ ਇਤਨਾ ਕਰੋਧਿਤ ਕੀਤਾ ਕਿ ਉਸਨੇ ਇਸ ਸੁੰਦਰ ਸ਼ਹਿਰ ਨੂੰ ਬਰਬਾਦ ਕਰਕੇ ਰੱਖ ਦਿੱਤਾ। ਮਗਰ ਇਹ ਯਾਦ ਰਹੇ ਕਿ ਸਿਕੰਦਰ ਕਾਠੀਆਂ ਤੇ ਵਿਜੇ ਉਦੋਂ ਹੀ ਪਾ ਸੱਕਿਆ ਜਦ ਰਾਜੇ ਪੋਰਸ ਦੀ ਸੈਨਾ ਨੇ ਆ ਕੇ ਉਸਦੀ ਮਦਦ ਕੀਤੀ।

ਸਿਕੰਦਰ ਨੇ ਕਾਠੀਆਂ ਦਾ ਇਲਾਕਾ, ਉਹ ਭਾਰਤੀ ਇਲਾਕਾ ਜਿਹੜਾ ਉਦੋਂ ਤਕ ਸੁਤੰਤਰ ਸੀ, ਆਪਣੇ ਹਮਾਇਤੀ ਭਾਰਤੀਆਂ ਨੂੰ ਦੇ ਦਿੱਤਾ ਜਿਨ੍ਹਾਂ ਨੇ ਉਸਨੂੰ ਖੁਸ਼ੀ ਨਾਲ ਮਦਦ ਦਿੱਤੀ ਸੀ। ਮਤਲਬ ਇਹ ਕਿ ਉਹਨਾਂ ਨੂੰ ਆਪਣੇ ਭਰਾਵਾਂ ਨਾਲ ਇੱਕ ਕਿਸਮ ਦੀ ਗੱਦਾਰੀ ਕਰਨ ਵਜੋਂ ਇਨਾਮ ਦਿੱਤਾ ਸੀ ਜਿਸਨੂੰ ਈਰਖਾਵਸ਼ ਹੋਏ ਪੋਰਸ ਵਰਗਿਆਂ–ਨੇ ਜਾਗੀਰ ਸਮਝਿਆ। ਇਹ ਵੀ ਮਨ ਵਿਚ ਦੀ ਈਰਖਾ ਦੀ ਹੀ ਚਿਣਗ ਹੈ ਕਿ ਅਸਾਂ ਤਾਂ ਮਾਰ ਖਾਧੀ ਹੈ ਇਹ ਕਾਠੀਏ ਕਿਉਂ ਬਚੇ ਰਹਿਣ ਨਹੀਂ ਤਾਂ ਸਿਕੰਦਰ ਤਾਂ ਪਹਾੜ ਦੇ ਨਾਲ ਅਗਾਂਹ ਗੰਗਾ ਨੂੰ ਜਾ ਹੀ ਰਿਹਾ ਸੀ।

ਇਸ ਸ਼ਹਿਰ ਸਾਂਗਲੇ ਦਾ ਵਰਨਣ ਡਾ: ਉਦਯ ਨਾਰਾਇਣ ਰਾਏ ਆਪਣੀ ਪੁਸਤਕ ਦੇ ਪੰਨਾ 69-70 ਤੇ ਕਰਦੇ ਹਨ :—

ਕਰਟੀਅਸ ਲਿਖਦਾ ਹੈ ਕਿ ਸ਼ਹਿਰ ਦੇ ਚਾਰੇ ਪਾਸੇ ਇੱਕ ਉੱਚੀ ਦੀਵਾਰ ਅਤੇ ਡੂੰਘੀ ਖਾਈ ਸੀ। ਯੂਨਾਨੀ ਫੌਜਾਂ ਤੋਂ ਬਚਣ ਹਿਤ ਕੁਝ ਸ਼ਹਿਰ ਵਾਸੀਆਂ ਨੇ ਤਰ ਕੇ ਇਹ ਖਾਈ ਪਾਰ ਕੀਤੀ ਸੀ। ਸ਼ਹਿਰ ਤੋਂ ਬਾਹਰ ਇੱਕ ਪਹਾੜੀ ਉੱਤੇ ਕਾਠੀਏ ਫੌਜਾਂ ਦਾ ਇੱਕ ਤਕੜਾ ਮੋਰਚਾ ਸੀ

''ਮਲਿੰਦਾ ਪਨਹੋ'' ਵਿਚ ਇਸ ਸ਼ਹਿਰ ਨੂੰ ''ਯੋਕਨਾਨ ਨਸਰਗ'' ਦੱਸਿਆ ਗਿਆ ਹੈ ਕਾਰਨ ਇਹ ਕਿ ਯਵਨ ਰਾਜਾ ਮਲਿੰਦ ਦੀ ਇਥੇ ਮਸ਼ਹੂਰ ਰਾਜਧਾਨੀ ਸੀ। ਜਿਸ ਵਿਚ ਬੜੇ ਸੁੰਦਰ ਬਾਗ਼ ਬਗੀਚੇ ਅਤੇ ਤਲਾਬ ਸਨ। ਨਦੀ ਅਤੇ ਪਹਾੜੀ ਦਾ ਨੇੜ ਕਰਕੇ ਅਤਿ ਰਮਣੀਕ ਲੱਗਦਾ ਸੀ। ਇਸਦੀ ਚੁਤਰਫੀ ਦੀਵਾਰ ਵਿਚ ਦਰਵਾਜ਼ੇ ਅਤੇ ਬਾਉਂ ਥਾਈਂ ਬੁਰਜ ਬਣੇ ਹੋਏ ਸਨ। ਸ਼ਹਿਰ ਵਿਚ ਚੌੜੀਆ ਸੜਕਾਂ, ਚੌਰਾਹੇ ਅਤੇ ਨਾਲੀਆਂ ਬਣੀਆਂ ਹੋਈਆਂ ਸਨ। ਬਾਜ਼ਾਰ ਵਿੱਚ ਅਨੇਕ ਪ੍ਰਕਾਰ ਦੇ ਭਾਂਡੇ, ਭਾਂਤ-ਭਾਂਤ ਦੇ ਫੁੱਲਾਂ ਅਤੇ ਪਦਾਰਥਾਂ ਦੀ ਖੁਸ਼ਬੂ ਆਉਂਦੀ ਸੀ। ਸ਼ਹਿਰ ਵਿਚ ਬੜੇ ਬੜੇ ਸ਼ਾਨਦਾਰ ਮਕਾਨਾਂ ਦੀਆਂ ਕਤਾਰਾਂ ਸਨ।

ਇਥੋਂ ਦੇ ਵਸਨੀਕਾਂ ਦੇ ਘਰ ਸੋਨੇ ਚਾਂਦੀ ਦੇ ਸਿੱਕਿਆ ਨਾਲ ਭਰੇ ਹੋਏ ਸਨ। ਇਸਤ੍ਰੀ ਪੁਰਸ਼ ਬੜੇ ਸਿਸ਼ਟ (ਸੁਧਰੇ ਹੋਏ) ਸਨ। ਹਾਥੀਆਂ, ਘੋੜਿਆਂ, ਰਥਾਂ ਅਤੇ ਸੁੰਦਰ ਇਸਤ੍ਰੀ ਪੁਰਸ਼ਾਂ ਦੀ ਆਵਾਜਾਈ ਕਾਰਨ ਗਲੀਆਂ ਬਾਜ਼ਾਰ ਸੁੰਦਰ ਪ੍ਰਤੀਤ ਹੁੰਦੇ ਸਨ। ਇਥੇ ਹਰ ਇਕ ਧਰਮ ਨੂੰ ਮੰਨਣ ਵਾਲੇ ਲੋਕ ਰਹਿੰਦੇ ਸਨ। ਇਉਂ ਪ੍ਰਤੀਤ ਹੁੰਦਾ ਸੀ ਕਿ ਜਿਵੇਂ ਸਵਰਗ ਧਰਤੀ ਤੇ ਉੱਤਰ ਆਇਆ ਹੋਵੇ।

ਚੀਨੀ ਯਾਤ੍ਰੀ ਹਿਊਨਸਾਂਗ ਦੇ ਆਗਮਨ ਦੇ ਸਮੇਂ 630 ਈ. ਵਿੱਚ ਇਹ ਨਗਰ ਬਿਲਕੁਲ ਗੈਰ ਆਬਾਦ ਸੀ। ਨਗਰ ਦੇ ਖੰਡਰ ਸਾਫ਼ ਨਜ਼ਰ ਆ ਰਹੇ ਸਨ ਜਿਸਦੀ ਨੀਂਵ $3\frac{1}{4}$ ਮੀਲ ਦੇ ਘੇਰੇ ਵਿੱਚ ਸੀ। ਉਸ ਵਕਤ ਚੀਨੀ ਯਾਤ੍ਰੀ ਨੇ ਕੇਵਲ ਇੱਕ ਮੀਲ ਦੇ ਘੇਰੇ ਵਿੱਚ ਇੱਕ ਛੋਟੀ ਜਿਹੀ ਬਸਤੀ ਡਿੱਠੀ। ਉਥੇ ਹੀਨਯਾਨੀ[2] ਬੋਧੀ ਭਿਕਸ਼ੂ ਇੱਕ ਸੌ ਦੇ ਲੱਗਭੱਗ ਇੱਕ ਮੱਠ ਵਿਚ ਰਹਿੰਦੇ ਸਨ। ਮੱਠ ਦੇ ਕੋਲ ਹੀ ਇਕ ਦੋ ਸੌ ਫੁੱਟ ਉੱਚਾ ਸਤੂਪ ਸੀ।

ਇਸ ਲੇਖ ਵਿਚ ਅਖੀਰ ਤੇ ਇਕ ਵਿਵਾਦਜਨਕ ਗੱਲ ਲਿਖ ਕੇ ਸਾਰੇ ਲੇਖ ਨੂੰ ਹੀ ਸੰਦੇਹ-ਪੂਰਨ ਕਰ ਦਿੱਤਾ ਹੈ ਯਥਾ:— ''ਇਸ ਨਗਰ ਦੀ ਪਹਿਚਾਣ ਆਧੁਨਿਕ ਸਿਆਲਕੋਟ ਨਾਲ ਕੀਤੀ ਜਾਂਦੀ ਹੈ।'' ਇਹ ਖਿਆਲ ਹੀ ਨਿਰਮੂਲ ਹੈ ਕਿਉਂਕਿ

1. ਸਿਆਲ ਕੋਟ ਦੇ ਕੋਲ ਕੋਈ ਪਹਾੜੀ ਨਹੀਂ
2. ਇਸਦੇ ਨੇੜੇ ਕੋਈ ਝੀਲ ਨਹੀਂ
3. ਸਿਕੰਦਰ ਗੰਗਾ ਵੱਲ ਵੱਧਦਾ ਹੋਇਆ ਪਹਾੜ ਦੇ ਨਾਲ ਗਿਆ ਤਾਂ ਜੇ ਕਾਠੀਏ ਓਥੇ ਹੁੰਦੇ ਤਾਂ ਜ਼ਰੂਰ ਟਕਰਾ ਹੁੰਦਾ।
4. ਸੂਹ ਮਿਲਣ ਤੇ ਜਦ ਸਿਕੰਦਰ ਪਰਤਿਆ ਲਾਹੌਰੋਂ ਪੱਛਮ ਨੂੰ ਗਿਆ, ਜਦ ਸਿਆਲਕੋਟ ਉਥੋਂ ਉੱਤਰ ਦਿਸ਼ਾ ਵਿਚ ਸੀ।
5. ਚੀਨੀ ਯਾਤ੍ਰੀ ਹਿਊਨਸਾਂਗ ਸਾਕਯਾ (ਅਜਰੂਰ) ਕੋਲੇ ਕੋਲ ਹੀ ਬਿਆਨ ਕਰਦਾ ਨੂੰ
6. ਪੁਰਾਣੀਆਂ ਨੀਹਾਂ ਸੇਵਕ ਨੇ ਆਪਣੇ ਵਿਦਿਆ ਪ੍ਰਾਪਤੀ ਦੇ ਸਮੇਂ ਸੰਨ 1924 ਵਿਚ ਖ਼ੁਦ ਕਈ ਥਾਈਂ ਡਿੱਠੀਆਂ ਸਨ।

ਸੋ ਇਹ ਇੱਕ ਨਿਰਮੂਲ ਵਿਵਾਦ ਹੈ, ਜੋ ਸਿਰਫ਼ ਮੇਜ਼ ਅਤੇ ਕੁਰਸੀ ਤੇ ਬੈਠੇ, ਪੜ੍ਹੇ ਲਿਖੇ ਆਪਣੀ ਦਿਮਾਗੀ ਕਸਰਤ ਲਈ ਕਰਦੇ ਰਹਿੰਦੇ ਹਨ [2] ਅਗਰ ਇਸ ਵਿਸ਼ੇ ਤੇ ਹੋਰ ਪੜ੍ਹਨਾਂ ਹੋਵੇ ਤਾਂ ਜਨਰਲ ਕਨਿੰਘਮ ਦੀ ਪਹਿਲੋਂ ਦੱਸੀ ਕਿਤਾਬ ਪੜਨ ਤੇ ਤਸੱਲੀ ਹੋ ਜਾਵੇਗੀ।

---

1. A Comprehensive Histosy of India 325BC- By Shri Nilkantha Rao.
2. ਮਹਾਤਮਾ ਬੁੱਧ ਦੇ ਚਲਾਏ ਧਰਮਦੀਆਂ ਦੋ ਸ਼ਾਖਾਂ ਹਨ। ਇਕ ''ਹੀਨਯਾਨ'' ਜਿਸਦਾ ਪ੍ਰਚਾਰ ਬਰਮਾ ਸਿਆਮ ਅਤੇ ਸਿੰਹਲਦੀਪ ਵਿਚ ਹੈ। ਦੂਜਾ ''ਮਹਾਂਯਾਨ'' ਜਿਸਦਾ ਪ੍ਰਚਾਰ ਚੀਨ ਤਿੱਬਤ ਆਦਿ ਦੇਸ਼ਾਂ ਵਿਚ ਹੈ।
3. ਇਸ ਦਿਮਾਗੀ ਕਸਰਤ ਦੀ ਇੱਕ ਮਿਸਾਲ ਡਾ: ਕਰਨਲ ਭੋਲਾ ਨਾਥ ਆਪਣੀ ਕਿਤਾਬ ''ਤਾਰੀਖਿ ਲਾਹੌਰ ਵਿਚ ਦਿੰਦੇ ਹਨ :—

''ਚਨਾਬ ਤੇ ਰਾਵੀ ਦੇ ਵਿਚਲਾ ਮੁਲਕ, ਸੰਗਲ ਦੀਪ ਜਾਂ ਸੰਗਲ ਦੁਆਬਾ ਸਦਾਂਉਦਾ ਸੀ। ਜਿਸ ਦੀ ਰਾਜਧਾਨੀ ਸਕਲਾ ਜਾਂ ਸਿਆਲ ਕੋਟ ਸੀ।'' ਹਾਲਾਂਕਿ ''ਸਾਂਗਲਾ'' ਲਾਹੌਰੋਂ ਦੂਰ ਨਹੀਂ ਅਤੇ ਕਰਨਲ ਸਾਹਿਬ ਦੇ ਜੀਵਨ ਕਾਲ ਅਤੇ ਪੁਸਤਕ ਲਿਖਣ ਤੱਕ ਇਹ ਰੇਲ ਦਾ ਜੰਕਸ਼ਨ ਅਤੇ ਪ੍ਰਸਿਧ ਮੰਡੀ ਬਣ ਚੁੱਕਾ ਸੀ।

ਪੱਛਮੀ ਪੰਜਾਬ ਚੋਂ ਆ ਕੇ ਏਧਰ ਜਿੱਥੇ ਜਿੱਥੇ ਵੱਸੇ ।

ਚੱਕ ਗੁਰਦਾਸ.........ਓਸਮਾਨਪੁਰ (ਸਮਾਣਾ ਮੰਡੀ)

ਕਾਮੋਕੇ...............ਗੁਮਥਲਾ (ਕੁਰੁਕਸ਼ੇਤਰ)

ਮਦਾਰ...............ਓਸਮਾਨਪੁਰ (ਸਮਾਣਾ ਮੰਡੀ)

ਮਾੜੀ ਠਾਕਰ ....ਮਲਕਪੁਰ (ਸੱਚਾ ਸੌਦਾ) (ਜੀਂਦ)

ਬਾਹੜ...............ਰਾਜੌਂਦ (ਕੁਰੁਕਸ਼ੇਤਰ)

ਝਾਮਕੇ...............ਦੁੜਾਣਾ (ਜੀਂਦ)

ਗਾਜੀਪੁਰ..............ਚੁਗਾਵਾਂ

ਬਲੂੜਕੇ...............ਗੁਮਥਲਾ (ਕੁਰੁਕਸ਼ੇਤਰ)

ਲਾਲਕੇ...............ਟਾਊਂਠਾ (ਕੁਰੁਕਸ਼ੇਤਰ)

ਕਸ਼ੋਕੇ...............ਠਰੂਆ (ਕਰਨਾਲ)

ਬੰਗਾਲੇ...............ਬਲ (ਪਾਲਾ ਸਿੰਘ ਥਾਨੇਦਾਰ) (ਜੀਂਦ)

ਚੂਹੜਕਾਨਾ........... ਪੱਕਾ ਖੇੜਾ / ਮਰਦਾਨ ਖੇੜਾ (ਕਰਨਾਲ)

ਈਸਰਕੇ...............ਨਿਮਣਾਬਾਦ (ਜੀਂਦ)

ਗਰਮੂਲਾ, ਫਿੱਲੋਕੇ.......ਲਾਲਵਾ (ਨਜ਼ਦ ਚੰਡੀਗੜ੍ਹ)

ਬਾਬਾ ਬਾਘ ਸਿੰਘ ਕੇ............ਮਰਾਲੀ ਕੇ ਕੜਯਾਲ ਠਸਕਾ (ਕੁਰੁਕਸ਼ੇਤਰ)

ਕੜਿਆਲ ਦਾ ਪੰਡਤ ਲੱਧਾ...ਰਜੌਂਦ (ਕੁਰੁਕਸ਼ੇਤਰ)

ਮਸੰਦਾ...............ਸੌਂਕੜਾ (ਤਰਾਵੜੀ)

ਸਮਸੇ...............ਪਧਾਣਾ

ਕੁਠਿਆਲਾ............ਲਖਮੜੀ (ਕੁਰੁਕਸ਼ੇਤਰ)

ਪੁਰਾਣੇ ਵਿਰਕ

ਛਛਰੇਲੀ

ਸਿੰਘ ਪੁਰਾ............ਈਸਰਕੇ

ਕਾਲੋਕ

ਸੋਰਗੜ੍ਹ — ਕੈਥਲ ਤੋਂ ਖਨੌਰੀ ਮੰਡੀ ਤੋਂ ਉਰਲਾਂ ਬੱਸ-ਸਟਾਪ (ਸਾਹੋਕੀਆਂ ਮਲੀਆਂ) ਜਥੇਦਾਰ ਉੱਤਮ ਸਿੰਘ

ਅਤਾਲਾਂ — ਪਾਤੜਾਂ ਤੋਂ ਪਟਿਆਲਾਂ ਰੋਡ ਤੇ ਕਸਬਾ ਘੱਗਾ ਤੋਂ ਇੱਕ ਕਿਲੋਮੀਟਰ ਚੜ੍ਹਦੇ ਪਾਸੇ ਕਾਮਰੇਡ ਕੁੰਦਨ ਸਿੰਘ

ਗਰਮੂਲਾ............ ਪਿੰਡ ਮਜਾਰੀ ਨਜ਼ਦ ਬੰਗੇ ਜਿਲਾ ਜਲੰਧਰ

ਇਤਿਹਾਸਕ ਨੋਟ :

ਜਬਾਨੀ ਜਥੇਦਾਰ ਅਨੋਖ ਸਿੰਘ ਨਾਂਵਾਂ (ਕਾਲੋਕਾ)

ਜੱਸੋ ਦੀਆਂ ਟਾਹਲੀਆਂ ।

ਕਮਾਲੀਏ ਤੋਂ — ਜਿਹੜੀ ਸੜਕ ਕੋਟ ਕਮਾਲੀਏ ਤੋਂ ਨਿਕਲਕੇ ਚੀਚਾ ਵਤਨੀ ਨੂੰ ਜਾਂਦੀ ਹੈ । ਉਸਦੇ ਉੱਤੇ ਪਿੰਡ ਜੱਖੜ ਹੈ । ਉਸਤੋਂ ਪਹਾੜ ਤੇ ਕੋਟ ਚੜ੍ਹਦੇ ਪਾਸੇ, ਜੱਸ ਦੀ ਟਾਹਲੀ, ਨਾਮ ਦਾ ਪਿੰਡ ਸੀ । ਪੰਚਾਇਤੀ ਤੌਰ ਤੇ ਉਥੋਂ ਤੱਕ ਵਿਰਕਾਂ ਦੀ ਹੱਦ ਸੀ ।

ਬਛਰਾਵਾਂ ਦਾ ਖੂਹ

ਵਿਰਕਾਂ ਦਾ ਭੱਟੀਆਂ ਤੇ ਖਰਲਾਂ ਨਾਲ ਮੁੱਢ ਕਦੀਮ ਤੋਂ ਵੈਰ ਟੁਰਿਆ ਆਂਉਂਦਾ ਹੈ। ਵਿਰਕ ਪੈਂਦੇ ਤੇ ਭੱਟੀਆਂ ਅਤੇ ਖਰਲਾਂ ਦਾ ਮਾ ਮਾਰ ਲਿਆਉਂਦੇ ਸਨ ਤੇ ਭੱਟੀ ਗ਼ਾ ਖਰਲ ਮੌਕਾ ਤਾੜ ਵਿਰਕਾਂ ਦਾ ਮਾਲ ਭਜਾ ਲਿਜਾਂਦੇ ਸੀ ਨਿੱਤ ਝੇੜੇ ਤੇ ਲੜਾਈਆਂ ਪਏ ਰਹਿੰਦੇ—ਬਾਬੇ ਅਮੀ ਸਿੰਘ ਨੇ ਸਰਕਰਦੇ ਵਿਰਕਾਂ (ਬਛਰਾਵਾਂ) ਸਮੇਤ ਭੱਟੀਆਂ ਤੇ ਖਰਲਾਂ ਨਾਲ ਬਹਿਕੇ ਸਾਹਕੋਟ ਪੰਚਾਇਤ ਕੀਤੀ। ਜਿਸ ਵਿਚ ਸ਼ਾਹਕੋਟ ਹੱਦ ਮੁਕੱਰ ਹੋਈ ਤੇ ਉਥੇ ਤਿੰਨਾਂ ਧਿਰਾਂ ਨੇ ਆਪੋ ਆਪਣੇ ਖੂਹ ਲਵਾਏ ਜੋ ਇਸ ਤਰ੍ਹਾਂ ਸਨ :—

ਵਿਰਕਾਂ ਦਾ ਖੂਹ (ਬਛਰਾਵਾਂ ਦਾ ਜਿਸ ਨਾਲ ਜਾਊ, ਅਤੇ ਜੋਪਰਦਾ ਕੋਈ ਤਅੱਲਕ ਨਹੀਂ ਸੀ) ਪਹਾੜੀ ਤੇ ਚੜ੍ਹਦੇ ਤੇ ਪਹਾੜ ਦੀ ਗੁਠ ਵਿਚ ਇਹ ਖੂਹ ਬਛਰਾਵਾਂ ਦੀ ਉਗਰਾਹੀ ਨਾਲ ਬਾਬੇ ਬਾਘ ਸਿੰਘ ਕੜਿਆਲੀਏ ਦੀ ਅਗਵਾਈ ਹੇਠਾਂ ਲੱਗਾ।

ਖਰਲਾਂ ਦਾ ਖੂਹ—ਚੜ੍ਹਦੇ ਤੇ ਦੱਖਣ ਦੀ ਗੁੱਠ ਵਿਚ।

ਭੱਟੀਆਂ ਦਾ ਖੂਹ—ਪਹਾੜੀ ਤੋਂ ਲਹਿੰਦੇ ਵੱਲ ਲਹਿੰਦੇ ਤੇ ਪਹਾੜ ਦੀ ਗੁੱਠ ਵਿੱਚ। ਫੈਸਲਾ ਇਹ ਹੋਇਆ ਕਿ ਆਪੋ ਆਪਣੇ ਖੂਹ ਤੇ ਮੁਸਲਮਾਨ ਮਜਾਵਰ ਬਿਠਾਏ ਜਾਵਣ। ਵਿਰਕਾਂ ਦਾ ਮਜਾਵਰ **ਬਛਰਾਵਾਂ ਤੋਂ ਪਾਈ ਪਿੜ, ਮੁੰਡਾ ਜੰਮੇ ਦਾ ਇੱਕ ਰੁਪਈਆ, ਕੁੜਮਾਈ** ਤੇ ਰੁਪਈਆ, ਜੰਞ ਚੜੇ ਤੇ ਰੁਪੱਈਆ, ਬੁੱਢਾ ਮਰੇ ਤੇ ਰੁਪੱਈਆ ਲੈਂਦਾ ਸੀ। ਜਦੋਂ ਕੋਈ ਵਿਰਕ ਸ਼ਾਹਕੋਟ ਆਏ ਤਾਂ ਮਜਾਵਰ ਉਸਦੀ ਘੋੜੀ ਨੂੰ ਦਾਣਾ ਪੱਠਾ ਦੇਵੇਗਾ ਉਸਦੇ ਮੰਜੀ ਬਿਸਤਰੇ, ਅਤੇ ਪ੍ਰਸ਼ਾਦਿ ਪਾਣੀ ਦਾ ਪ੍ਰਬੰਧ ਕਰੇਗਾ।

ਚੋਰੀ ਦੇ ਮੁਤੱਅਲਕ ਇਹ ਫੈਸਲਾ ਹੋਇਆ ਕਿ ਜਿਸਦੇ ਇਲਾਕੇ ਵਿਚ ਖੁਰਾ ਜਾਂ ਪਵੇ ਉਹ ਜਾਂ ਤਾਂ ਸਗਾਵਾਂ ਮਾਲ ਦੇਵੇ ਜਾਂ ਖੁਰਾ ਆਪਣੀ ਬੁਰਜੀ ਤੋਂ ਬਾਹਰ ਕੱਢ ਦੇਵੇ।


ਬਛਰਾ ਦੀ ਅੰਸ਼ ਇਥੋਂ (ਸ਼ਾਹਕੋਟ) ਤੱਕ ਤਿਣੀ ਉਗਰਾਹਿਆ ਕਰਦੇ ਸਨ। ਜਦੋਂ ਅੰਗਰੇਜ ਆਏ ਉਹਨਾਂ ਛਾਪਾ ਮਾਰ ਕੇ ਇਹ ਇਲਾਕਾ ਕਾਬੂ ਕਰ ਲਿਆ। ਨਹਿਰ ਪਾਕੇ ਆਬਾਦ ਕਰ ਲਿਆ।

ਕੱਕੀ ਵਣਟੀ

ਲਾਇਲਪੁਰ ਤੋਂ ਅੱਗੇ ਅਬੱਸਪੁਰ ਦੇ ਸਟੇਸ਼ਨ ਤੋਂ ਚਾਰ ਮੀਲ ਦੱਖਣ, ਨਵੀਂ ਆਬਾਦੀ ਦੇ ਪਿੰਡ ਨੈਣ ਵਾਲੀ ਭੁੱਲਰ ਤੇ ਕਕੜਾ ਦੇ ਦਰਮਿਆਨ ਇੱਕ ਉੱਚਾ ਟਿੱਬਾ ਅਤੇ ਡੂੰਘੀ ਢਾਬ ਹੈ। ਉਸ ਟਿੱਬੇ ਤੇ ਇੱਕ ਕੱਕੇ ਪਤਰਾਂ ਵਾਲਾ ਵਣ ਦਾ ਰੁੱਖ ਸੀ ਜਿਸਨੂੰ ਕੌੜੀਆਂ ਪੀਲੂ ਲੱਗਦੀਆਂ ਹੁੰਦੀਆਂ ਸਨ। ਇਸ ਕਰਕੇ ਇਹ ਥਾਂ ਕੱਕੀ ਵਣੱਟੀ ਦੇ ਨਾਮ ਨਾਲ ਮਸ਼ਹੂਰ ਸੀ। ਪੰਚਾਇਤੀ ਫੈਸਲੇ ਤੋਂ ਪਹਿਲੋਂ ਜੱਜੇ ਦੀਆਂ ਟਾਹਲੀਆਂ ਤੋਂ ਲੱਗਕੇ ਕੱਕੀ ਵਣੱਟੀ ਤਕ ਵਿਰਕਾਂ ਦੀ ਹੱਦ ਸੀ।

ਵਾਘੋ (ਸੰਨ: 1700 ਈ ਦੇ ਨੇੜੇ)

ਰਾਵੀ ਦੇ ਕੰਢੇ, ਖਰਲਾਂ ਦੇ ਪਿੰਡ, ਫਰੀਦਾਬਾਦ, ਵਿਚ ਵਾਘੂ ਨਾਮ ਦਾ ਇਕ ਮੁਸੱਲੀ ਰਹਿੰਦਾ ਸੀ। ਜੋ ਕਿ ਜੰਗਲ ਵਿਚ ਮੁੱਢੀਆਂ ਪੁੱਟਦਾ ਤੇ ਕੁੱਪ ਚਾੜ੍ਹਦਾ, ਤੇ ਕੋਲੇ ਵੇਚਕੇ ਆਪਣਾ ਟੱਬਰ ਟੋਰਦਾ ਸੀ। ਇੱਕ ਦਿਨ ਖਰਲਾਂ ਦੇ ਦੋ ਪਿੰਡਾਂ ਦੀ ਆਪਸ ਵਿਚ ਲੜਾਈ ਹੋ ਪਈ ਪਿੰਡ ਦੀ ਵਾਹਰ ਭੱਜੀ ਜਾਂਦੀ ਵੇਖ ਵਾਘੂ ਵੀ ਕੁਹਾੜਾ ਚੁੱਕ ਨਾਲ ਭਜ ਵੱਗਿਆ ਚੂਹੜਾਂ ਹੋਣ ਕਰਕੇ ਕੁਦਰਤੀ ਜ਼ਾਲਮ ਸੁਭਾਅ ਦਾ ਸੀ। ਇਸਨੇ ਕੁਹਾੜੇ ਨਾਲ ਵੈਰੀਆਂ ਦੀ ਚੰਗੀ ਵਾਢ ਕੀਤੀ। ਇਸਨੇ ਆਪਣਾ ਇੱਕ ਵੱਖਰਾ ਟੋਲਾ ਬਣਾ ਲਿਆ ਤੇ ਕੜਕਣ ਹੁਣ ਜ਼ਿਲਾ ਸ਼ੇਖੂਪੁਰਾ ਉੱਤੇ ਆ ਬੈਠਾ। ਏਥੇ ਪਿਉ ਤੇ ਮਰ ਗਿਆ। ਅਗੋਂ ਪੁੱਤਰ ਭਲਵਾਣ ਜੰਮਿਆ। ਮੁੰਡੇ ਦੀ ਮਾਂ ਨੇ ਮੁੰਡੇ ਨੂੰ ਸਾਈ ਸਾਬਤ ਸ਼ਾਹ ਚੱਠੇ ਦੇ ਜਾ ਸਲਾਮ ਕਰਵਾਇਆ। ਉਸ ਅਸੀਸ ਦਿੱਤੀ ਜਾਹ ਤੇਰੇ ਢੋਲ ਵਜਾ ਦਿੱਤੇ ਨੇਂ।



ਇਕ ਵੇਰਾਂ ਲਾਗਰਾਂ ਦੇ ਤੇ ਜਾਤਰੀ ਦੇ ਸਿੰਘ ਕਿਸੇ ਕੰਮ ਕੜਕਣ ਗਏ ਤੇ ਰਾਤ ਉਥੇ ਹੀ ਰਹੇ । ਗੱਲੋਂ ਗਲੀਂ ਸ: ਮੰਗਲ ਸਿੰਘ ਵਲਦ ਚੇਤ ਸਿੰਘ ਨੱਥਰੀਏ ਨੇ ਢੱਲਾ ਆਖਿਆ :-

ਕਾਲ ਬੁਲੇਂਦੀ ਤੇ ਨਾਰਦ ਪਿਆ ਕਰਦਾ ਕੰਮ ਹਿਸਾਨ ਦਾ
ਖਾਨ, ਮੁਹੱਬਤ ਦਾ ਮੁਹੱਬਤ ਮੱਲੇ ਦਾ ਮਲਾ ਮੱਸਣ ਦਾ ਤੇ ਮੱਸਣ ਭਲਵਾਨ ਦਾ
ਮੰਗਲ ਸਿੰਘ ਆਂਹਦਾ ਮੈਨੂੰ ਏਦੋਂ ਉਤੇ ਇਹਨਾਂ ਦੀ ਪੀਹੜੀ ਨਹੀਂ ਆਉਂਦੀ
ਖਬਰੇ ਅਕਲ ਹੋ ਗਿਆ ਏ ਗੁੰਮ ਨਾਦਾਨ ਦਾ
ਨਾ ਇਹ ਖਰਲ, ਨਾ ਇਹ ਭੱਟੀ, ਨਾ ਵਿਰਕ; ਇਹ ਸਾਂਧੜ
ਦੇ ਮਗਰ ਕਿਧੂ ਗਧੜਾ ਲੱਗ ਗਿਆ ਏ ਹਜਾਮ ਦਾ—

ਬੜਾ ਹਾਸਾ ਬਣਿਆ, ਮੁਹੱਬਤ ਆਖਣ ਲਗਾ ਉਏ ਮੰਗਲ ਸਿੰਘਾ ਤੂੰ ਨਾ ਕਰਿਆ ਕਰ ਇਹੋ ਜਿਹੀਆਂ ਗੱਲਾਂ । ਅਗੇ ਤੇਰੀ ਇੱਕ ਅੱਖ ਵਿਚ ਫੋਲਾ ਏ ਤੇ ਦੂਜੇ ਮੈਂ ਤੀਲਾ ਮਾਰ ਕੇ ਕਾਣੀ ਕਰ ਛਡਣੀ ਏ । ਬੜਾ ਮੌਜੂ ਬਣਿਆ ਰਿਹਾ ।

(ਖ) ਜੋਪਰ ਨੋਟ

ਪਰੋਜ :—ਇਸਨੇ ਪਰੋਜ ਨਾਮ ਪਿੰਡ ਵਸਾਇਆ । ਜੋ ਅਜਕਲ ਪਰੋਜ ਟੂਆਂ ਸਦਾਂਦਾਂ ਹੈ ।
ਫਤਿਹਸਾਹ :—ਇਹ ਸੰਨ 1509 ਈ ਦੇ ਨੇੜੇ ਤੇੜੇ ਮੁਸਲਮਾਨ ਹੋ ਗਿਆ । **ਚਾਂਦੀ**—ਇਸਨੇ ਆਪਣੇ ਨਾਮ ਤੇ ਚਾਂਦੀ ਦਾ ਵਲਗਣ ਵਸਾਇਆ ਜੋ ਪਿੰਡ ਭਿਖੀ ਦੇ ਨੇੜੇ ਹੈ ।

ਚੱਕ ਰਮਦਾਸ ਦੇ ਬਾਵੇ ਸੁਹਣ ਸਿੰਘ ਜੰਗੀਰ ਸਿੰਘ ਵਿਰਕ ਹਨ । ਇਹ ਛੇਵੀਂ ਪਾਤਸ਼ਾਹੀ ਦੇ ਵਰੋਸਾਏ ਹੋਏ ਹਨ । ਅਜ ਕਲ ਪਟਿਆਲਾ ਪਹੇਵਾ ਰਡੋ ਦੇ ਨੇੜੇ ਘੜਾਮ ਵਿਚ ਰਹਿੰਦੇ ਹਨ ।

ਪਿੰਡ ਘੋਗ ਕੱਲ ਦੇ ਭਿੜ ਉਤੇ ਬਾਬੇ ਆਹਰੇ ਦਾ ਮਤੁ ਸੀ ਜਿਸਦੇ ਨਾਮ ੭00 ਘੁਮਾਂ ਜਮੀਨ ਸੀ ਅਤੇ ਕਬਜਾ ਬ੍ਰਹਿਮਣਾਂ ਦਾ ਸੀ ।

ਮੰਡੀ ਕਾਮਕੇ (ਜਬਾਨੀ ਸ: ਹਜਾਰਾ ਸਿੰਘ ਚੀਮਾ ਸਾਣ ਚੱਕੀਆ) ਕਾਮਕੇ ਵਿਰਕਾਂ ਦਾ ਵੱਡਾ ਕੇਂਦਰ ਸੀ । ਜਿਥੇ ਬਾਬਾ ਕਾਮੋ ਬੈਠਕੇ ਅਦਾਲਤ ਕਰਿਆ ਕਰਦਾ ਸੀ ਉਥੇ ਮੰਡੀ ਅਤੇ ਸਟੇਸ਼ਨ ਦੇ ਵਿਚਕਾਰ ਮੜ੍ਹਾਂ ਕੋਲ ਨਿਕੀ ਇੱਟ ਦੇ ਮਕਾਨ ਅਤੇ ਬਾਉਲੀ ਦੇ ਐਰ ਮੌਜੂਦ ਹਨ ।

ਮਾੜੀ ਠਾਕਰਾ :—ਇਹ ਜੋਪਰ ਵੰਸ਼ ਦਾ ਸਭ ਤੋਂ ਵਡਾ ਪਿੰਡ ਸੀ । ਇਸ ਵਿਚ ਪੰਜ ਲੰਬਰਦਾਰ ਸਨ ।

ਘੁਚਲੀ ਦੇ ਨੇੜੇ ਇਹ ਪਿੰਡ ਸਨ

ਸ਼ੇਰਗੜ੍ਹ, ਚੰਡਾਲੀ, ਸਮੁੰਬਾਲਾ, ਮੜਯਾਲਾ ਵਿਰਕਾਂ, ਛਜੂ, ਲਾਲੂ ਪੁਰ, ਕੋਟ ਹਰੀ ਚੰਦ, ਰਾਜਾ ਤੰਬੋਲੀ, ਕੋਟਲੀ ਵਿਰਕਾਂ (ਰਾਵੀ ਕੰਢੇ), ਮਰੇ, ਮਾਰੇ ਵਾਹੀਆਂ, ਬੁਤਾਲਾ ਸ਼ਰਮ ਸਿੰਘ, ਮਿਹਲੋਵਾਲ, ਤੁੰਗ, ਚਕ ਰਮਦਾਸ, ਭਾਨਪੁਰ, ਮੁਰੀਦਕੇ, ਸਾਧੋਕੇ, ਕਾਮੋ ਕੇ, ਕਸੋਕੇ, ਛੀਨੇ, ਜਾਊ ਵੰਸ਼ਜ ਹਨ ।

ਬਛਰਾਏ ਦੇ ਪਿੰਡ ਜਾਂ ਸਭੇ ਕੜਜਾਲਾਂ, ਗਰਮੂਲਾ, ਸਾਹੋ ਕੇ, ਬਦੋ ਰੱਤਾ, ਭਿੱਖੀ, ਬਾਰਾ ਮਲੀਆ, ਪੰਜਗਰਾਹੀ, ਢੱਲਾ, ਮਾੜੀਆ, ਚਕ ਜੋਦ ਕੋਟ ਬੂਲਾ, ਠਦਾ ਟੇਕ ਸਿੰਘ, ਚਕ ਮਰਾਲੀ, ਵਿਰਕਾਂ ਦਾ ਚੱਕ (ਅਜੇ ਪਾਲ ਦੇ) ਤੇ ਵਸਤਪਾਲ ਦੇ ਮੜਯਾਲਾ, ਖਾਨ ਮਲਕੀ, ਗੋਪੇਰਾ, ਮਿਰਜਾ, ਅੱਮੋਕੇ ।

ਬਾਬਾ ਬੂੜਾ :—ਅਕਬਰ 1556 ਈ. ਵਿਚ ਤਖਤ ਤੇ ਬੈਠਾ । ਬਾਬਾ ਬੂੜਾ ਸਰਕਾਰ ਵਲੋਂ ਚੋਧਰੀ ਮੁਕਰਰ ਹੋਇਆ । ਅਕਬਰ ਨੇ ਮਹਿਰਮਿਠੇ ਤੇ ਸਾਕ ਮੰਗਿਆ । ਮਿੱਠੇ ਨੇ ਆਖਿਆ ਮੈਂ ਬਰਾਦਰੀ ਤੋਂ ਪੁੱਛ ਲਵਾਂ । ਜਦੋਂ ਉਸਨੇ ਦੂਜੇ ਚੋਧਰੀਆਂ ਤੋਂ ਪੁਛਿਆ ਤਾਂ ਬਾਬੇ ਬੂੜੇ ਆਖਿਆ ਸਾਨੂੰ ਮਨਜ਼ੂਰ ਨਹੀਂ ਤੇ ਕੁਰਸੀ ਨਸ਼ੀਨੀ ਤੋਂ ਅਸਤੀਫਾ ਦੇ ਦਿੱਤਾ । ਚੋਧਰੀ ਭਟੀਆਂ ਦੀ ਰੋਕਥਾਮ ਲਈ ਮੁਕਰਰ ਕੀਤੇ ਗਏ ਸਨ ।ਅਕਬਰ, ਜਹਾਂਗੀਰ ਤੇ ਸ਼ਾਹ ਜਹਾਨ ਦੇ ਵੇਲੇ ਵਿਰਕਾਂ ਦੇ ਕਾਫੀ ਪਿੰਡ ਆਬਾਦ ਹੋਏ ਤੇ ਵਾਧਾ ਹੋਇਆ ।

ਬਾਬੇ ਬੂੜੇ ਦਾ ਪੁੱਤਰ ਜੋਦ ਪਖੋ ਕੇ ਰੰਧਾਵੇ ਵਿਆਹਿਆਂ ਹੋਇਆਂ ਸੀ । ਉਥੇ ਹੀ ਗੁਰੂ ਨਾਨਕ ਜੀ ਵਿਆਹੇ ਹੋਏ ਸਨ । ਦੁਹਾਂ ਦਾ ਮੇਲ ਉਥੇ

ਹੋਇਆ ਅਤੇ ਸੱਚਾ ਉਪਦੇਸ ਲੈ ਕੇ ਸੇਵਕ ਹੋਇਆ । ਜਦੋਂ ਪਤਾ ਲਗਦਾ ਕਿ ਜਗਤ ਗੁਰੂ ਉਦਾਸੀ ਤੋਂ ਪਰਤੇ ਹਨ ਤਾਂ ਬਾਬਾ ਬੂੜਾ ਪਖੋ ਕੇ ਸੇਵਾ ਵਿਚ ਜਾ ਹਾਜਰ ਹੁੰਦਾ । ਜਗਤ ਗੁਰੂ ਦੇ ਜੋਤੀ ਜੋਤ ਸਮਾਨ ਦੇ ਵੇਲੇ ਬਾਬਾ ਬੂੜਾ ਕਰਤਾਰ ਪੁਰ ਹਾਜਰ ਸੀ । ਜਦ ਗੁਰੂ ਜੀ ਨੇ ਸਿਖਾਂ ਦੀ ਪਰਖ ਕੀਤੀ ਤਾਂ ਬਾਬਾ ਬੂੜਾ ਉਹਨਾਂ ਪੰਜਾਂ ਸਿਖਾਂ ਵਿਚ ਸਾਮਲ ਸੀ ਲਿਖਾਰੀ ਦੀ ਭੁੱਲ ਨਾਲ ਬੂੜਾ ਕੜਯਾਲ ਦੀ ਥਾਵੇਂ ਬੂੜਾ ਕਲਾਲ ਲਿਖਿਆ ਹੈ (ਵੇਖੋ ਜਨਮ ਸਾਖੀ ਭਾਈ ਬਾਲਾ ਵਾਲੀ ਪੰਨਾ 472)

ਬਾਬੇ ਜੋਦ ਦੇ ਘਰ ਇਕ ਤਾਂ ਪਖੋ ਕੇ ਰੰਧਾਵਿਆ ਦੀ ਰੰਧਾਵੀ ਤੇ ਦੂਜੀ ਮਾਈ ਸਾਹੋਕੇ ਚੀਮੀਆਂ ਦੀ ਚੀਮੀ ਸੀ । ਪੁਤ੍ਰ ਪੈਦਾ ਹੋਏ । ਚਾਹ ਚਲਾਣੇ ਕਰ ਗਏ ਤੇ ਪੰਜਾ ਦੀ ਅੰਸ ਵਧੀ ਫੂਲੀ (ਵੇਖੋ ਬੰਸਾਵਲੀ ਨਾਮਾਂ) ।

ਪਾਖਰ :—ਬਾਬੇ ਜੋਦ ਦੇ ਭਰਾ ਮਹਾਲੀ ਦਾ ਪੁੱਤਰ ਪਾਖਰ ਵੀ ਬੜਾ ਸਤਸੰਗੀ ਹੋਇਆ ਬਾਬੇ ਜਦ ਨੂੰ ਆਮ ਜਨਤਾ ਜੋਦ ਪੀਰ ਕਰਕੇ ਸਦ ਦੀ ਸੀ ਉਸੇ ਤਰ੍ਹਾਂ ਪਾਖਰ ਵੀ ਪੀਰ ਕਰਕੇ ਸਦਿਆ ਜਾਂਦਾ ।

ਬਾਬੇ ਕਰਨ ਦੀ ਘਰ ਦੀ ਵਾਲੀ ਸਮਾਧ ਕੜਯਾਲ ਦੇ ਪੁਰਾਨੇ ਥਿਹ ਉੱਤੇ ਸੀ ਜਿੱਥੇ ਹਰ ਇਕ ਨਵੀਂ ਆਈ ਨੂੰਹ ਨੂੰ ਮਥਾ ਟਿਕਾਇਆ ਜਾਂਦਾ ਸੀ ।

ਪਾਖਰ ਦੀ ਯਾਦ ਵਿਚ, ਚੱਕ ਜੋਦ ਦੇ ਕੋਲ ਪਿੰਡ ਕੋਟ ਬੂਲਾ ਜਿ: ਗੁਜਰਾਂ ਵਾਲੇ ਵਿਚ ਇਕ ਸਤਾਨ ਪਾਖਰ ਪੀਰ ਦਾ ਕਰ ਕੇ ਪ੍ਰਸਿਧ ਸੀ ਜਿਥੇ ਲੋਕ ਦੀਵੇ ਬਾਲ ਦੇ ਤੇ ਸੁਖਣਾਂ ਸੁਖਿਆ ਕਰਦੇ ਸਨ ।

ਕਾਲੇਕੇ:— ਭਾਈ ਬੰਨੋ ਵਾਲੀ ਬੀੜ ਦਾ ਉਤਾਰਾ ਹੱਥ ਲਿਖਤੀ ਕਰਵਾ ਕੇ ਗੁਰਦਵਾਰੇ ਵਿੱਚ ਰੱਖਿਆ-ਇਹ ਬੀੜ ਸ਼ਾਇਦ ਅਜ ਕਲ ਕਰਤਾਰ ਸਿੰਘ ਦਰਬਾਰਾ ਸਿੰਘ ਟਰਾਂਸਪੋਰਟਰਜ ਕਰਨਾਲ ਕੋਲ ਹੋਵੇਗੀ—(ਇਹ ਭਾਈ ਬਘੇਲ ਸਿੰਘ ਖੜੀ ਦੇ ਵੰਸ਼ਜ ਹਨ)

ਮਾਛੀ ਕੇ:—ਇਹ ਬਾਬੇ ਗੁਰੀਏ ਦਾ ਅਸਥਾਨ ਸੀ ਇਥੇ ਦਾ ਕਬਜਾਂ ਸਿੰਘਾਂ ਨੇ ਲਿਆ-ਅਜਕਲ ਬਾਬੇ ਗੁਰੀਏ ਦੇ ਵੰਸਜ ਭਾਈ ਗਿਆਨ ਸਿੰਘ ਜੀ ਰਾਗੀ ਪਿੰਡ ਦੁੜਾਨਾ ਜਿਲਾ ਕਰਨਾਲ ਹਨ । (ਬਾਬੇ ਗੁਰੀਏ ਦਾ ਦੂਸਰਾ ਨਾਮ ਭਾਈ ਗੰਦਾ ਭੀ ਹੈ ਮਹਾਨ ਕੋਸ) ।

ਦਵੱਯਾ ਛੰਦ

ਸੂਬੇ ਖਾਨ ਬਹਾਦਰ ਨੇ ਜਦ ਤੇਗ ਸ਼ਰਾ ਦੀ ਚੱਕੀ ।
ਉਹ ਜੋਰੀ ਦੀਨ ਮਨਾਵਨ ਲੱਗਾ ਪਰਜਾ ਉਸ ਤੋਂ ਅੱਕੀ ।
ਬੁਢਾ ਸਿੰਘ ਉਸ ਰੌਲੇ ਦੇ ਵਿੱਚ ਟਬਰ ਤਾਈਂ ਛਪਾਕੇ ।।
ਰਾਜਾ ਸਸੀ ਛੱਡ ਵਸਿਆ ਸੁਕਰ ਚੱਕ ਵਿੱਚ ਜਾ ਕੇ
ਨੌਧ ਸਿੰਘ ਤੇ ਚੰਦਾ ਸਿੰਘ ਇਹ ਬੁਢਾ ਸਿੰਘ ਦੇ ਬੇਟੇ ।।
ਬਲੀ ਬਹਾਦਰ ਹੋਏ ਸੂਰਮੇ ਸਿੱਖੀ ਸਿਦਕ ਲਪੇਟੇ ।।
ਰਸੂਲ ਨਗਰੀ ਸੁਲਤਾਨ ਖਾਨ ਨੇ ਛੇ ਸਿੰਘਾਂ ਨੂੰ ਫੜਿਆ
ਜੋਰੀਂ ਮੁਸਲਮਾਨਰਾ ਕੀਤਾ, ਜਰਾ ਨਹੀਂ ਉਹ ਡਰਿਆ ।
ਨੌਧ ਸਿੰਘ ਤੇ ਚੰਦਾ ਸਿੰਘ ਨੇ ਕੈਦੀ ਸਿੰਘ ਛਡਾਏ ।
ਮਾਰ ਚੱਠੇ ਨੂੰ ਸਿੰਘ ਉਹ ਸਾਰੇ ਸਿੰਘਾਂ ਨਾਲ ਮਿਲਾਏ ।
ਏਸੇ ਤਰ੍ਹਾਂ ਸ਼ਹਾਬ ਦੀਨ ਫੀਰੋਜ਼ ਵਾਲੇ ਦੇ ਭਟੀ ।
ਸਿੰਘ ਫੜ ਕੇ ਕੜਯਾਲੋਂ ਆਂਦੇ ਨਾਲ ਜੋਰ ਦੇ ਤਟੀ
ਉਹ ਸਿੰਘਾਂ ਦੇ ਦਲ ਦੇ ਵਿੱਚੋਂ ਕਿਸੇ ਕੰਮ ਘਰ ਆਏ ।
ਫੜ ਜਾਲਮ ਨੇ ਉਹਨਾਂ ਤਾਈਂ ਬਹੁਤੇ ਦੁਖ ਪਹੁੰਚਾਏ
ਚੰਦਾ ਸਿੰਘ ਤੇ ਨੌਧ ਸਿੰਘ ਨੇ ਇਸ ਦੁਖੋਂ ਚੜ੍ਹ ਕੇ ।
ਸਿੰਘ ਛੁਡਾਏ ਘਰੀ ਪਹੁੰਚਾਏ ਮਾਰਿਆ ਜਾਲਮ ਫੜ ਕੇ ।

ਦਿਉਣ ਦੇ ਪੁੱਤਰ ਮੂਲਕੋ ਦੀ ਅੰਸ਼

ਬਦੋ, ਰੱਤਾ ਮੱਤਾ, ਮੇਲੂ ਆਦਿ ਪਿੰਡਾਂ ਵਿੱਚ ਸੀ । ਕਾਲੀਆ ਵਲਦ ਦਿਉਣ ਦੀ ਅੰਸ ਪਿੰਡ ਕਾਲੀਏ ਵਿੱਚ ਸੀ ਜੋ ਬਦ੍ਹਤੀ

ਮੁਸਲਮਾਨ ਹੋ ਗਏ। ਸ਼ਾਇਦ ਕੋਈ ਸਿੱਖ ਵੀ ਹੋਵੇ। ਮੁਕਟ ਪੁੱਤਰ ਪਿਰਥੀ ਦੀ ਅੰਸ ਨੇ ਪਿਰਥੀ ਪੁਰ, ਚੇਲੇ ਕੇ, ਝੰਡੇ ਦਾ ਕਿਲਾ ਲੁੰਵੜ ਅਤੇ ਸਾਧੋ ਕੇ ਆਦਿ ਵਸਾਏ ਜੋ ਬਹੁਤੇ ਮੁਸਲਮਾਨ ਹੋ ਗਏ।

1414 ਈ: ਤੋਂ 1526 ਤੱਕ

1320 ਤੋਂ 1414 ਤੱਕ ਦਾ ਰਾਜ ਕਾਲ ਅਮਨ ਦਾ ਸੀ ਸਿਵਾਏ ਤਿਮਰ ਲੰਗ ਦੇ ਹਮਲੇ ਦੇ 1398 ਏ। ਸਯਦਾਂ ਅਤੇ ਲੋਧੀ ਬੰਸਾਂ ਦੇ ਰਾਜ ਕਾਲ ਵਿੱਚ ਪਰਜਾ ਦਾ ਵੱਸਣਾ ਅਤੇ ਰਹਿਣਾ ਬੜਾ ਕਠਨ ਸੀ।

ਜੱਗੋ ਦੇ ਚਾਰ ਪੁੱਤਰ ਕਾਲੋ, ਮਾਲੋ (ਸੀਤੋ ਨਹੀਂ) ਵਿਦੋ ਤੇ (ਸਾਧੋ ਨਹੀਂ) ਭੱਰੋ ਸਨ।

ਖੇਮ ਕਰਨ :—1623 ਬਿਕਰਮੀ ਨੂੰ ਅਕਬਰ ਦੇ ਦਰਬਾਰੀ ਦਨਪਤ ਦੇ ਪੁੱਤਰ ਛੇਮ ਕਰਨ ਨੇ ਵਸਾਇਆ।

ਝਬਾਲ :—1534 ਬਿ: ਰਾਜੇ ਸੇਰ ਸਿੰਘ ਨੇ ਵਸਾਇਆ।

ਵਲਟੋਹਾ :—1596 ਬਿ: ਵਿਚ ਥੋਆ ਸੰਧੂ ਨੇ ਵਸਾਇਆ

ਪਟੀ :—1503 ਬਿ: ਨੂੰ ਇਬ੍ਰਾਹੀਮ ਨੇ ਆਪਨੀ ਦੋਸਤ ਪਟੀ ਲਈ ਵਸਾਇਆ ? (ਕਿੰਤੂ ਹਿਊਨਸਾਂਗ ਵੀ ਆਪਨੀ ਯਾਤ੍ਰਾਂ ਵਿਚ ਪੱਟੀ ਦਾ ਜਿਕਰ ਕਰਦਾ ਹੈ)

ਹੁਸਿਆਰਪੁਰ : ਹੁਸਿਆਰ ਖਾਂ ਖੋਜੇ ਨੇ ਵਸਾਇਆ ਜੋ ਅਕਬਰ ਬਾਦਸਾਹ ਦੇ ਮਹਿਲਾਂ ਦਾ ਦਰੋਗਾ ਸੀ।

ਕਪੂਰਥਲਾ : 1684 ਬਿ: (1627 ਈ) ਨੂੰ ਰਾਣਾਂ ਤੁਲ ਸੀ ਦੇ ਪੋਤਰੇ ਕਪੂਰੇ ਨੇ ਵਸਾਇਆ।

ਗੁਜਰਾਂਵਾਲਾ : 1647 ਬਿ:(1590 ਈ) ਨੂੰ ਗੁਜਰਾਂ ਨੇ ਰਠਿਆਂ ਦੀ ਮਦਦ ਨਾਲ (1661 ਬਿ.) ਖੋਹ ਲਿਆ। 1811 ਬਿ: (1754 ਈ) ਨੂੰ ਚੜ੍ਹਤ ਸਿੰਘ ਨੇ ਖੋਹ ਕੇ ਕਿਲਾ ਬਣਾਇਆ।

ਭਾਈ ਮੂਲ ਸਿੰਘ ਜੀ ਗਰਮੂਲਾ ਨੇ ਪਹਿਲੀ ਤਾਲੀਮ ਪਿੰਡ ਕੜਯਾਲ ਮੀਏਂ ਕਰਮ ਇਲਾਹੀ ਤੋਂ ਪਾਈ। ਸੰਸਕ੍ਰਿਤ ਭਾਸ਼ਾ ਦੀ ਪੜਾਈ ਪੰਡਤ ਕਾਸ਼ੀ ਰਾਮ (ਕਾਸ਼ੀ ਦਾ ਵਿਦਵਾਨ) ਤੋਂ ਪ੍ਰਾਪਤ ਕੀਤੀ।

ਕੜਯਾਲ ਦੇ ਬ੍ਰਹਿਮਨ ਸਿੰਘ ਸਜੇ।

ਮੂਹਰ ਸਿੰਘ ਇਹ (ਕਣਕੂਤੀਏ ਸਨ) ਸਿਖਰਾਜ ਵੇਲੇ (1820)
ਰਾਮ ਸਿੰਘ
ਝੰਡਾ ਸਿੰਘ
ਸੰਤ ਸਿੰਘ
ਇੰਦਰ ਸਿੰਘ ਅਜਕਲ ਸੋਢੀ ਬੱਢੀ (ਕੁਰੂਕਸ਼ੇਤਰ) ਵਿਚ ਰਹਿੰਦੇ ਹਨ

ਫੁਟਕਲ ਨੋਟ

ਨਨਕਾਣਾ ਸਾਹਿਬ ਦੇ ਨਾਮ ਤੇ 18000 ਏਕੜ ਭੋਇ ਸੀ। 80 ਮੁਰੱਬੇ ਭੋਇ ਪਿੰਡ ਪੰਡੇ ਵਾਲੀ ਦੀ ਸੀ। ਇਥੇ ਪਿੰਡ ਵਿਚ ਜੋ ਖੂਹ ਲੱਗਾ ਹੋਇਆ ਸੀ ਉਸ ਵਿਚ ਵਿਰਕਾਂ ਦੇ ਨਾਮ ਦੀ ਇਟ ਲਗੀ ਹੋਈ ਸੀ। ਅਜ ਕਲ ਉਥੇ ਈਸੇ ਭਟੀ ਦੀ ਅੰਸ ਵਸਦੀ ਹੈ। ਖੂਹ ਬਾਉਲੀ ਨੁਮਾ ਸੀ। ਇਸਨੂੰ ਬਾਉਲੀ ਚੱਕ ਵੀ ਆਖਦੇ ਸਨ।

ਮੁਕਤਾ ਪਿੰਡ : ਭੋਇ 200 ਘੁਮਾ ਤੇ ਮਾਲਿਕ ਗੁਰਦਾਸ ਤੇ ਰਾਮਦਾਸ ਸਨ, (ਜਬਾਨੀ ਮਾ: ਕਰਤਾਰ ਸਿੰਘ ਚਕ ਜੋਦ ਜੋ ਖਾ: ਸਕੂਲ ਨਨਕਾਣਾ ਵਿਚ 1927 ਤੋਂ 1947 ਤੱਕ ਸਨ)

ਚੋਕ ਵਿਰਕਾਂ : (ਜੋ ਬਾਬਲ ਦਛੇ ਕੋਲ ਹੈ) ਦੇ ਮੁਸਲਮਾਨ ਜੋਪਰ ਵੰਸੀ ਹਨ।

ਮੁਰਬੇ ਮਿਲੇ : 1892 ਈ: ਰੇਲਵੇ ਲਾਇਨ ਸਾਂਗਲਾ ਸਾਹਦਰ। 1908 ਈ:

ਸੇਖੂ ਪੁਰਾ : ਜਿਲਾ 1920 ਵਿਚ ਬਣਿਆ।

ਅਜਮੇਰ : 1100 ਈ: ਵਿਚ ਅਜੇ ਦੇਵ ਚੋਹਾਨ ਨੇ ਵਸਾਇਆ

ਪੰਜਾਬ ਦਾ ਗਵਰਨਰ 1580 ਈ: ਰਾਜਾ ਮਾਨ ਸਿੰਘ
" ਰਾਜਾ 1000 ਈ. " ਰਾਜਾ ਜੈਪਾਲ

325 ਈ: ਪੂਰਵ ਦੁਆਬਾ ਰਚਨਾ ਤੇ ਰਾਜਾ ਛੋਟਾ ਪੋਰਸ ਰਾਜ ਕਰਦਾ ਸੀ।

ਪਟਿਆਲਾ 1803 ਬਿਕਰਮੀ (1746 ਈ.) ਨੂੰ ਮ: ਆਲਾ ਸਿੰਘ ਨੇ ਵਸਾਇਆ ।

ਅਮ੍ਰਿਤਸਰ ਦੀ ਨੀਂਹ ਗੁਰੂ ਰਾਮਦਾਸ ਜੀ ਨੇ 1627 ਬਿ: ਹਾੜ ਦੀ 13 ਨੂੰ ਰੱਖੀ

ਢੂਹਣੀਆਂ 433 ਬਿ: ਨੂੰ ਵਸਿਆ

ਗੋਤਾਂ ਤੇ ਪਿੰਡਾਂ ਬਾਰੇ ਕੁਝ ਜਾਣਕਾਰੀ

1. ਐਲਖ ... ਸੇਖੂ ਤੇ ਦੇਉਆਂ ਨਾਲ ਮਿਲਦੇ ਹਨ ।
2. ਬਾਜਵੇ ... ਭੂਲੇਰ
3. ਬੱਲ ... ਬੱਲ (ਪਿੰਡ) ਨੁਸ਼ਹਿਰੇ ਦੇ ਕੋਲ
4. ਬੰਧੇਛੇ ... ਪਿੰਡ 'ਲੰਬ' ਨਜਦ ਚੀਚੋਂ ਕੀ ਮਲੀਆਂ ਨਹਿਰ ਪਾਰ
5. ਬਰਾਰ ... (ਵੇਖੋ ਸਿਧੂ ਬਰਾਰ) ਕੁਦਲਥੀ (ਹੁਣ ਅਲੀਪੁਰ ਕਰਨਾਲ)
6. ਬਰਿਆਰ ... ਖੁਸਰ ਬਰਿਆਰ
7. ਬਾਠ ... ਪਿੰਡ ਬਾਠ ਮੜ੍ਹ ਭੰਗਵਾਂ, ਪਿੰਡ ਭੰਗਵਾਂ
8. ਭੰਗੂ ... ਝੰਗ ਅਤੇ ਸ਼ੋਰਕੋਟ ਦੁਆਲੇ ਆਬਾਦ ਸਨ । ਇਹਨਾਂ ਨੂੰ ਸਿਆਲਾਂ ਨੇ ਆ ਕੇ ਅਗਾਂਹ ਕੱਢਿਆ । ਪਿੰਡ ਭਟੀਆਂ ਜਲਾਲਪੁਰ ਭਟੀਆਂ ਪਿਰਾਨੇ ਕੇ ।
9. ਭਾਟੀ / ਭਟੀ ... ਵੇਖੋ ਦਛੀ, ਬਗਸੀਹ, ਜੁੰਦਰਾਕੇ, ਧੂਲੂ, ਹਰਾਈਕੇ ਲਖੀਵਾਲ, ਨਈਪਾਲ, ਸਾਮਿਲਕ ਸਰਾਏ ਅਤੇ ਡਾਉਨੀ, ਤਰੱਗੜ
10. ਭਿੰਡਰ ... ਮਾੜੀ ਭਿੰਡਰਾਂ (ਹੁਣ ਮਲਕਪੁਰ, ਕਰਨਾਲ)
11. ਭੁੱਲਰ ... ਚੰਪੜ
12. ਚੰਧੜ ... ਰਾਜੰਕੇ. ਕਾਮੰਕੇ, ਜੱਪਾ, ਲੂਣ, ਰਾਚੀਕੇ, ਦੇਉਕੇ, ਬਲੱਣਕੇ,
13. ਚਾਹਲ ... ਨੂਰਪੁਰ ਚਾਹਲ, ਗੜ੍ਹਾ ਚਾਹਿਲ ।
14. ਚੰਬਲ ... ਚੰਬਲ ਪਿੰਡ ਕਕੜਾਂ ਦੇ ਕੋਲ ।
15. ਚੱਠਾ ... ਚੱਠੇ ਦਾ ਚੱਕ, ਕਲੀਅਵਾਲ, ਗੱਚਰ, ਬੁੱਢਾ, ਨਡਾਲਾ, ਮਾਂਗਟ, ਗਜਾਨਾ, ਸਹਾਰਨ, ਵਜੀਰਕਾ ਆਦਿ ।
16. ਛੀਨਾ ... ਪਿੰਡ ਛੀਨਾ ਨਜਦ ਬਦੋ ਕੇ ਗੁਸਾਈਆਂ, ਬੁਲੇਵਾਲਾ, ਵਣਧੇ ਕੇ ਬੈਂਕੇ, ਭਾਡੇ ਵਾਲੇ
18. ਧਾਰੀਵਾਲ ... ਧਾਰੀਵਾਲ, ਲੀਲ, ਦਿਲਵਾਂ, ਘੰਗ, ਦਿਲੂ ਬਾਂਸ ਨਜਦ ਅਕਾਲਗੜ
19. ਢਿੱਲੋਂ ... ਸ਼ਾਂਦੇ ਸਰੰਏ, ਅਲਦਿਤਾ
20. ਦੀਂਡਸਾ ... ਦੀਂਡਸਾ (ਪਿੰਡ)
21. ਧੰਥੜ ... ਵਿੰਨੀ, ਧੁੰਨੀ, ਜੱਲੂਣ, ਮਦਨ ਫਿੱਲਾ
22. ਡੋਡ ...
23. ਡੋਗਰ ... ਜਖੋਂ, ਕਟਵਾਲ, ਰੂਪਾਲ, ਖਾਨਕਾਹ ਡੋਗਰਾਂ, ਡੋਗਰਾਂਵਾਲਾ, ਧਨੋਏ ।

24. ਦੁਲਟ ... ਲੱਹੀਆਂ ਵਾਲਾ, ਖਾਰਾ।

25. ਗਰੇਵਾਲ ... ਆਹੀਯਾ, ਮੱਕੀ

26. ਘੁੰਮਣ ...

27. ਗਿੱਲ ... ਕਕੱੜ ਲਧਾਈ, ਝਲੀ ਸਰਪ, ਸ਼ੇਰ ਨਾਗ

28. ਗੁਰ੍ਹਾਇਆ ... ਬੁੱਢਾ ਗੁਰ੍ਹਾਇਆ, ਸਾਦੂ ਗੁਰ੍ਹਾਇਆ।

29. ਹਰਲ ...

30. ਹਿਹਰ, ਪੱਰਾਵਾਲ, ਪੁਰਾਵਾਲ, ਪੁਰੀਵਾਲ

31. ਹੰਜਰਾ ... ਸੇਖੂਪੁਰਾ, ਹੰਜਰਾਵਾਂ ਵਾਲਾ, ਰੰਜਲਿਕਾ ਕੱਟ ਵਛੋਕੇ, ਸਾਗੋਭਾਗੋ, ਕੜਯਾਲਾ, ਦੁਰਗਾਪੁਰ

32. ਹੁੰਦਲ ... ਬਹਿਨੋਲ, ਸਾਂਗਲ ਕੱਲ (ਮੁਸਲਮਾਨ)

ਇਥਵਾਲ ... ਮੁਹੰਮਦਵਾਲਾ, ਪਾਧੀਆਂ ਵਾਲਾ

33. ਉਠਵਾਲ ...

ਅਟਵਾਲ ...

ਜੁਂਹਦੇ ... ਧਰੋਂਕਲ

ਕਾਹਲੋਂ ... ਕੋਟਲੇ, ਜਰਮਨੀ ਡੱਲਾ, ਬੂੜਾਡਲਾ, ਚੰਦਾ ਸਿੰਘ ਵਾਲਾ ਡੱਲਾ।

34. ਕਾਲੋਂ ... ਕਾਹਲਮ ਨਜਦ ਨੁਸ਼ਹਿਰਾ

35. ਕਜਲੇ ... ਇਹ ਮਿਨਹਾਸ ਰਾਜਪੂਤ ਹਨ ਜੋ ਮੁਸਲਮਾਨ ਹੋ ਗਏ ਹਨ

36 ਕਲੇਰ ...

37. ਕੰਗ ... ਇਹ ਮਿਨਹਾਸ ਰਾਜਪੂਤ ਹਨ

ਕੰਗਰੇ ਪਿੰਡ ਮਦਾਰ

38. ਕਾਠੀਏ ... ਬਘੇਲੇ

39. ਖਾਹਰੇ, ਖਹਿਰੇ ... ਖਾਹਰਿਆਂ ਵਾਲਾ

40. ਖਰਲ ... ਖਰਲਾਂ ਦੇ ਘੱਟ ਵੱਧ 56 ਕਬੀਲੇ ਮਿੰਟਗੁਮਰੀ ਅਤੇ ਸਾਂਦਲਬਾਰ ਵਿਚ ਸਨ ਜਿਨ੍ਹਾਂ ਵਿਚੋਂ ਇਹ ਸਾਂਦਲ-ਬਾਰ ਵਿਚ ਹਨ।

40.	ਦੁਸਾੜ	...	ਲੋਧੀਕੇ, ਪਿਰੋਕੇ, ਰਣਸੀਂਹ, ਜਾਲਬਕੇ
	ਦੇਊ		ਬੁੱਟਰ
41.	ਖੋਖਰ		
42.	ਲੁਬਾਣਾ	...	ਗਾਲੋਂ, ਪਿੰਡੀਦਾਸ, ਵਾਂਢੇ
	ਲਕ	...	ਮੱਜਰ (ਨਜਦ ਸ਼ਾਹਕੋਟ)
43.	ਲਲ੍ਹੀ		
44.	ਮੰਡੇਰ		
45.	ਮਨੇਸ਼	...	ਮਨੇਸ਼, ਬੁਚਕੇ, ਬਢੇ, ਚੇਂਡ, ਡੇਮੂਵਾਲ
	ਮਾਨੇਸ਼		ਇਹ ਪਿੰਡ ਵਸੀਰਾਂ ਦਾ ਸੀ ਤੇ ਖੋਹ ਕੇ ਸਿਖ ਵਸੇ।
46.	ਮਲ੍ਹੀ ਮੱਲੀ	...	
47.	ਮਾਨ	...	ਮਾਨਾਂਵਾਲਾ, ਸ਼ੇਰੇ ਦੇ ਕੋਟ, ਮੁਗਲ ਚੱਕ, ਮਛਰਾਲਾ
48,	ਮੰਡ	...	ਫੱਤੋ ਮੰਡ, ਝੰਡਿਆਂਵਾਲੀ।
49.	ਮਾਂਗਟ	...	ਮਲ੍ਹੇ, ਮਾਂਗਟ, (ਨਜਦ ਸੁਖੇਕੇ)
50.	ਮਨਹਾਸ	...	
51.	ਮੱਟੂ	...	ਭਾਈ ਕੇ ਮਟਵ, (ਨਜਦ ਹਾਫਜਾਬਾਦ)
22.	ਨਾਗਰੇ	...	
53.	ਨੱਤ	...	ਨੱਤ (ਨਜਦ ਵਜੀਰਾਬਾਦ)
54.	ਫੁੱਲਰਵਨ	...	
55.	ਪੰਨੀ/ਪੁਨੀਏ	...	
56.	ਪੰਨੂ	...	ਪੰਨੂ ਪਿੰਡ, ਇੱਟਾਂ ਵਾਲੀ
57.	ਪੁੰਆਰ	...	
58.	ਰਾਇ	...	
59.	ਰੰਧਾਵਾ	...	
60.	ਰੱਖੇ	...	
61.	ਸਾਂਨਸੀ	...	ਠੇੜੀ ਸਾਂਹਸੀ
62.	ਸਮਰਾਏ ਸਮਰਾ	...	ਸਮਰਾਂ ਪਿੰਡ ਨਜਦ ਕਾਲੇਕੀ
63.	ਸਰਾਇ	...	ਧੂੰਦਿਆਂਵਾਲਾ, ਜਾਗੋਵਾਲਾ, ਧਾਰੋਵਾਲਾ, ਬੱਕਰ
64.	ਤੁੰਵਰ	...	
	ਤੂਰ		ਤੂਰ, ਮਹਾਰ ਨਜਦ (ਕਰਮੂਲਾ ਕਲਾਂ)
65.	ਸਰੰਇਆ	...	

			ਨਧਾਨ ਨਾ ਕੋਟ, ਸੇਖਮ (ਨਜਦ (ਕਠਿਆਲਾਂ)
66.	ਸੇਖੋਂ	...	ਸੇਖਮ ਨੰਦਪੁਰ, ਨੱਖਰ (ਹਾਫਜ਼ਾਬਾਦ)
67.	ਸਾਹੀ	...	
68.	ਸਿਰਾਏ	...	
69.	ਸਿਆਲ	...	ਭੇਜੂਆ ਨੇ ਭਰਵਾਣੇ,ਢਿੱਡੂਆਣੇ, ਗੁੱਗੇਕੇ, ਕੌਂੜੀਆਨੇ,ਖਾਨੂਆਣੇ, ਚੂਚਕਾਣੇ ਤੇ ਮਘਿਆਣੇ,ਮਾਹਣੀਕੇ, ਮਿਰਾਲੀਕੇ।
70.	ਸਿਆਣ	...	ਜੋਤਾ ਚੋੜਾ, ਪੱਥਰਵਾਲੀ
71.	ਸਿੰਧੂ	...	ਵਡਾਲਾ ਸੰਧੂਆਂ, ਕਕਰੀ ਚੱਬਾ,ਕਿਲਾ ਦੀਦਾਰ ਸਿੰਘ,ਮੰਗੂਤਾਰੂ
72.	ਸਿਪਰਾ	...	
73.	ਸੁਹਲ	...	ਸੁਹਲ ਪਿੰਡ
74.	ਸੰਹੀ	...	
75.	ਸੰਹੂ	...	ਕੁਝਰ
76.	ਤਾਰੜ	...	ਕੋਨੋਤਾਰੰ, ਪਿੰਡ ਤਾਰੜ(ਨਜਦ ਸੰਤਪੁਰਾ ਬਾਵਿਆ)
77.	ਤਤਲੇ	..	ਤਤਲੇ (ਪਿੰਡ) (ਨਜਦ ਹਰਦੋਏ)
78.	ਟਿਵਾਣੇ	...	
79.	ਤੁੰਗ	...	ਤੁੰਗ (ਪਿੰਡ)
80.	ਵੜਾਇਚ	...	ਰੜਯਾਲਾ ਮੜਯਾਲਾ, ਘਰਜਾਖ, ਗੌਂਦਲਾਂਵਾਲਾ. ਡਿਊਢੀ।
81.	ਵਾਘੇ	...	ਕੜਕਣ, ਨਾਹਰਾ
82.	ਵਾਹਲੇ	...	
83.	ਵਰਨ	...	ਵਰਨ ਪਿੰਡ
84.	ਵਸੀਰ	...	ਬੱਗੀ ਡੱਲ, ਮਦੂਆਣਾ, ਮੱਛਰਵਾਲੀ
85.	ਵਟੂ	...	ਪਰੋਜ ਵਟੂਆ, ਨਾਹਰਾ ਵਟੂਆ।
86.	ਵਿਰਕ	...	
87.	ਸਿਧੂ	...	ਭੀਸਣ
88.	ਬੁੱਟਰ	...	
89.	ਮਾਡਲ ਸਾਹੀ	...	
90.	ਅਹੀਰ	...	
	ਆਹਲੂਵਾਲੀਏ	...	
	ਅਰਾਈਂ	...	
	ਅਰੋੜੇ	...	
	ਅਵਾਨ	...	
	ਬੈਰਾਗੀ	...	

ਬਖਤਮਲ	...	
ਬਾਲਮੀਕੀ	...	
ਲਾਲ ਬੇਗੀ	...	
ਬਲੋਚ	...	ਮੜ੍ਹ ਬਲੋਚ
ਬਨੋਜਾ	...	
ਭਾਬੜੇ	...	
ਭਗਤੀ	...	
ਭਾਟਘੇ	...	
ਭਾਟੜੇ	...	
ਬੋਦਲੇ	...	ਇਹ ਵਟੂਆ ਵਿਚੋਂ ਹਨ।
ਬ੍ਰਹਮਨ	...	
ਚੰਗੜ	...	
ਚੂਹਾਣ	...	
ਚੂਹੜਾ	...	
ਗੰਧੀਲੇ	...	
ਕੰਬੋ	...	ਨਵੀਂ ਆਬਾਦੀ
ਖੱਤਰੀ	...	
ਖੋਜੇ, ਪਰਾਚੇਂ	...	ਸਰਕਪੁਰ, ਫੈਜਪੁਰ
ਕੀਕਣ	...	
ਕੁਚ ਬੰਦ	...	
ਮਾਹਤੋਂ	...	
ਮਜ਼ਹਬੀ	...	ਢਾਬਾਂ, ਗੋਬਿੰਦਗੜ੍ਹ, ਬੁਰਿਆਂਵਾਲ਼।
ਮਿਰਾਸੀ	...	
ਮੁਸੱਲੀ	...	
ਨਿੱਕੀ ਰਾਵੀ	...	
ਨਕਈ ਮਿਸਲ	...	
ਪਰਾਧੇ	...	
ਪਰੇਡੇ	...	
ਪਾਕ ਰਹਿਅਨੀ	...	
ਰਾਜਪੂਤ	...	
ਸਾਧੂ	...	

ਸੈਣੀ ... 7 ਚੱਕ ਸੈਣੀ ਬਾਰ 8, ਕਮਾਲਪੁਰਾ ਆਦਿ ।

ਸਾਂਹਸੀ ...

ਸੇਵਾ ਪੰਥੀ ...

ਸੁੱਕਰ ਚੱਕੀਏ ...

ਸੁਨਿਆਰੇ ...


ਉਦਾਸੀ ...

ਵਲਾਣੇ ...

ਵਟੂ ... ਬਾਠੇਕੇ

ਪਿੰਡ ਵਰਨ

ਉਧਰਸੈਨ



ਵਰਨ   ਧਰੰਗੜ   ਵਿਰਕ

ਮਿਹਰਾ   (ਵੇਖੋ ਅੱਗੇ)

ਬੀਟੋ

ਬੀ ਚੰਦ

ਕਿਰਪਾਲ

ਜੈਸ

ਨਿਠਰ

ਲਧਾ

ਜਾਤ੍ਰੀ

ਕਾਲਾ

ਬਦੋ




1 ਸੁੰਦਰ :—ਸਿੰਘ ਇਹ ਪ੍ਰਥਮ ਸੰਸਾਰ ਯੁੱਧ ਤੋਂ ਪਹਿਲਾਂ ਭਾਰਤੀ ਥਲ ਸੈਨਾ ਵਿੱਚੋਂ ਰਸਾਲ-ਦਾਰੀ ਪੈਨਸ਼ਨ ਆਏ

2 ਹਜ਼ਾਰਾ ਸਿੰਘ :—ਇਹ ਵੀ ਆਪਣੇ ਪ੍ਰਸਿੱਧ ਪਿਤਾ ਵਾਂਗੂ ਭਾਰਤੀ ਥਲ ਸੈਨਾ ਵਿੱਚੋਂ ਪ੍ਰਥਮ ਸੰਸਾਰ ਯੁੱਧ ਪਿੱਛੋਂ ਰਸਾਲਦਾਰੀ ਪੈਨਸ਼ਨ ਆਏ ।

3 ਗੁਰਲਾਲ ਸਿੰਘ :—ਦੇਸ ਬਟਵਾਰੇ ਉਪਰੰਤ 1947 ਵਿੱਚ ਯਮੁਨਾ ਪਾਰ ਆਪਣੇ ਪ੍ਰਸਿੱਧ ਪਿਤਾਮਾ ਦੇ ਨਾਮ ਤੇ ਸੁੰਦਰ ਨਗਰ ਆਬਾਦ ਕਰਕੇ ਰਹਿੰਦੇ ਹਨ ।

4 ਆਰੂੜਾ :—ਇਹ ਮੁਸਲਮਾਨ ਹੋ ਗਿਆ । ਅੰਸ ਪੱਛਮੀ ਪੰਜਾਬ ਆਪਣੇ ਨਗਰ ਵਿਚ ਹੈ ।

ਚਾਲੂ ਅਗਲੇ ਪੰਨੇ ਤੇ



ਸੱਤੋ :— ਭਾਈ ਜੀਵਨ ਸਿੰਘ ਜੀ ਦੀ ਖੋਜ ਅਨੁਸਾਰ ਇਹ ਅਕਬਰ ਦਾ ਸਮਕਾਲੀਨ (ਸੰਨ 1556-1605 ਈ.) ਸੀ। ਇਸਨੂੰ ਸਾਰੇ ਵ ਸੱਤੋ ਪੀਰ ਕਰਕੇ ਮੰਨਦੇ ਹਨ। ਵਰਨ ਗੋਤ ਦੇ ਜੱਟ, ਪੁਰਾਣਿਆਂ ਸਮਿਆਂ ਵਿਚ ਆਪਣੀਆਂ ਰੀਤਾਂ ਇਸੇ 'ਸੱਤੋ ਪੀਰ' ਦੇ ਮੜ੍ਹ ਤੇ ਜਾ ਕੇ ਮਿ ਰਾਹੀਂ ਕਰਵਾਇਆ ਕਰਦੇ ਸਨ।

ਇਸੇ ਸੱਤੋ ਦਾ ਭਰਾ ਮੇਘਾ ਪਿੰਡ ਭਾਕੇ ਦੇ (ਪਰ ਵਰਨਾਂ ਦੇ ਵਸਨੀਕ) ਭੱਟੀਆਂ ਨੇ ਮਾਰ ਘੱਤਿਆ ਜਿਸ ਤੇ ਵਿਰਕਾਂ ਨੂੰ ਜੰ ਭੱਟੀਆਂ ਨਾਲ ਬੜੀ ਭਾਰੀ ਲੜਾਈ ਕੀਤੀ ਅਤੇ ਉਹਨਾਂ ਨੂੰ ਸਦਾ ਵਾਸਤੇ ਇਸ ਨਗਰ ਵਿੱਚੋਂ ਚਿਕ ਕੇ ਕੱਢ ਦਿੱਤਾ ਤੇ ਆਪ ਆਬਾਦ ਹੋ ਗਏ।

ਇਸੇ ਪਿੰਡ ਦੀ ਬੀਬੀ ਸੁਰਜਣ ਸਪੁੱਤਰੀ ਭਾਈ ਸੁਭਾਣ ਬਾਬੇ ਬੁੱਢੇ ਦੇ ਵੰਸ਼ਜ ਭਾਈ ਰਾਮ ਕੌਰ (ਗੁਰਬਖਸ਼ ਸਿੰਘ) ਦੀ ਦੂਸਰੀ ਸੁਪਤਨੀ ਸੀ।

ਧਰੰਗੜ

ਇਸਨੇ ਆਪਣੇ ਪਿਤਾ ਉਦਰਸੈਨ ਦੇ ਨਾਮ ਤੇ ਉਦਾ ਨਗਰੀ ਨਾਮੇ ਪਿੰਡ ਅਸਰੂਰ ਦੇ ਪ੍ਰਸਿੱਧ ਥੇਹ (ਮੌਜੂਦਾ ਨਾਮ ਮੀਆਂ

ਦਾ ਭਿੜ) ਦੇ ਕੋਲ ਵਸਾਇਆ, ਜਿਸਨੂੰ ਤਿਮਰ ਲੰਗ ਦੇ ਧਾੜਵੀਆਂ ਨੇ ਸੰਨ 1398 ਈ: ਵਿੱਚ ਬਰਬਾਦ ਕਰ ਦਿੱਤਾ। ਧਰੰਗੜ ਦੇ ਬਹੁਤ ਸਾਰੇ ਵੰਸ਼ਜ਼ ਮਾਰੇ ਗਏ। ਕੁਝ ਫੜ ਕੇ ਮੁਸਲਮਾਨ ਬਣਾ ਲਏ ਗਏ ਜੋ ਡੋਗਰ ਸਦਾਉਂਦੇ ਹਨ। ਸੁਣੀਂਦਾ ਹੈ ਕਿ ਬੀਕਾਨੇਰ ਦੇ ਕਰੀਵਾਲਾ ਨਾਮੇ ਸਟੇਸ਼ਨ ਕੋਲ ਹਿੰਦੂ ਡੋਗਰ ਆਬਾਦ ਹਨ। (ਖੋਜ ਜਰੂਰੀ ਹੈ)

ਅਸਰੂਰ ਥੇਹ ਤੇ ਉੱਘਾ ਸ਼ਾਹ ਡੰਗਰ (ਜਿਸ ਨੂੰ ਮੀਆਂ ਅਲੀ ਵੀ ਸੱਦਿਆ ਜਾਂਦਾ ਹੈ) ਨੇ ਇਕ ਮਸੀਤ ਬਣਵਾਈ ਜਿਸ ਕਰਕੇ ਅਸਰੂਰ ਥੇਹ ਦਾ ਨਾਮ ਮੀਆਂ ਅਲੀ ਦਾ ਭਿੜ ਅੱਜ ਤੱਕ ਸੱਦਿਆ ਜਾਂਦਾ ਹੈ। ਇਹ ਥੇਹ ਨਾਂ ਤਾਂ ਊਧਾ ਨਗਰੀ ਤੇ ਨਾ ਹੀ ਮੀਆਂ ਅਲੀ ਦਾ ਹੈ। ਵਾਸਤਵ ਵਿੱਚ ਇਹ ਤਾਕੀਆ ਨਾਮ ਪੁਰਾਤਨ ਸਾਂਗਲਾ ਦਵੀਪ ਦੇ ਪ੍ਰਮੁੱਖ ਨਗਰ ਦਾ ਭਗਨਾਵੇਸ਼ ਹੈ।

ਜੱਟ

ਬਦੇਸ਼ੀ ਵਿਦਵਾਨਾਂ ਦੇ ਕਥਨ ਅਨੁਸਾਰ ਜੱਟ, ਇੰਡੋ ਸਿਥਯਨ ਕੁਟੰਬ ਵਿਚੋਂ ਹਨ। ਜਿਨ੍ਹਾਂ ਨੂੰ ਯੂਨਾਨੀ ਇਤਹਾਸਕਾਰ ਸਤ੍ਰਾਬੋ, ਜ਼ੰਥਾਈ ਕਹਿੰਦਾ ਹੈ। ਮਗਰ ਪਲਿਨੀ ਤੇ ਟੋਲਿਮੀ, ਜੱਟੂ ਦੱਸਦੇ ਹਨ। ਉਹਨਾਂ ਦਾ ਖਿਆਲ ਹੈ ਕਿ ਇਹ ਆਪਣੇ ਭਾਈ ਬੰਦ, ਮੀਡੀਏ ਤੇ ਮੰਡਾਂ ਦੇ ਪਿਛੋਂ ਪੰਜਾਬ ਵਿਚ ਆ ਕੇ ਵਸੇ। ਮੀਡਯੇ ਤੇ ਮੰਡ ਦਰਯਾ ਯਾਮੂ ਦੇ ਕੰਢਿਓਂ ਈਸਾ ਤੋਂ ਸੌ ਸਾਲ ਪਹਿਲਾਂ ਉਠ ਕੇ ਆਏ ਸਨ। ਗਹੁ ਨਾਲ ਵੇਖਿਆਂ ਇਓਂ ਪ੍ਰਤੀਤ ਹੁੰਦਾ ਹੈ ਕਿ ਜਟ ਪਹਿਲੋਂ ਸਿੰਧ ਦਰਯਾ ਦੇ ਨਾਲ ਨਾਲ ਇਲਾਕਾ ਸਿੰਧ ਤੱਕ ਚਲੇ ਗਏ ਤੇ ਉਹਨਾਂ ਦੇ ਪਿਛੇ ਪਿਛੇ ਮੀਡਯੇ ਤੇ ਮੰਡ ਵੀ ਪਹਿਲੀ ਸਦੀ ਈਸਵੀ ਤੱਕ ਪੁਜ ਗਏ। ਜਿਥੋਂ, ਫਿਰ ਇਹ ਅਰਬਾਂ ਦੇ ਹਮਲਿਆਂ ਤੋਂ ਪਹਿਲਾਂ ਹੀ ਪੂਰੇ ਪੰਜਾਬ ਵਿਚ ਫੈਲ ਗਏ। ਅਤੇ ਯਾਰਵੀਂ ਸਦੀ ਦੇ ਮਧ ਤਕ ਪਕੇ ਤੌਰ ਤੇ ਆਬਾਦ ਹੋ ਗਏ।


ਇਤਿਹਾਸਕਾਰਾਂ ਵੀ ਕਈ ਟੂਕਾਂ ਦਿਤੀਆਂ ਹਨ ਜਿਹਾ ਕਿ ਮਿ: ਇਲੀਅਟ ਹਿਸਟਰੀ ਆਫ ਇੰਡੀਆ ਦੇ ਪੰਨਾ 14 ਤੇ ਇਬਨਿ ਖ਼ੁਰਦਾਦਬੇ ਦੇ ਹਵਾਲੇ ਨਾਲ ਲਿਖਦਾ ਹੈ। "ਕਰਮਾਨ ਤੋਂ ਮਨਸੂਰਾ ਤਕ 80 ਫਰੈਸਿੰਗ ਦਾ ਰਸਤਾ ਜੱਟਾਂ ਦੇ ਇਲਾਕੇ ਵਿਚ ਗੁਜਰਦਾ ਹੈ ਜਿਸਤੇ ਉਹ ਕੜੀ ਨਜ਼ਰ ਰਖਦੇ ਹਨ"। ਭਾਵ ਮੌਕਾ ਤਾੜ ਕੇ ਲੁਟ ਲੈਂਦੇ ਹਨ।

ਕਰਨਲ ਟਾਡ, ਇਸ ਦਲੀਲ ਨਾਲ ਸਹਿਮਤ ਨਹੀਂ; ਉਹ ਜੱਟਾਂ ਨੂੰ ਵੀ ਰਾਜਪੂਤ ਮੰਨਦਾ ਹੈ। ਮਗਰ ਜਨਰਲ ਕਨਿੰਘਮ ਉਪ੍ਰੋਕਤ ਕਥਨ ਨਾਲ ਪੂਰਨ ਰੂਪ ਵਿਚ ਸਹਿਮਤ ਹੈ ਅਤੇ ਜੱਟਾਂ ਨੂੰ ਰਾਜਪੂਤਾਂ ਨਾਲੋਂ ਵੱਖਰੇ ਮੰਨਦਾ ਹੈ।

ਕਿੰਤੂ ਮਜਮਲ-ਉ-ਤਵਾਰੀਖ ਦੇ ਅਨੁਸਾਰ, ਜੱਟ ਤੇ ਮੀਡ ਦੋਵੇਂ ਹਾਮ ਦੀ ਅੰਸ ਹਨ। ਇਹ ਦੋਵੇ ਕਬੀਲੇ ਦਰਯਾ ਸਿੰਧ ਅਤੇ ਦਰਯਾ ਬਹਾਰ ਦੇ ਕੰਢਿਆਂ ਤੇ ਇਲਾਕਾ ਸਿੰਧ ਵਿਚ ਰਹਿੰਦੇ ਸਨ। ਮੀਡੀਆਂ ਦੀ ਸੰਖਯਾ ਅਧਿਕ ਹੋਣ ਕਰਕੇ, ਉਹਨਾਂ ਨੇ ਜਟਾਂ ਨੂੰ ਦਰਯਾ ਪ੍ਰਹਾਨ ਤੋਂ ਪਾਰ ਚਿੱਕ ਦਿਤਾ। ਜਟ ਬੇੜੀਆਂ ਦੀ ਵਰਤੋਂ ਜਾਣਦੇ ਸਨ ਤੇ ਮੀਡ ਨਿਰੇ ਆਜੜੀ ਭੇਡਾਂ ਹੀ ਚਾਰਨ ਜਾਣਦੇ ਸਨ। ਜਟਾਂ ਨੇ ਬੇੜੀਆਂ ਬਣਾ ਕੇ ਇਕ ਤਗੜੇ ਹੱਲੇ ਵਿਚ ਮੀਡਾ ਨੂੰ ਲੱਕ ਤੋੜਵੀਂ ਹਾਰ ਦਿਤੀ ਤੇ ਉਹਨਾਂ ਦਾ ਇਲਾਕਾ ਬਰਾਬਾਦ ਕਰ ਦਿਤਾ। ਅਗੋਂ ਲਈ ਝਗੜੇ ਨੂੰ ਮੁਕਾਨ ਲਈ ਇਕ ਜਟ ਮੁਹਰੀ (ਲੀਡਰ) ਨੇ ਦੁਹਾਂ ਧਿਰਾਂ ਦੀ ਇਕ ਸਾਂਝੀ ਪੰਚਾਇਤ, ਦਿੱਲੀ ਦੇ ਰਾਜੇ ਦਰਯੋਧਨ (ਧ੍ਰਤਰਾਂਸ਼ਟਰ ਦੇ ਪੁਤ੍ਰ) ਕੋਲ ਘੱਲੀ ਕਿ ਸਿੰਧ ਵਿਚ ਕੋਈ ਆਪਣਾਂ ਰਾਜ ਅਧਿਕਾਰੀ ਨਿਯੁਕਤ ਕਰੇ ਜਿਸਤੇ ਦੁਰਯੋਧਨ ਨੇ ਆਪਣੀ ਭੈਣ ਦੁਹਸਾਲਾ (ਜੈਦਰਥ ਦੀ ਪਤਨੀ) ਨੂੰ ਜੱਟਾਂ ਤੇ ਮੀਡਾਂ ਦਾ ਰਾਜ ਪ੍ਰਬੰਧ ਕਰਨ ਲਈ ਘਲਿਆ ਉਸਨੇ ਵੇਖਿਆ ਉਥੇ ਬ੍ਰਹਮਣ ਨਹੀਂ ਸਨ, ਉਸਨੇ ਦਰਯੋਧਨ ਨੂੰ ਲਿਖਿਆ ਤੇ ਉਸਨੇ ਭਾਰਤ ਵਿਚੋਂ 30,000 ਬ੍ਰਹਮਣ ਘੱਲੇ ਦੁਹਸਾਲਾ ਨੇ ਜੱਟਾਂ ਦੇ ਸਰਦਾਰ ਜੁੰਦਰਾਤ ਨੂੰ ਕੁੱਝ ਇਲਾਕਾ ਦਿਤਾ।

---

1. ਇਬਨਿ ਖ਼ੁਰਦਾਦਬੇ ਕ੍ਰਿਤ ਕਿਤਾਬੁਲ ਮੁਸਾਲਿਕ ਵਲ. ਮੁਮਾਲਿਕ 920 ਈ,
2. ਈਰਾਨ ਦਾ ਇਕ ਸੂਬਾ ਤੇ ਇਸੇ ਨਾਮ ਦਾ ਇਕ 'ਪ੍ਰਸਿੱਧ ਸ਼ਹਿਰ'
3. ਆਈਨਿ ਅਕਬਰੀ ਅਨੁਸਾਰ ਵਰਤਮਾਨ "ਭੱਕਰ"
4. ਇਹ ਪੁਸਤਕ ਸੰਨ 1126 ਈ: ਵਿਚ ਲਿਖੀ ਗਈ



5. ਰਾਜ ਤ੍ਰੰਗਣੀ (ਕ੍ਰਿਤ ਪੰ: ਕਲਣ) ਦੇ ਸਲੋਕ 51 ਦੇ ਅਨੁਸਾਰ 1975 ਈ: ਤਕ ਮਹਾਂ ਭਾਰਤ ਯੁਧ ਨੂੰ ਅਟੇ ਸਟੇ 4416 ਸਾਲ ਹੁੰਦੇ ਹਨ। ਅਰਥਾਤ ਯੁੱਧ 2441 ਪੂ: ਈਸਾ ਹੋਇਆ। ਇਸ ਹਿਸਾਬ ਮੀਂਡਜੇ ਤੇ ਜਟ ਉਸ ਤੋਂ ਪਹਿਲਾਂ ਹੀ ਦਰਯਾ ਸਿੰਧ ਦੇ ਇਲਾਕੇ ਵਿਚ ਆਬਾਦ ਹੋ ਚੁੱਕੇ ਸਨ :—

   ਮਗਰ ਭਾਈ ਕਾਹਨ ਸਿੰਘ ਮਹਾਨ ਕੋਸ਼ ਅੰਦਰ ਲਿਖਦੇ ਹਨ :—
   "ਵਿਦਵਾਨਾਂ ਦਾ ਵਿਚਾਰ ਹੈ ਕਿ ਮਹਾਂ ਭਾਰਤ ਦਾ ਯੁਧ ਸੰਨ 950 ਈਸਾ ਪੂਰਵ ਹੋਇਆ ਸੀ।"
   ਅਗਰ ਇਸ ਕਥਨ ਨੂੰ ਵੀ ਸਵੀਕਾਰ ਕੀਤਾ ਜਾਵੇ ਤਾਂ ਭੀ ਜਟ ਤੇ ਮੀਡਜੇ ਈਸਾ ਤੋਂ ਸੌ ਸਾਲ ਨਹੀਂ ਹਜਾਰ ਸਾਲ ਪਹਿਲੋਂ ਆਏ ਪ੍ਰਤੀਤ ਹੁੰਦੇ ਹਨ।

ਇਕ ਚੱਚ ਨਾਮੀ ਬਹਮਨ ਨੇ 650 ਈ: ਵਿਚ ਜੱਟਾਂ ਤੋਂ ਰਾਜ ਖੋਹ ਕੇ ਹੁਕਮ ਦਿਤਾ :—

1. ਜੱਟ ਘੋੜੇ ਤੇ ਬਗੈਰ ਕਾਠੀ ਚੜੇ 2. ਕੀਮਤੀ ਕਪੜੇ ਨਾਹ ਪਹਿਨੇ 3. ਕਪੜੇ ਕਾਲੇ ਜਾਂ ਲਾਲ ਪਹਿਨੇ 4. ਸਿਰ ਨੰਗਾ ਰਹਿ 5. ਕੁੱਤਾ ਆਪਣੇ ਨਾਲ ਰਖਣ 6. ਖੋਜੀ ਅਤੇ ਸੂਹੀਏ ਦਾ ਕੰਮ ਕਰਨ ਲਈ ਤੇਯਾਰ ਰਹਿਣ ਅਤੇ 7. ਸ਼ਾਹੀ ਲੰਗਰ ਲਈ ਲਿਆਇਆ ਕਰਨ। ਬ੍ਰਹਮਣਾਂ ਦਾ ਰਾਜ 711 ਈਸਵੀ ਤੱਕ ਰਿਹਾ। ਸੰਨ 712 ਈ: ਵਿਚ ਮੁਹੰਮਦ ਬਿਨ ਕਾਸਿਮ ਨੇ ਸਿੰਧ ਫਤਿਹ ਕੀ ਉਸਨੇ ਵੀ ਜੱਟਾਂ ਉਤੇ ਪਾਬੰਦੀਆਂ ਬਰਕਰਾਰ ਰਖੀਆਂ ਸਗੋਂ ਜਜ਼ੀਏ ਹੋਰ ਲਗਾ ਦਿਤੇ।

ਸਨ 836 ਈ: ਵਿਚ ਅਮਰਾਨ ਸਿੰਧ ਦਾ ਹਾਕਮ ਹੋ ਕੇ ਆਇਆ ਇਸਨੇ ਕਾਈਕਾਨ (ਕੀਕਨ) ਦੇ ਕੱਟਾਂ ਤੇ ਹਮਲਾ ਕਰਕੇ ਉ ਨੂੰ ਭਾਂਜ ਦਿਤੀ। ਅਲਬੇਜ਼ਾ ਨਾਮ ਦਾ ਸ਼ਹਿਰ ਬੁਣਾਕੇ ਫੋਜੀ ਛਾਉਣੀ ਬਣਾਈ। ਉਥੋਂ ਫਿਰ ਮੁਲਤਾਨ ਅਤੇ ਕੰਦਾਬਿਲ ਸ਼ਹਿਰਾਂ ਵਲ ਵਧਿਆ।

ਅਰਬਾਂ ਦੇ ਹੋਰ ਹੱਲਿਆਂ ਨੂੰ ਛੱਡ ਕੇ ਮਹਿਮੂਦ ਨੇ 16 ਹੱਲੇ ਤਾਂ ਪੂਰੇ ਭਾਰਤ ਤੇ ਕੀਤੇ ਪਰ ਉਸਦਾ 17ਵਾਂ ਤੇ ਅਖੀਰਲਾ ਸੰਨ 1026 ਈ: ਵਿਚ ਕੇਵਲ ਜੱਟਾਂ ਉਤੇ ਹੀ ਕੀਤਾ ਗਿਆ ਸੀ। ਮਗਰ ਜੱਟ ਫਿਰ ਵੀ ਹਿੰਦੂ ਹੀ ਰਹੇ। ਸੰਨ 1192 ਈ: ਵਿਚ ਜਦੋਂ ਪਿਥੋਰਾ (ਪ੍ਰਿਥਵੀ ਰਾਜ ਚੋਹਾਨ) ਮੁਹੰਮਦ ਗੋਰੀ ਕੋਲੋਂ ਹਾਰ ਗਿਆ ਤਾਂ ਜੱਟਾਂ ਨੇ ਬਗਾਵਤ ਕਰ ਦਿੱਤੀ। ਮਗਰ ਕੁਤਬੁਦ ਦੀਨ ਏਬਕ ਨੇ ਇਹਨਾਂ ਬਾਂਗੜ ਦੀ ਹੱਦ ਤੇ ਭਾਂਜ ਦਿੱਤੀ। ਫਰਿਸ਼ਤੇ ਦੇ ਕਥਨ ਅਨੁਸਾਰ ਇਹਨਾਂ ਜੱਟਾਂ ਦਾ ਮੁਹਰੀ ਜਟਵਾਨ, ਗੁਜਰਾਤ ਦੇ ਰਾਜ਼ੇ ਨਾਹਰਵਾਨੇ ਦਾ ਸੰਬੰਧੀ

ਪੁਰਾਤਨ ਬਜ਼ੁਰਗਾਂ ਦੇ ਕਥਨ ਅਨੁਸਾਰ ਜੱਟਾਂ ਦੀਆਂ ਕੇਵਲ ਤਿੰਨ ਪਰਧਾਨ ਗੋਤਾਂ ਮਾਨ, ਭੁੱਲਰ ਤੇ ਹਿਹਰ ਹਨ, ਅਤੇ ਗੋਤਾਂ ਵਾਲੇ ਇਹਨਾਂ ਤਿੰਨਾਂ ਜਟ ਗੋਤਾਂ ਨਾਲ ਰਿਸ਼ਤੇ ਨਾਤੇ ਦੀ ਸਾਂਝ ਤੋਂ ਸੰਕੋਚ ਕਰਦੇ ਸਨ। ਜਿਸ ਦੀ ਵਜਹ ਇਹ ਦੱਸੀ ਜਾਂਦੀ ਹੈ ਕਿ ਇਹ ਜੱਟ ਗੋਤਾਂ ਪਹਿਲੇ ਆਏ ਆਰਯਾ ਲੋਕਾਂ ਤੋਂ ਪਿਛੋਂ ਆਏ ਸੱਸੀਦੇ ਸਨ। ਦਾਨੇ ਸੱਸਦੇ ਹਨ ਕਿ ਜਟ 57 ਪੂਰਵ ਈਸਾ ਬਿਕ੍ਰਮਾਜੀਤ ਨੇ ਸਾਕਿਆਂ ਹਾਰ ਦਿਤੀ ਤਦ ਉਸ ਨਾਲ ਜਿਹੜੇ ਰਾਜਪੂਤ ਮਾਲਵੇ ਆਦਿ ਵਿਚੋਂ ਆ ਕੇ ਦੁਆਬਾ ਰਚਨਾ ਵਿਚ ਵੱਸੇ ਤਾਂ ਉਹਨਾਂ ਆਦਿਵਾਸੀ ਕਬੀਲਿਆਂ ਯੀਰ ਕਹਿਕੇ ਸਦਿਆ ਜਾਂਦਾ ਸੀ) ਨਾਲ ਲੈ ਕੇ ਇਲਾਕਾ ਆਬਾਦ ਕਰਨਾ ਸ਼ੁਰੂ ਕੀਤਾ। ਉਸੇ ਕਾਲ ਵਿਚ ਬਾਰੀ ਦੁਆਬੇ ਅੰਦਰ ਅਸਲੀ ਜੱਟਾਂ ਦੀਆਂ ਤਿੰਨੇ ਗੋਤਾਂ ਮਾਨ, ਭੁਲਰ, ਤੇ ਹਿਹਰ ਆਬਾਦਕਾਰੀ ਕਰ ਰਹੀਆਂ ਸਨ। ਮਾਲਵੇ ਵਿਚੋਂ ਆਵਣ ਵਾਲੀਆਂ ਗੋਤਾਂ ਬਾਕੀ ਦੀਆਂ ਯੀਰ, ਮਾਨ ਭੁਲਰ ਅਤੇ ਹਿਹਰ ਆਦਿ ਨਾਲ ਰਿਸ਼ਤੇ ਨਾਤੇ ਨਹੀਂ ਕਰਦੇ ਸਨ।

ਯੀਰ ਜਾ ਜੂਨ ਲੋਕਾਂ ਦੀ ਆਪਣੀ ਵਖਰੀ ਆਬਾਦੀ ਜੰਮੂ ਦੇ ਇਲਾਕੇ; ਨੈਣਾ ਕੋਟ ਦੇ ਨੇੜੇ ਤੇੜੇ ਅਜੇ ਵੀ ਮਿਲਦੀ ਹੈ। ਜਟਾਂ ਦੇ ਅਸਲ ਤਿੰਨ ਗੋਤਾਂ ਬਾਰੇ ਸਾਡਾ ਵਿਚਾਰ ਹੈ ਕਿ ਇਹ ਤਿੰਨੇ ਗੋਤਾਂ ਜਰਮਨੀ ਵਿਚੋਂ ਆਈਆਂ ਹਨ ਕਿਉਂਕਿ ਉਥੇ ਅਜੇ ਵੀ ਮਾਨ (Mann), ਬੁਹਲਰ (Buhler) ਅਰਥਾਤ ਜਿਸਦਾ ਅਪਭ੍ਰੰਸ਼ ਭੁਲਰ ਹੈ ਅਤੇ ਜਰਮਨ ਭਾਸ਼ਾ ਵਿਚ ਹੱਰ (Herr) ਇਕ ਵਡਿਆਈ ਜਨਕ ਸ਼ਬਦ ਦੀ ਵਰਤੋਂ ਹੁੰਦੀ ਜੈਸੇ ਕਿ ਹੱਰ ਹਿਟਲਰ, ਹੱਰ ਗੋਇਰਿੰਗ ਆਦਿ। ਇਥੋਂ ਇਸ ਸੰਭਾਵਨਾ ਦੀ ਪੁਸ਼ਟੀ ਹੁੰਦੀ ਹੈ ਕਿ ਇਹ ਅਸਲ ਜਟ ਗੋਤ ਈਸਾ ਤੋਂ ਕਈ ਪੂਰਵ ਜਰਮਨੀ ਵਿਚੋਂ ਆਏ ਮਗਰ ਦਆਬਾ ਬਾਰੀ ਵਿਚ ਇਹ ਬਿਕ੍ਰਮਾਜੀਤ ਤੇ ਸਾਕਿਆਂ ਨਾਲ ਹੋਏ ਜੁਧ ਤੋਂ ਪਿਛੋਂ ਅਰਥਾਤ ਸੰਨ 57 ਪੂ ਈਸ: ਆ ਕੇ ਆਬਾਦ ਹੋਏ। ਇਹ ਭੀ ਹੋ ਸਕਦਾ ਹੈ ਕਿ ਇਹ ਵੀ ਉਹਨਾਂ ਸਾਕਿਆਂ ਦੇ ਹੀ ਸਾਥੀ ਹੋਵਨ ਜੋ ਬਿਕ੍ਰਮਾਜੀਤ ਦੀ ਈਨ ਮੰਨ ਕੇ ਆਬਾਦ ਹੋ ਗਏ ਹੋਵਨ।

ਜੱਟ ਸ਼ਬਦ ਦੀ ਵਰਤੋਂ ਯੂਰਪ ਵਿਚ ਵੀ ਹੁੰਦੀ ਹੈ। ਇਹ ਸੰਸਕ੍ਰਿਤ ਸ਼ਬਦ "ਯਟਾ" ਦਾ ਪ੍ਰੀਵਰਤਤ ਰੂਪ ਦਿੱਸ ਆਉਂਦਾ ਹੈ ਕਦੇ ਡੈਨਮਾਰਕ ਦੇ ਇਕ ਇਲਾਕੇ ਨੂੰ (Jutland) ਕਰਕੇ ਸੱਦਿਆ ਜਾਂਦਾ ਸੀ। ਸੰਯੋਗਵਸ਼ ਉਥੋਂ ਦੀ ਬਹੁ ਜਨ ਸੰਖਿਅ ਖੇਤੀ ਬਾੜੀ ਅਤੇ ਪਾਲਣ ਦਾ ਹੀ ਕਿਤਾ ਕਰਦੀ ਹੁੰਦੀ ਸੀ। ਇਸ ਇਲਾਕੇ ਦਾ ਵਰਤਮਾਨ ਨਾਮ Jylland (ਜਾਇਲ ਲੈਂਡ) ਹੈ। ਸੰਭਵ ਹੈ ਕਿ ਇਹ ਲੋਕ ਤੋਂ ਹੀ ਯਟਾ ਅਰਥਾਤ ਜੱਟ ਕਰਕੇ ਪੁਕਾਰੇ ਜਾਂਦੇ ਹੋਵਨ। ਤੇ ਭਾਰਤ ਵਿਚ ਆਕੇ ਵੀ ਜੱਟ ਹੀ ਦੀਦ ਹੋਵਨ। ਇਥੇ ਇਹ ਦੱਸਣਾ ਵੀ ਹੋਵੇਗਾ ਕਿ ਯੂਰਪ ਵਿਚ ਕੁਛ ਟੱਪਰੀ ਵਾਸ ਫਿਰਦੇ ਰਹਿੰਦੇ ਹਨ, ਜਿਨ੍ਹਾਂ ਨੂੰ ਕਿ ਉਥੇ Gipsy (ਜਿਪਸੀ) ਸੰਗਯਾ ਦਿਤੀ ਜਾਂਦੀ ਹੈ। ਉਹ ਜਦੋਂ ਆਪਸ ਵਿਚ ਗੱਲ ਬਾਤ ਕਰਦੇ ਹਨ ਜਾਂ ਕਿਸੇ ਹਿੰਦੁਸਤਾਨੀ ਨਾਲ ਮੁਲਾਕਾਤ ਵੇਲੇ ਅਕਸਰ ਹਿੰਦੀ ਸ਼ਬਦਾਂ ਦੀ ਅਧਿਕ ਵਰਤੋਂ ਕਰਦੇ ਹਨ ਜੈਸਾ ਕਿ ਦੀਵਾਨ ਚਮਨ ਲਾਲ ਨੂੰ ਇਕ ਜਿਪਸੀ ਨੇ ਉਲਾਹਮੇ ਦੇ ਦੋਰਾਨ ਆਖਿਆ "ਅਸੀਂ ਤੁਸੀਂ ਏਕ ਰਕਤ" ਆਦਿ ਅਤੇ ਕਿ ਪੰਡਤ ਨਹਿਰੂ ਨੇ Discovery of India (ਡਿਸਕਵਰੀ ਆਫ਼ ਇੰਡੀਆਂ) ਵਿਚੋਂ ਸਾਨੂੰ ਬਿਲਕੁਲ ਨਜ਼ਰੋਂ ਪਰੋਖੇ ਕਰ ਛਡਿਆ ਆਦਿ। ਇਕ ਹੋਰ ਨੇ ਗੁਰਬ ਨਾਲ ਆਖਿਆ "ਅਮੀ ਜਟ"। ਫਰਾਂਸ ਵਿਚ ਜਿਪਸੀ ਲੋਕ ਸ਼ਬਦ "ਰੋਟੀ" ਦਾ ਆਮ ਪ੍ਰਯੋਗ ਸੁਭਾਵਕ ਹੀ ਖਾਣੇ ਵਾਸਤੇ ਕਰਦੇ ਹਨ। ਰੋਟੀ, ਸੰਸਕ੍ਰਿਤ ਸ਼ਬਦ ਰੋਟਿਕਾ ਦਾ ਅਪਭ੍ਰੰਸ਼ ਹੈ ਅਤੇ ਸੰਭਵ ਹੈ ਕਿ ਉਹ ਜਿਪਸੀ ਇਹਨਾਂ ਜਟਾਂ ਦੇ ਹੀ ਵੰਸ਼ਜ ਹੋਵਨ ਜੋ ਇਹਨਾਂ ਨਾਲੋਂ ਕਿਸੇ ਕਾਰਨ ਕਰਕੇ ਨਿਖੜ ਚੁਕੇ ਹੋਵਨ। ਆਮ ਜਰਮਨ ਭਾਸ਼ਾ ਵਿਚ ਸੰਸਕ੍ਰਿਤ ਦੇ ਅਧਿਕ ਸ਼ਬਦ ਮਿਲਦੇ ਹਨ ਜੈਸੇ bahn (ਬਾਹਨ-ਗੱ

---

1 ਦੇਖੋ ਇਬਨਿ ਹੋਕਲ ਬਗਦਾਦੀ ਦਾ 943 ਈ: ਦਾ ਬਨਾਇਆ ਹੋਇਆ ਨਕਸ਼ਾ—ਪੁਸਤਕ ਦਾ ਮੁਖੀ ਪ੍ਰਸ਼ਠ।

ਇਉਂ ਭਾਸਦਾ ਹੈ ਕਿ ਸਿੰਧ ਤੋਂ ਪੂਰਬ ਪਾਰ ਦੇ ਇਲਾਕੇ ਤੇ ਕਬਜ਼ਾ ਕਰਕੇ ਫਿਰ ਪੱਛਮ ਪਾਰ ਦੇ ਇਲਾਕਿਆਂ ਵਲ ਕੂਚ ਕੀਤਾ ਹੋਵੇਗਾ। (ਸੰਪਾਦਕ)

brudur (ਬ੍ਰੁਡਰ-ਭ੍ਰਾਤ੍ਰ) madre (ਮਾਡਰੇ-ਮਾਤ੍ਰ) ਅਤੇ ਹਰ ਸਭਯ ਜਰਮਨ ਆਪਣੇ ਆਪ ਨੂੰ Aryan (ਆਰਯਾ ਨਸਲ) ਦੱਸਣਾ ਮਾਨ ਸਮਝਾਂਦਾ ਹੈ ਹਾਲਾਂ ਕਿ ਸਾਡੇ ਕਈ ਹਿੰਦੁਸਤਾਨੀ ਮੁਸਲਮਾਨ ਖਾਲਿਸ ਭਾਰਤੀ ਆਰਯਾ ਨਸਲ ਵਿਚੋਂ ਹੁੰਦੇ ਹੋਏ ਵੀ ਆਪਣਾ ਸ਼ਿਜਰਾ ਅਰਬ ਦੇਸ ਦੇ ਕਿਸੇ ਮਸ਼ਹੂਰ ਵਿਅਕਤੀ ਨਾਲ ਜੋੜਨਾ ਗੌਰਵ ਸਮਝਦੇ ਹਨ।

ਬਹੁਤੇ ਦੇਸੀ ਇਤਿਹਾਸਕਾਰ ਇਹਨਾਂ ਅਸਲ ਜੱਟਾਂ ਨੂੰ ਕਿਸੇ ਰਾਜਪੂਤ ਵੰਸ਼ ਨਾਲ ਜੋੜਨ ਦਾ ਯਤਨ ਕਰਦੇ ਹਨ ਜੋ ਕਿ ਬਿਲਕੁਲ ਨਿਰਾਰਥ ਅਤੇ ਭੁੱਲੜ ਕਲਪਣਾ ਹੈ। ਹਾਂ ਇਹਨਾਂ ਨੂੰ ਅਸੀਂ ਸ਼ੁੱਧ ਆਰਯਨ ਤਾਂ ਕਹਿ ਸਕਦੇ ਹਾਂ। ਜਿਥੇ ਕਿ ਅਸੀਂ ਦੂਜੀਆਂ ਰਾਜਪੂਤ ਜਾਂ ਕਈ ਅਹੀਰ ਗੋਤਾਂ ਬਾਰੇ ਨਿਰ ਸੰਦੇਹ ਨਹੀਂ ਕਹਿ ਸਕਦੇ ਕਿ ਸ਼ੁਧ ਹਨ। ਉਥੇ ਅਸੀਂ ਇਹਨਾਂ ਨੂੰ ਵਜ ਵਜਾ ਕੇ ਕਹਿ ਸਕਦੇ ਹਾਂ ਕਿ ਇਹ ਖਾਲਸ ਜੱਟ ਔਰ ਫਿਰ ਆਰਯਨ ਹਨ।

ਅਸੀਂ ਇਹਨਾ ਨੂੰ ਰਾਜਪੂਤਾਂ ਵਿਚੋਂ ਕਿਉਂ ਨਹੀਂ ਮੰਨਦੇ? ਇਸਦੀ ਵਜਹ ਇਹ ਹੈ ਕਿ ਅਗਰ ਅਤੀਤ ਵਿਚ ਕੋਈ ਰਾਜਪੂਤ ਕਿਸੇ ਜੱਟ ਜਾਂ ਆਦਿਵਾਸੀ ਪ੍ਰਵਾਰ ਵਿਚ ਸ਼ਾਦੀ ਕਰਦਾ ਸੀ ਤਾਂ ਰਾਜਪੂਤ ਬ੍ਰਾਦਰੀ ਉਸਨੂੰ ਵੀ ਜੱਟ ਸਦਦੀ ਅਤੇ ਵਰਤੋਂ ਵਿਹਾਰ ਬੰਦ ਕਰ ਦੇਂਦੀ ਉਦਾਹਰਣ ਵਜੋਂ ਚੰਦਰ ਬੰਸੀ ਰਾਏ ਖੀਵੇ ਨੇ ਜਦੋਂ ਗ਼ੈਰ ਰਾਜਪੂਤਾਂ ਵਿਚ ਸ਼ਾਦੀ ਕੀਤੀ ਤਾਂ ਰਾਜਪੂਤ ਬਰਾਦਰੀ ਨੇ ਛੇਕ ਦਿਤਾ ਤੇ ਵੈਸੇ ਵੀ ਉਹਨੂੰ ਖੀਵਾ ਖੋਟਾ ਆਖਣ ਲੱਗ ਗਏ ਦੂਸਰਾ ਉਹਨੂੰ ਜੱਟਾਂ ਵਿਚ ਸ਼ੁਮਾਰ ਕਰਨ ਲਗ ਪਏ। ਇਹ ਵੀ "ਜੱਟ" ਸੰਗਯਾ ਦਾ ਇਕ ਕਾਰਨ ਸੀ।

"ਜੱਟ" ਸੰਗਯਾ ਦਾ ਇਕ ਹੋਰ ਕਾਰਨ ਜਿਹੜ ਕਿ ਪਹਾੜੀ ਰਾਜ਼ ਪੂਤਾਂ ਵਿਚ ਅਧਿਕ ਪ੍ਰਚਲਤ ਸੀ ਕਿ ਰਾਜਪੂਤ ਦਾ ਕੰਮ ਸਿਰਫ ਸ਼ਸਤ੍ਰਧਾਰੀ ਅਤੇ ਸ਼ਸਤ੍ਰਪ੍ਰਯੋਗੀ ਹੋਣਾ ਹੀ ਹੈ। ਉਹ ਹੋਰ ਕੰਮ ਕਰਨ ਤੇ ਕਿਸੇ ਨਿਸ਼ੇਧ ਸੰਗਯਾ ਦਾ ਅਧਿਕਾਰੀ ਹੋ ਜਾਂਦਾ ਸੀ। ਉਦਾਹਰਣ-ਵਜੋਂ ਸੂਰਜਵੰਸ਼ੀ ਜਮਵਾਲ ਰਾਜਪੂਤ ਮਲਨਹਾਂਸ ਦੀ ਅੰਸ ਨੇ ਜਦੋਂ ਸਿਆਲਕੋਟ ਅਤੇ ਸਾਂਦਲ ਬਾਰ ਵਿਚ ਕਿਰਸਾਨੀ ਸ਼ੁਰੂ ਕਰ ਦਿਤੀ ਤਾਂ ਦੂਸਰੇ ਜਮਵਾਲਾਂ ਨੇ ਇਹਨਾਂ ਨੂੰ "ਜਟ" ਸੰਗਯਾ ਦਿਤੀ ਜਿਸਤੇ ਇਹਨਾਂ ਨੂੰ ਮਨਹਾਸ ਰਾਜਪੂਤ ਦੀ ਥਾਵੇਂ ਜੱਟ ਸੱਦਣ ਲਗ ਗਏ, ਕਿੰਤੂ ਇਹਨਾਂ ਦੇ ਭੱਟ ਤੇ ਮਿਰਾਸੀ ਇਹਨਾਂ ਬਾਬੇ ਮਲਨ ਹਾਂਸ ਦੀ ਅੰਸ ਨੂੰ ਮਨਹਾਸ ਰਾਜਪੂਤ ਹੀ ਦਸਦੇ ਹਨ।

ਕੁਛ ਆਪਣੀ ਭਾਰਤੀ ਪਰੰਪਰਾ ਅਨੁਸਾਰ ਸਾਡੀ ਹਰ ਇਕ ਗੱਲ ਕਿਸੇ ਨ ਕਿਸੇ ਬਹਾਨੇ ਮਿਥਿਹਾਸ ਨਾਲ ਜਾ ਜੁੜਦੀ ਹੈ। ਕਈ ਗੋਤਾਂ ਜਿਨ੍ਹਾਂ ਨੂੰ ਆਪਣੇ ਸ੍ਰੋਤ (ਮੁੱਢ) ਦਾ ਥਹੁ ਪਤਾ ਨਹੀਂ ਉਹ ਕਹਿੰਦੇ ਹਨ ਕਿ ਜਿਵੇਂ ਬ੍ਰਾਹਮਨ ਦੀ ਬ੍ਰਹਮਾਂ ਦੇ ਮੁਖ ਤੋਂ ਛਤ੍ਰੀ, ਦੀ ਭੁਜਾ ਤੇ ਵੈਸ਼ ਦੀ ਜੰਘਾਂ ਅਤੇ ਸੂਦ੍ਰ ਦੀ ਬ੍ਰਹਮਾਂ ਦੇ ਪੈਰ ਤੋਂ ਪੈਦਾਇਸ਼ ਹੋਈ ਹੈ ਤਿਵੇਂ ਜੱਟ ਦੀ ਜਟਾਂ ਵਿਚੋਂ, ਉਤਪਤੀ ਹੋਈ ਹੈ। ਪਹਿਲੀਆਂ ਚਾਰ ਜਾਤੀਆਂ ਬਾਰੇ ਤਾਂ ਪੁਰਾਣੀ ਕਥਾ ਹੈ, ਮਗਰ ਇਹ ਜੱਟ ਦੀ ਜਟਾਂ ਵਿਚੋਂ ਦੀ ਪੈਦਾਇਸ ਦਾ ਮਸਲਾ ਕੁਛ ਕੁ ਕਾਲ ਤੋਂ ਚੱਲਿਆ ਪ੍ਰਤੀਤ ਹੁੰਦਾ ਹੈ। ਅਤੀਤ ਵਿਚ ਇਹ ਨਹੀਂ ਸੀ।

Reference to the letter from a British addressed to Mr. Lagan—Prince Dalip Singh.

ਇਕ ਚੱਚ ਨਾਮੀ ਬਹਮਨ ਨੇ 650 ਈ: ਵਿਚ ਜੱਟਾਂ ਤੋਂ ਰਾਜ ਖੋਹ ਕੇ ਹੁਕਮ ਦਿਤਾ :—

1. ਜੱਟ ਘੋੜੇ ਤੇ ਬਗੈਰ ਕਾਠੀ ਚੜੇ 2. ਕੀਮਤੀ ਕਪੜੇ ਨਾਹ ਪਹਿਨੇ 3. ਕਪੜੇ ਕਾਲੇ ਜਾਂ ਲਾਲ ਪਹਿਨੇ 4. ਸਿਰ ਪੈਰੋਂ ਨੰਗਾ ਰਹਿ 5. ਕੁੱਤਾ ਆਪਣੇ ਨਾਲ ਰਖਣ 6. ਖੋਜੀ ਅਤੇ ਸੂਹੀਏ ਦਾ ਕੰਮ ਕਰਨ ਲਈ ਤਿਆਰ ਰਹਿਣ ਅਤੇ 7. ਸ਼ਾਹੀ ਲੰਗਰ ਲਈ ਬਾਲਣ ਲਿਆਇਆ ਕਰਨ। ਬ੍ਰਹਮਣਾਂ ਦਾ ਰਾਜ 711 ਈਸਵੀ ਤੱਕ ਰਿਹਾ। ਸੰਨ 712 ਈ: ਵਿਚ ਮੁਹੰਮਦ ਬਿਨ ਕਾਸਿਮ ਨੇ ਸਿੰਧ ਫਤਿਹ ਕੀਤਾ ਤੇ ਉਸਨੇ ਵੀ ਜੱਟਾਂ ਉਤੇ ਪਾਬੰਦੀਆਂ ਬਰਕਰਾਰ ਰਖੀਆਂ ਸਗੋਂ ਜਜ਼ੀਏ ਹੋਰ ਲਗਾ ਦਿਤੇ।

ਸੰਨ 836 ਈ: ਵਿਚ ਅਮਰਾਨ ਸਿੰਧ ਦਾ ਹਾਕਮ ਹੋ ਕੇ ਆਇਆ ਇਸਨੇ ਕਾਈਕਾਨ (ਕੀਕਨ) ਦੇ ਕੱਟਾਂ ਤੇ ਹਮਲਾ ਕਰਕੇ ਉਹਨਾਂ ਨੂੰ ਭਾਂਜ ਦਿਤੀ। ਅਲਬੇਜ਼ਾ ਨਾਮ ਦਾ ਸ਼ਹਿਰ ਬਣਾਕੇ ਫੌਜੀ ਛਾਉਣੀ ਬਣਾਈ। ਉਥੋਂ ਫਿਰ ਮੁਲਤਾਨ ਅਤੇ ਕੰਦਾਬਿਲ ਸ਼ਹਿਰਾਂ ਵਲ ਵਧਿਆ।

ਅਰਬਾਂ ਦੇ ਹੋਰ ਹੱਲਿਆਂ ਨੂੰ ਛੱਡ ਕੇ ਮਹਿਮੂਦ ਨੇ 16 ਹੱਲੇ ਤਾਂ ਪੂਰੇ ਭਾਰਤ ਤੇ ਕੀਤੇ ਪਰ ਉਸਦਾ 17ਵਾਂ ਤੇ ਅਖੀਰਲਾ ਹਮਲਾ ਸੰਨ 1026 ਈ: ਵਿਚ ਕੇਵਲ ਜੱਟਾਂ ਉਤੇ ਹੀ ਕੀਤਾ ਗਿਆ ਸੀ। ਮਗਰ ਜੱਟ ਫਿਰ ਵੀ ਹਿੰਦੂ ਹੀ ਰਹੇ। ਸੰਨ 1192 ਈ: ਵਿਚ ਜਦੋਂ ਰਾਏ ਪਿਥੌਰਾ (ਪ੍ਰਿਥਵੀ ਰਾਜ ਚੋਹਾਨ) ਮੁਹੰਮਦ ਗੌਰੀ ਕੋਲੋਂ ਹਾਰ ਗਿਆ ਤਾਂ ਜੱਟਾਂ ਨੇ ਬਗਾਵਤ ਕਰ ਦਿੱਤੀ। ਮਗਰ ਕੁਤਬੁਦ ਦੀਨ ਏਬਕ ਨੇ ਇਹਨਾਂ ਨੂੰ ਬਾਂਗੜ ਦੀ ਹੱਦ ਤੇ ਭਾਂਜ ਦਿੱਤੀ। ਫਰਿਸ਼ਤੇ ਦੇ ਕਥਨ ਅਨੁਸਾਰ ਇਹਨਾਂ ਜੱਟਾਂ ਦਾ ਮੁਹਰੀ ਜਟਵਾਲ, ਗੁਜਰਾਤ ਦੇ ਰਾਜੇ ਨਾਹਰਵਾਨੇ ਦਾ ਸੰਬੰਧੀ ਸੀ।

ਪੁਰਾਤਨ ਬਜ਼ੁਰਗਾਂ ਦੇ ਕਥਨ ਅਨੁਸਾਰ ਜੱਟਾਂ ਦੀਆਂ ਕੇਵਲ ਤਿੰਨ ਪਰਧਾਨ ਗੋਤਾਂ ਮਾਨ, ਭੁੱਲਰ ਤੇ ਹਿਹਰ ਹਨ, ਅਤੇ ਰਾਜਪੂਤ ਗੋਤਾਂ ਵਾਲੇ ਇਹਨਾਂ ਤਿੰਨਾਂ ਜਟ ਗੋਤਾਂ ਨਾਲ ਰਿਸ਼ਤੇ ਨਾਤੇ ਦੀ ਸਾਂਝ ਤੋਂ ਸੰਕੋਚ ਕਰਦੇ ਸਨ। ਜਿਸ ਦੀ ਵਜਹ ਇਹ ਦੱਸੀ ਜਾਂਦੀ ਹੈ ਕਿ ਇਹ ਅਸਲੀ ਜੱਟ ਗੋਤਾਂ ਪਹਿਲੇ ਆਏ ਆਰਯਾ ਲੋਕਾਂ ਤੋਂ ਪਿਛੋਂ ਆਏ ਸੱਸੀਦੇ ਸਨ। ਦਾਨੇ ਸੱਸਦੇ ਹਨ ਕਿ ਜਟ 57 ਪੂਰਵ ਈਸਾ ਬਿਕ੍ਰਮਾਜੀਤ ਨੇ ਸਾਕਿਆਂ ਨੂੰ ਹਾਰ ਦਿਤੀ ਤਦ ਉਸ ਨਾਲ ਜਿਹੜੇ ਰਾਜਪੂਤ ਮਾਲਵੇ ਆਦਿ ਵਿਚੋਂ ਆ ਕੇ ਦੁਆਬਾ ਰਚਨਾ ਵਿਚ ਵੱਸੇ ਤਾਂ ਉਹਨਾਂ ਆਦਿਵਾਸੀ ਕਬੀਲਿਆਂ ਨੂੰ (ਜੋ ਯੀਰ ਕਹਿਕੇ ਸਦਿਆ ਜਾਂਦਾ ਸੀ) ਨਾਲ ਲੈ ਕੇ ਇਲਾਕਾ ਆਬਾਦ ਕਰਨਾ ਸ਼ੁਰੂ ਕੀਤਾ। ਉਸੇ ਕਾਲ ਵਿਚ ਬਾਰੀ ਦੁਆਬੇ ਅੰਦਰ ਅਸਲੀ ਜੱਟਾਂ ਦੀਆਂ ਤਿੰਨੇ ਗੋਤਾਂ ਮਾਨ, ਭੁਲਰ, ਤੇ ਹਿਹਰ ਆਬਾਦਕਾਰੀ ਕਰ ਰਹੀਆਂ ਸਨ। ਮਾਲਵੇ ਵਿਚੋਂ ਆਵਣ ਵਾਲੀਆਂ ਗੋਤਾਂ ਬਾਕੀ ਦੀਆਂ ਯੀਰ, ਮਾਨ ਭੁਲਰ ਅਤੇ ਹਿਹਰ ਆਦਿ ਨਾਲ ਰਿਸ਼ਤੇ ਨਾਤੇ ਨਹੀਂ ਕਰਦੇ ਸਨ।

ਯੀਰ ਜਾ ਜੂਨ ਲੋਕਾਂ ਦੀ ਆਪਣੀ ਵਖਰੀ ਆਬਾਦੀ ਜੰਮੂ ਦੇ ਇਲਾਕੇ; ਨੈਣਾ ਕੋਟ ਦੇ ਨੇੜੇ ਤੇੜੇ ਅਜੇ ਵੀ ਮਿਲਦੀ ਹੈ। ਜਟਾਂ ਦੀਆਂ ਅਸਲ ਤਿੰਨ ਗੋਤਾਂ ਬਾਰੇ ਸਾਡਾ ਵਿਚਾਰ ਹੈ ਕਿ ਇਹ ਤਿੰਨੇ ਗੋਤਾਂ ਜਰਮਨੀ ਵਿਚੋਂ ਆਈਆਂ ਹਨ ਕਿਉਂਕਿ ਉਥੇ ਅਜੇ ਵੀ ਮਾਨ (Mann), ਬੁਹਲਰ (Buhler) ਅਰਥਾਤ ਜਿਸਦਾ ਅਪਭ੍ਰੰਸ ਭੁਲਰ ਹੈ ਅਤੇ ਜਰਮਨ ਭਾਸ਼ਾ ਵਿਚ ਹੱਰ (Herr) ਇਕ ਵਡਿਆਈ ਜਨਕ ਸ਼ਬਦ ਦੀ ਵਰਤੋਂ ਹੁੰਦੀ ਹੈ, ਜੈਸੇ ਕਿ ਹੱਰ ਹਿਟਲਰ, ਹੱਰ ਗੋਇਰਿੰਗ ਆਦਿ। ਇਥੋਂ ਇਸ ਸੰਭਾਵਨਾ ਦੀ ਪੁਸ਼ਟੀ ਹੁੰਦੀ ਹੈ ਕਿ ਇਹ ਅਸਲ ਜਟ ਗੋਤ ਈਸਾ ਤੋਂ ਕਈ ਕਾਲ ਪੂਰਵ ਜਰਮਨੀ ਵਿਚੋਂ ਆਏ ਮਗਰ ਦਆਬਾ ਬਾਰੀ ਵਿਚ ਇਹ ਬਿਕ੍ਰਮਾਜੀਤ ਤੇ ਸਾਕਿਆਂ ਨਾਲ ਹੋਏ ਜੁਧ ਤੋਂ ਪਿਛੋਂ ਅਰਥਾਤ ਸੰਨ 57 ਪੂਰਵ ਈਸ: ਆ ਕੇ ਆਬਾਦ ਹੋਏ। ਇਹ ਭੀ ਹੋ ਸਕਦਾ ਹੈ ਕਿ ਇਹ ਵੀ ਉਹਨਾਂ ਸਾਕਿਆਂ ਦੇ ਹੀ ਸਾਥੀ ਹੋਵਨ ਜੋ ਬਿਕ੍ਰਮਾਜੀਤ ਦੀ ਈਨ ਮੰਨ ਕੇ ਏ ਆਬਾਦ ਹੋ ਗਏ ਹੋਵਨ।

ਜੱਟ ਸ਼ਬਦ ਦੀ ਵਰਤੋਂ ਯੂਰਪ ਵਿਚ ਵੀ ਹੁੰਦੀ ਹੈ। ਇਹ ਸੰਸਕ੍ਰਿਤ ਸ਼ਬਦ "ਜਟਾ" ਦਾ ਪ੍ਰੀਵਰਤਤ ਰੂਪ ਦਿੱਸ ਆਉਂਦਾ ਹੈ। ਕਦੇ ਡੈਨਮਾਰਕ ਦੇ ਇਕ ਇਲਾਕੇ ਨੂੰ (Jutland) ਕਰਕੇ ਸੱਦਿਆ ਜਾਂਦਾ ਸੀ। ਸੰਜੋਗਵਸ਼ ਉਥੋਂ ਦੀ ਬਹੁ ਜਨ ਸੰਖਿਅ ਖੇਤੀ ਬਾੜੀ ਅਤੇ ਪਸ਼ੂ ਪਾਲਣ ਦਾ ਹੀ ਕਿਤਾ ਕਰਦੀ ਹੁੰਦੀ ਸ਼ੀ। ਇਸ ਇਲਾਕੇ ਦਾ ਵਰਤਮਾਨ ਨਾਮ Jylland (ਜਾਇਲ ਲੈਂਡ) ਹੈ। ਸੰਭਵ ਹੈ ਕਿ ਇਹ ਲੋਕ ਸ਼ੁਰੂ ਤੋਂ ਹੀ ਯਟਾ ਅਰਥਾਤ ਜੱਟ ਕਰਕੇ ਪੁਕਾਰੇ ਜਾਂਦੇ ਹੋਵਨ। ਤੇ ਭਾਰਤ ਵਿਚ ਆਕੇ ਵੀ ਜੱਟ ਹੀ ਦੀਦ ਹੋਵਨ। ਇਥੇ ਇਹ ਦੱਸਣਾ ਵੀ ਰੋਚਕ ਹੋਵੇਗਾ ਕਿ ਯੂਰਪ ਵਿਚ ਕੁਛ ਟੱਪਰੀ ਵਾਸ ਫਿਰਦੇ ਰਹਿੰਦੇ ਹਨ, ਜਿਨ੍ਹਾਂ ਨੂੰ ਕਿ ਉਥੇ Gipsy (ਜਿਪਸੀ) ਸੰਗਯਾ ਦਿਤੀ ਜਾਂਦੀ ਹੈ। ਉਹ ਲੋਕ ਜਦੋਂ ਆਪਸ ਵਿਚ ਗੱਲ ਬਾਤ ਕਰਦੇ ਹਨ ਜਾਂ ਕਿਸੇ ਹਿੰਦੁਸਤਾਨੀ ਨਾਲ ਮੁਲਾਕਾਤ ਵੇਲੇ ਅਕਸਰ ਹਿੰਦੀ ਸ਼ਬਦਾਂ ਦੀ ਅਧਿਕ ਵਰਤੋਂ ਕਰਦੇ ਹਨ। ਜੈਸਾ ਕਿ ਦੀਵਾਨ ਚਮਨ ਲਾਲ ਨੂੰ ਇਕ ਜਿਪਸੀ ਨੇ ਉਲਾਹਮੇ ਦੇ ਦੌਰਾਨ ਆਖਿਆ "ਅਸੀਂ ਤੁਸੀਂ ਏਕ ਰਕਤ" ਆਦਿ ਅਤੇ ਕਿ ਪੰਡਤ ਨਹਿਰੂ ਨੇ Discovery of India (ਡਿਸਕਵਰੀ ਆਫ਼ ਇੰਡੀਆਂ) ਵਿਚੋਂ ਸਾਨੂੰ ਬਿਲਕੁਲ ਨਜ਼ਰੋਂ ਪਰੋਖੇ ਕਰ ਛਡਿਆ ਆਦਿ। ਇਕ ਹੋਰ ਨੇ ਬੜੇ ਗੁਰਬ ਨਾਲ ਆਖਿਆ "ਅਸੀ ਜਟ"। ਫਰਾਂਸ ਵਿਚ ਜਿਪਸੀ ਲੋਕ ਸ਼ਬਦ "ਰੋਟੀ" ਦਾ ਆਮ ਪ੍ਰਯੋਗ ਸੁਭਾਵਕ ਹੀ ਖਾਣੇ ਵਾਸਤੇ ਕਰਦੇ ਹਨ। ਇਹ ਰੋਟੀ, ਸੰਸਕ੍ਰਿਤ ਸ਼ਬਦ ਰੋਟਿਕਾ ਦਾ ਅਪਭ੍ਰੰਸ ਹੈ ਅਤੇ ਸੰਭਵ ਹੈ ਕਿ ਉਹ ਜਿਪਸੀ ਇਹਨਾਂ ਜਟਾਂ ਦੇ ਹੀ ਵੰਸ਼ਜ ਹੋਵਨ ਜੋ ਇਹਨਾਂ ਨਾਲੋਂ ਕਿਸੇ ਕਾਰਨ ਜਾਂ ਕਾਰਨ ਕਰਕੇ ਨਿਖੜ ਚੁਕੇ ਹੋਵਨ। ਆਮ ਜਰਮਨ ਭਾਸ਼ਾ ਵਿਚ ਸੰਸਕ੍ਰਿਤ ਦੇ ਅਧਿਕ ਸ਼ਬਦ ਮਿਲਦੇ ਹਨ ਜੈਸੇ bahn (ਬਾਹਨ-ਗਡੀ)

---

1 ਦੇਖੋ ਇਬਨਿ ਹੋਕਲ ਬਗਦਾਦੀ ਦਾ 943 ਈ: ਦਾ ਬਨਾਇਆ ਹੋਇਆ ਨਕਸ਼ਾ—ਪੁਸਤਕ ਦਾ ਮੁਖੀ ਪ੍ਰਸ਼ਠ।

ਇਉਂ ਭਾਸਦਾ ਹੈ ਕਿ ਸਿੰਧ ਤੋਂ ਪੂਰਬ ਪਾਰ ਦੇ ਇਲਾਕੇ ਤੇ ਕਬਜਾ ਕਰਕੇ ਫਿਰ ਪੱਛਮ ਪਾਰ ਦੇ ਇਲਾਕਿਆਂ ਵਲ ਕੂਚ ਕੀਤਾ ਹੋਵੇਗਾ। (ਸੰਪਾਦਕ)

brudur (ਬ੍ਰੁਡਰ-ਭ੍ਰਾਤ੍ਰ) madre (ਮਾਡਰੇ-ਮਾਤ੍ਰ) ਅਤੇ ਹਰ ਸਭਯ ਜਰਮਨ ਆਪਣੇ ਆਪ ਨੂੰ Aryan (ਆਰਯਾ ਨਸਲ) ਦੱਸਣਾ ਮਾਨ ਸਮਝਾਂਦਾ ਹੈ ਹਾਲਾਂ ਕਿ ਸਾਡੇ ਕਈ ਹਿੰਦੁਸਤਾਨੀ ਮੁਸਲਮਾਨ ਖਾਲਿਸ ਭਾਰਤੀ ਆਰਯਾ ਨਸਲ ਵਿਚੋਂ ਹੁੰਦੇ ਹੋਏ ਵੀ ਆਪਣਾ ਸ਼ਿਜਰਾ ਅਰਬ ਦੇਸ ਦੇ ਕਿਸੇ ਮਸ਼ਹੂਰ ਵਿਅਕਤੀ ਨਾਲ ਜੋੜਨਾ ਗੌਰਵ ਸਮਝਦੇ ਹਨ।

ਬਹੁਤੇ ਦੇਸੀ ਇਤਿਹਾਸਕਾਰ ਇਹਨਾਂ ਅਸਲ ਜੱਟਾਂ ਨੂੰ ਕਿਸੇ ਰਾਜਪੂਤ ਵੰਸ਼ ਨਾਲ ਜੋੜਨ ਦਾ ਯਤਨ ਕਰਦੇ ਹਨ ਜੋ ਕਿ ਬਿਲਕੁਲ ਨਿਰਾਰਥ ਅਤੇ ਭੁੱਲੜ ਕਲਪਣਾ ਹੈ। ਹਾਂ ਇਹਨਾਂ ਨੂੰ ਅਸੀਂ ਸ਼ੁੱਧ ਆਰਯਨ ਤਾਂ ਕਹਿ ਸਕਦੇ ਹਾਂ। ਜਿਥੇ ਕਿ ਅਸੀਂ ਦੂਜੀਆਂ ਰਾਜਪੂਤ ਜਾਂ ਕਈ ਅਹੀਰ ਗੋਤਾਂ ਬਾਰੇ ਨਿਰ ਸੰਦੇਹ ਨਹੀਂ ਕਹਿ ਸਕਦੇ ਕਿ ਸ਼ੁਧ ਹਨ। ਉਥੇ ਅਸੀਂ ਇਹਨਾਂ ਨੂੰ ਵਜ ਵਜਾ ਕੇ ਕਹਿ ਸਕਦੇ ਹਾਂ ਕਿ ਇਹ ਖਾਲਸ ਜੱਟ ਔਰ ਫਿਰ ਆਰਯਨ ਹਨ।

ਅਸੀਂ ਇਹਨਾ ਨੂੰ ਰਾਜਪੂਤਾਂ ਵਿਚੋਂ ਕਿਉਂ ਨਹੀਂ ਮੰਨਦੇ? ਇਸਦੀ ਵਜਹ ਇਹ ਹੈ ਕਿ ਅਗਰ ਅਤੀਤ ਵਿਚ ਕੋਈ ਰਾਜਪੂਤ ਕਿਸੇ ਜੱਟ ਜਾਂ ਆਦਿਵਾਸੀ ਪ੍ਰਵਾਰ ਵਿਚ ਸ਼ਾਦੀ ਕਰਦਾ ਸੀ ਤਾਂ ਰਾਜਪੂਤ ਬ੍ਰਾਦਰੀ ਉਸਨੂੰ ਵੀ ਜੱਟ ਸਦਦੀ ਅਤੇ ਵਰਤੋਂ ਵਿਹਾਰ ਬੰਦ ਕਰ ਦੇਂਦੀ ਉਦਾਹਰਣ ਵਜੋਂ ਚੰਦਰ ਬੰਸੀ ਰਾਏ ਖੀਵੇ ਨੇ ਜਦੋਂ ਗ਼ੈਰ ਰਾਜਪੂਤਾਂ ਵਿਚ ਸ਼ਾਦੀ ਕੀਤੀ ਤਾਂ ਰਾਜਪੂਤ ਬਰਾਦਰੀ ਨੇ ਛੇਕ ਦਿਤਾ ਤੇ ਵੈਸੇ ਵੀ ਉਹਨੂੰ ਖੀਵਾ ਖੋਟਾ ਆਖਣ ਲੱਗ ਗਏ ਦੂਸਰਾ ਉਹਨੂੰ ਜੱਟਾਂ ਵਿਚ ਸ਼ੁਮਾਰ ਕਰਨ ਲਗ ਪਏ। ਇਹ ਵੀ "ਜੱਟ" ਸੰਗਯਾ ਦਾ ਇਕ ਕਾਰਨ ਸੀ।

"ਜੱਟ" ਸੰਗਯਾ ਦਾ ਇਕ ਹੋਰ ਕਾਰਨ ਜਿਹੜ ਕਿ ਪਹਾੜੀ ਰਾਜ਼ ਪੂਤਾਂ ਵਿਚ ਅਧਿਕ ਪ੍ਰਚਲਤ ਸੀ ਕਿ ਰਾਜਪੂਤ ਦਾ ਕੰਮ ਸਿਰਫ ਸ਼ਸਤ੍ਰਧਾਰੀ ਅਤੇ ਸ਼ਸਤ੍ਰਪ੍ਰਯੋਗੀ ਹੋਣਾ ਹੀ ਹੈ। ਉਹ ਹੋਰ ਕੰਮ ਕਰਨ ਤੇ ਕਿਸੇ ਨਿਸ਼ੇਧ ਸੰਗਯਾ ਦਾ ਅਧਿਕਾਰੀ ਹੋ ਜਾਂਦਾ ਸੀ। ਉਦਾਹਰਣ-ਵਜੋਂ ਸੂਰਜਵੰਸ਼ੀ ਜਮਵਾਲ ਰਾਜਪੂਤ ਮਲਨਹਾਂਸ ਦੀ ਅੰਸ ਨੇ ਜਦੋਂ ਸਿਆਲਕੋਟ ਅਤੇ ਸਾਂਦਲ ਬਾਰ ਵਿਚ ਕਿਰਸਾਨੀ ਸ਼ੁਰੂ ਕਰ ਦਿਤੀ ਤਾਂ ਦੂਸਰੇ ਜਮਵਾਲਾਂ ਨੇ ਇਹਨਾਂ ਨੂੰ "ਜਟ" ਸੰਗਯਾ ਦਿਤੀ ਜਿਸਤੇ ਇਹਨਾਂ ਨੂੰ ਮਨਹਾਸ ਰਾਜਪੂਤ ਦੀ ਥਾਵੇਂ ਜੱਟ ਸੱਦਣ ਲਗ ਗਏ, ਕਿੰਤੂ ਇਹਨਾਂ ਦੇ ਭੱਟ ਤੇ ਮਿਰਾਸੀ ਇਹਨਾਂ ਬਾਬੇ ਮਲਨ ਹਾਂਸ ਦੀ ਅੰਸ ਨੂੰ ਮਨਹਾਸ ਰਾਜਪੂਤ ਹੀ ਦਸਦੇ ਹਨ।

ਕੁਛ ਆਪਣੀ ਭਾਰਤੀ ਪਰੰਪਰਾ ਅਨੁਸਾਰ ਸਾਡੀ ਹਰ ਇਕ ਗੱਲ ਕਿਸੇ ਨ ਕਿਸੇ ਬਹਾਨੇ ਮਿਥਿਹਾਸ ਨਾਲ ਜਾ ਜੁੜਦੀ ਹੈ। ਕਈ ਗੋਤਾਂ ਜਿਨ੍ਹਾਂ ਨੂੰ ਆਪਣੇ ਮੂੰਤ (ਮੁੱਢ) ਦਾ ਬਹੁ ਪਤਾ ਨਹੀਂ ਉਹ ਕਹਿੰਦੇ ਹਨ ਕਿ ਜਿਵੇਂ ਬ੍ਰਾਹਮਨ ਦੀ ਬ੍ਰਹਮਾਂ ਦੇ ਮੁਖ ਤੋਂ ਛਤ੍ਰੀ, ਦੀ ਭੁਜਾ ਤੇ ਵੈਸ਼ ਦੀ ਜੰਘਾਂ ਅਤੇ ਸ਼ੂਦ੍ਰ ਦੀ ਬ੍ਰਹਮਾਂ ਦੇ ਪੈਰ ਤੋਂ ਪੈਦਾਇਸ਼ ਹੋਈ ਹੈ ਤਿਵੇਂ ਜੱਟ ਦੀ ਜਟਾਂ ਵਿਚੋਂ, ਉਤਪਤੀ ਹੋਈ ਹੈ। ਪਹਿਲੀਆਂ ਚਾਰ ਜਾਤੀਆਂ ਬਾਰੇ ਤਾਂ ਪੁਰਾਣੀ ਕਥਾ ਹੈ, ਮਗਰ ਇਹ ਜੱਟ ਦੀ ਜਟਾਂ ਵਿਚੋਂ ਦੀ ਪੈਦਾਇਸ਼ ਦਾ ਮਸਲਾ ਕੁਛ ਕੁ ਕਾਲ ਤੋਂ ਚੱਲਿਆ ਪ੍ਰਤੀਤ ਹੁੰਦਾ ਹੈ। ਅਤੀਤ ਵਿਚ ਇਹ ਨਹੀਂ ਸੀ।

Reference to the letter from a British addressed to Mr. Lagan—Prince Dalip Singh.

ਸਾਂਦਲ ਬਾਰ ਦੇ ਆਦਿ ਵਸਨੀਕ

ਇਹ ਦੱਸਿਆ ਜਾਂਦਾ ਹੈ ਕਿ ਆਦਿ ਕਾਲ ਵਿਚ ਇਹ ਧਰਤੀ ਬਿਲਕੁਲ ਗੈਰ ਆਬਾਦ ਤੇ ਜੰਗਲ ਝਾੜਾਂ ਨਾਲ ਭਰੀ ਹੋਈ ਸੀ। ਇਸ ਦੇ ਆਦਿ ਵਸਨੀਕ ਯਾਹਰ ਜਾਂ ਯੀਰ ਸਦਾਂਦੇ ਸਨ ਜਿਹੜੇ ਕਿ ਦਰਯਾਵਾਂ ਦਿਆਂ ਕਾਛਿਆਂ ਵਿਕ ਛਪਰੀਆਂ ਬੰਨ੍ਹ ਕੇ ਰਹਿੰਦੇ ਸਨ ਜਿਨ੍ਹਾਂ ਨੂੰ ਉਹ ਆਪਣੀ ਭਾਸ਼ਾ ਵਿਚ ਜੱਠ ਆਖਿਆ ਕਰਦੇ ਸਨ। ਇਹ ਲੋਕ ਬਹੁਤ ਸੰਖਿਆ ਵਿਚ ਸਨ ਅਤੇ ਜਵਾਨ ਵੀ ਬੜੇ ਹੁੰਦੇ ਸਨ।

ਕੁਛ ਕਾਲ ਪਾ ਕੇ, ਸਿਕੰਦਰ ਮਹਾਨ ਦੇ ਪ੍ਰਸਥਾਨ ਪਿਛੋਂ ਭਾਰਤ ਵਿਚੋਂ ਕਈ ਸੁਤੰਤਰ ਦਲ ਇਸ ਇਲਾਕੇ ਵਿਚ ਆ ਵਸੇ। ਇਹਨਾਂ ਵਿਚ ਹੀ ਰਾਜਪੂਤਾਨੇ ਇੰਦੌਰ ਅਤੇ ਉਜੈਨ ਦੇ ਮਹਾਨ ਸਮਰਾਟ ਰਾਏ ਰਣਡੰਡ ਦੇ ਤਿੰਨ ਪ੍ਰਸਿਧ ਰਾਜਕੁਮਾਰ ਹੂਨ, ਸੂਨ ਤੇ ਦੱਲ ਆਪਣੀਆਂ ਫੌਜਾਂ ਲੈ ਕੇ ਆ ਸ਼ਾਮਿਲ ਹੋਏ। ਇਹਨਾਂ ਔਂਦਿਆਂ ਸਾਰ ਆਦਿ ਵਸਨੀਕਾਂ ਨਾਲ ਭਾਈਚਾਰਾ ਗੰਢ ਲਿਆ ਅਤੇ ਉਹਨਾਂ ਨੂੰ ਖੇਤੀਬਾੜੀ, ਵਾਹੀਜੋਤੀ ਕਰਨ ਅਤੇ ਖੇਤੀਆਂ ਨੂੰ ਖੂਹਾਂ ਦੇ ਪਾਣੀ ਨਾਲ ਸਿੰਜਨ ਦੇ ਢੰਗ ਸਿਖਾਏ ਕੋਈ ਦੋ ਢਾਈ ਸੌ ਸਾਲ ਵਿਚ ਕਸੂਰੋਂ ਸਿਆਲਕੋਟ ਅਤੇ ਲਾਹੌਰੋਂ ਮੁਲਤਾਨ ਤੱਕ ਦਾ ਸਭ ਜੰਗਲ ਸਾਫ ਕਰ ਦਿਤਾ ਅਤੇ ਇਲਾਕੇ ਨੂੰ ਸਾਂਦਲਬਾਰ (ਰਾਵੀ ਅਤੇ ਝਨਾਂ ਦੇ ਵਿਚਕਾਰ) ਵਿਚ ਤਬਦੀਲ ਕਰ ਦਿਤਾ। ਆਦਿਵਾਸੀਆਂ ਨੂੰ ਦੁਆਬਾ ਚੱਜ (ਚਨਾਬ ਤੇ ਜਿਹਲਮ ਵਿਚਕਾਰ) ਵਿਚ ਯੀਰੂ ਤੇ ਦੁਆਬਾ ਰਚਨਾ (ਰਾਵੀ ਤੇ ਚਨਾਬ ਦੇ ਵਿਚਕਾਰ) ਵਿਚ ਹੂਨ ਤੇ ਪਰਾਧੇ ਅਤੇ ਬਾਰੀ ਦੁਆਬ (ਬਿਆਸ ਅਤੇ ਰਾਵੀ ਦੇ ਵਿਚਕਾਰ) ਵਿਚ, ਮਾਨ, ਭੱਲਰ ਤੇ ਹੇਰ ਸਦਾਂਦੇ ਸਨ [1]

ਹਵਾਲਾ ...... (ਸੰਤ ਸਿਪਾਹੀ ਦਸੰਬਰ 1964 ਵਿਚੋਂ)

200 ਸਾਲ ਪਹਿਲਾਂ ਦਰਯਾ ਰਾਵੀ ਦੇ ਦੋਵੇਂ ਕੰਢਿਆਂ ਨਾਲ ਸੰਘਣੇ ਬੇਲੇ ਹੁੰਦੇ ਸਨ ਤੇ ਰਾਵੀ ਦੇ ਸਜੇ ਕੰਢੇ ਨੀਲੀ ਬਾਰ ਦਾ ਅਸਗਾਹ ਜੰਗਲ ਸੀ ਏਸੇ ਜੰਗਲ ਵਿਚ ਅੰਗਰੇਜੀ ਰਾਜ ਦੇ ਸਮੇਂ ਸੇਖੂਪੁਰਾ ਜਿਲਾ ਆਬਾਦ ਹੋਇਆ। ਪਹਿਲੇ ਇਹ ਸਾਰਾ ਇਲਾਕਾ ਜਿਲਾ ਗੁਜਰਾਂ ਵਾਲੇ ਵਿਚ ਹੁੰਦਾ ਸੀ। ਇਸੇ ਰਾਵੀ ਦੇ ਇਲਾਕੇ ਵਿਚ ਨਨਕਾਣਾ ਸਾਹਿਬ ਚੂਹੜਕਾਣਾ ਆਦਿ ਵਸੋਂ ਦੇ ਇਲਾਕੇ ਹੁੰਦੇ ਸਨ ਜਿਥੇ ਗੁਰੂ ਨਾਨਕ ਜੀ ਨੇ ਜਨਮ ਲਿਆ ਤੇ ਵਡੇ ਹੋਏ।

ਇਸੇ ਰਾਵੀ ਦੇ ਇਲਾਕੇ ਦੀ ਮਸ਼ਹੂਰ ਵਿਰਕ ਜਾਤੀ ਵਿਚ ਸਰਦਾਰ ਕਪੂਰ ਸਿੰਘ ਨੇ ਜਨਮ ਲਿਆ। ਜਿਨ੍ਹਾਂ ਨੇ ਆਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਸੀ ਤੇ ਜਿਨ੍ਹਾਂ ਹਜਾਰਾਂ ਹੋਰ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਸਿੱਖੀ ਦੇ ਜਹਾਜ਼ੇ ਚਾੜ੍ਹਿਆ। ਇਹ ਸਰਦਾਰ ਕਪੂਰ ਸਿੰਘ ਨਾਮ ਬਾਣੀ ਦੇ ਰਸੀਏ, ਸੇਵਾ ਤੇ ਨਿਰਮਾਨਤਾ ਦੇ ਪੁੰਜ ਖਾਲਸੇ ਦੇ ਘੋੜਿਆ ਦੀ ਲਿੱਦ ਹੂੰਝਣ ਨੂੰ ਧੰਨ ਭਾਗ ਸਮਝਦੇ ਸਨ ਇਸ ਸੇਵਾ ਤੇ ਉੱਚੀ ਰਹਿਣੀ ਸਦਕਾ ਪੰਥ ਨੇ ਆਪ ਨੂੰ ਨਵਾਬੀ ਦੀ ਉਪਾਧੀ ਅਤੇ ਖਿਲਅਤ ਬਖਸ਼ੀ ਜੋ ਬਾਦਸ਼ਾਹ ਦਿਲੀ ਵਲੋਂ ਭੇਟਾ ਕੀਤੀ ਗਈ ਸੀ।

ਉਹਨੀ ਦਿਨੀਂ ਰਾਵੀ ਦੇ ਇਸ ਇਲਾਕੇ ਵਿਚ ਖਾਲਸੇ ਦਾ ਭਾਰੀ ਇਕੱਠ ਹੁੰਦਾ ਸੀ। ਆਸਾ ਦੀ ਵਾਰ ਦੇ ਸਲੋਕ ਤੇ ਛੱਕੇ (ਛੰਦ)

---

1 ਅਹੀਰ ਇਸੇ ਯੀਰ ਪਦ ਦਾ ਹੀ ਪੂਰਵਰਤਤ ਰੂਪ ਪ੍ਰਤੀਤ ਹੁੰਦਾ ਹੈ।

ਜੱਟੀਆਂ ਵਿਚ ਪੜ੍ਹਦੇ ਤੇ ਗਾਉਂਦੇ ਤੇ ਆਪਣੇ ਸ਼ਸਤਰਾਂ ਨੂੰ ਖੜਕਾ ਕੇ, ਠਕੋਰ ਕੇ ਸਾਜ਼ਾਂ ਨਾਲ ਤਾਲ ਮੇਲ ਕੇ ਝੂਮ ਝੂਮ ਕੇ ਰੱਬੀ ਬਾਣੀ ਵਿਚ ਮਗਨ ਹੋ ਜਾਂਦੇ।

ਦੀਵਾਨ ਖਤਮ ਹੋਣ ਤੇ ਬਹੁਤੇ ਸਿੰਘ ਵਹੀਰਾਂ ਬਣਾ ਕੇ ਜੰਗਲੀ ਰਾਹਾਂ ਤੇ, ਸ਼ਸਤ੍ਰਾਂ ਦੇ ਅਭਿਯਾਸ, ਸ਼ਿਕਾਰ ਦੀ ਭਾਲ, ਘੋੜਿਆਂ ਨੂੰ ਭਜਾਉਣ ਤੇ ਮੁਹਿੰਮ ਦੀ ਭਾਲ ਵਿਚ ਹੋ ਤੁਰਦੇ। ਇਹ ਨਿੱਕੀਆਂ ਨਿੱਕੀਆਂ ਟੁਕੜੀਆਂ ਦਰਯਾ ਰਾਵੀ ਤਕ ਮਾਰ ਕਰ ਆਉਂਦੀਆਂ ਤੇ ਸਰਕਾਰੀ ਗਸ਼ਤੀ ਦਸਤਿਆਂ ਨੂੰ ਸੋਧ ਆਉਂਦੀਆਂ। ਕਈ ਦਰਯਾ ਰਾਵੀ ਨੂੰ ਪਾਰ ਕਰਕੇ, ਲਾਹੌਰ ਦੇ ਇਲਾਕੇ ਦੀ ਸੁਧ ਜਾ ਲਿਆਉਂਦੇ। ਕਈ ਦੋ ਦੋ ਤਿੰਨ ਤਿੰਨ ਦਿਨ ਬਾਹਰ ਹੀ ਰਹਿ ਕੇ ਖਾਲਸਾ ਜੀ ਨੂੰ ਝਨਾ ਤੇ ਜਿਹਲਮ ਤੱਕ ਦੀਆਂ ਬਹੁ ਮੁੱਲੀਆਂ ਖਬਰਾਂ ਤੇ ਹੋਰ ਸਰਕਾਰੀ ਮਾਰਾਂ ਦੀਆਂ ਸੂਹਾਂ ਲਿਆ ਦੇਂਦੇ। ਇਥੇ ਹੀ ਸ: ਸ਼ਾਮ ਸਿੰਘ ਤੇ ਨਵਾਬ ਕਪੂਰ ਸਿੰਘ ਨੇ ਅਘੜ ਸਿੰਘ ਦੇ ਜ਼ੁਮੇ ਡਿਊਟੀ ਲਾਈ ਕਿ ਉਹ ਮੀਰ ਮੋਮਨ ਖਾਂ ਦਾ ਸਿਰ ਵੱਢ ਕੇ ਲਿਆਵੇ।

(ਭਾਈ ਜੀਵਨ ਸਿੰਘ ਜੀ ਦੀ ਲਿਖਤ ਅਨੁਸਾਰ) ਕੈ. ਗੁਰਇਕਬਾਲ ਸਿੰਘ

ਸਰਦਾਰ ਸ਼ੇਰ ਸਿੰਘਾ ਦਾ ਲੇਖ "ਬਾਰ ਦੇ ਢੋਲੇ"

ਸ੍ਰੀ ਮਾਨ ਸ: ਸ਼ੇਰ ਸਿੰਘ ਜੀ "ਸ਼ੇਰ" ਐਮ. ਏ., ਐਮ. ਐਸ. ਸੀ. ਆਪਣੀ ਪੁਸਤਕ "ਬਾਰ ਦੇ ਢੋਲੇ" (1954 ਪ੍ਰਕਾਸ਼ਨ) ਦੇ ਪੰਨਾ 52 ਤੇ ਲਿਖਦੇ ਹਨ

"ਸਾਂਦਲਬਾਰ ਉਹ ਇਲਾਕਾ ਹੈ ਜਿਹੜਾ ਬਹਾਦਰ ਪੈਦਾ ਕਰਨ ਵਿੱਚ ਪ੍ਰਸਿੱਧੀ ਦਾ ਮਾਲਕ ਹੈ। ਏਥੋਂ ਦੇ ਲੋਕ ਭਾਵੇਂ ਪ੍ਰੇਮ ਪਿਆਰ ਤੇ ਰੱਬੀ ਭਗਤੀ ਤੋਂ ਵੀ ਵਾਂਝੇ ਹੋਏ ਨਹੀਂ, ਤਾਂ ਵੀ ਇਹ ਜ਼ਰੂਰ ਆਖਣਾਂ ਪੈਂਦਾ ਹੈ ਕਿ ਇਹਨਾਂ ਦਾ ਬਾਹਲਾ ਝੁਕਾਅ ਦੰਗੇ ਫਸਾਦ ਤੇ ਲੜਨ ਭਿੜਨ ਵਾਲਾ ਹੈ। ਸੋ ਕਲ ਤੇ ਨਾਰਦ ਦੀਆਂ ਘਟਨਾਵਾਂ ਏਥੇ ਬਹੁਤ ਹੋਈਆਂ ਹਨ ਤੇ ਪੇਂਡੂ ਸ਼ਾਇਰ ਢੋਲੇ ਬਣਾ ਕੇ ਇਹਨਾਂ ਵਾਪਰੀਆਂ ਹੋਈਆਂ ਗੱਲਾਂ ਨੂੰ ਜਨਤਾ ਵਿੱਚ ਚਿਰੰਜੀਵ ਬਣਾਉਂਦੇ ਰਹੇ ਹਨ।

ਸਾਂਦਲਬਾਰ ਦੇ ਇਲਾਕੇ ਵਿੱਚ ਜ਼ਿਲਾ ਸੇਖੂਪੁਰੇ ਤੇ ਗੁਜਰਾਂਵਲੇ ਦੀ ਖ਼ਾਸ ਮਹਾਨਤਾ ਹੈ ਤੇ ਇਸ ਤੋਂ ਚੁਖੇਰੀ ਹੈ ਜਿਲਾ ਸੇਖਪੁਰੇ ਦੇ ਦੇ ਵਿਰਕਾਂ ਦੀ। ਵਿਰਕ ਕੌਮ ਬੜੀ ਬਹਾਦਰ ਕੌਮ ਹੈ ਜਿਸ ਨੇ ਨਵਾਬ ਕਪੂਰ ਸਿੰਘ ਵਰਗੇ ਸੂਰਬੀਰ ਪੈਦਾ ਕੀਤੇ। ਜ਼ਿਲਾ ਸ਼ੇਖੂਪੁਰੇ ਵਿਚ ਵਿਰਕਾਂ ਦਾ ਕੋਈ ਲੱਗਪੱਗ ਇੱਕ ਸੌ ਪਿੰਡ ਹੋਵੇਗਾ। ਇਹਨਾਂ ਵਿੱਚੋਂ ਵੱਡੇ ਵੱਡੇ ਪਿੰਡ ਇਹ ਹਨ :

ਚੂਹੜਕਾਣਾ, ਈਸਰਕਾ, ਵਰਨ, ਕਾਲੇਕੇ, ਝੱਬਰ, ਲਾਗਰ, ਭਿੱਖੀ, ਗਰਮੂਲਾ, ਵੱਡੀ ਕੜਿਆਲ ਆਦਿ। ਚੂਹੜਕਾਣਾ (ਸੱਚਾ ਸੌਦਾ) ਬਹੁਤ ਸਾਰਿਆਂ ਪਿੰਡਾਂ ਦਾ ਮੁੱਢ ਤੇ ਸਭ ਤੋਂ ਮਸ਼ਹੂਰ ਟਿਕਾਣਾ ਹੈ। ਅੱਜ ਕੱਲ ਪਾਕਿਸਤਾਨ ਬਣਨ ਦੇ ਕਾਰਣ ਥੋੜੇ ਵਿਰਕ ਪਟਿਆਲਾ ਰਿਆਸਤਾਂ ਦੀ ਯੂਨੀਅਨ (ਪੈਪਸੂ) ਤੇ ਵੱਧ ਜ਼ਿਲਾ ਕਰਨਾਲ ਵਿੱਚ ਆਬਾਦ ਹਨ।

ਅਗਲਿਆਂ ਢੋਲਿਆਂ ਦੇ ਵਿੱਚ ਜੋ ਸੋਹਣੇ ਨਾਮੀ ਮੁਸਲਮਾਨ ਮਾਛੀ ਪਿੰਡ ਕਾਲੋ ਕੇ ਦੇ ਬਣਾਏ ਹੋਏ ਹਨ ਵਿਰਕ ਟੱਪੇ ਦਾ ਵਰਣਨ ਹੈ ' ਤੇ ਕੁਝ ਕੁ ਸੂਰਮਿਆਂ ਦੇ ਨਾਮ ਵੀ ਆਉਂਦੇ ਹਨ। ਇਹ ਗੱਲ ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀਜੋਤ ਸਮਾਨ ਤੋਂ ਪਿੱਛੋਂ ਦੇ ਰਾਜ ਦੀ ਹੈ। ਉਹ ਸਮਾਂ ਬੜਾ ਭਿਆਨਕ ਸੀ। ਮੁਗਲਾਂ ਦੇ ਰਾਜ ਦਾਂ ਯੋਗ ਪ੍ਰਬੰਧ ਖਤਮ ਹੋ ਚੁੱਕਾ ਸੀ ਤੇ ਥਾਂ ਥਾਂ ਤੇ ਰਾਜੇ, ਨਵਾਬ, ਸਰਦਾਰ ਤੇ ਜਾਗੀਰਦਾਰ ਆਪਣੀ ਆਪਣੀ ਚੌਧਰ ਬਣਾਈ ਬੈਠੇ ਸਨ। ਮਾਰਾਂ ਧਾੜਾਂ ਜ਼ੋਰਾਂ ਤੇ ਸਨ। ਥਾਂ ਥਾਂ ਅਤੇ ਪਿੰਡ ਪਿੰਡ ਧੜੇ ਬਣੇ ਹੋਏ ਸਨ। ਲੁੱਟ ਮਾਰ ਬੜੀ ਹੁੰਦੀ ਸੀ ਤੇ ਆਮ ਤੌਰ ਤੇ ਲੋਕਾਂ ਦਾ ਮਾਲ ਡੰਗਰ ਈ ਲੁੱਟ ਘਸੁੱਟ ਦਾ ਸ਼ਿਕਾਰ ਹੋਇਆ ਕਰਦਾ ਸੀ।

ਸਾਂਦਲਬਾਰ ਵਿੱਚ ਵੀ ਉਦੋਂ ਲੁੱਟ ਮਾਰ ਤੇ ਮਾਰ ਧਾੜ ਦਾ ਬਾਜ਼ਾਰ ਗਰਮ ਸੀ। ਉਦੋਂ ਭੱਟੀਆਂ, ਹਰਲਾਂ, ਖਰਲਾਂ ਤੇ ਵਿਰਕਾਂ ਆਦਿ ਕੌਮਾਂ ਦੀ ਗੁੱਡੀ ਚੜ੍ਹੀ ਹੋਈ ਸੀ ਤੇ ਇਹਨਾਂ ਧਿਰਾਂ ਦੀ ਆਪਸ ਵਿਚ ਖਹਿ ਸੀ। ਕਦੀ ਵਿਰਕ, ਹਰਲਾਂ ਤੇ ਖਰਲਾਂ ਵੱਲ ਧਾੜ ਧੁਮਾਂ ਦੇਂਦੇ ਤੇ ਕੁੱਦ ਪੈਂਦੇ। ਖਾਨਗਾਹਾਂ ਡੋਗਰਾ ਤੋਂ ਪਰ੍ਹਾਂ ਪਰ੍ਹਾਂ ਉਹਨਾਂ ਦਾ ਧਮੁਾਂ ਸੀ ਤੇ ਇਥੇ ਵਿਰਕਾਂ ਦਾ। ਉਸ ਸਮੇਂ ਦੇ ਵਿਰਕ ਬਹਾਦਰਾਂ ਵਿੱਚੋਂ ਰਾਮ ਸਿੰਘ ਝਾਂਮਕਾ, ਮਤਾਬ ਸਿੰਘ ਸ਼ੇਰੰਕਾ, ਬਾਬਾ ਖੇਮ ਸਿੰਘ, ਜਿਊਣ ਸਿੰਘ ਵਰਨ, ਅਮੀਰ ਸਿੰਘ ਭਿੱਖੀਕਾ, ਪੰਜਾਬ ਸਿੰਘ, ਕੋਕਲ ਤਤਾਰਕਾ, ਸਹਾਈ ਸਿੰਘ ਝਾਂਮਕਾ, ਮਤਾਬ ਬਾਲੇਕਾ, ਬਚਨ ਸਿੰਘ ਲਾਲਕਾ, ਲੱਖਮੀ, ਮਾਂਡੋਕੀ ਪੱਤੀ ਈਸਰਕਾ, ਤੇ ਬਾਗਾ ਸਿੰਘ ਗੁੱਜਰ ਸਾਉਣ ਕਾ, ਧਾੜਾ ਦੇ ਮਸ਼ਹੂਰ ਆਗੂ ਸਨ। ਇਹ ਧਾੜਾਂ ਧਾਰਮਿਕ ਲਿਹਾਜ਼ ਤੇ ਨਹੀਂ ਸਗੋਂ ਇਲਾਕੇ ਲਿਹਾਜ ਤੇ ਹੁੰਦੀਆਂ ਸਨ। ਸਹਾਈ ਸਿੰਘ ਝਾਂਮਕੇ ਤੇ ਅਮੀਰ ਸਿੰਘ ਭਿੱਖੀ, ਨਾਮਾਂ ਮੁਸਲਮਾਨ ਕਸਾਈ, ਜੰਡਾਲੇ ਸੇਰਖਾਂ ਦਾ ਵੀ ਕਈ ਵਾਰ ਲੜਿਆ।

---

1. ਵਿਦਵਾਨ ਲੇਖਕ ਪਿੰਡ ਚੰਨਿਆ ਵਾਲੀ ਜਿਲਾ ਸੇਖੂਪੁਰਾ ਦੇ ਜੰਮਪਲ, ਭੱਟੀ ਗੋਤ ਵਿੱਚੋਂ ਹਨ, ਪਰ ਮ: ਰਣਜੀਤ ਸਿੰਘ ਦੇ ਨਜ਼ਦੀਕੀ ਹੋਣ ਕਰਕੇ ਸਾਂਹਸੀ ਲਿਖਦੇ ਹਨ।
2. "ਵਰਨ" ਪਿੰਡ ਵਿਰਕਾਂ ਦਾ ਹੈ। ਇੱਥੋਂ ਦੇ ਵਸਨੀਕ ਵਿਰਕ ਦੇ ਭਰਾ 'ਵਰਨ' ਦੀ ਅੰਸ਼ ਹਨ।

(ਸ਼ੇਰ ਸਿੰਘ ਸ਼ੇਰ ਬਾਰ ਦੇ ਢੋਲੇ ਪੰਨਾ 52-54)

ਕਾਲ ਬੁਲੇਂਦੀ ਤੇ ਨਾਰਦ ਰੰਗ ਪਛਾਣੇ ।
ਕਾਲ ਲੇਟੀ ਵਿਚ ਮੈਦਾਨ ਦੇ, ਜਿਵੇਂ ਰੋੜ੍ਹੂ ਤੇ ਨਾਗ ਅੰਞਾਣੇ ।
ਅਮੀਰ ਸਿੰਘ ਭਿੱਖੀਕੇ ਨੂੰ ਕਿੜ ਦਰੋਨੀ, ਸਾਂਗ ਚੜ੍ਹਾਈ ਸੂ ਸਾਣੇ ।।
ਘੋੜੇ ਕੁਲੇ ਤੇ ਘੱਤੀਸੁ ਕਾਠੀ, ਸਿਰ ਤੇ ਸੂਹੇ ਬਾਣੇ ।
ਕਟਕ ਚਾ ਕੀਤੇ ਨੀ ਉਸ ਮੁਤਾਣੇ ।
ਮਾਰ ਲਈ ਨੇ ਮਾਝ ਰਜਾਦੇ ਕਿਆਂ ਖਰਲਾਂ ਦੀ,
ਤੱਸਿਆਂ ਰਾਠਾਂ ਦੇ ਮੂੰਹ ਕਰਮਾਣੇ ।
ਕੱਠੇ ਹੋਏ ਨੇ ਕਜਲੇ,[1] ਕਾਠੀਏ[2] ਤੇ ਭਰਵਾਣੇ[3] ।
ਜਗਾਤਣ ਤੇ ਪੀਤਾ ਨੇ ਪਾਣੀ, ਘੋੜੇ ਵੀ ਜਾ ਹਿਣਕਾਣੇ ।
ਭੇੜਾ ਪੈ ਗਿਆ ਭਵਾਉ ਬਗਸੀਂਹਕਾਂ[4] ਆਂਹਦਾ,
ਬਾਹਲਾ ਤੇ ਗਿਦੜਾਂ ਦੇ ਭਤੇ ਹਾਰ ਗਏ ਨੇ ਆ ਪੁਰਾਹਣੇ ।
ਓਥੇ ਭੇੜ ਗਿਆ ਏ ਪੈ ਤਲਵਾਰਾਂ ਦਾ,
ਭਰ ਕੇ ਛੁਟੇ ਬੰਦੂਕਾਂ ਤੇ ਗੋਲੀਆਂ ਦੇ ਛਾਣੇ ।
ਭੇੜਾ ਪੈ ਗਿਆ ਰਾਹਮੂ ਹੀਮੇ ਦਾ,
ਜਿਹੜਾ ਲੁੱਕਾ ਊੱਠਾਂ ਦੇ ਤੱਕ ਪਲਾਣੇ ।
ਸਹਾਈ ਸਿੰਘ ਝਾਂਮਕੇ ਮੀਡੀਆਂ ਤੋਂ ਧੂਹ ਲਿਆ
ਮਾਰੀਦਾ ਕਰੇ ਤਰਲੇ ਤੇ ਮਿੰਨਤਾਂ, ਜਿਵੇਂ ਨਕੇਲੋਂ ਫਧੇ ਊਠ ਅੜਾਣੇ
ਆਂਹਦਾ ਅੱਜ ਛੱਡ ਦੇਵੀ ਤੋਇ ਵਿਰਕਾ,
ਭਲਕੇ ਜਾਵਾਂਗਾ ਛੱਡ ਤੁਹਾਡੇ ਵੀ ਰਾਹਣੇ ।
ਆਂਹਦਾ ਨਾਮ ਕਸਾਈ ਖੰਨਾ ਮੁੱਢ ਜਵਾਨਾਂ ਦਾ,
ਰਾਠਾਂ ਨੂੰ ਫੱਟ ਤਲਵਾਰੀਂ ਦੇ ਗਾਹਣੇ ।
ਰਾਠਾਂ ਨੂੰ ਬੋਲ ਕੱਤਈ ਨੇ ਦੁਖ ਹਡੋਂ ਨਾ ਸਾਹਣੇ
ਆਖਿਆ ਨਿਹਾਲ ਅੰਞਾਣੇ[1]
ਉਇ ਵਿਰਕਾਂ ਭਰ ਲਈਆਂ ਏ ਪੇਟੀ ਪਾਈ
ਸਾਥੋਂ ਵੈਰ ਕਿਤਨੇ ਕੂ ਹਾਲੀ ਉਏ ਲਾਹਣੇ[2]

---

1. ਕਜਲੇ—ਪਚਾਧਿਆਂ ਦੀ ਇਕ ਗੋਤ । ਇਹ ਮਿਨਹਾਂਸ ਪ੍ਰਤੀਤ ਹੁੰਦੇ ਹਨ ਜੋ ਪਿੱਛੋਂ ਮੁਸਲਮਾਨ ਹੋ ਗਏ ।
2. ਕਾਠੀਏ—ਇਹ ਉਹਨਾਂ ਪੁਰਾਤਨ ਸੂਰਬੀਰਾਂ ਦੀ ਨਸਲ ਵਿੱਚੋਂ ਹਨ ਜਿੰਨਾ ਨੇ ਕਿ ਪੁਰਾਤਨ ਸਾਂਗਲਾ (ਜਿਥੇ ਹੁਣ ਸਾਂਗਲਾ ਹਿਲ ਸ਼ਹਿਰ ਆਬਾਦ ਹੈ) ਤੇ ਸਿਕੰਦਰ ਦੇ ਹਮਲੇ ਵਿੱਚ ਉਸਦਾ ਡਟ ਕੇ ਮੁਕਾਬਲਾ ਕੀਤਾ ਸੀ Curtius (ਕਰਟੀਅਸ) ਅਤੇ (Arrian) ਆਰੀਅਨ ਇਹਨਾਂ ਨੂੰ Kathains (ਕਠਾਇਨਜ਼) ਲਿਖਦੇ ਹਨ ।
3. ਭਰਵਾਣੇ—ਇਹ ਆਪਣੇ ਆਪਨੂੰ ਭੈਰੋ ਦੀ ਅੰਸ ਮੰਨਦੇ ਹਨ ਜਿਹੜਾ ਕਿ ਮਾਂਹਣੀ ਤੋਂ ਛੇਵੀਂ ਪੀਹੜੀ ਸੀ । P.G. Jhang Distt. Page-62
4. ਬਗਸੀਹ—ਭੱਟੀ ਰਾਜਪੂਤਾਂ ਦੀ ਇੱਕ ਸ਼ਾਖ ਹੈ ।

(ਪ੍ਰੋਫੈਸਰ ਸ਼ੇਰ ਸਿੰਘ 'ਸ਼ੇਰ' ਐਮ. ਏ, ਐਮ. ਐਸ. ਸੀ ਬਾਰ ਦੇ ਢੋਲੇ, ਪੰਨਾ 56-57)

1. ਆਵਾਣ-ਮੁਸਲਮਾਨ ਵਾਹੀਕਾਰਾਂ ਦੀ ਇੱਕ ਗੋਤ ਹੈ, ਜਿੰਨ੍ਹਾਂ ਦੇ ਵੱਡੇ ਵਡੇਰੇ ਕਦੇ ਗਜ਼ਨੀ ਵਿੱਚੋਂ ਆਏ ਸਨ)
2. ਇਸੇ ਢੋਲੇ ਦਾ ਰੂਪਾਂਤਰ (ਜ਼ਬਾਨੀ ਜ: ਅਨੋਖ ਸਿੰਘ) ਵੇਖੋ ਅਮੀਰ ਸਿੰਘ ਭਿੱਖੀ ਕੇ ਦੇ ਹਾਲ ਵਿੱਚ)

ਸਾਂਦਲ ਬਾਰ ਅਤੇ ਸਿੱਖ ਧਰਮ

(ਸਾਂਦਲ ਬਾਰ[1] ਸਿੱਖ ਧਰਮ ਦੀ ਜਨਮ ਭੂਮੀ ਅਤੇ ਬਹੁਤ ਹੱਦ ਤਕ ਵਿਕਾਸ ਭੂਮੀ ਹੈ।)

ਸ਼ਾਂਦਲ ਬਾਰ ਦੇ ਸੁਹਾਵਣੇ ਇਲਾਕੇ ਨੂੰ ਸੰਨ 1469 ਈ: ਵਿਚ ਸਤਿਗੁਰੂ ਨਾਨਕ ਪਾਤਸ਼ਾਹ ਨੇ ਆਪਣੀ ਚਰਨ ਛੁਹ ਨਾਲ ਸਦਾ ਵਾਸਤੇ ਪਵਿੱਤਰ ਕਰ ਦਿੱਤਾ। ਹਜੂਰ ਤੋਂ ਪਿਛੋਂ ਆਪ ਜੀ ਦੇ ਵੱਡੇ ਸਾਹਿਬਜਾਦੇ ਬਾਬਾ ਸ੍ਰੀ ਚੰਦ ਨੇ ਆਪਣੇ ਫੇਰੇ ਟੋਰੇ ਨਾਲ ਗੁਰ ਸਿੱਖੀ ਦਾ ਪ੍ਰਚਾਰ ਜਾਰੀ ਰਖਿਆ। ਭਾਈ ਚੇਨਾਂ ਮਲ[2] (ਪੇਰੋ ਸ਼ਾਹ) ਦੇ ਪ੍ਰੇਮ ਦੇ ਖਿਚੇ ਸਤਿਗੁਰੂ ਅਮਰਦਾਸ ਪਾਤਸਾਂਹ ਨੇ ਪਿੰਡ ਧੁੰਨੀ[3] ਦੇ ਧੋਬੜ[4] ਜੱਟਾਂ ਵਿਚ ਨਾਮ ਬਾਣੀ ਦਾ ਛਿੱਟਾ ਦਿੱਤਾ ਅਤੇ ਪ੍ਰੇਮ ਨਾਲ ਆਪਣਾ ਜੋੜਾ[5] ਬਖਸ਼ਿਸ਼ ਕੀਤਾ ਜਿਸ ਦੀ ਛੁਹ ਨਾਲ ਅੱਜ ਤੱਕ ਹਜੀਰਾਂ ਦਾ ਰੋਗ ਨਸ਼ਟ ਹੁੰਦਾ ਹੈ।

ਭਾਈ ਪਿਰਾਣੇ[6] ਦੇ ਪ੍ਰੇਮ ਦੇ ਖਿੱਚੇ ਹੋਏ ਸਤਿਗੁਰੂ ਅਰਜਨ ਦੇਵ ਪਾਤਸ਼ਾਹ ਨੇ ਚੱਕ ਰਮਦਾਸ[7] ਨੂੰ ਆਪਣੀ ਚਰਨ ਛੁਹ ਨਾਲ ਪਵਿੱਤਰ ਕੀਤਾ। ਇਉਂ ਪਰਤੀਤ ਹੁੰਦਾ ਹੈ ਕਿ ਇੱਥੋਂ ਪੰਚਮ ਪਾਤਸ਼ਾਹ ਭਾਈ ਜੇਤੇ[8] ਦੇ ਨਗਰ ਜੇਤੇ ਵਿਚ ਜਾ ਸੰਗਤਾਂ ਦਾ ਉਧਾਰ ਕੀਤਾ। ਉੱਥੋਂ

---

1. **ਸਾਂਦਲ ਬਾਰ :-** ਲਾਹੌਰ ਤੋਂ ਪਿਸ਼ੌਰ ਜਾਣ ਵਾਲੀ ਜੀ. ਟੀ. ਰੋਡ ਦੇ ਲਹਿੰਦੇ ਪਾਸੇ ਰਾਵੀ ਅਤੇ ਚਨਾਬ ਦੇ ਵਿਚਕਾਰ ਜ਼ਿਲਾ ਸੇਖਪੁਰ' ਤੇ ਗੁੱਜਰਾਂਵਾਲੇ ਅਤੇ ਹੋਰ ਇਲਾਕਾ।
2. **ਚੇਨਾ ਮਲ :-** (ਪ੍ਰਸਿੱਧ ਪੇਰੋ ਮਲ) ਤੀਜੇ ਗੁਰੂ ਜੀ ਦਾ ਪ੍ਰੇਮੀ ਸਿੱਖ ਸੀ।
3. ਧੁੰਨੀ-ਜਿਲ੍ਹਾ ਗੁਜਰਾਂਵਾਲੇ ਤਹਿਸੀਲ ਹਾਫਜਾਬਾਦ ਦਾ ਪਿੰਡ ਜੋ ਹਾਫਜਾਵਾਦ ਰੇਲਵੇ ਸਟੇਸ਼ਨ ਤੋਂ ਸੱਤ ਮੀਲ ਚੜ੍ਹਦੇ ਪਾਸੇ ਸੀ। ਦੇਸ਼ ਦੀ ਵੰਡ ਪਿੱਛੋਂ ਇਥੇ ਦੇ ਵਾਸੀ ਸਪਲਾਣੀ ਜਿਲਾ ਕਰਨਾਲ ਅਤੇ ਹੋਰ ਥਾਈ ਬੇਠੇ ਹਨ।
4. **ਧੋਬੜ ਜੱਟ :** -ਜਟਾਂ ਦਾ ਇਹ ਗੋਤ ਕੇਵਲ ਜਿ: ਗੁਜਰਾਂਵਾਲੇ ਵਿਚ ਹੀ ਸੀਮਤ ਸੀ। ਇਹ ਸੂਰਜ ਵੰਸੀ ਰਾਜਪੂਤ ਸਦਾਂਦੇ ਹਨ। ਅਤੇ 1883 ਈ: ਦੀ ਮਰਦਮ ਸ਼ੁਮਾਰੀ ਵਿੱਚ ਇਹਨਾਂ ਨੇ ਆਪਣੇ ਆਪ ਨੂੰ ਭਾਰਤ ਵਿੱਚੋ ਆਇਆਂ ਅਠਾਰਾਂ ਪੀਹੜੀਆ (18×35) ਭਾਵ 630 ਸਾਲ ਹੋ ਗਏ ਦਸਿਆ ਸੀ ਵਿੰਨੀ, ਧੁੰਨੀ, ਜਲੂਣ ਆਦਿ ਜਿ: ਗੁਜਰਾਵਾਲਾ ਵਿੱਚ ਇਹਨਾਂ ਦੇ ਦੱਸ ਬਾਰਾਂ ਪਿੰਡ ਸਨ (ਪੰਜਾਬ ਟਰਾਈਬਜ ਐਂਡ ਕਾਸਟਸ)
5. ਜੋੜਾ ਭਾਵ ਪੈਰ ਦਾ ਜੁੱਤਾ-ਉਸ ਜੁੱਤੇ ਦਾ ਇੱਕ ਪੈਰ ਤਾਂ ਧੁੰਨੀ ਹੀ ਸੀ ਤੇ ਦੂਜਾ ਪੈਰ ਭਾਈ ਚੇਨਾ ਮਲ ਦੇ ਵੰਸ਼ਜ ਪਿੰਡ ਮੱਦਰ ਤਹਿਸੀਲ ਨਨਕਾਣਾ ਸਾਹਿਬ ਲੈ ਆਏ ਸਨ। ਹੁਣ ਪਤਾ ਨਹੀਂ ਕਿਥੇ ਹੈ (ਵੇਖੋ ਮਹਾਨ ਕੋਸ)
6. **ਪਿਰਾਣਾ :-** ਇਹ ਵਿਰਕ ਜੱਟ, ਸਤਿਗੁਰੂ ਅਰਜਨ ਦੇਵ ਦਾ ਆਤਮ ਗਿਆਨੀ ਸਿੱਖ, ਪਿੰਡ ਚੱਕ ਰਮਦਾਸ ਦਾ ਵਸਨੀਕ ਸੀ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਸੇਵਾ ਵਿੱਚ ਗਵਾਲੀਅਰ ਦੇ ਕਿਲੇ ਵਿੱਚ ਵੀ ਰਿਹਾ। ਇਹ ਬੜਾ ਤਲਵਾਰੀਆ ਸੀ। ਸ੍ਰੀ ਗੁਰੂ ਹਰਗੋਬਿੰਦ ਜੀ ਦੇ ਕਿਸੇ ਧਰਮ ਯੁੱਧ ਵਿੱਚ ਸ਼ਹੀਦੀ ਪ੍ਰਾਪਤ ਕੀਤੀ (ਦੇਖੋ ਮਹਾਨ ਕੋਸ਼)
7. **ਚੱਕ ਰਮਦਾਸ :-** ਜ਼ਿਲਾ ਗੁਜਰਾਵਾਲੇ ਦਾ ਇੱਕ ਪਿੰਡ ਜੋ ਰੇਲ ਸਟੇਸ਼ਨ ਏਮਨਾਬਾਦ ਤੋਂ ਦਸ ਮੀਲ ਪੂਰਬ ਹੈ। ਇਥੇ ਸ੍ਰੀ ਗੁਰੂ ਅਰਜਨ ਦੇਵ ਦੇ ਨਿਵਾਸ ਅਸਥਾਨ ਤੇ ਗੁਰਦਵਾਰਾ ਬਣਿਆ ਹੋਇਆ ਸੀ। ਜਿਸ ਨਾਲ ਚਾਲੀ ਘੁਮਾਉ ਜਮੀਨ ਸਿੱਖ ਰਾਜ ਵੱਲੋਂ ਲੱਗੀ ਸੀ। (ਦੇਖੋ ਮਹਾਨ ਕੋਸ)
8. **ਭਾਈ ਜੇਤਾ :-**ਇਹ ਪਿਰਾਣਾ ਜੀ ਦਾ ਸਹੋਦਰ ਭਾਈ ਸੀ। ਇਹ ਬਹੁਤ ਬਹਾਦਰ ਤੇ ਬਲੀ ਯੋਧਾ ਸੀ। ਗੁਰੂ ਕਾ ਸ਼ੇਰ ਇਸਦੀ ਉਪਾਧੀ ਸੀ। ਮਹਾਰਾਜ ਛੇਵੀਂ ਪਾਤਸ਼ਾਹੀ ਦੇ ਗੁਰੂਸਰ ਵਾਲੇ ਜੰਗ ਵਿਚ ਬਹਿਲੋਲ ਖਾਂ ਨੂੰ ਭਾਈ ਜੇਤੇ ਨੇ ਮਾਰਿਆ (ਵੇਖੋ ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ਭਾਸ਼ਾ ਵਿਭਾਗ ਛਾਪ ਪੰਨਾ 530, 532) ਭਾਈ ਜੇਤੇ ਦੀ ਅੰਸ ਪਿੰਡ ਜੇਤਾ ਨਜਦ ਬਾਹੜੀਆਂ ਵਾਲਾ ਜਿ: ਸੇਖਪੁਰਾ ਵਿੱਚ ਸੀ। ਹੁਣ ਪਤਾ ਨਹੀਂ।

ਵਿਰਕ ਗੋਤ ਦਾ ਉੱਥਾਨ

ਆਦਿਕਾਲ

ਇਹ ਗੱਲ ਕੋਈ ਵੀ ਸਿਆਣਾਂ ਨਹੀਂ ਦੱਸ ਸੱਕਿਆ ਕਿ ਸ੍ਰਿਸ਼ਟੀ ਕਦੋਂ ਤੇ ਕਿਵੇਂ ਪੈਦਾ ਹੋਈ। ਵੱਖੋ ਵੱਖਰੇ ਸਿਆਣਿਆਂ, ਧਾਰਮਿਕ ਆਗੂਆਂ, ਵਿਗਿਆਨਵੇਤਿਆਂ ਅਤੇ ਨਿਆਏ ਸ਼ਾਸਤਰੀਆਂ ਨੇ ਆਪੋ ਆਪਣੀ ਖੋਜ ਦੇ ਸਿੱਟੇ ਦੱਸੇ ਪਰ ਕੋਈ ਵੀ ਦੋ ਮੱਤ ਆਪਸ ਵਿੱਚ ਇੱਕ ਦੂਜੇ ਦੀ ਪੁਸ਼ਟੀ ਨਾ ਕਰ ਸੱਕੇ। ਦਸਮ ਗ੍ਰੰਥ (405-393/2) ਵਿੱਚ ਲਿਖਿਆ ਹੈ :—

ਤੁਮਰਾ ਲਖਾ ਨਹਿ ਜਾਯ ਪਸਾਰਾ ॥
ਕਹਿ ਬਿਧ ਸਜਾ ਪ੍ਰਥਮ ਸੰਸਾਰਾ ॥

ਤਾਂ ਤੇ ਅਸੀ ਸਾਰੇ ਝਮੇਲੇ ਨੂੰ ਛਡ, ਹਿੰਦੂ ਦੇਵ ਮਾਲਾ ਅਨੁਸਾਰ ਦੱਸੀ ਸ੍ਰਿਸ਼ਟੀ ਰਚਨਾ ਦੇ ਆਧਾਰ ਤੇ, ਥੱਲੇ ਕੁਛ ਵਰਣਨ ਕਰਦੇ ਹਾਂ।

ਸੂਰਜ ਬੰਸ

ਅਕਾਲ ਪੁਰਖ ਨੇ ਸ੍ਰਿਸ਼ਟੀ ਰਚਨਾਂ ਦੇ ਆਦਿ ਵਿਚ ਬ੍ਰਹਮਾਂ ਪੈਦਾ ਕੀਤਾ। ਬ੍ਰਹਮਾਂ ਦੇ ਅਗੋਂ ਨੌ ਪੁਤਰ ਮਰੀਚੀ, ਅਤਰੇ, ਅੰਗਾਰੇ ਆਦਿ ਹੋਏ। ਮਰੀਚੀ ਦਾ ਪੁੱਤਰ ਕਸ਼ਯਪ ਹੋਇਆ ਅਤੇ ਕਸ਼ਯਪ ਦੇ ਪੁੱਤਰ ਦਾ ਨਾਮ ਦੇਵ ਸੂਰਨ ਸੀ, ਜਿਸਦਾ ਦੂਸਰਾ ਨਾਮ "ਸੂਰਜ" ਸੀ। ਦੇਵ ਸੂਰਨ ਤੋਂ ਅਗੇ ਜੋ ਸੰਤਾਨ ਹੋਈ ਉਹ "ਸੂਰਜ ਵੰਸ਼" ਸਦਾਈ ਜਿਸਦੀ ਮੋਟੀ ਮੋਟੀ ਵੰਸ਼ ਪ੍ਰਣਾਲੀ ਇਉਂ ਹੈ :—

ਮਨੂੰ

ਦੇਵ ਸੂਰਨ ਦਾ ਪੁੱਤਰ "ਮਨੂ" ਹੋਇਆ, ਇਤਿਹਾਸਕਾਰਾਂ ਅਨੁਸਾਰ ਇਹ ਸੂਰਜ ਵੰਸ਼ ਦਾ ਸਰਬ ਪ੍ਰਥਮ ਵਡਿੱਕਾ ਮੰਨਿਆ ਜਾਂਦਾ ਹੈ। ਇਸ ਮਨੂ ਦਾ ਇਖਸ਼ਵਾਕੂ ਨਾਮੇ ਪੁੱਤਰ ਅਯੁਧਿਆ ਦਾ ਪ੍ਰਥਮ ਸੂਰਜਵੰਸ਼ੀ ਰਾਜਾ ਸੀ। ਵੰਸ਼ ਪ੍ਰਣਾਲੀ ਵਿੱਚ ਦੱਸਵੇਂ ਸਥਾਨ ਤੇ ਰਾਜਾ ਸਰਾਵਸਤ ਅਤੇ ਤੇਤੀਸਵੇਂ ਤੇ ਰਾਜਾ ਹਰੀਸ਼ ਚੰਦਰ ਸਤਿਆਵਾਦੀ ਹੋਇਆ। ਇਸਦੇ ਘਰ ਤਾਰਾ ਲੱਚਣ ਨਾਮ ਦੀ ਰਾਣੀ ਸੀ ਜਿਸਦਾ ਦ੍ਰਿਸ਼ਟਾਂਤ ਭਾਈ ਗੁਰਦਾਸ ਜੀ ਨੇ ਆਪਣੀ ਦਸਵੀਂ ਵਾਰ ਦੀ ਛੇਵੀਂ ਪਉੜੀ ਵਿੱਚ ਕੀਤਾ ਹੈ।

ਸ੍ਰੀ ਰਾਮ ਚੰਦਰ

ਇਸੇ ਸੂਰਜਵੰਸ਼ੀ ਕੁਲ ਵਿੱਚ, ਤ੍ਰੇਤੈ ਯੁਗ ਅੰਦਰ ਸ੍ਰੀ ਰਾਮ ਚੰਦਰ ਪੈਂਠਵੇਂ ਸਥਾਨ ਤੇ ਆਉਂਦੇ ਹਨ ਇਹਨਾਂ ਦੇ ਅਗੇ ਛਿਆਠਵੇਂ ਸਥਾਨ ਤੇ ਮਹਾਰਾਜਾ ਲੱਵ ਅਤੇ ਮਹਾਰਾਜਾ ਕੁਸ਼ ਹੋਏ। ਆਪਣੇ ਅੰਤ ਸਮੇਂ ਸ੍ਰੀ ਰਾਮ ਚੰਦਰ ਜੀ ਨੇ ਅਯੁਧਿਆ ਦਾ ਰਾਜ ਕੁਸ਼ ਨੂੰ ਅਤ ਮੱਦਰ ਦੇਸ ਦਾ ਲੱਵ ਨੂੰ ਦਿੱਤਾ ਸੀ ਮ. ਕੁਸ਼ ਤੋਂ ਪੰਚਾਸੀਵੀਂ (85ਵੀਂ) ਪੀਹੜੀ ਰਾਜਾ ਅਗਨੀਗਿਰ ਹੋਇਆ, ਜਿਸਨੇ ਪੰਜਾਬ ਦੇ ਪਹਾੜਾਂ ਵਿੱਚ ਆ ਕੇ ਸੂਰਜ ਵੰਸੀਆਂ ਦਾ ਰਾਜ ਕਾਇਮ ਕੀਤਾ।

ਇਤਿਹਾਸਕਾਰ (i) ਸ੍ਰੀ ਰਾਗੋ ਰਾਘ ਕਰਤਾ "ਪ੍ਰਾਚੀਨ ਭਾਰਤੀ ਪ੍ਰੰਪਰਾ"
(ii) ਰਾ: ਬ: ਸ੍ਰੀ ਸੀਤਾ ਰਾਮ, ਕਰਤਾ "ਅਯੁਧਿਆ ਕਾ ਇਤਿਹਾਸ" ਆਦਿ।

ਕੁਸ਼—ਮ: ਕੁਸ਼ ਤੋਂ ਲਗ, ਰਾਜਾ ਜੰਮੂ ਲੱਚਣ ਤੱਕ ਦੀਆਂ ਅਟੇ ਸਟੇ ਤ੍ਰੀਹ ਪੀਹੜੀਆਂ ਦਾ ਮਿਰਾਸੀਆਂ ਨੂੰ ਪਤਾ ਨਹੀਂ। ਅਸਾਂ ਖੋਜ ਕੇ ਵਿਰਕ ਇਤਿਹਾਸ ਵਿੱਚ ਦੇ ਦਿਤੀਆ ਹਨ।

ਰਾਜਾ ਜੰਮੂ ਲੋਚਣ

ਰਾਜਾ ਅਗਨੀ ਗਿਰ ਤੋਂ ਅਗੇ (ਆਰੰਭਕਾਲ ਤੋਂ) 93ਵੇਂ ਸਥਾਨ ਤੇ ਰਾਜਾ ਜੰਮੂ ਲੋਚਣ ਹੋਇਆ ਜਿਸਨੇ ਸੰਨ 1325 ਪੂਰਬ ਈਸਾ ਜੰਮੂ ਸ਼ਹਿਰ ਦੀ ਨੀਂਹ ਰੱਖੀ ਸੀ। ਇਸੇ ਦੇ ਰਾਜਕਾਲ ਸਮੇਂ ਮਹਾਂਭਾਰਤ ਯੁੱਧ ਹੋਇਆ ਪ੍ਰਤੀਤ ਹੁੰਦਾ ਹੈ।

ਰਾਜਾ ਬ੍ਰਹਮ ਪ੍ਰਕਾਸ਼

ਸੂਰਜ ਵੰਸ ਦੀ 104ਵੀਂ ਪੀਹੜੀ ਰਾਜਾ ਬ੍ਰਹਮ ਪ੍ਰਕਾਸ਼ ਸੀ ਜਿਸ ਦੇ ਰਾਜਕਾਲ ਵਿੱਚ ਸਤਲੁਜ ਅਤੇ ਚਨਾਬ ਦਰਿਆਵਾਂ ਦੇ ਵਿਚਕਾਰ ਦਾ ਸਾਰਾ ਖੇਤਰ ਕਈ ਸਾਲ ਪਾਣੀ ਵਿੱਚ ਡੁੱਬਿਆ ਰਿਹਾ।

ਰਾਜਾ ਜੋਗ ਰਾਓ

ਸੂਰਜ ਵੰਸ ਦਾ ਜੰਮੂਰਾਜ ਦਾ ਮਾਲਕ ਰਾਜਾ ਜੋਗ ਰਾਓ ਸੰਨ 317 ਈ: ਵਿੱਚ 143ਵਾਂ ਰਾਜਾ ਸੀ। ਇਸ ਦੇ ਅੱਗੋਂ ਦੋ

ਸੂਰਜ ਹੰਸ ਅਤੇ ਮਲਨ ਹੰਸ

ਸੂਰਜ ਹੰਸ ਨੂੰ ਬਾਪ ਨੇ ਜੰਮੂੰ ਦਾ ਅਤੇ ਮਲਨ ਹੰਸ ਨੂੰ ਸਿਆਲਕੋਟ ਦਾ ਰਾਜ ਦਿੱਤਾ। ਰਾਜੇ ਮਲਨਹੰਸ ਦੇ ਬਾਰਾਂ ਪੁੱਤਰ ਹੋਏ ਜੋ ਮਲਨ ਹੰਸ ਵੰਸਜ ਸਦਾਏ।

ਮਨਹਾਸ

ਇਹ ਸ਼ਬਦ ਸਮੇਂ ਅਤੇ ਸਥਾਨ ਭੇਦ ਕਰਕੇ ਮਲਨਹੰਸ ਤੋਂ ਪ੍ਰਵਰਤਿਤ (ਲ ਲੁਪਤ) ਹੋ ਕੇ ਮਨਹਾਸ ਹੀ ਰਹਿ ਗਿਆ। ਰਾਜੇ ਮਲਨ ਹੰਸ ਦੇ ਬਾਰਾਂ ਪੁੱਤਰਾਂ ਦੀ ਔਲਾਦ ਮਨਹਾਸ ਸੱਦੀ ਜਾਂਦੀ ਹੈ ਜਿਸਦਾ ਵੇਰਵਾ ਵਿਰਕ ਇਤਿਹਾਸ ਵਿੱਚ ਦਿੱਤਾ ਗਿਆ ਹੈ। ਸਭ ਤੋਂ ਵੱਡਾ ਪੁੱਤਰ ਰਾਜਾ ਆਸਤਾਰ ਸੀ ਉਸਤੋਂ ਅੱਗੇ ਵੀਹਵੀਂ ਪੀੜ੍ਹੀ ਬਾਬਾ ਵਿਰਕ ਅਤੇ ਉਸਦੇ ਭਾਈ ਬਾਬਾ "ਵਰਣ" ਤੇ ਬਾਬਾ ਧਰੰਗੜ (ਦਰਿਗੜ) ਹੋਏ। ਇਹ ਮਹਮੂਦ ਗਜਨਵੀ ਦੇ ਸਮਕਾਲੀਨ ਮੰਨੇ ਜਾਂਦੇ ਹਨ।

ਬਾਬਾ ਵਿਰਕ

ਇਥੋਂ ਤੱਕ ਤਾਂ ਮਨਹਾਸ ਰਾਜਪੂਤ ਸੱਦੇ ਜਾਂਦੇ ਸਨ ਇਸ ਤੋਂ ਅੱਗੇ ਇਸਦਾ ਪੁੱਤਰ, ਬਾਬਾ ਅੰਗਿਆਰੀ ਹੋਇਆ, ਜਿੱਥੋਂ ਇਸ ਦਾ ਵੰਸ "ਵਿਰਕ" ਸਦਾਉਣ ਲੱਗਾ ਮਿਰਾਸੀ ਕਲਾਣ ਕਰਦਾ ਹੋਇਆ "ਵਿਰਕ ਰਾਜਾ, ਜੱਦ ਅੰਗਿਆਰੀ ਦੀ ਕਾਇਮ" ਆਖਿਆ ਕਰਦਾ ਸੀ। ਇਸ ਵਿੱਚ ਕੁਛ ਭੇਦ ਹੈ। ਜੋ ਵਿਰਕ ਇਤਿਹਾਸ ਦਾ ਵਿਸ਼ਾ ਹੈ।

ਬਾਲਾ

ਬਾਬੇ ਅੰਗਿਆਰੀ ਦਾ ਪੋਤਰਾ ਬਾਬਾ ਬਾਲਾ ਪਹਿਲਾ ਵਿਰਕ ਵੰਸ਼ਜ ਸੀ ਜਿਸਨੇ ਕਿ ਜਿ: ਗੁਜਰਾਂਵਾਲੇ ਦੇ ਇਲਾਕੇ ਵਿੱਚ ਆਬਾਦੀ ਕੀਤੀ ਸੀ ਮਿਰਾਸੀਆਂ ਦੇ ਕਥਨ ਅਨੁਸਾਰ, ਇਹ ਸਹਾਬੁਦਦੀਨ ਮੁਹੰਮਦ ਗੋਰੀ (ਸੰਨ 1175 ਈ:—1206) ਦਾ ਸਮਕਾਲੀਨ ਸਮਝਿਆ ਜਾਂਦਾ ਹੈ।

ਵਿਰਕਾਂ ਦੇ ਤਿੰਨ ਥੰਮ

ਬਾਬੇ ਬਾਲੇ ਦੇ ਤਿੰਨ ਪੁੱਤ ਜਾਊ, ਜੋਪਰ ਤੇ ਬਛਰਾਏ, ਵਿਰਕਾਂ ਦੇ ਤਿੰਨ ਥੰਮ ਮੰਨੇ ਜਾਂਦੇ ਹਨ।

ਵਿਰਕਾਂ ਦੀਆ ਤੇਰਾਂ ਮੂਹੀਆਂ

ਉਪਰੋਕਤ ਬਾਬੇ ਜਾਊ ਦੇ ਪੰਜ ਪੁੱਤਰ, ਬਾਬੇ ਜੋਪਰ ਦੇ ਛੇ ਅਤੇ ਬਾਬੇ ਬਛਰਾਏ ਦੇ ਕੇਵਲ ਦੋ ਪੁੱਤਰ ਸਨ ਜਿੰਨਾਂ ਨੂੰ ਵਿਰਕਾਂ ਦੀਆਂ ਮੂਹੀਆਂ ਕਰਕੇ ਸੱਦਿਆਂ ਜਾਂਦਾ ਹੈ। ਵਿਵਰਨ ਵਿਰਕ ਇਤਿਹਾਸ ਵਿੱਚ ਦਿੱਤਾ ਗਿਆ ਹੈ।

ਬਛਰਾਏ

ਬਾਬੇ ਬਛਰਾਏ ਦੇ ਦੋ ਪੁੱਤਰ ਅਜੈਪਾਲ ਤੇ ਵਸਤਪਾਲ ਸਨ। ਅਜੈ ਪਾਲ ਦੀ ਅੱਠਵੀਂ ਪੀਹੜੀ, ਕਾਲੋਂ, ਮਾਲੋਂ, ਈਦੋ ਤੇ ਭਰੋ ਹੋਏ। ਇਹਨਾਂ ਵਿੱਚੋਂ ਬਾਬੇ ਮਾਲੋਂ ਦੇ ਵੰਸ਼ਜ ਜ਼ਥੇਦਾਰ ਦਲੀਪ ਸਿੰਘ ਜੀ ਦਸਮੇਸ਼ ਪਾਤਸ਼ਾਹ ਦੇ ਸਮਕਾਲੀਨ ਹੋਏ ਹਨ। (1660 ਈ:—1715 ਈ:)

---

1. ਸੰਨ 517 ਈ: ਵੇਖੋ ਬਹਾਰਸਤਾਨ ਅਤੇ ਤਵਾਰੀਖ ਸਿਆਲਕੋਟ।

ਉਵੇਂ ਕਾਲ ਗਣਨਾ, 33 ਸਾਲ ਫੀ ਪੁਸ਼ਤ ਦੇ ਲੇਖੇ ਬਿਲਕੁਲ ਠੀਕ ਬੈਠਦਾ ਹੈ ਰਾਜਾ ਜੰਮੂ ਲੋਚਨ ਤੋਂ 50 (ਪੁਸ਼ਤਾਂ) × 33 ਸਾਲ= 1650—1325=325 ਈ:

ਵਿਰਕ ਗੋਤ ਦਾ ਉੱਥਾਨ

ਆਦਿਕਾਲ

ਇਹ ਗੱਲ ਕੋਈ ਵੀ ਸਿਆਣਾਂ ਨਹੀਂ ਦੱਸ ਸੱਕਿਆ ਕਿ ਸ੍ਰਿਸ਼ਟੀ ਕਦੋਂ ਤੇ ਕਿਵੇਂ ਪੈਦਾ ਹੋਈ। ਵੱਖੋ ਵੱਖਰੇ ਸਿਆਣਿਆਂ ਧਾਰਮਿਕ ਆਗੂਆਂ, ਵਿਗਿਆਨਵੇਤਿਆਂ ਅਤੇ ਨਿਆਏ ਸ਼ਾਸਤਰੀਆਂ ਨੇ ਆਪੋ ਆਪਣੀ ਖੋਜ ਦੇ ਸਿੱਟੇ ਦੱਸੇ ਪਰ ਕੋਈ ਵੀ ਦੋ ਮੱਤ ਆਪਸ ਵਿੱਚ ਇੱਕ ਦੂਜੇ ਦੀ ਪੁਸ਼ਟੀ ਨਾ ਕਰ ਸੱਕੇ। ਦਸਮ ਗ੍ਰੰਥ (405-393/2) ਵਿੱਚ ਲਿਖਿਆ ਹੈ :—

ਤੁਮਰਾ ਲਖਾ ਨਹਿ ਜਾਯ ਪਸਾਰਾ ॥
ਕਹਿ ਬਿਧ ਸਜਾ ਪ੍ਰਥਮ ਸੰਸਾਰਾ ॥

ਤਾਂ ਤੇ ਅਸੀ ਸਾਰੇ ਝਮੇਲੇ ਨੂੰ ਛਡ, ਹਿੰਦੂ ਦੇਵ ਮਾਲਾ ਅਨੁਸਾਰ ਦੱਸੀ ਸ੍ਰਿਸ਼ਟੀ ਰਚਨਾ ਦੇ ਆਧਾਰ ਤੇ, ਥੱਲੇ ਕੁਛ ਵਰਣਨ ਕਰਦੇ ਹਾਂ।

ਸੂਰਜ ਬੰਸ

ਅਕਾਲ ਪੁਰਖ ਨੇ ਸ੍ਰਿਸ਼ਟੀ ਰਚਨਾਂ ਦੇ ਆਦਿ ਵਿਚ ਬ੍ਰਹਮਾਂ ਪੈਦਾ ਕੀਤਾ। ਬ੍ਰਹਮਾਂ ਦੇ ਅਗੋਂ ਨੌ ਪੁਤਰ ਮਰੀਚੀ, ਅਤਰੇ, ਅੰਗਾਰੇ ਆਦਿ ਹੋਏ। ਮਰੀਚੀ ਦਾ ਪੁੱਤਰ ਕਸ਼ਯਪ ਹੋਇਆ ਅਤੇ ਕਸ਼ਯਪ ਦੇ ਪੁੱਤਰ ਦਾ ਨਾਮ ਦੇਵ ਸੂਰਨ ਸੀ, ਜਿਸਦਾ ਦੂਸਰਾ ਨਾਮ "ਸੂਰਜ" ਸੀ। ਦੇਵ ਸੂਰਨ ਤੋਂ ਅਗੇ ਜੋ ਸੰਤਾਨ ਹੋਈ ਉਹ "ਸੂਰਜ ਵੰਸ਼" ਸਦਾਈ ਜਿਸਦੀ ਮੋਟੀ ਮੋਟੀ ਵੰਸ਼ ਪ੍ਰਣਾਲੀ ਇਉਂ ਹੈ :—

ਮਨੂੰ

ਦੇਵ ਸੂਰਨ ਦਾ ਪੁੱਤਰ "ਮਨੂੰ" ਹੋਇਆ, ਇਤਿਹਾਸਕਾਰਾਂ ਅਨੁਸਾਰ ਇਹ ਸੂਰਜ ਵੰਸ਼ ਦਾ ਸਰਬ ਪ੍ਰਥਮ ਵਡਿੱਕਾ ਮੰਨਿਆ ਜਾਂਦਾ ਹੈ। ਇਸ ਮਨੂ ਦਾ ਇਖਸ਼ਵਾਕੂ ਨਾਮੇ ਪੁੱਤਰ ਅਯੁਧਿਆ ਦਾ ਪ੍ਰਥਮ ਸੂਰਜਵੰਸ਼ੀ ਰਾਜਾ ਸੀ। ਵੰਸ਼ ਪ੍ਰਣਾਲੀ ਵਿੱਚ ਦੱਸਵੇਂ ਸਥਾਨ ਤੇ ਰਾਜਾ ਸਰਾਵਸਤ ਅਤੇ ਤੇਤੀਸਵੇਂ ਤੇ ਰਾਜਾ ਹਰੀਸ਼ ਚੰਦਰ ਸਤਿਆਵਾਦੀ ਹੋਇਆ। ਇਸਦੇ ਘਰ ਤਾਰਾ ਲੋਚਣ ਨਾਮ ਦੀ ਰਾਣੀ ਸੀ ਜਿਸਦਾ ਦ੍ਰਿਸ਼ਟਾਂਤ ਭਾਈ ਗੁਰਦਾਸ ਜੀ ਨੇ ਆਪਣੀ ਦਸਵੀਂ ਵਾਰ ਦੀ ਛੇਵੀਂ ਪਉੜੀ ਵਿੱਚ ਕੀਤਾ ਹੈ।

ਸ੍ਰੀ ਰਾਮ ਚੰਦਰ

ਇਸੇ ਸੂਰਜਵੰਸ਼ੀ ਕੁਲ ਵਿੱਚ, ਤ੍ਰੇਤੈ ਯੁਗ ਅੰਦਰ ਸ੍ਰੀ ਰਾਮ ਚੰਦਰ ਪੈਂਠਵੇਂ ਸਥਾਨ ਤੇ ਆਉਂਦੇ ਹਨ ਇਹਨਾਂ ਦੇ ਅਗੇ ਛਿਆਠਵੇਂ ਸਥਾਨ ਤੇ ਮਹਾਰਾਜਾ ਲੱਵ ਅਤੇ ਮਹਾਰਾਜਾ ਕੁਸ਼ ਹੋਏ। ਆਪਣੇ ਅੰਤ ਸਮੇਂ ਸ੍ਰੀ ਰਾਮ ਚੰਦਰ ਜੀ ਨੇ ਅਯੁਧਿਆ ਦਾ ਰਾਜ ਕੁਸ਼ ਨੂੰ ਅਤ ਮੱਦਰ ਦੇਸ ਦਾ ਲੱਵ ਨੂੰ ਦਿੱਤਾ ਸੀ ਮ: ਕੁਸ਼ ਤੋਂ ਪੰਚਾਸੀਵੀਂ (85ਵੀਂ) ਪੀਹੜੀ ਰਾਜਾ ਅਗਨੀਗਿਰ ਹੋਇਆ, ਜਿਸਨੇ ਪੰਜਾਬ ਦੇ ਪਹਾੜਾਂ ਵਿੱਚ ਆ ਕੇ ਸੂਰਜ ਵੰਸੀਆਂ ਦਾ ਰਾਜ ਕਾਇਮ ਕੀਤਾ।

ਇਤਿਹਾਸਕਾਰ (i) ਸ੍ਰੀ ਰਾਗੰ ਰਾਘ ਕਰਤਾਂ "ਪ੍ਰਾਚੀਨ ਭਾਰਤੀ ਪ੍ਰੰਪਰਾ"

(ii) ਰਾ: ਬ: ਸ੍ਰੀ ਸੀਤਾ ਰਾਮ, ਕਰਤਾ "ਅਯੁਧਿਆ ਕਾ ਇਤਿਹਾਸ" ਆਦਿ।

ਕੁਸ਼—ਮ: ਕੁਸ਼ ਤੋਂ ਲਗ, ਰਾਜਾ ਜੰਮੂ ਲੋਚਣ ਤੱਕ ਦੀਆਂ ਅਟੇ ਸਟੇ ਤ੍ਰੀਹ ਪੀਹੜੀਆਂ ਦਾ ਮਿਰਾਸੀਆਂ ਨੂੰ ਪਤਾ ਨਹੀਂ। ਅਸਾਂ ਖੋਜ ਕੇ ਵਿਰਕ ਇਤਿਹਾਸ ਵਿੱਚ ਦੇ ਦਿਤੀਆਂ ਹਨ।

ਰਾਜਾ ਜੰਮੂ ਲੋਚਣ

ਰਾਜਾ ਅਗਨੀ ਗਿਰ ਤੋਂ ਅਗੇਂ (ਆਰੰਭਕਾਲ ਤੋਂ) 93ਵੇਂ ਸਥਾਨ ਤੇ ਰਾਜਾ ਜੰਮੂ ਲੋਚਣ ਹੋਇਆ ਜਿਸਨੇ ਸੰਨ 1325 ਪੂਰਬ ਈਸਾ ਜੰਮੂ ਸਹਿਰ ਦੀ ਨੀਂਹ ਰੱਖੀ ਸੀ। ਇਸੇ ਦੇ ਰਾਜਕਾਲ ਸਮੇਂ ਮਹਾਂਭਾਰਤ ਯੁੱਧ ਹੋਇਆ ਪ੍ਰਤੀਤ ਹੁੰਦਾ ਹੈ।

ਰਾਜਾ ਬ੍ਰਹਮ ਪ੍ਰਕਾਸ਼

ਸੂਰਜ ਵੰਸ਼ ਦੀ 104ਵੀਂ ਪੀਹੜੀ ਰਾਜਾ ਬ੍ਰਹਮ ਪ੍ਰਕਾਸ਼ ਸੀ ਜਿਸ ਦੇ ਰਾਜਕਾਲ ਵਿੱਚ ਸਤਲੁਜ ਅਤੇ ਚਨਾਬ ਦਰਿਆਵਾਂ ਦੇ ਵਿਚਕਾਰ ਦਾ ਸਾਰਾ ਖੇਤਰ ਕਈ ਸਾਲ ਪਾਣੀ ਵਿੱਚ ਡੁੱਬਿਆ ਰਿਹਾ।

ਰਾਜਾ ਜੋਗ ਰਾਓ

ਸੂਰਜ ਵੰਸ਼ ਦਾ ਜੰਮੂਰਾਜ ਦਾ ਮਾਲਕ ਰਾਜਾ ਜੋਗ ਰਾਓ ਸੰਨ 317 ਈ: ਵਿੱਚ 143ਵਾਂ ਰਾਜਾ ਸੀ। ਇਸ ਦੇ ਅੱਗੋਂ ਦੋ

ਸੂਰਜ ਹੰਸ ਅਤੇ ਮਲਨ ਹੰਸ

ਸੂਰਜ ਹੰਸ ਨੂੰ ਬਾਪ ਨੇ ਜੰਮੂ ਦਾ ਅਤੇ ਮਲਨ ਹੰਸ ਨੂੰ ਸਿਆਲਕੋਟ ਦਾ ਰਾਜ ਦਿੱਤਾ। ਰਾਜੇ ਮਲਨਹੰਸ ਦੇ ਬਾਰਾਂ ਪੁੱਤਰ ਹੋਏ ਜੋ ਮਲਨ ਹੰਸ ਵੰਸਜ ਸਦਾਏ।

ਮਨਹਾਸ

ਇਹ ਸ਼ਬਦ ਸਮੇਂ ਅਤੇ ਸਥਾਨ ਭੇਦ ਕਰਕੇ ਮਲਨਹੰਸ ਤੋਂ ਪ੍ਰਵਰਤਿਤ (ਲ ਲੁਪਤ) ਹੋ ਕੇ ਮਨਹਾਸ ਹੀ ਰਹਿ ਗਿਆ। ਰਾਜੇ ਮਲਨ ਹੰਸ ਦੇ ਬਾਰਾਂ ਪੁੱਤਰਾਂ ਦੀ ਔਲਾਦ ਮਨਹਾਸ ਸੱਦੀ ਜਾਂਦੀ ਹੈ ਜਿਸਦਾ ਵੇਰਵਾ ਵਿਰਕ ਇਤਿਹਾਸ ਵਿੱਚ ਦਿੱਤਾ ਗਿਆ ਹੈ। ਸਭ ਤੋਂ ਵੱਡਾ ਪੁੱਤਰ ਰਾਜਾ ਆਸਤਾਰ ਸੀ ਉਸ ਤੋਂ ਅੱਗੇ ਵੀਹਵੀਂ ਪੀੜ੍ਹੀ ਬਾਬਾ ਵਿਰਕ ਅਤੇ ਉਸਦੇ ਭਾਈ ਬਾਬਾ "ਵਰਣ" ਤੇ ਬਾਬਾ ਧਰੰਗੜ (ਦਰਿਗੜ) ਹੋਏ। ਇਹ ਮਹਮੂਦ ਗਜਨਵੀ ਦੇ ਸਮਕਾਲੀਨ ਮੰਨੇ ਜਾਂਦੇ ਹਨ।

ਬਾਬਾ ਵਿਰਕ

ਇਥੋਂ ਤੱਕ ਤਾਂ ਮਨਹਾਸ ਰਾਜਪੂਤ ਸੱਦੇ ਜਾਂਦੇ ਸਨ ਇਸ ਤੋਂ ਅੱਗੇ ਇਸਦਾ ਪੁੱਤਰ, ਬਾਬਾ ਅੰਗਿਆਰੀ ਹੋਇਆ, ਜਿੱਥੋਂ ਇਸ ਦਾ ਵੰਸ਼ "ਵਿਰਕ" ਸਦਾਉਣ ਲੱਗਾ ਮਿਰਾਸੀ ਕਲਾਣ ਕਰਦਾ ਹੋਇਆ "ਵਿਰਕ ਰਾਜਾ, ਜੱਦ ਅੰਗਿਆਰੀ ਦੀ ਕਾਇਮ" ਆਖਿਆ ਕਰਦਾ ਸੀ। ਇਸ ਵਿੱਚ ਕੁਛ ਭੇਦ ਹੈ। ਜੋ ਵਿਰਕ ਇਤਿਹਾਸ ਦਾ ਵਿਸ਼ਾ ਹੈ।

ਬਾਲਾ

ਬਾਬੇ ਅੰਗਿਆਰੀ ਦਾ ਪੋਤਰਾ ਬਾਬਾ ਬਾਲਾ ਪਹਿਲਾ ਵਿਰਕ ਵੰਸ਼ਜ ਸੀ ਜਿਸਨੇ ਕਿ ਜ਼ਿ: ਗੁਜਰਾਂਵਾਲੇ ਦੇ ਇਲਾਕੇ ਵਿੱਚ ਆਬਾਦੀ ਕੀਤੀ ਸੀ ਮਿਰਾਸੀਆਂ ਦੇ ਕਥਨ ਅਨੁਸਾਰ, ਇਹ ਸਹਾਬੁਦਦੀਨ ਮੁਹੰਮਦ ਗੋਰੀ (ਸੰਨ 1175 ਈ:—1206) ਦਾ ਸਮਕਾਲੀਨ ਸਮਝਿਆ ਜਾਂਦਾ ਹੈ।

ਵਿਰਕਾਂ ਦੇ ਤਿੰਨ ਥੰਮ

ਬਾਬੇ ਬਾਲੇ ਦੇ ਤਿੰਨ ਪੁੱਤ ਜਾਊ, ਜੋਪਰ ਤੇ ਬਛਰਾਏ, ਵਿਰਕਾਂ ਦੇ ਤਿੰਨ ਥੰਮ ਮੰਨੇ ਜਾਂਦੇ ਹਨ।

ਵਿਰਕਾਂ ਦੀਆ ਤੇਰਾਂ ਮੂਹੀਆਂ

ਉਪਰੋਕਤ ਬਾਬੇ ਜਾਊ ਦੇ ਪੰਜ ਪੁੱਤਰ, ਬਾਬੇ ਜੋਪਰ ਦੇ ਛੇ ਅਤੇ ਬਾਬੇ ਬਛਰਾਏ ਦੇ ਕੇਵਲ ਦੋ ਪੁੱਤਰ ਸਨ ਜਿੰਨਾਂ ਨੂੰ ਵਿਰਕਾਂ ਦੀਆਂ ਮੂਹੀਆਂ ਕਰਕੇ ਸੱਦਿਆਂ ਜਾਂਦਾ ਹੈ। ਵਿਵਰਨ ਵਿਰਕ ਇਤਿਹਾਸ ਵਿੱਚ ਦਿੱਤਾ ਗਿਆ ਹੈ।

ਬਛਰਾਏ

ਬਾਬੇ ਬਛਰਾਏ ਦੇ ਦੋ ਪੁੱਤਰ ਅਜੇਪਾਲ ਤੇ ਵਸਤਪਾਲ ਸਨ। ਅਜੇ ਪਾਲ ਦੀ ਅੱਠਵੀਂ ਪੀਹੜੀ, ਕਾਲੋਂ, ਮਾਲੋਂ, ਈਦੋ ਤੇ ਭਰੋ ਹੋਏ। ਇਹਨਾਂ ਵਿੱਚੋਂ ਬਾਬੇ ਮਾਲੋ ਦੇ ਵੰਸ਼ਜ ਜ਼ਥੇਦਾਰ ਦਲੀਪ ਸਿੰਘ ਜੀ ਦਸਮੇਸ਼ ਪਾਤਸ਼ਾਹ ਦੇ ਸਮਕਾਲੀਨ ਹੋਏ ਹਨ। (1660 ਈ:—1715 ਈ:)

---

1. ਸੰਨ 517 ਈ: ਵੇਖੋ ਬਹਾਰਸਤਾਨ ਅਤੇ ਤਵਾਰੀਖ ਸਿਆਲਕੋਟ।

ਉਵੇਂ ਕਾਲ ਗਣਨਾ, 33 ਸਾਲ ਫੀ ਪੁਸ਼ਤ ਦੇ ਲੇਖੇ ਬਿਲਕੁਲ ਠੀਕ ਬੈਠਦਾ ਹੈ ਰਾਜਾ ਜੰਮੂ ਲੋਚਨ ਤੋਂ 50 (ਪੁਸ਼ਤਾਂ) × 33 ਸਾਲ= 1650 — 1325 = 325 ਈ:

ਵਿਰਕ ਇਤਿਹਾਸ ਦੇ ਸੰਭਾਵਤ ਸ੍ਰੋਤ

ਇੰਦਰ ਸਿੰਘ	ਝੱਬਰ	ਹਾਬੜੀ ਜ਼ਿ: ਕਰਨਾਲ
ਭਗਵਾਨ ਸਿੰਘ	ਫੂਲਰਵੰਨ	ਗੰਡਰੋਇਆ (ਇੱਛਣ ਪੁਰਾ) ਕਰਨਾਲ
ਮਾਨ ਸਿੰਘ	,,	ਬੋਹਲੀ, ਪੱਤੀ ਬਾਲੇ ਕੀ
ਅਨੋਖ ਸਿਖ	ਘੋਗੇ ਦਾ	ਮਲਕਪੁਰ ਡਰੋਲੀ
ਆਸਾ ਸਿੰਘ	ਸਾਂਉਸੀ	ਨਿਮਨਾਬਾਦ
ਅਨੋਖ ਸਿੰਘ ਨਾਵਾਂ	ਲਾਗਰ	ਬਲ, ਜ਼ਿ: ਕਰਨਾਲ
ਸੋਹਨ ਸਿੰਘ	,,	ਨੀਸੰਗ
ਬਾਜ਼ਾ ਸਿੰਘ	ਬੰਧੋਕੇ	ਫਰਲ
ਮਘਰ ਸਿੰਘ	ਰਣਧੀਰ	
ਬਹਾਦਰ ਸਿੰਘ	ਬੰਧੋਕਾ	ਬੰਦਰਾਲਾ
ਨਰਾਇਨ ਸਿੰਘ	ਝਾਮਕਾ	ਦੁੜਾਣਾ
ਬਲਵੰਤ ਸਿੰਘ	ਸਾਹੋਕੀ ਮਲੀਆਂ	ਨੀਸਿੰਗ
ਅਨੋਖ ਸਿੰਘ	ਝੀਂਡਾ	ਰੱਤੱਕ
ਮਿਹਰ ਸਿੰਘ	,,	,,
ਮਾਨ ਸਿੰਘ	,,	,,
ਹਜ਼ੂਰਾ ਸਿੰਘ ਰਸਾਲਦਾਰ	ਵਰਨ	ਅਸੰਧ
ਵਰਯਾਮ ਸਿੰਘ	ਲੱਹੀਆ ਵਾਲ ਕੁਤਬਨ ਪੁਰ ਸਮਾਨਾ ਮੰਡੀ	
ਬੇਲਾ ਸਿੰਘ	ਬੰਦਰੱਤਾ	ਤਲਵੰਡੀ ਮਲਕਾ, ਸਮਾਨਾ ਮੰਡੀ
ਕਪੂਰ ਸਿੰਘ		ਸਮਾਨਾ ਮੰਡੀ ਟਿੱਬੀ ਚੁਮਾਰਾਂ ਮਾਰਫ਼ਤ ਲਾਭ ਸਿੰਘ ਬੁੱਟਰ
ਬਲਵੰਤ ਸਿੰਘ	ਮਿਰਜ਼ਾ	ਪਿਓਂਦ
ਮੰਗਲ ਸਿੰਘ	ਭਿੱਖੀ	ਜਲਮਾਨਾ (ਕਰਨਾਲ)

ਪੁਰਾਣੇ ਵਿਰਕ (ਗੁਰਦਿੱਤ ਦੀ ਅੰਸ਼) ਬੇਲਸਰ ਨਜ਼ਦ ਸਮਾਨਾ ਬਾਹੁ ਜ਼ਿ: ਕਰਨਾਲ (ਸ਼ਬੇਗ ਸਿੰਘ ਰੁਖਸਾਦੇ ਵਾਲੇ ਦੇ ਰਿਸ਼ਤੇਦਾਰ ਹਨ)

—ਹਰਦੁਆਰ ਪੰਡਤਾਂ ਦੀਆਂ ਵਹੀਆਂ

—ਮਿਰਾਸੀ ਤੇ ਭਾਟ

—ਕਿਤਾਬਾਂ, ਜਿਵੇਂ ਚੀਫਸ ਆਫ ਪੰਜਾਬ

—ਚਰਨ ਹਰਿ ਵਿਸਥਾਰ

ਪੁਰਾਣੇ ਦੋ ਘਰ ਵਿਰਕ ਕੜਯਾਲਯੇ ਸਾਹਬਾਦ ਵਿਚ ਲਖਮੜੀ ਪਿੰਡ

ਪੁਰਾਣੇ ਵਿਰਕਾਂ ਦਾ ਪਿੰਡ ਬੇਰਸਾਲ ਨਜ਼ਦ ਨੀਲੋਖੇੜੀ (ਕਰਨਾਲ)

ਸੁਰਜੀਤ ਸਿੰਘ ਪੁੱਤਰ ਲਾਭ ਸਿੰਘ ਪਿੰਡ ਕੁਰਾਲੀ ਡਾਕਖਾਨਾ ਦਰੜ ਜਿਲਾ ਕਰਨਾਲ

ਸਰਦਾਰ ਬਹਾਦਰ ਬੂਟਾ ਸਿੰਘ ਕਰਨਾਲ

ਤਾਰਾ ਸਿੰਘ ਐਡਵੋਕੇਟ ਪੁੱਤਰ ਹਰੀ ਸਿੰਘ ਕਰਨਾਲ

ਸੰਤ ਸਿੰਘ ਗੁਰਜਾਖੀਆ ਕਰਨਾਲ

ਏ. ਸੀ. ਮੇਹਰ ਸਿਘ ਕੌਂਸਲ ਸਰਦਾਰ ਤਰਲੋਕ ਸਿੰਘ ਪਟਿਆਲਾ

ਜਥੇਦਾਰ ਮਾਨ ਸਿੰਘ ਹੰਬੋ, ਹੰਬੋ ਹਾਊਸ, ਕਰਨਾਲ ।

ਕੈਪਟਨ ਗੁਰ ਇਕਬਾਲ ਸਿੰਘ ਗਿਆਨੀ

ਚਤਰ ਸਿੰਘ ਪੁੱਤਰ ਸ੍ਰ. ਅਨੋਖ ਸਿੰਘ ਚਕ ਜੈਦ, ਪਿੰਡ ਸ਼ੇਖੂਪੁਰਾ ਮਚੂਰੀ (ਕਰਨਾਲ)

(ਸੰਪਾਦਕ)

ਕੁਝ ਮੁੱਖ ਸਿਰਲੇਖ

ਪਰਕਰਣ

ਸੂਰਜ ਬੰਸ (ਅਜੁਧਜ)

,, ,, ਪ੍ਰਬਤ ਪ੍ਰਸਥਾਨ

ਜੰਮੂਵਾਲ ਤੇ ਮਨਹਾਸ ਦੀ ਵੰਡ

ਮਨਹਾਸ

ਵਿਰਕ ਉਤਪਤੀ ਵਿਸਥਾਰ

,, ਤਿੰਨ ਬੰਸ ਤੇਰਾ ਮੂਹੀਆਂ

ਤੇਰਾ ਮੂੰਹੀਆਂ ਦੀ ਵੰਡ

ਜਾਓ ਦਾ ਮੁਕਟ

ਮੁਕਟ ਦਾ ਸਲਾਰ

ਰਾਜਾ

ਰਾਜੇ ਦਾ ਚੂਹੜਕਾ ਮਾਲੀਸੇਰ ਦਾ ਸਾਉਣ

ਸੇਰੋ

ਟੱਲਾ

ਰਾਜੇ ਦਾ ਸਦੋ ਦਾ ਈਸਰ


ਭਾਗ II


(ਖ) ਜੱਪਰ

ਭਾਗ III


ਛਡਤਾਏ

ਪ੍ਰਭਾਤ 15 ਜੂਨ 1953 ਵਿੱਚ ਛਪਿਆ।






ਪਰਕਰਣ




ਪਰਕਰਣ

ਸੂਰਜ ਬੰਸ (ਅਜੁਧ
,, ,, ਪ੍ਰਬਤ
ਜੰਮੂਵਾਲ ਤੇ ਮਨਹਾਸ
ਮਨਹਾਸ
ਵਿਰਕ ਉਤਪਤੀ ਵਿਸ
,, ਤਿੰਨ ਬੰਸ ਤੇਰਾ
ਤੇਰਾ ਮੁੰਹੀਆਂ ਦੀ ਵੰਡ
ਜਾਓ ਦਾ ਮੁਕਟ
ਮੁਕਟ ਦਾ ਸਲਾ
ਰਾਜਾ
ਰਾਜੇ ਦਾ ਚੂਹੜਕਾ
ਸੇਰੋ
ਟੱਲਾ
ਰਾਜੇ ਦਾ ਸਦੋਂ ਦਾ ਈਸਰ
ਭਾਗ II
(ਖ) ਜੋਪਰ
ਭਾਗ III
ਬਛਤਾਏ

گوجرانوالہ
ایمن آباد
شاہدرہ
لاہور


ਉੱਤਰ
ਪੱਛੋਂ
ਕ੍ਰਿਤੰਜਯ	112.	ਬਲੀਬਰਨ
ਬ੍ਰਾਤ	113.	ਬੋਧ ਅਰਜਨ
ਰਣੰਜਯ	114.	ਕਮਲ ਨਾਭ
ਸੰਜਯ	115.	ਬੱਜਰ ਬਲਭ
ਸ਼ਾਕਯ	116.	ਸ਼ਿਵ ਬਲਭ
ਕ੍ਰਧੋਧਨ	117.	ਕਮਲ ਬਲਭ
ਸਿਧਾਰਥ	118.	ਰਾਜ ਬਲਭ
ਰਾਹੁਲ	119.	ਹੇਮ ਬਲਭ
ਪ੍ਰਸੇਨ ਜਿਤ[a]	120.	ਭਾਨੂ ਬਲਭ
ਤਸੱਦਰਕ	121.	ਸ਼ਮੁਦਰ ਜਖ
ਕੁਲਕ	122.	ਹਰਖ ਜਖ
ਸੁਮਿਤ੍ਰ[b]	123.	ਸੰਖ ਬਰਨ
	124.	ਧਰਮ ਬ੍ਰਹਮ
	125.	ਜੈ ਕਾਰ 300 ਪੂ. ਈਸਾ
	126.	ਦੇਵਕਾਰ
	127.	ਆਦਿ ਬ੍ਰਾਹ
	128.	ਭੌਮ ਦਤ
	129.	ਕਰਮ ਦਤ
	130.	ਖੇਮ ਦੱਤ
	131.	ਸਾਮਦਤ
	132.	ਦਮੋਦਰ ਚੰਦ
	133.	ਨੰਦੀ ਗੁਪਤ
	134.	ਆਦਿ ਰਾਉ
	135.	ਦੇਵ ਰਾਉ
	136.	ਗੰਧਰਭ ਰਾਉ

---

[a] ਇਸਦੇ ਰਾਜਕਾਲ ਵਿਚ ਮਹਾਤਮਾ ਬੁਧ ਅਯੁਧਿਆ ਆਏ ।

[b] ਸੁਮਿਤ੍ਰ ਅਜੁਧਿਆ ਦਾ ਅੰਤਮ ਰਾਜਾ, ਮਹਾਂ ਪਦਮਾਨੰਦ ਦੀ ਰਾਜ ਕ੍ਰਾਂਤੀ ਵੇਲੇ ਮਾਰਿਆ ਗਿਆ-(ਮਹਾਂ ਪਦਮਾਂਨੰਦ, ਹੈਹਯ ਵੰਸ਼ੀ ਨੰਦ ਰਾਜਿਆਂ ਵਿਚੋਂ ਆਖਰੀ ਰਾਜਾ ਇਸਦੇ ਮੁਹਕਮ ਦੀ ਦਾਸੀ ਦੇ ਪੁਤ੍ਰ ਨੇ ਕੌਟਲ ਵਜ਼ੀਰ ਨਾਲ ਰਲ ਕੇ ਇਸਨੂੰ ਅਤੇ ਇਸਦੇ ਅਠਾਂ ਪੁਤ੍ਰਾਂ ਨੂੰ ਮਾਰ ਕੇ ਰਾਜ ਸਤਾ ਸੰਭਾਲੀ ਇਹੋ ਪ੍ਰਸਿਧ ਚੰਦਰ ਗੁਪਤ ਮੋਰੀਆ ਹੋਇਆ) (ਵੇਖੋ ਅਯੁਧਯਾ ਕਾ ਇਤਿਹਾਸ)

137. ਕਦਮ ਰਾਏ
138. ਕਰਮਰਾਏ
139. ਖੀਰ ਰਾਏ
140. ਸੰਧੂ ਰਾਓ
141. ਜਗਤ ਰਾਓ

ਮਲ੍ਹਣ ਹੰਸ

ਆਸਤਾਰ | ਚਾਸ | ਲੋਧਰਾ | ਕਜਲਾ | ਬੰਧੈਛਾ | ਭੂਰਾ | ਖਾਰਾ | ਹੰਸ | ਕੰਗ | ਜਠੌਲ | ਗੰਗਵਾਲ | ਮੰਥਰ

ਨੋਟ :— ਮਿਰਾਸੀਆਂ ਦੇ ਦੱਸਣ ਅਨੁਸਾਰ 13ਵਾਂ ਪੁਤ੍ਰ ਮਨਹਾਸ ਹੀ ਸੀ ਮਗਰ ਤਵਾਰੀਖ ਡੋਗਰ ਅਨੁਸਾਰ ਇਹ ਬਾਰਾਂ ਹੀ ਪੁੱਤ੍ਰ ਸਨ। ਮਗਰ 13ਵਾਂ ਪੁਤ੍ਰ ਮਨਹਾਸ ਸੀ ਤਾਂ ਉਸਦੀ ਅੰਸ ਹੀ ਮਨਹਾਸ ਸਦਾਂਦੀ ਕਿੰਤੂ ਰਾਜੇ ਮਲਨਹਾਂਸ (1) ਦੀ ਸਾਰੀ ਸੰਤਾਨ ਮਨਹਾਸ ਸੱਦੀ ਜਾਂਦੀ ਹੈ। ਮਲਨਹਾਂਸ ਨਾਮ ਵਿਗਾੜ ਕੇ ਮਨਹਾਸ ਹੋ ਗਿਆ ਪ੍ਰਤੀਤ ਹੁੰਦਾ ਹੈ। ਗਿ: ਗੁਰਇਕਬਾਲ ਸਿੰਘ ਭੂਦ

(2) ਜਸਤਾਰ (3) ਗੰਗਤਾਰ (4) ਖੀਰਖਿਪਰ (5) ਉਤਾਰਦੇਵ (6) ਸੰਗਰਾਮ ਦੇਵ (7) ਜਸਦੇਵ (8) ਭਜਦੇਵ (9) ਜੱਖ ਦੇਵ।

142 ਦੂਦ ਰਾਉ

143 ਜੋਗ ਰਾਉ ਬਹਾਰਸਤਾਨ ਅਤੇ ਤ੍ਰਾਰੀਖ ਸਿਆਲ ਕੋਟ ਅਨੁਸਾਰ ਇਸਦਾ ਰਾਜ ਕਾਲ 317/320 ਈ: ਬਣਦਾ ਹੈ।

144. ਸੂਰਜ ਹੰਸ, ਨੂ ਜੰਮੂ ਦਾ ਰਾਜ ਪ੍ਰਾਪਤ ਹੋਇਆ
145. ਗੰਗਾਧਰ — ਜਿਸ ਤੇ ਇਸਦੇ ਵੰਸਜ
146. ਬੋਲਾਧਰ — ਜੰਮਵਾਲ ਸਦੇ ਜਾਂਦੇ ਹਨ।
147. ਸਰਭਲਾਧਰ
148. ਕੀਰਤੀਧਰ
149. ਅਜੈ ਧਰ
150. ਬਿਜੈ ਧਰ
151. ਬੋਲਾ ਧਰ
152. ਬਜਰਲਾਧਰ
153. ਸੂਰਜ ਦੇਵ

(144) ਮਲਣ ਹੰਸ, ਇਸ ਨੂੰ ਸਿਆਲ ਕੋਟ ਦਾ ਰਾਜ ਮਿਲਿਆ ਇਸਦੀ ਅੰਸ਼ ਇਸੇ ਦੇ ਨਾਮ ਤੇ ਮਨਹਾਸ ਰਾਜਪੂਤ ਸਦਾਈ ਤੋਂ ਚਾਲੂ ਕੀਤਾ ਹੈ। ਮਨਹਾਸ ਰਾਜਪੂਤ ਗੌਤ ਵਾਸਤੇ ਵੇਖੋ ਅਗਲਾ ਪੰਨਾ।

154. ਭੋਜ ਦੇਵ ਗਜ਼ਨੀ ਦੇ ਸੁਲਤਾਨ ਸਬੁਕਤਸੀਨ ਨੇ ਸੰਨ 975 ਈ: ਪੰਜਾਬ ਤੇ ਹਮਲਾ ਕੀਤਾ। ਭੋਜ ਦੇਵ ਜੰਮੂੰ ਦਾ ਰਾਜ ਆਪਣੇ ਛੋਟੇ ਭਾਈ ਅਵਤਾਰ ਦੇਵ ਨੂੰ ਦੇ ਕੇ ਲਾਹੌਰ ਦੇ ਰਾਜੇ ਜੈ ਪਾਲ ਦੀ ਮੱਦਦ ਤੇ ਗਿਆ। ਸਬੁਕਤਗੀਨ ਹਾਰ ਗਿਆ ਕਿੰਤੂ ਭੋਜਦੇਵ ਜੁਧ ਵਿਚ ਵੀਰਗਤੀ ਪਾ ਗਿਆ।

155. ਅਵਤਾਰਦੇਵ। ਮਹਿਮੂਦ ਗਜ਼ਨਵੀ ਨੇ ਪੰਜਾਬ ਤੇ ਹਮਲਾ ਕੀਤਾ ਤਾਂ ਰਾਜੇ ਅਵਤਾਰ ਦੇਵ ਨੇ ਆਪਣੇ ਭਾਈ ਪ੍ਰਹਿਲਾਦ ਦੇਵ ਨੂੰ ਰਾਜੇ ਜੈ ਪਾਲ ਦੀ ਮਦਦ ਵਾਸਤੇ ਭੇਜਿਆ। ਰਾਜਾ ਜੈ ਪਾਲ ਅਤੇ ਪ੍ਰਹਿਲਾਦ ਦੇਵ ਦੋਵੇਂ ਵੀਰਗਤੀ ਪਾ ਗਏ ਜੈਪਾਲ ਦਾ ਪੁੱਤ੍ਰ ਅਨੰਦ ਪਾਲ ਪ੍ਰਵਾਰ ਸਮੇਤ ਜੰਮੂ ਆ ਗਿਆ ਅਤੇ ਆਪਣੀ ਭੈਣ ਦੀ ਸ਼ਾਦੀ ਰਾਜੇ ਅਵਤਾਰ ਦੇਵ ਨਾਲ ਕਰ ਦਿੱਤੀ ਜਿਸ ਦਾ ਪੁਤ੍ਰ 156 ਜਸ ਦੇਵ ਹੋਇਆ ਇਸ ਨੇ ਜੰਮੂ ਤੋਂ 45 ਮੀਲ ਦੂਰ ਜਸਰੋਟਾ ਵਸਾਇਆ।

157. ਸੰਗਰਾਮ ਦੇਵ

158. ਲਸ਼ਕਰ ਦੇਵ (ਬਜਰ ਧਰ) ਰਾਜ ਤ੍ਰੰਗਣੀ ਅਨੁਸਾਰ ਇਹ ਸੰਨ 1094 ਈ. ਵਿਚ ਰਾਜ ਸਿੰਘਾਸਨ ਤੇ ਬੈਠਾ। ਇਸਦੇ ਦੋ ਪੁਤ੍ਰ

159. ਬ੍ਰਿਜ ਦੇਵ (ਰਾਏ ਹਮੀਰ) ਅਤੇ ਰਮਦੇਵ ਹੋਏ। ਬ੍ਰਿਜ ਦੇਵ ਨੇ ਚੌਹਾਨ ਵੰਸ ਵਿਚ ਸ਼ਾਦੀ ਕੀਤੀ। ਇਹ ਦੋਨੋ ਭਾਈ ਪ੍ਰਿਥਵੀ ਰਾਜ ਚੌਹਾਨ ਦੇ ਮਸੇਰ ਭਰਾ ਸਨ। ਬ੍ਰਿਜ ਦੇਵ ਦੀ ਕੰਨਯਾ ਜੰਬੋਗਰੀ ਦੀ ਸ਼ਾਦੀ ਪ੍ਰਿਥਵੀ ਰਾਜ ਨਾਲ ਹੋਈ ਸੀ।

ਜਦ ਦਿਲੀ ਦੇ ਪ੍ਰਮਾਰ ਰਾਜੇ ਆਨੰਦ ਪਾਲ ਨੇ ਆਪਣਾ ਰਾਜਪਾਟ ਆਪਣੇ ਦੋਹਤਰੇ ਪ੍ਰਿਥਵੀ ਰਾਜ ਨੂੰ ਦਿੱਤਾ ਤਾਂ ਇਹ ਦੋਵੇਂ ਭਰਾ ਦਿਲੀ ਚਲੇ ਗਏ ਪ੍ਰਿਥਵੀ ਰਾਜ ਨੇ ਦੋਹਾਂ ਨੂੰ ਕਾਂਗੜਾ ਫਤਿਹ ਕਰਨ ਵਾਸਤੇ ਭੇਜਿਆ ਜਦ ਕਾਂਗੜ ਫਤਿਹ ਹੋ ਗਿਆ ਤਾਂ ਪ੍ਰਿਥਵੀ ਰਾਜ

ਨੇ ਰਾਮ ਦੇਵ ਦੇ ਹਵਾਲੇ ਕਰ ਦਿਤਾ। ਬ੍ਰਿਜ ਦੇਵ ਨੂੰ ਬਹਾਦਰੀ ਕਰਕੇ "ਹਾਂ ਹੂਤੀ ਰਾਏ ਹਮੀਰ" ਦੀ ਉਪਾਧੀ ਦੇ ਕੇ ਸਨਮਾਨਿਆਂ।


144. ਮਲਨਹੰਸ। ਇਥੇ ਦੋ ਗੱਲਾਂ ਦੱਸਣੀਆਂ ਜਰੂਰੀ ਹਨ (1) ਮਿਰਾਸ਼ੀ ਲੋਕ ਮਨਹਾਸ ਨੂੰ ਇਸ ਦਾ 13ਵਾਂ ਪੁਤ੍ਰ ਦੱਸਦੇ ਹਨ ਜਦ ਕਿ ਇਸਦੇ ਕੇਵਲ 12 ਹੀ ਪੁਤ੍ਰ ਇਤਿਹਾਸਕਾਰ ਦੱਸਦੇ ਹਨ ਮਨਹਾਸ ਕੇਵਲ ਮਲਨਹੰਸ ਦਾ ਪ੍ਰਵਿਰਤਤ ਰੂਪ ਹੈ (2) ਵਰਨਾਂ ਦੇ ਮਿਰਜ਼ੀ ਮੀਰ ਮੰਜ ਦਰਯਾ ਦਾ ਕਥਨ (ਜਿਸਦਾ ਹਵਾਲਾ ਭਾ. ਜੀਵਨ ਸਿੰਘ ਜੀ ਦੇਂਦੇ ਹਨ) ਕਿ ਰਾਮਚੰਦ ਦਾ ਨਾਮ ਮਨਹਾਸ ਤੋਂ ਉੱਤੇ 30 ਪੀੜ੍ਹੀਆਂ ਆਉਂਦਾ ਹੈ, ਅਸਲੋਂ ਨਿਰਮੂਲ ਸਿਧ ਹੁੰਦਾ ਹੈ। (ਵੇਖੋ ਉਪਰੋਕਤ ਕਰਮ ਸੰਖਯਾ) ਕਿੰਤੂ ਰਾਜਾ ਜੰਮੂਲੋਚਨ (93) ਸ੍ਰੀ ਰਾਮ ਚੰਦਰ (63) ਤੋਂ 30 ਪੀੜ੍ਹੀਆਂ ਥੱਲੇ ਆਉਂਦਾ ਹੈ।

ਇਕ ਦਿਨ ਬ੍ਰਿਜ ਦੇਵ ਦੀ ਗੈਰ ਹਾਜਰੀ ਵਿਚ ਚੋਹਾਨ ਦਰਬਾਰ ਅੰਦਰ ਉਸਦੀ ਵੀਰਤਾ ਦਾ ਜ਼ਿਕਰ ਚੱਲ ਪਿਆ, ਕਿੰਤੂ ਪ੍ਰਥਵੀ ਰਾਜ ਦਾ ਵਜੀਰ, ਜੀਤ ਰਾਏ ਪ੍ਰਮਾਰ ਸਹਿਨ ਨਾ ਕਰ ਸਕਿਆ, ਸਗੋਂ ਰਾਏ ਹਮੀਰ (ਬ੍ਰਿਜ ਦੇਵ) ਨੂੰ ਕੁੱਤੇ ਨਾਲ ਤੁਲਨਾ ਦਿਤੀ ਜਿਸ ਨੂੰ ਸੁਣ ਕੇ ਪ੍ਰਿਥਵੀ ਰਾਜ ਵੀ ਚੁੱਪ ਰਿਹਾ। ਜਦ ਰਾਏ ਹਮੀਰ ਨੂੰ ਇਸ ਗਲ ਦਾ ਪਤਾ ਲੱਗਾ ਤਾਂ ਇਕਦਮ ਦਿੱਲੀ ਨਾਲ ਸੰਬੰਧ ਵਿਛੇਦ ਕਰ ਜੰਮੂ ਆ ਰਿਹਾ ਪ੍ਰਿਥਵੀ ਰਾਜ ਨੇ ਮਗਰੋਂ ਕੋਸ਼ਿਸ਼ ਕੀਤੀ, ਕਿੰਤੂ ਰਾਏ ਹਮੀਰ ਨੇ ਦਿੱਲੀ ਜਾਣਾ ਹੀ ਨਹੀਂ ਸੀ ਤੇ ਨਾਂ ਹੀ ਉਹ ਗਿਆ।

ਮੁਹੰਮਦ ਗੌਰੀ ਨੇ ਜਦ ਸੰਨ 1191—92 ਈ: ਵਿਚ ਦੁਬਾਰਾ ਹਮਲਾ ਕੀਤਾ ਤਾਂ ਪ੍ਰਥਵੀ ਰਾਜ ਨੇ ਆਪਣੇ ਦਰਬਾਰੀ ਭਾਟ ਚਾਂਦ ਬਰਦਾਈ ਨੂੰ ਰਾਏ ਹਮੀਰ ਦੇ ਮਨਾਣ ਵਾਸਤੇ ਜੰਮੂ ਭੇਜਿਆ ਮਗਰ ਰਾਏ ਨਾ ਮੰਨਿਆਂ (ਜਬਾਨ ਦਾ ਫਟ ਅਸਹਿ ਅਤੇ ਅਮਿਟ ਹੁੰਦਾ ਹੈ)। ਰਾਏ ਚੰਦ੍ਰ ਭਾਗ (ਚਨਾਬ) ਦੇ ਘਾਟ ਤੇ ਮੁਹੰਮਦ ਗੌਰੀ ਨੂੰ ਜਾ ਮਿਲਿਆ। ਮੁਲਤਾਨੋਂ ਹੁੰਦੇ ਹੋਏ ਦਿੱਲੀ ਪੁੱਜੇ ਰਾਏ ਦੀ ਸਿਪਾਹ ਸਲਾਰੀ ਵਿਚ, ਗੌਰੀ ਦੀ ਫ਼ੌਜ ਨੇ ਰਾਜਪੂਤੀ ਸੈਨਾ ਤੇ ਹਲਾ ਕੀਤਾ। ਰਾਏ ਹਮੀਰ ਦੇ ਹਥੋਂ ਚੰਗੇ ਚੰਗੇ ਰਾਜਪੂਤ ਸਰਦਾਰ ਮਾਰੇ ਗਏ। ਪਾਵਸ ਰਾਏ ਪੁੰਡੀਰ ਤੇ ਰਾਏ ਹਮੀਰ ਦਾ ਬੜਾ ਭਾਰੀ ਯੁਧ ਹੋਇਆ। ਰਾਏ ਹਮੀਰ ਵੀਰਗਤੀ ਪਾ ਗਿਆ ਜਿਸ ਦੀ ਪ੍ਰਸੰਸਾ, ਜੰਗ ਵਿਚ ਜਾ ਕੇ ਪ੍ਰਥਵੀ ਰਾਜ ਨੇ ਵੀ ਕੀਤੀ (ਵੇਖੋ ਪ੍ਰਿਥਵੀ ਰਾਜ ਰਹਸੋ)।

ਰਾਏ ਹਮੀਰ ਦੀ ਮੌਤ ਤੇ ਮੁਹੰਮਦ ਗੌਰੀ ਨੇ ਪੂਰੀ ਸੈਨਾ ਜੰਗ ਵਿਚ ਠੇਲ੍ਹ ਦਿੱਤੀ। ਚੌਹਾਣ ਦੇ ਕਈ ਨਾਮੀ ਸਰਦਾਰ ਤੇ ਪ੍ਰਥਵੀ ਰਾਜ ਦਾ ਲੜਕਾ ਕਰਨ ਕੁਮਾਰ ਮਾਰਿਆ ਗਿਆ-"ਪ੍ਰਿਥਵੀ ਰਾਜ ਨੂੰ ਮੁਹੰਮਦ ਗੌਰੀ ਕੈਦ ਕਰਕੇ ਕਾਬਲ ਲੈ ਗਿਆ। ਭਾਰਤ ਸਦੀਆਂ ਲਈ ਗੁਲਾਮ ਹੋ ਗਿਆ" ਹੋਰ ਹਾਲ ਵਾਸਤੇ ਵੇਖੋ ਪ੍ਰਥਵੀ ਰਾਜ ਰਾਹਸੋ। ਰਾਏ ਹਮੀਰ ਪਿਛੋਂ ਉਸਦਾ ਪੁਤ੍ਰ ਨਰ ਸਿੰਘ ਦੇਵ, ਉਸਦਾ ਪੁੱਤ੍ਰ ਅਰਜਨ ਦੇਵ। ਇਹ 1297 ਨੂੰ ਪੂਰਾ ਹੋਇਆ ਇਸ ਦੇ ਦੋ ਭਰਾਵਾਂ ਸੈਦੇ ਤੇ ਡੰਗਰ ਦੇਵ ਦੀ ਅੰਸ, ਪਰਗੋਵਾਲ ਤੇ ਸੁਹਾਵਣੇ ਵਸਦੀ ਹੈ(ਹੋਰ ਵਿਸਥਾਰ ਲਈ ਵੇਖੋ ਤ੍ਰਾਰੀਖ ਡੋਗਰਾ ਦੇਸ)

11. ਜੋਧ ਦੇਵ ਦਾ, 12— ਅੱਕਾ



13. ਮਾਲਦੇਵ ਜਖੜਦੇਵ

14. ਪਰਗੋ

ਏ ਗਲਾਸਰੀ ਆਫ ਟਰਾਈਬਜ਼ ਐਂਡ ਕਾਸਟਸ ਦਾ ਕਰਤਾ ਜਿਲਦ III ਦੇ ਪੰਨਾ 274 ਦੇ, ਫੁੱਟ ਨੋਟ ਵਿਚ ਲਿਖਦਾ ਹੈ :—

"ਗੁਜਰਾਤ ਵਿਚ ਪ੍ਰਚਲਤ ਹੈ ਕਿਹ ਜੋਧ ਦੇਵੇ ਦੇ ਦੋ ਪੁਤ੍ਰ ਮਾਲਦੇਵ ਅਤੇ ਜਖੜਦੇਵ ਸਨ। ਜਖੜਦੇਵ ਦੀ ਅੰਸ ਨੂੰ ਹਥੀਂ ਕ੍ਰਿਸਾਨੀ ਕਰਨ ਕਰਕੇ ਦੂਜੇ ਰਾਜਪੂਤ ਮਨਹਾਸ ਕਰਕੇ ਸਦਦੇ ਸਨ। ਇਹ ਮਿਨਹਾਸ, ਆਪਣਾ ਗੁਜਰਾਤ ਵਿਚ ਆ ਕੇ ਆਬਾਦ ਹੋਣ ਦਾ ਸਮਾ ਹਮਾਯੂੰ (1508-56 ਈ.) ਦਾ ਰਾਜਕਾਲ ਦੱਸਦੇ ਹਨ ਅਤੇ ਉਦੋਂ ਹੀ ਬਾਬੇ ਪਰਗੋ ਦਾ ਜਮੂੰ ਤੋਂ ਉਠ ਕੇ ਪਰਗੋਵਾਲ ਵਸਾਣਾਂ ਮੰਨਦੇ ਹਨ ਜਿੱਥੇ ਜਾ ਕੇ ਇਹ ਹੁਣ ਤੱਕ (1880 ਈ:) ਆਪਣੀਆਂ ਰੀਤਾਂ ਕਰਦੇ ਹਨ। ਇਹ ਵੀ ਦੱਸਦੇ ਹਨ ਕਿ ਪਰਗੋ ਦੇ 22 ਪੁਤ੍ਰਾਂ ਵਿਚੋਂ ਬਾਬੇ ਮਾਹੀ ਨੇ ਅਕਬਰ (1542-99) ਦੀ ਫ਼ੌਜ ਵਿਚ ਨੌਕਰੀ ਕੀਤੀ ਤੇ ਮੁਸਲਮਾਨ ਹੋ ਗਿਆ ਅਤੇ ਉਸ ਨੇ ਜਿਹਲਮ ਦਰਯਾ ਦੇ ਖਬੇ ਕੰਢੇ ਧਰਤੀ ਮੱਲ ਕੇ ਆਬਾਦ ਕੀਤੀ।" ਆਦਿ ਆਦਿ.

ਇਸ ਉਪਰੋਕਤ ਕਥਨ ਵਿਚ ਹੇਠ ਲਿਖੀਆਂ ਤਰੁੱਟੀਆਂ ਹਨ :—

(i) ਬਾਬੇ ਜੋਧ ਦੇਵ (ਅਨੁਮਾਨਤ ਕਾਲ 710 ਈ:) ਦੇ ਦੋ ਪੋਤਰੇ ਮਾਲਦੇਵ ਤੇ ਜਖੜ ਦੇਵ (13) ਨਾਮ, ਬਾਬੇ ਅੱਕੇ ਦੇ (12) ਪੁਤ ਸਨ. ਜਿਨ੍ਹਾ ਦਾ ਅਨੁਮਾਂਨਤ ਸਮਾਂ 770 ਹੁੰਦਾ ਹੈ.

(II) ਬਾਬੇ ਪਰਗੋ ਦਾ ਅਨੁਮਾਨਤ ਸਮਾਂ 800 ਈ: ਹੈ। ਉਹ ਹਮਾਯੂੰ (1508-56) ਦਾ ਸਮਕਾਲੀਨ ਕਦੰਤ ਨਹੀਂ ਹੋ ਸਕਦਾ

(III ਬਾਬੇ ਪਰਗੋ ਦੇ 22 ਪੁਤ੍ਰਾਂ ਵਿਚੋਂ ਨਹੀਂ ਸਗੋਂ 22ਵੀਂ ਪੀਹੜੀ ਬਾਬਾ ਮਾਹੀ ਹੋਇਆ ਪ੍ਰਤੀਤ ਹੁੰਦਾ ਹੈ ਜਿਸਦਾ ਅਨੁਮਾਨਤ

10 ਬੀਰਨ ਦੇਵ

ਕਾਲ 800+720=1520 ਈ: ਬਣਦਾ ਹੈ। ਹਮਾਯੂੰ ਦਾ ਸਮਕਾਲੀ ਹੈ। ਹੋ ਸਕਦਾ ਹੈ ਅਕਬਰ (1542-99) ਦੀ ਫੌਜ ਵਿਚ ਨੌਕਰੀ ਕੀਤੀ ਹੋਵੇ।
ਅਗਰ ਬਾਬੇ ਪਰਗੋ (14) ਨੂੰ ਹਮਾਯੂੰ ਦਾਂ ਸਮਕਾਲੀ ਸਮਝਣਾ ਇਕ ਭੁੱਲ ਹੈ।

(14) ਪਰਗੋ ਦੇ ਨਾਮ ਤੇ ਇਸ ਅੰਸ਼ ਨੇ ਪਿੰਡ ਪਰਗੋ ਵਸਾਇਆ

(15) ਕ੍ਰਿਪਾਲ ਦੇਵ (16) ਲੋਧੇ ਪਤ (17) ਮਹਿਸਤੇ (18) ਲੌਧਰਾ (19) ਉਧਰ ਸੈਨ (20) ਵਿਰਕ

19 ਇਸਦੀ ਜੀਵਨ ਅਵਧ 40 ਸਾਲ ਅਨੁਮਾਨਤ ਹੈ

ਰਾਜੇ ਉਧਰ ਸੈਨ ਦੀਆਂ ਦੋ ਰਾਣੀਆਂ ਸਨ :—

ਪਹਿਲੀ ਦੀ ਸੰਤਾਨ :—

(I) ਜੰਡਦੇਵ (II) ਜੰਗਦੇਵ (III) ਛਿਬਰ ਦੇਵ (IV) ਧਰਮਦੇਵ (V) ਰਾਸ ਦੇਵ ਇਹਨਾਂ ਪੰਜਾਂ ਦੀ ਅੰਸ, ਡੁਗਰ, ਸਿਆਲਕੋਟ, ਹੁਸ਼ਿਆਰਪੁਰ ਆਦਿ ਆਦਿ ਜ਼ਿਲਿਆਂ ਵਿਚ ਆਬਾਦ ਸੀ ਅਤੇ ਮਨਹਾਸ ਸਦਾਂਦੀ ਸੀ।

ਦੂਜੀ ਰਾਣੀ ਦੀ ਸੰਤਾਨ : (ਰਾਣੀ ਕੁੰਤੀ ਪੁਣਛ ਪਤੀ ਧਰਵਾਸ ਦੀ ਪੁਤਰੀ ਸੀ)

(I) ਵਿਰਕ (II) ਵਰਨ (III) ਧਰੰਗਤ (I) ਇਹਨਾਂ ਤਿੰਨਾਂ ਭਰਾਵਾਂ ਨੂੰ ਰਾਜੇ ਉਧਰ ਸੈਨ ਨੇ ਸਾਂਦਲ ਬਾਰ ਦਾ ਇਲਾਕਾ ਵੰਡ ਦਿਤਾ

ਵਿਰਕ (20) ਦਾ ਹਾਲ ਅਗੇ ਦਿਤਾ ਜਾਵੇਗਾ।

(II) ਵਰਨ : ਇਸਨੇ ਆਪਣੇ ਨਾਮ ਤੇ ਪਿੰਡ ਵਰਨ ਬਧਾ। ਜਿਸਦੇ ਨੇੜੇ ਵਰਤਮਾਨ ਪਿੰਡ ਜੰਡਿਆਲਾ, ਸ਼ੇਰ ਖਾਂ, ਅਤੇ ਚੂਹੜਕਾਨਾ ਦੇਰ ਚਿਰ ਪਿਛੋਂ ਆਬਾਦ ਹੋਏ। ਇਸਦੀ ਵੰਸ ਦਾ ਬਹੁਤਾ ਵਾਧਾ ਨਹੀਂ ਹੋਇਆਂ ਅਤੇ ਨਾਂ ਹੀ ਇਹ ਪਿਡ ਬਾਹਰ ਵਧਿਆ। ਹਾ ਪਿੰਡ ਛੱਡ ਕੇ ਕਈ ਘਰ ਆਪਣੇ ਖੂਹਾਂ ਤੇ ਜਾ ਕੇ ਆਬਾਦ ਜ਼ਰੂਰ ਹੋ ਗਏ ਸਨ। ਇਹਨਾਂ ਵਰਨਾਂ ਤੋਂ ਇਲਾਵਾ ਜ਼ਿਲਾ ਮੁਲਤਾਨ ਵਿਚ ਵੀ "ਵਰਨ" ਗੋਤ ਦੇ ਜਟ ਸਨ ਤੇ ਕਸੂਰ ਲਾਗੇ ਪਿੰਡ ਕਾਦੀ ਵਿੰਡ ਵਿਚ ਵੀ "ਵਰਨ" ਜੱਟਾਂ ਦੇ ਘਰ ਸਨ ਪਰ ਪਤਾ ਨਹੀਂ ਇਹਨਾਂ ਦੁਹਾਂ ਥਾਵਾਂ ਦੇ ਵਰਨ ਜਟ ਬਾਬੇ ਵਰਨ, ਮਨਹਾਸ ਰਾਜਪੂਤ ਦੀ ਅੰਸ ਹਨ ਜਾਂ ਨਹੀਂ" ਬਾਬੇ ਵਰਨ ਦੇ ਇਕ ਵੰਸ ਦਾ ਕੁਰਸੀ ਨਾਮਾ, ਜਬਾਨੀ ਮੌਜ ਦਰਯਾ ਮਿਰਾਸੀ ਪਿੰਡ ਵਰਨ, ਅਗੇ ਦਿੱਤਾ ਜਾਂਦਾ।

ਸੰਨ 1398 ਈ: ਤਿਮਰ ਲੰਗ ਦੇ ਹਮਲੇ ਵੇਲੇ ਪਿੰਡ ਭਾਕੇ ਦੇ ਭਟੀਆਂ ਨੇ ਇਹ ਪਿੰਡ ਵਰਨਾ ਤੋਂ ਖੁਹ ਲਿਆ ਤੇ ਆਪ ਕਾਬਜ ਹੋ ਗਏ।

20. ਵਿਰਕ

ਰਾਜੇ ਉਧਰ ਸੈਨ ਦੀ ਦੂਸਰੀ ਰਾਣੀ ਦੇ ਜੇਠੇ ਪੁੱਤ੍ਰ ਦਾ ਨਾਉਂ ਵਿਰਕ ਸੀ ਜਿਸ ਤੋਂ ਜੱਟਾਂ ਦਾ ਮਸ਼ਹੂਰ ਵਿਰਕ ਗੋਤ ਚੱਲਿਆ ਇਸਦਾ ਅਨੁਮਾਨਤ ਜੀਵਨ ਕਾਲ 1065/1100 ਪ੍ਰਤੀਤ ਹੁੰਦਾ ਹੈ ਇਸਨੇ ਆਪਣੀ ਮਨਮਰਜੀ ਨਾਲ ਆਪਣੀ ਸ਼ਾਦੀ ਇਕ ਗੈਰ ਰਾਜਪੂਤੀ "ਝਿੜ੍ਹ" ਘਰਾਨੇ ਦੀ ਅਕਲ ਸ਼ਕਲ ਵਾਲੀ ਦਲੇਰ ਮੁਟਿਆਰ ਨਾਲ ਕਰਵਾ ਲਈ ਜਿਸਤੇ ਪਿਤਾ ਨੇ ਨਾਰਾਜ ਹੋ ਕੇ ਇਸ ਨੂੰ ਅਲਗ ਕਰਕੇ, ਉਹੋ ਇਲਾਕਾ ਦੇ ਦਿਤਾ ਜਿਥੇ ਕਿ ਇਸਦੇ ਸਹੁਰੇ ਝੰਡੀਰ ਨਾਮੇ ਪਿੰਡ ਵਿਚ ਆਬਾਦ ਸਨ।

ਬਾਬੇ ਵਿਰਕ ਨੇ ਝੰਡੀਰਾਂ ਦੇ ਕੋਲ (ਨਾਰੰਗ ਰੇਲਵੇ ਸਟੇਸ਼ਨ ਦੇ ਨੇੜੇ) ਕਾਮੋ ਕਿਆਂ ਤੋਂ ਚੜ੍ਹਦੇ ਪਾਸੇ ਸੱਤ ਮੀਲ ਦੀ ਵਿੱਥ ਤੇ ਆਪਣਾ ਘੁਚਲੀ ਨਾਮ ਦਾ ਪਿੰਡ ਵਸਾਇਆ। ਇਸ ਝਿੜ੍ਹ ਮਾਈ ਵਿਚੋਂ, ਬਾਬੇ ਵਿਰਕ ਦੇ ਪੰਜ ਪੁਤ੍ਰ ਹੋਏ :—
(I) ਧਾਰੀ, (II) ਭਾਰੀ (III) ਜੱਗਾ ਨੰਦ (IV) ਆਸਕਰਨ ਤੇ (V) ਕੁੰਡ.। ਹੁਣ ਮੁਸ਼ਕਿਲ ਇਹ ਆ ਬਣੀ ਕਿ ਜਾਤ ਅਭਿਮਾਨੀ ਰਾਜਪੂਤ ਭਾਈਚਾਰਾ

---

(1) ਘੁਚਲੀ ਤੋਂ ਪਹਾੜ, ਮੰਡੀ ਕਾਮੋਕੇ ਅਤੇ ਐਮਨਾਬਾਦ ਤਕ ਇਹ ਹੇਠ ਦਿੱਤੇ ਨਗਰ ਵਿਰਕਾਂ ਦੇ ਸਨ :—

1. ਸ਼ੇਰ ਗੜ੍ਹ	2. ਚੰਡਾਲੀ	3. ਲਾਲਪੁਰਾ
4. ਡੱਜੂ	5. ਕੋਟ ਹਰੀ ਚੰਦ	6. ਮ੍ਹਿਏ
7. ਤੁੰਗ	8. ਰਾਜਾ	9. ਤੰਬੋਲੀ
10. ਨਾਗਰ	11. ਪੀਲੂ	12. ਸੰਮ੍ਹ ਬਾਲਾ
13. ਜੰਡਾਲਾ	14. ਮੜ੍ਹਯਾਲਾ ਵਿਰਕਾਂ	
16. ਮਾਰੇ ਵਾਹੀਆ	17. ਕੋਟਲਾਂ ਵਿਰਕਾਂ	18. ਝੱਡ੍ਹਕੇ
19. ਨੰਦ ਪੁਰ	20. ਬੁਤਾਲਾ ਸ਼ਰਮ ਸਿੰਘ	

(2) ਉਸ ਸਮੇਂ ਦੀ ਪ੍ਰਥਾ ਅਨੁਸਾਰ, ਕੇਵਲ ਰਾਜਪੂਤਨੀ ਮਾਂ ਅਤੇ ਰਾਜਪੂਤ ਬਾਪ ਦੀ ਹੀ ਅੰਸ਼ ਰਾਜਪੂਤ ਸਦਾ ਸਕਦੀ ਸੀ। ਇਹਨਾਂ ਦੋਨਾਂ ਵਿਚੋ ਅਗਰ ਇਕ ਗੈਰ ਰਾਜਪੂਤ ਹੁੰਦਾ ਤਾਂ ਅੰਸ਼ ਗੈਰ ਰਾਜਪੂਤ ਸਮਝੀ ਜਾਂਦੀ ਸੀ।

ਬਾਬੇ ਵਿਰਕ ਦੀ ਸੰਤਾਨ ਨਾਲ ਵਰਤਣ ਵਿਹਾਰ ਤੋਂ ਸੰਕੋਚ ਕਰਦਾ। ਜਿਸ ਤੇ ਬਾਬੇ ਵਿਰਕ ਨੇ ਦੂਸਰੀ ਸ਼ਾਦੀ ਕੀਤੀ। ਇਹ ਮਾਈ ਰਮਾਣਾ ਅਲਬੇਲ ਸਿੰਘ (ਰਿਆਸਤ ਫਰੀਦਕੋਟ) ਦੇ ਸਿਧੂਆਂ ਦੀ ਧੀ ਸੀ।

21: ਅੰਗਜਾਰੀ

ਸਿਆਣੇ ਦੱਸਦੇ ਹੁੰਦੇ ਸਨ ਕਿ ਜਦੋਂ ਮਾਈ ਸਿਧਵ ਦ ਘਰ ਉਮੇਦਵਾਰੀ ਹੋਈ ਤਾਂ ਬਾਬਾ ਵਿਰਕ ਚਲਾਣੇ ਕਰ ਗਿਆ ਉਸ ਦੇ ਰਿਵਾਜ ਅਨੁਸਾਰ, ਮਾਈ ਸਿਧਵ ਵੀ ਆਪਣੇ ਪਤੀ ਦੇ ਨਾਲ ਸਤੀ ਹੋਣ ਵਾਸਤੇ ਤਿਆਰ ਹੋ ਗਈ। ਜਦੋਂ ਚਿਤਾ ਤਿਆਰ ਹੋ ਗਈ ਤੇ ਸਿਧਵ ਚਿਤਾ ਵਿਚ ਬੈਠਣ ਲੱਗੀ ਨੂੰ ਮੀਰ ਲਖਮਣ (ਭਾਟ) ਨੇ ਆਖਿਆ "ਜਜਮਾਨਣੀ ਮੇਰਾ ਜਜਮਾਨ ਤੇਰੀ ਕੁੱਖ ਵਿਚ ਹੈ" ਮਾਈ ਸਿਧਵ ਨੇ ਦਿਤਾ "ਚਿਤਾ ਦੇ ਸਜੇ ਹਥ ਖਲੋਂਵੀਂ ਤੇਰਾ ਜਜਮਾਨ ਤੈਨੂੰ ਦੇ ਕੇ ਜਾਂਵਾਗੀ" ਚੁੰਨਾਚਿ ਪੰਜੇ ਲਾਗੀ[a] ਚਿਤਾ ਦਾ ਸਿਰਹਾਨਾ ਛਡ ਬਾਕੀ ਤਿੰਨ ਝੋਲੀਆਂ ਕਰਕੇ (ਤਾੜੀ ਲਾ ਕੇ) ਧਿਆਨ ਚਿਤਾ ਵਲ ਲਾਕੇ ਖਲੋ ਗਏ। ਜਦੋਂ ਚਿਤਾ ਨੂੰ ਲੰਬੂ ਗਾ ਤਾਂ ਚਿਤਾ ਲੋਂ ਵਿਚੋਂ ਬੱਚਾ ਮੀਰ ਲਖਮਣ ਦੀ ਵਿਚ ਆ ਪਿਆ। ਜਿਸਨੂੰ ਬਾਬੇ ਵਿਰਕ ਦੇ ਪਹਿਲੇ ਪੁੱਤਰਾਂ ਨੇ ਪਰਤਾ ਕੇ ਅੱਗ ਵਿਚ ਸੁਟਣਾ ਚਾਹਿਆ ਪਰ ਮੀਰ ਨੇ ਆਖਿਆ "ਨਹੀਂ ਇਹ ਜਜਮਾਨ ਹੈ" ਅਤੇ ਨਾਮ ਅੰਗਜਾਰੀ ਰੱਖਿਆ।

ਉਥੋਂ ਲਿਆਕੇ, ਮੀਰ ਲਖਮਣ ਨੇ ਪ੍ਰੋਹਤ ਬਟੂਰੇ ਦੀ ਘਰ ਵਾਲੀ ਨੂੰ ਪਾਲਨਾ ਕਰਨ ਵਾਸਤੇ ਦਿਤਾ। ਕੁਛ ਦਿਨਾਂ ਪਿਛੋਂ ਬਾਬੇ ਦੇ ਵੱਡੇ ਪੁੱਤਰਾਂ ਕੁਲ ਪ੍ਰੋਹਤ ਬਟੂਰੇ ਨੂੰ ਲਾਲਚ ਦੇ ਕੇ ਆਖਿਆ ਤੂੰ ਅੰਗਜਾਰੀ ਨੂੰ ਜਹਿਰ ਦੇ ਕੇ ਮਰਵਾ ਦੇ। ਉਸ ਨੇ ਮਿਸਰਾਣੀ ਦੇ ਥਣਾਂ ਤੇ ਜ਼ਹਿਰ ਦਿਤਾ। ਕਰਨਾ ਕਰਤਾਰ ਦਾ ਬਾਲਕ ਅੰਗਜਾਰੀ ਨੇ ਥਣਾਂ ਨੂੰ ਮੂੰਹ ਨਾ ਲਾਇਆ ਤੇ ਅਗਲੇ ਭਲਕ ਮਿਸਰਾਣੀ ਮਰ ਗਈ। ਬਟੂਰਾ ਪ੍ਰੋਹਤ ਅੰਗਜਾਰੀ ਨੂੰ ਬਾਹਰ ਝਾੜੀਆਂ ਵਿਚ, ਸੁੱਟ ਆਇਆ। ਮੀਰ ਲਖਮਣ ਸਵੇਰੇ ਤੇ ਸ਼ਾਮ ਦੋ ਵਾਰੀ। ਆਪਣੇ ਜਜਮਾਨ ਬਾਲਕ ਨੂੰ ਰੋਜ਼ ਵੇਖਣ ਆਇਆ ਕਰਦਾ ਸੀ। ਮੀਰ ਲਖਮਣ ਸਵੇਰੇ ਧੰਮੀ ਵੇਲੇ ਆਇਆ ਤਾਂ ਮਿਸ਼ਰ ਬਟੂਰੇ ਦੇ ਘਰ ਢਾਹੋਂ ਵੰਜਰ ਪਿਆ ਹੋਇਆ ਸੀ। ਮੀਰ ਨੇ ਭਗਤੇ ਨੂੰ ਪੁੱਛਿਆ ਆਖਿਆ ਮੇਰਾ ਤਾਂ ਖਾਨਾ ਖਰਾਬ ਹੋ ਗਿਆ ਹੈ ਮੈਨੂੰ ਕੋਈ ਪਤਾ ਨਹੀਂ ਤੇਰਾ ਜਜਮਾਨ ਕਿੱਥੇ ਹੈ।

(b) ਕਈ ਸੱਜਣ ਇਸ ਗੱਲ ਤੇ ਕਿੰਤੂ ਕਰਦੇ ਹਨ. ਕਿ ਚਿਤਾ ਵਿਚੋਂ ਬਾਲਕ ਬਾਹਰ ਕਿਵੇਂ ਆ ਗਿਆ। ਸਤੀ ਸੁਆਣੀ ਵਿੱਚ ਪਵਿਤਰਤਾ ਭਾਵ ਦੀ ਅਧਿਕਤਾ ਆ ਜਾਂਦੀ ਹੈ-ਹੋ ਸਕਦਾ ਹੈ ਕਿ ਅੱਗ ਲੱਗਣ ਦੇ ਅਤੇ ਉਸ ਦੇ ਜ਼ੋਰ ਫੜਨ ਤੋਂ ਪਹਿਲਾਂ ਮਾਈ ਸਿਧਵ ਨੇ ਜਾਂ ਤਾਂ ਕੁਦਰਤੀ (ਸੁਭਾਵਕ ਹੀ) ਬੱਚੇ ਨੂੰ ਜਨਮ ਦਿੱਤਾ, ਜਾਂ ਆਪਣਾ ਸੀਜ਼ੇਰੀਅਨ ਉਪਰੇਸ਼ਨ (caesarian operation) ਕਰ ਕੇ ਸ਼ਿਸ਼ੂ ਨੂੰ ਉਡੀਕਵਾਨ ਮੀਰ ਲਖਮਣ ਦੀ ਝੋਲੀ ਵਿਚ ਸੁੱਟ ਦਿਤਾ ਹੋਵੇ-

ਗਿਆਤ ਰਹਿ ਕਿ ਕਾਰੀ ਵਿਹਾਰੀ ਸੁਆਣੀਆਂ ਕਈ ਵਾਰੀ ਆਪੇ ਹੀ ਬੱਚੇ ਦਾ ਜਣੇਪਾ ਸੰਭਾਲ ਲੈਂਦੀਆਂ ਹਨ। ਖੇਤਾਂ ਵਿਚ ਹੀ ਬੱਚਾ ਜੰਮ ਕੇ ਘਰ ਜਾਂਦੀਆਂ ਹਨ।

ਕਈ ਸੱਜਣ ਸ਼ੰਕਾ ਪ੍ਰਗਟ ਕਰਦੇ ਹਨ ਕਿ ਬੱਚੇ ਦਾ ਇਸ ਤਰਾਂ ਸਿਵੇ (ਚਿਤਾ) ਵਿਚੋਂ ਬਾਹਰ ਆਉਣਾ ਅਣਹੋਣੀ ਗੱਲ ਹੈ। ਭਟੀਆਂ ਦਾ ਇਕ ਵੱਡਕਾ ਵੀ ਸਿਵੇ ਵਿਚੋਂ ਬਾਹਰ ਆਇਆ ਸੀ ਜਿਸ ਕਰ ਕੇ ਉਹਨਾ ਨੂੰ ਸਿਵੀਏ ਸੱਦਿਆ ਜਾਂਦਾ ਹੈ।

(a) ਪੰਜ ਲਾਗੀ :-

i) ਭਾਟ, ਕਲੱਟ ਦਾ ਪੁਤਰ ਮੀਰ ਲਖਮਣ-ਦੱਸਦੇ ਨੇ ਇਹ 250 ਸਾਲ ਆਯੂ ਭੋਗ ਕੇ ਪੂਰਾ ਹੋਇਆ।
ii) ਕੁਲ ਪਰੋਹਤ, ਬਟੂਰ, ਬ੍ਰਾਹਮਣ
iii) ਬਰੇਸਟਾ ਨਾਮੇ ਨਾਈ
iv) ਸਉਰੀਆਂ ਨਾਮੇ ਜੁਲਾਹਾ
v) ਕਿਦਾਰ

21) ਅੰਗਜਾਰੀ : ਵਾਰਤਾ ਜਬਾਨੀ ਗੰਡਾ ਸਿੰਘ ਪੁਤ੍ਰ ਜਵਾਹਰ ਸਿੰਘ ਬਦੋਰੱਤੀਆ ਹੁਣ ਵਾਸੀ ਪਿੰਡ ਤੇ ਡਾਕਖਾਨਾ ਬਕਲ ਜਿਲਾ ਕੁਰੁਕਸ਼ੇਤਰ (ਗਿਆਨੀ ਜੀ 15-4-79)

ਲਾਗੀਆਂ ਦੀ ਚਿਤਾ ਉਦਾਲੇ ਖਲੋਣ ਦੀ ਵਿਉਂਤ :

i) ਸੱਜੇ ਪਾਸੇ ਪਹਿਲਾਂ ਭਟੂਰਾ ਬ੍ਰਾਹਮਣ, ii) ਬਰੇਸਟਾ ਨਾਈ, iii) ਪੈਰਾਂ ਵੱਲ ਕਿਦਾਰ, iv) ਸ਼ਉਰੀਆ ਜੁਲਾਹਾ ਖੱਬੇ ਪਾਸੇ, v) ਅੱਗੇ ਮੀਰ ਲਖਮਣ ਭਟੂਰੇ ਪ੍ਰੋਹਤ ਦੇ ਸਾਹਮਣੇ,

ਮੀਰ ਲਖਮਣ ਨੂੰ ਫ਼ਿਕਰ ਪਿਆ । ਉਸ ਨੂੰ ਸ਼ਰਯੇ ਜੁਲਾਹੇ ਨੇ[1] ਦੱਸਿਆ ਮਿਸ਼ਰ ਸਵੇਰੇ ਸਵੇਰੇ ਮੂੰਹ ਹਨੇਰੇ ਕੁਝ ਚੁੱਕੀ ਝਾੜੀਆਂ ਵੱਲ ਕਾਹਲੀ[2] ਜਾਂਦਾ ਮੈਂ ਡਿੱਠਾ ਸੀ' । ਦੋਵੇਂ ਰਲ ਕੇ ਉਧਰ ਗਏ ਤਾਂ ਬਾਲਕ ਅੰਗਯਾਰੀ ਆਪਣਾ ਅੰਗੂਠਾ ਮੂੰਹ ਵਿਚ ਪਾਈਂ ਪੱਤੜਿਆਂ ਵਿੱਚ ਵਲ੍ਹੇਟਿਆ ਪਿਆ ਲੱਭਾ[1] ਫੇਰ ਲਿਆ ਕੇ ਸੋਰਯੇ ਜਲਾਹੇ ਦੀ ਘਰ ਵਾਲੀ ਨੂੰ ਪਾਲਣ ਵਾਸਤੇ ਦਿਤਾ-ਤਦ

ਪਿਛੋਂ ਇਸ ਵਰਤਾਰੇ ਨੂੰ ਭਾਟਾਂ ਨੇ ਆਪਣੀ ਬੋਲੀ ਵਿਚ "ਹੇਲੀ" ਕਰਕੇ ਇਉਂ ਅਗਿਆ :-

ਓਪਤ ਰਾਜੇ ਮਨਹਾਸ[3] ਕਟਾ ਦੇ ਸਰਦਾਰ"
ਓਧਰ ਸੈਨ, ਤੇ ਵਿਰਕ,[2] ਵਰਨ,[3] ਧਰੰਗੜ,[3] ਤਿੰਨੇ ਭਰਾ ਸਰਦਾਰ
ਮਹਿੰਦਰ, ਗੰਗਾ ਪਾਣੀ ਕੌਣ ਲੰਘੇਗਾ ਪਾਰ"
ਸਿਮਰੇ ਭਗੀਰਥ,[2] ਕਾਲਾ ਮਹਿਰ ਦਾਤਾਰ"
ਪੈਂਤੜੀਆ[4] ਛਕਾਈਆਂ ਜਸ ਗੁਰੂ ਮਨਹਾਸ ਗਾਈਏ"
ਮਾਲਦੇਵ[3] ਅੱਕ[3]ਆਣ ਰਲ ਮੰਗਲ ਗਾਇਦੇ
ਘੋੜਿਆਂ ਦੇ, ਦੇਂਦੇ ਪਾਖਰ,[5] ਮਰਦਾਂ ਨੂੰ ਕੰਗਣ"
ਜਮੂੰ ਹੈ ਸੁਆਰਿਆ, ਲੱਖ ਹੋਣ ਅਡੰਬਰ"
ਜਮੂੰ ਦੇ ਲੱਖ ਸੱਜੇ ਲੱਖ ਖਬੇ. ਜਿੱਥੇ ਦੀਵਾ ਰਾਏ ਦਾ ਉਥੇ ਕਰਨ ਨਿਵਾਸ
ਪੈਂਤੜੀਆਂ[4] ਛਕਾਈਆਂ ਜਗ ਗੁਰੂ ਮਨਹਾਸ"
ਚਨੰਣ[5] ਦੀ ਚਿਖਾ ਸਵਾਰੀ ਉਤੇ ਪਾਈ ਫੁਲਕਾਰੀ"
ਦਿਤਾ ਲੰਬੂ ਤਾੜੀ, ਤੋਲੀ ਘਤ ਲਿਆ ਅੰਗਯਾਰੀ"

---

i) **ਸ਼ੋਰਯਾ ਜੁਲਾਹਾ :** ਮੀਰ ਮੌਜ ਦਰਯਾ (ਵਰਣਾ ਦੇ ਮਿਰਾਸੀ) ਦਾ ਕਥਨ ਹੈ ਕਿ ਸੋਰਯਾ ਸੀ ਤਾਂ ਰਾਜਪੂਤ, ਮਗਰ ਕੰਮ ਕਪੜਾ ਉਣਨ ਦਾ ਕਰਨ ਕਰਕੇ ਜੁਲਾਹਾ ਸੱਦਿਆ ਜਾਂਦਾ ਸੀ' ਜਿਵੇਂ ਕਿ ਰਾਜਪੂਤਾਂ ਵਿਚੋਂ ਜਿਹੜਾ ਹੱਲ ਵਾਹੀ ਕਰ ਲਵੇ ਉਸ ਨੂੰ ਸਾਰੇ ਜੱਟ ਸੱਦਦੇ ਸਨ ।

ii) ਟਰਾਈਬਜ਼ ਐਂਡ ਕਾਸਟਸ ਦਾ ਕਰਤਾ ਲਿਖਦਾ ਹੈ :-

"ਮਾਹਲ ਪੁਰ ਜ਼ਿਲਾ ਹੁਸ਼ਿਆਰਪੁਰ ਦੇ ਮਨਹਾਸ ਮੁਸਲਮਾਨ ਹਨ ਉਹਨਾਂ ਕਪੜਾ ਉਣਨ ਦਾ ਕਸਬ ਸ਼ੁਰੂ ਕੀਤਾ ਜਿਸ ਤੋਂ ਉਹਨਾਂ ਨੂੰ ਹੁਣ ਸ਼ੇਖ ਕਰਕੇ ਸੱਦਿਆ ਜਾਂਦਾ ਹੈ (ਪੰਨਾ-68 ਚਾਲੂ ਪੈਰਾ)

iii) ਗਿਆਨੀ ਜੀ ਦੇ ਨਗਰ, ਕੜਯਾਲ ਬਾਗਾਂ ਵਾਲਾ ਚੱਕ ਨੰ: 19 ਜ਼ਿਲਾ ਸ਼ੇਖੂਪੁਰਾ (ਪੱਛਮੀ ਪੰਜਾਬ) ਦੇ ਜੁਲਾਹੇ ਜੰਜੂਹੇ ਰਾਜਪੂਤ ਦੱਸੇ ਜਾਂਦੇ ਹਨ । ਅਕਸਰ ਚਾਘੜ ਹੱਥੋਂ, ਕਈ ਭੋਲੇ ਤੇ ਅੰਞਾਣ ਵਿਰਕਾਂ ਨੂੰ ਟਿਚਕਰ ਕਰਦੇ ਹੋਏ ਕਹਿਆ ਕਰਦੇ ਹਨ "ਵਿਰਕ ਤੰ ਜੁਲਾਹੇ ਹੁੰਦੇ ਨੇ । ਇਹਨਾਂ ਦੇ ਵਡਿਕਾ ਨੂੰ ਜੁਲਾਹੀ ਦੇ ਦੁਧ ਤੇ ਪਾਲਿਆ ਸੀ ."

ਵਿਚਾਰਵਾਨਾਂ ਅਤੇ ਇਤਿਹਾਸ ਪ੍ਰੇਮੀਆਂ ਨੂੰ ਪਤਾ ਹੈ ਕਿ ਵੱਡੇ ਘਰਾਣਿਆਂ ਦੇ ਨਵਜਾਤ ਸ਼ਿਸ਼ੂ ਨੂੰ ਅਕਸਰ ਕਿਸੇ ਓਪਰੀ ਸਵਾਣੀ ਦੇ ਦੁਧ ਤੇ ਹੀ ਪਾਲਿਆ ਜਾਂਦਾ ਸੀ । ਮਿਸਾਲ ਦੇ ਤੌਰ ਤੇ :-

(ੳ) ਅਕਬਰ, ਆਪਣੀ ਮਾਂ ਦੀ ਬਜਾਏ "ਮਾਹਮ" ਨਾਮੀ ਗੋਲੀ ਦੇ ਦੁਧ ਤੇ ਪਲਿਆ । ਉਸੇ ਮਾਹਮ ਦੇ ਲੜਕੇ ਨੂੰ ਅਕਬਰ "ਅਤਿਕਾ ਭਾਈ" ਕਹਿ ਕੇ ਪੁਕਾਰਿਆ ਕਰਦਾ ਸੀ (ਸੋ: ਮੁਹੰਮਦ ਹੁਸੈਨ ਆਜ਼ਾਦ ਕ੍ਰਿਤ 'ਦਰਬਾਰ ਅਕਬਰ

(ਅ) ਮਾਰਵਾੜ, ਰਾਜਸਥਾਨ ਦੇ ਸ਼ਹਿਜਾਦਿਆਂ ਨੂੰ ਅਮੂਮਨ ਗੁਜਰੀਆਂ (ਗੁਜਰ ਔਰਤਾਂ) ਦਾ ਦੁੱਧ ਚੁੰਘਾਇਆ ਜਾਂਦਾ ਸੀ : ਤੇ ਸ਼ਹਿਜਾਦੇ ਉਸੇ ਗੁਜਰੀ ਦੇ ਹਾਣੀ ਬੱਚੇ ਨੂੰ "ਦਾਹਾ ਭਾਈ" ਕਰਕੇ ਸਨਮਾਨਿਆ ਕਰਦੇ ਸਨ"

(ੲ) ਦਸਮੇਸ਼ ਦੇ ਦੂਜੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਨੇ ਬੀਰ ਮਾਤਾ ਭਾਗ ਕੌਰ (ਮਾਈ ਭਾਗੋ) ਝਬਾਲ ਵਾਸੀ ਦਾ ਦੁੱਧ ਚੁੰਘਿਆ (ਵੇਖੋ ਗਿਆਨ ਸਿੰਘ ਗਿਆਨੀ ਕ੍ਰਿਤ ਤ੍ਵਾਰੀਖ ਗੁਰੂ ਖਾਲਸਾ ਪੰਨਾ 1027)

2- ਜਦੋਂ ਕਿਸੇ ਵਿਰਕ ਦੇ ਘਰ ਲੜਕਾ ਪੈਦਾ ਹੁੰਦਾ ਤਾਂ

(ਹੇਲੀ ਨਕਲ ਦਫਤਰ ਬਰਕਵਤ ਮਿਰਾਸੀ ਚੱਕ ਜੈਦ ਨੰ: 16- ਜ਼ਿਲਾ ਸ਼ੇਖੂ ਪੁਰਾ ਪਾਕਿਸਤਾਨ)

ਸੁਵਾਣੀ ਦੇ ਚੌਂਕੇ ਚੜ੍ਹਨ ਪਿਛੋਂ ਮਿਰਾਸੀ ਆਪਣੇ ਜਜਮਾਨ ਦੇ ਘਰ ਜਾ ਕੇ ਇਹ "ਹੇਲੀ" ਪੜ੍ਹਦਾ ਤੇ ਆਪਣਾਂ ਜੱਦੀ ਪੁਸ਼ਤੀ ਲਾਗ ਉਗਰਾਉਂਦਾ

3. ਇਹ ਕੁਝ ਨਾਮ ਬਾਬੇ ਮਨਹਾਸ ਤੋਂ ਲੜ੍ਹ ਕੇ ਅੰਗਯਾਰੀ ਤੱਕ ਦੀ ਬਸਾਵਲੀ ਵਿਚੋਂ ਹਨ : ਦੋ ਨਾਮ ਮਹਿੰਦਰ ਤੇ ਭਗੀਰਥ ਪਿਛੋਂ ਦੇ ਹਨ.
4. (ਡਿੰਗਲ) ਭਾਸ਼ਾ ਪੁਖਤੜੀਆਂ ਅਰਥਾਤ ਪੱਕਾ ਭੋਜਨ ਦਾ ਪ੍ਰੀਵਰਤਿਤ ਰੂਪ.
5. ਇਥੇ ਵਿਰਕ ਦੇ ਚਲਾਣੇ, ਸਸਕਾਰ ਅਤੇ ਅੰਗਯਾਰੀ ਦੀ ਉਤਪਤੀ ਦਾਂ ਹਾਲ ਹੈ.

ਵੇਖੋ ਮੀਰ ਪ੍ਰਭੂ[6] ਦੀ ਕਾਰ, ਦਯਰਥਾ[7] ਤੇ ਨਰੈਣਾ[8] ਧਾਣੇ"
ਗਿਦ[9] (ਜਾਨ) ਗਦੋਰੀ[10] ਲਈ ਅੰਞਾਣੇ "
ਪਹਿਲੋਂ ਸਿਮਰੋ[11] ਸ਼ੋਰੀਆ ਤੇ ਮੀਰ ਲਖਮਣ ਵੱਤ
ਜਿਸ ਨੇ ਦੇ ਕੇ ਰੱਖਿਆ ਜਜਮਾਨ ਹੇਠ ਫੜ੍ਹੀ ਦੇ ਹੱਥ"

ਅੰਗਯਾਰੀਰਬ ਆਸਰੇ ਪਲਦਾ ਰਿਹਾ। ਸ਼ਰੀਕਾਂ ਦੇ ਡਰ ਦਾ ਮਾਰਿਆ ਮੀਰ ਲਖਮਣ, ਅੰਗਯਾਰੀ ਨੂੰ ਹਮੇਸ਼ਾਂ ਨਜ਼ਰ ਥੱਲੇ ਰੱਖਦਾ ਤੇ ਵਿਸਾਹ ਨਾ ਕਰਦਾ"। ਸਮਾਂ ਪਾ ਕੇ ਅੰਗਯਾਰੀ ਪੱਦਰ ਹੋ ਪਿਆ ਤੇ ਮੀਰ ਲਖਮਣ ਨੂੰ ਵੀ ਤਸੱਲੀ ਹੋ ਗਈ। ਇਕ ਦਿਨ ਮੀਰ ਲਖਮਣ ਕਿਧਰੇ ਦੂਰ ਨੇੜੇ ਗਏ ਪਿਛੋਂ ਸ਼ਰੀਕਾਂ ਦਾ ਦਾਓ ਫੱਬ ਗਿਆ ਤੇ ਉਹਨਾਂ ਫੜ ਕੇ ਗਲ ਘੁਟ, ਅਰੂੜੀ ਵਿੱਚ ਦੱਬ ਦਿਤਾ ਤੇ ਨਿਸਚਿੰਤ ਹੋ ਗਏ"

ਮੀਰ ਲਖਮਣ ਪਰਤਿਆ ਤਾਂ ਉਸ ਅੰਗਯਾਰੀ ਨੂੰ ਨਾ ਵੇਖ ਪੁੱਛ ਭਾਲ ਕੀਤੀ। ਸ਼ਰੀਕਾਂ ਆਖਿਆ ਏਥੇ ਕਿਧਰੇ ਹੀ ਹੋਵੇਗਾ, ਕਰਨਾ ਕਰਤਾਰ ਦਾ, ਮੀਰ ਲਖਮਣ ਨੇ ਤਾਜ਼ੀ ਪੁਟੀ ਅਰੂੜੀ ਵੇਖੀ ਤੇ ਝੱਟ-ਪੱਟ ਉਸ ਉਤੋਂ ਅਰੂੜੀ ਹਟਾਈ ਤੇ ਹੇਠੋਂ ਆਪਣੇ ਜਜਮਾਨ ਨੂੰ ਪੁੱਟ ਕੱਢਿਆ-ਜਾਂ ਗਹੁ ਨਾਲ ਡਿਠਾ ਤਾਂ ਮੱਠਾ-ਮੱਠਾ ਸੁਆਸ ਚਲਦਾ ਸੀ।[12] ਮੀਰ ਨੇ ਉਹੜ ਤੁਹੜ ਕੀਤਾ, ਅੰਗਯਾਰੀ ਬਚ ਗਿਆ· (ਮੀਰ) ਲਖਮਣ ਨੂੰ ਨਿਸ਼ਚਾ ਹੋ ਗਿਆ ਕਿ ਅੰਗਯਾਰੀ ਦਾ ਸ਼ਰੀਕਾ ਇਸ ਨੂੰ ਜੀਣ ਨਹੀਂ ਦੇਵੇਗਾ। ਸੋਚ ਵਿਚਾਰ ਪਿਛੋਂ ਉਹ ਅੰਗਯਾਰੀ ਨੂੰ ਉਸ ਦੇ ਨਾਨੇ ਕੋਲ ਰਮਾਣਾ ਅਲਬੇਲ ਸਿੰਘ ਛੱਡ ਆਇਆ ਕਿ ਵੱਡਾ ਹੋਵੇਗਾ ਤਾਂ ਲੈ ਜਾਵਾਗਾ।

ਦਿਨ ਲੰਘਦੇ ਗਏ, ਜਦੋਂ ਅੰਗਯਾਰੀ ਗਭਰਾਟਾ ਹੋ ਗਿਆ ਤਾਂ ਮੀਰ ਲਖਮਣ ਰਮਾਣੇ ਅਲਬੇਲ ਸਿੰਘ ਜਾ ਪੁੱਜਾ। ਅਗੇ ਅੰਗਯਾਰੀ ਦਾ ਮਾਮਾ ਦਰਬਾਰ ਕਰ ਰਿਹਾ ਸੀ ਤੇ ਅੰਗਯਾਰੀ ਵੀ ਉਥੇ ਬੈਠਾ ਸੀ। ਆਪਣੇ ਪ੍ਰਾਣ ਰਖਿਅਕ ਅੰਗਪਾਲ ਭੱਟ ਨੂੰ ਵੇਖ, ਬਿਨਾਂ ਮਾਮੇ ਤੋਂ ਆਗਿਆ ਲਿਆ ਕਾਹਲੀ ਨਾਲ ਉਠ ਕੇ ਅੰਗਯਾਰੀ ਮੀਰ ਲਖਮਣ ਨੂੰ ਆ ਮਿਲਿਆ-ਸਿੱਧੂ ਸਰਦਾਰ ਅੰਗਯਾਰੀ ਦਾ ਬਗੈਰ ਆਗਿਆ ਉਠ ਕੇ ਆਉਣ ਦੀ ਅਵੱਗਿਆ ਸਹਿਨ ਨਾ ਕਰ ਸਕਿਆ-ਉਸ ਨੇ ਆਪਣੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਅੰਗਯਾਰੀ ਨੂੰ ਕਾਠ 'ਮਾਰ ਦਿਤਾ ਜਾਵੇ।

ਮੀਰ ਲਖਮਣ ਨੂੰ ਬੜਾ ਦੁੱਖ ਹੋਇਆਂ ਅਗਲੇ ਭਲਕ ਜਦੋਂ ਸਿੱਧੂ ਸਰਦਾਰ ਦਾ ਦਰਬਾਰ ਲੱਗਾ ਤਾਂ ਮੀਰ ਲਖਮਣ ਫਰਿਯਾਦੀ ਹੋਇਆ ਜਦ ਉਸ ਦੀ ਵਾਰੀ ਆਈ ਤਾਂ ਉਸ ਨੇ ਸਾਰੀ ਹਕੀਕਤ ਜੋ ਅੰਗਯਾਰੀ ਸਿਰ ਬੀਤੀ ਸੀ ਸੁਣਾਈ" ਅਤੇ ਅੰਗਯਾਰੀ ਨੂੰ ਕੱਚੀ ਬੁਧ ਆਖ ਕੇ ਖਿਮਾਂ ਦੀ ਯਾਚਨਾਂ ਕੀਤੀ। ਸੰਪੂਰਨ ਵਿਥਿਆ ਸੁਣ ਕੇ ਸਿੱਧੂ ਸਰਦਾਰ ਦਾ ਚਿਤ ਦਰੱਵ ਗਿਆ ਤੇ ਅੰਗਯਾਰੀ ਨੂੰ ਖਿਮਾਂ ਕਰ ਦਿੱਤਾ।

ਜਦੋਂ ਮੀਰ ਲਖਮਣ ਤੇ ਬਾਬਾ ਅੰਗਯਾਰੀ ਘਰ ਪਰਤਣ ਲੱਗੇ ਤਾਂ ਦੋਵੇਂ, ਸਿੱਧੂ ਸਰਦਾਰ ਨੂੰ ਨਮਸਕਾਰ ਕਰਨ ਅਤੇ ਆਗਿਆ ਮੰਗਣ ਗਏ। ਤਦ ਸਿੱਧੂ ਸਰਦਾਰ ਨੇ ਆਂਪਣੇ ਭੁਣੇਵੇਂ ਨੂੰ ਕਾਫੀ ਮਾਲ ਧਨ ਦੇਣ ਦੇ ਇਲਾਵਾ ਆਪਣੀ ਸੈਨਾ ਵੀ ਨਾਲ ਦਿੱਤੀ। ਤੇ ਉਹ ਘਰ ਨੂੰ ਚਲਾ ਗਿਆ।

ਮੀਰ ਲਖਮਣ, ਨੇ ਸਮੇਤ ਅੰਗਯਾਰੀ ਦੇ ਅਛੋਪਲੇ ਹੀ ਆ ਕੇ ਉਸਦੇ ਸ਼ਰੀਕਾਂ ਨੂੰ ਘੇਰੇ ਵਿੱਚ ਲੈ ਲਿਆ। ਜਦੋਂ ਉਹਨਾ ਮਾਲਵੇ ਦੇ ਕੱਦੋਂੜ ਸਿੱਧੂ ਸੈਨਿਕ ਵੇਖੇ ਤਾਂ ਖਾਨਿਉਂ ਗਈ। ਓੜਕ ਕੋਈ ਚਾਰਾ ਨਾ ਚਲਦਾ ਵੇਖ ਹਥ ਜੋੜ ਕੇ ਆਖਣ ਲੱਗੇ "ਲੈ ਭਾਈ ਤੂੰ ਆਪਣਾ ਰਾਜ ਭਾਗ ਸਾਂਭ, ਸਾਡੀ ਜਾਨ ਬਖਸ਼, ਅਸੀਂ ਹੱਟੀ ਪੱਟੀ ਮਿਹਨਤ ਕਰ ਖਾਵਾਂਗੇ"

ਬਾਬੇ ਅੰਗਯਾਰੀ ਆਖਿਯਾ, ਆਪਣਾ ਮਾਲ ਅਸਬਾਬ ਲੈ ਕੇ ਘੁਚਲੀ ਖਾਲੀ ਕਰਕੇ, ਮੇਰੇ ਇਲਾਕੇ ਵਿਚੋਂ ਬਾਹਰ ਹੋ ਜਾਂਵੋ। ਉਹਨਾਂ ਪੰਜਾਂ ਭਰਾਵਾਂ ਵਿਚੋਂ

i) ਧਾਰੀ ਨੇ ਦੁਕਾਨਦਾਰੀ ਸ਼ੁਰੂ ਕੀਤੀ। ਉਸ ਦਾਂ ਅੰਸ਼ ਤੁਲੀ ਖਤ੍ਰੀ ਦੱਸੀਦੇ ਹਨ·
ii) ਭਾਰੀ ਨੇ ਸੁਨਿਆਰਿਆਂ ਦਾ ਕੰਮ ਅਰੰਭਿਆ, ਉਸ ਦੀ ਅੰਸ ਸੁਨਿਆਰੇ ਹਨ·
iii) ਜੁਗਾਨੰਦ ਨਿਰਸੰਤਾਨ ਗਿਆ·
iv) ਆਸਕਰਨ ਤੇ
v) ਹੋਡ ਦੀ ਅੰਸ ਕਿਧਰੇ ਡੂਗਰ ਵਿੱਚ ਰਹਿੰਦੀ ਹੈ-ਖੋਜ ਨਹੀਂ ਹੋ ਸਕੀ·

ਜਿਥੇ ਬਾਬੇ ਵਿਰਕ ਦਾ ਸਸਕਾਰ ਤੇ ਮਾਈ ਸਿਧਵ ਸਤੀ ਹੋਈ ਸੀ ਉਹ ਥਾਂ ਰੇਲਵੇ ਸਟੇਸ਼ਨ ਨਾਰੰਗ, (ਸ਼ਾਹਦਰਾ ਨਾਰੋਵਾਲ ਲਾਈਨ) ਦੇ ਕੋਲ, ਪਿੰਡ ਘੁਚਲੀ ਤੇ ਝੰਡੀਰ ਦੇ ਵਿਚਕਾਰ ਸੀ. ਉਥੇ ਇਕ ਸਮਾਧ ਬਣੀ ਹੋਈ ਸੀ. ਜਿਸ ਨੂੰ ਮਾਈ ਸ਼ਿਧਵ ਸਤੀ ਦੀ ਸਮਾਧ ਆਖਦੇ ਸਨ। ਇਥੇ ਗੁਰੂ

---

6. ਪ੍ਰਭੂਤਾ ਅਰਥਾਤ ਵਡਿਆਈ ਯੋਗ ! ਬਜ਼ੁਰਗ.

7 ਅਤੇ 8 ਉਨ੍ਹਾਂ ਭਾਟਾਂ ਦੇ ਨਾਮ ਹਨ. ਜੋ ਉਸ ਸਮੇਂ ਜਲਦੀ ਨਾਲ ਲਖਮਨ ਕੋਲ ਆ ਪੁਜੇ !! -9. (ਡਿੰਗਲ ਭਾਸ਼ਾ) ਸਿਰ 10. ਡਿ: ਭਾਸ਼ਾ) ਗੰਦੋਰੀ ਲੰਮਾ ਸੁਆਸ.

11. ਯਾਦ ਕਰੋ·

12. ਅਰੂੜੀ ਦੇ ਢੇਰ ਵਿੱਚ ਗਰਮੀ ਹੁੰਦੀ ਹੈ, ਦੂਸਰੇ ਫੁੱਲੀ ਹੋਈ ਹੋਣ ਕਰਕੇ ਵਿੱਚ ਹਵਾ ਵੀ ਹੁੰਦੀ ਹੈ--ਕਾਤਲਾਂ ਨੇ ਕਾਹਲੀ ਨਾਲ, ਸਾਹ ਘੁਟ ਬੇਹੋਸ਼ ਅੰਗਯਾਰੀ ਨੂੰ ਦੱਬਿਆ ਗਰਮਾਇਸ਼ ਕਾਰਨ ਸਰੀਰ 'ਸਥਲ ਨਾਂ ਹੋਇਆ ਤੇ ਹਵਾ ਮਿਲਦੀ ਰਹਿਣ ਕਰਕੇ ਪ੍ਰਾਣ ਚੱਲਦੇ ਰਹੇ" ਇਸ ਕਾਰਨ ਬਚ,ਰਿਹਾ,,

ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ਤੇ ਸੇਵਾ ਵਾਸਤੇ ਉਦਾਸੀ ਸਾਧੂ ਹੁੰਦਾਂ ਸੀ. ਇੱਥੇ ਹਰ ਸਾਲ ਮੱਘਰ ਦੀ ਸੰਲਵੀਂ ਨੂੰ ਬੜਾ ਭਾਰਾ ਮੇਲਾ ਲੱਗਦਾ ਹੁੰਦਾ ਸ਼ੀ । ਇਸ ਦੇ ਨੇੜੇ ਨੇੜੇ ਵਿਰਕ· ਦੇ ਪਿੰਡ ਚੰਡਾਲੀ, ਸ਼ੇਰਗੜ੍ਹ ਸੰਧੂਬਾਲਾ ਮੜਯਾਲਾ ਲਾਲੂ ਪੁਰ. ਕੋਟ ਹਰੀ ਚੰਦ, ਰਾਜਾ ਤੰਬੋਲੀ ਤੇ ਰਾਵੀ ਕੰਢੇ ਕੋਟਲੀ ਵਿਰਤ' ਬੜਾਂ ਵੱਡਾ ਨਗਰ ਸੀ.

ਬਾਬੇ ਅੰਗਯਾਰੀ ਦਾ ਤਹਿਤ ਬੈਠ ਗਿਆ । ਇਸ ਦਾ ਰਾਜਕਾਲ ਅਟੇ ਸਟੇ ਸੰਨ 1096 ਈ: ਬਣਦਾ ਹੈ ਇਸ ਦੇ ਘਰ ਟਿਕ ਪੁਤਰ ਹੋਇਆ ਜਿਸ ਦਾ ਨਾਮ 22. ਅੱਗਲ ਸੀ ਰਾਜ ਕਾਲ 1130 ਈ: ਹੈ । ਇਸ ਦੇ ਘਰ ਇਕ ਹੀ ਪੁੱਤ੍ਰ 23. ਬਾਲਾ ਨਾਮ ਹੋਇਆ ਰਾਜਕਾਲ 1160 ਈ: ਹੈ ਇਹ ਦਿਲੀ ਦਰਬਾਰ ਵਲੋਂ ਸਾਂਦਲ ਬਾਰ ਦਾ ਚੌਧਰੀ ਸੀ. ਇਸ ਨੇ ਘੁਚਲੀ ਤੋਂ ਉਠ ਕੇ ਜ਼ਿਲਾ ਗੁਜਰਾਂਵਾਲੇ ਵਿਚ ਆ ਕੇ ਨਵਾਂ ਪਿੰਡ ਵਸਾਇਆ. ਜੋ ਤੁਰਕਾਂ ਹਥੋਂ ਤਬਾਹ ਹੋ ਗਿਆ ।

23-ਬਾਲਾ


ਇਸ ਦਾ ਜੀਵਨਕਾਲ 1130-1180 ਈ: ਅਨੁਮਾਨਤ ਹੈ । ਇਸ ਦੇ ਸਮੇਂ ਵਿੱਚ ਸਿਆਲਕੋਟ ਦੇ ਇਲਾਕੇ ਦੇ ਸੰਧੂ ਅਤੇ ਬਾਜਵੇ ਗੋਤ ਦੇ ਜੱਟਾਂ ਨੇ ਵਿਰਕਾਂ ਨੂੰ ਘੁਚਲੀ ਵਿਚੋਂ ਉਠਾ ਦਿਤਾ । ਚੌਧਰੀ ਬਾਲਾ ਸਾਰਿਆਂ ਨੂੰ ਨਾਲ ਲੈ ਕੇ ਆਪਣੀ ਵਰਣ ਬ੍ਰਰਾਦਰੀ ਕੋਲ ਵਰਣ ਆਂ ਬੈਠਾ" ਇਹਨਾਂ ਨੂੰ ਪਤਾ ਲਗਾ ਕਿ ਸੰਧੂ ਤੇ ਬਾਜਵੇ ਸਾਨੂੰ ਇਥੋਂ ਵੀ ਉਠਾਊ ਫਿਰਦੇ ਨੇ । ਇਹਨਾਂ ਨੇ ਆਪਣੀ ਜੰਮੂ ਵਾਲੀ ਬਰਾਦਰੀ ਨੂੰ ਪਤਾ ਕਰ ਦਿਤਾਂ । ਉਹ ਵੀ ਆ ਗਏ ।

ਆਪਣੀ ਮਿਥੀ ਹੋਈ ਤਿਥ ਅਤੇ ਵਿਉਂਤ ਅਨੁਸਾਰ, ਅੱਗੇ ਦੇ ਹਿਲੇ ਹੋਏ ਸੰਧੂ ਤੇ ਬਾਜਵੇ ਵਿਰਕਾਂ ਦੇ ਗਲ ਆ ਪਏ- ਇਥੇ ਮਰਾਸ਼ੀ ਦੇ ਕਥਨ ਅਨੁਸਾਰ ਵਿਰਕ, ਵਰਣਾ ਤੇ ਜਮਵਾਲਾਂ ਨੇ ਰਲ ਕੇ ਸੰਧੂਆਂ ਤੇ ਬਾਜਵਿਆਂ ਨੂੰ ਉਹ ਮਾਰ ਮਾਰੀ ਕਿ ਸੰਧੂ ਤਾਂ ਝਹੁਤੇ ਉਦੋਂ ਦੇ ਬਾਜੀਗਰ ਹੋ ਗਏ ਤੇ ਬਾਜਵੇ ਬਚੇ ਖੁਚੇ ਸਤਰਾਹ ਵਾਲੇ ਛੰਭ ਵਿਚ ਜਾ ਲੁਕੇ, ਤੇ ਅਗੋਂ ਵਾਸਤੇ ਲੜਾਈ ਤੋਂ ਤੋਬਾ ਕਰਕੇ, ਖੇਤੀਬਾੜੀ ਵਿਚ ਪ੍ਰਵਿਰਤ ਹੋ ਗਏ । ਅਜ ਵੀ ਬਾਜਵੇ ਪ੍ਰਸਿਧ ਅਤੇ ਪ੍ਰਮਾਣਿਕ ਕਾਸਤਕਾਰ ਹਨ,

ਪਿੰਡ ਵਰਨਾਂ ਦੇ ਮਿਰਾਸੀ ਮੀਰ ਮੌਜ ਦਰਯਾ ਦੇ ਕਥਨ ਅਨੁਸਾਰ ਚੌਧਰੀ ਬਾਲੇ ਦਾ ਪਿੰਡ ਮੁਹੰਮਦ ਗੌਰੀ ਦੇ ਲਸ਼ਕਰ ਹੱਥੋਂ 1190-92 ਈ: ਵਿੱਚ ਬਰਬਾਦ ਹੋਇਆ ਜਿਸ ਦਾ ਭਗਨਾਵੇਸ਼ ਥਿਹ ਦੇ ਰੂਪ ਵਿਚ ਮੌਜੂਦਾ ਪਿੰਡ ਰਤਾਲੀ ਵਿਰਕਾਂ ਜ਼ਿਲਾ ਗੁਜ਼ਰਾਂਵਾਲੇ ਦੇ ਕੋਲ ਹੈ ਇਥੋਂ ਉਠ ਕੇ ਉਸਦੀ ਅੰਸ਼ ਨੇ ਬਾਬੇ ਬਾਲੇ ਦੇ ਨਾਮ ਤੇ ਬੱਲੋ ਕੇ ਉਕਤ ਜ਼ਿਲੇ ਵਿੱਚ ਆਬਾਦ ਕੀਤਾ ।

ਬਾਲਾ ਵਕਤ ਦੀ ਹਕੂਮਤ ਵਲੋਂ ਸਾਦਕ ਬਾਰ ਦਾ ਚੌਧਰੀ ਦੱਸਿਆ ਜਾਂਦਾ ਹੈ"। ਚੌਧਰੀ ਦੀ ਹੈਸੀਅਤ ਅੱਜ ਕੱਲ ਦੇ ਕਮਿਸ਼ਨਰ ਜਿੰਨੀ ਹੋਇਆ ਕਰਦੀ ਸੀ--ਇਹ ਸਰਕਾਰੀ ਮੁਆਮਲੇ ਦੀ ਉਗਰਾਹੀ ਅਤੇ ਰਯਤ ਨੂੰ ਧਾੜਵੀਆਂ ਤੋਂ ਬਚਾਣ ਦਾ ਜ਼ਿੰਮੇਵਾਰ ਹੋਇਆ ਕਰਦਾ ਸੀ । (ਸਮਸ਼ੀਰ ਖਾਲਸਾ ਪੰਨਾ 60)

ਚੌਧਰੀ ਬਾਲੇ ਤੋਂ ਅਗੇ ਵਿਰਕ ਗੋਤ ਦਾ ਇਉਂ ਪ੍ਰਸਾਰ ਹੋਇਆ :-



(ੳ) ਗੁਜਰਾਂ ਵਾਲਾ ਡਿ: ਗਜ਼ੇਟਯਰ 1883-4 (ਵੇਖੋ ਅੜੰਕਾ) ਦੇ ਅਨੁਸਾਰ ਵਿਰਕ ਦੇ ਚਾਰ (ਨਹੀਂ ਸਗੋਂ ਛੇ) ਪੁਤਰਾਂ ਹੋਏ' ਕਿੰਤੂ ਸੰਤਾਨ ਇਕ (ਨਹੀਂ ਸਗੋਂ ਪੰਜਾਂ ਦੇ ਘਰ ਹੋਈ ਪ੍ਰੰਤੂ ਰਾਜਪੂਤ ਬਰਾਦਰੀ ਵਿਚ ਪ੍ਰਵਾਨ ਇਕ ਦੀ ਹੋਈ' ਕੋਈ 25 ਪੁਸ਼ਤਾਂ ਹੋਈਆਂ ਵਿਰਕ ਦੇ ਪੁਤ੍ਰ (ਅੰਗਯਾਰੀ) ਦਾ ਪੋਤਰਾ (ਅੱਗਲ ਦਾ ਪੁਤ੍ਰ ਬਾਲਾ) ਇਸ ਜ਼ਿਲੇ ਵਿਚ ਆਂਬਾਦ ਹੋਇਆ ।

ਏਸ਼ ਲੇਖੇ ਚੋਂ ਬਾਲੇ ਦਾ ਜੀਵਨ ਕਾਲ 1880-(25X30) =1880--750-- 1130 ਹੋਇਆ ਬਾਬੇ ਬਾਲੇ ਤੋਂ ਅੱਗੇ ਪੀੜ੍ਹੀ 30 ਸਾਲ ਦੀ ਸ਼ੁਮਾਰ ਕਰਨ ਨਾਲ ਸੰਨ ਸੰਮਤ ਠੀਕ ਬੈਠਦਾ ਹੈ--ਇੱਥੇ ਤੋਂ ਚੋ: ਬਾਲੇ ਦਾ ਕਾਲ 1100 ਸ਼ਮਾਰ ਕੀਤਾ ਜਾਵੇਗਾ (26ਵੀਂ ਪੀੜ੍ਹੀ.

ਬਾਬੇ ਬਾਲੇ ਦੇ ਤਿੰਨੇ ਪੁੱਤਰ ਜਾਉ, ਜੋਪਰ ਤੇ ਬਛਰਾ, ਵਿਰਕਾਂ ਦੇ ਤਿੰਨ ਥੰਮ ਅਤੇ ਅਗੋਂ ਉਹਨਾਂ ਦੇ 13 ਪੁੱਤਰ ਤੇਰਾਂ ਮੂੰਹੀਆਂ ਕਰ ਕੇ ਸੱਦੇ ਜਾਂਦੇ ਹਨ। ਭਾਈ ਜੀਪਨ ਸਿੰਘ ਅਨੁਸਾਰ ਅਗੇਂ ਇਹਨਾਂ ਦੀ ਸੰਤਾਨ ਦੇ ਪਿੰਡਾਂ ਦਾ ਵੇਰਵਾ ਇਉਂ ਹੈ :-

ਕ-i ਮੁਕਟ ਦੇ ਪਿੰਡ ਚੂਹੜ ਕਾਣ । ਝਬਰ ਤੇ ਸੰਬੰਧਤ ਆਬਾਦੀਆਂ

-ii	ਮਲੀਨ	ਬਾਰਾ ਮਲੀਆਂ
-iii	ਮਹਾਂਦੇਵ	ਬਾਰਾ ਮੁਰਾਦੇ
-iv	ਮਹੇ	(ਪਿੰਡ ਮਹੇ ਮੁਰੀਦਕੇ ਤੋਂ 6 ਮੀਲ ਪੂਰਬ ਵਲ)
-v	ਸੱਦੇ	ਮੰਡੀ ਤੇ ਮਹਾਂਦੇਵ
ਖ-vi	ਨੰਦਪਾਲ	ਮੰਗੋ ਕੇ, ਬੱਲੋ ਕੇ,"
vii	ਚੰਦਪਾਲ	ਮਾੜੀ ਠਾਕਰਾਂ ਸਾਧੋ ਕੇ, ਲੂੰਬੜਾ
viii	ਮਹੀਪਾਲ ਦੇ ਪੁਤਰ ਰਾਮ ਦਾ ਜਮਸ, ਅਤੇ 'ਸ਼ਾਮ ਦਾ ਪਿੰਡ ਦੱਡ'	
xi	ਵੰਝਲ	ਜੰਡਾਲਾ ਮੱਝੂ ਚੱਕ'
x	ਭੁਡੂ	ਭੁਡੂ, ਬਤਾਲਾ ਸ਼ਰਮ ਸਿੰਘ"
ix	ਜੀਉ	ਊਦੇ, ਭੱਦੋ"
ਗ-xii	ਅਜੇ ਪਾਲ	ਇਹਨਾਂ ਦੇ ਪਿੰਡਾਂ ਦਾ ਵੇਰਵਾ ਥਾਉ ਥਾਈ ਦਿਤਾ ਜਾਵੇਗਾ।
xiii	ਵਸਤਪਾਲ	

ਤਾਵਨੀ ਕਈ ਵਾਰਾਂ ਇਤਿਹਾਸਕਾਰ ਸੱਜਣ, ਬਗੈਰ ਪੜਚੋਲ ਕਰਨ ਦੇ ਕਿਸੇ ਦੂਸਰੀ ਮਿਲਦੀ ਗਿਲਦੀ ਸ਼੍ਰੇਣੀ ਦੇ ਪ੍ਰਸਿਧ ਵਿਅਕਤੀ ਨੂੰ ਅਪਨਾਉਣ ਦਾ ਅਸਫਲ ਯਤਨ ਕਰਦੇ ਹਨ।

ਵਿਰਕ ਗੋਤ ਵਾਸਤਵ ਵਿਚ ਸੂਰਜ ਵੰਸੀ, ਇਕਸ਼ਵਾਕੂ ਕੁਲ ਵਿਚੋਂ ਮਨਹਾਸ ਰਾਜਪੂਤ ਹਨ-ਜੋ ਉਪਰੋਕਤ ਬੰਸਾਵਲੀ ਨਾਮੇ ਤੋਂ ਸਾਫ਼ ਤੇ ਸਪਸ਼ਟ ਹੈ. ਦੂਜੀ ਗਲ, ਵਿਰਕਾਂ ਦੇ ਭਾਟ ਚਾਹੇ ਮਿਰਾਸੀ, ਚਾਹੇ ਬ੍ਰਾਹਮਣ ਜਾਂ ਸਾਂਹਸੀ, ਕਲਾਣ ਕਰਦੇ ਵਕਤ ਕਹਿੰਦੇ ਸੀ,

"ਵਿਰਕ ਰਾਜਾ-ਜੰਦ ਅੰਗਯਾਰੀ ਦੀ ਕਾਇਮ"

ਇਹ ਅਸੀਸ ਦੇ ਕੇ ਫੇਰ ਬੰਸਾਵਲੀ ਨਾਮਾ ਉਚਾਰਿਆ ਕਰਦਾ ਜਿਸ ਦਾ ਭਾਵ ਹੁੰਦਾ ਸੀ ਕਿ ਇਹ ਬੰਸਾਵਲੀ ਨਾਮਾ ਉਸ ਵਿਰਕ ਪ੍ਰੀਵਾਰ ਦਾ ਹੈ ਜੋ ਵਿਰਕ ਸੁਤ ਅੰਗਯਾਰੀ ਤੋਂ ਚੱਲਿਆ।

ਪ੍ਰਸਿਧ ਹਿਸਟੋਰੀਅਨ ਸ: ਬਲਵੰਤ ਸਿੰਘ ਜੀ, ਆਪਣੀ ਪੁਸਤਕ "ਸਿੱਧੂ ਬਰਾੜਾਂ ਦੇ ਤਿਤਿਹਾਸ" ਪੰਨਾ 22 ਉਪਰ. ਚੰਦਰ ਬੰਸੀ ਯਾਦਵ ਕੁਲ, ਭਟੀ ਗੋਤ ਦੇ ਰਾਉ "ਜੁੰਧਰ" ਦੇ 21 ਪੁੱਤਰ ਬਾਬਤ ਸੈਂਸੀਂ ਡੂਮਾਂ ਦੀ ਦਿਤੀ ਵਾਕਫੀਅਤ ਦੇ ਅਧਾਰ ਤੇ ਲਿਖਦੇ ਹੋਏ ਦਸਵੇਂ ਪੁਤਰ ਬਾਰੇ ਫ਼ਰਮਾਂਦੇ ਹਨ :-

10, ਵਿਰਕ, "ਇਸ ਦੀ ਔਲਾਦ. ਵਿਰਕ ਜੱਟ ਹਨ। ਇਹ ਲੋਕ ਬੜੇ ਬਹਾਦਰ ਜੋਧੇ ਹਨ। ਇਹਨਾਂ ਵਿਚੋਂ ਅਠਾਰਵੀਂ ਸਦੀ ਬਿਕਰਮੀ ਵਿਚ ਨਵਾਬ ਕਪੂਰ ਸਿੰਘ ਜੀ ਸਿੱਖਾਂ ਦੇ ਸ਼੍ਰੋਮਣੀ ਜਥੇਦਾਰ ਹੋਏ ਹਨ। ਇਹਨਾਂ ਵਿੱਚੋਂ ਸਿੰਘ ਪੁਰੀਏ ਮਸ਼ਹੂਰ ਸਰਦਾਰ ਹਨ 'ਆਦਿ ਆਦਿ' (ਵੇਖੋ ਉਕਤ ਪੰਨਾ 23) ਇਸ ਕਥਨ ਵਿਚ ਨਵਾਬ ਕਪੂਰ ਸਿੰਘ ਜੀ ਨੂੰ ਰਾਉ ਜੁੰਧਰ ਵੰਸ਼ਜ ਬਾਬੇ ਵਿਰਕ ਨਾਲ ਜੋੜਨਾ ਇਕ ਪਹਾੜ ਜਿੱਡੀ ਭੁੱਲ ਹੈ-ਕਿਉਂਕਿ ਨਵਾਬ ਕਪੂਰ ਸਿੰਘ ਜੀ ਮਨਹਾਸ ਰਾਜਪੂਤ ਬਾਬੇ ਵਿਰਕ ਦੇ ਪੁੱਤਰ "ਅੰਗਯਾਰੀ" ਦੀ ਅੰਸ ਦੇ ਤੀਸਰੇ ਥੰਮ ਅਤੇ ਵਿਰਕਗੋਤ ਦੀ ਬਾਰ੍ਹਵੀਂ ਮੂੰਹੀ, ਬਾਬੇ ਅਜੈਪਾਲ, ਦੇ ਅਠਵੀਂ ਪੀੜੀ ਬਾਬੇ ਮਾਲੋ ਵੰਸ਼ਜ, ਪਿੰਡ ਮਾਲੋ ਦੀ ਟਿੱਬੀ ਨਿਵਾਸੀ ਚੌਧਰੀ ਦਲੀਪ ਸਿੰਘ ਦੇ ਸਪੁਤਰ ਸਨ।

ਭੱਟੀ ਵੰਸ਼ਜ ਰਾਉ ਜੁੰਧਰ ਦੀ ਅੰਸ ਵਿਰਕ ਕੇਵਲ ਬਠਿੰਡੇ ਦੇ ਇਲਾਕੇ ਦੇ ਪਿੰਦਾਂ ਵੱਡੀਆਂ ਵਿਰਕਾਂ ਅਤੇ ਛੋਟੀਆਂ ਵਿਰਕਾਂ ਵਿਚ ਅਬਾਦ ਹਨ. ਜਦ ਕਿ ਨਵਾਬ ਕਪੂਰ ਸਿੰਘ ਜੀ ਦੇ ਪੂਰਵਜ ਅਤੇ ਉਹਨਾਂ ਦੇ ਵੰਸਜ ਦੁਆਬਾ ਰਚਨਾ[1] ਵਿਚ ਅਧਿਕਤਰ ਆਬਾਦ ਸਨ। ਸੰਨ 1730 ਈ: ਪਿਛੋਂ ਨਵਾਬ ਕਪੂਰ ਸਿੰਘ ਦੇ ਭਰਾਵਾਂ ਦੀ ਸੰਤਾਨ ਦੁਆਬਾ ਬਾਰੀ[2] ਅਤੇ ਫਿਰ ਸਿੱਖ ਰਾਜ ਵੇਲੇ ਸਤਲੁਜ ਪਾਰ ਆ ਕੇ ਆਬਾਦ ਹੋਈ ਜੋ ਅੱਜ ਕੱਲ ਸਿੰਘ ਪੁਰੀਏ ਸਦਾਂਦੇ ਹਨ।

(a) ਇਹ ਪਿੰਡ ਮੁਰੀਦਕੇ ਤੋਂ ਪੂਰਬ ਦਿਸ਼ਾ ਛੇ ਕੋਹ, ਸਟੇਸ਼ਨ ਸ੍ਰੀ ਰਾਮ ਪੁਰ ਤੋਂ ਤਿੰਨ ਮੀਲਾ, ਅਤੇ ਤਲਹੌੜ ਚੀਮਿਆਂ ਤੋਂ ਇਕ ਮੀਲ ਸੀ ਇਥੇ ਸਭ ਵਿਰਕ ਮੁਸਲਮਾਨ ਸਨ। X ਚਟੰਪਾਲ-ਪ੍ਰਜਾਪਤ ਗੁਜਰ. ਵੇਖੋ ਅੱਗੇ

1) ਦੁਆਬਾ ਰਚਨਾ ਦਰਯਾ ਰਾਵੀ ਅਤੇ ਚਨਾਬ (ਝੰਨਾ) ਦੇ ਵਿਚਕਾਰ ਵੱਸਿਆ ਇਲਾਕਾ.

2) ਦੁਆਬਾ ਬਾਰੀ ਦਰਯਾ ਬਿਆਸ ਅਤੇ ਰਾਵੀ ਦੇ ਵਿਚਕਾਰ ਵੱਸਿਆ ਇਲਾਕਾ।

ਇਹੋ ਭੁਲ ਉਕਤ ਹਿਸਟੋਰੀਅਨ ਸਾਹਿਬ ਆਪਣੀ ਕ੍ਰਿਤੀ ਦੇ ਪੰਨਾ 207 ਤੇ ਕਰਦੇ. ਹਨ-ਯਥਾ :-

"ਇਹਨਾਂ (ਰਾਉ ਜ੍ਹੰ ਧਰ ਵੰਸਜਾ) ਵਿਚੋਂ ਸੰਨ 1921 ਦੇ ਨਨਕਾਣੇ ਸਾਹਿਬ ਦੇ ਸਾਕੇ ਵੇਲੇ ਸਰਦਾਰ ਕਰਤਾਰ ਸਿੰਘ ਝੱਬਰ ਮਸ਼ਹੂਰ ਅਕਾਲੀ ਲੀਡਰ ਸਨ......ਵਿਰਕਾਂ ਵਿਚ ਸਰਦਾਰ ਬੂਟਾ ਸਿੰਘ ਇਕੱਠੇ ਪੰਜਾਬ ਸਮੇਂ ਡਿਪਟੀ ਸਪੀਕਰ ਸਨ।" ਅਸਲ ਵਿੱਚ ਭਾਈ ਕਰਤਾਰ ਸਿੰਘ ਝੱਬਰ ਅਤੇ ਸਰਦਾਰ ਬੂਟਾ ਸਿੰਘ ਜੀ ਦੋ ਸੂਰਜ ਵੰਸੀ, ਮਨਹਾਸ ਰਾਜਪੂਤ ਬਾਬੇ ਵਿਰਕ ਦੇ ਸਪੁੱਤਰ ਅੰਗਯਾਰੀ ਦੇ ਵੰਸ਼ਜ ਹਨ। ਸਮਰਨ ਰਹੇ ਕਿ ਬਾਬੇ ਅੰਗਯਾਰੀ ਦੀ ਮਾਤਾ ਰਮਾਣਾ ਅਲਬੇਲ ਸਿੰਘ (ਜਿ: ਫਰੀਦਕੋਟ) ਦੇ ਸਿੱਧਵਾਂ ਦੀ ਧੀ ਸੀ ਵਰਨਾ ਉਪਰੋਕਤ ਤਿੰਨ ਮਹਾਨ ਹਸਤੀਆਂ ਨਵਾਬ ਕਪੂਰ ਸਿੰਘ, ਭਾਈ ਕਰਤਾਰ ਸਿੰਘ ਜੀ ਝੱਬਰ ਅਤੇ ਸਰਦਾਰ ਬਹਾਦਰ ਬੂਟਾ ਸਿੰਘ ਦਾ ਰਾਉ ਜ੍ਹੰ ਧਰ ਵੰਸ਼ਜ ਵਿਰਕਾਂ ਨਾਲ ਕੋਈ ਸੰਬੰਧ ਨਹੀਂ।

ਇਤਿਹਾਸਕਾਰ ਕਰਨਲ ਟਾਡ ਰਾਜਸਥਾਨ ਦਾ ਇਤਿਹਾਸ ਪੰਨਾ 69 (ਅਨੁਵਾਦਕ ਕੇਸ਼ਵ ਕੁਮਾਰ ਠਾਕਰ) ਤੇ ਵਿਰਕ ਮੁਸਲਮਾਨਾਂ ਨੂੰ ਚਾਲੂਕਯ ਅਥਵਾ ਸੋਲੰਕੀ ਵੰਸ਼ ਦੀਆਂ ਸੋਲਾਂ ਸ਼ਾਖਾਂ ਵਿਚੋਂ ਅੱਠਵੀਂ ਸ਼ਾਖ ਲਿਖਦਾ ਹੈ-ਇਥੇ ਪੂਰਬ ਪੱਛਮ ਦਾ ਅੰਤਰ ਹੈ। ਚਾਲੂਕਯ (ਸੋਲੰਕੀ) ਅਗਨਿ-ਕੁਲ ਰਾਜਪੂਤ ਹਨ, ਕਿੰਤੂ ਮਨਹਾਸ ਵੰਸਜ ਵਿਰਕ ਸੂਰਜਵੰਸ਼ੀ ਹਨ। ਅਗਰ ਕਰਨਲ ਟਾਡ ਰਾਉ ਜ੍ਹੰਧਰ ਵੰਸਜ ਵਿਰਕਾਂ ਨੂੰ ਸ਼ਾਮਲ ਕਰਦਾ ਤਾਂ ਭੀ ਠੀਕ ਨਹੀਂ ਸੀ ਉਹ ਚੰਦਰ ਵੰਸ਼ੀ ਭਟੀ ਰਾਜਪੂਤ ਹਨ.

ਅੰਗਯਾਂਰੀ

1-ਬਾਲਾ 1101

ਇਹ ਅੱਗਲ ਦਾ ਪੁਤਰ ਸੀ ਅਤੇ ਮੁਹੰਮਦ ਗੌਰੀ ਦਾ ਸਮਕਾਲੀਨ ਸੀ। ਖਾਨਦਾਨਿ ਗੁਲਾਮਾ (ਦਾਸ ਵੰਸ) ਦੇ ਕੁਤਬਦੀਨ ਵਲੋਂ ਸਾਦਲਬਾਰ ਦਾ ਚੋਧਰੀ ਸੀ—(ਦਫਤਰ ਮਿਰਾਸੀ ਕੜਯਾਲ ਕਲਾਂ)

ਚੋਧਰੀ ਬਾਲਾ, ਵਿਰਕ ਦੇ ਵਸਾਏ ਪਿੰਡ ਘੁਚਲੀ ਨੂੰ ਛੱਡ ਕੇ, ਮੌਜੂਦਾ ਜਿਲਾ ਗੁਜਰਾਂ ਵਾਲੇ ਦੇ ਪਿੰਡ ਬੱਲੋਂ ਕੇ ਦੇ ਨੇੜੇ ਨਵਾਂ ਪਿੰਡ ਬਧਾ-ਜਿਸਨੂੰ ਬਦੇਸ਼ੀ ਧਾੜਾਂ ਨੇ ਵਾਹ ਢੇਰੀ ਕੀਤਾ-

ਚੋਧਰੀ ਬਾਲੇ ਨੇ ਆਪਣੇ ਤਿੰਨ ਪੁਤ੍ਰ ਜਾਉ, ਜੋਪਰ ਤੇ ਬਛਰਾਏ ਨੂੰ ਸ਼ਾਦਲ ਬਾਰ ਵੰਡ ਦਿਤੀ। ਇਹ ਵਿਰਕਾਂ ਦੇ ਥੰਮ ਗਿਣੇ ਜਾਂਦੇ ਹਨ-ਅਤੇ ਇਹਨਾਂ ਤਿੰਨਾਂ ਦੀ ਔਲਾਦ (13) ਤੇਰਾਂ ਮੂਹੀਆਂ ਹਨ।

2, ਜੱਸੋ ਦੀਆਂ ਟਾਹਲੀਆਂ

ਜਿਹੜੀ ਸੜਕ, ਕੋਟ ਕਮਾਲੀਏ ਤੋਂ ਨਿਕਲ ਕੇ ਚੀਚਾਵਤਨੀ ਨੂੰ ਜਾਂਦੀ ਹੈ ਉਸ ਉਤੇ ਪਿੰਡ ਜਖੜ ਹੈ। ਜਖੜ ਤੋਂ ਪਹਾੜ ਤੇ ਕੋਟ ਕਮਾਲੀਏ ਤੋਂ ਚੜ੍ਹਦੇ ਪਾਸੇ ਜੱਸੋ ਦੀ ਟਾਹਲੀ ਨਾਮ ਦਾ ਪਿੰਡ ਸੀ, ਉਥੋਂ ਤਕ ਪੰਚੈਤੀ ਤੌਰ ਤੇ ਵਿਰਕਾਂ ਦੀ ਹੱਦ ਸੀ

ਵਿਰਕਾਂ ਦਾ ਸੂਰਜ ਬੰਸੀ ਹੋਣ ਦਾ ਸਬੂਤ

ਹੋਲੀ

ਵਿਰਕਾਂ ਦੇ ਘਰ ਜਦ ਲੜਕਾ ਪੈਦਾ ਹੁੰਦਾ ਸੀ ਤਾਂ ਉਹਨਾਂ ਦਾ ਮਿਰਾਸੀ ਹੋਲੀ ਪੜ੍ਹਦਾ ਤੇ ਲਾਗ ਲੈਂਦਾ ਸੀ : ਹੋਲੀ ਵਿਰਕ ਗੋਤ ਨੂੰ ਜੰਮੂ ਦੇ ਰਾਜੇ ਉਧਰ ਸੈਨ ਨਾਲ ਮਿਲਾਂਦੀ ਹੈ। ਇਸ ਵਿਚ, ਮਨਹਾਸ, ਮਾਲਦੇਵ, ਅੱਕੇ ਦੇ ਨਾਮ ਆਉਂਦੇ ਹਨ, ਜੋ ਵਿਰਕ ਤੋਂ ਮਨਹਾਸ ਤਕ ਦੇ ਕੁਰਸੀਨਾਮੇ ਵਿਚ ਵੀ ਆਉਂਦੇ ਹਨ। ਇਹੀ ਨਾਮ ਸੂਰਜ ਬੰਸ ਨਾਲ ਮੇਲ ਖਾਂਦੇ ਹਨ.

ਯਥਾ :- ਓਪਤ ਰਾਜੇ ਮਨਹਾਸ ਕੋਟਾਂ ਦੇ ਸਰਦਾਰ।

ਉਧਰ ਸੈਨ ਦੇ ਵਿਰਕ, ਵਰਨ, ਧਰੰਗੜ ਤਰਾਵੇ ਤਰਾਣ ਭੰਡਾਰ"
ਮਹਿਦਰ ਗੰਗਾ ਪਾਣੀ ਕੌਨ ਲੰਘੇਗਾ ਪਾਰ।
ਸਿਮਰੋ, ਭਾਗੀਰਥ, ਕਾਲਾ ਮਹਿਰ ਦਾਤਾਰ"
ਪਹਿਤੜੀਆਂ ਛਕਾਈਆਂ ਜਸ ਗੁਰੂ ਮਨਹਾਸ ਗਾਈਏ।
ਮਾਲਦੇਵ, ਅੱਕੇ ਆਨ ਗਾਈਏ ਰਲ ਮੰਗਲ
ਘੋੜਿਆਂ ਦੇ ਦੇਂਦੇ ਪਾਖਰ ਮਰਦਾ ਦੇ ਕੰਙਣ "
ਜੰਮੂ ਹੈਸੀ ਹਾਰਿਆ ਲਖ ਹੋਣ ਅਡੰਬਰ।
ਜੰਮੂ ਦੇ ਸੱਜੇ ਲੱਖ ਲੱਖ ਖਬੇ ਮਾਰੀਏ
ਜਿੱਥੇ ਦੀਵਾ ਰਾਏ ਦਾ ਓਥੇ ਕਰਨ ਨਿਵਾਸ
ਪੈਤੜੀਆਂ ਛਕਾਈਆਂ, ਜਸ ਗੁਰੂ ਮਨਹਾਸ
ਚੰਨਣ ਦੀ ਚਿਖਾ ਉਸਾਰੀ, ਉਤੇ ਪਾਈ ਫੁਲਵਾੜ੍ਹਾਂ
ਦਿਤਾ ਲੰਬੂ ਛੁਟੀ ਤਾੜੀ, ਲਖਮਣ ਝੋਲ ਘਤ ਲਿਆ ਅੰਗਯਾਰੀ
ਵੇਖੋ ਮੀਰ ਪ੍ਰਭੂ ਦੀ ਕਾਰ—ਦੇਰਥ ਤੇ ਨਰੈਣ, ਧਾਣੇ, ਗਿਧ ਦਾਨ ਗੰਦੋਰੀ ਲਈ
ਅੰਞਾਣੇ "ਪਹਿਲੋਂ ਸਿਮਰੋ ਸ਼ੁਰੀਆ ਫਿਰ ਮੀਰ ਲਖਮਣ ਨੂੰ ਦੇ ਕੇ ਫੜੀ ਹੇਠ ਹੱਥ"

(ਫਿਰ ਫੂਕ ਮਾਰ ਦੇਣੀ) (ਜਬਾਨੀ ਬਰਕਤ ਮਿਰਾਸੀ ਚੱਕ ਜੈਦ ਨੰ. ੧੯
(ਜਿਲਾ ਸ਼ੇਖਪੁਰਾ-ਪਾਕਿਸਤਾਨ—

ਉਪ੍ਰੋਕਤ ਬਰਕਤ ਮਿਰਾਸੀ ਦਾ ਦਾਦਾ ਮਾਮਦੀਨ (ਜੋ ਬਹੁਤ ਬਿਰਧ ਸੀ) ਵਿਰਕਾਂ ਦੀ ਬੰਸਾਵਲੀ ਮਨਹਾਸ ਤੇ ਰਾਮ ਚੰਦਰ ਤੋ ਉਸ ਤੋਂ ਉਤੇ ਕਸਯਪ ਤਕ ਪੀਹੜੀਆ ਮਿਲਾਕੇ ਸੁਣਾਇਆ ਕਰਦਾ ਸੀ, "ਜੋ ਕਿ ਸ੍ਰੀ ਮਦ ਭਾਗਵਤ ਪੁਰਾਨ ਅਨੁਸਾਰ ਸੂਰਜ ਬੰਸ ਨਾਲ ਐਨ ਮੇਲ ਖਾਂਦੀ ਹੈ। ਯਥਾ :—.

ਅਕਾਲ ਪੁਰਖ
|
ਬ੍ਰਹਮਾ
————————
| |

(ਚੰਦ੍ਰ ਬੰਸੀ) ਸੋਮ
ਬੁਧ ਮਾਰੀਚ
: ਕਸ਼ਯਪ
: (ਵਿਵਸਤ) ਸੂਰਜ (ਸੂਰਜ ਬੰਸੀ)

2 ਜਾਮਵੰਤ[1] ਦੇ ਵੰਸ਼ ਵਿਚੋਂ ਕਾਸ਼ਦੇਵ ਨਾਮ ਦਾ ਰਾਜਾ ਕਸ਼ਮੀਰ ਤੇ ਰਾਜ ਕਰਦਾ ਸੀ । ਜੋ ਕਿ ਅਤਿ ਨਿਰਦਈ ਸੀ । ਇਸਨੇ ਇੱਕ ਬ੍ਰਾਹਮਣ ਦਾ ਇਕਲੌਤਾ ਪੁਤ੍ਰ ਮਾਰ ਦਿਤਾ। ਜਿਸਤੇ ਬ੍ਰਾਹਮਣ ਨੇ ਅਜੁਧਯਾ ਪੁੱਜ ਮਨਹਾਸ ਗੋਤ ਦੇ ਰਾਜੇ ਉਧਰ ਸੈਨ ਅਗੇ ਫਰਯਾਦ ਕੀਤੀ। ਰਾਜੇ ਉਧਰ ਸੈਨ ਨੇ ਕਾਸ਼ ਦੇਵ ਨੂੰ ਮਾਰ ਕੇ ਕਸ਼ਮੀਰ ਤੇ ਕਬਜ਼ਾ ਕਰ ਲਿਆ। ਰਾਜੇ ਉਧਰ ਸੈਨ ਦੀ ਪਹਿਲੀ ਰਾਣੀ ਵਿਚੋਂ ਪੰਜ ਪੁਤ੍ਰ ਹੋਏ ਜਿਹੜੇ ਕਿ ਕਸ਼ਮੀਰ ਤੇ ਕਾਬਜ ਰਹੇ। ਦੂਸਰੀ ਰਾਣੀ ਵਿਚੋਂ ਤਿੰਨ ਪੁਤ੍ਰਾਂ ਵਿਰਕ, ਵਰਨ ਅਤੇ ਧਰੰਗੜ ਨਾਮੇ ਹੋਏ, ਜਿਨ੍ਹਾਂ ਨੂੰ ਰਾਜੇ ਨੇ ਸਾਰੀ ਸਾਂਦਲ ਬਾਰ ਤਕਸੀਮ ਕਰ ਦਿਤੀ।

ਵਿਰਕ ਨੇ ਜਿਥੇ ਆ ਕੇ ਡੇਰਾ ਕੀਤਾ ਉਸਦਾ ਨਾਮ ਘੁਚਲੀ ਪੈ ਗਿਆ। ਇਹ ਜਗ੍ਹਾ ਸ਼ਾਹਦਰਾ ਨਾਰੋਵਾਲ ਰੇਲਵੇ ਲਾਇਨ (ਪਾਕਿਸਤਾਨ) ਦੇ ਰੇਲਵੇ ਸਟੇਸ਼ਨ ਨਾਰੰਗ ਦੇ ਕੋਲ ਹੈ।

ਵਰਨ ਨੇ ਆਪਣੇ ਨਾਮ ਤੇ ਵਰਨ ਪਿੰਡ ਆਬਾਦ ਕੀਤਾ, ਸ਼ੇਖੂ ਪੁਰਾ (ਪਾਕਿਸਤਾਨ) ਦੇ ਨੇੜੇ ਹੈ।

ਧਰੰਗੜ ਨੇ ਆਪਣੇ ਪਿਤਾ ਉਧਰ ਸੈਨ ਦੇ ਨਾਮ ਤੇ ਊਧੋ ਨਗਰੀ ਪਿੰਡ ਵਸਾਇਆ-ਸੰਨ 712 ਈਸਵੀ ਵਿਚ ਜਦ ਮੁਹੰਮਦ ਬਿਨ ਕਾਸਮਾਂ ਨੇ ਅਰਬ ਆ ਕੇ ਮੁਲਤਾਨ ਤੱਕ ਦਾ ਇਲਾਕਾ ਕਬਜ਼ੇ ਵਿੱਚ ਕੀਤਾ ਤਾਂ ਕਈਆ ਲੋਕਾਂ ਨੂੰ ਮੁਸਲਮਾਨ ਵੀ ਕੀਤਾ ਉਹਨਾਂ ਨਵੇਂ ਨਵੇਂ ਹੋਏ ਮੁਸਲਮਾਨ ਦਾ ਪਿੰਡ ਰਜੋਆ ਸੀ (ਜੋ ਪਿਛੋਂ ਰਜੋਆ ਸਯਦਾਂ ਸ਼ਦਿਆ ਜਾਣ ਲਗਾ) ਉਸ ਪਿੰਡ ਦੇ ਮੁਸਲਮਾਨਾ ਨੇ ਹਮਲਾ ਕਰਕੇ ਊਧੋ ਨਗਰੀ ਨੂੰ ਉਜਾੜ ਦਿਤਾ। ਜਿਸਦੇ ਥਿਹ ਉਤੇ ਪਿਛੋਂ ਮੀਏ ਅਲੀ ਦਾ ਰੋਜ਼ਾ ਬਣਾ ਦਿੱਤਾ—ਧਰੰਗੜ ਦੀ ਔਲਾਦ ਕੁਝ ਮਰ ਗਈ ਤੇ ਬਾਕੀ ਦੇ ਮੁਸਲਮਾਨ ਹੋ ਗਏ । ਇਹ ਊਧੋ ਨਗਰੀ ਦਾ ਥਿਹ ਤਹਸੀਲ ਖਾਨਕਾਹ ਡੋਗਰਾਂ ਜਿਲਾ ਗੁਜਰਾਂਵਾਲੇ ਵਿਚ ਹੈ।

(ਜਬਾਨੀ ਮੀਰ ਮੌਜ ਦਰਯਾ ਵਲਦ ਮਾਹਜਾ ਮਿਰਾਸੀ ਖਾਨਦਾਨ ਵਰਨਾ)

ਜਿਲਾ ਸ਼ੇਖਪੁਰਾ ਪਾਕਿਸਤਾਨ—ਹਾਲ ਵਰਕ ਡੇਰਾ ਵਰਨਾ; ਡਾਚਰ, ਜਿਲਾ ਕਰਨਾਲ

ਇਸਤੋਂ ਸਾਬਤ ਹੁੰਦਾ ਹੈ ਕਿ ਉਧਰ ਸੈਨ ਨੇ ਕਸ਼ਮੀਰ ਫਤਿਹ ਕੀਤਾ, ਜੰਮੂ ਸ਼ਹਿਰ ਵਸਾਇਆ ਅਤੇ ਸਾਂਦਲ ਬਾਰ ਦਾ ਇਲਾਕਾ ਵੀ ਕਾਬੂ ਕੀਤਾ। ਊਧਰ ਸੈਨ ਤੋਂ ਉਪਰ ਵੀਹਵੀਂ ਪੀਹੜੀ ਮਨਹਾਸ ਦਾ ਨਾਮ ਆਉਂਦਾ ਹੈ :

3 ਜੈਸਾ ਕਿ ਪੁਰਾਨੋ ਮੇਂ ਅਯੁਧਿਯਾ, ਸੂਰਜ ਬੰਸੀ ਕੋਸਲ ਰਾਜਾਂਓ ਕੇ ਮੁਤਅਲਕ ਬਿਆਨ ਕੀਤਾ ਗਿਆ ਹੈ। ਇਸੀ ਮੈ ਵੈਵਸਤ ਮੁਨ ਸੇ ਲੇ ਕਰ 123 ਰਾਜਾਂਓਂ ਕਾ ਸਜਰਾ ਮਿਲਤਾ ਹੈ। ਜਿਨ ਮੇਂ ਅਮਰੇਸ਼,[2] ਹਰੀਸ਼ ਚੰਦ੍ਰ, ਦਲੀਪ, ਰਘੂ, ਅੱਜ, ਦਸ਼ਰਥ, ਰਾਮ ਚੰਦ੍ਰ, ਲਊ, ਕੁਸ਼ ਵਗੈਰਾ ਥੇ, ਜਿਸ ਮੇ 93 ਪੀਹੜੀ ਮਹਾਂ ਭਾਰਤ ਸੇ ਪਹਿਲੇ ਔਰ 30 (ਤੀਸ) ਮਹਾਂਭਾਰਤ ਕੇ ਬਾਅਦ ਹੁਏ, ਤਕਰੀਬਨ ਇਨਹੀ ਸੂਰਜ ਬੰਸੀ ਰਾਜਾਂਓ ਕਾ ਸਿਲਸਿਲਾ ਭਾਰਤ ਮੈਂ ਫੈਲਾ ਹੁਆ ਹੈ। ਦਸ਼ਰਥ ਕੇ ਵਕਤ ਆਯੁਧਿਯਾ 48 ਕੋਸ ਮੇ ਥੀ। ਬਾਅਦ ਮੇ ਉਜੈਨ ਕੇ ਰਾਜਾ ਬਿਕ੍ਰਮਦੱਤਯਾ ਨੇ ਭੀ ਕਬਜ਼ਾ ਰਖਾ। ਔਰ ਯੁਧ ਕੇ ਜਮਾਨੇ ਮੇ ਆਯੁਧਿਯਾ ਕਾ ਰਾਜਾ ਪਰ ਸੈਨਜੀਤ ਥਾ, ਉਸ ਵਕਤ ਮਹਾਤਮਾ ਬੁੱਧ ਕਾ ਵਹਾਂ ਜਾਣਾ ਹੂਆ। ਸਾਤਵੀ ਸਦੀ ਮੇ ਅਯੁਧਯਾ ਕੰਨੌਜ ਕੇ ਮਾਤਹਿਤ ਥੀ ਵਗੈਰਾ ਵਗੈਰਾ...............

(ਮਾਖੂਜ ਅਜ ਅਖਬਾਰ ਪ੍ਰਦੀਪ ਤਿਥੀ 26 ਜਨਵਰੀ 1962)

4. ਵਿਸ਼ਨੂ ਪੁਰਾਨ ਵਿਚ ਸੂਰਜ ਬੰਸ ਦੀਆਂ 93 ਅਤੇ ਚੰਦ੍ਰ ਬੰਸ ਦੀਆਂ 45 ਪੀਹੜੀਆਂ ਹਨ।
5. ਸੂਰਜ ਬੰਸੀ ਬ੍ਰਿਛ ਨਾਮੇ ਗ੍ਰੰਥ ਵਿਚ 123 ਪੀਹੜੀਆਂ ਦਰਜ ਹਨ।
6. ਸਿਮਰੋ ਸੁਆਮੀ ਦੇਵਤਾ, ਸਤ ਬ੍ਰਹਮਾ ਬਿਸ਼ਨ ਮਹੇਸ਼।
ਜਿਥੋਂ ਵਿਰਕ ਉਪਾਇਆ, ਧੰਨ ਸੁਵੰਨਾ ਦੇਸ॥
ਮਨਹਾਸੋ ਵਿਰਕ ਉਪਾਇਆ ਧਰ ਬੈਠਾ ਸਭ ਨਿਸ਼ਾਨ।
ਜਿਤਵਲ ਚੜਤਲ ਵਿਰਕ ਦੀ, ਥਰ ਥਰ ਕਰੇ ਜਹਾਨ॥
ਦੇਂਦੇ ਕੈਲੇ ਕੈਲੀਆਂ, ਬਿਪਰਾਂ ਨੂੰ ਇਹ ਦਾਨ।
ਕਹਿ ਕਲਵੰਤ ਸ੍ਰੀ ਮੰਗਲੰ ਮੇਰਾ ਜਜਮਾਨ ਭਗਵਾਨ।
ਕੈ ਗੋਤ੍ਰ ਕਸਬ ਗੋਤ੍ਰ[3] ਕਸ਼ਬ ਆਸਰੋ ਦੇਵ ਦੇਵਾ।
ਰੁਦਰਾਸ਼ ਗੰਗਾ ਜਲ ਨਿਰਮਲਾ।

---

1 ਰਮਾਯਨ ਅਨੁਸਾਰ ਰਿਛਾਂ ਦਾ ਸਰਦਾਰ ਜਿਸਨੇ ਰਾਮ ਚੰਦ੍ਰ ਦੀ ਯੁਧ ਅੰਦਰ ਸਹਾਇਤਾ ਕੀਤੀ—ਬਾਲਮੀਕ ਕਾਂਡ ੧-ਅ. 17 ਦੇ ਅਨੁਸਾਰ ਜਾਮਵੰਤ ਬ੍ਰਹਮਾ ਦੀ ਉਬਾਸੀ ਨਾਲ ਪੈਦਾ ਹੋਇਆ ਸੀ। ਭਾਗਵਤ ਅਨੁਸਾਰ ਜਸਵੰਤ ਦੀ ਪੁਤਰੀ ਜਾਮਵਤੀ ਕ੍ਰਿਸ਼ਨ ਨੂੰ ਵਿਆਹੀ

2. ਅਸਰੇਸ਼ ਨਾਮ ਦਾ ਕੋਈ ਰਾਜਾ ਸੂਰਜਬੰਸੀ ਭਗਵਾਨ ਰਾਮਚੰਦ੍ਰ ਤੋਂ ਪਹਲਾਂ ਨਹੀ ਹੋਇਆ—ਰਾਮਚੰਦ੍ਰ ਜੀ ਤੋਂ ਉਪਰ 17 ਪੀਹੜੀ ਅੰਬਰੀਸ਼ ਜਰੂਰ ਹੋਇਆ ਹੈ।

3 ਜਿਹੜੇ ਕਾਸਤਰ ਪੇਸ਼ਾ ਰਾਜਪੂਤ ਵੰਸ ਵਿਚੋਂ ਹਨ ਉਹ ਕਸਬ ਗੋਤਰੇ ਅਤੇ ਜਿਹੜੇ ਨਿਰੇ ਜਟ ਹਨ ਉਹ ਵਸ਼ਿ ਗੋਤ੍ਰੇ ਸਦਾਂਦੇ ਹਨ।

ਮੇਰਾ ਜਜਮਾਨ, ਭਗਵਾਨ ਪੰਚੀਂ ਪ੍ਰਧਾਨ ਮਾਨ ਸਰਵਰ ਦਾ ਹੰਸ ਦੁਤਯੇ ਦਾ ਚੰਦ੍ਰ ਮਾਹ
(ਗੋਤ੍ਰਾਚਾਰ ਜਬਾਨੀ ਪੰਡਤ ਮੂਲ ਚੰਦ ਪਿੰਡ ਬੱਦੋਰਤਾ ਜਿ. ਗੁਜਰਾਂ ਵਾਲੇ)

7. ਰਾਮੋ ਸ੍ਰੀ ਨਾਰਾਇਣਹ ਜਾਲਮ ਬਚਨ ਅਟਾਨ।
ਤੂੰ ਥੰਮ ਤੇਰਾ ਮੁਹੀਆਂ ਰਾਜ ਪੁਰਖ ਪ੍ਰਧਾਨ।
ਵਿਰਕ ਵਡਾ ਵਡਯਾਈਏ ਹਥ ਘਤੇ ਅਸਮਾਨ।
ਦੇਂਦੇ ਕੈਲੇ ਕੈਲੀਆਂ ਬਿਪਰਾਂ ਨੂੰ ਇਹ ਦਾਨ॥
ਭਾਗੀ ਹੀ ਰਸ ਪਾਉਂਦੇ ਜੋ ਸਚੇ ਮਿਹਰਵਾਨ।
ਤਰਕਸ਼ ਜੜਿਆ ਹੀਰਿਆਂ ਲਾਲੋਂ ਜੜੀ ਕਮਾਨ॥
ਸੰਗਲਹਾਲੇ ਟਮਕਾ ਦੇਣ ਵਲੀਦਾ ਦਾਨ।
ਲਾਖੀ ਤਾਜੀ ਸੋਂਹਵਦੇ ਪਾਗੀ ਕੀ ਕਾਹਨ।
ਕੋਣ ਕਿਸੇ ਕੀਤੀਆ ਕਰਵਰ ਕੈ ਸੁਲਤਾਨ।
ਹਿੰਦੁਸਤਾਨ ਕੰਧਾਰ ਮੇ ਵਿਰਕਾਂ ਦੇ ਦੀਵਾਨ।
ਵਿਰਕ ਦਿੱਲੀ ਪਰਨਾਹਿਆ ਰਾਨ ਰਹਿ ਹੈਰਾਨ।
ਕਹਿ ਪ੍ਰੋਹਤ ਭਟਾਂਰ ਆਖ ਸੁਨਾਈ ਪਤ ਪਰਵਾਨ॥
ਛੜੀ ਇ ਠਸਾਕੁਰਾਈਵੇ ਬੋਲੀ ਨਾਹੀ ਵੱਤ।
ਘਰ ਵਰਣ ਬਾਹਰ ਧਰੰਗੜ ਸ਼ੱਥਾਂ ਵਿਚ ਵਿਰੱਕ।।
ਵਾਓ ਕਾਲੇ ਕੁਦੀਆਂ ਪਿੰਡਾਂ ਕਾਇਆ ਬਤ।
ਤਰਵਰ ਭੰਬੇ ਢੁਕਿਆ ਨੇ ਭੇਰੀ ਤੂੰ ਛੱਤ।
ਕਹਿ ਕੁਲਵੰਤ ਸ੍ਰੀ ਮੰਗਲੰ
ਮੇਰਾ ਜਜਮਾਨ, ਭਗਵਾਨ ਪੰਚੀਂ ਪ੍ਰਧਾਨ, ਦੁਤੀਏ ਦਾ ਚੰਦ੍ਰਮਾਂ

(ਗੱਲ ਦਾ ਪੂਰਾ ਪਤਾ ਨਹੀਂ ਲਗਦਾ-ਸਿਰਫ ਇਹ ਬਹੁ ਲਗਦਾ ਹੈ ਜੋ ਵਿਰਕ ਸੂਰਜ ਬੰਸੀ ਹੈ ਅਤੇ ਰਾਮ ਚੰਦ੍ਰ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਵੀ ਸੂਰਜ ਬੰਸੀ ਹੀ ਸਨ।)

8. ਕਰਨੀ ਸੱਤ ਹੋਵੇ ਕੜਯਾਲੋਂ, ਕਰਨੀ ਜਸ ਹੋਵੇ ਕੜਯਾਲੋ।
ਤ੍ਰਾਹ ਭਲੀ ਕੜਯਾਲ ਦੀ, ਸੁਰਖਰੂ ਬਾਬਰ ਦੇ ਚਰਬਾਰੋਂ॥
ਵਿਰਕ ਹੋਵੇ ਕੜਯਾਲ ਦਾ, ਰਾਜਾ ਹੋਏ ਜੰਮੂ ਦੀ ਧਾਰੋ।
ਕਰਨੀ ਸੁਤ ਹੋਵੇ ਕੜਯਾਲੋਂ

(ਕਿਸੇ ਅਗਯਾਤ ਮਿਰਾਸੀ ਦੀ ਲਿਖੀ ਸਿਫਤ, ਕੜਯਾਲ ਦੀ)

ਸੰਨ 1526 ਈ: ਨੂੰ ਬਾਬਰ[1] ਨੇ ਦਿਲੀ ਤੇ ਹਮਲਾ ਕੀਤਾ ਜਿਸ ਵਿਚ ਇਬ੍ਰਾਹੀਮ ਲੋਧੀ[2] ਮਾਰਿਆ ਗਿਆ—ਇਸ ਗੜਬੜ ਵਿਚ ਭੱਟੀ ਉਠ ਖਲੋਤੇ ਤੇ ਉਹਨਾਂ ਵਿਰਕਾ ਦੇ ਕਈ ਪਿੰਡ ਖੋਹ ਲਏ। ਬਾਬਰ ਤੋਂ ਭੀ ਚੰਗਾ ਇੰਤਜਾਮ ਨਾ ਹੋ ਸਕਿਆ। ਸੰਨ 1530 ਵਿਚ ਉਸਦੇ ਮਰਨ

---

1 ਅਸਲ ਨਾਮ ਜ਼ਹੀਰੁਦੀਨ, ਬਾਬਰ ਉਪਨਾਮ, ਤੈਮੂਰ ਦੀ ਛੇਵੀਂ ਪੀਹੜੀ ਮਿਰਜ਼ਾ ਉਮਰ ਸ਼ੇਖ਼ ਦਾ ਪੁਤ੍ਰ ਇਸਦਾ ਜਨਮ 15 ਫਰਵਰੀ ਸੰਨ 1483 ਨੂੰ ਹੋਇਆ ਇਸਨੇ ਭਾਰਤ ਪੁਰ ਕਈ ਹਮਲੇ ਕੀਤੇ, 1520 ਈ. ਵਿਚ ਸੈਦਪੁਰ (ਏਮਨਾਬਾਦ) ਫਤੇ ਕੀਤਾ। 1526 ਵਿਚ ਦਿੱਲੀ ਫਤ੍ਹੇ ਕੀਤੀ ਤੇ ਮੁਗਲ ਰਾਜ ਹਿੰਦ ਵਿਚ ਸਥਾਪਤ ਕੀਤਾ। ਇਸ ਦਾ ਦਿਹਾਂਤ ਆਗਰੇ ਵਿਚ 1530 ਈ: ਨੂੰ ਹੋਇਆ।

2 ਸਿਕੰਦਰ ਲੋਧੀ ਦਾ ਪੁਤ੍ਰ ਜੋ ਸੰਨ 1517 ਵਿਚ ਭਾਰਤ ਸਮਰਾਟ ਬਣਿਆ ਇਸਦਾ ਦਿਹਾਂਤ ਸੰਨ 1526 ਨੂੰ ਪਾਣੀਪਤ ਵਿਚ ਬਾਬਰ ਨਾਲ ਯੁਧ ਕਰਦਿਆਂ ਹੋਇਆ।

ਤੇ ਹੁਮਾਯੂੰ [1] ਤਖਤ ਤੇ ਬੈਠਾ ਉਸਤੋਂ ਸ਼ੇਰ ਸ਼ਾਹ ਸੂਰੀ[2] ਨੇ ਰਾਜ ਖੁਹ ਲਿਆ। ਫਿਰ ਸੰਨ 1568 ਵਿਚ ਵਿਚ ਹਮਾਯੂੰ ਦਾ ਪੁਤ੍ਰ ਅਕਬਰ[3] ਤਖਤ ਤੇ ਬੈਠਾ। ਉਸਨੂੰ ਭੀ ਭਟੀਆਂ ਨੇ, ਅਰਥਾਤ ਪਿੰਡੀ ਭਟੀਆਂ ਦੇ ਦੁੱਲੂ ਆਦਿ ਨੇ ਤੰਗ ਕਰਨਾ ਸੁਰੂ ਕਰ ਦਿਤਾ। ਉਹਨਾਂ ਦੇ ਮੁਕਾਬਲੇ ਤੇ ਅਕਬਰ ਨੇ ਵਿਰਕਾਂ ਨੂੰ ਉਭਾਰਿਆ।

ਅਕਬਰ ਦੇ ਦਰਬਾਰ ਵਿਚ ਇਹ ਹੇਠ ਲਿਖੇ ਵਿਰਕ ਚੋਧਰੀ ਕੁਰਸੀ ਨਸ਼ੀਨ ਹਨ :—

ਚੋਧਰੀ ਬੂੜਾ, ਕੁੜਯਾਲ ਜਿਸ ਵਸਾਖੀ ਵਾਲੇ ਦਿਨ 13 ਅਪ੍ਰੈਲ ਸੰਨ 1550 ਨੂੰ ਕੜਯਾਲ ਦੀ ਪਿੰਡ ਨੀਂਵ ਰੱਖੀ।

" ਖਾਨ ਮੱਲਕ, ਜਿਸਦੇ ਪੁਤ੍ਰ ਮੜਿਆਲੇ ਨੇ ਮੜਿਆਲਾ ਖਾਨ ਮੱਲਕ ਵਸਾਇਆ—

" ਰਾ ਭੋਇਆ, ਭਿੱਖੀ ਦਾ ਜਿਸਦੇ ਪੁਤ੍ਰ ਰਣਸੀਹ ਨੇ ਰਣਸ਼ੀਹ ਭੋਇਆ ਆਬਾਦ ਕੀਤਾ।

ਇਸੇ ਵਾਸਤੇ ਮਿਰਾਸੀ "ਸੁਰਖ਼ਰੂ ਬਾਬਰ ਦੇ ਦਰਬਾਰੋਂ" ਕਹਿੰਦੇ ਸਨ। ਬਾਬਰ ਅਕਬਰ ਦਾ ਦਾਦਾ ਜੁ ਸੀ।" ਤੇ ਰਾਜਾ ਹੋਵੇ ਜੰਮੂ ਦੀ ਧਾਰੋਂ ਆਖਦੇ ਸਨ ਕਿ ਵਿਰਕ, ਵਰਨ ਅਤੇ ਧਰੰਗੜ, ਜੰਮੂ ਦੇ ਰਾਜੇ ਜੰਮੂ ਲੋਚਨ ਦੀ ਅੰਸ਼ ਹਨ।

ਨੋਟ :— ਯਾਦ ਰਹੇ ਕਿ ਡੋਗਰਿਆਂ ਵਿਚ ਵਡੇ ਭਰਾ ਨੂੰ ਰਾਜਾ ਅਤੇ ਛੋਟਿਆਂ ਨੂੰ ਮੀਆਂ ਕਰਕੇ ਸਦਣ ਦਾ ਰਿਵਾਜ ਸੀ। ਜਿਵੇਂ ਰਾਜਾ ਗੁਲਾਬ ਸਿੰਘ ਤੇ ਮੀਯਾ ਲਾਭ ਸਿੰਘ ਆਦਿ।

ਨੋਟ :— 2 ਇੱਕ ਵਿਚਾਰ ਅਨੁਸਾਰ 'ਵਿਰਕ' ਦੇ ਮਰਨ ਤੇ ਇਸਦਾ ਸਸ਼ਕਾਰ ਪਿੰਡ ਜਲਵਤਰੀ ਜ਼ਿਲਾ ਬਠਿੰਡਾ ਵਿੱਚ ਹੋਇਆ ਸੀ।

---

1 ਬਾਬਰ ਦਾ ਸਭ ਤੋਂ ਵਡਾ ਪੁਤ੍ਰ ਜੋ ਸੰਨ 1530 ਨੂੰ ਆਗਰੇ ਤਖਤ ਪਰ ਬੈਠਾ। ਇਹ ਬੜਾ ਵਿਦਵਾਨ ਸੀ ਮਗਰ ਸਿਪਾਹੀ ਦੇ ਗੁਣਾਂ ਤੋਂ ਖਾਲੀ ਔਰ ਵਡਾ ਅਫੀਮਚੀ ਸੀ। ਇਸਨੂੰ ਸ਼ੇਰਸ਼ਾਹ ਸੂਰੀ ਨੇ ਸੰਨ 1540 ਵਿਚ ਭਾਂਜ ਦੇ ਕੇ ਭਾਰਤ ਵਿਚੋਂ ਕੱਢ ਦਿਤਾ। ਸੰਨ 1555 ਵਿਚ ਫਿਰ ਦਿੱਲੀ ਦੇ ਤਖਤ ਤੇ ਬੈਠਾ ਪਰ ਸੰਨ 1556 ਵਿਚ ਮ੍ਰਿਤ ਹੋ ਗਿਆ।

2 ਸਹਿਸਰਾਮ ਦੇ ਜਾਗੀਰਦਾਰ ਹਸਨ ਖਾਂ ਦਾ ਪੁਤ੍ਰ ਅਸਲ ਨਾਮ ਫਰੀਦ ਖਾਨ, ਸ਼ੇਰ ਮਾਰਨ ਕਰਕੇ ਸ਼ੇਰ ਸ਼ਾਹ ਨਾਮ ਪਿਆ। ਇਸਨੇ ਹਮਾਯੂੰ ਨੂੰ ਕਨੌਜ ਦੇ ਜੰਗ ਵਿਚ 1540 ਨੂੰ ਭਾਂਜ ਦੇ ਕੇ ਦੇਸੋਂ ਕੱਢ ਦਿਤਾ। ਸੰਨ 1542 ਨੂੰ ਦਿਲੀ ਤਖਤ ਪਰ ਬੈਠਾ। ਇਸ ਦਾ ਦਿਹਾਂਤ 1545 ਈ: ਨੂੰ ਹੋਇਆ।

4 ਬਾਦਸ਼ਾਹ ਹਮਾਯੂੰ ਦਾ ਪੁਤ੍ਰ ਜੋ ਅਮਰਕੋਟ (ਸਿੰਧ) ਵਿਚ ਸੰਨ 1542 ਨੂੰ ਜੰਮਿਆ। ਇਹ ਪੌਣੇ ਤੇਰਾਂ ਸਾਲ ਦੀ ਉਮਰ ਵਿਚ ਦਿਲੀ ਦੇ ਤਖਤ ਤੇ ਬੈਠਾ, ਪੂਰਨ ਰਾਜਧਿਕਾਰ ਸੋਲਾਂ ਸਾਲ ਦੀ ਉਮਰ ਵਿਚ ਪ੍ਰਾਪਤ ਹੋਏ। 19 ਸਾਲ ਦੀ ਉਮਰ ਵਿਚ ਇਸਨੇ ਅੰਬਰ ਦੇ ਰਾਜੇ ਬਿਹਾਰੀ ਮਲ ਦੀ ਪੁਤ੍ਰੀ ਨਾਲ ਸ਼ਾਦੀ ਕੀਤੀ। ਜਿਸ ਤੇ ਰਾਜਾ ਉਦਯ ਜਿੰਘ ਨਾਰਾਜ ਹੋ ਗਿਆ 1567 ਵਿਚ ਜੈਮਲ ਤੇ ਫੱਤਾ ਲੜ ਕੇ ਚਤੌੜ ਸ਼ਹੀਦ ਹੋਏ। ਇਹ ਬੜਾ ਨਿਆਂਇਸ਼ੀਲ ਸੀ ਇਸਦਾ ਦਿਹਾਂਤ 16 ਅਕਤੂਬਰ 1605 ਨੂੰ ਹੋਇਆ।

ਵਿਰਕ ਇਤਿਹਾਸ ਸਬੰਧੀ ਗਲਤ ਧਾਰਨਾਵਾਂ

1. (i) ਪਹਿਲ ਪ੍ਰਥਮ ਰਾਜਾ ਜੰਮੂ ਲੋਚਨ ਆਇਆ | ਭਾ. ਜੀਵਨ ਸਿੰਘ
   (ii) ਕਨੌਜ ਤੋਂ | ਕਾਪੀ ਨੰ. 6 ਪੰਨਾ 4
   (iii) ਛੇਵੀਂ ਸਦੀ ਈਸਵੀ ਵਿਚ ਆਇਆ | ਕਾਪੀ ਨੰ. 3 ਪੰਨਾ 1
2. ਰਾ ਜਸੇ ਨੇ ਜੱਸੋ ਦੀਆਂ ਟਾਹਲੀਆਂ ਨਾਮੀ ਪਿੰਡ ਵਸਾਇਆ ਰਜੋਇਆ ਪੀਰਾ ਦਾ ਹੈ ਇਹ ਪਿੰਡੀ ਭੱਟੀਆਂ ਤੋਂ ਦੱਖਣ ਪੱਛਮ ਦੇ ਕੋਨੇ ਵਿਚ ਜਿੱਥੇ ਦਰਯਾ ਚਨਾਬ ਤੇ ਜਿਹਲਮ ਮਿਲਦੇ ਹਨ ਉਥੇ ਤੱਕ ਵਿਰਕਾ ਦੀ ਹਦ ਸੀ। | ਉਪਰੋਕਤ ਪੰਨਾ 5
3. ਜੱਗੋ ਦਾ ਪੁਤਰ ਕਾਲੋ ਮਾਲੋ ਰਣੀ ਅਤੇ ਸੀਤੋ ? | ਉਪਰੋਕਤ
4. ਸੀਤੋ ਦਾ ਪਿੰਡ ਸ਼ੇਖੂਪੁਰਾ—(ਇਹ ਈਦੋ ਦਾ ਪਿੰਡ ਹੈ) —"—
5. ਮਾਲੋ ਦਾ ਪਿੰਡ ਚਕ ਮਨਾਕੇ ਕੋਲ ਸੀ—ਨਹੀਂ ਸ਼ੇਖੂਪੁਰੇ ਦੀ ਰੇਲਵੇ ਲਾਈਨ ਤੋਂ ਪਹਾੜ ਪਾਸੇ ਮਿਰਜੇ ਵਾਲੇ ਫਾਟਕ ਅਤੇ ਭੰਗੂਆਂ ਵਾਲੇ ਖੂਹ ਦੇ ਵਿਚਕਾਰ ਸੀ। ਪੰਨਾ 8
6. ਬਾਬਾ ਅਮੀਰ ਸਿੰਘ ਭਿਖੀਵਾਲਾ ਨਲੂਏ ਤੋਂ ਪਿਛੋਂ ਤੇ ਮਹਾਰਾਜੇ ਤੋਂ ਪਹਿਲੇ ਸੁਰਗਵਾਸ ਹੋਇਆ। ਅਮੀਰ ਸਿੰਘ ਚਲਾਣਾਂ 1813, ਨਲੂਆ ਚਲਾਣਾ 1837 ਮਹਾਰਾਜੇ ਚਲਾਣਾ 1839। (ਜੰਗ ਅਟਕ ਬੁਰਜ ਰਾਜਾ ਹੋਡੀ ਕੋਲ ਸ਼ਹੀਦ ਹੋਏ)।
7. ਸਹਾਈ ਸਿੰਘ, ਸਾਹਿਬ ਸਿੰਘ ਦਾ ਪਿੰਡ ਵੀ 1730 ਵਿਚ ਤਬਾਹ ਹੋਇਆ। (ਇਹਨਾਂ ਦੀ ਪੀਹੜੀ 1800 ਈ: ਬਣਦੀ ਹੈ)
8. ਕੜਯਾਲ ਵਿੱਚਾਂ ਨਿਕਲਕੇ ਗਗੜ ਤੇ ਸ਼ਹਾਰੀ ਨੇ ਕਸੂਰ ਦੇ ਇਲਾਕੇ ਵਿੱਚ ਆਬਾਦੀ ਕੀਤੀ। ਕੜਯਾਲ ਕਲਾਂ ਆਬਾਦ ਹੋਈ 1550 ਈ, ਦਾ ਬੁਢੀ ਕੜਯਾਲ ਕਹਿ ਸਕਦੇ ਹੋ ਜੋ ਬਾਬੇ ਕਰਨ ਨੇ ਵਸਾਈ। 15
9. ਚੋ: ਦਲੀਪ ਸਿੰਘ ਮਾਲੋਕੇ ਨੇ ਫੈਜ਼ੁਲ ਪੁਰ ਖੂਹ ਕੇ ਵਸਾਇਆ ਨਹੀਂ ਚੋ: ਦਲੀਪ ਸਿੰਘ ਜੀ 1715 ਵਿਚ ਸ਼ਹੀਤ ਹੋ ਚੁਕੇ ਹੋਏ ਸਨ ਜਥੇਦਾਰ ਦਲੀਪ ਸਿੰਘ ਜੀ ਨੇ 1729/30 ਵਿਚ ਫੈਜ਼ੁਲ ਪੁਰ ਖੂਹ ਕੇ ਸਿੰਘ ਪੁਰਾ ਨਾਮ ਰਖਿਆ ਸੀ।
10. ਤਿਮਰ ਲਿੰਗ ਦੇ ਜਾਣ ਪਿਛੋਂ ਸਯਦਾਂ, ਬਲੋਚਾਂ, ਭਟੀਆਂ ਖਰਲਾਂ ਗਖੜਾਂ ਖੋਖਰਾਂ ਸਿਆਲੇ ਨੇ ਰਲਕੇ 18 ਪੁਸ਼ਤਾਂ ਦੇ ਆਬਾਦ ਹੋਏ ਵਿਰਕਾ ਦੇ ਪਿੰਡ ਲੁਟ ਪੁਟ ਸਾੜ ਫੂਕ ਢਾਹ ਢੇਰੀ ਕੀਤੇ ਨਹੀਂ। ਵਿਚਾਰ 1060 ਈ. ਵਿਚ ਅੰਗਯਾਰੀ ਤੋਂ ਵਿਰਕ ਕੁਲ ਚਲੀ 1130 ਈ: ਵਿਚ ਅੰਗਯਾਰੀ ਦਾ ਪੋਤਰਾ ਬਾਲਾ ਗੁਜਰਾਂ ਵਾਲੇ ਬੈਠਾ 1370/1400 ਵਿਚ ਬਾਰ੍ਹਵੀ ਪੀਹੜੀ ਹੋਇਆ ਤੇ 18 ਪੀਹੜੀਆਂ ਕਿਵੇਂ ਹੋਈਆ ?

ਉਕਤ ਪੰਨ. 27

11. ਭਿਖੀ ਦਾ ਚੋਧਰੀ ਅਕਬਰ ਸਮੇਂ ਰਾਇ ਭੋਇਆ ਸੀ। (ਪੰਨਾ 28) ਵਿਚਾਰਾ ਰਾਇ ਭੋਇਆ ਭੋਇ ਪੁਰ ਦਾ ਚੋਧਰੀ ਹੋਵੰਗਾ। ਕਿੰਤੂ ਭਿਖੀ ਦਾ ਚੋਧਰੀ ਰਾ ਲਾਲੂ ਅਕਬਰ ਦਾ ਸਮਕਾਲੀ ਸੀ।
12. ਮੁਹੰਮਦ ਗੋਰੀ ਨੇ 1206 ਈਸਵੀ ਵਿਚ ਹਿੰਦ ਤੇ ਹਮਲਾ ਕੀਤਾ ਵਿਚਾਰ-ਚੋਧਰੀ ਬਾਲੇ ਦੇ ਸਮੇਂ ਮੁਹੰਮਦ ਗੋਰੀ ਨੇ ਹਮਲਾ ਕੀਤਾ ਮਗਰ ਸਨ 1190-92 ਵਿਚ, 1206 ਈ. ਨੂੰ ਨਹੀਂ 14 ਸਾਲ ਦਾ ਫਰਕ ਹੈ।
13. ਰਜੋਆ ਸਯਦਾਂ : ਇਸ ਸਮੇਂ (ਅਰਬਾਂ ਦੇ ਸਿੰਧ ਤੇ ਮੁਲਤਾਨ ਦੇ ਰਾਜ ਵਿਚ) ਅਜਕਲ ਦੇ ਜਿਲੇ ਝੰਗ ਵਿਚ ਪਛਮ ਪਾਸੇ ਇਕ ਪਿੰਡ ਰਜੋਆ ਪੀਰਾ ਦੇ ਨਾਮ ਤੇ ਵਸਾਇਆ ?
14. ਖਿਜਰ ਖਾਨ ਸਯਦ : 1398 ਈ. ਵਿਚ ਤਿਮਰ ਲੰਗ ਵਲੋਂ ਵਾਇਸਰਾਏ ਥਾਪਿਆ ਗਿਆ। ਜਦ [illegible] ਾਨ ਨੇ 1414 ਵਿਚ ਦੋਲਤ ਖਾਂ ਲੋਦੀ ਤੋਂ ਤਖਤ ਖੁਥਾ ਤੇ 1471 ਤਕ ਰਾਜ ਕੀਤਾ ਪਹਿਲਾਂ ਇਹ ਗਵਰਨਰ ਮੁਲਤਾ [illegible]

ਜੰਡਿਆਲਾ 'ਸ਼ੇਰਖ਼ਾਂ' : ਦੌਲਾ ਖਾਂ ਲੋਧੀ ਦੇ ਵੇਲੇ ਕਈ ਪਠਾਣ ਵਿਰਕਾਂ ਦਿਆਂ ਪਿੰਡਾਂ ਵਿਚ ਵਸ ਗਏ ਜੈਸੇ ਜੰਡਿਆਲਾ ਸ਼ੇਰਖਾਂ... ਜਦ ਕਿ ਜੰਡਿਆਲਾ ਸੇਰਖਾਂ ਮੁਗਲ ਬਾਦਸ਼ਾਹ ਦੇ ਇਕ ਮੁਲਾਜ਼ਮ ਸ਼ੇਰਖਾਂ ਨੇ ਵਸਾਇਆ ਸੀ। (ਦੇਖੋ ਪੁਸਤਕ ਪੰਜਾਬੀ ਦੀ ਸੈਰ ਪੰਨਾ 93)

ਰਾਜਾ ਟੋਡਰ ਮਲ : ਸ਼ੇਰ ਸ਼ਾਹ ਸੂਰੀ ਦੇ ਵਕਤ (1542-1545) ਹੋਇਆ। ਹਾਲਾਂ ਕਿ ਟੋਡਰ ਮਲ, ਅਕਬਰ (1555-1605) ਦਾ ਵਜ਼ੀਰ ਸੀ। ਇਸਦਾ ਜਨਮ 1523 ਅਤੇ ਦਿਹਾਂਤ 1589 ਨੂੰ ਵਿਆਹ ਲਾਹੌਰ ਵਿਚ ਹੋਇਆ।

ਜਹਾਂਗੀਰ:— (ਮਹਿਰ ਮਿਠੇ ਦੀ......**ਜੋ ਅਕਬਰ ਨੇ ਵਿਚੋਂ ਅਕਬਰ ਦਾ ਪੁਤ੍ਰ ਸ਼ੇਖੂ ਸ਼ਾਹਜਾਦਾ ਇਸ ਰਾਣੀ ਵਿਚੋਂ ਹੋਇਆ—ਜਦੋਂ** ਕਿ ਅਕਬਰ ਦਾ ਪੁਤ੍ਰ ਸ਼ੇਖੂ, ਰਾਜਾ ਬਿਹਾਰੀ ਮਿਲ ਕਛਵਾਹੇ ਦੀ ਧੀ ਤੋਂ ਸੰਨ 1627 ਵਿਚ ਪੈਦਾ ਹੋਇਆ।

ਰਾਜੇ ਮਨਹਾਸ ਦੇ 13 ਪੁਤ੍ਰ ਸਨ—

ਇਕ ਟੂਕ ਸਾਂਹਸੀ ਕਾਮੋਕੇ ਜਾਊ ਦੀ ਅੰਸ਼ ਦੇ ਹਨ, ਨਹੀਂ ਇਹ ਜੇਪਰ ਦੀ ਅਸ਼ ਦੇ ਹਨ।

ਸਮਸਾ ਢੱਡਾ : ਵਸਤਪਾਲ ਪੁਤ੍ਰ ਬਛਕਾ ਦਾ ਨਹੀਂ ਇਹ ਮਹੀਪਾਲ ਪੁਤ੍ਰ ਜੈਪਰ ਹੈ।

ਭਾਈ ਬੰਨੋ : ਭਾਈ ਬੰਨੋ ਦਾ ਪਿੰਡ ਉਚੇ ਮਾਂਗਟ ਨਦਕ ਹਾਫਜ਼ਾਬਾਦ ਜਿਲਾ ਗੁਜਰਾਂ ਵਾਲਾ ਸੀ—ਨਹੀਂ ਭਾਈ ਬੰਨੋ ਦਾ ਪਿੰਡ ਮਾਗਟ ਤਹਿਸੀਲ ਫਾਲਯਾ ਜ਼ਿਲਾ ਗੁਜਰਾਤ ਵਿਚ ਸੀ।

ਸੂਬੇ ਖਾਨ ਬਹਾਦਰ ਨੇ ਜਾਂ ਤੇਗ ਸ਼ਰ੍ਹਾਂ ਦੀ ਚੱਕੀ।
ਜ਼ੋਰੀਂ ਦੀਨ ਮਨਾਵਦ ਲੱਗਾ ਪਰਜਾ ਉਸ ਤੋਂ ਅੱਕੀ।
ਬੁੱਢਾ ਸਿੰਘ ਇਸ ਰੌਲੇ ਦੇ ਵਿਚ ਟੱਬਰ ਤਾਈ ਛਪਾਕੇ।
ਰਾਜਾ ਸਾਹ ਸੀ ਛਡ ਵਸਿਆ ਸ਼ੁਕਰ ਚਕ ਉਹ ਜਾ ਕੇ।

ਨੋਟ : ਭੰਡੋਯ ਦੇ ਮਤਾਬੀ ਵੜੈਚ ਦੀ ਇਕ ਹਜ਼ਾਰ ਗਊ ਚੂਹੜ ਕਾਣੇ ਦੀ ਬੁਰਜੀ ਵਿਚ ਚੁਗਿਆ ਕਰਦੀ ਸੀ। ਸਿਖ ਰਾਜ ਦੇ ਜ਼ਮਾਨੇ ਵਿਚ ਮਾਨਾਂ ਵਾਲੇ ਬੁਰਜੀ ਵਿਚ ਮਹਾਰਾਜੇ ਦੇ ਘੋੜਿਆਂ ਅਤੇ ਗਊਆਂ ਦੀ ਰਖ ਹੁੰਦੀ ਸੀ। ਜਦ ਅੰਗਰੇਜ਼ਾਂ ਦਾ ਰਾਜ ਹੋਇਆ ਤਾਂ ਤਿਣੀ ਤੇ ਚੜ੍ਹਿਆ ਤਾਂ ਮਤਾਬੀ ਵੜੈਚ ਨੇ ਲੈ ਲਿਆ।

ਜ਼ਰੂਰੀ ਨੋਟ :—

(i) **ਬਾਬੇ ਫਰੀਦ ਜੀ ਦਾ ਦਿਹਾਂਤ ਸੰਨ 1266 ਈ:)**
(ਅਲਾਉਦੀਨ ਤੁਗਲਕ ਦੇ ਸਮੇਂ)
ਭਟੀਆ ਦੇ ਵਡਕੇ ਬਾਬੇ ਫਰੀਦ ਹਥੀਂ ਮੁਸਲਮ ਹੋਏ ਸਨ, ਤਦ ਪਿਛੋਂ ਸਾਦਲ ਬਾਰ ਵਿਚ ਆ ਕੇ ਆਬਾਦ ਹੋਏ।

(ii) ਸੰਨ 1309 ਈ: ਰਾਣਾ ਮਲ ਭੱਟੀ ਨੇ ਆਪਣੀ ਪੁੱਤਰੀ ਨੈਲਾਂ ਦੀ ਸਾਦੀ ਰਜਬ ਨਾਲ ਕੀਤੀ ਜਿਸਦੀ ਕੁਖੋਂ ਫੀਰੋਜ਼ ਸ਼ਾਹ (III) ਜ਼ਮਿਆਂ।

(iii) ਸੰਨ 1398 ਤੈਮੂਰ ਦੇ ਹਮਲੇ ਵੇਲੇ ਭਟਨੇਰ ਦਾ ਰਾਜਾ ਦੂਲ ਚੰਦ ਸੀ।

ਰਾਜੇ ਗਜ ਨੂੰ ਗਜਪਤ ਵੀ ਕਹਿੰਦੇ ਹਨ ਜਿਸਦਾ ਕਾਰਜਕਾਲ ਰਾਜਪੁਤਾਨੇ ਦਾ ਇਤਿਹਾਸ VOI ਪੰਨਾ 645/650 ਅਨੁਸਾਰ ਸੰਮਤ 500 ਬਿ: (543 ਈ:) ਬਣਦਾ ਹੈ। ਗਜ ਦਾ ਜੀਵਨ ਕਾਲ 578 ਈ: ਅਤੇ ਸਾਲ ਬਾਹਨ ਦਾ 513 ਈ. ਸੰਭਵ ਹੈ। ਜਿਸ ਕਰਕੇ ਉਸਦਾ ਸੰਬੰਧ ਸੰਮਤ 372 ਬਿ: (312 ਈ:) ਵਿਚ ਸਿਆਲ ਕੋਟ ਦੀ ਨੀਹ ਧਰਨ ਨਾਲ ਸਿਧ ਨਹੀਂ ਹੁੰਦਾ। ਦੂਸਰੀ ਗਲ ਕਿ ਉਸ ਨੇ ਸ਼ਕ ਸੰਮਤ ਚਲਾਇਆ। ਜੋ ਸੰਨ 78 ਈ. ਤੋਂ ਆਰੰਭ ਹੁੰਦਾ ਹੈ। ਅਗਰ ਉਹ 78 ਈ. ਵਿਚ ਸ਼ਕਾਂ ਨੂੰ ਪ੍ਰਾਜਯ ਕਰਦਾ ਹੈ ਤਾਂ 357 ਈ. ਸਿਆਲ ਕੋਟ ਦੀ ਨੀਵ ਕਿਸ ਤਰਾਂ ਰਖ ਸਕਦਾ ਹੈ।

ਚੌਧਰੀ ਬਾਲੇ ਦੇ ਸਮੇਂ ਦਾਸ ਬੰਸ ਦੇ ਨਾਸਿਰੁ ਦੀਨ ਦਾ 1245 ਈ: ਰਾਜ ਸੀ। ਇਹ ਬੜਾ ਨੇਕ ਸੀ—ਜਦ ਕਿ ਬਾਬਾ ਬਾਲਾ ਦਾ ਜੀਵਨ ਕਾਲ 1130-1180 ਅਨੁਮਾਨਤ ਹੈ।

ਆਬਾ ਕਾਪੀ-ਕਾਲੀਆ ਕਾਲਪੀ ਅਤੇ ਇਹ ਬਾਰੇ ਮੁਕਟ ਦੇ ਪੁਤ੍ਰ ਮਹੋਦੀ ਅੰਸ਼ ਦੇ ਹਨ—ਜਦ ਕਿ ਇਹ ਪਿੰਡ ਦਿਉਣ ਦੇ ਅੰਸ਼ ਦੇ ਹਨ ਅਤੇ ਬਾਬੇ ਮਹੇ ਦਾ ਆਪਣੇ ਨਾਮ ਤੇ ਵਸਾਇਆ ਪਿੰਡ ਮਹੇ ਕਾਮੇਕਿਆ ਨੇੜੇ ਹੈ—ਮੈਨੂੰ ਘਲੀਆਂ ਲਿਖਤਾਂ ਦੇ ਪੰਨਾ ਅਠ ਤੇ ਮੂਕਟ ਦੇ ਪੁਤ੍ਰ ਮਹੇ ਦੀ ਅੰਸ਼ ਦੇ ਆਬਾਕਾਪੀ ਵਗੈਰਾ ਦਸ਼ੇ ਹੋਏ ਹਨ—-

ਸ਼ਹਾਈ ਸਿਘ ਭਿਖੀਕਾ ਸ਼ਾਹ ਜਮਾਲ ਦੇ ਸਯਦ ਨਾਲ ਹੋਏ ਜੰਗ ਵਿਚ ਸ਼ਹੀਦ ਹੋਇਆ। ਉਸਦੀ ਸਮਾਧ ਕਿਲੇ ਦੇ ਪਾਸ ਹੈ ਜਦ ਕਿ ਬਾਬਾ ਸਹਾਈ ਸਿਘ ਉਸ ਤੋਂ ਕਿਤਨਾ ਅਰਸਾਂ ਪਹਿਲੋਂ ਖਰਲਾਂ ਨਾਲ ਲੜਦਾ ਮਾਰਿਆ ਗਿਆ ਸੀ।

ਪਿਰਾਨਾ ਤੇ ਤਾਰਾ ਮੰਚਰ ਦੇ ਜੰਗ ਵਿਚ ਸ਼ਾਮ

ਜੰਗ ਮੰਚਰ 1780 ਈ: ਵਿਚ ਹੋਇਆ ਕਿੰਤੂ ਪਿਰਾਨਾ ਤੇ ਤਾਰਾ ਸੰਨ 1680 ਵਿਚ ਹੋ ਗੁਜਰੇ ਸਨ।

(ਭਾ. ਜੀਵਨ ਸਿਘ ਦੀ ਕਾਪੀ ਨੰ. 6)

ਚੌ: ਬਾਲਾ

(ਕੁਰਸੀ ਨਾਵੇਂ ਦਾ ਟਾਕਰਾ)

1.	ਬਛਰਾਏ	ਜਾਊ	ਜੋਪਰ
2.	ਅਜੇਪਾਲ	ਮੁਕਟ	ਵੰਝਲ
3.	ਮਹਿੰਦਰ	ਪ੍ਰਿਥੀ	ਚਾਂਧੜ
4.	ਭਗੀਰਥ	ਆਸੀ	ਦਸਤਰ
5.	ਜਸਾ	ਭੰਬੀ	ਭੰਬੀ
6.	ਮੋਕਲ	ਰੱਤੀ	ਵੇਦੀ
7.	ਲੈਧਰ	ਹਰਦੇ	ਨਸਪਾਲ
8.	ਅਲਖਸੈਨ[1]	ਕੇਇਰ	ਸੀਤੋ
9.	ਅਤੋ	ਗੁੱੜ	ਕੋਲੋ
10.	ਕਰਨ	ਸਲਾਰ	ਰਾਧਾ
11.	ਪੇਰੋ	ਦਾਓ	ਮਲ
12.	ਰਣਧੀਰ	ਮੁਰੀਦ	ਵੇਦਨ
13.	ਮੂਸਾ	ਰਾਜ਼ਾ	ਪਰੋਜ (ਪਿੰਡ ਵਸਾਇਆ ਜੋ ਹੁਣ ਪਰੋਜ ਵਟੂਆ ਅਖਵਾਉਂਦਾ ਹੈ)
14.	ਪਾਂਡੋ	ਚੂਹੜ	ਪਾਂਡੋ
15.	ਬੂੜਾ[2]	ਅਲੀਸ਼ੇਰ	ਮਾਲਾ
16.	ਜੈਦ	ਤਖਤਮਲ	ਫਤਹਿਸਾਹ (ਮੁਸਲਮਾਨ ਹੋ ਗਿਆ)
17.	ਰਾਏ ਸਿੰਘ	ਸੇਰੋ	ਜਲਾਲ
18.	ਛਟਾ ਮਲ	ਪ੍ਰਸਰਾਮ	ਫ਼ਾਨੂਸ਼ਾਹ
19.	ਸਦਾ ਮਲ	ਦਾਨਾ	ਗੱਖਰ
20.	ਗੰਗਾ ਰਾਮ	ਧਨ ਪਾਤੂ	ਬੋਦਲਾ
21.	ਤਖਤ ਮਲ	ਨਾਰੂ ਸਿੰਘ	ਗਰੀਬ
22.	ਸਰਜੂ	ਰੂਪ ਸਿੰਘ	ਬੂੜਾ
23.	ਹਕੂਮਤ	ਸੁਹੇਲ ਸਿੰਘ	ਮੁਰੀਦ

1. ਤੈਮੂਰ (ਤਿਮਰਲੰਗ) ਨੇ ਹਮਲਾ ਕੀਤਾ 1399 ਈਸਵੀ ਵਿਚ।
2. 13 ਅਪ੍ਰੈਲ 1550 ਨੂੰ ਬਾਬੇ ਬੂੜੇ ਨੇ ਵੱਡੀ ਕੜਯਾਲ ਦੀ ਨੀਂਹ ਰੱਖੀ।

24. ਕਾਹਨ ਸਿੰਘ	ਨਿਹਾਲ ਸਿੰਘ	ਸੈਦ ਖਾਂ
25. ਜਵਾਹਰ ਸਿੰਘ	ਉਤਮ ਸਿੰਘ	ਉੱਬਰ
26. ਪ੍ਰੇਮ ਸਿੰਘ	ਕਿਸ਼ਨ ਸਿੰਘ	ਚਾਂਦੀ (ਚਾਂਦੀ ਦਾ ਵਲਗਣ ਵਸਾਇਆ)
27. ਜੀਵਨ ਸਿੰਘ	ਸ਼ਰੈਣ ਸਿੰਘ	ਸਜਾਉਲ
28. ਮੱਖਣ ਸਿੰਘ		ਸ਼ਾਹ ਮੁਹੰਮਦ

ਦੁਤਯ ਭਾਗ

ਜ਼ਾਉ (ਕ)

ਇਸਦੇ ਵੰਸ ਦੇ ਪਿੰਡ (ਮੁਕਦ ਦੀ ਅੰਸ ਦੇ)

ਗਜਿਆਣਾ, ਸਲਾਰ, ਜਸਪਾਲ, ਲੱਖੂ ਦਾ ਵਲਗਣ, ਚੂਹੜਕਾਣਾ, ਮੁਰੀਦ ਕੇ. ਬੰਧੇ ਕੇ, ਈਸਰ ਕੇ, ਝਬਰ, ਭੰਡੋਰ, ਮਾਂਗਾ, ਜਾਤਰੀ, ਝੀਂਡਾ; ਸ਼ੇਰੋ ਕੇ, ਸਾਉਣ ਕੇ, ਕੱਕੀ, ਚੰਨਿਆਂ ਵਾਲੀ, ਹਰਚੰਦ, ਪਿੜਆਂ ਵਾਲਾ, ਡੇਰਾ ਮੱਲਾ ਸਿੰਘ, ਕਸੋ ਕੇ, ਛੀਨੇ, ਕਿਲਾ ਰਾਇ ਸਿੰਘ, ਠੱਟਾ ਟੇਕ ਸਿੰਘ, ਬਹਾਲੀ ਕੇ, ਫੁਲਰ ਵੰਨ, ਕੋਤਿਆਂ ਵਾਲੀ, ਨੋਖਰ, ਗਰਵਾਂਹ ਵਾਲਾ, ਨਵਾਂ ਪਿੰਡ ਵਿਰਕਾਂ, ਠਟਾ ਬਹਾਦਰ ਸ਼ਾਹ ।


ਬਖਸੀਂਹ ਕਿਆਂ ਨਾਲ ਭੇੜਾ


ਗਜੂ ਸਾਂਓਸੀ	ਪੜਿਆਂਵਾਲੀ ਦਾ
ਵਰਛਾ	ਲਾਲ ਕਿਆਂ ਦਾ
ਲਖਮੀ (ਮਾਡੋਕਾ)	ਈਸਰਕਾ
ਰਾਮ ਸਿੰਘ (ਸੇਰੋਂਕਾ)	ਸਲੇਮ ਸਾਹਕਾ

ਜਦੋਂ ਇਹ ਰਲ਼ ਕੇ ਟੁਰੇ ਜਾਂਦੇ ਸਲਾਰ ਗਾਜੀ ਕੋਲ ਅਪੜੇ ਤਾਂ ਅਗੋਂ ਦੋ ਸੰਨਯਾਸੀ ਸਾਧੂ ਮਿਲੇ। ਉਹਨਾਂ ਆਖਿਆ, "ਤੁਸੀਂ ਅਗਾਂਹ ਨਾ ਜਾਓ। ਬਖਸੀਂਹ ਕਿਆਂ ਦਾ ਇਕੱਠ ਬਹੁਤ ਭਾਰਾ ਹੈ। ਜਾਂ ਫਿਰ ਹੋਰ ਬੰਦੇ ਸੱਦ ਲਵੋ। ਹਾਲੀ ਹਟ ਜਾਵੋ।"

ਲਖਮੀ ਮਾਡੋ ਕੇ ਆਖਿਆ, "ਬਾਬਾ ਤੁਸੀਂ ਸਾਧੂ ਕੀਹ ਜਾਣੋ ਲੜਨਾ-ਮਰਨਾ, ਅਸੀਂ ਘਰੋਂ ਇਰਾਦਾ ਧਾਰ ਕੇ ਆਏ ਹਾਂ ਤੇ ਪਿਛਾਂ ਨਹੀਂ ਪਰਤਣਾ। ਤੁਸੀਂ ਸਾਨੂੰ ਰੋਕੋ ਨਾ।" ਇਹ ਸੁਣ ਉਹ ਦੋਵੇਂ ਸੰਨਯਾਸੀ ਵੀ ਨਾਲ ਰਲ ਪਏ (ਤੇ ਲੜਾਈ ਵਿਚ ਪੂਰੇ ਸ਼ਾਮਲ ਰਹੇ।) ਜਦ ਇਹ ਧਾੜ ਖਾਨਗਾਹੀ ਅਪੜੀ ਤਾਂ ਬਖਸ਼ੀਂਹ ਕਿਆਂ ਗੋਲੀ ਚਲਾਣੀ ਸ਼ੁਰੂ ਕਰ ਦਿੱਤੀ। ਉਹਨਾਂ ਦੇ ਮੁਹਰੀ ਨੂੰ ਲਖਮੀ ਮਾਡੋਕੇ ਨੇ ਦੁਗਾੜਾ ਮਾਰ ਕੇ ਡੇਗ ਲਿਆ ਤੇ ਬਾਕੀ ਦਿਆਂ ਨੂੰ ਭੋਰਿਆਂ ਵਿਚ ਲੁਕਿਆਂ ਨੂੰ ਕੱਢ ਕੱਢ ਮਾਰਿਆ।

ਜਦ ਪੂਰੀ ਤਸੱਲੀ ਹੋ ਗਈ ਤਾਂ ਪਿਛਾਂ ਪਰਤੇ। ਖੁਸ਼ੀ ਵਿਚ ਪਰਤੇ ਆਉਂਦਿਆਂ ਨੇ ਏਵੇਂ ਮੁੰਡਪੁਣੇ ਵਿਚ ਬੁਚਿਆਣੇ ਬਾਵੇ ਭਾਰਥੀ ਦੇ ਖੂਹ ਦੀ ਮਾਹਲ ਵਢ ਦਿੱਤੀ ਤੇ ਉਸ ਨੇ ਸਰਾਪ ਦਿਤਾ ਕਿ ਜਾਉ ਤੁਸਾਡਾ ਇਕਵਾਕ ਨਾ ਰਹੇਗਾ ਪਰ ਜਦ ਤੁਸਾਡਾ ਇਕਵਾਕ ਕਦੇ ਹੋ ਜਾਵੇਗਾ ਤਾਂ ਤੁਹਾਡੀ ਝਾਲ ਕੋਈ ਨਾ ਝੱਲੇਗਾ।






1. ਇਸ ਦੀ ਅੰਸ ਨੇ ਪਿਰਥੀਪੁਰ, ਚੇਲੋ ਕੇ, ਝੰਡੇ ਦਾ ਕਿਲਾ, ਆਦਿ ਵਸਾਏ। ਚੌਧਰੀ ਗੁੜ ਨੇ ਆਪਣੇ ਨਾਮ ਤੇ ਗਜਿਆਣਾ ਪਿੰਡ ਅਜ ਤੋਂ 19 ਪੁਸਤਾਂ ਪਹਿਲੋਂ ਸੰਨ 1398 ਈ: ਵਿਚ ਵਸਾਇਆ ਜਿਸਦੀ 6,000 ਘੁਮਾਂ ਭੋਇੰ ਸੀ। ਵਿਰਕ ਦੇ ਹੋਰ ਪਿੰਡਾਂ ਸਮੇਤ ਤਿਮਰਲੰਗ ਦੇ ਹਮਲੇ ਵੇਲੇ ਭਟੀਆਂ ਨੇ ਉਸ ਦੇ ਲਸ਼ਕਰ ਨਾਲ ਰਲ ਕੇ ਇਹ ਪਿੰਡ ਵੀ ਬਰਬਾਦ ਕੀਤਾ। 1743 ਵਿਚ ਗੁੜ ਦੀ ਅੰਸ਼ ਨੇ ਦੁਬਾਰਾ ਕਬਜ਼ਾ ਕੀਤਾ।

2. ਸਲਾਰ—ਇਸ ਨੇ ਆਪਣੇ ਨਾਮ ਤੇ ਪਿੰਡ ਸਲਾਰ ਵਸਾਇਆ ਜ ਸਯਦਾਂ ਨੇ ਖੋਹ ਲਿਆ।

3. ਲਖੋ—ਇਸ ਨੇ ਆਪਣੇ ਨਾਮ ਤੇ ਪਿੰਡ ਲਖੋ ਕੇ ਵਸਾਇਆ। ਜਿਸ ਨੂੰ ਮੁਸਲਮਾਨ ਨੇ ਖੋਹ ਕੇ ਨਾਮ ਠਟਾ ਬਹਾਦਰ ਸ਼ਾਹ ਰੱਖਿਆ। ਇਸ ਦੀ ਅੰਸ਼ ਲਖੂ ਕੇ ਵਲਗਣ ਤੇ ਸੀ। (ਪੂਰੀ ਖੋਜ ਨਹੀਂ ਹੋ ਸਕੀ)। ਇਕ ਘਰ ਡਾਚਰ ਜ਼ਿਲਾ ਕਰਨਾਲ ਵਿਚ ਹੈ।

4. ਜਸਪਾਲ—ਇਸ ਨੇ ਆਪਣੇ ਨਾਮ ਤੇ ਪਿੰਡ ਜਸਪਾਲ ਵਸਾਇਆ ਜੋ ਕਿ ਮੁਸਲਮਾਨਾਂ ਦੇ ਹਮਲਿਆ ਵੇਲੇ ਤਬਾਹ ਹੋ ਗਿਆ। ਇਸ ਦੀ ਅੰਸ਼ ਪਡਿਆਂ ਵਾਲਾ ਨਾਮੇ ਪਿੰਡ ਪੁਰਾਣੇ ਬਿੰਹ ਦੇ ਨੇੜੇ ਹੀ ਕਰ ਕੇ ਵਸਦੀ ਸੀ। ਜੋ ਇਸ ਦੇ ਪੁਤ੍ਰ ਤਖਤ ਮਲ ਨੇ ਵਸਾਇਆ ਸੀ।




(ਭਾਈ ਜੀਵਨ ਸਿੰਘ ਦੀ ਖੋਜ ਦੇ ਆਧਾਰ ਤੇ ਇਹ ਦੋਵੇਂ ਘਰ ਮਲਕਪੁਰ (ਜੀਂਦ) ਵਿਚ ਹਨ।

---

1. ਇਸ ਦਾ ਅਨੁਮਾਨਤ ਕਾਲ 1400 ਈ: ਪ੍ਰਤੀਤ ਹੁੰਦਾ ਹੈ। ਇਸ ਨੇ ਆਪਣਾ ਪਿੰਡ ਵਸਾਇਆ ਜ ਤਬਾਹ ਹੋ ਗਿਆ। ਭਾਈ ਜੀਵਨ ਸਿੰਘ ਦੇ ਕਥਨ ਅਨੁਸਾਰ ਉਸ ਦੇ ਭਗਨਾਵੇਸ਼ ਨੂੰ ਸ਼ਾਹਪੁਰ ਭਿੜ ਆਖਦੇ ਹਨ। ਇਹ ਉਪਰੋਕਤ ਕੁਰਸੀਨਾਮਾ ਵੀ ਉਹਨਾਂ ਦੀ ਖੋਜ ਦੇ ਆਧਾਰ ਤੇ ਹੈ।

2. ਮੌਜੂਦਾ ਪਿੰਡ ਪੜਿਆਂ ਵਾਲਾ ਤਖਤ ਮਲ ਨੇ ਵਸਾਇਆ। ਜਿਸ ਵਿਚ ਅੱਧੇ ਸਿਖ ਤੇ ਅੱਧੇ ਮੁਸਲਮਾਨ ਸਨ। ਉਪਰੋਕਤ ਦੋਵੇਂ ਪ੍ਰਵਾਰ ਪਿੰਡ ਮਲਕਪੁਰ (ਹਰਿਆਣੇ) ਵਿਚ ਵਸਦੇ ਹਨ।

ਗੁੱਝ ਵਲਦ 000000 ਵਸਦ ਜਾਊ ਪਿੰਡ ਲਖੋਂ ਕਾ ਵੰਲਗਣ



ਨਵਾਬ ਕਪੂਰ ਸਿੰਘ ਦਾ ਬਚਪਨ

ਜਨਮ

(ਜ਼ਬਾਨੀ ਜਥੇਦਾਰ ਅਨੋਖ ਸਿੰਘ ਪੁੱਤਰ ਖੜਕ ਸਿੰਘ ਨਾਵਾਂ, ਵਾਸੀ ਕਾਲੰਕਾ ਹਾਲ, ਬਲ ਜ਼ਿਲਾ-ਕਰਨਾਲ ਸੰਨ 1972)

ਹਜ਼ਾਰੋਂ ਸਾਲ ਨਰਗਸ ਆਪਣੀ ਬੇ-ਨੂਰੀ ਪੇ ਰੋਤੀ ਹੈ, ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਵਿਮੇਂ ਦੀਦਾ-ਵਰ ਪੈਦਾ।

ਵਿਰਕ ਜਟ ਚੌਧਰੀ ਕਾਲੋ ਦੇ ਭਾਈ ਮਾਲੋ1 ਵੰਸਜ, ਪਿੰਡ ਮਾਲੋ ਕੀ ਟਿੱਬੀ ਦੇ ਵਸਨੀਕ ਚੌਧਰੀ ਦਲੀਪ ਦਸਮੇਸ਼ ਜੀ ਦੇ (ਅੰਗ ਰਖਿਅਕ) ਸਨ। ਆਪ ਜੀ ਦੇ ਗ੍ਰਹਿ ਸੰਨ 1697 ਈ: ਨੂੰ ਵਿਰਕ ਕੁਲ ਦੀਪਕ, ਬਾਲਕ ਕਪੂਰ (ਸਿੰਘ) ਦਾ ਜਨਮ ਹੋਇਆ।

ਸੰਨ 1699 ਈ: ਦੀ ਵਿਸਾਖੀ ਸਮੇਂ ਹੋਏ ਅੰਮ੍ਰਿਤ ਪ੍ਰਚਾਰ ਸਮੇਂ ਅੰਮ੍ਰਿਤ-ਪਾਨ ਕਰ ਚੌਧਰੀ ਜੀ ਦਾ ਨਾਮ ਚੌਧਰੀ ਦਲੀਪ ਸਿੰਘ ਪ੍ਰਸਿੱਧ ਹੋਇਆ।

ਪ੍ਰਸਿੱਧ ਇਤਿਹਾਸਕਾਰ, ਬਾਬਾ ਪ੍ਰੇਮ ਸਿੰਘ ਜੀ (ਹਥ ਚੁੰਮ ਲਵਾਂ ਇਸ ਗੁਰਮੁਖ ਦੇ) ਜੀਵਨ ਬ੍ਰਿਤਾਂਤ ਨਵਾਬ ਕਪੂਰ ਸਿੰਘ ਵਿਚ ਲਿਖਦੇ ਹਨ :—

ਕਪੂਰ ਸਿੰਘ ਦੇ ਬਾਲਪਨ ਦੇ ਜਿੰਨੇ ਕੁ ਸਮਾਚਾਰ ਖੋਜ ਕਰਨ ਪਰ ਮਿਲੇ ਹਨ, ਉਹ ਇਹ ਹਨ ਕਿ ਸਿਰਜਣਹਾਰ ਨੇ ਇਸ ਬਾਲਕ ਦੀ ਸਾਜਣਾ ਐਸੀ ਵਿਲੱਖਣ ਸਾਜੀ ਸੀ ਜਿਸ ਨੂੰ ਵੇਖਣ ਵਾਲੇ ਅਚੰਭਤ ਹੋ ਜਾਂਦੇ ਸਨ। ਇਤਨੀ ਉਮਰ ਦੇ ਬੱਚਿਆਂ ਵਿਚ ਕਪੂਰ ਸਿੰਘ ਦਾ ਕੱਦ ਚੋਖਾ ਉੱਚਾ ਸੀ। ਜੁੱਸਾ ਦੂਹਰਾ ਤੇ ਸ਼ਕਤੀ ਭਰਪੂਰ ਸੀ। ਚਿਹਰਾ ਭਰਵਾਂ ਤੇ ਜੋਤਮਈ ਸੀ। ਬੁੱਧੀ ਐਨੀ ਤੀਖਣ ਕਿ ਥੋੜੇ ਸਮੇਂ ਵਿਚ ਹੀ ਆਪਣੀ ਧਰਮੀ ਮਾਤਾ ਤੋਂ ਬਹੁਤ ਸਾਰੀ ਗੁਰਬਾਣੀ ਮੁਖ-ਆਗਰ ਕੰਠ ਕਰ ਲਈ। ਇਸ ਤੋਂ ਛੁੱਟ ਸਮੇਂ ਦੀ ਲੋੜ ਅਨੁਸਾਰ, ਸ਼ਸਤਰ ਵਿੱਦਿਆ, ਤੇਗ, ਨੇਜ਼ੇ ਅਤੇ ਢਾਲ ਦੀ ਵਰਤੋਂ, ਤੀਰ-ਤੁਫੰਗ ਦੀ ਨਿਸ਼ਾਨੇਬਾਜ਼ੀ ਵਿਚ ਪੂਰਨ ਪ੍ਰਬੀਣਤਾ ਪ੍ਰਾਪਤ ਕਰ ਲਈ।"

ਇਥੇ ਅਸੀਂ ਆਪਣਾ ਵਿਚਾਰ ਪੇਸ਼ ਕਰਦੇ ਹਾਂ ਕਿ ਸਾਂਦਲ ਬਾਰ ਦਾ ਹਰ ਇਕ ਵਸਨੀਕ ਚਾਹੇ ਉਹ ਸਾਊ ਸੀ ਜਾਂ ਕੰਮੀ ਦੋ ਗੱਲਾਂ, ਘੋੜੇ ਦੀ ਸਵਾਰੀ ਅਤੇ ਸ਼ਸ਼ਤਰ ਵਿਦਿਆ ਵਿਚ ਜ਼ਰੂਰ ਨਿਪੁੰਨ ਹੁੰਦਾ ਸੀ। ਪ੍ਰੰਤੂ ਹਰ ਇਕ ਵਿਰਕ ਦੇ ਪੁਤਰ ਵਾਸਤੇ ਤਾਂ ਇਹ ਜੀਵਨ ਅੰਗ ਸਨ। ਜਿਸ ਦੇ ਕਾਰਨ ਸਨ :—

ਮਾਲੋ ਕੀ ਟਿੱਬੀ

1. ਇਹ ਬਦਨਸੀਬ ਨਗਰ ਆਪਣੇ ਬਹੁਤ ਵਸਨੀਕਾਂ ਸਮੇਤ, ਰੁਹੇਲੇ ਸਿਪਾਹੀਆਂ ਦੀ ਧਾੜ ਹੱਥੋਂ ਨਸ਼ਟ ਹੋਇਆ। ਸੰਪੂਰਨ ਬ੍ਰਿਤਾਂਤ ਅੱਗੇ ਯਥਾ-ਸਥਾਨ ਦਿਤਾ ਗਿਆ ਹੈ। ਇਸ ਦਾ ਭਗਨਾਵੇਸ਼ (ਥਿਹ) ਮੌਜੂਦਾ ਸ਼ੇਖੂਪੁਰਾ ਸ਼ਹਿਰ (ਪੱਛਮੀ ਪੰਜਾਬ) ਦੇ ਪਹਾੜ ਰੇਲਵੇ ਲਾਈਨ ਤੋਂ ਪਾਰ, ਮਿਰਚੇ ਵਾਲੇ ਅਤੇ ਜੰਡਿਆਲੇ ਵਾਲੇ ਫਾਟਕਾਂ ਦੇ ਵਿਚਕਾਰ, ਮਾਲੋ ਕੀ ਢਾਬ ਦੇ ਚੜ੍ਹਦੇ ਬੰਨੇ ਸਥਿਤ ਹੈ। ਇਹਨਾਂ ਸਤਰਾਂ ਦਾ ਲਿਖਾਰੀ ਸੰਨ 1927 ਸਤੰਬਰ ਤੋਂ ਜਦੋਂ ਆਪਣੇ ਸਹੁਰੇ ਜਾਂਦਾ ਤਾਂ ਕਿਸੇ ਗੈਬੀ ਖਿੱਚ ਦੇ ਅਧੀਨ, ਉਸ ਪਵਿੱਤਰ ਸਥਾਨ ਤੇ ਪੁੱਜ ਪੁਸਤਕਾਂ ਪੜ੍ਹਦਾ ਅਤੇ ਕੁਛ-ਕੁਛ ਸਨੇਹ ਪੂਰਨ ਸਪਰਸ਼ ਮਾਣਿਆ ਕਰਦਾ ਸੀ।

1) ਸ੍ਵੈ-ਰਖਿਆ

ਵਿਰਕਾਂ ਦਾ ਅਤੇ ਭੱਟੀਆਂ ਦਾ ਸਿਰ ਵੱਢਵਾਂ ਵੈਰ 13ਵੀਂ[1] ਸਦੀ ਤੋਂ ਚੱਲਿਆ ਆਉਂਦਾ ਹੈ। ਜਦੋਂ ਭੱਟੀਆਂ ਦਾ ਚਾਰਾ ਲਗਦਾ, ਉਹ ਵਿਰਕਾਂ ਦਾ ਮਾਲ ਤੇ ਜਦੋਂ ਵਿਰਕਾਂ ਦਾ ਦਾਅ ਲਗ ਜਾਂਦਾ ਤੇ ਇਹ ਭੱਟੀਆਂ ਦਾ ਮਾਲ ਮਾਰ ਲਿਆਇਆ ਕਰਦੇ ਸਨ। ਸੋ ਨਿੱਤ ਦੇ ਧਾੜੇ, ਘੋੜਾ ਮਾਰਨ ਜਾਂ ਪਾਸਣੇ ਪੈਣ ਕਰਕੇ ਹਰ ਇਕ ਵਿਰਕ ਦਾ ਪੁਤ੍ਰ ਸ਼ਾਹ-ਸਵਾਰ ਤੇ ਸ਼ਸ਼ਤਰ ਵਿਦਿਆ, ਹੋਰ ਨਹੀਂ ਤਾਂ ਗਤਕੇ ਵਿਚ ਜ਼ਰੂਰ ਭਲੱਥੇ ਬਾਜ ਹੋਇਆ ਕਰਦਾ ਸੀ।

2) ਉਪਜੀਵਕਾ

ਜਿਵੇਂ ਪਿਛੇ ਦਸਿਆ ਜਾ ਚੁੱਕਾ ਹੈ ਕਿ ਭਾਰਤ ਵਰਸ਼ ਉਪਰ ਪੱਛਮੀ ਦਰਿਆਂ ਅਤੇ ਦਰਿਆਵਾਂ ਭਾਵ ਸਾਂਦਲ ਬਾਰ ਰਾਹੀਂ ਹਰ ਸਾਲ ਆਵਣ ਜਾਵਣ ਵਾਲੇ ਜਰਵਾਣਿਆਂ ਦੀ ਸੋਧ ਸੁਧਾਈ ਅਤੇ ਉਹਨਾਂ ਕੋਲੋਂ ਲੁਟ ਦੇ ਮਾਲ ਵਿਚੋਂ ਹਿੱਸਾ ਵੰਡਾ ਆਪਣੀ ਉਪਜੀਵਕਾ ਸੌਖੀ ਕਰਿਆ ਕਰਦੇ ਸਨ।

ਬਾਲਕ ਕਪੂਰ ਸਿੰਘ ਨੂੰ ਇਹ ਸੁਵਿਧਾਵਾਂ ਸਹਿਜੇ ਹੀ ਪ੍ਰਾਪਤ ਸਨ ਕਿਉਂਕਿ ਆਪ ਦੇ ਪਿਤਾ ਜੀ ਇਲਾਕੇ ਦੇ ਚੌਧਰੀ ਸਨ। ਉਹਨਾਂ ਨੇ ਦਸ਼ਮੇਸ਼ ਜੀ ਤੋਂ ਅੰਮ੍ਰਿਤ ਛਕਿਆ ਸੀ। ਨਾਮ ਚੌਧਰੀ ਦਲੀਪ ਸਿੰਘ ਪ੍ਰਸਿਧ ਸੀ।

ਬਾਲਕ ਕਪੂਰ ਸਿੰਘ ਨੂੰ ਸ਼ਸਤਰ ਅਭਿਆਸ ਕਰਦਿਆਂ ਮੋਢੇ ਤੇ ਇਕ ਬੜਾ ਭਾਰੀ ਫੱਟ ਲਗਾ। ਜਿਸ ਤੋਂ ਆਪ ਦੇ ਬਚਣ ਦੀ ਕੋਈ ਉਮੀਦ ਨਹੀਂ ਸੀ ਪ੍ਰੰਤੂ ਅਕਾਲ ਪੁਰਖ ਨੇ ਇਹਨਾਂ ਕੋਲੋਂ ਅਜੇ ਵੱਡੇ-ਵੱਡੇ ਕੰਮ ਕਰਵਾਉਣੇ ਸਨ, ਜਿਸ ਤੇ ਹਕੀਮਾਂ ਅਤੇ ਫੱਟ-ਬੰਨਾਂ ਦੀ ਅਥੱਕ ਮਿਹਨਤ ਨੂੰ ਫਲ ਲੱਗਾ ਤੇ ਆਪ ਜੀ ਨੌਂ-ਬਰ-ਨੌਂ ਹੋ ਗਏ। ਸੰਨ 1705 ਈ: ਵਿਚ 'ਚੌਧਰੀ ਦਲੀਪ ਸਿੰਘ' ਕੁਛ ਦਿਨਾਂ ਲਈ ਦਸ਼ਮੇਸ਼ ਜੀ ਤੋਂ ਆਗਿਆ ਲੈ ਕੇ ਘਰ ਆਏ। ਕੁਛ ਦਿਨ ਠਹਿਰ ਕੇ ਜਦੋਂ ਗੁਰੂ ਹਜ਼ੂਰ ਜਾਣ ਲਈ ਕਮਰ ਕੱਸੇ ਕੀਤੇ ਤਾਂ ਬਾਲ-ਵਰੇਸ ਕਪੂਰ ਸਿੰਘ ਨੇ ਪੁੱਛਿਆ, "ਪਿਤਾ ਜੀ ਕਿੱਥੇ ਚਲੇ ਹੋ?" ਚੌਧਰੀ ਜੀ ਨੇ ਕਿਹਾ, "ਮੈਂ ਦਸਮੇਸ਼ ਜੀ ਦੀ ਸੇਵਾ ਵਿਚ ਚੱਲਿਆ ਹਾਂ" ਤਾਂ ਕਪੂਰ ਸਿੰਘ ਨੇ ਆਖਿਆ, "ਮੈਂ ਵੀ ਜਾਣਾ ਹੈ।" ਚੌਧਰੀ ਜੀ ਨੇ ਆਖਿਆ, "ਤੂੰ ਅਜੇ ਛੋਟਾ ਹੈ, ਵੱਡਾ ਹੋਵੇਂਗਾ ਤਾਂ ਤੈਨੂੰ ਲੈ ਚੱਲਾਂਗੇ।" ਕਪੂਰ ਸਿੰਘ ਖੜਾ ਹੋ ਕੇ ਆਖਣ ਲੱਗਾ, "ਵੇਖੋ ਮੈਂ ਕਿਡਾ ਵੱਡਾ ਹੋ ਗਿਆ ਹਾਂ।"

ਵਿਦਿਆ ਪ੍ਰਾਪਤੀ

ਬਾਲਕ ਦੀ ਜ਼ਿਦ ਅਤੇ ਸਨੇਹ ਕਾਰਨ, ਕੁਛ ਲੰਮੀ ਸੋਚ, ਚੌਦਰੀ ਜੀ ਨੇ ਬਾਲਕ ਨੂੰ ਆਪਣੇ ਮਗਰ, ਘੋੜੇ ਪਰ ਬਿਠਾ ਲਿਆ ਤੇ ਮਾਲਵੇ ਦੇ ਰਾਹੇ ਪੈ ਗਏ।

ਇਹ ਜ਼ਮਾਨਾ ਉਹ ਸੀ ਜਦੋਂ ਦਸਮੇਸ਼ ਪਾਤਸ਼ਾਹ ਚਮਕੌਰ ਦੇ ਯੁੱਧ ਪਿਛੋਂ ਮਾਲਵੇ ਦੀਆਂ ਸੰਗਤਾਂ ਦਾ ਉੱਦਾਰ ਕਰ ਰਹੇ ਸਨ। ਇਕ ਅਨੁਮਾਨ ਹੈ ਕਿ ਕਿਸ਼ੋਰ ਕਪੂਰ ਸਿੰਘ ਨੇ ਦਮਦਮੇ ਸਾਹਿਬ, ਦਸ ਸਾਲ ਦੀ ਆਯੂ ਵਿਚ ਸ੍ਰੀ ਦਸਮੇਸ਼ ਪਿਤਾ ਦੀ ਹਜ਼ੂਰੀ ਵਿਚ ਅੰਮ੍ਰਿਤ ਪਾਨ ਕੀਤਾ ਅਤੇ ਦਮਦਮੇ ਸਾਹਿਬ ਹੀ ਰਹਿ ਕੇ ਧਰਮ-ਵਿਦਿਆ ਪੜ੍ਹਨ-ਪੜ੍ਹਾਨ ਅਤੇ ਜੰਗੀ ਕਰਤਬਾਂ ਵਿਚ ਪ੍ਰਬੀਨਤਾ ਪ੍ਰਾਪਤ ਕੀਤੀ।

ਜਦੋਂ ਦਸਮੇਸ਼ ਜੀ ਨੇ ਦੱਖਣ ਦੇਸ ਨੂੰ ਕਮਰ-ਕੱਸਾ ਕੀਤਾ, ਤਦ ਸਮਾਂ ਵੇਖ ਕੁਛ ਸਿੰਘਾਂ ਨੂੰ ਪੰਜਾਬ ਵਿਚ ਹੀ ਰਹਿਣ ਦੀ ਆਗਿਆ ਕੀਤੀ। ਉਹਨਾਂ ਵਿਚ ਚੌਧਰੀ ਦਲੀਪ ਸਿੰਘ ਦਾ ਜੋਟੀਦਾਰ ਬਾਬਾ ਬੁੱਢਾ ਸਿੰਘ ਕਾਲੌਕਾ ਵੀ ਸੀ। ਚੌਧਰੀ ਦਲੀਪ ਸਿੰਘ ਜੀ ਹਜ਼ੂਰ ਦੀ ਅਰਦਲ ਵਿਚ ਨੰਦੇੜ ਪੁਜੇ। ਉਥੋਂ ਅੱਸੂ 1765 ਬਿ: ਮੁਤਾਬਿਕ 1708 ਈ: ਹਜ਼ੂਰ ਨੇ ਬੰਦਾ ਸਿੰਘ ਬਹਾਦਰ ਨੂੰ ਦੁਸ਼ਟਾਂ ਦੀ ਸੋਧ ਵਾਸਤੇ ਪੰਜਾਬ ਵੱਲ ਕਈ ਸਿੰਘਾਂ ਸਮੇਤ ਭੇਜਿਆ। ਪ੍ਰੰਤੂ ਚੌਧਰੀ ਦਲੀਪ ਸਿੰਘ ਨੂੰ ਆਪਣੀ ਅਰਦਲ ਦੀ ਸੇਵਾ ਬਖਸ਼ ਆਪਣੇ ਚਰਨਾਂ ਵਿਚ ਨੰਦੇੜ ਹੀ ਰਖਿਆ।

ਦਸਮੇਸ਼ ਜੀ ਨੇ ਵੀਰਵਾਰ 7 ਅਕਤੂਬਰ 1708 ਈ: (ਮੁਤਾਬਿਕ ਕੱਤਕ ਸਦੀ 5, ਔਠ ਕੱਤਕ 1765 ਬਿ:) ਨੂੰ ਜੋਤੀ ਜੋਤ ਸਮਾਉਣ ਦਾ ਸਾਂਗ ਵਰਤਾਇਆ। ਇਸ ਪਿੱਛੋਂ ਦਲੀਪ ਸਿੰਘ ਜੀ ਨੰਦੇੜ ਹੀ ਟਿਕੇ, ਸਥਾਨਕ ਪ੍ਰਬੰਧ ਵਿਚ ਰੁੱਝੇ ਰਹੇ। ਸੰਨ 1710 ਈ: ਵਿਚ ਤਲਵੰਡੀ ਸਾਬੋਕੀ

---

1. 13ਵੀਂ ਸਦੀ ਭੱਟੀਆਂ ਦਾ ਵਡਿਕਾ ਭਟਨੇਰ ਵਿਚੋਂ ਉੱਠ ਉੱਚੇ ਸਰੀਫ ਦੇ, ਕਿਸੇ ਪੀਰ ਕੋਲੋਂ ਇਸਲਾਮ ਧਰਮ ਧਾਰਨ ਕਰ ਰਾਵੀ ਦੇ ਨਾਲ-ਨਾਲ ਪੀਰ ਮਹੱਲ ਦੇ ਜੰਗਲ ਵਿਚ ਆ ਬੈਠਾ। ਉਥੋਂ ਫਿਰ ਉਸ ਦੇ ਪੁੱਤਰ ਪੋਤਰੇ ਸਾਂਦਲ ਬਾਰ ਵਿਚ 13ਵੀਂ ਸਦੀ ਵਿਚ ਦਾਖਲ ਹੋਏ। ਇਹਨਾਂ ਦੀ ਤੇ ਵਿਰਕਾਂ ਦੀ ਉਦੋਂ ਦੁਸ਼ਮਣੀ ਚਲੀ ਆਉਂਦੀ ਸੀ। ਇਹ ਦੋਵੇਂ ਗੋਤਾਂ ਆਪੋ ਵਿਚ ਰਿਸ਼ਤੇ ਨਹੀਂ ਕਰਦੇ ਸਨ। ਇਥੋਂ ਤਕ ਕਿ ਮਹਾਰਾਜਾ ਰਣਜੀਤ ਸਿੰਘ ਨੇ ਕੜਿਆਲ ਵਿਰਕਾਂ ਤੋਂ ਰਿਸ਼ਤਾ ਲੈਣ ਦੀ ਖਾਹਿਸ਼ ਜ਼ਾਹਿਰ ਕੀਤੀ। ਕੜਿਆਲ ਵਿਰਕਾਂ ਜਵਾਬ ਦਿੱਤਾ 'ਮਹਾਰਾਜਾ ਸਾਹਿਬ! ਤੁਸੀਂ ਭੱਟੀ ਹੋ। ਤੁਸਾਂ ਨੂੰ ਸਾਕ ਦੇਣਾ ਤਾਂ ਕਿਧਰੇ ਰਿਹਾ, ਅਸੀਂ ਤੁਸਾਡਾ ਸਾਕ ਲੈਣ ਨੂੰ ਵੀ ਤਿਆਰ ਨਹੀਂ।" (ਬਾਬਾ ਫੂਲਾ ਸਿੰਘ ਦੇ ਜੋਟੀਦਾਰ)

ਇਸ ਚਰੋਕੀ ਦੁਸ਼ਮਣੀ ਦਾ ਅੰਤ ਉਸ ਵਕਤ ਹੋਇਆ, ਜਦੋਂ ਬਾਬਾ ਦੀਵਾਨ ਸਿੰਘ ਈਸਰਕੇ ਦੇ ਭੱਟੀ ਪਗੀਂ ਆ ਪਏ ਤਾਂ ਆਪ ਵਿਚ ਨੇ ਰੱਜ ਅਰਦਾਸਾ ਸੋਧ ਕੇ ਇਕ ਭੱਟੀ ਵੱਢਣਾ ਸ਼ੁਰੂ ਕਰ ਦਿਤਾ। ਅੰਤ ਗਜ਼ਿਆਣੇ ਸੁਲਾਹ ਹੋਈ।

(ਦਮਦਮਾ ਸਾਹਿਬ) ਆਪਣੇ ਹੋਣਹਾਰ ਸਪੁੱਤਰ ਨੂੰ ਆ ਮਿਲੇ। ਦਮਦਮੇ ਦੇ ਇੰਚਾਰਜ ਸਾਹਿਬ ਤੋਂ ਕਪੂਰ ਸਿੰਘ ਨੂੰ ਛੁਟੀ ਦਿਵਾਣੀ ਚਾਹੀ ਪਰ ਮਹਾਂਪੁਰਖ ਬਾਬਾ ਦੀਪ ਸਿੰਘ[1] ਜੀ ਨੇ ਕਿਹਾ, ਅਜੇ ਦੋ ਸਾਲ ਹੋਰ ਟਿਕੇ ਰਹਿਣ ਦਿਓ। ਚੌਧਰੀ ਜੀ ਘਰ ਨੂੰ ਚਲੇ ਗਏ। ਅੱਗੋਂ ਜਾਂਦਿਆਂ ਨੂੰ ਛੋਟਾ ਪੁੱਤਰ ਦਾਨ ਸਿੰਘ (ਜੋ ਹੁਣ ਗਿਆਰਾਂ ਸਾਲ ਦਾ ਹੋ ਚੁੱਕਾ ਸੀ) ਨੂੰ ਅਤੇ ਹੋਰ ਪਰਿਵਾਰ ਨੂੰ ਮਿਲ, ਬਾਬਾ ਬੰਦਾ ਸਿੰਘ ਦੇ ਯੁੱਧਾਂ-ਜੰਗਾਂ ਵਿਚ ਜਾ ਸ਼ਾਮਲ ਹੋਏ।

ਚੌਧਰੀ ਸਾਹਿਬ ਦੀ ਮਰਜ਼ੀ ਸੀ ਕਿ ਹੁਣ ਕਪੂਰ ਸਿੰਘ ਨੂੰ ਆਪਣੇ ਘਰ ਵਾਲਾ ਬਣਾਇਆ ਜਾਵੇ। ਸੰਨ 1712 ਅਖੀਰ ਵਿਚ ਜਦੋਂ ਬਾਬੇ ਬੰਦਾ ਸਿੰਘ ਦਾ ਤਹਿਤ ਸਾਰੇ ਪੰਜਾਬ ਵਿਚ ਬੈਠ ਚੁੱਕਾ ਤਾਂ ਆਪ ਜੀ ਦਮਦਮਾ ਸਾਹਿਬ ਜਾ ਹਾਜ਼ਰ ਹੋਏ। ਮਹਾਂਪੁਰਸ਼ ਬਾਬਾ ਦੀਪ ਸਿੰਘ (ਸ਼ਹੀਦ) ਨੇ ਬੜੇ ਪਿਆਰ ਨਾਲ ਆਪਣੇ ਗੱਭਰੂ ਧਰਮ-ਪੁਤਰ ਕਪੂਰ ਸਿੰਘ ਨੂੰ ਘਰ ਜਾਣ ਦੀ ਆਗਿਆ ਬਖਸ਼ੀ। ਚੌਧਰੀ ਜੀ ਨੇ ਘਰ ਆਉਂਦੇ ਸਾਰ ਕਪੂਰ ਸਿੰਘ ਲਈ ਯੋਗ ਰਿਸ਼ਤਾ ਲੱਭਣਾ ਸ਼ੁਰੂ ਕੀਤਾ ਜਦੋਂ ਇਸ ਗੱਲ ਦਾ ਪਤਾ ਕਪੂਰ ਸਿੰਘ ਜੀ ਨੂੰ ਲੱਗਾ ਤਾਂ ਉਹਨਾਂ ਨੇ ਆਪਣੀ ਮਾਤਾ ਕੋਲ ਜਾ ਕੇ ਆਖਿਆ, "ਮਾਤਾ ਜੀ ਮੈਂ ਵਿਆਹ ਦੇ ਝੰਜਟ ਨਹੀਂ ਪੈਣਾ।" ਮੈਂ ਤਾਂ ਆਪਣੇ ਧਰਮ ਪਿਤਾ (ਬਾਬਾ ਦੀਪ ਸਿੰਘ ਜੀ) ਵਾਂਗੂ ਵਿੱਰਕਤ ਰਹਿ ਕੇ ਹੀ ਪੰਥ ਦੀ ਸੇਵਾ ਕਰਨ ਦਾ ਪ੍ਰਣ ਦਮਦਮੇ ਸਾਹਿਬ ਤੋਂ ਹੀ ਕਰ ਕੇ ਟੁਰਿਆ ਸਾਂ। ਤੁਸੀਂ ਵੀਰ ਦਾਨ ਸਿੰਘ ਲਈ ਇਹ ਕੁਝ ਸੋਚੋ ਤੇ ਮੈਨੂੰ ਖਿਮਾਂ ਬਖਸ਼ੋ। ਚੌਧਰੀ ਜੀ ਸੁਣ ਕੇ ਪ੍ਰਸੰਨ ਹੋਏ।

ਯੁੱਧਾਂ ਵਿਚ ਸ਼ਾਮਲ

ਇਸ ਤੋਂ ਪਿੱਛੋਂ ਜਦੋਂ ਵੀ ਪੰਥਕ ਸੱਦਾ ਆਉਂਦਾ ਦੋਵੇਂ ਪਿਓ ਪੁੱਤਰ ਜਥੇ ਸਮੇਤ ਯੁੱਧ ਵਿਚ ਜਾ ਸ਼ਾਮਿਲ ਹੁੰਦੇ। ਦਮਦਮੇ ਸਾਹਿਬ ਤਾਂ ਕੇਵਲ ਬਨਾਵਟੀ ਜੰਗ ਹੀ ਵੇਖੇ ਸਨ, ਪਰ ਹੁਣ ਪਿਤਾ ਦੀ ਸੰਗਤ ਵਿਚ, ਕਪੂਰ ਸਿੰਘ ਨੂੰ ਅਸਲੀ ਜੰਗ ਵੇਖਣ ਅਤੇ ਹੱਥੀਂ ਲੜਨ ਦਾ ਅਵਸਰ ਪ੍ਰਾਪਤ ਹੋਇਆ। ਯੋਧੇ ਪਿਤਾ ਦੀ ਦਿੱਤੀ ਸੇਧ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਹੁਣ ਕਪੂਰ ਸਿੰਘ ਪਿਤਾ ਦੇ ਮੋਢੇ ਨਾਲ ਮੋਢਾ ਡਾਹ ਕੇ ਜੰਗ ਕਰਦਾ-ਕਰਦਾ ਤਜਰਬੇਕਾਰ ਯੋਧਾ ਹੋ ਨਿਬੜਿਆ। ਇਹ ਜ਼ਮਾਨਾ ਉਹ ਸੀ ਜਦੋਂ 1712 ਈ: ਵਿਚ ਬਾਦਸ਼ਾਹ ਬਹਾਦਰ ਸ਼ਾਹ ਤਾਂ ਲਾਹੌਰ ਹੀ ਮਰ ਗਿਆ। ਮਗਰੋਂ ਤਖਤ ਵਾਸਤੇ ਉਹਦੇ ਪੁਤਰਾਂ ਵਿਚ ਆਪਸੀ ਲੜਾਈ ਛਿੜ ਪਈ। ਬਾਕੀ ਦੇ ਤਿੰਨ ਭਰਾਵਾਂ ਨੂੰ ਮਾਰ ਕੇ ਜਹਾਂਦਾਰ ਸ਼ਾਹ 29 ਮਾਰਚ 1712 ਈ: ਨੂੰ ਤਖਤ ਪਰ ਬੈਠਾ ਅਤੇ ਜ਼ੁਲਫਿਕਾਰ ਖਾਂ ਨੂੰ ਆਪਣਾ ਵਜ਼ੀਰ ਬਣਾ ਲਿਆ। ਨਵੇਂ ਬਾਦਸ਼ਾਹ ਨੂੰ ਸਾਲ ਭਰ ਵੀ ਰਾਜ ਭੋਗਣਾ ਨਾ ਮਿਲਿਆ ਕਿ ਫਰੁਖ-ਸੀਅਰ ਨੇ ਸੱਯਦ ਭਰਾਵਾਂ[2] ਦੀ ਸਹਾਇਤਾ ਨਾਲ ਉਸ ਨੂੰ ਤੇ ਉਸਦੇ ਵਜ਼ੀਰ ਨੂੰ ਕਤਲ ਕਰਵਾ ਦਿੱਤਾ ਅਤੇ ਆਪ 11 ਫਰਵਰੀ 1713 ਨੂੰ ਦਿੱਲੀ ਦੇ ਤਖਤ ਤੇ ਬੈਠਾ। ਇਸ ਗੜਬੜ ਦੇ ਜ਼ਮਾਨੇ ਵਿਚ ਬਾਬਾ ਬੰਦਾ ਸਿੰਘ ਬਹਾਦਰ ਸਢੌਰਾ ਆਦਿ ਥਾਵਾਂ ਤੇ ਦੁਬਾਰਾ ਕਬਜ਼ਾ ਕਰ ਚੁੱਕੇ ਹੋਏ ਸਨ।

ਦੁਆਬੇ, ਮਾਝੇ ਵਿਚ ਕਬਜ਼ਾ

ਪ੍ਰਸਿੱਧ ਸਿੱਖ ਇਤਿਹਾਸਕਾਰ ਗਿ: ਸੋਹਣ ਸਿੰਘ ਜੀ ਸੀਤਲ ਆਪਣੀ ਪੁਸਤਕ 'ਸਿੱਖ ਰਾਜ ਕਿਵੇਂ ਬਣਿਆ' ਦੇ ਪੰਨਾ 29 ਪਰ ਲਿਖਦੇ ਹਨ ਹਨ :—

ਸਾਰੇ ਮਾਲਵੇ ਉੱਤੇ ਸਿੱਖਾਂ ਦਾ ਕਬਜ਼ਾ ਹੋ ਗਿਆ ਤਾਂ ਦੁਆਬੇ ਮਾਝੇ ਵਿਚ ਵੀ ਸਿੰਘਾਂ ਨੇ ਆਜ਼ਾਦੀ ਦੇ ਢੋਲ ਵਜਾ ਦਿੱਤੇ। ਦੁਆਬਾ ਜਲੰਧਰ ਵਿਚ, ਇਕ ਸੁਲਤਾਨਪੁਰ ਨੂੰ ਛੱਡ ਕੇ, ਜਿੱਥੇ ਸ਼ਾਹੀ ਫੌਜਦਾਰ ਰਹਿੰਦਾ ਸੀ। ਬਾਕੀ ਸਾਰੇ ਇਲਾਕੇ ਉੱਤੇ ਸਣੇ ਬਿਲਾਸਪੁਰ ਆਦਿ ਪਹਾੜੀ ਰਿਆਸਤਾਂ ਤੇ ਸਿੰਘਾਂ ਨੇ ਕਬਜ਼ਾ ਕਰ ਲਿਆ। ਮਾਝੇ ਵਿਚ ਕਸੂਰ ਤੇ ਲਾਹੌਰ ਦੇ ਸ਼ਹਿਰ ਛੱਡ ਕੇ ਦਰਿਆ ਰਾਵੀ ਤੇ ਬਿਆਸ ਦੇ ਅੰਦਰ ਪਠਾਨਕੋਟ ਦੀਆਂ ਪਹਾੜੀਆਂ ਤੱਕ ਖਾਲਸੇ ਨੇ ਮੱਲਾਂ ਮਾਰ ਲਈਆਂ।

---

1. **ਬੁੱਢਾ ਸਿੰਘ ਕਾਲੇਕਾ :** ਇਹ ਸੂਰਮਾਂ ਨਗਰ ਕਾਲੇ ਕੇ ਦਾ ਵਸਨੀਕ, ਰਿਹਾਨ ਕੀ ਪਤੀ, ਬਲੋਚਕਾ ਵੰਸ਼ਜ, ਦਸਮੇਸ਼ ਜੀ ਦਾ ਸ਼ਰਧਾਲੂ ਅੰਗ ਰਖਿਅਕ ਬੜਾ ਯੋਧਾ ਸੀ। ਇਹ ਚੌ: ਦਲੀਪ ਸਿੰਘ ਦਾ ਸਮਕਾਲੀਨ ਸੀ। ਇਹ ਆਨੰਦਪੁਰ ਦੇ ਯੁੱਧਾਂ ਸਮੇਂ ਫੱਟੜ ਹੋ ਗਿਆ ਸੀ। ਜਿਸ ਕਰਕੇ ਦਸਮੇਸ਼ ਜੀ ਨੇ ਇਹਨਾਂ ਨੂੰ ਅੰਮ੍ਰਿਤਸਰ ਸਾਹਿਬ ਸੇਵਾ ਵਾਸਤੇ ਭੇਜ ਦਿਤਾ ਅਤੇ ਵਿਦਾਇਗੀ ਵੇਲੇ ਇਕ ਘੋੜਾ ਤੇ ਪੰਜ ਸ਼ਸ਼ਤਰ ਬਖਸ਼ਿਸ਼ ਕੀਤੀ। ਇਹਨਾਂ ਨੇ ਹੀ ਅੰਮ੍ਰਿਤਸਰ ਵਿਚ ਕਾਲੇਕਿਆ ਦਾ ਬੁੰਗਾ ਤਿਆਰ ਕਰਵਾਇਆ ਸੀ। ਜੋ ਅਕਾਲੀ ਲਹਿਰ ਦੇ ਸਮੇਂ ਤੱਕ ਡਾਂਗੀਆਂ ਗਿੱਲਾਂ ਵਾਲੇ ਵਿਰਕਾਂ (ਬਾਬੇ ਦਿੱਤੇ ਵੰਸਜ) ਦੇ ਹੱਥ ਰਿਹਾ।

ਬਾਬਾ ਦੀਪ ਸਿੰਘ ਜੀ : ਆਪ ਜੀ ਦਮਦਮਾ ਸਾਹਿਬ ਦੇ ਪ੍ਰਥਮ ਮਹੰਤ ਹੋਏ ਹਨ (ਵੇਖੋ ਦਮਦਮੇ ਸਾਹਿਬ ਦੀ ਟਕਸਾਲੀ ਸਟੀਕ; ਰਚਿਤ ਗਿ: ਗੁਰਬਚਨ ਸਿੰਘ ਭਿੰਡਰਾ ਵਾਲੇ 1974 ਛਾਪ ਪੰਨਾ 51) ਅਤੇ ਬਠਿੰਡਾ ਡਿਸਟ੍ਰਿਕਟ ਗਜ਼ਟੀਅਰ। ਆਪ ਜੀ ਸੰਨ 1757 ਈ: ਵਿਚ ਸ਼ਹੀਦ ਹੋਣ ਸਮੇਂ ਤੱਕ ਇਸ ਪਦਵੀ ਤੇ ਰਹੇ।

2. **ਸੱਯਦ ਭਰਾਵਾਂ :** ਦੋ ਸੱਯਦ ਭਰਾ, ਹੁਸੈਨ ਅਲੀ ਗਵਰਨਰ ਬਿਹਾਰ ਅਤੇ ਅਬਦੁੱਲਾ ਗਵਰਨਰ ਅਲਾਹਾਬਾਦ ਨੂੰ ਨਾਲ ਲੈ ਕੇ ਦਿੱਲੀ ਤੇ ਹਮਲਾ ਕੀਤਾ। ਦਿੱਲੀ ਜਿੱਤ ਕੇ ਅਬਦੁੱਲੇ ਨੂੰ ਵਜ਼ੀਰ ਤੇ ਹੁਸੈਨ ਅਲੀ ਨੂੰ ਪ੍ਰਧਾਨ ਸੈਨਾਪਤੀ ਥਾਪਿਆ।

ਹੈਦਰੀ ਝੰਡਾ[1]

ਜਦੋਂ ਮੁੱਲਾਂ ਮੁੱਲਾਣਿਆਂ ਨੇ ਡਿੱਠਾ ਕਿ ਲੋਕ ਧੜਾ-ਧੜ ਸਿੱਖ ਬਣ ਰਹੇ ਹਨ, ਸਿੱਖ ਲਾਹੌਰ ਦੀ ਵਸਤੂਆਂ ਤੱਕ ਲੁੱਟ ਰਹੇ ਹਨ; ਅਤੇ ਅਸਲਮ ਖਾਨ ਦੜ੍ਹ ਵੱਟੀ ਬੈਠਾ ਹੈ ਤਾਂ ਉਨ੍ਹਾਂ ਨੇ ਜਹਾਦ ਦਾ ਨਾਅਰਾ ਲਗਾ ਲਾਹੌਰ ਦੀ ਈਦਗਾਹ (ਮੌਜੂਦਾ ਰੇਲਵੇ ਜੰਕਸ਼ਨ) ਕੋਲ ਹੈਦਰੀ ਝੰਡਾ ਆਣ ਗੱਡਿਆ। ਅਸਲਮ ਖਾਨ ਨੇ ਬੜੇ ਪ੍ਰਸੰਨ ਹੋ ਕੇ ਬਹੁਤ ਸਾਰਾ ਜੰਗੀ ਸ਼ਾਮਾਨ ਅਤੇ ਨਜੀਬ ਖਾਨ ਖਰਲ[2] ਨੂੰ ਪੰਜ ਸੌ ਸਵਾਰ ਅਤੇ ਇੱਕ ਹਜਾਰ ਪੈਦਲ ਦੇ ਕੇ ਨਾਲ ਬਹੁਤ ਸਾਰਾ ਧਨ ਦੇ ਕੇ ਤੋਰਿਆ। ਸ਼ਹਿਰ ਦੇ ਸਰਦੇ ਪੁਜਦੇ ਮੁਸਲਮਾਨਾਂ ਤੇ (ਕੁਛ) ਹਿੰਦੂਆਂ ਨੇ ਵੀ ਚੰਗੀ ਮਾਇਕ ਸਹਾਇਤਾ ਦਿੱਤੀ। ਇਹਨਾਂ ਸਾਰਿਆਂ ਵਿਚੋਂ ਟੋਡਰ ਮਲ ਦਾ ਪੋਤਰਾ (ਪਹਾੜ ਮੱਲ ਦਾ ਪੁੱਤਰ) ਸਭ ਤੋਂ ਵੱਧ ਗਿਆ।

ਮਜਹਬ ਦੇ ਨਾਮ ਪਰ ਸ਼ਹੀਦ ਹੋਣ ਵਾਲੇ ਪ੍ਰਸਿੱਧ ਪੁਰਸ਼ਾਂ ਦੇ ਨਾਮ ਇਹ ਹਨ :—

ਮੁਹੰਮਦ ਤਕੀ (ਸ਼ਾਹ ਅਬਦੁੱਲਾ ਦੇ ਸਾਕਾਂ ਵਿਚੋਂ)। ਮੂਸਾ ਬੇਗ (ਖੁਦਾ ਵਰਦੀ ਬੇਗ ਅਗਰਬਾਨੀ ਦਾ ਪੁੱਤਰ) ਅਤੇ ਹੋਰ ਬਜ਼ੁਰਗ ਵੀ ਜੋ ਗਾਨੇ ਬੰਨ੍ਹ ਤੇ ਮਹਿੰਦੀਆਂ ਲਾ ਕੇ ਸ਼ਾਮਲ ਹੋਏ, ਉਹ ਸਨ, ਹਾਜੀ ਸੱਯਦ ਇਸਮਾਈਲ, ਹਾਜੀ ਯਾਰ ਬੇਗ, ਸ਼ਾਹ ਇਨਾਇਤ ਤੇ ਮੁੱਲਾਂ ਪੀਰ ਮੁਹੰਮਦ ਵਾਇਜ਼ ਆਦਿ। ਬੜੀ ਸ਼ਾਨ ਨਾਲ ਮੁਜਾਹਿਦਾਂ ਦੀ ਇਹ ਫੌਜ ਲਾਹੌਰੋਂ ਟੁਰੀ। ਇਕ ਪਾਸੇ ਤਾਂ ਸ਼ਾਹੀ ਫੌਜ ਸੀ ਤੇ ਦੂਜੇ ਪਾਸੇ ਸ਼ਹੀਦੀਆਂ ਦੇ ਮਤਵਾਲੇ ਹੱਥਾਂ ਵਿਚ ਹਰੀਆਂ ਝੰਡੀਆਂ ਲਹਿਰਾਂਦੇ ਤੁਰੇ ਜਾ ਰਹੇ ਸਨ।

ਭਰਤਗੜ੍ਹ ਦੀ ਲੜਾਈ

ਸਿੰਘਾਂ ਨੇ ਮਾਝੇ ਦੁਆਬੇ ਅਤੇ ਰਿਆੜਕੀ ਤੇ ਕਬਜ਼ਾ ਕਰ ਕੇ ਸੰਪੂਰਨ ਦਲ ਦੇ ਚਾਰ ਜੱਥੇ ਥਾਉਂ ਥਾਈਂ ਨਿਯੁਕਤ ਕਰ ਰੱਖੇ ਸਨ। ਇਕ ਜੱਥਾ ਅੰਮ੍ਰਿਤਸਰ ਅਤੇ ਲਾਹੌਰ ਦੇ ਇਲਾਕੇ ਵਾਸਤੇ ਅੰਮ੍ਰਿਤਸਰ ਰੱਖਿਆ; ਇਕ ਜੱਥਾ ਪਹਾੜ ਦੀ ਕੰਧੀ ਵਾਸਤੇ ਰਿਆੜਕੀ ਵਿਚ ਸਥਾਪਤ ਕੀਤਾ। ਇਕ ਜੱਥਾ ਕੇਵਲ ਲਾਹੌਰ ਸ਼ਹਿਰ ਅਤੇ ਇਰਦੇ-ਗਿਰਦੇ ਦੀ ਨਿਗਰਾਨੀ ਵਾਸਤੇ ਕਿਲਾ ਭਗਵੰਤ ਰਾਏ[3], ਪਿੰਡ ਭਰਤਗੜ੍ਹ ਵਿਚ ਤੇ ਚੌਥਾ ਜਥਾ ਚਲਦਾ ਵਹੀਰ ਸੀ ਜੋ ਲੋੜ ਪੈਣ ਤੇ ਮਦਦ ਵਾਸਤੇ ਸੱਦਿਆ ਜਾਇਆ ਕਰਦਾ ਸੀ।

ਜਹਾਦੀ ਲਾਹੌਰੋਂ ਸਿੱਧੇ ਪਿੰਡ ਭਰਤਗੜ੍ਹ ਨੂੰ ਵਧੇ। ਸਿੰਘ ਆਪਣਾ ਸਾਮਾਂ ਕਰਕੇ ਮੋਰਚਿਆਂ ਵਿਚ ਡਟ ਗਏ। ਜਿਸ ਵੇਲੇ ਜਹਾਦੀ ਮਾਰ ਥੱਲੇ ਆਏ ਤਾਂ ਸਿੰਘਾਂ ਨੇ ਤੀਰਾਂ ਤੇ ਗੋਲੀਆਂ ਦਾ ਮੀਂਹ ਵਰਸਾਉਣਾ ਸ਼ੁਰੂ ਕਰ ਦਿੱਤਾ ਜੋ ਸਾਰਾ ਦਿਨ ਚਾਲੂ ਰਿਹਾ। ਸਿੰਘ ਤਾਂ ਮਸਾਂ ਮੋਰਚਿਆਂ ਤੇ ਪੂਰੇ ਸਨ ਉਧਰੋਂ ਸ਼ਹੀਦੀਆਂ ਦੇ ਪਰਵਾਨੇ ਇਕ ਪਾਲ ਦੇ ਡਿਗ ਪੈਂਦੇ ਤੇ ਦੂਜੇ ਅੱਗੇ ਆਈ ਜਾਂਦੇ। ਲੜਦਿਆਂ-ਲੜਦਿਆਂ ਰਾਤ ਪੈ ਗਈ। ਪਰ ਸਿੰਘਾਂ ਨੂੰ ਰਾਤ ਵੀ ਲੜਦਿਆਂ ਬੀਤ ਗਈ ਫਿਰ ਅਗਲਾ ਦਿਨ ਵੀ। ਅਗਲੀ ਰਾਤ ਸਿੰਘ ਦੁਸ਼ਮਨ ਦੀ ਕਮਜ਼ੋਰ ਬਾਹੀ ਨੂੰ ਚੀਰ ਕੇ ਸਾਂਦਲ ਬਾਰ ਨੂੰ ਨਿਕਲ ਗਏ। ਅਗਲੇ ਦਿਨ ਗੜ੍ਹੀ ਖਾਲੀ ਵੇਖ, ਖੁਸ਼ੀਆਂ ਦੇ ਢੋਲ ਵਜਾਂਦੇ ਲਾਹੌਰ ਪਰਤ ਆਏ ਤੇ ਝੰਡਾ ਮੁੜ ਈਦਗਾਹ ਵਿਚ ਆ ਗੱਡਿਆ। ਇਹੋ ਜਹਾਦੀ ਫਤਿਹ ਦੇ ਨਸ਼ੇ ਵਿਚ ਏਨੇ ਬਦਮਸਤ ਹੋ ਗਏ ਕਿ ਜਿਥੇ ਹਿੰਦੂਆਂ ਨੂੰ ਤਾਂ ਉਹਨਾਂ ਕਾਫਰ-ਕਾਫਰ ਆਖ ਦੁਰਕਾਰਿਆ ਤੇ ਹੋਰ ਬੇਇੱਜ਼ਤੀ ਕੀਤੀ ਉਥੇ ਮੁਸਲਮਾਨਾਂ ਨੂੰ ਵੀ ਡਰਾਕਲ, ਕਾਇਰ ਆਖ-ਆਖ ਸ਼ਰਮਸਾਰ ਕੀਤਾ ਐਥੋਂ ਤਕ ਕਿ ਕਈ ਸਰਕਾਰੀ ਅਫਸਰ ਵੀ ਇਹਨਾਂ ਦੀ ਬਦ ਤਮੀਜ਼ੀ ਦੇ ਸ਼ਿਕਾਰ ਹੋ ਗਏ।

ਕੋਟਲਾ ਬੇਗਮ ਦਾ ਭੇੜਾ

ਅਜੇ ਮੁਜਾਹਦੀਨ ਫਤਿਹ ਦੀ ਖੁਸ਼ੀ ਵਿਚ ਅੱਲਾ-ਹੂ, ਅੱਲਾ-ਹੂ ਦੀਆਂ ਜਲ੍ਹੀਆਂ ਪਾ ਰਹੇ ਸਨ ਤਾਂ ਪਤਾ ਲੱਗਾ ਕਿ ਖਾਲਸਾ ਤੇ ਚਮਿਆਰੀ ਲਾਗੇ ਬੇਗਮ ਕੋਟਲੇ ਦੇ ਕਿਲੇ ਵਿਚ ਜੈਕਾਰੇ ਗਜਾ ਰਿਹਾ ਹੈ। ਬਸ ਇਕ ਦਮ ਦੇਸ਼ ਵਿਚ ਹੈਦਰੀ ਝੰਡੇ ਦੀ ਖਬਰ ਡਉ ਵਾਂਗੂ ਫਿਰ ਨਿਕਲੀ। ਸ: ਕਰਮ ਸਿੰਘ ਜੀ ਹਿਸਟੋਰੀਅਨ ਦੇ ਕਥਨ ਅਨੁਸਾਰ, ਇਹ ਗਾਜੀਆਂ ਦਾ ਲਸ਼ਕਰ ਜਦ ਚਮਿਆਰੀ ਦੇ ਰਾਹ ਪਿਆ ਤਾਂ ਗਾਜੀਆਂ ਨੇ ਸੁਆਬ ਖਟਣ ਲਈ ਜਿੰਨਾ ਪਾਪ ਕਮਾਇਆ, ਕਹਿਆ ਨਹੀਂ ਜਾ ਸਕਦਾ ਕਿਉਂਕਿ ਇਸ ਵਾਰੀ ਸ਼ਹਿਰ ਦੇ ਸਭ ਲੁੱਚੇ ਲੰਡੇ ਗਾਜੀਆਂ ਦੇ ਵੇਸ ਵਿਚ ਲਸ਼ਕਰ ਦੇ ਨਾਲ ਸਨ। ਇਹਨਾਂ ਦੇ ਜ਼ੁਲਮ ਨੂੰ ਵੇਖ ਕੇ ਫੌਜੀ ਹਾਕਮ ਤ੍ਰਾਸ ਉਠੇ ਤੇ ਕੁਛ ਬਦਮਾਸ਼ਾਂ ਨੂੰ ਕਤਲ ਦੀ ਸਜਾ[4] ਵੀ ਦਿੱਤੀ ਗਈ। ਮਗਰ ਭੂਤਰੇ ਹੋਏ ਲਾਤੋਂ ਕੇ ਭੂਤ ਗਾਜ਼ੀ ਤਦੋਂ ਹੀ ਮਸਤੀ ਤੋਂ ਰੁਕੇ ਜਦੋਂ ਖਾਲਸੇ ਨੇ ਆਨ ਖੰਡਾ ਖੜਕਾਇਆ।

---

1. **ਹੈਦਰੀ ਝੰਡਾ** : ਮੁਸਲਮਾਨ ਆਪਣੇ ਧਰਮ ਯੁਧ ਦੇ ਸਮੇਂ ਹਰਾ ਝੰਡਾ ਮੈਦਾਨ ਵਿਚ ਆ ਗੱਡਦੇ ਹਨ। ਸ਼ਰਧਾਵਾਨ ਮੁਸਲਮਾਨ ਉਸ ਥੱਲੇ ਇਕੱਤਰ ਹੋਇਆ ਕਰਦੇ ਹਨ।
2. **ਨਜੀਬ ਖਾਨ ਖਰਲ** : ਇਹ ਫਰੀਦਾਬਾਦ (ਦਾਨਾਬਾਦ ਦੇ ਨੇੜੇ) ਰਾਵੀ ਕੰਢੇ ਸਾਂਦਲ ਬਾਰ ਦਾ ਵਸਨੀਕ ਸੀ। ਮਿਰਜਾ ਸਾਹਿਬਾਂ ਦੇ ਕਿੱਸੇ ਦਾ ਨਾਇਕ ਮਿਰਜਾ ਇਸ ਦਾ ਪੁੱਤਰ ਸੀ।
3. **ਭਗਵੰਤ ਰਾਏ** : ਇਹ ਭਰਤ ਪਿੰਡ ਦਾ ਵਸਨੀਕ ਤੇ ਇਲਾਕੇ ਦਾ ਕਾਨੂੰਗੋ ਸੀ। ਇਸ ਦੀ ਪਿੰਡ ਵਿਚ ਕਿਲੇ ਸਮਾਨ ਇੱਕ ਹਵੇਲੀ ਸੀ ਜਿਸ ਨੂੰ ਕਿਲਾ ਭਗਵੰਤ ਰਾਏ ਸੱਦਿਆ ਜਾਂਦਾ ਸੀ।
4. **ਕਰਮ ਸਿੰਘ ਨੂੰ ਕਤਲ ਦੀ ਸਜਾ** : ਗਿ: ਸੋਹਣ ਸਿੰਘ ਸੀਤਲ ਕ੍ਰਿਤ 'ਜੀਵਨ ਬੰਦਾ ਸਿੰਘ ਬਹਾਦਰ' 1946 ਛਾਪ ਪੰਨਾ 105।

ਜਹਾਦੀਆਂ ਵਿਚੋਂ ਸੱਯਦ ਇਨਾਇਤ, ਮੁਹੰਮਦ ਤੱਕੀ ਤੇ ਮੁਹੰਮਦ ਜਮਾਨ ਰੰਘੜ ਅਗੇ ਹੋ ਕੇ ਲੜਨ ਲਗੇ। ਖਾਲਸੇ ਨਾਲੋਂ ਜਹਾਦੀ ਕਈ ਗੁਣਾਂ ਜ਼ਿਆਦਾ ਸਨ। ਲੜਾਈ ਹਥ ਪੜੱਥੀ (ਤਲਵਾਰ ਨੇਜ਼ੇ ਆਦਿ) ਦੀ ਹੋ ਰਹੀ ਸੀ। ਖਾਲਸਾ ਜਿੰਨੇ ਕੁ ਮੁਜਾਹਿਦ ਥਿਲੇ ਲਗਾਉਂਦੇ ਉਤਨੇ ਕੁ ਹੋਰ ਅੱਗੇ ਆ ਖਲੋਂਦੇ। ਤੀਜੇ ਪਹਿਰ ਤਕ ਦੋਵੇਂ ਧਿਰਾਂ ਤੁੱਲੀਆਂ ਖੜ੍ਹੀਆਂ ਸਨ ਜਾਂ ਅਚਾਨਕ ਅੰਮ੍ਰਿਤਸਰ ਵਲੋਂ ਇਕ ਸੌ ਕੁ ਸਿੰਘਾਂ ਦੇ ਜੱਥੇ ਨੇ ਆ ਜੈਕਾਰਾ ਗਜਾਇਆ। ਉਹਨਾਂ ਨੂੰ ਵਿੰਹਦਿਆਂ ਸਾਰੇ ਸ਼ਾਹੀ ਸਵਾਰ ਹਵਾ ਹੋ ਗਏ। ਬੱਸ ਫਿਰ ਤਾਂ ਤੂੰ ਮੇਰੇ ਅਗੇ ਮੈਂ ਤੇਰੇ ਅਗੇ, ਗਾਜ਼ੀਆਂ ਇਕ ਦੂਜੇ ਨੂੰ ਭੱਜਦਿਆਂ ਡਾਹੀ ਨ ਦਿੱਤੀ ਤੇ ਡੇਰੇ ਭੀਲੋਵਾਲ (ਲਾਹੌਰੋਂ ਪੰਦਰਾਂ ਮੀਲ ਦੱਖਣ) ਆ ਕੀਤੇ। ਸਿੰਘਾਂ ਨੇ ਪਿੱਛੋਂ ਗਾਜ਼ੀਆਂ ਦਾ ਛੱਡਿਆ ਮਾਲ ਅਸਬਾਬ ਸਾਂਭਿਆ ਜਖਮੀਆਂ ਦੀ ਮਲਮ-ਪੱਟੀ ਕੀਤੀ ਅਤੇ ਸ਼ਹੀਦਾਂ ਦਾ ਸਸਕਾਰ ਕੀਤਾ।

ਭੀਲੋਵਾਲ ਦੀ ਮਾਰ

ਇੱਥੇ ਅਸੀਂ ਇਕ ਛੋਟੀ ਜਿਹੀ ਰੋਚਕ, ਇਤਿਹਾਸ ਨਾਲ ਸੰਬੰਧਤ ਅਵੱਸ਼ਕ ਵਾਰਤਾ ਦੱਸਦੇ ਹਾਂ। ਗੁਰੂ ਕੇ ਬਾਗ ਦੇ ਮੋਰਚੇ ਵੇਲੇ ਗੁਰਮੁਖ ਪਿਆਰੇ ਜਥੇਦਾਰ ਭਾਈ ਬੂਟਾ ਸਿੰਘ ਜੀ ਚੱਕ ਨੰ: 204 ਵਾਲੇ, ਭਾ: ਸਾਹਿਬ ਭਾਈ ਮੂਲ ਸਿੰਘ ਜੀ ਦੇ ਦਰਸ਼ਨਾਂ ਨੂੰ ਆਏ (ਆਪ ਜੀ ਪੂਰਨ ਗੁਰਸਿੱਖ ਅਤੇ ਜਜ਼ਬੇ ਵਾਲੇ ਨੌਜਵਾਨ ਸਨ) ਬਾਬਾ ਜੀ ਨੇ ਪੁਛਿਆ, "ਸੁਣਾ ਬੂਟਾ ਸਿੰਘ! ਤੁਸਾਡੇ ਮੋਰਚੇ ਦਾ ਕੀ ਹਾਲ ਹੈ?" ਬੂਟਾ ਸਿੰਘ ਜੀ ਨੇ ਆਖਿਆ, "ਬਾਬਾ ਜੀ! ਕਾਹਦਾ ਮੋਰਚਾ ਏ! ਏਵੇਂ ਗਾਂਧੀ ਬਾਵੇ ਦੇ ਮਗਰ ਲੱਗ ਕੇ ਭੀਲੇ ਗਾਜ਼ੀਆਂ ਵਾਂਗੂੰ ਗਿਦੜ ਕੁਟ ਖਾਈ ਜਾਣੀ ਕਾਹਦੀ ਮਰਦਾਨਗੀ ਏ?

ਜਦੋਂ ਗੱਲਬਾਤ ਖਤਮ ਹੋਈ ਤਾਂ ਅਸਾਂ ਪੁੱਛਿਆ, "ਚਾਚਾ ਬੂਟਾ ਸਿੰਘ ਜੀ ਹੋਰ ਤਾਂ ਗੱਲ ਦੀ ਸਾਰੀ ਸਮਝ ਆ ਗਈ, ਆਹ "ਭੀਲੇ ਗਾਜ਼ੀ" ਦੀ ਸਮਝ ਨਹੀਂ ਆਈ। ਉਹਨਾਂ ਆਖਿਆ "ਨਿੱਕਿਆ! ਮੁਸਲੱਕੇ ਰਾਜ ਵੇਲੇ ਕੁੱਝ ਮੁਲਖਈਆਂ ਸਿੰਘਾਂ ਦੇ ਗਲ ਜਾਂ ਪਿਆ ਤੇ ਲੜਦਿਆਂ ਲੜਦਿਆਂ ਸਿੰਘਾਂ ਦਾ ਇਕ ਜੱਥਾ ਹੋਰ ਆ ਗਿਆ। ਮੁਲਖਈਆ ਭੱਜ ਵੱਗਿਆ ਤੇ ਸਿੰਘਾਂ ਕੋਲੋਂ ਖੁੱਚਾਂ ਵਦਾਂਦਾ ਭੀਲੋਵਾਲ ਆ ਵੜਿਆ। ਏਧਰੋਂ ਨਨਕਾਣੇ ਸਾਹਿਬ ਵਲੋਂ ਕਾਈ ਤੁਸਾਡਾ ਵਿਰਕਾਂ ਦਾ ਜੱਥਾ ਰਾਤੋ ਰਾਤ ਜਾ ਪਿਆ ਤੇ ਦਿਨ ਚੜ੍ਹਦਿਆਂ ਤਕ ਉਹੋ ਗਾਜੀ ਬਚਿਆ ਜਿਹੜਾ ਭਜ ਕੇ ਪਿੰਡ ਜਾ ਵੜਿਆ ਤੇ ਬਾਕੀ ਦਿਆਂ ਦੇ ਵਿਰਕਾਂ ਨੇ ਸੱਥਰ ਵਿਛਾ ਦਿਤੇ। ਅਸੀਂ ਰਾਵੀ ਦੇ ਵਸਨੀਕ ਇਹਨੂੰ ਭੀਲੇ ਗਾਜ਼ੀਆਂ ਦੀ ਕੁੱਟ ਸੱਦਦੇ ਹਾਂ।"

ਅਸਾਂ ਬਾਬਾ ਜੀ ਨੂੰ ਪੁੱਛਿਆ, "ਇਹ ਉਹੋ ਲੜਾਈ ਹੈ ਨਾਂ ਜੋ ਗਿ: ਗਿਆਨ ਸਿੰਘ ਸੰਨ 1731 ਈ: ਵਿਚ ਹੋਈ ਦੱਸੀ ਹੈ। ਬਾਬਾ ਜੀ ਨੇ ਫਰਮਾਇਆ, "ਨਹੀਂ, ਸਾਡੇ ਬਜ਼ੁਰਗ ਦੱਸਿਆ ਕਰਦੇ ਸਨ ਜਦੋਂ ਭਗਤੇ ਦੀ ਗੜ੍ਹੀ (ਕਿਲ੍ਹਾ ਭਗਵੰਤ ਰਾਏ) ਤੋਂ ਨਿਕਲ ਜਥਾ ਬਾਰ ਵਿਚ ਪੁੱਜਾ ਤਾਂ ਜਥੇਦਾਰ ਦਲੀਪ ਸਿੰਘ ਮਾਲੋਕੇ ਨੇ ਆਪਣੇ ਸੂਹੇਂ ਲਾਹੌਰ ਅਤੇ ਖੁਦਪੁਰ ਮਾਂਗੇ ਵਾਲੇ ਘਾਟ ਘੱਲ ਦਿਤੇ। ਇਲਾਕਾ ਨਿਵਾਸੀ ਸਿੰਘਾਂ ਨੂੰ ਪੈੜੇ ਵਾਲੀ ਪੁੱਜਣ ਦਾ ਸੱਦਾ ਦੇ ਕੇ ਆਪ ਉੱਥੇ ਜਾ ਡੇਰਾ ਕੀਤਾ। ਚੌਥੇ ਦਿਨ ਸਾਂਦਲ ਬਾਰ ਦਾ ਕੋਈ ਦੋ ਹਜ਼ਾਰ ਸਵਾਰ ਇਕੱਤਰ ਹੋ ਗਿਆ।

ਇਕ ਦਿਨ ਲਾਹੌਰ ਗਏ ਅਰੋੜੇ ਸੂਹੀਏ ਨੇ ਅੰਮ੍ਰਿਤਸਰ ਵਲ ਮੁਲਖਈਏ ਦੀ ਚੜ੍ਹਾਈ ਦੀ ਸੂਹ ਆ ਦਿਤੀ। ਬਸ ਖਾਲਸਾ ਅੱਧੀ ਰਾਤੀਂ ਖੁਦ-ਪੁਰ ਮਾਂਗੇ ਦੇ ਘਾਟ ਤੋਂ ਪਾਰ ਹੋਇਆ ਤਾਂ ਸੂਹ ਮਿਲੀ ਕਿ ਗਾਜ਼ੀ ਚਮਿਆਰੀਓਂ ਗਿੱਟੇ ਵਢਾ ਭੀਲੋਵਾਲ ਆ ਢੱਠੇ ਹਨ।" ਜਥੇਦਾਰ ਬੂਟਾ ਸਿੰਘ ਜੀ ਨੇ ਗੱਲ ਫੇਰ ਸ਼ੁਰੂ ਕੀਤੀ ਤੇ ਆਖਣ ਲੱਗਾ—

"ਮੁੜ ਤਹਾਨੂੰ ਵਿਰਕਾਂ ਨੂੰ ਇਹੋ ਜਿਹਾ ਮੌਕਾ ਰੱਬ ਦੇਵੇ, ਸਾਰਾ ਜਥਾ ਕੁੱਕੜ ਦੀ ਬਾਂਗ ਨਾਲ ਸੁੱਤੇ ਪਏ ਗਾਜ਼ੀਆਂ ਤੇ ਟੁਟ ਪਿਆ, ਕਿਸੇ ਨੂੰ ਉਠਣ ਨਾਂ ਦਿੱਤਾ। ਦਿਨ ਚੜ੍ਹਦੇ ਤੱਕ ਬਚਿਆ ਉਹੋ ਜੋ ਭੱਜ ਗਿਆ ਬਾਕੀ ਸਭ ਖਾਲਸੇ ਨੇ ਤੇਗ ਦੀ ਧਾਰ ਵਿਚੋਂ ਕੱਢ ਦਿਤੇ। ਗਾਜ਼ੀਆਂ ਦਾ ਸਾਰਾ ਮਾਲ ਲੁੱਟ ਗਸ਼ਤੀ ਫੌਜ ਦੇ ਆਵਣ ਤੋਂ ਪਹਿਲਾਂ ਪੈੜੇ ਵਾਲੀ (ਨਨਕਾਣੇ ਸਾਹਿਬ) ਜਾਂ ਪੁਜੇ।"

ਅਸਾਂ ਪੁਛਿਆ, "ਬਾਬਾ ਜੀ ਗਿ: ਗਿਆਨ ਸਿੰਘ ਜੀ ਸੰਨ 1731 ਈ: ਵਿਚ ਹੋਇਆ ਕਿਉਂ ਲਿਖਦੇ ਹਨ।" ਆਪ ਜੀ ਨੇ ਫਰਮਾਇਆ, "ਅਸਾਂ ਗਿਆਨੀ ਜੀ ਨੂੰ ਜਦੋਂ ਇਹ ਗੱਲ ਦੱਸੀ ਤਾਂ ਉਹ ਕਹਿਣ ਲਗੇ, ਤੁਸਾਡੇ ਸਾਂਦਲ ਬਾਰ ਦੀਆਂ ਗੱਲਾਂ ਦਾ ਸਾਨੂੰ ਗਿਆਨ ਨਹੀਂ। ਇਹ ਹੋਇਆ ਹੋਵੇਗਾ। ਮਗਰ ਮੈਂ ਜੋ ਕੁਛ ਲਿਖਿਆ ਹੈ ਸਹੀ ਹੈ। ਉਹਨਾਂ ਆਪਣੀ ਭੁੱਲ ਨਹੀਂ ਸੀ ਮੰਨੀ।"

ਅਸਾਂ ਪੁਛਿਆ, "ਬਾਬਾ ਜੀ, ਇਸ ਪਿੰਡ ਪੈੜੇ ਵਾਲੀ ਚਾਲ ਦਾ ਖਾਲਸੇ ਨਾਲ ਕੀ ਸੰਬੰਧ ਹੈ?"

ਆਪ ਜੀ ਨੇ ਫ਼ਰਮਾਇਆ, "ਇਹ ਅਸਥਾਨ ਨਨਕਾਣੇ ਸਾਹਿਬ ਤੋਂ ਪੱਛਮ ਦਿਸ਼ਾ ਚਾਰ ਮੀਲ ਦੂਰ ਹੈ। ਬਾਬਾ ਬੰਦਾ ਸਿੰਘ ਦੇ ਜ਼ਮਾਨੇ ਇਥੇ ਇਕ ਡੂੰਘੀ ਛੱਪੜੀ ਕਿਨਾਰੇ ਸੁੰਦਰ ਝੁੱਗੀ ਵਿਚ ਬਾਬਾ ਪੈੜਾ ਨਾਮ ਉਦਾਸੀ ਤਪ ਕੀਤਾ ਕਰਦਾ ਸੀ। ਖਾਲਸਾ ਜਦੋਂ ਮਾਰਿਆ-ਧਾੜਿਆਂ ਤੇ ਚੜ੍ਹਦਾ ਤਾਂ ਨਨਕਾਣਾ ਸਾਹਿਬ ਗੁਰਧਾਮ ਦੀ ਪਵਿਤਰਤਾ ਨੂੰ ਮੁੱਖ ਰੱਖ ਇਥੇ ਡੇਰਾ ਕੀਤਾ ਕਰਦਾ ਸੀ। ਬਾਬੇ ਪੈੜੇ ਦੀ ਤਪੱਸਿਆ ਅਤੇ ਖਾਲਸੇ ਨਾਲ ਪਿਆਰ ਨੂੰ ਮੁੱਖ ਰੱਖ ਜਥੇਦਾਰ ਦਲੀਪ ਸਿੰਘ ਜੀ ਨੇ ਉੱਥੇ ਖੂਹ ਲਗਾਉਣਾ ਚਾਹਿਆ। ਅਗਰ ਬਾਬੇ ਪੈੜੇ ਆਖਿਆ, ਖੂਹ ਵਾਸਤੇ, ਚਾਖੜਾ, ਚਰਖੜੀ ਤੇ ਲੱਜ, ਡੋਲ ਦੀ ਲੋੜ ਰਹਿੰਦੀ ਹੈ ਤੁਸੀਂ ਬਾਉਲੀ ਲਗਾਉ। ਚੁਨਾਂਚਿ ਖਾਲਸੇ ਨੇ ਬਾਉਲੀ ਤਿਆਰ ਕਰ ਦਿਤੀ।

ਇਹ ਥਾਂ "ਬਾਵਲੀ ਸਿੱਖਾਂ ਪੈੜੇ ਵਾਲੀ" ਕਰਕੇ ਪੁਰਾਣੇ ਕਾਗਜ਼ਾਂ ਵਿਚ ਦਰਜ ਅਤੇ ਨਵਾਬ ਕਪੂਰ ਸਿੰਘ ਦੇ ਪਿਛੋਂ ਵੀ ਸਿੰਘ ਸਰਦਾਰ ਆਪਣੇ ਦੌਰਿਆਂ ਵੇਲੇ ਏਥੇ ਡੇਰਾ ਕੀਤਾ ਕਰਦੇ ਸਨ। ਖਾਸ ਕਰ ਕੇ ਸ਼ੇਰਿ-ਪੰਜਾਬ ਜਦ ਨਨਕਾਣੇ ਸਾਹਿਬ ਆਉਂਦੇ ਤਾਂ ਏਥੇ ਡੇਰਾ ਕੀਤਾ ਕਰਦੇ ਸਨ। ਬਾਬੇ ਪੈੜੇ ਦੇ

ਤਪ-ਸਥਾਨ ਦੁਆਲੇ ਕੱਚਾ ਘੇਰਾ ਬਣਿਆ ਹੋਇਆ ਸੀ। ਉਦੋਂ ਇਥੇ ਮਹਾਰ ਜਾਤੀ ਦੇ ਮੁਸਲਮਾਨ ਆਏ, ਗਏ ਸਰਦਾਰਾਂ ਦੀ ਸੇਵਾ ਵਾਸਤੇ ਬੈਠੇ ਸਨ।

ਸਿੱਖ-ਰਾਜ ਦੇ ਅੰਤ ਤੱਕ ਸਭ ਕੁਛ ਠੀਕ ਰਿਹਾ। ਪੌੜੇ ਵਾਲੀ ਦਾ ਸਾਰਾ ਰਕਬਾ ਨਨਕਾਣਾ ਸਾਹਿਬ ਦੀ ਜਾਗੀਰ ਵਿਚ ਸ਼ਾਮਲ ਸੀ। ਮਹੰਤਾਂ ਦੀ ਲਾਪਰਵਾਹੀ ਤੋਂ ਲਾਭ ਉਠਾਂਦਿਆਂ ਹੋਇਆ ਪੌੜੇ ਵਾਲੀ ਦਾ ਸਾਰਾ ਰਕਬਾ ਇਕ ਮੁਸਲਮਾਨ ਪਟਵਾਰੀ ਨੇ ਮੁਸਲਮਾਨਾਂ ਦੇ ਨਾਮ ਦਿੱਤਾ। ਉਹਨਾਂ ਨੇ ਪਹਿਲਾਂ ਤਾਂ ਬਾਬੇ ਪੌੜੇ ਦੇ ਤਪਸਥਾਨ ਤੇ ਇਕ ਖਾਨਗਾਹ ਬਣਾਈ ਤੇ ਮਜੌਰ ਬਿਠਾ ਦਿਤਾ। ਦੂਜਾ ਕੰਮ ਇਹ ਕੀਤਾ ਕਿ ਦੇ ਅੰਦਰ ਖਾਲਸੇ ਦੇ ਨਾਮ ਦੀ ਲਗੀ ਇਟ ਖੱਤਰ ਛਡੀ।

ਅਕਾਲੀ ਲਹਿਰ ਦੇ ਜਮਾਨੇ ਗੁਰਮੁਖ ਪਿਆਰੇ ਮਾਸਟਰ ਨੰਦ ਸਿੰਘ ਜੀ ਮੁਖਤਿਆਰ ਨੇ ਮੁਕਦਮਾ ਲੜਿਆ— ਪਰ ਜਮੀਨ ਦਾ ਕਬਜਾ ਅਲਮਿਆਦ ਹਣ ਕਰਕੇ ਜਮੀਨ ਤਾਂ ਨਾ ਮਿਲ ਸਕੀ ਹਾਂ ਲਗਾਨ ਵਿਚੋਂ ਹਰ ਸਾਲ ਗੁਰਦਵਾਰੇ ਦੇ ਨਾਮ ਕੁਛ ਰਕਮ ਜਮਾਂ ਹੋ ਜਾਇਆ ਕਰਦੀ ਸੀ।

ਭਾਈ ਉਜਾਗਰ ਸਿੰਘ ਪੁਤ੍ਰ ਬਾਰਾ ਸਿੰਘ ਵਾਸੀ ਪੰਜ ਚਕ ਚੂਹੜਕਾਣਾਂ (ਹਾਲ ਦੱਕੀਆ ਨੰ: 3 ਕਾਂਜ਼ੀਪੁਰ ਤਹਿਸੀਲ) ਦੱਸਦੇ ਸਨ ਕਿ ਪੌੜੇ ਵਾਲੀ ਛਪੜੀ ਅਤੇ ਸਿੰਘਾਂ ਦੇ ਡੇਰੇ ਦੇ ਨਿਸ਼ਾਨ ਸੰਨ 1947 ਈ: ਦੇਸ਼ ਦੀ ਵੰਡ ਤਕ ਕਾਇਮ ਸਨ। ਬਾਉਲੀ ਅਜੇ ਤਕ ਚਾਲੂ ਹੈ।

ਸ਼ਾਹੀ ਫ਼ੌਜਾਂ ਦਾ ਜ਼ੋਰ

ਸਿਖੀ ਵਿਚ ਜਬਰਦਸਟ ਵਾਧੇ ਅਤੇ ਖਾਲਸੇ ਦੇ ਮੁਲਕ ਦਬਾਨ ਦੀਆਂ ਖਬਰਾਂ ਬਹਾਦਰ ਸ਼ਾਹ ਨੂੰ ਦੱਖਨ ਵਿਚ ਪੁਜੀਆਂ ਤਾਂ ਉਹ ਫੌਜ ਲੈ ਸਿਖਾਂ ਦੀ ਬਗਾਵਤ ਨੂੰ ਦਬਾਨ ਵਾਸਤੇ ਪੰਜਾਬ ਵਲ ਧਾਈ ਕਰਕੇ ਆਇਆ। 26 ਅਕਤੂਬਰ 1710 ਈ: ਨੂੰ ਅਮੀਨਗੜ੍ਹ ਲੜਾਈ ਹੋਈ ਸਿਖ ਥੋੜੇ ਹੋਣ ਕਰਕੇ ਥੋੜਾ ਮੁਕਾਬਲਾ ਕਰ ਜੰਗਲ ਨੂੰ ਨਿਕਲ ਗਏ। ਇਸੇ ਤਰ੍ਹਾਂ ਕਰਦੇ ਕਰਾਂਦੇ ਕਈ ਰਾਤ ਲੜਾਈਆਂ ਲੜਦੇ ਸਿੰਘ ਥਾਨੇਸਰ, ਸਢੌਰਾ ਛੱਡ ਲੋਹਗੜ੍ਹ ਵਲ ਵਧੇ। ਸ਼ਾਹੀ ਫੌਜ ਦਾ ਜ਼ੋਰ ਇਥੇ ਵੀ ਵਧਦਾ ਵਿਚਾਰ ਕੇ ਖਾਲਸਾ ਜੀ ਰਾਤੋਂ ਕਿਲਾ ਖਾਲੀ ਕਰ ਗਏ ਜੋ ਅਗਲੇ 11 ਦਸੰਬਰ 1710 ਈ: ਨੂੰ ਜਦ ਸ਼ਾਹੀ ਫੌਜ ਲੋਹਗੜ੍ਹ ਵਿਚ ਦਾਖਲ ਹੋਈ ਤਾਂ ਬਾਬੇ ਬੰਦਾ ਸਿੰਘ ਦੀ ਥਾਵੇਂ ਉਥੇ ਕੇਵਲ ਬਖਸ਼ੀ ਗੁਲਾਬ ਸਿੰਘ ਹਾਜਰ ਸਨ।

ਜੰਗ ਬ੍ਰਹਮਪੁਰ

ਲੋਹਗੜ੍ਹ ਤੋਂ ਨਿਕਲ, ਬਾਬਾ ਬੰਦਾ ਸਿੰਘ ਰਿਆੜਕੀ ਦੇ ਇਲਾਕੇ ਜਾ ਦੜਕਿਆ। ਸ਼ਾਹੀ ਫੌਜਾਂ ਨੂੰ ਪਤਾ ਲੱਗਾ ਕਿ ਉਹ ਰਾਇਪੁਰ ਬ੍ਰਹਮਪੁਰ ਵਿਚ ਹੈ। ਬਾਜ਼ੀਦ[1] ਖਾਨ ਤੇ ਸ਼ਮਸ[2] ਖਾਨ ਪੂਰੀ ਨਸ ਭਜ ਕਰ ਰਹੇ ਸਨ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਲਿਖਦੇ ਹਨ :—

ਸਿੱਖਾਂ ਦੀਆਂ ਮਾਰਾਂ[3]

ਉਨ੍ਹਾਂ ਦੂਹਾਂ ਨੇ ਹਮਲਾ ਕਰ ਦਿਤਾ। ਬਾਜ ਸਿੰਘ ਤੇ ਫਤਹ ਸਿੰਘ ਟਾਕਰੇ ਲਈ ਡਟ ਗਏ। ਬਾਜ ਸਿੰਘ ਨੇ ਅੱਗੇ ਵਧ ਕੇ ਸਮਸ ਖਾਨ ਨੇਜਾ ਖੁਹ ਲਿਆ ਤੇ ਇਕੋ ਵਾਰ ਨਾਲ ਉਸ ਦੇ ਦੋ ਟੋਟੇ ਕਰ ਦਿਤੇ। ਵਜੀਦ ਖਾਨ ਵੀ ਫਤਹ ਸਿੰਘ ਦੇ ਹਥੋਂ ਸਖਤ ਜਖਮੀ ਹੋਇਆ। ਜੰਗ ਵਿਚੋਂ ਭਾਵੇਂ ਬਚ ਕੇ ਨਿਕਲ ਗਿਆ, ਪਰ ਤਿੰਨ ਦਿਨ ਪਿਛੋਂ ਉਹ ਵੀ ਚੋਟਾਂ ਦੀ ਮਾਰ ਨ ਸਹਾਰਦਾ ਹੋਇਆ ਮਰ ਗਿਆ। ਬਾਦਸ਼ਾਹ ਨੇ ਇਸ ਹਾਰ ਦੀ ਖ 14 ਜੂਨ 1711 ਨੂੰ ਸੁਣੀ। ਖਾਲਸੇ ਦੇ ਹੋਂਸਲੇ, ਸ਼ਾਹੀ ਫੌਜ ਦੇ ਦੋ ਜਰਨੈਲ ਇਕੋ ਟਾਕਰੇ ਵਿਚ ਹੀ ਮਾਰ ਕੇ ਹੋਰ ਵਧ ਗਏ...ਰੁਸਤਮ ਖਾਨ ਵੀ ਪੁੱਜਾ ਪਰ ਬਾਬਾ ਜੀ ਅਗਾਂਹ ਜਾ ਚੁੱਕੇ ਸਨ।

ਬਹਾਦਰ ਸ਼ਾਹ ਲਾਹੌਰ ਵਿਚ

ਬਾਦਸ਼ਾਹ, 11 ਅਗਸਤ 1711 ਈ: ਨੂੰ ਲਾਹੌਰ ਪੁਜਾ ਅਤੇ ਉਸਨੇ ਬੜੇ ਕਰੜੇ ਹੁਕਮ ਜਾਰੀ ਕੀਤੇ ਕਿ ਹਰ ਕਿਸੇ ਨਾਨਕ ਨਾਮ ਲੇਵਾ ਕਤਲ ਕਰ ਦਿਤਾ ਜਾਵੇ। ਇਸ ਫ਼ਰਮਾਨ ਦੀ ਆੜ ਲੈ ਕੇ ਸਰਕਾਰੀ ਕਰਮਚਾਰੀਆਂ ਨੇ ਜੋ ਜ਼ੁਲਮ ਕੀਤੇ ਉਹ ਕਹਿਣੀ ਕਥਨੀ ਤੋਂ ਬਾਹਰ ਸਨ

---

1. ਬਾਜ਼ੀਦ ਖਾਨ : (ਕੁਤਬਦੀਨ ਖਾਨ) ਖੇਸ਼ਗੀ, ਕਸੂਰੀ, ਗਵਰਨਰ ਜੰਮੂ।
2. ਸ਼ਮਸ ਖਾਨ : ਇਹ ਬਾਜ਼ੀਦ ਖਾਨ ਦਾ ਭਤੀਜਾ ਸੀ।
3. ਸਿੱਖਾਂ ਦੀਆਂ ਮਾਰਾਂ : ਵੇਖੋ ਅਠਾਰਵੀਂ ਸਦੀ ਵਿਚ ਵੀਰ ਪਰਮਪਰਾ ਦਾ ਵਿਕਾਸ, ਪੰਜਾਬੀ ਯੂਨੀਵਰਸਿਟੀ 1971 ਪ੍ਰਕਾ ਪੰਨਾ 64-11
4. ਸਮਦ ਖਾਂ : ਇਕ ਫੌਜੀ ਜਰਨੈਲ ਸੀ। ਅਬਦੁਲ ਸਮਦ ਖਾਂ ਜੋ ਪਿਛੋਂ ਲਾਹੌਰ ਦਾ ਸੂਬੇਦਾਰ ਬਣਿਆ ਹੋਰ ਸੀ।

ਉਦਾਸੀਆਂ ਦੇ ਡੇਰੇ ਉਜਾੜ ਦਿੱਤੇ ਗਏ। ਦੂਜਾ ਹੁਕਮ ਇਹ ਜਾਰੀ ਕੀਤਾ ਕਿ ਕੋਈ ਹਿੰਦੂ ਕੇਸ ਦਾੜੀ ਨ ਰਖੇ। ਇਹਨਾਂ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਕਈਆਂ ਦੀਆਂ ਜਬਰਦਸਤੀ ਦਾੜੀਆਂ ਮੁੰਨੀਆਂ ਗਈਆਂ ਅਤੇ ਕਈ ਹੋਰ ਬੀਰਤਾ ਦੇ ਕਾਰਨਾਮੇ ਵੀ ਹੋਏ।

ਨਿਡਰਤਾ ਦੀ ਹੱਦ

ਬਹਾਦਰਸ਼ਾਹ ਲਾਹੌਰ ਵਿਚ ਹੀ ਕਿਆਮ ਕਰੀ ਬੈਠਾ ਸੀ ਅਤੇ ਆਪਣੇ ਕਰੜੇ ਹੁਕਮਾਂ ਦੀ ਪਾਲਣਾ ਧਿਆਨ ਨਾਲ ਹੁੰਦੀ ਵੇਖ ਰਿਹਾ ਸੀ। ਦਰਅਸਲ ਬਹਾਦਰ ਸ਼ਾਹ ਮਿਰਾਕੀ[1] ਹੁੰਦਾ ਜਾ ਰਿਹਾ ਸੀ। ਐਥੋਂ ਤਕ ਕਿ ਉਹ ਕੇਸਾਧਾਰੀ ਸਿਖ ਨੂੰ ਵੇਖ ਕੇ ਪਾਗਲ ਹੋ ਉਠਿਆ ਕਰਦਾ ਸੀ। ਇੱਕ ਦਿਨ ਸੇਵਾ ਪੰਥੀ ਸੰਪਰਦਾਇ ਦੇ ਉਸ ਵਕਤ ਦੇ ਮੁਖੀ ਭਾਈ ਅਡਣ ਸ਼ਾਹ[2] ਜੀ, ਬਹਾਦਰ ਸ਼ਾਹ ਦੇ ਮੁਰਸ਼ਿਦ ਦੇ ਡੇਰੇ ਧਰਮ ਚਰਚਾ ਕਰ ਰਹੇ ਸਨ ਕਿ ਬਹਾਦਰ ਸ਼ਾਹ ਆਪਣੇ ਮੁਰਸ਼ਿਦ ਦੇ ਦੀਦਾਰ ਲਈ ਉਥੇ ਆ ਗਿਆ। ਉਥੇ ਕੇਸਾਧਾਰੀ ਸਿਖ ਨੂੰ ਬੈਠੇ ਵੇਖ ਉਸ ਨੇ ਪੀਰ ਨੂੰ ਪੁਛਿਆ, ਕਿਆ ਇਹ ਮਰ੍ਹੈਲ[3] ਦਾ ਸਿਖ ਹੈ? ਤਾਂ ਪੀਰ ਨੇ ਹੌਲੀ ਜਿਹੀ ਆਖਿਆ ਨਹੀਂ ਇਹ ਬਾਬੇ ਨਾਨਕ ਦਾ ਸਿਖ ਹੈ, ਪ੍ਰੰਤੂ ਭਾਈ ਅਡਣ ਸ਼ਾਹ ਜੀ ਨੇ ਗੱਜਕੇ ਆਖਿਆ "ਹਾਂ ਮੈਂ ਮਰ੍ਹੈਲੇ ਗੁਰੂ ਦਾ ਸਿਖ ਹਾਂ।"

ਬਹਾਦਰ ਸ਼ਾਹ ਦੇ ਟੁਰ ਜਾਣ ਪਿਛੋਂ ਪੀਰ ਜੀ ਨੇ ਆਖਿਆ, "ਭਾਈ ਜੀ ਅਸੀਂ ਤਾਂ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਨੂੰ ਇਕੋ ਹੀ ਸਮਝਦਿਆਂ ਹੋਇਆ ਹੈ, "ਬਾਬੇ ਨਾਨਕ ਦਾ ਸਿੱਖ ਆਖਿਆ ਸੀ ਤੁਸਾਂ ਫਰਕ ਕਿਉਂ ਕੀਤਾ? ਪਰ ਵਾਹ! ਵਾਹ!! ਧੰਨ ਸਿਖੀ ਜਿਹੜੇ ੧ੳ ਦੇ ਉਪਾਸਕ ਹਨ ਜਿਨ੍ਹਾਂ ਨੂੰ ਸਤਿਨਾਮ ਕਰਤਾ ਪੁਰਖ ਦੀ ਸਮਝ ਹੈ, ਜਿਨ੍ਹਾਂ ਦੇ ਅੰਦਰ ਨਿਰਭੈਤਾ ਅਤੇ ਨਿਰਵੈਰਤਾ ਦਾ ਨਿਵਾਸ ਹੈ ਜੋ ਆਪਣੇ ਸਰਬ ਸਕਤੀਮਾਨ ਅਜ਼ਨੀ ਅਤੇ ਅਮਰ ਗਰੂ (ਅਕਾਲ ਪੁਰਖ) ਦੀ ਮਿਹਰ ਦਾ ਆਸਰਾ ਰਖਦੇ ਹਨ ਉਹ ਕਦੋਂ ਕਿਸੇ ਦੁਨਿਆਵੀ ਸ਼ਾਹ ਤੋਂ ਡਰਦੇ ਜਾਂ ਪੀਰ ਦਾ ਲਿਹਾਜ ਕਰਦੇ ਹਨ। ਭਾਈ ਅਡਣ ਸ਼ਾਹ ਜੀ ਨੇ ਆਖਿਆ "ਪੀਰ ਜੀ ਅੰਤਰ ਤਾ ਅਸੀਂ ਵੀ ਨਹੀਂ ਜਾਣਦੇ, ਪਰ ਇਹੋ ਜਿਹੇ ਸਮੇ ਕਹਿਣਾ ਕਿ ਬਾਬੇ ਨਾਨਕ ਦੇ ਸਿੱਖ ਹਾਂ ਗੁਰੂ ਗੋਬਿੰਦ ਸਿੰਘ ਦੇ ਨਹੀਂ ਕੇਵਲ ਸਰੀਰ ਬਚਾਨ ਖਾਤਰ ਸੀ ਅਤੇ ਸਰੀਰ ਬਚਾਨ ਖਾਤਰ ਇਹ ਬਚਨ ਕਹਿਣਾ ਸੂਰਮਤਾ ਨਹੀਂ।"

ਸਿੰਘਾਂ ਦੀ ਸ਼ਹੀਦੀ ਅਤੇ ਉਦਾਸੀ ਸਿੰਘਾਂ ਦੀ ਨਿਡਰਤਾ: ਬ੍ਰਹਮਪੁਰ ਦੀ ਲੜਾਈ ਪਿਛੋਂ ਜਦੋਂ ਬਾਬਾ ਬੰਦਾ ਸਿੰਘ ਅਤੇ ਸਰਬਤ ਖਾਲਸਾ ਫੌਜਾਂ ਪਹਾੜੀਂ ਚੜ ਗਈਆਂ ਤਾਂ ਪਿੰਡ ਚਾਚੋਕਿਆਂ ਦੇ ਚਾਰ ਅਤੇ ਪਿੰਡ ਕੜਯਾਲ ਕਲਾਂ (ਜਿ: ਗੁਜਰਾਂਵਾਲਾ ਪਛਮੀ ਪੰਜਾਬ) ਦੇ ਛੇ ਸਿੰਘ ਆਪਣੇ ਜਥੇ ਵਿਚੋਂ ਆਗਿਆ ਲੈ ਕੇ ਘਰ ਆ ਰਹਿ ਸਨ। ਰਾਤ ਉਹ ਗੁਰਦਵਾਰਾ ਰੋੜੀ ਸਾਹਿਬ ਐਮਨਾਬਾਦ ਆ ਟਿਕੇ। ਗੁਰਦਵਾਰੇ ਦੇ ਉਦਾਸੀ ਸੇਵਾਦਾਰਾਂ ਨੂੰ ਉਚੇਰੀ ਸੇਵਾ ਕਰਦਿਆਂ ਨੂੰ ਵੇਖ ਕਿਸੇ ਦੋਖੀ ਨੇ ਧੌਂਸ (ਗਸ਼ਤੀ ਫੌਜ) ਵਾਲਿਆਂ ਨੂੰ ਜਾ ਦਸਿਆ। ਉਹਨਾਂ ਸੋਚਿਆ ਹੁਣ ਤਾਂ ਆਰਾਮ ਕਰੋ ਸਵੇਰੇ ਸੁਤਿਆਂ ਨੂੰ ਜਾ ਫੜਾਂਗੇ। ਇਹੋ ਗਲ ਸੇਵਾਦਾਰਾਂ ਨੂੰ ਵੀ ਖੜਕ ਗਈ। ਉਹਨਾਂ ਨੇ ਅਧੀ ਰਾਤ ਢਲੀ ਸਿੰਘਾਂ ਨੂੰ ਉਠਾ ਕੇ ਸਾਰੀ ਗਲ ਸਮਝਾ ਦਿੱਤੀ ਅਰ ਸਿੰਘ ਚਾਲੇ ਪਾ ਗਏ।

ਕੁਕੜ ਦੀ ਬਾਂਗ ਨਾਲ ਧੌਂਸ ਨੇ ਉਦਾਸੀਆ ਦਾ ਡੇਰਾ ਘੇਰ ਪੁਛਿਆ, ਤਾਂ ਮਹੰਤ ਨੇ ਆਖਿਆ ਖਾਨ ਜੀ ਰਾਤੀਂ ਜੋ ਮੁਸਾਫਰ ਆਏ ਸਨ ਉਹ ਚਲੇ ਗਏ ਹਨ। ਪਤਾ ਨਹੀਂ ਕਿਧਰ ਗਏ ਹਨ। ਇਕ ਰਾਹ ਜਾਂਦੇ ਮਲੰਗ ਨੂੰ ਪੁਛਿਆ ਉਸ ਆਖਿਆ ਮੈਨੂੰ ਦਸ ਸਿਖ ਐਧਰ ਜਾਂਦੇ ਫਲਾਣੇ ਟਿਕਾਣੇ ਤੇ ਮਿਲੇ ਸਨ। ਧੌਂਸ ਕਾਹਲੀ ਕਾਹਲੀ ਓਧਰ ਨੂੰ ਟੁਰ ਵਗੀ। ਪਿਛੋਂ ਮਹੰਤ ਜੀ ਨੇ ਆਪਣੇ ਦੋ ਉਦਾਸੀ ਸੇਵਾਦਾਰਾਂ ਨੂੰ ਕੁਛ ਗਲਾਂ ਸਮਝਾ ਕੇ ਧੌਂਸ ਦੇ ਮਗਰ ਥੜ੍ਹੀ ਵਿਥ ਤੇ ਟੋਰ ਦਿਤਾ। ਸਿੰਘ ਰਵਾਂ ਰਵੀ ਜੰਗਲ ਦੇ ਰਾਹ, ਪੈਂਡਾ ਵਢਦੇ ਤੇ ਨਾਮ ਜਪਦੇ ਜਾ ਰਹੇ ਸਨ। ਹੁਕਮ ਕਰਤਾਰ ਦਾ, ਉਸੇ ਵੇਲੇ ਜੰਗਲ ਵਿਚੋਂ ਇਕ ਹਿਰਦੇ ਵੇਦਵੀ ਚੀਕ ਸੁਣਾਈ ਦਿਤੀ। ਸਿੰਘ ਝਟ ਪਟ, ਤੀਰ ਵਾਂਗ ਆਵਾਜ਼ ਦੀ ਸੇਧ ਤੇ ਪੁਜੇ। ਅਗੋ ਦੋ ਤਿੰਨ ਪਠਾਣਾਂ[4] ਨੇ ਇੱਕ

---

1. **ਮਿਰਾਕੀ:** ਜਿਸ ਦੇ ਦਿਮਾਗ ਵਿਚ ਫਰਕ ਆ ਜਾਵੇ।
2. ਭਾਈ ਅਡਣ ਸ਼ਾਹ ਜੀ। ਦਸਮੇਸ਼ ਜੀ ਦੀ ਹਜ਼ੂਰੀ ਵਿਚ ਭਾਈ ਕਨ੍ਹਯਾ ਜੀ ਸਮਦ੍ਰਸਟੇਤਾ, ਪਰਉਪਕਾਰੀ ਵਿਰਕਤ ਮਹਾਂਪੁਰਸ਼ ਹੋਏ ਜਿਨ੍ਹਾਂ ਨੂੰ ਜੰਗ ਅੰਦਰ ਸਭ ਦੀ ਸਮਾਨ ਸੇਵਾ ਕਰਦਿਆਂ ਵੇਖ ਪ੍ਰਸੰਨ ਹੋ ਦਸਮੇਸ਼ ਜੀ ਨੇ ਮਲਹਮ ਦੀ ਡਬੀ ਦੀ ਬਖਸ਼ਿਸ਼ ਕੀਤੀ ਕਿ ਜਲ ਪਾਣੀ ਦੀ ਸੇਵਾ ਦੇ ਨਾਲ ਨਾਲ ਜ਼ਖਮੀਆਂ ਦੀ ਮਲ੍ਹਮ ਪਟੀ ਵੀ ਕਰਿਆ ਕਰੋ। ਆਪ ਜੀ ਸੇਵਾ ਪੰਥੀ ਸੰਪਰਦਾਏ ਦੇ ਸਿਰਮੌਰ ਹੋਏ। ਉਹਨਾਂ ਤੋਂ ਅਗੇ ਭਾਈ ਸੇਵਾ ਰਾਮ ਜੀ ਹੋਏ। ਤਿਨਾਂ ਤੋਂ ਅਗੇ ਭਾਈ ਸਹਿਜ ਰਾਮ ਜੀ ਹੋਏ। ਭਾਈ ਸਹਿਜ ਰਾਮ ਜੀ ਬੜੇ ਹਠੀਏ ਹੋਏ। ਉਹਨਾਂ ਤੋਂ ਗੁਰਸਿਖੀ ਦੀ ਸਿਖਿਆ ਦੀਖਿਆ ਅਤੇ ਨਿਡਰਤਾ ਨਿਰਵੈਰਤਾ ਭਾਈ ਅਡਣ ਸ਼ਾਹ ਜੀ ਨੂੰ ਪ੍ਰਾਪਤ ਹੋਈ।। ਦਸਮੇਸ਼ ਪਾਤਸ਼ਾਹ ਦੇ ਦਰਸ਼ਨ ਆਪ ਜੀ ਨੇ ਕੀਤੇ ਹੋਏ ਸਨ।
3. **ਮਰ੍ਹੈਲਾ:** "ਜੰਗ ਕਰਨ ਵਾਲਾ ਪੀਰ"। ਇਹ ਉਪਾਧੀ ਬਹਾਦਰ ਸ਼ਾਹ ਬਾਦਸ਼ਾਹ ਨੇ ਗੁਰੂ ਗੋਬਿੰਦ ਸਿੰਘ ਨੂੰ ਪੀਰ ਹੁੰਦਿਆਂ ਹੋਇਆ ਜੰਗਜੂ ਹੋਣ ਕਰਕੇ ਦਿੱਤੀ ਸੀ।
4. **ਪਠਾਣ:** ਇਹ ਏਮਨਾਬਾਦੋਂ, ਧੌਂਸ ਵਿਚੋਂ ਸ਼ਿਕਾਰ ਖੇਡਨ ਦੀ ਛੁਟੀ ਲੈ ਕੇ ਆਏ ਹੋਏ ਸਨ। ਜੋ ਛੁਟੀ ਖਤਮ ਹੋਣ ਤੇ ਏਮਨਾਬਾਦ ਜਾ ਰਹੇ ਸਨ। ਤਦ ਪੰਡਤ ਤੇ ਪੰਡਤਾਣੀ ਇਹਨਾਂ ਦੇ ਢਹਿ ਚੜ ਗਏ ਸਨ।

ਬੰਦੇ ਜਨਾਨੀ ਨੂੰ ਘੇਰ ਜਨਾਨੀ ਕੋਲੋਂ ਬੱਚਾ ਖੂਹ ਬੰਦੇ ਦੇ ਹਥ ਫੜਾ ਘੋੜੀ ਉਤੇ ਸਵਾਰ ਜਨਾਨੀ ਨੂੰ ਆਪਣੇ ਨਾਲ ਚਲਣ ਲਈ ਮਜ਼ਬੂਰ ਕਰ ਰਹੇ ਸਨ। ਬੱਚਾ ਰੋ ਰਿਹਾ ਸੀ ਜਨਾਨੀ ਕੁਰਲਾ ਰਹੀ ਸੀ ਅਤੇ ਪੰਡਤ ਮਿੰਨਤਾਂ ਕਰ ਰਿਹਾ ਸੀ। ਦਸਾਂ ਸਿੰਘਾਂ ਨੇ ਦੂਰੋਂ ਲਲਕਾਰਾਂ ਮਾਰਿਆ, ਹਲਾ ਉਇ ਦੁਸ਼ਟੋ ਜਾ ਛਾ ਲਿਆ ਜੇ। ਜਿਸਨੂੰ ਸੁਣਦਿਆਂ ਸਾਰ ਪਠਾਣ ਸ਼ਿਕਾਰੀ ਹਵਾ ਹੋ ਗਏ। ਅਗੋਂ ਪੰਡਤ ਤੇ ਪੰਡਤਾਣੀ ਸਿੰਘਾਂ ਨੂੰ ਅਸੀਸਾਂ ਦੇਂਦੇ ਘਰ ਨੂੰ ਟੁਰ ਗਏ।

ਸਿੰਘ ਉਥੋਂ ਤੁਰ ਥੋੜੀ ਦੂਰ ਅਗਾਂਹ ਗਏ ਤਾਂ ਇਕ ਆਜੜੀ ਇਜੜ ਚਾਰਦਾ ਮਿਲਿਆ ਸਿੰਘਾਂ ਨੂੰ ਭੁੱਖ ਲਗੀ ਸੀ ਆਜੜੀ ਨੂੰ ਪੈਸੇ ਦੇ ਕੇ ਇਕ ਘੁਠੋਰਾ ਲਿਆ। ਥੋੜੀ ਦੂਰ ਇਕ ਛਪੜੀ ਕੰਢੇ ਬਕਰਾ ਝਟਕਾ, ਛਿਲ ਕੇ ਭੁੰਨਣ ਦੇ ਆਹਰੇ ਲਗ ਗਏ। ਸ਼ਿਕਾਰੀ ਪਠਾਣ, ਏਮਨਾਬਾਦੋਂ ਮਗਰ ਆਉਂਦੀ ਧਾੜ ਨੂੰ ਕੁਛ ਫਾਸਲੇ ਤੇ ਅਗੋਂ ਮਿਲੇ ਤੇ ਸਾਰੀ ਵਾਰਤਾ ਕਹਿ ਸੁਣਾਈ। ਅਗੋਂ ਆਏ ਤਾਂ ਆਜੜੀ ਨੇ ਦਸਿਆ ਮੈਥੋਂ ਲੇਲਾ ਲੈ ਗਏ ਨੇ ਤੇ ਐਥੇ ਕਿਧਰੇ ਖਾਂਦੇ ਪਏ ਹੋਵਨਗੇ। ਧੌਂਸ ਵਾਲਿਆਂ ਇਕ ਪੇਦਲ ਸੂਹਾਂ ਘਲ ਪਤਾ ਕੀਤਾ—ਓਸ ਦਸਿਆ ਉਹ ਧੂੰ ਨਿਕਲਦਾ ਹੈ, ਦਸੇ ਸਿੰਘ ਬੈਠੇ ਭੁੰਨ ਭੁੰਨ ਬਕਰਾ ਖਾਂਦੇ ਨੇ। ਧੌਂਸ ਵਾਲਿਆਂ ਕੋਲ ਬੰਦੂਕਾਂ ਸਨ। ਉਹਨਾਂ ਚੌਵਾਂ ਪਾਸਿਆਂ ਤੋਂ ਘੇਰਾ ਪਾ, ਵਾਜ ਮਾਰ ਕੇ, ਆਖਿਆ "ਓਇ ਸਿੰਘੋ ਹਥਿਆਰ ਸੁਟ ਦਿਹੋ ਅਸੀਂ ਤੁਸਾਨੂੰ ਕੁਛ ਨਹੀਂ ਆਖਦੇ" ਸਿੰਘਾਂ ਨੇ ਇਕ ਮਿੰਟ ਨ ਲਗਣ ਦਿਤਾ ਤੇ ਜਿਧਰੋਂ ਆਵਾਜ ਆਈ ਤਲਵਾਰੀ ਖਿਚ, ਜੈਕਾਰਾ ਗਜਾ ਟੁਟ ਕੇ ਪੈ ਗਏ। ਪਰ ਅਗੋਂ ਬੰਦੂਕਾਂ ਚਲੀਆਂ, ਪੇਸਤਰ ਇਸ ਦੇ ਕਿ ਸਿੰਘ ਵੈਰੀ ਤਕ ਅਪੜਦੇ ਛਾਤੀਆਂ ਵਿਚ ਗੋਲੀ ਖਾਂ ਸਚ ਖੰਡ ਨੂੰ ਕਮਰ ਕਸੇ ਕਰ ਗਏ।

ਧੌਂਸ ਵਾਲੇ ਦਸਾਂ ਸਿੰਘਾਂ ਦੇ ਸਿਰ ਵੱਢ ਵਾਪਸ ਪਰਤ ਗਏ। ਦੋਨਾਂ ਉਦਾਸੀ ਸੇਵਾਦਾਰਾਂ ਵਿਚੋਂ, ਇੱਕ ਤਾਂ ਸ਼ਹੀਦਾਂ ਦੀ ਰਾਖੀ ਬੈਠ ਗਿਆ ਤੇ ਦੂਸਰਾ ਚਾਚੋਕਿਆ ਨੂੰ ਭਜ ਗਿਆ। ਚਾਚੋਕਿਆ ਵਾਲਿਆ ਕੜਯਾਲ, ਕਾਲੋਕੇ ਮਾਲੋਕੇ ਅਤੇ ਭਿਖੀ ਆਦਿ ਤੋਂ ਵਾਹਰਾਂ ਸਦੀਆਂ। ਸ਼ਹੀਦਾਂ ਦੇ ਅਸਥਾਨ ਤੇ ਪੁੱਜ ਖਾਲਸੇ ਨੇ ਮਤਾ ਮਤਾਇਆ ਤੇ ਉਦਾਸੀ ਸੇਵਾਦਾਰਾਂ ਸਮੇਤ ਏਮਨਾਬਾਦ ਨੂੰ ਸ਼ੇਧ ਕਰ ਲਈ। ਇਹ ਧਾੜ ਕੋਈ ਡੇਢ ਸੌ ਘੋੜ ਸਵਾਰ ਸਿੰਘਾਂ ਦੀ ਸੀ। ਏਮਨਾਬਾਦ ਦੇ ਨੇੜੇ ਪੁਜ ਉਦਾਸੀ ਸੇਵਾਦਾਰ ਤਾਂ ਡੇਰੇ ਵਗ ਗਏ।

ਸਿੰਘਾਂ ਨੂੰ ਸੋਘੋ ਰਾਹੀਂ ਪਤਾ ਲਗਾ ਕਿ ਧੌਂਸ ਵਾਲੇ ਅਜ ਸਿੰਘਾਂ ਨੂੰ ਕਤਲ ਕਰਨ ਦੀ ਖੁਸ਼ੀ ਵਿਚ ਖੂਬ ਗਾਉਣ ਵਜਾਣ ਲਗੇ ਹੋਏ ਹਨ।

ਜਦੋਂ ਸਭ ਫੋਜੀ ਥੱਕ ਕੇ ਸੌਂ ਗਏ, ਤੇ ਹੋਰ ਮਖੀ ਚੁਖੀ ਬੈਠ ਗਈ ਤਾਂ ਅੱਧੀ ਰਾਤ ਨੂੰ ਸਿੰਘ ਤਲਵਾਰਾਂ ਖਿਚ ਕੇ ਜਾ ਪਏ। ਪੂਰੀ ਦੀ ਪੂਰੀ ਧੌਂਸ ਸੁਤੀ ਪਈ ਦਾ ਪੂਰ ਲੰਘਾ ਦਿਤਾ, ਮਾਲ ਅਸਬਾਬ ਤੇ ਹਥਿਆਰ, ਲੁਟ, ਸ਼ਹੀਦ ਸਿੰਘਾਂ ਦੇ ਸਿਰ ਸੰਭਾਲ, ਦੁਸ਼ਮਨ ਦੇ ਘੋੜਿਆ ਤੇ ਸਵਾਰ ਹਵਾ ਹੋ ਗਏ। ਨਗਰ ਏਮਨਾਬਾਦ ਵਿਚ ਕਿਸੇ ਨੂੰ ਖਬਰ ਤਕ ਨਾ ਹੋਈ। ਸਵੇਰ ਹੋਈ ਤਾਂ ਇਕ ਲਾਂਗਰੀ (ਜੋ ਕਿਸੇ ਅਫਸਰ ਦੀ ਮੰਜੀ ਥੱਲੇ ਲੁਕਾ ਬਚ ਗਿਆ ਸੀ) ਨੇ ਏਮਨਾਬਾਦ ਦੇ ਚੌਧਰੀ ਨੂੰ ਖਬਰ ਕੀਤੀ। ਜਦੋਂ ਉਹਨੂੰ ਪੁਛਿਆ, ਕਤਲ ਕਿਸ ਕੀਤੇ ਨੇ ਤਾਂ ਉਸ ਉੱਤਰ ਦਿੱਤਾ "ਭੂਤਾਂ ਨੇ" ਲੋਕਾਂ ਪੁਛਿਆ 'ਉਹ ਸਿਖ ਸਨ'? ਉਹ ਆਖੀ ਜਾਵੇ "ਬੰਦੇ ਨਹੀਂ 'ਭੂਤ ਸਨ" ਕਿਉਂਕਿ ਉਹ ਚੁਪ ਚੁਪੀਤੇ ਤਲਵਾਰਾਂ ਚਲਾਂਦੇ ਤੇ ਫੋਜੀਆਂ ਦੇ ਸਿਰ ਲਾਂਹਦੇ ਮੈਂ ਵੇਖੇ ਹਨ"। ਮਗਰੋਂ ਬੜੀ ਭਜ ਦੌੜ ਹੋਈ ਮਗਰ ਕੁਛ ਪਤਾ ਨਾ ਲੱਗਾ।

ਸਾਕੇਵਾਲੇ ਸਥਾਨ ਤੇ ਪੁਜ ਸ਼ਹੀਦ ਸਿੰਘਾਂ ਦਾ ਸੰਸਕਾਰ ਕੀਤਾ ਗਿਆ। ਲੁਟ ਦੇ ਮਾਲ ਵਿਚੋਂ ਨਕਦੀ ਆਦਿ ਸ਼ਹੀਦ ਦੇ ਪ੍ਰਵਾਰਾਂ ਨੂੰ ਦਿਤਾ ਗਿਆ ਤੇ ਘੋੜੇ ਅਤੇ ਸਮਾਨ ਜਥਿਆਂ ਨੇ ਵੰਡ ਲਏ।

ਇਹ ਉਪਰੋਕਤ ਵਰਤਾਂਤ ਭਾਈ ਸਾਹਿਬ ਭਾਈ ਮੂਲ ਸਿੰਘ ਜੀ ਨੇ ਆਪਣੇ ਪਿਤਾਮਾ ਬਾਬਾ ਜੋਧ ਸਿੰਘ (ਜੋ ਸੰਨ 1860 ਈ: ਵਿਚ 100 ਸਾਲ ਦੇ ਹੋ ਕੇ ਗੁਰਪੁਰੀ ਸਿਧਾਰੇ ਸਨ) ਜੀ ਤੋਂ ਬਚਪਨ ਵਿਚ ਸੁਣੇ ਸਨ। ਐਸੀਆਂ ਐਸੀਆਂ ਕਈ ਵਾਰਦਾਤਾਂ ਵਿਰਕੈਤ ਵਿਚ ਹੋ ਗੁਜਰੀਆਂ ਹੋਈਆਂ ਹਨ ਜਿਹੜੀਆਂ ਕਿ ਵਿਰਕਾਂ ਦੀ ਅਣਪੜ੍ਹਤਾ, ਮਿਰਾਸੀਆਂ ਅਤੇ ਬ੍ਰਹਿਮਣਾ ਤੇ ਵਿਸ਼ਵਾਸ, ਅਤੇ ਸਿਖ ਇਤਿਹਾਸਕਾਰਾਂ ਦਾ ਮਤਰਏ ਭਰਾਵਾਂ ਵਾਲੇ ਸਲੂਕ ਕਾਰਨ ਸਮੇਂ ਦੀ ਰੇਤ ਥਲੇ ਦਬੀਆਂ ਗਈਆਂ ਹਨ। ਅਸੀਂ ਇਤਿਹਾਸਕਾਰਾਂ ਦਾ ਮਤਰਏ ਭਰਾਵਾਂ ਵਾਲਾ ਸਲੂਕ ਇਸ ਕਰਕੇ ਕਹਿੰਦੇ ਹਾਂ ਕਿ ਇਕ ਵਾਰੀ ਸ: ਕਰਮ ਸਿੰਘ ਹਿਸਟੋਰੀਅਨ ਵਿਰਕੈਤ ਵਿਚ ਚਲੇ ਗਏ ਵੀ ਮਗਰ ਪੰਥ ਦੇ ਮਹਾਨ ਵਿਦਵਾਨ ਭਾ: ਸਾ: ਭਾ: ਮੂਲ ਸਿੰਘ ਸਾਹਿਬ ਨੂੰ ਮਿਲੇ ਬਗੈਰ, ਸਾਧਾਰਨ ਲੋਕਾਂ ਨੂੰ ਪੁੱਛ ਪੁੱਛਾ ਕੇ ਵਾਪਸ ਚਲੇ ਆਏ। ਇਸ ਗੱਲ ਦਾ ਗਿਲਾ ਅਤੇ ਉਪਰੋਕਤ ਦਸਾਂ ਸ਼ਹੀਦਾਂ ਬਾਰੇ ਸੰਕੇਤ ਆਪ ਜੀ ਨੇ ਆਪਣੇ ਇਕ ਪਤਰ ਵਿਚ ਉਕਤ ਸ: ਕਰਮ ਸਿੰਘ ਜੀ ਨੂੰ ਦਿੱਤਾ।

ਬਹਾਦਰ ਸ਼ਾਹ ਦੀ ਮੌਤ

ਬਾਦਸ਼ਾਹ ਬਹਾਦਰ ਸ਼ਾਹ, ਜਿਵੇਂ ਅਸੀਂ ਪਿਛੇ ਦੱਸ ਆਏ ਹਾਂ ਆਪਣਾ ਦਿਮਾਗੀ ਸੰਤੁਲਨ ਖੋ ਬੈਠਾ ਸੀ। ਐਥੋਂ ਤਕ ਕਿ ਉਸ ਨੇ ਲਾਹੌਰ ਸ਼ਹਿਰ ਅਤੇ ਆਲੇ ਦੁਆਲੇ ਦੇ ਸਭ ਕੁੱਤੇ ਅਤੇ ਖੋਤੇ ਮਰਵਾ ਦਿਤੇ ਤਾਂ ਕਿ "ਮਾ ਬਦੋਲਤ" ਦੇ ਆਰਾਮ ਵਿਚ ਖਲਲ ਨਾ ਪਵੇ। ਅਖੀਰ 1712 ਈ: ਦੀ ਫਰਵਰੀ 27-28 ਦੀ ਵਿਚਲੀ ਰਾਤ ਉਹ ਸਦਾ ਦੀ ਨੀਂਦ ਸੌਂ ਗਿਆ ਅਤੇ ਉਸ ਦੇ ਪੁੱਤਰਾਂ ਵਿਚ ਰਾਜ ਸੱਤਾ ਹਥਯਾਨ ਦਾ ਝਗੜਾ ਚਲ ਪਿਆ। ਬਾਕੀ ਦੇ ਤਿੰਨ ਭਰਾਵਾਂ ਨੂੰ ਮਾਰ ਕੇ 29 ਮਾਰਚ 1712 ਨੂੰ ਬਾਦਸ਼ਾਹ ਬਣਿਆ ਅਤੇ ਬਹਾਦਰ ਸ਼ਾਹ ਦੀ ਲਾਸ਼ ਇਤਨੇ ਦਿਨ ਪਈ ਸੜਦੀ ਰਹੀ। ਅੰਤ ਚਾਲੀਸ ਦਿਨ ਪਿਛੋਂ ਲਾਹੌਰ ਦਫਨਾਈ ਗਈ।

ਫਰੁਖਸੀਅਰ

ਜਹਾਂਦਾਰ ਨੇ ਮਸਾਂ ਸਾਲ ਵੀ ਰਾਜ ਨਾ ਕੀਤਾ ਕਿ ਉਸ ਦੇ ਭਰਾ ਅਜੀਮ ਸ਼ਾਨ ਦੇ ਪੁਤਰ ਫਰੁਖ ਸੀਅਰ ਨੇ ਸੱਯਦ ਹਸਨ ਅਤੇ ਉਸ ਦੇ ਭਾਈ ਸੱਯਦ ਅਬਦੁਲੇ ਨਾਲ ਮਿਲਕੇ 11 ਫਰਵਰੀ 1713 ਈ: ਜਹਾਦਾਰ ਸ਼ਾਹ ਅਤੇ ਵਜ਼ੀਰ ਜੁਲਫਿਕਾਰ ਖਾਂ ਨੂੰ ਕਤਲ ਕਰ ਤਖਤ ਪਰ ਆਪ ਬੈਠ ਗਿਆ ਅਤੇ ਦੂਹਾਂ ਸਯਦ ਭਰਾਵਾਂ ਨੂੰ ਆਪਣੇ ਵਜ਼ੀਰ ਥਾਪ ਲਿਆ।

ਖਾਲਸੇ ਨੇ ਫੇਰ ਕਬਜੇ ਕੀਤੇ

ਇਸ ਅਫਰਾ ਤਫਰੀ (ਬਹਾਦਰ ਸ਼ਾਹ ਦੇ ਮਰਨ ਤੋਂ ਪਿਛੋਂ ਫਰਖਸੀਅਰ ਦੇ ਤਖਤ ਬੈਠਣ ਤਕ) ਦੇ ਜ਼ਮਾਨੇ ਵਿਚ ਬਾਬੇ ਬੰਦਾ ਸਿੰਘ ਜੀ ਨੇ ਸਢੌਰਾ ਆਦਿ ਸਥਾਨ ਫਿਰ ਕਬਜੇ ਕਰ ਲਏ। ਫਰਖਸੀਅਰ ਨੇ ਅਬਦੁਲ ਸੁਮਦ ਅਤੇ ਜੈਨਦੀਨ ਨੂੰ ਭੇਜ ਕੇ ਸਢੌਰਾ ਖਾਲੀ ਕਰਵਾਇਆ। ਜਿਸ ਤੇ ਬੰਦਾ ਬਹਾਦਰ ਨੇ ਜਾ ਰਿਆੜਕੀ ਤੇ ਕਬਜਾ ਕੀਤਾ। ਅਬਦੁਲ ਸਮਦ ਤੇ ਜਕਰੀਆ ਖਾਨ ਦੋਵੇਂ ਪਿਉ ਪੁਤਰ ਕਿਧਰੇ ਹੋਰ ਪਾਸੇ ਰੁੱਝ ਗਏ।

ਫਰੁਖਸੀਅਰ ਦੀ ਕਰੜਾਈ

ਮਾਰਚ 1715 ਈ: ਵਿਚ ਫਰੁਖਸੀਅਰ ਨੇ ਬਾਬੇ ਬੰਦਾ ਸਿੰਘ ਦੇ ਉਨਮੂਲਣ ਬਾਰੇ ਕਰੜਾ ਕੀਤਾ। ਉਹ ਪੰਜਾਬ ਭਰ ਦੇ ਹਾਕਮਾਂ ਦੀਆਂ ਫੌਜਾਂ, ਚੌਧਰੀਆਂ ਦੀਆਂ ਧਾੜਾਂ ਅਤੇ ਆਪਣਾ ਸ਼ਾਹੀ ਲਸ਼ਕਰ ਲੈ ਕੇ ਰਿਆੜਕੀ ਵਲ ਵਧਿਆ। ਛੋਟੀਆਂ ਮੋਟੀਆਂ ਅਨੇਕ ਝੜਪਾਂ ਪਸ਼ਚਾਤ ਬਾਬਾ ਬੰਦਾ ਸਿੰਘ ਜੀ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਜਾ ਮੋਰਚੇ ਗਡੇ। ਅਬਦੁਲ ਸਮਦ ਬਾਹਰ ਘੇਰਾ ਪਾ ਕੇ ਬੈਠ ਗਿਆ ਅਰ ਇਸ ਘੇਰੇ ਦੀ ਖਬਰ 17 ਅਪਰੈਲ 1715 ਈ: ਨੂੰ ਬਾਦਸ਼ਾਹ ਪਾਸ ਪੁੱਜੀ।

ਜਿਸ ਕਰ ਕੇ ਜਥੇਦਾਰ ਕਪੂਰ ਸਿੰਘ ਨੂੰ ਹੋਰ ਪੰਥਕ ਕੰਮਾਂ ਵਿਚ ਭਾਗ ਲੈਣ ਦੀ ਫੁਰਸਤ ਹੀ ਨਹੀਂ ਸੀ।

ਬੰਦਾ ਸਿੰਘ ਦੁਸ਼ਮਨ ਦੀ ਚਾਲ ਵਿਚ ਆ ਗਿਆ

ਬਾਬਾ ਬੰਦਾ ਸਿੰਘ ਜੀ ਅੱਠ ਮਹੀਨੇ ਗੁਰਦਾਸ ਨੰਗਲ ਦੀ ਗੜ੍ਹੀ ਅੰਦਰ ਘਿਰੇ ਰਹੇ। ਗਿ: ਸੋਹਣ ਸਿੰਘ 'ਸ਼ੀਤਲ' ਦੇ ਕਥਨ ਅਨੁਸਾਰ 'ਭੁਖ ਦੀ ਅਤਿ ਹੋ ਗਈ ਪਰ ਗੁਰੂ ਦੇ ਸਪੁਤਰਾਂ ਨੇ ਹੌਂਸਲਾ ਨਾ ਹਾਰਿਆ। ਬਲ ਨਾਲ ਕਿਲਾ ਨਾ ਛੁੜਾ ਸਕਿਆ ਤਾਂ ਅਬਦੁਲ ਸਮਦ ਖਾਂ ਨੇ ਕੂਟਨੀਤੀ ਦਾ ਆਸਰਾ ਲਿਆ। ਉਸ ਨੇ ਬੰਦਾ ਸਿੰਘ ਨੂੰ ਸ਼ਰਤਾਂ ਭੇਜੀਆਂ, ਕਿ ਜੇ ਸਿੰਘ ਕਿਲਾ ਖਾਲੀ ਕਰ ਦੇਣ ਤਾਂ ਉਹਨਾਂ ਨੂੰ ਬਾਦਸ਼ਾਹ ਵਲੋਂ ਪੂਰਨ ਮਾਫੀ ਦਿੱਤੀ ਜਾਵੇਗੀ ਤੇ ਉਹਨਾਂ ਦੇ ਗੁਜ਼ਾਰੇ ਵਾਸਤੇ ਸ਼ਾਹੀ ਫ਼ੁਰਮਾਨ ਦੁਆਰਾ ਜਾਗੀਰ ਦਿੱਤੀ ਜਾਵੇਗੀ। ਜਿਥੇ ਉਹ ਆਜ਼ਾਦੀ ਨਾਲ ਰਹਿ ਸਕਣਗੇ। ਇਹਨਾਂ ਸ਼ਰਤਾਂ ਦੀ ਪੁਸ਼ਟੀ ਵਾਸਤੇ ਉਸ ਨੇ ਕੁਰਾਨ ਸ਼ਰੀਫ਼ ਦੀਆਂ ਕਸਮਾਂ ਖਾਧੀਆਂ ਤੇ ਬੰਦਾ ਸਿੰਘ ਵਾਸਤੇ ਕੁੱਝ ਨਜ਼ਰਾਨਾ ਭੇਜਿਆ। ਇਸ ਹਾਲਤ ਵਿਚ ਬੰਦਾ ਸਿੰਘ ਨੇ 17 ਦਸੰਬਰ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਦਾ ਬੂਹਾ ਖੋਲ ਦਿਤਾ। (ਸਿਖ ਰਾਜ ਕਿਵੇਂ ਬਣਿਆ ਪੰਨਾ 33)

ਬੰਦਾ ਸਿੰਘ ਕੈਦ

ਬੱਸ! ਬਾਬਾ ਬੰਦਾ ਸਿੰਘ ਜੀ ਦੁਸ਼ਮਨ ਦੀ ਚਾਲ ਵਿਚ ਆ ਕੇ ਮਾਤ ਖਾ ਗਏ। ਦੋ ਸੌ ਸਾਥੀਆਂ ਸਮੇਤ ਬੰਨ੍ਹ ਕੇ ਲਾਹੌਰ ਟੋਰੇ ਤੇ ਤਿੰਨ ਸੌ ਸਿੰਘ ਰੱਸੀਆਂ ਨਾਲ ਬੰਨ੍ਹ ਉਥੇ ਹੀ ਡੱਕਰੇ ਕਰ ਦਿਤੇ ਗਏ। ਲਾਹੌਰੋਂ ਜ਼ਕਰੀਆ ਖਾਨ ਦੀ ਨਿਗਰਾਨੀ ਵਿਚ ਦਿੱਲੀ ਟੋਰਿਆ। ਰਾਹ ਵਿਚ ਜ਼ਕਰੀਆ ਖਾਨ ਨੇ ਕਈ ਨਿਰਦੋਸ਼ ਕਾਰੋਬਾਰੀ ਸਿੰਘਾਂ ਨੂੰ ਫੜ ਕੇ ਜਾਂ ਤਾਂ ਕਾਫਲੇ ਦੇ ਨਾਲ ਕੈਦੀ ਟੋਰਿਆ ਜਾਂ ਸਿਰ ਵੱਢ ਵੱਢ ਗਡੇ ਲੱਦ ਲਏ। 27 ਫਰਵਰੀ, 1716 ਈ: ਨੂੰ ਜਦੋਂ ਇਹ ਕਾਫਲਾ ਦਿਲੀ ਪੁੱਜਾ ਤਾਂ ਕੈਦੀਆਂ ਦੀ ਗਿਣਤੀ 740 ਸੀ।

ਸਿੰਘਾਂ ਦੀ ਕਤਲਾਮ

5 ਮਾਰਚ 1716 ਈ: ਨੂੰ ਸਿੰਘਾਂ ਦੀ ਕਤਲਾਮ ਦਾ ਖੂਨੀ ਸਤਵਾਰਾ ਆਰੰਭ ਹੋਇਆ। ਸੌ ਸੌ ਸਿੰਘ ਰੋਜ਼ ਸ਼ਹੀਦ ਹੁੰਦਾ। ਪਰ ਕਿਸੇ ਨੇ ਵੀ ਧਰਮ ਤੋਂ ਮੂੰਹ ਨਾ ਮੋੜਿਆ। ਚਾਅ ਚਾਅ ਨਾਲ ਸ਼ਹੀਦੀ ਬਾਟੇ ਛਕ ਗੁਰਗੋਦ ਵਿਚ ਜਾ ਕੇ ਬੈਠਦੇ ਗਏ। ਐਥੋਂ ਤਕ ਇਕ ਸਿਖ ਬੱਚੇ ਦੀ ਮਾਂ ਬਾਦਸ਼ਾਹ ਕੋਲੋਂ ਇਸ ਸ਼ਰਤ ਤੇ ਮਾਫੀ ਲੈ ਆਈ ਕਿ ਮੇਰਾ ਪੁੱਤਰ ਸਿੱਖ ਨਹੀਂ। ਜਲਾਦ ਨੇ ਉਸ ਨੂੰ ਛੱਡ ਦਿੱਤਾ। ਉਸ ਨੇ ਹੈਰਾਨ ਹੋ ਕੇ ਪੁਛਿਆ, "ਮੈਨੂੰ ਕਤਲ ਕਿਉਂ ਨਹੀਂ ਕਰਦਾ।" ਜਲਾਦ ਨੇ ਆਖਿਆ ਤੇਰੀ ਮਾਂ ਆਖਦੀ ਹੈ "ਇਹ ਸਿਖ ਨਹੀਂ"। ਉਸ ਨੇ ਜਲਾਦ ਨੂੰ ਆਖਿਆ, "ਮੇਰੀ ਮਾਂ ਝੂਠ ਆਖਦੀ ਹੈ। ਸਿਖ ਹਾਂ ਛੇਤੀ ਕਰ ਮੈਂ ਆਪਣੇ ਸਾਥੀਆਂ ਤੋਂ ਪਿਛੇ ਨਹੀਂ ਰਹਿਣਾ ਚਾਹੁੰਦਾ ਤੇ ਉਹ ਖੁਸ਼ੀ ਨਾਲ ਸ਼ਹੀਦ ਹੋ ਗਿਆ।"

ਬੰਦਾ ਸਿੰਘ ਦੀ ਸ਼ਹੀਦੀ

ਵੈਸੇ ਤਾਂ ਹਰ ਇੱਕ ਸਿੱਖ ਦੀ ਸ਼ਹੀਦੀ ਅਨੋਖੀ ਹੈ ਪਰ ਬੰਦਾ ਸਿੰਘ ਦੀ ਸ਼ਹੀਦੀ ਤਾਂ ਇਨਸਾਨੀ ਤਾਰੀਖ ਵਿਚ ਬੇਮਿਸਾਲ ਹੈ। ਬੰਦਾ ਸਿੰਘ ਦੇ ਅਹਿਲਕਾਰਾਂ ਨੂੰ ਦਿੱਲੀ ਚਾਂਦਨੀ ਚੌਕ ਵਿਚ ਸਵੇਰੇ 19 ਜੂਨ 1716 ਈ: ਨੂੰ ਕੋਤਲ ਕਰ ਉਹਨਾਂ ਦੇ ਸਿਰ ਨੇਜਿਆਂ ਉੱਤੇ ਟੰਗ ਬੰਦਾ ਸਿੰਘ

ਨੂੰ ਕੁਤਬ ਦੀ ਲਾਠ ਤੇ ਖ੍ਵਾਜਾ ਬਖਤਿਆਰ ਕਾਕੀ ਦੇ ਮਕਬਰੇ ਕੋਲ ਜਾ ਬਿਠਾਇਆ। ਪਹਿਲਾਂ ਉਸ ਦੇ ਚਾਰ ਸਾਲ ਦੇ ਪੁਤਰ ਅਜੈ ਸਿੰਘ ਨੂੰ ਬੰਦਾ ਸਿੰਘ ਦੇ ਪੱਟਾਂ ਤੇ ਰੱਖ ਕਤਲ ਕੀਤਾ ਗਿਆ। ਫਿਰ ਅਜੈ ਸਿੰਘ ਦਾ ਟੱਪਦਾ ਟੱਪਦਾ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਤੁੰਨ ਦਿੱਤਾ। ਰੱਤ ਦੇ ਛਟੇ ਮੂੰਹ ਤੇ ਮਾਰੇ ਗਏ। ਫਿਰ ਬੰਦਾ ਸਿੰਘ ਦੀ ਵਾਰੀ ਆਈ, ਪਹਿਲਾਂ ਉਸਦੀ ਸੱਜੀ ਫਿਰ ਖੱਬੀ ਅੱਖ ਕਢੀ ਗਈ। ਫਿਰ ਖਬਾ ਪੈਰ ਤੇ ਦੋਵੇਂ ਹਥ ਵੱਢੇ ਗਏ। ਪਰ ਬੰਦਾ ਸਿੰਘ ਓਵੇਂ ਸ਼ਾਂਤ ਬੈਠਾ ਸੀ ਪਰ ਜਲਾਦ ਕਾਹਲੇ ਪੈ ਗਏ ਸਨ। ਅੰਤ ਉਸਦੇ ਛੋਟੇ ਛੋਟੇ ਟੁਕੜੇ ਕਰ ਦਿਤੇ ਗਏ।

ਖਾਲਸੇ ਦਾ ਢਾਡੀ ਇਤਿਹਾਸਕਾਰ ਗਿ: ਸੋਹਣ ਸਿੰਘ ਸ਼ੀਤਲ ਲਿਖਦਾ ਹੈ—ਇਉਂ ਉਸ ਗੁਰੂ ਦੁਲਾਰੇ ਨੇ ਸ਼ਹੀਦੀ ਪਾਈ ਪਰ ਕੌਮ ਦੀ ਇਜ਼ਤ ਉੱਤੇ ਦਾਗ ਨਹੀਂ ਲੱਗਣ ਦਿੱਤਾ। ਫਰੁਖ ਸੀਅਰ ਨੇ ਸਮਝਿਆ ਕਿ ਬੰਦਾ ਸਿੰਘ ਨੂੰ ਸ਼ਹੀਦ ਕਰ ਕੇ ਉਸਨੇ ਸਿੱਖ ਪੰਥ ਨੂੰ ਮੁਕਾ ਦਿਤਾ ਹੈ, ਪਰ ਜਿਸ ਪੰਥ ਨੂੰ ਅਕਾਲ ਪੁਰਖ ਨੇ ਆਪ ਸਾਜਿਆ ਹੈ ਉਹਨੂੰ ਮਿਟਾ ਕੌਣ ਸਕਦਾ ਹੈ? (ਵੇਖੋ ਸਿੱਖ ਰਾਜ ਕਿਵੇਂ ਬਣਿਆ—ਪੰਨਾ 34-35)

ਸਿਖਾਂ ਵਿਰੁਧ ਸ਼ਾਹੀ ਫਰਮਾਨ

ਇਹ 740 ਸੂਰਬੀਰਾਂ ਦੀ ਕੁਰਬਾਨੀ ਨਾਲ ਫਰੁਖਸੀਅਰ ਦੀ ਦਵੈਸ਼ ਅਗਨੀ ਸ਼ਾਂਤ ਨ ਹੋਈ। ਸਗੋਂ ਉਸਨੇ ਸ਼ਾਹੀ ਫ਼ਰਮਾਨ ਜਾਰੀ ਕੀਤਾ ਕਿ :—

ਜੋ ਸਿੱਖ ਵੀ ਕਾਬੂ ਆਵੇ ਉਸ ਨੂੰ ਬਿਨਾ ਵਜਹ ਕਤਲ ਕਰ ਦਿੱਤਾ ਜਾਵੇ। ਅਗਰ ਇਸਲਾਮ ਪ੍ਰਵਾਨ ਕਰ ਲਵੇ ਤਾਂ ਜਾਨ ਬਖਸ਼ੀ ਜਾਵੇ। ਸਭ ਹਿੰਦੂ ਸਿਰ ਮੂੰਹ ਮੁਨਾ ਲੈਣ ਜਿਹੜਾ ਨਾ ਮੁਨਾਵੇ ਉਸ ਨੂੰ ਕਤਲ ਕਰ ਦਿੱਤਾ ਜਾਵੇ। ਜੋ ਸਿੱਖਾਂ ਦੀ ਮਦਦ ਕਰੇ ਉਸਨੂੰ ਕਤਲ ਕਰ ਦਿਤਾ ਜਾਵੇ। ਜੋ ਸਿੱਖ ਨੂੰ ਕਤਲ ਕਰੇ ਜਾਂ ਫੜਾਵੇ, ਦੱਸ ਪਾਵੇ ਉਸ ਨੂੰ ਇਨਾਮ ਦਿੱਤਾ ਜਾਵੇ।

ਜੰਮੂ-ਲਾਹੌਰ ਤੇ ਸਰਹੰਦ ਦੇ ਸੂਬੇਦਾਰ ਇੱਕ ਦੂਜੇ ਤੋਂ ਵਧ ਕਰੜੀਆਂ ਕਾਰਵਾਈਆਂ ਕਰ ਫਰੁਖਸੀਅਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੇ ਜਤਨ 'ਵਿਚ ਜੁਟ ਗਏ। ਸਿਖਾਂ ਦੇ ਭਾ ਦੀ ਬਣ ਗਈ। ਉਹ ਪੰਜਾਬ ਛਡ ਗਏ ਜਾਂ ਏਧਰ ਓਧਰ ਹੋ ਗਏ।

ਜੰਗ ਮੋਤਾਬ ਕੋਟ

ਬਾਬਾ ਬੰਦਾ ਸਿੰਘ ਅਤੇ ਉਸਦੇ ਸਾਥੀਆਂ ਨੂੰ 17 ਦਸੰਬਰ 1715 ਈ: ਨੂੰ ਕੈਦ ਕਰਨ ਉਪਰੰਤ ਜਿਥੇ ਵੀ ਕੋਈ ਸਿੰਘ ਮਿਲਦਾ ਕਤਲ ਕੀਤਾ ਜਾਂਦਾ। ਇਹਨਾਂ ਦਿਨਾਂ ਵਿਚ ਦਰਿਆ ਦੇ ਕਾਰਨ ਉਜੜੇ ਮਤਾਬ ਕੋਟ ਪਿੰਡ ਅੰਦਰ, ਅਚਣਚੇਤ ਚੌਧਰੀ ਦਲੀਪ ਸਿੰਘ ਜੀ ਦਾ ਜਥਾ ਅਭੋਲ ਹੀ ਗਸ਼ਤੀ ਫੌਜ ਦੇ ਢਹਿ ਚੜ੍ਹ ਗਿਆ। ਚੌਧਰੀ ਦਲੀਪ ਸਿੰਘ ਜੀ ਕੁਛ ਹੋਰ ਸਿੰਘਾਂ ਸਮੇਤ ਜੰਗਲ ਵਿਚ ਗਏ ਹੋਏ ਸਨ। ਜਦੋਂ ਉਹਨਾਂ ਗੋਲੀ ਦੀ ਆਵਾਜ਼ ਸੁਣੀ ਤਾਂ ਘੋੜੇ ਭਜਾ ਕੇ ਆ ਗਏ। ਸ: ਰਤਨ ਸਿੰਘ ਭੰਗੂ ਪੰ: ਪ੍ਰਕਾਸ਼ ਪੰਨਾ 244 ਪਰ ਲਿਖਦੇ ਹਨ :—

ਰਹਯੋ ਕਛੂ ਦਰਯਾਉ ਤੇ ਬਚ ਮਤਾਬ ਕੋ ਕੋਟ।
ਤੈਂਹਿ ਥਾਂ ਸਿੰਘ ਕਛੂ ਆਏ ਛਿਪੇ ਦਰਯਾ ਬੇਲੇ ਓਟ ॥3॥

ਅਗੇ ਪੰਨਾ 245 ਪਰ ਲਿਖਦੇ ਹਨ :—

ਜੋ ਤੁਰਕਨ ਪਹਿਲ ਲਭੇ ਤੇ ਸਿੰਘ ਦੀਯੇ ਮਾਰ।
ਜੋਊ ਲੜੇ ਤਿਤ ਹੀ ਅੜੇ ਡਰੇ ਨਾ ਮਰਨੋ ਮਾਰ ॥15॥
ਜੋ ਜੰਗਲ ਮੇਂ ਥੇ ਗਏ ਤਿਨ ਸੁਨੈ ਬੰਦੂਕ ਆਵਾਜ਼।
ਆਵਤ ਭਏ ਸੋ ਸੰਕ ਤਜ ਕਰ ਮਨ ਮਰਨੋਂ ਸਾਜ ॥18॥

ਇਹ ਜੰਗ ਲੜਦਿਆਂ ਲੜਦਿਆਂ ਰਾਤ ਪੈ ਗਈ। ਦੁਸ਼ਮਨ ਦੇ ਭਾ ਦੀ ਮੁਸੀਬਤ ਬਣ ਗਈ। ਮਗਰ ਬਾਹਰ ਗਏ ਹੋਰ ਸਿੰਘਾ ਦੇ ਆ ਜਾਵਨ ਤੇ ਖਾਲਸਾ ਦਲੇਰ ਹੋ ਗਿਆ। ਚੌਧਰੀ ਦਲੀਪ ਸਿੰਘ ਜੀ ਨੂੰ ਬਾਹਰੋਂ ਆਉਂਦਿਆਂ ਹੋਇਆਂ ਗਸ਼ਤੀ ਦਸਤੇ ਦਾ ਫੌਜਦਾਰ ਇਕਲਾ ਟੱਕਰ ਗਿਆ। ਦੋਵੇਂ ਸੂਰਮੇ ਤਲਵਾਰੀਂ ਜੁਟ ਗਏ। ਰਤਨ ਸਿੰਘ ਜੀ ਅਗੇ ਲਿਖਦੇ ਹਨ ;

ਆਇ ਦੇਖਯੋ ਸਿੰਘ ਨੇ ਇਕਲੇ ਫੌਜ ਸ੍ਰਦਾਰ
ਦਈ ਖੈਂਚ ਸ਼ਮਸ਼ੇਰ ਸਿਰ ਮੁੰਡੀ ਦਈ ਉਤਾਰ ॥21॥

ਪੁੱਤ੍ਰ ਜਥੇਦਾਰ ਅਣੋਖ ਸਿੰਘ ਜੀ ਦੱਸਦੇ ਸਨ ਕਿ ਫੌਜਦਾਰ ਤੇ ਚੌਧਰੀ ਜੀ ਨੇ ਇਕੱਠੇ ਤੁਲਵੇਂ ਵਾਰ ਕੀਤੇ ਜਿਸ ਨਾਲ ਫ਼ੌਜਦਾਰ ਦਾ ਤਾਂ ਸਿਰ ਧੜ ਤੋਂ ਜੁਦਾ ਹੋ ਗਿਆ ਪਰ ਫਟ ਚੌਧਰੀ ਜੀ ਨੂੰ ਵੀ ਕਾਰੀ ਲਗਾ। ਆਪ ਜੀ ਘੋੜੇ ਤੋਂ ਥਲੇ ਡਿਗਨ ਹੀ ਵਾਲੇ ਸਨ ਕਿ ਗਭਰੂ ਕਪੂਰ ਸਿੰਘ ਆਪਣੇ ਘੋੜੇ ਤੋਂ ਛਾਲ ਮਾਰ ਚੌਧਰੀ ਜੀ ਦੇ ਪਿਛੇ ਆ ਬੈਠਾ ਤੇ ਘੋੜਾ ਭਜਾ ਕੇ (ਮਤਾਬ ਕੋਟ) ਸਿੰਘਾਂ ਦੇ ਡੇਰੇ ਆ ਪੁੱਜਾ। ਗਸ਼ਤੀ ਫੌਜ ਥੋੜ ਸਿੰਘਾਂ

ਹੱਥੋਂ ਖਤਮ ਹੋਇਕੇ ਭਾਂਜ ਖਾ ਕੇ ਦਫਾ ਹੋ ਚੁਕੀ ਸੀ। ਡੇਰੇ ਪਹੁੰਚ ਕੇ ਚੌਧਰੀ ਜੀ ਆਖਰੀ ਫਤਿਹ ਬੁਲਾ ਸੱਚ ਖੰਡ ਨੂੰ ਕਮਰ ਕਸੇ ਕਰ ਗਏ।

ਸ: ਰਤਨ ਸਿੰਘ ਜੀ ਅਗੇ ਲਿਖਦੇ ਹਨ :—

ਮਾਰਨ ਆਯੋ ਸੋ ਮਰ ਗਿਓ ਪਖ ਸਿੰਘਨ ਗੁਰ ਕੀਨ।
ਭੱਜੇ ਤੁਰਕ ਕੁਛ ਲੁਕ ਗਏ ਮਿਲ ਸਿੰਘ ਲਏ ਛੀਨ॥22॥
ਮਰੇ ਸਿੰਘ ਦਰਯਾਉ ਰੁੜ੍ਹਾਏ।
ਪ੍ਰਾਤ ਹੋਤ ਲੈ ਦੁਗਣੇ ਆਏ॥23॥

ਚੌਧਰੀ ਦਲੀਪ ਸਿੰਘ ਜੀ ਨੂੰ ਅਗਲੇ ਦਿਨ ਬ੍ਰਹਮ ਦਾਹ (ਜਲ ਪ੍ਰਵਾਹ) ਕਰਕੇ ਕਪੂਰ ਸਿੰਘ ਜੀ ਆਪਣੇ ਜਥੇ ਦੇ ਚੁਣਵੇ ਜਵਾਨਾਂ ਸਮੇਤ ਚੌਧਰੀ ਜੀ ਦੇ ਅੰਤਮ ਸਸਕਾਰਾਂ ਵਾਸਤੇ ਘਰ, ਮਾਲੋਕਿਆਂ ਵੱਲ ਪਰਤੇ।

ਦਸਤਾਰ ਬੰਦੀ

ਘਰ ਆ ਕੇ ਆਪ ਜੀ ਨੇ ਬੜੇ ਪ੍ਰੇਮ ਅਤੇ ਮਾਨ ਮਰਯਾਦਾ ਨਾਲ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ। ਭੋਗ ਵਾਲੇ ਦਿਨ ਰਿਸ਼ਤੇਦਾਰ ਅਤੇ ਹੋਰ ਭਾਈਚਾਰਾ ਇਕੱਤਰ ਹੋਇਆ। ਰਿਸ਼ਤੇਦਾਰਾਂ ਅਤੇ ਬਿਰਾਦਰੀ ਵਲੋਂ ਪੱਗ ਵਡਾ ਹੋਣ ਦੇ ਨਾਤੇ ਕਪੂਰ ਸਿੰਘ ਜੀ ਨੂੰ ਬਨ੍ਹਾਈ ਗਈ। ਫਿਰ ਸਰਬਤ ਸੰਗਤ ਨੇ ਹਰ ਪਾਸਿਓਂ ਯੋਗ ਸਮਝ ਸਾਂਦਲ ਬਾਰ ਦੇ ਖਾਲਸੇ ਦੀ ਜਥੇਦਾਰੀ ਦੀ ਪੱਗ ਵੀ ਕਪੂਰ ਸਿੰਘ ਨੂੰ ਬੰਨ੍ਹਾ ਦਿਤੀ ਜਿਸ ਬਾਰੇ ਗਯਾਨੀ ਕਰਤਾਰ ਸਿੰਘ ਜੀ ਸਮਸ਼ੇਰ ਖਾਲਸਾ ਵਿਚ ਲਿਖਦੇ ਹਨ :

ਸਤਰਾਂ ਸੈ ਬਹੱਤਰ[1] ਮਤਾਬ ਕੋਟ ਜੰਗ ਅੰਦਰ
ਚੌਧਰੀ ਦਲੀਪ ਸਿੰਘ ਸੁਰਗ ਸਿਧਾਰਿਆ।
ਦੋ ਬੇਟੇ ਰਹਿ ਤਾਂਹ ਕਪੂਰ ਸਿੰਘ ਦਾਨ ਸਿੰਘ
ਵੱਡਾ ਸੀ ਕਪੂਰ ਸਿੰਘ ਜਥੇ ਨੇ ਵਿਚਾਰਿਆ।
ਪੱਗ ਜਥੇਦਾਰੀ ਦੀ ਕਪੂਰ ਸਿੰਘ ਤਾਈਂ ਦਿੱਤੀ
ਦਿਨੋ ਦਿਨ ਜਥੇ ਤਾਈਂ ਏਸਨੇ ਉਭਾਰਯਾ।
ਕੀਤੇ ਜਿਹੜੇ ਕੰਮ ਇਸ ਪਿਆਰੇ ਕਰਤਾਰ ਸਿੰਘਾ
ਸਾਰਾ ਹਾਲ ਏਸਦਾ ਮੈਂ ਪਿੱਛੇ ਹੈ ਉਚਾਰਯਾ।

ਗਵਾਂਢੀ ਦੁਸ਼ਮਨ

ਕਪੂਰ ਸਿੰਘ ਨੂੰ ਸਾਂਦਲ ਬਾਰ ਦੇ ਖਾਲਸੇ ਦੀ ਜਥੇਦਾਰੀ ਮਿਲਣ ਪਰ ਇਲਾਕੇ ਦੀ ਅਤੇ ਖਾਸ ਕਰਕੇ ਵਿਰਕੋਤ ਦੀ ਜ਼ਿੰਮੇਵਾਰੀ ਸਿਰ ਤੇ ਆ ਪਈ। ਜਿਵੇਂ ਅਸੀਂ ਪਿੱਛੇ ਦੱਸ ਚੁੱਕੇ ਹਾਂ ਕਿ ਜਿੱਥੇ ਖਾਲਸੇ ਨੂੰ ਸਰਕਾਰ ਨਾਲ, ਵਿਦੇਸ਼ੀ ਧਾੜਵੀਆਂ ਅਤੇ ਸਰਕਾਰੀ ਅਹਿਦੀਆਂ ਨਾਲ ਠਿਬੜਨਾ ਪੈਂਦਾ ਸੀ ਉਥੇ ਵਿਰਕੋਤ ਨੂੰ ਭੱਟੀਆਂ ਖਰਲਾਂ ਅਤੇ ਲੁਬਾਣਿਆਂ ਨਾਲ ਵੀ ਰੋਜ਼ ਸਿੱਝਣਾ ਪੈਂਦਾ ਸੀ। ਇਹ ਤਰੈਵੇ ਜਾਤਾਂ ਬੜੀਆਂ ਮਾਰ ਖੋਰ, ਜੁਧਾਂ ਦੀਆਂ ਕਰੂ ਸਨ। ਇਹਨਾਂ ਤਿੰਨਾਂ ਜਾਤਾਂ ਦਾ ਵਰਣਨ ਇਉਂ ਹੈ :—

ਭੱਟੀ

ਭੱਟੀਆਂ ਦੇ ਉਥਾਨ ਬਾਰੇ ਤਾਂ ਸੰਕੇਤ ਮਾਤਰ ਅਸੀਂ ਪਿੱਛੇ ਦੱਸ ਆਏ ਹਾਂ। ਪਿੰਡੀ ਭਟੀਆਂ ਦਾ ਦੁੱਲਾ ਭੱਟੀ ਆਮ ਮਸ਼ਹੂਰ ਹੋਇਆ। ਅਕਬਰ ਦੇ ਪੁਤਰ ਸਲੀਮ (ਜੋ ਪਿਛੋਂ ਜਹਾਂਗੀਰ ਸਦਾਇਆ) ਦੁੱਲੇ ਦਾ ਹਾਣੀ ਸੀ ਤੇ ਉਸਨੇ ਦੁੱਲੇ ਦੀ ਮਾਂ ਲੱਧੀ (ਫੁਲਰਵੇਨ ਗੋਤ) ਦਾ ਦੁਧ ਪੀਤਾ ਸੀ। ਇਸੇ ਦੁੱਲੇ ਨੇ ਅਕਬਰ ਸਮੇਂ ਬਗਾਵਤ ਕੀਤੀ—ਦੁਲਾ ਸਨਟੱਬਰ ਫੜਿਆ ਗਿਆ। ਜਿਹਲਮ ਦੇ ਕੰਢੇ ਦੁਲਾ ਕਤਲ ਕੀਤਾ ਗਿਆ। ਉਸ ਦਾ ਪੁੱਤਰ ਕਮਾਲ ਖਾਂ ਗੁਜਰਾਤ ਦੇ ਪਿੰਡ ਘਮਾਣ ਵਿਚ ਬੈਠ ਗਿਆ ਤੇ ਬਾਕੀ ਪਰਵਾਰ ਫੇਰ ਪਿੰਡੀ ਭਟੀਆਂ ਆ ਕੇ ਆਬਾਦ ਹੋ ਗਿਆ।

(ਵੇਖੋ ਪੰਜਾਬ ਟਰਾਈਬਜ਼ ਐਂਡ ਕਾਸਟਸ ਭਾਸ਼ਾ ਵਿਭਾਗ 1970 ਭਾਗ II ਪੰਨਾ 104)

ਭਟੀਆਂ ਦੇ ਪਿੰਡ ਪਿੰਡੀ ਭਟੀਆਂ, ਗਜਿਆਣਾ, ਆਦਿ ਵਿਰਕੋਤ ਤੇ ਛਿਪਦੇ (ਲਹਿੰਦੇ) ਪਾਸੇ ਉਤਾਂਹ ਦਰਯਾ ਝਨਾਂ ਤਕ ਖਿਲਰੇ ਹੋਏ ਸਨ।

ਖਰਲ

ਇਹ ਆਪਣੇ ਆਪ ਨੂੰ ਰਾਜੇ ਜਗਦਿਓ ਪੰਵਾਰ ਦੀ ਅੰਸ ਮੰਨਦੇ ਹਨ ਅਤੇ ਰਾਜਾ ਜਗਦਿਓ ਆਇਆ ਤਾਂ ਉਥੋਂ ਦੇ ਹੀ ਇਹ ਰਾਵੀ ਕੰਢੇ ਮੁਲਤਾਨੋ ਲਗ ਜ਼ਿਲਾ ਸ਼ੇਖੂਪੁਰਾ ਦੀ ਤਹਿਸੀਲ ਨਨਕਾਣਾ ਤੱਕ ਆਬਾਦ ਹਨ। ਇਥੇ ਕੁਛ ਭਟੀ ਵੀ ਹਨ। ਖਰਲ ਬੜੇ ਸੁਹਣੇ ਜਵਾਨ ਤੇ ਜੋਧੇ ਹੁੰਦੇ

---

1. ਸਤਰਾਂ ਸੈ ਬਹਤਰ ਬਿਕਰਮੀ ਮੁਤਾਬਿਕ ਸੰਨ 1715 ਈ:

ਹਨ। ਮਾਰਾਂ ਧਾੜਾਂ ਇਹਨਾਂ ਦਾ ਵੱਡਾ ਸ਼ੁਗਲ ਹੁੰਦਾ ਸੀ। ਇਹਨਾਂ ਦਾ ਕੋਈ ਵਡਿੱਕਾ ਮੁਹੰਮਦ ਗੌਰੀ ਦੇ ਸਮੇਂ ਪੀਰ ਸ਼ੇਰ ਸਾਹ, ਸੱਯਦ ਜਲਾਲ ਦੇ ਹਥੀਂ ਮੁਸਲਮਾਨ ਹੋਇਆ ਦੱਸਿਆ ਜਾਂਦਾ ਹੈ। ਖਰਲ ਵਿਰਕੇਤ ਦੇ ਦੱਖਣ ਵਿਚ ਬੜੀ ਭਾਰੀ ਗਿਨਤੀ ਵਿਚ ਸਨ।

ਲੁਬਾਣੇ

ਰਾਜ ਤ੍ਰੰਙਣੀ ਦਾ ਕਰਤਾ ਪੰਡਤ ਕਲ੍ਹਣ ਲੁਬਾਣਾ ਸ਼ਬਦ ਦੀ ਪ੍ਰੀਭਾਸ਼ਾ "ਲੂਣ ਬਣਕ" ਅਰਥਾਤ ਲੂਣ ਦਾ ਵਣਜਾਰਾ" ਦੇਂਦਾ ਹੈ ਦਰਅਸਲ ਆਦਿ ਕਾਲ ਵਿਚ ਇਹ ਲੋਕ ਟਾਂਡੇ (ਕਾਫਲੇ) ਬਣਾ ਕੇ ਦੂਸਰੇ ਦੇਸੀਂ ਵਣਜਾਰਿਆਂ ਵਾਂਗੂ ਕੇਵਲ ਲੂਣ ਦਾ ਹੀ ਵਣਜ ਕੀਤਾ ਕਰਦੇ ਸਨ।

ਬਣਕ (ਵਿਆਪਾਰੀ) ਬ੍ਰਿਤੀ ਹੋਣ ਕਰਕੇ ਇਹਨਾਂ ਨੂੰ ਟਾਂਡਾ (ਕਾਫਲਾ) ਸ਼ਬਦ ਨਾਲ ਇਤਨਾ ਪ੍ਰੇਮ ਹੋ ਗਿਆ ਕਿ ਇਹਨਾਂ ਨੇ ਵਣਜਾਰਿਆਂ ਵਾਂਗੂ ਆਪਣੀਆਂ ਬਸਤੀਆਂ ਦੇ ਨਾਮ ਵੀ ਟਾਂਡਾ ਹੀ ਰਖਣਾ ਸ਼ੁਰੂ ਕਰ ਦਿਤਾ ਜਿਵੇਂ ਗੁਜਰਾਤ (ਪੱਛਮੀ ਪੰਜਾਬ) ਵਿਚ ਲੁਬਾਣਿਆਂ ਦੇ ਪ੍ਰਸਿਧ ਨਗਰ ਦਾ ਨਾਮ ਟਾਂਡਾ ਮੋਟਾ ਸੀ। ਮੋਟਾ ਇਸ ਵਾਸਤੇ ਕਿ ਟਾਂਡਾ ਦਰਅਸਲ ਮੋਟੇ ਪਿੰਡ ਦੀ ਜ਼ਮੀਨ ਅੰਦਰ ਵਸਾਇਆ ਗਿਆ ਸੀ। ਇਹ ਲੋਕ ਰੰਗ ਦੇ ਮੁਸਾਫਰ ਤੇ ਦੂਰ ਨੇੜੇ ਜਾਣ ਵਾਲੇ ਹੋਣ ਕਰਕੇ ਬੜੇ ਹੁਸ਼ਿਆਰ, ਮਰਦਮ ਸ਼ਨਾਸ ਅਤੇ ਜੋਧੇ ਹੁੰਦੇ ਸਨ। ਜ਼ਿਲਾ ਸੇਖੂਪੁਰਾ ਦੀ ਸ਼ਾਹਦਰਾ ਤਹਿਸੀਲ ਵਿਚ; ਖਾਸ ਕਰ ਕੇ ਡੇਕ ਨਾਲੇ ਦੇ ਆਲੇ ਦੁਆਲੇ ਬੜੇ ਪਿੰਡ ਲੁਬਾਣਿਆ ਦੇ ਸਨ। ਜਿਨ੍ਹਾਂ ਦਾ ਪੇਸ਼ਾ, ਵਣਜ ਦਾ ਤਾਂ ਪਤਾ ਨਹੀਂ ਮਗਰ ਵਾਹੀ ਦੇ ਨਾਲ ਨਾਲ ਡਾਕੂ ਧਾੜਵੀ ਅਤੇ ਚੋਰੀ ਪੇਸ਼ਾ ਅਧਿਕ ਸਨ। ਇਹਨਾਂ ਲੁਬਾਣਿਆ ਦਾ ਏਕਾ ਬੜਾ ਪ੍ਰਸਿਧ ਹੈ।

ਸਾਡਾ ਇਹ ਸਭ ਕੁਛ ਦਸਣ ਤੋਂ ਭਾਵ ਕੇਵਲ ਸਥਿਤੀ ਨੂੰ ਸਪਸ਼ਟ ਕਰਨਾ ਹੈ। ਵਿਰਕੇਤ ਨੂੰ ਤਿੰਨਾਂ ਪਾਸਿਆਂ ਤੋਂ ਜਾਨੀ ਦੁਸ਼ਮਣਾਂ ਨੇ ਅਤੇ ਉਸ ਤੋਂ ਵਧ ਵਕਤ ਦੀ ਸਰਕਾਰ ਨੇ ਸ਼ਿਕੰਜੇ ਵਿਚ ਫਸਾ ਰੱਖਿਆ ਸੀ। ਹੋਰਾਂ ਦੀ ਤਾਂ ਅਜੇ ਹੋਰ ਗੱਲ ਸੀ ਪਰ ਲੁਬਾਣੇ ਤਾਂ ਬਿਲਕੁਲ ਮਾਲਕਿਆਂ ਦੇ ਬੂਹੇ ਉਤੇ ਬੈਠੇ ਸਨ।

ਡੋਗਰ

ਭਟੀਆਂ, ਖਰਲਾਂ ਅਤੇ ਲੁਬਾਣਿਆਂ ਤੋਂ ਇਲਾਵਾ ਡੋਗਰ, ਅਤੇ ਚੱਠੇ ਵੀ ਸਨ। ਪ੍ਰੰਤੂ ਡੋਗਰ ਵਿਰਕਾਂ ਦੇ ਇੱਕ ਮਿਨਹਾਸ ਪੂਰਵਜ, ਧਰੰਗੜ ਦੇ ਵੰਸ਼ਜ ਹੋਣ ਕਰਕੇ ਕੋਈ ਖਾਸ ਦੁਸ਼ਮਣੀ ਨਹੀਂ ਕੀਤਾ ਕਰਦੇ ਸਨ ਅਤੇ ਚੱਠੇ ਉਤਾਂਹ ਪਹਾੜ ਪਾਸੇ ਦਰਯਾ ਝਨਾਂ ਵਲ ਅਧਿਕ ਰੁਖ ਰਖਿਆ ਕਰਦੇ ਸਨ ਜਿਸ ਪਰ ਵਿਰਕਾਂ ਨੂੰ ਉਹਨਾਂ ਵਲੋਂ ਘਟ ਹੀ ਕਠਨਾਈਆਂ ਹੁੰਦੀਆਂ ਸਨ।

ਇਹ ਵਿਰਕਾਂ ਦੀ ਹੀ ਹਿੰਮਤ ਹੈ ਕਿ ਚੌਵਾਂ ਪਾਸਿਆਂ ਤੋਂ ਇਤਨੀਆਂ ਜਬਰਦਸਤ ਜੰਗਜੂ ਅਤੇ ਮਾਰ ਖੋਰ ਜਾਤਾਂ ਵਿਚ ਘਿਰੇ ਹੋਏ ਹੋਣ ਦੇ ਬਾਵਜੂਦ ਵੀ ਸ਼ਾਨਦਾਰ ਸੁਤੰਤਰ ਤੇਜਸਵੀ ਅਤੇ ਪ੍ਰਭਾਵਸ਼ਾਲੀ ਜੀਵਨ ਬਤੀਤ ਕਰ ਰਹਿ ਸਨ। ਭੱਟੀ, ਖਰਲ ਅਤੇ ਡੋਗਰ ਇਤਨੇ ਮਾਰ ਖੋਰ ਤੇ ਉਪਦਰਵੀ ਸਨ ਕਿ ਸਮੇਂ ਸਮੇਂ ਵਕਤ ਦੀ ਸਰਕਾਰ ਨੂੰ ਇਹਨਾਂ ਦੇ ਸੁਧਾਰ ਵਾਸਤੇ ਫੌਜਕਸ਼ੀ ਕਰਨੀ ਪਿਆ ਕਰਦੀ ਸੀ। ਜਿਵੇਂ ਕਿ ਸੰਨ 1715 ਈ: ਵਿਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਘੇਰਾ ਪਾਉਣ ਦਾ ਹੁਕਮ[1] ਅਬਦੁਲ ਸਮਦ ਖਾਂ ਨੂੰ ਉਦੋਂ ਮਿਲਿਆ ਜਦੋਂ ਉਹ ਭਟੀਆਂ ਖਰਲਾਂ ਅਤੇ ਡੋਗਰਾਂ ਨੂੰ ਦਬਾਨ ਵਾਸਤੇ ਗਿਆ ਹੋਇਆ ਸੀ।

ਜਥੇਦਾਰ ਕਪੂਰ ਸਿੰਘ ਦੇ ਰੁਝੇਵੇਂ

ਅਸੀਂ ਪਿਛੇ ਦੱਸ ਆਏ ਹਾਂ ਕਿ ਸੰਨ 1715 ਈ: ਵਿਚ ਜਦੋਂ ਅਬਦੁਲ ਸਮਦ ਖਾਨ ਨੂੰ ਬਾਬੇ ਬੰਦਾ ਸਿੰਘ ਦੇ ਬਾਰੇ ਕਰੜੇ, ਸ਼ਾਹੀ ਹੁਕਮ ਪੁੱਜੇ ਤਾਂ ਉਦੋਂ ਉਹ ਡੋਗਰਾਂ, ਭਟੀਆਂ ਅਤੇ ਖਰਲਾਂ ਦੀ ਬਗਾਵਤ ਨੂੰ ਦਬਾਣ ਵਾਸਤੇ ਸਾਂਦਲਬਾਰ[2] ਵਿਚ ਗਿਆ ਹੋਇਆ ਸੀ ਅਤੇ ਲਾਹੌਰ ਪਹੁੰਚਦਿਆਂ ਸਾਰ ਉਸ ਨੇ ਫਰੀਦਾਬਾਦ[3] ਦੇ ਚੌਧਰੀ ਨਜੀਬ ਖਾਂ[4] ਖਰਲ ਨੂੰ 500 ਪਿਆਦਾ, ਹੈਦਰੀ ਝੰਡੇ ਵਾਲੇ ਗਾਮੇ ਸੰਗ ਬਾਬੇ ਬੰਦਾ ਸਿੰਘ ਨਾਲ ਲੜਨ ਵਾਸਤੇ ਭੇਜਿਆ ਸੀ।

ਬਾਬੇ ਬੰਦਾ ਸਿੰਘ ਅਤੇ 470 ਹੋਰ ਸਿੰਘਾਂ ਦੀ 1716 ਈ: ਵਿਚ ਹੋਈ ਸ਼ਹੀਦੀ ਨੇ ਸਿੱਖ ਜਗਤ ਨੂੰ ਤੜਫਾ ਕੇ ਰੱਖ ਦਿਤਾ। ਫਰਖਸ਼ੀਅਰ ਨੇ ਸਮਝਿਆ "ਮੈਂ ਸਿਖੀ ਦਾ ਦੀਵਾ ਗੁੱਲ ਕਰ ਦਿੱਤਾ ਹੈ" ਮਗਰ ਇਹ ਉਸਦੀ ਭਾਰੀ ਭੁਲ ਸੀ। ਸਿੱਖੀ ਇੱਕ ਉਹ ਗੇਂਦ ਹੈ ਜਿਸ ਨੂੰ ਜਿਤਨੇ ਜ਼ੋਰ

---

1. ਹੁਕਮ—ਵੇਖੋ ਅਸਰਾਰਿ ਸਮਦੀ (ਪੰਜਾਬੀ) ਪੰਜਾਬੀ ਯੂਨੀਵਰਸਿਟੀ ਪਟਿਆਲਾ 1972 ਪ੍ਰਕਾਸ਼ਨ ਪੰਨਾ 9—10।
2. ਸਾਂਦਲ ਬਾਰ—ਕਈਆਂ ਨੇ ਲਖੀ ਜੰਗਲ ਗਿਆ ਲਿਖਿਆ ਹੈ ਮਗਰ ਲਖੀ ਜੰਗਲ ਭੱਟੀ ਤੇ ਡੋਗਰ ਤਾਂ ਸਨ ਪਰ ਖਰਲ ਕੋਈ ਨਹੀਂ ਸੀ ਹੁੰਦੇ। ਇਹ ਤਰਾਵੇ ਜਾਤਾਂ ਸਾਂਦਲਬਾਰ ਵਿਚ ਹੀ ਵਸਦੀਆਂ ਸਨ।
3. ਫਰੀਦਾਬਾਦ—ਖਰਲਾਂ ਦਾ ਪਰਮੁਖ ਨਗਰ ਇਸੇ ਦੇ ਕੋਲ ਹੀ ਪਿੰਡ ਦਾ ਨਾਂ ਬਦਵੀ ਸੀ।
4. ਚੌਧਰੀ ਨਜੀਬ ਖਾਂ—ਖਰਲ (ਪੀਲੂ ਨੇ ਇਸ ਨੂੰ ਵੰਝਲ ਲਿਖਿਆ ਹੈ) ਮਿਰਜਾ ਸਾਹਿਬਾਂ ਦੇ ਕਿੱਸੇ ਦਾ ਨਾਇਕ, ਮਿਰਜਾ, ਇਸਦਾ ਛੋਟਾ ਪੁਤਰ ਸੀ। (ਵੇਖੋ ਗਿ: ਹੀਰਾ ਸਿੰਘ ਦਰਦ ਸੰਪਾਦਤ 'ਇਤਿਹਾਸਕ ਖੋਜ 1964 ਛਾਪ ਪੰਨਾ 166-177)

ਨਾਲ ਥਲੇ ਜ਼ਮੀਨ ਤੇ ਮਾਰੋ ਇਹ ਉਤਨਾ ਹੀ ਉਚਾ ਬੁੜ੍ਹਕਦੀ ਹੈ। ਸਿਖੀ ਮੁਸੀਬਤ ਵਿਚ ਹੀ ਪਲ੍ਹਰਦੀ ਰਹੀ ਹੈ। ਖਾਲਸਾ ਮੁਸੀਬਤ ਵਿਚ ਖਿੜਦਾ ਹੈ। ਕਿਸੇ ਅਗਯਾਤ ਕਵੀ ਨੇ ਲਿਖਿਆ ਹੈ :—

ਮੁਸੀਬਤ ਮੇਂ ਤੇਰੇ ਜੌਹਰ-ਇ-ਮਰਦਾਨ ਖੁਲਤੇ ਹੈ
ਮੁਬਾਰਿਕ ਬੁਜ਼ਦਿਲੋਂ ਕੋ ਹੋ, ਅਯਾਮ-ਇ-ਗਰਦਸ਼ ਮੇਂ ਘਬਰਾਣਾ।

ਖਰਲਾਂ ਦੀ ਸੋਧ


ਜਥੇਦਾਰ ਕਪੂਰ ਸਿੰਘ ਦੀ ਬਹਾਦਰੀ ਅਤੇ ਉਦਾਰਤਾ ਦਾ ਜੱਸ ਆਲੇ ਦੁਆਲੇ ਫੈਲ ਗਿਆ। ਸੰਨ 1716 ਦੇ ਅਖੀਰ ਇਕ ਦਿਨ ਬੱਘੂਮਲ ਅਰੋੜਾ ਸਣੇ ਹੋਰ ਸਾਥੀਆਂ ਦੇ ਆ ਫਰਯਾਦੀ ਹੋਇਆ ਕਿ ਜਥੇਦਾਰ ਜੀ ਅਸੀਂ ਗਰੀਬ ਸਹਿਜਧਾਰੀ ਇਲਾਕੇ ਵਿਚ ਹੱਟੀ ਪੱਟੀ ਕਰ ਗੁਜ਼ਾਰਾ ਕਰਦੇ ਹਾਂ। ਪਰ ਸਾਨੂੰ ਇਲਾਕੇ ਦੇ ਖਰਲ ਮੁਸਲਮਾਨ ਬਹੁੰ ਜ਼ਿਚ ਕਰਦੇ ਨੇ। ਇਕ ਤਾਂ ਜਣਾ ਖਣਾ ਨਜ਼ਰਾਨੇ ਮੰਗਦਾ ਹੈ, ਦੂਜੇ ਸਾਡੀ ਇਜ਼ਤ ਨੂੰ ਵੀ ਹਥ ਪਾਣੋਂ ਨਹੀਂ ਸੰਗਦੇ। ਜਥੇਦਾ'ਰ ਆਖਿਆ, "ਬਘੂਮਲ ਕਾਈ ਮੌਕਾ ਬਣੇ ਤੇ ਫ਼ੇਰ ਦੱਸੀਂ',—ਓਸ ਆਖਿਆ ਏਦੂ ਉਤੇ ਹੋਰ ਮੌਕਿਆ ਕੀਹ ਹੋਵਣਾ ਹੈ। ਨਜੀਬ ਖਾਂ ਲਾਹੌਰ ਦੇ ਸੂਬੇ ਕੋਲ ਨੌਕਰ ਹੈ। ਸੂਬੇ ਨੇ ਉਹਨੂੰ ਫੌਜ ਦੇ ਕੇ ਅੰਬਰਸਰ ਵਲ ਘਲਿਆ ਸੀ। ਉਹ ਸਿਖਾਂ ਨੂੰ ਬੜੀਆਂ ਵਾਧੀਆਂ ਘਾਟੀਆਂ ਕਰਦਾ ਰਹਿੰਦਾ ਹੈ। ਹੁਣ ਮੌਕਾ ਹੈ, ਚੌਥੇ ਰੋਜ਼ ਉਹਦੇ ਨਿਕੇ ਪੁੱਤਰ[1] ਦਾ ਧਮਾਣ ਹੈ ਤੇ ਸਾਰੀ ਖਰਲਟ ਉਥੇ ਕੱਠੀ ਹੋਈ ਹੋਣੀ ਹੈ। ਜਥੇਦਾਰ ਜੀ ਨੇ ਬਘੂਮਲ ਅਤੇ ਸਾਥੀਆਂ ਨੂੰ ਤਾਂ ਤਸੱਲੀ ਦੇ ਅਤੇ ਵਿਉਂਤ ਸਮਝਾ ਬੁਝਾ ਕੇ ਘਰ ਟੋਰਿਆ—ਉਸੇ ਵੇਲੇ ਆਪਣੇ ਚੌਵਾਂ ਨਗਰਾਂ ਦੇ ਜਥੇਦਾਰਾਂ ਨੂੰ ਛੇ ਸੌ ਘੋੜ ਸਵਾਰ ਸੱਦ ਕੇ, ਵਿਉਂਤ ਸਮਝਾ, ਪੈੜੇ ਵਾਲੀ ਵਲ ਧਾਈ ਕਰ ਦਿਤੀ। ਇਕ ਸੂੰਹੇ ਨੂੰ ਬਘੂਮਲ ਕੋਲ ਪੱਕਾ ਪਤਾ ਕਰਨ ਭੇਜ ਦਿਤਾ। ਆਪ ਪੂਰਾ ਦਿਨ ਨਨਕਾਣਾ ਸਾਹਿਬ ਦੇ ਗੁਰਧਾਮਾਂ ਦੇ ਦਰਸ਼ਨ ਕਰ ਆਰਾਮ ਕੀਤਾ।

ਭੇੜੇ ਦੀ ਵਿਉਂਤ

ਜਥੇਦਾਰ ਜੀ ਨੇ ਪੰਜਾਹ ਸਿੰਘਾਂ ਸਮੇਤ ਹਕੀਮ ਜੀ ਅਤੇ ਮਾਲੋਕਿਆ ਦਾ ਨਾਈ ਪਿਛੇ ਪੈੜੇ ਵਾਲੀ (ਡੇਰੇ) ਛਡ ਦਿਤੇ। ਇਕ ਤਾਂ ਡੇਰੇ ਦੀ ਰਾਖੀ ਦੂਜੇ ਜਖਮੀਆਂ ਦੀ ਮਲ੍ਹਮ ਪੱਟੀ ਵਾਸਤੇ। ਜਥੇਦਾਰ ਜੀ ਨੇ ਅਨੁਭਵ ਕੀਤਾ ਕਿ ਖਰਲੈਵ (ਖਰਲਾ ਦੀ ਬਹੁ ਗਿਣਤੀ) ਨਾਲ ਟਾਕਰਾ ਸਖਤ ਹੋਣਾ ਹੈ। ਇਸ ਵਾਸਤੇ ਸਵਾ ਸਵਾ ਸੌ ਦੇ ਜਥੇ ਚਾਰ ਜਥੇਦਾਰਾਂ ਨੂੰ ਦਿੱਤੇ। ਪੰਜਾਹ ਸਿੰਘ ਆਪਣੇ ਕੋਲ ਜ਼ਰੂਰਤ ਪੈਣ ਤੇ ਵਰਤਨ ਲਈ ਰਾਖਵੇਂ (ਰੀਜ਼ਰਵ) ਰੱਖੇ। ਬੁਰੋਕਿਆਂ ਕੋਲੋਂ ਜਥੇ ਆਪੋਂ ਆਪਣਿਆਂ ਨਿਸ਼ਾਨਿਆਂ ਨੂੰ ਜਾਨ ਵਾਸਤੇ ਪਾਟ ਗਏ ਪਹਿਲਾ ਜਥਾ ਫਰੀਦਾਬਾਦ ਦੇ ਦੱਖਣ ਰਾਵੀ ਵਾਲੇ ਪਾਸੇ, ਦੂਜਾ ਜਥਾ ਚੜ੍ਹਦੇ ਪਾਸੇ, ਤੀਜਾ ਲਹਿੰਦੇ ਪਾਸੇ। ਜਦੋਂ ਤਰਾਵੇ ਜਥੇ ਥਾਓਂ ਥਾਈਂ ਚਲੇ ਗਏ ਪਿੰਡ ਦੀ ਕੁਤੀਕ ਨੇ ਬੜਾ ਰੌਲਾ ਪਾਇਆ। ਉਧਰੋਂ ਜਦੋਂ ਮੁੱਲਾਂ ਨੇ ਬਾਂਗ ਦਿੱਤੀ ਤਾਂ ਚੌਥੇ ਜਥੇ ਨੇ ਜੈਕਾਰਾ ਗਜਾ ਪਿੰਡ ਤੇ ਹੱਲਾ ਕਰ ਦਿੱਤਾ। ਜਥੇਦਾਰਾਂ ਦਾ ਸਖਤ ਹੁਕਮ ਸੀ ਬੱਚੇ ਬੁੱਢੇ ਅਤੇ ਤੀਵੀ ਤੇ ਹੱਥ ਨਹੀਂ ਚੁੱਕਣਾ ਜੋ ਹਥਿਆਰ ਸੁੱਟ ਦੇਵੇ ਉਸਨੂੰ ਕੈਦ ਕਰਨਾ। ਪਿੰਡ ਸਾੜ ਦਿਉ। ਮਸੀਤ ਛਡ ਦੇਣੀ। ਇਥੇ ਆ ਕੇ ਪਤਾ ਲੱਗਾ ਕਿ ਨਜੀਬ ਖਾਂ ਏਥੇ ਨਹੀਂ ਤਾਂ ਜਥੇਦਾਰ ਜੀ ਨੇ ਇਕ ਜਥਾ ਆਪਣੇ ਨਾਲ ਲੈ ਕੇ ਦਾਨਾਬਾਦ ਜਾ ਸੋਧਿਆ। ਮਗਰ ਨਜੀਬ ਖਾਂ ਉਥੇ ਵੀ ਨਾਂ ਮਿਲਿਆ। ਦੁਹੀਂ ਥਾਈਂ ਖਰਲ ਬੜੇ ਡਟ ਕੇ ਲੜੇ। ਦਾਨਾਬਾਦ ਇਕ ਰੋਚਕ ਅਤੇ ਬੜੀ ਸਿਖਿਆ ਦਾਇਕ ਘਟਨਾ ਘਟੀ!

---

1. ਪੁੱਤਰ—ਵੇਖੋ ਸ: ਕਰਮ ਕ੍ਰਿਤ ਇਤਿਹਾਸਕ ਖੋਜ 1964 ਛਾਪ ਪੰਨਾ 168। ਇਸੇ ਦਾ ਨਾਮ ਮਿਰਜਾ ਸੀ "ਘਰ ਵੰਝਲ ਦੇ ਜੰਮਿਆ ਮਿਰਜਾ ਕਰੜੇ ਵਾਰ" (ਪੰਜਾਬ ਦੀਆਂ ਲੋਕ ਗਾਥਾਵਾਂ ਭਾਗ 3 ਪੰਨਾ 2 ਭਾਸ਼ਾ ਵਿਭਾਗ 1970 ਛਾਪ)
2. ਮਾਨ ਚਿੱਤਰ—ਜੁੱਧ ਛੇਤਰ—ਫਰੀਦਾਬਾਦ/ਦਾਨਾਬਾਦ 1716 ਈ:



ਚਿੱਤਰ ਮਾਨ (ਨਾਪ) 1 ਇੰਚ 16 ਮੀਲ

ਸ਼ਰਕ ਪੁਰ ਦਾ ਇਕ ਖੱਜਾ ਜਥੇਦਾਰ ਕਪੂਰ ਸਿੰਘ ਨੂੰ ਪਛਾਣ ਕੇ ਰਹਿਮਤ ਨਾਮੇ, ਖਰਲ ਨੂੰ ਆਖਿਆ "ਜੇ ਤੂੰ ਕਪੂਰੇ ਮਾਲੋਕੇ ਨੂੰ ਮਾਰ ਦੇਵੇਂ ਮੈਂ ਤੈਨੂੰ ਇਕ ਹਜ਼ਾਰ ਰੁਪਈਆ ਦੇਵਾਂਗਾ।" ਹਮੀ ਸ਼ਮੀ ਕਪੂਰ ਸਿੰਘ ਦਾ ਨਾਮ ਸੁਣ ਕੇ ਹੀ ਭੱਜ ਜਾਇਆ ਕਰਦੇ ਸਨ। ਆਮ ਖਰਲ ਦਾ ਹੌਂਸਲਾ ਨਹੀਂ ਸੀ ਕਿ ਜ: ਕਪੂਰ ਸਿੰਘ ਦੇ ਸਾਮ੍ਹਣੇ ਹੋਵੇ। ਉਸ ਦਲੇਰ ਜਵਾਨ ਨੂੰ ਕਪੂਰ ਸਿੰਘ ਜੀ ਦਾ ਕਾਲਾ ਘੋੜਾ ਵਖਾਂ ਕੇ ਖੱਜਾ ਬੁਖਾਰੀ ਵਿਚ ਵੜ ਗਿਆ। ਇਹ ਗਭਰੂ ਅਰਕੀ ਉਹਲੇ ਖਲੋ ਗਿਆ ਜਦੋਂ ਜਥੇਦਾਰ ਜੀ ਅਰਕੀ ਪਰਤਣ ਲਗੇ ਤਾਂ ਉਸ ਗਭਰੂ ਨੇ ਸਾਂਗ ਮਾਰੀ ਤਾਂ ਘੋੜਾ ਸੀਖ ਪਾਵੇ ਹੋ ਗਿਆ ਤੇ ਸਾਂਗ ਵੱਖੀ ਦੀ ਥਾਵੇਂ ਜਥੇਦਾਰ ਨੂੰ ਪੱਟ ਵਿਚ ਵੱਜੀ। ਮਗਰ ਜਥੇਦਾਰ ਦਾ (ਅੰਗਰਖਾ) ਅਸਲੋਂ ਨਾਲ ਹੀ ਸੀ! ਉਸ ਨੇ ਕੇਵਲ ਕੁਤਕਾ ਮਾਰ ਕੇ ਗਭਰੂ ਨੂੰ ਸੁਟ ਲਿਆ। ਅੰਗ ਰਖਾ ਉਸ ਦਾ ਸਿਰ ਵੱਢਣ ਹੀ ਲੱਗਾ ਸੀ ਕਿ ਜਥੇਦਾਰ ਨੇ ਰੋਕ ਕੇ ਆਖਿਆ ਕੈਦ ਕਰ ਲਵੋ। ਆਪ ਨੂੰ ਵੱਜਾ ਨੇਜਾ ਪੁੱਟ ਕੇ ਕੱਢਿਆ ਗਿਆ। ਫਟ ਬੜਾ ਡੂੰਘਾ ਆਇਆ, ਉਸੇ ਵੇਲੇ ਹਜ਼ੂਰੀ ਸਾਫੇ ਨਾਲ ਬੰਨ ਕੇ ਥਾਂ ਪਰ ਥਾਂ ਕਾਰ ਗੁਜ਼ਾਰੀ ਵੇਖ ਟਿਕਾਣੇ ਪਰਤ ਆਏ। ਆਉਂਦਿਆਂ ਉਹਨਾਂ ਕੈਦੀ ਦੀਆਂ ਮੁਸ਼ਕਾਂ ਖੁਲਵਾ ਦਿੱਤੀਆਂ ਅਤੇ ਅਗਲੀ ਵਾਰਤਾ ਇਸ ਤਰ੍ਹਾਂ ਹੋਈ।

ਜਥੇਦਾਰ ਜੀ ਦੇ ਜੀਵਨ ਦੀ ਉੱਚਤਾ

ਜਥੇਦਾਰ ਜੀ — ਕਿਉਂ, ਗਭਰੂਆ ਤੇਰਾ ਨਾਮ ਕੀ ਹੈ ?

ਗਭਰੂ — ਮੈਂ ਰਹਿਮਤ ਖਰਲ ਹਾਂ।

ਜਥੇਦਾਰ — ਅਛਾ ਤੂੰ ਹੈਂ ਰਹਿਮਤ। ਤੇਰਾ ਤੇ ਪਿਓ ਮਰ ਚੁੱਕਾ ਹੋਇਆ ਹੈ ਨਾ, ਔਰ ਰੰਡੀ ਮਾਂ ਦਾ ਤੂੰ ਇੱਕੋ ਇੱਕ ਪੁਤਰ ਹੈਂ। ਤੂੰ ਭਜ ਕਿਉਂ ਨ ਗਿਆ ?
ਮੈਨੂੰ ਇੰਝ ਲਗਦਾ ਹੈ ਕਿਸੇ ਤੇਰੇ ਦੁਸ਼ਮਨ ਨੇ ਤੈਨੂੰ ਮੇਰੇ ਗਲ ਚੁੱਕ ਕੇ ਪੁਆਇਆ ਹੈ। ਉਹ ਤੈਨੂੰ ਰਾਹ ਵਿਚੋਂ ਹਟਾਣਾ ਚਾਹੁੰਦਾ ਹੈ।

ਰਹਿਮਤ ਖਰਲ — ਉਇ ਸਰਦਾਰਾ ਤੂੰ, ਤੇ ਕਾਈ ਵਲੀ ਏਂ। ਕਸਮ ਹੈ ਮੈਨੂੰ ਅਲਾ ਪਾਕ ਦੀ ਤੂੰ ਹਕੀਕਤ ਬੁੱਝ ਲਈ ਹੈ। ਹੱਕੀ ਗਲ ਇਹ ਹੈ ਕਿ ਮੇਰੀ ਭੈਣ ਮੁਟਿਆਰ ਹੈ। ਪਿਉ ਸਿਰ ਨਹੀਂ, ਪੈਸਾ ਕੋਲ ਨਹੀਂ, ਮਜ਼ਬੂਰ ਸਾਂ। ਸ਼ਰਕਪੁਰ ਦੇ ਇੱਕ ਖੱਜੇ ਤੈਨੂੰ ਸਿਞਾਣ ਕੇ, ਮੈਨੂੰ ਆਖਿਆ ਜੇ ਤੂੰ ਕਪੂਰੇ ਮਾਲੋ ਕੇ ਨੂੰ ਮਾਰ ਦੇਵੇ ਤਾਂ ਮੈਂ ਤੈਨੂੰ ਇਕ ਹਜ਼ਾਰ ਰੁਪਈਆ ਦਿਆਂਗਾ। ਅਗਲੀ ਗੱਲ ਦਾ ਸਰਦਾਰਾ ਤੈਨੂੰ ਪਤਾ ਈ ਏ।

ਜਥੇਦਾਰ — ਉਹ ਪਾਜੀ ਹੁਣ ਕਿੱਥੇ ਹੈ ?

ਰਹਿਮਤ ਖਰਲ — ਅਸਾਡੇ ਅੰਦਰ ਭੜੋਲੀ ਵਿਚ ਲੁੱਕਾ ਬੈਠਾ ਹੈ।

ਜਥੇਦਾਰ — ਜਾਹ, ਇਹਨਾਂ ਸਿੰਘਾਂ ਦੇ ਨਾਲ। ਉਹ ਨੂੰ ਬਾਹਰ ਕੱਢ ਲਿਆ। ਰਹਿਮਤ ਤੇ ਸਿੰਘ ਖੱਜੇ ਨੂੰ ਲੈ ਕੇ ਆਏ ਤਾਂ ਰਹਿਮਤ ਦੀ ਮਾਂ ਨੇ ਜਥੇਦਾਰ ਨੂੰ ਆਖਿਆ। ਇਹ ਗਰੀਬ ਪਰਦੇਸ਼ੀ ਹੈ ਇਹ ਨੂੰ ਨਾ ਮਾਰੋ।

ਜਥੇਦਾਰ — ਅੱਛਾ ਮਾਈ ਲੈ ਜ਼ਰਾ ਆਪਣੇ ਗਰੀਬ ਪਰਦੇਸ਼ੀ ਦੀ ਕਰਤੂਤ ਵੇਖ।

ਮਾਈ — ਵੇ ਰਹਮਿਆ, ਹਿਸ ਕੇ ਕੀਤਾ ਏ ਵੇ ?

ਰਹਿਮਤ ਖਰਲ — ਅਮਾਂ ਹੁਣੇ ਪਤਾ ਹੋ ਵੈਸੀਆ।

ਜਥੇਦਾਰ — ਕਿਉਂ ਭਾਈ ਮੀਆਂ ਹੱਥ ਵਿਚ ਕੁਰਾਨ ਦੇ ਕੇ ਪੁੱਛਾਂ ਜਾਂ ਆਪੇ ਹੀ ਸੱਚ ਦੱਸ ਦੇਵੇਂਗਾ ?

ਖੱਜਾ — ਸਰਦਾਰਾ ਕਸਮ ਅਲਾ ਪਾਕ ਦੀ ਸੱਚ ਦੱਸਾਂਗਾ।

ਜਥੇਦਾਰ — ਤੂੰ ਰਹਿਮਤ ਯਤੀਮ ਦੀ ਰੱਤੇ ਕਿਉਂ ਨਹਾਉਣ ਲੱਗਾ ਸਾਂਏ ?

ਖੱਜਾ — ਸਰਦਾਰਾ ਮੈਂ ਇਸ ਦੀ ਭੈਣ ਦੀ ਜਵਾਨੀ ਵੇਖ ਬੇਈਮਾਨ ਹ ਗਿਆ ਸਾਂ। ਮੇਰੀ ਮਰਜ਼ੀ ਸੀ, ਇਹ ਤੇਰੇ ਗਲ ਪਵੇ, ਜੇ ਤੈਨੂੰ ਕੁਛ ਕਰ ਦਿੰਦਾ ਤਾਂ ਮੈਂ ਹਾਕਮਾਂ ਦੀਆਂ ਨਜ਼ਰਾਂ ਵਿਚ ਆ ਜਾਂਦਾ, ਤੇ ਜੇ ਇਹ ਲਾਂਭੇ ਹੋ ਜਾਂਦਾ ਤਾਂ ਮੈਂ ਮਾਈ ਨੂੰ ਪੈਸੇ ਦੇ ਕੇ ਇਹਦੀ ਭੈਣ ਨੂੰ ਘਰ ਪਾ ਲੈਂਦਾ।

ਮਾਈ — ਖਲੋ, ਤੇਰੇ ਦਾਦੇ ਦੀ ਦਾਹੜੀ ਹੱਗਿਆ, ਕੁੱਤਿਆ ਖੱਜਿਆ। ਤੈਨੂੰ ਗਰਕੀ ਵੇ, ਤੇਰੇ ਡਕਰੇ ਕਰਾਂ, ਖਨਜ਼ੀਰ ਦਿਆ ਪੁੱਤਰਾ।

ਰਹਿਮਤ ਖਰਲ — ਉਇ ਸਰਦਾਰਾ ਮੈਨੂੰ ਇਜਾਜ਼ਤ ਦਿਹੁ ਮੈਂ ਇਹਦਾ ਸਿਰ ਵੱਢ ਕੇ ਤੇ ਕੁੱਤਿਆਂ ਅਗੇ ਸਟਾਂ।

ਜਥੇਦਾਰ — ਨਹੀਂ ਰਹਿਮਤ, (ਆਪਣੇ ਲੱਕ ਨਾਲੋਂ ਵਾਂਸਲੀ ਖੋਹਲ ਕੇ) ਆਹ ਲੈ ਪੰਜ ਸੌ ਰੁਪੈ ਭੈਣ ਦੇ ਵਿਆਹ ਦੀ ਤਿਆਰੀ ਕਰ। ਪੰਜ ਸੌ ਰੁਪਈਆ ਹੋਰ ਬਾਲ ਲੀਲਾ ਦੇ ਮਹੰਤ ਕੋਲੋਂ ਜਿਸ ਦਿਨ ਲੋੜ ਹੋਵੀ ਜਾ ਕੇ ਲੈ ਆਵੀਂ (ਚਿਠੀ ਲਿਖਕੇ) ਆਹ ਲੈ ਮੇਰੀ ਚਿੱਠੀ।

ਮਾਈ — ਜੀਵੇਂ ਵੇ ਸਰਦਾਰਾ ਤੂੰ ਤੇ ਕੋਈ ਫਰਿਸ਼ਤਾ ਆ ਲੱਬਾ ਏਂ। ਪਰ ਦਸ ਹਿਸ ਖਨਜੀਰ ਦਾ ਕੀ ਕਰਨਾ ਈ ? ਮੈਨੂੰ ਦੇਵੇਂ ਤਾਂ ਮੈਂ ਇਹ ਦੀਆਂ ਰੇਂਝਾਂ ਪੀ ਜਾਵਾਂ।

ਜਥੇਦਾਰ — ਮਾਈ ਅਲਾ ਮੀਆਂ ਸਾਡੇ ਵੱਡੇ ਵੱਡੇ ਗੁਨਾਹ ਬਖਸ਼ ਦੇਂਦਾ ਹੈ—ਤੁਸੀਂ ਦੋਵੇਂ ਮਾਂ ਪੁਤਰ ਇਹ ਦੀ ਤਕਸੀਰ ਮੁਆਫ ਕਰ ਦਿਉ।

ਦੋਵੇਂ ਮਾਂ ਪੁਤਰ — ਅਫਰੀਨ ਹੈ ਓਇ ਸਰਦਾਰਾ ਤੇਰੇ ਜੰਮਣ ਵਾਲੀ ਦੇ, ਕੁਰਬਾਨ ਜਾਈਏ ਬਾਬੇ ਨਾਨਕ ਤੋਂ ਜਿਸ ਦਾ ਤੂੰ ਸਿੱਖ ਹੈਂ। ਇਹ ਸਾਡੇ ਮੀਏਂ ਮੁਲਾਣੇ ਤੇ ਏਵੇਂ ਲੂਣ ਥੱਪਦੇ ਵਤਦੇ ਨੇ, ਤੂੰ ਤੇ ਹਾਤਮ ਏ।

ਇਤਨੇ ਚਿਰ ਨੂੰ ਦਿਨ ਦੇ ਦਸ ਵੱਜ ਚੁਕੇ ਸਨ। ਦੋਹਾਂ ਪਿੰਡਾਂ ਦਾ ਸਫਾਇਆ ਹੋ ਚੁਕਾ ਸੀ। ਖੋਜਾ ਖਾਲਸੇ ਦੇ ਪੈਰਾਂ ਦੀ ਮਿੱਟੀ ਚੁੱਕ ਚੁੱਕ ਸਿਰ ਨੂੰ ਲਾਵੇ ਤੇ ਆਖੇ ਮੈਂ ਅੱਜ ਫਰਿਸ਼ਤੇ ਡਿੱਠੇ ਨੇ, ਸੁਬਹਾਨ ਅਲਾ। ਉਧਰ ਦਸ ਵਜੇ ਤੱਕ ਆਪਣੇ ਸ਼ਹੀਦ ਅਤੇ ਜ਼ਖਮੀ ਘੋੜਿਆਂ ਤੇ ਲੱਦ ਖਾਲਸਾ ਸੁਨੇਹਾ ਦੇ ਗਿਆ ਕਿ ਨਜੀਬ ਖਾਂ ਨੂੰ ਫਿਰ ਆ ਕੇ ਟਕਰਾਂਗੇ। ਬੱਕਰੇ ਦੀ ਮਾਂ ਕਦ ਤਕ ਖੈਰ ਮਨਾਏਗੀ।

ਇਸ ਤੋਂ ਨਜੀਬ ਖਾਂ ਇਤਨਾ ਭੈ ਭੀਤ ਹੋਇਆ ਕਿ ਸਿੱਧਾ ਲਾਹੌਰ ਜਾ ਵੜਿਆ ਤੇ ਆਪਣੇ ਟਬਰ ਟੋਰ ਵੀ ਉਥੇ ਲੈ ਗਿਆ। ਜਦੋਂ ਉਹਦੇ ਪੁੱਤਰ ਜੁਆਨ ਹੋ ਪਏ ਅਤੇ ਜਥੇਦਾਰ ਕਪੂਰ ਸਿੰਘ ਜੀ ਦੇ ਸਿਰ ਪੰਥਕ ਜਿੰਮੇਵਾਰੀਆਂ ਆ ਪਈਆਂ ਤਾਂ ਫਰੀਦਾਬਾਦ ਪਰਤਿਆ। ਬਘੂ ਮਲ ਦੇ ਵੰਸ਼ਜ ਦਸਦੇ ਸਨ ਕਿ ਉਹ ਸ਼ਰਕਪੁਰੀਆ ਖੋਜਾ ਹਰ ਸਾਲ ਨਮਾਣੀ ਦੇ ਮੇਲੇ ਤੇ ਇਕ ਵਧੀਆ ਜੁੱਤੀ ਜਥੇਦਾਰ ਕਪੂਰ ਸਿੰਘ ਲਈ ਲਿਆਂਉਦਾ ਤੇ ਬਾਲ ਲੀਲਾ ਦੇ ਮਹੰਤ ਨੂੰ ਦੇ ਜਾਂਦਾ। ਜਥੇਦਾਰ ਜੀ ਸਾਲ ਦੇ ਅੰਦਰ ਆ ਜਾਂਦੇ ਤਾਂ ਠੀਕ। ਉਹ ਹਰ ਸਾਲ ਜਦ ਤੱਕ ਜਿਊਂਦਾ ਰਿਹਾ ਜੁਤੀ ਲਿਆਉਂਦਾ ਜੇ ਜਥੇਦਾਰ ਜੀ ਨਾ ਆਉਂਦੇ ਤਾਂ ਜੋੜਾ ਮਹੰਤ ਜੀ ਨੂੰ ਅਰਪਨ ਕਰ ਜਾਂਦਾ।

ਰਹਿਮਤ ਖਰਲ ਦੀ ਮਾਂ ਜਦ ਤੱਕ ਜਿਉਂਦੀ ਰਹੀ ਹਰ ਸਾਲ ਨਿਮਾਣੀ ਦੇ ਮੇਲੇ ਤੇ ਆਉਂਦੀ। ਬਾਲ ਲੀਲਾ ਪ੍ਰਸਾਦ ਚੜ੍ਹਾ ਮਹੰਤ ਜੀ ਕੋਲੋਂ ਅਰਦਾਸਾ ਕਰਾਂਦੀ ਕਿ ਕਪੂਰੇ ਮਾਲੋ ਕੇ ਦੀ ਹਯਾਤੀ ਲੰਮੀ ਹੋਵੇ ਤੇ ਉਹ ਨੂੰ ਤੱਤੀ ਵਾ ਨਾ ਲੱਗੇ। ਰਹਮਤ ਖਰਲ ਨੂੰ ਜਦ ਪਤਾ ਲੱਗਦਾ ਸਰਦਾਰ ਆਇਆ ਹੈ ਤਾਂ ਵਾਂਹਦੀਆਂ ਵਗਾਂਦੀਆਂ ਵਿਚੋਂ ਆ ਕੇ ਦੁਆ ਸਲਾਮ ਦੇਂਦਾ ਲੈਂਦਾ (ਬਘੂਕਿਆਂ ਰਾਹੀਂ ਪਤਾ ਰੱਖਦਾ ਸੀ)।

ਜਦ ਸੰਨ 1730 ਵਿਚ ਮਾਲੋਕੇ ਤਬਾਹ ਹੋਏ ਸੁਣੇ ਤਾਂ ਰਹਮਾਂ ਖਰਲ ਤਰੈ ਚਾਰ ਦਿਨ ਸ਼ੇਖੂਪੁਰੇ ਰਿਹਾ। ਫਿਰ ਉਹ ਕਾਲਕਿਆਂ ਤੋਂ ਦਾਨ ਸਿੰਘ ਨੂੰ ਸਣੇ ਪ੍ਰਵਾਰ ਲੈ ਕੇ ਰਾਵੀਓਂ ਪਾਰ ਕਸੂਰ ਦੇ ਇਲਾਕੇ ਵਿਚ ਛੱਡ ਕੇ ਘਰ ਪਰਤਿਆ। ਇਹ ਹੈ ਕੀਤੇ ਨੂੰ ਜਾਣਨਾ।

ਵਿਸ਼ੇਸ਼ ਨੋਟ :

ਇਹ ਉਪਰੋਕਤ ਵਾਰਤਾ ਨਨਕਾਣੇ ਸਾਹਿਬ ਸੰਨ 1927 ਵਿੱਚ ਕੱਤਕ ਪੂਰਨਮਾਸ਼ੀ ਦੇ ਅਵਸਰ ਪਰ, ਬਘੂਮਲ ਧੀਂਗੜੇ ਦੇ ਵੰਸ਼ਜ ਲਾਲਾ ਬਘੂਮਲ ਧੀਂਗੜੇ ਨੇ ਭਾ: ਸਾ: ਭਾਈ ਮੂਲ ਸਿੰਘ ਸਾਹਿਬ ਨੂੰ ਸੁਣਾਈ। ਉਸ ਦਿਨ ਕਪੂਰ ਸਿੰਘ ਪੁੱਤਰ ਮੂਲਾ ਸਿੰਘ ਢਿਲੂ, ਢਿਲਵਾਂ (ਨੇੜ ਚੂਹੜਕਾਨਾ) ਨਿਵਾਸੀ ਅਸਾਡੇ ਨਾਲ ਸੀ।

ਦਿੱਲੀ ਵਿਚ ਅਜੋੜ

ਸੰਨ 1717 ਈ: ਵਿਚ ਫਰੁਖਸੀਅਰ ਦੀ ਆਪਣੇ ਵਜੀਰ, ਸਯਦ ਭਰਾਵਾਂ, (ਜਿਨ੍ਹਾਂ ਦੀ ਮਦਦ ਨਾਲ ਤਖਤ ਤੇ ਬੈਠਾ ਸੀ) ਦੇ ਨਾਲ ਅਜੋੜ ਸ਼ੁਰੂ ਹੋ ਗਈ। ਅੰਤ ਸੱਯਦ ਭਰਾ ਆਪਣੀ ਚਾਲ ਵਿਚ ਸਫਲ ਹੋ ਗਏ ਉਹਨਾਂ ਨੇ ਫਰੁਖਸੀਅਰ ਨੂੰ ਤਖਤੋਂ ਲਾਹ ਅੰਨ੍ਹਾ ਕਰ ਸੰਨ 1719 ਈ: ਵਿਚ ਬੜੀ ਬੁਰੀ ਤਰ੍ਹਾਂ ਕਤਲ ਕੀਤਾ। ਫਰੁਖ ਸੀਅਰ ਦੇ ਪਿਛੋਂ ਛਿਆਂ ਮਹੀਨਿਆਂ ਦੇ ਵਿਚ ਦੋ ਹੋਰ ਤਖਤ ਬਿਠਾ ਵਾਰੋ ਵਾਰੀ ਕਤਲ ਕਰਵਾ ਕੇ ਮੁਹੰਮਦ ਸ਼ਾਹ ਨੂੰ ਤਖਤ ਤੇ ਬਿਠਾਇਆ। ਜਿਸ ਨੂੰ ਮੁਹੰਮਦ ਸ਼ਾਹ ਰੰਗੀਲਾ ਕਰਕੇ ਸੱਦਿਆ ਜਾਂਦਾ ਹੈ।

ਖਾਲਸਾ ਫਿਰ ਪੰਜਾਬ ਵਿਚ

ਇਹਨਾਂ ਦੋ ਸਾਲਾਂ ਵਿਚ ਖਾਲਸੇ ਨੂੰ ਸਰਕਾਰ ਵਲੋਂ ਥੋੜਾਂ ਵਿਹਲ ਮਿਲਿਆ। ਅਰ ਉਹ ਜੰਗਲ ਪਹਾੜ ਛਡ ਕੇ ਮੈਦਾਨ ਵਿਚ ਆ ਨਿਕਲੇ। ਉਹਨਾਂ ਦੇ ਆਵਣ ਨਾਲ ਗੁਰਦਵਾਰਿਆਂ ਵਿਚ ਰੌਣਕਾਂ ਲਗੀਆਂ। ਉਹ ਰੱਜੇ ਤੇ ਉਹ ਪੈਤੇ, ਚੁਗਲ ਚੋਧਰੀਆਂ ਅਤੇ ਦੋਖੀਆਂ ਨੂੰ ਸੋਧਣਾ ਆਰੰਭ ਦਿੱਤਾ। ਖਾਲਸੇ ਦੀ ਇਸ ਸੋਧ ਸੁਧਾਈ ਅਤੇ ਲੁਟ ਮਾਰ ਨੂੰ ਰੋਕਣ ਲਈ ਅਬਦੁਲ ਸਮਦ ਖਾ ਸੂਬਾ ਲਾਹੌਰ ਨੇ ਫਿਰ ਸਖਤੀ ਦਾ ਦੌਰ ਚਾਲੂ ਕਰ ਦਿੱਤਾ।

ਪਰਜਾ ਵਿਚ ਇਸ਼ਤਿਹਾਰ ਦਿੱਤਾ ਗਿਆ ਕਿ ਜਿਸ ਦਾ ਸਿੱਖਾਂ ਹਥੋਂ ਨੁਕਸਾਨ ਹੋਵੇ ਉਹ ਦਾਅਵਾ ਕਰੇ ਅਤੇ ਦਾਅਵਿਆਂ ਦਾ ਫੈਸਲਾ ਇਉਂ ਲੱਗਾ : ਸਿੱਖਾਂ ਦੀ ਜਾਇਦਾਦ ਜਬਤ ਕਰ ਦਾਅਵੇਦਾਰਾਂ ਨੂੰ ਦੇ ਦਿੱਤੀ ਜਾਂਦੀ ਜੇ ਕੋਈ ਸਿਖ ਕਾਬੂ ਆ ਜਾਂਦਾ ਤਾਂ ਬਿਨਾਂ ਮੁਕਦਮਾ ਚਲਾਏ ਦੇ ਭਾਂਤ ਦੇ ਤਸੀਹੇ ਦੇ ਦੇ ਕੇ ਮਾਰ ਦਿੱਤਾ ਜਾਂਦਾ ।

ਦਿੱਲੀ ਵਿਚ ਅਦਲਾ ਬਦਲੀ : ਸੰਨ 1724 ਵਿਚ ਵਜ਼ੀਰਾਂ ਦੀ ਅਦਲਾ ਬਦਲੀ ਕਾਰਨ, ਅਬਦੁਲ ਸਮਦ ਖਾ ਦਾ ਧਿਆ ਦਿੱਲੀ ਵੱਲ ਖਿਚਿਆ ਗਿਆ ਤੇ ਸੂਬੇ ਦਾ ਪ੍ਰਬੰਧ ਢਿੱਲਾ ਪੈਂਦਾ ਗਿਆ । ਸਿੰਘਾਂ ਦੇ ਜਥੇ ਜੰਗਲਾਂ, ਝਲਾਂ, ਝਾੜਾ ਟਿੱਬਿਆਂ ਅਤੇ ਪਹਾੜਾਂ ਤੋਂ ਨਿਕਲ ਲੱਗੇ । ਪੰਜਾਬ ਵਿਚ ਥਾਉਂ ਥਾਈਂ ਆਪਣੇ ਆਪ ਨੂੰ ਉਜਾਗਰ ਕਰਣ ਲਗੇ । ਚੁਗਲਾਂ ਚੌਧਰੀਆਂ ਦੀ ਸੁਧਾਈ ਕਰ ਸਿੰਘਾਂ ਦੀਆਂ ਖੁਸ਼ੀਆਂ ਹੋਈਆ ਜਾਇਦਾਦਾਂ ਫਿਰ ਵਾਪਸ ਦਵਾਈਆਂ । ਲੁਟ ਮਾਰ ਵਧ ਗਈ ਤੇ ਦੇਸ਼ ਵੈਰਾਨ ਹੋ ਗਿਆ । ਇਹ ਗਲ 1725 ਈ: ਦੀ ਹੈ ।

ਲਾਹੌਰ ਵਿਚ ਅਦਲਾ ਬਦਲੀ : ਸੰਨ 1726 ਈ: ਵਿਚ ਅਬਦੁਲ ਸਮਦ ਨੂੰ ਮੁਲਤਾਨ ਦਾ ਸੂਬੇਦਾਰ ਅਤੇ ਉਸ ਦੇ ਪੁਤਰ ਜ਼ਕਰੀਆ ਖਾਨ (ਖਾਨ ਬਹਾਦਰ ਸੈਫੁਦੌਲਾ ਦੂਜਾ) ਨੂੰ ਲਾਹੌਰ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ । ਸਿਖ ਇਤਿਹਾਸ ਵਿਚ ਇਹ ਖਾਨ ਬਹਾਦਰ ਅਥਵਾ "ਖਾਨੂ" ਕਰਕੇ ਪ੍ਰਸਿੱਧ ਹੈ । ਇਹ ਵਜ਼ੀਰ ਕਮਰੂਦੀਨ ਖਾਂ (ਦਿੱਲੀ) ਦਾ ਭਣਵਈਆ ਸੀ । ਲਖਪਤ ਰਾਇ[1] ਇਸ ਦਾ ਦੀਵਾਨ ਅਤੇ ਮੋਮਨ ਖਾਂ[2] ਇਸਦਾ ਸਹਾਇਕ ਨਿਯੁਕਤ ਹੋਇਆ ।

ਇਹ ਅਕਸਰ ਵੇਖਣ ਵਿਚ ਆਉਂਦਾ ਹੈ ਕਿ ਜੇ ਹਾਕਮ ਇੱਕ ਛਟਾਂਕੀ ਭਰ ਸਖਤੀ ਕਰਦਾ ਹੋਵੇ ਤਾਂ ਉਸਦੇ ਅਹਿਲਕਾਰ ਜਾਂ ਗੁਮਾਸ਼ਤੇ ਚਾਰ ਛਟਾਕਾਂ ਵਧ ਕਰਣਗੇ । ਜਦੋਂ ਚੁਗਲ ਚੌਧਰੀਆਂ ਨੇ ਵੇਖਿਆ ਕਿ ਅੱਗੇ ਨਾਲੋਂ ਕਰੜੇ ਹਾਕਮ ਆ ਗਏ ਹਨ ਤਾਂ ਉਹਨਾਂ ਆਪਣੇ ਤੌਰ ਤਰੀਕੇ ਹੋਰ ਸਖਤ ਕਰ ਲਏ ।

ਸ਼ਹੀਦੀ ਭਾਈ ਤਾਰਾ ਸਿੰਘ

ਨੌਸ਼ਹਿਰਾਂ (ਜ਼ਿ: ਲਾਹੌਰ) ਦਾ ਚੌਧਰੀ ਸਾਹਿਬ ਆਪਣੀਆਂ ਘੋੜੀਆਂ ਖੁਲ੍ਹੀਆਂ ਛਡ ਦਿਆ ਕਰਦਾ ਸੀ । ਉਥੇ ਕੁਛ ਜੱਟ ਸਿੱਖ ਵਾਹੀ ਕਰਦੇ ਸਨ, ਉਨ੍ਹਾਂ ਦੋ ਤਿੰਨ ਵਾਰ ਬੇਨਤੀ ਕੀਤੀ ਕਿ ਚੌ: ਜੀ, ਤੁਹਾਡੀਆਂ ਘੋੜੀਆਂ ਕਣਕ ਨਾਸ਼ ਕਰਦੀਆਂ ਹਨ । ਇਨ੍ਹਾਂ ਦਾ ਕੋਈ ਬੰਦੋਬਸਤ ਕਰੋ । ਉਸ ਅਗੋਂ ਖਿੱਝ ਕੇ ਆਖਿਆ ਤੁਸਾਡੇ ਸਿਰ ਦੇ ਵਾਲਾਂ ਦੇ ਰੱਸੇ ਵੱਟ ਕੇ ਹੀ ਬੰਦੋਬਸਤ ਕਰਾਂਗਾ ਤਦ ਤੱਕ ਇਹ ਖੁਲ੍ਹੀਆਂ ਹੀ ਫਿਰਨਗੀਆਂ । ਉਹਨਾਂ ਨੂੰ ਇਹ ਗੱਲ ਖਾ ਗਈ। ਉਸੇ ਸ਼ਾਮ ਉਹਨਾਂ ਨੇ ਆਪਣੇ ਟੁਰਨੇ ਸਿਰ ਮਿਤ੍ਰ ਅਮਰ ਸਿੰਘ, ਬਘੇਲ ਸਿੰਘ (ਪਿੰਡ ਭੁਸੇ ਜ਼ਿ: ਅੰਮ੍ਰਿਤਸਰ) ਨਾਲ ਵਿਉਂਤ ਬਣਾ ਕੇ ਇਕ ਦਿਨ ਘੋੜੀਆਂ ਉਹਨਾਂ ਨੂੰ ਫੜਾ ਦਿਤੀਆਂ । ਉਹਨਾਂ ਅਗੋਂ ਲਖਮੀਰ ਸਿੰਘ (ਪਿੰਡ ਘਰਿਆਲਾ ਜ਼ਿ: ਲਾਹੌਰ) ਦੇ ਹਵਾਲੇ ਕੀਤੀਆਂ । ਲਖਮੀਰ ਸਿੰਘ[3] ਘੋੜੀਆਂ ਮਹਾਰਾਜੇ ਆਲਾ ਸਿੰਘ ਪਾਸ ਜਾ ਵੇਚੀਆਂ ਤੇ ਪੈਸੇ ਲਿਆ ਕੇ ਭਾਈ ਤਾਰਾ ਸਿੰਘ[4] ਦੇ ਡੇਰੇ ਗੁਰੂ ਕੇ ਲੰਗਰ ਵਿਚ ਪਾ ਦਿਤੇ ।

1, **ਲਖਪਤ ਰਾਇ**—ਇਹ ਕਲਾਨੌਰ ਦਾ ਇਕ ਗਰੀਬ ਖਤਰੀ ਸੀ । ਬਚਪਨ ਵਿਚ ਇਹ ਮੁਜੰਗਾਂ (ਲਾਹੌਰ ਦੇ ਨੇੜੇ) ਇੱਕ ਦਿਨ ਘੁੰਙਣੀਆਂ ਵੇਚ ਰਿਹਾ ਸੀ ਕਿ ਭਾਈ ਪ੍ਰਿਥੀ ਜੀ ਮਾਣਕ ਵਾਲੇ (ਜਿਨ੍ਹਾਂ ਨੂੰ ਦਸ਼ਮੇਸ਼ ਨੇ ਪੁਸ਼ਕਰ ਤੋਂ ਵਾਪਸ ਪੰਜਾਬ ਭੇਜਿਆ ਤੇ ਹੁਕਮ ਕੀਤਾ ਸੀ ਲੰਗਰ ਚਲਾਓ) ਆਏ ਤੇ ਆਖਿਆ, ਲਿਆ ਭਾਈ ਸਾਨੂੰ ਘੁੰਗਣੀਆ ਦੇਹ । ਲਖਪਤ ਨੇ ਟੋਕਰੀ ਭਾਈ ਜੀ ਦੇ ਅੱਗੇ ਕਰ ਕੇ ਆਖਿਆ "ਲਓ ਜੀ" । ਭਾਈ ਪ੍ਰਿਥੀ ਜੀ ਨੇ ਆਖਿਆ "ਤੂੰ ਤੇ ਕੋਈ ਦੀਵਾਨ ਹੈ" । ਭਾਈ ਜੀ ਇਹ ਬਚਨ ਆਖ ਇਕ ਮੁੱਠੀ ਘੁੰਗਣੀਆਂ ਲੈ ਚਾਲੇ ਪਾ ਗਿਆ । ਲਖਪਤ ਦੀਵਾਨ ਹੋ ਗਿਆ ਅਤੇ ਭਾਈ ਪ੍ਰਿਥੀ ਜੀ ਦਾ ਬੜਾ ਪੱਕਾ ਸ਼ਰਧਾਲੂ ਹੋ ਗਿਆ ।

2. **ਮੋਮਨ ਖਾਂ**—ਇਹ ਖਾਲਸੇ ਦਾ ਕੱਟੜ ਵੈਰੀ ਸੀ ।

3. **ਲਖਮੀਰ ਸਿੰਘ**—ਇਹ ਆਪਣੇ ਸਮੇਂ ਦਾ ਚੰਗਾ ਧਾੜਵੀ । ਸਤਲੁਜ ਦਰਯਾ ਉਰਾਰੋਂ ਪਾਰੋਂ ਰੱਸਾ ਫੜਿਆ ਕਰਦਾ ਸੀ ।

4. **ਭਾਈ ਤਾਰਾ ਸਿੰਘ**—ਇਹ ਬੁੱਟਰ ਗੋਤ ਦਾ ਜਟ ਸਿੱਖ ਪਿੰਡ 'ਵਾਂ' ਦੇ ਵਸਨੀਕ ਭਾਈ ਗੁਰਦਾਸ ਸਿੰਘ ਦਾ ਸਪੁਤ੍ਰ ਸੀ । ਇਸ ਦਾ ਜਨਮ ਸੰਨ 1702 ਈ: ਦਾ ਹੈ । ਇਸ ਨੇ ਭਾਈ ਮਨੀ ਸਿੰਘ ਜੀ ਦੀ ਹਥੀਂ ਅੰਮ੍ਰਿਤ ਪਾਨ ਕੀਤਾ । ਇਹਨਾਂ ਨੇ ਆਪਣੀ ਭੌਂਇ ਵਿਚ, ਕਿਕਰਾਂ, ਬੇਰੀਆਂ ਅਤੇ ਜੰਡਾਂ ਦੀ ਝੰਗੀ ਅੰਦਰ ਇਕ ਵਾੜਾ ਬਣਾ ਰਖਿਆ ਸੀ ਜਿਸ ਦੇ ਅੰਦਰਵਾਰ ਰਿਹਾਇਸ਼ੀ ਕੱਚੇ ਮਕਾਨ ਖੂਹ ਅਤੇ ਇਕ ਵੱਡਾ ਟੋਆ ਸਿਆਲ ਨੂੰ ਅੱਗ ਸੇਕਣ ਵਾਸਤੇ ਬਣਾ ਰੱਖਿਆ ਸੀ । ਵਾੜਾ ਕਿਕਰ ਬੇਰੀ ਦੇ ਛਾਪਿਆਂ ਦੀ ਚੰਗੀ ਮੋਟੀ ਤਹਿ ਦਾ ਬਣਿਆ ਹੋਇਆ ਸੀ । ਭਾਈ ਤਾਰਾ ਸਿੰਘ ਜੀ ਇਕ ਕਿਰਤੀ ਸਿੱਖ ਸਨ । ਧਾਰਮਕ ਬ੍ਰਿਤੀ ਪਰ ਸ਼ਸਤ੍ਰ ਵਿਦਿਆ ਅਰ ਘੋੜ ਸਵਾਰੀ ਵਿਚ ਨਿਪੁੰਨ ਸਨ । ਆਪ ਜੀ ਦੇ ਡੇਰਿਓਂ ਹਰ ਕਿਸੇ ਰਾਹੀ ਪਾਂਧੀ ਨੂੰ ਬਗੈਰ ਵਿਤਕਰੇ ਦੇ ਪ੍ਰਸ਼ਾਦ ਪਾਣੀ ਮਿਲਦਾ ਸੀ । ਜਿਸ ਕਰਕੇ ਹਿੰਦੂ, ਮੁਸਲਮਾਨ, ਸਿੱਖ ਆਪ ਜੀ ਦਾ ਆਦਰ ਸਤਿਕਾਰ ਕਰਦੇ ਸਨ । ਆਪ ਜੀ ਅਠੇ ਪਹਿਰ ਭਜਨ ਬੰਦਗੀ ਵਾਲੇ ਅਤੇ ਕ੍ਰਿਤੀ ਵਿਰਕਤ ਅਤੇ ਨਿਹੰਗ ਬ੍ਰਿਤ ਪੂਰਨ ਗੁਰਸਿੱਖ ਸਨ ।

ਚੌਧਰੀ ਸਾਹਿਬ ਰਾਏ ਨੂੰ ਸੂਹ ਮਿਲੀ ਕਿ ਘੋੜੀਆਂ ਭੁਸਿਆਂ ਵਾਲੇ ਲੈ ਗਏ ਹਨ। ਮਗਰ ਅਮਰ ਸਿੰਘ, ਬਘੇਲ ਸਿੰਘ ਉਸ ਦੇ ਪੁੱਜਣ ਤੋਂ ਪਹਿਲਾਂ ਪਿੰਡ ਛਡ ਭਾਈ ਤਾਰਾ ਸਿੰਘ ਦੇ ਡੇਰੇ ਜਾ ਅਪੜੇ, ਮਗਰੇ ਹੀ ਸਾਹਿਬ ਰਾਇ ਪੁਜ ਗਿਆ ਤੇ ਤਾਰਾ ਸਿੰਘ ਤੋਂ ਚੋਰਾਂ ਦੀਆਂ ਬਾਹੀਂ ਪੁੱਛੀਆਂ। ਭਾਈ ਤਾਰਾ ਸਿੰਘ ਨੇ ਆਖਿਆ "ਵਧੀਕੀਆਂ ਤੂੰ ਆਪ ਕਰਦਾ ਹੈ ਤੇ ਚੋਰ ਦੂਜਿਆਂ ਨੂੰ ਦੱਸਦਾ ਹੈਂ ਸਾਡੇ ਡੇਰੇ ਵਿਚ ਕੋਈ ਚੋਰ ਨਹੀ"। ਸਾਹਿਬ ਰਾਇ ਨੇ ਹੈਂਕੜ ਨਾਲ ਆਖਿਆ "ਤੁਸੀਂ ਸਿੱਧੀ ਹੱਥੀਂ ਨਹੀਂ ਦੇਂਦੇ ਤੇ ਮੈਂ ਜੁਤੀਆਂ ਨਾਲ ਤੁਹਾਥੋਂ ਚੋਰਾਂ ਦੀਆਂ ਬਾਹੀ ਲਵਾਂਗਾ"—ਭਾਈ ਜੀ ਆਖਿਆ "ਜਿਹੜਾ ਸਾਨੂੰ ਜੁਤੀਆਂ ਦੱਸਦਾ ਹੈ ਉਹ ਜੁਤੀਆਂ ਖਾ ਕੇ ਜਾਂਦਾ ਹੈ।" ਇਹ ਸੁਣਦਿਆਂ ਹੀ ਇਕ ਗਭਰੂ ਨੇ ਛਿੱਤਰ ਫੇਰ ਕੇ ਚੌਧਰੀ ਦਾ ਸਿਰ ਹੌਲਾ ਕਰ ਦਿੱਤਾ ਤੇ ਉਹ ਪਗ ਸੰਭਾਲਦਾ ਹੋਇਆ ਪਟੀ ਦੇ ਰਾਹ ਪੈ ਗਿਆ ਅਤੇ ਜਾਮਾਫਰ ਬੇਗ ਫੌਜਦਾਰ ਪਟੀ ਕੋਲ ਜਾ ਫਰਯਾਦ ਕੀਤੀ ਕਿ ਜਦੋਂ ਅਸੀਂ ਮਾਮਲਾ ਉਗਰਾਹਨ ਵਾਸਤੇ ਜਾਂਦੇ ਹਾਂ ਤਾਂ ਲੋਕ ਕਹਿੰਦੇ ਹਨ ਕਿ ਮਾਮਲਾ ਤਾਰਾ ਸਿੰਘ ਉਗਰਾਹ ਕੇ ਲੈ ਗਿਆ ਹੈ ਅਸੀਂ ਤੁਹਾਨੂੰ ਕੀਹ ਦੇਈਏ। ਜੇ ਤਾਰਾ ਸਿੰਘ ਨੂੰ ਫੜ ਲਿਆ ਜਾਵੇ ਤਾਂ ਮਾਝੇ ਦਾ ਅਧਾ ਰੌਲਾ ਸਮਾਪਤ ਹੋ ਜਾਵੇਗਾ ਤੇ ਤੁਹਾਡੀ ਨੇਕ ਨਾਮੀ ਹੋਵੇਗੀ।

ਫੌਜਦਾਰ ਪਿਛਲੀ ਰਾਤ ਚੌਧਰੀ ਸਮੇਤ ਕੁਝ ਸਵਾਰ ਲੈ ਕੇ ਟੁਰ ਪਿਆ ਤੇ ਮੂੰਹ ਹਨ੍ਹੇਰੇ ਹੀ ਡੱਗੀ ਵਿਚ ਅਪੜ ਗਿਆ। ਏਨੇ ਚਿਰ ਬਘੇਲ ਸਿੰਘ ਇਕ ਹੱਥ ਨੇਜਾ ਤੇ ਇਕ ਹਥ ਗੜਵਾ ਲੈ ਕੇ ਸੁਚੇਤਾ ਤਾੜਨ ਵਾੜਿਓਂ ਬਾਹਰ ਨਿਕਲੇ ਤਾਂ ਕੁਝ ਆਵਾਜ ਸੁਣ ਕੇ ਪੁਛਿਆ ਤੁਸੀਂ ਕੌਣ ਹੋ ? "ਤਦ ਸਾਹਿਬ ਰਾਏ ਨੇ ਫੌਜਦਾਰ ਨੂੰ ਆਖਿਆ ਇਹੋ ਪੁਆੜੇ ਦੀ ਜੜ੍ਹ ਹੈ।" ਇਹ ਸੁਣ ਬਘੇਲ ਸਿੰਘ ਵੀ ਮਾਮਲਾ ਤਾੜ ਗਿਆ। ਸਿੰਘ ਨੇ ਪਿਛੇ ਮੁੜ ਜਥੇ ਨੂੰ ਖਬਰ ਦੇਣਾ ਕਾਇਰਤਾ ਸਮਝ, ਆਪ ਹੀ ਦਰਖਤਾਂ ਦੀ ਓੜ ਵਿਚ ਹੋ ਨੇਜੇ ਨਾਲ ਸ਼ਾਹੀ ਸਵਾਰਾਂ ਨੂੰ ਅੜੁੰਗਣ ਲੱਗਾ। ਅਜੇ ਸਵਾਰਾਂ ਨਾਲ ਨਿਬੜ ਹੀ ਰਿਹਾ ਸੀ ਕਿ ਮਗਰੋਂ ਪਿਆਦੇ ਸਿਪਾਹੀਆਂ ਨੇ ਬੰਦੂਕਾਂ ਦਾਗ ਦਿੱਤੀਆਂ। ਇਕ ਗੋਲੀ ਬਘੇਲ ਸਿੰਘ ਦੇ ਪੱਟ ਵਿਚ ਆ ਲੱਗੀ। ਮਗਰ ਸੂਰਮਾ ਅਜੇ ਵੀ ਨੇੜੇ ਆਵਨ ਵਾਲਿਆਂ ਨੂੰ ਅੜੁੰਗੀ ਜਾ ਰਿਹਾ ਸੀ।

ਗੋਲੀਆ ਦੀ ਆਵਾਜ਼ ਸੁਣ, ਵਾੜੇ ਅੰਦਰਲੇ ਸਿੰਘ ਵੀ ਸਸ਼ਤਰ ਸੰਭਾਲ ਬਾਹਰ ਆ ਗਏ। ਉਹਨਾਂ ਨੂੰ ਆਉਂਦਿਆਂ ਵੇਖ, ਫੌਜਦਾਰ ਸਣੇ ਆਪਣੀ ਬਚੀ ਖੁਚੀ ਫੌਜ ਦੇ ਭੱਜ ਵਗਾ ਤੇ ਕੰਬੋਕੀ ਮਾੜੀ ਜਾ ਸਾਹ ਲਿਆ। ਭੱਜ ਜੇ ਕਿਸੇ ਪਿਆਦੇ ਦੀ ਗੋਲੀ ਲੱਗਣ ਨਾਲ ਬਘੇਲ ਸਿੰਘ ਜੀ ਸ਼ਹੀਦੀ ਪਾ ਗਏ। ਫੌਜਦਾਰ ਆਪਣਾ ਢਿਮ ਢਾਣਾ, ਟੁੱਟਾ ਫੁੱਟਾ, ਜਿਹਾ ਅਧੋਰਾਣਾ ਲੈ ਕੇ ਲਾਹੌਰ ਜ਼ਕਰੀਆ ਖਾਨ ਕੋਲ ਜਾ ਰੋਇਆ ਕਿਉਂਕਿ ਮਰਨ ਵਾਲਿਆਂ ਵਿਚ ਇਕ ਉਸਦਾ ਭਰਾ ਤੇ ਇਕ ਭਤੀਜਾ ਵੀ ਸੀ।

ਜ਼ਕਰੀਆਂ ਖ਼ਾਨ ਨੇ ਆਪਣੇ ਨਾਇਬ ਮੋਮਨ ਖਾਂ ਨੂੰ 2200 ਸਵਾਰ, 5 ਹਾਥੀ ਰਹਿਕਲੇ ਤੇ 40 ਜ਼ੰਬੂਰੇ ਦੇ ਕੇ ਤਾਰਾ ਸਿੰਘ ਨੂੰ ਫੜਨ ਟੋਰਿਆ ਜਿਸ ਨਾਲ ਕਿ ਤਾਰਾ ਸਿੰਘ ਦੇ ਵਾੜੇ ਵਿਚਲੇ ਬਾਈ (22) ਸਿੰਘਾਂ[1] ਨੂੰ ਫੜ ਕੇ ਲਿਆਵਨਾ ਸੀ। ਲਾਹੌਰ ਨਿਵਾਸੀ ਕਿਰਤੀ ਸਿੱਖਾਂ ਨੇ ਤਾਰਾ ਸਿੰਘ ਨੂੰ ਇਹ ਖਬਰ ਪੁਚਾ ਬੇਨਤੀ ਕੀਤੀ ਕਿ ਆਪ ਡੇਰਾ ਛੱਡ ਚਾਰ ਦਿਨ ਲਾਹਮੇ ਹੋ ਜਾਵੇ। ਅਮਨ ਹੋਵਨ ਤੇ ਫੇਰ ਆ ਜਾਣਾ।

ਭਾਈ ਤਾਰਾ ਸਿੰਘ ਜੀ ਨੇ ਸਭ ਨੂੰ ਆਖਿਆ, "ਭਾਈ ਜਿਸ ਨੇ ਜਾਣਾ ਹੈ ਉਹ ਚਲੇ ਜਾਓ ਅਸੀਂ ਤਾਂ ਅੱਜ ਏਥੇ ਹੀ ਦੁਸ਼ਮਨ ਨਾਲ ਦੋ ਹੱਥ ਕਰਾਂਗੇ।" ਜਾਣਾ ਤਾਂ ਕਿਸੇ ਕੀ ਸੀ ਉਥੇ ਥਾਉਂ ਥਾਈਂ ਮੋਰਚੇ ਸੋਧ ਲੱਗੇ ਦੁਸ਼ਮਨ ਦੀ ਉਡੀਕ ਕਰਨ। ਦਿਨ ਦੇ ਚੜ੍ਹਣ ਨਾਲ ਮੋਮਨ ਖਾਂ ਡੇਰੇ ਵੱਲ ਆਉਂਦਾ ਪਰਤੀਤ ਹੋਇਆ। ਜਦ ਨੇੜੇ ਢੁਕਾ ਤਾਂ ਬੰਦੂਕਚੀ ਸਿੰਘਾਂ ਨੇ ਇੱਕ ਵਾੜ ਝਾੜੀ। ਹੁਣ ਦੁਸ਼ਮਨ ਵੀ ਹੁਸ਼ਿਆਰ ਹੋ ਗੋਲੀਆਂ ਚਲਾਣ ਲੱਗ ਪਏ। ਕੁਛ ਚਿਰ ਪਿੱਛੋਂ ਸਿੰਘ ਤਲਵਾਰ ਖਿੱਚ ਤੇ ਬਰਛੇ ਸੰਭਾਲ ਵਾੜਿਓਂ ਬਾਹਰ ਤੁਰਕੀ ਸੈਨਾ ਨਾਲ ਜਾ ਜੁਟੇ। ਮਿਰਜ਼ਾ ਤਕੇ ਬੇਗ ਤੁਰਾਨੀ ਸੰਜੋਅ ਵਿਚ ਮੜਿਆ ਹਾਥੀ ਤੇ ਬੈਠਾ ਭਾਈ ਤਾਰਾ ਸਿੰਘ ਜੀ ਦੀ ਨਜ਼ਰੀ ਪੈ ਗਿਆ ਝਟ ਘੋੜਾ ਭਜਾ ਕੇ ਸਿੰਘ ਨੇ ਤਕੀ ਬੇਗ ਦੇ ਮੂੰਹ ਵਿਚ ਨੇਜਾ ਮਾਰਿਆ ਤਕੀ ਬੇਗ ਕਾਰੀ ਫੱਟ ਖਾ ਹਾਥੀ ਭੱਜਾ ਪਿੱਛਾਂ ਪਰਤਿਆ, ਲਹੂ ਵਗਦਾ ਵੇਖ ਮੋਮਨ ਖਾਂ ਠਠੇ ਨਾਲ ਆਖਿਆ, 'ਭਲਾ ਮਿਰਜ਼ਾ ਜੀ ਪਾਨ ਖਾ ਰਹੇ ਹੋ ?' ਸੜੇ ਬਲੇ ਤਕੀ ਬੇਗ ਨੇ ਆਖਿਆ, "ਆਹੋ ਖਾਨ ਜੀ, ਸੁਖ ਨਾਲ ਤੁਸੀਂ ਵੀ ਜਾਓ, ਤਾਰਾ ਸਿੰਘ ਬੀੜੇ ਵੰਡ ਰਿਹਾ ਜੇ।" ਕੁਛ ਚਿਰ ਪਿੱਛੋਂ ਇਸੇ ਫੱਟ ਨਾਲ ਤੱਕੀ ਬੇਗ ਮਰ ਗਿਆ। ਭੀਮ ਸਿੰਘ[2] ਤੇ ਲਖਮੀਰ ਸਿੰਘ ਦੋਵੇਂ ਘੋੜ ਸਵਾਰ ਸ਼ਿਕਾਰ ਦੀ ਤਾਕ ਵਿਚ ਖੜੇ ਸਨ ਕਿ ਮੁਰੀਦ ਖਾਨ (ਮੋਮਨ ਖਾਨ) ਦਾ ਭਤੀਜਾ ਹਾਥੀ ਤੇ ਆਉਂਦਾ ਨਜ਼ਰੀਂ ਪਿਆ। ਦੋਹਾਂ ਨੇ ਘੋੜੇ ਅਗਾਂਹ ਵਧਾਏ ਭੀਮ ਸਿੰਘ ਦੇ ਬਰਛੇ ਨਾਲ ਉਹ ਦਾ ਮਹਾਵਤ ਮਾਰ ਹਾਥੀ

---

1. **ਬਾਈ (22) ਸਿੰਘ**—ਲਖਮੀਰ ਸਿੰਘ ਘਰਿਆਲਾ। ਆਲੀ ਸਿੰਘ, ਗੁਰਬਖਸ਼ ਸਿੰਘ ਭੜਾਣਾ। ਭੀਮ ਸਿੰਘ, ਬਾਂਦਲ ਸਿੰਘ ਰਤੋਕੇ, ਮੇਘ ਸਿੰਘ ਮਦਰ, ਹਾਤਾ ਸਿੰਘ ਚੂੰਘ, ਬੁਲਾਕਾ ਸਿੰਘ ਸਾਂਙਣਾ, ਜੋਧ ਸਿੰਘ ਨਾਰੋਵਾਲ। ਮਿਹਰ ਸਿੰਘ ਤੂੰਗ, ਵਸਾਵਾ ਸਿੰਘ, ਕੇਇਰ ਸਿੰਘ, ਸਮੁੰਦ ਸਿੰਘ, ਝਾਬ ਸਿੰਘ ਮੁਲਤਾਨੀ ਸੂਰਾ ਸਿੰਘ ਖਾਲੜਾ। ਭੰਗੜ ਸਿੰਘ, ਰਸਾਲ ਸਿੰਘ ਪਸੋਰੀਏ ਅਮਰ ਸਿੰਘ ਭਸਾ ਆਦਿ ਸਿੰਘ ਸਨ। ਪ੍ਰੰਤੂ ਗਿ: ਸੋਹਣ ਸਿੰਘ ਜੀ 'ਸੀਤਲ' ਅਨੁਸਾਰ ਤੀਹ ਕ ਸਿੰਘ, ਜੋਗਾ ਸਿੰਘ, ਸੁੰਦਰ ਸਿੰਘ, ਗੱਜਾ ਸਿੰਘ, ਨਿਰੰਜਣ ਸਿੰਘ ਚਾਹਲ। ਕਿਹਰ ਸਿੰਘ ਹੇਰੂ। ਸ਼ੇਰ ਸਿੰਘ, ਸੂਬਾ ਸਿੰਘ, ਸ਼ਰਨ ਸਿੰਘ ਹੋਰ ਆ ਮਿਲੇ।

(ਸਿੱਖ ਰਾਜ ਕਿਵੇਂ ਬਣਿਆ—1978 ਛਾਪ ਪੰਨਾ 45)

2. **ਭੀਮ ਸਿੰਘ**—ਇਤਨਾ ਦਲੇਰ ਜਵਾਨ ਸੀ ਕਿ ਹਾਥੀ ਨੂੰ ਕੰਨੋ ਫੜ ਖੜਾ ਕਰ ਲਿਆ ਕਰਦਾ ਸੀ।

ਪਰਜਾ ਵਿਚ ਇਸ਼ਤਿਹਾਰ ਦਿੱਤਾ ਗਿਆ ਕਿ ਜਿਸ ਦਾ ਸਿੱਖਾਂ ਹਥੋਂ ਨੁਕਸਾਨ ਹੋਵੇ ਉਹ ਦਾਅਵਾ ਕਰੇ ਅਤੇ ਦਾਅਵਿਆਂ ਦਾ ਫੈਸਲਾ ਇਉਂ ਹੋਣ ਲੱਗਾ : ਸਿੱਖਾਂ ਦੀ ਜਾਇਦਾਦ ਜਬਤ ਕਰ ਦਾਅਵੇਦਾਰਾਂ ਨੂੰ ਦੇ ਦਿੱਤੀ ਜਾਂਦੀ ਜੇ ਕੋਈ ਸਿਖ ਕਾਬੂ ਆ ਜਾਂਦਾ ਤਾਂ ਬਿਨਾਂ ਮੁਕਦਮਾ ਚਲਾਏ ਦੇ ਭਾਂਤ ਭਾਂਤ ਦੇ ਤਸੀਹੇ ਦੇ ਦੇ ਕੇ ਮਾਰ ਦਿੱਤਾ ਜਾਂਦਾ ।

ਦਿੱਲੀ ਵਿਚ ਅਦਲਾ ਬਦਲੀ : ਸੰਨ 1724 ਵਿਚ ਵਜ਼ੀਰਾਂ ਦੀ ਅਦਲਾ ਬਦਲੀ ਕਾਰਨ, ਅਬਦੁਲ ਸਮਦ ਖਾ ਦਾ ਧਿਆਨ ਦਿੱਲੀ ਵੱਲ ਖਿਚਿਆ ਗਿਆ ਤੇ ਸੂਬੇ ਦਾ ਪ੍ਰਬੰਧ ਢਿੱਲਾ ਪੈਂਦਾ ਗਿਆ । ਸਿੰਘਾਂ ਦੇ ਜਥੇ ਜੰਗਲਾਂ, ਝਲਾਂ, ਝਾੜਾ ਟਿੱਬਿਆਂ ਅਤੇ ਪਹਾੜਾਂ ਤੋਂ ਨਿਕਲਣ ਲੱਗੇ । ਪੰਜਾਬ ਵਿਚ ਥਾਉਂ ਥਾਈਂ ਆਪਣੇ ਆਪ ਨੂੰ ਉਜਾਗਰ ਕਰਣ ਲਗੇ । ਚੁਗਲਾਂ ਚੌਧਰੀਆਂ ਦੀ ਸੁਧਾਈ ਕਰ ਸਿੰਘਾਂ ਦੀਆਂ ਖੁਸ਼ੀਆਂ ਹੋਈਆਂ ਜਾਇਦਾਦਾਂ ਫਿਰ ਵਾਪਸ ਦਵਾਈਆਂ । ਲੁਟ ਮਾਰ ਵਧ ਗਈ ਤੇ ਦੇਸ਼ ਵੈਰਾਨ ਹੋ ਗਿਆ । ਇਹ ਗਲ 1725 ਈ: ਦੀ ਹੈ ।

ਲਾਹੌਰ ਵਿਚ ਅਦਲਾ ਬਦਲੀ : ਸੰਨ 1726 ਈ: ਵਿਚ ਅਬਦੁਲ ਸਮਦ ਨੂੰ ਮੁਲਤਾਨ ਦਾ ਸੂਬੇਦਾਰ ਅਤੇ ਉਸ ਦੇ ਪੁਤਰ ਜ਼ਕਰੀਆ ਖਾਨ (ਖਾਨ ਬਹਾਦਰ ਸੈਫੁਦੌਲਾ ਦੂਜਾ) ਨੂੰ ਲਾਹੌਰ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ । ਸਿਖ ਇਤਿਹਾਸ ਵਿਚ ਇਹ ਖਾਨ ਬਹਾਦਰ ਅਥਵਾ "ਖਾਨੂ" ਕਰਕੇ ਪ੍ਰਸਿੱਧ ਹੈ । ਇਹ ਵਜ਼ੀਰ ਕਮਰੁਦੀਨ ਖਾਂ (ਦਿੱਲੀ) ਦਾ ਭਣਵਈਆ ਸੀ । ਲਖਪਤ ਰਾਇ[1] ਇਸ ਦਾ ਦੀਵਾਨ ਅਤੇ ਮੋਮਨ ਖਾਂ[2] ਇਸਦਾ ਸਹਾਇਕ ਨਿਯੁਕਤ ਹੋਇਆ ।

ਇਹ ਅਕਸਰ ਵੇਖਣ ਵਿਚ ਆਉਂਦਾ ਹੈ ਕਿ ਜੇ ਹਾਕਮ ਇੱਕ ਛਟਾਂਕੀ ਭਰ ਸਖਤੀ ਕਰਦਾ ਹੋਵੇ ਤਾਂ ਉਸਦੇ ਅਹਿਲਕਾਰ ਜਾਂ ਗੁਮਾਸ਼ਤੇ ਚਾਰ ਛਟਾਕਾਂ ਵਧ ਕਰਣਗੇ । ਜਦੋਂ ਚੁਗਲ ਚੌਧਰੀਆਂ ਨੇ ਵੇਖਿਆ ਕਿ ਅੱਗੇ ਨਾਲੋਂ ਕਰੜੇ ਹਾਕਮ ਆ ਗਏ ਹਨ ਤਾਂ ਉਹਨਾਂ ਆਪਣੇ ਤੌਰ ਤਰੀਕੇ ਹੋਰ ਸਖਤ ਕਰ ਲਏ ।

ਸ਼ਹੀਦੀ ਭਾਈ ਤਾਰਾ ਸਿੰਘ

ਨੌਸ਼ਹਿਰਾਂ (ਜ਼ਿ: ਲਾਹੌਰ) ਦਾ ਚੌਧਰੀ ਸਾਹਿਬ ਆਪਣੀਆਂ ਘੋੜੀਆਂ ਖੁਲ੍ਹੀਆਂ ਛਡ ਦਿਆ ਕਰਦਾ ਸੀ । ਉਥੇ ਕੁਛ ਜੱਟ ਸਿੱਖ ਵਾਹੀ ਕਰਦੇ ਸਨ, ਉਨ੍ਹਾਂ ਦੋ ਤਿੰਨ ਵਾਰ ਬੇਨਤੀ ਕੀਤੀ ਕਿ ਚੌ: ਜੀ, ਤੁਹਾਡੀਆਂ ਘੋੜੀਆਂ ਕਣਕ ਨਾਸ਼ ਕਰਦੀਆਂ ਹਨ । ਇਨ੍ਹਾਂ ਦਾ ਕੋਈ ਬੰਦੋਬਸਤ ਕਰੋ । ਉਸ ਅਗੋਂ ਖਿੱਝ ਕੇ ਆਖਿਆ ਤੁਸਾਡੇ ਸਿਰ ਦੇ ਵਾਲਾਂ ਦੇ ਰੱਸੇ ਵੱਟ ਕੇ ਹੀ ਬੰਦੋਬਸਤ ਕਰਾਂਗਾ ਤਦ ਤੱਕ ਇਹ ਖੁਲ੍ਹੀਆਂ ਹੀ ਫਿਰਨਗੀਆਂ । ਉਹਨਾਂ ਨੂੰ ਇਹ ਗੱਲ ਖਾ ਗਈ । ਉਸੇ ਸ਼ਾਮ ਉਹਨਾਂ ਨੇ ਆਪਣੇ ਟੁਰਨੇ ਸਿਰ ਮਿਤ੍ਰ ਅਮਰ ਸਿੰਘ, ਬਘੇਲ ਸਿੰਘ (ਪਿੰਡ ਭੁਸੇ ਜਿ: ਅੰਮ੍ਰਿਤਸਰ) ਨਾਲ ਵਿਉਂਤ ਬਣਾ ਕੇ ਇਕ ਦਿਨ ਘੋੜੀਆਂ ਉਹਨਾਂ ਨੂੰ ਫੜਾ ਦਿਤੀਆਂ । ਉਹਨਾਂ ਅਗੋਂ ਲਖਮੀਰ ਸਿੰਘ (ਪਿੰਡ ਘਰਿਆਲਾ ਜਿ: ਲਾਹੌਰ) ਦੇ ਹਵਾਲੇ ਕੀਤੀਆਂ । ਲਖਮੀਰ ਸਿੰਘ[3] ਘੋੜੀਆਂ ਮਹਾਰਾਜੇ ਆਲਾ ਸਿੰਘ ਪਾਸ ਜਾ ਵੇਚੀਆਂ ਤੇ ਪੈਸੇ ਲਿਆ ਕੇ ਭਾਈ ਤਾਰਾ ਸਿੰਘ[4] ਦੇ ਡੇਰੇ ਗੁਰੂ ਕੇ ਲੰਗਰ ਵਿਚ ਪਾ ਦਿਤੇ ।

1, **ਲਖਪਤ ਰਾਇ**—ਇਹ ਕਲਾਨੌਰ ਦਾ ਇਕ ਗਰੀਬ ਖਤਰੀ ਸੀ । ਬਚਪਨ ਵਿਚ ਇਹ ਮੁਜੰਗਾਂ (ਲਾਹੌਰ ਦੇ ਨੇੜੇ) ਇੱਕ ਦਿਨ ਘੁੰਗਣੀਆਂ ਵੇਚ ਰਿਹਾ ਸੀ ਕਿ ਭਾਈ ਪ੍ਰਿਥੀ ਜੀ ਮਾਣਕ ਵਾਲੇ (ਜਿਨ੍ਹਾਂ ਨੂੰ ਦਸ਼ਮੇਸ਼ ਨੇ ਪੁਸ਼ਕਰ ਤੋਂ ਵਾਪਸ ਪੰਜਾਬ ਭੇਜਿਆ ਤੇ ਹੁਕਮ ਕੀਤਾ ਸੀ ਲੰਗਰ ਚਲਾਓ) ਆਏ ਤੇ ਆਖਿਆ, ਲਿਆ ਭਾਈ ਸਾਨੂੰ ਘੁੰਗਣੀਆ ਦੇਹ । ਲਖਪਤ ਨੇ ਟੋਕਰੀ ਭਾਈ ਜੀ ਦੇ ਅੱਗੇ ਕਰ ਕੇ ਆਖਿਆ "ਲਓ ਜੀ" । ਭਾਈ ਪ੍ਰਿਥੀ ਜੀ ਨੇ ਆਖਿਆ "ਤੂੰ ਤੇ ਕੋਈ ਦੀਵਾਨ ਹੈ" । ਭਾਈ ਜੀ ਇਹ ਬਚਨ ਆਖ ਇਕ ਮੁੱਠੀ ਘੁੰਗਣੀਆਂ ਲੈ ਚਾਲੇ ਪਾ ਗਿਆ । ਲਖਪਤ ਦੀਵਾਨ ਹੋ ਗਿਆ ਅਤੇ ਭਾਈ ਪ੍ਰਿਥੀ ਜੀ ਦਾ ਬੜਾ ਪੱਕਾ ਸ਼ਰਧਾਲੂ ਹੋ ਗਿਆ ।

2. **ਮੋਮਨ ਖਾਂ**—ਇਹ ਖਾਲਸੇ ਦਾ ਕੱਟੜ ਵੈਰੀ ਸੀ ।

3. **ਲਖਮੀਰ ਸਿੰਘ**—ਇਹ ਆਪਣੇ ਸਮੇਂ ਦਾ ਚੰਗਾ ਧਾੜਵੀ । ਸਤਲੁਜ ਦਰਯਾ ਉਰਾਰੋਂ ਪਾਰੋਂ ਰੱਸਾ ਫੜਿਆ ਕਰਦਾ ਸੀ ।

4. **ਭਾਈ ਤਾਰਾ ਸਿੰਘ**—ਇਹ ਬੁੱਟਰ ਗੋਤ ਦਾ ਜਟ ਸਿੱਖ ਪਿੰਡ 'ਵਾਂ' ਦੇ ਵਸਨੀਕ ਭਾਈ ਗੁਰਦਾਸ ਸਿੰਘ ਦਾਂ ਸਪੁਤ੍ਰ ਸੀ । ਇਸ ਦਾ ਜਨਮ ਸੰਨ 1702 ਈ: ਦਾ ਹੈ । ਇਸ ਨੇ ਭਾਈ ਮਨੀ ਸਿੰਘ ਜੀ ਦੀ ਹਥੀਂ ਅੰਮ੍ਰਿਤ ਪਾਨ ਕੀਤਾ । ਇਹਨਾਂ ਨੇ ਆਪਣੀ ਭੌਂਇ ਵਿਚ, ਕਿਕਰਾਂ, ਬੇਰੀਆਂ ਅਤੇ ਜੰਡਾਂ ਦੀ ਝੰਗੀ ਅੰਦਰ ਇਕ ਵਾੜਾ ਬਣਾ ਰਖਿਆ ਸੀ ਜਿਸ ਦੇ ਅੰਦਰਵਾਰ ਰਿਹਾਇਸ਼ੀ ਕੱਚੇ ਮਕਾਨ ਖੂਹ ਅਤੇ ਇਕ ਵੱਡਾ ਟੋਆ ਸਿਆਲ ਨੂੰ ਅੱਗ ਸੇਕਣ ਵਾਸਤੇ ਬਣਾ ਰੱਖਿਆ ਸੀ । ਵਾੜਾ ਕਿਕਰ ਬੇਰੀ ਦੇ ਛਾਪਿਆਂ ਦੀ ਚੰਗੀ ਮੋਟੀ ਤਹਿ ਦਾ ਬਣਿਆ ਹੋਇਆ ਸੀ । ਭਾਈ ਤਾਰਾ ਸਿੰਘ ਜੀ ਇਕ ਕਿਰਤੀ ਸਿੱਖ ਸਨ । ਧਾਰਮਕ ਬ੍ਰਿਤੀ ਪਰ ਸ਼ਸਤ੍ਰ ਵਿਦਿਆ ਅਰ ਘੋੜ ਸਵਾਰੀ ਵਿਚ ਨਿਪੁੰਨ ਸਨ । ਆਪ ਜੀ ਦੇ ਡੇਰਿਓਂ ਹਰ ਕਿਸੇ ਰਾਹੀ ਪਾਂਧੀ ਨੂੰ ਬਗੈਰ ਵਿਤਕਰੇ ਦੇ ਪ੍ਰਸ਼ਾਦ ਪਾਣੀ ਮਿਲਦਾ ਸੀ । ਜਿਸ ਕਰਕੇ ਹਿੰਦੂ, ਮੁਸਲਮਾਨ, ਸਿੱਖ ਆਪ ਜੀ ਦਾ ਆਦਰ ਸਤਿਕਾਰ ਕਰਦੇ ਸਨ । ਆਪ ਜੀ ਅਠੇ ਪਹਿਰ ਭਜਨ ਬੰਦਗੀ ਵਾਲੇ ਅਤੇ ਕ੍ਰਿਤੀ ਵਿਰਕਤ ਅਤੇ ਨਿਹੰਗ ਬ੍ਰਿਤ ਪੂਰਨ ਗੁਰਸਿੱਖ ਸਨ ।

ਚੌਧਰੀ ਸਾਹਿਬ ਰਾਏ ਨੂੰ ਸੂਹ ਮਿਲੀ ਕਿ ਘੋੜੀਆਂ ਭੂਸਿਆਂ ਵਾਲੇ ਲੈ ਗਏ ਹਨ। ਮਗਰ ਅਮਰ ਸਿੰਘ, ਬਘੇਲ ਸਿੰਘ ਉਸ ਦੇ ਪੁੱਜਣ ਤੋਂ ਪਹਿਲਾਂ ਪਿੰਡ ਛਡ ਭਾਈ ਤਾਰਾ ਸਿੰਘ ਦੇ ਡੇਰੇ ਜਾ ਅਪੜੇ, ਮਗਰੇ ਹੀ ਸਾਹਿਬ ਰਾਇ ਪੁਜ ਗਿਆ ਤੇ ਤਾਰਾ ਸਿੰਘ ਤੋਂ ਚੋਰਾਂ ਦੀਆਂ ਬਾਹੀਂ ਪੁੱਛੀਆਂ। ਭਾਈ ਤਾਰਾ ਸਿੰਘ ਨੇ ਆਖਿਆ "ਵਧੀਕੀਆਂ ਤੂੰ ਆਪ ਕਰਦਾ ਹੈ ਤੇ ਚੋਰ ਦੂਜਿਆ ਨੂੰ ਦੱਸਦਾ ਹੈਂ ਸਾਡੇ ਡੇਰੇ ਵਿਚ ਕੋਈ ਚੋਰ ਨਹੀਂ"। ਸਾਹਿਬ ਰਾਇ ਨੇ ਹੈਂਕੜ ਨਾਲ ਆਖਿਆ "ਤੁਸੀਂ ਸਿੱਧੀ ਹੱਥੀਂ ਨਹੀਂ ਦੇਂਦੇ ਤੇ ਮੈਂ ਜੁਤੀਆਂ ਨਾਲ ਤੁਹਾਥੋਂ ਚੋਰਾਂ ਦੀਆਂ ਬਾਹੀ ਲਵਾਂਗਾ"—ਭਾਈ ਜੀ ਆਖਿਆ "ਜਿਹੜਾ ਸਾਨੂੰ ਜੁਤੀਆਂ ਦੱਸਦਾ ਹੈ ਉਹ ਜੁਤੀਆਂ ਖਾ ਕੇ ਜਾਂਦਾ ਹੈ।" ਇਹ ਸੁਣਦਿਆਂ ਹੀ ਇਕ ਗਭਰੂ ਨੇ ਛਿੱਤਰ ਫੜ ਕੇ ਚੌਧਰੀ ਦਾ ਸਿਰ ਹੌਲਾ ਕਰ ਦਿੱਤਾ ਤੇ ਉਹ ਪਗ ਸੰਭਾਲਦਾ ਹੋਇਆ ਪਟੀ ਦੇ ਰਾਹ ਪੈ ਗਿਆ ਅਤੇ ਜਾਮਾਫਰ ਬੇਗ ਫੌਜਦਾਰ ਪਟੀ ਕੋਲ ਜਾ ਫਰਯਾਦ ਕੀਤੀ ਕਿ ਜਦੋਂ ਅਸੀਂ ਮਾਮਲਾ ਉਗਰਾਹਨ ਵਾਸਤੇ ਜਾਂਦੇ ਹਾਂ ਤਾਂ ਲੋਕ ਕਹਿਦੇ ਹਨ ਕਿ ਮਾਮਲਾ ਤਾਰਾ ਸਿੰਘ ਉਗਰਾਹ ਕੇ ਲੈ ਗਿਆ ਹੈ ਅਸੀਂ ਤੁਹਾਨੂੰ ਕੀਹ ਦੇਈਏ। ਜੇ ਤਾਰਾ ਸਿੰਘ ਨੂੰ ਫੜ ਲਿਆ ਜਾਵੇ ਤਾਂ ਮਾਝੇ ਦਾ ਅਧਾ ਰੌਲਾ ਸਮਾਪਤ ਹੋ ਜਾਵੇਗਾ ਤੇ ਤੁਹਾਡੀ ਨੇਕ ਨਾਮੀ ਹੋਵੇਗੀ।

ਫੌਜਦਾਰ ਪਿਛਲੀ ਰਾਤ ਚੌਧਰੀ ਸਮੇਤ ਕੁਝ ਸਵਾਰ ਲੈ ਕੇ ਟੁਰ ਪਿਆ ਤੇ ਮੂੰਹ ਹਨ੍ਹੇਰੇ ਹੀ ਡੱਗੀ ਵਿਚ ਅਪੜ ਗਿਆ। ਏਨੇ ਚਿਰ ਬਘੇਲ ਸਿੰਘ ਇਕ ਹੱਥ ਨੇਜਾ ਤੇ ਇਕ ਹਥ ਗੜਵਾ ਲੈ ਕੇ ਸੁਚੇਤਾ ਤਾੜਨ ਵਾੜਿਓਂ ਬਾਹਰ ਨਿਕਲੇ ਤਾਂ ਕੁਝ ਆਵਾਜ਼ ਸੁਣ ਕੇ ਪੁਛਿਆ ਤੁਸੀਂ ਕੌਣ ਹੋ? "ਤਦ ਸਾਹਿਬ ਰਾਏ ਨੇ ਫੌਜਦਾਰ ਨੂੰ ਆਖਿਆ ਇਹੋ ਪੁਆੜੇ ਦੀ ਜੜ੍ਹ ਹੈ।" ਇਹ ਸੁਣ ਬਘੇਲ ਸਿੰਘ ਵੀ ਮਾਮਲਾ ਤਾੜ ਗਿਆ। ਸਿੰਘ ਨੇ ਪਿਛੇ ਮੁੜ ਜਥੇ ਨੂੰ ਖਬਰ ਦੇਣਾ ਕਾਇਰਤਾ ਸਮਝ, ਆਪ ਹੀ ਦਰਖਤਾਂ ਦੀ ਓੜ ਵਿਚ ਹੋ ਨੇਜੇ ਨਾਲ ਸ਼ਾਹੀ ਸਵਾਰਾਂ ਨੂੰ ਅੜੁੰਗਣ ਲੱਗਾ। ਅਜੇ ਸਵਾਰਾਂ ਨਾਲ ਨਿਬੜ ਹੀ ਰਿਹਾ ਸੀ ਕਿ ਮਗਰੋਂ ਪਿਆਦੇ ਸਿਪਾਹੀਆਂ ਨੇ ਬੰਦੂਕਾਂ ਦਾਗ ਦਿੱਤੀਆਂ। ਇਕ ਗੋਲੀ ਬਘੇਲ ਸਿੰਘ ਦੇ ਪੱਟ ਵਿਚ ਆ ਲੱਗੀ। ਮਗਰ ਸੂਰਮਾ ਅਜੇ ਵੀ ਨੇੜੇ ਆਵਨ ਵਾਲਿਆਂ ਨੂੰ ਅੜੁੰਗੀ ਜਾ ਰਿਹਾ ਸੀ।

ਗੋਲੀਆ ਦੀ ਆਵਾਜ਼ ਸੁਣ, ਵਾੜੇ ਅੰਦਰਲੇ ਸਿੰਘ ਵੀ ਸਸ਼ਤਰ ਸੰਭਾਲ ਬਾਹਰ ਆ ਗਏ। ਉਹਨਾਂ ਨੂੰ ਆਉਂਦਿਆਂ ਵੇਖ, ਫੌਜਦਾਰ ਸਣੇ ਆਪਣੀ ਬਚੀ ਖੁਚੀ ਫੌਜ ਦੇ ਭੱਜ ਵਗਾ ਤੇ ਕੰਬੋਕੀ ਮਾੜੀ ਜਾ ਸਾਹ ਲਿਆ। ਭੱਜ ਜੇ ਕਿਸੇ ਪਿਆਦੇ ਦੀ ਗੋਲੀ ਲੱਗਣ ਨਾਲ ਬਘੇਲ ਸਿੰਘ ਜੀ ਸ਼ਹੀਦੀ ਪਾ ਗਏ। ਫੌਜਦਾਰ ਆਪਣਾ ਢਿਮ ਢਾਣਾ, ਟੁੱਟਾ ਫੁੱਟਾ, ਜਿਹਾ ਅਧੋਰਾਣਾ ਲੈ ਕੇ ਲਾਹੌਰ ਜ਼ਕਰੀਆ ਖਾਨ ਕੋਲ ਜਾ ਰੋਇਆ ਕਿਉਂਕਿ ਮਰਨ ਵਾਲਿਆਂ ਵਿਚ ਇਕ ਉਸਦਾ ਭਰਾ ਤੇ ਇਕ ਭਤੀਜਾ ਵੀ ਸੀ।

ਜ਼ਕਰੀਆਂ ਖ਼ਾਨ ਨੇ ਆਪਣੇ ਨਾਇਬ ਮੋਮਨ ਖਾਂ ਨੂੰ 2200 ਸਵਾਰ, 5 ਹਾਥੀ ਰਹਿਕਲੇ ਤੇ 40 ਜ਼ੰਬੂਰੇ ਦੇ ਕੇ ਤਾਰਾ ਸਿੰਘ ਨੂੰ ਫੜਨ ਟੋਰਿਆ ਜਿਸ ਨਾਲ ਕਿ ਤਾਰਾ ਸਿੰਘ ਦੇ ਵਾੜੇ ਵਿਚਲੇ ਬਾਈ (22) ਸਿੰਘਾਂ[1] ਨੂੰ ਫੜ ਕੇ ਲਿਆਵਨਾ ਸੀ। ਲਾਹੌਰ ਨਿਵਾਸੀ ਕਿਰਤੀ ਸਿੱਖਾਂ ਨੇ ਤਾਰਾ ਸਿੰਘ ਨੂੰ ਇਹ ਖਬਰ ਪੁਚਾ ਬੇਨਤੀ ਕੀਤੀ ਕਿ ਆਪ ਡੇਰਾ ਛੱਡ ਚਾਰ ਦਿਨ ਲਾਹਮੇ ਹੋ ਜਾਵੋ। ਅਮਨ ਹੋਵਨ ਤੇ ਫੇਰ ਆ ਜਾਣਾ।

ਭਾਈ ਤਾਰਾ ਸਿੰਘ ਜੀ ਨੇ ਸਭ ਨੂੰ ਆਖਿਆ, "ਭਾਈ ਜਿਸ ਨੇ ਜਾਣਾ ਹੈ ਉਹ ਚਲੇ ਜਾਓ ਅਸੀਂ ਤਾਂ ਅੱਜ ਏਥੇ ਹੀ ਦੁਸ਼ਮਨ ਨਾਲ ਦੋ ਹੱਥ ਕਰਾਂਗੇ।" ਜਾਣਾ ਤਾਂ ਕਿਸੇ ਕੀ ਸੀ ਉਥੇ ਥਾਉਂ ਥਾਈਂ ਮੋਰਚੇ ਸੋਧ ਲੱਗੇ ਦੁਸ਼ਮਨ ਦੀ ਉਡੀਕ ਕਰਨ। ਦਿਨ ਦੇ ਚੜ੍ਹਨ ਨਾਲ ਮੋਮਨ ਖਾਂ ਡੇਰੇ ਵੱਲ ਆਉਂਦਾ ਪਰਤੀਤ ਹੋਇਆ। ਜਦ ਨੇੜੇ ਢੁਕਾ ਤਾਂ ਬੰਦੂਕਚੀ ਸਿੰਘਾਂ ਨੇ ਇੱਕ ਵਾੜ ਝਾੜੀ। ਹੁਣ ਦੁਸ਼ਮਨ ਵੀ ਹੁਸ਼ਿਆਰ ਹੋ ਗੋਲੀਆਂ ਚਲਾਣ ਲੱਗ ਪਏ। ਕੁਛ ਚਿਰ ਪਿੱਛੋਂ ਸਿੰਘ ਤਲਵਾਰ ਖਿੱਚ ਤੇ ਬਰਛੇ ਸੰਭਾਲ ਵਾੜਿਓਂ ਬਾਹਰ ਤੁਰਕੀ ਸੈਨਾ ਨਾਲ ਜਾ ਜੁਟੇ। ਮਿਰਜ਼ਾ ਤਕੋ ਬੇਗ ਤੁਰਾਨੀ ਸੰਜੋਅ ਵਿਚ ਮੜਿਆ ਹਾਥੀ ਤੇ ਬੈਠਾ ਭਾਈ ਤਾਰਾ ਸਿੰਘ ਜੀ ਦੀ ਨਜ਼ਰੀ ਪੈ ਗਿਆ ਝਟ ਘੋੜਾ ਭਜਾ ਕੇ ਸਿੰਘ ਨੇ ਤਕੀ ਬੇਗ ਦੇ ਮੂੰਹ ਵਿਚ ਨੇਜਾ ਮਾਰਿਆ ਤਕੀ ਬੇਗ ਕਾਰੀ ਫੱਟ ਖਾ ਹਾਥੀ ਭੱਜਾ ਪਿੱਛਾਂ ਪਰਤਿਆ, ਲਹੂ ਵਗਦਾ ਵੇਖ ਮੋਮਨ ਖਾਂ ਠਠੇ ਨਾਲ ਆਖਿਆ, 'ਭਲਾ ਮਿਰਜ਼ਾ ਜੀ ਪਾਨ ਖਾ ਰਹੇ ਹੋ?' ਸੜੇ ਬਲੇ ਤਕੀ ਬੇਗ ਨੇ ਆਖਿਆ, "ਆਹੋ ਖਾਨ ਜੀ, ਸੁਖ ਨਾਲ ਤੁਸੀਂ ਵੀ ਜਾਓ, ਤਾਰਾ ਸਿੰਘ ਬੀੜੇ ਵੰਡ ਰਿਹਾ ਜੇ।" ਕੁਛ ਚਿਰ ਪਿੱਛੋਂ ਇਸੇ ਫੱਟ ਨਾਲ ਤੱਕੀ ਬੇਗ ਮਰ ਗਿਆ। ਭੀਮ ਸਿੰਘ[2] ਤੇ ਲਖਮੀਰ ਸਿੰਘ ਦੋਵੇਂ ਘੋੜ ਸਵਾਰ ਸ਼ਿਕਾਰ ਦੀ ਤਾਕ ਵਿਚ ਖੜੇ ਸਨ ਕਿ ਮੁਰੀਦ ਖਾਨ (ਮੋਮਨ ਖਾਨ) ਦਾ ਭਤੀਜਾ ਹਾਥੀ ਤੇ ਆਉਂਦਾ ਨਜ਼ਰੀਂ ਪਿਆ। ਦੋਹਾਂ ਨੇ ਘੋੜੇ ਅਗਾਂਹ ਵਧਾਏ ਭੀਮ ਸਿੰਘ ਦੇ ਬਰਛੇ ਨਾਲ ਉਹ ਦਾ ਮਹਾਵਤ ਮਾਰ ਹਾਥੀ

---

1. **ਬਾਈ (22) ਸਿੰਘ**—ਲਖਮੀਰ ਸਿੰਘ ਘਰਿਆਲਾ। ਆਲੀ ਸਿੰਘ, ਗੁਰਬਖਸ਼ ਸਿੰਘ ਭੜਾਣਾ। ਭੀਮ ਸਿੰਘ, ਬਾਂਦਲ ਸਿੰਘ ਰਤੋਕੇ, ਮੋਘ ਸਿੰਘ ਮਦਰ, ਹਾਤਾ ਸਿੰਘ ਚੂੰਘ, ਬੁਲਾਕਾ ਸਿੰਘ ਜਾਂਣਾ, ਜੋਧ ਸਿੰਘ ਨਾਰੋਵਾਲ। ਮਿਹਰ ਸਿੰਘ ਤੂੰਗ, ਵਸਾਵਾ ਸਿੰਘ, ਕੌਰ ਸਿੰਘ, ਸਮੁੰਦ ਸਿੰਘ, ਝਾਬ ਸਿੰਘ ਮੁਲਤਾਨੀ ਸੂਰਾ ਸਿੰਘ ਖਾਲੜਾ। ਭੰਗਤ ਸਿੰਘ, ਰਸਾਲ ਸਿੰਘ ਪਸੌਰੀਏ ਅਮਰ ਸਿੰਘ ਭਸਾ ਆਦਿ ਸਿੰਘ ਸਨ। ਪ੍ਰੋ: ਗਿ: ਸੋਹਣ ਸਿੰਘ ਜੀ 'ਸੀਤਲ' ਅਨੁਸਾਰ ਤੀਹ ਕ ਸਿੰਘ, ਜੋਗਾ ਸਿੰਘ, ਸੁੰਦਰ ਸਿੰਘ, ਗੱਜਾ ਸਿੰਘ, ਨਿਰੰਜਣ ਸਿੰਘ ਚਾਹਲ। ਕਿਹਰ ਸਿੰਘ ਹੇਰੂ। ਸ਼ੇਰ ਸਿੰਘ, ਸੂਬਾ ਸਿੰਘ, ਸ਼ਰਨ ਸਿੰਘ ਹੋਰ ਆ ਮਿਲੇ।

(ਸਿੱਖ ਰਾਜ ਕਿਵੇਂ ਬਣਿਆ—1978 ਛਾਪ ਪੰਨਾ 45)

2. **ਭੀਮ ਸਿੰਘ**—ਇਤਨਾ ਦਲੇਰ ਜਵਾਨ ਸੀ ਕਿ ਹਾਥੀ ਨੂੰ ਕੰਨੋਂ ਫੜ ਖੜਾ ਕਰ ਲਿਆ ਕਰਦਾ ਸੀ।

ਨੂੰ ਕੰਨੋ ਫੜ ਖੜਾ ਕਰ ਦਿਤਾ। ਲਖਮੀਰ ਸਿੰਘ ਘੋੜੇ ਤੋਂ ਛਾਲ ਮਾਰ ਤੇ ਚੜ੍ਹ ਗਿਆ ਅਰ ਮੁਰੀਦ ਖਾਂ ਦਾ ਸਿਰ ਕੱਢ ਕਰ ਲਿਆ ਤੇ ਹਾਥੀ ਨੂੰ ਸ਼ਾਹੀ ਫ਼ੌਜ ਵੱਲ ਧੱਕ ਦਿੱਤਾ ਤੇ ਆਪ ਫਿਰ ਘੋੜਿਆਂ ਤੇ ਸਵਾਰ ਹੋ ਗਏ।

ਇਤਨਾ ਕੁਝ ਹੁੰਦਿਆਂ ਕਰਦਿਆਂ ਦੋ ਪੂਰਬੀਆਂ ਫੌਜ ਦੇ ਹਿੰਦੂ ਅਫਸਰਾਂ ਦਇਆ ਰਾਮ ਤੇ ਮਨਸਾ ਰਾਮ ਨੂੰ ਮੋਮਨ ਖਾਂ ਨੇ ਅਗਾਂਹ ਵਧਣ ਦਾ ਹੁਕਮ ਦਿੱਤਾ। ਬਾਕੀ ਪੂਰਬੀਆਂ ਦਾ ਤਾਂ ਪਤਾ ਨਹੀਂ ਕਿਸ ਕਿਸ ਸਿੰਘ ਨੇ ਅੜੰਗਿਆ ਪਰ ਦਇਆ ਰਾਮ ਤੇ ਮਨਸਾ ਰਾਮ ਦੋਵੇਂ ਅਮਰ ਸਿੰਘ ਦੇ ਹਥੋਂ ਮਾਰੇ ਗਏ। ਹੁਣ ਲੜਾਈ ਹੱਥ ਪੜਥੀ ਤੇ ਪੁਜ ਚੁੱਕੀ ਸੀ ਸਾਰੇ ਸਿੰਘ ਇੱਕੋ ਵਾਰੀ ਤਲਵਾਰਾਂ ਸੂਤ ਕੇ ਪੈ ਗਏ। ਦਿਨ ਦੇ ਆਥਨ ਤੱਕ ਸਣੇ ਭਾਈ ਤਾਰਾ ਸਿੰਘ ਦੇ ਸਭ ਸ਼ਹੀਦੀਆਂ ਪਾ ਚੁੱਕੇ ਸਨ। ਸ਼ਾਹੀ ਫੋਜ ਦੇ ਤਿੰਨ ਸੋ ਬੰਦੇ ਮਰੇ[1] ਕੁਛ ਫੱਟੜ ਹੋਏ। ਔਰ ਮੋਮਨ ਖਾਂ ਜਿੱਤ ਦੇ ਵਾਜੇ ਵਜਾਂਦਾ ਲਾਹੌਰ ਪਰਤ ਗਿਆ। ਇਹ ਸਾਕਾ ਫੱਗਣ 1726 ਈ: ਨੂੰ ਹੋਇਆ।

ਖਾਲਸਾ ਭੜਕ ਉਠਿਆ

ਗੁਰਮੁਖ ਪਿਆਰੇ ਭਾਈ ਤਾਰਾ ਸਿੰਘ ਜੀ ਦਾ ਪੂਰਾ ਪੰਥ ਦਿਲੋਂ ਵਜੋਂ ਸਤਿਕਾਰ ਕਰਦਾ ਸੀ। ਆਪ ਜੀ ਦੀ ਸ਼ਹੀਦੀ ਨਾਲ ਸੰਪੂਰਨ ਪੰਥ ਅੰਦਰ ਥਰਥਲੀ ਆ ਗਈ। ਜਥੇਦਾਰ ਦਰਬਾਰਾ ਸਿੰਘ ਜੀ ਨੇ ਸਰਬੱਤ ਖਾਲਸੇ ਦੀ ਇਕੱਤਰਤਾ[2] ਸ੍ਰੀ ਅੰਮ੍ਰਿਤਸਰ ਬੁਲਾਈ। ਜਿਸ ਵਿਚ ਲੰਮੀ ਵਿਚਾਰ ਉਪਰੰਤ ਗੁਰਮਤਾ ਸੋਧਿਆ ਗਿਆ, ਜਿਸ ਦੀਆਂ ਧਾਰਾਵਾਂ[3] ਇਹ ਸਨ।

1. ਹਕੂਮਤ ਨੂੰ ਨਤਾਣਿਆ ਕਰਨ ਵਾਸਤੇ, ਸਰਕਾਰੀ ਮਾਮਲਾ, ਖਜ਼ਾਨੇ ਵਿਚ ਪੁਜਣ ਤੋਂ ਪਹਿਲਾਂ ਹਥਿਆ ਲਿਆ ਜਾਵੇ।
2. ਸ਼ਾਹੀ ਕੋਤ ਤੇ ਮੇਖਜ਼ੀਨਾ ਲੁਟ ਕੇ ਹਥਿਆਰ ਅਤੇ ਗੋਲੀ ਸਿੱਕੇ ਦੀ ਘਾਟ ਪੂਰੀ ਕੀਤੀ ਜਾਵੇ। ਹਕੂਮਤ ਦੇ ਗਲਿਆਂ ਵਿਚੋਂ ਖਾਲਸਾ ਦਲ ਲਈ ਘੋੜੇ ਪ੍ਰਾਪਤ ਕੀਤੇ ਜਾਣ।
3. ਹਕੂਮਤ ਦੇ ਸਹਾਇਕ ਖੁਸ਼ਾਮੰਦੀ ਪਿੱਠੂਆਂ ਅਤੇ ਚੁਗਲ ਚੌਧਰੀਆਂ ਦੀ ਵੇਲੇ ਕੁਵੇਲੇ ਸੁਧਾਈ ਕੀਤੀ ਜਾਇਆ ਕਰੇ।

ਇਹਨਾਂ ਵਿਚਾਰਾਂ ਦੇ ਦੌਰਾਨ ਜਥੇਦਾਰ ਕਪੂਰ ਸਿੰਘ ਨੇ ਬਾ-ਦਲੀਲ ਵਿਚਾਰ ਅਤੇ ਸੁਝਾਓ ਪੇਸ਼ ਕੀਤੇ। ਜਿਸ ਕਰ ਕੇ ਬਾਬਾ ਦਰਬਾਰਾ ਸਿੰਘ ਨੇ ਕਪੂਰ ਸਿੰਘ ਨੂੰ ਆਪਣੇ ਖਾਸ ਸਲਾਹਕਾਰਾਂ ਵਿਚ ਲੈ ਲਿਆ।

ਮਹਿਕਮਾ ਖਬਰ ਰਸਾਨੀ

ਕਪੂਰ ਸਿੰਘ ਜੀ ਨੇ ਉਕਤ ਇਕੱਤਰਤਾ ਵਿਚ, ਇਹ ਸੁਝਾਅ ਦਿੱਤੇ ਕਿ ਸਰਕਾਰ ਨੂੰ ਕਰਾਰੀ ਸੱਟ ਮਾਰਨ ਵਾਸਤੇ ਵੱਡੇ ਵੱਡੇ ਸ਼ਹਿਰਾਂ, ਪੜਾਵਾਂ, ਪਤਨਾ ਅਤੇ ਖਾਸ ਕਰ ਕੇ ਕਿਲਿਆਂ ਦੇ ਨੇੜੇ ਸਾਨੂੰ ਆਪਣੇ ਸੂਹੀਏ ਤੇ ਹਰਕਾਰੇ ਮੁਕੱਰਰ ਕਰਨੇ ਚਾਹੀਦੇ ਹਨ। ਜਿਨ੍ਹਾਂ ਦੇ ਰਾਹੀਂ ਸਾਨੂੰ ਸਰਕਾਰੀ ਅਫਸਰਾਂ ਗਸ਼ਤੀ ਫੌਜਾਂ, ਖਜ਼ਾਨਿਆ ਤੇ ਸੁਦਾਗਰਾਂ ਦੀ ਆਉਣ ਜਾਣ ਦੀ ਸੂਹ ਮਿਲਦੀ ਰਹੇ। ਬਾਬਾ ਦਰਬਾਰਾ ਸਿੰਘ ਜੀ ਨੇ ਇਹ ਕੰਮ ਜਥੇਦਾਰ ਕਪੂਰ ਸਿੰਘ ਨੂੰ ਹੀ ਸੌਂਪ ਦਿੱਤਾ।

ਜਥੇਦਾਰ ਕਪੂਰ ਸਿੰਘ ਜੀ ਸਾਂਦਲ ਬਾਰ ਅਪੜੇ। ਆਪਣੇ ਮਿੱਤਰ ਲਾਲਾ ਬਘੂਮਲ ਅਰੋੜੇ ਨੂੰ ਨਨਕਾਣੇ ਸਾਹਿਬ ਬੁਲਾ ਲਿਆ ਅਤੇ ਥਾਂਓ ਥਾਈਂ ਸੂੰਹੇ ਮੁਕੱਰਰ ਕਰਨ ਦੀਆਂ ਵਿਉਂਤਾਂ ਸੋਚੀਆਂ। ਇਹ ਅਰੋੜੇ, ਭਾਈ ਮਥੋ ਮੁਰਾਰੀ, ਭਾਈ ਸੱਚਣ ਸੱਚ ਜੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਅਤੇ ਭਾਈ ਸ਼ਾਮੂ ਸਚਿਆਰ ਜੀ ਸਤਿਗੁਰੂ ਹਰ ਰਾਇ ਸਾਹਿਬ ਜੀ ਦੇ ਅਤੇ ਭਾਈ ਫੇਰੂ ਸਚ ਦਾੜ੍ਹੀ ਸ੍ਰੀ ਦਸ਼ਮੇਸ਼ ਜੀ ਦੇ ਸਮੇਂ ਦੀਆਂ ਲਾਈਆ ਸੁੰਦਰ ਗੁਰਸਿਖ ਵਾੜੀਆਂ ਦੇ ਫੁੱਲ ਰਾਵੀ ਦੇ ਨਾਲ ਨਾਲ ਤੋੜ ਮੁਲਤਾਨ ਤੱਕ ਝੰਗ ਮਘਿਆਣਾ ਅਤੇ ਸਾਂਦਲ ਬਾਰ ਅੰਦਰ ਅਧਿਕ ਖਿੜੇ ਹੋਏ ਸਤਿਗੁਰੂ ਨਾਨਕ ਦੇਵ ਦੇ ਪੱਕੇ ਸ਼ਰਧਾਲੂ ਤੇ ਨਿਸ਼ਠਾਵਾਨ ਸਿੱਖ ਸਨ। ਇਹਨਾਂ ਵਿਚੋਂ ਕਈਆਂ ਦੇ ਰਿਸ਼ਤੇਦਾਰ ਕਸ਼ਮੀਰ ਤੋਂ ਲਗ ਮੁਲਤਾਨ ਤੱਕ ਅਤੇ ਪੇਸ਼ਾਵਰ ਦਿੱਲੀ ਤੱਕ ਵਪਾਰ ਕਰਦੇ ਸਨ। ਲਾਲਾ ਬਘੂ ਮਲ ਨੇ ਸੁੰਦਰ ਪੰਥਕ ਸੇਵਾ ਦਾ ਮੌਕਾ ਜਾਣ ਆਪਣੇ ਰਿਸ਼ਤੇਦਾਰਾਂ ਨਾਲ ਗੋਠ ਕੀਤੀ ਤੇ ਜਥੇਦਾਰ ਨੂੰ ਆਖਿਆ ਕੁਝ ਦਿਨ ਠਹਿਰ ਕੇ ਪਤਾ ਦਿਆਂਗੇ।

ਮੁਕਦੀ ਗਲ; ਸਤਵੇਂ ਦਿਨ ਲਾਲਾ ਬਘੂ ਮਲ ਨੇ ਮੋਟੇ ਥਾਵਾਂ, ਸ਼ਹਿਰਾਂ, ਪੜਾਵਾਂ, ਪਤਣਾ ਘਾਟਾਂ ਉੱਤੇ ਰਹਿਣ ਵਾਲੇ ਸੱਜਣਾਂ ਦੇ ਨਾਮ ਜਥੇਦਾਰ ਜੀ ਨੂੰ ਲਿਖਾ ਦਿਤੇ। ਸੇਵਾ ਦਾ ਚਾਓ ਅਤੇ ਸ਼ਰਧਾ ਦਾ ਇਥੋਂ ਪਤਾ ਚਲਦਾ ਹੈ ਕਿ ਲਾਲਾ ਜੀ ਨੇ ਗੁਜਰਾਤ ਤੋਂ ਦੋ ਸੁਥਰੇ ਸੱਦ ਉਹਨਾਂ ਦਾ ਡੇਰਾ ਵਜ਼ੀਰਾਬਾਦ ਕਰਵਾਇਆ। ਆਪਣੇ ਸਭ ਸੱਜਣਾਂ ਨੂੰ ਜਥੇਦਾਰ ਜੀ ਦੀ ਵਿਉਂਤ ਸਮਝਾਨ ਦੀ ਜ਼ਿੰਮੇਵਾਰੀ ਆਪ ਲਈ। ਸੰਨ 1727 ਈ: ਦੇ ਵਿਚ ਵਿਚ ਜਥੇਦਾਰ ਜੀ ਨੇ ਸੂੰਹੀਆਂ ਅਤੇ ਸੋਘਿਆਂ ਦਾ ਜਾਲ ਫੈਲਾ ਦਿੱਤਾ। ਤਦ ਥਾਂ ਥਾਂ ਤੋਂ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ।

---

1. ਬੰਦੇ ਮਰੇ—ਵੇਖੋ, ਗਿ: ਸੋਹਣ 'ਸ਼ੀਤਲ' ਕ੍ਰਿਤ "ਸਿੱਖ ਰਾਜ ਕਿਵੇਂ ਬਣਿਆ" 1978 ਛਾਪ ਪੰਨਾ 46।
2. ਇਕੱਤਰਤਾ—ਵੇਖੋ ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ਪੰਨਾ 529।
3. ਧਾਰਾਵਾਂ—ਵੇਖੋ ਬਾਬਾ ਪ੍ਰੇਮ ਸਿੰਘ ਜੀ ਕ੍ਰਿਤ ਜੀਵਨ ਬ੍ਰਿਤਾਂਤ ਨਵਾਬ ਕਪੂਰ ਸਿੰਘ 1952 ਛਾਪ ਪੰ

ਸਰਕਾਰੀ ਖਜ਼ਾਨਾ ਲੁਟਿਆ

ਇਕ ਸੂੰਹੇ ਨੇ ਖਬਰ ਦਿੱਤੀ ਕਿ ਮੁਲਤਾਨੋਂ 200 ਸਵਾਰਾਂ ਦੀ ਰਾਖੀ ਵਿਚ ਚਾਰ ਲੱਖ ਰੁਪਿਆ ਗੱਡਿਆਂ ਉੱਪਰ ਆ ਰਿਹਾ ਹੈ ਜੋ ਦੋ ਦਿਨਾਂ ਤਕ ਲਾਹੌਰ ਦੀ ਹਦੂਦ ਵਿਚ ਦਾਖਲ ਹੋ ਜਾਵੇਗਾ। ਕਪੂਰ ਸਿੰਘ ਦਾ ਜਥਾ ਅਗੇ ਹੀ ਡੌਲਿਆਂ ਨੂੰ ਤੇਲ ਲਾਈ ਬੈਠਾ ਸੀ ਸੁਣਦਿਆਂ ਸਾਰ ਘੋੜਿਆਂ ਤੇ ਸਵਾਰ ਜਥਾ ਹਵਾ ਹੋ ਗਿਆ ਅਤੇ ਮੌਕਿਆ ਤਾੜ ਜੰਗਲ ਵਿਚ ਛੁਪ ਗਏ।

ਇਹ ਥਾਂ ਖੁਡੀਆਂ (ਜ਼ਿਲ੍ਹਾ ਲਾਹੌਰ) ਦੇ ਕੋਲ ਸੀ। ਜਿਸ ਵਕਤ ਖਜ਼ਾਨਾ ਮਾਰ ਹੇਠ ਪੁੱਜਾ ਤਾਂ ਪੰਜ ਸੌ ਘੋੜ ਸਵਾਰ ਖਾਲਸਾ ਇਕ ਦਮ ਟੁਟ ਕੇ ਰਾਖਿਆਂ ਤੇ ਪੈ ਗਿਆ। ਜਿਨ੍ਹਾਂ ਵਿਚੋਂ ਅਧੇ ਕੁ ਮਾਰੇ ਕੁਝ ਜ਼ਖਮੀ ਹੋਏ ਤੇ ਬਾਕੀ ਦੇ ਖਜ਼ਾਨਾ ਛਡ ਜਾਨਾਂ ਲੈ ਕੇ ਭਜ ਗਏ। ਖਾਲਸੇ ਨੇ ਖਜ਼ਾਨਾ ਕੁਝ ਰਾਖਿਆਂ ਦੇ ਘੋੜਿਆਂ ਤੇ ਕੁਝ ਆਪਣੇ ਘੋੜਿਆਂ ਤੇ ਲਦ ਲਦਾ, ਜੈਕਾਰੇ ਗਜਾਂਦੇ, ਸਾਂਦਲ ਬਾਰ ਨੂੰ ਧਾਈਆਂ ਕਰ ਗਏ। ਗਸ਼ਤੀ ਫੌਜ ਦੇ ਪੁਜਣ ਤੋਂ ਪਹਿਲੇ ਪਹਿਲੇ ਮਦਰਾਂ ਦੇ ਪੱਤਣ ਤੋਂ ਰਾਵੀ ਪਾਰ ਕਰ, ਨਨਕਾਣੇ ਸਾਹਿਬ ਸਤਿਗੁਰੂ ਨਾਨਕ ਦੇ ਚਰਨਾਂ ਵਿਚ ਜਾ ਸੀਸ ਨਿਵਾਇਆ। ਲੁੱਟ ਦੇ ਰੁਪੈ ਦੀ ਵੰਡ ਇਉਂ ਕੀਤੀ :—

(1) ਧਰਮਾਰਥ		
ਗੁਰਦੁਆਰੇ ਨਨਕਾਣਾ ਸਾਹਿਬ ਜਨਮ ਅਸਥਾਨ ਤੇ ਬਾਲ ਲੀਲ੍ਹਾ	—	10,000/-
ਗੁਰਦੁਆਰਾ ਹਾਫਿਜ਼ਾਬਾਦ, ਭਾਈ ਕੇ ਮਟ੍ਹ, ਸੱਚਾ ਸੌਦਾ, ਰੋੜੀ ਸਾਹਿਬ	—	5,000/-
ਸ੍ਰੀ ਹਰਿਮੰਦਰ ਸ਼ਾਹਿਬ ਅੰਮ੍ਰਿਤਸਰ	—	80,000/-
(2) ਸਾਂਝਾ ਰਾਖਵਾਂ		
ਬਿਪਤਾ ਸਮੇਂ ਬਾਲ ਲੀਲਾ ਦੇ ਸਿੰਘ ਪੁਜਾਰੀ[1] ਕੋਲ ਰਖਿਆ ਗਿਆ।	—	5,000/-
ਬਾਕੀ ਰਕਮ ਸਾਰੇ ਜਥੇ ਵਿਚ ਹਿਸੇ ਆਉਂਦੀ ਵੰਡੀ ਗਈ	—	3,00,000/-
ਕੁਲ ਜੋੜ		4,00,000/-

ਧਿਆਨ ਰਹੇ ਕਿ ਜੁੱਧ ਸਮੇਂ ਵੀਰ ਗਤੀ ਪਾ ਜਾਣ ਵਾਲਿਆਂ ਦਾ ਲੁਟ ਦੇ ਮਾਲ ਵਿਚੋਂ ਹਿੱਸਾ ਉਹਨਾਂ ਦੇ ਘਰੀਂ ਪਹੁੰਚਾਇਆ ਜਾਇਆ ਕਰਦਾ ਸੀ। ਘਰੋ ਘਰੀਂ ਮਾਇਆ ਅਪੜਾ ਕੇ ਜੱਥਾ ਫੇਰ ਅੰਮ੍ਰਿਤਸਰ ਇਕੱਤਰ ਹੋ ਗਿਆ।

ਲਾਹੌਰ ਦਾ ਮਾਮਲਾ ਲੁੱਟਿਆ

ਚਵਿੰਡੇ ਕੋਲ ਸਿੰਘਾਂ ਨੇ ਲਾਹੌਰ ਨੂੰ ਜਾਂਦਾ ਖਜ਼ਾਨਾ ਲੁੱਟ ਲਿਆ। ਇਹ ਦੇ ਵਿਚ ਸਭ ਚਵਿੰਡੇ ਦੇ ਸਿੰਘ ਸ਼ਾਮਲ ਸਨ।

ਕਸੂਰੋਂ ਲਾਹੌਰ ਨੂੰ ਆਉਂਦਾ ਖਜ਼ਾਨਾ ਲੁੱਟਿਆ

ਜਦੋਂ ਜਥੇਦਾਰ ਕਪੂਰ ਸਿੰਘ ਦਾ ਜਥਾ ਨਨਕਾਣਾ ਸਾਹਿਬ ਹੀ ਫਿਰਦਾ ਸੀ ਤਾਂ ਜਥੇਦਾਰ ਦਰਬਾਰਾ ਸਿੰਘ ਨੂੰ ਸੂੰਹੇ ਨੇ ਖਬਰ ਦਿੱਤੀ ਕਿ ਕਸੂਰੋਂ ਖਜ਼ਾਨਾ ਲਾਹੌਰ ਨੂੰ ਆ ਰਿਹਾ ਹੈ ਅਤੇ ਕੱਲ ਕਾਨ੍ਹੇ ਕਾਛੇ ਪੁੱਜ ਜਾਵੇਗਾ। ਸ਼ਾਹੀ ਫੌਜ ਤਾਂ ਮੁਲਤਾਨ ਵਾਲੇ ਖਜ਼ਾਨੇ ਦੀ ਭਾਲ ਵਿਚ ਰੁੱਝੀ ਹੋਈ ਸੀ। ਬਾਬੇ ਦਰਬਾਰਾ ਸਿੰਘ ਫਤਿਹ ਸਿੰਘ ਖੜਕ ਸਿੰਘ ਆਦਿ ਨਾਲ ਛਾਪਾ ਮਾਰ ਖਜ਼ਾਨਾ ਖੋਹ ਕੇ ਸਾਂਦਲ ਬਾਰ[2] ਨੂੰ ਧਾਈਆਂ ਕਰ ਗਏ। ਖੁਦਪੁਰ ਮਾਂਗੇ ਦੇ ਪਤਣੋਂ ਪਾਰ ਨਨਕਾਣੇ ਸਾਹਿਬ ਨੂੰ ਸਿੱਧੇ ਹੋ ਗਏ।

ਗਵਰਨਰ ਲਾਹੌਰ ਨੂੰ ਹਰ ਰੋਜ਼ ਇਹਨਾਂ ਲੁੱਟਾਂ ਤੇ ਛਾਪਿਆਂ ਨੇ ਪ੍ਰੇਸ਼ਾਨ ਕਰ ਦਿੱਤਾ। ਤਦ ਉਸ ਨੇ ਗਸ਼ਤੀ ਫੌਜਾਂ ਚਾੜ੍ਹੀਆਂ ਪਰ ਧਿਆਨ ਰਹੇ ਕਿ ਖਾਲਸੇ ਦੀ ਖਬਰ ਰਸਾਨੀ ਉਹਨਾਂ ਦਿਨਾਂ ਵਿਚ ਕਮਾਲ ਤੇ ਪੁੱਜੀ ਹੋਈ ਸੀ। ਸੂੰਹ ਲੱਗਣ ਤੇ ਹਰਕਾਰੇ ਇਕ ਦਮ ਨਿਯੁਕਤ ਸਥਾਨ ਤੇ ਖਬਰਾਂ ਪਹੁੰਚਾ ਦਿਆ ਕਰਦੇ ਅਤੇ ਖਾਲਸਾ ਯੋਗ ਕਾਰਵਾਈ ਤਤਫਟ ਕਰਕੇ ਹਰਨ ਹੋ ਜਾਇਆ ਕਰਦਾ।

---

1. **ਸਿੰਘ ਪੁਜਾਰੀ**—ਭਾਈ ਧਿਆਨ ਸਿੰਘ ਜੀ ਦਸਮੇਸ਼ ਜੀ ਦੇ ਸਮੇਂ ਦਮਦਮਾ ਸਾਹਿਬ ਦੀ ਟਕਸਾਲ ਤੋਂ ਵਿੱਦਿਆ ਪ੍ਰਾਪਤੀ ਕਰਕੇ ਆਏ ਸਨ। (ਵੇਖੋ ਗਿ: ਗੁਰਬਚਨ ਸਿੰਘ ਸੰਪਾਦਤ ਦਮਦਮੀ ਸਟੀਕ 1974 ਛਾਪ ਪੰਨਾ 51, ਕਰਮ ਸੰਖਿਆ 39) ਕਿਸੇ ਕਾਰਨ ਦਲੀਪ ਸਿੰਘ ਜੀ ਨਾਲ ਪੁਰਾਣੀ ਵਾਕਫੀ ਸੀ।

1. **ਸਾਂਦਲ ਬਾਰ**—ਗਿਆਨ ਸਿੰਘ ਰਚਿਤ ਸ਼ਮਸ਼ੇਰ ਸਿੰਘ ਖਾਲਸਾ ਭਾਸ਼ਾ ਵਿਭਾਗ 1970 ਛਾਪ ਪੰਨਾ 104।

ਹਥਿਆਰ ਤੇ ਘੋੜੇ ਖੋਹੇ

ਦੇਸ਼ ਵਿਚ ਜਿਤਨੇ ਚੰਗੇ ਘੋੜੇ ਹੁੰਦੇ ਉਹ ਸਰਕਾਰ ਖਰੀਦ ਲੈਂਦੀ ਜਾਂ ਹਾਕਮ ਖੋਹ ਲੈਂਦੇ। ਘੋੜੇ, ਸਿੰਘਾਂ ਨੂੰ ਵੀ ਚੰਗੇ ਚਾਹੀਦੇ ਸਨ। ਉਹਨਾਂ ਦੀ ਹਾਲਤ ਨੂੰ ਗਿ: ਗਿਆਨ ਸਿੰਘ ਜੀ ਵਿਅੰਗਾਤਮਕ ਸ਼ਬਦਾਂ ਵਿਚ ਇਉਂ ਅੰਕਿਤ ਕਰਦੇ ਹਨ :—

ਫਿਡਾ ਜੈਸਾ ਟੱਟੂਆਂ, ਜੁਲੜੁ ਕਾ ਕਾਠੂ ਪਾਏ, ਰਸੜੂ ਲਗਾਮ ਅਤੇ ਰਸੜੂ ਰਕਾਬ ਜੂ ॥
ਪਾਟਿਆ ਸਾ ਕਛੜੁ, ਤੇ ਨੀਲੜੁ ਚਾਦਰੂ, ਛੂਚੋ ਜੈਸਾ ਪਗੜ ਬਨਾਇਆ, ਸਿਰ ਤਾਜ ਜੂ ॥
ਟੁਟਿਆ ਜੈਸਾ ਤੇਗੜੁ, ਤੇ ਲੰਗਿੜੁ ਮਿਆਨ ਜਾਕੋ, ਗੱਠ ਸਠ ਗਾਤਰਾ ਬਨਾਇਆ ਸਭ ਸਾਜ ਜੂ ॥
ਨਾਮ ਤੋਂ ਚਕਾਲੜੁ, ਪਰ ਫਿਰੇ ਬੁਰੇ ਹਾਲੜ੍ਹ ਮਹਿ, ਲੂਟ ਕੂਟ ਖਾਵਣੇ ਕੋ ਡਾਢੇ ਉਤਸਾਦ ਜੂ ॥

ਇਸ ਦਸ਼ਾ ਵਿਚ ਰਹਿ ਕੇ ਸਿੰਘ ਸਰਕਾਰ ਦਾ ਟਾਕਰਾ ਨਹੀਂ ਕਰ ਸਕਦੇ ਸਨ। ਬਾਕੀ ਲੋੜਾਂ ਸ਼ਸਤ੍ਰ ਬਸਤ੍ਰ ਅਤੇ ਲੰਗਰ ਦੀਆਂ ਵਸਤਾਂ ਯੋਗ ਧਨ ਪਦਾਰਥ ਤਾਂ ਲੁਟ ਲੈਂਦੇ ਸਨ ਪਰ ਘੋੜੇ ਮਿਲਣੇ ਮੁਸ਼ਕਿਲ ਸਨ। ਇਕ ਦਿਨ ਸੂੰਹੇ ਨੇ ਖਬਰ ਦਿੱਤੀ ਕਿ ਅਜ ਸ਼ਾਮ ਨੂੰ ਬਹੁਤ ਵੱਡੀ ਗਿਣਤੀ ਵਿਚ ਘੋੜਿਆਂ ਅਤੇ ਹਥਿਆਰਾਂ ਦੀ ਖੇਪ ਦਿੱਲੀ ਨੂੰ ਲੈ ਕੇ ਜਾ ਰਿਹਾ ਕਾਫਲਾ ਅੱਜ ਸ਼ਾਮੀ ਜੰਡਿਆਲੇ ਪੜਾ ਕਰੇਗਾ।

ਇਹ ਹਰਸ਼-ਵਰਧਕ ਸੂਚਨਾ ਪ੍ਰਾਪਤ ਹੋਵਨ ਤੇ ਖਾਲਸੇ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਜਥੇਦਾਰ ਕਪੂਰ ਸਿੰਘ ਨੇ ਆਪਣੇ ਹਮਾਇਤੀਆਂ ਨੂੰ ਸੱਦ ਸਲਾਹ ਕਰ ਜਿੰਨੇ ਪੈਦਲ ਸਿੰਘ ਸਨ ਉਹਨਾਂ ਨੂੰ ਮਾੜੇ ਮਾੜੇ ਟੱਟੂ ਦੇ ਕੇ ਇਕ ਵਣਜਾਰਿਆ ਦਾ ਕਾਫਲਾ ਬਣਾ ਕੇ ਟੋਰ ਦਿੱਤਾ, ਜਿਸ ਨੂੰ ਹੁਕਮ ਸੀ ਕਿ ਉਹ ਸਭ ਕਾਫਲੇ ਦੇ ਪਿੱਛੇ ਦੂਰ ਹਟਵਾਂ ਡੇਰਾ ਕਰਨ ਅਤੇ ਵਣਜਾਰਿਆਂ ਵਾਗੂ ਹੀ ਰਾਤ ਨੂੰ ਗਾਣਾ ਵਜਾਣਾ ਤੇ ਢੋਲ ਢਮੱਕਾ ਕਰਨ। ਨਾਲ ਹੀ ਸੂਹੇ ਘਲ ਕੇ ਪਤਾ ਰੱਖਣ ਕਿ ਹਥਿਆਰ ਕਿਸ ਕਿਸ ਥਾਂ ਅਤੇ ਸੰਤਰੀ ਕਿੱਥੇ ਹਨ।

ਅੱਧੀ ਰਾਤ ਢੱਲੀ ਤੇ ਜਥੇਦਾਰ ਜੀ ਸਮੇਤ ਖਾਲਸੇ ਦੇ ਵਣਜਾਰਿਆਂ ਦੇ ਡੇਰੇ ਪੁੱਜੇ। ਸਥਿਤੀ ਸਮਝਦਿਆਂ ਦੇਰ ਨਾ ਲੱਗੀ। ਖਾਲਸੇ ਨੇ ਬਾਜ਼ ਝਪੱਟਾ ਮਾਰਿਆ ਪਹਿਲੇ ਹੱਥ ਪਾਹਰੂ ਵਣਜਾਰੇ ਸਿੰਘਾਂ ਨੇ ਸੰਤਰੀ ਲਾਹ ਦਿੱਤੇ, ਬਾਕੀ ਦਿਆਂ ਨੇ ਸਿਪਾਹੀਆਂ ਦੇ ਆਵਣ ਦਾ ਰਾਹ ਰੋਕ ਲਿਆ। ਪਲੋਂ ਪਲ ਸਿੰਘਾਂ ਨੇ ਘੋੜੇ ਖੋਲ ਕਾਠੀਆਂ ਪਾ ਹਥਿਆਰ ਵੀ ਲੁਟ ਲਏ। ਹੁਣ ਸਵਾਰ ਪਲਾਨ੍ਹ ਹੋ ਗਏ ਤੇ ਵਣਜਾਰਿਆ ਵੀ ਘੋੜੇ ਖੋਲ ਹਥਿਆਰ ਲੈ ਜਥੇਦਾਰ ਕੋਲ ਪੁਜ ਗਏ। ਖਾਲਸੇ ਨੇ ਸੁਦਾਗਰ[1] ਦੀ ਬੜੀ ਭਾਲ ਕੀਤੀ ਪਰ ਉਹ ਕੇਵਲ ਅੱਧੇ ਘੰਟੇ ਵਿਚ ਕਾਫਲੇ ਨੂੰ ਹੂੰਝਾ ਫੇਰ ਖਾਲਸਾ ਤਾਰੀਆ ਬੰਨ ਗਿਆ ਤੇ ਆਪਣੇ ਪੁਰਾਣੇ ਬੁੱਢੇ ਤੇ ਮਰੀਅਲ ਟੈਰੋ ਜੰਡਿਆਲੇ ਹੀ ਛੱਡ ਗਏ। ਖਾਲਸੇ ਨੇ ਸੁਦਾਗਰ ਦੀ ਭਾਲ ਤਾਂ ਬੜੀ ਕੀਤੀ ਮਗਰ ਉਸ ਦੇ ਇਕ ਨੌਕਰ ਨੇ ਉਸ ਨੂੰ ਘਾਹ ਦੇ ਇਕ ਕੁੰਨੂ ਵਿੱਚ ਲੁੱਕਾ ਦਿੱਤਾ ਹੋਇਆ ਸੀ। ਜਿੱਥੋਂ ਨਿਕਲ ਸਵੇਰੇ ਉਹ ਨਿਰੰਜਣੀਆਂ ਦੇ ਡੇਰੇ ਪੁੱਜਾ। ਜੇ ਕਦੇ ਰਾਤੀਂ ਸਿੰਘਾਂ ਦੇ ਹੱਥ ਆ ਜਾਂਦਾ ਤਾਂ ਉਸਦੀ ਬੋਟੀ ਬੋਟੀ ਕਰ ਕਾਵਾਂ ਨੂੰ ਪਾ ਜਾਂਦੇ। ਪਰ ਚੰਗੀ ਕਿਸਮਤ ਨੂੰ ਬਚ ਗਿਆ।

ਮੁਹੰਮਦ ਜਾਫਰ ਲੁੱਟਿਆ

ਮੁਹੰਮਦ ਜਾਫਰ ਖਾਨ ਸੱਤ ਹਜਾਰੀ ਸਣੇ ਕਬੀਲੇ ਪੇਸ਼ਾਵਰ ਤੋਂ ਦਿੱਲੀ ਲੱਖਾਂ ਰੁਪੈ ਦਾ ਸਰਕਾਰੀ ਸੋਨਾ ਚਾਂਦੀ ਕਾਫਲੇ ਵਿਚ ਲੈ ਕੇ ਜਾ ਰਿਹਾ ਸੀ ਜਾਂ ਇਹ ਨੂਰ ਦੀ ਸਰਾਇ ਕੋਲ ਅਪੜਿਆ ਤਾਂ ਸੂੰਹੇ ਨੇ ਖਾਲਸੇ ਨੂੰ ਖਬਰ ਦਿੱਤੀ ਕਿ ਕਾਫਲਾ ਭਲਕੇ ਗੋਇੰਦਵਾਲ ਦੇ ਪਤਣੋਂ ਲੰਘਣਾ ਹੈ। ਸ: ਬਾਘ ਸਿੰਘ ਹਲੋਂ ਵਾਲੀਆ ਤੇ ਬਾਬਾ ਬੁੱਢਾ ਸਿੰਘ ਆਪਣੇ ਜਥੇ ਲੈ ਕੇ ਅਪੜ ਗਏ ਵਿਉਂਤ ਇਹ ਸੀ, ਅੱਧੇ ਸਿੰਘ ਪਾਰਲੇ ਪਤਨ ਤੇ ਅੱਧੇ ਉਰਾਰਲੇ ਪੱਤਣ ਲੁੱਕ ਜਾਣ। ਜਦੋਂ ਅੱਧੇ ਰਾਖੇ ਪਾਰ ਲੰਘ ਜਾਣ ਤੇ ਅੱਧੇ ਉਰਾਰ ਰਹਿ ਜਾਣ ਤਾਂ ਇੱਕ ਦਮ ਗੜੇ ਮਾਰ ਗੋਲੀ ਬਰਸਾ ਕੇ ਜਿਹੜੇ ਕਿਨਾਰੇ ਖਜਾਨਾ (ਸੋਨਾ, ਚਾਂਦੀ) ਹੋਵੇ ਖੋਹ ਕੇ ਖਾਲਸਾ ਹਰਨ ਹੋ ਜਾਵੇ। ਲੋੜ ਪਵੇ ਤਾ ਕੇਵਲ ਰਾਖਿਆਂ ਨੂੰ ਹੀ ਮਾਰਿਆ ਜਾਵੇ। ਬਾਕੀ ਕਾਫਲੇ ਦੇ ਮਰਦਾਂ ਤੀਵੀਆਂ ਨੂੰ ਬਿਲਕੁਲ ਕੁਛ ਨਾ ਆਖਿਆ ਜਾਵੇ।

ਆਪਣੇ ਵਕਤ ਨਾਲ ਕਾਫਲਾ ਪੁੱਜ ਕੇ ਅੱਧਾ ਪਾਰ ਤੇ ਅੱਧਾ ਅਜੇ ਉਰਾਰ ਹੀ ਸੀ ਤਦ ਮੁਹੰਮਦ ਜਾਫਰ ਖਾਨ ਮਾਲ ਧਨ ਰਾਖਿਆਂ ਕੋਲ ਛੱਡ ਆਪਣੇ ਕਬੀਲੇ ਪਾਰ ਲੰਘਾਣ ਵਾਸਤੇ ਜਦ ਦਰਿਆ ਦੇ ਅੱਧ ਵਿਚ ਅੱਪੜਿਆ ਤਾਂ ਇੱਕੋ ਵਾਰ ਗੋਲੀਆਂ ਦਾ ਗੜੇ ਮਾਰ ਮੀਂਹ ਪਾਰ ਉਰਾਰ ਵੱਸਣ ਲੱਗ

---

1. **ਸੁਦਾਗਰ** – ਇਸ ਦਾ ਨਾਮ ਮੁਰਤਜ਼ਾ ਖ਼ਾਨ ਸੀ। ਜਿਸ ਬਾਰੇ ਬਾਬਾ ਪ੍ਰੇਮ ਸਿੰਘ ਲਿਖਦੇ ਹਨ :—

ਮਾਲੂਮ ਰਹਿ ਕੇ ਮੁਰਤਜ਼ਾ ਖਾਨ ਕੇਵਲ ਸ਼ਾਹੀ ਸੁਦਾਗਰ ਹੀ ਨਹੀਂ ਸੀ ਸਗੋਂ ਇਸਲਾਮੀ ਹਕੂਮਤ ਦੀ ਸੱਜੀ ਬਾਂਹ ਸੀ। ਇਹ ਜਹਾਦੀ ਜੋਸ਼ ਵਿਚ ਸਦਾ ਲਈ ਖਾਲਸੇ ਦੇ ਟਾਕਰਿਆਂ ਵਿਚ ਮੂਹਰੇ ਰਹਿੰਦਾ ਸੀ। ਹਕੂਮਤ ਨੂੰ ਖੁਸ਼ ਕਰਨ ਲਈ ਸੰਨ 1727 (ਨਹੀਂ 1726) ਈ: ਨੂੰ ਮੋਮਨ ਖਾਂ ਨਾਇਬ ਸਲਤਨਤ ਦੀ ਗਸ਼ਤੀ ਫੌਜ ਨਾਲ ਮਿਲ ਕੇ, ਸਿੰਘਾਂ ਦੇ ਸਿਰਾਂ ਦਾ ਸ਼ਿਕਾਰ ਕਰਕੇ ਬੜੀ ਪ੍ਰਸਿੱਧਤਾ ਪ੍ਰਾਪਤ ਕੀਤੀ ਸੀ। ਇਸੇ ਤਰ੍ਹਾਂ ਭਾਈ ਤਾਰਾ ਸਿੰਘ ਸ਼ਹੀਦ ਪਰ ਚੜ੍ਹਾਈ ਸਮੇਂ ਇਹ ਸਣੇ ਕੁਛ ਜਹਾਦੀਆਂ ਦੇ ਸਿੰਘਾਂ ਨਾਲ ਲੜਿਆ ਸੀ। ਛੇਕੜ ਇਹ ਭੀਲੋਵਾਲ ਖਾਲਸੇ ਵਿਰੁਧ ਲੜਾਈ ਲੜਦਾ ਹੋਇਆ ਖਾਲਸੇ ਦੇ ਹੱਥੋਂ ਮਾਰਿਆ ਗਿਆ।

(ਵੇਖੋ ਜੀਵਨ ਬ੍ਰਿਤਾਂਤ ਨਵਾਬ ਕਪੂਰ ਸਿੰਘ 1952 ਵ [illegible] 6-27)

ਪਿਆ ਸਭ ਨੂੰ ਆਪੋ ਆਪਣੀ ਪੈ ਗਈ । ਜਿੱਥੇ ਕਿਸੇ ਨੂੰ ਥਾਂ ਮਿਲੀ ਉਹ ਲੁੱਕ ਗਿਆ । ਖਾਲਸੇ ਨੇ ਬਾਜ ਝਪਟਾ ਮਾਰਿਆ ਅਤੇ ਬੜੇ ਠਰੰਮੇ ਨਾਲ ਦੋਹਾਂ ਪਤਣਾ ਦਾ ਮੋਟਾ ਮਾਲ ਭਾਲ ਭਾਲ ਕੇ ਸਾਂਭਿਆ । ਮੁਹੰਮਦ ਜਾਫਰ ਸਣੇ ਮੁਹਾਣਿਆ ਦੇ ਰੌਲਾ ਪਾਉਂਦਾ ਰਿਹਾ ਪਰ ਸੁਣੇ ਕੌਣ, ਸਭ ਕਿਸੇ ਨੂੰ ਆਪੋ ਆਪਣੀ ਜਾਨ ਦੀ ਪਈ ਹੋਈ ਸੀ । ਬਸ ਜਾਂਦੀ ਵਾਰ ਵੀ ਸਿੰਘ ਹਨੇਰੀ ਵਾਂਗੂ ਜਿਧਰੋਂ ਆਏ ਸਨ ਵਰੋਲੇ ਵਾਂਗੂ ਉਧਰੇ ਹੀ ਗਾਇਬ ਹੋ ਗਏ ।

ਚਵਿੰਡੇ ਦਾ ਭੇੜ

ਚਵਿੰਡੇ ਦੇ ਜਥੇਦਾਰ ਬਹਾਦਰ ਸਿੰਘ ਦੇ ਪੁੱਤਰ ਦਾ ਵਿਆਹ ਸੀ । ਮੌਰੀ ਅਤੇ ਮਾੜੀ ਪਿੰਡ ਦੇ ਚੁਗਲ ਪਟੀਓਂ ਗਸ਼ਤੀ ਫੌਜ ਚੜਾ ਲਿਆਏ । ਜੰਞ ਦੇ ਪੰਜਾਹ ਸੱਠ ਸਿੰਘ ਤਿਆਰ ਹੋ ਕੇ ਅਜੇ ਪਿੰਡੋਂ ਬਾਹਰ ਨਿਕਲੇ ਸਨ ਕਿ ਗਸ਼ਤੀ ਫੌਜ ਨਾਲ ਟਾਕਰਾ ਹੋ ਗਿਆ । ਤੀਹਾਂ ਨੂੰ ਮਾਰ ਦਸ ਕੁ ਸ਼ਹੀਦ ਕਰਵਾ ਜੰਞ ਤਾਂ ਸਾਫ਼ ਨਿਕਲ ਗਈ । ਹੁਣ ਫੌਜੀਆਂ ਨੇ ਜਥੇਦਾਰ ਦੀ ਹਵੇਲੀ ਵੱਲ ਰੁੱਖ ਕੀਤਾ । ਸਿੰਘਣੀਆਂ ਨੇ ਜਦ ਉਨ੍ਹਾਂ ਨੂੰ ਆਉਂਦਿਆਂ ਡਿੱਠਾ ਤਾਂ ਡਾਗਾਂ, ਟੰਬੇ, ਤੰਗਲੀਆਂ, ਸਲਘੇ ਖਿੱਚ ਕੇ ਪੈ ਗਈਆਂ । ਫੌਜੀਆਂ ਨੂੰ ਮਾਰ ਟੰਬੇ ਪਿੰਡੋਂ ਬਾਹਰ ਕੱਢ[1] ਦਿੱਤਾ ਅਤੇ ਆਪਣੇ ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕਰ ਦਿੱਤਾ । ਉਹ ਇਜਤ ਲੈ ਕੇ ਪੱਟੀ ਜਾ ਵੜੇ । ਇਹ ਘਟਨਾ ਹਾੜ 1726 ਈ: ਦੀ ਹੈ । (ਗਿ: ਸੋਹਨ ਸਿੰਘ ਸ਼ੀਤਲ)

—00—

1, **ਬਾਹਰ ਕੱਢ ਦਿੱਤਾ**—ਇਸ ਵਿਚ ਹੈਰਾਨੀ ਵਾਲੀ ਗੱਲ ਕੋਈ ਨਹੀਂ । ਸਿਪਾਹੀਆਂ ਨੂੰ ਭੁਲੇਖਾ ਸੀ ਕਿ ਇਥੇ ਜਨਾਨੀਆਂ ਹੀ ਤਾਂ ਹਨ । ਮਨ ਆਈ ਕਰਾਂਗੇ ਅਤੇ ਉਹ ਅਵੇਸਲੇ ਹੋ ਬੇ-ਧਿਆਨ ਚਲੇ ਆਏ । ਉਹਨਾਂ ਨੂੰ ਤਾਂ ਇਕੋ ਵਾਰ ਇਤਨੀ ਮਾਰ ਅਚਨਚੇਤ ਪਈ ਕਿ ਬੌਦਲਿਆਂ ਹੋਇਆਂ ਨੂੰ ਹਥਿਆਰ ਖਿੱਚਣ ਦੀ ਸੋਝੀ ਹੀ ਨਾ ਰਹੀ ਤੇ ਗਿਦੜ ਕੁੱਟ ਖਾਂਦੇ ਪਿੰਡੋਂ ਬਾਹਰ ਨਿਕਲ ਉਹਨਾਂ ਨੂੰ ਹੋਸ਼ ਆਈ ।

ਆਚਰਨ ਦੀ ਉੱਚਤਾ

ਬਾਬਾ ਦਰਬਾਰਾ ਸਿੰਘ, ਭਾਈ ਹਰੀ ਸਿੰਘ ਹਜ਼ੂਰੀਆ ਅਤੇ ਜਥੇਦਾਰ ਕਪੂਰ ਸਿੰਘ ਆਪਣੇ ਜਥਿਆਂ ਸਮੇਤ ਸ੍ਰੀ ਹਰਗੋਬਿੰਦਪੁਰ ਦੇ ਨੇੜੇ ਉਤਰੇ ਹੋਏ ਸਨ ਕਿ ਸੂਹੇ ਨੇ ਕਸ਼ਮੀਰੀ ਕਪੜੇ ਦੇ ਬੜੇ ਵੱਡੇ ਟਾਡੇ ਦੀ ਖਬਰ ਦਿਤੀ। ਖਾਲਸਾ ਝਟ ਪਟ ਮੌਕੇ ਦੀ ਤਾੜ ਵਿਚ ਹੋ ਗਿਆ। ਜਿਥੇ ਟਾਡਾ ਉਤਰਿਆ ਸੀ, ਅਨ੍ਹੇਰਾ ਹੁੰਦੇ ਸਾਰ ਖਾਲਸਾ ਟਾਡੇ ਤੇ ਜਾ ਪਿਆ। ਟਾਡੇ ਦੇ ਰਾਖੇ ਤੇ ਪਸ਼ੂਆਂ ਦੇ ਰਖਵਾਲੇ ਬਹੁਤੇ ਮੁਸਲਮਾਨ ਸਨ। ਬਸ ਇਕੋ ਦਮ ਗੋਲੀਆਂ ਦਾ ਮੀਂਹ ਵਸਣਾਂ ਸ਼ੁਰੂ ਹੋ ਗਿਆ। ਰਾਖੇ ਤੇ ਰਖਵਾਲੇ ਲੁਕ ਛੁੱਪ ਗਏ। ਸਿੰਘਾਂ ਨੇ ਰਖਵਾਲਿਆਂ ਨੂੰ ਲੱਭ ਲੱਭ ਕੇ ਮਾਲ ਪਸ਼ੂਆਂ ਤੇ ਲਦਵਾਇਆ ਤੇ ਟੁਰੇ। ਟਾਡੇ ਦਾ ਮਾਲਕ[1] ਛਪੋਲ ਵੱਜਣ ਤੇ ਕਿਧਰੇ ਜਾ ਲੁੱਕਿਆ ਸੀ। ਜਦੋਂ ਮਾਲ ਲੈ ਕੇ ਖਾਲਸਾ ਆਪਣੀ ਠਾਹਰ ਤੇ ਪੁੱਜਾ ਤਾਂ ਪਸ਼ੂਆਂ ਦੇ ਰਖਵਾਲਿਆਂ ਤੋਂ ਪਤਾ ਲੱਗਾ ਕਿ ਮਾਲ ਕਿਸੇ ਹਿੰਦੂ ਸੇਠ ਦਾ ਹੈ। ਇਸ ਦੀ ਕੀਮਤ ਉਸ ਨੂੰ ਅਜੇ ਨਹੀਂ ਮਿਲੀ। ਮਾਲ ਦਿੱਲੀ ਪੁਜੇਗਾ ਤਾਂ ਕੀਮਤ ਮਿਲਣੀ ਹੈ।

ਇਹ ਗਲ ਸੁਣ ਜਥੇਦਾਰ ਦਰਬਾਰਾ ਸਿੰਘ ਜੀ ਨੇ ਆਪਣੇ ਦੋਹਾਂ ਸਾਥੀ ਜਥੇਦਾਰਾਂ ਦੀ ਸਹਿਮਤੀ ਲੈ ਕੇ ਆਖਿਆ, ਖਾਲਸਾ ਜੀ ਅਸਾਂ ਤਾਂ ਸਰਕਾਰੀ ਮਾਲ ਬਾਦਸ਼ਾਹੀ ਖਜਾਨੇ ਅਤੇ ਹਥਿਆਰ-ਘਰ ਲੁੱਟਣੇ ਹਨ, ਪਰਜਾ ਦਾ ਮਾਲ ਨਹੀਂ ਲੁੱਟਣਾ। ਇਸ ਮਾਲ ਦੇ ਪੈਸੇ ਅਜੇ ਸੌਦਾਗਰ ਨੂੰ ਸਰਕਾਰੋਂ ਨਹੀਂ ਮਿਲੇ ਇਸ ਵਾਸਤੇ ਸਾਰੇ ਮਾਲ ਦੇ ਗੱਠੜ ਉਵੇਂ ਜਿਵੇਂ ਉਸ ਨੂੰ ਮੋੜ ਆਵੋ। ਇਹ ਮਾਲ ਜਥੇਦਾਰਾਂ ਨੇ ਨਾਲ ਜਾ ਕੇ ਸੌਦਾਗਰ ਨੂੰ ਭਾਲ ਕੇ ਉਸਦੇ ਹਵਾਲੇ ਕੀਤਾ।

ਇਹ ਸੀ ਆਚਰਨ ਦੀ ਉੱਚਤਾ ਕਿ ਹਕੂਮਤ ਜਾਂ ਸਰਕਾਰੀ ਅਹਿਦੀਆਂ ਦੇ ਮਾਲ ਤੋਂ ਇਲਾਵਾ ਹੋਰ ਕਿਸੇ ਨਿਰਦੋਸ਼ ਦਾ ਮਾਲ ਨਹੀਂ ਸੀ ਲੁੱਟਿਆ ਜਾਂਦਾ। ਇਸ ਹਾਲਤ ਵਿਚ ਜਦ ਕਿ ਕੜਾਕੇ ਦੀ ਸਰਦੀ ਪੈ ਰਹੀ ਹੋਵੇ ਤਨ ਢੱਕਣ ਜੋਗੇ ਸਾਬਤ ਕਪੜੇ ਪਾਸ ਨਾ ਹੋਵਨ ਤੇ ਫਿਰ ਨਿਰਦੋਸ਼ ਦਾ ਲੁੱਟਿਆ ਹੋਇਆ ਮਾਲ ਉਸ ਨੂੰ ਅਮਾਨਤੀ ਤੌਰ ਤੇ ਵਾਪਸ ਕਰ ਦੇਣਾ ਖਾਲਸੇ ਦੇ ਆਚਰਨ ਨੂੰ ਚਾਰ ਚੰਨ ਲੱਗਾ ਦੇਂਦਾ ਹੈ।

—00—

1. **ਮਾਲਕ** ਇਹ ਪ੍ਰਤਾਪ ਚੰਦ ਨਾਮੇ ਸਿਆਲਕੋਟ ਦਾ ਵਸਨੀਕ ਕਸ਼ਮੀਰੀ ਕਪੜੇ ਦਾ ਸੌਦਾਗਰ ਸੀ ਇਸ ਤੋਂ ਇਲਾਵਾ, ਕੇਸਰ, ਕਸਤੂਰੀ, ਕਸ਼ਮੀਰ ਦੀਆਂ ਬਣੀਆਂ ਲਕੜੀ, ਸੋਨੇ, ਚਾਂਦੀ, ਪਿੱਤਲ ਆਦਿ ਦੀਆਂ ਵਸਤਾਂ ਤਿੱਬਤ ਅਤੇ ਲਦਾਖ ਤੋਂ ਲਿਆ ਕੇ ਦਿੱਲੀ, ਦੇਸ਼ ਅਤੇ ਦਸੌਰ ਭੇਜਿਆ ਕਰਦਾ ਸੀ। ਦਸੌਰ ਦਾ ਮਾਲ ਦੇਸ਼ ਵਿਚ ਅਤੇ ਦੇਸ਼ ਵਿਚੋਂ ਅਨਾਜ ਅਤੇ ਹੋਰ ਉਪਜ ਕਸ਼ਮੀਰ ਅਤੇ ਨਾਲ ਲੱਗਦੇ ਦੇਸ਼ਾਂ ਵਿਚ ਪੁਚਾਇਆ ਕਰਦਾ ਸੀ। ਵੈਸੇ ਸਰਕਾਰੀ ਮਾਲ ਦਾ ਵੀ ਠੇਕੇਦਾਰ ਸੀ।

ਸਖ਼ਤੀਆਂ ਦਾ ਦੌਰ

ਭਾਈ ਤਾਰਾ ਸਿੰਘ ਜੀ ਦੀ ਸ਼ਹੀਦੀ ਫੱਗਣ 1726 ਈ: ਤੋਂ ਪਿਛੋਂ ਸੰਨ 1729 ਈ: ਤੱਕ ਖਾਲਸੇ ਨੇ ਇੱਕ ਵੀ ਟੱਕਾ ਸਰਕਾਰੀ ਖਜ਼ਾਨੇ ਵਿਚ ਨਾ ਪੁੱਜਣ ਦਿੱਤਾ, ਜੇ ਪੁੱਜਾ ਵੀ ਤਾਂ ਹਾਕਮ ਗੁੱਲ ਕਰ ਗਏ। ਜਦੋਂ ਦਿੱਲੀ ਨੇ ਮਾਮਲੇ ਦੀ ਮੰਗ ਕੀਤੀ ਤਾਂ ਸ਼ਾਹ ਨਿਵਾਜ਼ (ਗਵਰਨਰ ਲਾਹੌਰ) ਨੇ ਲਿਖ ਭੇਜਿਆ ਕਿ ਸਾਰਾ ਇਲਾਕਾ ਅਤੇ ਆਉਂਦਾ ਜਾਂਦਾ ਖਜ਼ਾਨਾ ਸਿੱਖ ਲੁੱਟ ਲੈਂਦੇ ਹਨ। ਮਾਮਲਾ ਕੋਈ ਵਸੂਲ ਨਹੀਂ ਹੋ ਸਕਿਆ ਜੇ ਸ਼ਾਹੀ ਹਕੂਮਤ ਕੱਛ ਫੌਜ ਭੇਜੇ ਤਾਂ ਉਗਰਾਹੀ ਕਰਕੇ ਮਾਮਲਾ ਭੇਜ ਦਿੱਤਾ ਜਾਵੇਗਾ।

ਸ਼ਾਹੀ ਮਦਦ ਦੇ ਆਵਨ ਤੋਂ ਪਹਿਲਾਂ ਜ਼ਕਰੀਆ ਖ਼ਾਨ ਨੇ ਇਕ ਹੁਕਮ ਸਾਰੇ ਸੂਬੇ ਵਿਚ ਇਸ਼ਤਿਹਾਰਾਂ ਰਾਹੀਂ ਫ਼ੇਰ ਦਿੱਤਾ ਕਿ :—

"ਜੋ ਕਿਸੇ ਸਿੱਖ ਦੀ ਦੱਸ ਪਾਵੇ ਉਸ ਨੂੰ ਦਸ ਰੁਪੈ, ਜੋ ਪਕੜਾਵੇ ਉਸ ਨੂੰ ਪੰਝੀ ਤੇ ਜੋ ਸਿਰ ਪੇਸ਼ ਕਰੇ ਉਸ ਨੂੰ ਪੰਝੀ ਰੁਪੈ ਇਨਾਮ ਦਿੱਤਾ ਜਾਵੇਗਾ। ਅਧਿਕ ਸੇਵਾ ਕਰਨ ਵਾਲੇ ਨੂੰ ਜਾਗੀਰ ਵੀ ਦਿੱਤੀ ਜਾਵੇਗੀ" ਜਿਸ ਦੇ ਫਲਸਰੂਪ ਗਸ਼ਤੀ ਫੌਜਾਂ ਤੋਂ ਇਲਾਵਾ ਚੌਧਰੀ ਧਾੜਾਂ ਲੈ ਕੇ ਇਲਾਕਿਆਂ ਵਿਚ ਫਿਰਨ ਲੱਗ ਪਏ ਸਿੰਘ ਦੇਸ਼ ਛੱਡ ਗਏ। ਉਹਨਾਂ ਦੇ ਘਰ ਘਾਟ ਲੁੱਟੇ ਗਏ। ਦੇਸ਼ ਕੁੱਛ ਸਿੰਘਾਂ ਲੁੱਟੇ ਲਿਆ ਸੀ ਤੇ ਰਹਿੰਦੀ ਕਸਰ ਗਸ਼ਤੀ ਫੌਜਾਂ ਤੇ ਧਾੜਾਂ ਨੇ ਕੱਢ ਦੇਸ਼ ਪੰਜਾਬ ਉਜਾੜ ਕੇ ਰੱਖ ਦਿੱਤਾ।

ਇਹਨਾਂ ਹੀ ਦਿਨਾਂ ਵਿਚੋਂ ਪਹਾੜ ਵਲੋਂ ਅੰਮ੍ਰਿਤਸਰ ਆਉਂਦੇ ਹੋਏ ਵੀਹ ਕੁ ਸਿੰਘ ਘਣੀਏ ਕੇ ਰੰਧਾਵੇ ਆ ਉੱਤਰੇ। ਉੱਥੇ ਦਾ ਸਿੱਖ-ਦੁਸ਼ਮਨ ਚੌਧਰੀ ਰਾਮਾ ਰੰਧਾਵਾ ਚੋਖੀ ਧਾੜ ਲੈ ਕੇ ਆ ਪਿਆ। ਵੀਹ ਦੇ ਵੀਹ ਸਿੰਘ ਹੀ ਕਈਆਂ ਨੂੰ ਮਾਰ ਕੇ ਸ਼ਹੀਦ ਹੋ ਗਏ। ਉਹਨਾਂ ਸ਼ਹੀਦਾਂ ਦੇ ਸਿਰ ਕਟ, ਲਾਹੌਰ ਸਰਕਾਰ ਤੋਂ ਇਨਾਮ ਪ੍ਰਾਪਤ ਕੀਤਾ। ਇਸ ਤਰ੍ਹਾਂ ਦੇ ਕਾਰੇ ਹੋਰ ਵੀ ਅਨੇਕ ਥਾਈਂ ਹੋਏ।

ਦਿੱਲੀ ਦੀ ਫੌਜ ਲਾਹੌਰ ਵਿਚ

ਜ਼ਕਰੀਆਂ ਖ਼ਾਨ ਨੂੰ ਉਮੀਦ ਸੀ ਕਿ ਦਿੱਲੀਓ ਫੌਜ ਨਹੀਂ ਆਵੇਗੀ ਤੇ ਵਕਤੀ ਟਾਲਾ ਹੋ ਜਾਵੇਗਾ ਜੇ ਆ ਗਈ ਤਾਂ ਸਿੱਖਾਂ ਦੇ ਗਲ ਪਾ ਛੱਡਾਂਗਾ। ਇਸ ਤਰ੍ਹਾਂ ਉਹ ਆਪਣੇ ਦੋਹਾ ਹੱਥਾਂ ਵਿਚ ਲੱਡੂ ਸਮਝੀ ਬੈਠਾ ਸੀ ਮਗਰ ਬਾਦਸ਼ਾਹ ਨੇ ਦੋ ਰੁਹੇਲੇ ਸਰਦਾਰ ਹੈਬਤ ਖਾਂ[1] ਤੇ ਨਜਾਬਤ ਖਾਂ ਨੂੰ ਦੋ ਹਜ਼ਾਰ ਰੁਹੇਲੇ ਸਿਪਾਹੀਆਂ ਨਾਲ, ਲਾਹੌਰ ਤਿੰਨ ਸਾਲ ਦੇ ਬਕਾਇਆ ਟਕੇ ਵਸੂਲਣ ਵਾਸਤੇ ਭੇਜ ਦਿੱਤਾ। ਉਹਨਾਂ ਨੇ ਆਉਂਦਿਆਂ ਹੀ ਕਰੋੜਾਂ ਰੁਪੈ ਖਰਾਜ ਦਾ ਬਕਾਇਆ ਅਤੇ ਪੰਜ ਹਜ਼ਾਰ ਰੁਪੈ ਰੋਜ਼ਾਨਾ ਆਪਣੇ ਖਰਚੇ ਲਈ ਮੰਗਿਆ ਪ੍ਰੰਤੂ ਖਾਨ ਬਹਾਦਰ ਦਾ ਖਜ਼ਾਨਾ ਤਾਂ ਖਾਲਸ ਖਾਲੀ ਸੀ ਸੋ ਉਸਨੇ ਇਲਾਕੇ ਦੇ ਚੌਧਰੀ ਸੱਦ ਲਏ। ਜਿਹੜੇ ਸਿੰਘਾਂ ਨੂੰ ਦੱਸ ਮਾਰ ਕੇ ਜਾਂ ਫੜਾ ਫੜਾ ਕੇ ਇਨਾਮ ਸਰਕਾਰੋਂ ਖੁਸ਼ੀ ਖੁਸ਼ੀ ਪ੍ਰਾਪਤ ਕੀਤੇ ਹੋਏ ਸਨ ਉਹ ਦੂਣ ਸਵਾਏ ਉਗਲੱਛਣੇ ਪਏ। ਖਾਨ ਬਹਾਦਰ ਨੇ ਬੜੀ ਬੇ-ਆਬਰੂਈ ਨਾਲ ਕੁਛ ਉਹਨਾਂ ਤੋਂ ਇਕੱਠਾ ਕੀਤਾ। ਰਹਿੰਦੀ ਕਸਰ ਉਸ ਨੇ ਸ਼ਹਿਰ ਦੇ ਹਿੰਦੂ ਅਹਿਲਕਾਰਾਂ ਅਤੇ ਵਿਉਪਾਰੀਆਂ ਤੋਂ ਪੂਰੀ ਕੀਤੀ। ਵਡੇਰੇ ਦਸਿਆ ਕਰਦੇ ਸਨ ਕਿ ਉਹਨੀਂ ਦਿਨੀਂ ਸ਼ਰਕਪੁਰ ਬੜੀ ਭਾਰੀ ਮੰਡੀ ਹੁੰਦੀ ਸੀ ਤੇ ਇਥੇ ਹਿੰਦੂਆਂ ਨਾਲੋਂ ਖੋਜੇ[2] ਵਿਉਪਾਰੀ ਅਧਿਕ ਧਨਾਢ ਸਨ। ਮੁਸਲਮ ਹਕੂਮਤ ਨੇ ਪਹਿਲਾਂ ਕਦੇ ਇਹਨਾਂ ਨੂੰ ਨਹੀਂ ਪੁੱਛਿਆ ਸੀ ਪਰ ਇਸ ਵਾਰੀ ਜ਼ਕਰੀਆਂ ਖਾਨ ਦੇ ਅਹਿਲਕਾਰਾਂ ਤੇ ਰੁਹੇਲਿਆ ਨੇ ਸ਼ਰਕਪੁਰ ਨੂੰ ਖੂਬ ਸੁਕ-ਮਾਂਜ ਕੀਤਾ। ਅਰੋੜੇ ਤਾਂ ਉਦੋਂ ਦੇ ਸ਼ਰਕਪੁਰ ਛੱਡ ਇਲਾਕੇ ਦੇ ਖਰਲਾਂ

---

1. **ਹੈਬਤ ਖਾਂ**—ਮਾਝੇ ਦਾ ਪਿੰਡ ਹੈਬਤਪੁਰ। ਪੱਟੀ ਇਸ ਨੇ ਆਬਾਦ ਕੀਤਾ ਸੀ।
2. **ਖੋਜੇ**—ਪੰਜਾਬੀ ਖੋਜੇ ਹਿੰਦੂ ਖੱਤਰੀਆਂ ਤੋਂ ਮੁਸਲਮਾਨ ਹੋਏ ਮੰਨੇ ਜਾਂਦੇ ਹਨ। ਇਹਨਾਂ ਦਾ ਬੰਬਈ ਵਲ ਦੇ, ਅਰਬ ਆਦਿ ਦੇਸ਼ਾਂ ਤੋਂ ਆਏ ਖੋਜਿਆ ਨਾਲ ਕੋਈ ਸੰਬੰਧ ਨਹੀਂ।

ਭਟੀਆਂ ਤੇ ਹੋਰ ਪਰਾਧਿਆਂ ਦੇ ਪਿੰਡਾਂ ਵਿਚ ਜਾ ਦੁਕਾਨਾਂ ਕਰਨ ਲਗ ਪਏ। ਮਗਰ ਖੋਜਿਆ ਸ਼ਰਕਪੁਰ ਮਲੀ ਰੱਖਿਆ। ਸਾਂਦਲਬਾਰ ਵਿਚ ਸ਼ੁਰਕਪੁਰੀ ਖੋਜੇ ਪ੍ਰਸਿੱਧ ਸਨ।

ਢੋਰਾ ਦੇ ਹੱਡਾਂ ਤੇ ਚਮੜੇ ਦੇ ਭਾਰੇ ਵਪਾਰੀ ਸਨ ਤੇ ਛੋਟੇ ਮੋਟੇ ਖੋਜੇ ਮਨਿਆਰੀ ਦੀ ਫੇਰੀ ਲਾਇਆ ਕਰਦੇ ਸਨ। ਇਹਨਾਂ ਖੋਜਿਆ ਵਿਚੋਂ ਧਨਾਢ ਘਰਾਨਿਆਂ ਨੂੰ ਜ਼ਕਰੀਆ ਖਾਨ ਨੇ ਚੰਗਾ ਨਚੋੜਿਆ। ਕੁੱਲ ਮਿਲਾਕੇ ਵੀਹ ਲੱਖ ਰੁਪਿਆਂ ਸੱਠਾਂ ਗੱਡਿਆਂ ਤੇ ਲਦਾ ਤੇ ਵੀਹ ਹਜ਼ਾਰ ਦੋਹਾਂ ਰੁਹੇਲੇ ਫੌਜਦਾਰਾਂ ਨੂੰ ਰਿਸ਼ਵਤ ਦੇ ਕੇ ਦਿੱਲੀ ਨੂੰ ਟੋਰ ਦਿੱਤਾ।

ਖਾਨ ਬਹਾਦਰ ਨੂੰ ਪਤਾ ਸੀ ਕਿ ਅਗਰ ਇਹ ਗੱਡੇ ਸਹੀ ਸਲਾਮਤ ਦਿੱਲੀ ਅਪੜ ਗਏ ਤਾਂ ਖੈਰ ਨਹੀਂ ਸੋ ਉਸ ਨੇ ਸ: ਸੁਬੇਗ ਸਿੰਘ[1] ਨੂੰ ਇਸ਼ਾਰਾ ਕੀਤਾ ਕਿ ਖਾਲਸੇ ਨੂੰ ਆਖੋ ਖਜ਼ਾਨਾ ਦਿੱਲੀ ਨਾ ਜਾਵੇ।

ਖਾਲਸੇ ਨੇ ਦਿੱਲੀ ਜਾਂਦਾ ਖਜ਼ਾਨਾ ਲੁੱਟਿਆ

ਇਹ ਘਟਨਾ ਸੰਨ 1730 ਈ: ਦੀ ਹੈ। ਪਰ ਇਸ ਸਾਲ ਦਾ ਕਪੂਰ ਸਿੰਘ ਜੀ ਦੇ ਜੀਵਨ ਨਾਲ ਬੜਾ ਡੂੰਘਾ ਸੰਬੰਧ ਹੈ। ਨਵਾਬ ਜ਼ਕਰੀਆ ਖਾਨ ਦੇ ਇਸ਼ਾਰੇ ਤੇ ਖਾਲਸਾ ਦਰਿਆ ਬਿਆਸ ਦੇ ਨੇੜੇ ਪੁੱਜ ਆਪਣੇ ਮੋਰਚੇ ਸੰਭਾਲ ਚੁੱਕਾ ਹੋਇਆ ਸੀ ਕਿ ਖਜ਼ਾਨੇ ਦੇ ਗੱਡੇ ਪੁੱਜ ਗਏ। ਵਿਉਂਤ ਅਨੁਸਾਰ, ਇਕ ਦਮ ਦ ਹਜ਼ਾਰ ਘੋੜ ਸਵਾਰ ਗੋਲੀਆਂ ਦਾ ਮੀਂਹ ਵਸਾਂਦਾ ਖਜ਼ਾਨੇ ਤੇ ਆ ਪਿਆ—ਲਾਹੌਰ ਦੀ ਸੈਨਾ ਤਾਂ ਖਾਲਸੇ ਨੂੰ ਵਿਹਦਿਆਂ ਸਾਰ ਹੀ ਭੱਜ ਉਠੀ। ਜਦੋਂ ਰੁਹੇਲੇ ਸਿੱਧੇ ਹੋਏ ਤਾਂ ਖਾਲਸਾ ਆਪਣੀ ਯੁੱਧ ਨੀਤੀ ਅਨੁਸਾਰ ਥੋੜੀ ਥੋੜੀ ਦੂਰੀ ਤੇ ਉਹਨਾਂ ਦੇ ਅੱਗੇ ਭੱਜ ਵੱਗਿਆ। ਜਦੋਂ ਰੁਹੇਲੇ ਗੱਡਿਆ ਤੋਂ ਪਰਾਂ ਹੋਏ ਤਾਂ ਪਿੱਛੋਂ ਇਕ ਦਮ ਛੇ ਹਜ਼ਾਰ ਘੋੜ ਸਵਾਰ ਖਾਲਸੇ ਨੇ ਪੈ ਕੇ ਗੱਡੇ ਮਿੰਟਾਂ ਵਿਚ ਖਾਲੀ ਕਰ ਲਏ। ਖਾਲਸੇ ਦੇ ਪਹਿਲੇ (ਹਰਾਵਲ) ਦਸਤੇ ਨੇ ਪੈਰਾਂ ਤੇ ਪਰਤ ਪਿੱਛੇ ਆਉਂਦੇ ਰੁਹੇਲਿਆਂ ਦੇ ਪੜਛੇ ਲਾਹ ਸੁੱਟੇ। ਬਹੁਤ ਮਾਰੇ ਗਏ, ਜੋ ਬਚੇ ਉਹ ਭੱਜ ਕੇ ਪਿਛਾਂਹ ਗਏ। ਅਗੇ ਖਾਲੀ ਗੱਡੇ ਭਾਂ ਭਾਂ ਕਰ ਰਹੇ ਸਨ। ਰੁਹੇਲੇ ਸਰਦਾਰ ਖਜ਼ਾਨਾ ਹਾ ਖੁਬੰਦੇ ਮਰਵਾ ਕੇ ਲਾਹੌਰ ਜਾ ਵੜੇ।

ਖਾਲਸਾ ਬੀਕਾਨੇਰ ਵਿੱਚ

ਜ਼ਕਰੀਆ ਖ਼ਾਨ ਨੇ ਬਾਦਸ਼ਾਹ ਨੂੰ ਲਿਖ ਭੇਜਿਆ ਕਿ ਮੈਂ ਸਾਰਾ ਬਕਾਇਆ ਕਰੋੜਾਂ ਰੁਪੈ ਦਾ ਤਾਰ ਦਿੱਤਾ ਸੀ। ਮਗਰ ਸ਼ਾਹੀ ਫੌਜ ਦੀ ਮੌਜੂਦਗੀ ਵਿਚੋਂ ਵੀ ਸਿੱਖ ਲੁੱਟ ਕੇ ਲੈ ਗਏ ਹਨ। ਜੇ ਮਦਦ ਵਾਸਤੇ ਹੋਰ ਫੌਜ ਭੇਜੀ ਜਾਵੇ। ਜਿਸ ਤੇ ਬਾਦਸ਼ਾਹ ਨੇ ਹੋਰ ਵੀਹ ਹਜ਼ਾਰ ਫੌਜ ਨਜ਼ੀਬ ਖਾਂ ਜ਼ਫਰ ਖਾਂ ਆਦਿ ਫੌਜਦਾਰਾਂ ਨੂੰ ਦੇ ਕੇ ਭੇਜੀ। ਪਰ ਖਾਲਸਾ ਫੌਜ ਦੇ ਅਪੜਨ ਤੋਂ ਪਹਿਲਾਂ ਹੀ ਬੀਕਾਨੇਰ ਜਾ ਕੇ ਡੇਰੇ ਲਾ ਬੈਠਾ ਸੀ।

—00—

---

1. **ਸੁਬੇਗ ਸਿੰਘ**—ਇਹ ਜੰਬਰ ਪਿੰਡ (ਜਿ: ਲਾਹੌਰ) ਦਾ ਵਿਦਵਾਨ ਸਿੱਖ ਸਰਕਾਰੀ ਪਿੰਡ ਠੇਕੇ ਤੇ ਲਿਆ ਕਰਦਾ ਸੀ। ਖਾਨ ਬਹਾਦਰ ਦਾ ਚੰਗਾ ਵਿਸ਼ਵਾਸ ਪਾਤਰ ਸੀ।

ਸਾਂਦਲਬਾਰ ਵਿਚ ਵਿਸ਼ੇਸ਼ ਸਖ਼ਤੀ

ਵਕਤ ਦੀ ਹਕੂਮਤ ਸਾਂਦਲਬਾਰ ਵਿਚ ਸਵਾਏ ਉਪਦਰਵੀ ਭੱਟੀਆਂ ਅਤੇ ਖਰਲਾਂ ਨੂੰ ਦਬਾਣ ਦੇ ਹੋਰ ਕੋਈ ਖਾਸ ਤੰਗੀ ਨਹੀਂ ਦਿਆ ਕਰਦੀ ਸੀ। ਵਿਰਕੌਤ ਤਾਂ ਸਗੋਂ ਭੱਟੀ ਉਪਦਰਵੀਆਂ ਨੂੰ ਦਬਾਣ ਵਿਚ ਸਰਕਾਰ ਦੇ ਸਹਾਈ ਹੋਇਆ ਕਰਦੇ ਸਨ। ਇਸ ਵਾਸਤੇ ਸੰਨ 1729 ਈ: ਤੱਕ ਵਿਰਕੌਤ ਖੂਬ ਵਧਦੀ ਫੁਲਦੀ ਰਹੀ। ਮਗਰ ਜੰਡਿਆਲਾ ਸ਼ੇਰ ਖਾਂ[1] ਦੇ ਮਿਰਾਸੀਆਂ ਨੂੰ ਬੜੀ ਤਕਲੀਫ਼ ਹੋ ਰਹੀ ਸੀ। ਸੱਪ ਤਾਂ ਉਹਨਾਂ ਦੀ ਹਿੱਕ ਤੇ ਉਦੋਂ ਲੇਟਿਆ ਜਦੋਂ ਵਿਰਕਾਂ ਦੇ ਘਰੀਂ ਲੁੱਟ ਦਾ ਧਨ ਮਾਲ ਘੋੜੇ ਤੇ ਸ਼ਸ਼ਤਰ ਬਸਤਰ ਆਵਨ ਲੱਗ ਪਏ। ਉਹ ਵੇਖ ਕੇ ਜਰ ਨ ਸਕੇ।

ਮਿਰਾਸੀਆਂ ਦਾ ਮੁੰਡਾ ਫੌਜੀ ਮਹਿਕਮੇ ਵਿਚ ਲਾਹੌਰ ਨੌਕਰ ਸੀ। ਉਸਦੀ ਰਾਹੀਂ ਫੌਜੀ ਹਾਕਮਾਂ ਤੱਕ ਇਹ ਗੱਲ ਅਪੜਾਈ ਗਈ ਕਿ ਇਹ ਲੁੱਟ ਖਸੁੱਟ ਦੇ ਕਾਰੇ ਮਾਲੋਕਿਆਂ ਵਾਲੇ ਚੌ: ਦਲੀਪ ਸਿੰਘ ਦਾ ਪੁੱਤਰ ਕਪੂਰ ਸਿੰਘ ਕਰਦਾ ਕਰਾਂਦਾ ਹੈ। ਮਿਰਾਸੀ ਇਹ ਵੀ ਦੱਸ ਆਏ ਕਿ ਲੁਬਾਣਿਆਂ ਦੀ ਵੀ ਵਿਰਕਾਂ ਨਾਲ ਅਜੋੜ ਹੈ।

ਜਕਰੀਆ ਖਾਨ ਤੋਂ ਪੁੱਛ ਫੌਜਦਾਰ ਨੇ ਮਿਰਾਸੀਆਂ ਦੇ ਨਾਲ ਰੁਹੇਲਿਆਂ ਦੀ ਧੌਂਸ ਘਲੀ। ਤਰਗੜ ਦੇ ਪਤਣੋਂ ਲੰਘ, ਉਹ ਲੁਬਾਣਿਆਂ ਨੂੰ ਵੀ ਉਂਗਲੀ ਲਾਈ ਆਏ। ਪਰ ਲੁਕਾਣੇ ਵਿਰਕੌਤ ਤੋਂ ਡਰਦੇ ਮਾਰੇ ਸੇਖੂਪੁਰੇ ਤੋਂ ਅਗਾਂਹ ਨਾ ਲੰਘੇ। ਸੇਖੂਪੁਰਿਓਂ ਧੌਂਸ ਸਿਧੀ ਜੰਡਿਆਲੇ ਜਾ ਲੱਥੀ। ਇਲਾਕੇ ਵਿਚ ਇਹ ਖਬਰ ਅੱਗ ਦੇ ਅਲਾਂਬੇ ਵਾਂਗੂ ਫਿਰ ਗਈ। ਲੋਕਾਂ ਨੇ ਆਪਣੇ ਘਰਾਂ ਦੇ ਜੀ (ਬਾਲ਼ੀ ਬੱਚਾ) ਅਤੇ ਮੋਟਾ ਮਾਲ ਸੁਰੱਖਿਅਤ ਥਾਵਾਂ ਤੇ ਰਿਸ਼ਤੇਦਾਰਾਂ ਕੋਲ ਦੂਰ ਨੇੜੇ ਭੇਜ ਦਿੱਤਾ। ਡੰਗਰ ਵੱਛਾ ਬਾਹਰ ਜੰਗਲ ਵਿੱਚ। ਪਿੰਡਾਂ ਵਿਚ ਕੇਵਲ ਬੁੱਢੇ ਠੇਰੇ ਜਾਂ ਜੋ ਕਿੱਧਰੇ ਜਾਣ ਜੋਗੇ ਨਹੀਂ ਸਨ ਰਹਿ ਗਏ।

ਮਾਲੋ ਕੀ ਟਿੱਬੀ ਦੀ ਤਬਾਹੀ

ਮਿਰਾਸੀਆਂ ਨੇ ਧੌਂਸ ਵਾਲਿਆਂ ਨੂੰ ਸਮਝਾਇਆ ਕਿ ਸਭ ਸ਼ਰਾਰਤ ਮਾਲੋਂ ਕੀ ਟਿੱਬੀ ਤੋਂ ਉੱਠਦੀ ਹੈ। ਪਹਿਲੋਂ ਇਸ ਪਿੰਡ ਦਾ ਮਕੂ ਠੱਪਣਾ ਚਾਹੀਦਾ ਹੈ। ਸਭ ਗੱਲਾਂ ਗਿਣ ਮਿੱਥ ਕੇ ਓਧਰ ਲੁਬਾਣਿਆਂ ਨੂੰ ਵੀ ਖਬਰ ਦੇ ਦਿੱਤੀ। ਮਾਲੋਕੇ ਬੜੇ ਮਾਰ ਖੋਰ ਤੇ ਰਾਠ ਸਦਾਂਦੇ ਸਨ। ਉਹਨਾਂ ਨੂੰ ਸ਼ੇਖੂਪੁਰੇ ਦੀ ਮੁਸਲਮਾਨ ਵਿਰਕ ਬਰਾਦਰੀ[2] ਨੇ ਸ਼ਾਮੀ ਸੁਨੇਹਾ ਦਿੱਤਾ ਕਿ ਅਸਾਂ ਲੁਬਾਣਿਆਂ ਕੋਲੋਂ ਸੁਣਿਆ ਹੈ ਕਿ ਸਵੇਰੇ ਧੌਂਸ ਨੇ ਮਾਲੋਕੀ ਟਿੱਬੀ ਨੂੰ ਮਲੀਆ ਮੇਟ ਕਰ ਦੇਣਾ ਹੈ ਤੇ ਤੁਸੀਂ ਰਾਤੋਂ ਰਾਤ ਜਾਤਕ ਬਕਰ ਲੈ ਕੇ ਲਾਹਮ ਕਰ ਜਾਵੋ। ਅਗੇ ਮਾਲੋਕਿਆ ਦੀ ਹੈਂਕੜ ਬੜੀ ਪ੍ਰਸਿੱਧ ਸੀ ਜਥੇਦਾਰ ਕਪੂਰ ਸਿੰਘ ਅਤੇ ਹੋਰ ਟੂਰਨੇ ਸਿਰ ਮਾਲੋਆਣੀਏ ਜਥੇ ਨਾਲ ਬੀਕਾਨੇਰ ਵੱਲ ਨਿਕਲ ਗਏ ਹੋਏ ਸਨ। ਦਾਨ ਸਿੰਘ ਨੇ ਕੁਛ ਸਾਥੀਆਂ ਨੂੰ ਇਕੱਠੇ ਕਰ ਕੇ ਕੁਛ ਕੁ ਟੱਬਰ ਟੋਰ ਕਾਲੋਕਿਆਂ ਵੱਲ ਟੋਰ ਦਿੱਤੇ। ਬਾਕੀ ਦਿਆਂ ਨੂੰ ਵੀ ਆਖਿਆ ਪਰ ਉਹਨਾਂ ਆਖਣੀ ਖੀਨੀ ਨਾ ਛੱਡੀ ਤੇ ਆਖਿਆ, "ਓਇ ਅਸਾਂ ਬਹੁੰ ਧੌਂਸਾਂ ਡਿੱਠੀਆਂ ਨੇ।" ਮਗਰ ਦਾਨ ਸਿੰਘ ਤੇ ਉਸ ਦੇ ਸਾਥੀਆਂ ਨੇ ਕੁਝ ਹੋਰ ਬੰਦੇ, ਜਨਾਨੀਆਂ ਤੇ ਬੱਚੇ ਮੁਨਾਰੇ ਵਾਲੇ ਚੱਕ ਨੂੰ ਰਾਤੋ ਰਾਤ ਕੱਢ ਦਿੱਤੇ।

---

1. **ਜੰਡਿਆਲਾ ਸ਼ਰ ਖਾਂ**— ਇਹ ਕਸਬਾ ਸੇਖੂਪੁਰੇ ਤੋਂ ਛੇ ਮੀਲ ਲਹਿੰਦੇ ਵੱਲ ਹੈ ਜੋ ਬਾਬਰ ਦੇ ਸਮੇਂ ਕਿਸੇ ਸ਼ੇਰ ਖਾਂ ਨਾਮੀ ਮੁਗਲ ਨੇ ਵਸਾਇਆ ਸੀ। ਅਕਬਰ ਦੇ ਸਮੇਂ (1556-1605 ਈ:) ਪ੍ਰਸਿੱਧ ਕਿੱਸਾ ਹੀਰ ਰਾਂਝੇ ਦਾ ਕਾਵਿੱਯਾ ਕਰਤਾ ਸ਼ੱਯਦ ਵਾਰਸ ਸ਼ਾਹ ਇਸੇ ਸ਼ਹਿਰ ਦਾ ਜੰਮਪਲ ਸੀ। ਉਸਦਾ ਜਨਮ 1704 ਈ: ਅਤੇ ਦਿਹਾਂਤ 1767 ਈ: ਹੋਇਆ।

2, **ਬਰਾਦਰੀ**—ਸੇਖੂਪੁਰੀਏ ਮੁਸਲਮਾਨ ਵਿਰਕ ਬਾਬੇ ਮਾਲੋ ਦੇ ਭਰਾ ਬਾਬੇ ਈਦੋਂ ਦੀ ਅੰਸ਼ ਹਨ। ਜੋ ਆਪ ਸਰਵਰਯਾ ਸੀ ਤੇ ਉਸਦੀ ਅੰਸ਼ ਮੁਸਲਮਾਨ ਹੋ ਗਈ ਸੀ।

ਧੌਂਮੀ ਵੇਲੇ ਨਾਲ ਧੌਂਸ਼ ਪਹਾੜ ਵਾਲੇ ਪਾਸਿਓਂ ਆ ਪਈ ਤੇ ਲੁਬਾਣੇ ਦਖਣੋਂ ਤੇ ਚੜ੍ਹਦੀ ਬਾਹੀਓਂ ਆ ਕੁੱਦੇ। ਲਹਿੰਦੀ ਬਾਹੀ ਢਾਬ ਸੀ। ਧੌਂਸ ਨੇ ਆਉਂਦਿਆਂ ਸਾਰ ਬੰਦੂਕਾਂ ਦੀਆਂ ਵਾੜ੍ਹਾਂ ਝਾੜੀਆਂ ਤੇ ਲੁਬਾਣਿਆਂ ਪਿੰਡ ਵਿਚ ਮੁਆਤਾ ਫੇਰ ਦਿੱਤਾ। ਦਾਨ ਸਿੰਘ ਹੁਰੀਂ ਆਪਣੇ ਸਾਥੀਆਂ ਸਮੇਤ ਚੜ੍ਹਦੇ ਪਾਸਿਓਂ ਲੁਬਾਣਿਆਂ ਨੂੰ ਮਾਰਦੇ ਮਰਾਂਦੇ ਘੋੜੇ ਭਜਾ ਦੂਰ ਨਿਕਲ ਗਏ ਤੇ ਵਲਾ ਕੇ ਮੁਨਾਰੇ ਵਾਲਾ ਚੱਕ[1] ਅਪੜ ਗਏ ਤੇ 'ਹੇ-ਖਾਂ ਵਾਲੇ' ਬੇਲੀ ਜੋ ਲੜ ਕੇ ਮਰ ਗਏ ਤੇ ਜਾਂ ਜੋ ਜਖਮੀ ਹੋਏ ਉਹਨਾਂ ਨੂੰ ਲੁਬਾਣਿਆਂ ਚੁਕ ਚੁਕ ਕੇ ਬਲਦੀ ਅੱਗ ਵਿਚ ਸੁਟ ਕੇ ਸਾੜ ਦਿੱਤਾ। ਮਕਾਨ ਸਭ ਢਾਹ ਢੇਰੀ ਕੀਤੇ। ਮਾਲ ਡੰਗਰ ਸਭ ਲੁਬਾਣਿਆਂ ਸਾਂਭ ਲਿਆਂ। ਧੌਂਸ ਵਾਲਿਆਂ ਨੂੰ ਕੁਛ ਹੱਥ ਲੱਗਾ ਕਿ ਨਾਹ। ਪਰ ਪੂਰੇ ਪਿੰਡ ਨੂੰ ਸ਼ਾਮੇ ਉਰੇ ਉਰੇ ਤਬਾਹ ਕਰ ਧੌਂਸ ਤਾਂ ਜੰਡਿਆਲੇ ਪਰਝ ਗਈ ਤੇ ਲੁਬਾਣੇ ਮਾਲ ਡੰਗਰ ਅੱਗੇ ਲਾ ਕੇ ਡੇਕ ਨੂੰ ਪਤਰਾ ਵਾਚ ਗਏ।

ਉਸ ਦਿਨ ਮਾਲੋ ਦੀ ਟਿੱਬੀ ਤਬਾਹ ਹੋ ਗਈ ਜੋ ਬਾਹਰ ਨਿਕਲੇ ਉਹੋ ਬਚੇ ਸਨ। ਦਾਨ ਸਿੰਘ ਹੁਰੀਂ ਚੱਕ ਮੁਨਾਰੇ ਵਾਲੇ ਬੱਚਿਆਂ ਤੇ ਜਨਾਨੀਆਂ ਨੂੰ ਲੈ ਕੇ ਰਾਤ ਪਈ ਕਾਲੋਂ ਕੀ ਪੁੱਜੇ ਤੇ ਸਾਰਾ ਸਮਾਚਾਰ ਸੁਣਾ ਕੇ ਦਸਿਆ ਕਿ ਸ਼ਾਇਦ ਅਗਲੀ ਵਾਰੀ ਹੁਣ ਕਾਲੋ ਕਿਆਂ ਦੀ ਹੈ। ਕਾਲੋਕਿਆਂ ਤੇ ਜੰਡਿਆਲੇ ਵਿਚ ਇਕ ਰਾਖਵਾਂ ਸੂੰਹਾਂ ਸੀ ਤੇ ਉਹਨਾਂ ਨੂੰ ਪੱਕਾ ਯਕੀਨ ਸੀ ਕਿ ਜੇ ਕੋਈ ਇਹੋ ਜਿਹੀ ਗੱਲ ਹੋਈ ਤਾਂ ਉਹ ਸਾਨੂੰ ਜਰੂਰ ਪਤਾ ਦੇਵੇਗਾ।

ਦਾਨ ਸਿੰਘ ਜੀ ਦੀ ਰਿਸ਼ਤੇਦਾਰੀ ਰਾਵੀਓਂ ਪਾਰ ਜ਼ਿਲ੍ਹਾ ਲਾਹੌਰ ਵਿਚ ਸੀ। ਉਹ ਆਪਣੇ ਪ੍ਰਵਾਰ ਨੂੰ ਜਦੋਂ ਲੈ ਕੇ ਟੁਰੇ ਤਾਂ ਉਹਨਾਂ ਨੇ ਮਾਲੋਕਿਆਂ ਦੇ ਬਚੇ ਖੁਚੇ ਪ੍ਰਵਾਰਾਂ ਨੂੰ ਆਖਿਆ ਕਿ ਉਹ ਅੱਜ ਜਾਂ ਕੱਲ ਆਪਣੇ ਆਪਣੇ ਦੂਰ ਨੇੜੇ ਦੇ ਸਰਬੰਧੀਆਂ ਕੋਲ ਚਲੇ ਜਾਵਨ ਵਰਨਾ ਔਖੇ ਹੋਵਨਗੇ। ਇਹ ਸੁਣ ਕੁਛ ਤਾਂ ਚਲੇ ਗਏ ਪਰ ਕੁਛ ਹੇ-ਖਾਂ ਵਾਲੇ ਰਹਿ ਹੀ ਗਏ।

ਕਾਲੋ ਕੇ ਸਾੜੇ ਗਏ

ਧੌਂਸ ਵਾਲਿਆਂ ਨੂੰ ਕੋਈ ਕਾਹਲ ਤੇ ਹੈ ਨਹੀਂ ਸੀ। ਬਕਰੇ ਛਤਰੇ ਆਜੜੀਆਂ ਕੋਲੋਂ ਖੋਹ ਖਾਣ ਵਾਸਤੇ ਬਥੇਰੇ ਮਿਲ ਜਾਂਦੇ ਸਨ। ਮਾਲੋ ਕਿਆਂ ਨੂੰ ਸਾੜ ਉਹਨਾਂ ਦੋ ਦਿਨ ਆਰਾਮ ਕੀਤਾ। ਦੂਜੇ ਦਿਨ ਉਹਨਾਂ ਨੇ ਮਿਰਾਸ਼ੀਆਂ ਨੂੰ ਆਖਿਆ ਅਸੀਂ ਭਲਕੇ ਸਵੇਰੇ ਕਾਲੋਕੇ ਮਾਰਨੇ ਹਨ ਤੇ ਮਾਛੀਆ ਨੂੰ ਆਖਿਓਂ ਸਾਨੂੰ ਰਾਤੋ ਰਾਤ ਟਾਪਾਂ ਪੱਕਾ ਦੇਣ ਤਾਂ ਜੋ ਸਾਡੇ ਖਾਣ ਵੇਲੇ ਤੱਕ ਬੇਹੀਆਂ ਨਾ ਹੋ ਜਾਵਨ। ਮਿਰਾਸੀਆਂ ਆਖਿਆ ਤੁਸੀਂ ਫ਼ਿਕਰ ਨਾ ਕਰੋ। ਇਨਸ਼ਾ ਅੱਲਾ, ਅਸੀਂ ਤੁਸਾਨੂੰ ਤਾਜ਼ੀਆਂ ਤਾਜ਼ੀਆਂ ਟਾਪਾਂ ਤੇ ਸਾਲਣ ਕਾਲਕੀ ਘਲਾ ਦਿਆਂਗੇ। ਇਹ ਗੱਲਾਂ ਕਾਲੋਂ ਕਿਆਂ ਦੇ ਰਾਖਵੇਂ ਸੂੰਹੇ ਨੇ ਸੁਣ ਲਈਆਂ। ਉਸ ਜਿਉਂ ਸੂਟ ਕੀਤੀ ਕਾਲੋਂਕਿਆਂ ਦੀ ਹੱਦ ਅੰਦਰ ਸ਼ਰਕ ਦੇ ਕੰਢੇ ਬੁੱਢੇ[2] ਕਿਆਂ ਦਾ ਇਕ ਬੰਦਾ ਆਪਣੀ ਪੈਲੀ ਨੂੰ ਵਾੜ ਕਰਦਾ ਟੱਕਰ ਗਿਆ। ਸੂੰਹੇ ਨੇ ਬੁੱਢੇ ਕੇ ਨੂੰ ਆਖਿਆ, "ਤੁਸਾਡਾ ਪਿੰਡ ਕਲ ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਸਾੜ ਦਿੱਤਾ ਜਾਣਾ ਹੈ' ਸਾਂਭ ਕਰ ਲਵੋ"।

ਸੂੰਹਾ ਤਾਂ ਆਪਣਾ ਫਰਜ਼ ਪੂਰੀ ਤਰ੍ਹਾਂ ਨਿਭਾ ਕੇ ਝਬਦੇ ਪਿੱਛਾਂ ਪਰਤ ਗਿਆ, ਮਤਾਂ ਲਾਧ ਹੋ ਜਾਏ ਤਾਂ ਮਾਰਿਆ ਜਾਵਾਂ। ਅੱਗੋਂ ਪਤਾ ਨਹੀਂ ਬੁੱਢੇ ਕੇ ਦੇ ਦਿਲ ਵਿਚ ਕੀ ਆਈ। ਉਸ ਕੇਵਲ ਆਪਣੀ ਭਾਜੜ ਲੱਦੀ ਮਲਕੜੇ ਜਿਹੇ ਸ਼ਾਮ ਦੇ ਵੇਲੇ ਢੌਰ ਅੱਗੇ ਲੱਗਾ ਕੇ ਕੁਝਰਾਂ ਦੇ ਰਾਹ ਪੈ ਗਿਆ। ਪ੍ਰੰਤੂ ਪਿੰਡ ਵਾਲਿਆਂ ਕੋਲ ਉਸ ਧੂੰ ਨਾ ਕੱਢਿਆ। ਅੱਧੀ ਰਾਤੋਂ ਪਿਛੋਂ ਧੌਂਸ ਵਾਲੇ ਟੁਰੇ। ਕਾਲੋਕਿਆ ਤੋਂ ਕੋਈ ਦੋ ਮੀਲ ਹਟਵਾਂ ਇੱਕ ਚੂਹੜਾ ਗਾਧੀ ਤੇ ਬੈਠਾ ਖੂਹਵਾਹ ਰਿਹਾ ਸੀ। ਧੌਂਸ ਵਾਲਿਆ ਨਸਾਰ ਤੋਂ ਘੋੜਿਆਂ ਨੂੰ ਪਾਣੀ ਪਿਆਇਆ ਤੇ ਉਹਨੂੰ ਪੁੱਛਿਆ ਕਾਲੋ ਕੇ ਕਿੰਨੇ ਕੁ ਦੂਰ ਨੇ। ਉਹਨੇ ਭੁੱਜੀ ਹੋਈ ਛੱਲੀ ਦੇ ਦਾਣਿਆਂ ਦਾ ਫੱਕਾ ਮਾਰ, ਚਬਦਿਆਂ ਆਖਿਆ ਖਾਂ ਜੀ ਆਹ ਨੇੜੇ ਈ ਨੇ। ਧੌਂਸ ਦੇ ਅਫਸਰ ਪੁੱਛਿਆ ਤੂੰ ਕੀ ਖਾਧਾ ਹੈ। ਉਸ ਆਖਿਆ ਮੈਂ ਛੱਲੀਆਂ ਚਬੀਆਂ ਹਨ, ਖਾਂ ਜੀ ਤੁਸੀਂ ਵੀ ਚਬੋਗੇ ? ਉਹ ਨੇ ਆਖਿਆ ਹਾਂ ਲਿਆਓ। ਚੂਹੜਾ ਸਿਆਣਾ ਸੀ ਉਹ ਗੱਲ ਤਾੜ ਗਿਆ ਉਸ ਭੱਜ ਕੇ ਮਾਨ੍ਹੀ[3] ਨੂੰ ਉਠਾ ਪਿੰਡ ਨੂੰ ਸੁਚੇਤ ਕਰਨ ਭੱਜਾ ਦਿੱਤਾ ਕਿ ਧੌਂਸ ਪਿੰਡ ਵੱਲ ਆ ਰਹੀ ਹੈ ਤੇ ਆਪ ਟਾਂਡੇ ਭੰਨ ਮੱਚ ਬਾਲ ਕੇ ਛੱਲੀਆਂ ਭੁੰਨ ਭੁੰਨ ਧੌਂਸ ਵਾਲਿਆਂ ਨੂੰ ਚਬਵਾਨ ਲੱਗ ਪਿਆ।

ਮਾਨ੍ਹੀ ਭੱਜ ਕੇ ਪਿੰਡ ਆ ਬੂ ਬੂ ਕੀਤੀ। ਜੋ ਕੁਛ ਕਿਸੇ ਕੋਲੋਂ ਚੁੱਕਿਆ ਗਿਆ ਚੁੱਕ, ਬਾਲੀ ਬੱਚਾ ਤੇ ਡੰਗਰ ਵੱਛਾ ਲੈ ਕੇ ਜੰਗਲੀਂ ਭੱਜ ਵੜੇ। ਪਿੰਡ ਦੇ ਗੱਭਰੂਆਂ, ਟਾਕਰੇ ਦੀ ਤਿਆਰੀ ਕੀਤੀ। ਪਿੰਡੋਂ ਬਾਹਰ ਜੰਡਿਆਣੇ ਵਾਲੇ ਪਾਸੇ ਸ਼ਰਕ ਦੇ ਦੁਹੀਂ ਪਾਸੀਂ ਜੰਗਲ ਵਿਚ ਲੁੱਕ ਖਲੋਤੇ

1. ਮੁਨਰੇ ਵਾਲਾ ਚੱਕ – ਸ਼ੇਖੂਪੁਰਾ ਤੋਂ ਚਾਰ ਮੀਲ ਲਹਿੰਦੇ ਵੱਲ ਇੱਕ ਜੰਗਲ ਸੀ ਜਿਥੇ ਜਹਾਂਗੀਰ ਨੇ ਕਿਸ਼ੋਰ ਅਵਸਥਾ ਵਿਚ ਆਪਣੇ ਪਿਆਰੇ ਹਰਨ ਦੀ ਤਲਾਬ ਵਿਚ ਬਣਾਈ ਸਮਾਧੀ ਦੇ ਉੱਤੇ ਇੱਕ ਮਿਨਾਰ ਬਣਾਇਆ ਸੀ। ਉਸ ਜੰਗਲ ਨੂੰ ਮੁਨਾਰੇ ਵਾਲਾ ਚੱਕ ਸੱਦਦੇ ਹਨ।
2. ਬੁੱਢੇ ਕਾ—ਪਿੰਡ ਕਾਲੋਕਿਆਂ ਦੀ ਰਿਹਾਨ ਕੀ ਪਤੀ ਦੇ ਬਲੋਰ ਵੰਸਜ ਬਾਬਾ ਬੁੱਢਾ ਸਿੰਘ ਦਾ ਕੋਈ ਪੁੱਤਰ ਪੋਤਰਾ।
3. ਮਾਨ੍ਹੀ ਮਕਈ ਦਾ ਰਾਖਾ। ਜੋ ਮੰਨ੍ਹੇ (ਟਾਂਡ) ਉੱਤੇ ਬੈਠ, ਖਲੋ ਕੇ ਰਖਵਾਲੀ ਕਰਦਾ ਸੀ।

ਜਦੋਂ ਧੌਂਸ ਵਾਲੇ ਮਾਰ ਹੇਠ ਆਏ ਤੇ ਦੂਹਾਂ ਪਾਸਿਆ ਤੋਂ ਗਭਰੂਆਂ ਵਾਲੀ ਝਾੜ ਦਿੱਤੀ। ਧੌਂਸ ਵਾਲੇ ਘੋੜੇ ਭਜਾ ਕੇ ਪਿੰਡ ਵੱਲ ਵੱਧ ਗਏ ਕਿਉਂਕਿ ਅਗਿਓਂ ਗੋਲੀ ਕੋਈ ਨਹੀਂ ਸੀ ਆਉਂਦੀ। ਉਹਨਾਂ ਜਾਂਦਿਆਂ ਪਿੰਡ ਨੂੰ ਮੁਆਤਾ ਚਾ ਦਿਤਾ ਤੇ ਸਾਹਮਣੇ, ਜੋ ਬੱਚਾ ਬੁੱਢਾ ਆਇਆ ਤਹਿ ਤੇਗ ਕਰੀ ਗਏ।

ਗਭਰੂਆਂ ਸੋਚਿਆ ਪਿੰਡ ਜਾ ਕੇ ਹੱਥੀਂ ਪੈਣ ਦਾ ਫਾਇਦਾ ਕੋਈ ਨਹੀਂ ਘੋੜੇ ਭਜਾ ਕੇ ਨਿਊਣਾ[1] ਵਿਚ ਚਲੇ ਗਏ। ਉਥੋਂ ਖੂਹਾਂ ਅਤੇ ਡੇਰਿਆਂ ਤੋਂ ਸਿਆਣੇ ਸਿਆਣੇ ਬਜ਼ੁਰਗਾਂ ਨੂੰ ਅਗਲੀ ਵਿਉਂਤ ਬਨਾਉਣ ਲਈ ਸਦਿਆ, ਓਧਰ ਏਨੇ ਚਿਰ ਨੂੰ ਜੰਡਿਆਲੇ ਤੋਂ ਵਹਿੰਗੀਆਂ ਵਿਚ ਖਾਣਾ ਚੁੱਕੀ ਮਾਛੀ ਆ ਪੁੱਜੇ। ਉਹਨਾਂ ਵਹਿਗੀਆਂ ਰੱਖ ਪਾਣੀ ਪੀਤਾ। ਚੂਹੜੇ ਆਖਿਆ, ਓਇ ਆਉ ਛੱਲੀਆਂ ਚੱਬ ਲਵੋ, ਕਿਹੜੀ ਕਾਹਲ ਏ—ਧੌਂਸ ਵਾਲੇ ਅਜੇ ਵਿਹਲੇ ਨਹੀਂ ਹੋਏ ਹੋਣੇ। ਮਾਛੀਆਂ ਨੂੰ ਛਲੀਆਂ ਤੇ ਲਾ ਕੇ ਆਪ ਨੱਕਾ ਮੋੜਨ ਦੇ ਪੱਜ ਜਾ ਕੇ ਮਾਨੀ ਨੂੰ ਨਿਊਣ ਵੱਲ ਭੱਜਾ ਆਇਆ— ਉਹਨੇ ਜਾ ਦਸਿਆ ਪਈ ਤਰੈ ਵਹਿਗੀਆਂ ਤੇ ਖਾਣਾ ਪਿੰਡ ਨੂੰ ਜਾ ਰਿਹਾ ਹੈ ਤੇ ਆਪ ਸੂਟ ਵੱਟ ਕੇ ਮਾਛੀਆਂ ਨੂੰ ਰਾਹ ਵਿਚ ਟੱਕਰਿਆ, ਮਾਛੀ ਤਾਂ ਰਵਾਂ ਰਵੀਂ ਕਾਲੋਕਿਆਂ ਨੂੰ ਹੋ ਗਏ ਇਹ (ਮਾਨ੍ਹੀ) ਥੋੜੇ ਚਿਰ ਮਗਰੋਂ ਜੰਗਲੋ ਜੰਗਲੀ ਕਾਲੋਕਿਆ ਦੇ ਨੇੜੇ ਅਪੜ ਇਕ ਰੁੱਖ ਤੇ ਚੜ੍ਹ ਗਿਆ। ਅਜੇ ਸਿਪਾਹੀ ਪਿੰਡ ਵਿਚ ਫ਼ਿਰ ਫ਼ਿਰ ਕੇ ਅੱਗਾਂ ਲਾ ਤੇ ਲੁੱਟ ਮਚਾ ਰਹੇ ਸਨ। ਜਦੋਂ ਮਾਛੀ ਅਪੜੇ ਉਹਨਾਂ ਚੁਲਾ ਪੁਟ ਪਤੀਲੇ ਉੱਤੇ ਰੱਖ, ਸੇਕੂਆ ਗਰਮ ਕਰਨਾ ਸ਼ੁਰੂ ਕੀਤਾ ਈ ਸੀ ਕਿ ਸਭ ਸਿਪਾਹੀ ਪਿੱਪਲਾ ਥੱਲੇ ਕੱਠੇ ਹੋਣ ਲੱਗ ਪਏ। ਮਾਨ੍ਹੀ ਨੇ ਥੱਲੇ ਉੱਤਰ ਨਿਊਣ ਵਿਚ ਜਾ ਕੇ ਸਾਰੀ ਗੱਲ ਸਮਝਾ ਦਿੱਤੀ। ਕਾਲੋਕੇ ਵਿਉਂਤ ਬੰਦੀ ਵਿਚ ਬੜੇ ਨਿਪੁੰਨ ਹਨ ਬਜ਼ੁਰਗਾਂ ਨੇ ਖੜਿਆਂ ਖੜਿਆਂ ਵਿਉਂਤ ਬਨਾ ਸਮਝਾ ਦਿੱਤੀ। ਮਾਨ੍ਹੀ ਫੇਰ ਆ ਕੇ ਰੁੱਖ ਤੇ ਚੜ੍ਹ ਲੁਕ ਕੇ ਬੈਠ ਗਿਆ। ਇਤਨੇ ਚਿਰ ਨੂੰ ਰੁੱਖ ਥੱਲੇ ਇਕ ਜੱਥਾ ਘੋੜ ਸਵਾਰਾਂ ਦਾ ਤੇ ਦੂਜਾ ਪੈਦਲ ਆ ਖਲੋਤਾ।

ਉਧਰ ਕੰਬਲ ਵੱਛਾ ਕੇ ਧੌਂਸ ਵਾਲੇ ਬਿਸਮਿਲਾ ਆਖ ਗ੍ਰਾਹੀਆ ਤੋੜ ਹੀ ਰਹੇ ਸਨ ਕਿ ਟਾਗੂ ਨੇ ਇਸ਼ਾਰਾ ਕੀਤਾ। ਘੋੜਿਆਂ ਵਾਲਿਆਂ ਸਿਪਾਹੀਆਂ ਨੂੰ ਸੂਰਤ ਨਾ ਸੰਭਲਣ ਦਿੱਤੀ ਤੇ ਘੋੜੇ ਉਹਨਾਂ ਦੇ ਉੱਤੇ ਚੜ੍ਹਾ ਦਿੱਤੇ। ਅਜੇ ਕੋਈ ਡਿਗਾ ਸੀ ਜਾ ਉਠਦਾ ਹੀ ਪਿਆ ਸੀ ਪਿਆਦਿਆਂ ਆ ਕੇ ਡਾਗਾਂ ਨਾਲ ਹੀ ਕੁੱਟ ਕੱਢੇ। ਜਿਹੜੇ ਕੋਈ ਵਿਚੋਂ ਭਜ ਕੇ ਹਥਿਆਰਾਂ ਵੱਲ ਹੋਏ ਘੋੜਿਆ ਵਾਲੇ ਫੇਰ ਉਹਨਾ ਉੱਤੇ ਆ ਚੜੇ। ਕੁੱਝ ਜਿਹੜੇ ਕਾਲੋਕੇ ਨਿਹੱਥੇ ਸਨ ਉਹਨਾਂ ਧੌਂਸ ਦੇ ਘੋੜੇ ਖੋਹਲ ਲਏ ਤੇ ਕਈਆਂ ਨੇ ਬੰਦੂਕਾਂ ਤੇ ਦਾਰੂ ਸਿੱਕਾ ਆ ਸਾਂਭਿਆਂ ਧੌਂਸ ਦੇ ਸਿਪਾਹੀ ਅੱਧੇ ਕੁ ਭੱਜ ਗਏ ਕੁੱਝ ਮਰ ਗਏ ਤੇ ਕੁੱਝ ਜ਼ਖਮੀ ਹੋ ਗਏ।

ਜਿਹੜੇ ਮਾਛੀ ਰੋਟੀਆਂ ਲੈ ਕੇ ਆਏ ਸਨ ਉਹਨਾਂ ਵਿਚ ਕਾਲੋਕੇ ਮਾਛੀਆਂ ਦਾ ਜਵਾਈ ਵੀ ਸੀ। ਧੌਂਸ ਭੱਜ ਗਈ ਤੇ ਕਾਲੋਕੇ ਇਕ ਵਡੇਰੇ ਨੇ ਮਾਛੀਆ ਨੂੰ ਆਖਿਆ, ਆਹ ਮੁਰਦੇ ਤੇ ਫੱਟੜ, ਗੱਡੇ ਤੇ ਲਦ ਕੇ ਜੰਡਾਲੇ ਧੌਂਸ ਵਾਲਿਆਂ ਨੂੰ ਕਾਲੋਕਿਆ ਵੱਲੋਂ ਢੋਆ ਜਾ ਦਿਉ। ਮਾਛੀ ਮੁੰਡਾ ਆਪਣੇ ਸਹੁਰਿਆਂ ਦੇ ਘਰ ਗਿਆ ਤੇ ਆਪਣਾ ਮੋਇਆ ਪਿਆ ਸਹੁਰਾ ਵੇਖ ਕੇ ਪਰਤ ਆਇਆ। ਲਾਸ਼ਾ ਜੰਡਾਲੇ ਢੇਰੀ ਕਰ, ਆਪਣੇ ਘਰ ਵਾਲੀ ਨੂੰ ਗੱਡੇ ਤੇ ਬਿਠਾਈ ਲਿਆਇਆ। ਦੋਵੇਂ ਜੀਅ ਬੁੱਢੇ ਦਾ ਕਫਨ ਦਫਨ ਕਰ ਵਾਪਸ ਜੰਡਾਲੇ ਪਰਤ ਗਏ। ਰੋਂਦੀ ਮਾਛਣ ਦੇ ਵੈਣ ਨਹੀਂ ਸਨ ਸੁਣੇ ਜਾਂਦੇ ਉਹਦੀਆਂ ਅੱਖਾਂ ਅੱਥਰੂ ਨਹੀਂ, ਲਹੂ ਕੇਰਦੀਆਂ ਜਾਂਦੀਆਂ ਸਨ।

ਇਸ ਦਫਾ ਕਾਲੋਕੇ ਨਗਰ ਤਾਂ ਤਬਾਹ ਹੋ ਗਿਆ ਮਗਰ ਧੌਂਸ ਵਾਲਿਆਂ ਨੂੰ ਵੀ ਕਾਲਕਿਆਂ ਦੇ ਗੱਭਰੂਆਂ ਨੇ ਅਕਲ ਦੇ ਛੱਡੀ ਅੱਗੋਂ ਵਾਸਤੇ ਸ਼ਪਾਸ਼ਪ ਪਿੰਡਾਂ ਨੂੰ ਅੱਗਾਂ ਨਹੀਂ ਲਗਾਇਆ ਕਰਣਗੇ।

ਜਦੋਂ ਠੰਢ ਠੰਢਈਆ ਹੋ ਗਿਆ ਅਤੇ ਪਿੰਡ ਦੁਬਾਰਾ ਵਸ ਪਿਆ ਤਾਂ ਪਿੰਡ ਦੇ ਸਿਆਣਿਆਂ ਨੇ ਆਪਣੇ ਰਾਖਵੇਂ ਸੂੰਹੇ ਤੋਂ ਪੁੱਛ ਕੀਤੀ ਤਾਂ ਉਸ ਆਖਿਆ "ਮੈਂ ਬੁੱਢੇ ਕੇ ਫਲਾਣਾਂ ਸਿੰਘ ਨੂੰ ਸ਼ਰਕ ਕੰਢੇ ਪੈਲੀ ਨੂੰ ਵਾੜ ਕਰਦੇ ਨੂੰ ਸੁਨੇਹਾ ਦੇ ਕੇ ਗਿਆ ਸਾਂ ਕਿ ਕਾਲੋਕਿਆ ਨੂੰ ਧੌਂਸ ਨੇ ਸਵੇਰੇ ਸਾੜਨਾ ਹੈ, ਸਾਮਾ ਕਰ ਲਵੋ। ਜੇ ਉਹ ਪਿੰਡ ਨੂੰ ਨ ਖਬਰ ਕਰੇ ਤਾਂ ਮੇਰੀ ਕੀ ਖਤਾ" ਪਿੰਡ ਵਾਲਿਆਂ ਨੂੰ ਪਤਾ ਸੀ ਕਿ ਉਹ ਮਾਲ ਡੰਗਰ ਤੇ ਭਾਜੜ ਬਾਮੀ ਲੈ ਗਿਆ ਸੀ। ਪੰਚਾਇਤ ਨੇ ਫੈਸਲਾ ਦਿੱਤਾ ਕਿ ਬੁੱਢੇ ਕੇ ਸਾਰੇ ਪਿੰਡ ਨੂੰ ਮੁਸੀਬਤ ਵਿਚ ਛੱਡ ਆਪ ਵੱਖਰੇ ਹੋ ਗਏ ਅਗੋਂ ਤੋਂ ਬੁੱਢੇ ਕਿਆਂ ਦੀਆਂ ਮੜ੍ਹੀਆਂ ਪਿੰਡ ਨਾਲੋਂ ਵੱਖਰੀਆਂ ਹੋਣਗੀਆ", ਸਾਂਝੀਆਂ ਨਹੀਂ। ਦੇਸ਼ ਵਿਭਾਜਨ ਸਮੇਂ, 1947 ਈ: ਤਕ ਇਹ ਪਰਥਾ ਬਿਲਕੁਲ ਲਾਗੂ ਸੀ। ਦੂਜੇ ਪਾਸੇ ਖੂਹ ਵਾਹਣ ਵਾਲੇ ਤੇ ਮਾਨੀ ਦਾ ਕਰਤਵ ਸੋਨੇ ਨਾਲ ਲਿਖਣ ਦੇ ਕਾਬਲ ਹੈ।

—00—

1. ਨਿਊਣ—ਕਾਲੋਕੀਆ ਦੀ ਸਾਮਲਾਤ ਵਿਚ ਖਿਦਰ ਆਣੇ ਛੱਪੜ ਨੇੜੇ ਨੀਵੀਂ ਥਾਂ ਜਿਥੇ ਹਰ ਸਮੇਂ ਹਰਾ ਘਾਹ ਤੇ ਛਾਂ ਰਹਿੰਦੀ ਸੀ।

ਕੜਯਾਲ ਕਲਾਂ ਤੇ ਚੜ੍ਹਾਈ

•

ਕਲੋਕਿਆਂ ਤੋਂ ਖਾਧੀ ਮਾਰ ਦੇ ਫੱਟ ਧੌਂਸ ਵਾਲੇ ਜੰਡਿਆਲੇ ਬੈਠ ਕੇ ਕਈ ਦਿਨ ਚਟਦੇ ਰਹੇ। ਇੱਕ ਦਿਨ ਕੜਯਾਲ ਕਲਾਂ, (ਇਹਨਾਂ ਸਤਰਾਂ ਦੇ ਲਿਖਾਰੀ ਦਾ ਪੈਤਰਕ ਨਗਰ) ਦੇ ਸ਼ੇਖ (ਭਰਾਈ) ਮੰਗਣ ਵਾਸਤੇ ਜੰਡਿਆਲੇ ਗਏ ਤਾਂ ਉਹਨਾਂ ਕੁਛ ਘੋਰ ਮਸੋਰੇ ਸੁਣ, ਕੰਨ ਬੰਨ ਮੰਗਣ ਦਾ ਧਿਆਨ ਛੱਡ ਪਿੰਡ ਵਲ ਘੂਕਰਾਂ ਬੰਨ੍ਹ ਲਈਆਂ। ਪਿੰਡ ਆ ਕੇ ਬੁਢੇ ਸ਼ੇਖ ਨੇ ਪੰਚਾਇਤ ਨੂੰ ਆਖਿਆ, "ਪਰਭੋ ਮੈਂ ਕੰਨੀ ਸੁਣਿਆ ਹੈ ਕਿ ਭਲਕੇ ਧੌਂਸ ਨੇ ਕਾਲੋਕਿਆ ਵਾਂਗੂੰ ਸਾਡਾ ਪਿੰਡ ਵੀ ਸਾੜਣਾ ਹੈ। ਹੁਣ ਜਿਵੇਂ ਤੁਸਾਡੀ ਮਰਜੀ" ਪੰਚਾਂ ਨੇ ਸ਼ੇਖ ਨੂੰ ਆਖ ਵਾਹਰੂ ਢੋਲ ਵਜਵਾ ਦਿੱਤਾ। ਪਿੰਡ ਦਾ ਜੋ ਬੰਦਾ, ਜਨਾਨੀ, ਡੰਗਰ-ਵੱਛਾ ਬਾਹਰ ਗਿਆ ਹੋਇਆ ਸੀ ਸਭ ਛੱਡ ਛਡਾ ਕੇ ਪਿੰਡ ਨੂੰ ਭੱਜ ਆਏ।

ਪਿੰਡ ਦੇ ਚਾਰੇ ਪਾਸੇ ਪਕੀ ਮੋਰਚਿਆਂ ਵਾਲੀ ਕੰਧ[1] ਸੀ ਜਿਸ ਵਿਚ ਤਿੰਨ ਵੱਡੇ ਦਰਵਾਜੇ ਚੜ੍ਹਦੇ ਪਹਾੜ ਤੇ ਦੱਖਣ ਵੱਲ ਸਨ। ਪਿੰਡ ਦੀ ਚੜ੍ਹਦੀ ਅਤੇ ਲਹਿੰਦੀ ਬਾਹੀ ਦੋ ਵਡੇ ਡੂੰਘੇ ਛੱਪੜ ਸਨ। ਕੇਵਲ ਪਹਾੜ ਤੇ ਦੱਖਣ ਦੀ ਬਾਹੀਆਂ ਸੁਕੀਆਂ ਸਨ। ਪੰਚਾਇਤ ਨੇ ਹੋਕਾ ਫਿਰਵਾ ਦਿੱਤਾ ਜਿਸ ਕਿਸੇ ਪਿੰਡ ਛੱਡ ਕੇ ਜਾਂ ਸਾਕਾਂ ਸਰਬੰਧੀਆਂ ਕੋਲ ਜਾਣਾ ਹੋਵੇ ਉਹ ਅੱਧੀ ਰਾਤ ਤੱਕ ਜਾ ਸਕਦਾ ਹੈ। ਪਿੰਡ ਦਾ ਸਾਰਾ ਡੰਗਰ ਵੱਛਾ ਅੱਧੀ ਰਾਤ ਨੂੰ ਮਸੰਦੇ ਵੱਲ ਕੱਢ ਦਿੱਤਾ। ਪਿੰਡ ਦੇ ਦਰਵਾਜੇ ਬੰਦ ਕਰ ਟਾਂਗੂ ਚਾੜ੍ਹ ਦਿੱਤੇ। ਦਿਨ ਦੇ ਚੜਾ ਨਾਲ ਢੋਲ ਤੇ ਡਗਾ ਵੱਜ ਗਿਆ ਤੇ ਨਿਸ਼ਾਨਚੀ ਆਪੋ ਆਪਣੇ ਮੋਰਚੇ ਸੰਭਾਲ ਬੈਠੇ। ਟਾਂਗੂ ਨੇ ਖਬਰ ਦਿੱਤੀ ਕਿ ਧੌਂਸ ਸਮਾਧਾਂ[2] ਕੋਲ ਪੁੱਜ ਗਈ ਹੈ ਤਦ ਧੌਂਸੇ ਤੇ ਦੂਹਰੀ ਚੋਟ ਪਈ। ਦੁਸ਼ਮਨ ਪਹਾੜ ਵਾਲੇ ਪਾਸੇ ਵੱਲ ਵਧਿਆ ਪਰ ਨਿਸ਼ਾਨਚੀਆਂ ਨੇ ਪਿੰਡ ਦੀਆਂ ਨਿਆਈਆਂ ਤੋਂ ਅਗਾਂਹ ਨਾ ਲਘਣ ਦਿੱਤਾ ਸਾਰਾ ਦਿਨ ਇਸੇ ਤਰ੍ਹਾਂ ਲੰਘ ਗਿਆ। ਰਾਤ ਪਈ ਤਾਂ ਸੂੰਹੇ ਨੇ ਪਤਾ ਦਿੱਤਾ ਕਿ ਸਵੇਰੇ ਇਕ ਨਿਸ਼ਾਨਚੀ ਧੌਂਸ ਵਾਲਿਆਂ ਨੇ ਗੋਰੇ ਵਾਲੇ ਖੂਹ ਦੇ ਪਿਪਲ[3] ਤੇ ਬਿਠਾਣਾ ਹੈ ਤਾ ਜੋ ਕੋਈ ਨਿਸ਼ਾਨਚੀ ਕੰਧ ਤੋਂ ਮਾਰ ਨਾ ਕਰ ਸਕੇ।

ਕੜਯਾਲ ਦਾ ਇਕ ਸਾਂਹਸੀ ਬੜਾ ਨਿਪੁੰਨ ਨਿਸ਼ਾਨਚੀ ਸੀ। ਉਸ ਆਖਿਆ ਜਜਮਾਨ ਤੁਸੀਂ ਮੈਨੂੰ ਇਕ ਕੜਾਹੇ ਵਿਚ ਬੰਦੂਕ ਜੋਗੀ ਗਲੀ ਕਰਵਾਕੇ ਕੰਧ ਉਤੇ ਪਿਪਲ ਦੇ ਸਾਹਮਣੇ ਰਖਵਾ ਦਿਉ, ਬਾਕੀ ਮੈਂ ਜਾਣਾ ਤੇ ਨਿਸ਼ਾਨਚੀ। ਰਾਤੋ ਰਾਤ ਕੜਾਹਿਆ ਮੋਰੀ ਕਰਵਾਕੇ ਜਿਥੇ ਸਾਂਹਸੀ ਨੇ ਆਖਿਆ ਖੜਾ ਕਰਵਾ ਦਿੱਤਾ ਗਿਆ। ਸੂਰਜ ਦੀ ਟਿੱਕੀ ਨਿਕਲਣ ਨਾਲ, ਧੌਂਸ ਸਮਾਧਾਂ ਤੋਂ ਟੁਰੀ ਤਾਂ ਸਾਂਹਸੀ ਦੇ ਸੰਕੇਤ ਕਰਨ ਤੇ ਕੜਾਹੇ ਦੇ ਲਾਗਿਓਂ ਹੀ ਢਾਂਗੇ ਤੇ ਇੱਕ ਪੱਗ ਥੋੜੀ ਜਹੀ ਕੰਧੋਂ ਉਤਾਂਹ ਕੀਤੀ ਤਾਂ ਪਿੱਪਲ ਵਾਲੇ ਨੇ ਕਾੜ ਕਾਰ ਦੀ ਗੋਲੀ ਮਾਰੀ। ਸਾਹਸੀ ਤਾੜਦਾ ਰਿਹਾ। ਫਿਰ ਕੜਾਹੇ ਦੇ ਦੂਜੇ ਪਾਸਿਓਂ ਪੱਗ ਉਤਾਂਹ ਕੱਢੀ ਤਾਂ ਫਿਰ ਗੋਲੀ ਪੱਗ ਵਿਚ ਵੱਜੀ ਇਤਨੇ ਚਿਰ ਨੂੰ ਧੌਂਸ ਆਵੇ ਕੋਲ ਅਪੜ ਚੁੱਕੀ ਸੀ ਦੂਜੀ ਗੋਲੀ ਚਲਦਿਆਂ ਸਾਰ ਸਾਂਹਸੀ ਨੇ ਦੁਗਾੜਾ ਮਾਰਿਆ, ਧੌਂਸ ਦਾ ਨਿਸ਼ਾਨਚੀ ਸਣੇ ਬੰਦੂਕ ਪਿੱਪਲ ਤੋਂ ਸਿਰ ਪਰਨੇ ਆ ਡਿੱਗਾ ਤੇ ਧੌਂਸ ਵਾਲਿਆਂ ਨੂੰ ਦਿਨੇ ਦਿਨੇ ਇਤਨੀ

---

1. **ਕੰਧ** ਇਹ 1848 ਵਿਚ ਅੰਗਰੇਜ਼ਾਂ ਨੇ ਢੁਆਈ ਸੀ ਕਿਉਂਕਿ ਬਾਬਾ ਮਹਾਰਾਜ ਸਿੰਘ ਏਥੋਂ ਦੀ ਹੋ ਕੇ ਅਗਾਂਹ ਬੱਬਰ ਝਬਰਾਂ ਥਾਣੀ ਮੁਲਤਾਨ ਨੂੰ ਗਏ ਸਨ। ਨਿਸ਼ਾਨੀ ਵਜੋਂ ਕੰਧ ਦਾ ਟੁਕੜਾ ਪਹਾੜ ਦੀ ਗੁੱਠੇ 1947 ਈ: ਤੱਕ ਖੜਾ ਸੀ।
2. **ਸਮਾਧਾਂ**—ਇਥੇ ਆਰੰਭ ਕਾਲ ਦੇ ਸਮੇਂ ਮਾਲੋਕਿਆਂ ਦਾ ਪਿੰਡ ਹੁੰਦਾ ਸੀ ਜੋ ਕੜਯਾਲ ਹਥੋਂ ਤਬਾਹ ਹੋਇਆ ਸੀ।
3. **ਗੋਰੇ ਵਾਲਾ ਖੂਹ**—ਇਹ ਪਿੰਡੋ ਚੜ੍ਹਦੀ ਗੁਠੇ ਨਿਆਈਆ ਵਿਚ ਲਿਖਾਰੀ ਨੇ ਵੱਗਦਾ ਡਿੱਠਾ ਹੈ।
4. **ਪਿੱਪਲ**—ਇਸ ਪਿੱਪਲ ਥੱਲੇ ਲਿਖਾਰੀ ਬਚਪਨ ਵਿਚ ਖੇਡਦਾ ਰਿਹਾ ਹੈ। ਫਿਰ ਸੰਨ 1911-12 ਵਿਚ ਖੂਹ ਦੇ ਢਹਿ ਜਾਣ ਕਾਰਨ ਪਿੱਪਲ ਵੀ ਡਿੱਗ ਪਿਆ ਸੀ।

ਹਿੰਮਤ ਨਾ ਪਈ ਕਿ ਨਿਸ਼ਾਨਚੀ ਦੀ ਲੋਥ ਹੀ ਚੁੱਕ ਲੈ ਜਾਣ। ਰਾਤੋਂ ਰਾਤ ਥਾਓਂ ਥਾਈਂ ਹੋਰ ਕੜਾਹੇ ਕੰਧ ਤੇ ਚੁਫੇਰੇ ਰੱਖ ਦਿੱਤੇ ਗਏ।

ਰਾਤੀਂ ਸੂੰਹੇ ਨੇ ਸੂੰਹ ਦਿੱਤੀ ਕਿ ਸਵੇਰੇ ਹਾਥੀ ਨੂੰ ਸ਼ਰਾਬ ਪਿਆ ਕੇ ਦਰਵਾਜ਼ੇ ਨੂੰ ਢਾਹਿਆ ਜਾਣਾ ਹੈ। ਪਹਾੜ ਦੇ ਦੱਖਣੀ ਦਰਵਾਜ਼ੇ ਦੀ ਪਕਿਆਈ ਕੀਤੀ ਗਈ ਸਵੇਰੇ ਧੌਂਸ ਵਾਲਿਆਂ ਨੇ ਜਦੋਂ ਹਾਥੀ ਦਰਵਾਜ਼ੇ ਵੱਲ ਨੂੰ ਸਿੱਧਾ ਕਰਕੇ ਛੱਡ ਦਿੱਤਾ ਤਾਂ ਇਹਨਾਂ ਸਤਰਾਂ ਦੇ ਲਿਖਾਰੀ ਦੇ ਪੂਰਵਜ ਬਾਬਾ ਅਮਰੀਕ ਸਿੰਘ ਜੇਦਕਾ[1], ਹੱਥ ਵਿਚ ਤਲਵਾਰ ਫੜ ਦਰਵਾਜ਼ੇ ਦੀ ਖਿੜਕੀ ਕੋਲ ਖਲੋ ਗਏ ਜਦੋਂ ਹਾਥੀ ਕੁਛ ਕਦਮਾਂ ਦੂਰ ਰਹਿ ਗਿਆ ਤਾਂ ਬਾਬਾ ਜੀ ਨੇ ਫੁਰਤੀ ਨਾਲ ਬਾਹਰ ਨਿਕਲ ਹਾਥੀ ਦਾ ਸੁੰਡ ਵੱਢ ਦਿੱਤਾ। ਹਾਥੀ ਚੀਕਾਂ ਮਾਰਦਾ ਪਿੱਛਾ ਭੱਜ ਗਿਆ। ਬਾਬਾ ਜੀ ਜੈਕਾਰਾ ਗਜਾ ਅੰਦਰ ਆ ਗਏ

ਧੌਂਸ ਵਾਲਿਆਂ ਨੂੰ ਤਿੰਨ ਦਿਨ ਕੜਯਾਲੀਆਂ ਨੇ ਨੇੜੇ ਨਾਂ ਆਵਨ ਦਿੱਤਾ। ਉਹ ਛਿਥੇ ਪੈ ਕੇ ਫਸਲਾਂ ਦੀ ਤਬਾਹੀ ਕਰਨ ਨੂੰ ਤਿਆਰ ਹੋ ਗਏ। ਓੜਕ ਪਿੰਡ ਦਿਆਂ ਸਿਆਣਿਆਂ ਜੰਡਿਆਲੇ ਪਠਾਣਾਂ ਨੂੰ ਪੁੱਛਿਆ ਧੌਂਸ ਚਾਹੁੰਦੀ ਕੀ ਹੈ। ਉਹਨਾਂ ਆਖਿਆ ਤੁਸੀਂ ਮਾਮਲਾ ਦੇ ਦਿਉ ਧੌਂਸ ਚਲੀ ਜਾਵੇਗੀ। ਇਹਨਾਂ ਆਖਿਆ ਅਸੀਂ ਮਾਮਲਾ ਉਤਾਰ ਬੈਠੇ ਹਾਂ। ਪਠਾਣਾਂ ਆਖਿਆ ਤੁਸੀਂ ਹੋਰ ਦੇ ਕੇ ਪਿੰਡ ਛੁੜਾ ਲਵੋ। ਚੁਨਾਂਚਿਹ ਪਿੰਡ ਵਿਚੋਂ ਉਗਰਾਹੀ ਕਰ ਦੁਬਾਰਾ ਮਾਮਲਾ ਤਾਰ ਦਿੱਤਾ ਗਿਆ। ਤਦ ਧੌਂਸ ਕੜਯਾਲ ਮਗਰੋਂ ਲਹਿ ਗਈ। ਮਗਰ ਹੋਰ ਨਿੱਕੇ ਮੋਟੇ ਅਨੇਕਾਂ ਪਿੰਡ ਸਾੜ ਫੂਕ ਕੇ ਸੁਆਹ ਕਰ ਦਿੱਤੇ ਗਏ।

ਧਿਆਨ ਰਹੇ ਕਿ 1730 ਈ: ਦੇ ਇਸ ਰਾਮ ਰੌਲੇ ਵਿਚ ਗੁਰਮੂਲਾ ਤੇ ਸਾਹੋ ਕੇ ਸੁਰਖਿਅਤ ਰਹਿ ਗਏ ਸਨ ਕਿਉਂਕਿ ਗੁਰਮੂਲੇ ਦੇ ਚੌਧਰੀ ਗੁਰਦਿੱਤਾ ਮਲ ਦਾ ਜੰਡਿਆਲੇ ਪਠਾਣਾਂ ਨਾਲ ਬੜਾ ਜੜ ਮੇਲ ਸੀ ਅਤੇ ਦੂਜੇ ਉਨ੍ਹਾਂ ਦਾ ਕਰਵਾਨ ਥਆ ਸਰਕਾਰੀ ਮਾਲ ਢੋਇਆ ਕਰਦਾ ਸੀ। ਇਹਨਾਂ ਦੀ ਸਿਰ ਬੀਤੀ ਦਾ ਹਾਲ ਅੱਗੇ ਆਵੇਗਾ।

ਕੜਯਾਲ ਦੀ ਪੰਚਾਇਤ ਨੇ ਆਪਣੇ ਪਿੰਡ ਦੇ ਸ਼ੇਖਾਂ (ਭਰਾਈਆਂ) ਦੀ ਇਹ ਪਿਰਤ ਬਧੀ ਕਿ ਜਿਹੜੇ ਪਿੰਡ ਕੋਈ ਕੜਯਾਲੀਯਾ ਮੁੰਡਾ ਵਿਆਹਿਆ ਹੋਵੇ ਉਸ ਘਰੋਂ ਇਕ ਚਾਦਰ ਤੇ ਪਾਈ ਦਾਣੇ ਹਰ ਚਹੁੰ ਸਾਲੀਂ ਮਿਲਿਆ ਕਰੇਗੀ ਅਤੇ ਸਾਂਹਸੀ ਰੱਜ ਸਾਰੇ ਪਿੰਡ ਵਿਚੋਂ ਖੈਰ ਮੰਗ ਸਕੇਗਾ ਕੋਈ ਉਸ ਨੂੰ ਖਾਲੀ ਨਹੀਂ ਟੋਰੇਗਾ।

—00—

1. **ਅਮਰੀਕ ਸਿੰਘ ਜੇਦ ਕਾ**—ਇਹਨਾਂ ਨੇ ਦਸਮੇਸ਼ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਪਾਨ ਕੀਤਾ ਸੀ। ਇਹਨਾਂ ਦੇ ਬਾਰੇ ਲਿਖਾਰੀ ਨੂੰ ਬਾਬਾ ਗੁਮਾਨ ਸਿੰਘ ਜੀ ਨੇ ਬਚਪਨ ਵਿਚ ਅਤੇ ਜਦੋਂ ਲਿਖਾਰੀ ਫੌਜ ਵਿਚ ਕਪਤਾਨ ਪਦ ਉੱਨਤ ਹੋਇਆ ਤਾਂ ਮਿਰਾਸੀ ਨੇ ਦੱਸਿਆ ਸੀ "ਸਰਦਾਰ ਤੂੰ ਉਸ ਅਮਰੀਕ ਸਿੰਘ ਦਾ ਪੜਪੋਤਰਾ ਹੈਂ ਜਿਸ ਹਾਥੀ ਦਾ ਸੁੰਢ ਵੱਢਿਆ ਸੀ। (ਗਿਆਨੀ ਜੀ)

ਸ਼ੇਖ਼ੂਪੁਰੇ ਦਾ ਕਿਲਾ[1]

ਹਕੂਮਤ ਵਲੋਂ ਇਥੇ ਕੋਈ ਫੌਜ ਨਹੀਂ ਸਗੋਂ ਇਕ ਠਾਣਾ ਰੱਖਿਆ ਹੋਇਆ ਸੀ ਜੋ ਮੁਲਕ ਦਾ ਬੰਦੋਬਸਤ ਘੱਟ ਤੇ ਆਪਣੇ ਪੇਟ ਪਾਲਣ ਦਾ ਪ੍ਰਬੰਧ ਅਧਿਕ ਕੀਤਾ ਕਰਦਾ ਸੀ। ਮਾਲੋਕੇ ਠਾਣੇ ਵਾਲਿਆਂ ਦਾ ਮੂੰਹ ਭੁਲਸੀ ਰੱਖਿਆ ਕਰਦੇ ਸਨ। ਇਸ ਵਾਸਤੇ ਇਹਨਾਂ ਦੀਆਂ ਖੁਲ੍ਹੀਆਂ ਚੁਗਿਆ ਕਰਦੀਆਂ ਸਨ ਤੇ ਇਹ ਲੁਬਾਣਿਆਂ ਦਾ ਚਾਰਾ ਨਹੀਂ ਚਲਣ ਦਿਆ ਕਰਦੇ ਸਨ। ਹੁਣ ਜਦੋਂ ਲੁਬਾਣਿਆਂ ਦੇ ਸਹਿਯੋਗ ਨਾਲ ਧੌਂਸ ਨੇ ਮਾਲੋਕਿਆਂ ਨੂੰ ਪ੍ਰਾਜਯ ਕਰ ਲਿਆ ਤਾਂ ਲੁਬਾਣਿਆਂ ਦੀ ਚੜ੍ਹ ਮਚ ਗਈ। ਲੁਬਾਣੇ ਠਾਣੇ ਵਾਲਿਆਂ ਨਾਲ ਘੁਲ ਮਿਲ ਗਏ। ਠਾਣੇਦਾਰ ਤੇ ਬਹੁਤੇ ਸਿਪਾਹੀ ਧੌਂਸ ਵਾਲਿਆਂ ਦੀ ਮਦਦ ਲਈ ਜੰਡਿਆਲੇ ਗਏ ਹੋਏ ਸਨ। ਲੁਬਾਣੇ ਕਿਲੇ ਦੇ ਅੰਦਰ-ਬਾਹਰ ਵੜਨ ਕਰਕੇ ਭੇਤੀ ਹੋ ਗਏ ਤੇ ਠਾਣੇ ਵਾਲਿਆਂ ਨਾਲ ਪੀਡੇ ਪੇਚੇ ਪਾ ਲਏ। ਦੁਧ ਘਿਉ ਭੇਡ ਭਾਰੂ ਲਾਹਮਿਓਂ ਚੁੱਕ ਚੁੱਕ ਪੁਲਸੀਆਂ ਨੂੰ ਖੁਆਣ ਲੱਗ ਗਏ। ਐਥੋਂ ਤੱਕ ਕਿ ਕਈ ਲੁਬਾਣੇ ਰੋਟੀ ਟੁਕਰ ਤੇ ਹੀ ਪੁਲਸੀਆਂ ਦੇ ਖਿਦਮਤਗਾਰ ਬਣ ਕਿਲੇ ਦੇ ਅੰਦਰ ਹੀ ਰਹਿਣ ਲੱਗ ਪਏ।

ਸਾਂਦਲਬਾਰ ਨੂੰ ਸਾੜ ਫੂਕ, ਆਪਣੇ ਵਲੋਂ ਤਹਿਤ ਬਿਠਾ ਕੇ ਜਦੋਂ ਧੌਂਸ ਵਾਪਸ ਲਾਹੌਰ ਚਲੀ ਤਾਂ ਲੁਬਾਣਿਆਂ ਨੇ ਠਾਣੇ ਵਾਲਿਆਂ ਨੂੰ ਸ਼ਿਕਾਰ ਦੇ ਪੱਜ ਬਾਹਰ ਲੈ ਜਾਣਾ ਸ਼ੁਰੂ ਕਰ ਦਿੱਤਾ। ਫਿਰ ਕਈ ਦਿਨ ਤੇ ਰਾਤਾਂ ਉਹਨਾਂ ਨੂੰ ਬਾਹਰ ਹੀ ਰੱਖਣ ਲੱਗ ਪਏ। ਇਕ ਦਿਨ ਠਾਣੇ ਵਾਲਿਆਂ ਨੂੰ ਡੇਕ ਤੇ ਲੈ ਗਏ ਤੇ ਉਥੇ ਰਾਤੀਂ ਉਹਨਾਂ ਨੂੰ ਕਤਲ ਕਰ ਬਿੱਲੇ ਲਾ ਦਿੱਤਾ ਅਤੇ ਕਿਲੇ ਵਾਲਿਆਂ ਨੂੰ ਆਖਿਆ ਸਾਨੂੰ ਸਾਡੇ ਫਲਾਣੇ ਬੰਦੇ ਨੂੰ ਸੱਦ ਦਿਉ। ਉਹਨੂੰ ਠਾਣੇਦਾਰ ਨੇ ਸੱਦਿਆ ਹੈ। ਕਿਲੇ ਅੰਦਰ ਦੋ ਸਿਪਾਹੀ ਤੇ ਦੋ ਲੁਬਾਣੇ ਸਨ। ਜਿਸ ਵੇਲੇ ਸਿਪਾਹੀ ਨੇ ਤਾਕੀ ਖੋਹਲ ਲੁਬਾਣੇ ਨੂੰ ਬਾਹਰ ਕੀਤਾ ਦੂਜੇ ਲੁਬਾਣੇ ਨੇ ਧਿਕ ਕੇ ਸਿਪਾਹੀ ਨੂੰ ਵੀ ਬਾਹਰ ਕਰ ਦਿੱਤਾ। ਅੱਖ ਦੇ ਫੋਰ ਵਿਚ ਉਹਦਾ ਝਟਕਾ ਕਰ ਦਿੱਤਾ ਗਿਆ। ਦੂਜਾ ਸਿਪਾਹੀ ਟਾਂਗੂ ਤੇ ਸੀ। ਇਕ ਲੁਬਾਣੇ ਨੇ ਟਾਂਗੂ ਨੂੰ ਜਾ ਆਖਿਆ, ਖਾਨ ਜੀ ਡਿਉਢੀ ਵਾਲਾ ਤੁਹਾਨੂੰ ਸੱਦਦਾ ਹੈ ਠਾਣੇਦਾਰ ਦਾ ਸੁਨੇਹਾ ਆਇਆ ਹੈ, ਮੈਂ ਟਾਂਗੂ ਤੇ ਬੈਠਦਾ ਹਾਂ। ਡਿਉਢੀ ਵਿਚ ਅਪੜਨ ਤੇ ਉਸਦਾ ਵੀ ਝਟਕਾ ਹੋ ਗਿਆ—ਦੋਹਾਂ ਨੂੰ ਬਿਲੇ ਲਾ ਕੇ ਸੰਪੂਰਨ ਕਿਲੇ ਤੇ ਲੁਬਾਣਿਆ ਨੇ ਕਬਜ਼ਾ ਕਰ ਲਿਆ—ਪਰੰਤੂ ਬਾਹਰ ਕਿਸੇ ਨੂੰ ਪਤਾ ਨਾ ਚਲਿਆ। ਲੁਬਾਣੇ ਪੁਲਿਸ ਦੀਆਂ ਵਰਦੀਆਂ ਪਾ ਕੇ ਕਿਲੇ ਦੇ ਅੰਦਰ ਬਾਹਰ ਘੁੰਮਣ ਲੱਗ ਪਏ।

ਇਕ ਬਾਂਦਰ ਦੂਜੇ ਬਿਛੂ ਲੜਿਆ। ਲੁਬਾਣਿਆਂ ਦੇ ਹੱਥ ਕਿਲਾ ਆ ਜਾਵਨ ਤੇ ਹੁਣ ਉਹਨਾਂ ਘੋੜਿਆਂ ਤੇ ਚੜ੍ਹ ਦੂਰ ਦੂਰ ਤੋੜੀ ਧਾੜੇ ਘੱਤੇ ਮਾਰਨੇ ਸ਼ੁਰੂ ਕਰ ਦਿੱਤੇ। ਕਦੇ ਤਾਂ ਛੇੜੂਆਂ ਤੋਂ ਡੰਗਰ ਖੋਹ ਕੇ ਲਿਆ ਕੈਦ ਕਰਦੇ ਜਾਂ ਖੇਤਾਂ ਵਿਚ ਕੰਮ ਕਰਦਿਆਂ ਬੰਦਿਆਂ ਨੂੰ ਚੁੱਕ ਲਿਆਂਦੇ ਤੇ ਭੁੰਗਾ ਲੈ ਕੇ ਛੱਡ ਦੇਂਦੇ। ਬਹੁਤਾ ਇਹਨਾਂ ਦਾ ਮੁਹਾੜ ਕਾਲੋਕਿਆਂ ਵੱਲ ਜਾਂ ਲਾਗੇ ਬੰਨੇ ਤੱਕ ਹੀ ਸੀ। ਭਿੱਖੀ ਅਤੇ ਮੜ੍ਹਯਾਲੇ ਵੱਲ ਕਦੇ ਕਦਾਈਂ ਮੌਕਾ ਵੇਖ ਫੇਰਾ ਮਾਰਦੇ ਸਨ।

ਮਾਲੋਕਾ ਇੰਦਰ ਸਿੰਘ ਬੜਾ ਮਾਰ ਖੋਰਾ ਬੰਦਾ ਸੀ। ਉਹ ਕੁਝ ਦਿਨ ਤਾਂ ਸਿਰ ਲੁਕਾਈ ਫਿਰਿਆ। ਆਖਰ ਇਕ ਦਿਨ ਕਾਲੋਕੀ ਆ ਨਿਕਲਿਆ। ਕਾਲੋਕਿਆਂ ਲੁਬਾਣਿਆਂ ਦੀ ਮੁਸੀਬਤ ਦਾ ਜ਼ਿਕਰ ਕੀਤਾ। ਉਸ ਆਖਿਆ ਵਿਰਕੈਤ ਨੂੰ ਸੱਦੋ। ਵਿਰਕੈਤ ਵਿਚੋਂ ਵੀ ਕੜਯਾਲ, ਕਾਲੋ, ਮਾਲੋ, ਭਿਖੀ ਚਾਰੇ ਇਕੱਠੇ ਹੋਇਆ ਕਰਦੇ ਸਨ। ਸੋ ਕੜਯਾਲ ਤੇ ਭਿਖੀ ਨੂੰ ਸੱਦ ਲੁਬਾਣਿਆਂ ਬਾਰੇ ਸੋਚਣ ਬੈਠੇ ਤਾਂ ਇੰਦਰ ਸਿੰਘ ਮਾਲੋ ਕੇ ਆਖਿਆ

1. ਕਿਲਾ—ਜਹਾਂਗੀਰ ਨੇ ਇਹ ਕਿਲਾ ਸ਼ਿਕਾਰ ਦੇ ਦੌਰਾਨ ਆਪਣੀ ਰਿਹਾਇਸ਼ਗਾਹ ਦੇ ਤੌਰ ਤੇ ਅਕਬਰ ਦੇ ਜ਼ਮਾਨੇ ਆਪਣੀ ਕੁਮਾਰਾਵਸਥਾ ਵਿਚ ਬਣਵਾਇਆ ਸੀ।

ਪਈ ਕੜਯਾਲ ਤੇ ਭਿੱਖੀ ਇਕ ਦਿਨ ਪਹਿਲਾਂ ਸਣੇ ਹਥਿਆਰੀ ਆ ਜਾਵ । ਅਗਲੇ ਦਿਨ ਕਾਲੱਕੇ ਲੁਬਾਣਿਆਂ ਨੂੰ, ਬੇ ਹਥਿਆਰ ਜਾ ਕੇ ਸੱਦ ਲਿਆਵਨ, ਪਈ ਆਓ ਬਹਿ ਕੇ ਨਿਆਂ ਕਰ ਲਈਏ । ਦੁਪਹਿਰ ਇਕ ਇਕ ਨੂੰ ਘਰੋ ਘਰੀਂ ਰੋਟੀ ਖੁਆਣ ਦੇ ਪੱਜ ਲੈ ਜਾਓ ਤੇ ਡਗਾ ਖੜਕਾ ਕੇ ਸਭ ਨੂੰ ਕਤਲ ਕਰ ਦਿਉ ਜਿਉਂਦਾ ਇਕ ਨਾ ਛੱਡੋ । ਸਾਰਿਆਂ ਇਸ ਵਿਉਂਤ ਨੂੰ ਪਰਵਾਨ ਕੀਤਾ। ਕਾਲੱਕਿਆਂ ਨੇ ਲੁਬਾਣਿਆਂ ਨਾਲ ਭਰੱਪਾ ਪਾ ਲਿਆ। ਰਾਵੀ ਵੱਲ ਧਾੜੇ ਵੀ ਮਾਰਨ ਦੀਆਂ ਵਿਉਂਤਾ ਕਰਨ ਲੱਗੇ । ਅਰ ਇਕ ਦਿਨ ਇੰਦਰ ਸਿੰਘ ਵਾਲੀ ਵਿਉਂਤ ਦਾ ਸ੍ਰੀਗਣੇਸ਼ ਕੀਤਾ। ਅਗਲੇ ਦਿਨ ਲੁਬਾਣੇ ਤਨੀ ਬੰਨ੍ਹ ਆ ਪੁਜੇ । ਦਪਹਿਰੀ ਇੱਕ ਇੱਕ ਨੂੰ ਘਰੋ ਘਰੀਂ ਲੈ ਗਏ । ਇਕ ਮਾਈ ਦਾ ਇਕੋ ਪੁਤਰ ਸੀ ਉਹਦੇ ਘਰ ਜਿਹੜਾ ਮੁੰਡਾ ਆਇਆ ਉਸ ਨੂੰ ਮਾਈ ਨੇ ਪੁਛਿਆ ਤੁਸੀਂ ਕਿੰਨੇ ਭਰਾ ਹੋ । ਉਸ ਆਖਿਆ ਮੈਂ ਇਕੱਲਾ ਹੀ ਹਾਂ। ਉਸ ਮਾਈ ਨੇ ਚਾਦਰ ਦੇ ਕੇ ਉਸ ਨੂੰ ਆਖਿਆ ਚੁਪ ਕਰਕੇ ਮੇਰੇ ਮਗਰ ਲਗਾ ਆ । ਪਿੰਡੋਂ ਬਾਹਰ ਲੈ ਜਾ ਕੇ ਉਹਨੂੰ ਆਖਣ ਲਗੀ। ਲੈ ਪੁੱਤਰਾ ਹੁਣ ਤੂੰ ਭਜ ਜਾਹ। ਤੇਰੇ ਨਾਲ ਦੇ ਅਜ ਡਗਾ ਵੱਜਣ ਤੇ ਸਭ ਵਢੇ ਜਾਣੇ ਹਨ । ਜੇ ਤੈਨੂੰ ਐਥੇ ਕਿਸੇ ਵੇਖ ਲਿਆ ਤਾਂ ਮਾਰਿਆ ਜਾਵੇਗਾ। ਮੁੰਡਾ ਕਿਲੇ ਨੂੰ ਭਜ ਵਗਾ। ਮਗਰੋਂ ਡਗਾ ਵੱਜ ਗਿਆ ਤੇ ਵਿਰਕਾਂ ਨੇ ਬਾਕੀ ਲਬਾਣਿਆਂ ਦਾ ਕੀਰਤਨ ਸੋਹਿਲਾ ਪੜ੍ਹ ਛੱਡਿਆ ।

ਮੁੰਡੇ ਨੂੰ ਜਦੋਂ ਲੋਕਾਂ ਪੁਛਿਆ ਓਇ ਬਾਕੀ ਦੇ ਕਿੱਥੇ ਨੀ ਤਾਂ ਕਾਲੱਕੇ ਤਾਂ ਉਸ ਨੂੰ ਭੁਲ ਗਿਆ। ਉਸ ਆਖਿਆ ਕਾਲੀਯੇ ਵਾਲਿਆਂ ਸਾਰੇ ਮਾਰ ਦਿੱਤੇ ਨੇ । ਉਸੇ ਵੇਲੇ ਬਾਕੀ ਦੇ ਕੁਲ ਲਬਾਣੇ ਪਿੰਡ ਕਾਲਯੇ ਤੇ ਬਿਜਲੀ ਵਾਂਗੂ ਜਾ ਪਏ ਤੇ ਗਿੰਡ ਸਾੜ ਫੂਕ ਫਨਾਹ ਕਰ ਦਿੱਤਾ ਉਧਰੋਂ ਵਿਰਕ ਤ੍ਰਿਕੜੀ (ਕੜਯਾਲ, ਕਾਲੇ ਤੇ ਭਿੱਖੀ) ਨੇ ਰਲ ਕੇ ਕਿਲਾ ਸੇਖੂਪੁਰਾ ਮਲ ਲਿਆ। ਲੁਬਾਣਿਆਂ ਬੜਾ ਜ਼ੋਰ ਮਾਰਿਆ ਪਰ ਵਿਰਕਾਂ ਦੇ ਪਹਾੜ ਨਾਲ ਟੱਕਰ ਮਾਰ ਕੇ ਪਿੱਛੇ ਹਟ ਗਏ ।

ਧਿਆਨ ਰਹੇ 1731 ਈ: ਤੋਂ ਲਗ 1808 ਈ: ਤਕ ਕਿਲਾ ਸ਼ੇਖੂਪੁਰਾ ਵਿਰਕਾਂ ਕੋਲ ਰਿਹਾ। ਸੰਨ 1808 ਈ: ਵਿਚ ਕਿਲਾ ਮਹਾਰਾਜਾ ਰਣਜੀਤ ਸਿੰਘ ਕੋਲ ਜਾਣ ਦੀ ਕਹਾਣੀ ਉਹ ਨਹੀਂ ਜੋ ਗਿ: ਗਿਆਨ ਸਿੰਘ ਜੀ ਨੇ ਦੱਸੀ ਹੈ। ਸਥਾਨ ਸਿਰ ਸਵਿਸਥਾਰ ਦੱਸੀ ਜਾਵੇਗੀ।

ਜਦੋਂ ਕਿਲਾ ਵਿਰਕਾਂ ਹੱਥ ਆਇਆ ਤਾਂ ਇਹ ਮਾਲੋਕੇ ਇੰਦਰ ਸਿੰਘ ਦੇ ਹੱਥ ਸੌਂਪ ਦਿੱਤਾ ਗਿਆ। ਵਿਰਕ ਤ੍ਰਿਕੜੀ ਨੇ ਜਦੋਂ ਧਾੜਾ ਘੋੜਾ ਮਾਰਨਾ ਹੁੰਦਾ ਜਾਂ ਮਾਰ ਕੇ ਆਉਂਦੇ ਤਾਂ ਇਥੇ ਹੀ ਟਿਕਿਆ ਕਰਦੇ ਸਨ। ਮੁਕਦੀ ਗੱਲ ਪੂਰੇ 77 ਸਾਲ ਕਿਲਾ ਸ਼ੇਖੂਪੁਰਾ ਵਿਰਕਾਂ ਦੇ ਕਬਜ਼ੇ ਵਿਚ ਰਿਹਾ।

—00—

ਸਿੰਘ ਫੇਰ ਦੇਸ਼ ਨੂੰ ਪਰਤੇ

ਰੁਹੇਲਾ ਫੌਜ ਦੇ ਦੇਸ਼ ਵਿਚ ਆਵਣ ਤੇ ਸੰਨ 1730 ਈ: ਵਿਚ ਮਾਝੇ ਅਤੇ ਦੁਆਬੇ ਵਿਚਲੇ ਖਾਲਸੇ ਦੇ ਜਥੇ ਬੀਕਾਨੇਰ ਜਾਂ ਪਹਾੜਾਂ ਨੂੰ ਚਲੇ ਗਏ ਸਨ। 1731 ਈ: ਵਿਚ ਰੁਹੇਲਾ ਫ਼ੌਜ ਵਾਪਸ ਦਿੱਲੀ ਨੂੰ ਚਲੀ ਗਈ ਤਾਂ ਖਾਲਸਾ ਜੰਗਲਾਂ ਪਹਾੜਾਂ ਅਤੇ ਬੀਕਾਨੇਰ ਤੋਂ ਵਾਪਸ ਆ ਗਿਆ ਅਤੇ ਚੁਗਲ ਚੌਧਰੀਆਂ ਦੀ ਸੁਧਾਈ ਕਰਨ ਲੱਗ ਪਿਆ। ਜਥੇਦਾਰ ਕਪੂਰ ਸਿੰਘ ਜੀ ਅੰਮ੍ਰਿਤਸਰ ਪੁਜੇ ਤਾਂ ਉਥੇ ਹੀ ਦਾਨ ਸਿੰਘ ਜੀ ਨੇ ਸਾਰੀ ਘਟਣਾ ਦੱਸੀ ਅਤੇ ਆਖਿਆ ਵੀਰ, ਮੈਂ ਦੂਜੇ ਮਾਲੋਕਿਆ ਨਾਲੋਂ ਵੱਖਰਾ ਹੋ ਕਸੂਰ ਦੇ ਇਲਾਕੇ ਆਪਣੇ ਸਹਾਰੀ ਵਾਲੇ ਵਿਰਕ ਭਰਾਵਾਂ ਕੋਲ ਦਿਨ ਕਟੀ ਕਰ ਰਿਹਾ ਹਾਂ ਅਸੀਂ ਕਿਧਰੇ ਆਪਣਾ ਵੱਖਰਾ ਘਰ ਬਨਾਈਏ। ਕਪੂਰ ਸਿੰਘ ਜੀ ਨੇ ਉਹਨੂੰ ਕੋਲੋਂ ਮਾਇਆ ਦੇ ਕੇ ਸਹਾਰੀ ਘੱਲਿਆ ਤੇ ਆਪ ਆਪਣੇ ਪਰਵਾਰ ਦੇ ਨਿਬਾਹ ਅਤੇ ਨਿਵਾਸ ਵਾਸਤੇ ਵਿਉਂਤਾਂ ਸੋਚਣ ਲੱਗ ਪਏ ਮਾਲੋਕਿਆਂ ਨਾਲ ਨਿਰਬਾਹ ਕਠਨ ਦਿੱਸਦਾ ਸੀ। ਇਹਨਾਂ ਮਾਲੋਕਿਆਂ ਬਾਰੇ ਵਿਰਕੋਤ ਵਿਚ ਇਕ ਲੋਕੋਕਤੀ ਸੀ :—

ਲੱਕਾਂ ਦੀਆਂ ਪਕਣ ਕਣਕਾਂ ਤੇ ਮਾਲੋਕਿਆਂ ਦੇ ਅੱਕ
ਜਿਹੜਾ ਇਹਨਾਂ ਵਿਚੋਂ ਚੋਖੜਾ ਹੋਵੇ ਉਹਨੂੰ ਲਾਹਣ ਫਟਕ।

ਜਿਸਦਾ ਭਾਵ ਸੀ ਕਿ ਮਾਲੋਆਣੀਏ ਵਾਹੀ ਜੋਤੀ ਜਾਂ ਹੱਥੀਂ ਹੋਰ ਕੰਮ ਕਰਨ ਦੇ ਆਦੀ ਨਹੀਂ ਸਨ ਜਿਸਤੇ ਇਹਨਾਂ ਦੀਆਂ ਪੈਲੀਆਂ ਬੰਜਰ ਤੇ ਗੈਰ ਆਬਾਦ ਰਹਿੰਦੀਆਂ ਸਨ ਜਿਥੇ ਕੇਵਲ ਅੱਕ ਹੀ ਉੱਗਦੇ ਸਨ ਇਹਨਾਂ ਦੀ ਗੁਜ਼ਰ ਬਸਰ ਡੰਗਰ ਢੋਰ ਚੁਗਾਣ ਜਾਂਇਕੇ ਚੁਰਾਣ ਜਾਂ ਧਾੜੇ ਘੋੜੇ ਮਾਰਨ ਨਾਲ ਹੀ ਹੁੰਦੀ ਸੀ। ਹੈਂਕੜੀ ਪਰਲੇ ਦਰਜੇ ਦੇ। ਔਰ ਜਿਹੜਾ ਇਹਨਾਂ ਵਿਚੋਂ ਕੁਛ ਪ੍ਰਗਤੀ ਕਰਦਾ ਸੀ ਬਸ ਉਸ ਨੂੰ ਖਤਮ ਕਰ ਦਿਆ ਕਰਦੇ ਸਨ, ਕਿ ਇਹ ਸਾਡੇ ਨਾਲੋਂ ਚੰਗਾ ਕਿਉਂ ਹੋ ਗਿਆ ਹੈ। ਇਹੋ ਗੱਲ ਦਾਨ ਸਿੰਘ ਜੀ ਨੇ ਵਿਚਾਰ ਕੇ ਵੱਖਰਾ ਵਾਸ ਬਣਾਨ ਦੀ ਸਲਾਹ ਆਪਣੇ ਵੱਡੇ ਵੀਰ ਨੂੰ ਦਿੱਤੀ ਸੀ। ਜਿਸ ਨੂੰ ਕਪੂਰ ਸਿੰਘ ਜੀ ਵੀ ਗੰਭੀਰਤਾ ਨਾਲ ਸੋਚਣ ਲੱਗੇ।

ਪਤਤਾਂ ਦੀ ਸ਼ੁੱਧੀ

ਸਿੰਘਾਂ ਦੇ ਦੇਸ਼ ਛੱਡ ਜਾਨ ਪਿੱਛੋਂ ਹਾਕਮਾਂ ਨੇ ਕਈ ਹਿੰਦੂਆਂ ਅਤੇ ਕੁੱਛ ਸਿੱਖਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਲਿਆ ਹਇਆ ਸੀ। ਜਥੇਦਾਰ ਕਪੂਰ ਸਿੰਘ ਜੀ ਨੇ ਜਹਾਂ ਤਹਾਂ ਫਿਰਕੇ ਉਹਨਾਂ ਨੂੰ ਫਿਰ ਅੰਮ੍ਰਿਤ ਛੱਕਾ ਛੱਕਾ ਕੇ ਖਾਲਸਾ ਧਰਮ ਵਿਚ ਲੈ ਆਂਦਾ। ਸੰਨ 1732 ਵਿਚ ਖਾਲਸੇ ਦਾ ਬੜਾ ਵਾਧਾ ਹੋਇਆ ਕਿਉਂਕਿ ਜਿਹੜੇ ਹਿੰਦੂ ਇਕ ਵਾਰ ਮੁਸਲਮਾਨ ਹੋ ਜਾਂਦਾ, ਦੂਜੇ ਹਿੰਦੂ ਉਸ ਨੂੰ ਨਾਲ ਨਹੀਂ ਮਿਲਾਂਦੇ ਸਨ। ਮਗਰ ਖਾਲਸਾ ਉਹਨਾਂ ਨੂੰ ਅਭੇਦ ਵਰਤਨ ਤੋਂ ਪਹਿਲਾਂ ਅੰਮ੍ਰਿਤ ਛੱਕਾ ਸਿੰਘ ਸਜਾ ਲੈਂਦਾ ਸੀ। ਜਿਸ ਕਰ ਕੇ ਖਾਲਸੇ ਵਿਚ ਦਿਨ ਪ੍ਰਤਿ ਦਿਨ ਵਾਧਾ ਹੋਣ ਲੱਗ ਪਿਆ। ਜਿਸ ਨੂੰ ਵੇਖ ਸਭ ਹਿੰਦੂ ਤੇ ਮੁਸਲਮਾਨ ਵੀ ਮੰਨ ਗਏ ਕਿ ਖਾਲਸਾ ਧਰਮ ਹੀ ਸਭ ਤੋਂ ਉੱਚਾ ਤੇ ਉਤਮ ਧਰਮ ਹੈ। ਇਸ ਉਪਰੰਕਤ ਤੱਥ ਦੇ ਵੱਡੇ ਕਾਰਨ ਹਨ :—

ੳ) ਖਾਲਸੇ ਦੀ ਨਾਮ ਬਾਣੀ ਵਿਚ ਸ਼ਰਧਾ,

ਅ) ਖਾਲਸੇ ਦੀ ਅਗਵਾਈ ਉਹਨਾਂ ਮਹਾਂਪੁਰਸ਼ਾਂ ਦੇ ਹੱਥ ਵਿਚ ਸੀ ਜੋ ਨਾਮ ਬਾਣੀ ਦੇ ਰਸੀਏ, ਗੁਰੂ ਪ੍ਰਮੇਸ਼ਰ ਵਿਚ ਵਿਸਵਾਸ਼ ਵਾਲੇ, ਕਥਨੀ ਕਰਨੀ ਦੇ ਸੂਰੇ, ਗੁਰ ਖਾਲਸੇ ਦੇ ਨਿਰਮਾਨ, ਨਿਸ਼ਕਾਮ ਸੇਵਕ ਅਤੇ ਕੁਰਬਾਨੀ ਦੀ ਸਾਖਸ਼ਾਤ ਮੂਰਤ ਸਨ।

ਜਿਸ ਕੌਮ ਕੌਮ ਦੇ ਆਗੂਆਂ ਦਾ ਆਚਾਰ, ਵਿਹਾਰ ਅਤੇ ਵਿਚਾਰ ਇਤਨਾ ਉੱਚਾ ਤੇ ਸੁੱਚਾ ਹੋਵੇ ਉਹ ਕੌੜੀ ਵੇਲ ਵਾਂਗੂ ਵਧਦੀ ਹੈ। ਉਸ ਨੂੰ ਦੁਨੀਆਂ ਦੀ ਕੋਈ ਤਾਕਤ ਖਤਮ ਨਹੀਂ ਕਰ ਸਕਦੀ। ਇਤਿਹਾਸ ਗਵਾਹ ਹੈ। ਜਥੇਦਾਰ ਕਪੂਰ ਸਿੰਘ ਜੀ ਵਿਚ ਇਹ ਸਭ ਸਿਫਤਾਂ ਮੂਰਤੀਮਾਨ ਸਨ। ਜਿਨ੍ਹਾਂ ਨੂੰ ਵੇਖ ਗੈਰ ਵੀ ਆਪ ਜੀ ਦਾ ਸਨਮਾਨ ਕਰਦੇ ਸਨ। ਇਥੋਂ ਤੱਕ ਕਿ ਖਰੜ ਦਾ ਮੁਸਲਮਾਨ ਹਕੀਮ ਗੁਲਾਮ ਅੱਬਾਸ[1], ਜਥੇਦਾਰ ਕਪੂਰ ਸਿੰਘ ਦੇ ਜੀਵਨ ਪ੍ਰਯੰਤ ਆਪ ਜੀ ਦੇ ਜੱਥੇ ਨਾਲ ਹਿਕਮਤ ਅਤੇ ਜਰਾਹੀ (ਫੱਟ ਬੰਨ੍ਹ) ਦੀ ਸੇਵਾ ਕਰਦਾ ਰਿਹਾ। ਇਸ ਤੋਂ ਇਲਾਵਾ ਫਰੀਦਾਬਾਦ ਦੀ ਤਬਾਹੀ ਵੇਲੇ ਦੇ ਰਹਿਮਤ ਖਰਲ ਨਾਲ ਕੀਤਾ ਸਲੂਕ, ਖੱਜੇ ਦੀ ਜਾਣ ਬਖਸ਼ੀ ਤੇ ਫਿਰ ਰਹਿਮਤ ਦੀ ਮਾਈ ਦਾ ਸਨੇਹ ਅਤੇ ਗੁਰੂ ਨਾਨਕ ਦੇ ਦਰਬਾਰ ਹਾਜ਼ਰ ਹੋ ਸ਼ਰਧਾ ਪ੍ਰਗਟ ਕਰਨੀ। ਇਸ ਗੱਲ ਦਾ ਅਕੱਟ ਸਬੂਤ ਹਨ ਕਿ ਜਥੇਦਾਰ ਕਪੂਰ ਸਿਘ ਇਕ ਪੂਰਨ ਗੁਰਸਿੱਖ ਸੂਰਬੀਰ ਕਹਿਣੀ ਕਥਨੀ ਦੇ ਸੂਰੇ, ਸੱਚੇ ਤੇ ਸੁਚੇ ਸਿੱਖ ਲੀਡਰ ਸਨ। ਉਹਨਾਂ ਦੇ ਦੁਸ਼ਮਨ ਵੀ ਆਪ ਜੀ ਦੀਆਂ ਸਿਫਤਾਂ ਦੇ ਕਾਇਲ ਸਨ।

—00—

1. ਗੁਲਾਮ ਅੱਬਾਸ—ਦਰੋਗੇ ਅਬਦੂਲਾ ਦਾ ਪੁੱਤਰ। ਵੇਖੋ ਤਵਾਰੀਖ ਗੁਰੂ ਖਾਲਸਾ ਭਾਸ਼ਾ ਵਿਭਾਗ ਛਾਪ ਪੰਨਾ 732 (ਭਾਗ-2)

ਸਖਤੀਆਂ ਫਿਰ ਸ਼ੁਰੂ

ਖਾਲਸੇ ਦੇ ਫਿਰ ਪੰਜਾਬ ਅੰਦਰ ਆ ਦੜਕਣ ਨਾਲ ਜ਼ਕਰੀਆ ਖਾਨ ਦੀ ਨੀਂਦ ਹਰਾਮ ਹੋ ਗਈ। ਉਸ ਨੇ ਫ਼ਿਰ ਗਸ਼ਤੀ ਫੌਜਾਂ ਭੇਜ ਸਿੰਘਾਂ ਦੇ ਘਰ ਘਾਟ ਲੁਟਾਣੇ ਅਤੇ ਚੁਣ ਚੁਣ ਸਿੰਘ ਮਰਵਾਣੇ ਸ਼ੁਰੂ ਕਰ ਦਿੱਤੇ। ਇਹ ਵਾਰਤਾ ਸੰਨ 1731 ਈ: ਦੀ ਹੈ। ਖਾਲਸਾ ਫੇਰ ਜੰਗਲਾਂ ਝਲਾਂ ਅਤੇ ਪਹਾੜਾਂ ਨੂੰ ਵਹੀਰ ਘਤ ਗਿਆ। ਸੰਨ 1732 ਈ: ਜਦੋਂ ਸਖਤੀਆ ਦਾ ਜ਼ੋਰ ਘਟਿਆ ਤਾਂ ਖਾਲਸਾ ਫੇਰ ਪੰਜਾਬ ਵਿਚ ਆ ਗੱਜਿਆ ਅਤੇ ਵਿਸਾਖੀ ਤੇ ਫ਼ਿਰ ਖਾਲਸਾ ਅੰਮ੍ਰਿਤਸਰ ਇਕੱਤਰ ਹੋਇਆ। ਸਰਬਤ ਖਾਲਸੇ ਨੇ ਮਤਾ ਸੋਧਿਆ ਕਿ ਪੰਥ ਦੋਖੀਆਂ ਦੀ ਸੋਧ ਕੀਤੀ ਜਾਵੇ। ਵੱਖੋ ਵੱਖ ਜੱਥਿਆਂ ਨੂੰ ਅੱਡ ਅੱਡ ਕੰਮ ਸੌਂਪੇ ਗਏ ਤੇ ਜਥੇ ਚਾਲੇ ਪਾ ਗਏ।

ਫ਼ੇਜ਼ਲਾਪੁਰ ਪ੍ਰਥਾ

ਫੇਜ਼ੁਲਾ ਖਾਂ ਨਵਾਬ ਜ਼ਕਰੀਆ ਖਾਨ ਦਾ ਭਨਵਈਆ ਸੀ। ਇਸ ਨੇ ਅਬਦੁਲ ਸਮਦ ਦੇ ਵੇਲੇ ਆਪਣੇ ਨਾਮ ਤੇ ਫੇਜ਼ੁਲਾਪੁਰ ਨਾਮ ਪਿੰਡ ਵਸਾਇਆ ਜਿਸ ਵਿਚ ਬਹੁਤੀ ਵਸੋਂ ਅਰਾਈਆਂ ਦੀ ਸੀ। ਫ਼ੇਜ਼ੁਲਾ ਖਾਂ ਖੁਦ ਤਾਂ ਬੜਾ ਸਰੀਫ਼ ਇਨਸਾਨ ਸੀ ਪਰੰਤੂ ਉਸਦੇ ਘਰ ਵਾਲੀ ਪ੍ਰਸਿੱਧ ਨਾਮ ਖਾਨੋਂ ਬੜੀ ਮਤਾਂਧ ਅਤੇ ਕੱਟੜ ਸਿੱਖ ਦੁਸ਼ਮਨ ਸੀ। ਇਸ ਨੇ ਸੰਨ 1731 ਈ: ਵਿਚ ਅਨੇਕਾਂ ਕਿਰਤੀ ਤੇ ਚਕਰੈਲ ਸਿਖ ਮਰਵਾਏ[1] ਸਨ। ਵਿਸਾਖੀ ਵਾਲੇ ਮਤੇ ਅਨੁਸਾਰ ਫੇਜ਼ੁਲਾਪੁਰ ਦੀ ਸੋਧ ਜਥੇਦਾਰ ਕਪੂਰ ਸਿੰਘ ਜੀ ਦੇ ਹਿੱਸੇ ਆਈ।

ਬਜ਼ੁਰਗ ਦਸਿਆ ਕਰਦੇ ਸਨ, ਜਦੋਂ ਹਮਲਾ ਵਿਉਂਤਿਆ ਗਿਆ ਤਾਂ ਜੋਸ਼ੀਲੇ ਜਵਾਨਾਂ ਦਾ ਵਿਚਾਰ ਸੀ ਕਿ ਪੂਰਾ ਫੇਜ਼ੁਲਾ ਪੁਰ ਤਹਿ ਤੇਗ ਕਰ ਦਿੱਤਾ ਜਾਵੇ ਤਦ ਜਥੇਦਾਰ ਜੀ ਨੇ ਆਖਿਆ ਫਿਰ ਜ਼ਾਲਮਾਂ ਵਿਚ ਤੇ ਖਾਲਸੇ ਵਿਚ ਕੀ ਫ਼ਰਕ ਰਹਿ ਗਿਆ? ਸਭ ਸਿੰਘਾਂ ਨੇ ਆਪ ਦੇ ਵਿਚਾਰ ਦਾ ਆਦਰ ਕੀਤਾ। ਆਪ ਨੇ ਹੁਕਮ ਕੀਤਾ। ਜਿਸ ਤੇ ਚਾਰ ਵੱਖੋ ਵੱਖ ਜੱਥੇ ਬਣਾ, ਤਿੰਨ ਜਥਿਆਂ ਨੂੰ ਪਿੰਡ ਦੀ ਇਕ ਇਕ ਬਾਹੀ ਪੱਕੀ ਕਰਨੀ ਸੀ। ਚੌਥੀ ਬਾਹੀ ਪਿੰਡ ਵਾਲਿਆਂ ਵਾਸਤੇ ਖੁਲ੍ਹੀ ਛੱਡ ਦਿੱਤੀ ਅਤੇ ਚੌਥਾ ਜਥਾ ਆਪਣੇ ਤਹਿਤ ਰਾਖਵਾਂ ਰੱਖਿਆ।

ਰੋਜ਼ਿਆਂ ਦੇ ਦਿਨ ਸਨ। ਦੁਪਹਿਰਾਂ ਵੇਲੇ ਪਿੰਡ ਜਾ ਘੇਰਿਆ। ਜਥੇਦਾਰ ਨੇ ਪਿੰਡ ਦੇ ਚੌਕੀਦਾਰ ਨੂੰ ਆਖਿਆ ਜਾਹ ਫ਼ੇਜ਼ੁਲਾ ਖਾਨ ਨੂੰ ਕਹਿ ਤੈਨੂੰ ਕਪੂਰ ਸਿੰਘ ਸੱਦਦਾ ਹੈ—ਪਰ ਆਵੇ ਬੇ ਹਥਿਆਰ" ਨਾਲ ਹੀ ਪਿੰਡ ਵਿਚ ਹੋਕਾ ਦੇ ਦਿੱਤਾ ਕਿ ਜੋ ਪਿੰਡ ਛੱਡਣਾ ਚਾਹੇ ਖਾਲੀ ਹੱਥੀ ਜਾ ਸਕਦਾ ਹੈ। ਫੇਜ਼ੁਲਾ ਖ਼ਾਨ ਵੀ ਆਖਰ ਖ਼ਾਨਦਾਨੀ ਆਦਮੀ ਸੀ, ਖਾਲੀ ਹੱਥ ਬੜੇ ਹੌਂਸਲੇ ਨਾਲ ਆਇਆ। ਜਥੇਦਾਰ ਨੇ ਆਖਿਆ ਖਾਨ ਜੀ ਅਸੀਂ ਤੁਹਾਡੀ ਸਰਾਫ਼ਤ ਦੀ

---

1. ਸਿੱਖ ਮਰਵਾਏ—ਸ: ਰਤਨ ਸਿੰਘ ਭੰਗੂ ਕ੍ਰਿਤ ਪ੍ਰਾਚੀਨ ਪੰਥ ਪ੍ਰਕਾਸ਼ ਦੇ ਪੰਨਾ 202-203 ਪਰ ਲਿਖਿਆ।

ਫ਼ਰਜ਼ੁਲੇ ਖਾਂ[A] ਥੋ ਮੁਗਲਹਿ ਨਾਮ। ਉਨਹੀ ਬਸਾਯੋ ਫਰਜ਼ੁਲੋ ਗਰਾਮ[B] ॥
ਹੁਤੀ ਖਾਨੂੰ ਨਵਾਬ ਖਾਨੋ ਹਮਸੀਰਾ[C]। ਫਰਜ਼ੁਲੇ ਕੇ ਘਰ ਬਸਤੀ ਧੀਰਾ ॥
ਹਤੀ ਹਮਾਇਤਨ[D] ਬੜੀ ਕਮਜ਼ਾਤ[E]। ਉਨ ਬਹੁ ਸਿੰਘ ਥੇ ਕਰਾਏ ਘਾਤ ॥
ਪੰਦਰਾ ਸੈ ਜੋ ਹੁਤੇ ਚਕਰੈਲ। ਉਨ ਮਰਵਾਏ ਸੋ ਕਰ ਕਰ ਫੈਲ ॥

A ਫਰਜ਼ੁਲੋ ਖਾਂ—ਫੇਜ਼ੁਲਾ ਖਾਂ।
B ਫਰਜ਼ੁਲੋ ਗਰਾਮ – ਫੇਜ਼ੁਲਾਪੁਰਾ।
C ਹਮਸ਼ੀਰਾ—ਸਹੋਦਰ ਭੈਣ।
D ਹਮਾਇਤਨ—ਪਖਪਾਤ ਕਰਨ ਵਾਲੀ।
E ਕਮਜ਼ਾਤ —ਨੀਚ, ਕਲਹਿਣੀ।

ਕਰਦੇ ਹਾਂ। ਤੁਹਾਨੂੰ ਜਾਂ ਤੁਹਾਡੇ ਨਗਰ ਵਾਸੀਆਂ ਨੂੰ ਅਸਾਂ ਕੁਛ ਨਹੀਂ ਆਖਿਆ। ਅੱਜ ਤੋਂ ਸਿੰਘ ਇਸ ਨਗਰ ਦੇ ਮਾਲਕ ਹਨ। ਇਹ ਕਸਟ ਤੁਸਾਨੂੰ ਕੇਵਲ ਤੁਹਾਡੀ ਬੇਗਮ ਕਰਕੇ ਦਿੱਤਾ ਜਾ ਰਿਹਾ ਹੈ ਕਿਉਂਕਿ ਉਸ ਨੇ ਕਈ ਇੱਕ ਕਿਰਤੀ ਅਤੇ ਚਕਰੇਲ ਸਿੱਖਾਂ ਦਾ ਨਾਹਕ ਖੂਨ ਕਰਵਾਇਆ ਹੈ। ਤੁਹਾਡੇ ਕਰ ਕੇ ਖਾਲਸਾ ਉਸ ਨੂੰ ਵੀ ਬਖਸ਼ਦਾ ਹੈ। ਤੁਹਾਨੂੰ ਖਾਲਸੇ ਦਾ ਹੁਕਮ ਹੈ ਕਿ ਇੱਕ ਘੰਟੇ ਦੇ ਅੰਦਰ ਅੰਦਰ ਆਪਣੇ ਪ੍ਰਵਾਰ ਦੇ ਜੀਆਂ ਸਮੇਤ ਕੁਛ ਖਾਣ ਪੀਣ ਦਾ ਸਾਮਾਨ ਲੈ ਕੇ ਬਾਹਰ ਆ ਜਾਵੋ। ਖਾਲਸੇ ਦੇ ਨੌਕਰ ਨੌਕਰਾਣੀਆਂ (ਜੋ ਦਾਨ ਸਿੰਘ ਜੀ ਦੇ ਪਿੰਡ ਦੇ ਲਾਗੀ ਨਾਈ, ਝੀਵਰ, ਬ੍ਰਾਹਮਨ ਆਦਿ ਆਏ ਹੋਏ ਸਨ) ਘਰ ਸੰਭਾਲ ਲੈਣਗੇ। ਫੈਜ਼ੁਲਾ ਖ਼ਾਨ ਘਰ ਗਿਆ—ਮਾਲੌਕਿਆਂ ਦੇ ਲਾਗੀਆਂ ਨੇ ਘਰ ਕਾਬੂ ਕਰ ਲਿਆ। ਸਿਵਾਏ ਖਾਣ ਦੀਆਂ ਵਸਤਾਂ ਕੁਛ ਭਾਂਡੇ ਅਤੇ ਕਪੜਿਆਂ ਦੇ ਕੋਈ ਚੀਜ਼ ਨਾ ਛੇੜਨ ਦਿੱਤੀ। ਫੈਜ਼ੁਲਾ ਖ਼ਾਨ ਆਪਣੇ ਪ੍ਰਵਾਰ ਅਤੇ ਨੌਕਰਾਂ ਨੂੰ ਨਾਲ ਲੈ ਕੇ ਬਾਹਰ ਆ ਗਿਆ। ਜਥੇਦਾਰ ਜੀ ਨੇ ਆਖਿਆ, ਖਾਨ ਜੀ ਜਿਹੜਾ ਗੱਡੇ ਵਾਲਾ ਤੁਹਾਨੂੰ ਲਾਹੌਰ ਤੱਕ ਲੈ ਜਾਵੇ ਉਹ ਨੂੰ ਸੱਦ ਲਵੋ। ਗੱਡੇ ਤੇ ਬਿਠਾ ਕੇ ਜਥੇਦਾਰ ਜੀ ਨੇ ਆਪਣੇ ਪੰਜਾਹ ਸਵਾਰ ਨਾਲ ਦਿੱਤੇ ਕਿ ਲਾਹੌਰ ਦੀ ਹੱਦ ਵਿਚ ਛੱਡ ਆਵਨ। ਦੱਸਦੇ ਨੇ ਜਦੋਂ ਗੱਡਾ ਟੁਰਿਆ ਤਾਂ ਬੇਗਮ ਢਾਹੀ ਮਾਰ ਰੋ ਪਈ। ਫੈਜ਼ੁਲਾ ਖਾਨ ਨੇ ਜਥੇਦਾਰ ਜੀ ਨੂੰ ਕੋਲ ਜਾ ਕੇ ਚੰਗੀ ਤਰ੍ਹਾਂ ਵੇਖ ਕੇ ਆਖਿਆ, ਕਪੂਰ ਸਿੰਘਾਂ ਤੂੰ ਇਨਸਾਨ ਦੇ ਲਿਬਾਸ ਵਿਚ ਫਰਿਸ਼ਤਾ ਹੈਂ, ਤੂੰ ਸਿੱਖ ਨਾ ਹੁੰਦੋਂ ਤਾਂ ਮੈਂ ਤੇਰਾ ਮੁਰੀਦ ਹੋ ਜਾਂਦਾ। ਪਰ ਹੁਣ ਤੂੰ ਮੈਨੂੰ ਆਪਣਾ ਗੁਲਾਮ ਸਮਝੀਂ। ਅੱਛਾ ਖੁਦਾ ਹਾਫ਼ਿਜ਼।

ਇਹ ਸੀ ਕਪੂਰ ਸਿੰਘ ਦੇ ਆਚਰਣ ਦੀ ਉੱਚਤਾ ਕਿ—

1) ਦੁਸ਼ਮਨ ਦਾ ਪਿੰਡ, ਰੱਤ ਦੀ ਇਕ ਛਿੱਟ ਡੁਹਲੇ ਬਗੈਰ ਕਬਜ਼ੇ ਕਰਨਾ।

2) ਦੁਸ਼ਮਨ ਦੇ ਗੁਣਾਂ ਦੀ ਕਦਰ ਕਰਨਾ,

3) ਦੁਸ਼ਮਨ ਨੂੰ ਵੀ ਸਾਮਾਨ ਦੇਣਾ,

4) ਦੁਸ਼ਮਨ ਨੂੰ ਉਸ ਦੇ ਘਰੋਂ ਕੱਢ, ਸੁਰਖਿਅਤ ਸਥਾਨ ਤੇ ਪੁਚਾਨ ਦਾ ਪ੍ਰਬੰਧ ਕਰਨਾ,

ਜਿਸ ਦੀ ਬਦੌਲਤ ਉਹ ਦੇ ਦੁਸ਼ਮਨ ਵੀ ਗੁਲਾਮ ਹੋ ਜਾਂਦੇ ਸਨ। ਇਹੋ ਕਾਰਨ ਸੀ ਕਿ ਫੈਜ਼ੁਲਾ ਖਾਨ ਦੇ ਘਰ ਵਾਲੀ ਆਪਣੇ ਕੀਤੇ ਕੁਕਰਮ ਅਤੇ ਜੇਤੂ ਸਿਖ ਜਰਨੈਲ ਦੀ ਉਦਾਰਤਾ ਵੇਖ ਕੇ ਢਾਹੀਂ ਮਾਰ ਕੇ ਰੋਈ ਸੀ। ਇਹੋ ਕਾਰਨ ਸੀ ਕਿ ਉਦਾਲੇ ਦੇ ਲੋਕਾਂ ਭਾਣੇ ਨਵਾਬ ਕਪੂਰ ਸਿੰਘ ਨੇ ਇਹ ਪਿੰਡ ਢਾਈ ਸੌ ਰੁਪੈ ਨੂੰ ਮੁੱਲ ਲਿਆ ਸੀ। ਇਹੋ ਕਾਰਨ ਸੀ ਕਿ 1732 ਈ: ਪਿੱਛੋਂ ਹੋਰ ਤਾਂ ਨਗਰ ਭਾਵੇਂ ਤਬਾਹ ਹੁੰਦੇ ਰਹੇ ਪਰ ਸਿੰਘ ਪੁਰੇ ਦੀ ਵਾ ਵੱਲੋਂ ਵੀ ਕਿਸੇ ਨਾ ਡਿੱਠਾ—ਸਾਡੇ ਇਤਿਹਾਸਕਾਰ ਵੀ ਇਸੇ ਕਾਰਨ ਸਿੰਘ ਪੁਰਾ (ਫੈਜ਼ੁਲ ਪੁਰ) ਹੀ (ਨਵਾਬ) ਕਪੂਰ ਸਿੰਘ ਜੀ ਦਾ ਜਦੀ ਪੁਸ਼ਤੈਨੀ ਪਿੰਡ ਦਸਦੇ ਚਲੇ ਆਏ ਹਨ। ਬਾਬਾ ਪ੍ਰੇਮ ਸਿੰਘ ਜੀ ਪਹਿਲੇ ਇਤਿਹਾਸਕਾਰ ਹਨ ਜਿੰਨ੍ਹਾਂ ਨੇ ਕਿ ਕੁਛ ਖੋਜ ਕਰਨ ਉਪਰੰਤ ਕਪੂਰ ਸਿੰਘ ਜੀ ਦਾ ਪਿਛੋਕੜ ਸਾਂਦਲ ਬਾਰ ਦਾ ਦੱਸਿਆ। ਜਿਸ ਵਿਚ ਉਨ੍ਹਾਂ ਦੇ ਮੂਲ ਸਰੋਤ ਜਥੇਦਾਰ ਆਸਾ ਸਿੰਘ ਜੀ ਚੰਡਾਲੀ ਦੀ ਭੁਲ ਕਾਰਨ ਆਪ ਜੀ ਮਾਲੌਕੀ ਟਿੱਬੀ ਦੀ ਥਾਏਂ ਕਾਲੌਕਿਆਂ ਵਿਚ ਮਾਲੋ ਕੀ ਪਤੀ ਲਿਖ ਗਏ। ਬਾਕੀ ਦੇ ਸਿਖ ਜਗਤ ਬਾਰੇ ਤਾਂ ਅਸੀਂ ਕੁੱਛ ਕਹਿ ਨਹੀਂ ਸਕਦੇ ਪ੍ਰੰਤੂ ਸਾਂਦਲਬਾਰ ਦੇ ਵਸਨੀਕ ਅਤੇ ਵਿਸ਼ੇਸ਼ ਕਰਕੇ ਵਿਰਕ ਸਿੱਖ ਬਾਬਾ ਪ੍ਰੇਮ ਸਿੰਘ ਜੀ ਦੇ ਇਸ ਉਪਕਾਰ ਦੇ ਆਭਾਰੀ ਹਨ।

"ਤਿੰਨ ਧੰਨ ਜਣੇਂਦੀ ਮਾਓ ਆਏ ਸਫਲ ਸੇ"

ਕਪੂਰ ਸਿੰਘ ਜ਼ਖਮੀ

ਆਪਣੇ ਪ੍ਰਵਾਰ ਅਤੇ ਹੋਰ ਮਾਲੋਆਣੀਆਂ ਨੂੰ ਸਿੰਘਪੁਰੇ ਵਿਚ ਡੇਰੇ ਲੁਆ ਕੇ, ਜਥੇਦਾਰ ਕਪੂਰ ਸਿੰਘ ਜੀ ਮਾਲਵੇ ਦੁਆਬੇ ਵੱਲ ਨਿਕਲ ਗਏ। ਪਰਯੋਜਨ ਕੇਵਲ ਦੁਸ਼ਟਾਂ ਦੀ ਸੋਧ, ਸਰਕਾਰੀ ਮਾਲ ਦੀ ਲੁੱਟ, ਗਰੀਬ ਦੁਖੀਆਂ ਦੀ ਮਦਦ ਅਤੇ ਧਰਮ ਪਰਚਾਰ ਸੀ। ਸੂਬਾ ਪੰਜਾਬ ਵਲੋਂ ਗਸ਼ਤੀ ਫੌਜਾਂ ਦੇਸ ਅੰਦਰ ਥਾਓਂ ਥਾਈਂ ਫਿਰ ਰਹੀਆਂ ਸਨ। ਸੰਨ 1733 ਦੇ ਆਰੰਭ ਵਿਚ; ਕਿਸੇ ਗਸ਼ਤੀ ਫੌਜ ਨਾਲ ਮੁੱਠ ਭੇੜ ਦੇ ਦੌਰਾਨ, ਰੋਪੜ ਲਾਗੇ, ਕਪੂਰ ਸਿੰਘ ਜੀ ਨੂੰ ਮੱਥੇ ਤੇ ਇਕ ਕਾਰੀ ਫੱਟ ਲੱਗਾ ਜੋ ਕਾਫ਼ੀ ਡੂੰਘਾ ਸੀ।

ਜਾਗੀਰ, ਖ਼ਿੱਲਤ ਅਤੇ ਨਵਾਬੀ ਖ਼ਿਤਾਬ

ਜ਼ਕਰੀਆ ਖਾਨ ਜਦੋਂ ਖਾਲਸੇ ਨੂੰ ਦਬਾਣ, ਅਥਵਾ ਖਤਮ ਕਰਨ ਦੀਆਂ ਸਾਰੀਆਂ ਵਾਹੀਂ ਵਾਹ ਚੁੱਕਿਆ ਤਾਂ ਉਸ ਨੇ ਬਾਦਸ਼ਾਹ ਨੂੰ ਲਿਖ ਘੱਲਿਆ ਕਿ ਇਹਨਾਂ ਸਿੰਘਾਂ ਨੂੰ ਕਾਬੂ ਰੱਖਣ ਦਾ ਹੁਣ ਇਕੋ ਚਾਰਾ ਹੀ ਰਹਿ ਗਿਆ ਹੈ ਕਿ ਇਹਨਾਂ ਨੂੰ ਇਕ ਜਾਗੀਰ ਦੇ ਦਿੱਤੀ ਜਾਵੇ ਤਾਂ ਜੋ ਇਹ ਧਿਆਨ ਲੱਗੇ ਰਹਿਣ ਅਤੇ ਪਰਜਾ ਨੂੰ ਵੀ ਤੰਗ ਨ ਕਰਨ। ਹੋ ਸਕਦਾ ਹੈ ਕਿ ਐਸ਼ ਆਰਾਮ ਵਿਚ ਪੈ ਕੇ ਆਪਣਾ ਆਪ ਹੀ ਸਮਾਪਤ ਕਰ ਲੈਣ। ਬਾਦਸ਼ਾਹ ਨੂੰ ਕੀ ਤਕਲੀਫ਼ ਸੀ। ਉਹਦੇ ਸਿਰੋਂ ਜੂੰ ਮਰਦੀ ਸੀ ਉਸ ਨੇ ਮਨਜ਼ੂਰੀ ਦੇ ਦਿੱਤੀ। ਉਧਰੋਂ ਵੈਸਾਖੀ ਦੇ ਉਤਸਵ ਵਾਸਤੇ ਖਾਲਸੇ ਨੇ ਸ੍ਰੀ ਅੰਮ੍ਰਿਤਸਰ ਵੱਲ ਵਹੀਰਾਂ ਘਤ ਦਿੱਤੀਆਂ।

ਬਾਦਸ਼ਾਹ ਨੇ ਵਜ਼ੀਰਾਂ ਨਾਲ ਸਲਾਹ ਕਰਕੇ ਜ਼ਕਰੀਆ ਖਾਨ ਦੀ ਪੇਸ਼ ਕੀਤੀ ਤਜਵੀਜ਼ ਮਨਜ਼ੂਰ ਕਰ ਘਲੀ। ਜ਼ਕਰੀਆ ਖਾਨ ਨੇ ਆਪਣੇ ਮਿਲਵਰਤਣੀਏਂ ਸਰਦਾਰ ਸੁਬੇਗ ਸਿੰਘ ਜੰਬਰ[1] ਨੂੰ ਸਾਰੀ ਗੱਲ ਸਮਝਾ ਕੇ ਆਪਣੇ ਪੇਸ਼ਕਰ ਸਮੇਤ ਅੰਮ੍ਰਿਤਸਰ ਭੇਜਿਆ। ਸ: ਰਤਨ ਸਿੰਘ ਭੰਗੂ ਅਨੁਸਾਰ ਜ਼ਕਰੀਆ ਖਾਨ ਨੇ ਇਹ ਵੀ ਆਖਿਆ ਸੀ :—

ਇਹ ਅਹਿ ਨਵਾਬੀ ਅਧੀ ਸੂਬੇਦਾਰੀ
ਉਸੇ ਮਿਲੇ ਰਯਤ ਸਾਰੀ

———

ਸੂਰ ਸਤੀ, ਦਾਤਾ, ਹਠੀ ਤਪੀ ਜਪੀ ਜੇ ਕੋਇ।
ਦੇਵਯੋ ਉਸੇ ਬਿਚਾਰਕੇ ਜੋ ਇਸ ਲਾਇਕ ਹੋਇ॥

(ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 257)

ਜ਼ਕਰੀਆ ਖਾਨ ਤੋਂ ਵਿਦਿਆ ਹੋ ਸੁਬੇਗ ਸਿੰਘ ਜੰਬਰ[1] ਸਰਕਾਰੀ ਪੇਸ਼ਕਾਰ ਸਮੇਤ ਅਕਾਲ ਤਖਤ ਸਾਹਿਬ ਲੱਗੇ ਖਾਲਸੇ ਦੇ ਦੀਵਾਨ ਵਿਚ ਹਾਜ਼ਰ ਹੋਇਆ ਅਤੇ ਚੂੰਕਿ ਸਿੰਘਾਂ ਪਰ ਸਖਤਾਈ ਦੇ ਸਮੇਂ ਉਸ ਨੇ ਹਕੂਮਤ ਨਾਲ ਮਿਲਵਰਤਣ ਕੀਤੀ ਸੀ ਪ੍ਰਧਾਨ ਜਥੇਦਾਰ ਸਾਹਿਬ ਨੇ ਹੁਕਮ ਕੀਤਾ ਪਹਿਲੇ ਤਨਖਾਹ ਲਗਵਾਓ, ਫਿਰ ਲੱਗੀ ਤਨਖਾਹ ਭੁਗਤ ਕੇ ਦਰਬਾਰ ਵਿਚ ਹਾਜ਼ਰ ਹੋਇਆ। ਤਦ ਉਸ ਨੇ ਬੇਨਤੀ ਕੀਤੀ ਕਿ, "ਖਾਲਸਾ ਜੀ, ਜ਼ਕਰੀਆ ਖਾਨ ਨੇ ਬਾਦਸ਼ਾਹ ਕੋਲੋਂ ਹੇਠ ਲਿਖੀਆਂ ਮਨਜ਼ੂਰੀਆਂ ਖਾਲਸੇ ਵਾਸਤੇ ਪ੍ਰਾਪਤ ਕੀਤੀਆਂ ਹਨ :—

1, ਖਾਲਸੇ ਵਾਸਤੇ, ਪਰਗਣਾ ਦੀਪਾਲਪੁਰ, ਕੰਙਣਵਾਲ ਝਬਾਲ ਨਾਲ ਜਾਗੀਰ 1,00,000 ਰੁਪੈ
2, " " ਨਵਾਬੀ ਦਾ ਖਿਤਾਬ।
3. " " ਨਵਾਬ ਵਾਸਤੇ ਖਿਲਅਤ (ਸਿਰੁਪਾਉ)
4. " " ਗੁਰਧਾਮਾਂ ਦੇ ਦਰਸ਼ਨ, ਸੇਵਾ, ਸੰਭਾਲ ਦੀ ਆਜ਼ਾਦੀ।

ਅਗੇ ਜਿਵੇਂ ਖਾਲਸੇ ਨੂੰ ਮਨਜ਼ੂਰ ਹੋਵੇ ਮੈਂ ਤਾਂ ਸੇਵਾਦਾਰ ਦੇ ਤੌਰ ਤੇ ਹਾਜ਼ਰ ਹੋਇਆ ਹਾਂ।

ਖਾਲਸਾ ਜੀ ਵਿਚ ਵਿਚਾਰ ਵਟਾਂਦਰਾ ਹੋਣ ਲੱਗਾ। ਗਰਮ ਧੜੇ ਵਾਲੇ ਨੌਜਵਾਨ ਤਾਂ ਆਖਣ ਵਾਪਸ ਕਰ ਦਿਓ, ਕੋਈ ਆਖੇ ਲੁੱਟ ਲਵੋ, ਕੋਈ ਆਖੇ ਪਾੜ ਸੁਟੋ। ਮਗਰ ਹੰਡੇ ਵਰਤੇ ਦੂਰਦਰਸ਼ੀ, ਵਿਚਾਰਵਾਨਾਂ ਨੇ ਆਖਿਆ, ਪਰਵਾਨਗੀ ਵਿਚ ਕੀ ਹਰਜ ਹੈ, ਅਸਾਂ ਆਪ ਤਾਂ ਇਹ ਚੀਜ਼ਾਂ

---

1. **ਸੁਬੇਗ ਸਿੰਘ ਜੰਬਰ**—ਇਹ ਜੰਬਰ ਪਿੰਡ ਇਲਾਕਾ ਲਾਹੌਰ ਦਾ ਵਸਨੀਕ ਅੱਛਾ ਵਿਦਵਾਨ ਸੀ। ਸਰਕਾਰ ਤੋਂ ਪਿੰਡ ਇਜਾਰੇ ਤੇ ਲਿਆ ਕਰਦਾ ਸੀ। ਹਾਕਮਾਂ ਨਾਲ ਅੱਛੀ ਮਿਲਵਰਤਨ ਸੀ। ਫਿਰ ਸਰਕਾਰੀ ਨੌਕਰ ਹੋ ਵਕੀਲ ਪ੍ਰਸਿੱਧ ਹੋਇਆ। ਕੁਛ ਚਿਰ ਕੋਤਵਾਲ ਵੀ ਰਿਹਾ। ਤਦੋਂ ਇਸਨੇ ਕਈ ਗੁਰਦਵਾਰੇ ਬਣਵਾਏ।

ਹਕੂਮਤ ਤੋਂ ਮੰਗੀਆਂ ਨਹੀਂ । ਡਰ ਕੇ, ਚਾਹੇ ਅੱਕ ਕੇ ਹਕੂਮਤ ਨੇ ਇਹ ਖਾਲਸੇ ਨੂੰ ਭੇਟਾ ਕੀਤੀਆਂ ਹਨ ਤਾਂ ਸਾਨੂੰ ਪਰਵਾਨ ਕਰ ਲੈਣੀਆਂ ਚਾਹੀਦੀਆਂ ਹਨ । ਜਦ ਤਕ ਸੂਬੇ ਦਾ ਵਰਤਾਰਾ ਠੀਕ ਰਹੇ ਖਾਲਸਾ ਲਾਭ ਪ੍ਰਾਪਤ ਕਰਦਾ ਰਹੇ । ਜਦ ਉਸ ਦੀ ਨਿਯਤ ਫਿਰਦੀ ਦਿੱਸੇ ਗੀ, ਅਸੀਂ ਇਹ ਸਭ ਉਸ ਦੇ ਮੱਥੇ ਮਾਰਾਂਗੇ । ਜਿਤਨਾ ਸ਼ਮਾਂ ਸਾਨੂੰ ਸੁਖ ਦਾ ਸਾਹ ਮਿਲ ਜਾਏ, ਪੰਥਕ ਭਲਾਈ ਜਥੇਬੰਦੀ ਅਤੇ ਗੁਰਦਵਾਰਿਆਂ ਦੀ ਸੇਵਾ ਸੰਭਾਲ ਕੀਤੀ ਜਾਵੇ ।

ਸ: ਸੁਬੇਗ ਸਿੰਘ ਨੇ ਵੀ ਆਖਿਆ, 'ਖਾਲਸਾ ਜੀ, ਤੁਸੀਂ ਕਿਸੇ ਤੋਂ ਕੁਛ ਮੰਗਿਆ ਤਾ ਨਹੀਂ ਸਗੋਂ ਸਰਕਾਰ ਤੁਸਾਨੂੰ ਝੁਕ ਕੇ ਦੇ ਰਹੀ ਹੈ । ਜਦ ਤਕ ਹੋ ਸੱਕੇ ਤੁਸਾਨੂੰ ਇਸ ਤੋਂ ਫਾਇਦਾ ਉਠਾਣਾ ਚਾਹੀਦਾ ਹੈ । ਜਿਸ ਨੂੰ ਸੁਣ ਖਾਲਸਾ ਪਰਵਾਨਗੀ ਲਈ ਸਹਿਮਤ ਹੋ ਗਿਆ' ।

ਕਪੂਰ ਸਿੰਘ ਦੇ ਗੁਣ

ਜਗੀਰ ਦੀ ਪ੍ਰਵਾਨਗੀ ਹੋ ਗਈ । ਹੁਣ ਵਾਰੀ ਆਈ ਕਿ ਨਵਾਬੀ ਕਿਸ ਨੂੰ ਦਿੱਤੀ ਜਾਵੇ । ਬਾਬਾ ਪ੍ਰੇਮ ਸਿੰਘ ਜੀ ਲਿਖਦੇ ਹਨ :—

ਇਸ ਫੈਸਲੇ ਲਈ ਲੰਮੀ ਵਿਚਾਰ ਦੀ ਲੋੜ ਨਹੀਂ ਸੀ । ਇਸ ਮੁਰਾਤਬੇ ਲਈ ਇਸ ਸਮੇਂ ਦੋ ਵਿਅਕਤੀ ਸਨ । ਇੱਕ ਦੀਵਾਨ ਦਰਬਾਰਾ ਸਿੰਘ[1] ਦੂਜਾ ਕਪੂਰ ਸਿੰਘ । ਤਿਆਗ ਮੂਰਤੀ ਦਰਬਾਰਾ ਸਿੰਘ (ਜੀ) ਨੇ ਤਾਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਆਪ ਜੀ ਦੀ ਉਮਰ ਬਿਰਧ ਹੋ ਚੁਕੀ ਹੈ । ਇਸ ਲਈ ਭਾਰੀ ਜਿੰਮੇਵਾਰੀ ਤੋਂ ਖਿਮਾਂ ਬਖਸ਼ੀ ਜਾਵੇ ਅਤੇ ਨਾਲ ਹੀ ਕਿਹਾ ਇਸ ਜਿੰਮੇਵਾਰੀ ਨੂੰ ਪੂਰੀ ਤਰ੍ਹਾਂ ਨਿਭਾਣ ਲਈ ਸਾਰੇ ਲੋੜੀਂਦੇ ਸ਼ੁਭ ਗੁਣ ਕਪੂਰ ਵਿਚ ਮੌਜੂਦ ਹਨ । ਇਹ ਜਿੰਮੇਵਾਰੀ ਉਸ ਨੂੰ ਸੌਂਪਣੀ ਚਾਹੀਦੀ ਹੈ ।

(ਵੇਖੋ ਜੀਵਨ ਬ੍ਰਿਤਾਂਤ ਨਵਾਬ ਕਪੂਰ ਸਿੰਘ 1952 ਛਾਪ ਪੰਨਾ 42)

ਜਥੇਦਾਰ ਕਪੂਰ ਸਿੰਘ ਜੀ ਜਿਥੇ ਕੁਸ਼ਲ ਜੰਗੀ ਜਰਨੈਲ, ਵਿਦਵਾਨ, ਨਾਮਬਾਣੀ ਦੇ ਰਸੀਏ, ਨੀਤੀ ਨਿਪੁੰਨ, ਕਹਿਣੀ ਕਥਨੀ ਦੇ ਸੂਰੇ ਸਨ ਉਥੇ ਹੱਥੀਂ ਸੇਵਾ ਕਰਨੀ, ਜੈਸੇ ਲੰਗਰ ਵਿਚ ਭਾਂਡੇ ਮਾਂਜਾਣੇ, ਸਿੰਘਾਂ ਨੂੰ ਇਸ਼ਨਾਨ ਕਰਾਉਣਾ ਅਤੇ ਉਹਨਾਂ ਦੇ ਕਛਹਿਰੇ ਧੋਣੇ, ਘੋੜਿਆਂ ਦੀ ਸੇਵਾ, ਅਤੇ ਸੰਗਤ ਵਿਚ ਪੱਖੇ ਦੀ ਸੇਵਾ ਕਰਨ ਵਿਚ ਆਪ ਤਤਪਰ ਰਿਹਾ ਕਰਦੇ ਸਨ । ਇਕ ਤੱਥ ਜੋ ਉਘੜ ਕੇ ਸਾਹਮਣੇ ਨਹੀਂ ਆਇਆ ਉਹ ਸੀ ਕਪੂਰ ਸਿੰਘ ਜੀ ਦਾ ਵਿਹਲੇ ਸਮੇਂ ਸਿੰਘਾਂ ਨੂੰ ਵਿੱਦਿਆ ਪੜ੍ਹਾਣੀ, ਅਤੇ ਨਾਲ ਨਾਲ ਆਪ ਵੀ ਕਛਹਿਰੇ ਸਿਉਣੇ ਅਤੇ ਆਪਣੇ ਸਿਖਿਆਰਥੀਆਂ ਤੋਂ ਵੀ ਸਿਵਾਉਣੇ ਤਾਂ ਕਿ ਲੋੜ ਪੈਣ ਤੇ ਅੰਮ੍ਰਿਤ ਪ੍ਰਚਾਰ ਵੇਲੇ ਅੰਮ੍ਰਿਤ ਅਭਿਲਾਸ਼ੀਆਂ ਨੂੰ ਕਛਹਿਰਿਆਂ ਦੀ ਥੁੜ ਨਾ ਰਹਿ ਜਾਵੇ । ਆਪ ਜੀ ਇਸ ਵਕਤ ਵੀ ਸੰਗਤ ਨੂੰ ਪ੍ਰੇਮ ਨਾਲ ਪੱਖਾ ਝੱਲਣ ਦੀ ਸੇਵਾ ਕਰ ਰਹੇ ਸਨ । ਜਿਸ ਬਾਰੇ ਭਾਈ ਰਤਨ ਸਿੰਘ ਜੀ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 245-46 ਪਰ ਲਿਖਦੇ ਹਨ :—

ਕਪੂਰ ਸਿੰਘ ਥੋ ਟਹਲ ਕਮਾਵਤ
ਦੌੜ ਦੌੜ ਪੱਖੇ ਝੁਲਾਵਤ
ਉਨ ਲਈ ਤੇਗ ਥੀ ਸਨ ਸਨਮੁਖ ਦਲੈਂ
ਐਸੀ ਸਜੀ ਜਨ ਸਸੀ ਮ੍ਰਿਗ ਛਲੈਂ[1]
ਜਖਮ ਕਚਾ ਥੋ ਲਗਯੋ ਤਤਕਾਲ ।
ਕਹੈਂ ਦੇਖ ਉਸ ਸਿੰਘ ਨਿਹਾਲ ।

ਕਪੂਰ ਸਿੰਘ ਨਵਾਬ

ਦੀਵਾਨ ਦਰਬਾਰਾ ਸਿੰਘ ਪ੍ਰਧਾਨ ਜਥੇਦਾਰ ਨੇ ਜਥੇਦਾਰ ਕਪੂਰ ਸਿੰਘ ਜੀ ਤੋਂ ਪੱਖੇ ਦੀ ਸੇਵਾ ਛੁੜਵਾ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੱਦ ਕੇ ਫਰਮਾਇਆ :—

"ਜਥੇਦਾਰ ਕਪੂਰ ਸਿੰਘ ਜੀ ਅੱਜ ਤੋਂ ਤੁਸਾਨੂੰ ਨਵਾਬੀ ਖਿਤਾਬ ਅਤੇ ਖਿਲਅਤ ਹਕੂਮਤ ਵਲੋਂ ਆਈ ਦਿੱਤੀ ਜਾਂਦੀ ਹੈ ।"

ਜ: ਕਪੂਰ ਸਿੰਘ — (ਹੱਥ ਜੋੜ ਕੇ) ਖਾਲਸਾ ਜੀ ਮੈਂ ਕਿਸੇ ਹਕੂਮਤ ਦੀ ਨਵਾਬੀ ਜਾਂ ਖਿਲਅਤ ਲੈਣ ਵਾਸਤੇ ਤਿਆਰ ਨਹੀਂ । ਹਾਂ ਅਗਰ ਗੁਰੂ ਪੰਥ ਬਖਸ਼ਸ਼ ਕਰਦਾ ਹੈ ਤਾਂ ਮੇਰੀਆਂ ਇਹ ਸ਼ਰਤਾਂ ਹਨ ਜੇ ਮਨਜ਼ੂਰ ਹੋਵਨ ਤਾਂ ਸੇਵਕ ਹਾਜ਼ਰ ਹੈ ।"

ਪ੍ਰਧਾਨ ਜਥੇਦਾਰ — ਕੀ ਸ਼ਰਤਾਂ ਹਨ ਤੁਹਾਡੀਆਂ ਜਥੇਦਾਰ ਜੀ ?

ਜ: ਕਪੂਰ ਸਿੰਘ — 1. ਅਗਰ ਨਵਾਬੀ ਖਿਲਅਤ ਖਿਤਾਬ ਆਦਿ ਮੈਨੂੰ ਖਾਲਸਾ ਬਖਸ਼ਿਸ਼ ਕਰੇ ਤਾਂ ਪਰਵਾਨ ਕਰਦਾ ਹਾਂ, ਹਕੂਮਤ ਦੀ ਦਿੱਤੀ ਨਹੀਂ ।

---

1. ਮ੍ਰਿਗ ਵਾਲੇ—ਉਸਦੇ ਮੱਥੇ ਦਾ ਚੰਦਰਾਕਾਰ ਜ਼ਖਮ ਇਤਨਾ ਤੇਜਮਈ ਸੀ ਕਿ ਉਸ ਨੂੰ ਵੇਖ ਹਿਰਨ ਚੰਦ ਦਾ ਧੋਖਾ ਖਾ ਜਾਂਦੇ ਸਨ ।

2. ਅਗਰ ਖਾਲਸਾ ਮੈਨੂੰ ਬਖਸ਼ਿਸ਼ ਕਰਦਾ ਹੈ ਤਾਂ ਇਹਨਾਂ ਵਸਤਾਂ ਨੂੰ ਪਹਿਲਾਂ ਪੰਜਾਂ ਪਿਆਰਿਆਂ ਦੇ ਕਦਮਾਂ ਵਿਚ ਰੱਖਿਆ ਜਾਵੇ ਫਿਰ ਉਥੋਂ ਚੁੱਕ ਮੈਨੂੰ ਬਖਸ਼ਿਸ਼ ਕੀਤੀ ਜਾਵੇ।"
3. ਤੀਜੀ ਸ਼ਰਤ ਇਹ ਹੈ ਕਿ ਗੁਰੂ ਖਾਲਸੇ ਦੀ ਸੇਵਾ ਮੈਂ ਭਾਵੇਂ ਵੀ ਕਿਹੜੀ ਕਰ ਰਿਹਾ ਹੋਵਾਂ ਮੈਨੂੰ ਨਵਾਬ ਸਮਝ ਕੇ ਉਥੋਂ ਹਟਾਇਆ ਨਾ ਜਾਵੇ।

(ਵਾਹ ! ਵਾਹ !! ਧੰਨ ਸਿੱਖੀ ਤੇ ਧੰਨ ਜਨਮ) ਜਥੇਦਾਰ ਕਪੂਰ ਸਿੰਘ ਜੀ ਦੇ ਉਪਰੋਕਤ ਬਚਨ ਸੁਣ ਕੇ ਪ੍ਰਧਾਨ ਜਥੇਦਾਰ ਜੀ ਨੇ ਪ੍ਰਵਾਨਗੀ ਦਾ ਜੈਕਾਰਾ ਛੱਡਿਆ। ਤਿਸ ਪਸ਼ਚਾਤ ਇਹ ਪੰਜ ਪਿਆਰੇ ਹਾਜ਼ਰ ਹੋ ਗਏ :—

1. ਭਾਈ ਹਰੀ ਸਿੰਘ ਹਜ਼ੂਰੀਆਂ
2. ਬਾਬਾ ਦੀਪ ਸਿੰਘ ਜੀ ਸ਼ਹੀਦ
3. ਬਾਬਾ ਜੱਸਾ ਸਿੰਘ ਰਾਮਗੜ੍ਹੀਆ
4. ਭਾਈ ਕਰਮ ਸਿੰਘ
5. ਬਾਬਾ ਬੁੱਢਾ ਸਿੰਘ

ਇਹਨਾਂ ਪੰਜਾ ਸਿੰਘ ਨੇ ਅਰਦਾਸਾ ਕਰ, ਨਵਾਬੀ ਦੀ ਖਿਲਅਤ ਜਿਸ ਵਿਚ, (ੳ) ਇੱਕ ਸ਼ਾਲ ਦੀ ਪੱਗੜੀ (ਅ) ਇੱਕ ਜੜਾਊ ਕਲਗੀ (ੲ) ਇੱਕ ਜਿਗਾ (ਸ) ਇੱਕ ਜੋੜੀ ਸੁਨਹਿਰੀ ਕੰਗਣ (ਹ) ਇੱਕ ਕੈਂਠਾ (ਕ) ਇੱਕ ਕੀਮਤੀ ਮੋਤੀਆਂ ਦੀ ਮਾਲਾ (ਖ) ਇਕ ਕੀਮਖਾਲ ਦਾ ਚੋਗਾ (ਗ) ਇੱਕ ਜੜਾਊ ਸਮਸ਼ੀਰਾ ਸੀ। ਆਪਣੇ ਕਦਮਾਂ ਵਿਚੋਂ ਚੁੱਕੀਆਂ ਅਤੇ ਬਾਬਾ ਦੀਪ ਸਿੰਘ ਜੀ (ਸ਼ਹੀਦ) ਨੇ ਇੱਕ ਇੱਕ ਕਰ ਕੇ ਆਪਣੇ ਸੁਯੰਗ ਧਰਮ ਪੁੱਤਰ ਨੂੰ ਪਹਿਨ੍ਹਾਈਆਂ ਜਿਸ ਨੂੰ 1705 ਈ: ਤੋਂ ਲੈ ਕੇ ਸੰਨ 1712 ਈ: ਤੱਕ ਸਤ ਸਾਲ ਇਸ ਪਦਵੀ ਯੋਗ ਬਣਾਨ ਵਾਸਤੇ ਦਮਦਮੇ ਸਾਹਿਬ ਚੰਡਿਆ ਸੀ।

ਆਭੂਖਨ ਤਾਂ ਉਹ ਸਾਧਾਰਨ ਹੀ ਸਨ ਪ੍ਰੰਤੂ ਗੁਰ ਦਰਬਾਰ ਅੰਦਰ ਉਹ ਪੰਜਾਂ ਪਿਆਰਿਆਂ ਦੇ ਕਦਮਾਂ ਦੀ ਛੋਹ ਨਾਲ ਪਵਿਤਰ ਹੋਣ ਮਗਰੋਂ ਜਦ ਕਪੂਰ ਸਿੰਘ ਨੂੰ ਸਜਾਏ ਗਏ ਤਾਂ ਆਪ ਜੀ ਦੇ ਮੁੱਖ ਦੀ ਕਰਾਂਤੀ ਅਥਵਾ ਚਿਹਰੇ ਦਾ ਜਲਾਲ ਝੱਲਿਆ ਨਹੀਂ ਸੀ ਜਾ ਰਿਹਾ। ਮਗਰ ਗੁਰਮੁਖ ਪਿਆਰੇ ਜਥੇਦਾਰ ਕਪੂਰ ਸਿੰਘ ਜੀ ਨੇ, ਭਾਈ ਗੁਰਦਾਸ ਦੇ ਕਥਨ "ਗੁਰਮੁਖ ਰਿਦੈ ਗਰੀਬੀ ਆਵੈ" ਅਨੁਸਾਰ ਹੋਰ ਗਰੀਬੀ ਗ੍ਰਹਿਨ ਕਰ ਖ਼ਾਲਸਾ ਜੀ ਅੱਗੇ ਅਰਜੋਈ ਕੀਤੀ ਕਿ ਖਾਲਸਾ ਜੀ ਜਿੱਥੇ ਸੇਵਕ ਨੂੰ ਇਤਨਾ ਕੁਛ ਬਖਸ਼ਿਆ ਜੇ ਉਥੇ ਗੁਰੂ ਪਾਤਸ਼ਾਹ ਕੋਲ ਅਰਦਾਸ ਕਰੋ ਕਿ ਇਸ ਸੇਵਕ ਦੀ ਸਿੱਖੀ ਪੰਥਕ ਸੇਵਾ ਕਰਦਿਆਂ ਕੇਸੀਂ ਸੁਆਸੀਂ ਨਿਭ ਜਾਵੇ। ਇਸ ਪ੍ਰਭਾਵ ਬਾਰੇ ਗਿ: ਗਿਆਨ ਸਿੰਘ[1] ਲਿਖਦੇ ਹਨ :—

ਪਾਏ ਅਧਿੱਕ ਫਲ ਬ੍ਰਿਛ ਝੁਕਤ ਜਿਉਂ ਮੇਘ ਦੂਤ ਝੁਕਾਬਾਰੀ।
ਤਿਉਂ ਕਪੂਰ ਸਿੰਘ ਗਹੀ ਗਰੀਬੀ ਸਦਗੁਣ ਔਰ ਅਪਾਰੀ।
ਮੰਨੇ ਹੁਕਮ ਪੰਥ ਸਭ ਤਿਸਕਾ ਵਹਿ ਦੀਵਾਨ ਨਿਤ ਲਾਵੈ।
ਬੁੰਗੇ ਤਖਤ ਅਕਾਲ ਅਗਾਰੀ ਦੇਵਨ ਜਿਉਂ ਛਬ ਛਾਵੈ।

ਕਪੂਰ ਸਿੰਘ - ਸੁਬੇਗ ਸਿੰਘ ਮਿਲਾਪ

ਖਾਲਸੇ ਵੱਲੋਂ ਨਵਾਬੀ ਦੀ ਬਖਸ਼ਿਸ਼ ਹੋਣ ਉਪਰੰਤ ਕਪੂਰ ਸਿੰਘ ਜੀ ਦੇ ਜਲਾਲ ਦਾ ਸ਼ਿਕਾਰ ਤਾਂ ਸਭ ਕੋਈ ਹੋਇਆ ਮਗਰ ਸ: ਸੁਬੇਗ ਸਿੰਘ ਤਾਂ ਜ: ਕਪੂਰ ਸਿੰਘ ਦੀ ਜਵਾਨੀ, ਜਬ੍ਹਾ, ਜਲਾਲ ਅਤੇ ਜ਼ੁਬਾਨ ਦੀ ਮਿਠਾਸ, ਸੁਭਾਵ ਦੀ ਨਿੰਮ੍ਰਤਾ ਆਦਿ ਸਦ ਗੁਣ ਵੇਖ ਕੇ ਫੱਟਿਆ ਹੀ ਗਿਆ। ਸਮਾਗਮ ਤੋਂ ਵਿਹਲੇ ਹੋ ਕੇ ਦੋਵੇਂ ਭਰਾ ਡੇਰੇ ਤੇ ਇਕੱਠੇ ਹੋਏ। ਗੱਲਾਂ ਬਾਤਾਂ, ਵਿਚਾਰ ਵਟਾਂਦਰਾ ਕੀਤਾ। ਸ: ਸੁਬੇਗ ਸਿੰਘ ਦੇ ਨਾਲ ਪਿੰਡੋਂ ਇਕ ਨਾਈ ਆਇਆ ਹੋਇਆ ਸੀ। ਨਾਈ ਨੇ ਸ: ਸੁਬੇਗ ਸਿੰਘ ਨੂੰ ਇਸ਼ਾਰਾ ਕੀਤਾ। ਸ: ਸਬੇਗ ਸਿੰਘ ਨੇ ਆਖਿਆ, ਕਪੂਰ ਸਿੰਘ ਜੀ ਮੇਰੀ ਲੜਕੀ ਮੁਟਿਆਰ ਹੈ, ਮੈਂ ਅਗੇ ਸਾਂਦਲਬਾਰ ਵਿਚ ਲਾਗੀ ਘਲਿਆ ਸੀ ਪਰ ਕੋਈ ਘਰ ਪਸੰਦ ਨਹੀਂ ਆਇਆ, ਤੁਸੀਂ ਹੀ ਕੋਈ ਮੁੰਡਾ ਦੱਸੋ।

ਗਰਮੂਲੇ ਵਿਚ ਸਿੱਖੀ

ਨਵਾਬ ਸਾਹਿਬ ਨੇ ਬੜੀ ਲੰਮੀ ਸੋਚ[2] ਮਗਰੋਂ ਆਖਿਆ, ਘਰ ਤਾਂ ਹੈ, ਮਗਰ ਮੋਨੇ ਨੇ ਤੇ ਹੈਣ ਮਿਲਵਰਤਨੀਏ। ਘਰ ਬੜਾ ਸਰਦਾ

---

1. ਗਿ: ਗਿਆਨ ਸਿੰਘ—ਪੰਥ ਪ੍ਰਕਾਸ਼—ਭਾਸਾ ਵਿਭਾਗ 1970 ਛਾਪ ਪੰਨਾ 658-59।
2. ਲੰਮੀ ਸੋਚ—ਸਾਰੀ ਵਿਰਕੋਤ ਨੇ ਸਵਾਏ ਗਰਮੂਲੇ ਅਤੇ ਸਾਹੋਕਿਆਂ ਦੇ ਦਸ਼ਮੇਸ਼ ਪਾਤਸ਼ਾਹ ਦੇ ਸਮੇਂ ਅੰਮ੍ਰਿਤ ਛਕਿਆ ਸੀ-ਕਪੂਰ ਸਿੰਘ ਨੇ ਸੋਚਿਆ ਕਿ ਜੰਥਰ ਦਾ ਸਾਕ ਉਧਰ ਕਰਵਾਓ। ਦੇ ਤਾਂ ਅੰਮ੍ਰਿਤ ਛਕਣਗੇ ਈ। ਬਾਕੀਆਂ ਦਾ ਹੋਰ ਬੰਦੋਬਸਤ ਡਿੱਠਾ ਜਾਵੇਗਾ।

ਪੁਜਦਾ ਏ । ਨਾਈ ਨੂੰ ਆਖੋਂ ਗਰਮੂਲੇ ਗੁਰਦਿੱਤਾ ਮੱਲ ਚੌਧਰੀ ਦੇ ਪੋਤਰੇ ਵੇਖ ਕੇ ਇਕ ਵੱਲ ਸਾਕ ਕਰ ਆਵੇ । ਚੌਧਰੀ ਗੁਰਦਿੱਤਾ ਮੱਲ ਦਾ ਬੜਾ ਕਾਰੋਬਾਰ ਹੈ । ਉਹਦਾ ਜੰਡਿਆਲੇ ਸ਼ੇਰ ਖਾਂ ਦੇ ਪਠਾਣਾਂ ਨਾਲ ਬੜਾ ਭਾਈਚਾਰਾ ਹੈ ਤੇ ਸਰਕਾਰੀ ਭਾਰ ਢੋਣ ਲਈ ਉਨ੍ਹਾਂ ਦਾ ਕਾਰਵਾਨ ਵੀ ਬਣਾਇਆ ਹੋਇਆ ਹੈ ਅਤੇ ਅੱਧੇ ਪਿੰਡ ਦੀ ਚੌਧਰ ਵੀ ਹੈਸੂ, ਆਦਿ ਆਦਿ ।

ਵਸਾਖੀ ਦੇ ਮੇਲੇ ਤੋਂ ਪਰਤਿਆ ਤਾਂ ਸ: ਸਬੇਗ ਸਿੰਘ ਦੇ ਦਿਲ ਪਰ ਜਥੇਦਾਰ ਕਪੂਰ ਸਿੰਘ ਜੀ ਦੀ ਇਕ ਅਮਿਟ ਛਾਪ ਲਗ ਚੁੱਕੀ ਸੀ । ਉਸ ਨੇ ਘਰਦਿਆਂ ਜੀਆਂ ਨਾਲ ਵਿਚਾਰ ਕਰਕੇ ਬੀਬੀ ਸਾਹਿਬ ਕੌਰ ਦੇ ਸਾਕ ਲਈ[1] ਲਾਗੀ ਗੁਰਮੂਲੇ ਨੂੰ ਟੋਰਿਆ । ਭਾ: ਸਾ: ਭਾਈ ਮੂਲ ਸਿੰਘ ਜੀ 'ਖਾਲਸਾ ਚੰਦਨ ਬ੍ਰਿਛ'' ਵਿਚ ਲਿਖਦੇ ਹਨ :—

ਢੂੰਡ ਤਲਾਇਸ਼ ਕਰਦਿਆਂ ਗਰਮੂਲੇ ਆਇਆ
ਗੁਰਦਿੱਤਾ ਮਲ ਚੌਧਰੀ ਬਜ਼ੁਰਗ ਤਕਾਇਆ
ਸੀ ਪਰਵਾਰੀ ਆਦਮੀ, ਅਕਲੀਆ ਚੰਗਾ
ਚੌਧਰ ਅਧੇ ਪਿੰਡ ਦੀ ਧਨ ਧਰਤੀ ਰੰਗਾ
ਉਨ੍ਹਾਂ ਦਾ ਕਾਰਵਾਨ ਰਖ ਬਿਉਪਾਰ ਵਧਾਇਆ
ਨਾਲ ਪਠਾਣਾਂ ਦੋਸਤੀ ਇਕਬਾਲ ਸਵਾਇਆ
ਅਲੀ ਸ਼ੇਰ ਜੰਡਿਆਲੀਆ ਤਿਸ ਦੋਸਤ ਬਣਿਆ
ਆਵਣ ਜਾਣਾ ਦੋਹਾਂ ਦਾ ਜਿਉਂ ਤਾਣਾ ਤਣਿਆ
ਹਰਬਖਤ ਮਲ ਉਸ ਪੋਤਰਾ ਵਡਭਾਗੀ ਜਾਣੋ
ਗੰਗ ਦਾਸ ਦਾ ਪੁੱਤ ਸੀ ਸੁੰਦਰ ਬਲਵਾਣੋ
ਕਰ ਪਸੰਦ ਤਿਸ ਆਖਿਆ ਸੁਣ ਨੰਬਰਦਾਰਾ
ਨਾਤਾ ਘਲਿਆ ਤੁਧ ਵੱਲ ਜੰਬਰ ਸਰਦਾਰਾ
ਸਿੰਘ ਸਜਾਓ ਪੋਤਰਾ ਕਰੀਏ ਕੁੜਮਾਈ
ਇਹ ਗੱਲ ਸੁਣ ਕੇ ਚੌਧਰੀ ਮਨ ਲਰਜ਼ਸ਼ ਖਾਈ
ਗੁਰਦਿੱਤਾ ਸੀ ਮਜਲਸੀ ਤਿਨ ਸੋਚ ਵਿਚਾਰੀ
ਛੋਟੀ ਨਜਰ ਵਿਹਾਰ ਦੀ ਇਹ ਔਕੜ ਭਾਰੀ

ਚੌ: ਗੁਰਦਿਤਾ ਮੱਲ ਨੇ ਸਾਰੇ ਪ੍ਰਵਾਰ ਅਤੇ ਬਰਾਦਰੀ ਨਾਲ ਵਿਚਾਰ ਕੇ ਲਾਗੀ ਨੂੰ ਮੋੜ ਦਿੱਤਾ, ਮਗਰ ਪਿੰਡ ਦੇ ਨਾਈਆਂ ਦੇ ਘਰ ਸਾਦੂ ਗੁਰਾਏ ਤੋਂ ਆਏ ਹੋਏ ਰਾਮ ਦਾਸ ਨਾਮੀ ਨਾਈ ਨੇ ਕੁਛ ਸਲਾਹ ਦਿਤੀ । ਉਸ ਬਾਰੇ ਉਕਤ ਪੋਥੀ ਵਿਚ ਇਉਂ ਲਿਖਿਆ ਹੈ :—

ਰਾਮ ਦਾਸ ਇਕ ਨਾਈ ਸੀ, ਵਾਂਹੜਾ ਸੁਣਦਾ ਰਿਹਾ ਸਲਾਹੀਂ ।
ਜਾਣੂ ਜੰਬਰ ਦਾ ਸੀ ਕਹਿੰਦਾ ਇਹ ਗਲ ਚੰਗੀ ਨਾਹੀਂ ॥
ਕੰਨਿਆ ਮੋੜਨ ਕੰਮ ਨ ਚੰਗਾ ਰਾਜਨੀਤੀ ਇਹ ਕਹਿੰਦੀ ।
ਸਾਕ ਮੋੜੇ ਤੇ ਕੁੜੀ ਵਾਲੇ ਦੇ ਪਲੇ ਕੁਝ ਨ ਰਹਿੰਦੀ ॥
ਚੰਦੂ ਸਾਹੀ ਵਾਲੀ ਸ਼ਾਖੀ ਇਹ ਨਾਈ ਸਮਝਾਂਦਾ ।
ਭੀ ਪ੍ਰਤਾਪ ਸੁਬੇਗ ਸਿੰਘ ਦਾ ਕਰ ਵਿਸਥਾਰ ਸੁਣਾਂਦਾ
ਕਹੇ ਸਾਕ ਜੇ ਮੁੜਿਆ ਉਸਦਾ ਦੁੱਖ ਵਧੇਗਾ ਭਾਰੀ
ਖੈਰ ਗੁਜਾਰੇਗਾ ਉਹ ਨਾਹੀਂ ਅਗੋਂ ਲਵੇ ਵਿਚਾਰੀ

---

1. **ਬੀਬੀ ਸਾਹਿਬ ਕੌਰ**—ਉਸ ਵਕਤ (ਵਸਾਖ 1734 ਈ:) ਬੀਬੀ ਆਯੂ ਬਾਰਾ ਸਾਲ ਦੀ ਸੀ । ਅਗੇ ਲੋਕ ਛੋਟੀ ਉਮਰ ਵਿਚ ਹੀ ਮੁੰਡੇ ਕੁੜੀਆਂ ਮੰਗ ਵਿਆਹ ਛੱਡਿਆ ਕਰਦੇ ਸਨ । ਪਰ ਇਹਨਾਂ ਦਾ ਦਾ ਵਿਆਹ ਛੇ ਸਾਲ ਪਿਛੋਂ ਹੋਇਆ ਸੀ ।

ਚੋਧਰੀ ਨੇ ਇਹ ਸੁਣਿਆ ਤਾਂ ਜੰਬਰ ਸਰਦਾਰ ਦੇ ਲਾਗੀ ਨੂੰ ਮੋੜ ਲਿਆਂਦਾ ਅਤੇ ਆਪਣੇ ਪੁਤਰ ਗੰਗ ਦਾਸ ਨੂੰ ਆਖਣ ਲੱਗਾ ;—

ਗੰਗ ਦਾਸ ਨੂੰ ਕਹਿੰਦਾ—ਪੁੱਤਰ, ਚਾਰ ਬਾਲ[1] ਘਰ ਤੇਰੇ ।
ਜਾਣੀ ਦੋ ਰਹਿ ਦੋ ਮੋਤੇ ਅੱਜ ਮਾਰ ਨਬੇੜੇ ॥
ਸਿੱਖ ਹੋਣ ਦਿਹ ਮੁੰਡੇ ਦੋਵੇਂ ਜਿਵੇਂ ਰੱਬ ਦੀ ਭਾਵੀ ।
ਸਿਰ ਆਂਦੀ ਹੁਣ ਪਈ ਝਲਣੀ ਪੇਸ਼ ਨਾ ਕੋਈ ਜਾਵੀ ।।
ਓੜਕ ਮੰਨ ਲਈ ਕੁੜਮਾਈ ਤਿੰਨ ਬਣੇ ਗੁਰ ਭਾਈ[2] ।
ਖੁਸ਼ੀਆ ਮਲ ਹਰਬਖਤ ਮਲ ਤੇ ਰਾਮ ਦਾਸ ਉਹ ਨਾਈ ।

ਕੁੜਮਾਈ ਸੰਸਕਾਰ ਗੁਰ ਰੀਤੀ ਅਨੁਸਾਰ (ਉਸ ਮੌਕੇ ਮੁਤਾਬਿਕ[3]) ਹੋਇਆ ਖਾਲਸਾ ਬ੍ਰਿਛ ਪੁਸਤਕ ਵਿਓਂ ਲਿਖਿਆ ਹੈ :—

ਜਪੁਜੀ ਸਾਹਿਬ ਪਾਠ ਪੜ੍ਹ ਅਰਦਾਸ ਕਰਾਈ ।
ਵਰ ਕੰਨਯਾ ਦੇ ਪਿਤਾ ਲਏ ਨਾਮ ਸੁਣਾਈ ।।
ਨਗਰ ਟਿਕਾਣਾ ਦੱਸ ਕੇ ਦਰਜੇ ਭੀ ਭਾਈ ।
ਲੜਕੀ ਲੜਕੇ ਨਾਮ ਲੈ ਕੀਤੀ ਕੁੜਮਾਈ ॥
"ਸਤਿ ਸੰਤੋਖ ਭਾਇ ਕਰ" ਆਸ਼ਾ ਸਮਝਾਇਆ ॥
ਕੜਾਹ ਤਿਹਾਵਲ ਸਾਜ ਕੇ ਪ੍ਰਸਾਦ ਵੰਡਾਇਆ ।

ਨਵਾਬ ਬਣਦਿਆਂ ਸਾਰ ਹੀ ਕਪੂਰ ਸਿੰਘ ਜੀ ਨੇ, ਪਹਿਲਾ ਉਪਕਾਰ ਆਪਣੀ ਗਰਮੂਲੇ ਦੀ ਪਛੜੀ ਹੋਈ ਵਿਰਕ ਬਰਾਦਰੀ ਨੂੰ ਸਿੱਖੀ ਮੰਡਲ ਵਿਚ ਲਿਆਵਣ ਦਾ ਇਹ ਉਪਰਾਲਾ ਸੀ । ਵੈਸੇ ਤਾਂ ਸਾਰੀ ਵਿਰਕੌਤ ਵਿਚ ਇਹ ਦੋਸ਼ ਹੈ, ਮਗਰ ਇਹਨਾਂ ਗਰਮੂਲੀਆਂ ਦੀ ਤਾਂ ਖੀਣੀ ਹੈ ਕਿ ਇਹ ਕਿਸੇ ਵਡੇ ਤੋਂ ਵਡੇ ਦੀ ਆਖੀ ਨਹੀਂ ਮੰਨਦੇ । ਔਰ ਮੰਨਦੇ ਉਦੋਂ ਹਨ ਜਦੋਂ ਚਾਰੋਂ ਪਾਸਿਆਂ ਤੋਂ ਨੱਕੋਂ ਮੂੰਹੋਂ ਝੁੱਲ ਪਵੇ ' ਹੁਣ ਵੀ ਜੇ ਕਿਸੇ ਨਿੱਕੇ ਮੋਟੇ ਸਿੱਖ ਦਾ ਸਾਕ ਹੁੰਦਾ ਚੌ: ਗੁਰਦਿਤਾ ਮਲ ਕਦੇ ਨ ਮੰਨਦਾ । ਉਹ ਤਾਂ ਜੰਬਰ ਸਰਦਾਰ ਦੇ ਰੁਹਬ ਕਰਕੇ ਹੀ ਮੰਨਿਆ ਸੀ ।

ਖਾਲਸੇ ਨੂੰ ਇਕੱਤਰ ਕਰਨਾ

ਨਵਾਬ ਜਕਰੀਆ ਖਾਨ ਦੀ ਖਾਲਸੇ ਨੂੰ ਦਬਾਣ ਅਤੇ ਖਤਮ ਕਰਨ ਦੀ ਪਾਲਿਸੀ ਅਧੀਨ, ਵਿਸ਼ੇਸ਼ ਕਰਕੇ ਸੰਨ 1729 ਤੋਂ 1733 ਈ: ਤੱਕ ਤਕਰੀਬਨ ਰਾਵੀ ਅਤੇ ਬਿਆਸ ਵਿਚਕਾਰਲੇ ਛੇਤਰ ਦੇ ਸਭੀ ਸਿੰਘ ਕੁਛ ਤਾਂ ਪਹਾੜਾਂ ਨੂੰ ਚੜ੍ਹ ਗਏ ਹੋਏ ਸਨ ਤੇ ਬਾਕੀ ਦੇ ਰਾਜਪੂਤਾਨੇ ਜਾ ਨਿਕਲੇ ਸਨ । ਇਹ ਮੌਕਾ ਗਨੀਮਤ ਜਾਨ ਨਵਾਬ ਕਪੂਰ ਸਿੰਘ ਜੀ ਨੇ ਸਭ ਥਾਈਂ ਆਪਣੇ ਸਿੰਘ ਭੇਜ ਕੇ ਸਰਬਤ ਖਾਲਸੇ ਨੂੰ ਅੰਮ੍ਰਿਤਸਰ ਬੁਲਾ ਲਿਆ ।

ਥਾਉਂ ਥਾਈਂ ਫਿਰ ਕੇ ਜਾਂ ਜਥੇ ਭੇਜ ਕੇ ਗੁਰਦਵਾਰਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਕੀਤਾ । ਜਿੱਥੇ ਜਿੱਥੇ ਕਿਸੇ ਸਿੰਘ ਨਾਲ ਜ਼ਿਆਦਤੀ ਹੋਈ ਹੋਈ ਸੀ ਉਸ ਦੀ ਸਹਾਇਤਾ ਕੀਤੀ ਅਤੇ ਜਿਨ੍ਹਾਂ ਨੂੰ ਜਬਰਦਸਤੀ ਪਤਤ ਕੀਤਾ ਗਿਆ ਹੋਇਆ ਸੀ ਉਹਨਾਂ ਨੂੰ ਅੰਮ੍ਰਿਤਸਰ ਸੱਦ ਦੁਬਾਰਾ

---

1. ਚਾਰ ਬਾਲ—ਚਾਰ ਬੱਚੇ, ਹਰਬਖਤ ਮੱਲ, ਗੁਰਬਖਤ ਮੱਲ, ਖੁਸ਼ੀਆ ਮੱਲ ਅਤੇ ਗੁਰਦਾਸ ਮੱਲ ।
2. ਗੁਰਭਾਈ—ਹਰਬਖਤ ਮੱਲ, ਜਿਸ ਨਾਲ ਕੁੜਮਾਈ ਹੋਈ ਸੀ (2) ਖੁਸ਼ੀਆ ਮੱਲ ਜਿਸ ਨੇ ਸਿਰਬਾਲ੍ਹਾ ਬਣਨਾ ਸੀ । (3) ਰਾਮਦਾਸ, ਸਾਦੂ ਗੁਰ੍ਹਾਏ ਦਾ ਨਾਈ ।
3. ਮੌਕਾ ਮੁਤਾਬਿਕ—ਗੁਰਮਤ ਸੰਸਕਾਰ ਵਿਧੀ ਅਨੁਸਾਰ, ਆਰੰਭ ਵਿਚ ਸ਼ਬਦ ਕੀਰਤਨ ਵਿਧਾਨ ਹੈ ਪ੍ਰੰਤੂ ਸਮਾਂ ਸਥਿਤੀ ਵਿਚਾਰ ਕੇ ਕਿ ਅਨਮਤੀਆਂ ਦਾ ਪਿੰਡ ਹੈ, ਗੁਰਦਵਾਰਾ ਵੀ ਨਹੀਂ ਤੇ ਕੀਰਤਨੀਏ ਕਿੱਥੋਂ, ਸੋ ਕੁੜਮਾਈ ਕਰਨ ਆਏ ਸਿੰਘ ਜੀ ਨੇ ਜਪੁਜੀ ਸਾਹਿਬ ਦਾ ਆਸਰਾ ਲੈ ਕੇ ਇਹ ਰਸਮ ਅਦਾ ਕੀਤਾ ਸੀ ।

ਅਭੇਦ ਕੀਤਾ ਗਿਆ । ਭਾਵ ਕਿ ਇਸ ਥੋੜੇ ਜਿਹੇ ਸਮੇਂ ਵਿਚ ਖਾਲਸਾ ਧਰਮ ਵਿਚ ਕਾਫੀ ਵਾਧਾ ਹੋਇਆ । ਇਸ ਅਮਨ ਦੇ ਸਮੇਂ ਵਿਚ ਕਪੂਰ ਸਿੰਘ ਜੀ ਨੇ ਆਪਣੇ ਮਹਿਕਮਾਂ ਖਬਰ ਰਸਾਨੀ ਦੇ ਸਹਿਜਧਾਰੀ, ਅਰੋੜੇ ਸੇਵਾਦਾਰਾਂ ਦੀ ਬੜੀ ਹੌਂਸਲਾ ਅਫਜਾਈ ਕੀਤੀ । ਇਹ ਗੁਰੂ ਕੇ ਨਿਰਮਾਣ ਸੇਵਕ ਰਾਵੀ ਦੇ ਨਾਲ ਨਾਲ ਮੁਸਲੱਕੇ ਛੇਤਰਾਂ ਵਿਚ ਮੁਲਤਾਨ ਤੱਕ ਆਪਣਾ ਕਾਰੋਬਾਰ ਕਰਿਆ ਕਰਦੇ ਸਨ । ਲੋੜ ਵੇਲੇ ਪੰਥਕ ਸੇਵਾ ਬੜੇ ਚਾਅ ਤੇ ਸ਼ਰਧਾ ਨਾਲ ਕਰਿਆ ਕਰਦੇ ਸਨ ।

ਦੋ ਦਲਾਂ ਦੀ ਵੰਡ

ਸੰਨ 1734 ਈ: ਤੱਕ ਸਮੂਹ ਖਾਲਸਾ ਕੁਝ ਤਾਂ ਅੰਮ੍ਰਿਤਸਰ ਟਿਕ ਗਿਆ ਤੇ ਬਾਕੀ ਦਿਆਂ, ਆਪਣਾ ਘਰ ਬਾਰ ਖੇਤੀ ਬਾੜੀ ਵਣਜ ਆਦਿ ਜਾ ਸੰਭਾਲਿਆ । ਇਸੇ ਸਾਲ ਸਾਵਣ ਦੇ ਮਹੀਨੇ ਵਿਚ ਦੀਵਾਨ ਦਰਬਾਰਾ ਸਿੰਘ ਜੀ ਗੁਰਪੁਰੀ ਨੂੰ ਕਮਰ ਕਸੇ ਕਰ ਗਏ । ਜਿਸ ਤੇ ਸਾਰੇ ਪਾਸਿਆਂ ਪੰਥਕ ਜ਼ਿਮੇਵਾਰੀ ਆਪ ਜੀ ਦੇ ਸਿਰ ਪਰ ਆ ਪਈ। ਆਪਣੇ ਕਾਰਜਭਾਰ ਨੂੰ ਸਹਿਲਾ ਕਰਨ ਵਾਸਤੇ ਕਪੂਰ ਸਿੰਘ ਜੀ ਨੇ ਬੜੀ ਦੀਰਘ ਸੋਚ ਵਿਚਾਰ ਕਰ ਸਰਬਤ ਖਾਲਸੇ ਦੇ ਦੋ ਦਲ ਬਣਾਏ :—

ਬੁੱਢਾ ਦਲ

ਇਸ ਦਲ ਵਿਚ ਚਾਲੀ ਸਾਲ ਤੋਂ ਉਪਰ ਦੀ ਆਯੂ ਦੇ ਸਿੰਘ ਸਨ । ਨਵਾਬ ਕਪੂਰ ਸਿੰਘ ਜੀ ਪਰਧਾਨ ਜਥੇਦਾਰ ਅਤੇ ਜੱਸਾ ਸਿੰਘ ਥਿਰਾਜ ਸਿੰਘ ਆਦਿਕ ਸਹਾਇਕ ਜਥੇਦਾਰ ਸਨ । ਇਸ ਦਲ ਦਾ ਮੁੱਖ ਪ੍ਰਯੋਜਨ ਗੁਰਦਵਾਰਿਆਂ ਦੀ ਸੇਵਾ ਸੰਭਾਲ । ਲੋੜਵੰਦਾ ਨੂੰ ਅੰਮ੍ਰਿਤ ਪ੍ਰਚਾਰ ਅਤੇ ਪ੍ਰਸਾਰ ਅਤੇ ਅਗਰ ਲੋੜ ਪਵੇ ਤਾਂ ਤਰੁਣਾਂ ਦਲ ਨਾਲ ਜੰਗ ਦੇ ਸਮੇਂ ਮੋਢੇ ਨਾਲ ਮੋਢਾ ਡਾਹ ਦੁਸ਼ਮਨ ਦਾ ਸਫਾਇਆ ਕਰਨਾ ।

ਤਰੁਣਾ ਦਲ

ਇਸ ਦਲ ਵਿਚ ਗਭਰੂ ਨੌਜਵਾਨ ਚਾਲੀ ਸਾਲ ਦੀ ਉਮਰ ਤੱਕ ਦੇ ਸਿੰਘ ਸ਼ਾਮਲ ਸਨ । ਤਰੁਣਾ ਦਲ ਨੂੰ ਅੱਗੋਂ ਪੰਜ ਵੱਖੋ ਵੱਖ ਜਥਿਆ ਵਿਚ ਵੰਡਿਆ ਗਿਆ :—

ੳ) ਜਥਾ ਸ਼ਹੀਦਾਂ ਦਾ, ਜਿਸ ਵਿਚ ਦੀਪ ਸਿੰਘ, ਨਥਾ ਸਿੰਘ, ਗੁਰਬਖਸ਼ ਸਿੰਘ ਆਦਿਕ ਜਥੇਦਾਰ ਸਨ ।

ਅ) ਜਥਾ ਅੰਮ੍ਰਿਤਸਰੀਆਂ, ਜਿਸ ਵਿਚ ਪ੍ਰੇਮ ਸਿੰਘ, ਧਰਮ ਸਿੰਘ ਜਥੇਦਾਰ ਸਨ ।

ੲ) ਜਥਾ ਡੱਲੇ ਵਾਲੀਆਂ, ਜਿਸ ਵਿਚ ਕਰਮ ਸਿੰਘ, ਗੁਰਦਿਆਲ ਸਿੰਘ ਡੱਲੇ ਵਾਲੀਏ, ਦਸੌਧਾ ਸਿੰਘ ਗਿੱਲ ਅਤੇ ਫਤਿਹ ਸਿੰਘ ਭਗਤੂ ਕਾ ਜਥੇਦਾਰ ਸਨ ।

ਸ) ਭਲੇ ਸਾਹਿਬਜ਼ਾਦਿਆਂ ਦਾ ਜੱਥਾ ਜਿਸ ਵਿਚ ਬਾਬਾ ਕਾਨ੍ਹ ਸਿੰਘ, ਮੀਰੀ ਸਿੰਘ ਭੱਲਾ, ਹਰੀ ਸਿੰਘ ਢਿੱਲੋਂ ਅਤੇ ਬਾਘ ਸਿੰਘ ਹਲੋ ਵਾਲੀਆ ਜਥੇਦਾਰ ਸਨ ।

ਹ) ਰੰਘਰੇਟਿਆਂ ਦਾ ਜਥਾ ਜਿਸ ਵਿਚ ਬੀਰ ਸਿੰਘ, ਮਦਨ ਸਿੰਘ, ਜੀਵਨ ਸਿੰਘ ਅਤੇ ਅਮਰ ਸਿੰਘ ਜਥੇਦਾਰ ਸਨ ।

ਤਰੁਣਾਂ ਦਲ ਦੇ ਜ਼ਿੰਮੇ ਦੀਨ ਦੁਖੀਆਂ ਦੀ ਰੱਖਿਆ ਅਤੇ ਬਦੇਸੀ ਹਮਲਾ ਆਵਰਾਂ ਦਾ ਟਾਕਰਾ ਅਤੇ ਦੇਸ਼ ਦੀ ਰੱਖਿਆ ਕਰਨਾ ਸੀ । ਬੁੱਢਾ ਦਲ ਅਤੇ ਤਰੁਣਾਂ ਦਲ ਦੀ ਪ੍ਰਧਾਨ ਜਥੇਦਾਰੀ ਸਰਬ ਸੰਮਤੀ ਨਾਲ ਨਵਾਬ ਕਪੂਰ ਸਿੰਘ ਜੀ ਨੂੰ ਸੌਂਪੀ ਗਈ । ਜਿਸ ਨੂੰ ਆਪ ਜੀ ਨੇ ਪੂਰਨ ਯੋਗਤਾ ਨਾਲ ਨਿਭਾਇਆ । ਆਪ ਜੀ ਦਾ ਉਸ ਸਾਰੇ ਖਾਲਸਾ ਪੰਥ ਅੰਦਰ ਕਿਹੋ ਜਿਹਾ ਪ੍ਰਭਾਵ ਸੀ । ਉਸ ਬਾਰੇ ਸ: ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 606 ਪਰ ਲਿਖਦੇ ਹਨ :—

ਕਪੂਰ ਸਿੰਘ ਤਬ ਪੰਥ ਮਹਿ ਗੁਰ ਸਮ ਮਾਨਯੋ ਜਾਤ ॥
ਜਤੀ, ਸਤੀ, ਹਠੀ ਤਪੀ ਥਾ ਬੀਰ ਬਲੀ ਬਖਿਆਤ ॥

ਦਲਾਂ ਦੀ ਮਰਯਾਦਾ

ਨਵਾਬ ਕਪੂਰ ਸਿੰਘ ਜੀ ਨੇ ਦੋਹਾਂ ਦਲਾਂ ਦੇ ਮੁੱਖੀ ਜਥੇਦਾਰ ਨਾਲ ਵਿਚਾਰ ਕਰਕੇ ਜਥਿਆਂ ਵਾਸਤੇ ਸਾਂਝੇ ਨਿਯਮ ਤਿਆਰ ਕੀਤੇ । ਜਿਵੇਂ :

---

1. ਵੰਡ—ਸਾਰੇ ਇਤਿਹਾਸਕਾਰ (ਸਿਖ, ਗੈਰ ਸਿਖ) ਦਲ ਖਾਲਸੇ ਦੀ ਵੰਡ ਕਪੂਰ ਸਿੰਘ ਜੀ (1733 ਈ:) ਨੂੰ ਨਵਾਬੀ ਮਿਲਣ ਉਪਰੰਤ ਲਿਖਦੇ ਹਨ । ਪ੍ਰੰਤੂ ਡਾ: ਗੰਡਾ ਸਿੰਘ ਆਪਣੀ ਕ੍ਰਿਤ ਸ: ਜੱਸਾ ਸਿੰਘ ਆਹਲੂਵਾਲੀਆ ਵਿਚ, ਇਹ ਵੰਡ 1730 ਵਿਚ ਹੋਈ ਦੱਸਦੇ ਹਨ । (ਪੰਨਾ 35)

1. ਜੋ ਮਾਇਆ ਜਾਗੀਰ ਅਥਵਾ ਹੋਰ ਕਿਸੇ ਵਸੀਲੇ ਨਾਲ ਕਿਸੇ ਵੀ ਜਥੇ ਦੇ ਹੱਥ ਆਵੇ ਉਹ ਖਾਲਸਾ ਦਲ ਦੀ ਸਾਂਝੀ ਗੋਲਕ ਵਿਚ ਜਮ੍ਹਾਂ ਹੋਵੇ ।
2. ਦੋਹਾਂ ਦਲਾਂ ਦੇ ਕਿਸੇ ਵੀ ਸਿੰਘ ਦੀ ਸ਼ਸ਼ਤਰਾਂ ਬਸਤਰਾਂ ਦੀ ਲੋੜ ਖਾਲਸਾ ਦਲ ਦੇ ਸਾਂਝੀ ਗੋਲਕ ਵਿਚੋਂ ਪੂਰੀ ਕੀਤੀ ਜਾਇਆ ਕਰੇਗੀ।
3. ਦਲ ਖਾਲਸੇ ਦਾ ਲੰਗਰ ਸਾਂਝਾ ਪਕਾ ਕੇ ਸਭ ਨੂੰ ਇਕੋ ਜਿਹਾ ਵਰਤਾਇਆ ਜਾਵੇ ।
4. ਹਰ ਇਕ ਸਿੰਘ ਨੂੰ ਆਪਣੇ ਜਥੇਦਾਰ ਦਾ ਹਰ ਹੁਕਮ ਮੰਨਣਾ ਪਵੇਗਾ ।
5. ਕੋਈ ਵੀ ਸਿੰਘ ਆਪਣੇ ਜਦੇਦਾਰ ਨੂੰ ਦੱਸ ਕੇ ਜਥਾ ਛੱਡ ਜਾਂ ਦੂਜੇ ਜਥੇ ਵਿਚ ਜਾ ਸਕੇਗਾ ।
6. ਕੋਈ ਵੀ ਦਲ ਦਾ ਸਿੰਘ ਜਦੋਂ ਘਰ ਜਾਣ ਲੱਗੇ ਜਾਂ ਘਰੋਂ ਹੋ ਕੇ ਆਵੇ ਤਾਂ ਦੋਨੋਂ ਵਾਰੀ ਆਪਣੇ ਜਥੇਦਾਰ ਨੂੰ ਜ਼ਰੂਰ ਸੂਚਿਤ ਕਰੇ ।

ਇਹਨਾਂ ਨਿਯਮਾਂ ਦੀ ਹੋਂਦ ਨਾਲ ਸਾਰਾ ਖਾਲਸਾ ਦਲ ਸ਼ਾਸਨ (ਡਿਸਿਪਲਿਨ) ਬੱਧ ਹੋ ਗਿਆ । ਇੱਕ ਹੋਰ ਗੱਲ ਅਵੱਸ਼ ਧਿਆਨ ਯੋਗ ਇਹ ਹੈ ਕਿ ਤਦੋਂ ਦੇ ਮਰ੍ਹੈਲੇ ਸਿੰਘ ਹਰਿਮੰਦਰ ਸਾਹਿਬ ਦੇ ਚੜ੍ਹਾਵੇ ਵਿਚੋਂ ਰਦੰਤ ਵੀ ਕੁਛ ਸਵੀਕਾਰ ਨਹੀਂ ਕੀਤਾ ਕਰਦੇ ਸਨ । ਉਸ ਚੜ੍ਹਾਵੇ ਦੇ ਸਾਂਭਣ ਵੰਡਣ ਵਰਤਨ ਦੀ ਜ਼ਿੰਮੇਵਾਰੀ ਭਾਈ ਮਨੀ ਸਿੰਘ ਸਾਹਿਬ ਦੀ ਸੀ । ਉਸ ਸਮੇਂ ਦੇ ਖਾਲਸੇ ਪੂਜਾ ਦੇ ਧਾਨ ਨੂੰ ਕੱਚਾ ਪਾਰਾ ਸਮਝਿਆ ਕਰਦੇ ਸਨ (ਪ੍ਰੰਤੂ ਆਹ ! ਸ਼ੋਕ, ਅੱਜ ਕੱਲ ਦੀ ਬਹੁਤੀ "ਸਿਖ" ਕਹਾਨ ਵਾਲੀ ਜਨਤਾ (ਖਾਲਸਾ ਨਹੀਂ) ਪੂਜਾ ਦੇ ਧਾਨ ਨੂੰ ਮਾਂ ਦਾ ਦੁੱਧ ਸਮਝ ਚੁੰਘੀ ਜਾਂਦੀ ਹੈ, ਸ਼ੋਕ ! ਮਹਾਂ ਸ਼ੋਕ !!

ਜੱਸਾ ਸਿੰਘ ਆਹਲੂਵਾਲੀਆ

ਬਾਲਕ ਜੱਸਾ ਸਿੰਘ ਅਜੇ ਪੰਜ ਕੁ ਸਾਲ ਦਾ ਹੀ ਸੀ ਕਿ ਉਸਦੇ ਪਿਤਾ ਸ: ਬਦਰ ਸਿੰਘ ਜੀ ਚੜ੍ਹਾਈ ਕਰ ਗਏ । ਜੱਸਾ ਸਿੰਘ ਦੀ ਮਾਤਾ ਇਸ ਛੋਟੇ ਬਾਲਕ ਨੂੰ ਲੈ ਕੇ ਸ੍ਰੀ ਮਾਤਾ ਸੁੰਦਰ ਕੌਰ ਜੀ ਕੋਲ ਦਿੱਲੀ[1] ਚੱਲੀ ਗਈ । ਇਹ ਦੋਵੇਂ ਮਾਂ ਪੁੱਤ੍ਰ ਦੋ-ਤਾਰੇ ਨਾਲ ਆਸਾ ਦੀ ਵਾਰ ਦਾ ਬੜਾ ਰਸ ਭਿੰਨਾ ਕੀਰਤਨ ਕਰਿਆ ਕਰਦੇ ਸਨ । ਸ੍ਰੀ ਮਾਤਾ ਸੁੰਦਰ ਕੌਰ ਜੀ ਬਾਲਕ ਜੱਸਾ ਸਿੰਘ ਉਪਰ ਬੜੀ ਕ੍ਰਿਪਾ ਦ੍ਰਿਸ਼ਟੀ ਰੱਖਿਆ ਕਰਦੇ ਸਨ ।

ਜੱਸਾ ਸਿੰਘ ਜਦੋਂ ਗੱਭਰੂ ਹੋਇਆ ਤਾਂ ਉਸਦਾ ਮਾਮਾ ਸ: ਬਾਘ ਸਿੰਘ ਆਹਲੋਵਾਲੀਆ, ਦਿੱਲੀ ਸ੍ਰੀ ਮਾਤਾ ਸੁੰਦਰ ਕੌਰ ਜੀ ਦੇ ਚਰਨ ਪਰਸਨ ਗਿਆ ਤਾਂ ਬੇਨਤੀ ਕਰਕੇ ਆਪਣੀ ਭੈਣ ਅਤੇ ਭਾਣਜੇ ਨੂੰ ਆਪਣੇ ਨਾਲ ਲੈ ਆਇਆ । (ਸ੍ਰੀ ਮਾਤਾ ਜੀ ਨੇ ਬੜੇ ਪਿਆਰ ਨਾਲ ਸੁੰਦਰ ਬਸਤ੍ਰ ਅਤੇ ਚਾਂਦੀ ਦਾ ਇਕ ਆਨਾ ਘਰ ਅਸੀਸ ਦੇ ਕੇ ਵਿਦਾ ਕੀਤਾ ।) ਸੰਨ 1730 ਈ: ਵਿਚ ਜਕਰੀਆਂ ਖਾਨ ਵਲੋਂ ਸਖਤੀਆਂ ਦਾ ਦੌਰ ਹੋਣ ਕਰਕੇ ਖਾਲਸਾ ਜੀ ਮਾਝਾ ਤੇ ਰਿਆੜਕੀ ਛੱਡ ਕੁਛ ਪਹਾੜੀਂ ਚੜ੍ਹ ਗਏ, ਕੁਛ ਦੁਆਬੇ ਤੇ ਕੁਛ ਮਾਲਵੇ ਨੂੰ ਨਿਕਲ ਗਏ । ਉਹਨੀਂ ਦਿਨੀਂ ਜਥੇਦਾਰ ਕਪੂਰ ਸਿੰਘ ਜੀ ਦਾ ਜਥਾ ਕਰਤਾਰਪੁਰ ਉਤਰਿਆ ਹੋਇਆ ਸੀ । ਰਾਤ ਸ: ਬਾਘ ਸਿੰਘ ਸਮੇਤ ਆਪਣੀ ਭੈਣ ਅਤੇ ਭਾਣਜੇ ਦੇ ਜਥੇਦਾਰ ਕਪੂਰ ਸਿੰਘ ਦੇ ਡੇਰੇ ਟਿਕੇ ਸਵੇਰੇ ਦੋਹਾਂ ਮਾਂ ਪੁੱਤਰਾਂ ਨੇ ਗੁਰੂ ਦਰਬਾਰ ਵਿਚ ਦੁਤਾਰੇ ਨਾਲ ਆਸਾ ਜੀ ਦੀ ਵਾਰ ਦਾ ਕੀਰਤਨ ਬੜੇ ਠਾਠ[2] ਨਾਲ ਕੀਤਾ । ਜਿਸਨੂੰ ਸੁਣ ਜਥੇਦਾਰ ਕਪੂਰ ਸਿੰਘ ਜੀ ਬੜੇ ਪ੍ਰਸੰਨ ਹੋਏ । ਆਪ ਜੀ ਨੇ ਜੱਸਾ ਸਿੰਘ ਨੂੰ ਆਪਣੀ ਗੋਦੀ ਵਿਚ ਬਿਠਾ ਕੇ ਆਖਿਆ "ਮੈਂ ਤੈਨੂੰ ਆਪਣਾ ਧਰਮ ਪੁੱਤਰ ਬਣਾਂਦਾ ਹਾਂ ।" ਸ: ਬਾਘ ਸਿੰਘ ਜੀ ਨੇ ਉਥੇ ਬੈਠਿਆ ਆਪਣੀ ਭੈਣ ਨਾਲ ਸਲਾਹ ਕਰਕੇ ਆਖਿਆ ਜਥੇਦਾਰ ਜੀ ਅੱਜ ਤੋਂ ਜੱਸਾ ਸਿੰਘ ਸਤਿਗੁਰੂ ਦੇ ਆਸਰ ਤੁਸਾਡੇ ਹਵਾਲੇ ਹੈ । ਜਥੇ ਨੇ ਜੈਕਾਰਾ ਗਜਾ ਦਿੱਤਾ । ਬੜੀਆ ਖੁਸ਼ੀਆਂ ਹੋਈਆਂ ।

ਜੱਸਾ ਸਿੰਘ ਨੇ ਅੰਮ੍ਰਿਤ ਛਕਿਆ

ਜਥੇਦਾਰ ਕਪੂਰ ਸਿੰਘ ਜੀ ਨੇ ਗੱਭਰੂ ਜੱਸਾ ਸਿੰਘ ਨੂੰ ਅੰਮ੍ਰਿਤ ਛਕਾਣ ਦਾ ਪ੍ਰਬੰਧ ਕੀਤਾ ਅਤੇ ਜਦੋਂ ਜੱਸਾ ਸਿੰਘ ਤਿਆਰ ਹੋ ਗਿਆ ਤਾਂ ਆਪ ਕਪੂਰ ਸਿੰਘ ਜੀ ਨੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਨੌਜਵਾਨ ਧਰਮ ਪੁੱਤ੍ਰ ਨੂੰ ਦਸ਼ਮੇਸ਼ ਦੇ ਅੰਮ੍ਰਿਤ ਦੀ ਬਖਸ਼ਿਸ਼ ਕੀਤੀ ਅਤੇ ਜੱਸਾ ਸਿੰਘ ਨੂੰ ਡੇਰੇ ਵਿਚ ਦਾਖਲ[3] ਕੀਤਾ ਗਿਆ ।

---

1. **ਦਿੱਲੀ**—ਸੰਨ 1723 ਈ: ਵਿਚ ਗਏ । ਵੇਖੋ ਡਾ: ਗੰਡਾ ਸਿੰਘ ਕ੍ਰਿਤ ਸ: ਜੱਸਾ ਸਿੰਘ ਆਹਲੂਵਾਲੀਆਂ, ਪੰਜਾਬੀ ਯੂਨੀਵਰਸਿਟੀ 1969—ਛਾਪ ਪੰਨਾ 23
2. **ਠਾਠ**—ਰਾਗ ਵਿਦਿਆ ਦੇ ਜਾਣੂਆਂ ਨੇ ਸਾਰੇ ਦਸ ਠਾਟ ਕਲਪੇ ਹਨ । ਜਿਨ੍ਹਾਂ ਦੁਆਰਾ ਸਾਰੇ ਰਾਗ ਗਾਏ ਅਤੇ ਵਜਾਏ ਜਾਂਦੇ ਹਨ ।
3. **ਜਥੇ ਵਿਚ ਦਾਖਲ**—ਪੰਜਾਬੀ ਯੂਨੀਵਰਸਿਟੀ ਦੀ 196[illegible] ਪ੍ਰਕਾਸ਼ਤ, ਅ[illegible] ਬਟਾਲੀਆ ਕ੍ਰਿਤ ਤਾਰੀਖ-ਇ-ਪੰਜਾਬ ਦਾ ਮੁਖ ਬੰਧ ਪੰਨਾ 18

ਧੰਨ ਸਿਖੀ ! ਇਹ ਸੀ ਸਿਖ ਜੀਵਨ, ਇਹ ਸੀ ਸਿਖੀ ਕਿਰਦਾਰ ਜਿਸ ਨਾਲ ਗੁਰਸਿਖੀ ਪਨਪਦੀ, ਪਲਦੀ ਪਲ੍ਹਰਦੀ ਅਤੇ ਪਰਪੱਕ ਹੁੰਦੀ। ਪਾਠਕ ਜੀ, ਜ਼ਰਾ ਗੌਰ ਕਰੋ। ਜਥੇਦਾਰ ਕਪੂਰ ਸਿੰਘ ਜੀ ਬਾਬਾ ਦੀਪ ਸਿੰਘ ਜੀ ਦੇ ਧਰਮ ਪੁੱਤਰ ਅਤੇ ਜਥੇਦਾਰ ਕਪੂਰ ਸਿੰਘ ਜੀ ਦੇ ਮਹਾਨ ਪ੍ਰਤਾਪੀ ਧਰਮ ਪੁੱਤਰ ਜੱਸਾ ਸਿੰਘ ਜੀ।

ਸ੍ਰੀ ਮਾਤਾ ਸੁੰਦਰ ਕੌਰ ਜੀ ਦੀ ਬਖਸ਼ਿਸ਼

ਸਿਖ ਰਾਜ ਦੇ ਵੇਲੇ ਗੁਜਰਾਂਵਾਲੇ ਸ਼ਹਿਰ ਵਿਚ ਵਿਰੱਕਤ ਗੁਰ ਸਿਖ ਤਿਆਗ ਮੂਰਤੀ ਗੁਰਮੁਖ ਪਿਆਰੇ ਪਤਾਸਾ ਸਿੰਘ ਜੀ ਹੋਏ ਹਨ। ਆਪ ਜੀ ਦੇ ਨਾਮ ਤੇ ਗੁਜਰਾਂਵਾਲੇ ਘੰਟਾ ਘਰ ਦੇ ਕੋਲ ਇਕ ਧਰਮਸ਼ਾਲਾ ਸੀ। ਜਿੱਥੇ ਗੁਰਸਿਖੀ ਪ੍ਰਚਾਰ ਅਤੇ ਕਥਾ ਪ੍ਰਵਾਹ ਹਮੇਸ਼ਾ ਚਲਿਆ ਕਰਦਾ ਸੀ। ਆਪ ਜੀ ਸਾਲ ਦੇ ਸਾਲ ਸਿਖਿਆਰਥੀਆਂ ਦਾ ਵਹੀਰ ਲੈ ਕੇ, ਨਾਮ ਬਾਣੀ ਦਾ ਛਟਾ ਦੇਣ ਵਿਰਕੋਂ ਦੇ ਪਿੰਡਾਂ ਵਿਚ ਆਇਆ ਕਰਦੇ ਸਨ। ਉਹਨਾਂ ਦੇ ਮੁਖਾਰ ਬਿੰਦ ਤੋਂ ਸੁਣੇ ਦੇ ਆਧਾਰ ਤੇ ਸਾਡੇ ਬਜ਼ੁਰਗ ਭਾਈ ਨਥਾ ਸਿੰਘ[1] ਅਤੇ ਭਾਈ ਸੁਚਾ ਸਿੰਘ[2] ਜੀ ਚੱਕ ਜੰਦ ਵਾਲੇ ਫਰਮਾਇਆ ਕਰਦੇ ਸਨ ਕਿ ਤੱਤ ਖਾਲਸੇ ਅਤੇ ਬੰਦਈਆਂ ਦੇ ਝਗੜੇ ਪਿਛੋਂ ਜਥੇਦਾਰ ਕਪੂਰ ਸਿੰਘ ਜੀ ਦਿੱਲੀ ਸ੍ਰੀ ਮਾਤਾ ਸੁੰਦਰ ਕੌਰ ਜੀ ਦੇ ਚਰਨ ਪਰਸਨ ਵਾਸਤੇ ਉਹਨਾਂ ਦੇ ਗੁਰਪੁਰ ਪਯਾਣੇ (1747 ਈ:) ਤੱਕ ਕਦੇ ਕਦੇ ਜਾਇਆ ਕਰਦੇ ਸਨ। ਦੀਵਾਨ ਦਰਬਾਰਾ ਸਿੰਘ ਜੀ ਦੇ ਚੜ੍ਹਾਈ ਕਰ ਜਾਣ ਪਿਛੋਂ, ਜਦ ਨਵਾਬ ਕਪੂਰ ਸਿੰਘ ਜੀ ਮਾਤਾ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਤਾਂ :—ਸ੍ਰੀ ਮਾਤਾ ਜੀ ਨੇ ਇੱਕ ਤਾਂ ਛੇਵੇਂ ਪਾਤਸ਼ਾਹ ਦਾ ਗੁਰਜ ਅਤੇ ਦਸਮੇਸ਼ ਜੀ ਦੀ ਤਲਵਾਰ ਬਖਸ਼ਿਸ਼ ਕੀਤੀ—ਦੂਸਰੇ ਫੁਰਮਾਇਆ ਕਿ ਜੱਸਾ ਸਿੰਘ ਨੂੰ ਆਪਣਾ ਬੱਚਾ ਸਮਝ ਪਾਲਣਾ ਕਰਨੀ ਅਤੇ ਹਰ ਪ੍ਰਕਾਰ ਯੋਗ ਬਣਾਨਾ। ਆਪ ਜੀ ਮਾਤਾ ਜੀ ਨੂੰ ਸਤਿ ਬਚਨ ਆਖ ਗੁਰ ਫਤਿਹ ਬੁਲਾ ਚਾਲੇ ਪਾ ਆਏ।

ਜਾਗੀਰ ਦੀ ਜ਼ਬਤੀ

ਸੰਨ 1735 ਈ: ਵਿਚ ਤਰੁਣਾ ਦਲ ਦੀ ਨਫਰੀ ਬਹੁਤ ਵੱਧ ਗਈ, ਜਿਸ ਤੇ ਜਾਗੀਰ ਦੀ ਆਮਦਨ ਨਾਲ ਗੁਜ਼ਾਰਾ ਚੱਲਣਾ ਔਖਾ ਹੋ ਗਿਆ। ਤਰੁਣਾਂ ਦਲ ਆਪਣੇ ਪੁਰਾਣੇ ਮਾਰ ਕੇ ਖਾਣ ਵਾਲੇ ਢੰਗ ਲਾਗੂ ਕਰਨ ਵਾਸਤੇ ਹਾਂਸੀ ਹਿਸਾਰ ਨੂੰ ਧਾਈਆਂ ਕਰ ਗਿਆ। ਜ਼ਕਰੀਆਂ ਖਾਨ ਨੇ ਸਿੰਘਾਂ ਨੂੰ ਆਪਣੇ ਜਾਲ ਵਿਚ ਫਸਾਣ ਵਾਸਤੇ ਜਾਗੀਰ ਰੂਪੀ ਦਾਣਾ ਸੁੱਟਿਆ ਸੀ ਪਰ ਸਿੰਘ ਸਭਾ ਪਤਣਾ ਦੇ ਤਾਰੂ ਸਨ ਉਹ ਚੰਗੇ ਤੇ ਨਾਂ ਫਸੇ। ਇਹ ਵੇਖ ਜ਼ਕਰੀਆਂ ਖਾਨ ਨੇ ਜਾਗੀਰ ਬੰਦ ਕਰ ਦਿੱਤੀ ਅਤੇ ਆਖਿਆ ਸਿੰਘ ਅਗਰ ਚਾਹੁੰਣ ਤਾਂ ਨੌਕਰੀ ਕਰ ਲੈਣ। ਜੇ ਸਿੰਘ ਖੇਤੀ ਕਰਨ ਲੱਗ ਜਾਵਨ ਤਾਂ ਉਹਨਾਂ ਨੂੰ ਅੱਧਾ ਹਾਲ ਮੁਆਫ਼ ਕਰ ਦਿੱਤਾ ਜਾਇਆ ਕਰੇਗਾ ਮਗਰ ਖਾਲਸੇ ਨੇ ਕੋਰਾ ਜਵਾਬ ਦੇ ਦਿੱਤਾ ਅਤੇ ਗਿ: ਗਿਆਨ ਸਿੰਘ ਜੀ ਦੇ ਆਖਣ ਵਾਂਗ ਆਪਣਾ ਪੁਰਾਤਣੀ ਗਤਕਾ ਫਰੀ ਸਟਾਈਲ ਚੁੱਕ ਕੇ ਕੌਡ ਕਬੱਡੀ ਖੇਡਣ ਲੱਗ ਗਏ।

—੦—

1. **ਭਾਈ ਨੱਥਾ ਸਿੰਘ ਜੀ**—ਬੜੇ ਭਰੋਸੇ ਵਾਲੇ ਅਕਾਲੀ ਪੁਰਾਤਨ ਗੁਰਸਿਖਾਂ ਦਾ ਨਮੂਨਾ—ਚਲਾਣਾ ਕਰ ਚੁੱਕੇ ਹਨ।
2. **ਭਾਈ ਸੁਚਾ ਸਿੰਘ ਜੀ**—ਇਹ ਨਗਰ ਦਿਹੜ ਜ਼ਿ: ਗੁਜਰਾਂਵਾਲਾ ਦੇ ਵਸਨੀਕ ਸਨ। ਬਾਲਪਨ ਵਿਚ ਧਰਮ ਵਿੱਦਿਆ ਗੁਜਰਾਂਵਾਲੇ ਬਾਬੇ ਪਤਾਸਾ ਸਿੰਘ ਤੋਂ ਪਾਈ। ਆਪਦੇ ਪਿਤਾ ਨੂੰ ਚਕਜੰਦ ਜ਼ਿ: ਸ਼ੇਖੂਪੁਰਾ ਵਿਚ ਜ਼ਮੀਨ ਮਿਲੀ। ਆਪ ਜੀ ਭਾਈ ਮੂਲ ਸਿੰਘ ਜੀ ਦੇ ਸੰਗਤੀ ਵਿਰਕਤ ਪ੍ਰਚਾਰਕ ਸਨ। ਅਕਾਲ ਚਲਾਣਾ ਡਾਚਰ ਜ਼ਿ: ਕਰਨਾਲ ਕੀਤਾ।

ਸਖਤੀਆਂ ਫਿਰ ਚਾਲੂ

ਜਿਵੇਂ ਸੰਨ 1710 ਵਿਚ ਮੀਆਂ ਜੀ ਅਸਲਮ ਖਾਂ ਨੇ ਗਸ਼ਤੀ ਫੌਜਾਂ ਚਾੜ੍ਹੀਆਂ ਸਨ ਉਸੇ ਤਰ੍ਹਾਂ ਜ਼ਕਰੀਆ ਖਾਨ ਨੇ ਵੀ 4000 ਸਵਾਰਾਂ ਦੀ ਇਕ ਗਸ਼ਤੀ (ਫਿਰਤੂ ਫੌਜ) ਲਖਪਤ ਰਾਇ ਤੇ ਮਖਲਸ ਖਾਂ ਥਲੇ ਨਿਯਤ ਕੀਤੀ। ਜਿਸ ਚੋ ਅੱਠ ਦਸਤੇ ਬਣਾਏ ਗਏ ਤੇ ਪੂਰਾ ਸੂਬਾ ਲਾਹੌਰ ਦੇ ਛੇਤਰ ਅੰਦਰੋਂ ਸਿੱਖਾਂ ਨੂੰ ਭਾਲ ਭਾਲ ਕੇ ਖਤਮ ਕਰਨ ਲਈ ਤੋਰਿਆ। ਕੁਛ ਅਰਸਾ ਤਾਂ ਇਸ ਫੌਜ ਨੇ ਬੜੀ ਤੇਜੀ ਵਿਖਾਈ ਤੇ ਕਈ ਵਿਚਾਰੇ ਕਿਰਤੀ ਤੇ ਚਕਰੈਲ ਬੇਗੁਨਾਹ ਸਿੰਘ ਫੜ ਫੜ ਕਤਲ ਕੀਤੇ। ਪਰ ਜਦ ਕਦੇ ਮਰੈਲੇ ਸਿਖਾਂ ਨਾਲ ਵਾਹ ਪੈਂਦਾ ਤਾਂ ਇਹ ਗਸ਼ਤੀ ਫ਼ੌਜ ਵਾਲੇ ਸ਼ਸਤਰ, ਘੋੜੇ ਗੱਲੀ ਗੱਟਾ ਖੂਹਾ ਹੱਥ ਲਮਕਾਂਦੇ ਲਾਹੌਰ ਆ ਵੜਦੇ।

ਕੁਛ ਚਿਰ ਪਿਛੋਂ ਜ਼ਕਰੀਆ ਖਾਨ ਨੇ ਵੇਖਿਆ ਕਿ ਗਸ਼ਤੀ ਫੌਜ ਦਾ ਖਰਚਾ ਤਾਂ ਕਮਰ ਤੋੜ ਹੈ ਮਗਰ ਕਾਰ ਗੁਜ਼ਾਰੀ ਉਸ ਦੇ ਮੁਕਾਬਲੇ ਤੇ ਬਹੁਤ ਥੋੜੀ ਹੈ। ਸੋ ਉਸ ਨੇ ਗਸ਼ਤੀ ਫੌਜ ਘਟਾ ਦਿੱਤੀ ਅਤੇ ਇਲਾਕੇ ਚੌਧਰੀਆਂ ਜਾਗੀਰਦਾਰਾਂ ਅਤੇ ਸਰਕਾਰੀ ਕਰਮਚਾਰੀਆਂ ਕਾਨੂੰਗੋਆਂ ਅਤੇ ਪਟਵਾਰੀਆਂ ਆਦਿ ਨੂੰ ਇਸ ਮਤਲਬ ਦਾ ਫਰਮਾਨ ਜਾਰੀ ਕਰਕੇ ਜਿਮੇਵਾਰੀ ਲੈ ਲਈ ਕਿ ਉਹ ਆਪਣੇ ਪਿੰਡ, ਮਹੱਲਿਆਂ ਇਕੇ ਇਲਾਕਿਆਂ ਵਿਚ ਕਿਸੇ ਸਿਖ ਨੂੰ ਨਹੀਂ ਰਹਿਣ ਦੇਣਗੇ—ਫਰਮਾਨ[1] ਦਾ ਵੇਰਵਾ ਇਉਂ ਸੀ :—

ਸਿਖਾਂ ਵਿਰੁਧ ਫਰਮਾਨ ਦਾ ਵੇਰਵਾ

(ੳ) ਅਗਰ ਕੋਈ

1.	ਸਿੰਘ ਦਾ ਸਿਰ ਪੇਸ਼ ਕਰੇਗਾ ਉਸ ਨੂੰ	ਪੰਜਾਹ ਰੁਪੈ ਇਨਾਮ
2.	" " ਪਤਾ ਦੇਵੇਗਾ " "	ਦਸ " "
3.	" " ਪਕੜਾਵੇਗਾ " "	ਪੰਦਰਾਂ " "
4.	" ਨੂੰ ਜਿਉਂਦਾ ਪੇਸ਼ ਕਰੇਗਾ " "	ਪੰਜਾਹ " "
5.	" ਦਾ ਘਰ ਘਾਟ ਲੁਟ ਲਵੇਗਾ ਉਸ ਨੂੰ ਕੋਈ ਪੁਛ ਪਰਤੀਤ ਨਹੀਂ ਹੋਵੇਗੀ।	

(ਅ)
1. " ਨੂੰ ਘਰ ਜਾਂ ਖੇਤ ਪਨਾਹ ਦੇਵੇਗਾ ਉਸ ਨੂੰ ਮੌਤ ਦੀ ਸਜਾ ਹੋਵੇਗੀ।
2. " ਦਾ ਪਤਾ ਹੁੰਦਿਆਂ ਹੋਇਆਂ ਹਕੂਮਤ ਨੂੰ ਖਬਰ ਨਹੀਂ ਦੇਵੇਗਾ ਉਹ ਕਤਲ ਕੀਤਾ ਜਾਵੇਗਾ।
3. ਕੋਈ ਹਿੰਦੂ ਸਿੰਘਾਂ ਨੂੰ ਅਨਾਜ ਰੋਟੀ ਜਾਂ ਕਿਸੇ ਸ਼ੈ ਦੀ ਮਦਦ ਕਰੇਗਾ ਉਹ ਜ਼ੋਬਰਦਸਤੀ ਮੁਸਲਮਾਨ ਕੀਤਾ ਜਾਵੇਗਾ।
4. ਕੋਈ ਸਰਕਾਰੀ ਕਰਮਚਾਰੀ ਸਿੱਖਾਂ ਬਾਰੇ ਕਿਸੇ ਤਰ੍ਹਾਂ ਦੀ ਕੁਤਾਹੀ ਕਰੇਗਾ ਉਹਨੂੰ ਨੌਕਰੀ ਤੇ ਹਟਾ ਦਿੱਤਾ ਜਾਵੇਗਾ।

ਜਨਰਲ ਗਾਰਡਨ ਵਰਗੇ ਇਤਿਹਾਸਕਾਰ ਲਿਖਦੇ ਹਨ ਕਿ ਇਹ ਪਹਿਲੀ ਵਾਰ ਹੈ ਕਿ ਸਿਖ ਧਰਮ ਧਾਰੀਆਂ ਨੂੰ ਸਰਕਾਰੀ ਤੌਰ ਤੇ ਮੌਤ ਦਾ ਹੁਕਮ ਹੋਇਆ ਸੀ। ਇਸ ਵਾਰੀ ਫੇਰ ਖਾਲਸਾ ਆਪਣੇ ਪੁਰਾਣੇ ਟਿਕਾਣਿਆ, ਪਹਾੜਾਂ ਝੱਲਾਂ, ਲਖੀ, ਜੰਗਲ ਅਤੇ ਰਾਜਪੁਤਾਨੇ ਦੇ ਥਲਾਂ ਨੂੰ ਮੁਹਾੜ ਕਰ ਗਏ। ਦੇਸ਼ ਖਾਲੀ ਹੋ ਗਿਆ ਤੇ ਦਿਨ ਨੂੰ ਵੀ ਉਲੂਆਂ ਦਾ ਰਾਜ ਹੋ ਗਿਆ।

---

1. ਫਰਮਾਨ—ਹਰੀ ਰਾਮ ਗੁਪਤਾ, ਮਕਰੇਗਰ ਕਨਿੰਘਮ, ਸ਼ਮਸ਼ੇਰ ਖਾਲਸਾ।

ਸਚੇ ਪਾਤਸ਼ਾਹ ਦਾ ਕੋਤਵਾਲ

ਪ੍ਰਾਚੀਨ ਪੰਥ ਪ੍ਰਕਾਸ਼ ਦਾ ਕਰਤਾ ਸ: ਰਤਨ ਸਿੰਘ ਭੰਗੂ[1] ਇਕ ਬੜੀ ਸਵਾਦਲੀ ਘਟਨਾ ਵਰਣਨ ਕਰਦੇ ਹਨ। ਇੱਕ ਦਿਨ ਨਵਾਬ ਕਪੂਰ ਸਿੰਘ ਜੀ ਦੇ ਦਿਲ ਵਿਚ ਆਇਆ ਕਿ ਸ਼ਿਕਾਰ ਖੇਡਿਆ ਜਾਵੇ। ਆਪਣੇ ਨਾਲ ਕੇਵਲ ਵੀਹ ਸਵਾਰ ਲੈ ਕੇ ਸਿੱਧੇ ਲਾਹੌਰ ਸ਼ਹਿਰ ਜਾ ਕੋਤਵਾਲੀ ਤੇ ਕਬਜ਼ਾ ਕੀਤਾ। ਆਪਣੇ ਦਸ ਸਵਾਰ ਤਾਂ ਬਾਓਂ ਬਾਹੀਂ ਖਿਲਾਰ ਦਿੱਤੇ ਅਤੇ ਆਪ ਕੋਤਵਾਲ ਦੀ ਕੁਰਸੀ ਤੇ ਬੈਠ ਕੇ ਅਸਲੀ ਕੋਤਵਾਲ ਨੂੰ ਹੁਕਮ ਕੀਤਾ ਕਿ ਕੈਦੀਆਂ ਦੀਆਂ ਮਿਸਲਾਂ ਪੇਸ਼ ਕਰੋ। ਉਸ ਦਿਨ ਕੋਤਵਾਲੀ ਵਿਚ ਤ੍ਰੀਹ ਕੈਦੀ ਸਨ। ਨਵਾਬ ਸਾਹਿਬ ਨੇ ਆਖਿਆ, ਉਹਨਾਂ ਨੂੰ ਹਾਜ਼ਰ ਕਰੋ। ਜਦ ਸਭ ਕੈਦੀ ਆ ਗਏ ਤਾਂ ਸਭ ਨੂੰ ਰਿਹਾ ਕਰਨ ਦਾ ਹੁਕਮ ਦਿੱਤਾ। ਸਵਾਰਾਂ ਨੂੰ ਹੁਕਮ ਦਿੱਤਾ ਕਿ ਇਹਨਾਂ ਨੂੰ ਭਜਾ ਦਿਉ।

ਆਪਣੇ ਨਾਲ ਦੇ ਦਸਾਂ ਸਿੰਘਾਂ ਨੂੰ ਆਖਿਆ, ਕੋਤਵਾਲੀ ਦਾ ਸਭ ਅਸਲਾ ਸੰਭਾਲ ਲਵੋ। ਫਿਰ ਕੋਤਵਾਲ ਨੂੰ ਕਿਹਾ ਕਿ ਸਭ ਖਜ਼ਾਨਾ ਹਾਜ਼ਰ ਕਰੋ। ਉਸ ਨੇ ਜਿਤਨੀ ਨਕਦੀ ਕੋਤਵਾਲੀ ਵਿਚ ਸੀ ਲਿਆ ਕੇ ਰੱਖ ਦਿੱਤੀ। ਜੋ ਸਿੰਘਾਂ ਨੇ ਘੋੜਿਆਂ ਤੇ ਲੱਦ ਲਈ। ਅੰਤ ਨਵਾਬ ਸਾਹਿਬ ਨੇ ਕੋਤਵਾਲ ਨੂੰ ਫੁਰਮਾਇਆ "ਆਪਣੇ ਮਾਲਕਾਂ ਨੂੰ ਕਹਿਣਾ ਕਿ ਸਚੇ ਪਾਤਸ਼ਾਹ ਦਾ ਕੋਤਵਾਲ ਆਇਆ ਸੀ ਉਹ ਕੈਦੀ ਰਿਹਾ ਕਰ ਗਿਆ ਹੈ ਅਤੇ ਜੋ ਚੀਜ਼ ਉਸ ਨੂੰ ਲੋੜੀਂਦੀ ਸੀ ਲੈ ਗਿਆ ਹੈ ਅਤੇ ਵਕਤ ਆਵਨ ਤੇ ਫੇਰ ਵੀ ਆਵੇਗਾ।"

ਨਵਾਬ ਸਾਹਿਬ ਨੇ ਇਹ ਸ਼ਿਕਾਰ ਬੜੇ ਠਰ੍ਹਮੇ ਨਾਲ ਦੁਪਿਹਰ ਲਾਹੌਰ ਸ਼ਹਿਰ ਦੇ ਅੰਦਰ ਖੇਡਿਆ ਅਤੇ ਜਦੋਂ ਨੂੰ ਕਿਲੇ ਵਿਚ ਖਬਰ ਪੁੱਜੀ ਉਦੋਂ ਨੂੰ ਆਪ ਸਭ ਕੁਛ ਲੈ ਕੇ ਲਾਹੌਰੋਂ ਬਾਹਰ ਜਾ ਚੁੱਕੇ ਸਨ। ਜਦ ਤਕ ਫੌਜ ਲਾਹੌਰੋਂ ਬਾਹਰ ਨਿਕਲੀ ਆਪ ਜੀ ਜੰਗਲ ਝਾੜਾਂ ਵਿਚ ਗੁੰਮ ਹੋ ਚੁੱਕੇ ਸਨ। ਭੰਗੂ ਜੀ ਲਿਖਦੇ ਹਨ :—

— ਕਪੂਰ ਸਿੰਘ ਮੜ ਪਿਛੇ ਧਯੋ।
ਨਿਗਾਰਨ ਡਗੋ ਲਾਇ ਮੁੜਯੋ।

— ਹੋਇ ਬਾਹਰ ਰਲ ਗਯੋ ਝਾੜੀਂ।
ਗਯੋ ਖੇਡ ਕਰ ਐਸ ਖਿਡਾਰੀ॥

ਇਸ ਤਰ੍ਹਾਂ ਕਰਨ ਤੋਂ ਨਵਾਬ ਸਾਹਿਬ ਦਾ ਭਾਵ ਸੀ ਕਿ ਖਾਲਸਾ ਚਾਹੇ ਤਾ ਇਸੇ ਤਰ੍ਹਾਂ ਪੂਰੇ ਲਾਹੌਰ ਤੇ ਕਬਜ਼ਾ ਕਰ ਸਕਦਾ ਸੀ। ਕੇਵਲ ਵੀਹ ਸਵਾਰਾਂ ਨਾਲ ਦੁਪਿਹਰ ਤੁਸਾਡੀ ਕੋਤਵਾਲੀ ਸਾਂਭੀ ਰੱਖੀ ਹੈ। ਇਵੇਂ ਸਮੂਹ ਖਾਲਸੇ ਨਾਲ ਸਾਨੂੰ ਲਾਹੌਰ ਤੇ ਕਬਜ਼ਾ ਕਰਨਾ ਕੋਈ ਔਖਾ ਨਹੀਂ। ਇਹ ਖਾਲਸੇ ਦੀ ਨਿਰਭੈਤਾ ਅਤੇ ਨਿਰਵੈਰਤਾ ਦਾ ਸਬੂਤ ਸੀ।

ਖਾਲਸਾ ਵਹੀਰਾਂ ਘਤ ਗਿਆ

ਤਰੁਣਾਂ ਦਲ ਦੇ ਸਿੰਘਾਂ ਨੇ ਦੁਆਬੇ ਵਲ ਰੁਖ ਕਰ ਲਿਆ ਤੇ ਮੰਞਕੀ ਅਰਥਾਤ ਮੰਞ ਰਾਜਪੂਤਾਂ ਦੇ ਇਲਾਕੇ ਤਲਬਣ, ਸਰੀਹ ਸਾਕਰ, ਰੁੜਕਾ, ਨਕੋਦਰ, ਬਿਲਗਾ ਅਤੇ ਦੁਸਾਂਝ ਆਦਿਕ ਧਨੀ ਪਿੰਡਾਂ ਦੀ ਚੰਗੀ ਮੁੰਝ ਲਾਹੀ। ਇਥੋਂ ਸਫਾਈ ਕਰ ਦਕ ਦੋਨਾ, ਗ੍ਰਾਮ ਚੁਰਾਸੀ ਆਦਿ ਨੂੰ ਸੰਧ ਮਾਲਵੇ ਵਲ ਵਹੀਰ ਘਤ ਗਏ।

ਚੂਹਣੀਆਂ ਦੀ ਲੜਾਈ

ਬੁੱਢਾ ਦਲ ਨੂੰ ਲੈ ਕੇ, ਨਵਾਬ ਕਪੂਰ ਸਿੰਘ ਜੀ, ਰਾਵੀਓ ਪਾਰ ਹੋ ਜੰਗਲੋ ਜੰਗਲੀ, ਸਾਂਦਲਬਾਰ ਨੂੰ ਹੋ ਪਏ। ਕਾਫ਼ੀ ਦਿਨ ਉਥੇ ਨਨਕਾਣੇ ਸਾਹਿਬ ਗੁਜਾਰ, ਮੰਦਰਾਂ ਦੇ ਘਾਟ ਤੋਂ ਪਾਰ ਹੋ, ਚੂਹਣੀਆ ਦੇ ਨੇੜੇ ਜੰਗਲ ਵਿਚ ਜਾ ਡੇਰੇ ਲਾਏ। ਸਬਬ ਨਾਲ ਬੇਨਵਾ ਫਕੀਰਾਂ ਦਾ ਇਕ ਟੋਲਾ, ਮੁਲਤਾਨ ਵਲੋਂ ਆਉਂਦਾ ਨਵਾਬ ਕਪੂਰ ਸਿੰਘ ਦੇ ਡੇਰੇ ਕੋਲੋਂ ਲੰਘਣ ਲੱਗਾ ਤਾਂ ਲੰਗਰ ਤਿਆਰ ਦਾ ਆਵਾਜ਼ਾ ਇਕ ਸਿੰਘ ਨੇ ਦਿੱਤਾ। ਫਕੀਰ ਦੋ ਡੰਗ ਦੇ ਭੁਖੇ ਸਨ ਉਹ ਆ ਕੇ ਬੈਠ ਗਏ। ਲੰਗਰ ਵਰਤਿਆ, ਪ੍ਰਸਾਦੇ ਛਕ ਕੇ ਉਹ ਚਾਲੇ ਪਾ ਗਏ। ਰਾਤੀਂ ਚੂਹਣੀਆਂ ਅਪੜ ਉਹਨਾਂ ਮਲੰਗਾਂ ਦੇ ਡੇਰੇ ਸਿੰਘਾ ਦੇ ਲੰਗਰ ਅਤੇ ਵਰਤ ਵਰਤਾ ਦੀ ਬੜੀ ਉਪਮਾ ਕੀਤੀ। ਚੂਹਣੀਆਂ ਵਿਚ ਉਸ ਦਿਨ ਸਵੇਰੇ ਗਸ਼ਤੀ ਫੌਜ ਆਈ ਬੈਠੀ ਸੀ।

ਡੇਰੇ ਦਾ ਵੱਡਾ ਮਲੰਗ (ਮੁਜਾਵਰ) ਰਾਤੀਂ ਚਿਰਾਕਾ ਡੇਰੇ ਪੁੱਜਾ, ਉਸਦੇ ਚੇਲੇ, ਉਸ ਨੂੰ ਦੱਸਿਆ ਕਿ ਕੁਛ ਮਲੰਗ ਆਏ ਨੇ ਤੇ ਸਿੱਖਾਂ ਦੀਆਂ ਤੇ ਉਹਨਾਂ ਕੋਲੋਂ ਖਾਧੇ ਟੁਕੜਿਆਂ ਦੀਆਂ ਬੜੀਆਂ ਸਿਫ਼ਤਾਂ ਕਰੇਂਦੇ ਨੇ। ਮਜਾਵਰ ਉਹਨਾਂ ਫਕੀਰਾਂ ਤੋਂ ਸਿਖਾਂ ਦਾ ਪਤਾ ਨਿਵਾਂ ਲੈ ਕੇ ਸਿਧਾ ਧੌਂਸ (ਗਸ਼ਤੀ ਫੌਜ) ਵਾਲਿਆਂ ਕੋਲ ਗਿਆ। ਉਹਨਾਂ ਆਖਿਆ ਤੂੰ ਸਵੇਰੇ ਸਰਘੀ ਵੇਲੇ ਆਵੀਂ। ਸਿੰਘਾਂ ਦਾ ਸੂਹੀਆ ਇਕ ਦੁਕਾਨਦਾਰ ਇਹ ਗਲ ਤਾੜ ਗਿਆ।

1. ਭੰਗੂ – ਵੇਖੋ ਖਾਲਸਾ ਸਮਾਚਾਰ ਵਲੋਂ 1939 ਵਿਚ ਪ੍ਰਕਾਸ਼ਤ ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 203 ਛੰਦ 35 ਤੋਂ 39 ਤੱਕ।

ਓਸ ਝਬਦੇ ਦੁਕਾਨ 'ਚ ਕੀਤੀ ਬੰਦ ਤੇ ਟੱਟੂ ਤੇ ਚੜ੍ਹ ਤਾਰੀਆਂ ਬੰਨ੍ਹ ਗਿਆ। ਜੰਗਲ ਵਿਚ ਪੁੱਜ ਪਹਿਰੇਦਾਰ ਨੂੰ ਸਾਰੀ ਗੱਲ ਸਮਝਾ ਮੁੜ ਘਰ ਆ ਸੁੱਤਾ।

(ੳ) ਪਹਿਰੇ ਵਾਲੇ ਨੇ ਦੂਜੇ ਪਹਿਰੇ ਵਾਲੇ ਨੂੰ ਉਠਾ ਆਪਣੀ ਥਾਵੇਂ ਖੜਾ ਕੀਤਾ ਤੇ ਆਪ ਆਪਣੇ ਜਥੇਦਾਰ ਕੋਲ ਜਾ ਗੱਲ ਕੀਤੀ। ਉਸ ਅੱਗੋਂ ਨਵਾਬ ਸਾਹਿਬ ਨੂੰ ਜਾ ਦੱਸੀ। ਨਵਾਬ ਸਾਹਿਬ ਨੇ ਅਡੋਲ ਸਾਰੇ ਜਥੇਦਾਰਾਂ ਨੂੰ ਸੱਦ ਲਿਆ ਤੇ ਵਿਉਂਤ ਬੱਧੀ ਗਈ ਪਈ ਧੌਂਸ ਦਾ ਬੰਦਾ ਜ਼ਿਆਦਾ ਤੋਂ ਜ਼ਿਆਦਾ ਤਿੰਨ ਸੌ ਆਵੇਗਾ। ਇਕ ਸੌ ਘੋੜ ਸਵਾਰ ਸਿੰਘ ਜਿਧਰੋਂ ਧੌਂਸ ਆਵਣੀ ਹੈ ਉਧਰ ਤਿਆਰ ਰਹਿਣ। ਇਕ ਸੌ ਸਿੰਘ ਦੱਖਣ ਵੱਲ ਅੱਧ ਮੀਲ ਤੇ ਜਾ ਲੁਕਣ। ਤਿੰਨ ਸੌ ਸਿੰਘ ਪਹਾੜ ਦੀ ਬਾਹੀ ਪਹਿਲੇ ਸੌ ਸਿੰਘਾਂ ਦੇ ਪਿੱਛੇ ਲੁਕ ਖਲੋਣ। ਬਾਕੀ ਵਹੀਰ ਕੁੱਕੜ ਦੀ ਬਾਂਗ ਨਾਲ ਉੱਠ ਕੇ ਜੰਗਲੋਂ ਜੰਗਲ ਦੱਖਣ ਨੂੰ ਵੱਧ ਜਾਵੇ।

(ਅ) ਕਾਰਵਾਈ ਵਾਲਿਆਂ ਜਥਿਆਂ ਦੀ ਪੜਤਾਲ ਜੱਸਾ ਸਿੰਘ ਦੇ ਜਿੰਮੇ ਸੀ। ਪਹਾੜ ਦੀ ਬਾਹੀ ਭਾਈ ਅਘੜ ਸਿੰਘ ਦੇ ਥੱਲੇ। ਸਾਰਿਆਂ ਜਥਿਆਂ ਨੂੰ ਹਰ ਤਰ੍ਹਾਂ ਸੁਚੇਤ ਕਰਾ ਦਿੱਤਾ ਗਿਆ। ਕੁੱਕੜ ਦੀ ਬਾਂਗ ਨਾਲ ਛੇ ਸੌ ਸਿੰਘ ਥਾਉਂ ਥਾਈਂ ਲੁੱਕ ਗਏ।

ਅਜੇ ਸੂਰਜ ਦੀ ਟਿੱਕੀ ਨਿਕਲੀ ਹੀ ਸੀ ਕਿ ਟਾਂਗੂ ਨੇ ਸੰਕੇਤ ਦੇ ਦਿੱਤਾ। ਸਭ ਆਪੋ ਆਪਣੀ ਥਾਈਂ ਡਟ ਗਏ ਐਨ ਜਦੋਂ ਧੌਂਸ ਮਾਰ ਥੱਲੇ ਆਈ ਤਾਂ ਸੌ ਦਾ ਸੌ ਸਿੰਘ ਵਾੜ ਝਾੜ ਕੇ ਭੱਜ ਗਿਆ, ਕਿਸੇ ਨੂੰ ਲੱਗੀ ਕਿ ਨਾਹ ਧੌਂਸ ਵਾਲੇ ਘੋੜੇ ਭਜਾ ਸਿੰਘਾਂ ਦੇ ਮਗਰ ਦੜ੍ਹ ਗਏ। ਬਸ ਉਹਨਾਂ ਨੂੰ ਪਤਾ ਉਦੋਂ ਹੀ ਲਗਾ ਜਦੋਂ ਭੱਜਣ ਨੂੰ ਕੋਈ ਰਾਹ ਨਾ ਰਹਿ ਗਿਆ। ਖਾਲਸੇ ਨੇ ਪੂਰੀ ਧੌਂਸ ਚੱਕਰਵਿਊ ਵਿਚ ਲੈ ਕੇ ਖਤਮ ਕਰ ਦਿੱਤੀ।

ਧੌਂਸ ਵਾਲਿਆ ਦੇ ਘੋੜੇ ਫੜ ਆਪਣੇ ਸਾਰੇ ਜਖਮੀ ਤੇ ਸ਼ਹੀਦ ਉਹਨਾਂ ਉਤੇ ਲੱਦ, ਚਾਲੇ ਪਾ ਦਿੱਤੇ। ਮੁਖਲਿਸ ਖਾਂ ਚੂਹਣੀਆਂ ਵਿਚ ਉਡੀਕ ਰਿਹਾ ਸੀ ਕਿ ਹੁਣੇ ਸਿੰਘਾਂ ਨੂੰ ਕੈਦ ਕਰ ਕੇ ਲਿਆਂਉਂਦੇ ਹਨ। ਦੁਪਿਹਰੀਂ ਇਕ ਅਧਮੋਇਆ ਜਿਹਾ ਸਿਪਾਹੀ ਮੁਖਲਸ ਖਾਂ ਕੋਲ ਪੁੱਜਾ ਤੇ ਉਸ ਦੱਸਿਆ ਸਭ ਧੌਂਸ ਖਤਮ ਕਰ ਘੋੜੇ ਤੇ ਹਥਿਆਰ ਲੈ ਕੇ ਪਤਾ ਨਹੀਂ ਉਹ ਸਿਖ ਕਿਧਰ ਨਿਕਲ ਗਏ ਹਨ। ਮੁਖਲਸ ਖਾਂ ਮੱਥਾ ਪਿੱਟ ਕੇ ਬੈਠ ਗਿਆ—ਪਿਛਲੇ ਪਹਿਰ ਮੁਰਦੇ ਜਖਮੀ ਚੁੱਕ ਲਿਆਇਆ। ਖਾਲਸੇ ਦਾ ਪਿੱਛਾ ਤਾਂ ਉਸ ਕੀ ਕਰਨਾ ਸੀ। ਫੌਜ ਦੇ ਰਹਿੰਦ ਖੂੰਹਦ ਨਾਲ ਚੂਹਣੀਆਂ ਦੀ ਤਗੜਾਈ ਕਰਨ ਵਿਚ ਲੱਗ ਗਿਆ ਕਿ ਮਤੇ ਖਾਲਸਾ ਹਮਲਾ ਕਰ ਦੇਵੇ।

ਬੁੱਢਾ ਦਲ ਚੂਹਣੀਆਂ ਦੇ ਘਾਟ ਤੋਂ ਹੀ ਸਤਲੁਜ ਪਾਰ ਹੋ ਕੋਟ ਕਪੂਰੇ ਨੂੰ ਸਿੱਧਾ ਹੋ ਗਿਆ। ਮਜਲੋ ਮਜਲੀ ਮੁਕਤਸਰ ਜਾ ਦਰਸ਼ਨ ਕੀਤੇ ਫੇਰ ਦਮਾਦਮਾ ਸਾਹਿਬ ਜਾ ਸੰਗਤਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਪਟਿਆਲਾ ਰਾਜ ਵਿਚ ਦਾਖਲ ਹੋਏ ਤਾਂ ਨਵਾਬ ਕਪੂਰ ਸਿੰਘ ਜੀ ਦਾ ਬੁਢੇ ਦਲ ਸਮੇਤ ਆਵਣਾ ਸੁਣ, ਮਹਾਰਾਜਾ ਆਲਾ ਸਿੰਘ ਜੀ ਨੇ, ਅਗੋਂ ਦੀ ਮਿਲ, ਸਤਿਕਾਰ ਨਾਲ ਡੇਰਾ ਠੀਕਰੀ ਵਾਲੇ ਜਾ ਕਰਵਾਇਆ।

ਮਹਾਰਾਜੇ ਨੇ ਅਮ੍ਰਿਤਪਾਣ ਕੀਤਾ

ਸਮਸ਼ੇਰ ਖਾਲਸਾ (ਗਿ: ਗਿਆਨ ਸਿੰਘ ਜੀ) ਦੇ ਅਨੁਸਾਰ ਮਹਾਰਾਜੇ ਆਲਾ ਸਿੰਘ ਨੇ ਬਰਨਾਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਇਆ। ਭਾਦਰੋਂ ਦੀ ਸੰਗਰਾਦ ਸੰਨ 1736 ਈ: ਨੂੰ ਭੋਗ ਵਾਲੇ ਦਿਨ ਬਾਬੇ ਆਲਾ ਸਿੰਘ ਨੇ ਭਰਾਵਾਂ ਸਮੇਤ ਨਵਾਬ ਕਪੂਰ ਸਿੰਘ ਜੀ ਦੇ ਜੱਥੇ ਦੇ ਹੱਥੋਂ ਅੰਮ੍ਰਿਤ ਪਾਣ ਕੀਤਾ। ਇਸ ਖੁਸ਼ੀ ਦੇ ਅਵਸਰ ਮਹਾਰਾਜੇ ਨੇ ਬੜਾ ਵੱਡਾ ਲੰਗਰ ਕੀਤਾ ਅਤੇ ਬੁੱਢੇ ਦਲ ਦੇ ਅੱਠ ਸੌ ਸਿੰਘਾਂ ਨੂੰ ਇੱਕ ਇੱਕ ਡੱਬਾ ਖੇਸ, ਇੱਕ ਇੱਕ ਲਾਚਾ ਜਾਂ ਲੂੰਗੀ ਬਸਤਰਾਂ ਵਜੋਂ ਭੇਟਾ ਕੀਤੇ। ਪਿਛਲੇ ਕਈ ਸਾਲਾਂ ਦਾ ਦਸਵੰਧ, ਜੋ ਇਕੱਠਾ ਹੋਇਆ ਪਿਆ ਸੀ। ਉਹ ਮਹਾਰਾਜੇ ਨੇ ਲਿਆ ਕੇ ਨਵਾਬ ਕਪੂਰ ਸਿੰਘ ਜੀ ਦੇ ਅਗੇ, ਪੰਥਕ ਭਲਾਈ ਤੇ ਖਰਚਨ ਵਾਸਤੇ ਢੇਰੀ ਆਣ ਕੀਤਾ।

ਪੁਰਾਤਨ ਗੁਰ-ਸਿੱਖਾਂ ਦਾ ਇਹ ਕਾਇਦਾ ਹੁੰਦਾ ਸੀ ਕਿ ਨਾਮ ਬਾਣੀ ਦਾ ਪ੍ਰਚਾਰਕ ਵਿਰੱਕਤ ਸਿਖ, ਜਥੇ ਜਾ ਟੋਲੇ ਬਣਾ ਕੇ ਨਹੀਂ ਸਗੋਂ ਇਕੱਲਾ ਹੀ ਵਿਚਰਿਆ ਕਰਦਾ ਸੀ। ਕਈ ਮਹਾਂਪੁਰਸ਼ਾਂ ਕੋਲ ਵਿਦਿਆਰਥੀਆਂ ਦਾ ਇਕੱਠ ਤਾਂ ਭਾਵੇਂ ਹੁੰਦਾ ਸੀ ਜਿਵੇਂ ਬਾਬਾ ਗੁਰਬਚਨ ਸਿੰਘ ਜੀ ਭਿੰਡਰਾਵਾਲਿਆ ਤੱਕ ਹੁੰਦਾ ਰਿਹਾ (ਹੁਣ ਨਹੀਂ) ਵਿਰਕਤ ਮਹਾਂਪੁਰਸ਼ ਬੇਲੋੜੇ ਖੁਸ਼ਾਮਦੀ, ਵਿਹਲੜਾਂ ਨੂੰ ਨੇੜੇ ਨਹੀਂ ਲੱਗਣ ਦਿਆਂ ਕਰਦੇ ਸਨ ਅਤੇ ਆਪ ਸੁਤੰਤਰ ਵਿਚਰਿਆ ਕਰਦੇ ਸਨ।

ਪ੍ਰੰਤੂ ਮਰੈਲ ਖਾਲਸੇ ਦਾ ਦਸਤੂਰ ਅੰਮ੍ਰਿਤਧਾਰੀ, ਨਾਮ ਬਾਣੀ ਦੇ ਰਸੀਆਂ ਕਹਿਣੀ ਕਥਨੀ ਦੇ ਸੂਰਿਆਂ ਦੇ (ਕਾਇਰ, ਖੁਸਾਮਦੀ ਤੇ ਘਾਬੜਾਂ ਦਾ ਨਹੀਂ) ਜਥੇ ਬਣਾ ਕੇ ਰਹਿੰਦੇ ਸਨ। ਇਕ ਦਸਤੂਰ ਦੋਨਾਂ ਭਾਂਤ ਦੇ ਸਿੰਘਾਂ ਦਾ ਸਾਂਝਾ ਸੀ ਕਿ ਵਿਰਕਤ ਜਾਂ ਮਰੈਲ ਸਿਘ ਜਿਥੇ ਵੀ ਜਾਂਦੇ, ਹੱਦ ਇਕ ਜਾਂ ਦੋ ਦਿਨ ਠਹਿਰ ਕੇ ਤੀਸਰੇ ਦਿਨ ਚਾਲੇ ਪਾ ਦਿਆ ਕਰਦੇ। ਅਜ ਕਲ ਟੋਲੇਦਾਰ ਜਾਂ ਜਥੇਬੰਦ ਬਾਬਿਆਂ ਵਾਂਗੂ ਛਾਉਣੀ ਪਾ ਕੇ ਨਹੀਂ ਬੈਠ ਜਾਇਆ ਕਰਦੇ ਸਨ। ਇਹ ਪ੍ਰਥਾ ਨਾਮਧਾਰੀ ਸੰਪ੍ਰਦਾਇ ਦੀ ਉਪਜ, ਹੁਣ ਹੋਰ ਸੰਪਰਦਾਵਾਂ ਵਿਚ ਜੜ੍ਹ ਫੜ ਗਈ ਹੈ। ਪ੍ਰੰਤੂ ਇਹ ਤੱਤ ਖਾਲਸੇ ਦੀ ਮਰਯਾਦਾ ਦੇ ਉਲਟ ਹੈ ਅਤੇ ਸ਼ਖਸੀ ਪੂਜਾ ਭਾਵ ਗੁਰੂ-ਡੰਮ ਨੂੰ ਬੜ੍ਹਾਵਾ ਦੇਂਦੀ ਹੈ। ਸਤਿਗੁਰੂ ਸਚਾ ਪਾਤਸ਼ਾਹ ਸਾਨੂੰ ਸੁਮੱਤ ਬਖਸ਼ੇ।

ਨਵਾਬ ਕਪੂਰ ਸਿੰਘ ਜੀ ਨੇ ਆਪਣੇ ਦਸਤੂਰ ਅਨੁਸਾਰ ਟੁਰਨ ਦੀ ਤਿਆਰੀ ਆਰੰਭੀ ਤਾਂ ਮਹਾਰਾਜੇ ਆਲਾ ਸਿੰਘ ਆਖਿਆ, ਸਿੰਘ ਸਾਹਿਬ ਆਹ ਸਾਡੇ ਗੁਆਂਢੀ ਮੁਸਲਮਾਨ ਰਈਸ ਸਾਨੂੰ ਤੰਗ ਕਰਦੇ ਰਹਿੰਦੇ ਹਨ। ਜ਼ਰਾ ਜਾਂਦੇ ਜਾਂਦੇ ਇਹਨਾਂ ਦੇ ਕੰਨ ਤਾਂ ਖਿੱਚੀ ਜਾਵੋ। ਮਹਾਰਾਜੇ ਨੇ ਆਪਣੀ

ਫੌਜ ਵੀ ਨਾਲ ਕਰ ਦਿੱਤੀ। ਸਾਰਾ ਮਿਲਿਆ ਜੁਲਿਆ ਜਥਾ ਮਾਲੇਰਕੋਟਲੇ ਵਲ ਵਧਿਆ, ਸ਼ਰਧਾਲੂਆਂ ਤੋਂ ਨਜ਼ਰਾਨਾ ਲੈਂਦੇ ਤੇ ਆਕੀਆਂ ਦੀ ਆਕੜ ਭੰਨ ਬੁੱਢਾ ਦਲ ਸਰਹੰਦ ਦਵਾਲੇ ਜਾ ਗੱਜਿਆ। ਚੌਧਰੀਆਂ ਅਤੇ ਇਲਾਕੇ ਦੇ ਜਾਗੀਰਦਾਰਾਂ ਦੀ ਸੁਧਾਈ ਪਿਛੋਂ ਸਰਹੰਦ ਦੀ ਵਾਰੀ ਆਈ।

ਸਰਹੰਦ ਦੀ ਲੁੱਟ[1]

ਪ੍ਰਸਿੱਧ ਇਤਿਹਾਸਕਾਰ ਬਾਬਾ ਪ੍ਰੇਮ ਸਿੰਘ ਜੀ ਲਿਖਦੇ ਹਨ :—"ਇਸ ਦੇ ਮੰਨਣ ਤੋਂ ਇਨਕਾਰ ਨਹੀਂ ਕਿ ਸਰਹੰਦੀ ਫੌਜ ਨੇ ਆਪਣੀ ਰਾਜਧਾਨੀ ਨੂੰ ਖਾਲਸੇ ਦੇ ਧਾਵੇ ਤੋਂ ਬਚਾਵਣ ਲਈ ਚੰਗੀ ਬੀਰਤਾ ਤੋਂ ਕੰਮ ਲਿਆ, ਪਰ ਇਸ ਅਚਾਨਕ ਕੜਕ ਕੇ ਆਣ ਪਈ ਖਾਲਸਈ ਬਿਜਲੀ ਦੀ ਸ਼ਕਤੀ ਨੂੰ ਠਲ੍ਹਣਾ, ਅਣਹੋਣੀ ਗੱਲ ਸੀ। ਬਸ ਤੁਰਕੀ ਫੌਜ ਖਾਲਸੇ ਦੇ ਹੱਥ ਸਰਹੰਦ ਸੌਂਪ ਕੇ ਜਿਧਰ ਕਿਸੇ ਨੂੰ ਰਾਹ ਲਭਾ ਜਾਨ ਬਚਾ ਕੇ ਨਿਕਲ ਗਈ।"

ਹੁਣ ਖਾਲਸੇ ਵਿਜੈ ਦਾ ਝੰਡਾ ਲਹਿਰਾਂਦੇ ਸਿਧੇ ਸ਼ਾਹੀ ਖਜ਼ਾਨੇ ਪਰ ਜਾ ਪਏ। ਇਸ ਕੋਸ਼ ਵਿਚ ਕਈ ਲਖ ਰੁਪਿਆ, ਦਿੱਲੀ ਭੇਜਣ ਲਈ ਤਿਆਰ ਪਿਆ ਸੀ। ਉਹ ਸੱਭ ਖਾਲਸੇ ਨੇ ਆਪਣੇ ਅਧਿਕਾਰ ਵਿਚ ਕਰ ਲਿਆ" ਅੱਗੇ ਦਸਿਆ ਹੈ ਕਿ ਵਜ਼ੀਰਾਂ, ਅਮੀਰਾਂ ਦੇ ਘਰਾਂ ਤੋਂ ਸ਼ਸਤ੍ਰ, ਬਸਤਰ, ਧਨ ਅਤੇ ਘੋੜੇ ਆਦਿ ਕਾਫੀ ਲੋੜੀਂਦਾ ਸਾਜ ਸਾਮਾਨ ਖਾਲਸੇ ਨੇ ਗੁਰੂ ਮਾਰੀ ਸਰਹੰਦ ਤੋਂ ਹਥਿਆਇਆ। ਇਹ ਦੂਸਰੀ ਵਾਰ ਹੈ ਜਦੋਂ ਸੰਨ 1736 ਈ: ਵਿਚ ਖਾਲਸੇ ਨੇ ਸਰਹੰਦ ਨੂੰ ਸੋਧਿਆ। ਇਥੋਂ ਹੁਣ ਖਾਲਸਾ ਜੀ ਨੇ ਅੰਮ੍ਰਿਤਸਰ ਦੀ ਦੀਵਾਲੀ ਮਨਾਣ ਵਾਸਤੇ ਕਮਰ ਕਸੇ ਕਰ ਲਏ।

ਮੰਞ ਕੀ ਦੀ ਸੋਧ

ਸਰਹਿੰਦ ਦੀ ਸੋਧ ਪਿੱਛੋਂ ਖਾਲਸਾ ਸਤਲੁਜ ਟੱਪ ਕੇ ਦੁਆਬੇ ਵਿਚ ਆਣ ਗੱਜਿਆ। ਲੋਕਾਂ ਉੱਤੇ ਸਿੰਘਾਂ ਦਾ ਐਨਾ ਰੋਹਬ ਪੈ ਗਿਆ ਕਿ ਅੱਗੋਂ ਕੋਈ ਉਭਾਸਰਨ ਦੀ ਦਲੇਰੀ ਨ ਕਰ ਸਕਦਾ। ਵੱਡੇ ਵੱਡੇ ਜ਼ਿਮੀਂਦਾਰ, ਚੋਧਰੀ ਅਤੇ ਜਗੀਰਦਾਰਾਂ ਨਾਲ ਪਿਛਲਾ ਲੇਖਾ ਬਰਾਬਰ ਕਰ ਮੰਞ ਕੀ ਮੰਞ ਰਾਜਪੂਤਾਂ ਦੀ ਚੰਗੀ ਮਾਂਜੀ ਲਾਹੀ। ਇਥੋਂ ਤਰੁਣਾ ਦਲ ਵੀ ਰਲ ਪਿਆ। ਦਲ ਖਾਲਸਾ ਨੇ ਬਿਆਸਾ ਟਪ ਸ੍ਰੀ ਗੋਇੰਦਵਾਲ ਆ ਦਰਸ਼ਨ ਕੀਤੇ। ਫਿਰ ਖਡੂਰ ਸਾਹਿਬ ਤੋਂ ਹੋ ਕੇ ਸਿੰਘ ਤਰਨ ਤਾਰਨ ਆਏ। ਇਸ ਸਾਲ (ਸੰਨ 1736 ਈ:) ਦੀ ਦੀਵਾਲੀ, ਖਾਲਸੇ ਦਾ ਇਰਾਦਾ ਸੀ ਕਿ ਸ੍ਰੀ ਅੰਮ੍ਰਿਤਸਰ ਮਨਾਈ ਜਾਵੇ। ਜਿਸ ਤੇ ਤਰੁਣਾ ਦਲ ਤਾਂ ਸ੍ਰੀ ਤਰਨਤਾਰਨ ਹੀ ਟਿਕ ਗਿਆ। ਬੁੱਢਾ ਦਲ ਬਾਸਰਕਿਆਂ ਦੀ ਬੀੜ ਵਿੱਚ ਜਾ ਬੈਠਾ। ਇਥੋਂ ਕੁੱਝ ਸਿੰਘ ਘਰਾਂ ਟੁਰ ਗਏ। ਪਿੱਛੇ ਨਫਰੀ ਅੱਠ ਕੁ ਸੌ ਹੀ ਰਹਿ ਗਈ ਸੀ।

ਜੰਗ ਬਾਸਰਕੇ

ਜ਼ਕਰੀਆ ਖਾਨ ਨੂੰ ਪੁੱਜੀ ਰਿਪੋਰਟ ਅਨੁਸਾਰ ਦੋਵੇਂ ਦਲ ਅੰਮ੍ਰਿਤਸਰ ਸਨ, ਉਸ ਨੇ ਦੀਵਾਨ ਲਖਪਤ ਰਾਏ, ਹੈਬਤ ਖਾਂ, ਸਲਾਬਤ ਖਾਂ ਅਤੇ ਕੁਤਬਦੀਨ ਆਦਿ ਫੌਜਦਾਰਾਂ ਨੂੰ ਸੱਤ ਹਜ਼ਾਰ ਫੌਜ ਦੇ ਕੇ ਅੰਮ੍ਰਿਤਸਰ ਭੇਜਿਆ। ਖਾਲਸੇ ਦਾ ਸੂੰਹੀਆ ਫੌਜ ਟੁਰਨ ਤੋਂ ਪਹਿਲਾਂ ਅੰਮ੍ਰਿਤਸਰ ਪੁੱਜ ਗਿਆ। ਉਥੇ ਪਤਾ ਲੱਗਾ ਦੋਵੇਂ ਦਲ ਅਜੇ ਤਰਨਤਾਰਨ ਹੀ ਹਨ ਤਾਂ ਉਥੋਂ ਸੂੰਹਾਂ ਤਰਨਤਾਰਨ ਭਜਾਇਆ। ਉਥੋਂ ਪਤਾ ਲੱਗਾ ਬੁੱਢਾ ਦਲ ਕੇਵਲ ਬਾਸਰਕੀ ਬੀੜ ਵਿਚ ਹੈ। ਦੁਸ਼ਮਨ ਅਨਿਸ਼ਚਿਤ ਸੀ ਕਿ ਸ਼ਾਇਦ ਤਰਨਤਾਰਨ ਹੀ ਆ ਜਾਵੇ। ਇਸ ਵਾਸਤੇ ਤਰੁਣਾਂ ਦਲ ਤਰਨ ਤਾਰਨ ਡੱਟ ਗਿਆ ਅਤੇ ਜਦੋਂ ਤਰਨ ਤਾਰਨ ਤੋਂ ਸੂੰਹਾ ਬਾਸਰਕੀ ਪੁੱਜਾ ਤਾਂ ਟਾਂਗੂ ਨੇ ਵੀ ਦੁਸ਼ਮਨ ਦੇ ਪੁੱਜਣ ਦਾ ਸੰਕੇਤ ਦਿੱਤਾ।

ਅਜ ਬੜੇ ਵੱਡੇ ਵੱਡੇ ਔਹਦਿਆਂ ਦੇ ਖਿਤਾਬਾਂ ਵਾਲੇ ਜਰਨੈਲ ਪਿੱਛੇ ਬੈਠੇ ਵਾਇਰਲੈਸ ਤੇ ਹੁਕਮ ਭੇਜ ਫੌਜਾਂ ਲੜਾਂਦੇ ਹਨ। ਕੋਈ ਡਰ ਨਹੀਂ ਕੋਈ ਖਤਰਾ ਨਹੀਂ। ਨੌਕਰੀਆਂ ਕਰ ਮੋਟੀਆਂ ਮੋਟੀਆਂ ਪੈਨਸ਼ਨਾਂ ਲੈ ਕੇ ਰਿਟਾਇਰ ਹੋ ਜਾਂਦੇ ਹਨ ਪਰ ਆਫਰੀਨ ਹੈ ਉਹਨਾਂ ਗੁਰ-ਸਿਖ ਜਰਨੈਲਾਂ ਦੇ ਜੋ ਸੱਤ ਸੌ ਸਿੰਘਾਂ ਨਾਲ ਸੱਤ ਹਜ਼ਾਰ ਵੈਰੀ ਦਾ ਟਾਕਰਾ ਕਰਦੇ ਹਨ। ਵੈਰੀ ਦੇ ਦੋ ਜਰਨੈਲ ਮਾਰ ਕੇ ਨਿਕਲ ਜਾਂਦੇ ਹਨ ਤੇ ਹੱਥ ਨਹੀਂ ਆਉਂਦੇ। ਇਹੋ ਖਾਲਸਾ ਇਤਿਹਾਸ ਦੀ ਵਿਲੱਖਣਤਾ ਹੈ। ਕਿਉਂ ਸਿਖਾਂ ਦੇ ਸਿਰਾਂ ਦਾ ਮੁੱਲ ਸੀ ? ਕਦੇ ਕਿਸੇ ਹੋਰ ਕੋਮ ਦੇ ਸਿਰ ਦਾ ਵੀ ਮੁੱਲ ਪਿਆ ?

ਹਾਂ ਜੀ ! ਟਾਂਗੂ ਨੇ ਖਬਰ ਦਿੱਤੀ, ਖਾਲਸਾ ਬੀੜ ਵਿਚ ਸੀ। ਸਵਾ ਸਵਾ ਸੌ ਦੇ ਚਾਰ ਜਥੇ ਬੀੜ ਦੇ ਦਵਾਲੇ ਦਰਖੱਤਾਂ ਪਿਛੇ ਲੁਕ ਗਏ। ਜਿਧਰੋਂ ਦੁਸ਼ਮਨ ਆ ਰਿਹਾ ਸੀ ਉਧਰ ਨਫਰੀ ਜ਼ਿਆਦਾ ਸੀ। ਗੋਲੀ ਦੀ ਮਾਰ ਹੇਠ ਆਵਨ ਤੇ ਦੋ ਸੌ ਬੰਦੂਕ ਨਿਸ਼ਾਨ ਸੇਧ ਕੇ ਚਲਾਈ ਗਈ। ਉਸ ਤੋਂ ਪਿੱਛੋਂ ਦੂਜੀ ਦੋ ਸੌ ਚਲੀ। ਇਹ ਗੋਲੀਆਂ ਸਿੰਘ ਖਾਲੀ ਖੜਾਕਾ ਕਰਨ ਲਈ ਨਹੀਂ ਸਗੋਂ ਕਾਠੀਆਂ ਖਾਲੀ ਕਰਨ ਲਈ ਨਿਸ਼ਾਨੇ ਬੰਨ੍ਹ ਬੰਨ੍ਹ ਮਾਰਦੇ ਸਨ। ਦੁਸ਼ਮਨ ਨੇ ਜਦੋਂ ਇਧਰ ਨੁਕਸਾਨ ਹੁੰਦਾ ਡਿੱਠਾ ਤਾਂ ਸੱਜਿਓਂ ਖੱਬਿਓਂ ਜੋਰ ਪਾਣਾ ਚਾਹਿਆ ਮਗਰ ਨਵਾਬ ਕਪੂਰ ਸਿੰਘ ਜੀ ਦੇ ਦੋ ਬਹਾਦਰ

---

1. **ਸਰਹੰਦ ਦੀ ਲੁੱਟ**—ਵੇਖੋ ਜੀਵਨ ਬ੍ਰਿਤਾਂਤ ਨਵਾਬ ਕਪੂਰ ਸਿੰਘ 1952 ਛਾਪ, ਪੰਨਾ 74-75।

ਓਸ ਝਬਦੇ ਦੁਕਾਨ 'ਚ ਕੀਤੀ ਬੰਦ ਤੇ ਟੱਟੂ ਤੇ ਚੜ੍ਹ ਤਾਰੀਆਂ ਬੰਨ੍ਹ ਗਿਆ। ਜੰਗਲ ਵਿਚ ਪੁੱਜ ਪਹਿਰੇਦਾਰ ਨੂੰ ਸਾਰੀ ਗੱਲ ਸਮਝਾ ਮੁੜ ਘਰ ਆ ਸੁੱਤਾ।

(ੳ) ਪਹਿਰੇ ਵਾਲੇ ਨੇ ਦੂਜੇ ਪਹਿਰੇ ਵਾਲੇ ਨੂੰ ਉਠਾ ਆਪਣੀ ਥਾਵੇਂ ਖੜਾ ਕੀਤਾ ਤੇ ਆਪ ਆਪਣੇ ਜਥੇਦਾਰ ਕੋਲ ਜਾ ਗੱਲ ਕੀਤੀ। ਉਸ ਅੱਗੋਂ ਨਵਾਬ ਸਾਹਿਬ ਨੂੰ ਜਾ ਦੱਸੀ। ਨਵਾਬ ਸਾਹਿਬ ਨੇ ਅਡੋਲ ਸਾਰੇ ਜਥੇਦਾਰਾਂ ਨੂੰ ਸੱਦ ਲਿਆ ਤੇ ਵਿਉਂਤ ਬੱਧੀ ਗਈ ਪਈ ਧੌਂਸ ਦਾ ਬੰਦਾ ਜ਼ਿਆਦਾ ਤੋਂ ਜ਼ਿਆਦਾ ਤਿੰਨ ਸੌ ਆਵੇਗਾ। ਇਕ ਸੌ ਘੋੜ ਸਵਾਰ ਸਿੰਘ ਜਿਧਰੋਂ ਧੌਂਸ ਆਵਣੀ ਹੈ ਉਧਰ ਤਿਆਰ ਰਹਿਣ। ਇਕ ਸੌ ਸਿੰਘ ਦੱਖਣ ਵੱਲ ਅੱਧ ਮੀਲ ਤੇ ਜਾ ਲੁੱਕਣ। ਤਿੰਨ ਸੌ ਸਿੰਘ ਪਹਾੜ ਦੀ ਬਾਹੀ ਪਹਿਲੇ ਸੌ ਸਿੰਘਾਂ ਦੇ ਪਿੱਛੇ ਲੁੱਕ ਖਲੋਣ। ਬਾਕੀ ਵਹੀਰ ਕੁੱਕੜ ਦੀ ਬਾਂਗ ਨਾਲ ਉੱਠ ਕੇ ਜੰਗਲੋਂ ਜੰਗਲ ਦੱਖਣ ਨੂੰ ਵੱਧ ਜਾਵੇ।

(ਅ) ਕਾਰਵਾਈ ਵਾਲਿਆਂ ਜਥਿਆਂ ਦੀ ਪੜਤਾਲ ਜੱਸਾ ਸਿੰਘ ਦੇ ਜ਼ਿੰਮੇ ਸੀ। ਪਹਾੜ ਦੀ ਬਾਹੀ ਭਾਈ ਅਘੜ ਸਿੰਘ ਦੇ ਥੱਲੇ। ਸਾਰਿਆਂ ਜਥਿਆਂ ਨੂੰ ਹਰ ਤਰ੍ਹਾਂ ਸੁਚੇਤ ਕਰਾ ਦਿੱਤਾ ਗਿਆ। ਕੁੱਕੜ ਦੀ ਬਾਂਗ ਨਾਲ ਛੇ ਸੌ ਸਿੰਘ ਥਾਉਂ ਥਾਈਂ ਲੁੱਕ ਗਏ।

ਅਜੇ ਸੂਰਜ ਦੀ ਟਿੱਕੀ ਨਿਕਲੀ ਹੀ ਸੀ ਕਿ ਟਾਂਗੂ ਨੇ ਸੰਕੇਤ ਦੇ ਦਿੱਤਾ। ਸਭ ਆਪੋ ਆਪਣੀ ਥਾਈਂ ਡਟ ਗਏ ਐਨ ਜਦੋਂ ਧੌਂਸ ਮਾਰ ਥੱਲੇ ਆਈ ਤਾਂ ਸੌ ਦਾ ਸੌ ਸਿੰਘ ਵਾੜ ਝਾੜ ਕੇ ਭੱਜ ਗਿਆ, ਕਿਸੇ ਨੂੰ ਲੱਗੀ ਕਿ ਨਾਹ ਧੌਂਸ ਵਾਲੇ ਘੋੜੇ ਭਜਾ ਸਿੰਘਾਂ ਦੇ ਮਗਰ ਚੜ੍ਹ ਗਏ। ਬਸ ਉਹਨਾਂ ਨੂੰ ਪਤਾ ਉਦੋਂ ਹੀ ਲਗਾ ਜਦੋਂ ਭੱਜਣ ਨੂੰ ਕੋਈ ਰਾਹ ਨਾ ਰਹਿ ਗਿਆ। ਖਾਲਸੇ ਨੇ ਪੂਰੀ ਧੌਂਸ ਚੱਕਰਵਿਊ ਵਿਚ ਲੈ ਕੇ ਖਤਮ ਕਰ ਦਿੱਤੀ।

ਧੌਂਸ ਵਾਲਿਆ ਦੇ ਘੋੜੇ ਫੜ ਆਪਣੇ ਸਾਰੇ ਜਖਮੀ ਤੇ ਸ਼ਹੀਦ ਉਹਨਾਂ ਉਤੇ ਲੱਦ, ਚਾਲੇ ਪਾ ਦਿੱਤੇ। ਮੁਖਲਿਸ ਖਾਂ ਚੂਹਣੀਆਂ ਵਿਚ ਉਡੀਕ ਰਿਹਾ ਸੀ ਕਿ ਹੁਣੇ ਸਿੰਘਾਂ ਨੂੰ ਬੰਦ ਕਰ ਕੇ ਲਿਆਂਉਦੇ ਹਨ। ਦੁਪਿਹਰੀਂ ਇਕ ਅਧਮੋਇਆ ਜਿਹਾ ਸਿਪਾਹੀ ਮੁਖਲਸ ਖਾਂ ਕੋਲ ਪੁੱਜਾ ਤੇ ਉਸ ਦੱਸਿਆ ਸਭ ਧੌਂਸ ਖਤਮ ਕਰ ਘੋੜੇ ਤੇ ਹਥਿਆਰ ਲੈ ਕੇ ਪਤਾ ਨਹੀਂ ਉਹ ਸਿਖ ਕਿਧਰ ਨਿਕਲ ਗਏ ਹਨ। ਮੁਖਲਸ ਖਾਂ ਮੱਥਾ ਪਿੱਟ ਕੇ ਬੈਠ ਗਿਆ—ਪਿਛਲੇ ਪਹਿਰ ਮੁਰਦੇ ਜਖਮੀ ਚੁੱਕ ਲਿਆਇਆ। ਖਾਲਸੇ ਦਾ ਪਿੱਛਾ ਤਾਂ ਉਸ ਕੀ ਕਰਨਾ ਸੀ। ਫੌਜ ਦੇ ਰਹਿੰਦ ਖੂੰਹਦ ਨਾਲ ਚੂਹਣੀਆਂ ਦੀ ਤਗੜਾਈ ਕਰਨ ਵਿਚ ਲੱਗ ਗਿਆ ਕਿ ਮਤੇ ਖਾਲਸਾ ਹਮਲਾ ਕਰ ਦੇਵੇ।

ਬੁੱਢਾ ਦਲ ਚੂਹਣੀਆਂ ਦੇ ਘਾਟ ਤੋਂ ਹੀ ਸਤਲੁਜ ਪਾਰ ਹੋ ਕੋਟ ਕਪੂਰੇ ਨੂੰ ਸਿੱਧਾ ਹੋ ਗਿਆ। ਮਜਲੋ ਮਜਲੀ ਮੁਕਤਸਰ ਜਾ ਦਰਸ਼ਨ ਕੀਤੇ ਫੇਰ ਦਮਾਦਮਾ ਸਾਹਿਬ ਜਾ ਸੰਗਤਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਪਟਿਆਲਾ ਰਾਜ ਵਿਚ ਦਾਖਲ ਹੋਏ ਤਾਂ ਨਵਾਬ ਕਪੂਰ ਸਿੰਘ ਜੀ ਦਾ ਬੁਢੇ ਦਲ ਸਮੇਤ ਆਵਣਾ ਸੁਣ, ਮਹਾਰਾਜਾ ਆਲਾ ਸਿੰਘ ਜੀ ਨੇ, ਅਗੋਂ ਦੀ ਮਿਲ, ਸਤਿਕਾਰ ਨਾਲ ਡੇਰਾ ਠੀਕਰੀ ਵਾਲੇ ਜਾ ਕਰਵਾਇਆ।

ਮਹਾਰਾਜੇ ਨੇ ਅਮ੍ਰਿਤਪਾਣ ਕੀਤਾ

ਸਮਸ਼ੇਰ ਖਾਲਸਾ (ਗਿ: ਗਿਆਨ ਸਿੰਘ ਜੀ) ਦੇ ਅਨੁਸਾਰ ਮਹਾਰਾਜੇ ਆਲਾ ਸਿੰਘ ਨੇ ਬਰਨਾਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਇਆ। ਭਾਦਰੋਂ ਦੀ ਸੰਗਰਾਦ ਸੰਨ 1736 ਈ: ਨੂੰ ਭੋਗ ਵਾਲੇ ਦਿਨ ਬਾਬੇ ਆਲਾ ਸਿੰਘ ਨੇ ਭਰਾਵਾਂ ਸਮੇਤ ਨਵਾਬ ਕਪੂਰ ਸਿੰਘ ਜੀ ਦੇ ਜੱਥੇ ਦੇ ਹੱਥੋਂ ਅੰਮ੍ਰਿਤ ਪਾਣ ਕੀਤਾ। ਇਸ ਖੁਸ਼ੀ ਦੇ ਅਵਸਰ ਮਹਾਰਾਜੇ ਨੇ ਬੜਾ ਵੱਡਾ ਲੰਗਰ ਕੀਤਾ ਅਤੇ ਬੁੱਢੇ ਦਲ ਦੇ ਅੱਠ ਸੌ ਸਿੰਘਾਂ ਨੂੰ ਇੱਕ ਇੱਕ ਡੱਬਾ ਖੇਸ, ਇੱਕ ਇੱਕ ਲਾਚਾ ਜਾਂ ਲੁੰਗੀ ਬਸਤਰਾਂ ਵਜੋਂ ਭੇਟਾ ਕੀਤੇ। ਪਿਛਲੇ ਕਈ ਸਾਲਾਂ ਦਾ ਦਸਵੰਧ, ਜੋ ਇਕੱਠਾ ਹੋਇਆ ਪਿਆ ਸੀ। ਉਹ ਮਹਾਰਾਜੇ ਨੇ ਲਿਆ ਕੇ ਨਵਾਬ ਕਪੂਰ ਸਿੰਘ ਜੀ ਦੇ ਅਗੇ, ਪੰਥਕ ਭਲਾਈ ਤੇ ਖਰਚਨ ਵਾਸਤੇ ਢੇਰੀ ਆਣ ਕੀਤਾ।

ਪੁਰਾਤਨ ਗੁਰ-ਸਿੱਖਾਂ ਦਾ ਇਹ ਕਾਇਦਾ ਹੁੰਦਾ ਸੀ ਕਿ ਨਾਮ ਬਾਣੀ ਦਾ ਪ੍ਰਚਾਰਕ ਵਿਰੱਕਤ ਸਿਖ, ਜਥੇ ਜਾ ਟੋਲੇ ਬਣਾ ਕੇ ਨਹੀਂ ਸਗੋਂ ਇਕੱਲਾ ਹੀ ਵਿਚਰਿਆ ਕਰਦਾ ਸੀ। ਕਈ ਮਹਾਂਪੁਰਸ਼ਾਂ ਕੋਲ ਵਿਦਿਆਰਥੀਆਂ ਦਾ ਇਕੱਠ ਤਾਂ ਭਾਵੇਂ ਹੁੰਦਾ ਸੀ ਜਿਵੇਂ ਬਾਬਾ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆ ਤੱਕ ਹੁੰਦਾ ਰਿਹਾ (ਹੁਣ ਨਹੀਂ) ਵਿਰਕਤ ਮਹਾਂਪੁਰਸ਼ ਬੇਲੋੜੇ ਖੁਸ਼ਾਮਦੀ, ਵਿਹਲੜਾਂ ਨੂੰ ਨੇੜੇ ਨਹੀਂ ਲੱਗਣ ਦਿਆਂ ਕਰਦੇ ਸਨ ਅਤੇ ਆਪ ਸੁਤੰਤਰ ਵਿਚਾਰਿਆ ਕਰਦੇ ਸਨ।

ਪ੍ਰੰਤੂ ਮਰ੍ਹੈਲ ਖਾਲਸੇ ਦਾ ਦਸਤੂਰ ਅੰਮ੍ਰਿਤਧਾਰੀ, ਨਾਮ ਬਾਣੀ ਦੇ ਰਸੀਆਂ ਕਹਿਣੀ ਕਥਨੀ ਦੇ ਸੂਰਿਆਂ ਦੇ (ਕਾਇਰ, ਖੁਸਾਮਦੀ ਤੇ ਘਾਬੜ੍ਹਾਂ ਦਾ ਨਹੀਂ) ਜਥੇ ਬਣਾ ਕੇ ਰਹਿੰਦੇ ਸਨ। ਇਕ ਦਸਤੂਰ ਦੋਨਾਂ ਭਾਂਤ ਦੇ ਸਿੰਘਾਂ ਦਾ ਸਾਂਝਾ ਸੀ ਕਿ ਵਿਰਕਤ ਜਾਂ ਮਰ੍ਹੈਲ ਸਿੰਘ ਜਿਥੇ ਵੀ ਜਾਂਦੇ, ਹੱਦ ਇਕ ਜਾਂ ਦੋ ਦਿਨ ਠਹਿਰ ਕੇ ਤੀਸਰੇ ਦਿਨ ਚਾਲੇ ਪਾ ਦਿਆ ਕਰਦੇ। ਅਜ ਕਲ ਟੋਲੇਦਾਰ ਜਾਂ ਜਥੇਬੰਦ ਬਾਬਿਆਂ ਵਾਂਗੂ ਛਾਉਣੀ ਪਾ ਕੇ ਨਹੀਂ ਬੈਠ ਜਾਇਆ ਕਰਦੇ ਸਨ। ਇਹ ਪ੍ਰਥਾ ਨਾਮਧਾਰੀ ਸੰਪ੍ਰਦਾਇ ਦੀ ਉਪਜ, ਹੁਣ ਹੋਰ ਸੰਪਰਦਾਵਾਂ ਵਿਚ ਜੜ੍ਹ ਫੜ ਗਈ ਹੈ। ਪ੍ਰੰਤੂ ਇਹ ਤੱਤ ਖਾਲਸੇ ਦੀ ਮਰਯਾਦਾ ਦੇ ਉਲਟ ਹੈ ਅਤੇ ਸ਼ਖਸੀ ਪੂਜਾ ਭਾਵ ਗੁਰੂ-ਡੰਮ ਨੂੰ ਬੜ੍ਹਾਵਾ ਦੇਂਦੀ ਹੈ। ਸਤਿਗੁਰੂ ਸਚਾ ਪਾਤਸ਼ਾਹ ਸਾਨੂੰ ਸੁਮੱਤ ਬਖਸ਼ੇ।

ਨਵਾਬ ਕਪੂਰ ਸਿੰਘ ਜੀ ਨੇ ਆਪਣੇ ਦਸਤੂਰ ਅਨੁਸਾਰ ਟੁਰਨ ਦੀ ਤਿਆਰੀ ਆਰੰਭੀ ਤਾਂ ਮਹਾਰਾਜੇ ਆਲਾ ਸਿੰਘ ਆਖਿਆ, ਸਿੰਘ ਸਾਹਿਬ ਆਹ ਸਾਡੇ ਗੁਆਂਢੀ ਮੁਸਲਮਾਨ ਰਈਸ ਸਾਨੂੰ ਤੰਗ ਕਰਦੇ ਰਹਿੰਦੇ ਹਨ। ਜ਼ਰਾ ਜਾਂਦੇ ਜਾਂਦੇ ਇਹਨਾਂ ਦੇ ਕੰਨ ਤਾਂ ਖਿੱਚੀ ਜਾਵੋ। ਮਹਾਰਾਜੇ ਨੇ ਆਪਣੀ

ਫੌਜ ਵੀ ਨਾਲ ਕਰ ਦਿੱਤੀ। ਸਾਰਾ ਮਿਲਿਆ ਜੁਲਿਆ ਜਥਾ ਮਾਲੇਰਕੋਟਲੇ ਵਲ ਵਧਿਆ, ਸਰਦਾਰੂਆਂ ਤੋਂ ਨਜ਼ਰਾਨਾ ਲੈਂਦੇ ਤੇ ਆਕੀਆਂ ਦੀ ਆਕੜ ਭੰਨ ਬੁੱਢਾ ਦਲ ਸਰਹੰਦ ਦਵਾਲੇ ਜਾ ਗੱਜਿਆ। ਚੌਧਰੀਆਂ ਅਤੇ ਇਲਾਕੇ ਦੇ ਜਾਗੀਰਦਾਰਾਂ ਦੀ ਸੁਧਾਈ ਪਿਛੋਂ ਸਰਹੰਦ ਦੀ ਵਾਰੀ ਆਈ।

ਸਰਹੰਦ ਦੀ ਲੁੱਟ[1]

ਪ੍ਰਸਿੱਧ ਇਤਿਹਾਸਕਾਰ ਬਾਬਾ ਪ੍ਰੇਮ ਸਿੰਘ ਜੀ ਲਿਖਦੇ ਹਨ :—'ਇਸ ਦੇ ਮੰਨਣ ਤੋਂ ਇਨਕਾਰ ਨਹੀਂ ਕਿ ਸਰਹੰਦੀ ਫੌਜ ਨੇ ਆਪਣੀ ਰਾਜਧਾਨੀ ਨੂੰ ਖਾਲਸੇ ਦੇ ਧਾਵੇ ਤੋਂ ਬਚਾਵਣ ਲਈ ਚੰਗੀ ਬੀਰਤਾ ਤੋਂ ਕੰਮ ਲਿਆ, ਪਰ ਇਸ ਅਚਾਨਕ ਕੜਕ ਕੇ ਆਣ ਪਈ ਖਾਲਸਈ ਬਿਜਲੀ ਦੀ ਸ਼ਕਤੀ ਨੂੰ ਠਲ੍ਹਣਾ, ਅਣਹੋਣੀ ਗੱਲ ਸੀ। ਬਸ ਤੁਰਕੀ ਫੌਜ ਖਾਲਸੇ ਦੇ ਹੱਥ ਸਰਹੰਦ ਸੌਂਪ ਕੇ ਜਿਧਰ ਕਿਧਰੇ ਨੂੰ ਰਾਹ ਲਭਾ ਜਾਨ ਬਚਾ ਕੇ ਨਿਕਲ ਗਈ।"

ਹੁਣ ਖਾਲਸੇ ਵਿਜੈ ਦਾ ਝੰਡਾ ਲਹਿਰਾਂਦੇ ਸਿਧੇ ਸ਼ਾਹੀ ਖਜਾਨੇ ਪਰ ਜਾ ਪਏ। ਇਸ ਕੋਸ਼ ਵਿਚ ਕਈ ਲਖ ਰੁਪਿਆ, ਦਿੱਲੀ ਭੇਜਣ ਲਈ ਤਿਆਰ ਪਿਆ ਸੀ। ਉਹ ਸੱਭ ਖਾਲਸੇ ਨੇ ਆਪਣੇ ਅਧਿਕਾਰ ਵਿਚ ਕਰ ਲਿਆ" ਅੱਗੇ ਦਸਿਆ ਹੈ ਕਿ ਵਜ਼ੀਰਾਂ, ਅਮੀਰਾਂ ਦੇ ਘਰਾਂ ਤੋਂ ਸ਼ਸਤ੍ਰ, ਬਸਤਰ, ਧਨ ਅਤੇ ਘੋੜੇ ਆਦਿ ਕਾਫੀ ਲੋੜੀਂਦਾ ਸਾਜ ਸਾਮਾਨ ਖਾਲਸੇ ਨੇ ਗੁਰੂ ਮਾਰੀ ਸਰਹੰਦ ਤੋਂ ਹਥਿਆਇਆ। ਇਹ ਦੂਸਰੀ ਵਾਰ ਹੈ ਜਦੋਂ ਸੰਨ 1736 ਈ: ਵਿਚ ਖਾਲਸੇ ਨੇ ਸਰਹੰਦ ਨੂੰ ਸੋਧਿਆ। ਇਥੋਂ ਹੁਣ ਖਾਲਸਾ ਜੀ ਨੇ ਅੰਮ੍ਰਿਤਸਰ ਦੀ ਦੀਵਾਲੀ ਮਨਾਣ ਵਾਸਤੇ ਕਮਰ ਕਸੇ ਕਰ ਲਏ।

ਮੰਞ ਕੀ ਦੀ ਸੋਧ

ਸਰਹਿੰਦ ਦੀ ਸੋਧ ਪਿੱਛੋਂ ਖਾਲਸਾ ਸਤਲੁਜ ਟੱਪ ਕੇ ਦੁਆਬੇ ਵਿਚ ਆਣ ਗੱਜਿਆ। ਲੋਕਾਂ ਉੱਤੇ ਸਿੰਘਾਂ ਦਾ ਐਨਾ ਰੋਹਬ ਪੈ ਗਿਆ ਕਿ ਅੱਗੋਂ ਕੋਈ ਉਭਾਸਰਨ ਦੀ ਦਲੇਰੀ ਨ ਕਰ ਸਕਦਾ। ਵੱਡੇ ਵੱਡੇ ਜ਼ਿਮੀਂਦਾਰ, ਚੌਧਰੀ ਅਤੇ ਜਗੀਰਦਾਰਾਂ ਨਾਲ ਪਿਛਲਾ ਲੇਖਾ ਬਰਾਬਰ ਕਰ ਮੰਞ ਕੀ ਮੰਝ ਰਾਜਪੂਤਾਂ ਦੀ ਚੰਗੀ ਮਾਂਜੀ ਲਾਹੀ। ਇਥੋਂ ਤਰੁਣਾ ਦਲ ਵੀ ਰਲ ਪਿਆ। ਦਲ ਖਾਲਸਾ ਨੇ ਬਿਆਸਾ ਟਪ ਸ੍ਰੀ ਗੋਇੰਦਵਾਲ ਆ ਦਰਸ਼ਨ ਕੀਤੇ। ਫਿਰ ਖਡੂਰ ਸਾਹਿਬ ਤੋਂ ਹੋ ਕੇ ਸਿੰਘ ਤਰਨ ਤਾਰਨ ਆਏ। ਇਸ ਸਾਲ (ਸੰਨ 1736 ਈ:) ਦੀ ਦੀਵਾਲੀ, ਖਾਲਸੇ ਦਾ ਇਰਾਦਾ ਸੀ ਕਿ ਸ੍ਰੀ ਅੰਮ੍ਰਿਤਸਰ ਮਨਾਈ ਜਾਵੇ। ਜਿਸ ਤੇ ਤਰੁਣਾ ਦਲ ਤਾਂ ਸ੍ਰੀ ਤਰਨਤਾਰਨ ਹੀ ਟਿਕ ਗਿਆ। ਬੁੱਢਾ ਦਲ ਬਾਸਰਕਿਆਂ ਦੀ ਬੀੜ ਵਿੱਚ ਜਾ ਬੈਠਾ। ਇਥੋਂ ਕੁੱਝ ਸਿੰਘ ਘਰਾਂ ਟੁਰ ਗਏ। ਪਿੱਛੇ ਨਫਰੀ ਅੱਠ ਕੁ ਸੌ ਹੀ ਰਹਿ ਗਈ ਸੀ।

ਜੰਗ ਬਾਸਰਕੇ

ਜ਼ਕਰੀਆ ਖਾਨ ਨੂੰ ਪੁੱਜੀ ਰਿਪੋਰਟ ਅਨੁਸਾਰ ਦੋਵੇਂ ਦਲ ਅੰਮ੍ਰਿਤਸਰ ਸਨ, ਉਸ ਨੇ ਦੀਵਾਨ ਲਖਪਤ ਰਾਏ, ਹੈਬਤ ਖਾਂ, ਸਲਾਬਤ ਖਾਂ ਅਤੇ ਕੁਤਬਦੀਨ ਆਦਿ ਫੌਜਦਾਰਾਂ ਨੂੰ ਸੱਤ ਹਜ਼ਾਰ ਫੌਜ ਦੇ ਕੇ ਅੰਮ੍ਰਿਤਸਰ ਭੇਜਿਆ। ਖਾਲਸੇ ਦਾ ਸੂੰਹੀਆ ਫੌਜ ਟੁਰਨ ਤੋਂ ਪਹਿਲਾਂ ਅੰਮ੍ਰਿਤਸਰ ਪੁੱਜ ਗਿਆ। ਉਥੇ ਪਤਾ ਲੱਗਾ ਦੋਵੇਂ ਦਲ ਅਜੇ ਤਰਨਤਾਰਨ ਹੀ ਹਨ ਤਾਂ ਉਥੋਂ ਸੂੰਹਾਂ ਤਰਨਤਾਰਨ ਭਜਾਇਆ। ਉਥੋਂ ਪਤਾ ਲੱਗਾ ਬੁੱਢਾ ਦਲ ਕੇਵਲ ਬਾਸਰਕੀ ਬੀੜ ਵਿਚ ਹੈ। ਦੁਸ਼ਮਨ ਅਨਿਸ਼ਚਿਤ ਸੀ ਕਿ ਸ਼ਾਇਦ ਤਰਨਤਾਰਨ ਹੀ ਆ ਜਾਵੇ। ਇਸ ਵਾਸਤੇ ਤਰੁਣਾਂ ਦਲ ਤਰਨ ਤਾਰਨ ਡੱਟ ਗਿਆ ਅਤੇ ਜਦੋਂ ਤਰਨ ਤਾਰਨ ਤੋਂ ਸੂੰਹਾ ਬਾਸਰਕੀ ਪੁੱਜਾ ਤਾਂ ਟਾਂਗੂ ਨੇ ਵੀ ਦੁਸ਼ਮਨ ਦੇ ਪੁੱਜਣ ਦਾ ਸੰਕੇਤ ਦਿੱਤਾ।

ਅਜ ਬੜੇ ਵੱਡੇ ਵੱਡੇ ਔਹਦਿਆਂ ਦੇ ਖਿਤਾਬਾਂ ਵਾਲੇ ਜਰਨੈਲ ਪਿੱਛੇ ਬੈਠੇ ਵਾਇਰਲੈੱਸ ਤੇ ਹੁਕਮ ਭੇਜ ਫੌਜਾਂ ਲੜਾਂਦੇ ਹਨ। ਕੋਈ ਡਰ ਨਹੀਂ ਕੋਈ ਖਤਰਾ ਨਹੀਂ। ਨੌਕਰੀਆਂ ਕਰ ਮੋਟੀਆਂ ਮੋਟੀਆਂ ਪੈਨਸ਼ਨਾਂ ਲੈ ਕੇ ਰਿਟਾਇਰ ਹੋ ਜਾਂਦੇ ਹਨ ਪਰ ਆਫਰੀਨ ਹੈ ਉਹਨਾਂ ਗੁਰ-ਸਿਖ ਜਰਨੈਲਾਂ ਦੇ ਜੋ ਸੱਤ ਸੌ ਸਿੰਘਾਂ ਨਾਲ ਸੱਤ ਹਜ਼ਾਰ ਵੈਰੀ ਦਾ ਟਾਕਰਾ ਕਰਦੇ ਹਨ। ਵੈਰੀ ਦੇ ਦੋ ਜਰਨੈਲ ਮਾਰ ਕੇ ਨਿਕਲ ਜਾਂਦੇ ਹਨ ਤੇ ਹੱਥ ਨਹੀਂ ਆਉਂਦੇ। ਇਹੋ ਖਾਲਸਾ ਇਤਿਹਾਸ ਦੀ ਵਿਲੱਖਣਤਾ ਹੈ। ਕਿਉਂ ਸਿਖਾਂ ਦੇ ਸਿਰਾਂ ਦਾ ਮੁੱਲ ਸੀ ? ਕਦੇ ਕਿਸੇ ਹੋਰ ਕੌਮ ਦੇ ਸਿਰ ਦਾ ਵੀ ਮੁੱਲ ਪਿਆ ?

ਹਾਂ ਜੀ ! ਟਾਂਗੂ ਨੇ ਖਬਰ ਦਿੱਤੀ। ਖਾਲਸਾ ਬੀੜ ਵਿਚ ਸੀ। ਸਵਾ ਸਵਾ ਸੌ ਦੇ ਚਾਰ ਜਥੇ ਬੀੜ ਦੇ ਦਵਾਲੇ ਦਰਖੱਤਾਂ ਪਿਛੇ ਲੁਕ ਗਏ। ਜਿਧਰੋਂ ਦੁਸ਼ਮਨ ਆ ਰਿਹਾ ਸੀ ਉਧਰ ਨਫਰੀ ਜ਼ਿਆਦਾ ਸੀ। ਗੋਲੀ ਦੀ ਮਾਰ ਹੇਠ ਆਵਨ ਤੇ ਦੋ ਸੌ ਬੰਦੂਕ ਨਿਸ਼ਾਨ ਸੇਧ ਕੇ ਚਲਾਈ ਗਈ। ਉਸ ਤੋਂ ਪਿੱਛੋਂ ਦੂਜੀ ਦੋ ਸੌ ਚਲੀ। ਇਹ ਗੋਲੀਆਂ ਸਿੰਘ ਖਾਲੀ ਖੜਾਕਾ ਕਰਨ ਲਈ ਨਹੀਂ ਸਗੋਂ ਕਾਠੀਆਂ ਖਾਲੀ ਕਰਨ ਲਈ ਨਿਸ਼ਾਨੇ ਬੰਨ੍ਹ ਬੰਨ੍ਹ ਮਾਰਦੇ ਸਨ। ਦੁਸ਼ਮਨ ਨੇ ਜਦੋਂ ਇਧਰ ਨੁਕਸਾਨ ਹੁੰਦਾ ਡਿੱਠਾ ਤਾਂ ਸੱਜਿਉਂ ਖੱਬਿਉਂ ਜੋਰ ਪਾਣਾ ਚਾਹਿਆ ਮਗਰ ਨਵਾਬ ਕਪੂਰ ਸਿੰਘ ਜੀ ਦੇ ਦੋ ਬਹਾਦਰ

---

1. **ਸਰਹੰਦ ਦੀ ਲੁੱਟ**—ਵੇਖੋ ਜੀਵਨ ਬ੍ਰਿਤਾਂਤ ਨਵਾਬ ਕਪੂਰ ਸਿੰਘ 1952 ਛਾਪ, ਪੰਨਾ 74-75।

ਮਰਜੀਵੜੇ ਜਰਨੈਲ ਜੱਸਾ ਸਿੰਘ ਅਤੇ ਅੱਘੜ ਸਿੰਘ ਨੇ ਸੱਜਿਓਂ ਖੱਬਿਓਂ ਵੈਰੀ ਦਾ ਉਹੋ ਹਾਲ ਕੀਤਾ ਜੋ ਸਾਹਮਣੇ ਵਾਲਿਆਂ ਕੀਤਾ ਸੀ। ਖਾਲਸਾ ਜੀ ਭਾਵੇਂ ਥੋੜੇ ਸਨ ਪਰ ਉਹ ਤਾਂ ਜੀਉਂਦੇ ਹੀ ਇਸ ਕੰਮ ਵਾਸਤੇ ਸਨ। ਦੁਸ਼ਮਨ ਦੇ ਦੋ ਫੌਜਦਾਰ ਕੁਤਬਦੀਨ (ਸਮੁੰਦ ਖਾਂ ਦਾ ਜਵਾਈ) ਅਤੇ ਸਲਾਬਤ ਖਾਂ ਖਾਲਸੇ ਨੇ ਫਾਂਗ ਸੁੱਟੇ ਤਾਂ ਸ਼ਾਹੀ ਫੌਜ ਦਾ ਹੌਂਸਲਾ ਟੁੱਟ ਗਿਆ।

ਬਾਬਾ ਪ੍ਰੇਮ ਸਿੰਘ ਜੀ ਲਿਖਦੇ ਹਨ :—

"ਹੁਣ ਦੋਹਾਂ ਧਿਰਾਂ ਦੇ ਬਹਾਦਰਾਂ ਨੂੰ ਕੱਟ ਵੱਢ ਕਰਦਿਆਂ ਸੂਰਜ ਲੋਪ ਹੋ ਗਿਆ ਸੀ। ਹਨੇਰੇ ਦੀ ਕਾਲੀ ਚਾਦਰ ਸਭ ਪਾਸੇ ਖਿੱਲਰ ਗਈ ਤੇ ਮਸਾਂ ਕਿਤੇ ਸੂਰਮਿਆਂ ਸੁਖ ਦਾ ਸਾਹ ਲਿਆ" ਬਾਬਾ ਜੀ ਦੇ ਕਥਨ ਅਨੁਸਾਰ, ਸਰਹਿੰਦ ਦੀ ਲੁੱਟ ਅਤੇ ਹੋਰ ਲੋੜੀਂਦੀਆਂ ਵਸਤਾਂ ਘੋੜਿਆਂ ਤੇ ਲਦਾ ਕੇ ਜੱਸਾ ਸਿੰਘ ਦੇ ਹਵਾਲੇ ਕਰ ਪੰਜਾਹ ਸਿੰਘਾਂ ਸਮੇਤ ਸੁਰੱਖਿਅਤ ਟਿਕਾਣੇ ਵੱਲ ਭੇਜ ਦਿੱਤਾ। ਅਗਲੀ ਸਵੇਰ ਹੋਣ ਤੋਂ ਪਹਿਲਾਂ ਪਹਿਲਾਂ ਖਿਸਕ ਜਾਣ ਵਿਚ ਖਾਲਸੇ ਨੇ ਭਲਾ ਸਮਝਿਆ। ਇਤਿਹਾਸਕਾਰਾਂ[1] ਦੇ ਕਥਨ ਅਨੁਸਾਰ ਉਹ ਲੜਦੇ ਮਾਰਦੇ 27 ਕੱਤਕ ਸੰਨ 1736 ਈ: ਨੂੰ ਖੇਮ ਕਰਨ ਵੱਲ ਨਿਕਲ ਗਏ। ਇਥੇ ਤਰੁਣਾ ਦਲ ਵੀ ਆ ਮਿਲਿਆ।

ਜੰਗ ਹੁਜਰਾ

ਖੇਮ ਕਰਨ ਤੋਂ ਦੋਵੇਂ ਦਲ ਚੂਹਣੀਆਂ ਵੱਲ ਨੂੰ ਵਧੇ। ਦੁਸ਼ਮਨ ਦੀ ਫੌਜ ਕਿਸੇ ਕਾਰਨ ਥੋੜਾ ਅਟਕ ਗਈ। ਖਾਲਸਾ ਚੂਹਣੀਆਂ ਲਾਗੇ ਹੁਜਰਾ ਸ਼ਾਹ ਮਕੀਮ ਦੇ ਨੇੜੇ ਯੋਗ ਥਾਂ ਤੇ ਮੋਰਚੇ ਬਣਾ ਕੇ ਡਟ ਗਿਆ। ਵੈਰੀ ਕੋਲ ਬੇ ਬਹਾ ਫੌਜ ਅਤੇ ਅਥਾਹ ਦਾਰੂ ਸਿੱਕਾ ਅਤੇ ਸ਼ਸਤਰ ਘੋੜੇ ਸਨ। ਸਿੰਘਾਂ ਦੇ ਦਿਲ ਵਿਚ ਬਾਸਰ ਕਿਆਂ ਵਾਲੀ ਹਾਰ ਦਾ ਬੜਾ ਹਰਖ ਸੀ। ਉਥੇ ਤਾਂ ਸਿੰਘ ਥੋੜੇ ਸਨ ਤੇ ਜੰਗਲ ਵਿਚੋਂ ਭੱਜਣਾ ਪਿਆ ਸੀ ਹੁਣ ਤਾਂ ਸੁੱਖ ਨਾਲ ਦੋਵੇਂ ਦਲ ਇਕੱਠੇ ਮੋਰਚਿਆਂ ਵਿਚ ਬੈਠੇ ਸਨ। ਸੂੰਹੇ ਨੇ ਖਬਰ ਦਿੱਤੀ ਕਿ ਲਾਹੌਰੋਂ ਸ਼ਾਹੀ ਫੌਜ ਆ ਗਈ ਹੈ।

ਸਿੰਘ ਜਿਵੇਂ ਮੋਰਚਾ ਬਧ ਹੋਏ ਬੈਠੇ ਸਨ, ਅਗਰ ਕੋਈ ਸਿਆਣਾ ਜਰਨੈਲ ਹੁੰਦਾ ਤਾਂ ਸਾਹਮਣੇ ਹੋ ਕੇ ਲੜਣ ਦੀ ਬਜਾਏ ਖਾਲਸੇ ਦੇ ਦਵਾਲੇ ਘੇਰਾ ਘੱਤ ਕੇ ਬੈਠ ਜਾਂਦਾ। ਪਰ ਫੌਜਦਾਰਾਂ ਨੇ ਸ਼ਾਇਦ ਇਹੋ ਸਮਝਿਆ ਕਿ ਕੱਲ ਵਾਲੇ ਹੀ ਏਥੇ ਹੋਣਗੇ। ਇਹਨਾਂ ਨੂੰ ਹੁਣੇ ਅੱਗੇ ਲਗਾ ਲੈਂਦੇ ਹਾਂ। ਉਹਨਾਂ ਨੂੰ ਆਪਣੀ ਬਹੁਗਿਣਤੀ ਤੇ ਮਾਣ ਸੀ। ਪਰ ਇਹ ਪਤਾ ਨਹੀਂ ਸੀ ਕਿ ਸਾਡਾ ਵਾਹ ਦੁਨੀਆਂ ਦੇ ਐਸੇ ਗੁਪਤ, ਕੁਸ਼ਲ ਯੁੱਧ ਵੇਤਾ ਜਰਨੈਲ ਨਾਲ ਹੈ, ਜੋ ਮੁੱਠੀ ਭਰ ਖਾਲਸੇ ਦੇ ਨਾਲ ਹਜਾਰਾਂ ਦੀ ਫੌਜ ਨੂੰ ਚੀਰ ਕੇ ਨਿਕਲ ਜਾਇਆ ਕਰਦਾ ਹੈ।

ਆਪਣੇ ਸ਼ਾਹਮਣੇ ਪਾਸੇ ਦੀ ਕਮਾਨ ਜੱਸਾ ਸਿੰਘ ਦੇ ਹਵਾਲੇ ਕਰ ਪਾਸਿਆ ਦੀ ਤਰੁਣਾਂ ਦਲ ਨੂੰ ਸੌਂਪ ਆਪਣੇ ਡੇਰੇ ਦੇ ਪਿਛਲੇ ਪਾਸਿਓਂ, ਦੋ ਸੌ ਸਿਰ ਲਥ ਘੋੜ ਸਵਾਰਾਂ ਨੂੰ ਲੈ ਮਲਕੜੇ ਜਿਹੇ ਖਿਸਕ ਕਪੂਰ ਸਿੰਘ ਜੀ ਦੁਸ਼ਮਨ ਦੇ ਪਿਛੇ ਅਪੜ ਗਏ। ਦੁਸ਼ਮਨ ਪਿਛਲੇ ਪਹਿਰ ਤੱਕ ਖਾਲਸੇ ਤੋਂ ਮੋਰਚੇ ਖਾਲੀ ਕਰਵਾਉਣ ਦਾ ਟਿਲ ਲਾਂਦਾ ਰਿਹਾ ਪਰ ਕਾਮਯਾਬ ਨ ਹੋ ਸਕਿਆ। ਲੜਾਈ ਇਕ ਤਰ੍ਹਾਂ ਤੁਲ ਖਲੋਤੀ ਸੀ ਕਿ ਨਵਾਬ ਕਪੂਰ ਸਿੰਘ ਦੋ ਸੌ ਸੂਰਮਿਆਂ ਸਮੇਤ ਦੁਸ਼ਮਨ ਦੀ ਵਾਢੀ ਕਰਨ ਡਹਿ ਪਿਆ। ਇਹ ਵੇਖ ਜਿਹੜੇ ਸਿੰਘ ਇਸੇ ਵੇਲੇ ਲਈ ਰਾਖਵੇਂ (ਰੀਜਰਵ) ਖਲਾਰੇ ਸਨ ਉਹ ਮੋਰਚਿਆਂ ਦੇ ਪਾਸਿਓਂ ਕੁਦ ਤਲਵਾਰੀਂ ਡਹਿ ਪਏ, ਮੋਰਚਿਆਂ ਵਿਚੋਂ ਵੀ ਗੋਲੀ ਦਾ ਮੀਂਹ ਵਰਨ ਲੱਗ ਪਿਆ। ਦੁਸ਼ਮਨ ਦੇ ਭਾ ਦੀ ਕਿਆਮਤ ਆ ਗਈਂ। ਭਾਜੜ ਪੈ ਗਈ ਇਸ ਘਰਲੂ ਹੱਲੇ ਨਾਲ ਦੁਸ਼ਮਨ ਦੇ ਐਸੇ ਪੈਰ ਉਖੜੇ ਕਿ ਲਾਹੌਰੋਂ ਉਰਾਂ ਟਿਕ ਹੀ ਨਾ ਸਕੇ। ਨਵਾਬ ਸਾਹਿਬ ਨੂੰ ਬਾਸਰਕਿਆਂ ਦੀ ਹਾਰ ਦਾ ਬੜਾ ਦੁਖ ਸੀ। ਆਪ ਨੇ ਸੌਂਚੜ ਕੇ ਦੁਸ਼ਮਨ ਦੀ ਵਾਢ ਕੀਤੀ ਬਚਿਆ ਸੋਈ ਜੋ ਭਜ ਗਿਆ। ਜੋ ਟਕਰਾਇਆ ਉਹ ਪਾਰ ਬੁਲਾਇਆ ਗਿਆ।

ਜੰਗ ਠੰਡਾ ਹੋਣ ਤੇ ਪਤਾ ਲੱਗਾ ਕਿ ਸ਼ਾਹੀ ਫੌਜ ਦੇ ਹਜਾਰਾਂ ਜਵਾਨਾਂ ਸਮੇਤ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ (ਜਸਪਤ ਰਾਏ ਦਾ ਪੁੱਤ੍ਰ) ਤਾਤਾਰ ਖਾਂ ਅਤੇ ਜਮਾਲ ਖਾਨ ਵੀ ਅਗਲੇ ਜਹਾਨ ਜਾ ਅਪੜੇ[2]। ਖਾਲਸੇ ਦੇ ਹੱਥ ਬਹੁਤ ਸਾਰਾ ਜੰਗੀ ਸਾਮਾਨ ਅਤੇ ਘੋੜੇ ਆਏ ਅਤੇ ਬਾਸਰਕਿਆਂ ਵਾਲੀ ਹਾਰ ਦਾ ਸਾਰਾ ਭਾਗਾ, ਇਥੇ ਹੁਜਰਾ ਮੁਕੀਮ ਦੇ ਯੁੱਧ ਵਿਚ ਨਿਕਲਿਆ।

ਇਥੋਂ ਖਾਲਸਾ ਸਿੱਧਾ ਅੰਮ੍ਰਿਤਸਰ ਪੁੱਜਾ, ਗੁਰੂ ਚਰਨਾਂ ਵਿਚ ਸੀਸ ਨਿਵਾ ਰਿਆੜਕੀ ਉਗਰਾਹਣ ਲਈ ਰਵਾਨਾ ਹੋ ਗਿਆ। ਕਲਾਨੌਰ, ਗੁਰਦਾਸਪੁਰ, ਪਠਾਣਕੋਟ ਆਦਿ ਥਾਂਵਾਂ ਤੋਂ ਸ਼ਰਧਾਲੂਆਂ ਕੋਲੋਂ ਨਜਰਾਨਾਂ ਲੈਂਦੇ ਅਤੇ ਆਕੀਆਂ ਨੂੰ ਸੋਧਦੇ ਰਾਵੀਓਂ ਟੱਪ ਦੁਆਬਾ ਰਚਨਾ ਦੇ ਪ੍ਰਸਿੱਧ ਨਗਰਾਂ ਸਿਆਲਕੋਟ, ਪਸਰੂਰ, ਸੋਧਰਾ ਅਤੇ ਵਜੀਰਾਬਾਦੋਂ ਜਾਂ ਉਗਰਾਹੀ ਸੁਧਾਈ ਕੀਤੀ।

---

1. **ਇਤਿਹਾਸਕਾਰ**—ਗਿ: ਸੋਹਣ ਸਿੰਘ ਸ਼ੀਤਲ, ਪੰਥ ਪ੍ਰਕਾਸ ਪੰਨਾ 576 ਅਤੇ ਨਾਰੰਗ ਪੰਨਾ 207 ਦੇ ਆਧਾਰ ਤੇ।
2. **ਅਪੜੇ**—ਨਾਰੰਗ ਪੰਨਾ 207—ਪੰਥ ਪ੍ਰਕਾਸ਼ ਗਿ: ਗਿਆਨ ਸਿੰਘ ਪੰਨਾ 576 ਪੰਥ ਪ੍ਰਕਾਸ਼ ਪੰਨਾ 630।

ਸਈਦੇ ਸਿਆਲ[1] ਦੀ ਸੋਧ

ਨਵਾਬ ਕਪੂਰ ਸਿੰਘ ਜੀ ਦੇ ਆਚਰਣ ਦੀ ਇੱਕ ਅਤਿ ਵਿਲਖਣ ਮਿਸਾਲ ਪਾਠਕਾਂ ਦੀ ਦ੍ਰਿਸ਼ਟੀਗੋਚਰ ਕਰਵਾਈ ਜਾਂਦੀ ਹੈ। ਵਜ਼ੀਰਾਬਾਦੋਂ ਅਗੇ ਤਾਂ ਨਵਾਬ ਸਾਹਿਬ ਦਾ ਆਪਣਾ ਇਲਾਕਾ ਸੀ। ਇਥੇ ਲੁੱਟ ਮਾਰ ਜਾਂ ਸੁਧਾਈ ਦਾ ਪ੍ਰਸ਼ਨ ਹੀ ਨਹੀਂ ਸੀ ਉੱਠਦਾ। ਬਜ਼ੁਰਗ ਦੱਸਿਆ ਕਰਦੇ ਸਨ, ਜਦੋਂ ਨਵਾਬ ਸਾਹਿਬ, ਗੁਰਦਵਾਰਾ ਸਾਹਿਬ (ਭਾਈਕੇ ਮੱਟਵ) ਦਰਸ਼ਨ ਹਿਤ ਠਹਿਰੇ ਤਾਂ ਉਥੇ ਪਿੰਡ ਭੱਟੀ ਚੱਕ ਦਾ, ਇਕ ਸਿਆਣਾ ਜਿਹਾ ਮੁਸਲਮਾਨ ਭੱਟੀ ਜਿਮੀਂਦਾਰ, ਆ ਕੇ ਮਿਲਿਆ। ਉਸ ਆਖਿਆ, ਓਏ ਮਾਲਕਿਆ ਸਰਦਾਰਾ, ਸੁਣਿਆ ਏ ਤੂੰ ਗਰੀਬਾਂ ਦੀ ਮਦਦ ਕਰਦਾ ਏਂ, ਰੱਬ ਤੇਰਾ ਭਲਾ ਕਰੇ ਜੇ ਸਾਡੇ ਸਿਰੋਂ ਵੀ ਇਹ ਸਈਦੇ ਸਿਆਲ ਦੀ ਜੂੰ ਮਾਰੀ ਜਾਏਂ। ਉਹਦੀ ਗੜ੍ਹੀ ਵਿਚ ਬਹੁੰ ਬਰੂਦ ਨਪਿਆ ਏ। ਮੈਂ ਤੁਸਾਡੇ ਨਾਲ ਚਲਦਾ ਹਾਂ। ਨਵਾਬ ਸਾਹਿਬ ਨੇ ਆਖਿਆ, ਚੌਧਰੀ ਤੂੰ ਆਪਣੇ ਨਾਲ ਦਿਆਂ ਨੂੰ ਸੱਦ ਲਿਆ।

ਸ਼ਾਮੀਂ ਚੌਧਰੀ ਆਪਣੇ ਭਰੋਸੇ ਵਾਲੇ ਸੱਜਣਾਂ ਦੇ ਨਾਲ ਆ ਗਿਆ, ਤੇ ਵਿਉਂਤ ਬੱਧੀ ਗਈ। ਅੱਧੀਂ ਰਾਤੀਂ ਚੌਧਰੀ ਸਣੇ ਸਾਥੀਆਂ ਆ ਗਿਆ। ਏਧਰੋਂ ਖਾਲਸੇ ਵੀ ਕੂਚ ਕਰ ਦਿੱਤਾ। ਦਿਨ ਨਿਕਲਣ ਤੋਂ ਪਹਿਲਾਂ ਸਈਦੇ ਦੀ ਗੜ੍ਹੀ ਤੋਂ ਇਕ ਮੀਲ ਜੰਗਲ ਵਿਚ ਦਲ ਨੂੰ ਰੋਕ ਕੇ, ਨਵਾਬ ਸਾਹਿਬ ਨੇ ਚੌਧਰੀ ਦੇ ਦੋ ਸਾਥੀਆਂ ਨੂੰ ਜੋ ਪੁਰਾਣੇ ਫੌਜੀ ਸਨ, ਸਈਦੇ ਵਲ ਟੋਰਿਆ। ਚੌਧਰੀ ਨੂੰ ਨਾਲ ਰੱਖ[2] ਦਲ ਦੇ ਦੋ ਹਿੱਸੇ ਕੀਤੇ। ਇੱਕ ਹਿੱਸੇ ਨੂੰ ਗੜ੍ਹੀ ਦੇ ਦੱਖਣ ਜਾ ਕੇ ਰੁਕਣ ਦਾ ਹੁਕਮ ਦਿੱਤਾ। ਦੂਜੇ ਹਿੱਸੇ ਦੇ ਤਿੰਨ ਟੋਲੇ ਕੀਤੇ, ਇੱਕ ਟੋਲਾ ਆਪਣੇ ਨਾਲ, ਇੱਕ ਉਸੇ ਥਾਂ ਤੇ ਰਹਿਣ ਦਿੱਤਾ ਤੇ ਇੱਕ ਨੂੰ ਉਸ ਟੋਲੇ ਤੋਂ ਦੱਖਣ ਲੁਕਾ ਦਿੱਤਾ।

ਦੋਵੇਂ ਨਕਲੀ ਸਿਪਾਹੀ ਘੋੜਿਆਂ ਤੇ ਗੜ੍ਹੀ ਪੁੱਜੇ ਤੇ ਸਈਦੇ ਨੂੰ ਆਖਿਆ, 'ਸਮੁੰਦ ਖਾਂ ਸਾਹਿਬ ਨੇ ਕੁਝ ਸਿੱਖ ਘੇਰੇ ਵਿਚ ਲਏ ਹੋਏ ਹਨ ਤੇ ਤੁਹਾਨੂੰ ਮਦਦ ਸਮੇਤ ਜਲਦੀ ਸੱਦਿਆ ਹੈ, ਦੇਰ ਨਾ ਕਰੋ। ਸਈਦੇ ਨੇ ਗੜ੍ਹੀ ਉਤੇ ਕੇਵਲ ਰਾਖੇ ਛੱਡੇ ਤੇ ਆਪਣੇ ਦੋ ਸੌ ਸਵਾਰ ਲੈ ਕੇ ਉਹਨਾਂ ਭੱਟੀ ਸਿਪਾਹੀਆਂ ਦੇ ਨਾਲ ਘੋੜੇ ਭਜਾ ਵੱਗਿਆ।

ਜਿਸ ਵੇਲੇ ਸਈਦਾ ਉਸ ਅਰਫ ਦੇ ਨੇੜੇ ਪੁੱਜਾ ਤਾਂ ਉਹਨਾਂ ਸਿਪਾਹੀਆ ਨੇ ਇਸ਼ਾਰਾ ਕੀਤਾ ਓਹ ਸਿੱਖ ਖੜੇ ਹਨ। ਜਥਾ ਮਿਥੇ ਅਨੁਸਾਰ ਭੱਜ ਵਗਾ। ਸਈਦਾ ਸਣੇ ਸਵਾਰਾਂ ਦੇ ਮਗਰ ਚੜ੍ਹ ਗਿਆ। ਜਦੋਂ ਗੋਲੀ ਕੁ ਦੀ ਵਾਟ ਲੰਘ ਵਗੇ ਤਾਂ ਦੂਜਾ ਜੱਥਾ ਪਿਛੋਂ ਪੈ ਕੇ ਗੋਲੀ ਦਾ ਮੀਂਹ ਵਸਾਣ ਡਹਿ ਪਿਆ। ਹਰਾਵਲ ਦਸਤੇ ਵੀ ਪੈਰਾਂ ਤੇ ਪਰਤਕੇ ਤਲਵਾਰ ਦੀ ਵਾਢ ਸ਼ੁਰੂ ਕਰ ਦਿੱਤੀ। ਜਿਹੜਾ ਸਿਆਲ ਲਾਹਮੇ ਭਜੇ ਉਹਨੂੰ ਪਿਛਲੇ ਗੋਲੀਆਂ ਨਾਲ ਡੇਗ ਦੇਣ। ਸਈਦਾ ਗੋਲੀ ਖਾਂ ਢੱਠਾ, ਪਰ ਝਬਦੇ ਕਿਸੇ ਝਾੜੀ ਵਿਚ ਵੜ ਕੇ ਲੁੱਕ ਗਿਆ। ਬਾਕੀ ਸਾਰੇ ਦੇ ਸਾਰੇ ਖਾਲਸੇ ਨੇ ਤਲਵਾਰ ਦੀ ਭੇਟਾ ਕਰ ਦਿੱਤੇ।

ਜਿਹੜਾ ਜਥਾ ਗੜ੍ਹੀ ਵੱਲ ਗਿਆ ਸੀ ਉਸਨੇ ਗੋਲੀ ਦੀ ਆਵਾਜ਼ ਸੁਣਦੇ ਸਾਰ ਗੜ੍ਹੀ ਵਲ ਵਧਣਾ ਸ਼ੁਰੂ ਕਰ ਦਿੱਤਾ। ਰਾਖੇ ਬਥੇਰਾ ਨੱਸੇ ਭਜੇ ਪਰ ਖਾਲਸਾ ਦਰਵਾਜੇ ਭੰਨ ਅੰਦਰ ਜਾ ਵੜਿਆ। ਚੌਧਰੀ ਨੇ ਸਿੰਘਾਂ ਦੇ ਲਿਬਾਸ ਵਿਚ ਦੱਸ ਦੱਸ ਕੇ ਦਾਰੂ, ਸਿਕਾ ਅਤੇ ਦੱਬੀ ਹੋਈ ਮਾਇਆ ਕਢਵਾ ਦਿੱਤੀ। ਰਾਖਿਆਂ ਦੀਆਂ ਮੁਸ਼ਕਾਂ ਬੰਨ੍ਹ ਸੰਤਰੀਆਂ ਕੋਲ ਬਹਾਏ। ਖਾਲਸੇ ਨੇ ਬਰੂਦ ਦੇ ਕੁੱਪੇ ਸਈਦੇ ਦੇ ਊਠਾਂ ਉੱਤੇ ਲੱਦ ਚੌਧਰੀ ਨਾਲ ਜੰਗਲੋਂ ਜੰਗਲੀ ਕੜਯਾਲ ਦੇ ਗੁਰੂ ਡੇਹਰੇ ਵਲ ਟੋਰੇ। ਅਰਫ ਵਾਲੇ ਥਾਂ ਤੇ ਦੋਵੇ ਜੱਥੇ ਅਗੋਂ ਮਿਲ ਪਏ। ਨਵਾਬ ਸਾਹਿਬ ਨੇ ਗੜ੍ਹੀ ਦਾ ਲੋੜੀਂਦਾ ਸਮਾਨ ਲੈ ਕੇ, ਬਾਕੀ ਦੇ ਨੂੰ ਅਗਨੀ ਦੇ ਸਪੁਰਦ ਕਰ ਦਿੱਤਾ। ਇਧਰੋਂ ਵਿਹਲਿਆਂ ਹੋ ਕੇ ਰਾਖਿਆਂ ਦੀਆਂ ਮੁਸਕਾਂ ਖੁਲਵਾ ਕੇ ਉਹਨਾਂ ਨੂੰ ਆਖਿਆ ਪਹਾੜ ਵੱਲ ਭੱਜ ਜਾਓ, ਜੇ ਤੁਸਾਂ ਪਿੱਛੇ ਪਰਤ ਕੇ ਡਿੱਠਾ ਗੋਲੀ ਵੱਜੇ ਗੀ—ਉਹ ਤਾਂ ਸਿਰਾਂ ਤੇ ਪੈਰ ਰੱਖ ਭਜੇ। ਨਵਾਬ ਸਾਹਿਬ ਪਰਤ ਕੇ ਅਗਲੇ ਦਿਨ ਕੜਯਾਲ ਆ ਡੇਰਾ ਕੀਤਾ। ਲੋੜੀਂਦਾ ਦਾਰੂ ਸਿੱਕਾ ਜਥਿਆਂ ਵਾਸਤੇ ਰੱਖ, ਬਾਕੀ ਰਹਿੰਦੇ ਦੇ ਪੰਜ ਹਿਸੇ ਚਾ ਕੀਤੇ : 1) ਇੱਕ ਹਿੱਸਾ ਉਸੇ ਦਿਨ ਕੜਯਾਲ ਦੀ ਪੰਚਾਇਤ ਨੂੰ ਦਿੱਤਾ। 2) ਇੱਕ ਹਿੱਸਾ ਅਗਲੇ ਦਿਨ ਕਾਲੋਕਿਆਂ ਨੂੰ ਦਿੱਤਾ। 3) ਇੱਕ ਹਿੱਸਾ ਭਿੱਖੀ ਨੂੰ ਦਿੱਤਾ। 4) ਪੰਜਵਾਂ ਹਿੱਸਾ ਅਤੇ ਸਾਰੇ ਊਠ ਸੇਖੂਪੁਰੇ, ਇੰਦਰ ਸਿੰਘ ਮਾਲੋਕੇ ਦੇ ਹਵਾਲੇ ਕੀਤੇ। 5) (ਇੱਕ ਹਿੱਸੇ ਦਾ ਵੇਰਵਾ ਨਹੀਂ ਲਿਖਿਆ ਹੋਇਆ ਹੈ।)

ਚੌਧਰੀ ਨੂੰ ਇਕ ਚੰਗਾ ਘੋੜਾ ਦਿੱਤਾ ਤੇ ਉਹਨੂੰ ਆਖਿਆ ਲੈ ਚੌਧਰੀ ਜੇ ਤੈਨੂੰ ਕੋਈ ਔਖ ਹੋਵੇ ਤਾਂ ਕੜਯਾਲ ਨੂੰ ਖਬਰ ਕਰੀਂ। ਇਹ ਆਪੇ ਵੇਖ ਲੈਣਗੇ। ਵਿਰਕ ਇਤਿਹਾਸ ਦੇ ਮੁਢਲੇ ਖੋਜੀ ਸੁਰਗਵਾਸੀ ਭਾ: ਜੀਵਨ ਸਿੰਘ ਜੀ ਚੱਕ ਜੈਦ ਵਾਲੇ ਦੱਸਿਆ ਕਰਦੇ ਸਨ ਕਿ ਉਹ ਚੌਧਰੀ ਜਦ ਤੱਕ ਜਿਉਂਦਾ ਰਿਹਾ ਤੇ ਮਗਰੋਂ ਉਸ ਦੇ ਵੰਸਜ ਹਮੇਸ਼ਾ ਸਿਖਾਂ ਦੇ ਮੇਲੀ ,ਤੇ ਹਮ-ਰਾਹੀ ਰਹੇ। ਐਥੋਂ ਤਕ ਕਿ ਜਦੋਂ ਸੰਨ 1947 ਦੀ ਵੰਡ ਹੋਈ ਤਾਂ ਉਸ ਚੌਧਰੀ ਦਾ ਵੰਸ਼ਜ ਚੱਕ ਭੱਟੀ ਦਾ ਜ਼ੈਲਦਾਰ ਸੀ। ਉਹ ਚਕ ਜੈਦ ਆਇਆ ਅਤੇ ਆਖਿਆ, "ਓਇ ਸਰਦਾਰੋ ਮੇਰਾ ਚਾਰਾ ਨਹੀਂ ਚਲਦਾ

---

1. **ਸਈਦਾ ਸਿਆਲ**—ਇਹ ਝਨਾਂ ਕੰਢੇ ਗੜ੍ਹੀ ਬਣਾ ਕੇ ਰਹਿੰਦਾ ਸੀ। ਮਾਨੋਂ ਝਨਾਂ ਦਿਆਂ ਸਿਆਲਾਂ ਦਾ ਸਰਦਾਰ ਸੀ। ਇਹ ਹਕੂਮਤ ਦੀ ਸ਼ਹਿ ਤੇ ਭੱਟੀਆਂ ਨੂੰ ਬਹੁਤ ਤੰਗ ਕਰਦਾ ਸੀ। ਮੁਲਤਾਨ ਤੋਂ ਲਾਹੌਰ ਇਹ ਊਠਾਂ ਉੱਤੇ ਲੱਦ ਦਾਰੂ ਸਿੱਕਾ ਘਲਿਆ ਕਰਦਾ ਸੀ।
2. **ਨਾਲ ਰਖ**—ਇਸ ਵਾਸਤੇ ਕਿ ਇਹਦੇ ਸਾਥੀ ਕੋਈ ਧੋਖਾ ਨਾ ਕਰਨ।

ਜੋ ਮੈਂ ਤੁਹਾਨੂੰ ਰੱਖ ਸੱਕਾਂ, ਤੁਸੀਂ ਆਪੋ ਆਪਣੀਆਂ ਭਾਜੜਾਂ ਲੱਦ ਲਵੋ। ਮਾਲ ਡੰਗਰ ਅੱਗੇ ਲਾ ਲਵੋ ਤੇ ਮੈਂ ਤੁਹਾਨੂੰ ਚੂਹੜਕਾਣੇ (ਸੱਚੇ ਸੌਦੇ) ਕੈਂਪ ਵਿਚ ਪੁਚਾ ਆਵਾਂਗਾ"। ਦਸਦੇ ਹਨ ਚਕ ਜੋਦ ਦਾ ਕਾਫਲਾ ਜਦੋਂ ਪਿੰਡੋਂ ਚੱਲਿਆ ਤਾਂ ਚੌਲਦਾਰ ਆਪਣੇ ਬੰਦਿਆਂ ਸਮੇਤ ਹਥਿਆਰਬੰਦ ਹੋ ਕੇ ਆਇਆ ਤੇ ਸਾਰਾ ਕਾਫਲਾ ਸਹੀ ਸਲਾਮਤ, ਰਾਜੀ ਬਾਜੀ ਕੈਂਪ ਤੱਕ ਪੁਚਾ ਸਭ ਨੂੰ ਘੁੱਟ ਘੁੱਟ ਮਿਲਦਾ ਤੇ ਅੱਖੀਂ ਨੀਰ ਵਹਾਂਦਾ ਵਾਪਸ ਪਰਤ ਗਿਆ।

ਭਾਈ ਜੀਵਨ ਸਿੰਘ ਜੀ, ਭੱਟੀਆਂ ਦੀ ਜਬਾਨੀ ਦੱਸਦੇ ਸਨ, ਕਿ ਸਈਦੇ ਦੇ ਨੌਕਰ ਪਹਿਲੇ ਦਿਨ ਤਾਂ ਦੜੇ ਰਹਿ। ਅਗਲੇ ਦਿਨ ਭਾਲ ਕਰਨ ਤੇ ਝਾੜੀ ਵਿਚੋਂ ਲੱਧੋ ਨੇ ਘਰ ਲੈ ਜਾ ਦਾਰੀ ਕਰਣ ਤੇ ਬਚ ਤਾਂ ਰਿਹਾ ਪਰ ਭੈੜੇ ਹਾਲ ਦਾ, ਭੱਟੀਆਂ ਸ਼ੁਕਰ ਮਨਾਇਆ ਉਹਨਾਂ ਦੇ ਸਿਰੋਂ ਜੂੰ ਮਰ ਗਈ। ਇਥੋਂ ਸਿੱਧ ਹੁੰਦਾ ਹੈ ਕਿ ਨਵਾਬ ਕਪੂਰ ਸਿੰਘ ਜਰਵਾਣਿਆਂ ਲਈ ਜਮਰੂਪ, ਦੁਖੀਆਂ ਦਾ ਮਦਦਗਾਰ ਅਤੇ ਮੂਲ ਰੂਪ ਵਿਚ ਨਿਰਭਉ ਅਤੇ ਨਿਰਵੈਰ ਯੋਧਾ ਸੀ। ਇਹੋ ਮਹਾਨਤਾ ਦਾ ਸਬੂਤ ਹੈ।

ਸਾਂਦਲਬਾਰ ਦੇ ਵਸਨੀਕਾਂ ਦਾ ਆਚਰਨ

ਨਵਾਬ ਕਪੂਰ ਸਿੰਘ ਜੀ ਸਾਂਦਲ ਬਾਰ ਦੇ ਇਕ ਆਦਰਸ਼ ਇਨਸਾਨ ਸਨ। ਆਪ ਜੀ ਜਰਵਾਣਿਆਂ ਲਈ ਜਮ ਰੂਪ, ਦੀਨ ਦੁਖੀਆਂ ਦੇ ਮਦਦਗਾਰ ਪ੍ਰੰਤੂ ਮੂਲ ਰੂਪ ਵਿਚ ਨਿਰਭਉ ਅਤੇ ਨਿਰਵੈਰ ਯੋਧਾ ਸਨ। ਆਪ ਜੀ ਦੀ ਨਿਰਵੈਰਤਾ ਦਾ ਇੱਕ ਅਕੱਟ ਸਬੂਤ ਪੇਸ਼ ਹੈ ਕਿ ਜਿਨ੍ਹਾਂ ਭਟੀਆਂ ਨਾਲ ਆਦਿ ਕਾਲ ਤੋਂ ਵਿਰਕਾਂ ਦਾ ਸਿਰ ਵਢਵਾਂ ਵੈਰ ਸੀ ਉਹਨਾਂ ਵਿਚੋਂ ਹੀ ਭਟੀ ਚੱਕ ਦੇ ਚੌਧਰੀ ਨੇ ਜਦ ਲਿਲਕੜੀ ਲਈ ਤਾਂ ਉਸ ਦੀ ਉਹ ਮਦਦ ਕੀਤੀ ਕਿ ਸਾਰੇ ਭਟੀਆਂ ਦੀ ਸਦੀਦੋ ਸਿਆਲ ਵਾਲੀ ਸਿਰਦਰਦੀ ਸਦਾ ਲਈ ਹਟਾ ਦਿੱਤੀ। ਖਰਲਾਂ ਨੂੰ ਤਾਂ ਅੱਜ ਤੋਂ ਸਲਾਂ ਸਤਾਰਾਂ ਸਾਲ ਪਹਿਲਾਂ ਪਈ ਮਾਰ ਅਜੇ ਤਕ ਯਾਦ ਸੀ। ਪਿੰਡੀ ਅਤੇ ਗਜਿਯਾਣੇ ਵਾਲੇ ਭੱਟੀਆਂ ਨੂੰ ਇਸ ਵਾਰੀ ਕੰਨ ਹੋ ਗਏ ਤੇ ਜਦ ਤਕ ਨਵਾਬ ਕਪੂਰ ਸਿੰਘ ਦਾ ਫੇਰਾ ਟੋਰਾ ਰਿਹਾ ਇਹਨਾਂ ਕਦੇ ਵਿਰਕੈਂਤ ਦਾ ਲੇਲੀ ਦਾ ਕੰਨ ਵੀ ਨਹੀਂ ਸੀ ਛੇੜਿਆ।

ਸਾਂਦਲਬਾਰ ਦੇ ਵਸਨੀਕਾਂ ਹਿੰਦੂ, ਸਿੱਖਾਂ ਮੁਸਲਮਾਨਾਂ ਸਿੱਖ ਰਾਜ ਦੇ ਸਮੇਂ ਤਕ ਇਸਤਰੀ ਜਾਤੀ ਦਾ ਸਤਿਕਾਰ ਬਰਾਬਰ ਕਾਇਮ ਰੱਖਿਆ। ਚਾਹੇ ਧਾੜੇ ਵਾਲੇ ਪਿੰਡ ਦਾ ਮੂਲੋਂ ਉਜਾੜਾ ਕਰ ਜਾਣ ਮਗਰ ਕੀ ਮਜਾਲ ਜੇ ਕਿਸੇ ਤ੍ਰੀਮਤ ਜ਼ਾਤ ਨਾਲ ਕੋਈ ਅਭਦਰ ਵਿਵਹਾਰ ਕਰੇ। ਧਾੜ ਦਾ ਮੁਹਰੀ ਅਜਿਹੇ ਧਾੜਵੀ ਦੇ ਉਥੇ ਹੀ ਦੋ ਟੋਟੇ ਕਰ ਦਿਆ ਕਰਦਾ ਸੀ।

ਅੰਗਰੇਜ਼ੀ ਰਾਜ ਦੇ ਸਮੇਂ ਧਰਮਾਂਧ ਅਤੇ ਮਤਾਂਧ ਦਿੱਲੀ ਅਤੇ ਉੱਤਰ ਪ੍ਰਦੇਸ਼ ਦੇ ਮੁੱਲਾਂ ਮੁਲਾਣਿਆਂ ਨੂੰ ਅੰਗਰੇਜ਼ਾਂ ਨੇ ਸਿਖਾਂ ਦੇ ਦਮਨ ਹਿਤ ਵਿਦਿਅਕ, ਸਿਵਲ ਅਤੇ ਹੋਰ ਵਿਭਾਗਾਂ ਵਿਚ ਨੌਕਰੀਆਂ ਦਿੱਤੀਆਂ ਤਾਂ ਉਹਨਾਂ ਨੇ ਪੰਜਾਬੀ ਮੁਸਲਮਾਨਾਂ ਅੰਦਰ ਕਟੜਤਾਂ ਦਾ ਪ੍ਰਚਾਰ ਕਰਨਾ ਆਰੰਭਿਆ, ਜਿਸ ਤੋਂ ਸਾਂਦਲਬਾਰ ਦਾ ਰਾਵੀ ਦੇ ਨਾਲ ਨਾਲ ਦਾ ਕੁਛ ਨਾਮ ਮਾਤਰ ਇਲਾਕਾ ਪ੍ਰਭਾਵਤ ਹੋਇਆ। ਬਾਕੀ ਬਚਿਆ ਹੀ ਰਿਹਾ—ਤੇ ਕੋਈ ਜਿਆਦਾ ਫਰਕ ਨਾ ਪਿਆ ਜੋ ਦੇਸ਼ ਦੀ ਵੰਡ ਤੱਕ ਕਾਇਮ ਰਿਹਾ।

ਨਵਾਬ ਸਾਹਿਬ ਤੋਂ ਪਿਛੋਂ ਪਿੰਡੀ ਤੇ ਗਜਿਆਣੇ ਦੇ ਭਟੀਆਂ ਫੇਰ ਸਿਰ ਚੁੱਕਿਆ, ਖਰਲ ਤੇ ਲੁਬਾਣੇ ਵੀ ਉੱਠ ਖਲਤੇ, ਉਹਨਾਂ ਨਾਲ ਵਿਰਕੈਂਤ ਨੇ ਕਿਵੇਂ ਸਿਝਿਆ, ਇਹ ਬ੍ਰਿਤਾਂਤ ਤ੍ਵਾਰੀਖ ਵਿਰਕਾਂ ਵਿਚ ਪਾਠਕਾਂ ਦੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ, ਅਗੇ ਜੋ ਮਾਲਿਕ ਨੂੰ ਮਨਜ਼ੂਰ।

ਅੰਮ੍ਰਿਤਸਰ ਤੇ ਬੰਦਸ਼

ਇੱਕ ਬਾਂਦਰ ਤੇ ਦੂਜੇ ਭੂੰਡ ਲੜਿਆ, ਜਕਰੀਆ ਖਾਨ ਬਾਸਰਕੀ ਅਤੇ ਹੁਜਰ ਵਿਚ ਮਰੇ ਫੌਜਦਾਰਾਂ ਦੀ ਮੌਤ, ਦੂਜੇ ਸ਼ਾਹੀ ਫੌਜ ਦੀ ਹੋਈ ਹਾਰ ਦੀ ਕਰੜੀ ਹੇਠੀ ਨਾਲ ਪੀੜਤ ਸੀ ਕਿ ਉਹਨੂੰ ਰਿਆੜਕੀ, ਦੜਪ ਅਤੇ ਸਾਂਦਲਬਾਰ ਵਿਚ ਖਾਲਸਾ ਜੀ ਦੀਆਂ ਉਗਰਾਹੀਆਂ ਦਾ ਪਤਾ ਚਲਿਆ ਤਾਂ ਉਹ ਤੜਫ ਉੱਠਿਆ। ਉਸ ਨੇ ਸਿਆਣੇ ਦੀਵਾਨਾਂ ਅਤੇ ਮੁੱਲਾਂ ਮੁਲਾਣਿਆਂ ਤੋਂ ਪੁੱਛ ਕੀਤੀ ਤਾਂ ਕਾਜ਼ੀ ਅਬਦੁਲ ਰਹਿਮਾਨ ਨੇ ਆਖਿਆ, ਸਿੱਖਾਂ ਦੇ ਗੁਰੂ ਨੇ ਅੰਮ੍ਰਿਤਸਰ ਦੇ ਸਰੋਵਰ ਵਿਚ "ਆਬ-ਇ-ਹਯਾਤ" (ਅੰਮ੍ਰਿਤ) ਪਾਇਆ ਹੋਇਆ ਹੈ—ਜਿਸ ਨੂੰ ਪੀ ਕੇ ਇਹ ਦੂਣ ਸਵਾਏ ਵੱਧ ਜਾਂਦੇ ਹਨ। ਇਸ ਵਾਸਤੇ ਅੰਮ੍ਰਿਤਸਰ ਨੂੰ ਸ਼ਾਹੀ ਪਹਰੇ ਵਿਚ ਲੈ ਲਿਆ ਜਾਵੇ ਤਾਂ ਕਿ ਇਹ ਨਾਂ ਤਾਂ ਇਸ਼ਨਾਨ ਕਰ ਸੱਕਣ ਤੇ ਨਾ ਹੀ ਪਾਣੀ ਪੀ ਸੱਕਣ। ਬੱਸ ਫਿਰ ਇਹ

---

1. **ਚੇਤਾਵਨੀ**—ਕਈ ਇਤਿਹਾਸਕਾਰਾਂ ਨੇ ਨਵਾਬ ਕਪੂਰ ਸਿੰਘ ਦਾ ਸ਼ਰਕਪੁਰ ਲੁੱਟਣਾ ਲਿਖਿਆ ਹੈ। ਮਗਰ ਵਿਰਕ ਵਡੇਰਿਆਂ ਦਾ ਕਥਨ ਸੀ ਕਿ ਨਵਾਬ ਸਾਹਿਬ ਨੇ ਹਾਫ਼ਿਜ਼ਾਬਾਦ ਅਤੇ ਸ਼ਰਕਪੁਰ ਦੋਵੇਂ ਸ਼ਹਿਰ ਕਦੇ ਨਹੀਂ ਛੇੜੇ ਸਨ।

ਮੁਕ ਜਾਣਗੇ। ਇਹ ਸੁਣ ਜ਼ਕਰੀਆ ਖਾਨ ਨੇ ਕਾਜ਼ੀ ਅਬਦੁਲ ਰਹਿਮਾਨ ਤੇ ਮੁਹੰਮਦ ਬਖ਼ਸ਼ ਨੂੰ ਦੋ ਹਜ਼ਾਰ ਫੌਜ ਦੇ ਕੇ ਅੰਮ੍ਰਿਤਸਰ ਦਾ ਕਬਜ਼ਾ ਕਰਨ ਵਾਸਤੇ ਟੋਰ ਦਿੱਤਾ। ਉਹਨਾਂ ਨੇ ਜਾਂਦਿਆਂ ਹੀ ਸ਼ਹਿਰ ਅਤੇ ਸਰੋਵਰ ਤੇ ਪਹਿਰੇ ਬਿਠਾ ਦਿੱਤੇ ਤਾਂ ਕਿ ਕੋਈ ਸਿੰਘ ਨਾ ਇਸ਼ਨਾਨ ਕਰ ਸੱਕੇ ਨਾ ਪਾਣੀ ਪੀ ਸੱਕੇ।

ਖਾਲਸੇ ਦੀ ਬਹਾਦਰੀ

ਉਹਨਾਂ ਦਿਨਾਂ ਵਿਚ ਮਹਾਂਪੁਰਸ਼ ਭਾਈ ਮਨੀ ਸਿੰਘ ਜੀ ਇਕੱਲੇ ਪੰਜ ਸਤ ਹੋਰ ਵਿਰਕਤ ਪੁਰਸ਼ਾਂ ਨਾਲ ਅੰਮ੍ਰਿਤਸਰ ਰਹਿੰਦੇ ਸਨ। ਇੱਕ ਦਿਨ ਕਾਜ਼ੀ ਨੇ ਲੋਕਾਂ ਵਿਚ ਖਲੋਤਿਆਂ ਖਾਲਸੇ ਨੂੰ ਚੁਨੌਤੀ ਦਿੱਤੀ ਕਿ ਇਹ ਸਿਖ ਤਾਂ ਏਵੇਂ ਸਿੰਘ (ਸ਼ੇਰ) ਸਦਾਂਦੇ ਨੇ, ਇਹ ਤੇ ਗਿੱਦੜ ਵੀ ਨਹੀਂ—ਜੇ ਕੋਈ ਸਿੰਘ (ਸ਼ੇਰ) ਹੈ ਤਾਂ ਮੈਨੂੰ ਸਰੋਵਰ ਵਿਚ ਨਹਾ ਕੇ ਵਖਾਏ। ਉੱਡਦੀ ਉੱਡਦੀ ਇਹ ਗੱਲ ਖਾਲਸੇ ਕੋਲ ਵੀ ਜਾ ਪੁੱਜੀ। ਸੁਖਾ ਸਿੰਘ (ਮਾੜੀ ਕੰਬੋ ਕੀ) ਅਤੇ ਬਰਾਜ ਸਿੰਘ (ਭਤੀਜਾ ਭਾਈ ਮਨੀ ਸਿੰਘ ਜੀ) ਇਕ ਰਾਤ ਆਪਣੇ ਪੰਜਾਹ ਘੋੜ ਸਵਾਰ ਸਾਥੀਆਂ ਸਮੇਤ ਅੰਮ੍ਰਿਤਸਰ ਸਾਹਿਬ ਆਏ। ਆਪਣੇ ਸਾਥੀਆਂ ਨੂੰ ਬਾਹਰ, ਗਿੱਲ ਵਾਲੀ ਵਲ ਦੇ ਦਰਵਾਜ਼ੇ ਖੜਾ ਕਰ ਆਪ ਦੋਨਾ ਨੇ ਅੰਮ੍ਰਿਤ ਵੇਲੇ ਸਰੋਵਰ ਵਿਚ ਇਸ਼ਨਾਨ ਕਰ ਘੋੜਿਆਂ ਉਤੇ ਚੜ੍ਹ ਜੈਕਾਰੇ ਗਜਾ, ਆਪਣੇ ਜਥੇ ਵਿਚ ਆ ਰਲੇ।

ਸਾਰੇ ਫੌਜੀ ਘਬਰਾ ਕੇ ਉੱਠ ਭੱਜੇ, ਆ ਗਏ, ਸਿੰਘ ਆ ਗਏ ਦਾ ਰੌਲਾ ਮੱਚ ਉੱਠਿਆ ਤਾਂ ਕਾਜ਼ੀ ਅਬਦੁਲ ਰਹਿਮਾਨ ਘਬਰਾ ਗਿਆ। ਆਪਣੀ ਘਾਬਰ ਲੁਕਾਂਦਾ ਹੋਇਆ ਦੂਜਿਆਂ ਨੂੰ ਹਲਾ ਸ਼ੇਰੀ ਦੇਣ ਲੱਗਾ ਕਿ ਸਿੰਘ ਥੋੜੇ ਹੀ ਜੇ ਤਗੜੇ ਹੋ ਕੇ ਫੜ ਲਵੋ। ਸਿੰਘ ਭੱਜਣਾ ਚਾਹੁੰਦੇ ਤਾਂ ਉਹਨਾਂ ਨੂੰ ਰੁਕਾਵਟ ਕੋਈ ਨਹੀਂ ਸੀ। ਪਰ ਆਏ ਹੀ ਇਹ ਮਤਾ ਮਤਾ ਕੇ ਸਨ ਕਿ ਅਜ ਕਾਜ਼ੀ ਨੂੰ ਸਿੰਘਾਂ ਵਾਲਾ ਹੱਥ ਵਿਖਾ ਕੇ ਹੀ ਮੁੜਨਾ ਹੈ। ਉਹਨਾਂ ਨੇ ਗਿੱਲਵਾਲੀ ਵਾਲੇ ਦਰਵਾਜ਼ੇ ਬਾਹਰ ਪੁੱਜ ਜੈਕਾਰੇ ਗਜਾਣੇ ਸ਼ੁਰੂ ਕਰ ਦਿੱਤੇ।

ਕਾਜ਼ੀ ਅਬਦੁਲ ਰਹਿਮਾਨ ਤੇ ਉਸਦਾ ਪੁੱਤ੍ਰ, ਦੋਵੇਂ ਫੌਜੀ ਜਵਾਨਾਂ ਸਮੇਤ ਉਧਰ ਝੁਕੇ, ਉਹ ਅਜੇ ਕੁਛ ਹੀ ਅਗਾਂਹ ਵਧੇ ਸਨ ਕਿ ਸਿੰਘ ਸ਼ੇਰਾਂ ਵਾਂਗ ਕੁਦ ਕੇ ਆ ਪਏ ਤੇ ਸ਼ਾਹੀ ਸੈਨਾ ਦੀ ਵਾਢੀ ਪਾ ਦਿੱਤੀ। ਕਾਜ਼ੀ ਅਬਦੁਲ ਰਹਿਮਾਨ ਉਸਦਾ ਪੁੱਤ੍ਰ ਅਤੇ ਸੌ ਕੁ ਹੋਰ ਫੌਜੀਆਂ ਨੂੰ ਮਾਰ ਅਤੇ ਫੱਟੜ ਕਰ ਦਿਨ ਚੜ੍ਹਦੇ ਤੋਂ ਪਹਿਲਾਂ ਖਾਲਸਾ ਜੀ ਜੰਗਲ ਅੰਦਰ ਜਾ ਵੜੇ ਅਤੇ ਬੁੱਢੇ ਦਲ ਦੇ ਜਥੇਦਾਰ ਨੂੰ ਆਪਣੀ ਕਾਰਗੁਜ਼ਾਰੀ ਜਾ ਪੇਸ਼ ਕੀਤੀ। ਇਹ ਘਟਨਾ 1737 ਈ: ਦੀ ਹੈ।

ਇਸ ਘਟਨਾ ਦੀ ਰਿਪੋਰਟ ਲਾਹੌਰ ਪੁੱਜੀ ਕਿ ਇਹ ਕਾਰਵਾਈ ਕਪੂਰ ਸਿੰਘ ਨੇ ਕਰਵਾਈ ਹੈ। ਨਾਲ ਹੀ ਇਹ ਵੀ ਦੱਸਿਆ ਗਿਆ ਕਿ ਕਪੂਰ ਸਿੰਘ ਨੇ ਕੁਛ ਸਿਖ ਜਾਸੂਸ ਜ਼ਕਰੀਆ ਖਾਨ ਨੂੰ ਜਾਨੋਂ ਮਾਰਨ ਲਈ ਲਾਹੌਰ ਭੇਜ ਦਿੱਤੇ ਹਨ" ਜਿਸ ਤੇ ਖਾਨ ਬਹਾਦਰ ਨੇ ਆਪਣੇ ਮਾਤਹਿਤਾਂ ਨੂੰ ਕਰੜੇ ਹੁਕਮ ਦਿੱਤੇ ਅਤੇ ਗਸ਼ਤੀ ਫੌਜਾਂ ਦੀ ਗਿਣਤੀ ਵਧਾ ਕੇ, ਸਿਖਾਂ ਦੇ ਘਰ ਤਬਾਹ ਤੇ ਮਲੀਆਮੇਟ ਕਰਨ ਵਾਸਤੇ ਭੇਜ ਦਿੱਤਾ।

ਖਾਲਸਾ ਲੰਮੇ ਦੌਰੇ ਤੇ

ਖਾਲਸਾ ਜੀ ਤਾਂ ਝਟ ਸਤਲੁਜ ਟਪ ਮਾਲਵੇ ਅਤੇ ਅੱਜ ਦੇ ਹਰਿਆਣੇ ਵਲ ਉਗਰਾਹੀਆਂ ਤੇ ਸੌਧਾਂ ਕਰਨ ਜਾ ਲੱਗੇ। ਪਿੱਛੇ ਗਸ਼ਤੀ ਫੌਜ ਨੇ ਸਮੁੰਦ ਖਾਨ ਦੀ ਸਰਦਾਰੀ ਹੇਠ ਬੇਗੁਨਾਹ ਕਿਰਤੀ ਸਿੱਖਾਂ ਨੂੰ ਤਬਾਹ ਕਰਨਾ ਸ਼ੁਰੂ ਕਰ ਦਿੱਤਾ। ਖਾਲਸਾ ਜੀ ਤਾਂ ਚਰਖੀ ਦਾਦਰੀ ਤੋਂ ਅਗਾਂਹ ਲੰਘ ਮਥਰਾ ਤੱਕ ਹੱਥ ਮਾਰਦੇ ਫਿਰ ਰਹੇ ਸਨ ਤੇ ਸਮੁੰਦ ਖਾਨ ਨਵਾਬ ਕਪੂਰ ਸਿੰਘ ਨੂੰ ਪੰਜਾਬ ਦੇ ਪਿੰਡਾਂ ਦੀਆਂ ਗਲੀਆਂ ਵਿਚ ਲੱਭਦਾ ਫਿਰਦਾ ਸੀ।

ਜ਼ਕਰੀਆ ਖਾਨ ਨੇ, ਦੀਵਾਨ ਲਖਪਤ ਰਾਏ ਨੂੰ ਅੰਮ੍ਰਿਤਸਰ ਦਾ ਪ੍ਰਬੰਧ ਕਰਨ ਵਾਸਤੇ ਭੇਜਿਆ। ਉਸਨੇ ਨੇੜੇ ਨੇੜੇ ਦੇ ਸਿੱਖਾਂ ਦੇ ਮਕਾਨ ਢੁਹਾ ਕੇ ਸਰੋਵਰ ਦਾ ਕਾਫੀ ਹਿੱਸਾ ਪੂਰ ਦਿੱਤਾ ਅਤੇ ਅੰਮ੍ਰਿਤਸਰ ਦਾ ਪ੍ਰਬੰਧ ਕਾਜ਼ੀ ਅਬਦੁਲ ਰਜ਼ਾਕ, (ਵਾਸੀ ਅਲੀਗੜ੍ਹ, ਜ਼ਿਲਾ ਗੁਜਰਾਂਵਾਲਾ) ਨੂੰ ਸੌਂਪ ਆਪ ਵਾਪਸ ਆ ਗਿਆ। ਇਸ ਪ੍ਰਬੰਧ ਕਾਰਨ ਸਿੱਖਾਂ ਦਾ ਅੰਮ੍ਰਿਤਸਰ ਆਉਣਾ ਜਾਣਾ ਬਿਲਕੁਲ ਬੰਦ ਹੋ ਗਿਆ। ਇਹ ਵੇਖ ਭਾਈ ਮਨੀ ਸਿੰਘ ਜੀ ਦੀ ਆਤਮਾ ਬਹੁਤ ਦੁਖੀ ਹੋਈ।

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ

ਦੀਰਘ ਸੋਚ ਵਿਚਾਰ ਪਿਛੋਂ, ਆਪ ਜੀ ਨੇ ਹਾਕਮਾਂ ਨਾਲ ਵਿਚਾਰ ਵਟਾਂਦਰਾ ਕੀਤਾ ਕਿ ਸੰਨ 1738 ਈ: ਦੀ ਦੀਵਾਲੀ ਮਨਾਣ ਦੀ ਖਾਲਸੇ ਨੂੰ ਖੁਲ੍ਹ ਦਿੱਤੀ ਜਾਵੇ। ਜਿਸ ਦੇ ਬਦਲੇ ਭਾਈ ਸਾਹਿਬ ਪੰਜ ਹਜ਼ਾਰ ਸਰਕਾਰੀ ਖਜ਼ਾਨੇ ਜਮ੍ਹਾਂ ਕਰਵਾਉਣਗੇ ਤੇ ਦੋ ਹਜ਼ਾਰ ਕਾਜ਼ੀ ਨੂੰ ਰਿਸ਼ਵਤ ਦਾ ਦੇਣਗੇ। ਹਾਕਮਾਂ ਨੇ ਦਿਲ ਵਿਚ ਬੇਈਮਾਨੀ ਰੱਖ ਦਸ ਦਿਨ ਮੇਲੇ ਦੀ ਮਨਜ਼ੂਰੀ ਦੇ ਦਿੱਤੀ। (ਏਥੋਂ ਕੁੱਝ ਗੱਲਾਂ ਰਹਿ ਗਈਆਂ ਜਾਪਦੀਆਂ ਹਨ। ਲੜੀ ਅਧੂਰੀ ਹੈ।) ਜਿਸ ਤੇ ਨਾ ਮੇਲਾ ਲੱਗਾ ਤੇ ਨਾ ਹੀ ਠੇਕੇ ਦੀ ਰਕਮ ਤਰ ਸਕੀ। ਹਕੂਮਤ ਨੇ ਭਾਈ ਮਨੀ ਸਿੰਘ ਜੀ ਨੂੰ ਪਕੜ ਲਾਹੌਰ ਮੰਗਾ, ਬੰਦ ਬੰਦ ਕਟ ਮਘਰ ਸੁਦੀ ਪੰਜ ਸੰਨ 1738 ਈ: ਨੂੰ ਸ਼ਹੀਦ ਕਰ ਦਿੱਤਾ।

ਸੰਪੂਰਨ ਸਿਖ ਜਗਤ ਦੇ ਅੰਦਰ ਭਾਈ ਮਨੀ ਸਿੰਘ ਜੀ ਵਾਸਤੇ ਅਗਾਧ ਪ੍ਰੇਮ ਸੀ। ਮੁਸਲਮਾਨ ਅਤੇ ਹਿੰਦੂ ਵੀ ਉਹਨਾਂ ਦੇ ਬਹੁਤ ਸ਼ਰਧਾਲੂ ਸਨ। ਆਪ ਇਕ ਫਕੀਰ ਮਨੁੱਖ, ਸੁਲਹਕੁਲ, ਪਰਉਪਕਾਰੀ, ਬੰਦਗੀ ਵਾਲੇ, ਸਮਦਰਿਸ਼ਟਾ; ਆਤਮ ਗਿਆਨੀ, ਮਹਾਂਪੁਰਸ਼ ਮੰਨੇ ਜਾਂਦੇ ਸਨ। ਆਪ ਜੀ ਦੀ ਸ਼ਹੀਦੀ ਸੁਣ ਤਮਾਮ ਜਗਤ ਤੜਪ ਉੱਠਿਆ। ਮਗਰ ਸਿੰਘਾਂ ਅੰਦਰ ਤਾਂ ਬਦਲੇ ਦੀ ਭਾਵਨਾ ਅਗਨ ਵਾਂਗ ਪ੍ਰਚੰਡ ਹੋ ਉੱਠੀ।

ਖਾਲਸੇ ਨੇ ਬਦਲੇ ਲਏ

ਖਾਲਸੇ ਨੇ ਇਕੱਠ ਵਿਚ ਮਤਾ ਸੋਧ ਤਰੁਣਾਂ ਦਲ ਦੀ ਡਿਊਟੀ ਤਾਂ ਮਾਝੇ ਦੁਆਬੇ ਅਤੇ ਰਿਆੜਕੀ ਦੇ ਚੁਗਲ, ਚੌਧਰੀਆਂ ਦੀ ਆਕੜ ਭੰਨ ਸੁਧਾਈ ਅਤੇ ਮਾਮਲੇ ਦੀ ਉਗਰਾਹੀ ਦੀ ਲਗਾਈ ਤੇ ਬੁੱਢਾ ਦਲ ਨੂੰ ਲੈ ਕੇ ਨਵਾਬ ਕਪੂਰ ਸਿੰਘ ਜੀ ਨੇ ਭਾਈ ਸਾਹਿਬ ਦੇ ਕਾਤਲਾਂ ਅਤੇ ਉਹਨਾਂ ਨਾਲ ਹੋਰ ਸੰਬੰਧਤ ਵਿਅਕਤੀਆਂ ਤੋਂ ਬਦਲੇ ਲੈਣ ਅਤੇ ਗਸ਼ਤੀ ਫ਼ੌਜਾਂ ਨਾਲ ਸਿਝਨ ਲਈ ਅਰਦਾਸਾਂ ਸੋਧ ਕੇ ਚੜ੍ਹ ਪਏ।

ਨਵਾਬ ਸਾਹਿਬ ਨੇ ਪਹਿਲਾਂ ਆਪਣੇ ਚੋਣਵੇਂ ਸੱਤਾ ਸਿੰਘਾਂ ਦਾ ਦਸਤਾ ਤਿਆਰ ਕੀਤਾ, ਜਿਸ ਦਾ ਕੰਮ ਸੀ ਕਿ ਭੇਸ ਬਦਲ ਕੇ ਜਕਰੀਆਂ ਖਾਨ ਨੂੰ ਕਤਲ ਕਰ ਦੇਣ। ਪਰ ਮੁਸ਼ਕਿਲ[1] ਇਹ ਸੀ ਕਿ ਖਾਨ ਬਹਾਦਰ ਹੁਣ ਸਿੱਖਾਂ ਦੇ ਡਰ ਦਾ ਮਾਰਿਆ ਕਿਲੇ ਵਿਚੋਂ ਬਾਹਰ ਨਹੀਂ ਸੀ ਨਿਕਲਦਾ ਕਿਉਂਕਿ ਰੋਜ਼ ਨਵੇਂ ਸੂਰਜ ਸਿੰਘਾਂ ਦਾ ਲਸ਼ਕਰ ਲਾਹੌਰ ਦੀ ਕੋਈ ਨ ਕੋਈ ਬਸਤੀ ਲੁੱਟ ਪੁੱਟ ਕੇ ਫੌਜ ਦੇ ਆਵਣ ਤੋਂ ਪਹਿਲਾਂ ਆਪਣੇ ਅੱਡੇ ਤੇ ਪਹੁੰਚ ਚੁੱਕਾ ਹੁੰਦਾ ਸੀ।

ਮੁਜ਼ੰਗਾਂ ਦਾ ਕਾਜ਼ੀ ਸੋਧਿਆ

ਲਾਹੌਰ ਦੀਆਂ ਬਸਤੀਆਂ ਤੱਕ ਰੋਜਾਨਾ ਹੱਥ ਮਾਰਨੇ ਕਪੂਰ ਸਿੰਘ ਜੀ ਦੀ ਵਿਉਂਤ ਵਿਚ ਸ਼ਾਮਲ ਸੀ। ਇਕ ਦਿਨ ਮੁਜ਼ੰਗਾਂ (ਲਾਹੌਰ ਦੀ ਇੱਕ ਬਸਤੀ) ਤੇ ਹਮਲਾ ਕਰ ਮੁਫਤੀ ਅਬਦੁਲ ਹਨਾਨ (ਜਿਸ ਨੇ ਭਾਈ ਮਨੀ ਸਿੰਘ ਜੀ ਦੇ ਬੰਦ ਬੰਦ ਕੱਟਣ ਦਾ ਫਤਵਾ ਦਿੱਤਾ ਸੀ) ਨੂੰ ਉਸ ਦੇ ਘਰੋਂ ਜਾ ਫੜਿਆ ਉਸ ਨੂੰ ਭਾਈ ਬਰਾਜ ਸਿੰਘ (ਭਾਈ ਮਨੀ ਸਿੰਘ ਦੇ ਭਤੀਜੇ) ਨੇ ਆਪਣੇ ਹੱਥੀ ਕਤਲ ਕੀਤਾ। ਉਸਦਾ ਘਰ ਤਬਾਹ ਕਰ ਪਿੰਡ ਦੀ ਉਗਰਾਹੀ ਕੀਤੀ। ਹੁਣ ਬਾਕੀ ਦੇ ਹਾਕਮਾਂ ਨੂੰ ਵੀ ਕੰਨ ਹੋ ਗਏ ਉਹ ਦੂਰ ਨੇੜੇ ਭੱਜ ਲੁੱਕੇ। ਸੰਘੇ ਨੇ ਖਬਰ ਦਿੱਤੀ ਕਾਜ਼ੀ ਅਬਦੁਲ ਰਜਾਕ ਜਿਸ ਨੇ ਸਰੋਵਰ ਵਿਚ ਮਿੱਟੀ ਪਵਾਈ ਸੀ ਅਤੇ ਭਾਈ ਜੀ ਤੋਂ ਦੋ ਹਜ਼ਾਰ ਰਿਸ਼ਵਤ ਮੰਗਦਾ ਸੀ ਅਤੇ ਉਹਨਾਂ ਨੂੰ ਫੜ ਕੇ ਲਿਆਵਣ ਵੇਲੇ ਤੇ ਸ਼ਹੀਦ ਕਰਨ ਵੇਲੇ ਵੀ ਹਾਜਰ ਸੀ, ਆਪਣੇ ਨਗਰ ਅਲੀਗੜ੍ਹ ਪੁੱਜ ਗਿਆ ਹੈ।

ਖਾਲਸੇ ਨੇ ਬੰਨ੍ਹ ਤਾਰੀਆਂ ਲਈਆਂ ਅਤੇ ਤੀਜੇ ਦਿਨ ਸ਼ਾਮ ਨੂੰ ਅਲੀਗੜ੍ਹ ਜਾ ਘੇਰਿਆ। ਕਾਜ਼ੀ ਨੂੰ ਸਣੇ ਪ੍ਰਵਾਰ ਫੜ ਲਿਆ। ਬੱਚਿਆਂ ਤੇ ਬੁੱਢੀਆਂ ਨੂੰ ਛੱਡ ਬਾਕੀ ਸਭ ਨੂੰ ਤਾਂ ਦੂਜੇ ਸਿੰਘਾਂ ਨੇ ਪਾਰ ਬੁਲਾਇਆ। ਅਬਦੁਲ ਰਜ਼ਾਕ ਨੂੰ ਫੜ ਭਾਈ ਅਘੜ ਸਿੰਘ ਨੇ (ਭਾਈ ਮਨੀ ਸਿੰਘ ਦਾ ਭਤੀਜਾ) ਨਵਾਬ ਕਪੂਰ ਸਿੰਘ ਜੀ ਦੇ ਸਾਮ੍ਹਣੇ ਲਿਆ ਕੇ ਆਪਣੇ ਹੱਥੀਂ ਕਤਲ ਕੀਤਾ। ਇਸ ਹੱਲੇ ਦਾ ਇਤਨਾ ਅਸਰ ਪਿਆ ਕਿ ਅਗੋਂ ਵਾਸਤੇ ਵਜ਼ੀਰਾਂਬਾਦ, ਰਾਮਨਗਰ (ਰਸੂਲ ਨਗਰ) ਅਤੇ ਅਲੀਗੜ੍ਹ ਨੇ ਸਿਖਾਂ ਦੇ ਖਿਲਾਫ ਕਦੇ ਕੰਨ ਵੀ ਨਾ ਹਿਲਾਇਆ।

ਸਮੁੰਦ ਖਾਂ ਦਾ ਕਤਲ

ਅਲੀਗੜ੍ਹ ਤੋਂ ਵਿਹਲੇ ਹੋ ਕੇ ਜਦ ਬੁੱਢਾ ਦਲ ਵਿਰਕੇਤ ਵੱਲ ਵਧਿਆ ਤਾਂ ਪਤਾ ਲੱਗਾ ਕਿ ਸਮੁੰਦ ਖਾਂ ਤਕੜੀ ਧੌਂਸ ਲਈ, ਡੇਰਾ ਜੰਡਿਆਲੇ ਸ਼ੇਰ ਖਾਂ ਰੱਖ, ਇਲਾਕੇ ਵਿਚ ਮਰੂੰਲ ਸਿਖਾਂ ਨੂੰ ਭਾਲਦਾ ਅਤੇ ਕਿਰਤੀਆਂ ਨੂੰ ਤੰਗ ਕਰਦਾ ਹੈ। ਨਵਾਬ ਕਪੂਰ ਸਿੰਘ ਜੀ ਨੇ ਨੁਸ਼ਹਿਰੇ ਵਿਰਕਾਂ ਸ਼ਾਮੀ ਪੜਾ ਕੀਤਾ ਅਤੇ ਪੰਜ ਸਵਾਰ, ਕੜਯਾਲੋਂ ਪਤਾ ਕਰਨ ਭੇਜੇ। ਉਹਨਾਂ ਨੂੰ ਗੁਰੂ ਡੇਰੇ ਵਾਲੇ ਉਦਾਸੀਆਂ ਹੀ ਦੱਸ ਦਿੱਤਾ ਕਿ ਧੌਂਸ ਵਾਲੇ ਰੋਜ ਸਵੇਰੇ ਦੋ, ਤਿੰਨ ਸੌ ਘੋੜ ਚੜੇ ਇਲਾਕੇ ਵਿਚ ਫਿਰਦੇ ਹਨ। ਛਾਹ ਵੇਲੇ ਨਾਲ ਪਿੰਡਾਂ ਵਿਚੋਂ ਦੁੱਧ, ਮੱਖਣ ਤੇ ਕੁਕੜ ਧਕੇ ਨਾਲ ਖੋਹ ਲੈਂਦੇ ਹਨ। ਬਹੁਤਾ ਮੁਹਾੜ ਉਹਨਾਂ ਦਾ ਕੜਯਾਲ ਵਰਨਾਂ ਤੇ ਕਾਲੇਕਿਆਂ ਵੱਲ ਹੁੰਦਾ ਹੈ। ਜਾਂਦੇ ਅਗਾਂਹ ਮੁਸਲਕਿਆਂ ਪਿੰਡਾਂ ਵੱਲ ਵੀ ਨੇ ਪਰ ਘੱਟ। ਅਗਲੇ ਦਿਨ ਬਾਕੀ ਸਿੰਘ ਤਾਂ ਗੁਰਦਵਾਰਾ ਖਾਰਾ ਸਾਹਿਬ ਦੇ ਦਰਸਣਾਂ ਨੂੰ ਨਿਕਲ ਗਏ। ਨਵਾਬ ਸਾਹਿਬ ਜੱਸਾ ਸਿੰਘ ਜੀ ਨੂੰ ਸਾਰੀ ਗਲ ਸਮਝਾ ਕੇ ਡੇਰੇ ਛੱਡ, ਆਪ ਪੰਜਾ ਸਿੰਘਾਂ ਸਮੇਤ ਵਰਨ੍ਹਾਂ ਵਲੋਂ ਹੋ ਕਾਲੇ ਕੀ ਪੁੱਜੇ। ਕਾਲੇਕਿਆਂ ਤੋਂ ਜੰਡਾਲੇ ਸੰਘਾ ਘਲਿਆ। ਸੰਘੇ ਨੇ ਪਰਤ ਦੱਸਿਆ ਕਿ ਧੌਂਸ ਦਾ ਮੁਹਾੜ ਭਲਕੇ ਮਾਣਕ ਦੇ ਠਟੇ ਵੱਲ ਹੈ ਅਤੇ ਸਮੁੰਦ ਖਾਂ ਬਿਮਾਰੀ[2] ਦੇ ਪੱਜ ਪਾਲਕੀ ਵਿਚ ਧੌਂਸ ਦੇ ਪਿਛੇ ਪਿਛੇ ਰਹਿੰਦਾ ਹੈ। ਨਵਾਬ ਸਾਹਿਬ ਫਿਰ ਉਸੇ ਰਾਹ ਪਰਤ ਕੇ ਆਉਂਦਿਆਂ ਪੰਜਾਂ ਸਿੰਘਾਂ ਨੂੰ ਮਾਣਕ ਦਾ ਠਟਾ ਵਿਖਾ ਦਿੱਤਾ ਤੇ ਉਥੇ ਖਲੋਤਿਆਂ ਹੀ ਵਿਉਂਤ ਬੰਨ੍ਹ ਲਈ।

---

1. **ਮੁਸ਼ਕਿਲ**—ਬਜ਼ੁਰਗ ਦੱਸਿਆ ਕਰਦੇ ਸਨ ਕਿ ਇਹ ਯੋਜਨਾ ਸ: ਸਬੇਗ ਸਿੰਘ ਦੇ ਆਖਣ ਤੇ ਨਵਾਬ ਕਪੂਰ ਸਿੰਘ ਨੇ ਠਪ ਕਰ ਦਿੱਤੀ ਕਿ ਇਸ ਤਰ੍ਹਾਂ ਸ਼ਹਿਰ ਚ ਹਿੰਦੂ ਸਿੱਖਾਂ ਤੇ ਸਖ਼ਤੀ ਵਧ ਜਾਣ ਦਾ ਖਤਰਾ ਯਕੀਨੀ ਸੀ।


2. **ਬਿਮਾਰੀ**—ਇਹ ਦੁਰਾਚਾਰੀ, ਆਪਣੇ ਕੁਕਰਮਾ ਦੀ ਸਜ਼ਾ, "ਸੁਜ਼ਾਕ ਰੋਗ" ਵਿਚ ਗਰੱਸਤ ਹੋ ਭੋਗ ਰਿਹਾ ਸੀ (ਵੇਖੋ ਪੰਥ ਪ੍ਰਕਾਸ਼ ਗਿ: ਗਿਆਨ ਸਿੰਘ (ਭਾਸ਼ਾ ਵਿਭਾਗ) 1970 ਛਾਪ ਪੰਨਾ 698)

ਅਗਲੇ ਦਿਨ ਕੁੱਕੜ ਦੀ ਬਾਂਗ ਨਾਲ ਬੁੱਢਾ ਦਲ ਦੇ ਪੰਜ ਸੌ ਘੋੜ ਸਵਾਰ ਆਪਣੇ ਜਥੇਦਾਰਾਂ ਦੇ ਨਾਲ ਤੁਰ ਪਏ ਤੇ ਸੂਰਜ ਉੱਗਦੇ ਨੂੰ ਥਾਵਾਂ ਜਾ ਮੱਲੀਆਂ। ਪਹਿਲਾ ਜਥਾ ਤਾਂ ਜੰਡਿਆਲਿਓਂ ਝਬਰਾਂ ਨੂੰ ਜਾਣ ਵਾਲੀ ਸ਼ੜਕ ਦੇ ਦੱਖਣ ਲੁੱਕ ਗਿਆ। ਦੂਜਾ ਪਹਾੜ, ਤੀਜਾ ਸ਼ੜਕ ਦੇ ਨਾਲ ਦੋਹੀਂ ਪਾਸੀਂ ਅੱਧ ਪਚੱਧਾ ਲੁੱਕ ਖਲੋਤਾ। ਚੌਥਾ ਜਥਾ ਝਬਰਾਂ ਵਾਲੇ ਪਾਸੇ ਮੀਲ ਕੁ ਦੀ ਵਿਥ ਤੇ ਡਟ ਗਿਆ। ਪੰਜਵਾਂ ਜਥਾ ਨਵਾਬ ਸਾਹਿਬ ਦੇ ਨਾਲ ਮਾਣਕ ਦੇ ਠਟੇ ਕੋਲ ਅਟਕ ਗਿਆ। ਠਟੱਈਆਂ ਵਿਚੋਂ ਕਿਸੇ ਨੂੰ ਬਾਹਰ ਨਾ ਜਾਣ ਦਿੱਤਾ।

ਧੌਂਸ ਵਾਲੇ ਸਵੇਰੇ ਝਬਰਾਂ ਵਾਲੇ ਰਾਹ ਤੇ ਜਦੋਂ ਤਿੰਨ ਕੁ ਮੀਲ ਗਏ ਤਾਂ ਮਿਥੇ ਅਨੁਸਾਰ ਤੀਜੇ ਜਥੇ ਦੇ ਸਿੰਘ ਝਬਰਾਂ ਵੱਲ ਭੱਜ ਉਠੇ। ਧੌਂਸ ਵਾਲਿਆਂ ਬੜੇ ਦਿਨਾਂ ਪਿਛੋਂ ਸ਼ਿਕਾਰ ਡਿੱਠਾ ਸੀ, ਉਹ ਸਿੰਘਾਂ ਦੇ ਮਗਰ ਸੌਂਚੜ ਗਏ। ਜਦੋਂ ਧੌਂਸ ਕਾਫ਼ੀ ਅਗਾਂਹ ਵਧ ਗਈ ਤਾਂ ਪਿਛੋਂ ਦੂਜਾ ਜਥਾ ਧੌਂਸ ਦੇ ਮਗਰ ਸੌਂਚੜ ਗਿਆ ਤੇ ਗੋਲੀ ਚਲਾ ਦਿੱਤੀ। ਬੱਸ ਗੋਲੀ ਚਲਣ ਦੀ ਦੇਰ ਸੀ ਹਰਾਵਲ ਜਥੇ ਨੇ ਪੈਰਾ ਤੇ ਤੁੱਲ ਕੇ ਤਲਵਾਰ ਦੀ ਵਾਢ ਸ਼ੁਰੂ ਕਰ ਦਿੱਤੀ। ਝਬਰਾਂ ਵਲੋਂ ਚੌਥਾ ਜਥਾ ਵੀ ਆ ਕੇ ਤਲਵਾਰੀਂ ਡਹਿ ਪਿਆ। ਧੌਂਸ ਵਾਲਾ ਜਿਹੜਾ ਲਾਹਮੇ ਭਜਣ ਲੱਗੇ ਉਹਨੂੰ ਪਿਛੋਂ ਦੂਜੇ ਜਥੇ ਵਾਲੇ ਗੋਲੀਆਂ ਨਾਲ ਡੇਗੀ ਜਾਵਣ। ਮੁੱਕਦੀ ਗਲ ਛਾਹ ਵੇਲੇ ਨੂੰ ਤਿੰਨ ਸੌ ਦਾ ਤਿੰਨ ਸੌ ਵੱਢ ਦਿੱਤਾ ਤੇ ਪਹਿਰੇ ਲਗਾ ਦਿਤੇ ਕੋਈ ਲਾਸ਼ਾਂ ਨਾ ਚੁੱਕੇ। ਹਾਂ ਧੌਂਸ ਦੇ ਮਗਰ ਸਮੁੰਦ ਖਾਂ ਪਾਲਕੀ ਵਿਚ ਬੈਠਾ ਦਸਾਂ ਸਵਾਰਾਂ ਨਾਲ ਆ ਰਿਹਾ ਸੀ। ਜਦੋਂ ਧੌਂਸ ਵਾਲੇ ਸਿੰਘਾਂ ਮਗਰ ਚੜ੍ਹ ਵਗੇ ਤਾਂ ਕਹਾਰ ਕੁਝ ਤ੍ਰਿਖੇ ਤੁਰਣ ਲਗੇ। ਸਮੁੰਦ ਖਾਂ ਸਾਹਮਣੇ ਹੀ ਵੇਖ ਰਿਹਾ ਸੀ। ਉਹਨੂੰ ਤਾਂ ਹੀ ਪਤਾ ਲੱਗਾ ਜੇ ਪਹਿਲੇ ਜਥੇ ਨੇ ਉਹਨੂੰ ਘੇਰੇ ਵਿਚ ਲੈ ਕੇ ਉਹਦੇ ਦਸੇ ਦੇ

ਸਮੁੰਦ ਖਾਨ ਦਾ ਕਤਲ

ਮਾਨ ਚਿੱਤਰ ਠਟਾ ਮਾਣਕ



ਚਿਤਰ ਮਾਨ=1 ਇੰਚ=8 ਮੀਲ ॥

A. ਸੇਖੂਪਰੇ ਤੋਂ ਹਾਫਜਾਬਾਦ ਅਤੇ ਚੂਹੜਕਾਨੇ ਤੋਂ ਗੁਜਰਾਂਵਾਲੇ ਜਾਣ ਵਾਲੀਆਂ ਸੜਕਾਂ ਦੇ ਮਧਾਣੀ ਜੁਟ (ਕਰਾਸ)। ਇਸ ਚੌਂਕ ਵਿਚ ਕੜਯਾਲੋਂ ਆਉਂਦਿਆਂ ਜਾਂਦਿਆ ਖਲੋ ਕੇ. ਪਿਤਾ ਜੀ ਸਮੁੰਦ ਖਾਂ ਦੇ ਕੱਧ ਦਾ ਵੇਰਵਾ ਸੁਣਾਇਆ ਕਰਦੇ ਸੀ। ਜਿਸ ਦੀ ਪੁਸ਼ਟੀ ਸੰਨ 1926 ਵਿਚ ਭਾ: ਸਾ: ਭਾ: ਮੂਲ ਸਿੰਘ ਸਾਹਿਬ ਨੇ ਵੀ ਕੀਤੀ। (ਹਸਤਾਖਰ)

ਕੈਪਟਨ ਗੁਰਇਕਬਾਲ ਸਿੰਘ ਗਿਆਨੀ

ਦਸੋ ਬਾੜੀ ਗਾਰਡ ਪਾਰ ਬੁਲਾ ਦਿੱਤੇ ਅਤੇ ਸਿੰਘ ਉਸ ਨੂੰ ਘੇਰੇ ਵਿਚ ਲੈ ਕੇ ਮਾਣਕ ਦੇ ਠੱਟੇ ਵੱਲ ਟੁਰ ਪਏ। ਅਗੇ ਨਵਾਬ ਕਪੂਰ ਸਿਘ ਜੀ ਜਥੇ ਸਮੇਤ ਖੜੇ ਵੇਖ, ਉਸ ਪੁਛਿਆ ਕਪੂਰ ਸਿੰਘਾਂ ਹੁਣ ਤੁਸੀਂ ਮੇਰੇ ਨਾਲ ਕੀ ਸਲੂਕ ਕਰੋਗੇ ? ਨਵਾਬ ਸਾਹਿਬ ਨੇ ਆਖਿਆ. "ਜੋ ਕੁੱਝ ਤੂੰ ਮੇਰੇ ਨਾਲ ਕਰਦੋਂ।" ਭਾਈ ਅਘੜ ਸਿੰਘ ਨੇ ਖਿੱਚ ਕੇ ਡੋਲੀਓਂ ਬਾਹਰ ਕੱਢ ਪਿੰਡਾਂ ਵਾਲਿਆਂ ਦੇ ਸਾਹਮਣੇ ਉਹਦੀਆਂ ਦੋਹਾਂ ਟੰਗਾਂ ਨੂੰ ਘੋੜੇ ਦੀਆਂ ਪਛਾੜੀਆ ਪਾ ਕੇ ਦੋ ਘੋੜ-ਸਵਾਰ ਸਿੰਘਾਂ ਨੂੰ ਫੜਾ ਕੇ ਘੋੜੇ ਭੱਜਾ ਦਿੱਤੇ। ਘੋੜੇ ਉਦੋਂ ਖਲਾਰੇ ਜਦੋਂ ਉਹਦੀ ਖੋਪਰੀ ਫਟ ਸਭ ਕੁਝ ਬਾਹਰ ਆ ਗਿਆ। ਫਿਰ ਕਹਾਰਾਂ ਨੂੰ ਆਖਿਆ, ਇਹਨੂੰ ਡੋਲੀ ਵਿਚ ਪਾ ਕੇ ਜਿੱਥੇ ਧੌਂਸ ਵੱਢੀ ਪਈ ਹੈ, ਉਥੇ ਰੱਖ ਕੇ ਤੁਸੀਂ ਖਾਲੀ ਹੱਥੀਂ ਭੱਜ ਜਾਓ ਤੇ ਬਾਕੀ ਦੀ ਧੌਂਸ ਨੂੰ ਘੱਲੋ ਕਿ ਆ ਕੇ ਲਾਸ਼ਾਂ ਚੁੱਕ ਲੈ ਜਾਣ।

ਇਤਨੇ ਚਿਰ ਵਿਚ ਕੜਯਾਲ ਕਾਲੋਕੇ ਤੇ ਵਰਨਾਂ ਦੇ ਸਿੰਘਾਂ ਨੂੰ ਨਵਾਬ ਸਾਹਿਬ ਨੇ ਸੁਨੇਹੇ ਘਲ ਸੱਦ ਲਿਆ—ਉਹਨਾਂ ਨੂੰ ਕਲ੍ਹ ਦਾ ਆਹਰ ਮਿਲਿਆ ਈ ਹੋਇਆ ਸੀ, ਉਹ ਦੁਪਹਿਰਾਂ ਨੂੰ ਅਪੜ ਗਏ। ਧੌਂਸ ਨਾ ਆਵਣੀ ਸੀ ਤੇ ਨਾ ਆਈ। ਅਲੀ ਸ਼ੇਰ ਜੰਡਿਆਲੀਆ ਆਪਣੇ ਨਾਲ ਸਿਆਣੇ ਸਿਆਣੇ ਤਿੰਨ ਮੁਸਲਮਾਨ ਤੇ ਦੋ ਕੁ ਹਿੰਦੂ ਬੇ ਹਥਿਆਰੇ ਲੈ ਕੇ ਆਇਆ। ਦੂਰੋਂ ਘੋੜੇ ਤੋਂ ਉੱਤਰ ਕੇ ਜਿੱਥੇ ਤਿੰਨਾਂ ਪਿੰਡਾਂ ਦੀ ਪੰਚਾਇਤ ਬੈਠੀ ਸੀ, ਸਲਾਮ ਦੁਆ ਕਰ ਕੇ ਬੈਠ ਗਿਆ। ਕੜਯਾਲ ਦੇ ਚੌਧਰੀ ਬਾਬੇ ਅਮਰੀਕ[1] ਸਿੰਘ (ਜੈਦਕੇ) ਨੇ ਪੁਛਿਆ, ਆਓ ਖਾਨ ਜੀ ਜਿਓ ਆਇਆਂ ਨੂੰ, ਕਿਵੇਂ ਆਏ ਹੋ ? ਅਲੀ ਸ਼ੇਰ ਆਖਿਆ, ਬਾਬੇ[2] ਕਿਆ ਅਸੀਂ ਤੇ ਤੁਸੀਂ ਏਥੇ ਰਲ ਕੇ ਵਸਦੇ ਲਗੇ ਆਏ ਹਾਂ ਅਤੇ ਅਗੋਂ ਨੂੰ ਵੀ ਰਲ ਕੇ ਵੱਸਣਾ ਹੈ। ਆਹ ਚੰਗਾ ਨਹੀਂ ਹੋਇਆ, ਤੁਸਾਂ ਸਰਕਾਰੀ ਬੰਦੇ ਵੱਢ ਘੱਤੇ ਨੇ। ਚਲੋ ਛਡੋ ਜਿਹੜੀ ਹੋਣੀ ਸੀ ਉਹ ਹੋ ਗਈ, ਹੁਣ ਤੁਸੀਂ ਅਸਾਨੂੰ ਲਾਸ਼ਾਂ ਚਾ ਲੈਣ ਦਿਹੁ। ਸਾਡੀ ਤੁਹਾਡੀ ਕੋਈ ਲੜਾਈ ਨਹੀਂ, ਝਗੜਾ ਨਹੀਂ। ਜੈਦਕੇ ਬਾਬੇ ਆਖਿਆ, ਖਾਨ ਜੀ ਭੁਲੇਖਾ ਤੁਸਾਨੂੰ ਵੀ ਨਹੀਂ ਤੇ ਅਸਾਨੂੰ ਵੀ ਨਹੀਂ। ਤੁਸੀਂ ਦੋ ਹੋਲਾਂ ਕਰ ਚੁੱਕੇ ਹੋ, ਪਹਿਲੀ ਵਿਚ ਮਾਲੋਕੇ ਤਬਾਹ ਹੋਏ, ਕਾਲੋਕਿਆਂ ਨੂੰ ਤੁਸਾਂ ਸਾੜ ਕੇ ਬਰਬਾਦ ਕਰਾਇਆ, ਜੇ ਕੜਯਾਲ ਬਚੀ ਰਹੀ ਤਾਂ ਰੱਬ ਦੀ ਕੰਮੀ। ਆਹ ਮੁੜ ਜੰਡਾਲੇ ਨੇ ਹੋਲ ਕੀਤੀ ਹੈ, ਨ ਸਾਡੇ ਘਰਾਂ ਵਿਚ ਦੁੱਧ ਨ ਮੱਖਣ ਰਹਿਣ ਦੇਂਦੇ ਓ. ਸਾਡਿਆਂ ਘਰਾਂ ਵਿਚ ਝਾਤੀਆਂ ਮਾਰਦੇ ਹੋ। ਅਜੇ ਤੁਸਾਨੂੰ ਅਸਾਂ ਆਖਿਆ ਕੁਝ ਨਹੀਂ, ਪਈ ਗਵਾਂਢੀ ਹਾਂ। ਖਾਨ ਜੀ ਸੋਚ ਲਵੋ ਅਸਾਂ ਤੁਸਾਂ ਰਲ ਕੇ ਰਹਿਣਾ ਹੈ ਤੇ ਰਹਿਣਾ ਹੈ ਸਾਊਆਂ ਵਾਂਗੂ। ਸੋ ਆਪਣੇ ਬੇਲੀਆਂ ਨਾਲ ਵਿਚਾਰ ਕਰਕੇ ਸਾਨੂੰ ਸਾਫ਼ ਦਸੋ, ਅਸੀਂ ਰੋਜ਼ ਕੁੱਤਿਆਂ ਬਿੱਲਿਆਂ ਤੋਂ ਬੇਇਜ਼ਤੀ ਨਹੀਂ ਕਰਵਾਉਣੀ। ਆਹ ਸਾਡੇ ਮੁੰਡੇ (ਜਥੇ ਵਲ ਹੱਥ ਕਰਕੇ) ਹੁਣ ਸਾਨੂੰ ਮਿਲ ਪਏ ਹਨ, ਅਗੇ ਤੁਸੀਂ ਧੌਂਸਾਂ ਸੱਦ ਕੇ ਸਾਡੇ ਵਲ ਵਾਧੇ ਕਰਦੇ ਰਹੇ ਹੋ, ਅਸੀਂ ਚੁੱਪ ਕੀਤੇ ਰਹੇ ਹਾਂ। ਅੱਜ ਖਾਨ ਜੀ ਸਾਡੇ ਨਾਲ ਨਿਬੜ ਜਾਹ। ਜੇ ਤੇ ਅਗੋਂ ਨੂੰ ਇਹ ਧੌਂਸਾਂ ਸੱਦ ਸਾਡੇ ਗੱਲ ਪਵਾਂਦੇ ਰਹਿਣਾ ਹੈ ਤਾਂ ਤੁਸਾਡਾ ਰਾਹ ਔਹ ਜੰਡਾਲੇ ਨੂੰ ਜਾਂਦਾ ਹੈ ਤੇ ਜੇ ਇਹਨਾਂ ਨੂੰ ਠੱਲ੍ਹ ਰੱਖਣਾ ਹਈ ਤਾਂ ਅਸੀਂ ਤੁਹਾਡੇ ਤੇ ਤੁਸੀਂ ਸਾਡੇ। ਆਹ ਘੋੜ ਸਵਾਰ ਜਿੰਨੇ ਐਥੇ ਦਿਸਦੇ ਨੇ ਏਨੇ ਪਿਛਾਂ ਡੇਰੇ ਵਿਚ ਨੇ ਤੇ ਜੇ ਸਾਨੂੰ ਲੋੜ ਪਈ ਤਾਂ ਇਕੋ ਕੂਕ ਮਾਰਨ ਦੀ ਦੇਰ ਏ, ਏਦੂ ਦੂਣੇ ਵਿਰਕੋਤ ਵਿਚੋਂ ਭਜੇ ਲੱਗੇ ਆਉਣਗੇ। ਤੇਰਾ ਜੰਡਾਲਾ ਕੋਈ ਕਿਲਾ ਨਹੀਂ, ਸਾਡੀ ਇਕ ਦਿਹਾੜੀ ਦੀ ਮਾਰ ਨਹੀਂ। ਪਰ ਖਾਨ ਜੀ, ਅਸੀਂ ਗਵਾਂਢੀ ਹਾਂ ਤੇ ਭਰਾਵਾਂ ਵਾਂਗੂ ਵੱਸਣਾ ਹੈ।

ਅਲੀ ਸ਼ੇਰ ਆਖਿਆ, ਓਇ ਬਾਬੇ ਕਿਆ, ਦੁਹਾਈ ਆ ਰੱਬ ਦੀ ਮੈਂ ਕੋਈ ਧੌਂਸ ਨਹੀਂ ਸੱਦੀ। ਜਿਹੜੀ ਪਹਿਲਾਂ ਧੌਂਸ ਆਈ ਸੀ ਉਹ ਮਾਲੋਕਿਆਂ ਦੇ ਮਿਰਾਸੀ ਪਾਰੋਂ ਆਈ। ਪੁਛੋ ਕਪੂਰ ਸਿੰਘ ਨੂੰ ਮੇਰਾ ਤੇ ਇਹਦੇ ਮਰਦ ਪਿਉ ਨਾਲ ਕਿੰਨਾ ਭਾਈਚਾਰਾ ਸੀ। ਇਹਨਾਂ ਦੇ ਮਿਰਾਸੀ ਦੀ ਧੀ ਤਾਬੋਂ ਸਾਡੇ ਪਿੰਡ ਦੇ ਫੱਜੂ ਮਿਰਾਸੀ ਨਾਲ ਵਿਆਹੀ ਹੋਈ ਹੈ। ਇਹਨਾਂ ਦੇ ਮਿਰਾਸੀ ਤੋਂ ਉਹ ਨੂੰ ਢੀਦ ਉਤੇ ਗਰੀਬੀ ਕਰਕੇ ਕੁਝ ਸਰਿਆ ਨਾਂਹ, ਤਾਂ ਤਾਬੋਂ ਆਖਿਆ, "ਅੱਛਾ ਅੱਬਾ ਵੇਖ ਖਾਂ ਭਲਾ ਹੁਣ ਕੀ ਕੁਝ ਬਣਦਾ ਹੈ।"

---

1. ਅਮਰੀਕ ਸਿੰਘ ਜੈਦਕਾ, ਦੂਜਾ ਅਮਰੀਕ ਸਿੰਘ ਮਰਾਲੀ ਕਾ ਵੀ ਪੰਚਾਇਤ ਵਿਚ ਸ਼ਾਮਲ ਸੀ। ਪਰ ਪਿੰਡ ਦੀ ਚੌਧਰ ਆਦਿ ਕਾਲ ਤੋਂ ਜੈਦਕਿਆਂ ਕੋਲ ਸੀ ਜੋ ਅੰਗਰੇਜ਼ਾਂ ਦੇ ਆਵਣ ਸਮੇਂ ਤੱਕ ਰਹੀ। ਪਿੰਡ ਦਾ ਆਖਰੀ ਵੱਡਾ ਚੌਧਰੀ ਬਾਬਾ ਧਾਰਾ ਸਿੰਘ ਜ਼ੁਮੇਂਦਾਰ (ਆਅਲਾ ਨੰਬਰਦਾਰ) ਸੀ। ਬਾਬਾ ਅਮਰੀਕ ਸਿੰਘ ਜੀ ਮਰਾਲੀ ਕੇ ਆਪਣੇ ਜ਼ਮਾਨੇ ਦੇ ਬੜੇ ਚਤੁਰ ਨੀਤੀਵੇਤਾ ਅਤੇ ਪੰਚਾਇਤਾਂ ਦੇ ਕਰੂ ਸਨ। ਮਗਰ ਅਦਬ ਸਤਿਕਾਰ ਅਤੇ ਆਯੂ ਦੇ ਲਿਹਾਜ ਕਰਕੇ ਪੰਚਾਇਤ ਵਿਚ ਗੱਲ ਬਾਬਾ ਅਮਰੀਕ ਸਿੰਘ ਜੈਦਕਾ ਹੀ ਕੀਤਾ ਕਰਦੇ ਸਨ।

2. **ਬਾਬੇ ਕਿਆ**—ਆਦਿ ਕਾਲ ਵਿਚ ਸ੍ਰੀ ਚੰਦ ਜੀ ਬਾਬੇ ਜੈਦ ਦੇ ਪ੍ਰੇਮ ਵਸ ਕੜਯਾਲ ਆ ਕੇ ਗੁਰੂ ਡਿਹਰੇ ਵਾਲੇ ਸਥਾਨ ਤੇ ਸਿੱਖੀ ਪ੍ਰਚਾਰ ਅਤੇ ਤਪ ਕੀਤਾ ਕਰਦੇ ਸਨ। ਉਸ ਸਮੇਂ ਤੋਂ ਇਸ ਨਗਰ ਨੂੰ ਲੋਕ ਬਾਬੇ ਕੜਯਾਲ ਆਖਣ ਲੱਗ ਪਏ। ਕੜਯਾਲ ਨੇ ਹੀ ਪਹਿਲਾਂ ਸਿਖੀ ਧਾਰਨ ਕੀਤੀ। ਵੈਸੇ ਬ੍ਰਾਦਰੀ ਦੇ ਪਖੋਂ ਬਾਬੇ ਜਾਊ ਦੇ ਪੋਤਰੇ "ਬਾਬੇ ਆਹਰੇ" ਦੇ ਵੰਸਜ ਝਬਰਾਂ ਨਿਵਾਸੀ, ਕੁੱਲ ਵਿਰਕੋਤ ਵਿਚ ਬਾਬੇ ਕੇ ਮੰਨੇ ਜਾਂਦੇ ਹਨ।

ਛੱਜੂ ਲਾਹੌਰ ਫੌਜਦਾਰ ਦਾ ਮੁਨਸ਼ੀ ਹੈ, ਮਿਰਾਸਨ ਜਾਤ, ਫੌਜਦਾਰ ਦੇ ਨੇੜੇ ਹੋ ਗਈ ਤੇ ਧੌਂਸ ਲੈ ਕੇ ਚੁਪ ਕੀਤੀ ਆ ਗਈ। ਆਉਂਦੀ ਆਪਣੇ ਮਾਪਿਆਂ ਨੂੰ ਵੀ ਕਿਸੇ ਬਹਾਨੇ ਮਾਲੋਕਿਆਂ ਤੋਂ ਸੱਦ ਲਿਆਈ। ਅਗਲੇ ਦਿਨ ਜਦੋਂ ਕਛਾਂ ਮਾਰਦੇ ਧੌਂਸ ਵਾਲੇ ਮਾਲੋਕਿਆਂ ਨੂੰ ਸਾੜ ਜੰਡਾਲੇ ਪੁੱਜੇ ਤਾਂ ਮਿਰਾਸਨ ਨੇ ਆਪਣੇ ਪਿਉ ਨੂੰ ਆਖਿਆ, "ਲੈ ਅੱਬਾ, ਹੁਣ ਤੈਨੂੰ ਭੁਖਿਆਂ ਮਾਰਨ ਵਾਲੇ ਨਾ ਤਾਂ ਜਜਮਾਨ ਰਹੇ ਨੀ ਤੇ ਨਾਂ ਹੀ ਉਹਨਾਂ ਦਾ ਪਿੰਡ" ਮਿਰਾਸੀ ਸੁਣਦਿਆਂ ਸਾਰ ਸ਼ਰਕੇ ਸ਼ਰਕ ਮਾਲੋਕਿਆਂ ਨੂੰ ਭੱਜ ਵੱਗਾ। ਪਿੰਡ ਅਪੜ ਰੋਂਦਾ ਤੇ ਢਾਹੀਂ ਮਾਰਦਾ ਢਾਬ ਕੰਢੇ ਕਿੱਕਰ ਨਾਲ ਪੱਗ ਦਾ ਫਾਹ ਲੈ ਕੇ ਮਰ ਗਿਆ।

ਕਾਲੋ ਕੀ ਜੋ ਕੁਛ ਬੀਤਿਆ, ਉਹ ਵੀ ਉਸ ਮਿਰਾਸਨ ਦੀ ਆਖਤ ਤੇ ਸੀ। ਮੈਨੂੰ ਤਾਂ ਉਦੋਂ ਪਤਾ ਲੱਗਾ ਜਦੋਂ ਫੱਟੜ ਮੁਰਦੇ ਗੱਡੇ ਤੇ ਲੱਦੀ ਮਾਛੀ ਪਿੰਡ ਦੇ ਬਾਹਰ ਆ ਖਲੋਤ। ਮੈਂ ਧੌਂਸ ਦੇ ਅਫਸਰ ਨੂੰ ਆਖਿਆ, ਤੂੰ ਬਹੁਤ ਮੰਦਾ ਕੀਤਾ ਹੈ। ਉਸ ਨੇ ਪਿੰਡ ਵਿਚੋਂ ਕਬਰਾਂ ਪੁੱਟਣ ਲਈ ਵੰਗਾਰ ਮੰਗੀ ਮੈਂ ਨਾਂਹ ਕਰ ਦਿੱਤੀ। ਧੌਂਸ ਵਾਲਿਆਂ ਆਪੇ ਕਬਰਾਂ ਪੁੱਟ ਮੁਰਦੇ ਨੱਪੇ ਸਨ।

ਜਦੋਂ ਧੌਂਸ ਵਾਲੇ ਕੜਯਾਲ ਵੱਲ ਚੜ੍ਹੇ ਤਾਂ ਮੈਂ ਚੌ: ਗੁਰਦਿਤਾ ਮੱਲ ਦੇ ਊਠਾਂ ਵਾਲਿਆਂ ਰਾਹੀਂ ਕੜਯਾਲ ਨੂੰ ਸੂੰਹ ਪੁਚਾਂਦਾ ਰਿਹਾ। ਕਿਉਂ ਬਾਬੇ ਕਿਓਂ, ਤੁਸਾਨੂੰ ਊਠਾਂ ਵਾਲਿਆਂ ਖਬਰਾਂ ਦਿੱਤੀਆਂ ਕਿ ਨਾ? ਬਾਬੇ ਕਿਆਂ ਆਖਿਆ ਦਿੱਤੀਆਂ ਸਨ, ਇਹ ਠੀਕ ਹੈ। ਮਗਰ ਆਹ ਧੌਂਸ ਕਿਸ ਸੱਦੀ ਹੈ? ਅਲੀ ਸ਼ੇਰ ਆਖਿਆ, ਪਹਿਲੀ ਧੌਂਸ ਜਦੋਂ ਮਾਰ ਖਾ ਕੇ ਕੜਯਾਲੋਂ ਪਰਤੀ ਤਾਂ ਫੌਜਦਾਰ ਨੇ ਮੈਨੂੰ ਦੱਸਿਆ ਕਿ ਤੁਸਾਡੀ ਮਿਰਾਸਨ ਨੇ ਸਾਨੂੰ ਮੁਗਾਲਤੇ ਵਿਚ ਰੱਖਿਆ ਹੈ। ਮੈਂ ਵਿਚਲੀ ਗੱਲ ਸਮਝ ਕੇ ਚੁਪ ਕਰ ਰਿਹਾ। ਹੁਣ ਜਿਦਣ ਉਹ ਫੇਰ ਧੌਂਸ ਲੈ ਕੇ ਆਈ, ਮੈਂ ਤਾਬੋ ਨੂੰ ਆਪਣੇ ਘਰ ਸੱਦ ਬੜੀਆਂ ਫਿਟਕਾਂ ਪਾਈਆਂ. ਮਿਰਾਸਨ ਜ਼ਾਤ ਲੱਗੀ ਜਬਾਣ ਲੜਾਣ। ਅਸਾਡੇ ਘਰ ਕਾਲੋਕਿਆਂ ਦੀ ਮਾਛਣ ਬੇਗੋ, ਪਾਣੀ ਭਰਨ ਆ ਨਿਕਲੀ। ਉਸ ਵਿੰਹਦਿਆਂ ਸਾਰ ਤਾਬੋ ਨੂੰ ਗੁਤੋਂ ਫੜ ਲਿਆ। ਮੈਂ ਤੇ ਬਾਹਰ ਜਾ ਖਲੋਤਾ ਮਾਛਣ ਨੇ ਕੁਟ ਕੁਟ ਮਿਰਾਸਨ ਦੀ ਬੰਬ ਬੁਲਾ ਦਿੱਤੀ। ਉਹਦੇ ਕਪੜੇ ਪਾੜ ਵਾਲ ਖੁਹ, ਮੁਰਦਾ ਜਿਹੀ ਨੂੰ ਚੁੱਕ ਕੇ ਉਹਦੀ ਮਾਂ ਦੇ ਅੱਗੇ ਸੁੱਟ ਆਈ। ਉਹਦਾ ਖਸਮ ਚੌਥੇ ਦਿਨ ਲਾਹੌਰੋਂ ਆਇਆ, ਮੇਰੇ ਕੋਲ ਸ਼ਕਾਇਤ ਕੀਤੀ, ਮੈਂ ਆਖਿਆ, "ਸੁਣ ਓਇ! ਜੇ ਰੰਨਾਂ ਆਪੋ ਵਿਚ ਲੜ ਪੈਣ ਤਾਂ ਬਗਾਨੇ ਮਰਦਾਂ ਦਾ ਕੀ ਕੰਮ। ਜੇ ਭਲਾ ਲੋੜੀਂਦਾ ਈ ਨਾ ਤੇ ਆਪਣੀ ਮੀਰਜਾਦੀ ਨੂੰ ਲਾਹੌਰ ਲੈ ਜਾ ਤੇ ਉਥੇ ਹੀ ਰਖ। ਜੇ ਤੂੰ ਜਾਂ ਤੇਰੀ ਮੀਰਜਾਦੀ ਨੂੰ ਏਥੇ ਆਇਆਂ ਨੂੰ ਕੁਝ ਹੋ ਗਿਆ ਤਾਂ ਸਮਝ ਲਈ, ਕੁਕੜੀ ਦੇ ਮਰਨ ਪਿਛੋਂ ਪਿੰਡ ਫਾਹੇ ਨਹੀਂ ਲੱਗਦਾ। ਉਹ ਪਰਸੋਂ ਦਾ ਬੋਰੀਆ ਬਿਸਤਰਾ ਬੰਨ੍ਹ ਕੂਚ ਕਰ ਗਿਆ ਹੋਇਆ ਹੈ।

ਏਨੇ ਚਿਰ ਨੂੰ, ਕੜਯਾਲੋਂ, ਕਾਲੋਕਿਆਂ ਅਤੇ ਵਰਨਾਂ ਤੋਂ ਵਹਿੰਗੀਆਂ ਤੇ ਪੱਕਾ ਪਕਾਇਆ ਲੰਗਰ ਅਤੇ ਬੁੱਢੀ ਰੜਯਾਲ, ਮਾਣਕ ਦਾ ਠੱਟਾ, ਸ਼ਕੱਲੀ ਵਾਲੇ ਖੂਹ ਅਤੇ ਗੋਲਯਾ ਵਾਲੇ ਖੂਹ ਤੋਂ ਲੱਸੀ ਦੀਆਂ ਚਾਟੀਆਂ ਅੱਪੜ ਗਈਆਂ। ਪੰਚਾਇਤ ਰੋਟੀ ਖਾਣ ਵਾਸਤੇ ਉੱਠ ਗਈ। ਮੋਰਚਾ ਫਤਹਿ ਹੋਣ ਤੋਂ ਪਿੱਛੋਂ, ਜਦੋਂ ਪੰਚਾਇਤਾਂ ਅਪੜੀਆਂ ਸਨ, ਤਾਂ ਖਾਲਸੇ ਦੇ ਜ਼ਖਮੀ ਤੇ ਸ਼ਹੀਦ ਆਪਣੇ ਆਪਣੇ ਪਿੰਡੀਂ ਪੁਚਾ ਦਿੱਤੇ ਗਏ। ਧੌਂਸ ਵਾਲੇ ਜ਼ਖਮੀ ਖਿੱਚ ਕੇ ਛਾਵੇਂ ਕਰ ਦਿੱਤੇ ਗਏ ਸਨ। ਜਦੋਂ ਲੰਗਰ ਵਰਤਾਣ ਦਾ ਵੇਲਾ ਆਇਆ ਤਾਂ ਪਹਿਰੇ ਤੇ ਖਲੇ ਸਵਾਰ ਸੱਦ ਕੇ ਉਹਨਾਂ ਦੀ ਥਾਵੇਂ ਪਿੰਡਾਂ ਦੇ ਚੌਕੀਦਾਰ ਬਲਮਾ ਦੇ ਕੇ ਖੜੇ ਕਰ ਦਿੱਤੇ ਗਏ। ਉਹਨਾਂ ਨੂੰ ਇਹ ਵੀ ਆਖਿਆ ਜੇ ਕੋਈ ਜ਼ਖਮੀ ਪਾਣੀ ਮੰਗੇ ਤਾਂ ਬਿਨਾ-ਸ਼ੱਕ ਪਿਲਾ ਦਿਉ।

ਲੰਗਰ ਛਕਦਿਆਂ, ਵਿਰਕ ਪੰਚਾਇਤਾਂ ਨੇ ਪੱਕ ਕਰ ਲਿਆ ਕਿ ਅਲੀ ਸ਼ੇਰ ਸੱਚਾ ਹੈ ਤੇ ਮਾਰੇ ਨਾਲੋਂ ਪਦਾਇਆ ਚੰਗਾ। ਇਹਨੂੰ ਲਾਸ਼ਾਂ ਚੁਕਣ ਦੀ ਹਾਂ ਕਰ ਦਿਉ। ਦੋ ਕੁ ਵਜੇ ਫਿਰ ਪੰਚਾਇਤ ਜੁੜੀ। ਪੰਜਾਹ ਕੁ ਘੋੜ ਸਵਾਰ ਰੱਖ ਨਵਾਬ ਸਾਹਿਬ ਨੇ ਬਾਕੀ ਦੇ ਸਿੰਘ ਡੇਰੇ ਭੇਜ ਦਿੱਤੇ। ਬਾਬੇ ਅਮਰੀਕ ਸਿੰਘ ਆਖਿਆ, ਖਾਨ ਜੀ ਹੁਣ ਤੁਸੀਂ ਜਾਂ ਤੁਸਾਡਾ ਕੋਈ ਸਾਥੀ ਜਾਹਰ ਕਰੇ ਪਈ ਅਸਾਂ ਕੋਈ ਤੁਸਾਡੇ ਨਾਲ ਵਾਧਾ ਕੀਤਾ ਹੋਵੇ? ਉਹਨਾਂ ਪੰਜਾਂ ਇਕ ਜਬਾਨ ਹੋ ਕੇ ਆਖਿਆ। "ਨਹੀਂ ਬਾਬੇ ਕਿਆ।" ਤਦ ਬਾਬੇ ਅਮਰੀਕ ਸਿੰਘ ਸੱਭ ਨੂੰ ਸੁਣਾ ਕੇ ਆਖਿਆ, "ਲੌ ਭਰਾਵੋ ਸਾਡੇ ਦੋਹਾਂ ਧਿਰਾਂ (ਜੰਡਿਆਲੀਆਂ ਅਤੇ ਵਿਰਕੇਤ) ਦੇ ਦਿਲਾਂ ਵਿਚ ਕੋਈ ਖੋਟ ਨਹੀਂ। ਅਸੀਂ ਅਲੀ ਸ਼ੇਰ ਨੂੰ ਸਖਣਾ ਨਹੀਂ ਮੋੜਦੇ, ਲਓ ਖਾਨ ਜੀ ਹੁਣ ਤੁਸਾਂ ਨੂੰ ਜਾਂ ਕਿਸੇ ਹੋਰ ਸਾਊ ਭਰਾ ਨੂੰ ਆਵਣ ਦੀ ਲੋੜ ਨਹੀਂ। ਤੁਸੀਂ ਧੌਂਸ ਵਾਲਿਆਂ ਨੂੰ ਬੇਹਥਿਆਰੇ, ਆਪਣੇ ਚੌਕੀਦਾਰ (ਉਹ ਕੜਯਾਲ ਦੇ ਚੌਕੀਦਾਰ ਦਾ ਜਵਾਈ ਸੀ) ਦੇ ਨਾਲ ਘਲ ਦਿਉ ਉਹ ਆਪੇ ਚੁੱਕ ਕੇ ਲੈ ਜਾਵਨ ਤੁਸੀਂ ਜੀਓ ਤੇ ਸਦਕੇ ਆਇਆਂ ਨੂੰ।

ਅਲੀ ਸ਼ੇਰ, ਨੇ ਜਾ ਕੇ ਧੌਂਸ ਵਾਲਿਆਂ ਨੂੰ ਆਖਿਆ, ਬੇ-ਹਥਿਆਰੇ ਹੋ ਘੋੜੇ ਲੈ ਕੇ ਜਾਓ ਤੇ ਜਾ ਕੇ ਚੌਕੀਦਾਰਾਂ ਕੋਲੋਂ ਲਾਸ਼ਾਂ ਤੇ ਜ਼ਖਮੀ ਚੁੱਕ ਲਵੋ। ਪਰ ਜਾਇਆ ਜੇ ਟੁਰਦੇ ਮਤੇ ਘੋੜਿਆਂ ਤੇ ਚੜ੍ਹਕੇ ਜਾਵੋ। ਸਵੇਰ ਵਾਲੇ ਬੇਲੀ (ਜਥੇ ਵਾਲੇ) ਅਜੇ ਦੂਰ ਨਹੀਂ ਗਏ ਮਤੇ ਭੁਲੇਖੇ ਵਿਚ ਮਰੀਂਦੇ ਹੋਵੋ। ਤੇ ਆਪਣਾ ਚੌਕੀਦਾਰ ਨਾਲ ਟੋਰ ਦਿੱਤਾ।

ਆਤਮ ਸਨਮਾਨ

ਜਦੋਂ ਧੌਂਸ ਦੇ ਮੁਰਦੇ ਚੁੱਕਣ ਵਾਲੇ ਸਪਾਹੀ ਪੁੱਜੇ [illegible] ਉਹਨਾਂ ਨੇ ਚੌਕੀਦਾਰਾਂ ਨੂੰ ਘੂਰਨਾ ਤੇ ਹੁਕਮ ਚਲਾਣਾ ਸ਼ੁਰੂ

ਕਰ ਦਿੱਤਾ । ਉਹਨਾਂ ਚੌਕੀਦਾਰਾਂ ਨੂੰ ਲਿਹਾਜੋ ਲਿਹਾਜੀ, ਭਈ ਮੁਸਲਮਾਨ ਭਰਾ ਨੇ, ਕੁਝ ਕੰਮ ਉਹਨਾਂ ਚੋ ਆਖੇ ਕਰ ਦਿੱਤੇ । ਧੌਂਸ ਦੇ ਅਹੁਦੇਦਾਰ ਨੇ ਚੌਕੀਦਾਰਾਂ ਨੂੰ ਸੱਦ ਕੇ ਆਖਿਆ, ਤੁਸੀਂ ਛੀਏ ਜਣੇ ਮਿਲ ਕੇ ਮੁਰਦੇ ਘੜਿਆਂ ਚੇ ਲਦੋ । ਦਸਦੇ ਨੇ ਵਰਨਾਂ ਦੇ ਬੁੱਢੇ ਚੌਕੀਦਾਰ ਨੇ ਆਖਿਆ, ਸੁਣੋ ਖਾਨ ਜੀ, "ਤੁਸਾਂ ਹੁੱਕਾ ਪਾਣੀ ਆਖਿਆ ਸੀ ਉਹ ਅਸਾਂ ਕਰ ਦਿੱਤਾ ਹੈ । ਅਸੀਂ ਵਿਰਕਾਂ ਦੇ ਚੌਕੀਦਾਰ ਹਾਂ, ਖੰਜਿਆਂ ਦੇ ਨਹੀਂ ਜੋ ਤੁਹਾਡੇ ਮੁਰਦੇ ਚੁੱਕ ਚੁੱਕ ਕੇ ਲੱਦਦੇ ਫਿਰੀਏ ਤੇ ਜੇ ਤੁਸਾਡੇ ਦਿਲ ਵਿਚ ਕੋਈ ਗੁਮਾਨ ਹੋਵੇ ਤਾਂ ਅਜੇ ਸਾਡੇ ਜਜਮਾਨ ਆਹ ਮਾਣਕ ਦੇ ਠਟੇ ਬੈਠੇ ਹਨ। ਜੇ ਤੁਸਾਂ ਹੱਥ ਵੇਖਣੇ ਹੀ ਹੋਣ ਤਾਂ ਜਰਾ ਦਾ ਜਰਾ ਸੱਦ ਲੈਣੇ ਹਾਂ । ਜੇ ਵਿਹਦਿਆਂ ਸਾਰ ਹੀ ਖਾਨ ਸਾਹਿਬੀ ਸੁਥਨੀ ਵਿਚ ਨਾ ਵਗ ਗਈ ਤੇ" । ਧੌਂਸ ਵਾਲਿਆਂ ਮੁਰਦੇ ਚੁੱਕੇ ਤੇ ਚੌਕੀਦਾਰ ਥਾਂ ਵਿਹਲਾ ਹੋਇਆ ਵੇਖ ਘਰਾਂ ਨੂੰ ਟੁਰ ਗਏ ।

ਰਾਹ ਵਿਚ ਧੌਂਸ ਦੇ ਅਹੁਦੇਦਾਰ ਨੇ ਜੰਡਿਆਲਾ ਦੇ ਚੌਂਕੀਦਾਰ ਨੂੰ ਪੁੱਛਿਆ ।

ਤੁਸੀਂ ਇਹਨਾਂ ਕਾਫਰਾਂ ਦੀ ਹਮਾਇਤ ਕਰਦੇ ਹੋ ?

ਚੌਂਕੀਦਾਰ, "ਤੇ ਮੀਆ ਜੀ ਤੁਸੀਂ ਭਲਾ ਮੋਮਨ ਹੋ ?"

ਅਹੁਦੇਦਾਰ — ਹਾਂ ਇਸ ਵਿਚ ਕੀ ਸ਼ੱਕ ਹੈ ?

ਚੌਕੀਦਾਰ — ਮੀਆਂ ਜੀ ਮੈਂ ਤੁਸਾਡਾ ਮੋਮਨਪੁਨਾ ਸਭ ਸਮਝਦਾ ਹਾਂ, ਕਿਸੇ ਦੀ ਧੀ ਭੈਣ ਦਾ ਲੰਗ ਲਾਹਣਾ ਜਾਂ ਜਬਰਦਸਤੀ ਮਾਲ ਖੋਹ ਲੈਣਾ ਮੋਮਨ ਨੂੰ ਜਾਇਜ ਹੈ ?

ਅਹੁਦੇਦਾਰ — ਕਾਫਰਾਂ ਨਾਲ ਇਹ ਸਲੂਕ ਕਰਨਾ ਸ਼ਰਅਨ ਜਾਇਜ਼ ਹੈ ?

ਚੌਕੀਦਾਰ — ਪਰ ਤੁਸੀਂ ਤਾਂ ਮੁਸਲਮਾਨਾਂ ਨੂੰ ਵੀ ਨਹੀਂ ਬਖਸ਼ਦੇ ਅਤੇ ਦੂਜੇ ਇਹ ਦੱਸੋ ਕਿ ਮੁਰਦੇ ਦੀ ਬੇਹੁਰਮਤੀ ਕਰਨੀ ਵੀ ਕੁਰਆਨ ਜਾਇਜ਼ ਹੈ ।

ਅਹੁਦੇਦਾਰ — ਹਾਂ ਇਹ ਗੱਲਾਂ ਲੜਾਈ ਵਿਚ ਅਕਸਰ ਹੋ ਜਾਂਦੀਆਂ ਹਨ ।

ਚੌਕੀਦਾਰ — ਪਰ ਜਿਨ੍ਹਾਂ ਨੂੰ ਤੁਸੀਂ ਕਾਫਰ ਸੱਦ ਦੇ ਹੋ, ਉਹਨਾਂ ਤੇ ਤੁਸਾਡੇ ਮੁਰਦੇ ਅਮਨ ਅਮਾਨ ਪਏ ਰਹਿਣ ਦਿੱਤੇ ਤੇ ਤੁਸਾਨੂੰ ਸੱਦ ਕੇ ਆਖਿਆ ਆ ਕੇ ਲੈ ਜਾਉ ।

ਅਹੁਦੇਦਾਰ — ਉਹ ਡਰਦੇ ਨੇ ਸਾਡੇ ਤੋਂ ।

ਚੌਕੀਦਾਰ — ਤਦੇ ਹੀ ਹੁਣ ਤੱਕ ਮੁਰਦੇ ਤਰਕਦੇ ਪਏ ਰਹੇ ਨੇ ?

ਅਹੁਦੇਦਾਰ — ਇਹਨਾਂ ਕਾਫਰਾਂ ਵਿਚ ਕੀ ਵਾਧਾ ਹੈ ਜੋ ਤੁਸੀਂ ਇਹਨਾਂ ਦੇ ਇਤਨੇ ਗੁਣ ਗਾਉਂਦੇ ਹੋ ?

ਚੌਕੀਦਾਰ — ਸੁਣੋ ਖਾਨ ਜੀ; ਜਿਹੋ ਜਿਹੇ ਇਹ ਕਾਫਰ ਨੇ ਅਸੀਂ ਆਖਦੇ ਹਾਂ ਬਾਲਾ । ਸਾਰੀ ਖਲਕਤ ਇਹਨਾਂ ਕਾਫਰਾਂ ਵਰਗੀ ਹੋ ਜਾਵੇ ਵੇਖੋਂ ਅਸੀਂ ਗੁਣ ਇਸ ਕਰਕੇ ਗਾਉਂਦੇ ਹਾਂ—

(1) ਇਹਨਾਂ ਦੀਆਂ ਟਿੱਕੀਆਂ ਤੇ ਪਲਦੇ ਹਾਂ, ਉਹ ਹਲਾਲ ਕਰਦੇ ਹਾਂ ।
(2) ਸਾਨੂੰ ਕੋਈ ਮਜ਼ਬੀ ਬੰਦਸ਼ ਨਹੀਂ । ਸਾਨੂੰ ਕੋਈ ਮਜਬੂਰੀ ਨਹੀਂ ।
(3) ਸਾਡੀਆਂ ਧੀਆਂ ਭੈਣਾਂ ਦੀ ਇਜ਼ਤ ਮਹਿਫੂਜ਼ ਹੈ ।
(4) ਅਸੀਂ ਇਹਨਾਂ ਤੁਸਾਡੇ ਅਖੌਤੀ ਕਾਫਰਾਂ ਦੀ ਖਿਦਮਤ ਕਰਦੇ ਹਾਂ, ਉਹ ਸਾਡੀ ਰਖਿਆ ਪਾਲਣਾ ਅਤੇ ਹਰ ਸਮੇਂ ਮਦਦ ਕਰਦੇ ਹਨ ।

ਅਹੁਦੇਦਾਰ — ਇਹ ਕਲਮਾਂ ਗੋ ਤਾਂ ਨਹੀਂ ਦੂਜੇ ਇਹ ਇਹ ਹਰਾਮ (ਝਟਕਾ) ਖਾਂਦੇ ਨੇ ।

ਚੌਕੀਦਾਰ — ਮੀਆਂ ਜੀ ਬਾਦਸ਼ਾਹੀ ਹੁਕਮ ਤਾਂ ਖੋਟੇ ਪੈਸੇ ਤੇ ਵੀ ਲਿਖਿਆ ਹੁੰਦਾ ਹੈ ਪਰ ਉਹ ਬਾਜ਼ਾਰ ਵਿਚ ਚਲਦਾ ਨਹੀਂ । ਖੋਟੇ ਦਿਲ ਵਾਲਾ ਜੇ ਕਲਮਾਂ ਪੜ੍ਹ ਵੀ ਲਵੇ ਤਾਂ ਨਬੀ ਰਸੂਲ ਨੇ ਸ਼ਫਾਅਤ ਨਹੀਂ ਕਰਨੀ, ਤੇ ਜੋ ਤੁਸਾਂ ਹਰਾਮ ਵਾਲੀ ਗੱਲ ਆਖੀ ਹੈ । ਖਾਂਦੇ ਨੇ ਤਾਂ ਉਹ ਸਾਨੂੰ ਤਾਂ ਨਹੀਂ ਖਵਾਂਦੇ ਨਾਂ ?

ਹੋਰ ਜੋ ਤੁਸਾਂ ਆਖਿਆ ਹੈ, ਉਹ ਹਰਾਮ ਖਾਂਦੇ ਹਨ । ਮੀਆਂ ਜੀ ਤੁਸੀਂ ਵੀ ਤਾਂ ਹਰਾਮ ਖਾਂਦੇ ਹੋ ਨਾ । ਕਿਸੇ ਗਰੀਬ ਦਾ ਖੋਹ ਕੇ ਖਾਣਾ ਹਰਾਮ ਹੈ, ਹਲਾਲ ਨਹੀਂ । ਤੁਸੀਂ ਤੇ ਤੁਸਾਡੇ ਸਾਥੀ ਰੋਜ਼ ਸਾਡੇ ਸਾਹਮਣੇ ਖਾਂਦੇ ਹੋ । ਬਾਕੀ ਰਹੀ ਗੋਸ਼ਤ ਦੀ ਗੱਲ, ਨਾਂ ਉਹ ਸਾਨੂੰ ਹਲਾਲੀ ਤੋਂ ਮਨਾਹ ਕਰਦੇ ਤੇ ਨਾ ਹੀ ਝਟਕਾ ਖਾਵਨ ਤੇ

ਫੱਜੂ ਲਾਹੌਰ ਫੌਜਦਾਰ ਦਾ ਮੁਨਸ਼ੀ ਹੈ, ਮਿਰਾਸਨ ਜਾਤ, ਫੌਜਦਾਰ ਦੇ ਨੇੜੇ ਹੋ ਗਈ ਤੇ ਧੌਂਸ ਲੈ ਕੇ ਚੁਪ ਕੀਤੀ ਆ ਗਈ। ਆਉਂਦੀ ਆਪਣੇ ਮਾਪਿਆਂ ਨੂੰ ਵੀ ਕਿਸੇ ਬਹਾਨੇ ਮਾਲੋਕਿਆਂ ਤੋਂ ਸੱਦ ਲਿਆਈ। ਅਗਲੇ ਦਿਨ ਜਦੋਂ ਕਛਾਂ ਮਾਰਦੇ ਧੌਂਸ ਵਾਲੇ ਮਾਲੋਕਿਆਂ ਨੂੰ ਸਾੜ ਜੰਡਾਲੇ ਪੁੱਜੇ ਤਾਂ ਮਿਰਾਸਨ ਨੇ ਆਪਣੇ ਪਿਉ ਨੂੰ ਆਖਿਆ, "ਲੈ ਅੱਬਾ, ਹੁਣ ਤੈਨੂੰ ਭੁਖਿਆਂ ਮਾਰਨ ਵਾਲੇ ਨਾ ਤਾਂ ਜਜਮਾਨ ਰਹੇ ਨੀ ਤੇ ਨਾਂ ਹੀ ਉਹਨਾਂ ਦਾ ਪਿੰਡ" ਮਿਰਾਸੀ ਸੁਣਦਿਆਂ ਸਾਰ ਸ਼ਰਕੇ ਸ਼ਰਕ ਮਾਲੋਕਿਆਂ ਨੂੰ ਭੱਜ ਵੱਗਾ। ਪਿੰਡ ਅਪੜ ਰੋਂਦਾ ਤੇ ਢਾਹੀਂ ਮਾਰਦਾ ਢਾਬ ਕੰਢੇ ਕਿੱਕਰ ਨਾਲ ਪੱਗ ਦਾ ਫਾਹ ਲੈ ਕੇ ਮਰ ਗਿਆ।

ਕਾਲੋ ਕੀ ਜੋ ਕੁਛ ਬੀਤਿਆ, ਉਹ ਵੀ ਉਸ ਮਿਰਾਸਨ ਦੀ ਆਖਤ ਤੇ ਸੀ। ਮੈਨੂੰ ਤਾਂ ਉਦੋਂ ਪਤਾ ਲੱਗਾ ਜਦੋਂ ਫੱਟੜ ਮੁਰਦੇ ਗੱਡੇ ਤੇ ਲੱਦੀ ਮਾਛੀ ਪਿੰਡ ਦੇ ਬਾਹਰ ਆ ਖਲੋਤ। ਮੈਂ ਧੌਂਸ ਦੇ ਅਫਸਰ ਨੂੰ ਆਖਿਆ, ਤੂੰ ਬਹੁਤ ਮੰਦਾ ਕੀਤਾ ਹੈ। ਉਸ ਨੇ ਪਿੰਡ ਵਿਚੋਂ ਕਬਰਾਂ ਪੁੱਟਣ ਲਈ ਵੰਗਾਰ ਮੰਗੀ ਮੈਂ ਨਾਂਹ ਕਰ ਦਿੱਤੀ। ਧੌਂਸ ਵਾਲਿਆਂ ਆਪੇ ਕਬਰਾਂ ਪੁੱਟ ਮੁਰਦੇ ਨੱਪੇ ਸਨ।

ਜਦੋਂ ਧੌਂਸ ਵਾਲੇ ਕੜਯਾਲ ਵੱਲ ਚੜ੍ਹੇ ਤਾਂ ਮੈਂ ਚੌ: ਗੁਰਦਿਤਾ ਮੱਲ ਦੇ ਉਠਾਂ ਵਾਲਿਆਂ ਰਾਹੀਂ ਕੜਯਾਲ ਨੂੰ ਸੂੰਹ ਪੁਚਾਂਦਾ ਰਿਹਾ। ਕਿਉਂ ਬਾਬੇ ਕਿਓਂ, ਤੁਸਾਨੂੰ ਉਠਾਂ ਵਾਲਿਆਂ ਖਬਰਾਂ ਦਿੱਤੀਆਂ ਕਿ ਨਾ? ਬਾਬੇ ਕਿਆਂ ਆਖਿਆ ਦਿੱਤੀਆਂ ਸਨ, ਇਹ ਠੀਕ ਹੈ। ਮਗਰ ਆਹ ਧੌਂਸ ਕਿਸ ਸੱਦੀ ਹੈ? ਅਲੀ ਸ਼ੇਰ ਆਖਿਆ, ਪਹਿਲੀ ਧੌਂਸ ਜਦੋਂ ਮਾਰ ਖਾ ਕੇ ਕੜਯਾਲੋਂ ਪਰਤੀ ਤਾਂ ਫੌਜਦਾਰ ਨੇ ਮੈਨੂੰ ਦੱਸਿਆ ਕਿ ਤੁਸਾਡੀ ਮਿਰਾਸਨ ਨੇ ਸਾਨੂੰ ਮੁਗਾਲਤੇ ਵਿਚ ਰੱਖਿਆ ਹੈ। ਮੈਂ ਵਿਚਲੀ ਗੱਲ ਸਮਝ ਕੇ ਚੁਪ ਕਰ ਰਿਹਾ। ਹੁਣ ਜਿਦਣ ਉਹ ਫੇਰ ਧੌਂਸ ਲੈ ਕੇ ਆਈ, ਮੈਂ ਤਾਬੋਂ ਨੂੰ ਆਪਣੇ ਘਰ ਸੱਦ ਬੜੀਆਂ ਫਿਟਕਾਂ ਪਾਈਆਂ. ਮਿਰਾਸਨ ਜ਼ਾਤ ਲੱਗੀ ਜਬਾਣ ਲੜਾਣ। ਅਸਾਡੇ ਘਰ ਕਾਲੋਕਿਆਂ ਦੀ ਮਾਛਣ ਬੇਗੋ, ਪਾਣੀ ਭਰਨ ਆ ਨਿਕਲੀ। ਉਸ ਵਿੰਹਦਿਆਂ ਸਾਰ ਤਾਬੋ ਨੂੰ ਗੁਤੋਂ ਫੜ ਲਿਆ। ਮੈਂ ਤੇ ਬਾਹਰ ਜਾ ਖਲੋਤਾ ਮਾਛਣ ਨੇ ਕੁਟ ਕੁਟ ਮਿਰਾਸਨ ਦੀ ਬੰਬ ਬੁਲਾ ਦਿੱਤੀ। ਉਹਦੇ ਕਪੜੇ ਪਾੜ ਵਾਲ ਖੂਹ, ਮੁਰਦਾ ਜਿਹੀ ਨੂੰ ਚੁੱਕ ਕੇ ਉਹਦੀ ਮਾਂ ਦੇ ਅੱਗੇ ਸੁੱਟ ਆਈ। ਉਹਦਾ ਖਸਮ ਚੌਥੇ ਦਿਨ ਲਾਹੌਰੋਂ ਆਇਆ, ਮੇਰੇ ਕੋਲ ਸ਼ਕਾਇਤ ਕੀਤੀ, ਮੈਂ ਆਖਿਆ, "ਸੁਣ ਓਇ! ਜੇ ਰੰਨਾਂ ਆਪੇ ਵਿਚ ਲੜ ਪੈਣ ਤਾਂ ਬਗਾਨੇ ਮਰਦਾਂ ਦਾ ਕੀ ਕੰਮ। ਜੇ ਭਲਾ ਲੋੜੀਂਦਾ ਈ ਨਾ ਤੇ ਆਪਣੀ ਮੀਰਜਾਦੀ ਨੂੰ ਲਾਹੌਰ ਲੈ ਜਾ ਤੇ ਉਥੇ ਹੀ ਰਖ। ਜੇ ਤੂੰ ਜਾਂ ਤੇਰੀ ਮੀਰਜਾਦੀ ਨੂੰ ਏਥੇ ਆਇਆਂ ਨੂੰ ਕੁਝ ਹੋ ਗਿਆ ਤਾਂ ਸਮਝ ਲਈ, ਕੁਕੜੀ ਦੇ ਮਰਨ ਪਿਛੋਂ ਪਿੰਡ ਫਾਹੇ ਨਹੀਂ ਲੱਗਦਾ। ਉਹ ਪਰਸੋਂ ਦਾ ਬੋਰੀਆ ਬਿਸਤਰਾ ਬੰਨ੍ਹ ਕੂਚ ਕਰ ਗਿਆ ਹੋਇਆ ਹੈ।

ਏਨੇ ਚਿਰ ਨੂੰ, ਕੜਯਾਲੋਂ, ਕਾਲੋਕਿਆਂ ਅਤੇ ਵਰਨਾਂ ਤੋਂ ਵਹਿੰਗੀਆਂ ਤੇ ਪੱਕਾ ਪਕਾਇਆ ਲੰਗਰ ਅਤੇ ਬੁੱਢੀ ਕੜਯਾਲ, ਮਾਣਕ ਦਾ ਠੱਟਾ, ਸ਼ਕੱਲੀ ਵਾਲੇ ਖੂਹ ਅਤੇ ਗੋਲਯਾ ਵਾਲੇ ਖੂਹ ਤੋਂ ਲੱਸੀ ਦੀਆਂ ਚਾਟੀਆਂ ਅੱਪੜ ਗਈਆਂ। ਪੰਚਾਇਤ ਰੋਟੀ ਖਾਣ ਵਾਸਤੇ ਉੱਠ ਗਈ। ਮੋਰਚਾ ਫਤਹਿ ਹੋਣ ਤੋਂ ਪਿੱਛੋਂ, ਜਦੋਂ ਪੰਚਾਇਤਾਂ ਅਪੜੀਆਂ ਸਨ, ਤਾਂ ਖਾਲਸੇ ਦੇ ਜ਼ਖਮੀ ਤੇ ਸ਼ਹੀਦ ਆਪਣੇ ਆਪਣੇ ਪਿੰਡੀਂ ਪੁਚਾ ਦਿੱਤੇ ਗਏ। ਧੌਂਸ ਵਾਲੇ ਜ਼ਖਮੀ ਖਿੱਚ ਕੇ ਛਾਵੇਂ ਕਰ ਦਿੱਤੇ ਗਏ ਸਨ। ਜਦੋਂ ਲੰਗਰ ਵਰਤਾਣ ਦਾ ਵੇਲਾ ਆਇਆ ਤਾਂ ਪਹਿਰੇ ਤੇ ਖਲੇ ਸਵਾਰ ਸੱਦ ਕੇ ਉਹਨਾਂ ਦੀ ਥਾਵੇਂ ਪਿੰਡਾਂ ਦੇ ਚੌਕੀਦਾਰ ਬਲਮਾ ਦੇ ਕੇ ਖੜੇ ਕਰ ਦਿੱਤੇ ਗਏ। ਉਹਨਾਂ ਨੂੰ ਇਹ ਵੀ ਆਖਿਆ ਜੇ ਕੋਈ ਜ਼ਖਮੀ ਪਾਣੀ ਮੰਗੇ ਤਾਂ ਬਿਨਾ-ਸ਼ੱਕ ਪਿਲਾ ਦਿਉ।

ਲੰਗਰ ਛਕਦਿਆਂ, ਵਿਰਕ ਪੰਚਾਇਤਾਂ ਨੇ ਪੱਕ ਕਰ ਲਿਆ ਕਿ ਅਲੀ ਸ਼ੇਰ ਸੱਚਾ ਹੈ ਤੇ ਮਾਰੇ ਨਾਲੋਂ ਪਦਾਇਆ ਚੰਗਾ। ਇਹਨੂੰ ਲਾਸ਼ਾਂ ਚੁਕਣ ਦੀ ਹਾਂ ਕਰ ਦਿਉ। ਦੋ ਕੁ ਵਜੇ ਫਿਰ ਪੰਚਾਇਤ ਜੁੜੀ। ਪੰਜਾਹ ਕੁ ਘੋੜ ਸਵਾਰ ਰੱਖ ਨਵਾਬ ਸਾਹਿਬ ਨੇ ਬਾਕੀ ਦੇ ਸਿੰਘ ਡੇਰੇ ਭੇਜ ਦਿੱਤੇ। ਬਾਬੇ ਅਮਰੀਕ ਸਿੰਘ ਆਖਿਆ, ਖਾਨ ਜੀ ਹੁਣ ਤੁਸੀਂ ਜਾਂ ਤੁਸਾਡਾ ਕੋਈ ਸਾਥੀ ਜਾਹਰ ਕਰੇ ਪਈ ਅਸਾਂ ਕੋਈ ਤੁਸਾਡੇ ਨਾਲ ਵਾਧਾ ਕੀਤਾ ਹੋਵੇ? ਉਹਨਾਂ ਪੰਜਾਂ ਇਕ ਜਬਾਨ ਹੋ ਕੇ ਆਖਿਆ। "ਨਹੀਂ ਬਾਬੇ ਕਿਆ।" ਤਦ ਬਾਬੇ ਅਮਰੀਕ ਸਿੰਘ ਸੱਭ ਨੂੰ ਸੁਣਾ ਕੇ ਆਖਿਆ, "ਲੋ ਭਰਾਵੋ ਸਾਡੇ ਛੋਹਾਂ ਪਿੰਡਾਂ (ਜੰਡਿਆਲੀਆਂ ਅਤੇ ਵਿਰਕੋਤ) ਦੇ ਦਿਲਾਂ ਵਿਚ ਕੋਈ ਖੋਟ ਨਹੀਂ। ਅਸੀਂ ਅਲੀ ਸ਼ੇਰ ਨੂੰ ਸੁਖਣਾ ਨਹੀਂ ਮੋੜਦੇ, ਲਓ ਖਾਨ ਜੀ ਹੁਣ ਤੁਸਾਂ ਨੂੰ ਜਾਂ ਕਿਸੇ ਹੋਰ ਸਾਊ ਭਰਾ ਨੂੰ ਆਵਣ ਦੀ ਲੋੜ ਨਹੀਂ। ਤੁਸੀਂ ਧੌਂਸ ਵਾਲਿਆਂ ਨੂੰ ਬੇਹਥਿਆਰੇ, ਆਪਣੇ ਚੌਕੀਦਾਰ (ਉਹ ਕੜਯਾਲ ਦੇ ਚੌਕੀਦਾਰ ਦਾ ਜਵਾਈ ਸੀ) ਦੇ ਨਾਲ ਘਲ ਦਿਉ ਉਹ ਆਪੇ ਚੁੱਕ ਕੇ ਲੈ ਜਾਵਨ ਤੁਸੀਂ ਜੀਓ ਤੇ ਸਦਕੇ ਆਇਆਂ ਨੂੰ।

ਅਲੀ ਸ਼ੇਰ, ਨੇ ਜਾ ਕੇ ਧੌਂਸ ਵਾਲਿਆਂ ਨੂੰ ਆਖਿਆ, ਬੇ-ਹਥਿਆਰੇ ਹੋ ਘੋੜੇ ਲੈ ਕੇ ਜਾਓ ਤੇ ਜਾ ਕੇ ਚੌਕੀਦਾਰਾਂ ਕੋਲੋਂ ਲਾਸ਼ਾਂ ਤੇ ਜ਼ਖਮੀ ਚੁੱਕ ਲਵੋ। ਪਰ ਜਾਇਆ ਜੇ ਟੁਰਦੇ ਮਤੇ ਘੋੜਿਆਂ ਤੇ ਚੜ੍ਹਕੇ ਜਾਵੋ। ਸਵੇਰ ਵਾਲੇ ਬੇਲੀ (ਜਥੇ ਵਾਲੇ) ਅਜੇ ਦੂਰ ਨਹੀਂ ਗਏ ਮਤੇ ਭੁਲੇਖੇ ਵਿਚ ਮਰੀਂਦੇ ਹੋਵੋ। ਤੇ ਆਪਣਾ ਚੌਕੀਦਾਰ ਨਾਲ ਟੋਰ ਦਿੱਤਾ।

ਆਤਮ ਸਨਮਾਨ

ਜਦੋਂ ਧੌਂਸ ਦੇ ਮੁਰਦੇ ਚੁੱਕਣ ਵਾਲੇ ਸਪਾਹੀ ਪੁੱਜੇ ਤਾਂ ਸਿੰਘਾਂ ਨੂੰ ਉਥੇ ਨਾ ਵੇਖ ਉਹਨਾਂ ਨੇ ਚੌਕੀਦਾਰਾਂ ਨੂੰ ਘੂਰਨਾ ਤੇ ਹੁਕਮ ਚਲਾਣਾ ਸ਼ੁਰੂ

ਕਰ ਦਿੱਤਾ। ਉਹਨਾਂ ਚੌਕੀਦਾਰਾਂ ਨੂੰ ਲਿਹਾਜ਼ੋ ਲਿਹਾਜ਼ੀ, ਭਈ ਮੁਸਲਮਾਨ ਭਰਾ ਨੇ, ਕੁਛ ਕੰਮ ਉਹਨਾਂ ਦੇ ਆਖੇ ਕਰ ਦਿੱਤੇ। ਧੌਂਸ ਦੇ ਅਹੁਦੇਦਾਰ ਨੇ ਚੌਕੀਦਾਰਾਂ ਨੂੰ ਸੱਦ ਕੇ ਆਖਿਆ, ਤੁਸੀਂ ਛੀਏ ਜਣੇ ਮਿਲ ਕੇ ਮੁਰਦੇ ਘੋੜਿਆਂ ਤੇ ਲਦੋ। ਦਸਦੇ ਨੇ ਵਰਨਾਂ ਦੇ ਬੁੱਢੇ ਚੌਕੀਦਾਰ ਨੇ ਆਖਿਆ, ਸੁਣੋ ਖਾਨ ਜੀ, "ਤੁਸਾਂ ਹੁੱਕਾ ਪਾਣੀ ਆਖਿਆ ਸੀ ਉਹ ਅਸਾਂ ਕਰ ਦਿੱਤਾ ਹੈ। ਅਸੀਂ ਵਿਰਕਾਂ ਦੇ ਚੌਕੀਦਾਰ ਹਾਂ, ਖੰਜਿਆਂ ਦੇ ਨਹੀਂ ਜੋ ਤੁਹਾਡੇ ਮੁਰਦੇ ਚੁੱਕ ਚੁੱਕ ਕੇ ਲੱਦਦੇ ਫਿਰੀਏ ਤੇ ਜੇ ਤੁਸਾਡੇ ਦਿਲ ਵਿਚ ਕੋਈ ਗੁਮਾਨ ਹੋਵੇ ਤਾਂ ਅਜੇ ਸਾਡੇ ਜਜਮਾਨ ਆਹ ਮਾਣਕ ਦੇ ਠਟੇ ਬੈਠੇ ਹਨ। ਜੇ ਤੁਸਾਂ ਹੱਥ ਵੇਖਣੇ ਹੀ ਹੋਣ ਤਾਂ ਜਰਾ ਦਾ ਜਰਾ ਸੱਦ ਲੈਣੇ ਹਾਂ। ਜੇ ਵਿਹਦਿਆਂ ਸਾਰ ਹੀ ਖਾਨ ਸਾਹਿਬੀ ਸੁਥਨੀ ਵਿਚ ਨਾ ਵਗ ਗਈ ਤੇ"। ਧੌਂਸ ਵਾਲਿਆਂ ਮੁਰਦੇ ਚੁੱਕੇ ਤੇ ਚੌਕੀਦਾਰ ਥਾਂ ਵਿਹਲਾ ਹੋਇਆ ਵੇਖ ਘਰਾਂ ਨੂੰ ਟੁਰ ਗਏ।

ਰਾਹ ਵਿਚ ਧੌਂਸ ਦੇ ਅਹੁਦੇਦਾਰ ਨੇ ਜੰਡਿਆਲਾ ਦੇ ਚੌਂਕੀਦਾਰ ਨੂੰ ਪੁੱਛਿਆ।

ਤੁਸੀਂ ਇਹਨਾਂ ਕਾਫਰਾਂ ਦੀ ਹਮਾਇਤ ਕਰਦੇ ਹੋ ?

ਚੌਂਕੀਦਾਰ, "ਤੇ ਮੀਆ ਜੀ ਤੁਸੀਂ ਭਲਾ ਮੋਮਨ ਹੋ ?"

ਅਹੁਦੇਦਾਰ — ਹਾਂ ਇਸ ਵਿਚ ਕੀ ਸ਼ੱਕ ਹੈ ?

ਚੌਕੀਦਾਰ — ਮੀਆਂ ਜੀ ਮੈਂ ਤੁਸਾਡਾ ਮੋਮਨਪੁਨਾ ਸਭ ਸਮਝਦਾ ਹਾਂ, ਕਿਸੇ ਦੀ ਧੀ ਭੈਣ ਦਾ ਲੰਗ ਲਾਹਣਾ ਜਾਂ ਜਬਰਦਸਤੀ ਮਾਲ ਖੋਹ ਲੈਣਾ ਮੋਮਨ ਨੂੰ ਜਾਇਜ਼ ਹੈ ?

ਅਹੁਦੇਦਾਰ — ਕਾਫਰਾਂ ਨਾਲ ਇਹ ਸਲੂਕ ਕਰਨਾ ਸ਼ਰਅਨ ਚਾਇਜ਼ ਹੈ ?

ਚੌਕੀਦਾਰ — ਪਰ ਤੁਸੀਂ ਤਾਂ ਮੁਸਲਮਾਨਾਂ ਨੂੰ ਵੀ ਨਹੀਂ ਬਖਸ਼ਦੇ ਅਤੇ ਦੂਜੇ ਇਹ ਦੱਸੋ ਕਿ ਮੁਰਦੇ ਦੀ ਬੇਹੁਰਮਤੀ ਕਰਨੀ ਵੀ ਕੁਰਆਨ ਜਾਇਜ਼ ਹੈ।

ਅਹੁਦੇਦਾਰ — ਹਾਂ ਇਹ ਗੱਲਾਂ ਲੜਾਈ ਵਿਚ ਅਕਸਰ ਹੋ ਜਾਂਦੀਆਂ ਹਨ।

ਚੌਕੀਦਾਰ — ਪਰ ਜਿਨ੍ਹਾਂ ਨੂੰ ਤੁਸੀਂ ਕਾਫਰ ਸੱਦ ਦੇ ਹੋ, ਉਹਨਾਂ ਤੇ ਤੁਸਾਡੇ ਮੁਰਦੇ ਅਮਨ ਅਮਾਨ ਪਏ ਰਹਿਣ ਦਿੱਤੇ ਤੇ ਤੁਸਾਨੂੰ ਸੱਦ ਕੇ ਆਖਿਆ ਆ ਕੇ ਲੈ ਜਾਉ।

ਅਹੁਦੇਦਾਰ — ਉਹ ਡਰਦੇ ਨੇ ਸਾਡੇ ਤੋਂ।

ਚੌਕੀਦਾਰ — ਤਦੇ ਹੀ ਹੁਣ ਤੱਕ ਮੁਰਦੇ ਤਰਕਦੇ ਪਏ ਰਹੇ ਨੇ ?

ਅਹੁਦੇਦਾਰ — ਇਹਨਾਂ ਕਾਫਰਾਂ ਵਿਚ ਕੀ ਵਾਧਾ ਹੈ ਜੋ ਤੁਸੀਂ ਇਹਨਾਂ ਦੇ ਇਤਨੇ ਗੁਣ ਗਾਉਂਦੇ ਹੋ ?

ਚੌਕੀਦਾਰ — ਸੁਣੋ ਖਾਨ ਜੀ; ਜਿਹੋ ਜਿਹੇ ਇਹ ਕਾਫਰ ਨੇ ਅਸੀਂ ਆਖਦੇ ਹਾਂ ਬਾਲਾ! ਸਾਰੀ ਖਲਕਤ ਇਹਨਾਂ ਕਾਫਰਾਂ ਵਰਗੀ ਹੋ ਜਾਵੇ ਵੇਖੋ ਅਸੀਂ ਗੁਣ ਇਸ ਕਰਕੇ ਗਾਉਂਦੇ ਹਾਂ—

(1) ਇਹਨਾਂ ਦੀਆਂ ਟਿੱਕੀਆਂ ਤੇ ਪਲਦੇ ਹਾਂ, ਉਹ ਹਲਾਲ ਕਰਦੇ ਹਾਂ।
(2) ਸਾਨੂੰ ਕੋਈ ਮਜ਼ਬੀ ਬੰਦਸ਼ ਨਹੀਂ। ਸਾਨੂੰ ਕੋਈ ਮਜਬੂਰੀ ਨਹੀਂ।
(3) ਸਾਡੀਆਂ ਧੀਆਂ ਭੈਣਾਂ ਦੀ ਇਜ਼ਤ ਮਹਿਫੂਜ਼ ਹੈ।
(4) ਅਸੀਂ ਇਹਨਾਂ ਤੁਸਾਡੇ ਅਖੌਤੀ ਕਾਫਰਾਂ ਦੀ ਖਿਦਮਤ ਕਰਦੇ ਹਾਂ, ਉਹ ਸਾਡੀ ਰਖਿਆ ਪਾਲਣਾ ਅਤੇ ਹਰ ਸਮੇਂ ਮਦਦ ਕਰਦੇ ਹਨ।

ਅਹੁਦੇਦਾਰ — ਇਹ ਕਲਮਾਂ ਗੋ ਤਾਂ ਨਹੀਂ ਦੂਜੇ ਇਹ ਇਹ ਹਰਾਮ (ਝਟਕਾ) ਖਾਂਦੇ ਨੇ।

ਚੌਕੀਦਾਰ — ਮੀਆਂ ਜੀ ਬਾਦਸ਼ਾਹੀ ਹੁਕਮ ਤਾਂ ਖੋਟੇ ਪੈਸੇ ਤੇ ਵੀ ਲਿਖਿਆ ਹੁੰਦਾ ਹੈ ਪਰ ਉਹ ਬਾਜ਼ਾਰ ਵਿਚ ਚਲਦਾ ਨਹੀਂ। ਖੋਟੇ ਦਿਲ ਵਾਲਾ ਜੇ ਕਲਮਾਂ ਪੜ੍ਹ ਵੀ ਲਵੇ ਤਾਂ ਨਬੀ ਰਸੂਲ ਨੇ ਸ਼ਫਾਅਤ ਨਹੀਂ ਕਰਨੀ, ਤੇ ਜੋ ਤੁਸਾਂ ਹਰਾਮ ਵਾਲੀ ਗੱਲ ਆਖੀ ਹੈ। ਖਾਂਦੇ ਨੇ ਤਾਂ ਉਹ ਸਾਨੂੰ ਤਾਂ ਨਹੀਂ ਖਵਾਂਦੇ ਨਾਂ ?

ਹੋਰ ਜੋ ਤੁਸਾਂ ਆਖਿਆ ਹੈ, ਉਹ ਹਰਾਮ ਖਾਂਦੇ ਹਨ। ਮੀਆਂ ਜੀ ਤੁਸੀਂ ਵੀ ਤਾਂ ਹਰਾਮ ਖਾਂਦੇ ਹੋ ਨਾ। ਕਿਸੇ ਗਰੀਬ ਦਾ ਖੋਹ ਕੇ ਖਾਣਾ ਹਰਾਮ ਹੈ, ਹਲਾਲ ਨਹੀਂ। ਤੁਸੀਂ ਤੇ ਤੁਸਾਡੇ ਸਾਥੀ ਰੋਜ਼ ਸਾਡੇ ਸਾਹਮਣੇ ਖਾਂਦੇ ਹੋ। ਬਾਕੀ ਰਹੀ ਗੋਸ਼ਤ ਦੀ ਗੱਲ, ਨਾਂ ਉਹ ਸਾਨੂੰ ਹਲਾਲੀ ਤੋਂ ਮਨਾਹ ਕਰਦੇ ਤੇ ਨਾ ਹੀ ਝਟਕਾ ਖਾਵਨ ਤੇ

ਸਾਨੂੰ ਮਜਬੂਰ ਕਰਦੇ ਨੇ। ਸਾਨੂੰ ਉਹਨਾਂ ਦਾ ਝਟਕਾ ਖਾਧਾ ਕਿਵੇਂ ਹਰਾਮ ਲਗੇ। ਜਦੋਂ ਉਹ ਆਪਣੀ ਤੇ ਖਾਂਦੇ ਨੇ।

ਅਹੁਦੇਦਾਰ — ਚਲ ਬਕਵਾਸ ਨਾ ਕਰ, ਤੁਸੀਂ ਸਾਰੇ ਕਾਫਰਾਂ ਦੇ ਗ਼ੁਲਾਮ ਹੋ ?

ਚੌਕੀਦਾਰ — ਅੱਛਾ ਮੀਆਂ ਜੀ ਅਸੀਂ ਗੁਲਾਮ ਹੀ ਭਲੇ। ਅਸੀਂ ਤੁਹਾਡੇ ਸਰਕਾਰੀ ਅਹਿਦੀਆਂ ਵਾਂਗੂ ਗਿੱਦੜ ਕੁਟ ਤੇ ਨਹੀਂ ਨਾ ਖਾਂਦੇ। ਨਾਲੇ ਅੱਜ ਹੀ ਤੁਸਾਡੀ ਸਰਦਾਰੀ ਦਾ ਪਤਾ ਲਗ ਜਾਂਦਾ ਜੇ ਖ਼ੈਂ ਨਾ ਜਾਂਦਾ ਤਾਂ ਵੇਖਾਂ ਲਾਸ਼ਾਂ ਮੀਆਂ ਜੀ ਕਿਵੇਂ ਚੁੱਕ ਕੇ ਲਿਆਉਂਦੇ ?

ਬਜ਼ੁਰਗ ਬਾਬਾ ਗੁਮਾਨ ਸਿੰਘ[1] ਜੀ ਦਸਿਆ ਕਰਦੇ ਸਨ, ਕਿ ਏਦੂ ਪਿਛੋਂ, ਜਦ ਤੱਕ ਅਲੀ ਸ਼ੇਰ ਜੀਵਿਆ, ਕੋਈ ਧੌਂਸ ਨਹੀਂ ਸੀ ਆਈ ਤੇ ਫਸਲਾਂ ਦਾ ਮਾਮਲਾ ਸਾਡੇ ਵੱਡੇ ਜੰਡਿਆਲੇ ਜਾ ਕੇ ਤਾਰ ਆਇਆ ਕਰਦੇ ਸਨ।

ਖਾਲਸਾ ਫੇਰ ਲੰਮੇ ਦੌਰੇ

ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਨਾਲ ਸੰਬੰਧਤ ਕਾਜ਼ੀਆਂ, ਮੁਫਤੀਆਂ, ਚੁਗਲ ਚੌਧਰੀਆਂ ਅਤੇ ਗਸ਼ਤੀ ਫੌਜ ਦੇ ਫੌਜਦਾਰ ਸਮੁੰਦ ਖਾਂ ਦੇ ਕਤਲ ਕਾਰਨ, ਜਕਰੀਆ ਖਾਨ ਨੇ ਸਿੱਖਾਂ ਪਰ ਸਖਤੀ ਕਰਨ ਦੇ ਹੋਰ ਹੁਕਮ ਚਾੜ੍ਹੇ। ਆਪ ਅਵਲ ਤਾਂ ਕਿਲੇ ਅੰਦਰ ਹੀ ਰਹਿੰਦਾ, ਜੇ ਬਾਹਰ ਆਉਂਦਾ ਵੀ ਤਾਂ ਸ਼ਹਿਰ ਦੀ ਦੀਵਾਰ ਤੋਂ ਬਾਹਰ ਕਦੇ ਪੈਰ ਨਾ ਧਰਦਾ। ਇਸ ਸਮੇਂ ਖਾਲਸਾ ਜੀ ਮਾਲਵੇ ਅਤੇ ਹਰਿਆਣੇ ਵਲ ਨਜ਼ਰਾਨੇ ਲੈਣ ਤੇ ਆਕੜਾਂ ਭੰਨਣ ਲਈ ਚੜ ਗਏ।

ਕੰਵਰ ਲਾਲ ਸਿੰਘ ਦੀ ਮਦਦ

ਨਵਾਬ ਕਪੂਰ ਸਿੰਘ ਜੀ ਜਦੋਂ ਮਾਲਵੇ ਦੇ ਦੌਰੇ ਤੇ ਅਤੇ ਫਿਰ ਠੀਕਰੀਵਾਲੇ ਗਏ ਤਾਂ ਪਟਿਆਲੇ ਦੇ ਕੰਵਰ ਲਾਲ ਸਿੰਘ ਆਖਿਆ "ਬਾਬਾ ਜੀ ਮੈਨੂੰ ਵੀ ਛੋਟੀ ਜਿਹੀ ਜਾਗੀਰ ਬਣਾ ਦਿਓ"। ਨਵਾਬ ਸਾਹਿਬ ਨੇ ਉਸ ਨੂੰ ਧਰਵਾਸ ਦਿਵਾਇਆ ਅਤੇ ਆਪਣੇ ਜਥੇ ਨਾਲ ਲੈ ਕੇ ਚਰਖੀ ਦਾਦਰੀ ਤੇ ਜਾ ਪਏ। ਨਵਾਬ ਝਜਰ ਦਾ ਮਾਤਹਿਤ ਇਸਮਾਈਲ ਖਾਂ ਸਿੰਘਾਂ ਦੇ ਗਲ ਪੈਣ ਦੀ ਗ਼ਲਤੀ ਤਾਂ ਕਰ ਬੈਠਾ। ਆਖਰ ਚਾਰ ਘੋੜੇ ਤੇ ਪੰਜ ਹਜ਼ਾਰ ਰੁਪਈਆ ਨਵਾਬ ਕਪੂਰ ਸਿੰਘ ਦੀ ਨਜ਼ਰ ਧਰ ਕੇ ਛੁੱਟਾ। ਦੁਜਾਨਾ, ਪਟੌਦੀ, ਬਹਾਦਰਗੜ੍ਹ ਆਦਿ ਚਾਰ ਪੰਜ ਥਾਵਾਂ ਤੇ ਜਦੋਂ ਲੋਕਾਂ ਨੂੰ ਹਾਰ ਹੋਈ ਤਾਂ ਫੇਰ ਕਿਸੇ ਨੇ ਹੱਥ ਨਾ ਚੁੱਕਿਆ। ਬਹੁਤ ਸਾਰੇ ਕਸਬੇ ਸੋਧਦੇ, ਮਥਰਾ, ਖੁਰਜਾ, ਫਰੁਖਾਬਾਦ ਤੱਕ ਸਿੰਘਾਂ ਨੇ ਜਾ ਹੱਥ ਮਾਰੇ। ਬਚਿਆ ਉਹੋ ਜਿਸ ਨਜ਼ਰਾਨਾ ਤਾਰ ਦਿੱਤਾ। ਜੋ ਅੱਗੇ ਅੜਿਆ ਬਸ ਝੰਬ ਕੇ ਰੱਖਿਆ ਗਿਆ। ਗਿ: ਗਿਆਨ ਸਿੰਘ ਜੀ ਦੇ ਕਥਨ ਅਨੁਸਾਰ, ਇਸੇ ਸਾਲ (ਸੰਨ 1739 ਈ:) ਨੂੰ ਨਵਾਬ ਕਪੂਰ ਸਿੰਘ ਜੀ ਨੇ ਮੂਣਕ ਦਾ ਪਰਗਣਾ ਜਿੱਤ ਕੇ ਕੰਵਰ ਲਾਲ ਸਿੰਘ ਨੂੰ ਦਿੱਤਾ, ਜੋ ਰਿਆਸਤ ਪਟਿਆਲੇ ਦੇ ਇਲਾਕੇ ਵਿਚ ਸ਼ਾਮਿਲ ਸੀ।

ਇਸੇ ਸਾਲ (ਸੰਨ 1739 ਈ:) ਵਿਚ :

1) ਭਾਈ ਬੋਤਾ ਸਿੰਘ ਜੀ ਸ਼ਹੀਦ ਹੋਏ।
2) ਹੈਬਤ ਖਾਨ ਨੂੰ ਨਰੰਗਾਬਾਦ ਕੋਲ ਮਲਵਈ ਸਿੰਘਾਂ ਨੇ ਵੱਢਿਆ।
3) ਕੁਤਬਦੀਨ ਨੇ ਥੰਮ ਸਾਹਿਬ (ਕਰਤਾਰਪੁਰ) ਸਾੜਿਆ।
4) ਸ: ਬਾਘ ਸਿੰਘ ਨੇ ਕਤਬਦੀਨ ਨੂੰ ਫੜ ਕੇ ਜਿਉਂਦੇ ਨੂੰ ਅੱਗ ਵਿਚ ਸਾੜਿਆ।
5) ਸ: ਬਾਘ ਸਿੰਘ ਘੋੜੇ ਖੋਹ ਕੇ ਪਹਾੜਾਂ ਵਿਚ ਚਲਾ ਗਿਆ।

ਇਤਿਆਦਕ ਹੋਰ ਕਈ ਕਾਰਨਾਮੇ ਸਿੰਘਾਂ ਨੇ ਕੀਤੇ।

—0—


---

1. ਬਾਬਾ ਗੁਮਾਨ ਸਿੰਘ ਜੀ—ਕੜਯਾਲ ਦੀ ਮਰਾਲੀ ਕੀ ਪੱਤੀ ਪੁਰਾਤਨੀ ਵਿਦਵਾਨ ਦਾਨਾਅ ਅਤੇ ਸਫੈਦਪੋਸ਼ ਬਜ਼ੁਰਗ ਸਨ। ਆਪ ਜੀ ਨੇ ਸਭ ਤੋਂ ਪਹਿਲਾਂ ਕੜਯਾਲ ਬਾਗਾਂਵਾਲਾ ਜ਼ਿਲਾ ਸ਼ੇਖੂਪੁਰਾ ਵਿਚ ਸੰਨ 1901 ਈ: ਸਕੂਲ ਚਾਲੂ ਕਰਵਾਇਆ। ਲੇਖਕ ਨੇ ਆਪਣੇ ਪੁਰਵਜਾਂ ਬਾਰੇ ਆਪ ਜੀ ਤੋਂ ਬਹੁਤ ਕੁੱਝ ਪ੍ਰਾਪਤ ਕੀਤਾ।

ਸਾਂਦਲਬਾਰ ਸੁਹਾਵਣੇ ਦੇਸ਼ ਅੰਦਰ।
ਤਪਾ ਵਿਰਕਾਂ ਦਾ ਵੱਸਦਾ ਜਾਨ ਭਾਈ।
ਕਾਲੋ ਕੇ[2] ਇਕ ਪਿੰਡ ਮਸ਼ਹੂਰ ਉਥੇ,
ਜਿਥੇ ਵੱਸਦੇ ਵਿਰਕ ਜਵਾਨ ਭਾਈ।
ਸ੍ਰੀਮਾਨ ਦਲੀਪ ਸਿੰਘ ਹੋਏ ਉਥੇ,
ਦਸਵੇਂ ਗੁਰੂ ਦੇ ਸਿੰਘ ਸੁਜਾਨ ਭਾਈ।
ਬੜੇ ਜੰਗ ਕੀਤੇ ਨਾਲ ਜਾਲਮਾਂ ਦੇ,
ਥਰ ਥਰ ਕੰਬਦੇ ਸੀ ਹੁਕਮਰਾਨ ਭਾਈ।
ਮਿਲ ਕੇ ਤੇ ਨਾਲ ਦਲੀਪ ਸਿੰਘ ਦੇ,
ਨਾਲ ਜਾਲਮਾਂ ਜੰਗ ਮਚਾਨ ਭਾਈ।
ਭੱਟੀ, ਖਰਲ, ਸਿਆਲ, ਬਲੋਚ ਚੱਠੇ,
ਥਰ ਥਰ ਕੰਬਦੇ ਸੀ ਮੁਸਲਮਾਨ ਭਾਈ।

ਨੋਟ : (1) ਇਹ ਬੈਂਤ ਵੀ ਪੂਰਾ ਨਹੀਂ।
(2) ਚੌ: ਦਲੀਪ ਸਿੰਘ ਕਾਲੋਕਾ ਨਹੀਂ ਸੀ।

ਬਛਰਾਏ



1. ਝਾਮਕਿਆਂ ਵਿਚ ਵੱਸਦੀ ਹੈ।

ਪਿੰਡ ਮਾਲੋਕੇ[1]

ਬਹਾਲ ਸਿੰਘ, ਅਮੀਰ ਸਿੰਘ

ਪੁਰਾਤਨ ਬਜ਼ੁਰਗਾਂ ਦਾ ਕਥਨ ਹੈ ਕਿ ਲੁਬਾਣਿਆਂ ਦੀ ਕਾਲੋਕਿਆਂ ਅੰਦਰ ਵਾਢ ਅਟੇ-ਸਟੇ ਸੰਨ 1715 ਦੇ ਅੱਗੇ ਪਿੱਛੇ ਹੋਈ। ਸ਼ੇਖੂਪੁਰੇ ਕਿਲੇ ਉੱਤੇ ਕੜਯਾਲ, ਕਾਲੋ ਕੇ, ਮਾਲੋ ਕੇ ਅਤੇ ਭਿਖੀ ਦੇ ਸਿੰਘਾਂ ਦਾ ਕਬਜ਼ਾ ਸੀ। ਸੰਨ 1729/30 ਵਿੱਚ ਜਦੋਂ ਰੁਹੇਲਿਆਂ ਨੇ ਵਿਰਕਾਂ ਦੇ ਪਿੰਡ ਸਾੜੇ ਤਾਂ ਮਾਲੋਕਿਆਂ ਨੂੰ ਉਕਾ ਮਲੀਆ ਮੇਟ ਕਰ ਦਿੱਤਾ—ਤਦੋਂ ਜਥੇਦਾਰ ਕਪੂਰ ਸਿੰਘ ਜੀ ਨੇ ਫੈਜ਼ਲਾ ਖਾਂ ਤੋਂ ਉਸ ਦਾ ਪਿੰਡ ਫੈਜ਼ਲਾਪੁਰ ਖੋਹ ਕੇ ਆਪਣੇ ਕੁੱਛ ਨਜ਼ਦੀਕੀ ਉਥੇ ਜਾ ਬਿਠਾਏ ਜਥੇਦਾਰ ਬਹਾਲ ਸਿੰਘ[2], ਉਸ ਦੇ ਘਰ ਵਾਲੀ ਮਾਈ ਸਹਿਜੋ ਅਤੇ ਉਹਨਾਂ ਦਾ ਪੁੱਤਰ ਅਮੀਰ ਸਿੰਘ ਤ੍ਰੈਵੇ ਆਪਣੇ ਹੋਰ ਭਾਈ ਬੰਦਾਂ ਅਤੇ ਸੇਵਕਾਂ ਸਮੇਤ ਕਿਲੇ ਸ਼ੇਖੂਪੁਰਾ ਤੇ ਕਾਬਜ਼ ਹੋ ਗਏ।

ਉਪਰੋਕਤ ਪਿੰਡਾਂ ਦੇ ਵਿਰਕ ਲੋੜ ਪੈਣ ਤੇ ਕਿਲੇ ਵਿੱਚ ਆ ਜਾ ਸਕਦੇ ਸਨ ਕੋਈ ਰੋਕ ਟੋਕ ਨਹੀਂ ਸੀ। ਇਹ ਕਿਲਾ ਵਿਰਕਾਂ ਦਾ ਸਮਝਿਆ ਜਾਂਦਾ ਸੀ। ਸੰਨ 1748 ਵਿਸਾਖੀ ਵਾਲੇ ਦਿਨ ਜਦੋਂ ਨਵਾਬ ਕਪੂਰ ਸਿੰਘ ਜੀ ਨੇ ਸਿੱਖ ਮਿਸਲਾਂ ਦੀ ਸਿਰਜਨਾ ਕੀਤੀ ਤਾਂ ਇਹ ਦੋਵੇਂ ਪਿਉ ਪੁੱਤ੍ਰ ਵੀ ਅੰਮ੍ਰਿਤਸਰ ਗਏ ਸਨ। (ਵੇਖੋ ਸੋਹਣ ਸਿੰਘ ਸ਼ੀਤਲ ਕ੍ਰਿਤ ਸਿੱਖ ਰਾਜ ਕਿਵੇਂ ਬਣਿਆ ਪੰਨਾ 186)

ਵਿਰਕ ਧਾੜੇ ਘੋੜੇ ਮਾਰ ਕੇ ਇਥੇ ਕਿਲੇ ਵਿੱਚ ਆ ਵੜਦੇ ਤੇ ਕਿਸੇ ਹੋਰ ਆਮ ਖਾਸ ਨੂੰ ਤਾਂ ਕੀ ਸਰਕਾਰੀ ਅਹਿਦੀਆਂ ਨੂੰ ਵੀ ਕਿਲੇ ਦੇ ਨੇੜੇ ਨਾ ਢੁਕਣ ਦੇਂਦੇ। ਸੰਨ 1754 ਈ: ਤੋਂ ਪਹਿਲਾਂ ਦੀ ਗੱਲ ਹੈ ਕਿ ਸਰਕਾਰੀ ਅਹਿਦੀਏ ਕਿਲਾ ਖਾਲੀ ਕਰਵਾਉਣ ਆਏ ਤਾਂ ਅਗੋਂ ਵਿਰਕਾਂ ਡਟ ਕੇ ਮੁਕਾਬਲਾ ਕੀਤਾ। ਧੌਂਸ ਪਿੱਛਾਂ ਲਾਹੌਰ ਪਰਤ ਗਈ। ਵਿਰਕ, ਘਰੋ ਘਰੀ ਟੁਰ ਗਏ—ਸੰਨ 1754 ਈ: ਦੇ ਆਰੰਭ ਦੀ ਗੱਲ ਹੈ ਕਿ ਕਿਸੇ ਮੁਖਬਰ ਨੇ ਲਾਹੌਰ ਖਬਰ ਦਿੱਤੀ ਕਿ ਬਹਾਲ ਸਿੰਘ ਤੇ ਉਸਦਾ ਪੁੱਤ੍ਰ ਅਮੀਰ ਸਿੰਘ ਦੋਵੇਂ ਨਿਤ ਸ਼ਿਕਾਰ ਖੇਡਣ ਗਏ ਦੁਪਹਿਰੀਂ ਪਿੰਡ ਕਾਣਿਆ ਦੀ ਬੋਹੜ ਥੱਲੇ ਸੌਂਦੇ ਹਨ। ਜਿਸ ਤੇ ਇਕ ਦਿਨ ਲਾਹੌਰੋਂ ਧੌਂਸ ਚੜ੍ਹੀ ਤੇ ਦੋਹਾਂ ਪਿਉ ਪੁੱਤਰਾਂ ਨੂੰ ਦੁਪਹਿਰੀ ਸੁਤਿਆਂ ਪਿਆਂ ਨੂੰ ਫੜ ਕੇ ਕਿਲਾ ਸ਼ੇਖੂਪੁਰਾ ਦੇ ਸਾਹਮਣੇ ਲਿਆ ਖਲ੍ਹਾਰਿਆਂ।

ਧੌਂਸ ਵਾਲਿਆਂ ਬਹਾਲ ਸਿੰਘ ਦੇ ਘਰੋਂ ਮਾਈ ਸਹਿਜੋ ਨੂੰ ਆਖਿਆ "ਮਾਈ ਕਿਲਾ ਖਾਲੀ ਕਰ ਦਿਓ ਨਹੀਂ ਤਾਂ ਅਸੀਂ ਇਹਨਾਂ ਦੋਹਾਂ ਪਿਉ ਪੁੱਤਰਾਂ ਨੂੰ ਫਾਂਸੀ ਲਗਾਂਦੇ ਹਾਂ" ਅਗੋਂ ਮਾਈ ਸਹਿਜੋ ਨੇ ਠੋਕ ਕੇ ਜਵਾਬ ਦਿੱਤਾ :—

ਤੁਸੀਂ ਜੋ ਜੀ ਆਵੇ ਕਰੋ, ਮੈਂ ਵਿਰਕ ਸਰਦਾਰ ਦੀ ਘਰ ਵਾਲੀ ਹਾਂ—ਮੈਂ ਝਾਟੇ ਤੇਲ ਨਹੀਂ ਪੁਆਣਾ ਜੋ ਪੁੱਤ੍ਰ ਤੇ ਖਸਮ ਦੇ ਬਦਲੇ

---

1. ਮਾਲੋ-ਜੀਵਨ ਕਾਲ 1370 ਈ:। ਇਸ ਨੇ ਆਪਣਾ ਪਿੰਡ ਵਰਤਮਾਨ ਸ਼ੇਖੂਪੁਰੇ ਦੀ ਰੇਲਵੇ ਲਾਈਨ ਤੋਂ ਪਾਰ ਪਿੰਡ ਮਿਰਜੇਵਾਲੇ ਰੇਲਵੇ ਫਾਟਕ ਤੋਂ ਪੱਛਮ ਅਤੇ ਭੰਗੂਆਂ ਵਾਲੇ ਖੂਹ ਤੋਂ ਪੂਰਬ ਇਕ ਗੈਰ ਆਬਾਦ ਟਿੱਬੀ ਤੇ ਵਸਾਇਆ ਜੋ ਅੱਜ ਕਲ੍ਹ ਵੀ ਮਾਲੋ ਦੀ ਟਿੱਬੀ ਅਤੇ ਨਾਲ ਲਗਦੇ ਵਡੇ ਛੱਪੜ ਨੂੰ ਮਾਲੋ ਕੀ ਢਾਬ ਸੱਦਿਆ ਜਾਂਦਾ ਸੀ।

   ਇਹ ਨਗਰ ਪਹਿਲੇ ਵੀ ਤਬਾਹ ਹੋਇਆ ਮਗਰ ਆਖਰੀ ਵਾਰ ਸਨ 1729-30 ਵਿਚ ਰੋਹੇਲਿਆਂ ਹਥੋਂ ਬੁਰੀ ਤਰ੍ਹਾਂ ਨਸ਼ਟ ਹੋਇਆ। ਜਿਸ ਤੇ ਇਸ ਦੇ ਵਸਨੀਕ ਬਹੁਤ ਖਿਲਰ ਪੁਲਰ ਗਏ ਜਿਨ੍ਹਾਂ ਵਿਚੋਂ ਬਹੁਤੇ ਦੁਆਬਾ ਬਾਰੀ ਵਿਚ ਆਬਾਦ ਦੱਸੀਦੇ ਹਨ। (ਖੋਜ ਬਾਕੀ ਹੈ)। ਇਸੇ ਨਗਰ ਦੇ ਵਸਨੀਕਾਂ ਨੇ ਸੰਨ 1730 ਈ: ਵਿਚ ਇਥੋਂ ਉੱਠ ਕੇ ਫੈਜ਼ਲਾ[A] ਖਾਨ ਕੋਲੋਂ ਉਸ ਦਾ ਪਿੰਡ ਫੈਜ਼ਲਾਪੁਰ ਖੋਹ ਕੇ ਨਾਮ ਸਿੰਘਪੁਰਾ ਰੱਖਿਆ ਤੇ ਉਥੇ ਰਿਹਾਇਸ਼ ਇਖਤਿਆਰ ਕਰ ਲਈ—ਸਿੱਖ ਰਾਜ ਦੇ ਸਮੇਂ ਇਹ ਆਪਣੀ ਜਾਗੀਰ, ਇਲਾਕਾ ਅੰਬਾਲਾ ਛਛਰੌਲੀ ਵਿਚ ਚਲੇ ਗਏ।

   A. **ਫੈਜ਼ੁਲਾਖਾਨ**—ਸੂਬੇ ਖਾਨ ਬਹਾਦਰ ਦੀ ਭੈਣ, ਇਸ ਦੇ ਘਰ ਵਾਲੀ ਨੇ ਚਕਰੈਲ ਸਿੱਖ ਕਈ ਸੈਂਕੜੇ ਫੜ ਕੇ ਕਤਲ ਕਰਵਾਏ ਸਨ—ਉਹਨਾਂ ਦੀ ਸ਼ਹੀਦੀ ਨੂੰ ਮੁੱਖ ਰੱਖ ਕੇ ਜ: ਕਪੂਰ ਸਿੰਘ ਜੀ ਨੇ ਉਹਨਾਂ ਨੂੰ ਉਥੋਂ ਮਾਰ ਕੱਢਿਆ ਤੇ ਆਪਣੇ ਪ੍ਰਵਾਰ ਨੂੰ ਉਥੇ ਬਿਠਾਇਆ।

2. ਕੋਈ ਇਸ ਨੂੰ ਅਰਬੇਲ ਸਿੰਘ ਕਹਿੰਦਾ ਹੈ, ਕਿੰਤੂ ਪੰਜਾਬ ਗਜ਼ਟੀਅਰ ਡਿ: ਗੁਜਰਾਂਵਾਲਾ 1883-84 ਪੰਨਾ 35 ਤੇ ਨਾਮ ਇੰਦਰ ਸਿੰਘ ਮਾਲੋਕੇ ਲਿਖਦਾ ਹੈ---ਪ੍ਰੰਤੂ ਜਥੇਦਾਰ ਅਨੋਖ ਸਿੰਘ ਪੁੱਤ੍ਰ ਖੜਕ ਸਿੰਘ ਨਾਵਾਂ ਕਾਲੋਕਾ ਅਤੇ ਸੋਹਣ ਸਿੰਘ ਸ਼ੀਤਲ ਅਨੁਸਾਰ ਨਾਮ ਬਹਾਲ ਸਿੰਘ ਹੈ।

ਮੈਂ ਵਿਰਕੋਂ ਦੀ ਪੱਤ ਦੁਸ਼ਮਨ ਦੇ ਹੱਥ ਫੜਾਵਾਂ। ਮੈਨੂੰ ਸੋਂਕ ਹੋਇਆ ਤਾਂ ਮੈਂ ਕਿਸੇ ਵਿਰਕ ਸਰਦਾਰ ਦੇ ਘਰ ਬਹਿ ਕੇ ਪੁੱਤ੍ਰ ਜੰਮ ਲਵਾਂਗੀ ਪਰ ਇਹਨਾਂ ਦੋਹਾਂ ਪਿਉ ਪੁੱਤ੍ਰਾਂ ਦੀ ਮੌਤ ਤੋਂ ਡਰਦੀ ਹੋਈ ਕਿਲੇ ਦਾ ਬੂਹਾ ਨਾ ਖੋਹਲਦੀ ਹੋਈ।

ਚੁਨਾਂਚਿਹ ਦੋਹਾਂ ਪਿਉ ਪੁੱਤ੍ਰਾਂ ਨੂੰ ਪਿੱਪਲ ਨਾਲ[1] ਫਾਹੇ ਲਾ ਕੇ ਧੌਂਸ ਵਾਲੇ ਲਾਹੌਰ ਚਲੇ ਗਏ। ਆਫਰੀਨ ਹੈ ਉਸ ਮਰਦਾਨੀ ਸਵਾਣੀ ਦੇ ਜਿਸ ਪਤੀ ਤੇ ਪੁੱਤ੍ਰ ਨੂੰ ਤਾਂ ਸਾਹਮਣੇ ਫਾਹੇ ਟੰਗਾ ਲਿਆ ਪਰ ਦੁਸ਼ਮਨ ਵਾਸਤੇ ਕਿਲੇ ਦਾ ਦਰਵਾਜ਼ਾ ਖੋਹਲਣਾ ਪ੍ਰਵਾਨ ਨਾ ਕੀਤਾ।

ਮਾਈ ਨੇ ਲਾਗੀ ਘੱਲ ਕੇ, ਕਾਲੇਕੇ, ਕੜਯਾਲ ਤੇ ਭਿਖੀ ਦੇ ਸਿੰਘਾਂ ਨੂੰ ਅਗਲੇ ਦਿਨ ਸੇਖੂਪੁਰੇ ਸੱਦ ਘਲਿਆ ਕਿ ਭਾਣਾ ਵਰਤ ਗਿਆ ਹੈ ਤੁਸੀਂ ਆ ਕੇ ਆਪਣੇ ਭਰਾ ਤੇ ਭਤੀਜੇ ਦਾ ਸਸਕਾਰ ਕਰ ਲਵੋ।"

ਅਗਲੇ ਦਿਨ ਤਿੰਨਾਂ ਪਿੰਡਾਂ ਦੀ ਬਰਾਦਰੀ ਨੇ ਇਕੱਠਿਆਂ ਹੋ ਕੇ ਦੋਹਾਂ ਬਹਾਦਰਾਂ ਦਾ ਸਸਕਾਰ ਕੀਤਾ। ਸੰਸਕਾਰ ਤੋਂ ਪਿੱਛੋਂ ਮਾਈ ਨੇ ਕਿਲੇ ਦੀਆਂ ਚਾਬੀਆਂ ਭਰੀ ਪੰਚਾਇਤ ਵਿਚ ਆਣ ਰੱਖੀਆਂ ਤੇ ਆਖਿਓ ਸੂ "ਤੁਹਾਡਾ ਭਰਾ ਤੇ ਭਤੀਜਾ ਦੋਵੇਂ ਮੇਰੀ ਅੱਖਾਂ ਸਾਹਮਣੇ ਫਾਹੇ ਲੱਗੇ ਹਨ ਪਰ ਮੈਂ ਕਿਲੇ ਦਾ ਦਰਵਾਜ਼ਾ ਨਹੀਂ ਖੋਹਲਿਆ। ਇਹ ਤੁਸਾਡੀ ਪੱਤ ਮੈਂ ਸਾਂਭੀ ਬੈਠੀ ਰਹੀ ਹਾਂ। ਹਣ ਜਿਵੇਂ ਪੰਚਾਇਤ ਦੀ ਆਗਿਆ ਹੋਵੇ ਮੈਂ ਪਾਲਣ ਨੂੰ ਤਿਆਰ ਹਾਂ।

ਪੰਚਾਇਤ ਨੇ ਚਾਬੀਆਂ ਮਾਈ ਦੇ ਹਵਾਲੇ ਕੀਤੀਆਂ ਤੇ ਕਿਹਾ ਹਾਲੀ ਚਾਬੀਆ ਰੱਖ, ਸਤਾਹਰੀਏ ਦੇ ਭੋਗ ਵਾਲ ਦਿਨ ਫੈਸਲਾ ਕਰਾਂਗੇ। ਪਾਠ ਰਖਵਾ ਕੇ ਬਰਦਰੀ ਵਿਦਿਆ ਹੋ ਗਈ।


ਸਤਾਰੀਏ ਵਾਲੇ ਦਿਨ ਭੋਗ ਉਪਰੰਤ ਮਤਾ ਪਾਸ ਹੋਇਆ ਕਿ "ਭਾਗਵਨ ਮਈ ਸਹਿਜੋ ਨੇ ਬੜਾ ਸਤ, ਸਿੜ ਤੇ ਹਠ ਵਿਖਾਇਆ ਹੈ। ਕਿਲਾ ਮਾਈ ਦੇ ਕਬਜ਼ੇ ਵਿੱਚ ਰਹੇ। ਇਸ ਦੇ ਪੁੱਤ੍ਰ ਅਮੀਰ ਸਿੰਘ ਦੀ ਥਾਵੇਂ ਭਿਖੀ ਕੇ ਸਹਾਈ ਸਿੰਘ ਦਾ ਪੁੱਤ੍ਰ ਅਮੀਰ ਸਿੰਘ ਮਾਈ ਦੀ ਝੋਲੀ ਵਿਚ ਪਾ ਦਿੱਤਾ"। ਜਦ ਤੱਕ ਮਾਈ ਸਹਿਜੋ ਜਿਉਂਦੀ ਰਹੀ ਸ: ਅਮੀਰ ਸਿੰਘ ਪੁੱਤ੍ਰਾਂ ਵਾਂਗੂ ਉਸਦੀ ਸੇਵਾ ਸੰਭਾਲ ਕਰਦਾ ਰਿਹਾ।

ਸੰਨ 1754 ਵਿੱਚ ਹੀ ਜਦੋਂ ਸ਼ੇਖੂਪੁਰੀਆਂ ਜੱਟਾਂ ਨੇ ਵੇਖਿਆ ਕਿ ਬਹਾਲ ਸਿੰਘ ਅਤੇ ਉਸਦਾ ਪੁੱਤ੍ਰ ਮਰ ਚੁੱਕੇ ਹਨ ਤਾਂ ਉਹਨਾਂ ਨੇ ਸਿੰਘਾਂ ਦੇ ਇੱਕ ਜਥੇ ਤੇ ਅਛੋਪ ਹੀ ਗੋਲੀ ਦਾਗ਼ ਦਿੱਤੀ। ਜਿਸ ਨਾਲ ਭਾਈ ਸਰਜਾ ਸਿੰਘ, ਗਰਜਾ ਸਿੰਘ ਆਹਲੂਵਾਲੀਆ ਚੜ੍ਹਾਈਆਂ ਕਰ ਗਏ। ਬਾਕੀ ਦੇ ਜਥੇ ਨੇ ਸੇਖੂਪੁਰੀਏ ਜੱਟਾਂ ਦੀ ਟਕਾ ਕੇ ਮਾਰ ਕੀਤੀ। ਇਸ ਤੇ ਉਪਰੰਤ, ਕਿਲੇ ਤੇ ਬਾਬਾ ਸਾਹਿਬ ਸਿੰਘ ਅਤੇ ਸਹਾਈ ਸਿੰਘ ਜੀ ਦਾ ਕਬਜ਼ਾ ਹੋ ਗਿਆ। ਜੋ ਫਿਰ ਸੰਨ 1770 ਈ: ਵਿਚ ਬਾਬੇ ਸਹਾਈ ਸਿੰਘ ਜੀ ਦੇ ਅਕਾਲ ਚਲਾਣੇ ਪਿੱਛੋਂ ਉਹਨਾਂ ਦੇ ਸੂਰਬੀਰ ਵਰਯਾਮ ਪੁੱਤ੍ਰ ਅਮੀਰ ਸਿੰਘ ਦੇ ਕਬਜ਼ੇ ਵਿੱਚ ਆਇਆ। (ਗਿਆਨੀ ਜੀ)

---

1. ਇਹ ਪਿੱਪਲ ਮੈਂ ਨੇ ਅੱਖੀਂ ਵੇਖਿਆ ਹੈ। (ਗਿਆਨੀ ਜੀ)

Remarks :—
During the last half of the 19th Century the family was unfortunately more distinguished for its vices than its virtues (Page 66 para I Last Sentence)



Chiefs and families of Note in The Punjab Vol, I (1940). A revised edition of the Punjab Chiefs By Sir L.H. Griffin K.C.S.I All the Clan holds Estates in Bhareli, Bhunga, Ghanauli, Bhartgarh and Kandhaula.

ਮਾਲੋ—ਸਿੰਘ ਪੁਰੀਏ

ਦਲੀਪ ਸਿੰਘ ਚੋਧਰੀ

ਇਸ ਨੇ 1699 ਈ: ਵਿਚ ਦਸਵੇਂ ਖਾਤਸ਼ਾਹ ਤੋਂ ਅੰਮ੍ਰਿਤਪਾਨ ਕੀਤਾ। ਅੰਮ੍ਰਿਤ ਛੱਕਣ ਤੋਂ ਪਹਿਲਾਂ ਇਹ ਸਹਜਧਾਰੀ ਸੀ ਤੇ ਚੋਧਰੀ ਸੱਦਵਾਂਦਾ ਸੀ। ਇਹ ਗੁਰੂ ਦਸਮੇਸ਼ ਪਾਤਸ਼ਾਹ ਦੀ ਅਰਦਲ ਵਿਚ ਹੀ ਰਹਿੰਦਾ ਸੀ। ਬਜ਼ੁਰਗ ਦਸਦੇ ਸਨ ਕਿ ਇਹ ਆਪਣੇ ਨਾਲ ਹੋਰ ਸਾਥੀਆਂ ਨੂੰ ਲੈ ਜਾ ਕੇ ਸਿੱਖੀ ਮੰਡਲ ਵਿਚ ਸ਼ਾਮਲ ਕਰਵਾਇਆ ਕਰਦਾ ਸੀ। ਜਦ ਦਸਮੇਸ਼ ਦਮਦਮਾ ਸਾਹਿਬ ਤੋਂ ਦੱਖਣ ਨੂੰ ਚੱਲੇ ਤਾਂ ਚੋ: ਦਲੀਪ ਸਿੰਘ ਜੀ ਨੂੰ ਪੰਜਾਬ ਰਹਿਣ ਦਾ ਹੁਕਮ ਦਿੱਤਾ।

ਜਦੋਂ ਬਾਬਾ ਬੰਦਾ ਸਿੰਘ ਆਇਆ ਤਾਂ ਆਪ ਜੀ ਉਸ ਨਾਲ ਸ਼ਾਮਲ ਹੋ ਗਏ। ਅਖੀਰ ਆਪ 1772 ਬਿਕਰਮੀ ਮੁਤਾਬਿਕ ਸੰਨ 1715 ਈ: ਨੂੰ ਮਤਾਬ ਕੋਟ ਜੰਗ ਵਿਚ ਸ਼ਹੀਦ ਹੋ ਗਏ।

ਕਪੂਰ ਸਿੰਘ

ਇਹ ਗੁਰੂ ਕਾ ਲਾਲ ਸੰਨ 1697 ਈ: ਵਿਚ ਚੋਧਰੀ ਦਲੀਪ ਸਿੰਘ ਵਿਰਕ ਜੱਟ ਦੇ ਘਰ ਪਿੰਡ ਮਾਲੋ ਕੇ ਵਿਚ ਹੋਇਆ। ਬਚਪਨ ਤੋਂ ਹੀ ਹੋਨਹਾਰ ਤੇ ਹੂੰਦੜ ਹੇਲ ਸੀ। ਕਹਿੰਦੇ ਹਨ ਕਿ ਨਿੱਕੇ ਹੁੰਦਿਆਂ ਇਕ ਦਿਨ ਸਾਥੀਆਂ ਨਾਲ ਸ਼ਸਤ੍ਰ ਅਭਿਆਸ ਕਰਦਿਆਂ ਆਪ ਜੀ ਨੂੰ ਇਕ ਐਸਾ ਕਾਰੀ ਫਟ ਵਜਾ ਕਿ ਬਚਨ ਦੀ ਆਸ ਕੋਈ ਨਹੀਂ ਸੀ। ਕਿੰਤੂ ਕੁਦਰਤ ਨੂੰ ਕੁਛ ਹੋਰ ਹੀ ਮਨਜ਼ੂਰ ਸੀ। ਚੰਗਾ ਸਿਧਹਸਤ ਫਟ ਬੰਨ੍ਹ ਮਿਲ ਗਿਆ, ਗੁਰੂ ਮਿਹਰ ਦਵਾਰਾ ਆਪ ਜੀ ਤੰਦਰੁਸਤ ਹੋ ਗਏ।

ਇਕ ਵਾਰੀ ਜਦੋਂ ਚੋ: ਦਲੀਪ ਸਿੰਘ ਜੀ ਘਰੋਂ ਤਿਯਾਰ ਹੋ ਕੇ ਜੰਗ ਨੂੰ ਜਾਣ ਲੱਗੇ ਤਾਂ ਆਪ ਜੀ ਨੇ ਪੁਛਿਆ :

ਕਪੂਰ ਸਿੰਘ : "ਬਾਪੂ ਤੂੰ ਕਿਥੇ ਚਲਿਆਏਂ?"

ਚੋ: ਦ: ਸਿੰਘ : "ਮੈਂ ਜੰਗ ਕਰਨ ਚਲਿਆ ਹਾਂ"

ਕਪੂਰ ਸਿੰਘ : "ਮੈਂ ਵੀ ਜਾਵਾਂਗਾ"

ਚੋ: ਦ: ਸਿੰਘ : "ਤੂੰ ਅਜ ਛੋਟਾ ਹੈਂ, ਉਥੇ ਔਖਾ ਹੋਵੇਂਗਾ।"

ਕਪੂਰ ਸਿੰਘ : (ਅੱਡੀਆਂ ਚੁੱਕ ਕੇ) "ਨਹੀਂ! ਬਾਪੂ ਵੇਖ ਮੈਂ ਵੱਡਾ ਹਾਂ, ਹੁਣ ਮੈਂ ਔਖਾ ਨਹੀਂ ਹੂੰਦਾ"

ਹੋਣਹਾਰ ਬਿਰਵਾਨ ਕੇ ਹੋਤ ਚਿਕਨੇ ਪਾਤ, ਅਰਥਾਤ ਆਪਣੇ ਕਿਸ਼ੋਰ ਪੁਤ੍ਰ ਦੀ ਹਾਜ਼ਰ ਜਵਾਬੀ ਅਤੇ ਆਪਣੇ ਵਾਸਤੇ ਖਿੱਚ ਵੇਖ ਕੇ ਚੋ: ਦਲੀਪ ਸਿੰਘ ਜੀ ਨੇ ਆਪਣੇ ਪਿਛੇ ਘੋੜੇ ਤੇ ਬਿਠਾ ਲਿਆ ਤੇ ਚੱਲ ਪਏ। ਪੰਜ ਸਾਲ ਤੋਂ ਹੀ ਗੁਰਮੁਖ ਪਿਤਾ ਦੇ ਨਾਲ ਰਹਿਣ ਵਾਲਾ ਕਿਸ਼ੋਰ ਕਪੂਰ ਸਿੰਘ ਆਪਣੇ ਪਿਤਾ ਕੋਲੋਂ ਪਹਿਲੋਂ ਗੁਰਮੁਖੀ ਲਿੱਪੀ ਪੜ੍ਹਨੀ ਲਿਖਨੀ ਸਿੱਖੀ। ਫਿਰ ਪੁਸਤਕ ਵਾਚਨ, ਸ਼ਸ਼ਤ੍ਰ ਅਭਿਆਸ ਅਤੇ ਨਾਮ ਬਾਣੀ ਦਾ ਅਭਿਆਸ ਸਿਖਾਇਆ।

ਦਸਮੇਸ਼ ਪਾਤਸ਼ਾਹ ਸੰਨ 1708 ਈ: ਵਿਚ ਦਮਦਮਾ ਸਾਹਿਬ ਤੋਂ ਦਖਣ ਦੇਸ਼ ਨੂੰ ਗਏ। ਇਥੋਂ ਅਨੁਮਾਨ ਹੁੰਦਾ ਹੈ ਕਿ ਕਪੂਰ ਸਿੰਘ ਜੀ ਨੇ ਦਸਮੇਸ਼ ਪਾਤਸ਼ਾਹ ਹਥੋਂ ਹੀ ਅੰਮ੍ਰਿਤ ਛਕਿਆ ਜਾਂ ਹਜ਼ੂਰੀ ਦੇ ਵਿਚ ਹੀ ਪੰਜਾਂ ਪਿਆਰਿਆਂ ਤੋਂ ਛਕਿਆ ਹੋਵੇ। ਕਪੂਰ ਸਿੰਘ ਜੀ ਦੀ ਆਯੂ ਉਸ ਸਮੇਂ ਗਿਯਾਰਾਂ ਸਾਲ ਦੀ ਸੀ। ਇਤਿਹਾਸਕਾਰਾਂ ਦਾ ਇਹ ਲਿਖਣਾ ਕਿ ਕਪੂਰ ਸਿੰਘ ਜੀ ਨੇ 1726 ਨੂੰ ਆਪਣੇ ਬਾਪ ਅਤੇ ਭਾਈ ਦਾਨ ਸਿੰਘ ਸਮੇਤ ਭਾਈ ਮਨੀ[1] ਸਿੰਘ ਜੀ ਤੋਂ ਅੰਮ੍ਰਿਤਪਾਨ ਕੀਤਾ, ਅਸਲੋਂ ਨਿਰਮੂਲ ਹੈ ਕਿਉਂਕਿ :-

1) ਚੋਧਰੀ ਦਲੀਪ ਸਿੰਘ ਜੀ ਕਾਫੀ ਸਮਾਂ ਦਸਮੇਸ਼ ਜੀ ਦੀ ਅਰਦਲ ਵਿਚ ਰਹੇ। ਹੋ ਨਹੀਂ ਸਕਦਾ ਕਿ ਚੋਧਰੀ ਜੀ ਨੇ ਅਤੇ ਕਪੂਰ ਸਿੰਘ ਨੇ ਤਦੋਂ ਅੰਮ੍ਰਿਤਪਾਨ ਨਾ ਕੀਤਾ ਹੋਵੇ।

2) ਚੋਧਰੀ ਦਲੀਪ ਸਿੰਘ ਜੀ ਸੰਨ 1715 ਈ: ਨੂੰ ਮਤਾਬਕੋਟ ਜੰਗ ਅੰਦਰ ਸ਼ਹੀਦ ਹੋ ਚੁਕੇ ਸਨ ਫਿਰ 1726 ਈ: ਨੂੰ ਭਾਈ ਮਨੀ ਸਿੰਘ ਜੀ ਤੋਂ ਅੰਮ੍ਰਿਤਪਾਨ ਕਿਵੇਂ ਹੋਇਆ।

---

1. ਪ੍ਰੇਮ ਸਿੰਘ ਕ੍ਰਿਤ ਜੀਵਨ ਨਵਾਬ ਕਪੂਰ ਸਿੰਘ ਪੰਨਾ 21 ਦੀ ਟੂਕ।

3) ਚੌਧਰੀ ਦਲੀਪ ਸਿੰਘ ਜੀ ਦੇ ਅਕਾਲ ਚਲਾਣੇ ਉਪਰੰਤ ਵਿਰਕ ਭਾਈਚਾਰੇ ਨੇ ਪੱਗ ਕਪੂਰ ਸਿੰਘ ਨੂੰ ਬੰਣਾਈ ਜਿਸ ਦੀ ਆਯੂ ਤਦੋਂ 18 ਸਾਲ ਦੀ ਸੀ ਤੇ ਸਾਂਦਲਬਾਰ ਦੇ ਖਾਲਸੇ ਨੇ ਜਥੇਦਾਰੀ ਦੀ ਪੱਗ ਵੀ ਕਪੂਰ ਸਿੰਘ ਨੂੰ ਬਨ੍ਹਾਈ। ਹੋ ਨਹੀਂ ਸਕਦਾ ਕਿ ਸਾਂਦਲਬਾਰ ਦਾ ਖਾਲਸਾ 18 ਸਾਲ ਦੇ ਅਣ-ਅੰਮ੍ਰਿਤੀਏ ਨੂੰ ਆਪਣੀ ਜਥੇਦਾਰੀ ਦੀ ਪੱਗ ਬੰਣਾਂਦਾ। ਇਸ ਗੱਲ ਨੂੰ ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲੀਆਂ ਆਪਣੀ ਕਿਤ ਸਮਸ਼ੇਰ ਖਾਲਸਾ ਵਿੱਚ ਸਾਫ਼ ਕਰਦੇ ਹਨ :—

ਨਗਰ ਫੈਜ਼ੁਲਾਪੁਰ ਮਾਝੇ ਵਿਰਕਾਰ ਭਾਈ
ਸਿੰਘ ਪੁਰ ਜਿਨੂੰ ਹੁਣ ਦੇਸ਼ ਹੈ ਬੁਲਾਉਂਦਾ।
ਚੌਧਰੀ ਦਲੀਪ ਸਿੰਘ ਸੂਰਬੀਰ ਵਿਰਕ ਗੋਤ
ਗੁਰੂ ਦਸ਼ਮੇਸ਼ ਜੀ ਦਾ ਸਿੰਘ ਅਖਵਾਉਂਦਾ।
ਗੁਰੂ ਜੀ ਤੋਂ ਪਿੱਛੋਂ ਰਿਹਾ ਖਾਲਸੇ ਦੇ ਦਲ ਵਿਚ
ਬੰਦੇ ਨਾਲ ਰਲ ਰਿਹਾ ਵੈਰੀਆਂ ਲੰਘਾਉਂਦਾ।
ਹੈ ਸੀ ਜਥੇਦਾਰ ਸਰਦਾਰ ਕਰਤਾਰ ਸਿੰਘਾ
ਹਿੰਦ ਦਿਆਂ ਵੈਰੀਆਂ ਨੂੰ ਰਿਹਾ ਉਹ ਮੁਕਾਉਂਦਾ।
ਸਤਾਰਾਂ ਸੌ ਬਹੱਤਰ ਮਤਾਬ ਕੋਟ ਜੰਗ ਅੰਦਰ
ਚੌਧਰੀ ਦਲੀਪ ਸਿੰਘ ਸੁਰਗ ਸਿਧਾਰਿਆ।
ਦੋ ਬੇਟੇ ਰਹਿ ਤਹਾਂ ਕਪੂਰ ਸਿੰਘ ਦਾਨ ਸਿੰਘ
ਵੱਡਾ ਸੀ ਕਪੂਰ ਸਿੰਘ ਜਥੇ ਨੇ ਵਿਚਾਰਿਆ।
ਪੱਗ ਜਥੇਦਾਰੀ ਦੀ ਕਪੂਰ ਸਿੰਘ ਤਾਈਂ ਮਿਲੀ
ਦਿਨੋਂ ਦਿਨ ਜਥੇ ਤਾਈਂ ਇਸ ਨੇ ਉਭਾਰਿਆ।
ਕੀਤੇ ਜਿਹੜੇ ਕੰਮ ਏਸ ਪਿਆਰੇ ਨੇ ਕਰਤਾਰ ਸਿੰਘ।
ਸਾਰਾ ਹਾਲ ਏਸਦਾ ਮੈਂ ਪਿੱਛੇ ਹੈ ਉਚਾਰਿਆ।

ਬਾਬਾ ਪ੍ਰੇਮ ਸਿੰਘ ਜੀ ਨੇ 'ਜੀਵਨ ਨਵਾਬ ਕਪੂਰ ਸਿੰਘ' ਵਿਚ ਜਥੇਦਾਰ ਆਸਾ ਸਿੰਘ ਜੀ ਦੇ ਕਥਨ ਅਨੁਸਾਰ ਕਪੂਰ ਸਿੰਘ ਕਾਲ਼ਕਾ ਲਿਖਿਆ ਹੈ। ਇਹ ਕੁਰਸੀ ਨਾਮੇ ਦੇ ਵਿਪਰੀਤ ਹੈ। ਵੇਖੋ ਬੰਸਾਵਲੀ ਨਾਮਾ ਮਾਲੋਂ ਕਾ। ਨਵਾਬ ਕਪੂਰ ਸਿੰਘ ਬਾਬੇ ਮਾਲੋਂ ਦੇ ਵੰਸ਼ਜ ਸਨ। ਕਾਲੋਕਿਆਂ ਦੇ ਕੁਰਸੀ ਨਾਮੇ ਵਿਚ ਮਾਲੋਂ ਦੀ ਪਤੀ ਨਹੀਂ ਆਉਂਦੀ। ਕਾਲੋਂ ਤੇ ਮਾਲੋਂ ਨੇ ਆਪਣੇ ਆਪਣੇ ਵੱਖਰੇ ਨਗਰ ਵਸਾਏ ਸਨ।

ਉਪਰੋਕਤ ਕਬਿਤ ਵਿੱਚ ਗਿਆਨੀ ਕਰਤਾਰ ਸਿੰਘ ਦਾ ਚੌਧਰੀ ਦਲੀਪ ਸਿੰਘ ਨੂੰ ਫੈਜ਼ੁਲਾਪੁਰ ਦਾ ਵਾਸੀ ਲਿਖਣਾ ਯਥਾਰਥ ਨਹੀਂ ਕਿਉਂਕਿ ਫੈਜ਼ੁਲਾਪੁਰ ਤਾਂ ਨਵਾਬ ਕਪੂਰ ਸਿੰਘ ਜੀ ਨੇ 1730 ਈ: ਵਿੱਚ ਖੋਹ ਕੇ ਨਾਮ ਸਿੰਘ ਪੁਰਾ ਰੱਖਿਆ ਸੀ। ਇਸੇ ਤਰ੍ਹਾਂ ਇਤਿਹਾਸਕਾਰ ਬਗੈਰ ਖੋਜ ਕੀਤੇ ਆਪਣੇ ਆਪਣੇ ਖਿਆਲੀ ਘੋੜਿਆਂ ਨੂੰ ਦੌੜਾ ਕੇ ਇਤਿਹਾਸ ਨਾਲ ਨਿਆਂ ਦੀ ਥਾਵੇਂ ਘੋਰ ਅਨਿਆਂ ਕਰਦੇ ਹਨ।

ਬਾਬਾ ਬੰਦਾ ਸਿੰਘ ਜੀ ਪਿੱਛੋਂ ਦੀਵਾਨ ਦਰਬਾਰਾ ਸਿੰਘ ਜੀ 1733 ਈ: (1790 ਬਿ:) ਤੱਕ ਪੰਥ ਦੇ ਜਥੇਦਾਰ ਰਹੇ। ਉਹਨਾਂ ਦੇ ਪਿੱਛੋਂ ਕਪੂਰ ਸਿੰਘ ਜੀ ਨੇ ਸੰਨ 1753 ਈ: (1810 ਬਿ:) ਤੱਕ ਪੰਥ ਦੀ ਜਥੇਦਾਰੀ ਕੀਤੀ। ਪੰਥਕ ਸੇਵਾ ਵਿਚ ਤਾਂ ਆਪ ਜੀ 1715 ਈ: ਤੋਂ ਹੀ ਸ਼ਾਮਲ ਸਨ। (ਹੋਰ ਲਿਖਣਾ ਹੈ।)

---

1. ਬਾਬਾ ਬੰਦਾ ਸਿੰਘ ਸਿੰਘ ਬਹਾਦਰ 19 ਜੂਨ 1716 ਈ: ਦਿੱਲੀ ਸ਼ਹੀਦ ਹੋਇਆ।

ਸੰਨ 1724 ਈ: ਮੁਤਾਬਕ 1781 ਬਿ: ਡਲਵਾਂ (ਜ਼ਿਲਾ ਲਾਹੌਰ ਹੁਣ ਜ਼ਿ: ਅੰਮ੍ਰਿਤਸਰ) ਨਿਵਾਸੀ ਭਾਈ ਤਾਰਾ ਸਿੰਘ ਨੇ ਸ਼ਹੀਦੀ ਪਾਈ। ਭਾਈ ਤਾਰਾ ਸਿੰਘ ਜੀ ਵਿਰੱਕਤ ਮਹਾਂਪੁਰਸ਼ ਜੰਗਲ ਵਿੱਚ ਛਾਪਿਆਂ ਦਾ ਵਾੜਾ ਬਣਾ ਕੇ ਰਹਿੰਦੇ ਸਨ। ਆਪਣਾ ਨਿਰਬਾਹ ਸੁਕ੍ਰਿਤ ਨਾਲ ਕਰਦੇ ਅਤੇ ਆਏ ਗਏ ਲੋੜਵੰਦ ਦੀ ਸੇਵਾ ਟਹਿਲ ਵੀ ਕੀਤਾ ਕਰਦੇ ਸਨ। ਅਕਾਰਨ ਹੀ ਤੁਰਕ ਦਲ ਆਪ ਜੀ ਨਾਲ ਆ ਕੇ ਉਲਝ ਪਿਆ। ਕਈਆਂ ਨੂੰ ਪਾਰ ਬੁਲਾ ਕੇ ਆਪ ਜੀ ਸ਼ਹੀਦੀਆਂ ਪਾ ਗਏ। ਸੰਪੂਰਨ ਪ੍ਰਸੰਗ ਵਾਸਤੇ ਵੇਖੋ ਗਿਆਨੀ ਸੋਹਨ ਸਿੰਘ ਸ਼ੀਤਲ ਕ੍ਰਿਤ ਸਿੱਖ ਰਾਜ ਕਿਵੇਂ ਬਣਿਆ।

ਭਾਈ ਤਾਰਾ ਸਿੰਘ ਜੀ ਦੀ ਸ਼ਹੀਦੀ ਨੇ ਨੌਜਵਾਨ ਖਾਲਸੇ ਦੇ ਜੀਵਨ ਵਿੱਚ ਤੂਫਾਨਵਤ ਪ੍ਰੀਵਰਤਨ ਲੈ ਆਂਦਾ। ਸੈਂਕੜੇ ਗੁਰਸਿੱਖ ਨੇ ਆਪਣਾ ਘਰੋਗੀ ਜੀਵਨ ਤਿਆਗ ਭਾਈ ਤਾਰਾ ਸਿੰਘ ਜੀ ਦੀ ਸ਼ਹਾਦਤ ਦਾ ਵੇਲੇ ਦੀ ਹਕੂਮਤ ਨਾਲ ਮੁੱਲ ਚੁੱਕਾਣ ਦਾ ਪ੍ਰਣ ਕੀਤਾ। ਇਹਨਾਂ ਸੂਰਬੀਰ ਯੋਧਿਆਂ ਵਿਚੋਂ ਜਥੇਦਾਰ ਕਪੂਰ ਸਿੰਘ ਜੀ ਦਾ ਨਾਮ ਵਰਣਨ ਯੋਗ ਹੈ। ਇਹ ਸੂਰਬੀਰ ਘਰ ਦਾ ਮੋਹ ਤਿਆਗ ਗੁਰੂ ਪੰਥ ਜੋਗਾ ਹੀ ਹੋ ਗਿਆ। ਹੋਰਨਾਂ ਜਵਾਨਾਂ ਸਮੇਤ ਅੰਮ੍ਰਿਤਸਰ ਪੁੱਜ ਦੀਵਾਨ ਦਰਬਾਰਾ ਸਿੰਘ ਦੇ ਜਥੇ ਵਿਚ ਸ਼ਾਮਲ ਹੋ ਗਿਆ। ਸਿਆਣਿਆਂ ਨੇ ਸੋਚ ਕੇ ਪੰਥਕ ਨੀਤੀ ਵਿਚ ਪ੍ਰੀਵਰਤਨ ਲਿਆਂਦਾ ਜਿੱਥੇ ਅੱਗੇ ਕੇਵਲ ਆਪਣੇ ਬਚਾਉ ਹਿੱਤ ਹੀ ਲੜਾਈ ਕੀਤੀ ਜਾਂਦੀ ਸੀ ਕਪੂਰ ਸਿੰਘ ਦੀ ਆਮਦ ਨੇ ਇਸ ਨੂੰ ਨਵਾਂ ਮੋੜ ਦਿੱਤਾ। ਅਰਥਾਤ ਖਾਲਸਾ ਵੈਰੀ ਦਿਆਂ ਦਲਾਂ ਨੂੰ ਆਪ ਵੰਗਾਰਨ ਲੱਗਾ। ਜਿਨ੍ਹਾਂ ਮਾਅਰਕਿਆਂ ਵਿਚ ਕਪੂਰ ਸਿੰਘ ਨੇ ਭਾਗ ਲਿਆ ਉਹਨਾਂ ਦਾ ਸੰਖੇਪ ਵਰਣਨ ਇਉਂ :—

ਸਰਕਾਰੀ ਖਜ਼ਾਨਿਆਂ ਦੀ ਲੁੱਟ

ਸੂੰਹੇ ਨੇ ਖਬਰ ਦਿੱਤੀ ਕਿ ਕਸੂਰ ਤੋਂ ਸਰਕਾਰੀ ਮਾਮਲਾ ਲਾਹੌਰ ਨੂੰ ਜਾ ਰਿਹਾ ਹੈ। ਇਹ ਗੱਲ ਸੰਮਤ ਬਿ: 1783 ਮੁਤਾਬਕ ਸੰਨ 1726 ਈ: ਦੀ ਹੈ। ਦੀਵਾਨ ਦਰਬਾਰਾ ਸਿੰਘ ਨੇ ਜਥਿਆਂ ਨੂੰ ਹੁਕਮ ਦਿੱਤਾ। ਨੌਜਵਾਨ ਕਪੂਰ ਸਿੰਘ ਦੀ ਅਗਵਾਈ ਵਿੱਚ ਸਿੰਘਾਂ ਨੇ ਸਾਰਾ ਖਜ਼ਾਨਾ ਸਰਕਾਰੀ ਅਹਿਦੀਆਂ ਤੋਂ ਕਾਨ੍ਹੇ ਕਾਛੇ ਕੋਲ ਮਾਰ ਕੇ ਖੋਹ ਲਿਆ ਅਤੇ ਸਰਕਾਰੀ ਕੁਮਕ ਦੇ ਪੁੱਜਣ ਤੋਂ ਪਹਿਲਾਂ ਸਿੰਘ ਸਾਂਦਲਬਾਰ ਜਾ ਵੜੇ।

ਕੁਛ ਚਿਰ ਪਿੱਛੋਂ ਸੂੰਹੇ ਨੇ ਖਬਰ ਦਿੱਤੀ ਕਿ ਮੁਲਤਾਨ ਤੋਂ ਚਾਰ ਲੱਖ ਰੁਪਿਆ ਦਿੱਲੀ ਨੂੰ ਜਾ ਰਿਹਾ ਹੈ। ਉਹ ਖਾਲਸੇ ਨੇ ਖੁਡੀਆਂ (ਜ਼ਿ: ਲਾਹੌਰ) ਕੋਲ ਜਾ ਲੁੱਟਿਆ ਤੇ ਸਰਕਾਰੀ ਮਦਦ ਦੇ ਆਵਣ ਤੋਂ ਪਹਿਲਾਂ ਹੀ ਸਿੰਘ ਰਾਵੀ ਦਿਆਂ ਝਲਾ ਵਿੱਚ ਜਾ ਵੜੇ।

ਜਾਅਫਰ ਖਾਂ ਸੋਨੇ ਚਾਂਦੀ ਦਾ ਸੌਦਾਗਰ ਦਿੱਲੀ ਨੂੰ ਮਾਲ ਲਈ ਜਾਂਦਾ ਸੀ। ਬਾਘ ਸਿੰਘ ਹਲੋਵਾਲਜੇ ਅਤੇ ਬੁੱਢਾ ਸਿੰਘ ਦੇ ਜਥੇ ਨੇ ਬਿਆਸਾ ਟੱਪਦੇ ਨੂੰ ਲੁਟਿਆ। ਸੰਨ 1727 ਈ: ਤੋਂ ਹੀ ਸੂਬਾ ਖਾਨ ਬਹਾਦਰ ਨੇ ਸਿੰਘਾਂ ਤੇ ਤੱਅਦੀ ਅਰੰਭ ਦਿੱਤੀ। ਸਿੰਘਾਂ ਦੇ ਸਿਰਾਂ ਦੇ ਇਨਾਮ ਰੱਖੇ, ਗਸ਼ਤੀ ਫੌਜਾਂ ਚਾਹੜੀਆਂ ਪਰ ਸੰਨ 1765 ਈ: (1822 ਬਿ:) ਤੱਕ ਕੋਈ ਪ੍ਰਬੰਧ ਨਾ ਹੋ ਸਕਿਆ। ਸਰਕਾਰੀ ਕਰੜਾਈਆਂ ਦੇ ਹੁੰਦਿਆਂ ਵੀ ਖਾਲਸਾ ਮਾਰੇ ਧਾੜੇ ਕਰੀ ਗਿਆ।

ਗੁਰਦਯਾਲ ਸਿੰਘ

ਇਹਨਾਂ ਨੇ ਗੁਰਦਵਾਰਾ ਚਮਕੌਰ ਸਾਹਿਬ ਦੀ ਸੇਵਾ ਕੀਤੀ। ਗੁਰਦਵਾਰਾ ਬਣ ਜਾਣ ਤੇ ਆਪ ਜੀ ਨੇ ਅਰਦਾਸ ਕੀਤੀ, "ਸਚਿਆ ਪਾਤਸ਼ਾਹ ਉਹੋ ਸੇਵਕ ਨੇ ਤੇਰੇ ਪਵਿੱਤਰ ਅਸਥਾਨ ਦੀ ਸੇਵਾ ਕੀਤੀ ਹੈ। ਤੇਰੇ ਇਸ ਸੇਵਕ ਦਾ ਸਰਬੰਸ ਨਾਸ ਹੋ ਜਾਵੇ।" ਸੰਗਤਾਂ ਨੇ ਪੁਛਿਆ; "ਇਹ ਮੰਗ ਕਿਉਂ ਮੰਗੀ, ਉੱਤਰ ਦਿੱਤਾ ਇਹ ਗੁਰਦਵਾਰਾ ਸਰਬਤ ਦਾ ਸਾਂਝਾ ਹੈ, ਹੋ ਸਕਦਾ ਹੈ ਮੇਰਾ ਕੋਈ ਵੰਸਜ ਪਿਛੋਂ ਜੰਮ ਪਵੇ ਜੋ ਆਖੇ ਗੁਰਦਵਾਰਾ ਸਾਡੇ ਵਡੇਰੇ ਨੇ ਬਣਾਇਆ ਸੀ, ਇਸ ਵਾਸਤੇ ਸਾਡਾ ਹੈ" ਸੋ ਜੇ ਸਰਬੰਸ ਨਾਸ ਹੋ ਜਾਵੇਗਾ ਤਾਂ ਕੋਈ ਮੇਰ ਜਮਾਨ ਵਾਲਾ ਨਾ ਰਹਿ ਜਾਵੇਗਾ—ਸਰਦਾਰ ਗੁਰਦਯਾਲ ਸਿੰਘ ਸੰਤਾਨਹੀਨ ਹੀ ਗਏ। ਆਪ ਦੀ ਜਾਗੀਰ ਬੇਲਾ ਨਾਮ ਦੀ ਅਤੇ ਜਾਇਦਾਦ ਕੰਧੋਲਾ ਮਨੌਲੀ ਆਦਿ ਦੇ ਸਿੰਘਪੁਰੀਆਂ ਸਰਦਾਰਾਂ ਵਿਚ ਵੰਡੀ ਗਈ—ਪੰਨ ਜਨਮ।

(ਵੇਖੋ ਕਰਮ ਸਿੰਘ ਹਿਸਟੋਰਯਨ ਸਮਪਾਦਤ ਬਹੁਮੁਲੇ ਇਤਿਹਾਸਕ ਲੇਖ ਪੰਨਾ 103)

(ਭਾਈ ਜੀਵਨ ਸਿੰਘ ਦੇ ਬੱਬ੍ਰਵੇ ਨੋਟ ਦੇ ਆਧਾਰ ਤੇ—ਸ਼ਾਇਦ ਇਹ ਕਾਲੋਂ ਦੇ ਵੰਸ਼ਜ ਹੋਵਨ)

- ਮਿਹਰਾ
  - ਮਹਾ ਨੰਦ
    - ਸੁਜਾਨਾ
      - ਮਤਾਬ
        - ਸਰਜਾ ਸਿੰਘ
          - ਕਪੂਰ ਸਿੰਘ
    - ਸਵਾਇਆ
      - ਬੁੱਧ ਸਿੰਘ
        - ਲੱਖਾ ਸਿੰਘ
    - ਅਰੂੜਾ
      - ਝੰਡਾ ਸਿੰਘ
        - ਵਸਾਖਾ ਸਿੰਘ
          - ਦਰਬਾਰਾ ਸਿੰਘ
      - ਗੰਡਾ ਸਿੰਘ
        - ਬਛੀ ਸਿੰਘ
          - ਮੁੰਦਰ ਸਿੰਘ
            - ਉਜਾਗਰ ਸਿੰਘ
            - ਵਰਯਾਮ ਸਿੰਘ
            - ਤੇਜਾ ਸਿੰਘ
          - ਬਹਾਦਰ ਸਿੰਘ
            - ਮਲੂਕ ਸਿੰਘ
  - ਲਾਲਾ ×
  - ਜਗਤਾ
    - ਮੀਹਾ ਮਲ
      - ਡੱਲਾ
      - ਨਾਥਾ
        - ਸੁਲੱਖਣ ਸਿੰਘ
          - ਵਸਾਵਾ ਸਿੰਘ
            - ਅੰਗਰੇਜ ਸਿੰਘ
              - ਬੰਤਾ ਸਿੰਘ
        - ਲਾਹਣਾ ਸਿੰਘ
          - ਤਾਰਾ ਸਿੰਘ
            - ਦਲੀਪ ਸਿੰਘ
          - ਬਲਕਾਰ ਸਿੰਘ
            - o
            - o
  - ਸੀਹਾਂ
    - ਧੰਨਾ
      - ਹਾਕਮ
        - ਉਧਮ ਸਿੰਘ
          - ਸ਼ਿੰਗਾਰਾ ਸਿੰਘ
            - ਗੁਰਬਚਨ ਸਿੰਘ
            - ਸੁਖਾ ਸਿੰਘ
              - ਬਸੰਤ ਸਿੰਘ
            - ਨਰੈਣ ਸਿੰਘ
          - ਸੰਗੀਰ ਸਿੰਘ
            - ਨਿਰੰਜਨ ਸਿੰਘ
          - ਵੀਰ ਸਿੰਘ ×

ਸਿੰਘ ਪੁਰੀਆਂ ਦੀ ਮਿਸਲ

ਸਿੰਘ ਪੁਰਾ ਨਿਵਾਸੀ ਸਿੰਘਾਂ ਦੀਆਂ ਬਾਰਾਂ ਮਿਸਲਾਂ ਵਿਚੋਂ ਇੱਕ ਮਿਸਲ ਜਿਸ ਮਿਸਲ ਦਾ ਮੁਖੀਆ ਨਵਾਬ ਕਪੂਰ ਸਿੰਘ ਵਿਰਕ ਜੱਟ ਚੌਧਰੀ ਦਲੀਪ ਸਿੰਘ ਦਾ ਪੁੱਤ੍ਰ, ਪ੍ਰਗਨਾ ਅੰਮ੍ਰਿਤਸਰ ਦੇ ਫ਼ੈਜ਼ਲਾਪੁਰ ਦ ਰਹਿਣ ਵਾਲਾ ਸੀ। ਇਹ ਨਗਰ ਫ਼ੈਜ਼ਲਾ ਖਾਨ ਨੇ ਆਬਾਦ ਕੀਤਾ ਸੀ। ਸਿੰਘਾਂ ਨੇ ਇਸ ਨੂੰ ਸੰਮਤ 1790 (1733 ਈ:) ਵਿਚ ਫਤੇ ਕਰਕੇ ਨਾਉਂ 'ਸਿੰਘ ਪੁਰਾ' ਰੱਖਿਆ। ਇਸੇ ਕਾਰਣ ਇਸ ਮਿਸਲ ਦੀ ਸੰਗਯਾ 'ਸਿੰਘ ਪੁਰੀਏ' ਪ੍ਰਸਿਧ ਹੋਈ। ਕਈ ਲੇਖਕਾਂ ਨੇ ਇਸ ਮਿਸਲ ਨੂੰ ਫੈਜ਼ਲਾ ਪੁਰੀਆਂ ਦੀ ਭੀ ਲਿਖਿਆ ਹੈ, ਅੰਬਾਲੇ ਜ਼ਿਲੇ ਦੇ ਸਰਦਾਰ, ਘਨੌਲੀ, ਬੂੰਗਾ ਕੰਧੋਲਾ, ਮਨੌਲੀ ਆਦਿ ਇਸੇ ਵਿਚੋਂ ਸਨ। (ਮਹਾਨ ਕੋਸ਼ ਪਹਿਲੀ ਛਾਪ ਪੰਨਾ 580)

ਆਹਲੂਵਾਲੀਆਂ ਦੀ ਮਿਸਲ

ਸਦਾ ਸਿੰਘ ਆਹਲੂ ਪਿੰਡ ਦਾ (ਜੋ ਲਾਹੌਰ ਤੋਂ ਪੰਜ ਕੋਹ ਪੂਰਬ ਵੱਲ ਹੈ) ਵਸਨੀਕ ਪ੍ਰਤਾਪੀ ਸਿੱਖ ਸੀ। ਉਸ ਨੇ ਇਹ ਮਿਸਲ ਕਾਇਮ ਕੀਤੀ ਸਦਾ ਸਿੰਘ ਦੇ ਵੰਸ਼ ਵਿਚ ਸੰਨ 1718 ਵਿੱਚ ਜੱਸਾ ਸਿੰਘ ਜਨਮਿਆ ਅਤੇ ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਨੂੰ ਵਰਦਾਨ ਦੇ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਗੁਰਜ ਬਖਸ਼ੀ (ਜੋ ਹੁਣ ਅਕਾਲ ਬੁੰਗੇ ਹੈ) ਜੱਸਾ ਸਿੰਘ ਨੇ ਇਸ ਮਿਸਲ ਦੀ ਬਹੁਤ ਉੱਨਤੀ ਕੀਤੀ। ਇਸ ਨੇ ਪਹਿਲੇ ਪਹਿਲ ਸੰਨ 1758 ਵਿਚ ਲਾਹੌਰ ਲੈ ਕੇ ਖਾਲਸਾ ਰਾਜ ਦੀ ਨੀਂਹ ਰੱਖੀ ਅਤੇ ਆਪਣਾ ਸਿੱਕਾ ਚਲਾਇਆ। ਹੁਣ ਰਿਆਸਤ ਕਪੂਰਥਲਾ ਇਸੇ ਮਿਸਲ ਵਿਚੋਂ ਹੈ। ਦੇਖੋਂ ਕਪੂਰਥਲਾ ਤੇ ਜੱਸਾ ਸਿੰਘ।

ਜੱਸਾ ਸਿੰਘ

ਆਹਲੂ ਦਾ ਵਸਨੀਕ ਬਦਰ ਸਿੰਘ ਦਾ ਪੁੱਤ੍ਰ ਜੋ ਸੰਨ: ਈ 1718 ਵਿਚ ਪੈਦਾ ਹੋਇਆ। ਇਹ ਨਵਾਬ ਕਪੂਰ ਸਿੰਘ ਦੀ ਸੰਗਤ ਕਰਕੇ ਕਰਨੀ ਵਾਲਾ ਸਿੰਘ ਹੋਇਆ। ਆਹਲੂਵਾਲੀਆ ਮਿਸਲ ਦੀ ਇਸ ਨੂੰ ਜਾਨ ਕਹਿਣਾ ਚਾਹੀਏ। ਮਾਤਾ ਸੁੰਦਰੀ ਜੀ ਨੇ ਇਸ ਨੂੰ ਆਸ਼ੀਰਵਾਦ ਦੇ ਕੇ ਇਕ ਗੁਰਜ ਬਖਸ਼ੀ ਸੀ। ਪੰਥ ਵਿੱਚ ਇਸ ਦਾ ਭਾਰੀ ਮਾਨ ਸੀ। ਪਟਿਆਲਾ ਪਤਿ ਰਾਜਾ ਅਮਰ ਸਿੰਘ ਨੇ ਜੱਸਾ ਸਿੰਘ ਤੋਂ ਅੰਮ੍ਰਿਤ ਛਕਿਆ ਸੀ। ਇਸ ਯੋਧੇ ਨੇ ਸੰਨ 174੪ ਵਿਚ ਅੰਮ੍ਰਿਤਸਰ ਦੇ ਹਾਕਮ ਸਲਾਬਤ ਖਾਨ ਨੂੰ ਕਤਲ ਕਰਕੇ ਬਹੁਤ ਇਲਾਕਾ ਆਪਣੇ ਕਬਜੇ ਕੀਤਾ ਅਤੇ ਸੰਨ 1749 ਵਿਚ ਸਾਹਿਨਿਵਾਜ ਨੂੰ ਮੁਲਤਾਨੋਂ ਖਾਰਜ ਕਰਨ ਲਈ, ਦੀਵਾਨ ਕੌੜਾ ਮਲ ਨੂੰ ਭਾਰੀ ਸਹਾਇਤਾ ਦਿੱਤੀ ਸੀ। ਸੰਨ 1753 ਵਿੱਚ ਜਲੰਧਰ ਦੇ ਹਾਕਮ ਅਦੀਨਾ ਬੇਗ ਨੂੰ ਜਿੱਤ ਕੇ ਫਤੇਹਬਾਦ ਪਰਗਣੇ ਪੁਰ ਕਬਜਾ ਕੀਤਾ। ਅਹਿਮਦ ਸ਼ਾਹ ਦੁਰਾਨੀ ਦੇ ਗੁਲਾਮ ਬਨਾਉਣ ਲਈ ਫੜੇ ਹਿੰਦੂ ਮਰਦ ਔਰਤਾਂ ਨੂੰ ਛੁਡਾ ਕੇ ਇਸ ਨੇ ਬੰਦੀ ਛੋੜ ਪੱਦਵੀ ਪ੍ਰਾਪਤ ਕੀਤੀ। ਇਸ ਨੇ ਵੱਡੇ ਘਲੂਘਾਰੇ ਵਿਚ ਵੱਡੀ ਵੀਰਤਾ ਵਿਖਾਈ। 22 ਜ਼ਖਮ ਖਾ ਕੇ ਵੀ ਹੌਸਲੇ ਨਾਲ ਲੜਦਾ ਰਿਹਾ। ਸੰਨ 1774 ਵਿਚ ਇਸੇ ਨੂੰ ਕਪੂਰਥਲਾ ਲੈ ਕੇ ਆਪਣੀ ਰਾਜਧਾਨੀ ਕਾਇਮ ਕੀਤੀ ਅਤੇ ਆਪਣਾ ਸਿੱਕਾ ਚਲਾਇਆ। ਧਰਮਵੀਰ ਜੱਸਾ ਸਿੰਘ ਨਿਰਮਾਨ, ਦਾਨੀ, ਦੇਸ਼ ਹਿਤੈਸ਼ੀ ਅਤੇ ਵੱਡਾ ਸਦਾਚਾਰੀ ਸੀ। ਇਸ ਦਾ ਦਿਹਾਂਤ ਸੰਮਤ 1840 (ਸੰਨ 1783) ਵਿੱਚ ਅੰਮ੍ਰਿਤਸਰ ਹੋਇਆ। ਸਮਾਧੀ ਬਾਬਾ ਅਟਲ ਜੀ ਦੇ ਦੇਹਰੇ ਪਾਸ ਹੈ।

ਕਪੂਰ ਸਿੰਘ ਨਵਾਬ

ਸੰਮਤ 1790 (ਸੰਨ 1733 ਈ:) ਵਿੱਚ ਸੂਬਾ ਲਾਹੌਰ ਨੇ ਸਬੇਗ ਸਿੰਘ ਵਕੀਲ ਦੀ ਰਾਹੀਂ ਨਵਾਬੀ ਖਿਤਾਬ ਇੱਕ ਲੱਖ ਦੀ ਜਾਗੀਰ ਅਤੇ ਵੱਡਮੁੱਲ ਖਿਲਅਤ ਅੰਮ੍ਰਿਤਸਰ ਖਾਲਸੇ ਨੂੰ ਭੇਜਿਆ, ਤਾਂ ਕਿ ਪ੍ਰਸਪਰ ਮੇਲ ਹੋ ਜਾਵੇ, ਪਰ ਜ਼ਾਲਮਾਂ ਦੀ ਬਖਸ਼ਿਸ਼ ਕਿਸੇ ਸਿੰਘ ਨੇ ਲੈਣੀ ਪਸੰਦ ਨਾ ਕੀਤੀ। ਸਬੇਗ ਸਿੰਘ ਦੇ ਬਾਰ ਬਾਰ ਕਹਿਣ ਤੋਂ ਪੰਥ ਨੇ ਕਪੂਰ ਸਿੰਘ ਵਿਰਕ ਜੱਟ ਫ਼ੈਜ਼ੁਪੁਰੀਏ ਨੂੰ, ਜੋ ਉਸ ਵੇਲੇ ਦੀਵਾਨ ਵਿੱਚ ਪੱਖਾ ਕਰ ਰਿਹਾ ਸੀ, ਨਵਾਬ ਪਦਵੀ ਦਿੱਤੀ। ਇਹ ਧਰਮ ਵੀਰ ਪੰਥ ਦੀ ਵੱਡੀ ਸੇਵਾ ਕਰਦਾ ਰਿਹਾ ਅਤੇ ਕਰਣੀ ਵਾਲੇ ਸਿੰਘਾਂ ਵਿੱਚ ਇਸਦੀ ਗਿਣਤੀ ਹੋਈ। ਕਪੂਰ ਸਿੰਘ ਦਾ ਦੇਹਾਂਤ ਸੰਮਤ 1811 (ਸੰਨ 1753) ਵਿੱਚ ਅੰਮ੍ਰਿਤਸਰ ਹੋਇਆ, ਸੰਸਕਾਰ ਬਾਬਾ ਅਟਲ ਜੀ ਦੇ ਦੇਹਰੇ ਪਾਸ ਕੀਤਾ ਗਿਆ।

ਕਪੂਰਥਲਾ

ਬਦਰ ਸਿੰਘ, ਨਵਾਬ ਕਪੂਰ ਸਿੰਘ ਫੈਜ਼ੁਲਾਪੁਰੀਆ ਮਿਸਲ ਦੇ ਜਥੇਦਾਰ ਦਾ ਚਾਟੜਾ ਹੋਇਆ। ਬਦਰ ਸਿੰਘ ਦੇ ਘਰ ਕੁਲ ਦੀਪਕ ਜੱਸਾ ਸਿੰਘ ਸੰਨ 1718 ਵਿੱਚ ਜਨਮਿਆ। ਅੱਜੇ ਜੱਸਾ ਸਿੰਘ ਪੰਜ ਵਰ੍ਹੇ ਦਾ ਹੀ ਸੀ ਕਿ ਬਦਰ ਸਿੰਘ ਦਾ ਦੇਹਾਂਤ ਹੋ ਗਿਆ। ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਨੂੰ ਉਸਦੀ ਮਾਤਾ ਸਮੇਤ ਆਪਣੇ ਪਾਸ ਰੱਖ ਕੇ ਪਿਆਰ ਨਾਲ ਪਾਲਿਆ। ਮਾਤਾ ਜੀ ਨੇ ਜੱਸਾ ਸਿੰਘ ਨੂੰ ਅਸ਼ੀਰਵਾਦ ਦੇ ਕੇ ਇਕ ਗੁਰਜ ਬਖਸ਼ੀ ਅਤੇ ਸਿੱਖਿਆ ਲਈ ਨਵਾਬ ਕਪੂਰ ਸਿੰਘ ਦੇ ਸਪੁਰਦ ਕੀਤਾ। ਨਵਾਬ ਜੱਸਾ ਸਿੰਘ ਨੂੰ ਆਪਣਾ ਪੁੱਤ੍ਰ ਜਾਣਕੇ ਧਰਮ ਅਤੇ ਸਸਤ੍ਰ ਵਿਦਿਆ ਦੀ ਸਿੱਖਿਆ ਦਿੱਤੀ। ਧਰਮਵੀਰ ਕਪੂਰ ਸਿੰਘ ਨੇ ਆਪਣੇ ਦੇਹਾਂਤ ਵੇਲੇ, ਜੱਸਾ ਸਿੰਘ ਨੂੰ ਕਲਗੀਧਰ ਦੀ ਤਲਵਾਰ ਦਿੱਤੀ। ਇਹ ਅਮੋਲ ਸ਼ਸਤ੍ਰ ਹੁਣ ਰਿਆਸਤ ਦੇ ਤੋਸ਼ਖਾਨੇ ਵਿੱਚ ਰੱਖਿਆ ਹੋਇਆ ਹੈ।

ਸ੍ਰੀ ਚਰਣਹਰਿ ਵਿਸਥਾਰ ਪੁਸਤਕ ਵਿਚੋਂ ਹਵਾਲੇ

ਪੰਨਾ 14 ਲਖਪਤ ਰਾਏ ਦੀ ਥਾਂ ਦੀਵਾਨ ਕੌੜਾ ਮਲ ਵਜ਼ੀਰ (ਦੀਵਾਨ) ਨਿਯਤ ਹਏ। ਇਹ ਵਾਕਿਆ ਸੰਨ 1747 ਈ: ਦੇ ਸ਼ੁਰੂ ਦਾ ਹੈ।

ਪੰਨਾ 17 ਸਿੱਖਾਂ ਨੂੰ ਸਾਹ ਕੱਢਣ ਦਾ ਵਕਫਾ ਵਰ੍ਹੇ ਤੋਂ ਵੀ ਘੱਟ ਮਿਲਿਆ, ਪਰ ਇਸ ਅਰਸੇ ਵਿੱਚ ਬਹੁਤ ਸਾਰਾ ਕੰਮ ਸੁਧਰ ਗਿਆ। ਆਪਸ ਦੇ ਖੁਲੇ ਮੇਲ ਜੋਲ ਤੇ ਮਿਲਾਪ ਨੇ ਕਈ ਗੱਲਾਂ ਤੈਹ ਕਰ ਦਿੱਤੀਆਂ। ਅਜੇ ਸਿੱਖਾਂ ਦੀ ਕੋਈ ਕੇਂਦਰੀ ਜਥੇਬੰਦੀ ਨਹੀਂ ਸੀ। ਸਾਰੀ ਕੌਮ ਦਾ ਇਕ ਜਥੇਦਾਰ ਨਹੀਂ ਸੀ, 65 ਦੇ ਕਰੀਬ ਵੱਖੋ ਵੱਖ ਟੋਲੀਆਂ ਬਣੀਆਂ ਹੋਈਆਂ ਸਨ ਤੇ ਇਹ ਦਿਨ-ਬ-ਦਿਨ ਹੋਰ ਵਧ ਰਹੀਆਂ ਸਨ।

ਪੰਨਾ 18 (ਪੈਰਾ 2) 65 ਜਥੇਦਾਰੀਆਂ ਨੂੰ ਭੰਨ ਕੇ ਯਾਰਾਂ ਵਿੱਚ ਕਰ ਦੇਣਾ, ਇਹ ਕੋਈ ਇੱਕ ਦਿਨ ਜਾਂ ਇੱਕ ਗੁਰਮਤੇ ਦਾ ਕੰਮ ਨਹੀਂ ਸੀ। ਏਸ ਵਿਚ ਸਾਰੇ ਸਿਆਣਿਆਂ ਦੀ ਅਕਲ ਤੇ ਨੀਤੀ ਖਰਚ ਹੋਈ। ਆਉਂਦੀ ਵੈਸਾਖੀ ਨੂੰ ਪੰਥ ਦੀ ਇਹ ਬਣਤਰ ਮੁਕੰਮਲ ਹੋ ਗਈ। ਜੱਸਾ ਸਿੰਘ ਆਹਲੂਵਾਲੀਆ ਸਾਰੇ ਦਲ ਖਾਲਸੇ ਦਾ ਕੇਂਦਰੀ ਜਥੇਦਾਰ ਸਥਾਪਤ ਕੀਤਾ ਗਿਆ।

(ਪੈਰਾ 3) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿੱਛੋਂ ਖਾਲਸੇ ਦਾ ਲੀਡਰ ਬਾਬਾ ਬੰਦਾ ਬਹਾਦਰ ਹੋਇਆ ਹੈ ਤੇ ਉਸ ਤੋਂ ਬਾਦ ਜਿਸ ਪੁਰਸ਼ ਨੇ ਕੌਮ ਦੀ ਵਾਂਗ ਡੋਰ ਕੇਂਦਰੀ ਤੌਰ ਉੱਤੇ ਜੰਗੀ ਸਰੂਪ ਵਿਚ ਆਪਣੇ ਹੱਥ ਲਈ ਉਹ ਜੱਸਾ ਸਿੰਘ ਆਹਲੂਵਾਲੀਆ ਸੀ। ਸਿੱਖ ਕੌਮ ਦੀ ਤਵਾਰੀਖ ਵਿੱਚ ਇਹ ਇੱਕ ਅਜੀਬ ਮੌਕਿਆਂ ਸੀ। ਬਾਬੇ ਬੰਦੇ ਦੇ ਪਿੱਛੋਂ ਅੱਜ ਬੱਤੀ ਵਰ੍ਹੇ ਦੇ ਬਾਦ ਮੁੜ ਕੌਮ ਨੂੰ ਲੀਡਰ ਮਿਲਿਆ ਜਿਸ ਦੇ ਅੱਖ ਦੇ ਇਸ਼ਾਰੇ ਉੱਤੇ ਹਰ ਇੱਕ ਸਿੱਖ ਆਪਣੀ ਜਾਨ ਵਾਰਨੀ ਫੱਖਰ ਸਮਝਦਾ ਸੀ। ਇਨ੍ਹਾਂ ਦਿਨਾਂ ਵਿੱਚ ਜੱਟ ਤੇ ਅਜੱਟ ਦਾ ਕੋਈ ਸਵਾਲ ਨਹੀਂ ਸੀ। ਕਾਬਲੀਯਤ ਦਾ ਮੁੱਲ ਸੀ। ਸਾਰੇ ਜੱਟ ਸਰਦਾਰਾਂ ਨੇ ਇੱਕ ਕਲਾਲ ਦੇ ਅੱਗੇ ਸਿਰ ਨਿਵਾ ਦਿੱਤਾ।

(ਪੈਰਾ 5) ਜੱਸਾ ਸਿੰਘ ਤੋਂ ਪਹਿਲੇ ਸਿੱਖਾਂ ਦੇ ਇੱਕ ਕੇਂਦਰੀ ਲੀਡਰ ਨਵਾਬ ਕਪੂਰ ਸਿੰਘ ਦਾ ਜਿਕਰ ਹੈ। ਪਰ ਇਹ ਸੁਪਨ ਮਾਤ੍ਰ ਸੀ। ਨਵਾਬ ਸਾਹਿਬ ਦੀ ਜਥੇਦਾਰੀ ਨਾ ਤਾਂ ਕਿਸੇ ਲੋਕ ਚੋਣ ਦੇ ਅਸੂਲ ਅਨੁਸਾਰ ਸੀ ਤੇ ਨਾ ਹੀ ਕਿਸੇ ਪਿਛਲੇ ਲੀਡਰ ਤੋਂ ਸੌਂਪਣਾ ਦੀ ਸ਼ਕਲ ਵਿੱਚ ਸੀ। ਇਹ ਨਵਾਬੀ ਮੁਗਲਾਂ ਦੀ ਚਾਲ ਦਾ ਇੱਕ ਨਤੀਜਾ ਸੀ। ਤ੍ਵਾਰੀਖ ਵਿੱਚ..

ਇਸ ਸਿਲਸਿਲੇ ਵਿੱਚ ਲਾਹੌਰ ਦੇ ਹਾਕਮਾਂ ਨੇ ਸੁਬੇਗ ਸਿੰਘ ਨੂੰ ਆਪ ਏਲਚੀ ਬਣਾ ਕੇ ਸਿੰਘਾਂ ਵੱਲ ਘੱਲਿਆ ਕਿ ਉਹ ਕਿਸੇ ਨੂੰ ਜਾ ਕੇ ਲੀਡਰ ਬਣਵਾਏ।

(ਪੰਨਾ 19) ਸੁਬੇਗ ਸਿੰਘ ਜਿਸ ਵੇਲੇ ਅੰਮ੍ਰਿਤਸਰ ਪਹੁੰਚਾ ਤਾਂ ਕੁੱਛ ਸਿੱਖ ਦੀਵਾਨ ਵਿਚ ਬੈਠੇ ਸ਼ਬਦ ਪੜ੍ਹ ਰਹੇ ਸਨ, ਪਰ ਬਹੁਤੇ ਸਾਰੇ ਹੋਰ ਛੋਟੇ ਮੋਟੇ ਫਾਲਤੂ ਕੰਮਾਂ ਵਿੱਚ ਲੱਗੇ ਹੋਏ ਸਨ, ਕੁੱਛ ਸੁਖਾ ਘੋਟ ਰਹੇ ਸਨ ਤੇ ਕੁੱਛ ਮਹਾਂ ਪ੍ਰਸ਼ਾਦ ਦੀ ਦੇਗ ਤਿਆਰ ਕਰ ਰਹੇ ਸਨ।

ਨਿਹੰਗ ਸਿੰਘ ਛਣੀ ਹੋਈ ਭੰਗ ਦੇ ਫੋਕੇ ਨੂਗਦੇ ਫਰਜੀ ਦੁਸ਼ਮਣਾਂ ਦੇ ਸਿਰਾਂ ਉੱਤੇ ਨਿਸ਼ਾਨੇ ਬਣਾ ਕੇ ਮਾਰ ਰਹੇ ਸਨ। ਤੁਰਕਾਂ ਵਲੋਂ ਆਈ ਖਿਲਅਤ ਤੇ ਜਾਗੀਰ ਦੇ ਖਿਆਲ ਨੂੰ ਕਿਸੇ ਪਸੰਦ ਨਾ ਕੀਤਾ ਤੇ ਇਸਦਾ ਤ੍ਰਿਸਕਾਰ ਕੀਤਾ।

(ਤੀਸਰਾ ਪੈਰਾ) ਸੁਬੇਗ ਸਿੰਘ ਦੀ ਅਕਲ ਬੜੀ ਤੀਖਣ ਸੀ। ਉਸ ਨੇ ਇਹ ਸਲਾਹ ਦਿੱਤੀ ਕਿ ਵਾਕਈ ਇਹ ਨਵਾਬੀ ਤੁਹਾਡੇ ਕਿਸੇ ਸਰਦਾਰ ਦੇ ਲਾਇਕ ਨਹੀਂ ਪਰ ਘਰ ਆਈ ਚੀਜ਼ ਦਾ ਤ੍ਰਿਸਕਾਰ ਨੀਤੀ ਵਿਰੁਧ ਹੁੰਦਾ ਹੈ। ਇਸ ਕਰਕੇ ਤੁਸੀਂ ਇਸ ਨਵਾਬੀ ਨੂੰ ਕਿਸੇ ਆਪਣੇ ਟਹਿਲੂਏ ਨੂੰ ਦੇ ਦੇਵੋ। ਇਸ ਵੇਲੇ ਸਾਰੇ ਸਰਦਾਰ ਆਪਣੇ ਨਿਸਲਪੁਣੇ ਦੀ ਢਿੱਲ ਵਿੱਚ ਬੈਠੇ ਸਨ।

ਕਪੂਰ ਸਿੰਘ ਪੱਖਾ ਝੱਲ ਰਿਹਾ ਸੀ। ਇੱਕ ਸਰਦਾਰ ਨੇ ਕਪੂਰ ਸਿੰਘ ਵੱਲ ਇਸ਼ਾਰਾ ਕੀਤਾ। ਦੂਜੇ ਨੇ ਹੁੰਗੁਰਾ ਭਰਿਆ, ਤੀਜੇ ਨੇ ਤੁਕ ਪੜ੍ਹੀ "ਟਹਲ ਮਹਲ ਤਾਕਉ ਮਿਲੈ ਜਾਂ ਕਉ ਸਾਧ ਕ੍ਰਿਪਾਲ।" ਇਸ ਤੁਕ ਦਾ ਅਸਰ ਜਾਦੂ ਵਾਂਕੁਣ ਹੋਇਆ। ਸਾਰਿਆਂ ਨੇ ਇਸ ਨੂੰ ਅਕਾਸ਼ਬਾਣੀ ਜਾਤਾਂ। ਸਾਰੇ ਜਣੇ ਇਕ ਦਮ ਕਪੂਰ ਸਿੰਘ ਨੂੰ ਨਵਾਬੀ ਦੀ ਖਿਲਅਤ ਦੇਣ ਲਈ ਮੁਤਫਿਕ ਹੋ ਗਏ।

ਪੰਨਾ 20 ਕਪੂਰ ਸਿੰਘ ਤਕੜਾ ਜੁਆਨ ਸੀ। ਇਹ ਵਿਰਕ ਜੱਟ ਤੋਂ ਸਿੰਘ ਸਜਿਆ ਸੀ। ਹੁਣੇ ਹੀ ਇੱਕ ਲੜਾਈ ਵਿਚ ਜ਼ਖਮ ਖਾ ਕੇ ਆਇਆ ਸੀ, ਜ਼ਖਮ ਮੱਥੇ ਦਾ ਸੀ। ਏਸ ਜਖਮ ਨਾਲ ਮੱਥੇ ਉੱਪਰ ਗਰੀਬੀ ਦੀ ਲਿਖੀ ਲਕੀਰ ਸਜਰੀ ਹੀ ਮਿਟੀ ਸੀ ਤੇ ਝਟ ਨਵਾਬੀ ਦੀ ਖਿਲਅਤ ਮਿਲ ਗਈ।

(ਪੈਰਾ ਦੂਜਾ) ਐਸ ਵੇਲੇ ਦੀ ਨਵਾਬੀ ਇੱਕ ਸੁਖੇ ਦੇ ਭੱਟੇ ਦੀ ਨਿਸਲਤਾ ਵਿਚ ਬੈਠਿਆਂ ਹੋਇਆਂ, ਇੱਕ ਸਿੱਖ ਦੀ ਤੀਖਣ ਪ੍ਰੇਰਨਾ ਦਵਾਰਾ ਸੰਜੋਗ ਵਸ਼ ਕਰਮ ਸੀ।

(ਪੈਰਾ ਚੌਥਾ) ਪਰ ਨਵਾਬ ਸਾਹਿਬ ਏਸ ਮੁਗਲਈ ਖਿਲਅਤ ਹੇਠ ਕਾਹਲੇ ਹੀ ਪੈਂਦੇ ਰਹੇ ਹਨ ਤੇ ਰੋਜ਼ ਏਸ ਮੌਕੇ ਦੀ ਤਾੜ ਵਿਚ ਰਹਿੰਦੇ ਸਨ ਕਿ ਕਿਵੇਂ ਇਹ ਭਾਰ ਉਹਨਾਂ ਦੇ ਮੋਢਿਆ ਤੋਂ ਚੁੱਕ ਲੀਤਾ ਜਾਵੇ। ਨਵਾਬ ਕਪੂਰ ਸਿੰਘ ਇੱਕ ਬੜਾ ਵਿਦਵਾਨ ਪੁਰਸ਼ ਸੀ। ਜਿਤਨੀ ਵਿੱਦਿਆ

ਇਸ ਦੇ ਅੰਦਰ ਸੀ ਉਤਨਾ ਹੀ ਇਹ ਜ਼ਿਆਦਾ ਨਿਰਮਾਣ ਹੋ ਕੇ ਖਾਲਸੇ ਦਾ ਟਹਿਲੂਆਂ ਬਣ ਕੇ ਰਹਿੰਦਾ ਸੀ ਅਤੇ ਪੜ੍ਹਨ ਲਈ ਇਸ ਕੋਲ ਕੋਈ ਨਾ ਕੋਈ ਸ਼ਾਗਿਰਦ ਮੌਜੂਦ ਰਹਿੰਦਾ ਸੀ। ਜੱਸਾ ਸਿੰਘ ਆਹਲੂਵਾਲੀਆ ਵੀ ਇੱਕ ਸ਼ਾਗਿਰਦ ਸੀ। ਜਿਸ ਨੂੰ ਉਹਨਾਂ ਹਰ ਪ੍ਰਕਾਰ ਦੀ ਵਿਦਿਆ ਸਿਖਾਈ ਸੀ। ਜੱਸਾ ਸਿੰਘ ਪੁਸਤਕਾਂ ਦੀ ਵਿਦਿਆ ਅਤੇ ਸ਼ਸਤ੍ਰ ਵਿਦਿਆ ਵਿੱਚ ਇਤਨਾ ਜਲਦੀ ਸੁਸਿਖਸ਼ਤ ਹੋ ਗਿਆ ਸੀ ਕਿ ਨਵਾਬ ਸਾਹਿਬ ਇਸ ਦੇ ਮੋਢਿਆਂ ਉੱਪਰ ਕੇਂਦਰੀ ਜਥੇਦਾਰੀ ਦਾ ਬੋਝ ਸੁਟਣ ਲਈ ਸਖਤ ਕਾਹਲੇ ਪੈ ਗਏ। ਜੋ ਗੱਲ ਕਿਸੇ ਹੋਰ ਸ਼ਕਲ ਵਿਚ ਤੇ ਕੌਮ ਦੇ ਆਪਣੇ ਚੋਣ ਅਧਿਕਾਰ ਹੇਠ ਜਲਦੀ ਹੀ ਸਿਰੇ ਚੜ੍ਹ ਗਈ।

☆☆☆☆

ਭਾਈ ਜੀਵਨ ਸਿੰਘ ਜੀ ਦਾ ਕਥਨ ਹੈ :—

ਬਾਬਾ ਪ੍ਰੇਮ ਸਿੰਘ ਜੀ ਨੇ ਕਪੂਰ ਸਿੰਘ ਦਾ ਜਨਮ ਸੰਮਤ 1754 ਬਿ: (1697 ਈ:) ਲਿਖਿਆ ਹੈ ਅਤੇ ਦਸਵੇਂ ਗੁਰੂ ਸਾਹਿਬ 1765 ਬਿ: (1708 ਈ:) ਨੂੰ ਜੋਤੀ ਜੋਤ ਸਮਾਏ। ਤਦ ਕਪੂਰ ਸਿੰਘ ਜੀ ਯਾਰਾਂ (11) ਸਾਲਾ ਦੇ ਅਤੇ ਚੌ: ਦਲੀਪ ਸਿੰਘ ਭਰ ਜਵਾਨ ਸਨ ਤੇ ਦਸਮੇਸ਼ ਦੇ ਜੋਤੀ ਜੋਤ ਸਮਾਨ ਤੋਂ 7 ਸਾਲ ਬਾਅਦ ਚਲਾਣੇ ਕੀਤੇ। ਉਹਨਾਂ ਦੇ ਜੀਵਨ ਕਾਲ ਵਿਚ ਹੀ ਕਪੂਰ ਸਿੰਘ ਜੀ ਨੇ ਦਸਮੇਸ਼ ਪਾਤਸ਼ਾਹਾਂ ਦੇ ਹੱਥੋਂ ਅੰਮ੍ਰਿਤ ਛਕਿਆ।

ਆਪਣੀ ਕ੍ਰਿਤ ਤੇਗ ਖਾਲਸਾ ਵਿਚ ਪੰਨਾ 218 ਮਿਸਲ ਫੈਜ਼ੁਲਾਪੁਰੀਆਂ ਥੱਲੇ ਨੋਟ ਵਿੱਚ ਲਿਖਿਆ ਹੈ ਕਿ ਸੰਮਤ 1772 ਬਿ: (1715 ਈ: ਤਦ ਕਪੂਰ ਸਿੰਘ 18 ਸਾਲ ਦੇ ਸਨ) ਤੋਂ 1817 ਬਿ: (1760 ਈ:) ਤੱਕ ਜੋ ਪੰਥ ਦੇ ਵੱਡੇ ਕੰਮ ਲਿਖੇ ਹਨ ਸਭਨਾਂ ਦਾ ਮੁਹਰੀ ਨਵਾਬ ਕਪੂਰ ਸਿੰਘ ਹੀ ਸੀ। ਇਸ ਸੂਰਬੀਰ ਧਰਮੀ ਪੁਰਸ਼ ਨੇ, ਖਾਲਸਾ ਕੌਮ ਦੀ ਤਾਕਤ ਨੂੰ ਬਹੁਤ ਵਧਾਇਆ। ਭਾਵੇਂ ਇਸ ਦੀ ਨਵਾਬੀ (ਜਥੇਦਾਰੀ) ਦੇ ਵੇਲੇ ਪੰਥ ਤੇ ਬੜੀਆਂ ਬੜੀਆਂ ਮੁਸੀਬਤਾ ਆਈਆਂ। ਪਰ ਇਸ ਦੇ ਹੌਂਸਲੇ, ਕੌਮੀ ਜੋਸ਼ ਅਤੇ ਕਰਨੀ ਨੇ ਪੰਥ ਨੂੰ ਦਿਨੋ ਦਿਨ ਵਾਧੇ ਵਿੱਚ ਰਖਿਆ—ਸਗੋਂ ਪਿੰਡਾਂ ਦੇ ਪਿੰਡ ਕਪੂਰ ਸਿੰਘ ਜੀ ਖਾਸੋਂ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ। ਲੋਕ, ਨਵਾਬ ਕਪੂਰ ਸਿੰਘ ਜੀ ਪਾਸੋਂ ਅੰਮ੍ਰਿਤ ਛਕਣਾ ਫਖਰ ਸਮਝਦੇ ਸਨ।

ਕਪੂਰ ਸਿੰਘ ਜੀ ਨਵਾਬੀ ਮਿਲਣ ਤੋਂ ਪਹਿਲਾਂ ਆਪਣੇ ਇਲਾਕੇ ਵਿਰਕ ਤੱਪੇ (ਸਾਂਦਲਬਾਰ) ਦੇ ਜਥੇਦਾਰ ਸਨ। ਅੱਜ ਕਲ ਦੇ ਇਤਿਹਾਸਕਾਰ ਮਨ ਮਰਜੀ ਦੇ ਲਫ਼ਜ (ਸ਼ਬਦ) ਵਰਤਦੇ ਹਨ। ਕੋਈ ਕਹਿੰਦਾ ਹੈ ਕਿ ਜਦ ਸਬੇਗ ਸਿੰਘ ਨਵਾਬੀ ਦੀ ਖਿਲਅਤ, ਖਿਤਾਬ ਤੇ ਜਾਗੀਰ ਦਾ ਪਟਾ ਲੈ ਕੇ ਆਇਆ ਤਾਂ ਪੰਥ ਨਵਾਬੀ ਲੈਣ ਤੋਂ ਇਨਕਾਰੀ ਹੋ ਗਿਆ ਤਾਂ ਸਬੇਗ ਸਿੰਘ ਨੇ ਕਿਹਾ ਜੇ ਪੰਥ ਨਵਾਬੀ ਨਹੀਂ ਲੈਣੀ ਚਾਹੁੰਦਾ ਤਾਂ ਕਿਸੇ ਟਹਿਲੀਏ ਨੂੰ ਹੀ ਦੇ ਛਡੋ। ਤਦੋਂ ਕਪੂਰ ਸਿੰਘ ਘੋੜਿਆਂ ਦੀ ਲਿਦ ਸੁੱਟਦਾ ਹੁੰਦਾ ਸੀ, ਸਾਰਿਆਂ ਕਿਹਾ ਉਸ ਨੂੰ ਨਵਾਬੀ ਦੇ ਛੱਡੋ ਤਾਂ ਨਵਾਬੀ ਦੀ ਖਿਲਅਤ ਅਤੇ ਖਿਤਾਬ ਕਪੂਰ ਸਿੰਘ ਜੀ ਨੂੰ ਮਿਲਿਆ।

(1) ਭਲਾ ਜੇ ਵਿਚਾਰ ਖਾਤਰ ਅਸੀਂ ਇਸ ਢਕੋਂਸਲੇ ਨੂੰ ਮੰਨ ਵੀ ਲਈਏ ਤਾਂ ਜੇ ਕਰ ਪੰਥ ਤਾਂ ਨਵਾਬੀ ਨਹੀਂ ਸੀ ਕਬੂਲਦਾ ਤੇ ਕਪੂਰ ਸਿੰਘ ਨੂੰ ਟਹਿਲੀਆ ਹੋਣ ਕਰਕੇ ਦੇ ਦਿੱਤੀ ਗਈ ਤਾਂ ਲਿਖਾਰੀ ਸਾਹਿਬ ਤੋਂ ਪੁੱਛਿਆ ਜਾ ਸਕਦਾ ਹੈ ਕੀ ਕਪੂਰ ਸਿੰਘ ਜੀ ਟਹਿਲੀਯਾ ਹੋਣ ਕਾਰਣ ਪੰਥ ਵਿਚੋਂ ਛੇਕੇ ਹੋਏ ਸਨ ਕਿ ਤਨਖਾਹੀਏ ਕਰਾਰ ਦਿੱਤੇ ਹੋਏ ਸਨ?

(2) ਜੇ ਵਿਚਾਰ ਖਾਤਰ ਲਿਖਾਰੀ ਸਾਹਿਬ ਦਾ ਇਹ ਕਥਨ ਮੰਨ ਲਈਏ ਕਿ ਕਪੂਰ ਸਿੰਘ ਜੀ ਘੋੜਿਆਂ ਦੀ ਲਿੱਦ ਸੁੱਟਣ ਕਰ ਕੇ ਪੰਥ ਤੋਂ ਬਾਹਰ ਸਨ ਤਾਂ ਬੇਨਤੀ ਹੈ ਕਿ ਪੰਥ ਵਿਚ ਬਹੁਗਿਣਤੀ ਜੱਟਾਂ ਦੀ ਹੀ ਸੀ, ਤੇ ਹਰ ਇੱਕ ਜੱਟ ਦੇ ਘਰ ਡੰਗਰ ਢੋਰ ਹੁੰਦੇ ਹਨ ਤਾਂ ਦੱਸੋ ਕਿਹੜਾ ਜੱਟ ਦਾ ਪੁੱਤ੍ਰ ਹੈ ਜਿਹੜਾ ਗੋਹਾ ਨਹੀਂ ਸੁੱਟਦਾ ਜਾਂ ਅਰੂੜੀ ਚੁੱਕ ਕੇ ਖੇਤਾਂ ਵਿੱਚ ਨਹੀਂ ਪਾਂਦਾ ਤੇ ਜੇ ਪਾਂਦੇ ਸਨ, ਤਾਂ ਉਹ ਸਾਰੇ ਜੱਟ ਪੰਥ ਤੋਂ ਬਾਹਰ ਹੋਣੇ ਚਾਹੀਦੇ ਸਨ।

---

1. ਵੇਖੋ ਸੰਤ ਸਿਪਾਹੀ ਦਸੰਬਰ 1964।

ਮੈਂ ਭਗਵੰਤ ਸਿੰਘ 'ਆਜ਼ਾਦ' ਗੁਰਮਤਿ ਅਤੇ ਸਿੱਖ ਧਰਮ ਵਿਚ ਸੇਵਾ ਦੇ ਸੰਕਲਪ ਦੀ ਕੁਝ ਵਿਆਖਿਆ ਕਰਦਾ ਹੋਇਆ ਇਸ ਦੀ ਉੱਚਤਾ ਅਤੇ ਮਹਾਨਤਾ ਨੂੰ ਇਤਿਹਾਸਕ ਤੱਥਾਂ ਦੇ ਆਧਾਰ ਤੇ ਪੇਸ਼ ਕਰਦਾ ਹਾਂ। ਪਾਠਕ ਸੱਜਣ ਹਿਸਾਬ ਲਾਉਣ ਕਿ ਕਪੂਰ ਸਿੰਘ ਨੂੰ ਹਕੀਰ ਸਮਝ ਕੇ ਇਹ ਖ਼ਿਤਾਬ ਉਸ ਤੇ ਸੁੱਟਿਆ ਗਿਆ ਕਿ ਸਾਰੇ ਸਿੱਖ ਜਗਤ ਨੇ ਕੇਵਲ ਉਸ ਨੂੰ ਹੀ ਉਸ ਦੇ ਗੁਣਾਂ ਦੇ ਬਲਬੂਤੇ ਇਸ ਦੇ ਯੋਗ ਸਮਝਿਆ ਗਿਆ ?

ਨਾਲੇ ਫਿਰ ਤਬੇਲੇ ਦੀ ਸਫ਼ਾਈ, ਸਿੰਘਾਂ ਦੇ ਨਿਵਾਸ ਸਥਾਨ ਦੀ ਸਫ਼ਾਈ, ਲੰਗਰ ਤਿਆਰ ਕਰਨਾ, ਬਰਤਨਾਂ ਦੀ ਸਫਾਈ, ਪੱਖਾ ਝੱਲਣਾ, ਜਲ ਦੀ ਸੇਵਾ ਆਦਿ-2 ਕੰਮਾਂ ਵਿਚ ਗੁਰਮਤਿ ਅਨੁਸਾਰ ਸ਼ਰਧਾ ਭਾਵਨਾ ਨੂੰ ਮਹਾਨਤਾ ਹੈ ਨਾ ਕਿ ਹਕੀਰਤਾ ਨੂੰ। ਇਹੋ ਜਿਹੇ ਲਿਖਾਰੀ ਹੋਸ਼ ਕਰਣ। ਸੇਵਾ ਤਾਂ ਗੁਰਮਤਿ ਦੀ ਜਿੰਦ ਜਾਨ ਵੀ ਹੈ, ਮਾਨ ਵੀ ਹੈ ਅਤੇ ਸ਼ਾਨ ਵੀ ਹੈ। ਹੇਠਾਂ ਪੜ੍ਹੋ ਮੇਰੀ ਪੁਸਤਕ 'ਸਿੱਖੀ ਮੰਜ਼ਲਾ' ਦੇ ਅਖੀਰਲੇ ਪੰਨਿਆਂ ਵਾਲੇ ਵਿਚਾਰ : —

ਗੁਰਮਤਿ ਅਤੇ ਸਿੱਖ ਧਰਮ ਵਿਚ ਸੇਵਾ ਦੇ ਸੰਕਲਪ ਦੀ ਮਹਾਨਤਾ

ਜੋ ਜੋ ਮਨੁੱਖ ਬੱਚਾ ਇਸਤਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਉਨ੍ਹਾਂ ਦੇ ਚੇਲੇ ਬਣਦੇ ਗਏ ਭਾਵ ਉਹਨਾਂ ਦੀ ਸਿੱਖਿਆ ਤੇ ਅਮਲ ਕਰ ਕੇ ਮਨੁੱਖਾਂ ਅਤੇ ਗੁਰੂ ਘਰ ਦੀ ਸੇਵਾ ਕਰਦੇ, ਉਹ ਸਿਖ ਅਖਵਾਉਂਦੇ ਗਏ। ਇਸ ਤਰ੍ਹਾਂ ਸਿਧਾਂਤਕ ਤੌਰ ਤੇ ਸਰਬਤ ਮਾਨਵਤਾ ਦਾ ਸਾਂਝਾ ਸਿਧਾਂਤ ਗੁਰੂ ਘਰ ਵਿੱਚ ਅਮਲੀ ਰੂਪ ਵਿੱਚ ਅਪਣਾਇਆ ਹੋਇਆ ਹੈ ਤੇ ਫਿਰ ਵੱਡੀ ਸਿਫਤ ਇਹ ਹੈ ਕਿ ਭਾਵੇਂ ਕਿਸੇ ਵੀ ਧਰਮ ਦੇ ਮਨੁੱਖ, ਇਸਤ੍ਰੀ, ਬੱਚੇ ਨੇ ਇਸ ਘਰ ਦੀ ਇੱਕ ਮਨ ਹੋ, ਇੱਕ ਚਿੱਤ ਸੇਵਾ ਕੀਤੀ ਹੈ ਉਸੇ ਦੀ ਹੀ ਪ੍ਰਵਾਨ ਹੋਈ ਹੈ. ਉਸੇ ਨੂੰ ਭਰਪੂਰ ਫਲ ਪ੍ਰਾਪਤ ਹੋਇਆ ਹੈ ਜਿਵੇਂ ਸੱਜਦ ਭੀਖਣ ਸ਼ਾਹ, ਪੀਰ ਬੁੱਧੂ ਸ਼ਾਹ, ਮੱਖਣ ਸ਼ਾਹ ਲੁਬਾਣਾ, ਮੀਆਂ ਮੀਰ, ਮਲੇਰਕੋਟਲੇ ਦੇ ਹਾਕਮ, ਭਾਈ ਬਿਧੀ ਚੰਦ, ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਗੁਰਦਾਸ ਜੀ ਗਿਣੇ ਨਹੀਂ ਜਾ ਸਕਦੇ। ਹੋਰ ਤੇ ਹੋਰ, ਦੋ ਗੁਰੂ ਸਾਹਿਬਾਨ···ਦੂਜੀ ਪਾਤਸ਼ਾਹੀ, ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਸੇਵਾ ਦੀ ਬਰਕਤ ਨਾਲ ਹੀ ਗੁਰੂ ਗੱਦੀ ਦੀ ਬਖਸ਼ਿਸ਼ ਹੋਈ। ਸਿਖ ਧਰਮ ਦੀ ਇਹ ਨੀਂਹ ਹੈ, ਜਿੰਦ ਜਾਨ ਹੈ, ਮਾਨ ਹੈ, ਕਿਉਂ ਜੋ :—

ਏਥੇ ਮੈਂ ਦੇ ਮੂੰਹ ਤੇ ਪੈਂਦੀਆਂ ਨੇ ਅਤੇ ਤੂੰ ਨੂੰ ਸੀਸ ਨਿਵਾਈਦਾ ਏ।
ਏਥੇ ਸਿੱਖਿਆ ਦੇ ਮੋਤੀ ਬਰਸਦੇ ਨੇ, ਨੀਵੇਂ ਹੋਈਏ ਤੇ ਉੱਚਾ ਅਖਵਾਈਦਾ ਏ।

ਸੇਵਾ ਦੀ ਏਨੀ ਵਡਿਆਈ ਕਰ ਕੇ ਮੇਰੇ ਦਿਲੋਂ ਇਹ ਕਵਿੱਤਾ ਉਭਰੀ ਹੈ :

ਵੱਖੋ ਵੱਖ ਜਹਾਨ ਤੇ ਬ੍ਰਿਛ ਹੁੰਦੇ, ਲਾਉਂਦਾ ਕੋਈ ਤੇ, ਫਲ ਕੋਈ ਖਾਂਵਦਾ ਏ।
ਪਿਤਾ ਪਾਲਦਾ ਪੁੱਤ ਉਹਦਾ ਫ਼ਲ ਖਾਂਦਾ, ਪੁੱਤਰ ਵਿਰਲਾ ਅਹਿਸਾਨ ਕੋਈ ਜਾਣਦਾ ਏ।

ਪਰ ਬ੍ਰਿਛ ਸੇਵਾ ਦੇ ਦਾ ਫਲ ਬਹੁ-ਮੁੱਲੜਾ ਤੇ, ਲਾਉਂਦਾ ਜੋ ਸੋਈ ਫਲ ਖਾਂਵਦਾ ਏ।
ਪੂਰਬ ਸੇਵਾ ਦਾ ਬ੍ਰਿਥਾ ਕਦੇ ਜਾਂਵਦਾ ਨਹੀਂ, ਮੇਵਾ ਸੇਵਾ ਦਾ ਹਰ ਕੋਈ ਪਾਂਵਦਾ ਏ।

ਸੇਵਾ ਸਬਰ ਸੰਤੋਖ ਨਾਲ ਕਰੇ ਜੋ ਵੀ, ਮਾਨ ਜਗਤ ਦ ਵਿੱਚ ਉਹ ਪਾਂਵਦਾ ਏ।
ਜੇ ਕਰ ਨਹੀਂ ਯਕੀਨ ਤਾਂ ਪੁੱਛ ਵੀ ਲਓ, ਕਿਉਂ ਜਗਤ ਗੁਣ ਲਹਿਣੇ ਦੇ ਗਾਂਵਦਾ ਏ।

ਰੇਠੇ ਕੌੜਿਆਂ ਤੋਂ ਮਿੱਠੇ ਹੋਏ ਪਿੱਛੋਂ, ਨਾਨਕ ਦਿਲ 'ਚੋਂ ਕੌੜ ਮਿਟਾਈ ਪਹਿਲਾਂ।
ਮੁਰਦਾ ਛਕਣ ਲਈ ਫੇਰ ਤਰਭੌਤ ਬਣਿਆ, ਤ੍ਰਿਸ਼ਣਾਂ ਮਨ ਦੀ ਹੈ ਸੀ ਬੁਝਾਈ ਪਹਿਲਾਂ।

ਫੇਰ ਤਾਜ ਗੁਰਿਆਈ ਦਾ ਸੀਸ ਬੱਧਾ, ਗਾਗਰ ਸੀਸ ਦੇ ਉਤੇ ਟਿਕਾਈ ਪਹਿਲਾਂ।
ਫੇਰ ਮਿਲੀ ਗੁਰਗੱਦੀ ਬਿਰਾਜਣੇ ਲਈ, ਚਰਨਾਂ ਵਿਚ ਸਮਾਧੀ ਲਗਾਈ ਪਹਿਲਾਂ।

ਲਹਿਣੇ ਲਿਆ ਲਹਿਣਾ ਲਹਿਣੇਦਾਰ ਬਣ ਕੇ, ਦੇਣਦਾਰ ਜਦ ਦਿਲੋਂ ਪ੍ਰਸੰਨ ਹੋਇਆ।
ਚਾਨਣ ਸੇਵਾ ਦਾ ਤਾਰੇ ਨੂੰ ਮਿਲ ਗਿਆ ਜਦ, ਅੰਗਦ ਗੁਰੂ ਜੀ ਪੂੰਨਿਆ ਦਾ ਚੰਨ ਹੋਇਆ।

ਫੇਰ ਬਣਦਾ ਗੁਲਾਬ ਸਰਤਾਜ ਬਾਗੀਂ, ਸੇਜ ਕੰਡਿਆਂ ਸੰਗ ਵਿਛਾਏ ਪਹਿਲਾਂ।
ਫੇਰ ਮਾਲਣ ਦੀ ਗੋਦ ਵਿਚ ਲੈ ਲੋਰੀ, ਟਹਿਣੀ ਮਾਂ ਦਾ ਹੰਝੂ ਡਿਗਾਏ ਪਹਿਲਾਂ।

ਫੇਰ ਕਿਸੇ ਦੇ ਗਲੇ ਦਾ ਹਾਰ ਬਣਦਾ, ਸੀਨੇ ਸੂਈ ਨਾਲ ਛੇਕ ਕਰਾਏ ਪਹਿਲਾਂ।
ਥੱਲੇ ਟੱਕਰੀਆਂ ਦਿਲੋਂ ਪ੍ਰਸੰਨ ਦਿੱਸਣ, ਦਿਲ ਸੇਵਾ ਵਿਚ ਜਿਨ੍ਹਾਂ ਨੇ ਲਾਏ ਪਹਿਲਾਂ।

ਰੀਝ ਦਿਲ ਦੀ ਕੋਈ ਵੀ ਨਖੁੱਟਦੀ ਨਹੀਂ, ਦਿਲ ਦੀ ਨੀਤ ਵਿੱਚ ਜੇ ਕਰ ਨ ਖੋਟ ਹੋਵੇ।
ਕੱਚੇ ਬੁੱਧੂ ਦੇ ਪੱਕਿਆਂ ਦੇ ਭਾ ਵਿਕਦੇ, ਦਿਲ ਵਿਚ ਸ਼ਰਧਾ ਦੀ ਨਾ ਜੇ ਤੋਟ ਹੋਵੇ।

ਦਿਲਾਂ ਸੱਚਿਆਂ ਦੀ ਸੇਵਾ ਅਮਰ ਹੁੰਦੀ, ਲੱਗੀ ਤਾਰ ਪ੍ਰੇਮ ਦੀ ਟੁੱਟਦੀ ਨਹੀਂ।
ਭਾਵੇਂ ਝੱਖੜ ਹਨੇਰੀਆਂ ਲੱਖ ਆਵਣ, ਦਿਲੋਂ ਜੋਤ ਨਰਿੰਜਨੀ ਮੁੱਕਦੀ ਨਹੀਂ।

ਡਿੱਗਣ ਖੱਡੀਆਂ ਵਿੱਚ ਚਾਹੇ ਮੂਹਦੜੇ ਮੂੰਹ, ਤਾਂ ਵੀ ਸੀਸ ਉਤੋਂ ਗਾਗਰ ਛੁੱਟਦੀ ਨਹੀਂ।
ਓਦੋਂ ਅਮਰੂ ਨਿਥਾਵਾਂ ਚਾਹੇ ਆਖਦੇ ਸਨ,ਅੱਜ ਤਾਂ ਦਿਲਾਂ ਚੋਂ ਵੀ ਓਹਦੀ ਥਾਂ ਮੁੱਕਦੀ ਨਹੀਂ!

ਮਨ ਨੀਵਾਂ ਤੇ ਮੱਤ ਉਹਦੀ ਹੋਈ ਉੱਚੀ, ਜਿਸ ਤਾਈਂ ਵੀ ਪੱਟੀ ਪੜ੍ਹਾਈ ਸੇਵਾ।
ਉਹਨੂੰ ਲੈ ਗਈ ਪਿਤਾ ਦੀ ਗੋਦ ਅੰਦਰ, ਜਿਸ਼ ਅੰਨ੍ਹੇ ਨੂੰ ਵੀ ਉਂਗਲੀ ਲਾਈ ਸੇਵਾ।

ਘਰ ਨਾਨਕ ਦਾ ਭਰੇ ਖਜ਼ਾਨਿਆਂ ਦਾ, ਮਨ ਭਾਉਂਦੀਆਂ ਇੱਛਾਂ ਪੁਜਾਉ ਸਜਨੋਂ।
ਇਸ ਮਾਲੀ ਦੀ ਖਿੜੀ ਗੁਲਜ਼ਾਰ ਰਹਿੰਦੀ, ਚੁਣ ਚੁਣ ਮਿੱਠੇ ਫਲ ਖਾਓ ਸਜਨੋਂ।

ਇਹ ਤਾਂ ਰੀਝਦਾ ਏ ਲਾਲੋ ਦੇ ਕੋਧਰੇ ਤੇ, ਦੇ ਕੇ ਨਿਮਰਤਾ ਤੁਸੀਂ ਰੀਝਾਉ ਸਜਨੋਂ।
ਹੱਥ ਕਾਰ ਵੱਲੇ, ਚਿੱਤ ਯਾਰ ਵੱਲੇ, ਮੁੱਖੋਂ ਵਾਹਿਗੁਰੂ ਵਾਹਿਗੁਰੂ ਗਾਉ ਸਜਨੋਂ।

ਕਰਦੇ ਜਾਓ ਅਰਦਾਸ ਕਰਤਾਰ ਅੱਗੇ, "ਸਾਰੇ ਕਾਰਜਾਂ ਦਾ ਏਂ ਕਰਨਹਾਰ ਆਪੇ।
ਸਾਰਾ ਤੇਰਾ ਹੀ ਇਹ ਬਾਗ਼ ਪ੍ਰਵਾਰ ਲੱਗਾ, ਰਖੀਂ ਇਹਨਾਂ ਦੀ ਖਿੜੀ ਗੁਲਜ਼ਾਰ ਆਪੇ।

ਇਸ ਤਰ੍ਹਾਂ ਇਹ ਘਰ, ਇਹ ਦਰ, ਇਹ ਦਰਬਾਰ, ਨਿਓਟੀਆਂ ਦੀ ਓਟ, ਨਿਆਸਰਿਆਂ ਦਾ ਆਸਰਾ, ਨਿਥਾਂਵਿਆਂ ਦੀ ਥਾਂ, ਨਿਪੱਤਿਆ ਦੀ ਪੱਤ, ਨਿਗੱਤਿਆਂ ਦੀ ਗੱਤ, ਨਿਤਾਣਿਆਂ ਦਾ ਤਾਨ, ਨਿਮਾਣਿਆਂ ਦਾ ਮਾਨ, ਫਕੀਰਾਂ ਦਾ ਸ਼ਾਹ, ਸ਼ਾਹਾਂ ਦਾ ਫਕੀਰ, ਪੁੱਤਰਾਂ ਦਾ ਪਿਉ, ਪਿਉਆਂ ਦਾ ਪੁੱਤਰ, ਵੀਰਾਂ ਦਾ ਵੀਰ, ਭੈਣਾਂ ਦਾ ਵੀਰ, ਵੀਰਾਂ ਦੀ ਭੈਣ, ਤਿਆਗੀਆਂ 'ਚ ਤਿਆਗੀ, ਅਨੁਰਾਗੀਆਂ 'ਚ ਅਨੁਰਾਗੀ ਅਰਥਾਤ ਸਭ ਕਿਸੇ ਦਾ ਸਭ ਕੁੱਝ ਤੇ ਹਰ ਕਿਸੇ ਦਾ ਹਰ ਕੁੱਝ ਹੈ ਅਤੇ ਆਪਣੇ ਆਪ ਵਿੱਚ ਇੱਕ ਪੂਰੇ ਦਾ ਪੂਰਾ ਮੁਕੰਮਲ ਸੰਸਾਰ ਹੈ।

ਖੈਰ ਚਲੋ ਛੱਡੋ ਇਹਨਾਂ ਬਹੁਤੀਆਂ ਬਾਤਾਂ ਨੂੰ ਤੇ
ਟੁਰਦੇ ਜਾਓ ਹੇਠਾਂ ਟੱਕਰੀ,
ਰੱਖ ਕੇ ਤੇ ਨਜ਼ਰਾਂ ਨੀਵੀਆਂ।
ਵੇਖੀ ਜਾਉ ਆਪਣੇ ਰਾਹ ਵੱਲ,
ਅੰਦਰ ਦੀ ਅੱਖ ਪਰ ਖੋਲ੍ਹ ਕੇ।

ਇਕ ਚਿੱਤ ਹੋ, ਚਿੱਤ ਵਿੱਚ ਹੋ,
ਆਪਣੇ ਹੀ ਲੂੰ ਲੂੰ ਵਿੱਚ ਹੋ,
ਆਪਣੀ ਹੀ ਹਰ ਇੱਕ ਰਮਜ਼ ਵਿੱਚ,
ਆਪੋ ਹੀ ਆਪਣੀ ਸਮਝ ਵਿੱਚ।

ਸੁਰਤੀ ਟਿਕਾ ਕੇ ਆਪਣੀ,
ਛੱਡ ਕੇ ਤੇ ਚੇਟਕ ਚੰਦਰੇ,
ਵੇਖੀ ਜਾਓ ਵੇਖਣ ਵਾਲਿਉ।

ਉਸ ਪਾਤਸ਼ਾਹਾਂ ਦੇ ਪਾਤਸ਼ਾਹ,
ਉਸ ਸ਼ਹਿਨਸ਼ਾਹਾਂ ਦੇ ਸ਼ਾਹ ਵੱਲ।

ਏਥੇ ਦੀਦਾਰੇ ਓਸ ਦੇ
ਏਥੇ ਨਜ਼ਾਰੇ ਓਸ ਦੇ
ਸਾਰੇ ਦੇ ਸਾਰੇ ਓਸਦੇ

ਜੋ, ਮੇਰਾ ਵੀ ਏ, ਤੇਰਾ ਵੀ ਏ,
ਇਹਦਾ ਵੀ ਏ, ਉਹਦਾ ਵੀ ਏ,
ਕਿਸੇ ਹੋਰ ਦਾ, ਹਰ ਹੋਰ ਦਾ
...ਸਾਰ ਦਾ, ਸਰਮੌਰ ਦਾ।
...ਚੇਰਾ ਦਮਕਿਆ ਏ,
...ਰ ਦਿੱਸਿਆ ਏ

ਉਹਦਾ ਹੀ ਨੂਰ ਦਿੱਸਿਆ ਏ,
ਉੱਤੇ ਜੋ ਤੂਰ ਦਿੱਸਿਆ ਏ
ਸੰਸਾਰ ਦੀਆਂ ਸਰਗਰਮੀਆਂ
ਉਹਦਾ ਸਰੂਰ ਦਿੱਸਿਆ ਏ)

ਵੇਖ ਬਣੇ ਸਰਦਾਰ ਹੋਏ,
ਜੋ ਸਨ ਬੜੇ ਖਵਾਰ ਹੋਏ।
ਆਏ ਜਾਂ ਸੇਵਾ ਵਿੱਚ, ਜੋ
ਹੈ ਸਨ ਵਿਚਾਰੇ ਓਸਦੇ।
ਮਿੱਤਰ ਪਿਆਰੇ ਓਸਦੇ।

ਤੇ ਫਿਰ

ਸੰਸਾਰ ਦੇ ਇਤਿਹਾਸ ਵਿਚ,
ਲਿਖਿਆ ਏ ਮੋਟੇ ਅਖਰੀਂ
ਓ ਸੋਹਣਿਓ। ਓ ਪੰਨਿਓ !!
ਓ ਹੀਰਿਓ। ਓ ਲਾਲਣੋਂ !!

"ਇਹ ਹੀ ਤਾਂ ਉਹ ਦਰਬਾਰ ਏ
ਜੋ ਦੁਨੀਆਂ 'ਚ ਦਾਅਵੇਦਾਰ ਏ
ਇਸ ਗੱਲ ਦਾ। ਇਸ ਵੱਲ ਦਾ।
ਖਿਣ ਖਿਣ ਦਾ। ਇੱਕ ਇੱਕ ਪਲ ਦਾ।

ਕਿ
ਆਉਂਦਾ ਰਿਹਾ ਜੋ ਏਸ ਵੱਲ,
ਉਸ ਵੱਲ ਇਹ ਜਾਂਦਾ ਰਿਹਾ ਏ
ਆਇਆ ਜੋ ਕਦਮ ਇਕ ਕੋਈ
ਸੌ ਸੌ ਟਿਕਾਂਦਾ ਰਿਹਾ ਏ।"

ਜਿਵੇਂ
ਲਾਲੋ ਦਾ ਸੇਵਾਦਾਰ ਇਹ।
ਲਹਿਣੇ ਨੂੰ ਦੇਣਾ ਦੇਂਵਦਾ ਏ।
ਅਗੋਂ ਦੀ ਉੱਠ ਕੇ, ਆ ਕੇ,
ਵੇਸਵਾ ਦਰ ਜਾ ਕੇ,
ਰਾਤਾਂ ਉਨੀਂਦਾ ਗਹ ਕੇ,
ਜੰਗੇ ਲਈ ਪਹਿਰੇਦਾਰ ਇਹ।

ਤੇ ਫਿਰ
ਪੁੱਤਰ ਪਿਆਰੇ ਵਾਰ ਕੇ,
ਅੱਖਾਂ ਦੇ ਤਾਰੇ ਵਾਰ ਕੇ,
ਬੁੱਢੜੀ ਜਿਹੀ ਮਾਤਾ ਤੋਰ ਕੇ,
ਜੀਵਨ ਦੇ ਸਾਥੀ ਛੋੜ ਕੇ,

ਨਾ ਬਾਜ ਦੀ, ਨਾ ਤਾਜ ਦੀ,
ਨਾ ਲਾਲਸਾ ਕੋਈ ਰਾਜ ਦੀ।
ਸੂਲਾਂ ਤੇ ਵੀ, ਕੰਡਿਆਂ ਤੇ ਵੀ,
ਮੈਦਾਨ ਵਿਚ, ਘਮਸਾਨ ਵਿਚ।
ਰੱਖੀ ਤਾਂ ਰੱਖੀ ਇਕ ਬੱਸ,
ਮੇਰੀ ਅਮਾਨਤ ਸਾਂਭ ਕੇ।

(ਜੋ ਅਮਾਨਤ ਸੀ ਉਹ ਸੱਭ ਨੂੰ ਪਤਾ ਹੀ ਏ, ਹੁਣ ਫਿਰ ਦੱਸਦਿਆਂ ਮੈਨੂੰ ਸੰਗ ਆਉਂਦੀ ਏ—ਬੇਦਾਅਵਾ)

ਓਸੇ ਨੂੰ ਲੈ ਕੇ ਆਪ ਉਹ

ਮੇਰੇ ਸ਼ਾਹਾਂ ਕੇ ਪਹੁੰਚਿਆ,
ਅਗੋਂ ਦੀ ਮੈਨੂੰ ਮਿਲ ਪਿਆ।
ਮਾਘੀ ਦਿਵਸ ਨੂੰ ਢਾਬ ਤੇ,
ਬਾਹਾਂ ਵਧਾ ਕੇ ਆਪਣੀ।
ਗੋਦੀ ਬਿਠਾ ਕੇ ਆਪਣੀ,
ਸਭੇ ਭੁਲਾ ਕੇ ਪਿਛਲੀਆਂ।

ਠਾਰਨ ਲਈ ਸੀਨਾ ਆਪਣਾ,
ਤਾਰਨ ਲਈ ਮੈਨੂੰ ਸਾਗਰੋਂ।
ਕੱਢੇ ਹੰਡੋਰੇ ਦਿਲ ਦੇ,
ਸੁੱਟੇ ਨਿਹੋਰੇ ਦਿਲ ਦੇ।
ਸਾਨੂੰ ਭੁੱਲਿਆਂ ਨੂੰ, ਭੁੱਲਿਆਂ ਨੂੰ,
ਚੁੱਕ ਚੁੱਕ ਕੇ ਤੇ।
ਚੁੰਮ ਚੁੰਮ ਕੇ ਤੇ,
ਸੀਨੇ ਨਾਲ ਲਾਂਦਾ ਰਿਹਾ ਉਹ।
ਠੰਡੜੀ ਜਿਹੀ ਪਾਂਦਾ ਰਿਹਾ ਉਹ,
ਸਾਨੂੰ ਸੀ ਮੁਕਤੇ ਕਰ ਦਿੱਤਾ,
ਉਹ ਥਾਂ ਮੁਕਤਸਰ ਕਰ ਦਿੱਤਾ।

ਤੇ ਇਹ ਸਭ ਕੁੱਝ ਵਿਚਾਰ ਕੇ
ਦੱਸੋ ਹੁਣ ਦੱਸਣ ਵਾਲਿਓ,
ਸੌਦਾ ਖਰਾ ਕਿ ਖੋਟਾ ਏ?
ਕੋਈ ਹਿਸਾਬੀ ਬੋਲ ਪਏ,
ਇਸ ਵਿਚ ਨਫਾ ਕਿ ਟੋਟਾ ਏ?

ਇਸ ਲਈ ਜ਼ਿੰਦਗੀ ਦੀਆਂ ਘੜੀਆਂ ਨਾ ਗਵਾਓ ਤੇ ਛੇਤੀ ਕਰੋ ਅੜੇ,

ਫੇਰ ਕਿਸੇ ਦੇ ਗਲੇ ਦਾ ਹਾਰ ਬਣਦਾ, ਸੀਨੇ ਸੂਈ ਨਾਲ ਛੇਕ ਕਰਾਏ ਪਹਿਲਾਂ।
ਥੱਲੇ ਟੋਕਰੀਆਂ ਦਿਲੋਂ ਪ੍ਰਸੰਨ ਦਿੱਸਣ, ਦਿਲ ਸੇਵਾ ਵਿਚ ਜਿਨ੍ਹਾਂ ਨੇ ਲਾਏ ਪਹਿਲਾਂ।

ਰੀਝ ਦਿਲ ਦੀ ਕੋਈ ਵੀ ਨਖੁੱਟਦੀ ਨਹੀਂ, ਦਿਲ ਦੀ ਨੀਤ ਵਿੱਚ ਜੇ ਕਰ ਨ ਖੋਟ ਹੋਵੇ।
ਕੱਚੇ ਬੁੱਧੂ ਦੇ ਪੱਕਿਆਂ ਦੇ ਭਾ ਵਿਕਦੇ, ਦਿਲ ਵਿਚ ਸ਼ਰਧਾ ਦੀ ਨਾ ਜੇ ਤੋਟ ਹੋਵੇ।

ਦਿਲਾਂ ਸੱਚਿਆਂ ਦੀ ਸੇਵਾ ਅਮਰ ਹੁੰਦੀ, ਲੱਗੀ ਤਾਰ ਪ੍ਰੇਮ ਦੀ ਟੁੱਟਦੀ ਨਹੀਂ।
ਭਾਵੇਂ ਝੱਖੜ ਹਨੇਰੀਆਂ ਲੱਖ ਆਵਣ, ਦਿਲੋਂ ਜੋਤ ਨਿਰੰਜਨੀ ਮੁੱਕਦੀ ਨਹੀਂ।

ਡਿੱਗਣ ਖੱਡੀਆਂ ਵਿੱਚ ਚਾਹੇ ਮੂਹਦੜੇ ਮੂੰਹ, ਤਾਂ ਵੀ ਸੀਸ ਉਤੋਂ ਗਾਗਰ ਛੁੱਟਦੀ ਨਹੀਂ।
ਓਦੋਂ ਅਮਰੂ ਨਿਥਾਵਾਂ ਚਾਹੇ ਆਖਦੇ ਸਨ,ਅੱਜ ਤਾਂ ਦਿਲਾਂ ਚੋਂ ਵੀ ਓਹਦੀ ਥਾਂ ਮੁੱਕਦੀ ਨਹੀਂ!

ਮਨ ਨੀਵਾਂ ਤੇ ਮੱਤ ਉਹਦੀ ਹੋਈ ਉੱਚੀ, ਜਿਸ ਤਾਈਂ ਵੀ ਪੱਟੀ ਪੜ੍ਹਾਈ ਸੇਵਾ।
ਉਹਨੂੰ ਲੈ ਗਈ ਪਿਤਾ ਦੀ ਗੋਦ ਅੰਦਰ, ਜਿਸ਼ ਅੰਨ੍ਹੇ ਨੂੰ ਵੀ ਉਂਗਲੀ ਲਾਈ ਸੇਵਾ।

ਘਰ ਨਾਨਕ ਦਾ ਭਰੇ ਖਜ਼ਾਨਿਆਂ ਦਾ, ਮਨ ਭਾਉਂਦੀਆਂ ਇੱਛਾਂ ਪੁਜਾਉ ਸਜਨੋਂ।
ਇਸ ਮਾਲੀ ਦੀ ਖਿੜੀ ਗੁਲਜ਼ਾਰ ਰਹਿੰਦੀ, ਚੁਣ ਚੁਣ ਮਿੱਠੇ ਫਲ ਖਾਓ ਸਜਨੋਂ।

ਇਹ ਤਾਂ ਰੀਝਦਾ ਏ ਲਾਲੋ ਦੇ ਕੋਧਰੇ ਤੇ, ਦੇ ਕੇ ਨਿਮਰਤਾ ਤੁਸੀਂ ਰੀਝਾਉ ਸਜਨੋਂ।
ਹੱਥ ਕਾਰ ਵੱਲੇ, ਚਿੱਤ ਯਾਰ ਵੱਲੇ, ਮੁੱਖੋਂ ਵਾਹਿਗੁਰੂ ਵਾਹਿਗੁਰੂ ਗਾਉ ਸਜਨੋਂ।

ਕਰਦੇ ਜਾਓ ਅਰਦਾਸ ਕਰਤਾਰ ਅੱਗੇ, "ਸਾਰੇ ਕਾਰਜਾਂ ਦਾ ਏਂ ਕਰਨਹਾਰ ਆਪੇ।
ਸਾਰਾ ਤੇਰਾ ਹੀ ਇਹ ਬਾਗ਼ ਪ੍ਰਵਾਰ ਲੱਗਾ, ਰਖੀਂ ਇਹਨਾਂ ਦੀ ਖਿੜੀ ਗੁਲਜ਼ਾਰ ਆਪੇ।

ਇਸ ਤਰ੍ਹਾਂ ਇਹ ਘਰ, ਇਹ ਦਰ, ਇਹ ਦਰਬਾਰ, ਨਿਓਟੀਆਂ ਦੀ ਓਟ, ਨਿਆਸਰਿਆਂ ਦਾ ਆਸਰਾ, ਨਿਥਾਂਵਿਆਂ ਦੀ ਥਾਂ, ਨਿਪੱਤਿਆ ਦੀ ਪੱਤ, ਨਿਗੱਤਿਆਂ ਦੀ ਗੱਤ, ਨਿਤਾਣਿਆਂ ਦਾ ਤਾਨ, ਨਿਮਾਣਿਆਂ ਦਾ ਮਾਨ, ਫਕੀਰਾਂ ਦਾ ਸ਼ਾਹ, ਸ਼ਾਹਾਂ ਦਾ ਫਕੀਰ, ਪੁੱਤਰਾਂ ਦਾ ਪਿਉ, ਪਿਉਆਂ ਦਾ ਪੁੱਤਰ, ਵੀਰਾਂ ਦਾ ਵੀਰ, ਭੈਣਾਂ ਦਾ ਵੀਰ, ਵੀਰਾਂ ਦੀ ਭੈਣ, ਤਿਆਗੀਆਂ 'ਚ ਤਿਆਗੀ, ਅਨੁਰਾਗੀਆਂ 'ਚ ਅਨੁਰਾਗੀ ਅਰਥਾਤ ਸਭ ਕਿਸੇ ਦਾ ਸਭ ਕੁੱਝ ਤੇ ਹਰ ਕਿਸੇ ਦਾ ਹਰ ਕੁੱਝ ਹੈ ਅਤੇ ਆਪਣੇ ਆਪ ਵਿੱਚ ਇੱਕ ਪੂਰੇ ਦਾ ਪੂਰਾ ਮੁਕੰਮਲ ਸੰਸਾਰ ਹੈ।

ਖੈਰ ਚਲੋ ਛੱਡੋ ਇਹਨਾਂ ਬਹੁਤੀਆਂ ਬਾਤਾਂ ਨੂੰ ਤੇ
ਟੁਰਦੇ ਜਾਓ ਹੇਠਾਂ ਟੋਕਰੀ,
ਰੱਖ ਕੇ ਤੇ ਨਜ਼ਰਾਂ ਨੀਵੀਆਂ।
ਵੇਖੀ ਜਾਉ ਆਪਣੇ ਰਾਹ ਵੱਲ,
ਅੰਦਰ ਦੀ ਅੱਖ ਪਰ ਖੋਲ੍ਹ ਕੇ।

ਇਕ ਚਿੱਤ ਹੋ, ਚਿੱਤ ਵਿੱਚ ਹੋ,
ਆਪਣੇ ਹੀ ਲੂੰ ਲੂੰ ਵਿੱਚ ਹੋ,
ਆਪਣੀ ਹੀ ਹਰ ਇੱਕ ਰਮਜ਼ ਵਿੱਚ,
ਆਪੋ ਹੀ ਆਪਣੀ ਸਮਝ ਵਿੱਚ।

ਸੁਰਤੀ ਟਿਕਾ ਕੇ ਆਪਣੀ,
ਛੱਡ ਕੇ ਤੇ ਚੇਟਕ ਚੰਦਰੇ,
ਵੇਖੀ ਜਾਉ ਵੇਖਣ ਵਾਲਿਉ।

ਉਸ ਪਾਤਸ਼ਾਹਾਂ ਦੇ ਪਾਤਸ਼ਾਹ,
ਉਸ ਸ਼ਹਿਨਸ਼ਾਹਾਂ ਦੇ ਸ਼ਾਹ ਵੱਲ।

ਏਥੇ ਦੀਦਾਰੇ ਓਸ ਦੇ
ਏਥੇ ਨਜ਼ਾਰੇ ਓਸ ਦੇ
ਸਾਰੇ ਦੇ ਸਾਰੇ ਓਸਦੇ

ਜੋ, ਮੇਰਾ ਵੀ ਏ, ਤੇਰਾ ਵੀ ਏ,
ਇਹਦਾ ਵੀ ਏ, ਉਹਦਾ ਵੀ ਏ,
ਕਿਸੇ ਹੋਰ ਦਾ, ਹਰ ਹੋਰ ਦਾ

ਸੰਸਾਰ ਦਾ, ਸਰਮੌਰ ਦਾ।
ਜਿੱਥੇ ਵੀ ਚੇਹਰਾ ਦਮਕਿਆ ਏ,
ਉਹਦਾ ਹੀ ਨੂਰ ਦਿੱਸਿਆ ਏ

ਉਹਦਾ ਹੀ ਨੂਰ ਦਿੱਸਿਆ ਏ,
ਉੱਤੇ ਜੋ ਤੂਰ ਦਿੱਸਿਆ ਏ
ਸੰਸਾਰ ਦੀਆਂ ਸਰਗਰਮੀਆਂ
ਉਹਦਾ ਸਰੂਰ ਦਿੱਸਿਆ ਏ)

ਵੇਖ ਬਣੇ ਸਰਦਾਰ ਹੋਏ,
ਜੋ ਸਨ ਬੜੇ ਖਵਾਰ ਹੋਏ।
ਆਏ ਜਾਂ ਸੇਵਾ ਵਿੱਚ, ਜੋ
ਹੈ ਸਨ ਵਿਚਾਰੇ ਓਸਦੇ।
ਮਿੱਤਰ ਪਿਆਰੇ ਓਸਦੇ।

ਤੇ ਫਿਰ

ਸੰਸਾਰ ਦੇ ਇਤਿਹਾਸ ਵਿਚ,
ਲਿਖਿਆ ਏ ਮੋਟੇ ਅਖਰੀਂ
ਓ ਸੋਹਣਿਓ ! ਓ ਪੰਨਿਓ !!
ਓ ਹੀਰਿਓ ! ਓ ਲਾਲਣੋਂ !!

"ਇਹ ਹੀ ਤਾਂ ਉਹ ਦਰਬਾਰ ਏ
ਜੋ ਦੁਨੀਆਂ 'ਚ ਦਾਅਵੇਦਾਰ ਏ
ਇਸ ਗੱਲ ਦਾ ! ਇਸ ਵੱਲ ਦਾ !
ਖਿਣ ਖਿਣ ਦਾ ! ਇੱਕ ਇੱਕ ਪਲ ਦਾ !

ਕਿ
ਆਉਂਦਾ ਰਿਹਾ ਜੋ ਏਸ ਵੱਲ,
ਉਸ ਵੱਲ ਇਹ ਜਾਂਦਾ ਰਿਹਾ ਏ
ਆਇਆ ਜੇ ਕਦਮ ਇਕ ਕੋਈ
ਸੌ ਸੌ ਟਿਕਾਂਦਾ ਰਿਹਾ ਏ।"

ਜਿਵੇਂ
ਲਾਲੋ ਦਾ ਸੇਵਾਦਾਰ ਇਹ।
ਲਹਿਣੇ ਨੂੰ ਦੇਣਾ ਦੇਂਵਦਾ ਏ।
ਅਗੋਂ ਦੀ ਉੱਠ ਕੇ, ਆ ਕੇ,
ਵੇਸਵਾ ਦਰ ਜਾ ਕੇ,
ਰਾਤਾਂ ਉਨੀਂਦਾ ਗਹ ਕੇ,
ਜੋਗੇ ਲਈ ਪਹਿਰੇਦਾਰ ਇਹ।

ਤੇ ਫਿਰ
ਪੁੱਤਰ ਪਿਆਰੇ ਵਾਰ ਕੇ,
ਅੱਖਾਂ ਦੇ ਤਾਰੇ ਵਾਰ ਕੇ,
ਬੁੱਢੜੀ ਜਿਹੀ ਮਾਤਾ ਤੋਰ ਕੇ,
ਜੀਵਨ ਦੇ ਸਾਥੀ ਛੋੜ ਕੇ,

ਨਾ ਬਾਜ ਦੀ, ਨਾ ਤਾਜ ਦੀ,
ਨਾ ਲਾਲਸਾ ਕੋਈ ਰਾਜ ਦੀ।
ਸੂਲਾਂ ਤੇ ਵੀ, ਕੰਡਿਆਂ ਤੇ ਵੀ,
ਮੈਦਾਨ ਵਿਚ, ਘਮਸਾਨ ਵਿਚ।
ਰੱਖੀ ਤਾਂ ਰੱਖੀ ਇਕ ਬੱਸ,
ਮੇਰੀ ਅਮਾਨਤ ਸਾਂਭ ਕੇ।

(ਜੋ ਅਮਾਨਤ ਸੀ ਉਹ ਸੱਭ ਨੂੰ ਪਤਾ ਹੀ ਏ, ਹੁਣ ਫਿਰ ਦੱਸਦਿਆਂ ਮੈਨੂੰ ਸੰਗ ਆਉਂਦੀ ਏ—ਬੇਦਾਅਵਾ)

ਓਸੇ ਨੂੰ ਲੈ ਕੇ ਆਪ ਉਹ

ਮੇਰੇ ਸ਼ਾਹਾਂ ਕੇ ਪਹੁੰਚਿਆ,
ਅਗੋਂ ਦੀ ਮੈਨੂੰ ਮਿਲ ਪਿਆ।
ਮਾਘੀ ਦਿਵਸ ਨੂੰ ਢਾਬ ਤੇ,
ਬਾਹਾਂ ਵਧਾ ਕੇ ਆਪਣੀ।
ਗੋਦੀ ਬਿਠਾ ਕੇ ਆਪਣੀ,
ਸਭੇ ਭੁਲਾ ਕੇ ਪਿਛਲੀਆਂ।

ਠਾਰਨ ਲਈ ਸੀਨਾ ਆਪਣਾ,
ਤਾਰਨ ਲਈ ਮੈਨੂੰ ਸਾਗਰੋਂ।
ਕੱਢੇ ਹੰਡੋਰੇ ਦਿਲ ਦੇ,
ਸੁੱਟੇ ਨਿਹੋਰੇ ਦਿਲ ਦੇ।
ਸਾਨੂੰ ਭੁੱਲਿਆਂ ਨੂੰ, ਡੁੱਲ੍ਹਿਆਂ ਨੂੰ,
ਚੁੱਕ ਚੁੱਕ ਕੇ ਤੇ।
ਚੁੰਮ ਚੁੰਮ ਕੇ ਤੇ,
ਸੀਨੇ ਨਾਲ ਲਾਂਦਾ ਰਿਹਾ ਉਹ।
ਠੰਡੜੀ ਜਿਹੀ ਪਾਂਦਾ ਰਿਹਾ ਉਹ,
ਸਾਨੂੰ ਸੀ ਮੁਕਤੇ ਕਰ ਦਿੱਤਾ,
ਉਹ ਥਾਂ ਮੁਕਤਸਰ ਕਰ ਦਿੱਤਾ।

ਤੇ ਇਹ ਸਭ ਕੁੱਝ ਵਿਚਾਰ ਕੇ

ਦੱਸੋ ਹੁਣ ਦੱਸਣ ਵਾਲਿਓ,
ਸੌਦਾ ਖਰਾ ਕਿ ਖੋਟਾ ਏ ?
ਕੋਈ ਹਿਸਾਬੀ ਬੋਲ ਪਏ,
ਇਸ ਵਿਚ ਨਫਾ ਕਿ ਟੋਟਾ ਏ ?

ਇਸ ਲਈ ਜ਼ਿੰਦਗੀ ਦੀਆਂ ਘੜੀਆਂ ਨਾ ਗਵਾਓ ਤੇ ਛੇਤੀ ਕਰੋ ਅਤੇ,

ਕਹੀ ਫੜੀ ਜਾਓ ਟੋਕਰੀ ਭਰੀ ਜਾਓ, ਕੋਈ ਚੁੱਕੀ ਤੇ ਕੋਈ ਚੁਕਾਈ ਜਾਓ।
ਓਧਰ ਤੁਰੇ ਜਾਓ, ਏਧਰ ਮੁੜੇ ਆਓ, ਮੂੰਹੋਂ ਵਾਹਿਗੁਰੂ, ਵਾਹਿਗੁਰੂ ਗਾਈ ਜਾਓ।

ਇੱਟਾਂ ਏਧਰ ਨੂੰ ਵਾਹਿਗੁਰੂ ਲਈ ਆਓ, ਮਿੱਟੀ ਓਧਰ ਨੂੰ ਵਾਹਿਗੁਰੂ ਪਾਈ ਜਾਓ।
ਆਸੇ ਪਾਸੇ ਸਭ ਵਾਹਿਗੁਰੂ ਦਿੱਸ ਆਸਣ, ਦਿਲ ਵਿੱਚ ਵਾਹਿਗੁਰੂ ਜੋਤ ਜਗਾਈ ਜਾਓ।

ਥੋੜੀ ਦੇਰ ਨੂੰ ਲੰਗਰ ਤਿਆਰ ਹੋ ਜਾਊ, ਓਥੇ ਸਗੋਂ ਹੀ ਸੁਲੱਖਣੀ ਘੜੀ ਜਾਪੂ।
ਵਿੱਚ ਪੰਗਤਾਂ ਦੇ ਸੰਗਤ ਸਜ ਜਾਊ, ਰੰਗਤ ਵਾਹਿਗੁਰੂ ਵਾਲੜੀ ਚੜ੍ਹੀ ਜਾਪੂ।

ਟੁਰ ਟੁਰ ਟੋਕਰੀ ਹੇਠਾਂ ਜੋ ਥੱਕ ਗਏ ਹੋ, ਬਹਿ ਜਾਓ ਬਹਿ ਕੇ ਰੋੜੀ ਬਣਾਈ ਜਾਓ।
ਜਦੋਂ ਹੱਥ ਹਥੋੜੀ ਤੋਂ ਹਟਦਾ ਹੋਏ, ਓਧਰ ਜਾ ਕੇ ਮਸਾਲਾ ਬਣਾਈ ਜਾਓ।

ਕੰਮ ਕਰ ਕਰ ਜਦ ਗਰਮੀ ਲੱਗਦੀ ਹੋਏ, ਪਾਣੀ ਲਵੋ ਤੇ ਕਰੀ ਤਰਾਈ ਜਾਓ।
ਜੇਕਰ ਠੰਡ ਕਰ ਕੇ ਪਾਲਾ ਲੱਗਦਾ ਏ, ਲੰਗਰ ਵਿਚ ਚੱਲੋ ਬਾਲਣ ਡਾਹੀ ਜਾਓ।

ਕਿਸੇ ਕੰਮੋਂ ਘਬਰਾਓ ਨਾ ਵਾਹਿਗੁਰੂ ਜੀ, ਹਰ ਢੰਗ ਏਥੇ, ਹਰ ਰੰਗ ਏਥੇ।
ਸੇਵਾ ਦਈ ਜਾਓ, ਮੇਵਾ ਲਈ ਜਾਓ, ਸ਼ਰਧਾ ਕਰੋ ਦਿਲ ਖੋਹਲ ਨਿਸ਼ੰਗ ਏਥੇ।

ਸੋ ਕਰਮਾਂ ਵਾਲੇ ਹੋ, ਭਾਗਾਂ ਵਾਲੇ ਹੋ, ਗੁਰੂ ਘਰ ਦੀ ਸੇਵਾ ਦੇ ਮਹਾਨ ਪੁਰਬ ਵਿੱਚ ਸਮਾਂ ਸਫਲ ਕਰ ਰਹੇ ਹੋ। ਜਦ ਵੱਡੇ ਛੋਟੇ, ਬੀਬੇ, ਬੱਚੀਆਂ, ਬੱਚੇ ਸੇਵਾ ਦੇ ਵੱਖੋ ਵੱਖ ਕੰਮਾਂ ਵਿੱਚ ਲੱਗੇ ਹੋਏ ਵੇਖੀਏ ਤਾਂ ਦਿਲ ਏਨਾ ਪ੍ਰਸੰਨ ਹੁੰਦਾ ਹੈ ਕਿ ਆਪ ਮੁਹਾਰੇ ਹੀ ਇਹ ਅੱਖਰ ਉੱਚਰ ਆਉਂਦੇ ਹਨ :—

ਕਿਹਾ ਸੋਹਣੀ ਫੱਬਦੀ ਏ, ਗੁਰਾਂ ਦੇ ਚਰਨਾਂ ਵਿੱਚ ਫੁਲਵਾੜੀ।

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ। ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਸੋ ਸੇਵਾ ਦੇ ਕੰਮਾਂ ਦੀ ਸਿੱਖ ਧਰਮ ਵਿਚ ਮਹਾਨਤਾ ਤੇ ਉਚਿਆਈ ਹੈ, ਨਾ ਕਿ ਹਕੀਰਤਾ।

ਭਗਵੰਤ ਸਿੰਘ 'ਆਜ਼ਾਦ'

(3) ਜੇ ਭਲਾ ਵਿਚਾਰ ਖਾਤਰ ਇਹ ਵੀ ਮੰਨ ਲਿਆ ਜਾਵੇ ਕਿ ਕਪੂਰ ਸਿੰਘ ਜੀ ਨੂੰ ਹਕੀਰ ਸਮਝ ਕੇ ਨਵਾਬੀ ਦਾ ਖਿਤਾਬ ਤੇ ਖਿਲਅਤ ਦਿੱਤੇ ਗਏ ਸਨ, ਫ਼ਿਰ ਦੀਵਾਨ ਦਰਬਾਰਾ ਸਿੰਘ ਜੀ ਦੇ ਅਕਾਲ ਚਲਾਣੇ ਉਪਰੰਤ ਸੰਨ 1734 ਵਿੱਚ ਨਵਾਬ ਕਪੂਰ ਸਿੰਘ ਜੀ ਨੂੰ ਪ੍ਰਧਾਨ ਜਥੇਦਾਰ ਕਿਸ ਤਰ੍ਹਾਂ ਪ੍ਰਵਾਨ ਕੀਤਾ ਗਿਆ।

(4) ਫੇਰ ਅਗਰ ਲਿਖਾਰੀ ਜੀ ਨਵਾਬ ਕਪੂਰ ਸਿੰਘ ਜੀ ਦੇ ਅਨੁਸਾਰ ਤੁਛ ਹੀ ਸਨ ਤਾਂ ਫਿਰ ਪਟਿਆਲਾ ਮਹਾਰਾਜਾ ਆਲਾ ਸਿੰਘ ਜੀ ਨੇ ਨਵਾਬ ਕਪੂਰ ਸਿੰਘ ਜੀ ਤੋਂ ਅੰਮ੍ਰਿਤ ਵੀ ਛਕਿਆ ਤੇ ਉਸਦੀ ਯਾਦ ਵਿਚ ਪਿੰਡ ਠੀਕਰੀ ਵਾਲੇ ਇਕ ਖੂਹ ਵੀ ਲਗਾਇਆ ਜੋ ਅਜੇ ਤੱਕ ਕਾਇਮ ਹੈ ਤੇ ਉਹ ਨਿੰਮ ਦਾ ਦਰਖਤ ਅਜੇ ਤੱਕ ਕਾਇਮ ਹੈ ਤੇ ਲੋਕ ਅੱਜ ਵੀ ਸੁਖਣਾ ਸੁਖਦੇ ਹਨ ਜਿਸ ਥੱਲੇ ਨਵਾਬ ਕਪੂਰ ਸਿੰਘ ਬੈਠਿਆ ਕਰਦਾ ਸੀ।

ਹੋਰ ਛੋਟੇ ਮੋਟੇ ਲਿਖਾਰੀਆਂ ਨੂੰ ਤਾਂ ਛੱਡੋ ਇਹੋ ਜਿਹੇ ਆਮ ਹੋਇਆ ਕਰਦੇ ਹਨ ਜੋ ਉਲਟ ਪੁਲਟ ਲਿਖ ਕੇ ਆਪਣੀਆਂ ਕ੍ਰਿਤਾਂ ਦਾ ਢਿੱਡ ਭਰਦੇਹਨ ਅਤੇ ਉਹਨਾਂ ਕ੍ਰਿਤਾਂ ਨਾਲ ਆਪਣਾ ਪੇਟ ਪਾਲਦੇ ਹਨ। ਦੁੱਖ ਤਾਂ ਏਸ ਗੱਲ ਦਾ ਹੈ ਕਿ ਕਈ ਅਖੌਤੀ ਇੱਕ ਉੱਚ ਕੋਟੀ ਦੇ ਲਿਖਾਰੀਆਂ ਵੀ ਇਹੋ ਜਿਹਾ ਕਰੂਰ ਘੋਲਣੋਂ ਢਿੱਲ ਨਹੀਂ ਕੀਤੀ। ਉਦਾਹਰਨ ਵਜੋਂ ਡਾਕਟਰ ਬਲਬੀਰ ਸਿੰਘ ਜੀ ਰਚਿਤ ਪੁਸਤਕ "ਚਰਣ ਹਰੀ ਵਿਸਥਾਰ" ਲੈ ਲਵੋ—

ਜਿਸ ਵਿਚ ਪੰਥ ਦਾ ਇਹ ਧੁਰੰਧਰ ਵਿਦਵਾਨ ਤੇ ਮਹਾਨ ਲਿਖਾਰੀ ਲਿਖਦਾ ਹੈ :—

ਮੈਨੂੰ (ਭਗਵੰਤ ਸਿੰਘ 'ਆਜ਼ਾਦ'), ਨੂੰ ਕੈਪਟਨ ਗੁਰਇਕਬਾਲ ਸਿੰਘ ਗਿਆਨੀ ਜੀ ਤੇ ਤਕਲੀਫ ਆ ਰਹੀ ਏ ਕਿ ਇਹ ਇਹੋ ਜਿਹੇ ਮਨੁੱਖ ਨੂੰ ਪੰਥ ਦਾ ਧੁਰੰਧਰ ਵਿਦਵਾਨ ਤੇ ਮਹਾਨ ਲਿਖਾਰੀ ਲਿਖਦੇ ਹਨ, ਜਿਸ ਦੇ ਅੰਦਰ ਕੋਈ ਨਾ ਕੋਈ ਮੁੱਖ ਔਗੁਣ ਜ਼ਰੂਰ ਹੈ ਜਾਂ ਕੱਚ-ਬੁੱਧੀ ਜਾਂ ਘੱਟ ਜਾਣਕਾਰੀ ਜਾਂ ਪੱਖਪਾਤ ਜਾਂ ਈਰਖਾ ਜੋ ਨਵਾਬ ਕਪੂਰ ਸਿੰਘ ਦੀ ਜਥੇਦਾਰੀ ਨੂੰ ਅਤੇ ਪੰਥ ਦੀ ਜ਼ੁੰਮੇਵਾਰੀ ਨੂੰ ਸਵਪਨ ਮਾਤਰ ਲਿਖਦਾ ਹੈ। ਜਦ ਕਿ 25 ਸਾਲਾਂ ਤੱਕ ਨਵਾਬ ਕਪੂਰ ਸਿੰਘ ਉਹਨਾਂ ਔਕੜਾਂ ਭਰੇ ਸਮਿਆਂ ਵਿਚ ਸਿਖ ਪੰਥ ਦਾ ਪੂਰਾ ਅਤੇ ਸਿਰਮੌਰ ਜਥੇਦਾਰ ਰਿਹਾ। ਉਸ ਸਮੇਂ ਸਾਰੇ ਸਿਖ ਜਗਤ ਵਿਚੋਂ ਦੀਵਾਨ ਦਰਬਾਰਾ ਸਿੰਘ ਅਤੇ ਕਪੂਰ ਸਿੰਘ ਨੂੰ ਉਸ ਪਦਵੀ ਦੇ ਯੋਗ ਸਮਝਿਆ ਗਿਆ। ਦੀਵਾਨ ਸਾਹਿਬ ਨੇ ਵਡੇਰੀ ਉਮਰ ਹੋਣ ਕਰ ਕੇ ਇਨਕਾਰ ਕੀਤਾ ਅਤੇ ਯੋਗ ਸਮਝਿਆ। ਨਾਲ ਹੀ ਇੱਕ ਪ੍ਰਸ਼ਨ ਉੱਠਦਾ ਹੈ ਕਿ ਦੀਵਾਨ ਦਰਬਾਰਾ ਸਿੰਘ ਨੂੰ ਵੀ ਹਕੀਰ ਸਮਝ ਕੇ ਹੀ ਨਵਾਬੀ ਲਈ ਚੁਣਿਆ ਗਿਆ ਸੀ ? ਸੰਗਾ ਆਉਣੀ ਚਾਹੀਦੀ ਹੈ, ਹੱਥ ਖਲੋ ਜਾਣਾ ਚਾਹੀਦਾ ਹੈ। ਇਤਿਹਾਸ ਦੀ ਪਿੱਠ ਅਤੇ ਵੱਖੀਆਂ ਵਿਚ ਛੂਰੇ ਮਾਰਨ ਵਾਲਿਆਂ ਦਾ। ਅਜਿਹੇ ਅਨਸਰ ਹੀ ਕੌਮਾਂ ਨੂੰ ਪਤਨ ਦੀਆਂ ਖੱਡਾਂ ਵੱਲ ਧੱਕਦੇ ਹਨ ਅਤੇ ਅੱਜ ਸਿਖ ਪੰਥ ਨੂੰ ਵੀ ਧਕੇਲ ਹੀ ਦਿੱਤਾ ਹੋਇਆ ਹੈ।

ਇਕ ਕਿੱਸਾਕਾਰ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਗਦਾਰਾਂ ਬਾਰੇ ਲਿਖਦਾ ਹੈ :

ਇਹੋ ਜਿਹੇ ਗਦਾਰਾਂ ਰਲ ਮਿਲ ਕੇ ਸੀ, ਲਾਹੌਰ ਦਰਬਾਰ ਉਜਾੜਿਆ ਜੀ।

ਤੇ ਮੈਨੂੰ ਲਿਖਣਾ ਪੈ ਰਿਹਾ ਹੈ ਕਿ

ਏਹੋ ਜਿਹੇ ਲਿਖਾਰੀਆਂ ਰਲ ਮਿਲ ਕੇ, ਸਿੱਖ ਪੰਥ ਤਾਈਂ ਨਿਘਾਰਿਆ ਜੀ।

ਅਕਾਲ ਪੁਰਖ ਆਉਂਦੇ ਲਿਖਾਰੀਆਂ ਨੂੰ ਠੀਕ, ਸੱਚ ਅਤੇ ਕੇਵਲ ਦੋ ਦੂਣੀ ਚਾਰ (ਨਾ ਕਿ ਸਾਢੇ ਚਾਰ ਜਾਂ ਸਾਢੇ ਤਿੰਨ) ਲਿਖਣ ਲਈ ਅਤੇ ਸਿਖ ਪੰਥ ਨੂੰ ਨਿਘਾਰ ਵਿਚੋਂ ਨਿਕਲ ਸਕਣ ਲਈ ਸੁਮੱਤ ਅਤੇ ਬਲ ਬਖਸ਼ੇ।

ਕਿੱਥੇ ਗਈ ਦਾਤਾ ਕਈਆਂ ਆਗੂਆਂ 'ਚੋਂ, ਜ਼ਮੀਰ ਜੋ 'ਕਪੂਰ ਨਵਾਬ' ਦੀ ਸੀ ?

ਕਿਸੇ ਨੂੰ ਮੇਰੇ ਵਿਚਾਰਾਂ ਵਿੱਚ ਕੁੱਝ ਗਲਤ ਜਾਪੇ ਤਾਂ ਬੇਸ਼ੱਕ ਇੱਕ ਖੁਲ੍ਹਾ ਸੈਮੀਨਾਰ ਕਰ ਲਿਆ ਜਾਵੇ। ਉਸ ਵਿਚ ਮੈਂ ਠੀਕ ਸਿੱਧ ਕਰ ਦਿਆਂਗਾ।

—ਭਗਵੰਤ ਸਿੰਘ 'ਆਜ਼ਾਦ'

(ੳ) "ਜੱਸਾ ਸਿੰਘ ਤੋਂ ਪਹਿਲਾਂ ਸਿੱਖਾਂ ਦੇ ਇੱਕ ਕੇਂਦਰੀ ਲੀਡਰ ਨਵਾਬ ਕਪੂਰ ਸਿੰਘ ਦਾ ਜ਼ਿਕਰ ਹੈ ਪਰ ਇਹ ਇਕ ਸੁਪਨ ਮਾਤ੍ਰ ਸੀ। ਨਵਾਬ ਸਾਹਿਬ ਦੀ ਜਥੇਦਾਰੀ ਨਾ ਤਾਂ ਕਿਸੇ ਲੋਕ ਚੋਣ ਦੇ ਅਸੂਲ ਅਨੁਸਾਰ ਸੀ ਤੇ ਨਾ ਹੀ ਕਿਸੇ ਪਿਛਲੇ ਲੀਡਰ ਤੋਂ ਸੌਂਪਣਾਂ ਦੀ ਸੀ।

(ਪੰਨਾ 18 ਪੈਰਾ 5)

(ਅ) ਵਿਦਵਾਨ ਲਿਖਾਰੀ ਪੰਨਾ 19 ਤੇ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਦਾ ਹਵਾਲਾ ਦੇਂਦਿਆਂ ਹੋਇਆਂ ਲਿਖਦਾ ਹੈ :-

ਸੁਬੇਗ ਸਿੰਘ ਜਿਸ ਵੇਲੇ ਅੰਮ੍ਰਿਤਸਰ ਪਹੁੰਚਾ ਤਾਂ ਕੁੱਛ ਸਿਖ ਦੀਵਾਨ ਵਿਚ ਬੈਠੇ ਸ਼ਬਦ ਪੜ੍ਹ ਰਹੇ ਸਨ। ਪਰ ਬਹੁਤੇ ਸਾਰੇ ਹੋਰ ਛੋਟੇ ਮੋਟੇ ਫਾਲਤੂ ਕੰਮਾਂ ਵਿੱਚ ਲੱਗੇ ਹੋਏ ਸਨ। ਕੁੱਛ ਸੁਖਾ ਘੋਟ ਰਹੇ ਸਨ ਤੇ ਕੁੱਛ ਮਹਾਂ ਪ੍ਰਸ਼ਾਦ ਦੀ ਦੇਗ ਤਿਆਰ ਕਰ ਰਹੇ ਸਨ।

ਨਿਹੰਗ ਸਿੰਘ ਛਣੀ ਹੋਈ ਭੰਗ ਦੇ ਨੁਗਦੇ ਫਰਚੀ ਦੁਸ਼ਮਣਾਂ ਦੇ ਸਿਰਾ ਉੱਤੇ ਨਿਸ਼ਾਨਾ ਬਣਾ ਕੇ ਮਾਰ ਰਹੇ ਸਨ। ਤੁਰਕਾਂ ਵਲੋਂ ਆਈ ਖਿਲਅਤ ਤੇ ਜਾਗੀਰ ਨੂੰ ਕਿਸੇ ਪਸੰਦ ਨਾ ਕੀਤਾ ਤੇ ਇਸਦਾ ਤ੍ਰਿਸਕਾਰ ਕੀਤਾ।"

(ੲ) ਅੱਗੇ ਚਲ ਕੇ ਡਾਕਟਰ ਸਾਹਿਬ ਪੈਰਾ ਤਿੰਨ ਵਿਚ ਫੁਰਮਾਂਦੇ ਹਨ :

"ਆਖਰ ਇਹ ਫੈਸਲਾ ਹੋਇਆ ਕਿ ਨਵਾਬੀ ਦੀ ਖਿਲਅਤ ਮਨਜ਼ੂਰ ਕਰ ਲੀਤੀ ਜਾਵੇ। ਪਰ ਨਵਾਬ ਕਿਸਨੂੰ ਬਣਾਇਆ ਜਾਵੇ, ਇਹ ਔਖਾ

ਮਾਜਰਾ ਸੀ। ਸਾਰਿਆਂ ਦੀ ਨਜ਼ਰ ਵਿਚ ਨਵਾਬੀ ਇਕ ਹਕੀਰ ਚੀਜ਼ ਸੀ।"

(ਸ) ਅਗੇ ਡਾਕਟਰ ਸਾਹਿਬ ਲਿਖਦੇ ਹਨ :—

"ਬਹੁਤ ਸਾਰਿਆਂ ਦਰਬਾਰਾ ਸਿੰਘ ਨੂੰ ਕਿਹਾ, "ਤੂੰ ਨਵਾਬੀ ਮੰਨ ਲੈ।" ਉਸ ਉੱਤਰ ਦਿੱਤਾ, ਮੈਨੂੰ ਸਤਿਗੁਰੂ ਨੇ ਪਾਤਸ਼ਾਹੀ ਬਖਸ਼ੀ ਹੋਈ ਹੈ। ਮੈਂ ਮੁਗਲਾਂ ਦੀ ਅਧੀਨਗੀ ਵਾਲੀ ਨਵਾਬੀ ਕਿਵੇਂ ਲੈ ਲਵਾਂ?" ਸੁਬੇਗ ਸਿੰਘ ਦੀ ਅਕਲ ਬੜੀ ਤੀਖਣ ਸੀ। ਉਸ ਨੇ ਸਲਾਹ ਦਿੱਤੀ ਕਿ ਵਾਕਈ ਇਹ ਨਵਾਬੀ ਤੁਹਾਡੇ ਸਰਦਾਰ ਦੇ ਕਿਸੇ ਲਾਇਕ ਨਹੀਂ। ਪਰ ਘਰ ਆਈ ਚੀਜ਼ ਦਾ ਤ੍ਰਿਸਕਾਰ ਕਰਨਾ ਨੀਤੀ ਵਿਰੁਧ ਹੁੰਦਾ ਹੈ। ਇਸ ਕਰਕੇ ਤੁਸੀਂ ਇਸ ਨਵਾਬੀ ਨੂੰ ਕਿਸੇ ਆਪਣੇ ਟਹਿਲੂਏ ਨੂੰ ਦੇ ਦੇਵੋ। ਇਸ ਵੇਲੇ ਸਾਰੇ ਸਰਦਾਰ ਆਪਣੇ ਨਿਸਲਪੁਣੇ ਦੀ ਮਸਤੀ ਵਿਚ ਬੈਠੇ ਸਨ।

(ਹ) ਅਗਲੇ ਪੈਰੇ ਵਿੱਚ ਵਿਦਵਾਨ ਡਾਕਟਰ ਸਾਹਿਬ ਫੁਰਮਾਂਦੇ ਹਨ :

ਕਪੂਰ ਸਿੰਘ ਪੱਖਾ ਝੱਲ ਰਿਹਾ ਸੀ। ਇਕ ਸਰਦਾਰ ਨੇ ਕਪੂਰ ਸਿੰਘ ਵੱਲ ਇਸ਼ਾਰਾ ਕੀਤਾ। ਦੂਜੇ ਨੇ ਹੰਗੂਰਾ ਭਰਿਆ ਤੀਜੇ ਨੇ ਇਹ ਤੁੱਕ ਪੜ੍ਹੀ "ਟਹਲ ਮਹਲ ਤਾਂ ਕੋ ਮਿਲੈ ਜਾ ਕਉ ਸਾਧ ਕ੍ਰਿਪਾਲ।" ਇਸ ਤੁਕ ਦਾ ਅਸਰ ਜਾਦੂ ਵਾਂਕਣ ਹੋਇਆ। ਸਾਰਿਆਂ ਨੇ ਇਸ ਨੂੰ ਅਕਾਸ਼ਬਾਣੀ ਜਾਤਾ। ਸਾਰੇ ਜਣੇ ਇਕ ਦਮ ਕਪੂਰ ਸਿੰਘ ਨੂੰ ਨਵਾਬੀ ਦੀ ਖਿਲਅਤ ਦੇਣ ਲਈ ਮੁਤਫ਼ਿਕ ਹੋ ਗਏ।

(ਕ) ਪੰਨਾ 20 ਪਹਿਲੇ ਪੈਰੇ ਵਿੱਚ ਡਾਕਟਰ ਸਾਹਿਬ ਲਿਖਦੇ ਹਨ :

ਕਪੂਰ ਸਿੰਘ ਤਕੜਾ ਜੁਆਨ ਸੀ। ਇਹ ਵਿਰਕ ਜੱਟ ਤੋਂ ਸਿੰਘ ਸੱਜਿਆ ਸੀ। ਅਜੇ ਹੁਣੇ ਹੀ ਇਕ ਲੜਾਈ ਵਿੱਚ ਜ਼ਖਮ ਖਾ ਕੇ ਆਇਆ ਸੀ। ਏਸ ਜ਼ਖਮ ਨਾਲ, ਮੱਥੇ ਉੱਪਰ ਗਰੀਬੀ ਦੀ ਲਿਖੀ ਲਕੀਰ ਸਜਰੀ ਮਿਟੀ ਸੀ ਕਿ ਝਟ ਨਵਾਬੀ ਦੀ ਖਿਲਅਤ ਮਿਲ ਗਈ।

(ਖ) ਡਾਕਟਰ ਸਾਹਿਬ ਪੈਰਾ ਦੋ ਦੇ ਅੰਤ ਵਿਚ ਲਿਖਦੇ ਹਨ :

ਐਸ ਵੇਲੇ ਦੀ ਨਵਾਬੀ ਇਕ ਸੁੱਖੇ ਦੇ ਝੂਟੇ ਦੀ ਨਿਸਲਤਾ ਵਿਚ ਬੈਠਿਆਂ ਹੋਇਆਂ, ਇੱਕ ਸਿੱਖ ਦੀ ਤੀਖਣ ਪ੍ਰੇਰਨਾ ਦਵਾਰਾ ਸੰਜੋਗ ਵਸ਼ ਕਰਮ ਸੀ।

ਉਪਰੋਕਤ ਵਿਚਾਰ ਤੋਂ ਇਹ ਸਿੱਧ ਹੁੰਦਾ ਹੈ ਕਿ ਡਾਕਟਰ ਸਾਹਿਬ ਦੇ ਆਸ਼ੇ ਅਨੁਸਾਰ :-

1) ਨਵਾਬ ਸਾਹਿਬ ਦੀ ਜਥੇਦਾਰੀ ਪ੍ਰਮਾਣਤ ਨਹੀਂ ਸੀ। (ਅੰਗ 'ੳ')
2) ਕਪੂਰ ਸਿੰਘ ਨੂੰ ਨਵਾਬੀ ਖਿਲਅਤ ਤੇ ਖਿਤਾਬ ਸੁਖੇ ਦੇ ਲੋਰ ਵਿਚ ਹੀ ਸਿੰਘਾਂ ਨੇ ਦੇ ਦਿੱਤੇ (ਅੰਗ 'ਸ' ਅਤੇ 'ਖ')
3) ਕਪੂਰ ਸਿੰਘ ਨਵਾਬੀ ਮਿਲਣ ਦੇ ਸਮੇਂ ਤੱਕ ਘਰੋਂ ਗਰੀਬ ਸੀ (ਅੰਗ 'ਕ')
4) ਸੁਬੇਗ ਸਿੰਘ ਦੇ ਆਵਨ ਸਮੇਂ ਸਿੰਘ ਦੀਵਾਨ ਵਿਚ ਬੈਠੇ ਸਨ ਤੇ ਬਹੁਤੇ ਫਾਲਤੂ ਕੰਮਾਂ, ਸੁੱਖੇ ਆਦਿ ਘੋਟਣ ਤੇ ਮਾਸ ਭਿਨੁਣ ਵਿਚ ਲੱਗੇ ਹੋਏ ਸਨ (ਅੰਗ 'ਅ')
5) ਕਿ ਜਗੀਰ ਅਤੇ ਨਵਾਬੀ ਹਕੀਰ ਚੀਜ਼ ਸੀ (ਅੰਗ 'ਅ', 'ੲ')
6) ਖਿਲਅਤ ਅਤੇ ਖਿਤਾਬ ਕਪੂਰ ਸਿੰਘ ਨੂੰ ਟਹਿਲੂਆ ਜਾਣ ਕੇ ਉਸ ਤੇ ਲੱਦੀ ਗਈ (ਅੰਗ 'ਹ')
7) ਕਿ ਸਿੰਘ ਸੁਖਾ ਪੀ ਕੇ ਨਿਸ਼ਚਲ ਹੋ ਦੀਵਾਨ ਵਿਚ ਬੈਠੇ ਸਨ (ਅੰਗ 'ਸ' ਤੇ 'ਖ')

ਹੁਣ ਸੁਹਿਰਦ ਪਾਠਕਾਂ ਅਗੇ ਸਨਿਮਰ ਬਿਨੈ ਹੈ ਕਿ ਉਹ ਸਿਖ ਇਤਿਹਾਸ ਨੂੰ ਗਹੁ ਨਾਲ ਪੜ੍ਹ ਕੇ ਇਹਨਾਂ ਉਪਰੋਕਤ ਤੱਥਾਂ ਬਾਰੇ ਨਿਰਣਾ ਕਰਨ ਮੈਂ (ਗਿਆਨੀ ਜੀ) ਸੁਰਗੀਯ ਡਾ: ਕਰਨਲ ਭੋਲਾ ਨਾਥ ਦੇ ਇਸ ਕਥਨ ਨਾਲ ਪੂਰਨ ਤੌਰ ਤੇ ਸਹਿਮਤ ਹਾਂ ਕਿ ਆਪਣੇ ਮੋਏ ਹੋਏ ਦਾਦੇ ਦੀਆਂ ਅੱਖਾਂ ਮੋਟੀਆਂ ਮੋਟੀਆਂ ਦੱਸਣਾ ਇਤਿਹਾਸ ਨਹੀਂ ਅਖਵਾ ਸਕਦਾ। ਇਹ ਇਕ ਇਤਿਹਾਸਕਾਰ ਵਾਸਤੇ ਕਦੇ ਉਚਿਤ ਨਹੀਂ ਕਿ ਕਿਸੇ ਆਪਣੇ ਪ੍ਰਿਯ ਪਾਤਰ ਦੀ ਗੌਰਵਤਾ ਦਰਸਾਨ ਵਾਸਤੇ ਕਿਸੇ ਦੂਸਰੇ ਪਾਤਰ ਨਾਲ ਅਦਮ/ਛੋਟਾ ਵਖਾਣ ਦੀ ਬੇ-ਇਨਸਾਫੀ ਕਰੇ ਔਰ ਉਹ ਵੀ ਡਾਕਟਰ ਬਲਬੀਰ ਸਿੰਘ ਜੋ ਆਪਣੇ ਆਪ ਨੂੰ ਉੱਚ ਕੋਟੀ ਦਾ ਲਿਖਾਰੀ ਅਖਵਾਉਂਦਾ ਹੈ? ਮੇਰੇ ਦਿਲ ਵਿਚ ਆਪ ਜੀ ਪ੍ਰਤੀ ਸਤਿਕਾਰ ਹੈ, ਕਿੰਤੂ ਸਤਿਕਾਰ ਵਿਚ ਇਤਿਹਾਸਕ ਅਸੂਲਾਂ ਦੀ ਅਵਿਹੇਲਣਾਂ ਨੂੰ ਅੱਖੋਂ ਮੈਂ ਪਰੋਖੇ ਨਹੀਂ ਰਖ ਸਕਦਾ।

ਇਉਂ ਪ੍ਰਤੀਤ ਹੁੰਦਾ ਹੈ ਕਿ ਡਾਕਟਰ ਸਾਹਿਬ ਆਪਣੇ ਇਕ ਅਜੱਟ, ਇਤਿਹਾਸਕ ਪਾਤ੍ਰ "ਬਾਬੇ ਜੱਸਾ ਸਿੰਘ ਆਹਲੂਵਾਲੀਏ ਨੂੰ ਦੂਸਰੇ ਸਾਰੇ ਜੱਟ ਜਥੇਦਾਰਾਂ ਵਿਚੋਂ ਗੌਰਵਮਈ ਦਰਸਾਣਾ ਚਾਹੁੰਦੇ ਹਨ।" ਸਾਰਾ ਸਿੱਖ ਜਗਤ ਬਾਬਾ ਜੱਸਾ ਸਿੰਘ ਆਹਲੂਵਾਲੀਏ ਲਈ ਅਗਾਧ

ਸਤਿਕਾਰ ਤੇ ਸ਼ਰਧਾ ਰੱਖਦਾ ਹੈ। ਬਾਬਾ ਜੀ ਆਪਣੇ ਸਮੇਂ ਦੇ ਪ੍ਰਤਿਭਾਸ਼ਾਲੀ ਵਿਅਕਤੀ ਹੋਏ ਹਨ, ਇਸ ਵਿਚ ਕਿਸੇ ਨੂੰ ਕਿੰਤੂ ਕਰਨ ਦੀ ਗੁੰਜਾਇਸ਼ ਨਹੀਂ ਹੈ—ਪਰ ਡਾਕਟਰ ਸਾਹਿਬ ਇਸ ਗੱਲ ਨੂੰ ਪੰਨਾ 18 ਤੇ ਇਸ ਤਰ੍ਹਾਂ ਪੇਸ਼ ਕਰਦੇ ਹਨ :—

(ਗ) 65 ਜਥੇਬੰਦੀਆਂ ਭੰਨ ਕੇ ਯਾਰਾਂ ਵਿੱਚ ਕਰ ਦੇਣਾਂ, ਇਹ ਕੋਈ ਇੱਕ ਦਿਨ ਜਾਂ ਇਕ ਗੁਰਮਤੇ ਦਾ ਕੰਮ ਨਹੀਂ ਸੀ। ਇਸ ਵਿਚ ਸਾਰੇ ਸਿਆਣਿਆਂ ਦੀ ਅਕਲ ਤੇ ਨੀਤੀ ਖਰਚ ਹੋਈ। ਆਉਂਦੀ ਵਿਸਾਖੀ ਨੂੰ ਇਕ ਪੰਥ ਦੀ ਬਣਤਰ ਮੁਕੰਮਲ ਹੋ ਗਈ। ਜੱਸਾ ਸਿੰਘ ਆਹਲੂਵਾਲੀਆ ਸਾਰੇ ਦਲ ਖਾਲਸੇ ਦਾ ਕੇਂਦਰੀ ਜਥੇਦਾਰ ਸਥਾਪਤ ਕੀਤਾ ਗਿਆ। (ਪੈਰਾ2)

(ਘ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਿਛੋਂ ਖਾਲਸੇ ਦਾ ਲੀਡਰ ਬਾਬਾ ਬੰਦਾ ਸਿੰਘ ਬਹਾਦਰ ਹੋਇਆ ਤੇ ਉਸ ਤੋਂ ਬਾਦ ਫਿਰ ਜਿਸ ਪੁਰਸ਼ ਨੇ ਕੌਮ ਦੀ ਵਾਗ ਡੋਰ ਕੇਂਦਰੀ ਤੌਰ ਉਤੇ ਜੰਗੀ ਸਰੂਪ ਵਿਚ ਆਪਣੇ ਹੱਥ ਲੀਤੀ ਉਹ ਜੱਸਾ ਸਿੰਘ ਆਹਲੂਵਾਲੀਆ ਸੀ। ਸਿਖ ਕੌਮ ਦੀ ਤਾਰੀਖ ਵਿਚ ਇਹ ਇਕ ਅਜੀਬ ਮੌਕਿਆ ਸੀ। ਬਾਬਾ ਬੰਦਾ ਸਿੰਘ ਬਹਾਦਰ ਪਿਛੋਂ ਅੱਜ ਬੱਤੀ ਵਰੇ ਦੇ ਬਾਦ ਮੁੜ ਕੌਮ ਨੂੰ ਲੀਡਰ ਮਿਲਿਆ ਜਿਸ ਦੇ ਅੱਖ ਦੇ ਇਸ਼ਾਰੇ ਉਪਰ ਹਰ ਇੱਕ ਸਿਖ ਆਪਣੀ ਜਾਨ ਵਾਰਨੀ ਫਖਰ ਸਮਝਦਾ ਸੀ। ਇਨ੍ਹਾਂ ਦਿਨਾਂ ਵਿਚ ਜੱਟ ਤੇ ਅਜੱਟ ਦਾ ਕੋਈ ਸਵਾਲ ਨਹੀਂ ਸੀ। ਕਾਬਲੀਅਤ ਦਾ ਮੁੱਲ ਸੀ। ਸਾਰੇ ਜੱਟ ਸਰਦਾਰਾਂ ਨੇ ਇਕ ਕਲਾਲ ਦੇ ਅੱਗੇ ਸਿਰ ਨਿਵਾ ਦਿੱਤਾ। (ਪੈਰਾ 3)

ਸਿਖ ਇਤਿਹਾਸ ਦੇ ਪਾਠਕ ਨਿਰਨਾ ਕਰਨ; ਕਿ ਬਾਬਾ ਬੰਦਾ ਸਿੰਘ ਬਹਾਦਰ ਸੰਨ 1716 ਈ: ਵਿਚ ਸ਼ਹੀਦ ਹੋਇਆ—ਉਸ ਸਮੇਂ ਤੱਤ ਖਾਲਸਾ ਵਿਚ ਨਾਮਵਰ ਜਥੇਦਾਰ ਇਹ ਸਨ :—

(1) ਬਾਬਾ ਕਾਹਨ ਸਿੰਘ ਭੱਲਾ (2) ਬਾਬਾ ਵਿਨੋਦ ਸਿੰਘ ਤ੍ਰੇਹਣ (3) ਫਤਹਿ ਸਿੰਘ (4) ਗੁਰਬਖਸ਼ ਸਿੰਘ (5) ਭਾਈ ਭਗਤੂ ਕੇ (6) ਪ੍ਰੇਮ ਸਿੰਘ (7) ਧਰਮ ਸਿੰਘ ਭਾਈ ਰੂਪੇ ਕੇ (8) ਰਾਮ ਸਿੰਘ (9) ਤ੍ਰਿਲੋਕ ਸਿੰਘ ਫੂਲ ਕੇ (9) ਦੀਵਾਨ ਦਰਬਾਰਾ ਸਿੰਘ (10) ਬਹਾਦਰ ਸਿੰਘ (11) ਬੁੱਢਾ ਸਿੰਘ ਦੇਸੀ (12) ਸ਼ਾਮ ਸਿੰਘ ਨਾਰੋਵਾਲੀਆ (13) ਭੰਜਾ ਸਿੰਘ (14) ਬਾਘ ਸਿੰਘ (15) ਕੇਸਰ ਸਿੰਘ ਕਲਾਲ (16) ਤੇਜਾ ਸਿੰਘ (17) ਜੀਊਣ ਸਿੰਘ ਰੰਧਾਵਾ (18) ਨਗਾਹੀਆ ਸਿੰਘ (19) ਚੂਹੜ ਸਿੰਘ ਦੂੱਲਟ (21) ਤਾਰਾ ਸਿੰਘ (22) ਹਰਾ ਸਿੰਘ (23) ਭੋਮਾ ਸਿੰਘ ਬਰਾੜ (ਸ਼ਮਸ਼ੇਰ ਖਾਲਸਾ ਪੰਨਾ 72, ਭਾਸ਼ਾ ਵਿਭਾਗ)

ਇਹਨਾਂ ਉਪਰੋਕਤ ਜਥੇਦਾਰਾਂ ਵਿਚ ਦੀਵਾਨ ਦਰਬਾਰਾ ਸਿੰਘ ਜੀ ਵੀ ਹਨ—ਇਹਨਾਂ ਬਾਰੇ ਮਹਾਨ ਕੋਸ਼ ਦਾ ਕਰਤਾ ਪੰਨਾ 623 ਤੇ ਲਿਖਦਾ ਹੈ :—

(1) ਦਰਬਾਰਾ ਸਿੰਘ ਸਰਹੰਦ ਨਿਵਾਸੀ ਬਾਣੀਆ ਜੋ ਦਸ਼ਮੇਸ਼ ਜੀ ਤੋਂ ਅੰਮ੍ਰਿਤ ਛਕ ਕੇ ਸਿੰਘ ਸਜਿਆ ਅਤੇ ਅਨੰਦ ਪੁਰ ਦੇ ਜੰਗਾਂ ਵਿਚ ਵੀਰਤਾ ਨਾਲ ਲੜਦਾ ਰਿਹਾ।

2. ਨਵਾਬ ਕਪੂਰ ਸਿੰਘ ਜੀ ਤੋਂ ਪਹਿਲਾਂ, ਪੰਥ ਦੇ ਪ੍ਰਧਾਨ ਜਥੇਦਾਰ, ਜਿਨ੍ਹਾਂ ਦਾ ਨਿਵਾਸ ਅੰਮ੍ਰਿਤਸਰ ਜੀ ਸੀ। ਆਪ ਦਾ ਦੇਹਾਂਤ ਸੰਮਤ 1791 ਬਿ: (734 ਈ:) ਵਿਚ ਹੋਇਆ।

ਕਪੂਰ ਸਿੰਘ ਜੀ ਨੂੰ ਨਵਾਬੀ ਦਾ ਖਿਲਅਤ ਅਤੇ ਖਿਤਾਬ ਪੰਥ ਵਲੋਂ 1790 ਬਿ: (1733 ਈ:) ਨੂੰ ਮਿਲਿਆ।

ਹੁਣ ਵੇਖੀਏ ਬਾਬਾ ਜੱਸਾ ਸਿੰਘ ਆਹਲੂਵਾਲੀਆ ਬਾਰੇ ਹੋਰ ਪੁਰਾਣੇ ਤੇ ਨਵੇਂ ਇਤਿਹਾਸਕਾਰ ਕੀ ਲਿਖਦੇ ਹਨ :

ਪ੍ਰਸਿਧ ਢਾਡੀ ਜਥੇਦਾਰ ਤੇ ਕੁਸ਼ਲ ਸਿਖ ਇਤਿਹਾਸਕਾਰ ਗਿ: ਸੋਹਣ ਸਿੰਘ ਸੀਤਲ ਆਪਣੀ ਕ੍ਰਿਤ "ਸਿਖ ਮਿਸਲਾਂ" ਦੇ ਪੰਨਾ 131, 32, 33 ਤੇ ਲਿਖਦੇ ਹਨ :—

ਜੱਸਾ ਸਿੰਘ

ਬਦਰ ਸਿੰਘ ਦੇ ਘਰ 1718 ਈ: (1775 ਬਿ:) ਵਿਚ ਪ੍ਰਸਿਧ ਸ: ਜੱਸਾ ਸਿੰਘ ਜਨਮਿਆ। ਉਹ ਅਜੇ ਪੰਜ ਦਾ ਸਾਲ ਸੀ ਜਦੋਂ ਉਸ ਦਾ ਪਿਤਾ ਸੁਰਗਵਾਸ ਹੋ ਗਿਆ। (1723 ਈ:)

ਜੱਸਾ ਸਿੰਘ ਦੀ ਮਾਤਾ ਉਸ ਨੂੰ ਨਾਲ ਲੈ ਕੇ ਦਿੱਲੀ ਵਿੱਚ ਮਾਤਾ ਸੁੰਦਰੀ ਜੀ ਦੇ ਕੋਲ ਚਲੀ ਗਈ। ਪੰਜ ਛੇ ਸਾਲ ਦਾ ਜੱਸਾ ਸਿੰਘ ਦੋ ਤਾਰਾ ਵਜਾ ਕੇ ਆਪਣੀ ਮਾਂ ਨਾਲ ਮਿਲਕੇ ਗੁਰਬਾਣੀ ਦਾ ਕੀਰਤਨ ਕਰਿਆ ਕਰਦਾ ਸੀ। ਮਾਤਾ ਸੁੰਦਰੀ ਉਸ ਨਾਲ ਬੜਾ ਪਿਆਰ ਕਰਦੇ ਸਨ।

ਜਦ ਜੱਸਾ ਸਿੰਘ ਸਤਾਰਾਂ ਸਾਲਾ ਦਾ ਹੋਇਆ ਤਾਂ ਉਸਦਾ ਮਾਮਾ ਸ: ਬਾਘ ਸਿੰਘ ਉਸਨੂੰ ਤੇ ਉਸ ਦੀ ਮਾਤਾ ਨੂੰ ਦਿਲੀਓਂ ਲੈ ਆਇਆ। ਤੁਰਨ ਲੱਗਿਆਂ ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਨੂੰ ਢਾਲ, ਤਲਵਾਰ, ਕਮਾਨ, ਤੀਰਾਂ ਦਾ ਭਥਾ ਤੇ ਪੁਸ਼ਾਕਾ ਇਨਾਮ ਵਜੋਂ ਦਿੱਤਾ। ਦਿੱਲੀਓਂ ਆਉਂਦੇ

[illegible]

"[illegible]"

[illegible]

1733 ਈ: [illegible] (1745 ਈ:) [illegible] (1746 ਈ:) [illegible]

29 ਮਾਰਚ 1748 ਈ: (ਵਿਸਾਖੀ ਦੇ ਦਿਨ) [illegible]

[illegible]

[illegible]

(1) ਸਭ ਤੋਂ ਪ੍ਰਥਮ ਡਾਕਟਰ ਸਾਹਿਬ ਤੋਂ ਪੁੱਛਿਆ ਜਾ ਸਕਦਾ ਹੈ ਕਿ [illegible]

[illegible] ਸੀ ? ਜਾਂ ਫਿਰ

[illegible] ਸਿੰਘ [illegible] ਸਾਹਿਬ [illegible] ਕਰਦੇ ਸਨ ?

[illegible] ਦੂਸਰੀ ਇਤਰਾਜ਼ ਯੋਗ ਗੱਲ ਇਹ ਹੈ ਕਿ ਸੂਬੇ ਦੇ ਜ਼ੁਲਮ ਵਿਚ ਨਿਘਰ (ਸੰ: ਨਿਘਰਨ) ਕਿਸ ਤਰ੍ਹਾਂ ਸੰਦ ਸ਼ਕਤੀ ਤੋਂ ਵਾਚਿਆ ਜਾਂਦਾ ਹੈ [illegible] ਹੋ ਗਿਆ ਤਾਂ ਤੀਖਣਤਾ ਕਿਵੇਂ ਆਵੇ। ਨਿਘਰਤਾ ਅਤੇ ਤੀਖਣਤਾ ਆਪਸੀ ਅਪਵਾਦ ਸ਼ਬਦ ਤੇ ਵਿਰੋਧੀ ਸੰਗਿਆਵਾਂ ਹਨ, [illegible]ਤਾ ਵਿਚ ਤੀਖਣਤਾ ਨਹੀਂ ਹੋ ਸਕਦੀ।

(4) ਤੀਸਰੀ ਗੱਲ ਕਿ "ਤੀਖਣ ਪ੍ਰੇਰਨਾ ਦੁਆਰਾ, ਸੰਕੇਤਕ ਕਰਮ ਸੀ" ਇਵੇਂ ਕਰਮ ਕਿਵੇਂ ਹੈ ਪ੍ਰੰਤੂ ਡਾਕਟਰ ਸਾਹਿਬ ਤੀਖਣ ਪ੍ਰੇਰਨਾ [illegible] ਦੇ ਕਾਰਨ ਦੱਸਦੇ ਹਨ, ਕਿਵੇਂ ਮੰਨਿਆ ਜਾਵੇ ? ਕੀ ਤੀਖਣ ਪ੍ਰੇਰਨਾ ਸੰਕੇਤ ਦਾ ਕਾਰਨ ਬਣੀ ਸਮਝੀ ਜਾਵੇ, ਉਹ ਤੇ ਨਹੀਂ ਸੰਭਵੀ, [illegible] ਸ਼ਕਤੀ ਦਾ ਕਰਮ ਹੈ ਅਤੇ ਸੰਕੇਤ ਵਿਧਾਤਾ ਦੇ ਹੱਥ ਹੈ।

ਦੂਸਰੀ ਉਦਾਹਰਣ ਪੰਨਾ 18 ਪੈਰਾ (2) ਦੇ ਅਖੀਰਲੇ ਚਿੰਨ ਲਿਖਦੇ ਕਿ : ਇਨ੍ਹਾਂ ਦਿਨਾਂ ਵਿਚ ਜੱਟ ਤੇ ਅਜੱਟ ਦਾ ਕੋਈ ਸਵਾਲ ਨਹੀਂ ਸੀ [illegible] ਦਾ ਮੁੱਲ ਸੀ। ਸਾਰੇ ਜੱਟ ਸਰਦਾਰਾਂ ਨੇ ਕਲਾਲ ਦੇ ਅੱਗੇ ਸਿਰ ਨਿਵਾ ਦਿੱਤਾ।"

ਡਾਕਟਰ ਸਾਹਿਬ ਤੋਂ ਇਹ ਪੁੱਛਿਆ ਜਾ ਸਕਦਾ ਹੈ, ਕਿਉਂ ਜੀ ਇਹ ਜੱਟ ਤੇ ਅਜੱਟ ਦਾ ਸਵਾਲ ਪੰਥ ਵਿਚ ਕਦੋਂ ਸੀ ਪਹਿਲੀ ਵਾਰ ਸਤਰ 70 ਸਾਲ ਦੀ ਆਯੂ ਵਿਚ ਇਹ ਸ਼ਬਦ ਮੈਂ ਡਾਕਟਰ ਸਾਹਿਬ ਦੀ ਇਸ ਮਜ਼ਮੂਨ ਕ੍ਰਿਤ ਵਿਚ ਪੜ੍ਹਨ [illegible] ਕਿਤਾਬਾਂ ਪੜ੍ਹੇ ਹਨ ਹੋਰ ਕਿਧਰੇ ਨਜ਼ਰ ਨਹੀਂ ਆਏ) ਸੰਸਾਰ ਜਾਣਦਾ ਹੈ ਕਿ ਗੁਰੂ ਨਾਨਕ ਦੀ ਜੋਤ ਨੇ ਦਸਾਂ ਹੀ ਅਜੱਟ ਜਾਮਿਆਂ ਵਿਚ ਨਿਵਾਸ ਕੀਤਾ। ਸਭ ਤੋਂ ਪਹਿਲਾਂ ਜੱਟਾਂ ਨੇ ਹੀ

[illegible] ਬਾਬਾ ਜੱਸਾ ਸਿੰਘ ਜੀ ਨੂੰ [illegible] ਹੋਰ ਹਨ।

[illegible]

[illegible]

[illegible]

[illegible]

[illegible] ਨਵਾਬ ਕਪੂਰ ਸਿੰਘ ਤੋਂ ਅੰਮ੍ਰਿਤ ਲਿਉ [illegible] ਨਵਾਬ ਸਾਹਿਬ ਤੋਂ ਅੰਮ੍ਰਿਤ ਛੱਕਣਾ [illegible] ਵਿਚ ਨਹੀਂ ਸੀ। ਇਹ ਵੀ ਭਾਈ ਸਾਹਿਬ ਦੀ [illegible] ਪ੍ਰਤੀਤ ਹੁੰਦੀ ਹੈ।

ਇਸ ਵਿਚ ਸ਼ੱਕ ਨਾ ਰਹਿ ਜਾਵੇ [illegible] (ਗਿਆਨੀ ਜੀ) ਵਾਸਤੇ ਲਿਖਦੇ ਮਗਰ ਨਵਾਬ ਕਪੂਰ ਸਿੰਘ ਜੀ ਦਸ ਉਹਨਾਂ ਦੀ [illegible] ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਹਨ ਕਿਉਂਕਿ ਬਾਬਾ ਜੱਸਾ ਸਿੰਘ ਜੀ ਨਵਾਬ ਕਪੂਰ ਸਿੰਘ ਦੀ [illegible] ਹਨ ਅਤੇ ਨਵਾਬ ਸਾਹਿਬ ਸਮੂਹ ਪੰਥ ਦੇ ਜਥੇਦਾਰ ਹੋਣ ਦੀ ਹੈਸੀਅਤ ਵਿਚ ਨਵਾਬ ਸਾਹਿਬ ਤੋਂ ਪਿੱਛੋਂ ਉਹਨਾਂ ਦੇ ਉੱਤਰਾਧਿਕਾਰੀ ਹੋਏ ਹਨ।

ਜੋ ਇਹ ਹੈ ਸਾਡੇ ਵਰਤਮਾਨ ਇਤਿਹਾਸ ਲਿਖਾਰੀਆਂ ਦਾ ਲੇਖਾ ਜੋਖਾ। ਪ੍ਰਸਿੱਧ ਲਿਖਾਰੀ ਗਿਆਨੀ ਗਿਆਨ ਸਿੰਘ ਜੀ ਕਪੂਰ ਸਿੰਘ ਬਾਰੇ ਇਉਂ ਲਿਖਦੇ ਹਨ :—

ਸੰਮਤ 1790 ਬਿਕ੍ਰਮੀ (1733 ਈ:) ਵਿਚ ਜਦੋਂ ਕਿ ਦਿੱਲੀ ਦੇ ਬਾਦਸ਼ਾਹ ਨੇ ਸਿੱਖਾਂ ਦੇ ਵਾਸਤੇ ਇਕ ਲੱਖ ਦੀ ਜਾਗੀਰ ਤੇ ਨਵਾਬੀ ਦਾ ਖ਼ਿਤਾਬ ਮਨਜ਼ੂਰ ਕੀਤਾ, ਤਦ ਇਹ ਖ਼ਿਤਾਬ ਸਰਦਾਰ ਕਪੂਰ ਸਿੰਘ ਨੂੰ ਹੀ ਦਿੱਤਾ ਗਿਆ। ਨਵਾਬ ਕਪੂਰ ਸਿੰਘ ਆਪਣੇ ਆਪ ਵਿਚ ਵੱਡੇ ਹੌਸਲੇ ਵਾਲਾ ਤੇ ਬਹਾਦਰ ਸਿੰਘ ਸੀ, ਲੜਾਈ ਦੇ ਮੈਦਾਨ ਵਿਚ ਮਸਤ ਹਾਥੀ ਦੀ ਤਰ੍ਹਾਂ ਅੱਗੇ ਵਧਦਾ ਜਾਂਦਾ ਸੀ ਤੇ ਜਾਨ ਦੀ ਆਪਣੀ ਜ਼ਰਾ ਵੀ ਪਰਵਾਹ ਨਾ ਕਰਦਾ। ਇਸ ਦੇ ਸਾਰੇ ਸਰੀਰ ਤੇ ਫੱਟਾਂ ਦੇ ਚਿੰਨ੍ਹ ਸਨ ਤੇ ਇਸ ਨੂੰ ਇਸ ਗੱਲ ਤੇ ਫ਼ਖ਼ਰ ਸੀ। ਇਸ ਨੇ ਇਕ ਵੇਰ੍ਹ ਵਿਚ ਸਰੀਰ [illegible] ਕਰਦਾ ਗਿਆ ਸੀ ਫਿਰ੍ਹ ਕਦੇ ਪਿੱਛੇ ਨਹੀਂ ਹਟਿਆ—ਨਵਾਬ ਕਪੂਰ ਸਿੰਘ ਨੂੰ ਸਿੱਖੀ ਦੇ ਪ੍ਰਚਾਰ ਦਾ ਬੇਹਦ ਸ਼ੌਕ ਸੀ। [illegible] ਆਦਮੀਆਂ ਨੂੰ ਇਸਨੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਤੇ ਇਹ ਨੌਕਰ ਦੀ ਕੋਈ ਪਰਵਾਹ ਨਾ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਪੂਰਾ ਕਰਦਾ ਰਿਹਾ। ਖ਼ਾਲਸਾ ਪੰਥ ਵਿਚ ਇਸ ਨੂੰ ਬੜੀ ਇੱਜ਼ਤ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ। ਲੋਕੀਂ ਇਸ ਦੇ ਹੱਥੋਂ ਅੰਮ੍ਰਿਤ ਛਕਣਾ ਚੰਗਾ ਖ਼ਿਆਲ ਕਰਦੇ ਸਨ। ਮਹਾਰਾਜਾ ਆਲਾ ਸਿੰਘ ਬਾਨੀਏ ਪਟਿਆਲਾ ਨੇ ਵੀ ਇਨ੍ਹਾਂ ਦੇ ਹੱਥੋਂ ਹੀ ਅੰਮ੍ਰਿਤ ਛਕਿਆ ਸੀ ਜਿਸ ਦੀ ਯਾਦਗਾਰ ਵਿਚ ਇਕ ਖੂਹ ਪਿੰਡ [illegible] ਵਿਚ ਜਿੱਥੇ ਕਿ ਨਵਾਬ ਕਪੂਰ ਸਿੰਘ ਰਿਹਾ ਕਰਦਾ ਸੀ ਲਗਵਾ ਦਿੱਤਾ, ਜੋ ਹੁਣ ਤੱਕ ਮੌਜੂਦ ਹੈ। ਨਵਾਬ ਕਪੂਰ ਸਿੰਘ ਨੂੰ ਲੋਕੀਂ ਇਸ ਨਜ਼ਰ ਨਾਲ

ਹੁਏ ਸ: ਬਾਘ ਸਿੰਘ ਤੇ ਜੱਸਾ ਸਿੰਘ ਕਰਤਾਰ ਪੁਰ ਨਵਾਬ ਕਪੂਰ ਸਿੰਘ ਕੋਲ ਰਹੇ । ਅੰਮ੍ਰਿਤ ਵੇਲੇ ਜੱਸਾ ਸਿੰਘ ਤੇ ਉਸਦੀ ਮਾਤਾ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ । ਨਵਾਬ ਕਪੂਰ ਸਿੰਘ ਸੁਣ ਕੇ ਬੜਾ ਪ੍ਰਸੰਨ ਹੋਇਆ । ਉਸ ਨੇ ਜੱਸਾ ਸਿੰਘ ਨੂੰ ਗੋਦ ਵਿਚ ਲੈ ਕੇ ਕਿਹਾ :

"ਮੈਂ ਤੈਨੂੰ ਧਰਮ ਦਾ ਪੁੱਤ੍ਰ ਬਣਾਉਂਦਾ ਹਾਂ"

ਸ: ਬਾਘ ਸਿੰਘ ਨੇ ਆਪਣੀ ਭੈਣ ਦੀ ਸਲਾਹ ਨਾਲ, ਜੱਸਾ ਸਿੰਘ ਦੀ ਬਾਂਹ ਨਵਾਬ ਕਪੂਰ ਸਿੰਘ ਦੇ ਹੱਥ ਫੜਾ ਦਿੱਤੀ । ਨਵਾਬ ਕਪੂਰ ਸਿੰਘ ਨੇ ਆਪਣੀ ਹੱਥੀਂ ਉਸ ਨੂੰ ਅੰਮ੍ਰਿਤ ਛਕਾਇਆ । ਜੱਸਾ ਸਿੰਘ ਨੂੰ ਨਵਾਬ ਕਪੂਰ ਸਿੰਘ ਕੋਲ ਛੱਡ ਕੇ ਉਸ ਦੀ ਮਾਂ ਆਪਣੇ ਭਰਾ— ਬਾਘ ਸਿੰਘ ਨਾਲ ਹਲੋਵਾਲ ਚਲੀ ਗਈ ।

1733 ਈ: ਵਿਚ ਜਦ ਕਪੂਰ ਸਿੰਘ ਨਵਾਬ ਬਣਿਆ ਤਾਂ ਜੱਸਾ ਸਿੰਘ ਨੂੰ ਪੰਥ ਦੇ ਘੋੜਿਆਂ ਨੂੰ ਦਾਣਾਂ ਵੰਡਣ ਦਾ ਕੰਮ ਸੌਂਪਿਆ ਗਿਆ ਬੜਾ ਚਿਰ ਉਹ ਨਵਾਬ ਕਪੂਰ ਸਿੰਘ ਦੇ ਜਥੇ ਵਿਚ ਰਿਹਾ । ਪਰ ਪਿੱਛੋਂ (1745 ਈ:) ਉਸ ਨੇ ਆਪਣਾ ਵੱਖਰਾ ਜਥਾ ਬਣਾ ਲਿਆ । ਛੋਟੇ ਘਲੂਘਾਰੇ (1746 ਈ:) ਉਸ ਨੇ ਬੜੀ ਬਹਾਦਰੀ ਵਖਾਈ ਤੇ ਪੰਥ ਵਿਚ ਉਘਾ ਹੋ ਗਿਆ ।

29 ਮਾਰਚ 1748 ਈ: (ਵਿਸਾਖੀ ਦੇ ਦਿਨ) ਸਾਰੇ ਪੰਥ ਦੀ ਜਥੇਬੰਦੀ ਦਲ ਖਾਲਸਾ ਯਾਰਾਂ ਮਿਸਲਾਂ ਬਣੀਆਂ । ਉਸ ਨੂੰ ਸਾਰੇ ਪੰਥ ਦਾ ਜਥੇਦਾਰ ਚੁਣਿਆ ਗਿਆ ।

ਅਤਿਅੰਤ ਸੰਕੋਚ ਕਰਦਿਆਂ ਹੋਇਆਂ ਵੀ ਮੇਰਾ ਇਹ ਵਿਚਾਰ ਹੈ ਕਿ ਡਾਕਟਰ ਬਲਬੀਰ ਸਿੰਘ ਬਾਬਾ ਜੱਸਾ ਸਿੰਘ ਜੀ ਦੀ ਗੌਰਵਤਾ ਅਤੇ ਪ੍ਰਤਿਭਾ ਵਖਾਣ ਦੀ ਮਾਦਕਤਾ ਵਿਚ ਸਰਸਾਰ ਹੋ ਕੇ ਕੁੱਛ ਕੁ ਗੱਲਾਂ ਮੂਲੋਂ ਹੀ ਯੁਕਤੀ ਰਹਿਤ ਲਿਖ ਗਏ ਹਨ । ਉਦਾਹਰਨ ਵਾਸਤੇ ਆਪ ਜੀ ਦਾ ਉਪਰੋਕਤ ਦਰਸਾਇਆ ਪੰਨਾ 20 ਪੈਰਾ ਦੋ ਵਾਲਾ ਕਥਨ ਲੈ ਲਵੋ— ਯਥਾ

ਐਸ ਵੇਲੇ ਦੀ ਨਵਾਬੀ ਇਕ ਸੁਖੇ ਦੇ ਝੂਟੇ ਦੀ ਨਿਸਲਤਾ ਵਿਚ ਬੈਠਿਆਂ ਹੋਇਆਂ ਇਕ ਸਿਖ ਦੀ ਤੀਖਣ ਪ੍ਰੇਰਨਾ ਦਵਾਰਾ ਸੰਯੋਗਵਸ਼ ਕਰਮ ਸੀ । ਪਹਿਲੀ ਗੱਲ ਇਹ ਕਿ ਸਿੱਖ ਸੁਖੇ ਦ ਝੂਟੇ ਦੀ ਨਿਸ਼ਲਤਾ ਵਿਚ ਬੈਠਿਆ ਹੋਇਆ ਸੀ । ਦੂਜੀ ਗੱਲ ਕਿ ਸੁਖੇ ਦੇ ਝੂਟੇ ਵਿਚ ਨਿਸਲ ਸਿਖ ਦੀ ਤੀਖਣ ਪ੍ਰੇਰਣਾ, ਤੀਸਰੀ ਗੱਲ "ਤੀਖਣ ਪ੍ਰੇਰਨਾ ਦਵਾਰਾ ਸੰਯੋਗ ਵਸ਼ ਕਰਮ ਸੀ ।"

(1) ਸਭ ਤੋਂ ਪ੍ਰਥਮ ਡਾਕਟਰ ਸਾਹਿਬ ਤੋਂ ਪੁੱਛਿਆ ਜਾ ਸਕਦਾ ਹੈ ਕਿ ਇੱਕ ਤਾਂ ਤੁਸੀਂ ਉੱਪਰ ਦਸ ਆਏ ਹੋ ਕਿ ਕੁੱਛ ਸਿਖ ਫਾਲਤੂ ਕੰਮ, ਸੁਖਾ ਘੋਟਣ ਜਾਂ ਛਾਨਣ ਅਥਵਾ ਮਹਾਂ ਪ੍ਰਸ਼ਾਦ ਬਣਾਨ ਲੱਗੇ ਹੋਏ ਸਨ ਤੇ ਥੋੜੇ ਸਿੰਘ ਦੀਵਾਨ ਵਿਚ ਸ਼ਬਦ ਕੀਰਤਨ ਕਰਦੇ ਸਨ ਅਤੇ ਭਾਈ ਸੁਬੇਗ ਸਿੰਘ ਦੀਵਾਨ ਵਿਚ ਅ ਇਆ ਤੇ ਉਸ ਸਭ ਕੁੱਛ ਸਿੰਘਾਂ ਨੂੰ ਦੱਸਿਆ ਤਾ ਕੀਹ ਸਿੰਘ ਸੁਖਾ ਪੀ ਕੇ ਕੀਰਤਨ ਕਰ ਰਹੇ ਸਨ ਜਾਂ ਸੁਬੇਗ ਸਿੰਘ ਜੀ ਨੇ ਭੰਗ ਘੋਟਣ ਅਤੇ ਛਾਨਣ ਵਰਗੇ ਫਾਲਤੂ ਕੰਮ ਕਰਨ ਵਾਲਿਆ ਸਿੰਘਾਂ ਦੇ ਅੱਗੇ ਨਵਾਬੀ ਦੀ ਖ਼ਿਲਅਤ ਵਗੈਰਾ ਜਾ ਰਖੀ ਸੀ ? ਤੇ ਭੰਗ ਦੇ ਲੋਰ ਵਿਚ ਨਵਾਬੀ ਵੰਡੀ ਗਈ ਸੀ ? ਜਾਂ ਫਿਰ

(2) ਕੀਹ ਸਿਘ ਸੁਖਾ ਪੀ ਕੇ ਅਕਾਲ ਤਖਤ ਸਾਹਿਬ ਦੀਵਾਨ ਸਜਾਇਆ ਕਰਦੇ ਸਨ ?

(3) ਦੂਜੀ ਨਿਰਣੇ ਜਨਕ ਗੱਲ ਇਹ ਹੈ ਕਿ ਸੁਖੇ ਦੇ ਝੂਟੇ ਵਿਚ ਨਿਸਲ (ਸੰ: ਨਿਸਚਲ) ਵਿਅਕਤੀ ਸੋਚ ਸ਼ਕਤੀ ਤੋਂ ਵਾਂਜਿਆ ਜਾਂਦਾ ਹੈ ਅਥਵਾ ਜਦੋਂ ਨਿਸ਼ਚਲ ਹੋ ਗਿਆ ਤਾ ਤੀਖਣਤਾ ਕਿਥੋਂ ਆਵੇ । ਨਿਸ਼ਚਲਤਾ ਅਤੇ ਤੀਖਣਤਾ ਆਪਸੀ ਅਪਵਾਦ ਜਨਕ ਤੇ ਵਿਰੋਧੀ ਸੰਗਿਆਵਾਂ ਹਨ, ਅਰਥਾਤ ਨਿਸ਼ਚਲਤਾ ਵਿਚ ਤੀਖਣਤਾ ਨਹੀਂ ਹੋ ਸਕਦੀ ।

(4) ਤੀਸਰੀ ਗੱਲ ਕਿ "ਤੀਖਣ ਪ੍ਰੇਰਨਾ ਦਵਾਰਾ, ਸੰਯੋਗਵਸ਼ ਕਰਮ ਸੀ" ਇਥੇ ਕਰਮ ਇਕ ਹੈ ਪ੍ਰੰਤੂ ਡਾਕਟਰ ਸਾਹਿਬ ਤੀਖਣ ਪ੍ਰੇਰਨਾ ਅਤੇ ਸੰਯੋਗ ਦੋ ਕਾਰਨ ਦੱਸਦੇ ਹਨ, ਕਿਵੇਂ ਮੰਨਿਆ ਜਾਵੇ ? ਕੀਹ ਤੀਖਣ ਪ੍ਰੇਰਨਾ ਸੰਯੋਗ ਦਾ ਕਾਰਨ ਬਣੀ ਸਮਝੀ ਜਾਵੇ, ਉਹ ਹੋ ਨਹੀਂ ਸੱਕਦੀ, ਪ੍ਰੇਰਨਾ ਮਾਨਸਿਕ ਸ਼ਕਤੀ ਦਾ ਕਰਮ ਹੈ ਅਤੇ ਸੰਯੋਗ ਵਿਧਾਤਾ ਦੇ ਹੱਥ ਹੈ ।

ਦੂਸਰੀ ਉਦਾਹਰਣ ਪੰਨਾ 18 ਪੈਰਾ (2) ਦੇ ਅਖੀਰਲੇ ਤਿੰਨ ਫਿਕਰੇ ਕਿ : ਇਨ੍ਹਾਂ ਦਿਨਾਂ ਵਿਚ ਜੱਟ ਤੇ ਅਜੱਟ ਦਾ ਕਈ ਸਵਾਲ ਨਹੀਂ ਸੀ ਕਾਬਲੀਅਤ ਦਾ ਮੁੱਲ ਸੀ । ਸਾਰੇ ਜੱਟ ਸਰਦਾਰਾਂ ਨੇ ਕਲਾਲ ਦੇ ਅਗੇ ਸਿਰ ਨਿਵਾ ਦਿੱਤਾ ।"

ਡਾਕਟਰ ਸਾਹਿਬ ਤੋਂ ਬਜਾ ਪੁਛਿਆ ਜਾ ਸਕਦਾ ਹੈ, ਕਿਉਂ ਜੀ ਇਹ ਜੱਟ ਤੇ ਅਜੱਟ ਦਾ ਸਵਾਲ ਪੰਥ ਵਿਚ ਕਦੋਂ ਸੀ ਪਹਿਲੀ ਵਾਰ ਸਾਰੀ 70 ਸਾਲ ਦੀ ਆਯੂ ਵਿਚ ਇਹ ਸ਼ਬਦ ਮੈਂ ਡਾਕਟਰ ਸਾਹਿਬ ਦੀ ਇਸ ਮਨਹੂਸ ਕ੍ਰਿਤ ਵਿਚ ਚਰਨ ਹਰਿ ਵਿਸਥਾਰ ਪੜ੍ਹੇ ਹਨ ਹੋਰ ਕਿਧਰੇ ਨਜ਼ਰ ਨਹੀਂ ਆਏ) ਸੰਸਾਰ [illegible] ਹੈ ਕਿ ਗੁਰੂ ਨਾਨਕ ਦੀ ਜੋਤ ਨੇ ਦਸਾਂ ਹੀ ਅਜੱਟ ਜਾਮਿਆਂ ਵਿਚ ਨਿਵਾਸ ਕੀਤਾ । ਸਭ ਤੋਂ ਪਹਿਲਾਂ ਜੱਟਾਂ ਨੇ ਹੀ

ਸੀਸ ਨਿਵਾਏ । ਫਿਰ ਗੁਰੂ ਗਰੰਥ ਸਾਹਿਬ ਵਿੱਚ ਸਿਵਾਏ ਇਕ ਜੱਟ ਭਗਤ ਧੰਨੇ ਦੇ ਬਾਕੀ ਸਾਰੇ ਭਗਤ, ਭਟ, ਸ਼ੇਖ ਫਰੀਦ, ਭਾਈ ਬਾਲਾ-ਮਰਦਾਨਾ ਸੱਤਾ ਬਲਵੰਡ ਆਦਿ ਅਜੱਟ ਸਨ, ਪ੍ਰੰਤੂ ਸਾਰੇ ਜੱਟ, ਗੁਰੂ ਬਾਣੀ ਨੂੰ ਬਾਕੀ ਦੁਨੀਆਂ ਵਾਂਗੂੰ ਸਤਿਕਾਰ ਵਜੋਂ ਸੀਸ ਨਿਵਾਂਦੇ ਹਨ। ਫਿਰ ਪੰਜਾਂ ਪਿਆਰਿਆਂ ਕੋਲੋਂ ਸਾਰੇ ਜੱਟਾਂ ਨੇ ਅੰਮ੍ਰਿਤ ਛਕਿਆ ਭਾਵੇਂ ਉਹਨਾਂ ਵਿੱਚ ਜੱਟ ਕੇਵਲ ਇਕ ਭਾਈ ਧਰਮ ਸਿੰਘ ਜੀ ਹੀ ਸਨ । ਫਿਰ ਦਸਮੇਸ਼ ਪਿਤਾ ਨੇ ਬਾਬਾ ਬੰਦਾ ਸਿੰਘ ਜੀ ਨੂੰ ਜਥੇਦਾਰੀ ਬਖਸ਼ੀ ਸੀ, ਭਲਾ ਉਹਨਾਂ ਨੂੰ ਛੱਡ ਦਿਓ, ਉਹ ਤਾਂ ਰਾਜਪੂਤ ਸਨ ।

ਸਿਖ ਮਿਸਲਾਂ ਤੋਂ ਪਹਿਲਾਂ ਬਾਬਾ ਦਰਬਾਰਾ ਸਿੰਘ ਜੀ ਦੀਵਾਨ ਪੰਥ ਦੇ ਪ੍ਰਧਾਨ ਜਥੇਦਾਰ ਜੱਟ ਨਹੀਂ ਸਨ । ਬਾਬਾ ਜੱਸਾ ਸਿੰਘ ਰਾਮਗੜ੍ਹੀਆ ਇੱਕ ਮਿਸਲ ਦਾ ਜਥੇਦਾਰ ਸੀ ਉਸ ਵਿਚ ਜੱਟ ਵੀ ਸਨ । ਚਲੋ ਉਹਨਾਂ ਨੂੰ ਛੱਡੋ, ਸਿਖ ਰਾਜ ਦੇ ਵੇਲੇ ਸਰਦਾਰ ਹਰੀ ਸਿੰਘ ਨਲਵਾ ਅਜੱਟ (ਉਪਲ ਖਤ੍ਰੀ) ਸੀ, ਉਸੇ ਦਾ ਸਮਕਾਲੀ ਸ: ਹੁਕਮਾ ਸਿੰਘ ਚਿਮਨੀ ਅਜੱਟ (ਭੇਰੇ ਦਾ ਖਤ੍ਰੀ) ਸੀ । ਪ੍ਰੰਤੂ ਇਹਨਾਂ ਨੇ ਜੱਟਾਂ ਦੀਆਂ ਫੌਜਾਂ ਦੀ ਕਮਾਨ ਕੀਤੀ ।

ਸਿਖ ਰਾਜ ਤੋਂ ਪਿਛੋਂ ਸਾਰੀਆਂ ਸਿਖ ਰਿਆਸਤਾਂ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਬਾਗੜੀਆ ਅਗੇ ਮਸਤਕ ਨੱਤ ਕਰਦੀਆਂ ਸਨ ਹਾਲਾਂਕਿ ਉਕਤ ਭਾਈ ਸਾਹਿਬ ਅਜੱਟ ਸਨ । ਸਿੰਘ ਸਭਾ ਲਹਿਰ ਦੇ ਵੇਲੇ ਕਲਮ ਅਤੇ ਬਾਣੀ ਦੇ ਧਨੀ ਗਿਆਨੀ ਭਾਈ ਦਿੱਤ ਸਿੰਘ ਜੀ ਅਜੱਟ ਸਨ ਮਗਰ ਵੱਡੇ ਰਈਸ ਤੇ ਸਿਖ ਸਰਦਾਰ ਉਹਨਾਂ ਦੀ ਸੇਵਾ ਕਰਨਾ ਆਪਣਾ ਬਹੁ-ਭਾਗ ਸਮਝਦੇ ਸਨ।

ਹੋਰ ਤਾਂ ਹੋਰ ਡਾਕਟਰ ਸਾਹਿਬ ਅਤੇ ਉਹਨਾਂ ਦੇ ਵੱਡੇ ਭਰਾਤਾ ਜੀ ਵੀ ਅਜੱਟ ਸਨ, ਜੱਟ ਅਤੇ ਅਜੱਟ ਦਾ ਸਵਾਲ ਕੇਵਲ ਡਾਕਟਰ ਸਾਹਿਬ ਦੇ ਉਪਜਾਊ ਮਸਤਕ ਦੀ ਹੀ ਹੀ ਕਾਢ ਪਰਤੀਤ ਹੁੰਦੀ । ਵੈਸੇ ਤਾਂ ਅਜੇ ਕੱਲ੍ਹ ਦੀ ਗੱਲ ਹੈ ਕਿ ਇਕ ਵੱਡਾ ਅਜੱਟ, ਮਾ: ਤਾਰਾ ਸਿੰਘ, ਪਿਛਲੇ ਪੈਂਤੀ ਸਾਲ ਤੋਂ ਸਿਖ ਪੰਥ ਦਾ ਪ੍ਰਧਾਨ ਜਥੇਦਾਰ ਚਲਿਆ ਆ ਰਿਹਾ ਸੀ ।

ਇਕ ਹੋਰ ਸਵਾਦਲੀ ਗੱਲ ਡਾਕਟਰ ਸਾਹਿਬ ਲਿਖਦੇ ਹਨ ਕਿ, "ਕਾਬਲੀਅਤ ਦਾ ਮੁਲ ਸੀ" ਇਥੇ ਡਾਕਟਰ ਸਾਹਿਬ ਤੋਂ ਪੁਛਿਆ ਜਾ ਜਾ ਸਕਦਾ ਹੈ ਕਿ ਅਬਦਾਲੀ ਦੇ ਢਾਹੇ ਹੋਏ ਹਰਿਮੰਦਰ ਸਾਹਿਬ ਦੀ ਜਦ ਨੀਂਹ ਰੱਖੀ ਗਈ ਤਾ ਇੱਟ ਨਵਾਬ ਕਪੂਰ ਸਿੰਘ ਜੀ ਨੇ ਰੱਖੀ ਤੇ ਚੂਨਾ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਪਾਇਆ । ਇਸ ਦਾ ਨਿਰਣਾ ਪਾਠਕਾਂ ਤੇ ਛੱਡਿਆ ਜਾਂਦਾ ਹੈ । ਉਹ ਆਪ ਵੇਖਣਗੇ ਕਿ ਕਾਬਲੀਅਤ ਦਾ ਅਭਾਵ ਕਿਧਰੇ ਵੀ ਨਹੀਂ ਸੀ ।

ਇਕ ਹੋਰ ਗੱਲ, ਅਗਰ ਕਾਬਲੀਅਤ ਦਾ ਅਭਾਵ ਹੁੰਦਾ ਤਾਂ ਪਟਿਆਲਾ ਪਤਿ ਰਾਜਾ ਆਲਾ ਸਿੰਘ ਨਵਾਬ ਕਪੂਰ ਸਿੰਘ ਤੋਂ ਅੰਮ੍ਰਿਤ ਕਿਉਂ ਛੱਕਦਾ—ਬਾਕੀ ਦੁਨੀਆ ਨਵਾਬ ਸਾਹਿਬ ਤੋਂ ਅੰਮ੍ਰਿਤ ਛੱਕਣਾ ਆਪਣੇ ਧੰਨ ਭਾਗ ਕਿਉਂ ਸਮਝਦੀ—ਕਾਬਲੀਅਤ ਦਾ ਅਭਾਵ ਕਿਸੇ ਵੀ ਜੱਟ, ਅਜੱਟ ਸਿਖ ਜਥੇਦਾਰ ਜਾਂ ਜਰਨੈਲ ਵਿਚ ਨਹੀਂ ਸੀ । ਇਹ ਵੀ ਡਾ: ਸਾਹਿਬ ਦੀ ਦਿਮਾਗੀ ਘਣਤਰ ਪ੍ਰਤੀਤ ਹੁੰਦੀ ਹੈ ।

ਇਸ ਵਿਚ ਸ਼ਕ ਨਾ ਰਹਿ ਜਾਏ ਮੇਰੇ ਵਾਸਤੇ (ਗਿਆਨੀ ਜੀ) ਵਾਸਤੇ ਜਿਤਨੇ ਮਹਾਨ ਨਵਾਬ ਕਪੂਰ ਸਿੰਘ ਜੀ ਹਨ ਉਤਨਾ ਹੀ ਸਨਮਾਨ ਯੋਗ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਹਨ ਕਿਉਂਕਿ ਬਾਬਾ ਜੱਸਾ ਸਿੰਘ ਜੀ ਨਵਾਬ ਕਪੂਰ ਸਿੰਘ ਦੀ ਨਾਦੀ ਸੰਤਾਨ ਹਨ ਅਤੇ ਨਵਾਬ ਸਾਹਿਬ ਸਮੂਹ ਪੰਥ ਦੇ ਜਥੇਦਾਰ ਹੋਣ ਦੀ ਹੈਸੀਅਤ ਵਿਚ ਨਵਾਬ ਸਾਹਿਬ ਤੋਂ ਪਿੱਛੋਂ ਉਹਨਾਂ ਦੇ ਉਤਰਾਧਿਕਾਰੀ ਹੋਏ ਹਨ।

ਸੋ ਇਹ ਹੈ ਸਾਡੇ ਵਰਤਮਾਨ ਵਿਦਵਾਨ ਲਿਖਾਰੀਆਂ ਦਾ ਲੇਖਾ ਜੋਖਾ । ਪੁਰਾਤਨ ਲਿਖਾਰੀ ਗਿਆਨੀ ਗਿਆਨ ਸਿੰਘ ਜੀ ਕਪੂਰ ਸਿੰਘ ਬਾਰੇ ਇਉਂ ਲਿਖਦੇ ਹਨ :—

ਸੰਮਤ 1790 ਬਿਕ੍ਰਮੀ (1733 ਈ:) ਵਿਚ ਜਦੋਂ ਕਿ ਦਿੱਲੀ ਦੇ ਬਾਦਸ਼ਾਹ ਨੇ ਸਿਖਾਂ ਦੇ ਵਾਸਤੇ ਇਕ ਲੱਖ ਦੀ ਜਾਗੀਰ ਤੇ ਨਵਾਬੀ ਦਾ ਖਿਤਾਬ ਮਨਜ਼ੂਰ ਕੀਤਾ, ਤਦ ਇਹ ਖਿਤਾਬ ਸਰਦਾਰ ਕਪੂਰ ਸਿੰਘ ਨੂੰ ਹੀ ਦਿੱਤਾ ਗਿਆ । ਨਵਾਬ ਕਪੂਰ ਸਿੰਘ ਆਪਣੇ ਆਪ ਵਿਚ ਵੱਡੇ ਹੌਂਸਲੇ ਵਾਲਾ ਤੇ ਬਹਾਦਰ ਸਿੰਘ ਸੀ, ਲੜਾਈ ਦੇ ਮੈਦਾਨ ਵਿਚ ਮਸਤ ਹਾਥੀ ਦੀ ਤਰ੍ਹਾਂ ਅੱਗੇ ਚਲਾ ਜਾਂਦਾ ਸੀ ਤੇ ਕਦੇ ਵੀ ਆਪਣੀ ਜਾਣ ਦੀ ਪ੍ਰਵਾਹ ਨਾ ਕਰਦਾ । ਇਸ ਦੇ ਸਾਰੇ ਸਰੀਰ ਤੇ ਫੱਟਾਂ ਦੇ ਚਿੰਨ੍ਹ ਸਨ ਤੇ ਇਸ ਨੂੰ ਇਸ ਗੱਲ ਤੇ ਫਖਰ ਸੀ । ਇਸ ਨੇ ਰਣ ਛੇਤ੍ਰ ਵਿਚ ਸ਼ਰੀਰ ਜ਼ਖਮਾਂ ਨਾਲ ਛਾਨਣੀ ਕਰਵਾ ਲਿਆ ਸੀ ਕਿੰਤੂ ਕਦੇ ਪਿੱਛੇ ਨਹੀਂ ਹਟਿਆ—ਨਵਾਬ ਕਪੂਰ ਸਿੰਘ ਨੂੰ ਸਿਖੀ ਦੇ ਪ੍ਰਚਾਰ ਦਾ ਬੇਹਦ ਸ਼ੌਕ ਸੀ । ਹਜ਼ਾਰਾਂ ਹੀ ਅੱਡ ਅੱਡ ਜਾਤੀਆਂ ਦੇ ਆਦਮੀਆਂ ਨੂੰ ਇਸਨੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਤੇ ਉਚ ਨੀਚ ਦੀ ਕੋਈ ਪ੍ਰਵਾਹ ਨਾ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਪੂਰਾ ਕਰਦਾਰਿਹਾ । ਖਾਲਸਾ ਪੰਥ ਵਿਚ ਇਸ ਨੂੰ ਬੜੀ ਇਜ਼ਤ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ । ਲੋਕੀਂ ਇਸ ਦੇ ਹੱਥੋਂ ਅੰਮ੍ਰਿਤ ਛੱਕਣਾ ਚੰਗਾ ਖਿਆਲ ਕਰਦੇ ਸਨ । ਮਹਾਰਾਜਾ ਆਲਾ ਸਿੰਘ ਵਾਲੀਏ ਪਟਿਆਲਾ ਨੇ ਵੀ ਇਨ੍ਹਾਂ ਦੇ ਹਥੋਂ ਹੀ ਅੰਮ੍ਰਿਤ ਛਕਿਆ ਜਿਸ ਦੀ ਯਾਦਗਾਰ ਵਿਚ ਇਕ ਖੂਹ ਪਿੰਡ ਠੀਕਰੀ ਵਿਚ ਜਿੱਥੇ ਕਿ ਨਵਾਬ ਕਪੂਰ ਸਿੰਘ ਰਿਹਾ ਕਰਦਾ ਸੀ ਲਗਵਾ ਦਿੱਤਾ, ਜੋ ਹੁਣ ਤੱਕ ਮੌਜੂਦ ਹੈ। ਨਵਾਬ ਕਪੂਰ ਸਿੰਘ ਨੂੰ ਲੋਕੀਂ ਕਿਸ ਨਜ਼ਰ ਨਾਲ

ਵੇਖਦੇ ਸਨ ? ਇਸ ਗੱਲ ਦਾ ਪਤਾ ਕੇਵਲ ਇਕ ਇਸ ਗੱਲ ਤੋਂ ਹੀ ਲੱਗ ਸਕਦਾ ਹੈ ਕਿ ਜਿਸ ਦਰਖਤ ਦੇ ਹੇਠਾਂ ਇਹਨਾਂ ਦਾ ਡੇਰਾ ਹੁੰਦਾ ਸੀ। ਉਹਨਾਂ ਦਰਖਤਾਂ ਨੂੰ ਹਿੰਦੂ ਮੁਸਲਮਾਨ ਮੁਬਾਰਕ ਸਮਝ ਕੇ ਉਹਨਾਂ ਦੇ ਅੱਗੇ ਸੁੱਖਣਾ ਸੁੱਖਦੇ ਹਨ ਤੇ ਉਥੇ ਕੜਾਹ ਪ੍ਰਸ਼ਾਦ ਲਿਆ ਕੇ ਵੰਡਦੇ ਹਨ।"

ਤਿੰਨ ਹਜ਼ਾਰ ਤੋਂ ਉਪਰ ਸਵਾਰ ਉਹਨਾਂ ਦੇ ਨਾਲ ਰਹਿੰਦੇ ਸਨ। ਭਾਵੇਂ ਇਹਨਾਂ ਦੇ ਨਾਲ ਦੇ ਸਵਾਰਾਂ ਦੀ ਗਿਣਤੀ ਦੂਜੀਆਂ ਮਿਸਲਾਂ ਦੇ ਸਿਖਾਂ ਨਾਲੋਂ ਘਟ ਸੀ, ਕਿੰਤੂ ਬਹਾਦਰੀ, ਸੂਰਮਤਾ ਅਤੇ ਸਿੱਖੀ ਪ੍ਰਚਾਰ ਵਲੋਂ ਕਿਸੇ ਦੂਜੀ ਮਿਸਲ ਨਾਲੋਂ ਘਟ ਨਹੀਂ ਸਨ। ਜਿਸ ਪਾਸੇ ਕਦਮ ਉਠਾਏ ਕਦੇ ਵਾਪਸ ਨਾ ਮੁੜਦੇ।

ਨਵਾਬ ਕਪੂਰ ਸਿੰਘ ਨੇ ਦਿੱਲੀ ਦੀਆਂ ਦੀਵਾਰਾਂ ਤੱਕ ਹੱਥ ਮਾਰਿਆ ਤੇ ਸੈਂਕੜੇ ਮੁਸਲਮਾਨ ਹਾਕਮਾਂ ਤੇ ਰਈਸਾਂ ਨੂੰ ਸੋਧਿਆ—ਦਰਿਆ ਸਤਲੁਜ ਦੇ ਚੜ੍ਹਦੇ ਤੇ ਲਹਿੰਦੇ ਛੇ ਲਖ ਦੇ ਮੁਲਕ ਤੇ ਕਬਜ਼ਾ ਕਰ ਲਿਆ। ਇਸ ਵਿਚ ਸੰਦੇਹ ਨਹੀਂ ਕਿ ਧਨ ਤੇ ਦੌਲਤ ਦੇ ਕਾਰਨ ਕਈ ਮਿਸਲਾਂ ਨਵਾਬ ਕਪੂਰ ਸਿੰਘ ਦੀ ਮਿਸਲ ਨਾਲੋਂ ਵੱਡੀਆਂ ਸਨ। ਕਿੰਤੂ ਇਨ੍ਹਾਂ ਦੀ ਬਜ਼ੁਰਗੀ ਤੇ ਪਵਿਤਰ ਆਚਰਨ ਹੋਣ ਦੇ ਕਾਰਨ ਸਾਰੇ ਹੀ ਆਪਣਾ ਆਗੂ ਸਮਝਦੇ ਸਨ। ਇਸ ਵਾਸਤੇ ਸਾਰੀਆਂ ਮਿਸਲਾਂ ਇਨ੍ਹਾਂ ਦਾ ਹਰ ਤਰ੍ਹਾਂ ਨਾਲ ਅਦਬ ਤੇ ਸਤਿਕਾਰ ਕਰਦੀਆ ਰਹਿੰਦੀਆ ਸਨ।

ਮੌਲਵੀ ਬੂਟੇ ਸ਼ਾਹ ਆਪਣੀ ਤਾਰੀਖ ਵਿੱਚ ਨਵਾਬ ਕਪੂਰ ਸਿੰਘ ਦੀ ਬਾਬਤ ਇਨ੍ਹਾਂ ਅੱਖਰਾਂ ਵਿੱਚ ਜ਼ਿਕਰ ਕਰਦਾ ਹੈ "ਨਵਾਬ ਕਪੂਰ ਸਿੰਘ ਪ੍ਰਤਾਪੀ, ਸੁੰਦਰ ਉੱਚਾ ਕਦ, ਚੌੜੀ ਛਾਤੀ, ਬੜਾ ਤਾਕਤਵਰ ਤੇ ਨਿਹਾਇਤ ਦਾਨੀ ਸੀ। ਇਸ ਦੇ ਲੰਗਰ ਵਿਚੋਂ ਗਰੀਬਾਂ ਨੂੰ ਹਰ ਵੇਲੇ ਪ੍ਰਸ਼ਾਦ ਮਿਲਦਾ ਰਹਿੰਦਾ ਸੀ। ਜਿਹੜਾ ਇਕ ਵੇਰ ਇਸ ਨੂੰ ਮਿਲਦਾ ਉਹਦਾ ਦਿਲ ਇਹਨਾਂ ਤੋਂ ਵਿਛੜਨ ਤੇ ਨਾ ਕਰਦਾ। ਫਤਿਹ ਨੇ ਹਮੇਸ਼ਾ ਇਹਨਾਂ ਦੇ ਕਦਮ ਚੁੰਮੇ।"

ਸੰਮਤ 1813 (1756 ਈ:) ਜਦ ਲਾਹੌਰ ਦੇ ਸੂਬੇ ਦੀ ਅਦੀਨਾ ਬੇਗ ਨਾਲ ਅਣ-ਬਣ ਹੋ ਗਈ ਤਾਂ ਉਸ ਨੇ ਨਵਾਬ ਕਪੂਰ ਸਿੰਘ ਨਾਲ ਦੋਸਤੀ ਪਾ ਕੇ ਆਪਣਾ ਸਾਥੀ ਬਣਾ ਲਿਆ ਅਤੇ ਅਦੀਨਾ ਬੇਗ ਦੇ ਮਰਨ ਦੇ ਪਿੱਛੋਂ ਬਹੁਤ ਸਾਰਾ ਇਲਾਕਾ ਬਿਸਤ ਜਲੰਧਰ ਦਾ ਨਵਾਬ ਕਪੂਰ ਸਿੰਘ ਦੇ ਕਬਜ਼ੇ ਵਿੱਚ ਆ ਗਿਆ।

ਸੰਮਤ 1810 ਬਿ: (1753 ਈ:) ਨੂੰ ਨਵਾਬ ਕਪੂਰ ਸਿੰਘ ਨੇ ਪੰਥ ਖਾਲਸੇ ਨੂੰ ਅੰਮ੍ਰਿਤਸਰ ਇਕੱਠਾ ਕਰ ਕੇ ਆਪਣੀ ਮਿਸਲ ਦੀ ਸਰਦਾਰੀ ਦੀ ਦਸਤਾਰ ਆਪਣੇ ਛੋਟੇ ਭਰਾ[1] (ਇਹ ਗਲਤ ਹੈ) ਖੁਸ਼ਾਲ ਸਿੰਘ ਦਿੱਤੀ (ਇਹਨੂੰ ਇਨ੍ਹਾਂ ਨੇ ਆਪਣਾ ਮੁਤਬੰਨਾ ਬਣਾਇਆ ਹੋਇਆ ਸੀ) ਕਿੰਤੂ ਜਥੇਦਾਰੀ ਦੀ ਦਸਤਾਰ ਆਪਣੇ ਸ਼ਾਗਿਰਦ ਜੱਸਾ ਸਿੰਘ ਆਹਲੂਵਾਲੀਆ ਨੂੰ ਦਿੱਤੀ। ਅਸੂ ਸੁਦੀ ਇਕਾਦਸ਼ੀ ਨੂੰ ਆਪ ਚਲਾਣਾ ਕਰ ਗਏ। ਇਹਨਾਂ ਦੀ ਸਮਾਧ ਬਾਬਾ ਅਟਲ ਦੇ ਪਾਸ ਹੁਣ ਤੱਕ ਬਣੀ ਹੋਈ ਹੈ। ਇਹ ਸਮਾਧ ਰਾਜਾ ਰਣਬੀਰ ਸਿੰਘ ਕਪੂਰਥਲੇ ਵਾਲੇ ਨੇ ਬਣਵਾਈ ਸੀ, ਆਦਿ ਆਦਿ।

ਆਧੁਨਿਕ ਇਤਿਹਾਸ ਲੇਖਕ, ਮਸ਼ਹੂਰ ਆਰੀਆ ਸਮਾਜੀ ਡਾਕਟਰ ਸਰ ਗੋਕਲ ਚੰਦ ਨਾਰੰਗ, ਆਪਣੀ ਪ੍ਰਸਿਧ ਪੁਸਤਕ "ਸਿਖ ਮੱਤ ਦਾ ਪਰਿਵਰਤਨ" ਨਾਮੇ ਦੇ ਪੰਨਾ 131 (ਪੰਜਾਬੀ ਯੂਨੀਵਰਸਿਟੀ 1973) ਤੇ ਫੁੱਟ ਨੋਟਾਂ ਵਿਚ ਲਿਖਦੇ ਹਨ :—

ਇਹੀ ਕਪੂਰ ਸਿੰਘ ਸਭ ਤੋਂ ਵਧ ਸ਼ਕਤੀਸ਼ਾਲੀ ਸਿੱਖ ਆਗੂ ਬਣਿਆ ਜਿਸ ਨੇ ਬਾਰਾਂ ਮਿਸਲਾਂ ਵਿਚੋਂ ਇਕ ਮਿਸਲ ਦੀ ਨੀਂਹ ਰੱਖੀ, ਜਿਸ ਦਾ ਨਾਮ ਉਸ ਦੇ ਜਨਮ ਸਥਾਨ[2] ਦੇ ਨਾਂ ਤੇ ਫੈਜ਼ੁਲਾਪੁਰੀਆ ਮਿਸਲ ਪਿਆ। ਸਯਦ ਮੁਹੰਮਦ ਲਤੀਫ਼ ਉਸ ਦੇ ਖਿਤਾਬ ਦਾ ਵੱਖਰਾ ਆਧਾਰ ਦੱਸਦਾ ਹੈ। ਉਹ ਕਹਿੰਦਾ ਹੈ "ਉਸ ਦੇ ਮੁਰੀਦਾ ਨੇ ਜਿਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਸੀ ਉਸ ਨੂੰ ਉਸ ਦੀ ਪ੍ਰਤਿਭਾ ਦੀ ਸ਼ਲਾਘਾ ਵਜੋਂ ਨਵਾਬ ਦਾ ਖਿਤਾਬ ਦਿੱਤਾ। ਇਹ ਕੇਵਲ ਇਕੋ ਉਦਾਹਰਣ ਹੈ ਜਦੋਂ ਕਿਸੇ ਸਿਖ ਨੇ ਮੁਸਲਮਾਨੀ ਖਿਤਾਬ ਧਾਰਨ ਕੀਤਾ ਹੋਵੇ।" ਇਹ ਦੱਸਣ ਦੀ ਲੋੜ ਨਹੀਂ ਕਿ ਲਤੀਫ਼ ਦਾ ਵਿਵਰਣ ਉੱਪਰ ਦਿੱਤੇ ਬ੍ਰਿਤਾਂਤ ਤੋਂ ਜਿਹੜਾ ਕਿ ਪੰਥ ਪ੍ਰਕਾਸ਼ ਅਨੁਸਾਰ ਹੈ, ਬਹੁਤ ਘੱਟ ਮੰਨਣ ਯੋਗ ਹੈ।

ਸੱਯਦ ਮੁਹੰਮਦ ਲਤੀਫ਼ ਅਨੁਸਾਰ ਕਪੂਰ ਸਿੰਘ ਨੇ "ਭਾਰੀ ਸੰਖਿਆ ਵਿਚ ਜੱਟਾਂ, ਤਰਖਾਣਾਂ, ਜੁਲਾਹਿਆਂ, ਝਿਊਰਾਂ, ਖੱਤਰੀਆਂ ਤੇ ਹੋਰ ਲੋਕਾਂ ਨੂੰ ਗੁਰੂ ਗੋਬਿੰਦ ਸਿੰਘ ਦੀ ਪ੍ਰੇਰਨਾ ਨਾਲ ਧਰਮ ਬਦਲਾਏ ਤੇ ਉਸਦਾ ਇਤਨਾ ਧਾਰਮਕ ਸਨਮਾਨ ਸੀ ਕਿ ਉਸਦੇ ਹੱਥੋਂ ਅੰਮ੍ਰਿਤ ਛਕਣਾ ਭਾਰੀ ਮਹੱਤਵ ਸਮਝਿਆ ਜਾਂਦਾ ਸੀ। ਉਸ ਨੂੰ ਆਪਣੇ ਹੱਥਾਂ ਨਾਲ 500 ਮੁਸਲਮਾਨਾਂ ਨੂੰ ਮਾਰਨ ਦਾ ਮਾਨ ਪ੍ਰਾਪਤ ਸੀ। ਵਾਸਤਵ ਵਿਚ ਉਹ ਜੱਸਾ ਸਿੰਘ

---

1. ਲਿਖਾਰੀ ਨੂੰ ਭੁਲੇਖਾ ਲੱਗਾ ਹੈ ਖੁਸਾਲ ਸਿੰਘ ਭਤੀਜਾ ਸੀ—ਭਰਾ ਦਾਨ ਸਿੰਘ ਦਾ ਪੁੱਤ੍ਰ। ਦੂਜੀ ਗੱਲ ਕਿ ਭਰਾ ਮੁਤਬੰਨਾ ਨਹੀਂ ਵਾਰਸ਼ ਹੁੰਦਾ ਹੈ। (ਗਿਆਨੀ ਜੀ)
2. ਇਹ ਇੱਕ ਭਰਾਂਤੀ—ਕਪੂਰ ਸਿੰਘ ਜੀ ਨੇ ਇਹ ਪਿੰਡ ਫੈਜ਼ੁਲਾਪੁਰ 1732 ਵਿੱਚ ਖੋਹਕੇ ਨਾਮ ਸਿੰਘ ਪੁਰਾ ਰੱਖ ਇਥੇ ਵਸੋਂ ਇਖਤਿਆਰ ਕੀਤੀ। (ਗਿਆਨੀ ਜੀ)

ਆਹਲੂਵਾਲੀਆ ਤੇ ਪਟਿਆਲੇ ਦੇ ਆਲਾ ਸਿੰਘ ਤੋਂ ਪਹਿਲਾਂ ਹੋਏ ਸਿਖ ਸਰਦਾਰਾਂ ਵਿੱਚੋਂ, ਅਤਿ ਮੰਨਿਆਂ ਪ੍ਰਮੰਨਿਆਂ ਸ਼ਕਤੀਸ਼ਾਲੀ ਸਰਦਾਰਾਂ ਸੀ। ਸੰਨ 1753 ਨੂੰ ਅੰਮ੍ਰਿਤਸਰ ਵਿੱਚ ਉਸਦਾ ਦਿਹਾਂਤ ਹੋਇਆ।

ਆਓ ਹੁਣ ਫਿਰ, ਭਾਈ ਜੀਵਨ ਸਿੰਘ ਜੀ ਦੀ ਇਸ ਤੋਂ ਅਗਲੀ ਲਿਖਤ ਨੂੰ ਲਈਏ · ਆਪ ਜੀ ਲਿਖਦੇ ਹਨ :—

"ਘੋੜਿਆਂ ਦੀ ਲਿਦ ਸੁੱਟਦਾ ਜਾਂ ਪੱਖਾ ਝੱਲਦਾ ਆਦਿ ਉਚੇਰੇ ਤੌਰ ਤੇ ਲਿਖਣ ਤੋਂ ਲਿਖਾਰੀਆਂ ਦਾ ਭਾਵ ਕਪੂਰ ਸਿੰਘ ਜੀ ਦੇ ਹੇਠੀ ਜਾਂ ਤੌਹੀਨ ਦਰਸਾਨਾ ਹੈ। ਅਸਲ ਗੱਲ ਕਿਸੇ ਨਹੀਂ ਲਿਖੀ ਕਿ ਉਸ ਸਮੇਂ ਕੇਵਲ ਕਪੂਰ ਸਿੰਘ ਹੀ ਨਵਾਬੀ ਦੇ ਲਾਇਕ ਸੀ। ਅਰਥਾਤ ਉਸ ਦੇ ਬਰਾਬਰ ਦਾ ਕੋਈ ਨਹੀਂ ਸੀ।"

ਕਈ ਈਰਖਾਲੂ ਸੱਜਣਾ ਨੇ ਤਾਂ ਪੱਖਪਾਤ ਦੀ ਪ੍ਰਦਰਸ਼ਨੀ ਇਥੋਂ ਤੱਕ ਕੀਤੀ ਹੈ ਕਿ ਨਵਾਬ ਕਪੂਰ ਸਿੰਘ ਜੀ ਦੀ ਉਹ ਯਾਦਗਾਰੀ ਸਮਾਧ ਜਿਹੜੀ ਰਾਜਾ ਰਣਬੀਰ ਸਿੰਘ ਕਪੂਰਥਲੀਏ ਨੇ ਬਾਬੇ ਅਟੱਲ ਜੀ ਦੇ ਦਿਹਰੇ ਕੋਲ ਬਣਾਈ ਸੀ, ਅਪਰੈਲ ਸੰਨ 1923 ਵਿਚ ਢਾਹ ਦੇਰੀ ਕੀਤੀ ਅਤੇ ਉਸ ਦੇ ਮਗਰੋਂ ਸ਼ਰੋਮਣੀ ਗੁ: ਪਰਬੰਧਕ ਕਮੇਟੀ ਜਾਂ ਹੋਰ ਕਿਸੇ ਪੰਥਕ ਸੰਸਥਾ ਨੂੰ ਉਥੇ ਯਾਦਗਾਰ ਕਾਇਮ ਕਰਨ ਦਾ ਖਿਆਲ ਤੱਕ ਨਹੀਂ ਆਇਆ— ਹਾਲਾਂ ਕਿ ਅਕਾਲੀ ਲਹਿਰ ਦੇ ਇੱਕ ਮੁਖੀ ਸਿੰਘ ਦੇ ਨਾਮ ਤੇ ਇੱਕ ਹਾਲ ਬਣਿਆ ਹੋਇਆ ਹੈ ਜਿਥੇ ਸ਼ਰੋਮਣੀ ਕਮੇਟੀ ਦੇ ਦਫ਼ਤਰ ਸਸ਼ੋਭਤ ਹਨ।

ਸਿਖ ਪੰਥ ਦੇ ਅੰਦਰ ਤੰਗ ਦਿਲੀ ਵੀ ਦੂਰ ਹੱਦ ਤੱਕ ਪਹੁੰਚ ਗਈ ਹੈ—ਮੈਂ ਸਮੂਹ ਸਿਖ ਸ਼ਹੀਦਾਂ, ਸੇਵਕਾਂ, ਪ੍ਰਚਾਰਕਾਂ, ਮਹਾਤਮਾਂ ਵਿੱਚ ਵੰਡ ਪਾਣ ਦੇ ਹੱਕ ਵਿੱਚ ਨਹੀਂ। ਉਹ ਸਭ ਸਾਝੇ ਪੰਥ ਦੇ ਸਾਂਝੇ ਬਜ਼ੁਰਗ ਹਨ ਕਿਆ ਸ਼ਰੋਮਣੀ ਗੁ: ਪ੍ਰ: ਕਮੇਟੀ ਦੇ ਕਰਤਾ ਧਰਤਿਆਂ ਤੋਂ ਪੁੱਛਿਆ ਜਾ ਸਕਦਾ ਹੈ ਕਿ—

(1) ਯਾਦਗਾਰੀ ਸਮਾਧਾਂ ਅਗਰ ਢਾਹੀਆਂ ਗਈਆਂ ਸਨ ਤਾਂ ਉਥੇ ਹੋਰ ਸਮਾਰਕ ਚਿੰਨ੍ਹ ਕਿਉਂ ਖੜਾ ਨਹੀਂ ਕੀਤਾ ਗਿਆ ਸੀ।

(2) ਅਗਰ ਯਾਦਗਾਰੀ ਚਿੰਨ੍ਹ ਖੜਾ ਕੀਤਾ ਜਾਣਾ ਉਚਿਤ ਨਹੀਂ ਸੀ ਸਮਝਿਆ ਤਾਂ ਫਿਰ ਬਾਬਾ ਦੀਪ ਸਿੰਘ ਜੀ ਦੀ ਸਮਾਧ ਵਾਲੇ ਥਾਂ ਤੇ ਫੱਟਾ ਟੰਗਣਾ ਕਿਵੇਂ ਉਚਿਤ ਸਮਝਿਆ ਗਿਆ?

(3) ਗੁਰੂ ਰਾਮਦਾਸ ਪਾਤਸ਼ਾਹ ਦੀ ਨਗਰੀ ਵਿੱਚ ਜਿਥੇ ਸ੍ਰੋ: ਗੁ: ਪ੍ਰ: ਕਮੇਟੀ ਨੇ, ਗੁਰੂ ਰਾਮਦਾਸ ਸਰਾਂ, ਗੁਰੂ ਰਾਮ ਦਾਸ ਨਿਵਾਸ, ਗੁਰੂ ਰਾਮਦਾਸ ਹਸਪਤਾਲ, ਗੁਰੂ ਰਾਮਦਾਸ ਲਾਇਬਰੇਰੀ ਅਤੇ ਗੁਰੂ ਰਾਮਦਾਸ ਲੰਗਰ ਆਦਿਕ ਸਥਾਨ ਬਣਾਏ ਹਨ। ਕੀਹ ਸ਼ਰੋਮਣੀ ਕਮੇਟੀ ਦੇ ਦਫਤਰ ਦਾ ਨਾਮ ਗੁਰੂ ਰਾਮਦਾਸ ਹਾਲ ਨਹੀਂ ਰੱਖਿਆ ਜਾ ਸਕਦਾ ਸੀ?

(4) ਖਾਲਸਾ ਪੰਥ ਦੇ ਅੰਦਰ ਕੋਈ ਇਹੋ ਜਿਹੀ ਮਿਸਾਲ ਨਹੀਂ ਮਿਲਦੀ ਜਦ ਕਿ ਕਿਸੇ ਸਿਖ ਜਾ ਸਿਘ ਦੇ ਨਾਮ ਤੇ ਗੁਰਦਵਾਰੇ ਤੋਂ ਇਲਾਵਾ ਕੋਈ ਹੋਰ ਇਮਾਰਤ ਸਮੂਹ ਪੰਥ ਵਲੋਂ ਖੜੀ ਕੀਤੀ ਗਈ ਹੋਵੇ ਤਾਂ ਫਿਰ ਪੁੱਛਿਆ ਜਾ ਸਕਦਾ ਹੈ ਕਿ ਇਸ ਸਿੰਘ ਸਾਹਿਬ ਦੇ ਨਾਮ ਤੇ ਹਾਲ ਕਿਉਂ ਖੜਾ ਕੀਤਾ ਗਿਆ?

(5) ਅਗਰ ਸ਼ਰੋਮਣੀ ਕਮੇਟੀ ਦੇ ਕਰਤਿਆਂ ਧਰਤਿਆਂ ਨੇ ਇਉਂ ਕਰਨਾ ਹੀ ਸੀ ਤਾਂ ਪਹਿਲਾਂ ਪੁਰਾਣਿਆਂ ਗੁਰਸਿਖਾਂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਬਾਬਾ ਬਾਬਕ ਰਬਾਬੀ, ਸੰਘਾ ਪ੍ਰੋਹਤ, ਬਾਬਾ ਬਿਧੀ ਚੰਦ ਜੀ ਆਦਿ ਦੇ ਨਾਵਾਂ ਤੇ ਹਾਲ ਬਣਾ ਲੈਂਦੇ ਅਤੇ ਹੋਰ ਸਿਖ ਸ਼ਹੀਦ ਬੜੇ ਸਨ। ਉਹਨਾਂ ਦੇ ਨਾਮ ਤੇ ਹਾਲ ਕਿਉਂ ਨਾ ਬਣਾਇਆ ਗਿਆ?

(6) 31 ਜਨਵਰੀ 1848 ਨੂੰ ਅਕਾਲ ਤਖਤ ਦਾ ਸਤਿਕਾਰ ਬਰਕਰਾਰ ਰੱਖਣ ਵਾਸਤੇ ਭਾਈ ਗੰਡਾ ਸਿੰਘ ਦੀ ਜਥੇਦਾਰੀ ਹੇਠ ਛੇ ਸਿੰਘਾ ਨੇ ਪੁਰਬੀਆ ਫੌਜੀ ਕੰਪਨੀ ਦਾ ਟਾਕਰਾ ਕੀਤਾ, ਜਿਸ ਵਿੱਚ ਪੁਰਬੀਆ ਸੂਬੇਦਾਰ ਮਾਰਿਆ ਗਿਆ ਤੇ ਬਾਕੀ ਦੇ ਹਰਨ ਹੋ ਗਏ। ਇਸ ਦੋਸ਼ ਵਿਚ ਬਿਨਾ ਮੁਕਦਮਾ ਚਲਾਏ ਜਾਨ ਲਾਰੰਸ ਦੇ ਹੁਕਮ ਨਾਲ ਜਥੇਦਾਰ ਗੰਡਾ ਸਿੰਘ ਜੀ ਤੇ ਦੋ ਹੋਰ ਸਿੰਘ 19 ਫਰਵਰੀ ਸੰਨ 1848 ਲਾਹੌਰ ਫਾਂਸੀ ਲਗਾਏ ਗਏ ਤੇ ਬਾਕੀ ਦੇ ਕੈਦ ਬਾ-ਮੁਸ਼ਕਤ ਵਾਸਤੇ ਬਰੇਲੀ ਭੇਜੇ ਗਏ। ਉਹਨਾ ਗੁਰੂ ਪਿਆਰਿਆਂ ਦੇ ਨਾਮ ਤੇ ਹਾਲ ਕਿਉਂ ਨਾ ਬਣਾਇਆ ਗਿਆ?

(7) ਭਲਾ ਜੇ ਇਹਨਾਂ ਨੂੰ ਵਿਸਾਰ ਕੇ ਵਰਤਮਾਨ ਅਕਾਲੀ ਲਹਿਰ ਦੇ ਨੇਤੇ ਦੇ ਨਾਮ ਤੇ ਹੀ ਹਾਲ ਬਨਾਉਣਾ ਸੀ ਤਾਂ ਪਹਿਲ ਪ੍ਰਥਮ ਬਾਬਾ ਖੜਕ ਸਿੰਘ ਜੀ ਦਾ ਨਾਮ ਆਉਣਾ ਚਾਹੀਦਾ ਸੀ। ਫਿਰ ਸ਼ਹੀਦ ਸਿੰਘਾਂ ਦੇ ਨਾਮ ਆਉਣੇ ਚਾਹੀਦੇ ਸਨ। ਪਰ ਕੀ ਵਜ੍ਹਾ ਹੈ ਕਿ ਇਕੋ ਸਿੰਘ ਸਾਹਿਬ ਦੇ ਨਾਮ ਤੇ ਹਾਲ ਬਣਾ ਦਿੱਤਾ ਗਿਆ?

1. ਸ਼ਹਿਰਦ ਪਾਠਕ, ਕ੍ਰਿਪਾ ਕਰਕੇ ਇਹਨਾਂ ਲਕਾਗ, ਸਤਰਾਂ ਦਾ ਟਾਕਰਾ ਡਾਕਟਰ ਬਲਬੀਰ ਸਿੰਘ ਦੀ ਲਿਖਤ ਨਾਲ ਕਰਨ ਦੀ ਖੇਚਲ ਕਰਨ।

(8) ਜਿੱਥੇ ਸਹੀਦਾਂ ਦੇ ਨਾਮ ਤੇ ਸ਼ਹੀਦ ਮਿਸ਼ਨਰੀ ਕਾਲਜ ਬਣਿਆ ਸੀ ਕੀ ਦਫਤਰ ਦੇ ਹਾਲ ਦਾ ਨਾਮ ਸ਼ਹੀਦੀ ਬੁੰਗਾ ਆਦਿ ਨਹੀਂ ਸੀ ਰੱਖਿਆ ਜਾ ਸਕਦਾ।

(ੳ) ਕੀਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਇਹਨਾਂ ਅੱਠਾਂ ਪ੍ਰਸ਼ਨਾਂ ਦੇ ਉੱਤਰ ਹਨ ? ਅਗਰ ਹਨ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾ ਕੋਲੋਂ ਪ੍ਰਵਾਨ ਕਰਵਾ ਕੇ ਛਪਵਾਨ ਦੀ ਕ੍ਰਿਪਾ ਕਰੇ।

(ਅ) ਮੇਰੇ ਵਿਚਾਰ ਅਨੁਸਾਰ ਕਿਸੇ ਸਿਖ ਦੇ ਨਾਮ ਤੇ ਪੰਥਕ ਫੰਡਾਂ ਨਾਲ ਭਵਨ ਨਿਰਮਾਨ ਕਰਨਾ ਮਨਮੱਤ ਹੈ।

(ੲ) ਸਿੰਘ ਸਭਾ ਲਹਿਰ ਦੇ ਵਕਤ ਦੀ ਜਿਉਂਦੀ ਜਾਗਦੀ ਮਿਸਾਲ ਮੌਜੂਦ ਹੈ ਕਿ ਸ: ਦਿਆਲ ਸਿੰਘ ਮਜੀਠਾ ਆਪਣਾ ਦਿਆਲ ਸਿੰਘ ਕਾਲਜ, ਦਿਆਲ ਸਿੰਘ ਲਾਇਬਰੇਰੀ ਅਤੇ ਟਰਿਬਿਊਨ ਅਖਬਾਰ ਖਾਲਸੇ ਨੂੰ ਇਸ ਸ਼ਰਤ ਤੇ ਦੇਂਦਾ ਸੀ ਕਿ ਉਪਰੋਕਤ ਸੰਸਥਾਵਾਂ ਦਾ ਨਾਮ ਬਦਲਿਆ ਨਾ ਜਾਵੇ। ਕਿੰਤੂ ਖਾਲਸੇ ਨੇ ਇਹ ਸ਼ਰਤ ਪ੍ਰਵਾਨ ਨਾ ਕੀਤੀ ਕਿਉਂਕਿ ਖਾਲਸੇ ਕੋਲ ਆਈ ਸ਼ੈ ਸਰਬਤ ਖਾਲਸੇ ਦੀ ਸਾਂਝੀ ਹੁੰਦੀ ਹੈ—ਇਸ ਵਾਸਤੇ ਕਿਸੇ ਵਿਸ਼ੇਸ਼ ਵਿਅਕਤੀ ਦਾ ਨਾਮ ਨਹੀਂ ਰੱਖਿਆ ਜਾਂਦਾ ਤੇ ਫਿਰ ਜਦ ਉਸ ਤੋਂ ਵੱਧ ਕੁਰਬਾਨੀਆਂ ਵਾਲੇ ਹੋਰ ਹੋਣ—ਇਹ ਖਾਲਸੇ ਦੀ ਪਾਵਨ ਮਰਿਆਦਾ ਹੈ—ਇਸ ਵਾਸਤੇ ਇਸ ਭਵਨ ਦਾ ਨਾਮ ਇਕੱਲੇ ਸਿੰਘ ਦੇ ਨਾਮ ਤੇ ਨਹੀਂ ਹੋ ਸਕਦਾ।

(ਏਥੇ ਸਵਾਲ ਕਿਸੇ ਇੱਕ ਵਿਅਕਤੀ ਦੇ ਨਾਂ ਗੁੱਸੇ, ਈਰਖਾ ਜਾ ਅਟੈਕ attack) ਦਾ ਨਹੀਂ, ਸਵਾਲ ਤਾਂ ਕੇਵਲ ਮਰਿਆਦਾ ਨੂੰ ਤੋੜਣ ਦਾ ਹੈ। ਅਜਿਹੇ ਗਲਤ ਕਦਮਾਂ ਨਾਲ ਹੀ ਸਿੱਖ ਪੰਥ ਦਾ ਮ ਨ, ਮਰਿਆਦਾ ਘਾਟੇ ਵੱਲ ਜਾ ਰਹੀ ਹੈ) ਭਗਵੰਤ ਸਿੰਘ ਆਜ਼ਾਦ

(ਸ) ਜਿਹੜੇ ਜਿਹੜੇ ਇਤਿਹਾਸਕ ਅਸਥਾਨ ਜਿਥੋਂ ਜਿਥੋਂ ਮਿਟਾਏ ਗਏ ਹਨ। ਉਹਨਾਂ ਦੀ ਥਾਵੇਂ ਸਤੰਭ ਜਾਂ ਸੰਗਮਰਮਰ ਦੇ ਪੱਕੇ ਬੋਰਡ ਇਤਿਹਾਸਕ ਹਵਾਲਾ ਲਿਖਤ ਸਮੇਤ ਖੜੇ ਕੀਤੇ ਜਾਵਨ।

ਨਵਾਬ ਕਪੂਰ ਸਿੰਘ ਦੀ ਸਮ੍ਰਿਤੀ ਵਿੱਚ ਕੋਈ ਨਿਸ਼ਾਨ ਅਵੱਸ਼ ਹੋਣਾ ਚਾਹੀਦਾ ਹੈ। ਜਿਥੇ ਅਸੀਂ ਸਾਈਂ ਮੀਆਂ ਮੀਰ ਜੀ ਦੀ ਸਮ੍ਰਿਤੀ ਵਿੱਚ ਇੱਕ ਚੇਅਰ ਖਾਲਸਾ ਕਾਲਜ ਵਿੱਚ ਸਥਾਪਤ ਕਰਦੇ ਹਾਂ ਕਿ ਆਪ ਜੀ ਨੇ ਹਰਿਮੰਦਰ ਦੀ ਨੀਂਵ ਦੀ ਇੱਟ ਰੱਖੀ ਸੀ। ਕਿੰਤੂ ਕਿਤਨੇ ਖੇਦ ਦੀ ਗੱਲ ਹੈ ਕਿ ਨਵਾਬ ਕਪੂਰ ਸਿੰਘ, ਜਿਸ ਨੇ ਦੂਸਰੀ ਵਾਰੀ ਹਰਿਮੰਦਰ ਦੀ ਨੀਂਵ ਰੱਖੀ, ਉਸ ਦੀ ਬਣੀ ਹੋਈ ਸਮਾਧ ਵੀ ਅਸਾਂ ਨੇ ਗਿਰਾ ਦਿੱਤੀ। ਕਿਸੇ ਨੇ ਆਖਿਆ ਹੈ :—

ਕੁਛ ਹੈ ਵੋਹ ਖੁਸ਼ ਕਿਸਮਤ ਜਿਨਹੇ ਤਸਵੀਰ ਬਨਾ ਆਤੀ ਹੈ।

ਕੁਛ ਹੈ ਹਮ ਕੰਬਖਤ ਕਿ ਆਪਣੀ ਪਹਿਲੀ ਭੀ ਬਿਗਾੜ ਲੀਂ।

ਇੱਥੇ ਨਾਲ ਲੱਗਦੀ ਇੱਕ ਹੋਰ ਗੱਲ ਸਾਡੇ ਇਤਿਹਾਸਕਾਰਾਂ ਲਿਖੀ ਹੈ ਕਿ "ਕਿਸੇ ਆਖਿਆ ਖਿਲਅਤ ਨੂੰ ਪਾੜ ਦਿਉ, ਕਿਸੇ ਆਖਿਆ ਤੋਹਫਿਆਂ ਨੂੰ ਸਾੜ ਦਿਓ, ਕਿਸ ਕਿਹਾ ਮੋੜ ਦਿਉ, ਕਿਸੇ ਕਿਹਾ ਮੁੜੀ ਜਾ ਰਹੀ ਨੂੰ ਫੇਰ ਭਾਵੇਂ ਲੁੱਟ ਲਵੋ" (ਚਰਣ ਹਰੀ ਵਿਸਥਾਰ ਪੰਨਾ 19 ਪੈਰਾ 2) ਇਥੇ ਫੁੱਟ ਨੋਟ ਵਿੱਚ ਡਾਕਟਰ ਬਲਬੀਰ ਸਿੰਘ ਗਿਆਨੀ ਗਿਆਨ ਸਿੰਘ ਜੀ ਦਾ ਹਵਾਲਾ ਦੇਂਦੇ ਹੋਏ ਲਿਖਦੇ ਹਨ :—

ਤੁਰਕ ਸੋਂ ਰਸਾਈ ਹਮ ਕਰੇ ਨਾ ਕਦਾਈਂ ਭਾਈ
ਲੈ ਹੈਂ ਨ ਜਗੀਰ ਗਈ ਦੀਨੀ ਤਿਸਕੀ ਕਬੈ।

ਕੋਉ ਕਹਿ ਪਾਰ ਦਿਹੁ, ਕੋਊ ਰਹਿ ਜਾਰ ਦਿਹੁ
ਲੂਟ ਲੇਹੁ ਕੋਈ ਕਹੈ ਮੋੜ ਦੇਹੁ ਯਾ ਅਬੈ॥

ਇਤਿਹਾਸ ਵੇਤਾ ਜਾਣਦੇ ਹਨ ਕਿ ਗਿਆਨੀ ਗਿਆਨ ਸਿੰਘ ਜੀ ਨੇ ਇਤਿਹਾਸ ਲਿਖਣ ਲੱਗਿਆਂ ਕਈ ਥਾਵੀਂ ਅੱਤਿ ਕਥਨੀ ਤੋਂ ਕੰਮ ਲਿਆ ਹੈ ਅਤੇ ਕਈ ਥਾਈਂ, ਜਿਹਾ ਕਿ ਉਹਨਾਂ ਆਪ ਵੀ ਮੰਨਿਆ ਹੈ ਕਿ ਮੱਖੀ ਤੇ ਮੱਖੀ ਵੀ ਮਾਰੀ ਹੈ—ਅਗਰ ਖਾਲਸੇ ਨੂੰ ਤੁਰਕ ਦੀ ਦਿੱਤੀ ਹੋਈ ਚੀਜ਼ ਪ੍ਰਵਾਨ ਨਹੀਂ ਸੀ ਤਾਂ :—

(1) ਜਦ ਬਾਬੇ ਬੰਦਾ ਸਿੰਘ ਬਹਾਦਰ ਨਾਲ ਤੱਤ ਖਾਲਸੇ ਦਾ ਵਿਗਾੜ ਸੰਨ 1714 ਈ: ਵਿੱਚ ਪਿਆ ਤਾਂ ਫ਼ਰੁਖਸੀਅਰ ਦੀ ਦਿੱਤੀ ਹੋਈ ਜਾਗੀਰ ਖਾਲਸਾ ਪੰਥ ਨੇ ਕਬੂਲ ਕੀਤੀ ਅਤੇ ਜਦ ਉਸੇ ਸਾਲ ਬੰਦਾ ਸਿੰਘ ਨੇ ਲਾਹੌਰ ਤੇ ਚੜ੍ਹਾਈ ਕੀਤੀ ਤਾਂ ਤੱਤ ਖਾਲਸੇ ਨੇ ਹਕੂਮਤ ਵਲੋਂ ਉਸ ਨਾਲ ਟਾਕਰਾ ਕੀਤਾ ਤਾਂ ਕਿਉਂ ?

(2) ਮੀਰ ਮੰਨੂੰ ਨੇ, ਦੀਵਾਨ ਕੌੜਾ ਮਲ ਦੀ ਰਾਹੀਂ ਸੰਨ 1749 ਦੇ ਨੇੜੇ ਤੇੜੇ ਪੱਟੀ ਦੇ ਇਲਾਕੇ ਦੀ ਬਾਰਾਂ ਪਿੰਡਾਂ ਦੀ ਜਾਗੀਰ ਦਿੱਤੀ ਤਾਂ ਕਬੂਲ ਕੀਤੀ।

(3) ਅਗਰ ਨਿਰੇ ਨਵਾਬੀ ਦੇ ਖਿਤਾਬ ਤੇ ਹੀ ਇਤਰਾਜ਼ ਹੋਵੇ ਤਾਂ ਨਾਦਰਸ਼ਾਹ ਦੀ ਫੌਜ ਦੇ ਉਜਾੜੇ ਹੋਏ ਬਰਨਾਲਾ ਆਦਿ ਪਿੰਡ ਸਨ 1739 ਈ: ਵਿੱਚ ਦੁਬਾਰਾ ਆਬਾਦ ਕਰਨ ਤੇ ਦਿੱਲੀ ਦੇ ਬਾਦਸ਼ਾਹ ਦਾ ਦਿੱਤਾ ਰਾਜਗੀ ਦਾ ਖਿਤਾਬ ਬਾਬੇ ਆਲਾ ਸਿੰਘ ਜੀ ਨੇ ਧਾਰਨ ਕੀਤਾ ਤੇ ਪੰਥ ਨੇ ਕਿਉਂ ਇਤਰਾਜ਼ ਨਾ ਕੀਤਾ ?

ਪਾਠਕ ਹੁਣ ਇਨਸਾਫ਼ ਕਰਨ, ਕੀ ਸਾਡੇ ਪੁਰਾਣੇ ਅਤੇ ਨਵੇਂ ਇਤਿਹਾਸਕਾਰਾਂ ਨੇ ਬਾਬੇ ਕਪੂਰ ਸਿੰਘ ਨਾਲ ਵਾਧਾ ਨਹੀਂ ਕੀਤਾ, ਜੇ ਕੀਤਾ ਹੈ ਤਾਂ ਕਿਸ ਕਸੂਰ ਬਦਲੇ ? ਸਿਰਫ਼ ਇਸੇ ਲਈ ਨਾ ਕਿ ਉਹ ਸੂਰਮਾ ਭਗਤ ਅਤੇ ਦਾਨੀ ਸੀ। ਉਸ ਵਿੱਚ ਗੁਰ-ਸਿਖਾਂ ਵਾਲੇ ਸਮੂਹ ਗੁਣ ਸਨ ? ਜਿਥੇ ਉਹ ਸ਼ਸਤ੍ਰ ਵਿੱਦਿਆ ਦਾ ਆਚਾਰਆ ਸੀ ਉਥੇ ਉਹ ਧੁਰੰਧਰ ਸ਼ਾਸਤ੍ਰ-ਗਿਆਤਾ ਵੀ ਸੀ। ਜਦੋਂ ਉਸ ਗੁਰਮੁਖ ਨੂੰ ਸ਼ਾਸਤਰੀ ਅਥਵਾ ਸ਼ਸਤਰੀ ਵਿੱਦਿਆ ਦੇਣ ਜਾਂ ਇਹਨਾਂ ਦੇ ਅਭਿਆਸ ਤੋਂ ਫੁਰਸਤ ਹੁੰਦੀ ਤਾਂ ਉਹ ਮਾਲਾ ਫੜ ਕੇ ਨਾਮ ਜਪਣ (ਜੋ ਅਕਸਰ ਵਖਾਵੇ ਮਾਤਰ ਹੁੰਦਾ ਹੈ) ਦੀ ਬਜਾਏ, ਸਾਥੀਆਂ ਅਥਵਾ ਜਿਗਿਆਸੂਆਂ ਨੂੰ ਨਾਲ ਲੈ ਕੇ ਬ੍ਰਿਤੀ ਨਾਲ ਸਿਮਰਨ ਕਰਦਾ, ਕਰਾਂਦਾ ਅਤੇ ਅੰਮ੍ਰਿਤ ਅਭਿਲਾਸ਼ੀਆਂ ਲਈ ਹੱਥੀਂ ਕੜਹਿਰੇ ਸਿਉਂਦਾ ਤੇ ਦੂਸਰਿਆਂ ਨੂੰ ਵੀ ਇਸੇ ਕਾਰੇ ਲਾਉਂਦਾ।

ਜਾਂ ਫਿਰ ਇਸ ਲਈ ਕਿ ਉਹ ਇੱਕ ਵਿਰਕ ਗੋਤ ਦਾ ਜੱਟ ਸੀ ਤੇ ਅਜਿਹੇ ਇਤਿਹਾਸਕਾਰਾਂ ਦੇ ਧੁਰ ਅੰਦਰ ਜੱਟ ਅਜੱਟ ਦਾ ਵਖਰੇਵਾਂ ਸੀ ਜਿਸ ਅਧੀਨ ਜੱਟ ਆਗੂ ਏਡੇ ਮਹਾਨ ਗੁਣਾਂ ਨੂੰ ਛੁਟਿਆਉਣ ਤੇ ਛੁਪਾਉਣ ਦਾ ਯਤਨ ਕੀਤਾ ਹੈ।

ਜਾਂ ਫਿਰ ਇਸ ਲਈ ਕਿ, ਕਪੂਰ ਸਿੰਘ ਸਾਂਦਲਬਾਰ ਦਾ ਵਿਰਕ ਜੱਟ ਸੀ ਜਿਸਦੇ ਪਿਛੋਕੜ ਦਾ ਕੋਈ ਇਤਿਹਾਸ ਨਹੀਂ। ਏਵੇਂ ਕੋਈ ਚਲਦਾ ਫਿਰਦਾ ਟੱਪਰੀ-ਵਾਸ ਗਰੀਬ ਹੋਵੇਗਾ, ਚਲੋ ਜੋ ਜੀ ਆਵੇ ਲਿਖੋ ਸਾਨੂੰ ਕਿਹੜਾ ਕਿਸੇ ਪੁੱਛਣਾ ਹੈ।

ਜਿਤਨੀ ਗਫ਼ਲਤ ਅਤੇ ਬੇਨਿਆਈ ਸਿਖ ਇਤਿਹਾਸਕਾਰਾਂ ਅਤੇ ਗੈਰ ਸਿਖ ਇਤਿਹਾਸਕਾਰਾਂ ਨੇ ਸਾਂਦਲਬਾਰ, ਅਥਵਾ ਗੁਰੂ ਨਾਨਕ ਦੀ ਜਨਮ ਭੂਮੀ ਦੇ ਵਸਨੀਕਾਂ ਨਾਲ ਕੀਤੀ ਹੈ ਉਹ ਅਕਥਨੀਯ ਹੈ ਜਿਸਦਾ ਪ੍ਰਾਸ਼ਚਿਤ ਹੁਣ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ ਅਤੇ ਆਉਣ ਵਾਲੀਆਂ ਨਸਲਾਂ, ਜੇਕਰ ਹੁਣ ਵੀ ਕੋਈ ਚਾਰਾ ਨਾ ਕੀਤਾ ਗਿਆ ਤਾਂ ਵਰਤਮਾਨ ਇਤਿਹਾਸਕਾਰਾਂ ਨੂੰ ਕਦੇ ਖਿਮਾਂ ਨਾ ਕਰਣਗੀਆਂ—ਸ਼ਾਇਦ ਇਸ ਚਰਿਤ੍ਰ ਘਾਤ **Character assassination** ਦਾ ਅਰਥ ਕੁਛ ਹੋਰ ਹੋਵੇਗਾ।

ਡਾਕਟਰ ਬਲਬੀਰ ਸਿੰਘ ਨੇ, ਕਪੂਰ ਸਿੰਘ ਜੀ ਦਾ Character assissination ਅਰਥਾਤ ਚਰਿਤਰ ਘਾਤ ਕਰਨ ਵਿੱਚ ਮੂਲੋਂ ਕਸਰ ਨਹੀਂ ਛੱਡੀ। ਆਪ ਉਪਰੋਕਤ ਦਿੱਤੇ ਹਵਾਲੇ ਵਿੱਚ ਲਿਖਦੇ ਹਨ "ਨਵਾਬ ਸਾਹਿਬ ਦੀ ਜਥੇਦਾਰੀ ਨਾ ਤਾਂ ਕਿਸੇ ਲੋਕ ਚੋਣ ਦੇ ਅਸੂਲ ਅਨੁਸਾਰ ਸੀ ਤੇ ਨਾ ਹੀ ਕਿਸੇ ਪਿਛਲੇ ਲੀਡਰ ਦੀ ਸੌਂਪਣਾ ਦੀ ਸ਼ਕਲ ਵਿੱਚ ਸੀ। (ਚਰਨ ਹਰੀ ਵਿਸਥਾਰ ਪੰਨਾ 18 ਪੈਰਾ 5)

ਹੁਣ ਇਥੇ ਡਾਕਟਰ ਸਾਹਿਬ ਤੋਂ ਵਜਾ ਪੁੱਛੀ ਜਾ ਸਕਦੀ ਹੈ ਕਿਉਂ ਜੀ ਭਲਾ ਨਾਦਰ ਸ਼ਾਹ ਨੂੰ ਬਾਦਸ਼ਾਹੀ ਮਿਲਣ ਵੇਲੇ ਚੋਣ ਕਮਿਸ਼ਨਰ ਕੌਣ ਸੀ ਤੇ ਕਿਹੜੀ ਚੋਣ ਪ੍ਰਨਾਲੀ ਉਦੋਂ ਚਾਲੂ ਸੀ। ਅੰਗਰੇਜ਼ ਤਰੀਕੇ ਦੀ ਜਾਂ ਰੂਸੀ ਢੰਗ ਦੀ ਜਾਂ ਫਿਰ ਉਹ ਨੂੰ ਬਾਦਸ਼ਾਹੀ ਦੀ ਸੌਂਪਣਾ ਸ਼ਾਹ ਤਹਿਮਾਸਪ ਨੇ ਜਾਂ ਉਸਦੇ ਦਾਦੇ, ਪੜਦਾਦੇ ਜਾਂ ਲਗੜ ਦਾਦੇ ਨੇ ਕੀਤੀ ਸੀ। ਨਹੀਂ ! ਇਤਿਹਾਸਕਾਰ ਜਾਣਦੇ ਹਨ ਕਿ ਉਸ ਦੀ ਚੋਣ ਅਥਵਾ ਸੌਂਪਣਾ ਦਾ ਢੰਗ ਨਾਦਰ ਸ਼ਾਹੀ ਹੀ ਸੀ। ਅਰਥਾਤ ਉਸ ਨੇ ਸਭ ਕੁਛ ਡੰਡੇ ਦੇ ਜ਼ੋਰ ਤੇ ਲਿਆ ਸੀ। ਕਿੰਤੂ ਕਪੂਰ ਸਿੰਘ ਜੀ ਨੂੰ ਜਥੇਦਾਰੀ ਤੇ ਨਵਾਬੀ ਉਹਨਾਂ ਦੀ ਯੋਗਤਾ ਅਤੇ ਪੂਰਨ ਗੁਰਸਿਖ ਆਚਰਣ ਕਰਕੇ ਪ੍ਰਾਪਤ ਹੋਈ ਸੀ।"

ਦੂਜੀ ਹਾਸੋਹੀਣੀ ਗੱਲ ਕਿ ਕਪੂਰ ਸਿੰਘ ਲੜਾਈ ਵਿਚੋਂ ਭਜਦੇ ਹੀ ਆਇਆ ਸੀ ਤੇ ਮੱਥੇ ਤੇ ਫੱਟ ਲੱਗਣ ਨਾਲ ਗਰੀਬੀ ਦੀ ਰੇਖਾ ਮਿਟ ਗਈ ਸੀ ਤੇ ਨਵਾਬੀ ਮਿਲ ਗਈ। ਵਾਹ ! ਵਾਹ ! ਇਸ ਗਰੀਬੀ ਹਟਾਉ ਨੁਸਖੇ ਦਾ ਅਜੇ ਭਾਰਤ ਸਰਕਾਰ ਨੂੰ ਪਤਾ ਨਹੀਂ ਲੱਗਾ, ਨਹੀਂ ਤੇ ਸਭ ਗਰੀਬਾਂ ਦੇ ਮੱਥੇ ਪਾੜ ਪਾੜ ਕੇ ਹੁਣ ਤੱਕ ਅਮੀਰ ਕਰ ਲਿਆ ਜਾਣਾ ਸੀ। ਇਹ ਮੁਜੱਰਬ ਨੁਸਖਾਂ ਕੇਵਲ ਗਿਆਨੀ ਗਿਆਨ ਸਿੰਘ ਜਾਂ ਡਾ: ਬਲਬੀਰ ਸਿੰਘ ਤੱਕ ਹੀ ਰਹਿ ਗਿਆ ਬਾਕੀਆਂ ਨੂੰ ਵਰਤਨ ਵਿਧੀ ਅਜੇ ਲੱਭੀ ਨਹੀਂ। ਜਾਂ ਫਿਰ ਇਹਨਾਂ ਮਹਾਨ ਇਤਿਹਾਸਕਾਰਾਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਨਾਦਰ ਦੀ ਕੰਗਾਲੀ ਵੀ ਕੀ ਮੱਥੇ ਵਿੱਚ ਤਲਵਾਰ ਲੱਗਣ ਨਾਲ ਹੀ ਦੂਰ ਹੋਈ ਸੀ ਜਾਂ ਮੁਸਲਮਾਨ ਹੋਣ ਕਰਕੇ, ਹਲਾਲੀ ਤਰੀਕੇ ਅਨੁਸਾਰ ਕਿਸੇ ਮੌਲਵੀ ਨੇ ਤਕਬੀਰ ਪੜ੍ਹ ਕੇ ਉਹ ਦੀ ਗਰਦਨ ਤੇ ਛੁਰੀ ਚਲਾਈ ਸੀ ਜਿਸ ਕਰ ਕੇ ਦਿੱਲੀ ਦਾ ਤਖ਼ਤਿ ਤਾਊਸ ਤੇ ਕੋਹ ਨੂਰ ਹੀਰਾ ਤੇ 32 ਕਰੋੜ ਨਕਦ ਰੁਪਇਆ, ਨਾਦਰ ਨੂੰ ਭੇਡਾਂ ਦਾ ਇਜੜ ਚਾਰਦੇ ਨੂੰ ਖੁਰਾਸਾਨ ਵਿੱਚ ਹੀ ਲੱਭ ਗਿਆ।

ਕਪੂਰ ਸਿੰਘ ਜੀ ਕੰਗਾਲ ਨਹੀਂ ਸਨ, ਉਹਨਾਂ ਦਾ ਪਿਤਾ ਵਿਰਕ ਜੱਟ, ਮਾਲ ਵੰਸ਼ਜ ਦਲੀਪ ਸਿੰਘ ਇਲਾਕੇ ਦਾ "ਚੋਧਰੀ" ਸੀ ਜੋ ਅੱਜ ਕੱਲ ਦੇ ਤਕੜੇ ਜਗੀਰਦਾਰ ਦਾ ਦਰਜਾ ਰੱਖਦਾ ਸੀ ਅਤੇ ਚੋਧਰੀ ਦਲੀਪ ਸਿੰਘ ਜੀ ਦੇ ਅਕਾਲ ਚਲਾਣੇ ਤੇ ਵਰਾਸਤੀ ਜਥੇਦਾਰੀ ਦੀ ਪੱਗ, ਸਾਂਦਲਬਾਰ

ਦੇ ਖਾਲਸੇ ਵਲੋਂ ਕਪੂਰ ਸਿੰਘ ਜੀ ਨੂੰ ਹੀ ਮਿਲੀ ਹੋਈ ਸੀ। ਇਹ ਕੰਗਾਲੀ ਜਾਂ ਗਰੀਬੀ ਦੀ ਕਹਾਣੀ ਇੱਕ ਮਨਘੜਤ ਢਕੌਂਸਲਾ ਹੈ ਜੋ ਕੇਵਲ ਕਪੂਰ ਸਿੰਘ ਜੀ ਦੀ ਹੇਠੀ ਕਰਨ ਖਾਤਰ ਹੀ ਘੜਿਆ ਗਿਆ, ਸੱਚਾਈ ਤੋਂ ਕੋਹਾਂ ਦੂਰ ਹੈ।

ਇਤਿਹਾਸ ਗਵਾਹ ਹੈ ਕਿ--

ਨਾਦਰਸ਼ਾਹ ਦੇ ਆਉਣ ਨੇ, ਸਭ ਹਾਕਮਾਂ ਦੀ ਜਿੰਦ ਕੁੜਿਕੀ ਵਿੱਚ ਲੈ ਰੱਖੀ ਸੀ। ਆਪਣੇ ਆਪਣੇ ਬਚਾਉ ਦੇ ਫਿਕਰ ਵਿੱਚ ਸਭ ਦੇ ਸਾਹ ਸੁਕ ਰਹੇ ਸਨ, ਸਿੰਘਾਂ ਦੇ ਪਿੱਛੇ ਤਾਂ ਕੀ ਲੱਗਣਾ ਸੀ ਸਗੋਂ ਨਵਾਬ ਕਪੂਰ ਸਿੰਘ ਪਾਸ ਵਕੀਲ ਭੇਜ ਕੇ, ਅੱਗੇ ਨੂੰ ਮਦਦ ਤੇ ਪਿਛਲੇ ਗੁਨਾਹਾਂ ਦੀ ਮਾਫ਼ੀ ਮੰਗ ਰਹੇ ਸਨ ਤੇ ਆਖਦੇ ਸਨ, ਅਸੀਂ ਤੁਸੀਂ ਭਾਵੇਂ ਕਿਤਨੀ ਵਾਰੀ ਲੜੀਏ ਫੇਰ ਵੀ ਦੇਸੀ ਭਾਈ ਹਾਂ, ਤਾਂ ਤੇ ਤੁਸੀਂ ਅਸੀਂ ਮਿਲਜੁਲ ਕੇ ਜਿਸ ਤਰ੍ਹਾਂ ਹੋ ਸਕੇ ਇਹਨਾਂ ਦੁਰਾਨੀਆਂ ਤੋਂ ਬਚੀਏ (ਗਿ: ਗਿਆਨ ਸਿੰਘ ਸਮਸ਼ੇਰ ਖਾਲਸਾ ਪੰਨਾ 138) ਇਸ ਤੋਂ ਸਾਬਤ ਹੋਇਆ ਕਿ ਬਾਬਾ ਕਪੂਰ ਸਿੰਘ ਇੱਕ ਨਾਮਵਰ ਜਥੇਦਾਰ ਸੀ। ਜਿਸਦੀ ਤਾਕਤ ਨੂੰ ਵਕਤ ਦੀ ਹਕੂਮਤ ਵੀ ਸਵੀਕਾਰ ਕਰਦੀ ਸੀ।

ਸਾਡੇ ਇਤਿਹਾਸਕਾਰ ਜਿਨ੍ਹਾਂ ਕੋਲ ਜੁਗਤ ਹੈ, ਕਲਮ ਹੱਥ ਹੈ, ਛਾਪੇ ਖਾਨਿਆਂ ਦੇ ਮਾਲਕ ਹਨ ਪੰਥ ਵਿੱਚ ਮਾਨ ਪ੍ਰਤਿਸ਼ਠਾ ਹੈ, ਉਹ ਕਾਲੇ ਨੂੰ ਬੱਗਾ, ਬੱਗੇ ਨੂੰ ਕਾਲਾ ਕਰਨ ਦੇ ਸਮੱਰਥ ਰਹੇ ਹਨ। ਹੁਣ ਸਮਾਂ ਆ ਗਿਆ ਹੈ, ਜਦੋਂ ਉਹਨਾਂ ਤੋਂ ਜਣ ਸਾਧਾਰਨ ਪੁੱਛ ਸਕਦਾ ਹੈ। ਕਿਉਂ ਜੀ ਫਲਾਣੀ ਗੱਲ ਤੁਸਾਂ ਕਿਸ ਆਧਾਰ ਤੇ ਲਿਖੀ ਹੈ ਤੇ ਉਹਨਾਂ ਨੂੰ ਜਨ ਸਮੂੰਹ ਦੀ ਅਦਾਲਤ ਵਿੱਚ ਜਵਾਬ ਦੇਣਾ ਹੀ ਪਵੇਗਾ---ਅਤੇ ਨਵੇਂ ਲਿਖਾਰੀਆਂ ਨੂੰ ਢਕੌਂਸਲੇ ਤਿਆਗ ਵਾਸਤਵਿਕ ਇਤਿਹਾਸ ਲਿਖਣਾ ਹੋਵੇਗਾ।

ਬਾ: ਪ੍ਰੇਮ ਸਿੰਘ ਜੀ ਅਨੁਸਾਰ ਕਪੂਰ ਸਿੰਘ ਜੀ ਦਾ ਜਨਮ 1697 ਈ: ਨੂੰ ਹੋਇਆ। ਕਪੂਰ ਸਿੰਘ ਜੀ ਨੇ 1726 ਈ: ਵਿੱਚ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ ਅਤੇ ਆਪਣੇ ਪਿਤਾ ਦੀ ਥਾਵੇਂ ਸਾਂਦਲਬਾਰ ਦੇ ਜਥੇਦਾਰ ਬਣੇ। ਫ਼ੈਜ਼ੁਲਾ ਖਾਨ ਦਾ ਵਸਾਇਆ ਪਿੰਡ ਫੈਜ਼ੁਲਾਪੁਰ ਖੋਹ ਕੇ ਨਾਮ ਸਿੰਘ ਪੁਰਾ ਰੱਖ ਉਥੋਂ ਦੀ ਵਸੋਂ ਅਖਤਿਆਰ ਕੀਤੀ। ਉਹਨੀਂ ਦਿਨੀਂ ਬਾਬਾ ਦਰਬਾਰਾ ਸਿੰਘ ਜੀ ਪੰਥ ਦੇ ਸ਼ਰੋਮਣੀ ਜਥੇਦਾਰ ਸਨ। ਉਹਨਾਂ ਦੀ ਤਾਬਿਆ ਰਹਿ ਕੇ ਪੰਥ ਦੀ ਸੇਵਾ ਕਰਦੇ ਰਹੇ। ਆਪ ਜੀ ਦੀ ਜੀਵਨੀ ਨਾਲ ਪੰਥਕ ਘਟਨਾਵਾਂ ਓਤਪੋਤ ਹਨ। ਇਸ ਵਾਸਤੇ ਆਪ ਜੀ ਦੇ ਹੋਸ਼ ਸੰਭਾਲਣ (1715 ਈ:) ਦੇ ਸਮੇਂ ਤੋਂ 1753 ਈ: (ਚਲਾਣੇ) ਤੱਕ ਦਾ ਸੰਖੇਪ ਇਤਿਹਾਸ ਅਗੇ ਦਿੱਤਾ ਜਾਂਦਾ ਹੈ।

17 ਦਸੰਬਰ 1715---ਬਾਬਾ ਬੰਦਾ ਸਿੰਘ ਬਹਾਦਰ ਨੂੰ ਅਨੇਕ ਸਿੰਘਾਂ ਨਾਲ, ਹਕੂਮਤ ਨੇ ਝੂਠੀਆਂ ਕਸਮਾਂ ਤੋੜਕੇ ਕੈਦ ਕੀਤਾ।

27 ਫਰਵਰੀ 1716 ਨੂੰ ਬਾਬਾ ਬੰਦਾ ਸਿੰਘ ਬਹਾਦਰ 740 ਸਿੰਘਾਂ ਸਮੇਤ ਦਿੱਲੀ ਪੁੱਜਾ।

5 ਮਾਰਚ 1716 ਤੋਂ ਫਰੁਖ ਸੀਅਰ ਬਾਦਸ਼ਾਹ ਦੇ ਹੁਕਮ ਨਾਲ ਖੂਨੀ ਸਤਵਾਰਾ ਸ਼ੁਰੂ ਹੋਇਆ। ਅਰਥਾਤ 100 ਸਿੰਘ ਰੋਜ ਖਵਾਜਾ ਕੁਤਬਦੀਨ ਬਖਤਿਆਰ ਕਾਕੀ ਦੀ ਦਰਗਾਹ ਨੇੜੇ ਸ਼ਹੀਦ ਕੀਤੇ ਜਾਣ ਲੱਗੇ।

19 ਜੂਨ 1716 ਈ: ਨੂੰ ਕਈ ਮਹੀਨੇ ਬਾਬਾ ਬੰਦਾ ਸਿੰਘ ਜੀ ਤੇ ਉਹਨਾਂ ਦੇ ਅਹਿਲਕਾਰਾਂ ਨੂੰ ਅਨੇਕਾਂ ਤਸੀਹੇ ਦੇਣ ਪਿੱਛੋਂ ਕਤਲ ਕੀਤਾ ਗਿਆ। ਸ਼ਾਹੀ ਘਰ ਨੇ ਵਿਰ 1717 ਤੋਂ 1721 ਈ: ਤੱਕ ਝਗੜੇ ਖਖੇੜੇ ਰਹਿਣ ਕਾਰਨ ਸਿੰਘਾਂ ਨੂੰ ਕੁਛ ਅਮਨ ਦਾ ਸਾਹ ਆਇਆ ਗੁਰਦਵਾਰਿਆਂ ਵਿੱਚ ਰੌਣਕ ਵੱਧ ਗਈ।

ਬਾਬਾ ਬੰਦਾ ਸਿੰਘ ਨੇ ਸਿੰਘਾਂ ਨੂੰ ਮਾਸ ਖਾਣ ਤੋਂ ਵਰਜਿਆ ਸੀ ਤੇ ਆਪ ਵੈਸ਼ਨੋ ਹੋ ਗਏ--ਉਹਨਾ ਨੂੰ ਦੂਜੇ ਸਿੰਘ ਬੰਦਈ ਕਰ ਕੇ ਸੱਦਦੇ ਸਨ। ਬੰਦਈ ਲੜਾਈ ਛੱਡ ਕੇ ਗੁਰਦਵਾਰਿਆਂ ਦੀ ਸੇਵਾ ਵਿੱਚ ਲੱਗ ਗਏ। ਵੈਸ਼ਨੋ ਹੋਇਆ ਮਨੁੱਖ ਉਂਝ ਵੀ ਲੜਾਈ ਤੋਂ ਕੰਨੀ ਕਤਰਾਂਦਾ ਹੀ ਹੈ।

ਸੰਨ 1721 ਵਿਸਾਖੀ ਨੂੰ ਅੰਮ੍ਰਿਤਸਰ ਸਮੂੰਹ ਖਾਲਸਾ ਇਕੱਤਰ ਹੋਇਆ--ਬੰਦਈਆਂ ਦਾ ਤੇ ਤੱਤ ਖਾਲਸੇ ਦਾ ਝਗੜਾ ਹੋ ਪਿਆ। ਜੋ ਭਾਈ ਮਨੀ ਸਿੰਘ ਜੀ ਨੇ ਨਬੇੜ ਦਿੱਤਾ---ਮਗਰ ਬੰਦਈ ਸਿੰਘ ਨਾ ਮੰਨੇ ਤੇ ਤੱਤ ਖਾਲਸੇ ਦੇ ਗਲ ਪਏ ਗਏ। ਅੰਤ ਫੈਸਲਾ ਤੱਤ ਖਾਲਸੇ ਦੀ ਤਲਵਾਰ ਨੇ ਹੀ ਕੀਤਾ। ਇਹ ਪਹਿਲਾ ਮੌਕਾ ਸੀ ਕਿ ਸਿੱਖਾਂ ਦੀ ਆਪਸ ਵਿੱਚ ਤਲਵਾਰ ਚੱਲੀ।

ਇਸ ਘਟਨਾ ਬਾਰੇ ਭਗਵੰਤ ਸਿੰਘ ਆਜ਼ਾਦ ਦੀਆਂ ਇਹ ਲਾਈਨਾਂ ਪੜ੍ਹੋ :—

ਸਾਨੂੰ ਪਤਾ ਏ ਜਦ ਖ਼ਾਲਸਾ ਦੋ ਹੋਇਆ, ਇੱਕ ਤੱਤ ਤੇ ਦੂਜਾ ਬੰਦਈ ਦਾਤਾ।
ਦੇਰ ਭੱਕ ਨਾਂ ਸੀ ਸੰਗਤ ਸਹਿ ਸੱਕੀ, ਉਹ ਝੱਟ ਪਈ ਲੈ ਕੇ ਝਈ ਦਾਤਾ।
ਉਸ ਝੱਟ ਨਿਬੇੜ ਨਿਖੇੜ ਦਿੱਤਾ, ਜਿੱਦਾਂ ਕਣਕ ਦੇ ਵਿਚੋਂ ਮਕੱਈ ਦਾਤਾ।

ਸੰਗਤ ਅੱਜ ਦੀ ਸੁਣੇ ਜੇ ਗੱਲ ਮੇਰੀ, ਲੋੜ ਅੱਜ ਵੀ ਓਦਾਂ ਦੀ ਹਈ ਦਾਤਾ।
ਬਹੁਤੇ ਲੀਡਰ ਨੇ ਸਮਝ ਇਹ ਹੀ ਬੈਠੇ, ਸੰਗਤ ਉਹਨਾਂ ਦੇ ਵਰਗੀ ਹੋ ਹਈ ਦਾਤਾ।
ਆਪਾਂ ਲੀਡਰਾਂ ਦੀ ਸੋਭੀ ਪੁੱਛਦੇ ਰਹੇ, ਸਾਡੀ ਲੀਡਰਾਂ ਸਾਰ ਘਟ ਲਈ ਦਾਤਾ।
ਡਿੱਠੀ ਕੌਮ ਨਹੀਂ ਪਿਛਾਂਹ ਕਦੇ ਹਟੀ, ਗੱਲ ਜਦੋਂ ਰਹੀ ਲੀਡਰਾਂ ਤੋਂ ਰਹੀ ਦਾਤਾ।
ਤੜਕੇ ਲਾ ਲਾ ਕੇ ਦਾਲ ਪੀਣਿਆਂ ਨੇ, ਗੱਲ ਉੱਕਾ ਹੀ ਦਿੱਤੀ ਗਵੱਈ ਦਾਤਾ।
ਦੁੱਧ ਪੀਣਿਆਂ ਮਜਨੂਆਂ ਨੂੰ ਫਿਕਰ ਹੀ ਨਹੀਂ, ਲੈਲਾਂ ਸਿੱਖੀ ਦੀ ਕਿੱਧਰ ਨੂੰ ਗਈ ਦਾਤਾ।
ਹਾਲਾ ਸ਼ੇਰਾਂ ਨੂੰ ਨੱਥਾਂ ਪੈਣ ਪਈਆਂ, ਹਵਾ ਐਸੀ ਚਾ ਇਹਨਾਂ ਬਣਈ ਦਾਤਾ।
ਰਹਿੰਦੇ ਡਰੇ ਹੋਏ, ਜੀਂਦੇ ਦੁਬੇਲ ਬਣ ਕੇ, ਭਾਵੇਂ ਦਿੱਲੀ ਤੇ ਭਾਵੇਂ ਬੰਬਈ ਦਾਤਾ।
ਮੇਰੀ ਕੌਮ ਅਜ ਮਿਸਲਾਂ ਵਿੱਚ ਵੰਡੀ ਦੀ ਪਈ, ਇਹ ਗੱਲ ਅਜ ਬੜੇ ਅਜ਼ਾਬ ਦੀ ਏ।
ਮਿਸਲਾਂ ਤੋੜ ਅੱਜ ਫੇਰ ਇੱਕ ਕਰਣ ਦੇ ਲਈ, ਲੋੜ ਫਿਰ ਕਿਸੇ ਸ਼ੇਰੇ ਪੰਜਾਬ ਦੀ ਏ।

—00—

ਸੰਨ 1723 ਤੱਕ ਲਾਹੌਰ ਦਾ ਸੂਬਾ ਅਬਦੁਲ ਸਮਦ ਖਾਂ ਸਿਖਾਂ ਨਾਲ ਕਰੜਾਈ ਵਰਤਦਾ ਰਿਹਾ। ਸਿੰਘ ਬੀਕਾਨੇਰ ਤੇ ਪਹਾੜਾਂ ਨੂੰ ਧਾਈਆਂ ਕਰ ਗਏ। ਸੰਨ 1724 ਵਿੱਚ ਦਿੱਲੀ ਦੇ ਸ਼ਾਹੀ ਘਰਾਨੇ ਵਿੱਚ ਗੜਬੜ ਹੋਣ ਕਾਰਣ ਸੂਬੇਦਾਰ ਲਾਹੌਰ ਦਾ ਧਿਆਨ ਉਧਰ ਹੋ ਗਿਆ ਤੇ ਸਿੰਘਾਂ ਨੂੰ ਸੰਭਾਲਣ ਦਾ ਵੇਲਾ ਮਿਲ ਗਿਆ।

ਸੰਨ 1725---ਸਿੰਘਾਂ ਨੇ ਬੀਕਾਨੇਰ ਵਲੋਂ ਅਤੇ ਪਹਾੜਾਂ ਤੋਂ ਆ ਕੇ ਵਿਰੋਧੀਆਂ ਅਥਵਾ ਚੁਗਲ ਚੌਧਰੀਆਂ ਤੋਂ ਗਿਣ ਗਿਣ ਕੇ ਬਦਲੇ ਲਏ।

ਸੰਨ 1726---ਸੂਬੇਦਾਰ ਅਬਦੁਲ ਸਮਦ ਖਾਨ ਨੂੰ ਮੁਲਤਾਨ ਘੱਲਿਆ ਗਿਆ ਤੇ ਉਸ ਦੀ ਥਾਵੇਂ ਉਸਦਾ ਪੁੱਤ੍ਰ ਜਕਰੀਆ ਖਾਨ ਲਾਹੌਰ ਦਾ ਸੂਬੇਦਾਰ ਹੋਇਆ। ਇਸ ਨੂੰ ਸਿਖ ਇਤਿਹਾਸ ਵਿੱਚ ਖਾਨ ਬਹਾਦਰ ਅਤੇ ਅਤੇ ਆਮ ਬੋਲ ਚਾਲ ਵਿਚ ਨਫਰਤ ਨਾਅ ਖਾਨੂੰ ਆਖਿਆ ਜਾਂਦਾ ਸੀ।

ਖਾਨ ਬਹਾਦਰ ਨੇ ਲਖਪਤ ਰਾਏ ਨੂੰ ਆਪਣਾ ਦੀਵਾਨ ਅਤੇ ਮੋਮਨ ਖਾਨ ਨੂੰ ਆਪਣਾ ਨਾਇਬ ਸੂਬੇਦਾਰ ਨਿਯੁਕਤ ਕੀਤਾ ਅਤੇ ਇਸੇ ਸਾਲ ਸਿੱਖਾਂ ਨੂੰ ਦਬਾਨ ਵਾਸਤੇ ਗਸ਼ਤੀ ਫ਼ੌਜ ਲਗਾਈ ਗਈ।

ਭਾਈ ਤਾਰਾ ਸਿੰਘ ਡਲਵਾਂ

ਭਾਈ ਤਾਰਾ ਸਿੰਘ ਜੀ ਖਾਲਸੇ ਵਿੱਚ ਇੱਕ ਮਹਾਨ ਭਜਨੀਕ ਅਤੇ ਪੂਰਨ ਸਤਿਕਾਰ ਯੋਗ ਮੰਨੇ ਜਾਂਦੇ ਸਿੱਖ ਸਨ---ਉਹਨਾਂ ਦੀ ਅਤੇ ਉਹਨਾਂ ਦੇ ਸਾਥੀਆਂ ਦੀ ਸ਼ਹੀਦੀ ਸੁਣਕੇ ਸਰਬਤ ਖਾਲਸਾ ਭੜਕ ਉਠਿਆ ਅਤੇ ਜਥੇ ਬਣਾ ਕੇ ਪੰਜਾਬ ਭਰ ਵਿੱਚ ਖਿਲਰ ਗਿਆ ਅਤੇ ਸਿੰਘ, ਨਾਦਰ ਨੂੰ ਲੁੱਟਣ ਲਈ ਅਰਦਾਸੇ ਸੋਧ ਕੇ ਜੰਗਲਾਂ ਵਿੱਚ ਡੇਰੇ ਲਾਈ ਬੈਠੇ ਸਨ।

ਜਿਸ ਨਾਦਰ ਤੋਂ ਦਿੱਲੀ ਤੇ ਲਾਹੌਰ ਕੰਬਦੇ ਸਨ ਉਸਦੀ ਫੌਜ ਨੂੰ ਸਿੰਘਾਂ ਨੇ ਬੁਰੀ ਤਰ੍ਹਾਂ ਲੁੱਟਿਆ ਅਤੇ ਦਿੱਲੀ ਲੁੱਟ ਵਿੱਚੋਂ ਹਿੱਸਾ ਵੰਡ ਕੇ ਹੀ ਨਾਦਰ ਨੂੰ ਅਗਾਹ ਜਾਨ ਦਿੱਤਾ।

ਸਿੰਘਾਂ ਵਿਰੁਧ ਇਸ਼ਤਿਹਾਰ

ਨਾਦਰ ਦੇ ਜਾਣ ਪਿੱਛੋਂ ਲਾਹੌਰ ਸਰਕਾਰ ਨੇ ਇਸ਼ਤਿਹਾਰ ਫਿਰ ਸਿੰਘਾਂ ਨੂੰ ਫੜਨ, ਮਾਰਨ, ਦਸਣ ਬਦਲੇ ਇਨਾਮ ਦੇ ਇਸ਼ਤਿਹਾਰ ਕੱਢੇ ਜਿਸ ਤੇ ਸਿੰਘ ਮਾਝਾ ਛੱਡ ਕੇ ਦੁਆਬੇ ਵਿੱਚ ਚਲੇ ਗਏ ਤੇ ਜਦੋਂ ਹਾਕਮ ਜਲੰਧਰ ਅਦੀਨਾ ਬੇਗ ਨੇ ਤੰਗ ਕੀਤਾ ਤਾਂ ਸਰਹੰਦ ਦੇ ਇਲਾਕੇ ਵਿਚ ਜਾ ਵੜੇ।

ਸਰਹਿੰਦ

ਸਿੰਘਾਂ ਸਰਹਿੰਦ ਵਿੱਚ ਜਾ ਲੁੱਟ ਮਚਾਈ ਤਾਂ ਮੁਕਾਮੀ ਅਫਸਰਾਂ ਨੇ ਦਿੱਲੀ ਤੋਂ ਬਾਦਸ਼ਾਹੀ ਫੌਜ ਮੰਗਵਾਈ ਜਿਸ ਨਾਲ ਸਿੰਘਾਂ ਦੇ ਕਈ ਟਾਕਰੇ ਹੋਏ।

ਬੀਕਾਨੇਰ

ਜਦੋਂ ਸਿੰਘਾਂ ਲਈ ਸਰਹਿੰਦ ਵਿੱਚ ਰਹਿਣਾ ਮੁਸ਼ਕਿਲ ਹੋਇਆ ਤਾਂ ਸਿੰਘ ਬੀਕਾਨੇਰ ਨੂੰ ਚਲੇ ਗਏ।

ਮੱਸਾ ਰੰਘੜ ਦਾ ਕਤਲ

ਇਸ ਨੂੰ ਸੂਬੇਦਾਰ ਲਾਹੌਰ ਨੇ ਅੰਮ੍ਰਿਤਸਰ ਦੀ ਰਾਖੀ ਤੇ ਲਗਾਇਆ । ਇਸ ਨੇ ਅੰਮ੍ਰਿਤਸਰ ਲੁੱਟ ਖਾਧਾ ਅਤੇ ਹਰਿ ਮੰਦਰ ਸਾਹਿਬ ਦੀ ਬੇਅਦਬੀ ਕਰਨ ਲੱਗਾ ।

ਮਤਾਬ ਸਿੰਘ, ਮੀਰਾਂ ਕੋਟੀਆ ਅਤੇ ਕੰਬੋਕੀ ਮਾੜੀ ਦਾ ਸੁਖਾ ਸਿੰਘ ਬੀਕਾਨੇਰ ਤੋਂ ਆ ਕੇ ਇਸ ਦਾ ਸਿਰ ਵੱਢ ਕੇ ਬੀਕਾਨੇਰ ਲੈ ਗਏ ।

ਭਾਈ ਤਾਰੂ ਸਿੰਘ

ਮਸੇ ਰੰਘੜ ਦੇ ਮਰਨ ਉਪਰੰਤ ਅੰਮ੍ਰਿਤਸਰ ਦੇ ਪਹਿਰੇ ਹੋਰ ਸਖਤ ਕਰ ਦਿੱਤੇ ਗਏ । ਮਗਰ ਫਿਰ ਵੀ ਕਈ ਸਿਦਕੀ ਸਿਖ ਆ ਕੇ ਇਸ਼ਨਾ ਕਰਕੇ ਨਿਕਲ ਜਾਂਦੇ ਜਿਸ ਤੇ ਚੋਧਰੀਆਂ ਨੂੰ ਤਾੜਨਾ ਹੋਣੀ ਸ਼ੁਰੂ ਹੋ ਗਈ ।

ਜਕਰੀਆਂ ਖਾਨ ਦੇ ਇਸ਼ਾਰੇ ਤੇ ਸਿੰਘਾਂ ਸਤਲੁਜ ਕੰਢੇ ਸਰਕਾਰੀ ਖਜਾਨਾ ਦਿੱਲੀ ਨੂੰ ਜਾਂਦਾ ਲੁੱਟਿਆ ।

1730 ਈ: ਵਿਚ ਦਿੱਲੀਓਂ ਹੋਰ ਫੌਜ ਚੜ੍ਹੀ ਤੇ ਸਿੰਘ ਬੀਕਾਨੇਰ ਨੂੰ ਧਾ ਗਏ ।

1731 ਈ: ਨੂੰ ਸਿੰਘ ਫੇਰ ਪੰਜਾਬ ਵਿੱਚ ਆ ਗੱਜੇ ।

1733 ਈ: ਵਿਚ ਨਵਾਬੀ ਤੇ ਜਾਗੀਰ

1735 ਈ: ਜਗੀਰ ਜਬਤ ਹੋਈ ਤਾਂ ਖਾਲਸਾ ਫੇਰ ਮਾਰਿਆਂ ਧਾੜਿਆਂ ਤੇ ਹੋ ਗਿਆ । ਜਕਰੀਆ ਖਾਨ ਨੇ ਆਪਣੇ ਭਤੀਜੇ ਮੁਖਲਿਸ ਖਾਨ ਅਤੇ ਦੀਵਾਨ ਲਖਪਤ ਰਾਏ ਦੇ ਮਾਹਹਿਤ ਗਸ਼ਤੀ ਫੋਜਾਂ ਚਾੜੀਆਂ ਤਾਂ ਖਾਲਸਾ ਮਾਲਵੇ ਨੂੰ ਨਿਕਲ ਗਿਆ ।

ਨਵਾਬ ਕਪੂਰ ਸਿੰਘ ਬਰਨਾਲੇ

ਬਰਨਾਲਾ ਤਦੋਂ ਮਹਾਰਾਜੇ ਆਲਾ ਸਿੰਘ ਦੀ ਰਾਜਧਾਨੀ ਸੀ । ਨਵਾਬ ਸਾਹਿਬ ਦਾ ਡੇਰਾ ਬਰਨਾਲੇ ਪੁਜਾ । ਮਹਾਰਾਜੇ ਆਲਾ ਸਿੰਘ ਨੇ ਸਮੇਤ ਪ੍ਰਵਾਰ ਨਵਾਬ ਕਪੂਰ ਸਿੰਘ ਦੇ ਜਥੇ ਤੋਂ ਅੰਮ੍ਰਿਤਪਾਨ ਕੀਤਾ । ਜੰਗ ਬਾਸਰਕੀ ਸੰਨ 1736 ਈ: ਵਿੱਚ ਸਿੰਘ ਮਾਲਵੇ ਤੋਂ ਮਾਲੇਰ ਕੋਟਲਾ ਤੇ ਸਰਹਿਦ ਤੋਂ ਹੁੰਦੇ ਹੋਏ ਪੰਜਾਬ ਨੂੰ ਪਰਤੇ । ਬੁੱਢਾ ਦਲ ਅਤੇ ਤਰੁਨਾ ਦਲ ਦੁਆਬੇ ਵਿੱਚ ਆ ਦੜਕੇ । ਖਾਲਸਾ ਅਗਾਂਹ ਵੱਧ ਬਾਸਰਕੀ ਆ ਗਿਆ । ਲਾਹੌਰੋਂ ਸਰਕਾਰੀ ਫੌਜ ਇੱਕਦਮ ਆ ਪਈ । ਸਿੰਘਾਂ ਹੱਥੋਂ ਸਮੁੰਦ ਖਾਂ ਦਾ ਜਵਾਈ ਕੁਤਬਦੀਨ ਅਤੇ ਸਲਾਬਤ ਖਾਨ ਮਾਰੇ ਗਏ । ਸਿੰਘ ਲੜਦੇ ਭਿੜਦੇ ਖੇਮ ਕਰਨ ਨੂੰ ਨਿਕਲ ਗਏ ।

ਨਵਾਬੀ ਦੀ ਸੰਨਦ ਅਤੇ ਖਿਲਅਤ ਸਰਬਤ ਖਾਲਸੇ ਨੇ ਜਥੇਦਾਰ ਕਪੂਰ ਸਿੰਘ ਜੀ ਨੂੰ ਦੇ ਦਿੱਤੀ । ਜਗੀਰ ਪੰਥ ਖਾਲਸੇ ਦੀ ਸਾਂਝੀ ਹੀ ਰਹੀ ।

ਪੰਥ ਦੀ ਜਥੇਦਾਰੀ

ਸੰਨ 1734 ਈ: ਨੂੰ ਦੀਵਾਨ ਦਰਬਾਰਾ ਸਿੰਘ ਜੀ ਗੁਰਪੁਰੀ ਸਿਧਾਰ ਗਏ । ਸਰਬਤ ਖਾਲਸੇ ਨੇ ਨਵਾਬ ਕਪੂਰ ਸਿੰਘ ਜੀ ਨੂੰ ਪੰਥ ਦਾ ਜਥੇਦਾਰ ਥਾਪਿਆ । ਨਵਾਬ ਸਾਹਿਬ ਨੇ ਪੰਥਕ ਕਾਰਜਾਂ ਦੇ ਸਕੁਸ਼ਲ ਨਵਿਰਤੀ ਹਿਤ ਸਰਬਤ ਖਾਲਸਾ ਨੂੰ ਤਰੁਣਾ ਦਲ ਅਤੇ ਬੁੱਢਾ ਦਲ ਨਾਮੇ ਦੋ ਭਾਗਾਂ ਵਿੱਚ ਵੰਡਿਆ । ਤਰੁਨਾਂ ਦਲ ਦੇ ਅੱਗੋਂ ਪੰਜ ਜਥੇ ਵੱਖਰੇ ਵੱਖਰੇ ਜਥੇਦਾਰਾਂ ਥਲੇ ਵੰਡਿਆ ਗਿਆ । ਜਦ ਕਿ ਬੁੱਢਾ ਦਲ ਅੰਮ੍ਰਿਤਸਰ ਵਿਚ ਨਵਾਬ ਸਾਹਿਬ ਦੀ ਜਥੇਦਾਰੀ ਥੱਲੇ ਰਿਹਾ ।

ਕੁੱਝ ਚਿਰ ਪਿੱਛੋਂ ਸਰਕਾਰ ਨੇ ਫਿਰ ਪਿੰਡਾਂ ਵਿੱਚ ਵੱਸਦੇ ਕਿਰਤੀ ਸਿੱਖ ਫੜਣੇ ਆਰੰਭ ਦਿੱਤੇ । ਇਹਨਾਂ ਵਿਚ ਹੀ ਪੂਹਲੇ ਦਾ ਵਸਨੀਕ ਭਾਈ ਤਾਰੂ ਸਿੰਘ ਵੀ ਫੜਿਆ ਗਿਆ ਤੇ ਲਾਹੌਰ ਸੂਬੇ ਜਕਰੀਆਂ ਖਾਨ ਦੇ ਪੇਸ਼ ਕੀਤਾ ਗਿਆ ਕਿ ਇਹ ਬਾਗੀ ਸਿੰਘਾਂ ਨੂੰ ਅੰਨ ਪਾਣੀ ਦੇਂਦਾ ਹੈ । ਉਸ ਦੇ ਸਾਮ੍ਹਣੇ, ਮਤਾਬ ਸਿੰਘ ਮੀਰਾ ਕੋਟਿਆ ਚਰਖੀ ਤੇ ਚੜਾਇਆ ਗਿਆ । ਦਿਆਲ ਸਿੰਘ ਸਹਿੰਸਰਾ ਵੀ ਚਰਖੀ ਚਾੜ੍ਹਿਆ ਗਿਆ ਅਤੇ ਸ: ਗਰਜਾ ਸਿੰਘ ਨੂੰ ਸੂਲੀ ਤੇ ਚਾੜਿਆ ਗਿਆ । ਇਹਨਾਂ ਸਭਣਾਂ ਤੋਂ ਪਿੱਛੋਂ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੀ ਗਈ । ਭਾਈ ਤਾਰੂ ਸਿੰਘ ਸਾਵਣ ਦੀ ਸੰਗਰਾਂਦ [illegible] ਨੂੰ ਗੁਰਪੁਰੀ ਸਿਧਾਰ ਗਏ ।

ਨਵਾਬ ਜਕਰੀਆ ਖਾਨ

ਭਾਈ ਤਾਰੂ ਸਿੰਘ ਜੀ ਤੋਂ ਪਹਿਲਾਂ ਉਸੇ ਦਿਨ ਮਰ ਗਿਆ ਸੀ। ਉਸ ਪਿੱਛੋਂ ਉਸ ਦਾ ਪੁੱਤਰ ਯਾਹਯਾ ਖਾਨ ਸੂਬੇਦਾਰ ਬਣਿਆ। (3/1/1746)

ਸ: ਸੁਬੇਗ ਸਿੰਘ ਕੋਤਵਾਲ ਬਣਾਇਆ ਗਿਆ। ਇਸ ਨੇ ਚਰਖੜੀ ਅਤੇ ਸੂਲੀ ਦੀਆਂ ਸਜਾਵਾਂ ਬੰਦ ਕਰਵਾ ਦਿੱਤੀਆਂ ਅਤੇ ਸ਼ਹੀਦਾਂ ਦੀਆਂ ਯਾਦਗਾਰਾਂ ਕਾਇਮ ਕੀਤੀਆਂ।

ਹੁਣ ਪੰਥ ਵਿੱਚ 30 ਨਿੱਕੇ ਮੋਟੇ ਜਥੇ ਬਣੇ ਹੋਏ ਸਨ ਜੋ ਇਤਨੇ ਦਲੇਰ ਸਨ ਕਿ ਇੱਕ ਦਿਨ ਜਨਵਰੀ 1746 ਨੂੰ ਲਾਹੌਰ ਸ਼ਹਿਰ ਅੰਦਰ ਦਾਖਲ ਹੋ ਲੁੱਟ ਖੋਹ ਕੇ ਹਵਾ ਹੋ ਗਏ ਅਤੇ ਜਾਂਦੇ ਹੋਏ ਕਈ ਪੰਥ ਦੋਖੀ ਮੁਲਾਣੇ ਕਾਜ਼ੀਆਂ ਨੂੰ ਕਤਲ ਕਰ ਕੇ, ਸ਼ਾਹੀ ਫੌਜ ਦੇ ਉੱਠਣ ਤੱਕ ਰਾਵੀਓਂ ਪਾਰ ਜੰਗਲ ਵਿੱਚ ਜਾ ਧਸੇ।

ਸਾਂਦਲਬਾਰ ਨਵਾਬ ਕਪੂਰ ਸਿੰਘ ਦਾ ਆਪਣਾ ਘਰ ਸੀ। ਇਹ ਜਥੇ ਵਿਚਰਦੇ ਵਿਚਰਦੇ ਗੋਂਦਲਾਂ ਵਾਲੇ ਦੇ ਆਲੇ ਦੁਆਲੇ ਪੁੱਜਾ। ਗੋਂਦਲਾਂ ਵਾਲੇ ਦੇ ਦਯਾਲੇ ਵੜੈਚ ਨੇ ਐਮਨਾਬਾਦ ਦੇ ਫੌਜਦਾਰ ਜਸਪਤ ਰਾਇ (ਜੋ ਦੌਰੇ ਤੇ ਪਿੰਡ ਖੋਖਰੀ ਉਤਰਿਆ ਹੋਇਆ ਸੀ) ਕੋਲ ਜਾ ਸ਼ਿਕਾਇਤ ਕੀਤੀ ਕਿ ਇੱਕ ਸਿੱਖਾਂ ਦਾ ਦਲ ਫਿਰਦਾ ਹੈ ਜੋ ਰਯਤ ਕੋਲੋਂ ਧੱਕੇ ਨਾਲ ਭੇਡ ਬੱਕਰੀਆਂ ਖੋਹ ਖਾਂਦਾ ਹੈ। ਖਲਕਤ ਬੜੀ ਤੰਗ ਹੈ।

ਜਸਪਤ ਨੇ ਸਿੰਘਾਂ ਨੂੰ ਸੁਨੇਹਾ ਘੱਲਿਆ ਕਿ ਤੁਸੀਂ ਮੇਰੇ ਇਲਾਕੇ ਵਿੱਚੋਂ ਨਿਕਲ ਜਾਵੋ। ਸਿੰਘ ਨੇ ਉਥੋਂ ਉੱਠ ਕੇ ਬੱਚੋ ਕੀ ਗੁਸਾਈਆਂ ਦੀ ਝਿੜੀ ਵਿੱਚ ਜਾ ਆਪਣਾ ਲੰਗਰ ਪਕਾਣਾ ਸ਼ੁਰੂ ਕੀਤਾ। ਜਸਪਤ ਨੇ ਉਥੇ ਵੀ ਆਪਣਾ ਸੁਨੇਹਾ ਘੱਲਿਆ। ਸਿੰਘਾਂ ਆਖਿਆ ਅਸੀਂ ਲੰਗਰ ਪੱਕਾ ਰਹੇ ਹਾਂ ਪ੍ਰਸਾਦ ਪਾਣੀ ਛੱਕ ਅਸੀਂ ਅਗਾਂਹ ਟੁਰ ਜਾਵਾਂਗੇ।

ਜੰਗ ਹੁਜਰਾ ਸ਼ਾਹ ਮੁਕੀਮ

ਸ਼ਾਹੀ ਫੌਜ ਸਿਖਾਂ ਦੇ ਮਗਰ ਸੌਰੜੀ ਆਉਂਦੀ ਸੀ। ਸਿੰਘ ਦੇ ਦਿਲ ਵਿੱਚ ਬਾਸਰਕਿਆਂ ਦੀ ਹਾਰ ਬੜੀ ਖੱਟਕਦੀ ਸੀ। ਹੁਜਰਾ ਸ਼ਾਹ ਮੁਕੀਮ ਕੋਲ ਸਿੰਘ ਉਲਟ ਕੇ ਸ਼ਾਹੀ ਫੌਜ ਤੇ ਪੈ ਗਏ ਅਤੇ ਨਾਮਵਰ ਜਰਨੈਲ ਜਮਾਲ ਖਾਂ, ਤਤਾਰ ਖਾਂ, ਦੁਨੀ ਚੰਦ (ਲਖਪਤ ਦਾ ਭਤੀਜਾ) ਅਤੇ ਹਜਾਰਾ ਸਿਪਾਹੀ ਮਰਵਾ ਕੇ ਸ਼ਾਹੀ ਫੌਜ ਲਾਹੌਰ ਨੂੰ ਨੱਸ ਗਈ। ਖਾਲਸੇ ਦੇ ਹੱਥ ਬਹੁਤ ਮਾਲ ਆਇਆ। ਖਾਲਸਾ ਅੰਮ੍ਰਿਤਸਰ ਨੂੰ ਮੁੜ ਗਿਆ।

ਰਿਆੜਕੀ ਵਿੱਚ ਕਲਾਨੌਰ, ਪਠਾਨਕੋਟ ਰਾਵੀ, ਪਾਰ ਦੜਬ ਵਿੱਚ ਪਸਰੂਰ ਸਿਆਲਕੋਟ ਅਤੇ ਅੱਗੇ ਸਿੰਘ ਵਜੀਰਾਬਾਦ ਲੁੱਟ ਸਾਂਦਲਬਾਰ ਵਿੱਚ ਜਾ ਧਸੇ।

ਸੰਨ 1737 ਜਕਰੀਆ ਖਾਨ ਨੇ ਅੰਮ੍ਰਿਤਸਰ ਤੇ ਸ਼ਾਹੀ ਕਬਜ਼ਾ ਬਿਠਾ ਦਿੱਤਾ। ਮਗਰ ਸਿੰਘ ਫੇਰ ਵੀ ਵੇਲੇ ਕੁਵੇਲੇ ਆ ਕੇ ਇਸ਼ਨਾਨ ਕਰ ਹਵਾ ਹੋ ਜਾਇਆ ਕਰਦੇ ਸਨ।

ਜੰਗ ਗਿੱਲਵਾਲੀ

ਅੰਮ੍ਰਿਤਸਰ ਦਾ ਕਾਜ਼ੀ ਅਬਦੁਲ ਰਹਿਮਾਨ ਸੀ। ਸਿਘਾਂ ਨੇ ਇੱਕ ਦਿਨ ਆ ਕੇ ਸਵੇਰੇ ਸਵੇਰੇ ਇਸ਼ਨਾਨ ਕਰ ਜੈਕਾਰੇ ਛੱਡੇ। ਕਾਜ਼ੀ ਫੌਜ ਲੈ ਕੇ ਉਹਨਾਂ ਦੇ ਮਗਰ ਭੱਜਾ। ਅੱਗੋਂ ਸਿੰਘ ਗਿੱਲਵਾਲੀ ਵਾਲੇ ਦਰਵਾਜਿਓਂ ਬਾਹਰ ਟੱਕਰ ਪਏ। ਕਾਜ਼ੀ ਅਬਦੁਲ ਰਹਿਮਾਨ ਤੇ ਉਸ ਦਾ ਪੁੱਤਰ ਮਾਰੇ ਗਏ। ਸੂਬਾ ਲਾਹੌਰ ਨੇ ਗਸਤੀ ਫੌਜਾਂ ਹੋਰ ਵਧਾ ਦਿੱਤੀਆਂ। ਸਿੰਘ ਮਾਲਵੇ ਨੂੰ ਨਿਕਲ ਗਏ ਤੇ ਹਾਂਸੀ ਹਿਸਾਰ ਤੱਕ ਮਾਰਾਂ ਮਾਰੀਆਂ।

ਸਰੋਵਰ ਦੀ ਬੇਅਦਬੀ

ਜਕਰੀਆਂ ਖਾਨ ਨੇ ਦੀਵਾਨ ਲਖਪਤ ਰਾਹੀਂ ਸਰੋਵਰ ਵਿੱਚ ਮਿੱਟੀ ਸੁਟਵਾਕੇ ਪੂਰ ਦਿੱਤਾ ਅਤੇ ਕਾਜ਼ੀ ਅਬਦੁਲ ਰਜਾਕ ਨੂੰ ਅੰਮ੍ਰਿਤਸਰ ਦਾ ਕੋਤਵਾਲ ਥਾਪਿਆ।

ਭਾਈ ਮਨੀ ਸਿੰਘ ਜੀ ਸ਼ਹੀਦ

ਸੰਨ 1738 ਈ: ਵਿੱਚ ਨਿਰਦੋਸ਼ ਭਾਈ ਮਨੀ ਸਿੰਘ ਜੀ ਨੂੰ ਜਕਰੀਆ ਖਾਨ ਦੇ ਹੁਕਮ ਨਾਲ ਲਾਹੌਰ ਸ਼ਹੀਦ ਕੀਤਾ ਗਿਆ।

ਕੁਤਬਦੀਨ ਨੇ ਕਰਤਾਰਪੁਰ ਤੇ ਹਮਲਾ ਕਰ ਥੰਮ ਸਾਹਿਬ ਗੁਰਦੁਆਰਾ ਸਾੜਿਆ। ਸੋਢੀ ਵਡਭਾਗ ਸਿੰਘ ਪਹਾੜਾਂ ਨੂੰ ਨੱਸ ਗਿਆ। ਇਹੋ ਕੁਤਬਦੀਨ ਸਿੰਘਾਂ ਦੇ ਹੱਥ ਆ ਗਿਆ। ਸ: ਬਾਘ ਸਿੰਘ ਆਹਲੋਂਵਾਲੀਆ ਨੇ ਜਿਉਂਦਾ ਅੱਗ ਵਿੱਚ ਸਾੜਿਆ।

ਨਾਦਰ ਦੁਰਾਨੀ

20 ਨਵੰਬਰ ਸੰਨ 1738 ਈ: ਨੂੰ ਨਾਦਰ ਸ਼ਾਹ ਨੇ ਪਸ਼ੌਰ ਤੇ ਕਬਜਾ ਕੀਤਾ।

11 ਜਨਵਰੀ ਸੰਨ 1739 ਨੂੰ ਨਾਦਰ ਨੇ ਲਾਹੌਰ ਤੇ ਕਬਜ਼ਾ ਕੀਤਾ।

13 ਫਰਵਰੀ ਸੰਨ 1739 ਨੂੰ ਨਾਦਰ ਨੇ ਕਰਨਾਲ ਫਤਹਿ ਕੀਤੀ। ਸ਼ਾਹੀ ਫੌਜ ਹਥਿਆਰ ਸੁੱਟ ਭੱਜ ਗਈ ਤੇ ਜੇਤੂ ਨਾਦਰ 9 ਮਾਰਚ 1739 ਨੂੰ ਦਿੱਲੀ ਵਿੱਚ ਦਾਖਲ ਹੋਇਆ।

9 ਮਾਰਚ ਸੰਨ 1739 ਨੂੰ ਨਾਦਰ ਨੇ ਦਿੱਲੀ ਵਿੱਚ 20,000 ਹਿੰਦੀ ਮਾਰੇ ਅਤੇ ਦੁਰਾਨੀਆਂ ਨੇ ਦਿੱਲੀ ਨੂੰ ਬੁਰੀ ਤਰ੍ਹਾਂ ਲੁੱਟਿਆ।

ਖਾਲਸੇ ਨੇ ਪੰਜਾਬ ਲੁੱਟਿਆ

ਜਦੋਂ ਨਾਦਰ ਅਜੇ ਦਿੱਲੀ ਬੈਠਾ ਸੀ ਤਾ ਸਿੰਘਾਂ ਨੇ ਪੰਜਾਬ ਦੇ ਮੈਦਾਨਾਂ ਅੰਦਰ ਝਨਾ ਤੋਂ ਕਰਨਾਲ ਤੱਕ ਦਾ ਇਲਾਕਾ ਸਾਰਾ ਲੁੱਟ ਲਿਆ ਅਤੇ ਨਾਦਰ ਦੇ ਲੁਟਨ ਦੇ ਮਨਸੂਬੇ ਬਨ੍ਹੇ।

ਨਾਦਰ ਦੀ ਵਾਪਸੀ

ਜਾਦੂ ਨਾਥ ਸਰਕਾਰ ਦੇ ਕਥਨ ਅਨੁਸਾਰ ਨਾਦਰ ਦਿੱਲੀਓਂ 65 ਕਰੋੜ ਦਾ ਮਾਲ ਅਸਬਾਬ ਅਤੇ ਨਕਦੀ ਲੁੱਟ 5 ਮਈ 1739 ਨੂੰ ਟੁਰਿਆ ਤੇ ਲਾਹੌਰ ਆਨ ਡੇਰੇ ਕੀਤੇ।

ਨਵਾਬ ਕਪੂਰ ਸਿੰਘ

ਜਨਮ

ਵਿਰਕ ਗੋਤ ਦੇ ਸਿਰਮੌਰ ਨਵਾਬ ਕਪੂਰ ਸਿੰਘ ਦਾ ਜਨਮ ਪਿੰਡ[1] ਮਾਲੋ ਕੀ ਟਿੱਬੀ ਦੇ ਵਸਨੀਕ ਚੌ: ਦਲੀਪ ਸਿੰਘ ਦੇ ਘਰ ਸੰਮਤ 1754 ਬਿ: ਮੁਤਾਬਿਕ ਸੰਨ 1697 ਈ: ਨੂੰ ਹੋਇਆ। ਪਿੰਡ ਮਾਲੋ ਕੀ ਟਿੱਬੀ—ਪਰਗਨਾ ਸ਼ੇਖੂਪੁਰਾ (ਹੁਣ ਪਾਕਿਸਤਾਨ ਵਿੱਚ ਸੀ)। ਇਹ ਪਿੰਡ ਸੰਨ 1729 ਵਿੱਚ ਵਕਤ ਦੀ ਹਕੂਮਤ ਹਥੋਂ ਬਰਬਾਦ ਹੋ ਗਿਆ। ਇਸ ਦੇ ਆਵੇਸ਼ ਸ਼ੇਖੂਪੁਰਾ ਦੇ ਨਜ਼ਦੀਕ ਰੇਲਵੇ ਲਾਈਨ ਤੋਂ ਪਾਰ, ਪਿੰਡ ਮਿਰਜ਼ੇ ਵਾਲੇ ਰੇਲਵੇ ਫਾਟਕ ਤੋਂ ਲਹਿੰਦੇ ਤੇ ਭੰਗੂਆਂ ਵਾਲੇ ਖੂਹ ਤੋਂ ਚੜ੍ਹਦੇ ਪਾਸੇ ਟਿੱਬੀ ਦੇ ਰੂਪ ਵਿੱਚ, ਮੈਂ (ਗਿਆਨੀ ਜੀ) ਨੇ ਖੁਦ ਅੱਖੀਂ ਡਿੱਠੇ ਸਨ।

ਚੌਧਰੀ ਦਲੀਪ ਸਿੰਘ ਜੀ ਇਸ ਨਗਰ ਦੇ ਪਹਿਲੇ ਪ੍ਰਾਣੀ ਸਨ ਜਿਸ ਨੇ ਕਿ ਦਸਮੇਸ਼ ਜੀ ਕੋਲੋਂ ਅੰਮ੍ਰਿਤ ਪਾਨ ਕੀਤਾ ਸੀ ਅਤੇ ਆਪ ਦਸਮੇਸ਼ ਜੀ ਦੇ ਦਖਣ ਪਿਆਨੇ 1708 ਤੱਕ ਹਜ਼ੂਰ ਦੀ ਸੇਵਾ ਵਿੱਚ ਰਹੇ। ਫਿਰ ਆਪ ਬਾਬਾ ਬੰਦਾ ਸਿੰਘ ਬਹਾਦੁਰ ਨਾਲ ਕਈ ਜੰਗਾਂ ਵਿੱਚ ਸ਼ਾਮਲ ਰਹੇ। ਅੰਤ (ਸ਼ਮਸ਼ੇਰ ਖਾਲਸਾ ਅਨੁਸਾਰ) ਆਪ ਜੀ ਮਤਾਬ ਕੋਟ ਦੇ ਜੰਗ ਵਿੱਚ ਵੀਰ ਗਤੀ ਪਾ ਗਏ।

ਬਾਲਪਨ

ਆਪ ਜੀ ਬਚਪਨ ਵਿੱਚ ਹੀ ਹੁੰਦੜਹੇਲ ਅਤੇ ਆਪਣੇ ਹਾਣੀਆਂ ਨਾਲੋਂ ਸਿਰਕੱਢ ਸਨ। ਗੁਰਬਾਣੀ ਆਪ ਜੀ ਨੂੰ ਜਿਥੇ ਮਾਤਾ ਵਲੋਂ ਗੁੜ੍ਹਤੀ ਵਿੱਚ ਮਿਲੀ ਸੀ ਉਥੇ ਪਿਤਾ ਵੱਲੋਂ ਵੀ ਲੋਰੀਆਂ, ਕੀਰਤਨ ਅਤੇ ਸਿਮਰਨ ਦੇ ਰੂਪ ਵਿੱਚ ਮਿਲੀਆਂ ਸਨ। ਆਪ ਨੇ ਗੁਰਮੁਖੀ ਵਿੱਦਿਆ ਪੜ੍ਹੀ। ਘੋੜ ਸਵਾਰੀ ਜੰਗੀ ਕਰਤਵ ਆਪ ਜੀ ਵਿਰਸੇ ਵਿੱਚ ਮਿਲੇ ਸਨ।

ਸਿਆਣੇ ਦੱਸਦੇ ਸਨ ਕਿ ਆਪ ਜੀ ਇੱਕ ਦਿਨ ਆਪਣੇ ਹਾਣੀਆਂ ਨਾਲ ਜੰਗੀ ਅਭਿਆਸ ਕਰ ਰਹੇ ਸਨ ਕਿ ਆਪਣੇ ਪ੍ਰਤਿ ਦੁੰਅਦੀ ਦਾ ਵਾਰ ਢਾਲ ਤੇ ਨਾ ਲੈ ਸਕੇ ਤੇ ਆਪ ਜੀ ਨੂੰ ਮੋਢੇ ਤੇ ਇਤਨਾ ਕਾਰੀ ਫੱਟ ਲੱਗਾ ਕਿ ਬਚਨ ਦੀ ਆਸ ਨਾ ਰਹੀ। ਪਰ ਜਿਸਨੇ ਪੰਥ ਦੀ ਪ੍ਰਧਾਨ ਜਥੇਦਾਰੀ ਕਰਨੀ ਸੀ ਉਸ ਨੂੰ ਕਾਲ ਕਿੱਥੇ ਪੁਹ ਸਕਦਾ। ਫੱਟ ਬੰਨ੍ਹਾ ਦੀ ਲਗਾਤਾਰ ਮਿਹਨਤ ਦਾ ਸਦਕਾ ਆਪ ਜੀ ਰਾਜ਼ੀ ਹੋ ਗਏ।

ਇਹੋ ਜਹੀਆਂ ਹੋਰ ਅਨੇਕ ਘਟਨਾਵਾਂ ਹੋਣਗੀਆਂ ਜੋ ਸਾਡੀ ਅਨਪੜ੍ਹਤਾ, ਸਮੇਂ ਦੀ ਹਕੂਮਤ ਦੀ ਦੁਸ਼ਮਨੀ ਅਤੇ ਸਾਡੇ ਆਪਸੀ ਵੈਰ ਵਿਰੋਧ ਕਾਰਨ ਸਾਡੇ ਪੂਰਵਜ ਲਿਖ ਕੇ ਨਾ ਛੱਡ ਗਏ ਅਤੇ ਜੇ ਕਿਧਰੇ ਕਿਸੇ ਮਾੜਾ ਮੋਟਾ ਲਿਖਿਆ ਵੀ ਸੀ ਤਾਂ ਉਹ ਲਖਪਤ ਰਾਏ ਵਰਗੇ ਅਕ੍ਰਿਤਘਣਾਂ ਨੇ ਤਬਾਹ ਕਰਕੇ ਰੱਖ ਦਿੱਤਾ। ਜਦੋਂ ਹੁਣ ਅਸੀਂ ਹੋਸ਼ ਸੰਭਾਲੀ ਤਾਂ ਸਿਵਾਏ ਦੰਦ ਕਥਾਵਾਂ ਦੇ ਸਾਨੂੰ ਇਤਿਹਾਸਕ ਤੱਥ ਹੱਥ ਨਹੀਂ ਆਉਂਦੇ।

ਖਰੜ ਨਿਵਾਸੀ ਅਬਦੁਲਾ ਦਾਰੋਗਾ ਜਿਹਲ ਦਿੱਲੀ ਨੂੰ ਹਜ਼ੂਰ (ਤੇਗ ਬਹਾਦਰ) ਜੀ ਦੇ ਬਚਨਾਂ ਦਾ ਐਸਾ ਅਸਰ ਹੋਇਆ ਕਿ ਹਜ਼ੂਰ ਦੇ ਚੋਲਾ ਛੱਡਣ ਪਿੱਛੋਂ ਆਪਣੇ ਸਾਥੀ ਸਿਪਾਹੀਆਂ ਸਮੇਤ ਦਸਮੇਸ਼ ਜੀ ਪਾਸ, ਨਵਮ ਗੁਰੂ ਜੀ ਦੇ ਸਸਤ੍ਰ ਬਸਤ੍ਰ ਅਤੇ ਮੁਹਰ ਵਾਲੀ ਅੰਗੂਠੀ

---

1. ਬਾਬਾ ਪ੍ਰੇਮ ਸਿੰਘ ਜੀ ਦਾ ਕਥਨ ਕਿ "ਕਾਲੋਕਿਆਂ ਵਿੱਚ ਮਾਲੋ ਕੀ ਪਤੀ ਸੀ" ਕੇਵਲ ਭਰਾਂਤੀ ਹੈ—ਬਾਬਾ ਜੀ ਦੇ ਤੱਥ ਦਾ ਸ੍ਰੋਤ ਸੰਦਿਗਧ ਹੈ। ਪਤਾ ਨਹੀਂ ਇਤਨੇ ਵੱਡੇ ਇਤਿਹਾਸ ਖੋਜੀ ਹੁੰਦਿਆਂ ਆਪ ਜੀ ਨੇ ਕਿਵੇਂ ਅਪਨਾ ਲਿਆ ਸੀ।

ਲੈ ਕੇ ਹਾਜ਼ਰ ਹੋਇਆ । ਧਰਮ ਦੀ ਕ੍ਰਿਤ ਹਕੀਮੀ ਕਰਕੇ ਗੁਰ ਸੇਵਾ ਵਿੱਚ ਰਤਿ ਹੋ ਗਿਆ ।

ਉਸਦਾ ਬੇਟਾ ਗੁਲਾਮ ਅੱਬਾਸ ਨਵਾਬ ਕਪੂਰ ਸਿੰਘ ਪਾਸ ਖਾਲਸੇ ਦੇ ਦਲ ਵਿੱਚ ਹਿਕਮਤ ਕਰਦਾ ਰਿਹਾ—ਉਸ ਦਾ ਪੜੌਤਰਾ ਹਕੀਮ ਸੈਦ ਮੁਹੰਮਦ ਖਾਂ (ਗਿਆਨੀ ਗਿਆਨ ਸਿੰਘ ਦਾ ਸਮਕਾਲੀ) ਕਸਬਾ ਖਰੜ ਜ਼ਿ: ਅੰਬਾਲਾ ਵਿੱਚ ਹਕੀਮੀ ਕਰਦਾ ਸੀ । ਇਸ ਨਿਜੜੇ ਦੇਸ਼ ਬਟਵਾਰੇ ਵੇਲੇ ਉਹ ਸਿਦਕੀ ਵੀ ਸਾਥੋਂ ਸਦਾ ਲਈ ਵਿਛੜ ਗਏ । ਸ਼ੱਕ ਮਹਾਂ ਸ਼ੱਕ ਅਸੀਂ ਉਹਨਾਂ ਨੂੰ ਵੀ ਨਾ ਰੱਖ ਸਕੇ । (ਵੇਖੋ ਤਵਾਰੀਖ ਖਾਲਸਾ ਹਿੱਸਾ ਤੀਜਾ ਪੰਨਾ 722)

ਸਿਆਣੇ ਦੱਸਦੇ ਹੁੰਦੇ ਸਨ ਕਿ ਜਦ ਆਪ ਜੀ ਨੇ ਹੋਸ਼ ਸੰਭਾਲੀ ਤਾਂ ਪਿਤਾ ਜੀ ਦੀ ਰਕਾਬ ਫੜ ਕੇ ਆਖਣ ਲੱਗੇ ਬਾਪੂ ਤੇਰੇ ਨਾਲ ਜਾਣਾ ਹੈ ?

ਚੌ: ਦਲੀਪ ਸਿੰਘ : ਮੈਂ ਤਾਂ ਪੰਥ ਦੇ ਸੱਦੇ ਤੇ ਜੰਗ ਤੇ ਚੱਲਿਆ ਹਾਂ ।

ਕਪੂਰ ਸਿੰਘ : ਮੈਂ ਵੀ ਜਾਣਾ ਹੈ ।

ਚੌ: ਦਲੀਪ ਸਿੰਘ : ਉਥੇ ਬੜੇ ਔਖੇ ਟਾਈਮਆਉਂਦੇ ਨੇ—ਮੌਤ ਵੀ ਹੋ ਜਾਂਦੀ ਹੈ ਤੂੰ ਘਰ ਰਹਿ— ਵੱਡਾ ਹੋਵੇਂਗਾ ਤਾਂ ਤੈਨੂੰ ਲੈ ਚੱਲਾਂਗਾ ।

ਕਪੂਰ ਸਿੰਘ : (ਅੱਡੀਆਂ ਚੁੱਕ ਕੇ) ਵੇਖੋ ਮੈਂ ਕਿੱਡਾ ਵੱਡਾ ਹਾਂ ।

ਆਖਰ ਪਿਤਾ ਜੀ ਨਾਲ ਲੈ ਗਏ—ਭਾਈ ਜੀਵਨ ਸਿੰਘ ਜੀ, ਰਸਾਲਾ ਸੰਤ ਸਿਪਾਹੀ ਸਤੰਬਰ 1964 ਦੇ ਹਵਾਲੇ ਅਨੁਸਾਰ ਕਹਿੰਦੇ ਹਨ ਕਿ ਕਪੂਰ ਸਿੰਘ ਜੀ ਨੇ (ਜੋ 1708 ਵਿੱਚ 11 ਸਾਲ ਦੇ ਸਨ) ਹਜ਼ੂਰ ਦਸਮੇਸ਼ ਪਾਤਸ਼ਾਹ ਪਾਸੋਂ ਅੰਮ੍ਰਿਤ ਪਾਨ ਕੀਤਾ[1] । ਆਪ ਜੀ ਨੇ ਆਪਣੇ ਪਿਤਾ ਦੀ ਸੰਗਤ ਵਿੱਚ ਰਹਿ ਕੇ ਕਾਫੀ ਵਿੱਦਿਆ ਪ੍ਰਾਪਤ ਕੀਤੀ ।

ਇਸੇ ਸਮੇਂ ਇਲਾਕਾ ਸਾਂਦਲਬਾਰ ਦੇ ਹੋਰ ਕਈ ਉੱਘੇ ਵਿਰਕ ਘਰਾਣੇ ਅੰਮ੍ਰਿਤਪਾਨ ਕਰਕੇ ਖਾਲਸਾ ਦਲ ਵਿਚ ਸ਼ਾਮਲ ਹੋ ਚੁੱਕੇ ਸਨ । ਜਿਨ੍ਹਾਂ ਦੀ ਅਗਵਾਈ ਚੌਧਰੀ ਦਲੀਪ ਸਿੰਘ ਜੀ ਹੀ ਕਰਦੇ ਸਨ । ਆਪ ਜੀ ਨੂੰ ਆਪਣੇ ਪਿਤਾ ਜੀ ਦੀ ਸਦੀਵੀ ਸੰਗਤ ਰੰਗ ਲਿਆਈ । ਅਰਥਾਤ ਭਾਵੀ ਨੇ ਆਪ ਜੀ ਨੂੰ ਕੌਮ ਦਾ ਮੁਹਰੈਲ ਬਣਾਨ ਵਿੱਚ ਸਾਥ ਦਿੱਤਾ ।

ਹੁਣ ਲਓ ਵਿਰੋਧ ਵਾਲਾ ਪੱਖ—

ਗਿਆਨੀ ਗਿਆਨ ਸਿੰਘ ਜੀ "ਰਾਜ ਖਾਲਸਾ ਹਿੱਸਾ ਤਿੰਨ ਭਾਗ ਪਹਿਲਾ ਪੰਨਾ 267/268 (ਭਾਸ਼ਾ ਵਿਭਾਗ ਛਾਪ) ਤੇ ਲਿਖਦੇ ਹਨ :—

ਕਪੂਰ ਸਿੰਘ ਦਾ ਪੂਰਾ ਵਰਤਾਂਤ ਇਸ ਤਰ੍ਹਾਂ ਹੈ ਕਿ ਸੰਮਤ 1783 ਬਿ: (1726 ਈ:) ਨੂੰ ਜਦ ਇਹਨੇ ਵੇਖਿਆ ਕਿ ਮੁਸਲਮਾਨ ਹਿੰਦੂਆਂ ਤੇ ਜ਼ੁਲਮ ਕਰ ਰਹੇ ਹਨ ਤੇ ਸਿੱਖਾਂ ਦੀ ਇਕ ਬੜੀ ਬਹਾਦਰ ਕੌਮ ਉਤਪੰਨ ਹੋਈ ਹੈ ਜੋ ਮੁਸਲਮਾਨਾਂ ਨੂੰ ਉਹਨਾਂ ਦੀ ਕਰਨੀ ਦਾ ਬਦਲਾ ਦੇਣ ਲਈ ਤੱਤਪਰ

---

1. ਪ੍ਰਸਿੱਧ ਇਤਿਹਾਸਕਾਰ ਬਾਬਾ ਪ੍ਰੇਮ ਸਿੰਘ ਜੀ ਨੇ ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਦੇ ਆਧਾਰ ਤੇ ਲਿਖਦੇ ਹਨ (ਜੀਵਨ ਬ੍ਰਿਤਾਂਤ ਨਵਾਬ ਕਪੂਰ ਸਿੰਘ ਪੰਨਾ 21 ਲਾਹੌਰ ਬੁਕ ਸ਼ਾਪ ਲੁਧਿਆਣਾ ਪ੍ਰਕਾਸ਼ਤ) "ਕਪੂਰ ਸਿੰਘ ਨੇ ਭਾਈ ਮਨੀ ਸਿੰਘ ਹੱਥੋਂ ਅੰਮ੍ਰਿਤਪਾਨ ਕੀਤਾ" । ਪ੍ਰੰਤੂ ਖੇਦ ਪੂਰਤ ਤੱਤ ਇਹ ਹੈ ਕਿ ਜਿਹੜਾ ਕਬਿਤ ਗਿਆਨੀ ਗਿਆਨ ਸਿੰਘ ਜੀ ਦਾ ਆਪ ਨੇ ਮੂਲ ਰੂਪ ਵਿੱਚ ਦਿੱਤਾ ਹੈ ਉਹ ਗਿਆਨ ਸਿੰਘ ਜੀ ਦੀ ਲਿਖੀ ਤ੍ਵਾਰੀਖ ਗੁਰੂ ਖਾਲਸਾ ਵਿੱਚ ਦਿੱਤੇ ਵਰਤਾਂਤ ਦਾ ਵਿਰੋਧ ਕਰਦਾ ਹੈ । ਯਥਾ : ਕਬਿਤ

ਬਿੱਰਕ ਗੋਤ ਜਿਮੀਂਦਾਰ ਤਹਾਂ ਕਾ ਬਸਨਵਾਰ
ਥਾ ਦਲੀਪ ਸਿੰਘ ਭਾਰ ਤੁਰਕਨ ਸੰਤਾਯ ਹੈ ॥
ਕਪੂਰ ਸਿੰਘ ਦਾਨ ਸਿੰਘ ਦੋਹਾਂ ਪੁੱਤ੍ਰਾਂ ਸਮੇਤ
ਮਨੀ ਸਿੰਘ ਜੀ ਤੇਂ ਸੁਧਾ ਛਕ ਮੁਦ ਪਾਯੋ ਹੈ ॥

ਅਰਥਾਤ ਚੌਧਰੀ ਦਲੀਪ ਸਿੰਘ ਜੀ ਨੇ ਦੋਹਾਂ ਪੁੱਤਰਾਂ, ਕਪੂਰ ਸਿੰਘ, ਦਾਨ ਸਿੰਘ ਸਮੇਤ ਸੰਨ 1721 ਵਿਸਾਖੀ ਵਾਲੇ ਦਿਨ ਭਾਈ ਮਨੀ ਸਿੰਘ ਜੀ ਤੋਂ ਸੁਧਾ ਪਾਨ ਕੀਤਾ ।" ਆਉ ਹੁਣ ਇਸ ਤੱਥ ਦੀ ਸਾਰਥਕਤਾ ਵੇਖੀਏ ਚੌਧਰੀ ਦਲੀਪ ਸਿੰਘ ਜੀ ਤਾਂ ਸੰਨ 1712 ਈ: ਵਿੱਚ ਮਤਾਬਕੋਟ ਦੀ ਜੰਗ ਅੰਦਰ ਸ਼ਹੀਦੀ ਪਾ ਗਏ ਸਨ । ਭਲਾ ਜੀ ਉਹ ਸ਼ਹੀਦੀ ਉਪਰੰਤ 9 ਸਾਲ ਪਿੱਛੋਂ ਅੰਮ੍ਰਿਤ ਛਕਣ ਕਿਵੇਂ ਆ ਗਏ ?

ਹੋਈ ਹੈ। ਤਦ ਇਹ ਵੀ ਆਪਣੀ ਖ਼ੁਸ਼ੀ ਨਾਲ ਅੰਮ੍ਰਿਤਸਰ ਪੁੱਜ ਕੇ ਆਪਣੇ ਸੱਕੇ ਭਰਾ ਦੀਵਾਨ ਸਿੰਘ ਤੇ ਹੋਰ ਬਹੁਤ ਸਾਰੇ ਜਿਮੀਂਦਾਰਾਂ ਨੂੰ ਨਾਲ ਲੈ ਕੇ ਅੰਮ੍ਰਿਤ ਛਕ ਸਿੰਘ ਸਜ ਗਿਆ ਤੇ ਦੀਵਾਨ ਦਰਬਾਰਾ ਸਿੰਘ ਦੇ ਨਾਲ ਹੋ ਕੇ ਮੁਸਲਮਾਨਾਂ ਦੀ ਸੋਧ ਕਰਨ ਲੱਗਾ।

ਪਾਠਕ ਆਪ ਹੀ ਨਿਰਨਾ ਕਰ ਲੈਣ। ਕਬਿਤ ਵਿੱਚ ਤਾਂ ਤਿੰਨਾਂ ਪਿਊ ਪੁੱਤਰਾਂ ਨੂੰ ਇਕੱਠੇ ਅੰਮ੍ਰਿਤ ਪਾਨ ਕਰਦੇ 1721 ਵਾਲੀ ਵਿਸਾਖੀ ਤੇ ਵਖਾਂਦੇ—ਕਿੰਤੂ ਰਾਜ ਖਾਲਸਾ ਵਿੱਚ ਦੋ ਭਰਾਵਾ ਨੂੰ ਹੋਰ ਜਿਮੀਦਾਰਾਂ ਨਾਲ 1783 ਬਿ: (1726 ਈ:) ਦੀ ਵਿਸਾਖੀ ਤੇ ਅੰਮ੍ਰਿਤ ਛਕਣਾ ਅਤੇ ਦੂਜੇ ਭਰਾ ਦਾ ਨਾਮ ਦਾਨ ਸਿੰਘ ਦੀ ਥਾਵੇਂ ਦੀਵਾਨ ਸਿੰਘ ਦੱਸਦੇ ਹਨ।

ਮਜੇ ਦੀ ਗੱਲ ਇਹ ਹੈ ਕਿ ਪ੍ਰਸਿੱਧ ਇਤਿਹਾਸਕਾਰ ਜੀ ਇੱਥੇ ਰਾਜ ਖਾਲਸਾ ਵਾਲੇ ਹਵਾਲੇ ਵਿੱਚ ਤਾਂ ਇਸ ਤਰ੍ਹਾਂ ਜ਼ਾਹਿਰ ਕਰਦੇ ਹਨ; ਜਿਵੇਂ ਕਿ ਕਪੂਰ ਸਿੰਘ ਨੂੰ 1726 ਤੋਂ ਪਹਿਲਾਂ ਸਿਖਾਂ ਬਾਰੇ ਉੱਕਾ ਪਤਾ ਹੀ ਨਹੀਂ ਸੀ। ਜਦੋਂ ਉਹ ਨੂੰ ਪਤਾ ਲੱਗਾ ਤਾਂ ਉਹ ਆਪਣੇ ਭਰਾ ਅਤੇ ਹੋਰ ਸਾਥੀਆਂ ਸਮੇਤ 1726 ਵਿੱਚ ਅੰਮ੍ਰਿਤ ਛਕਣ ਵਿਸਾਖੀ ਤੇ ਆ ਗਿਆ—ਹਾਲਾਂ ਕਿ ਉਸ ਦੇ ਬਾਪ ਚੌਧਰੀ ਦਲੀਪ ਸਿੰਘ ਜੀ ਨੇ ਦਸਮੇਸ਼ ਪਿਤਾ ਤੋਂ 1699 ਈ: ਵਿੱਚ ਅੰਮ੍ਰਿਤਪਾਨ ਕੀਤਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਜੁਧਾਂ ਵਿੱਚ ਸ਼ਾਮਲ ਰਹੇ ਅਤੇ 1712 ਈ: ਵਿੱਚ ਮਤਾਬ ਕੋਟ ਦੇ ਜੰਗ ਅੰਦਰ ਸ਼ਹੀਦੀ ਪਾਈ ਜਦ ਕਿ ਕਪੂਰ ਸਿੰਘ ਜੀ ਖੁਦ 14 ਸਾਲ ਦੇ ਅੰਮ੍ਰਿਤਧਾਰੀ ਗਭਰੂ ਸਨ।

ਆਪ ਜੀ ਦੇ ਛੋਟੇ ਵੀਰ ਦਾਨ ਸਿੰਘ ਜੀ ਅਕਸਰ ਘਰ ਬਾਰ ਦਾ ਕਾਰਜ ਸਾਧਿਆ ਕਰਦੇ ਸਨ। ਕਪੂਰ ਸਿੰਘ ਜੀ ਹੁਣ ਸੰਪੂਰਨ ਰੂਪ ਵਿੱਚ ਵਿਰਕਾਂ ਦੇ ਮਹਰੈਲ ਅਤੇ ਪੰਥ ਦੇ ਨਾਮੀ ਜਥੇਦਾਰਾਂ ਵਿੱਚ ਗਿਣੇ ਜਾਂਦੇ ਸਨ। ਇਸੇ ਤਰ੍ਹਾਂ ਕਰਦੇ ਜਦ ਪੰਥਕ ਸੇਵਾ ਤੋਂ ਵਿਹਲ ਹੁੰਦਾ ਤਾਂ ਘਰ ਪਰਤ ਆਉਂਦੇ। ਘਰ ਆਉਂਦੇ ਤਾਂ ਕਿਹੜਾ ਆਰਾਮ ਮਿਲਦਾ ਸੀ, ਕਾਬਲ ਦੇ ਜੰਮਿਆ ਨੂੰ ਨਿਤ ਮੁਹਿੰਮਾਂ ਦੇ ਅਖਾਣ ਅਨੁਸਾਰ, ਇਥੇ ਬਰਾਦਰੀ ਵਾਲੇ ਅੱਗੋ ਉਡੀਕਦੇ ਹੁੰਦੇ ਕਿ ਕਦੋਂ ਜੱਥਾ ਆਵੇ ਤੇ ਭੱਟੀਆਂ ਕੋਲੋਂ ਉਹਨਾ ਦੀਆਂ ਵਧੀਕੀਆਂ ਦੇ ਬਦਲੇ ਲਈਏ। ਬਸ 'ਜਥੇ ਦੇ ਆਵਨ ਦੀ ਦੇਰ ਹੁੰਦੀ ਕਿ ਸਾਰੀ ਵਿਰਕੈਤ ਉੱਠ ਕੇ ਭਟੀਆਂ ਦੇ ਗਲ ਜਾ ਪੈਂਦੀ। ਇਹਨਾਂ ਦੋਹਾਂ ਧਿਰਾਂ ਭਟੀਆਂ ਤੇ ਵਿਰਕਾਂ ਦੀ ਅਜੋੜ ਕੋਈ ਨਵੀਂ ਨਹੀਂ। ਇਹ ਬਹੁਤ ਪੁਰਾਣੇ ਸਮਿਆਂ ਤੋਂ ਚਲੀ ਆਂਵਦੀ ਹੈ।

ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਸੰਨ 1721 ਵਾਲੀ ਵਿਸਾਖੀ ਨੂੰ ਜਦੋਂ ਤੱਤ ਖਾਲਸਾ ਅਤੇ ਬੰਦਈ ਖਾਲਸੇ ਵਿੱਚ ਭਾਈ ਮਨੀ ਸਿੰਘ ਜੀ ਨੇ ਸੁਲਾਹ ਕਰਵਾਈ ਤਾਂ ਕਪੂਰ ਸਿੰਘ ਉਥੇ ਅੰਮ੍ਰਿਤਸਰ ਮੌਜੂਦ ਸਨ। ਨੌਜਵਾਨ ਕਪੂਰ ਸਿੰਘ ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ ਸਾਂਦਲਬਾਰ ਦੇ ਸਿੰਘਾਂ ਦਾ ਜਥੇਦਾਰ ਸੀ ਅਤੇ ਜਿਥੇ ਕਿਧਰੇ ਲੋੜ ਹੁੰਦੀ ਉਥੇ ਪੁੱਜ ਦੁਸ਼ਮਨ ਦੀ ਸੁਧਾਈ ਕਰ ਦਿੰਦੇ। ਸਮਾਂ ਗੁਜਰਦਾ ਗਿਆ।

ਸ਼ਹੀਦੀ ਭਾਈ ਤਾਰਾ ਸਿੰਘ ਡਲ-ਵਾਂ

ਸੰਤ ਨਦੀ ਅਰ ਮੇਘਲਾ ਚਲੇ ਭੁਯੰਗਮ ਚਾਲ॥
ਰਜਬ ਜੰਹਿ ਜੰਹ ਪੱਗ ਧਰੇ ਤੰਹਿ ਤੰਹਿ ਕਰੇ ਨਿਹਾਲ॥

ਗੁਰਮੁਖ ਪਿਆਰੇ ਭਾਈ ਤਾਰਾ ਸਿੰਘ ਜੀ ਪਿੰਡ 'ਵਾਂ' ਨਜਦ ਪਿੰਡ 'ਡਲ' ਜ਼ਿ: ਅੰਮ੍ਰਿਤਸਰ ਦੇ ਵਸਨੀਕ ਆਪਣੇ ਵਕਤ ਦੇ ਬੜੇ ਨਾਮ ਅਭਿਆਸੀ ਤੇ ਵਿਰੱਕਤ ਸੂਰਮੇ ਸਨ। ਆਪ ਜੀ ਨੇ ਪਿੰਡੋਂ ਦੂਰ ਆਪਣੀ ਜ਼ਮੀਨ ਵਿੱਚ ਜੰਗਲ ਦੇ ਨੇੜੇ ਡੇਰਾ ਬਣਾਇਆ ਹੋਇਆ ਸੀ। ਡੇਰੇ ਦੇ ਅੰਦਰ ਕੱਚੀ ਖੂਹੀ ਤੇ ਇਕ ਕੱਚਾ ਬੁਰਜ ਉਸਾਰਿਆ ਹੋਇਆ ਸੀ ਤੇ ਡੇਰ ਦੇ ਦਵਾਲੇ ਛਾਪਿਆਂ ਦੀ ਮੋਟੀ ਵਾੜ ਕੀਤੀ ਹਈ ਸੀ। ਇਥੇ ਵੇਲੇ ਕੁਵੇਲੇ ਆਏ ਗਏ ਸਿੰਘਾਂ ਦੀ ਸੇਵਾ ਟਹਿਲ ਹੁੰਦੀ ਸੀ, ਲੰਗਰ ਅੱਠੇ ਪਹਿਰ ਅਤੁੱਟ ਚਲਦਾ ਸੀ। ਭਾਈ ਜੀ ਬੁੱਟਰ ਗੋਤ ਦੇ ਜੱਟ ਸਨ।

ਚੌਧਰੀ ਸਾਹਿਬ ਰਾਏ ਨੌਸਹਿਰਾ (ਜ਼ਿ: ਲਾਹੌਰ) ਵਾਲੇ ਨੂੰ ਭਾਈ ਤਾਰਾ ਸਿੰਘ ਦਾ ਬੁਰਜ ਬੜਾ ਖਟਕਦਾ ਸੀ। ਅਖੀਰ 1726 ਵਿਚ ਉਹਨੂੰ ਮੌਕਾ ਮਿਲ ਗਿਆ। ਗੱਲ ਇਉਂ ਹੋਈ ਕਿ ਨੁਸ਼ਹਿਰੇ ਦੇ ਕਿਰਤੀ ਸਿੰਘਾਂ ਨੇ ਸਾਹਿਬ ਰਾਏ ਕੋਲ ਬੇਨਤੀ ਕਿ ਚੌਧਰੀ ਜੀ ਤੁਸਾਡੀਆਂ ਘੋੜੀਆਂ ਖੁਲ੍ਹੀਆਂ ਚੁਗਦੀਆਂ ਤੇ ਸਾਡੇ ਖੇਤ ਬਰਬਾਦ ਕਰਦੀਆਂ ਹਨ। ਕ੍ਰਿਪਾ ਕਰਕੇ ਇਹਨਾਂ ਨੂੰ ਬੰਨ੍ਹ ਕੇ ਰੱਖੋਂ—ਮਗਰ ਸਾਹਿਬ ਰਾਏ ਨੇ ਕੋਈ ਪ੍ਰਵਾਹ ਨ ਕੀਤੀ। ਦੂਜੀ ਵਾਰ ਜਦੋਂ ਉਹਨਾਂ ਨੇ ਬੇਨਤੀ ਕੀਤੀ ਤਾਂ ਖਿਝ ਕੇ ਆਖਣ ਲੱਗਾ, "ਤੁਸਾਡੇ ਸਿਰਾਂ ਦੇ ਵਾਲਾਂ ਦੇ ਰੱਸੇ ਵੱਟ ਕੇ ਘੋੜੀਆਂ ਨੂੰ ਬੰਨ੍ਹਾਂਗਾ ਉਤਨਾ ਚਿਰ ਇਹ ਖੁਲ੍ਹੀਆਂ ਚੁਗਣਗੀਆਂ।

ਸਿੰਘਾਂ ਨੇ ਇਸ ਕੁਬੋਲ ਦਾ ਬੁਰਾ ਮਨਾਇਆ ਤੇ ਚੁੱਪ ਕੀਤੇ ਹੀ ਘੋੜੀਆਂ ਫੜ ਕੇ ਭੁਸੇ ਪਿੰਡ (ਜ਼ਿ: ਅੰਮ੍ਰਿਤਸਰ) ਦੇ ਸ: ਅਮਰ ਸਿੰਘ ਤੇ ਬਘੇਲ ਸਿੰਘ ਢਿਲਵਾਂ ਦੇ ਹਵਾਲੇ ਕਰ ਦਿੱਤੀਆਂ—ਇਹਨਾਂ ਦੋਹਾਂ ਸਰਦਾਰਾਂ ਨੇ ਘੋੜੀਆਂ ਘਰਿਆਲਾ (ਜ਼ਿ: ਲਾਹੌਰ) ਦੇ ਸਮੀਰ ਸਿੰਘ ਹਵਾਲੇ ਕੀਤੀਆਂ—ਉਹਨੇ ਵੀ ਢਿਲ ਨਾ ਕੀਤੀ ਰਾਤੋ ਰਾਤ ਸਤਲੁਜ ਟੱਪ ਘੋੜੀਆਂ ਪਟਿਆਲਾ ਪਤਿ ਬਾਬਾ ਆਲਾ ਸਿੰਘ ਕੋਲ ਜਾ ਵੇਚੀਆਂ ਤੇ ਪੈਸੇ ਲਿਆ ਕੇ ਭਾਈ ਤਾਰਾ ਸਿੰਘ ਜੋ ਲੰਗਰ ਵਾਸਤੇ ਅਰਦਾਸ ਕਰਵਾ ਦਿੱਤੇ।

ਭਾਈ ਤਾਰਾ ਸਿੰਘ ਜੀ ਕੋਲ ਨਿਤ ਪ੍ਰਤਿ ਆਏ ਗਏ ਅੱਠ ਦਸ ਸਿੰਘ ਟਿਕੇ ਰਹਿੰਦੇ ਸਨ। ਚੌਧਰੀ ਨੇ ਘੋੜੀਆਂ ਦੀ ਸੂੰਹ ਕੱਢੀ ਅਤੇ ਆਦਮੀ ਲੈ ਕੇ ਸ: ਅਮਰ ਸਿੰਘ ਤੇ ਸ਼ਮੀਰ ਸਿੰਘ ਨੂੰ ਫੜਨ ਗਿਆ—ਮਗਰ ਉਹ ਉਸ ਤੋਂ ਪਹਿਲਾਂ ਭਾਈ ਤਾਰਾ ਸਿੰਘ ਦੇ ਡੇਰੇ ਪੁੱਜ ਚੁੱਕ ਸਨ। ਮਗਰੋਂ ਮਗਰ ਸਾਹਿਬ ਰਾਏ ਵੀ ਡੇਰੇ ਆ ਕੇ ਤੇ ਭਾਈ ਜੀ ਨੂੰ ਧਮਕੀਆਂ ਦੇਣ ਲੱਗਾ—ਉਸ ਨੇ ਭਾਈ ਜੀ ਨੂੰ ਆਖਿਆ, ਮੇਰੇ ਚੋਰ ਤੇਰੇ ਕੋਲ ਆਏ ਨੇ। ਅਗੋਂ ਭਾਈ ਜੀ ਨੇ ਆਖਿਆ ਕਿ ਚਰ ਉਹ ਹੈ ਜੋ ਦੂਸਰਿਆਂ ਦੇ ਖੇਤ ਚਾਰਦਾ ਹੈ। ਚੌਧਰੀ ਨੇ ਬੜੀ ਤਮਕ ਨਾਲ ਆਖਿਆ ਜੇ ਸਿੱਧੀ ਹੱਥੀ ਚੋਰ ਨਹੀਂ ਦਿਓਗੇ ਤਾਂ ਜੁਤੀਆਂ ਨਾਲ ਲੈ ਲਵਾਂਗਾ—ਅਗੋਂ ਭਾਈ ਨੇ ਉੱਤਰ ਦਿੱਤਾ ਕਿ ਜਿਹੜਾ ਸਾਧੂਆਂ ਨੂੰ ਜੁੱਤੀਆਂ ਦੱਸਦਾ ਹੈ, ਉਹ ਆਪ ਜੁੱਤੀਆਂ ਖਾ ਕੇ ਜਾਂਦਾ ਹੈ।

ਇਸ਼ਾਰਾ ਸਮਝਕੇ ਇਕ ਸਿੰਘ ਨੇ ਉਠ ਕੇ ਚੌਧਰੀ ਦੇ ਸਿਰ ਤੇ ਪੰਜ ਸੱਤ ਪੋਲੇ ਝਾੜ ਦਿੱਤੇ। ਬਸ, ਇੱਕ ਬਾਂਦਰ ਦੂਜੇ ਬਿਛੂ ਲੜਿਆ, ਸਿੱਧਾ ਪੱਟੀ ਜਾ ਕੇ ਫੌਜਦਾਰ ਜਾਫਰ ਬੇਗ ਕੋਲ ਪਿਟਿਆ – ਉਹ ਸੋ ਅਸਵਾਰ ਲੈ ਕੇ ਤਾਰਾ ਸਿੰਘ ਤੇ ਚੜ੍ਹ ਤੁਰਿਆ। ਦੇਵਨੈਤ ਬਘੇਲ ਸਿੰਘ ਤੜਕੇ ਬਾਹਰ ਮੈਦਾਨ ਖੇਡਣ ਜਾ ਰਿਹਾ ਸੀ। ਉਹਨੇ ਘੋੜਿਆਂ ਦੇ ਆਵਨ ਦੀ ਕੰਡ ਸੁਣੀ ਤੇ ਸਮਝ ਗਿਆ ਫੌਜ ਆ ਗਈ ਹੈ—ਪਿੱਛੇ ਹਟਣ ਦੀ ਥਾਂ ਉਹ ਨੇ ਆਵਨ ਵਾਲਿਆਂ ਨੂੰ ਲਲਕਾਰਿਆ ਤੇ ਬਰਛਾ ਸੰਭਾਲ ਕੇ ਡਟ ਗਿਆ—ਸਾਹਿਬ ਰਾਏ ਨੇ ਆਵਾਜ਼ ਪਛਾਣ ਕੇ ਆਖਿਆ ਇਹ ਬਘੇਲ ਸਿੰਘ ਮੇਰੀਆਂ ਘੋੜੀਆਂ ਦਾ ਚੋਰ—ਫੌਜਦਾਰ ਨੇ ਹੱਲਾ ਬੋਲ ਦਿੱਤਾ ਤੇ ਬਘੇਲ ਸਿਘ ਸੂਰਮਿਆਂ ਵਾਂਗੂ ਲੜ ਕੇ ਸ਼ਹੀਦ ਹੋ ਗਿਆ।

ਡੇਰੇ ਵਿੱਚ ਉਸ ਵੇਲੇ 22 ਸਿੰਘ ਸਨ। ਬੰਦੂਕਾਂ ਦੀ ਆਵਾਜ਼ ਸੁਣ ਕੇ ਉਹ ਵੀ ਮੈਦਾਨ ਵਿੱਚ ਆ ਡੱਟੇ। ਪਹਿਲੇ ਹਲੇ ਵਿੱਚ ਹੀ ਸ਼ਾਹੀ ਫੌਜ ਦੇ ਦੱਸ ਜਵਾਨ ਡੇਗ ਲਏ ਜਿਨ੍ਹਾਂ ਵਿੱਚ ਬੇਗ ਦਾ ਇਕ ਭਤੀਜਾ ਤੇ ਇਕ ਭਰਾ ਵੀ ਸੀ। ਜ਼ਾਫਰ ਬੇਗ ਉਥੋਂ ਜਿਉਂ ਨਸਿਆ ਤੇ ਮਾੜੀ ਕੰਬੋਕੀ ਆਣ ਸਾਹ ਲਿਆ। ਫਿਰ ਲੋਥਾਂ ਚੁਕਵਾ ਕੇ ਸਿਧਾ ਲਾਹੌਰ ਜ਼ਕਰੀਆ ਖਾਨ ਕੋਲ ਜਾ ਪਿਟਿਆ।

ਜ਼ਕਰੀਆ ਖਾਨ ਨੇ ਆਪਣੇ ਨਾਇਬ ਮੋਮਨ ਖਾਂ ਨੂੰ 2200 ਸਵਾਰ, 5 ਹਾਥੀ, 4 ਰਹਿਕਲੇ ਤੇ 40 ਜੰਬੂਰੇ ਦੇ ਕੇ ਤਾਰਾ ਸਿੰਘ ਨੂੰ ਫੜਨ ਘੱਲਿਆ। ਲਾਹੌਰ ਨਿਵਾਸੀ ਸਿੱਖਾਂ ਨੇ ਇਹ ਖਬਰ ਭਾਈ ਤਾਰਾ ਸਿੰਘ ਜੀ ਨੂੰ ਅਪੜਾ ਦਿੱਤੀ ਤੇ ਬੇਨਤੀ ਕਰ ਘੱਲੀ ਕਿ ਤੁਸੀਂ ਚਾਰ ਦਿਨ ਲਾਂਭੇ ਹੋ ਜਾਵੋ। ਭਾਈ ਜੀ ਨੇ ਡੇਰੇ ਵਿਚਲੇ ਸਭ ਸਿੰਘਾਂ ਨੂੰ ਸੁਨੇਹਾ ਸੁਣਾ ਦਿੱਤਾ ਤੇ ਆਪਣੇ ਵਲੋਂ ਵੀ ਕਹਿ ਦਿੱਤਾ, "ਜਿਹੜਾ ਸਿੰਘ ਜਾਣਾ ਚਾਹੇ ਉਹ ਖੁਸ਼ੀ ਨਾਲ ਚਲਾ ਜਾਵੇ ਅਸੀਂ ਤਾਂ ਇਥੇ ਮੈਦਾਨ ਵਿਚ ਲੜ ਕੇ ਸ਼ਹੀਦ ਹੋਵਾਂਗੇ।

ਡੇਰੇ ਵਿਚਲੇ ਸਿੰਘਾਂ ਤਾਂ ਕੀ ਜਾਣਾ ਸੀ। ਇਹ ਖਬਰ ਸੁਣ ਕੇ ਤੀਹ ਕੁ ਸਿੰਘ ਬਾਹਰੋਂ ਹੋਰ ਆ ਗਏ ਤੇ ਮੋਰਚਾ ਬੰਦੀ ਕਰਕੇ ਲੱਗੇ ਸ਼ਾਹੀ ਸੈਨਾ ਦੀ ਉਡੀਕ ਕਰਨ। ਅਜੇ ਸੂਰਜ ਨਹੀਂ ਸੀ ਚੜ੍ਹਿਆ ਜਦੋਂ ਮੋਮਨ ਖਾਂ ਸਮੇਤ ਫੌਜ ਅਪੜ ਗਿਆ। ਜਦੋਂ ਮਾਰ ਹੇਠ ਆ ਗਿਆ ਤਾਂ ਸਿੰਘਾਂ ਨੇ ਮੋਰਚਿਆਂ ਵਿਚੋਂ ਗੋਲੀਆਂ ਤੇ ਤੀਰ ਵਰਸਾਣੇ ਸ਼ੁਰੂ ਕਰ ਦਿੱਤੇ। ਜਦ ਦਾਰੂ ਸਿੱਕਾ ਮੁਕ ਗਿਆ ਤਾਂ ਉਹਨਾਂ ਸ਼ਸਤ੍ਰ ਧੂਹ ਲਏ, ਡੇਰੇ ।ਵਚਲੇ ਮੋਰਚੇ ਛਡ ਕੇ ਮੈਦਾਨ ਵਿਚ ਆ ਵੈਰੀਆਂ ਦੇ ਗਲ ਪੈ ਗਏ।

ਤਾਰਾ ਸਿੰਘ ਦੀ ਪਛਾਣ ਕਰ ਮੀਰ ਤਕੀ ਬੇਗ ਤੂਰਾਨ ਨੇ ਆਪਣਾ ਹਾਥੀ ਉਸ ਵਲ ਵਧਾਇਆ ਤੇ ਇਕ ਦਮ ਤੀਰ ਚਲਾ ਦਿੱਤਾ ਜੋ ਭਾਈ ਜੀ ਦੇ ਦੁਮਾਲੇ ਵਿੱਚ ਲੱਗਾ। ਭਾਈ ਨੇ ਘੋੜਾ ਵਧਾ ਕੇ ਤਕੀ ਬੇਗ ਦੇ ਮੂੰਹ ਵਿਚ ਬਰਛਾ ਮਾਰਿਆ (ਤਕੀ ਬੇਗ ਸੰਜੋਆ ਨਾਲ ਮੜਿਆ ਪਿਆ ਸੀ) ਮਾਰੂ ਫਟ ਖਾ ਕੇ ਪਿਛਾਂਹ ਉੱਠ ਨੱਠਾ। ਉਸ ਦੇ ਮੂੰਹ ਵਿਚੋਂ ਲਹੂ ਵਗਦਾ ਵੇਖ ਮੋਮਨ ਖਾਂ ਨੇ ਠੱਠੇ ਨਾਲ ਪੁਛਿਆ, "ਸਰੋਂ ਖਾਨ ਜੀ ਪਾਨ ਖਾ ਰਹੇ ਹੋ" ਤਕੀ ਬੇਗ ਨੇ ਵੀ ਉਸੇ ਬੋਲੀ ਵਿੱਚ ਉੱਤਰ ਦਿੱਤਾ, "ਆਹੋ ਤਾਰਾ ਸਿੰਘ ਵੰਡ ਰਿਹਾ ਹੈ ਜ਼ਰਾ ਆਪ ਵੀ ਅੱਗੇ ਹੋ ਕੇ ਲੈ ਆਵੋ।"

ਇਸੇ ਫਟ ਨਾਲ ਤਕੀ ਬੇਗ ਕੁਝ ਚਿਰ ਪਿਛੋਂ ਮਰ ਗਿਆ। ਫਿਰ ਮੋਮਨ ਖਾਂ ਦਾ ਭਤੀਜਾ ਮੁਰੀਦ ਖਾਂ ਅੱਗੇ ਵਧਿਆ। ਭੀਮ ਸਿੰਘ ਨੇ ਬਰਛੇ ਨਾਲ ਉਸ ਦਾ ਮਹਾਵਤ ਲਾਹ ਲਿਆ ਤੇ ਕੰਨੋਂ ਫੜ ਕੇ ਹਾਥੀ ਬਿਠਾ ਲਿਆ। ਕੋਲ ਹੀ ਸਮੀਰ ਸਿੰਘ ਖੜਾ ਸੀ ਉਸ ਛਾਲ ਮਾਰ ਕੇ ਹਾਥੇ ਤੇ ਚੜ੍ਹ ਤਲਵਾਰ ਦੇ ਇਕੋ ਵਾਰ ਨਾਲ ਮੁਰੀਦ ਖਾਂ ਦਾ ਸਿਰ ਵੱਢ ਲਿਆ।

ਫਿਰ ਆਈ ਸ਼ਾਹੀ ਫੌਜ ਦੇ ਪੂਰਬੀਏ ਅਫਸਰਾਂ ਮਨਸਾ ਰਾਮ ਤੇ ਦਯਾ ਰਾਮ ਦੀ ਵਾਰੀ, ਜੋ ਦੋਵੇਂ ਅਮਰ ਸਿੰਘ ਭੂਸਾ ਨਿਵਾਸੀ ਹਥੋਂ ਮਾਰੇ ਗਏ। ਲ ੜਾਈ ਮੁਕ ਚੁੱਕੀ ਸੀ। ਭਾਈ ਤਾਰਾ ਸਿੰਘ ਜੀ ਅਨੇਕਾਂ ਫਟ ਖਾ ਕੇ ਕਈਆਂ ਨੂੰ ਤਲਵਾਰ ਦੀ ਧਾਰ ਲੰਘਾ ਕੇ ਸ਼ਹੀਦ ਹੋ ਗਏ। ਸ਼ਾਹੀ ਫੌਜ ਦੇ 300 ਜਵਾਨ ਮਰੇ ਜਾਂ ਫਟੜ ਹੋਏ। 22 ਸਿੰਘ ਭਾਈ ਜੀ ਨਾਲ ਸ਼ਹੀਦ ਹੋਏ। ਲੜਾਈ ਮੁਕੀ, ਮੋਮਨ ਖਾਂ ਫ਼ਤਹਿ ਦੇ ਵਾਜੇ ਵਜਾਂਦਾ ਲਾਹੌਰ ਪਰਤ ਗਿਆ। ਇਹ ਸਾਕਾ ਫੱਗਣ 1782 ਬਿਕਰਮੀ (1726 ਈ:) ਦਾ। (ਧੰਨਵਾਦ ਸਹਿਤ ਗਿਆਨੀ ਸੋਹਣ ਸਿੰਘ ਸੀਤਲ ਕ੍ਰਿਤ "ਸਿੱਖ ਰਾਜ ਕਿਵੇਂ ਬਣਿਆ" ਵਿਚੋਂ)

ਜੀਵਨ ਪਲਟਾ

ਭਾਈ ਤਾਰਾ ਸਿੰਘ[1] ਜੀ ਉਸ ਸਮੇਂ ਪੰਥ ਦੇ ਪ੍ਰਸਿਧ ਨਾਮ ਰਸੀਏ ਤੇ ਬੀਰ ਬਹਾਦਰ ਆਗੂ ਸਨ। ਉਹਨਾਂ ਦੀ ਸ਼ਹੀਦੀ ਨੇ ਪੰਥ ਨੂੰ ਝੂਣ ਕੇ ਰੱਖ ਦਿੱਤਾ। ਨੌਜਵਾਨ ਕਪੂਰ ਸਿੰਘ ਤਾਂ ਇਕ ਦਮ ਘਰਦਿਆਂ ਨਾਲੋਂ ਮੂੰਹ ਤਰੋੜ, ਨਿਜੀ ਕੰਮ ਤਿਆਗ ਸਾਂਦਲਬਾਰ ਦੇ ਸਿੰਘਾਂ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਜਾ ਪੁੱਜਾ ਅਤੇ ਦੀਵਾਨ ਦਰਬਾਰਾ ਸਿੰਘ ਦੇ ਜਥੇ ਵਿਚ ਸ਼ਾਮਿਲ ਹੋਇਆ ਅਤੇ ਸਦਾ ਲਈ ਗੁਰੂ ਪੰਥ ਦਾ ਹੋ ਗਿਆ।

ਸਿਆਣਿਆਂ ਨੇ ਸੋਚ ਕੇ ਅੰਮ੍ਰਿਤਸਰ ਵਿਚ ਸਮੂਹ ਗੁਰੂ ਖਾਲਸੇ ਦੀ ਇਕਤਰਤਾ ਸੱਦੀ ਅਤੇ ਲੰਮੇ ਵਿਚਾਰਾਂ ਮਗਰੋਂ ਇਹ ਮਤਾ ਸੋਧਿਆ ਗਿਆ :—

1. ਹਕੂਮਤ ਨੂੰ ਨਿਤਾਣਾ ਕਰਨ ਲਈ ਆਉਂਦਾ ਜਾਂਦਾ ਸਰਕਾਰੀ ਖਜਾਨਾ ਧੁਰ ਪੁਜਣ ਤੋਂ ਪਹਿਲਾਂ ਰਾਹਾਂ ਵਿੱਚ ਹੀ ਲੁੱਟ ਲੀਤਾ ਜਾਇਆ ਕਰੇ।
2. ਸ਼ਾਹੀ ਅਸਲਾ-ਘਰਾਂ ਤੋਂ ਹਥਿਆਰ ਤੇ ਸਰਕਾਰੀ ਅਸਤਬਲਾਂ ਤੋਂ ਘੋੜੇ ਖੋਹ ਕੇ ਖਾਲਸੇ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾਣ।
3. ਲਗਦੇ ਵਾਹ ਹਕੂਮਤ ਦੇ ਸਹਾਇਕ, ਚੁਗਲਾਂ ਅਤੇ ਖੁਸਾਮਦੀ ਚੌਧਰੀਆਂ ਦੀ ਸੁਧਾਈ ਵੀ ਪੂਰੀ ਪੂਰੀ ਕੀਤੀ ਜਾਵੇ।

ਬਾਬਾ ਪ੍ਰੇਮ ਸਿੰਘ ਜੀ ਲਿਖਦੇ ਹਨ। ਇਹਨਾਂ ਵਿਚਾਰਾਂ ਸਮੇਂ ਜੋਸ਼ੀਲੇ[2] ਨੌਜਵਾਨ ਕਪੂਰ ਸਿੰਘ ਨੇ ਇੰਨਾ ਵੱਧ ਚੜ੍ਹ ਕੇ ਭਾਗ ਲਿਆ ਕਿ ਜਥੇਦਾਰ ਦਰਬਾਰਾ ਸਿਘ ਨੇ ਆਪ ਨੂੰ ਮੁੱਖ ਸੇਵਾਦਾਰਾਂ ਵਿਚ ਪ੍ਰਵਾਨ ਕਰ ਲਿਆ। (ਜੀਵਨ ਬ੍ਰਿਤਾਂਤ ਨਵਾਬ ਕਪੂਰ ਸਿੰਘ ਪੰਨਾ 25)

ਖਾਲਸੇ ਦੀਆਂ ਲੁੱਟਾਂ

ਲੁਟ ਮਾਰ ਤੇ ਦੁਸ਼ਮਨ ਦੀ ਸੰਧ ਦਾ ਕੰਮ ਸਿਖਾਂ ਨੂੰ ਤੇ ਖਾਸ ਕਰਕੇ ਵਿਰਕਾਂ ਨੂੰ ਰੱਬ ਦੇਵੇ। ਕਪੂਰ ਸਿੰਘ ਜੀ ਨੇ ਸਿਆਣੇ ਸਿਆਣੇ ਬੰਦੇ ਸੂੰਹੇ ਦੇ ਤੌਰ ਤੇ ਚੋਣਵੀਆਂ ਥਾਵਾਂ ਤੇ ਭੇਜ ਦਿੱਤੇ।

ਮੁਲਤਾਨ ਦਾ ਖਜਾਨਾ

ਥੋੜੇ ਦਿਨਾਂ ਪਿਛੋਂ ਖਬਰ[3] ਆ ਗਈ ਕਿ ਮੁਲਤਾਨ ਦਾ ਮਾਲਯਾ, ਦੋ ਸੌ ਸਵਾਰਾਂ ਦੀ ਨਿਗਰਾਨੀ ਵਿਚ ਦਿੱਲੀ ਨੂੰ ਜਾ ਰਿਹਾ ਹੈ ਅਤੇ ਦੋ ਕੁ ਦਿਨਾਂ ਤੱਕ ਲਾਹੌਰ ਦੀ ਹੱਦ ਵਿਚ ਅਪੜੇਗਾ। ਕਪੂਰ ਸਿੰਘ ਜੀ ਨੇ 400 ਸਵਾਰਾਂ ਦਾ ਜਥਾ ਇਕੱਠਾ ਕਰ ਕੂਚ ਬੋਲ ਦਿੱਤਾ। ਖੁੜੀਆ ਇਲਾਕਾ ਲਾਹੌਰ ਕੋਲ ਟਕਰਾ ਹੋ ਪਿਆ। ਸਿੰਘ ਇਕਾ ਇੱਕ ਬਿਜਲੀ ਵਾਂਗੂੰ ਕੜਕ ਕੇ ਪੈ ਗਏ ਖਜਾਨਾ ਕਬਜ਼ੇ ਕਰ ਲਿਆ। ਨਿਗਰਾਨੀ ਵਾਲਿਆਂ ਵਿਚੋਂ ਅੱਧੇ ਕੁ ਮਾਰੇ ਜਾਂ ਫਟੜ ਕੀਤੇ ਤੇ ਅੱਧਿਆਂ ਨੇ ਭੱਜ ਕੇ ਜਿੰਦ ਛੁਡਾਈ। ਇਸ ਮੁਹਿੰਮ ਵਿੱਚ ਖਾਲਸੇ ਦੇ ਹੱਥ ਚਾਰ ਲੱਖ ਰੁਪੈ ਤੋਂ ਇਲਾਵਾ, ਸਰਕਾਰੀ ਘੋੜੇ ਤੇ ਸ਼ਸਤ੍ਰ ਬਸਤਰ ਹੱਥ ਲਗੇ। ਜਿਸ ਨੂੰ ਲੈਂਦੇ ਕਰਦੇ ਖਾਲਸਾ ਜੀ ਲਾਹੌਰੋਂ ਮਦਦ ਪੁਜਣ ਤੋਂ ਪਹਿਲਾਂ ਹਰਨ ਹੋ ਗਏ ਅਤੇ ਰਾਵੀ ਟੱਪ ਸਾਂਦਲਬਾਰ[4] ਵਿੱਚ ਜਾ ਡੇਰੇ ਲਗਾਏ।

ਸਰਕਾਰੀ ਘੋੜੇ ਤੇ ਅਸਲਾ ਲੁੱਟਿਆ

ਮੁਰਤਜਾ ਖਾਨ ਉਰਕਜ਼ਈ[5] ਘੋੜਿਆਂ ਦਾ ਪ੍ਰਸਿਧ ਸੌਦਾਗਰ ਸੀ। ਇਹ ਦਸੌਰੋਂ ਘੋੜੇ ਅਤੇ ਹਥਿਆਰ ਲਿਆ ਕੇ ਵਕਤ ਦੀ ਹਕੂਮਤ ਕੋਲ

---

1. ਭਾਈ ਤਾਰਾ ਸਿੰਘ ਦਾ ਸ਼ਹੀਦ ਗੰਜ ਖਾਦਮ ਗੜ੍ਹੀ ਪਾਸ ਪ੍ਰਸਿਧ ਅਸਥਾਨ ਅੱਜ ਤਕ ਮੌਜੂਦ ਹੈ।
2. ਇਸ ਜੋਸ਼ ਦਾ ਜਿੰਦਾ ਸਬੂਤ, ਵਿਰਕਾਂ ਨੇ ਭਾਈ ਕਰਤਾਰ ਸਿੰਘ ਝਬਰ ਦੀ ਜਥੇਦਾਰੀ ਹੇਠ, ਨਨਕਾਣਾ ਸਾਹਿਬ ਦੀਆਂ ਚਾਬੀਆਂ ਲੈਣ ਵੇਲੇ ਪੇਸ਼ ਕੀਤਾ।
3. ਬਾਬਾ ਪ੍ਰੇਮ ਸਿੰਘ ਜੀ "ਜੀਵਨ ਬ੍ਰਿਤਾਂਤ ਨਵਾਬ ਕਪੂਰ ਸਿੰਘ" ਪੰਨਾ 26 ਦੀ ਟੂਕ ਵਿਚ ਲਿਖਦੇ ਹਨ :-
ਉਸ ਸਮੇਂ ਦਾ ਇਤਿਹਾਸ ਦੱਸਦਾ ਹੈ ਕਿ ਖਬਰ ਰਸਾਨੀ ਦੇ ਪੱਖ ਵਿੱਚ ਖਾਲਸਾ ਉਚੇ ਕਮਾਲ ਪਰ ਪੁਜਿਆ ਹੋਇਆ ਸੀ।
4. ਸ਼ਮਸ਼ੇਰ ਖਾਲਸਾ ਪੰਨਾ 104 ਭਾਸ਼ਾ ਵਿਭਾਗ 1970 ਛਾਪ।
5. ਇਹ ਨਿਰਾ ਬਪਾਰੀ ਹੀ ਨਹੀਂ ਸੀ, ਸਗੋਂ ਕਟੜ ਸ਼ਰੱਈ ਅਤੇ ਜਹਾਦੀ ਸੁਭਾ ਦਾ ਹੋਣ ਕਰਕੇ ਹਕੂਮਤ ਦੀ ਸੱਜੀ ਬਾਂਹ ਮੰਨਿਆ ਜਾਂਦਾ ਸੀ। ਇਸ ਨੇ ਸੰਨ 1727 ਵਿਚ ਨਾਇਬ ਵਜ਼ੀਰ ਮੋਮਨ ਖਾਨ ਵਾਲੀ ਗਸ਼ਤੀ ਫੌਜ ਨਾਲ ਰਲ ਕੇ ਖਾਲਸੇ ਵਿਰੁਧ ਬੜਾ ਉਗਰ ਭਾਗ ਲਿਆ। ਖਾਲਸੇ ਨੂੰ ਇਸ ਦੇ ਵਿਰੁਧ ਬੜਾ ਰੋਹ ਸੀ। ਛੇਕੜ ਇਹ ਜਹਾਦ ਪਿਛੋਂ ਪਰਤਦਾ ਹੋਇਆ ਹੋਰ ਜਹਾਦੀਆਂ ਸਮੇਤ ਭੀਲੋਵਾਲ ਦੀ ਜੰਗ ਵਿਚ ਸਿੰਘਾਂ ਹੱਥੋਂ ਕਤਲ ਹੋਇਆ। (ਜੀਵਨ ਨਵਾਬ ਕਪੂਰ ਸਿੰਘ—ਪੰਨਾ 27, 28 ਕ੍ਰਿਤ ਬਾਬਾ ਪ੍ਰੇਮ ਸਿਘ ਹੋਤੀ)

ਵੇਚਿਆ ਕਰਦਾ ਸੀ। ਸੰਨ 1726 ਈ: (1783 ਬਿ:) ਵਿਚ ਸੂੰਹੇ ਨੇ ਇਕ ਦਿਨ ਖਬਰ ਦਿੱਤੀ ਕਿ ਉਕਤ ਮੁਰਤਜ਼ਾ ਖਾਨ ਕਈ ਸੌ ਘੋੜੇ ਅਤੇ ਹਥਿਆਰਾਂ ਦੇ ਸੰਦੂਕ ਲਈ ਦਿੱਲੀ ਜਾ ਰਿਹਾ ਹੈ ਅਤੇ ਫਲਾਣੇ ਦਿਨ ਜੰਡਾਲੇ ਪੜਾਅ ਕਰੇਗਾ। ਕਪੂਰ ਸਿੰਘ ਜੀ ਨੇ ਮੌਕਾ ਤਾੜ ਕੇ ਹਮਲਾ ਕੀਤਾ।

ਮੁਰਤਜ਼ਾ ਖਾਨ ਤਾਂ ਡਰਦਾ ਮਾਰਿਆ ਘੋੜਿਆਂ ਦੇ ਘਾਹ ਵਿਚ ਲੁੱਕ ਗਿਆ, ਇਸ ਦੇ ਕੁਛ ਸਾਥੀ ਮਾਰੇ, ਕੁਛ ਵੱਡੇ ਟੁੱਕੇ ਅਤੇ ਬਾਕੀ ਦੇ ਜਾਨਾਂ ਬਚਾ ਕੇ ਭੱਜ ਗਏ। ਖਾਲਸੇ ਨੇ ਘੋੜੇ ਤੇ ਹਥਿਆਰ ਕਬਜ਼ੇ ਕੀਤੇ ਤੇ ਡੇਰਾ ਬੰਡਾਲੇ ਦੀ ਜੂਹ ਵਿੱਚ ਜਾ ਕੀਤਾ। ਇਸ ਲੁੱਟ ਨਾਲ ਖਾਲਸੇ ਦੀ ਘੋੜਿਆਂ ਅਤੇ ਸ਼ਸਤਰਾਂ ਦੀ ਸਾਰੀ ਕਸਰ ਨਿਕਲ ਗਈ। ਪਿਛੋਂ ਆਕਲਦਾਸ ਜੰਡਾਲਯੇ ਨੇ ਮੁਰਤਜ਼ਾ ਖਾਨ ਨੂੰ ਘਾਹ ਵਿਚੋਂ ਕੱਢ ਕੇ, ਆਪਣੇ ਕੋਲੋਂ ਖਰਚਾ ਪਰਚਾ ਦੇ ਦਿੱਲੀ ਨੂੰ ਟੋਰ ਦਿੱਤਾ।

ਮਿਰਜ਼ ਜਾਅਫਰ ਬੇਗ ਦੀ ਸੋਧ

ਇਸੇ ਸਾਲ ਬਾਦਸ਼ਾਹ ਮੁਹੰਮਦ ਸ਼ਾਹ ਦਾ ਸਾਲਾ, ਜਾਅਫਰ ਬੇਗ ਬਾਰਾਂ ਹਜਾਰੀ ਆਪਣੇ ਟੱਬਰਾਂ ਸਮੇਤ ਕਾਬਲੋਂ ਦਿੱਲੀ ਨੂੰ ਜਾਂਦਾ ਬਿਆਸਾ ਕੰਢੇ ਗੋਇੰਦਵਾਲ ਦੇ ਪਤਣ ਤੇ ਬਾਬੇ ਬਾਘ ਸਿੰਘ ਹਲੋਵਾਲੀਏ ਨੇ ਲੁੱਟ ਕੇ ਹੌਲਾ ਕੀਤਾ।

ਹੋਰ ਲੁੱਟਾਂ

ਇਸੇ ਸਾਲ ਸਿੰਘਾਂ ਨੇ ਚਵਿੰਡੇ ਦੇ ਨੇੜੇ ਇਲਾਕੇ ਦਾ ਸਰਕਾਰੀ ਮਾਲਯਾ ਅਹਿਲਕਾਰਾਂ ਕੋਲੋਂ ਖੋਹ ਕੇ, ਗਰੀਬਾਂ ਅਤੇ ਲੋੜਵੰਦਾਂ ਨੂੰ ਵੰਡ ਦਿੱਤਾ। ਇਤਿਆਦ ਹੋਰ ਵੀ ਛੋਟੀਆਂ ਲੁੱਟਾਂ ਮਾਰੀਆਂ।

ਕਸੂਰ ਦਾ ਮਾਲਯਾ ਲੁੱਟਣਾ

ਸੂੰਹੇ ਨੇ ਖਬਰ ਦਿੱਤੀ ਕਿ ਕਸੂਰ ਦਾ ਮਾਲਯਾ ਲਾਹੌਰ ਨੂੰ ਜਾ ਰਿਹਾ ਹੈ। ਦੀਵਾਨ ਦਰਬਾਰਾ ਸਿੰਘ, ਜਥੇਦਾਰ ਕਪੂਰ ਸਿੰਘ ਅਤੇ ਫ਼ਤਿਹ ਸਿੰਘ ਆਦਿ ਨੇ ਪਿੰਡ ਕਾਹਨੇ ਕਾਛੇ ਕੋਲ ਘੇਰ ਕੇ ਜਾ ਲੁਟਿਆ। ਸ਼ਾਹੀ ਸੈਨਾ ਦੇ ਲਾਹੌਰੋਂ ਆਉਂਦੇ ਕਰਦੇ ਤੱਕ ਸਿੰਘਾਂ ਰਾਵੀ ਟਪ ਸਾਂਦਲਬਾਰ ਦਿਆਂ ਜੰਗਲਾਂ ਵਿਚ ਜਾ ਡੇਰੇ ਲਾਏ।

ਗਸ਼ਤੀ ਫੌਜ

ਇਹੋ ਜਿਹੀਆਂ ਅਨੇਕ ਵਾਰਦਾਤਾਂ ਦੇ ਵਾਪਰਨ ਕਾਰਨ ਹਕੂਮਤ ਨੂੰ ਪਿਸੂ ਪੈ ਗਏ। ਜ਼ਕਰੀਆ ਖਾਨ ਨੇ ਦਬਾ ਸਟ ਭਰਤੀ ਕਰਕੇ ਇਕ ਗਸ਼ਤੀ ਫੌਜ ਸਿੰਘਾਂ ਨੂੰ ਖਤਮ ਕਰਨ ਵਾਸਤੇ ਨਿਯੁਕਤ ਕੀਤੀ। ਜਿਸ ਦੀਆਂ ਮੁਠ ਭੇੜਾਂ ਹੁਣ ਖਾਲਸੇ ਨਾਲ ਕਈ ਥਾਈਂ ਹੋਣ ਲੱਗੀਆਂ।

ਸੰਨ 1726 ਈ: ਵਿਚ ਸਿੰਘ ਤਾਂ ਇਕ ਪਾਸੇ ਸਿੰਘਣੀਆਂ ਵੀ ਨਿਧੜਕ ਹੋ ਗਈਆਂ ਸਨ। ਲਿਖਿਆ ਹੈ ਕਿ ਚਵਿੰਡਾ ਨਿਵਾਸੀ ਜਥੇਦਾਰ ਬਹਾਦਰ ਸਿੰਘ ਦੇ ਸਪੁਤਰ ਦੀ ਜੰਞ ਚੜ੍ਹ ਜਾਣ ਪਿਛੋਂ ਇਕ ਗਸ਼ਤੀ ਦਸਤਾ ਵਿਆਹ ਵਾਲੇ ਘਰ ਆਣ ਵੜਿਆ। ਉਥੇ ਸਿੰਘਣੀਆਂ ਨੇ ਮੜਾਸੇ ਕਰਕੇ ਸਲੰਘਾਂ ਤੇ ਸੋਟਿਆਂ ਨਾਲ ਉਹ ਮਾਰ ਮਾਰੀ ਕਿ ਗਸ਼ਤੀ ਫੌਜ ਵਾਲੇ ਜੁਤੀਆਂ ਵਿਚੇ ਛੱਡਕੇ ਭੱਜ ਵੱਗੇ।

ਸਰਕਾਰੀ ਇਸ਼ਤਿਹਾਰ

ਜ਼ਕਰੀਆ ਖਾਨ ਨੇ ਲਾਹੌਰ ਸੂਬੇ ਵਿਚ ਆਮ ਇਸ਼ਤਿਹਾਰ ਫੇਰਿਆ ਕਿ :

(ੳ) ਜੇ ਕੋਈ ਸਿਖ ਦੀ ਦਸ ਪਾਵੇ, ਦੱਸ ਰੁਪੈ ਇਨਾਮ।

(ਅ) ਜੋ ਸਿਖ ਨੂੰ ਪਕੜਾਵੇ ਉਸ ਨੂੰ ਪੰਜੀ ਰੁਪੈ

(ੲ) ਜੋ ਆਪ ਫੜ ਕੇ ਪੇਸ਼ ਕਰੇ ਉਸ ਨੂੰ ਪੰਜਾਹ ਰੁਪੈ

(ਸ) ਜੋ ਸਿਖ ਦਾ ਸਿਰ ਵੱਢ ਕੇ ਪੇਸ਼ ਕਰੇ ਉਸ ਨੂੰ ਇਕ ਸੌ ਰੁਪੈ ਅਤੇ

(ਹ) ਵਧੇਰੇ ਸੇਵਾ ਕਰਨ ਵਾਲੇ ਨੂੰ ਜਗੀਰ ਵੀ ਦਿੱਤੀ ਜਾਵੇਗੀ।

ਅੱਗੇ ਅੱਗੇ ਸਿੰਘ ਤੇ ਮਗਰ ਮਗਰ ਗਸ਼ਤੀ ਫੌਜਾਂ ਤੋਂ ਮੁਲਖਯਾ ਪਹਾੜਾਂ ਵਲੋਂ ਆਉਂਦੇ ਵੀਹ ਕੁ ਸਿੰਘ, ਘਣੀਏ ਰੰਧਾਵਿਆਂ ਦੇ ਕੋਲ ਰਾਮੇ ਰੰਧਾਵੇ ਨੂੰ ਟੱਕਰ ਗਏ। ਉਹ ਵੀਹ ਸਿੰਘ ਕਈਆਂ ਨੂੰ ਮਾਰ ਕੇ ਸ਼ਹੀਦ ਹੋ ਗਏ। ਚੌਧਰੀ ਰਾਮੇ ਨੇ ਉਹ ਸਿਰ ਲਾਹੌਰ ਪੁਚਾ ਕੇ ਇਨਾਮ ਹਾਸਲ ਕੀਤਾ।

ਖਾਲਸੇ ਦਾ ਆਦਰਸ਼

ਸੰਨ 1727 ਈ: ਵਿੱਚ ਸਰਦੀ ਦੀ ਰੁੱਤੇ ਦੀਵਾਨ ਦਰਬਾਰਾ ਸਿੰਘ, ਜਥੇਦਾਰ ਕਪੂਰ ਸਿੰਘ ਤੇ ਹਰੀ ਸਿੰਘ ਹਜ਼ੂਰੀ ਖਾਲਸਾ ਦਲ ਸਮੇ ਸ੍ਰੀ ਹਰਗੋਬਿੰਦ ਕੋਲ ਉਤਰੇ ਹੋਏ ਸਨ। ਸੂੰਹੇ ਨੇ ਖਬਰ ਦਿੱਤੀ ਕਿ ਸਰਕਾਰੀ ਮਾਲ ਦਾ ਲੱਦਿਆ ਕਾਫਲਾ ਨੇੜੇ ਹੀ ਉਤਰਿਆ ਹੈ। ਖਾਲਸੇ ਨੇ ਰਾਤੀਂ ਛਪੋਲ ਮਾਰਿਆ। ਕਾਫਲੇ ਦੇ ਰਾਖੇ ਤਾਂ ਭਜ ਨਸ ਗਏ। ਸਿੰਘਾਂ ਨੇ ਸਾਰਾ ਸਾਮਾਨ ਕਾਫਲੇ ਦੇ ਜਾਨਵਰਾਂ-ਟੱਟੂਆਂ ਖੱਚਰਾਂ ਬੈਲਾਂ ਆਦਿ ਦੇ ਰਖਵਾਲਿਆਂ ਤੋਂ ਲਦਾ ਕੇ ਆਪਣੇ ਨਾਲ ਟੋਰ ਲਿਆ—

ਡੇਰੇ ਅਪੜੇ ਤਾਂ ਉਹਨਾਂ ਕਾਫਲੇ ਦੇ ਨੌਕਰਾਂ ਤੋਂ ਪਤਾ ਲੱਗਾ ਕਿ ਮਾਲ ਜਾਣਾ ਤਾਂ ਬਾਦਸ਼ਾਹ ਵਾਸਤੇ ਹੀ ਹੈ, ਕਿੰਤੂ ਇਸ ਦੀ ਕੀਮਤ ਅਜੇ ਸੁਦਾਗਰ ਪ੍ਰਤਾਪ ਚੰਦ ਸਿਆਲਕੋਟ ਨਿਵਾਸੀ ਨੂੰ ਅਦਾ ਨਹੀਂ ਹੋਈ। ਜੋ ਮਾਲ ਦਿੱਲੀ ਪੁੱਜਣ ਤੇ ਸਰਕਾਰ ਅਦਾ ਕਰੇਗੀ। ਜਥੇਦਾਰਾਂ ਨੇ ਸਲਾਹ ਕਰਕੇ ਸਾਰੇ ਦਾ ਸਾਰਾ ਮਾਲ ਸੇਠ ਪ੍ਰਤਾਪ ਚੰਦ ਨੂੰ ਲੱਭ ਕੇ (ਜੋ ਰਾਤੀਂ ਫੱਟੜ ਹੋ ਗਿਆ ਸੀ) ਉਸ ਦੇ ਹਵਾਲੇ ਕੀਤਾ—ਪ੍ਰੰਤੂ ਉਸ ਵਕਤ ਸਰਦੀ ਦਾ ਮੌਸਮ ਸੀ, ਸਿੰਘਾਂ ਦੇ ਸਰੀਰ ਤੇ ਸਵਾਏ ਕਛਹਿਰੇ ਦੇ ਕਪੜਾ ਨਹੀਂ ਸੀ ਫੇਰ ਵੀ ਉਸ ਸੇਠ ਦਾ ਸਗਵਾਂ ਮਾਲ ਵਾਪਸ ਕੀਤਾ ਕਿਉਂਕਿ ਇੱਕ ਤਾਂ ਉਹ ਮਾਲ ਸਰਕਾਰੀ ਨਹੀਂ ਸੀ। ਖਾਲਸੇ ਨੇ ਜ਼ਾਲਮ ਸਰਕਾਰ ਦਾ ਮਾਲ ਹੀ ਲੁੱਟਣਾ ਸੀ ਦੂਸਰੇ, ਸੇਠ ਪ੍ਰਤਾਪ ਚੰਦ ਖਾਲਸੇ ਦਾ ਹਿਤੈਸ਼ੀ ਨਹੀਂ ਤੇ ਵਿਰੋਧੀ ਵੀ ਨਹੀਂ ਸੀ। ਖਾਲਸੇ ਨੇ ਤਾਂ ਕੇਵਲ ਜ਼ਾਲਮਾਂ ਦੀ ਸੋਧ ਕਰਨੀ ਸੀ ਭਾਵੇਂ ਹਿੰਦੂ ਹੁੰਦਾ ਜਾਂ ਮੁਸਲਮਾਨ।

ਵਾਸਤਵ ਵਿੱਚ, ਵਕਤ ਦੀ ਹਕੂਮਤ ਨੂੰ ਦੱਸਣਾ ਸੀ ਕਿ ਖਾਲਸਾ ਆਪਣੇ ਆਪ ਨੂੰ ਧਨਾਢ ਬਨਾਣ ਵਾਸਤੇ ਮਾਲ ਨਹੀਂ ਲੁੱਟਦਾ, ਕਿਸੇ ਨਿਰ ਅਪਰਾਧ ਦਾ ਮਾਲ ਹੱਥ ਆ ਜਾਵੇ ਤਾਂ ਵਾਪਸ ਕਰ ਦਿੰਦਾ ਹੈ—ਸਰਕਾਰ ਦਾ ਡਰ ਜਾਂ ਭਉ ਬਿਲਕੁਲ ਮੰਨਣ ਜਾਣਦਾ ਹੀ ਨਹੀਂ—

ਸੰਸਾਰ ਭਰ ਦੇ ਇਤਿਹਾਸ ਅੰਦਰ, ਆਚਰਨ ਉਚਤਾ ਦਾ ਇਤਨਾ ਸੁੰਦਰ ਨਮੂਨਾ ਨਹੀਂ ਮਿਲਦਾ। ਸੰਤੋਖੀ ਖਾਲਸੇ ਦੀ ਇਸ ਉੱਚ ਕਰਨੀ ਨੇ ਖਾਲਸੇ ਦੀ ਸ਼ਾਨ ਨੂੰ ਅਤਿ ਉੱਚਾ ਕਰ ਦਿੱਤਾ। ਲੱਖਾਂ ਰੁਪੈ ਦਾ ਪਦਾਰਥ ਆਪਣੇ ਕਬਜ਼ੇ ਵਿੱਚ ਆਇਆ ਮੋੜ ਦੇਣ ਦੀ ਨਜ਼ੀਰ ਸੰਸਾਰ ਤੇ ਕੋਈ ਨਹੀਂ ਮਿਲਦੀ। (ਨਵਾਬ ਕਪੂਰ ਸਿੰਘ ਕ੍ਰਿਤ ਪ੍ਰੇਮ ਸਿੰਘ ਪੰਨਾ 33)

ਦਿੱਲੀ ਦੇ ਟੱਕੇ

ਲਾਹੌਰ ਦਾ ਸੂਬਾ ਕਈ ਸਾਲਾਂ ਤੋਂ ਦਿੱਲੀ ਖਰਾਜ ਨਹੀਂ ਸੀ ਭੇਜ ਰਿਹਾ। ਓੜਕ 1730 ਈ: ਵਿੱਚ ਦਿੱਲੀ ਤੋਂ ਸ਼ਾਹੀ ਹੁਕਮ ਨਾਲ ਰੁਹੇਲੇ ਸਰਦਾਰ ਫ਼ੌਜ ਲੈ ਕੇ ਟੱਕੇ ਉਗਰਾਹੁਣ ਆਏ। ਜੋ ਸੂਬਾ ਲਾਹੌਰ ਨੇ ਤਅੱਦੀ ਦੇ ਕੇ ਚੌਧਰੀਆਂ ਤੋਂ ਧਨ ਇਕੱਠਾ ਕਰਕੇ ਸੱਠ ਗੱਡਿਆਂ ਤੇ ਲਦਵਾ ਕੇ ਦਿੱਲੀ ਨੂੰ ਤੋਰਿਆ। ਅਸਲ ਵਿੱਚ ਟੱਕੇ ਪੂਰੇ ਨਹੀਂ ਸਨ—ਇਸ ਗੱਲ ਨੂੰ ਛੁਪਾਨ ਲਈ ਖਾਨ ਬਹਾਦਰ ਨੇ ਸ: ਸਬੇਗ ਸਿੰਘ ਰਾਹੀਂ ਸਿੰਘਾਂ ਨੂੰ ਅਖਵਾ ਘਲਿਆ ਕਿ ਟੱਕੇ ਦਿੱਲੀ ਨਾ ਪੁੱਜਣ, ਸਾਡੀ ਫੌਜ ਟਾਕਰਾ ਨਹੀਂ ਕਰੇਗੀ।

ਸਿੰਘਾਂ ਨੇ ਬਾਜ ਝੱਪਟਾ ਮਾਰਿਆ ਤੇ ਖਜਾਨਾ ਖੋਹ ਕੇ ਜੰਗਲਾਂ ਵਿੱਚ ਵੜ ਗਏ। ਸੂਬਾ ਲਾਹੌਰ ਨੇ ਬਾਦਸ਼ਾਹ ਨੂੰ ਦਿੱਲੀ ਲਿਖਿਆ ਕਿ ਮੈਥੋਂ ਸਿੰਘ ਕਾਬੂ ਨਹੀਂ ਆਉਂਦੇ ਤੁਸੀਂ ਆਪਣੀ ਫੌਜ ਘਲੋ। ਬਾਦਸ਼ਾਹ ਨੇ ਗੁੱਸਾ ਖਾ ਕੇ ਸ਼ਾਹੀ ਫੌਜ ਘੱਲੀ। ਖਾਲਸਾ ਪਹਾੜੀ ਚੜ ਗਿਆ ਤੇ ਕੁਛ ਬੀਕਾਨੇਰ ਜਾ ਨਿਕਲਿਆ। ਜਦ ਸ਼ਾਹੀ ਸੈਨਾ ਨੂੰ ਕੋਈ ਸਿੰਘ ਨਾ ਮਿਲਿਆ ਤਾ ਉਹ ਵਾਪਸ ਪਰਤ ਗਈ।

ਉਹਨਾਂ ਦੀ ਕੰਡ ਫੇਰਨ ਦੀ ਦੇਰ ਸੀ ਕਿ ਖਾਲਸੇ ਨੇ ਫਿਰ ਮੈਦਾਨ ਵਿਚ ਆਨ ਫਤਿਹ ਗਜਾਈ। ਨਾਜਮ ਅਤੇ ਚੁਗਲ ਚੌਧਰੀਆਂ ਵਾਸਤੇ ਕਿਆਮਤ ਦੀ ਰਾਤ ਆ ਗਈ। ਏਥੋਂ ਤੱਕ ਕਿ ਕਈ ਵਾਰੀ ਲਾਹੌਰ ਬਜਾਰੋਂ ਹੁੰਦੇ ਹੋਏ ਸੂਬੇ ਨੂੰ ਵੀ ਜਾ ਫਤਿਹ ਬੁਲਾਂਦੇ।

ਫੇਜ਼ੁਲਾਪੁਰ (ਸਿੰਘਪੁਰਾ) ਫ਼ੈਜ਼ੁਲ ਖਾਨ ਦੇ ਘਰ ਲਾਹੌਰ ਦੇ ਸੂਬੇਦਾਰ ਜਕਰੀਆ ਖਾਨ ਦੀ ਭੈਣ ਸੀ। ਜਿਸ ਦਾ ਨਾਂ ਸਿਖ ਇਤਿਹਾਸ ਵਿੱਚ ਖਾਨੋਂ (ਖਾਨਮ) ਕਰਕੇ ਲਿਖਿਆ ਹੈ। ਇਹ ਬੜੀ ਕੱਟਰ ਮੁਸਲਮਾਨੀ ਸੀ ਅਤੇ ਆਪਣੇ ਭਾਈ ਦੀ ਸਦਾ ਹਮਾਇਤ ਕਰਦੀ ਸੀ। ਇਸ ਨੇ ਸੰਨ 1727 ਈ: ਵਿੱਚ ਪੰਦਰਾ ਸੋ (1500) ਚਕਰੈਲ (ਨੌਕਰ ਪੇਸ਼ਾ) ਸਿਖ ਮਰਵਾਏ ਸਨ।

ਸੰਨ 1730 ਵਿੱਚ ਇਸ ਨਗਰ ਤੇ ਹਮਲਾ ਕਰਕੇ ਕਪੂਰ ਸਿੰਘ ਜੀ ਨੇ ਫ਼ੈਜ਼ੁਲਾ ਖਾਂ ਨੂੰ ਮਾਰ ਕੱਢਿਆ ਤੇ ਆਪਣੇ ਪ੍ਰਵਾਰ ਨੂੰ ਇਥੇ ਵਸਾ ਕੇ ਨਾਮ ਸਿੰਘ ਪੁਰਾ ਰਖਿਆ। ਯਾਦ ਰਹੇ ਕਿ ਆਪਦੇ ਪਿਤਾ ਜੀ ਚੌ: ਦਲੀਪ ਸਿੰਘ ਜੀ ਮਤਾਬਕੋਟ ਦੀ ਜੰਗ ਅੰਦਰ ਸੰਨ 1712 ਵਿੱਚ ਵੀਰਗਤੀ ਪਾ

---

1. ਫਰਜ਼ੁੱਲ ਖਾਂ (ਫ਼ੈਜ਼ੁਲਾ ਖਾਂ) ਥੇ ਮੁਗਲੇ ਨਾਮ। ਉਨੇ ਬਸਾਯੋ ਫਰਜ਼ਲੋ ਗ੍ਰਾਮ
ਹੁਤੀ ਖਾਨੁ ਨਬਾਬ ਖਾਨੋ ਹਮਸ਼ੀਰਾ। ਫਰਜ਼ਲੇ ਕੇ ਘਰ ਵਸਹੀ ਧੀਰਾ।
ਪੰਦਰਾਂ ਸੈ ਜੋ ਹੁਤੇ ਚਕਰੈਲ। ਸੋ ਉਨ ਮਰਵਾਏ ਕਰ ਫੈਲ ॥32॥

ਚੁਕੇ ਹੋਏ ਸਨ । ਉਹਨਾਂ ਦੇ ਪ੍ਰਵਾਰ ਵਿੱਚ ਉਹਨਾਂ ਦਾ ਵੀਰ ਦਾਨ ਸਿੰਘ ਜਾਂ ਮਾਤਾ ਜੀ ਅਤੇ ਹੋਰ ਭਾਈਚਾਰਾ ਹੀ ਹੋ ਸਕਦਾ ਹੈ ।

ਇਤਿਹਾਸਕਾਰਾਂ ਦਾ ਇਹ ਲਿਖਣਾ ਕਿ ਫੈਜ਼ੁਲਾਪੁਰ ਕਪੂਰ ਸਿੰਘ ਜੀ ਦੀ ਜਨਮ ਭੂਮੀ ਸੀ, ਠੀਕ ਨਹੀਂ । ਆਪ ਦੀ ਜਨਮ ਭੂਮੀ ਮਾਲੰਕੀ ਟਿੱਬੀ ਨਜਦ ਮਜੂਦਾ ਸ਼ੇਖੂਪੁਰਾ[1] ਸੀ । ਜਿਸ ਦੀ ਬਰਬਾਦੀ ਸੰਨ 1729-30 ਵਿੱਚ ਰੁਹੇਲਿਆ ਦੇ ਹੱਥੋਂ ਹੋਈ ਪ੍ਰਤੀਤ ਹੁੰਦੀ ਹੈ । ਉਸ ਸਾਲ ਦਿੱਲੀ ਤੋਂ ਟੱਕੇ ਉਗਰਾਹੁਣ ਵਾਸਤੇ ਫੌਜ ਆਈ ਸੀ ਕਿਉਂਕਿ ਸੂਬੇਦਾਰ ਲਾਹੌਰ ਨੇ ਟਕੇ ਉਗਰਾਹੁਣ ਅਤੇ ਤਾਰਨ ਤੋਂ ਆਪਣੀ ਅਸਮਰਥਾ ਲਿਖ ਘਲੀ ਸੀ । ਉਸੇ ਸਾਲ ਸੰਪਾਦਕ ਦੇ ਨਗਰ ਕੜਯਾਲ ਤੇ ਵੀ ਜਬਰਦਸਤ ਹੱਲਾ ਹੋਇਆ ਸੀ ਕਿੰਤੂ ਬਚਾ ਹੋ ਗਿਆ । ਫੈਜ਼ੁਲਾਪੁਰ ਤਾਂ ਕਪੂਰ ਸਿੰਘ ਜੀ ਨੇ 33 (ਤੇਤੀ) ਸਾਲ ਦੀ ਉਮਰ ਵਿੱਚ ਖੋਹ ਕੇ ਨਾਮ ਸਿੰਘਪੁਰਾ ਰੱਖਿਆ ਸੀ ।

ਧਰਮਵੀਰ ਜੱਸਾ ਸਿੰਘ ਆਹਲੂਵਾਲੀਆ

ਕਪੂਰ ਸਿੰਘ ਜੀ ਦਾ ਜਥਾ ਕਰਤਾਰਪੁਰ ਸਾਹਿਬ ਦੇ ਨੇੜੇ ਸੰਨ 1729 ਵਿੱਚ ਉਤਰਿਆ ਹੋਇਆ ਸੀ । ਬਾਬਾ ਬਾਘ ਸਿੰਘ ਹਲੋਵਾਲੀਆ ਆਪਣੀ ਭੈਣ ਤੇ ਭਣੇਵੇ ਜੱਸਾ ਸਿੰਘ[2] ਨੂੰ ਦਿੱਲੀਓਂ ਮਾਤਾ ਸੁੰਦਰੀ ਜੀ ਕੋਲੋਂ ਲੈ ਕੇ ਆਇਆ । ਅਗੇ ਦੀਵਾਨ ਲੱਗਾ ਹੋਇਆ ਸੀ । ਇਥੇ ਜੱਸਾ ਸਿੰਘ ਤੇ ਉਸਦੀ ਮਾਤਾ ਨੇ ਦੁਤਾਰੇ ਨਾਲ ਬੜਾ ਰਸ ਭਿਨੜਾ ਕੀਰਤਨ ਕੀਤਾ । ਕਪੂਰ ਸਿੰਘ ਜੀ ਨੇ ਭੋਗ ਪੇਂਣ ਤੇ ਬਾਲਕ ਜੱਸਾ ਸਿੰਘ ਨੂੰ ਆਪਣੀ ਗੋਦੀ ਵਿੱਚ ਬਿਠਾ ਲਿਆ ਤੇ ਪਿਆਰ ਕੀਤਾ । ਕਪੂਰ ਸਿੰਘ ਜੀ ਨੇ ਬਾਘ ਸਿੰਘ ਜੀ ਨੂੰ ਤੇ ਉਸਦੀ ਭੈਣ ਨੂੰ ਆਖਿਆ । ਇਹ ਬਾਲਕ ਸਾਨੂੰ ਦੇ ਦਿਓ ।

ਡਾਕਟਰ ਗੰਡਾ ਸਿੰਘ ਜੀ ਲਿਖਦੇ ਹਨ :

ਸਰਦਾਰ ਬਾਘ ਸਿੰਘ ਤੇ ਉਹਨਾਂ ਦੀ ਭੈਣ ਨਵਾਬ ਕਪੂਰ ਸਿੰਘ ਜੀ ਦੇ ਬਚਨ ਕਿਵੇਂ ਮੋੜ ਸਕਦੇ ਸਨ । ਉਹਨਾਂ ਨੇ ਬੜੀ ਨਿਮਰਤਾ ਨਾਲ ਦੀਵਾਨ ਵਿੱਚ ਹੱਥ ਜੋੜ ਕੇ ਨਵਾਬ ਸਾਹਿਬ (ਕਪੂਰ ਸਿੰਘ) ਜੀ ਪਾਸ ਬੇਨਤੀ ਕੀਤੀ ਕਿ ਅਸੀਂ ਇਹ ਬੱਚਾ ਆਪ ਦੀ ਝੋਲੀ ਪਾਉਂਦੇ ਹਾਂ । ਇਹ ਹੁਣ ਤੁਹਾਡਾ ਪੁਤਰੇਲ ਹੋਇਆ । ਬਸ ਫਿਰ ਖਾਲਸੇ ਨੇ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾ ਦਿੱਤਾ ਅਤੇ ਸਤਿਗੁਰੂ ਦੇ ਹਜ਼ੂਰ ਅਰਦਾਸਾ ਸੋਧ ਦਿੱਤਾ । ਇਸ ਦਿਨ ਜੱਸਾ ਸਿੰਘ ਨਵਾਬ ਕਪੂਰ ਸਿੰਘ ਜੀ ਦਾ ਧਰਮ ਪੁੱਤਰ ਪ੍ਰਸਿੱਧ ਹੋਇਆ ।

ਜੱਸਾ ਸਿੰਘ ਦੀ ਰਹਿਤ ਬਹਿਤ ਸਰਦਾਰ ਕਪੂਰ ਸਿੰਘ ਨੂੰ ਬਹੁਤ ਪਸੰਦ ਆਈ । ਕੁੱਝ ਸਮਾਂ ਪਾ ਕੇ ਇਨ੍ਹਾਂ ਨੇ ਪੰਜ ਪਿਆਰਿਆਂ ਵਿੱਚ ਆਪ ਸ਼ਾਮਿਲ ਹੋ ਕੇ ਜੱਸਾ ਸਿੰਘ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਅਤੇ ਖਾਲਸੇ ਦੀ ਰਹਿਤ ਦਾ ਉਪਦੇਸ਼ ਦਿੱਤਾ । ਖੰਡੇ ਦੇ ਅੰਮ੍ਰਿਤ ਤੇ ਕਪੂਰ ਸਿੰਘ ਦੀ ਸਿੱਖਿਆ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ । ਕੁੰਦਨ ਤਾਂ ਉਹ ਅਗੇ ਹੀ ਸੀ । ਹੁਣ ਅੰਮ੍ਰਿਤ ਦੀ ਪੁੱਠ ਨੇ ਪਾਰਸ ਬਣਾ ਦਿੱਤਾ ।

(ਸਰਦਾਰ ਜੱਸਾ ਸਿੰਘ ਆਹਲੂਵਾਲੀਆ ਪੰਨਾ 26)

ਜੱਸਾ ਸਿੰਘ ਖਾਲਸੇ ਦੇ ਦੀਵਾਨ ਵਿਚ ਪੱਖੇ ਦੀ ਸੇਵਾ ਕਰਦਾ, ਲੰਗਰ ਵਿੱਚ ਭਾਂਡੇ ਮਾਂਜਣੇ ਅਤੇ ਸਵੇਰੇ ਸ਼ਾਮ ਸੰਗਤ ਵਿੱਚ ਪਾਠ ਅਤੇ ਕੀਰਤਨ ਵਿਚ ਉਗਰ ਭਾਗ ਲੈਣਾ ਆਦਿ ਉਤਮ ਗੁਣ ਸਨ । ਜਿਨ੍ਹਾਂ ਕਰ ਕੇ ਇਹ ਗਭਰੂ ਜਥੇਦਾਰ ਕਪੂਰ ਸਿੰਘ ਦੇ ਦਿਲ ਵਿਚ ਖੁਭਦਾ ਚਲਾ ਗਿਆ । ਦੂਸਰੀ ਗੱਲ ਕਿ ਕਪੂਰ ਸਿੰਘ ਜੀ ਦੀ ਬਿੰਦੀ ਸੰਤਾਨ ਕੋਈ ਨਹੀਂ ਸੀ ਅਤੇ ਜੱਸਾ ਸਿੰਘ ਦੀ ਬਾਂਹ ਉਸ ਦਾ ਮਾਮਾ ਤੇ ਮਾਤਾ ਜੀ ਕਪੂਰ ਸਿੰਘ ਨੂੰ ਫੜਾ ਗਏ ਹੋਏ ਸਨ) ਇਸ ਕਾਰਨ ਕਪੂਰ ਸਿੰਘ ਜੀ ਨੇ ਇਸ ਨੂੰ ਪੁੱਤਰਾਂ ਵਾਂਗੂ ਪਾਲਣਾ ਕੀਤੀ ਅਤੇ ਸਿਖਸ਼ਾ ਦਾ ਪ੍ਰਬੰਧ ਕੀਤਾ ।

ਕਪੂਰ ਸਿੰਘ ਜੀ ਆਪ ਬੜੇ ਵਿਦਵਾਨ, ਭਜਨ ਵਿਚ ਅਰੂੜ ਬ੍ਰਿਤ ਅਤੇ ਸੂਰਬੀਰ ਅਤੇ ਸਭ ਤੋਂ ਵਧ ਸਿਖੀ ਪਿਆਰ ਵਿਚ ਸਰਸ਼ਾਰ ਅਤੇ ਬਚਨ ਦੇ ਧਨੀ ਸਨ । ਆਪ ਜੀ ਨੂੰ ਜਦ ਦੁਸ਼ਟਾਂ ਦੀ ਸੋਧ ਤੋਂ ਵਿਹਲ ਹੁੰਦੀ ਤਾਂ ਆਪ ਜੀ ਆਪਣੇ ਡੇਰੇ ਤੇ ਧਾਰਮਿਕ ਵਿਦਿਆ ਦੇ ਵਿਦਿਆਰਥੀਆਂ ਅਤੇ ਸਸ਼ਤ੍ਰ ਸਿਖਿਆਰਥੀਆਂ ਅਤੇ ਨਾਮ ਬਾਣੀ ਦੇ ਅਭਿਆਸੀਆਂ ਨੂੰ ਸਮੇਂ ਸਮੇਂ ਸਿਰ ਸਿਖਸ਼ਾ ਦੀਖਸ਼ਾ ਅਤੇ ਅਗਵਾਈ ਕਰਦੇ । ਆਪ ਜੀ ਵਿੱਚ ਇਕ ਵੱਡਾ ਗੁਣ ਇਹ ਸੀ ਕਿ ਇਹੋ ਜਿਹੀ ਵਿਹਲ ਸਮੇਂ ਆਪ ਵਿਹਲੇ ਨਹੀਂ ਬੈਠਦੇ ਸਨ । ਆਪ ਜੀ ਖੁਦ ਆਪਣੇ ਹਥੀਂ ਅੰਮ੍ਰਿਤਧਾਰੀਆ ਵਾਸਤੇ ਕਛਹਿਰੇ ਸਿਉਂਦੇ ਅਤੇ ਜਗਿਆਸੂਆਂ ਕੋਲੋਂ ਵੀ ਇਹੋ ਕੁਛ ਕਰਵਾਂਦੇ । ਇਸ ਤਰ੍ਹਾਂ ਸਹਿਜੇ ਹੀ 'ਗੁਰਮੁਖਿ ਹਥਿ ਸਕਥ ਹਹਿ ਸਾਧ ਸੰਗਤ ਗੁਰਕਾਰ ਕਮਾਵੇ'[3] ਦੀ ਸਿਖਿਆ ਉਹਨਾਂ ਨੂੰ ਪ੍ਰਾਪਤ ਹੁੰਦੀ ਜਾਂਦੀ । ਇਸੇ ਸ਼ੈਲੀ ਵਿਚ ਉਸ ਯਤੀਮ ਬਾਲਕ ਦੀ ਪ੍ਰਵਰਿਸ਼ ਤੇ ਸਿਖਸ਼ਾ ਦੀਖਸ਼ਾ ਹੋਈ ਜਿਸ ਨੇ ਕਿ ਅੱਗੇ

---

1. ਪਾਕਿਸਤਾਨ (ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ (ਖਾਲਾ ਸਮਾਚਾਰ ਛਾਪ) ਪੰਨਾ 202-203)
2. ਇਹ ਭੁੱਲ ਪ੍ਰਤੀਤ ਹੁੰਦੀ ਹੈ । ਸੰਨ 729 ਵਿਚ ਨਹੀਂ ਸਗੋਂ ਸੰਨ 1733 ਵਿੱਚ ਜਥੇਦਾਰ ਕਪੂਰ ਸਿੰਘ ਜੀ ਨੂੰ ਨਵਾਬੀ ਖਿਤਾਬ ਮਿਲਿਆ ਸੀ । (ਗਿਆਨੀ ਜੀ)
3. ਭਾਈ ਗੁਰਦਾਸ ਜੀ ਵਾਰ ਛੇਵੀਂ ਪਉੜੀ ਬਾਰ੍ਹਵੀਂ (12)

ਜਾ ਕੇ ਖਾਲਸੇ ਦਾ ਬੇਤਾਜ ਬਾਦਸ਼ਾਹ ਬਣਨਾ ਸੀ ।

ਕਪੂਰ ਸਿੰਘ ਜੀ ਨੇ ਘੋੜਿਆਂ ਦਾ ਦਾਣਾ ਵੰਡਣ ਦੀ ਸੇਵਾ ਵੀ ਇਸ ਨੂੰ ਸੌਂਪ ਦਿੱਤੀ । ਜਿਸ ਨੂੰ ਉਹ ਬੜੇ ਪ੍ਰੇਮ ਨਾਲ ਨਿਭਾਉਣ ਲੱਗਾ । (ਡਾ: ਗੰਡਾ ਸਿੰਘ ਜੀ ਕ੍ਰਿਤ "ਸ: ਜੱਸਾ ਸਿੰਘ ਆਹਲੂਵਾਲੀਆ" ਦੇ ਆਧਾਰ ਤੇ)

ਹਜ਼ੂਰੀ ਸਿੰਘ

ਡਾ: ਗੰਡਾ ਸਿੰਘ ਜੀ ਦੇ ਕਥਨ ਅਨੁਸਾਰ ਨਿਮਨਾਕਤ ਹਜ਼ੂਰੀ ਸਿੰਘ (ਜੋ ਦਸਮੇਸ਼ ਜੀ ਦੀ ਹਜ਼ੂਰੀ ਵਿੱਚ ਰਹਿ ਚੁੱਕੇ ਸਨ) ਪੰਥ ਵਿੱਚ ਮੁਹਰੈਲ ਸਨ :—

ਦੀਵਾਨ ਦਰਬਾਰਾ ਸਿੰਘ, ਸੰਗਤ ਸਿੰਘ ਖਜ਼ਾਨਚੀ, ਹਰੀ ਸਿੰਘ ਲਾਂਗਰੀ, ਭਗਤ ਸਿੰਘ ਖਜਾਨਚੀ, ਬੁਢਾ ਸਿੰਘ ਦੇਸੀ, ਹਰਦਿੱਤ ਸਿੰਘ, ਗਰਜਾ ਸਿੰਘ, ਸਜਨ ਸਿੰਘ, ਈਸ਼ਰ ਸਿੰਘ, ਗਿਆਨ ਸਿੰਘ, ਸਾਧੂ ਸਿੰਘ, ਦੇਵਾ ਸਿੰਘ ਅਤੇ ਨਾਲ ਹੀ ਜਥੇਦਾਰ ਕਪੂਰ ਸਿੰਘ, ਹਰੀ ਸਿੰਘ ਸੁਖਈ, ਦੀਪ ਸਿੰਘ ਸ਼ਹੀਦ, ਗੁਰਬਖਸ਼ ਸਿੰਘ ਜੀ ਦੂਲੇ ਸਹੀਦ, ਬਰਾਜ ਸਿੰਘ, ਜੱਸਾ ਸਿੰਘ, ਕਰਮ ਸਿੰਘ, ਭੋਮਾ ਸਿੰਘ, ਅਤਰ ਸਿੰਘ, ਸੀਹਾ ਸਿੰਘ, ਬਦਨ ਸਿੰਘ ਕਿਹਰ ਸਿੰਘ, ਬਜਰ ਸਿੰਘ, ਘਨਘੋਰ ਸਿੰਘ, ਅਮਰ ਸਿੰਘ ਆਦਿਕ ਬਹੁਤ ਸਿੰਘ ਪੰਥ ਵਿਚ ਆਪਣੀਆਂ ਕਰਨੀਆਂ ਕਰਕੇ ਪ੍ਰਸਿਧ ਸਨ (ਪੰਨਾ 38-39)

ਇਥੇ ਦੋ ਗੱਲਾਂ ਦੱਸਣੀਆਂ ਅਵਸ਼ਕ ਪ੍ਰਤੀਤ ਹੁੰਦੀਆਂ ਹਨ :-

(1) ਜੈਸਾ ਕਿ ਪਿਛੇ ਵਰਣਨ ਹੋ ਚੁੱਕਾ ਹੈ ਜਥੇਦਾਰ ਕਪੂਰ ਸਿੰਘ ਜੀ ਨੇ ਵੀ ਆਪਣਾ ਬਚਪਨ, ਦਸਮੇਸ਼ ਦੇ ਹਜ਼ੂਰ ਗੁਜਾਰਯਾ ਅਤੇ ਹਜ਼ੂਰ ਦੇ ਕਰ ਕਮਲਾਂ ਤੋਂ ਸੁਧਾ ਸੁਪਾਨ ਕੀਤਾ ਸੀ, ਇਸ ਵਾਸਤੇ ਆਪ ਜੀ ਵੀ ਹਜ਼ੂਰੀਏ ਸਿੰਘਾਂ ਵਿਚੋਂ ਸਨ ।

(2) ਪਿੰਡ ਕਾਲੋਂ ਕੇ ਰਿਹਾਣ ਕੀ ਪਤੀ ਬਾਬੇ ਬਲੰਦ ਦਾ ਪੋਤਰਾ ਅਤੇ ਮਹਾਂ ਨੰਦ ਦਾ ਪੁਤਰ ਬਾਬਾ ਬੁੱਢਾ ਸਿੰਘ (ਜੀਵਨ ਕਾਲ 1670/1760 ਅਨੁਮਾਨਤ) ਜੀ ਚੋ: ਦਲੀਪ ਸਿੰਘ ਦੇ ਸਮਕਾਲੀਨ ਹੋਏ ਹਨ । ਆਪ ਜੀ ਨੇ ਹਜ਼ੂਰ ਦੇ ਹਥੋਂ ਸੁਧਾ ਪਾਨ ਕੀਤਾ । ਆਪ ਜੀ ਨੇ ਹਜ਼ੂਰ ਨਾਲ ਯੁਧਾਂ ਤੇ ਜੰਗਾ ਵਿਚ ਰਹਿ ਕੇ ਬੀਰਤਾ ਵਿਖਾਂਦੇ ਰਹੇ, ਜਿਸ ਦੀ ਗਵਾਹੀ ਪੰਥ ਪ੍ਰਕਾਸ਼ ਸਿਰਫ਼ ਇਤਨੀ ਕੁ ਦਿੰਦਾ ਹੈ । "ਬੁਢਾ ਬਿਰਕ (ਬਿਰਕ—ਵਿਰਕ) ਰਹਿ ਤਹਿ ਠੌਰ" ਇਸੇ ਬਾਬਾ ਬੁੱਢਾ ਸਿੰਘ ਜੀ ਨੂੰ ਦਸਮੇਸ਼ ਨੇ ਆਪਣਾ ਘੋੜਾ, ਪੰਜ ਸਸ਼ਤ੍ਰ ਬਖਸ਼ਸ਼ ਕੀਤੇ ਆਖਿਆ ਅਸੀਂ ਹੁਣ ਦੱਖਣ ਦੇਸ਼ ਨੂੰ ਜਾਣਾ ਹੈ, ਤੁਸੀਂ ਸ੍ਰੀ ਅੰਮ੍ਰਿਤਸਰ ਜਾਵੋ, ਇਕ ਬੁੰਗਾ ਬਣਾ ਕੇ ਨਾਮ ਬਾਣੀ ਦਾ ਪ੍ਰਚਾਰ ਕਰੋ । ਆਪ ਜੀ ਨੇ ਅੰਤ ਤੱਕ ਇਹਨਾਂ ਹੁਕਮਾਂ ਦੀ ਪਾਲਣਾ ਕੀਤੀ, ਪਰ ਇਸ ਮਹਾਂ ਪੁਰਖਾਂ ਦਾ ਨਾਮ ਹਜ਼ੂਰੀ ਸਿੰਘਾਂ ਵਿਚ ਸ਼ਾਮਲ ਨਹੀਂ ।

ਇਸ ਮਹਾਂਪੁਰਖ ਦਾ ਸਵਾਏ ਉਪਰੋਕਤ ਟੂਕ ਦੇ ਸਿਖ ਇਤਿਹਾਸ ਵਿਚ ਕਿਧਰੇ ਜ਼ਿਕਰ ਤੱਕ ਨਹੀਂ ਸੀ । ਕਾਰਨ ? ਇਤਿਹਾਸਕਾਰਾਂ ਦੀ ਗਲਤ ਧਾਰਨਾ ਅਤੇ ਸਾਂਦਲਬਾਰ ਦੇ ਵਸਨੀਕਾਂ ਦੀ ਅਣਗਹਿਲੀ ਤੇ ਅਣਪੜ੍ਹਤਾ ਤੋਂ ਸਵਾਏ ਹੋਰ ਕੁਛ ਨਹੀਂ ।

ਕਾਂਦੂ ਲਾਂਗਤ ਭੂੰਗੜ ਦੇ ਮੁਲਖਏ ਦੇ ਨਾਲ ਵੱਡੇ ਵੱਡੇ ਜਗੀਰਦਾਰ, ਮਿਰਜਾ ਹਾਜੀ ਬੇਗ, ਮੁਰਤਜਾ ਖਾਂ, ਮੁਗਲ ਸੌਦਾਗਰ, ਮੀਆਂ ਦੌਲਤ ਖਾਂ, ਚੁਗਲ ਨਸੀਬ ਗੜ੍ਹੀਆ, ਅਮਾਨਤ ਖਾਂ ਸ਼ੇਖੂਪੁਰੀਆ, ਹੁਸੈਨ ਖਾਂ ਕਸੂਰੀ, ਜਾਫਰ ਖਾਂ, ਸਲੇਮ ਖਾਂ ਰਸੂਲ ਨਗਰਯੇ, ਤਕੀ ਬੇਗ ਤੇ ਸਮਸਦੀਨ, ਅਲੀਗੜ੍ਹੀਏ ਅਤੇ ਹਿੰਦੂਆਂ ਵਿੱਚੋਂ ਟੋਡਰ ਮੱਲ ਦਾ ਪੋਤਰਾ, ਪਹਾੜ ਚੰਦ ਚੂਹਣੀਆਂ ਵਾਲਾ, ਚੌ: ਸਾਹਿਬ ਰਾਏ ਨੁਸ਼ਹਿਰੀਆ, ਆਕਲ ਦਾਸ ਜੰਡਿਆਲੀਆ, ਧਰਮਦਾਸ ਜੋਧ ਨਗਰੀਆ ਆਦਿ ਆਪਣੀਆਂ ਟੋਲੀਆਂ ਲੈ ਕੇ ਸਿੰਘਾਂ ਦੇ ਮੁਕਾਬਲੇ ਤੇ ਲਾਹੌਰ ਆਣ ਇਕੱਠੇ ਹੋਏ ।

ਇਧਰ ਵੀਹ ਪੰਜੀ ਹਜਾਰ ਖਾਲਸਾ ਕਾਹਨੂੰਵਾਨ ਛੰਭ ਵਿੱਚ ਆਣ ਪੁੱਜਾ । ਜਹਾਦੀ ਸੈਨਾ ਪਤਾ ਲਗਣ ਤੇ ਛੰਭ ਦੇ ਪੰਜ ਪੰਜ ਮੀਲ ਦਵਾਲੇ ਡੇਰੇ ਘੱਤ ਬੈਠੀ । ਸਿੰਘ ਵੇਲੇ ਕੁਵੇਲੇ ਅੰਦਰੋਂ ਨਿਕਲ ਛਾਪਾ ਮਾਰ ਵਾਪਸ ਪਰਤ ਜਾਂਦੇ । ਅੰਤ ਲਖਪਤ ਰਾਏ ਨੇ ਝਲ ਨੂੰ ਅੱਗ ਲੁਆ ਦਿੱਤੀ । ਸਿੰਘ ਲੜਦੇ ਭਿੜਦੇ ਕਈ ਪਾਸੀਂ ਨਿਕਲ ਗਏ । ਸਾਂਦਲਬਾਰ ਦੇ ਸਿੰਘ ਬੇਲੇ ਤੋਂ ਖਬਰ ਲੈਣ ਆਏ ਸੱਤ ਸੌ ਸਿੰਘਾਂ ਦਾ ਜਥਾ ਭਰਤੇ ਖੱਤਰੀ ਦੀ ਭਰਤਗੜ੍ਹ ਨਾਮ ਹਵੇਲੀ ਵਿਚ ਘੇਰੇ ਵਿੱਚ ਆ ਗਿਆ– ਅੰਦਰੋਂ ਜਦੋਂ ਸੱਤ ਸੌ ਬੰਦੂਕ ਜਾਂ ਤੀਰ ਛੁਟਦੇ ਤਾਂ ਬਾਹਰ ਮੁਨਾਰਿਆਂ ਜਿੱਡੇ ਜਵਾਨ ਢਹਿੰਦੇ ਵੇਖ ਹਾਕਮਾਂ ਨੇ ਤੋਪਾਂ ਡਾਹ ਕੇ ਕੰਧ ਢਾਹ ਦਿੱਤੀ । ਤਦ ਸਿੰਘ ਘੋੜਿਆਂ ਤੇ ਕਾਠੀਆਂ ਪਾ ਲੜਦੇ ਭਿੜਦੇ ਮਰਦੇ ਮਾਰਦੇ ਸਾਂਦਲਬਾਰ (ਦੂਲੇ ਦੀ ਬਾਰ) ਨੂੰ ਨਿਕਲ ਗਏ । ਤੇਗ ਖਾਲਸਾ ਵਿਚ ਗਿਆਨੀ ਕਰਤਾਰ ਸਿੰਘ ਲਿਖਦਾ ਹੈ :

ਅਗੇ ਸਿੰਘ ਫਿਰਦੇ ਪਿਛੇ ਤੁਰਕ ਫਿਰਦੇ,
ਇਕ ਦੂਜੇ ਦਾ ਥਾਂਵਦੇ ਦਾਅ ਨਾਹੀ ।

ਸਿੰਘ ਸੱਤ ਕੁ ਸੌ ਕੰਢੇ ਰਾਵੀ ਆ ਲੱਥਾ, ਦੁਸ਼ਮਣਾਂ ਦਾ ਜਿਥੇ ਰਾਹ ਨਾਹੀ।
ਅਜੇ ਉਤਰੇ ਹੀ ਸਨ ਤੁਰਕੀ ਫੌਜ ਪੁਜ ਗਈ, ਚਲੀ ਖਾਲਸੇ ਦੀ ਕੋਈ ਵਾਹ ਨਾਹੀਂ॥
ਸਿੰਘ ਕਰ ਹੱਲਾਂ ਵੜੇ ਗੜ੍ਹੀ ਅੰਦਰ, ਕੀਤੀ ਖਤਰੀ ਦੀ ਪਰਵਾਹ ਨਾਹੀ॥
ਸਤ ਸੌ ਗੋਲੀ ਪਵੇ ਅੰਦਰੋਂ ਜਾਂ ਖਾਲੀ ਕੋਈ ਨਿਸ਼ਾਨ ਨ ਜਾਂਵਦੇ ਨੇ।
ਬੁਰਜਾਂ ਵਾਂਗ ਬਾਹਰੋਂ ਮੁਸਲਮਾਨ ਢਹਿੰਦੇ, ਸਿੰਘ ਖੁਸ਼ ਹੋ ਫਤਿਹ ਗਜਾਂਵਦੇ ਨੇ।
ਜਦੋਂ ਕੰਧ ਹਵੇਲੀ ਦੀ ਡਿਗ ਪਈ, ਟੁੱਟੇ ਹੌਸਲੇ ਸਿੰਘ ਲਾਚਾਰ ਹੋਏ।
ਸਿੰਘ ਕਾਠੀਆਂ ਪਾ ਕੇ ਘੋੜਿਆਂ ਤੇ, ਫਤਿਹ ਬੋਲ ਕੇ ਝੱਟ ਤਿਆਰ ਹੋਏ।
ਅੰਤ ਵੱਢਦੇ ਕੱਟਦੇ ਵੈਰੀਆਂ ਨੂੰ, ਜਿਹੜੇ ਬਚੇ ਸੌ ਕਿਲੇ ਥੀਂ ਬਾਹਰ ਹੋਏ।
ਸਿੰਘ ਨਿਕਲ ਗਏ ਹੱਥ ਨ ਮੂਲ ਆਏ, ਮੁਸਲਮਾਨਾਂ ਵੀ ਜ਼ੋਰ ਕਮਾਲ ਕੀਤੇ।
ਵੜੇ ਜਾ ਕੇ ਦੂਲੇ ਦੀ ਬਾਰ ਅੰਦਰ, ਆਇਆ ਦਮ ਤੇ ਸ਼ੁਕਰ ਕਰਤਾਰ ਕੀਤੇ।

ਜੰਗ ਭੀਲੋਂਵਾਲ

ਇਹਨਾਂ ਸਿੰਘਾਂ ਨੇ ਜਾ ਨਨਕਾਣੇ ਸਾਹਿਬ ਦੇ ਜੰਗਲ ਅੰਦਰ ਜਥੇਦਾਰ ਕਪੂਰ ਸਿੰਘ ਨੂੰ ਖਬਰ ਕੀਤੀ। ਉਹਨਾਂ ਇਕ ਦਮ ਸੂੰਹੇ ਘਲੇ ਤੇ ਉਹਨਾਂ ਨਾਲ ਰਾਵੀ ਦੇ ਪਤਣ ਦੀ ਅੱਠ ਕੀਤੀ। ਆਪ ਨੇ ਜਥੇ ਨੂੰ ਤਿਆਰੀ ਦਾ ਹੁਕਮ ਦਿੱਤਾ ਤੇ ਐਨ ਸਮੇਂ ਸਿਰ ਪੱਤਣ ਤੇ ਪੁੱਜ ਗਏ। ਸੂੰਹੀਆਂ ਨੇ ਦੱਸਿਆ ਕਿ ਜਹਾਦੀ ਆਪਣੇ ਮਨੋਂ ਖਾਲਸੇ ਨੂੰ ਉਕਾ ਖਤਮ ਕਰ ਆਏ ਹਨ ਤੇ ਸੂਬੇ ਵੱਲੋਂ ਤਗੜੇ ਇਨਾਮ ਦੀ ਝਾਕ ਵਿੱਚ ਭੀਲੋਵਾਲ (ਲਾਹੌਰੋਂ 15 ਮੀਲ ਦੱਖਣ ਵੱਲ) ਡੇਰੇ ਲਾ ਅਵੇਸਲੇ ਹੋਏ ਪਏ ਹਨ।

ਕਪੂਰ ਸਿੰਘ ਜੀ ਨੇ ਢਿੱਲ ਨਾ ਕੀਤੀ, ਰਾਤੋ ਰਾਤ ਮੰਜਲ ਮਾਰ ਕੇ ਅੱਠ ਹਜਾਰ ਸਵਾਰ ਸਮੇਤ ਸੁੱਤੇ ਪਏ ਲਸ਼ਕਰ ਤੇ ਆਣ ਹਮਲਾ ਕੀਤਾ। ਘਮਸਾਨ ਦਾ ਯੁੱਧ ਪਿਆ ਲੋਥ ਤੇ ਲੋਥ ਚੜ੍ਹਾ ਦਿੱਤੀ। ਸ਼ਾਹੀ ਫ਼ੌਜ ਦੇ ਨਾਮੀ ਸਰਦਾਰ ਮੁਰਤਜਾ ਖਾਂ ਸੌਦਾਗਰ, ਮੀਰ ਮੁਹੰਮਦ, ਹੁਸੈਨ ਖਾਂ ਤਕੀ-ਬੇਗ, ਪਹਾੜ ਚੰਦ ਆਦਿ ਖੇਤ ਰਹੇ - ਖਾਲਸਾ ਘੋੜੇ ਤੇ ਹੋਰ ਜੰਗੀ ਮਾਲ ਅਸਬਾਬ ਲੁੱਟ, ਦਿਨ ਚੜ੍ਹਦੇ ਨੂੰ ਸਾਂਦਲਬਾਰ ਜਾ ਵੜਿਆ—ਗਿ: ਕਰਤਾਰ ਸਿੰਘ ਲਿਖਦਾ ਹੈ :—

ਕੁਝ ਚਿਰ ਦੇ ਲਈ ਸਾਮਾਨ ਜੰਗੀ, ਦਿੱਤਾ ਖਾਲਸੇ ਤਾਈਂ ਕਰਤਾਰ ਆਏ।
ਲਿਆ ਸਾਂਭ ਸੰਭਾਲ ਸਾਮਾਨ ਸਾਰਾ, ਵਿੱਚ ਖੁਸ਼ੀ ਦੇ ਸਿੰਘ ਸਰਦਾਰ ਆਏ।
ਫਤਿਹ ਪਾ ਉੱਤੇ ਝੰਡੇ ਹੈਦਰੀ ਦੇ, ਸਿੰਘ ਬੋਲ ਪਿੱਛੋ ਜੈ ਜੈ ਕਾਰ ਆਏ।
ਸਾਂਦਲਬਾਰ ਜਾ ਵੜੇ ਕਰਤਾਰਾ ਸਿੰਘ ਝੰਡਾ ਹੈਦਰੀ ਕਰ ਖਵਾਰ ਆਏ।

ਸੰਨ 1732 ਈ: ਨੂੰ ਸੂਬਾ ਲਾਹੌਰ ਨੇ ਦਿੱਲੀ ਬਾਦਸ਼ਾਹ ਨੂੰ ਲਿਖਿਆ ਕਿ ਸਿਖ ਲੜਾਈ ਵਿੱਚ ਸਾਥੋਂ ਜਿੱਤੇ ਨਹੀਂ ਜਾਂਦੇ, ਇਹਨਾਂ ਨੂੰ ਕੁਛ ਦੇ ਕੇ ਧਿਆਨ ਲਾ ਛਡੀਏ ਜਿਸ ਤੇ ਬਾਦਸ਼ਾਹ ਨੇ ਖਾਲਸੇ ਦੇ ਨਾਮ ਇੱਕ ਲਖ ਰੁਪੈ ਦੀ ਸਾਲਾਨਾ ਜਾਗੀਰ ਨਵਾਬੀ ਦਾ ਖਿਤਾਬ ਤੇ ਇਕ.........

ਦਿੱਲੀ ਤੋਂ ਫੌਜ

ਦਿੱਲੀ ਜਾਂਦੇ ਖਜ਼ਾਨੇ ਦੀ ਲੁੱਟ ਅਤੇ ਭੀਲੋਵਾਲ ਦੀ ਮਾਰ ਪਿੱਛੋਂ ਜ਼ਕਰੀਆ ਖਾਨ ਨੇ ਆਪ ਵੀ ਸਰਕਾਰੀ ਫੁਰਮਾਨ ਸਿੰਘਾਂ ਦੇ ਵਿਰੁਧ ਕੱਢੇ ਅਤੇ ਦਿੱਲੀ ਦੇ ਬਾਦਸ਼ਾਹ ਨੂੰ ਵੀ ਲਿਖ ਭੇਜਿਆ ਕਿ ਖਾਲਸਾ ਮੇਰੇ ਇਕੱਲੇ ਦੇ ਵਸ ਤੋਂ ਬਾਹਰ ਹੈ। ਤੁਸੀਂ ਆਪਣੀ ਸੈਨਾ ਭੇਜੋ। ਬਾਦਸ਼ਾਹ ਨਜੀਬ ਖਾਂ, ਅਸਗਰ ਖਾਂ ਨੂੰ 20,000 ਫੌਜ ਦੇ ਕੇ ਭੇਜਿਆ। ਫੌਜ ਦੇ ਅਪੜਨ ਤੱਕ ਖਾਲਸਾ, ਕੁਛ ਪਹਾੜੀ ਤੇ ਚੜ੍ਹ ਗਿਆ ਤੇ ਕੁਛ ਬੀਕਾਨੇਰ ਨੂੰ ਨਿਕਲ ਗਿਆ। ਸ਼ਾਹੀ ਫੌਜ ਨੇ ਆਪਣਾ ਸਾਰਾ ਗੁਸਾ ਹਿੰਦੂਆਂ ਅਤੇ ਕਿਰਤੀ ਸਿਖਾਂ ਤੇ ਕਢਿਆ।

ਆਖਰ ਸ਼ਾਹੀ ਫੌਜ ਦਿੱਲੀ ਨੂੰ ਪਰਤ ਗਈ ਤਾਂ ਖਾਲਸਾ ਫਿਰ ਪੰਜਾਬ ਵਿੱਚ ਆ ਗਜਿਆ। ਕਪੂਰ ਸਿੰਘ ਜੀ ਸੰਨ 1733 ਵਿੱਚ ਖਾਲਸੇ ਨੂੰ ਇਕੱਤਰ ਕਰਦੇ ਹੋਏ, ਜਦ ਰੋਪੜ ਕੋਲ ਪਹੁੰਚੇ ਤਾਂ ਗਸ਼ਤੀ ਫੌਜ ਨਾਲ ਆਪ ਜੀ ਦਾ ਟਾਕਰਾ ਹੋ ਗਿਆ—ਜਿਸ ਵਿੱਚ ਲੜਦੇ ਲੜਦੇ ਕਪੂਰ ਸਿੰਘ ਜੀ ਦਾ ਟਾਕਰਾ ਗਸ਼ਤੀ ਫੌਜ ਦੇ ਆਗੂ ਨਾਲ ਹੋ ਪਿਆ। ਆਪ ਜੀ ਨੇ ਐਸਾ ਭਲਥੇ ਦਾ ਹੱਥ ਮਾਰਿਆ ਕਿ ਵੈਰੀ ਦਾ ਸਿਰ ਧੜ ਨਾਲੋਂ ਜੁਦਾ ਹੋ ਗਿਆ। ਪਰ ਉਸ ਨੇ ਡਿਗਦੇ ਡਿਗਦੇ ਜੋ ਭਰਪੂਰ ਵਾਰ ਉਲਾਰਿਆ ਸੀ, ਕਪੂਰ ਸਿੰਘ ਜੀ ਦੇ ਮੱਥੇ ਤੇ ਵੱਜਾ ਜੋ ਚੋਖਾ ਡੂੰਘਾ ਸੀ। ਥੋੜੇ ਦਿਨਾਂ ਪਿੱਛੋਂ ਆਪ ਜੀ ਸਮੇਤ ਜਥੇ ਦੇ ਸ੍ਰੀ ਅੰਮ੍ਰਿਤਸਰ ਪੁੱਜ ਗਏ।

ਜ਼ਕਰੀਆ ਖਾਨ ਦੀ ਨਵੀਂ ਚਾਲ

ਜ਼ਕਰੀਆ ਖਾਨ ਖਾਲਸੇ ਨਾਲ ਸਾਰੇ ਦਾ ਪੇਚ ਖੇਡ ਚੁੱਕਾ ਤਾਂ ਉਸ ਨੇ ਦਿੱਲੀ ਦੀ ਹਕੂਮਤ ਨੂੰ ਆਖਿਆ ਕਿ ਸਿਖਾਂ ਨੂੰ ਕਾਬੂ ਕਰਨ ਵਾਸਤੇ, ਇਹਨਾਂ ਨੂੰ ਜਗੀਰ ਦੇ ਦਿਉ ਤੇ ਇਕ ਜਣੇ ਨੂੰ ਕੋਈ ਸਰਕਾਰੀ ਪਦਵੀ ਦੇ ਦਿਉ ਤਾਂ ਜੋ ਦੂਜਿਆਂ ਨੂੰ ਆਪਣੇ ਕਾਬੂ ਰੱਖੇ, ਜਗੀਰ ਨਾਲ ਇਹਨਾਂ ਦਾ ਖਰਚਾ ਪਰਚਾ ਟੁਰਦਾ ਰਹੇਗਾ ਤੇ ਮੁਲਕ ਦੀ ਲੁੱਟ ਮਾਰ ਬੰਦ ਹੋ ਜਾਵੇਗੀ।

ਇਹ ਇਕ ਬੜੀ ਸਿਆਣੀ ਤੇ ਡੂੰਘੀ ਚਾਲ ਸੀ। ਅਜਿਤ ਬਹਾਦਰਾਂ ਨੂੰ ਕਾਬੂ ਕਰਨ ਵਾਸਤੇ ਲੂੰਬੜੀ ਬ੍ਰਿਤ ਚਾਤਰ ਹਾਕਮ ਇਹ ਨਿਆਏ ਅਪਨਾਂਦੇ ਆਏ ਹਨ। ਪੁਰਾਤਨ ਯੂਨਾਨ ਵਿੱਚ ਸਪਾਰਟਾ ਰਾਜ ਦੀ ਪੰਚਾਇਤ ਨੇ ਡੇਲਫੀ ਦੇ ਸੱਧੇ (Oracle of Delphi) ਨੂੰ ਪੁਛਿਆ, "ਅਜਿਤ ਸਪਾਰਟਨ ਸੈਨਾ ਨੂੰ ਕੌਣ ਹਰਾ ਸਕੇਗਾ" ਉੱਤਰ ਸੀ "ਵਲਾਸਤਾ" ਇਹ ਇਕ ਅਕੱਟ ਸਚਾਈ ਹੈ ਕਿ ਸੂਰਮੇ ਨੂੰ ਗਿਰਾਉਣ (ਇਸ ਨੂੰ ਹਰਾਉਣ ਨਹੀਂ ਕਿਹਾ ਜਾ ਸਕਦਾ) ਵਾਸਤੇ ਵਿਲਾਸਤਾ ਅਰਥਾਤ ਅਯਾਸ਼ੀ ਤਥਾ ਸੁੱਖ ਰਹਿਣੀ ਦੇ ਸਾਧਨ ਸਦੀਵ ਕਾਲ ਮਾਰੂ ਸਿੱਧ ਹੋਇਆ ਕਰਦੇ ਹਨ। ਇਸ ਦੀਆਂ ਦੋ ਉਗਰ ਉਦਾਹਰਣਾਂ ਦ੍ਰਿਸ਼ਟੀਗੋਚਰ ਕੀਤੀਆ ਜਾਂਦੀਆਂ ਹਨ।

ਮੈਂ (ਗਿਆਨੀ ਜੀ) 1939-45 ਦੇ ਦੂਸਰੇ ਵਿਸ਼ਵ ਯੁੱਧ ਸਮੇਂ ਭਾਰਤੀ ਫੌਜ ਦੀ ਸੇਵਾ ਵਿੱਚ, ਅਫਰੀਕਾ ਦੇ ਪੂਰਬੀ ਤਟ ਦੇ ਇਲਾਕੇ ਇਸਿਟਰਆ ਵਿੱਚ ਗਿਆ। ਉਥੇ ਭਾਰਤੀ ਸੈਨਾ ਦਾ ਟਾਕਰ ਜਗਤ ਪ੍ਰਸਿੱਧ ਰੋਮਨ ਲੜਾਕਿਆਂ ਦੇ ਵੰਸਜ ਇਟਲੀ ਦੇ ਸੈਨਕਾਂ ਨਾਲ ਸੀ। ਹੈਰਾਨੀ ਹੁੰਦੀ ਜਦੋਂ ਸਾਡੀ ਮਾਮੂਲੀ ਜਿਹੀ ਸੈਨਕ ਟੁਕੜੀ ਵਿਰੋਧੀ ਦਲ ਦੀਆਂ ਪਲਟਣਾਂ ਦੇ ਪੈਰ ਉਖੇੜ ਦੇਂਦੀ।

ਜਦੋਂ ਸਾਡੀ ਸੈਨਾ ਉਹਨਾਂ ਦਾ ਪਿੱਛਾ ਕਰਦੀ ਤਾਂ ਸੜਕ ਦੇ ਕਿਨਾਰੇ ਕਈ ਥਾਈਂ ਦਵਾਈਆਂ[1] ਦੇ ਬਕਸੇ ਪਏ ਨਜ਼ਰ ਆਉਂਦੇ। ਪਰ ਉਦੋਂ ਵੇਖਣ ਦੀ ਵਿਹਲ ਨਹੀਂ ਸੀ ਹੁੰਦੀ। ਅਖੀਰ ਜਦ, ਇਟਾਲੀਅਨ ਜਰਨੈਲ ਕਾਉਂਟ ਰਿਆਨੋ, ਆਪਣੀ ਸੈਨਾ ਨੂੰ ਫੋਰਟ ਅੰਬਾਲਾਜੀ ਛੱਡ ਆਪ ਹਵਾਈ ਜਹਾਜ਼ ਰਾਹੀਂ ਇਟਲੀ ਭੱਜ ਗਿਆ ਤਾਂ ਉਸਦੀ ਫੌਜ ਨੇ ਹਥਿਆਰ ਸੁੱਟ ਦਿੱਤੇ।

ਮੈਂ (ਗਿਆਨੀ ਜੀ) ਨੇ ਅੱਖੀਂ ਡਿੱਠਾ--ਜਦੋਂ ਇਟਾਲੀਅਨ ਜਵਾਨ ਮੋਰਚਿਆਂ ਤੋਂ ਬਾਹਰ ਆਏ ਤਾਂ ਹਰ ਇੱਕ ਦੇ ਨਾਲ ਦੋ ਦੋ ਔਰਤਾਂ (ਇੱਕ ਸੱਜੇ ਇੱਕ ਖੱਬੇ) ਤੁਰਦੀਆਂ ਬਾਹਰ ਆਂਵਦੀਆਂ। ਜਵਾਨਾਂ ਨੂੰ ਕੈਦ ਕਰ ਲਿਆ ਜਾਦਾ ਤੇ ਉਹਨਾਂ ਤੀਵੀਆਂ ਨੂੰ ਪਿਛਾਹ ਭੇਜ ਦਿੱਤਾ ਜਾਂਦਾ। ਅੰਦਾਜ਼ਾ ਆਸਾਨੀ ਨਾਲ ਲਗ ਸਕਦਾ ਹੈ ਕਿ ਮਸੋਲਿਨੀ ਦੀਆਂ ਫੌਜਾਂ ਦੀ ਹਰ ਥਾਂ ਤੇ ਇਤਨੀ ਦੁਰਗਤੀ ਕਿਉਂ ਹੋਈ।

ਦੂਸਰੀ ਉਦਾਹਰਨ ਤਾਂ ਅਜੇ ਕਲ ਦੀ ਗੱਲ ਹੈ। ਜਦ 1972 ਦੀ ਬੰਗਲਾ ਦੇਸ਼ ਦੀ ਲੜਾਈ ਵਿੱਚ ਭਾਰਤੀ ਅਤੇ ਖਾਸ ਕਰ ਕੇ ਸਿਖ ਸੈਨਿਕਾਂ ਨੇ ਪਾਕਿਸਤਾਨ ਫੌਜਾਂ ਨੂੰ ਆਪਣੇ ਬੰਕਰ ਖਾਲੀ ਕਰਕੇ ਭਜਣ ਤੇ ਮਜਬੂਰ ਕੀਤਾ ਤਾ ਆਪਣੇ ਪਿਛੇ ਉਹ ਜਬਰਦਸਤੀ ਰਖੇਲ ਬਣਾਈਆਂ ਬੰਗਾਲਣਾਂ ਨੂੰ ਆਪਣੇ ਦੁੱਖ ਤੇ ਉਹਨਾਂ ਦੇ ਕਰਮਾਂ ਨੂੰ ਰੋਂਦੀਆਂ ਛੱਡ ਜਾਂਦੇ। ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਜਨਰਲ ਜਗਜੀਤ ਸਿੰਘ ਅਰੋੜਾ ਦੇ ਕਬਜ਼ੇ ਵਿੱਚ ਇੱਕ ਲੱਖ ਪਾਕਿਸਤਾਨੀ ਜਨਰਲ ਅਤੇ ਹੋਰ ਅਫ਼ਸਰ ਤੇ ਜਵਾਨ ਛੇਤੀ ਛੇਤੀ ਕਿਵੇਂ ਆ ਗਏ।

ਉੱਤਰ ਦੋਨਾਂ ਮਿਸਾਲਾਂ ਦਾ ਇਕੋ ਹੀ ਹੈ। "ਵਿਲਾਸਤਾ"।

ਸੋ ਜ਼ਕਰੀਆ ਖਾਨ ਦੀ ਇਹ ਡੂੰਘੀ ਚਾਲ ਸੀ ਕਿ ਖਾਲਸੇ ਨੂੰ ਜਾਗੀਰ ਦੇ ਦਿਉ। ਇਹ ਸੁਖ ਰਹਿਣੇ ਹੋ ਜਾਣਗੇ ਤੇ ਸਾਡੇ ਸਿਰੋਂ ਬਲਾ ਟਲੀ ਰਹੇਗੀ। ਇਸ ਲਈ ਉਸ ਨੇ ਬਾਦਸ਼ਾਹ ਨੂੰ ਸਿਫਾਰਸ਼ ਕੀਤੀ ਕਿ :

1. ਸਿੰਘਾਂ ਤੋਂ ਸਾਰੀਆਂ ਪਾਬੰਦੀਆਂ ਉਠਾ ਲਈਆਂ ਜਾਵਣ।
2. ਉਹਨਾਂ ਨੂੰ ਰੱਜ ਕੇ ਖਾਣ ਲਈ ਜਾਗੀਰ ਦਿੱਤੀ ਜਾਵੇ।
3. ਉਹਨਾਂ ਦੇ ਆਗੂ ਨੂੰ ਉਚਾ ਪਦ ਦਿੱਤਾ ਜਾਵੇ ਤਾਂ ਕਿ ਸਿੰਘਾਂ ਨੂੰ ਆਪਣੇ ਕਾਬੂ ਵਿੱਚ ਰੱਖ ਸਕੇ।

ਦਿੱਲੀ ਵਿੱਚ ਵਜ਼ੀਰਾਂ ਨੇ ਇਸ ਤਜਵੀਜ਼ ਦਾ ਸਮਰਥਨ ਕੀਤਾ ਤੇ ਬਾਦਸ਼ਾਹ ਨੇ ਜ਼ਕਰੀਆਂ ਖਾਨ ਨੂੰ ਇਸਦੀ ਯੋਗ ਵਰਤੋਂ ਦਾ ਅਧਿਕਾਰ ਦੇ ਦਿੱਤਾ। ਲਾਹੌਰ ਪੁੱਜ ਉਸ ਨੇ ਭਾਈ ਸੁਬੇਗ ਸਿੰਘ ਨੂੰ ਬੁਲਾ ਕੇ ਆਖਿਆ, ਦਿੱਲੀ ਅਤੇ ਲਾਹੌਰ ਦੀਆਂ ਸਰਕਾਰਾਂ ਖਾਲਸੇ ਨਾਲ ਅੱਗੋਂ ਲਈ ਸੁਲ੍ਹਾ ਸਫਾਈ ਕਰਨ ਨੂੰ ਤਿਆਰ ਹਨ। ਖਾਲਸੇ ਦੇ ਖਾਣ ਪਾਨ ਲਈ ਇੱਕ ਲੱਖ ਰੁਪੈ ਦੀ ਜਾਗੀਰ ਦੀ ਸਨਦ ਅਤੇ ਨਵਾਬੀ ਦਾ ਖਿਤਾਬ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਖਾਲਸੇ ਨੂੰ ਗੁਰਦਵਾਰਿਆਂ ਦੀ ਸੇਵਾ ਸੰਭਾਲ ਅਤੇ ਯਾਤਰਾ ਆਦਿ ਦੀ ਪੂਰੀ ਪੂਰੀ ਸੁਤੰਤਰਤਾ ਹੋਵੇਗੀ। ਚਲਾਕ ਜ਼ਕਰੀਆ ਖਾਂ ਜਾਣਦਾ ਸੀ ਕਿ ਹੋਰ ਕੁਛ ਨਹੀਂ ਤਾਂ ਗੁਰਧਾਮਾਂ ਦੀ ਸੇਵਾ ਸੰਭਾਲ ਅਤੇ ਦਰਸ਼ਨ ਇਸ਼ਨਾਨ ਵਾਸਤੇ ਤਾਂ ਖਾਲਸਾ ਜ਼ਰੂਰ ਰਜ਼ਾਮੰਦ ਹੋ ਜਾਵੇਗਾ।

---

1. ਜੋ ਪਿੱਛੋਂ ਪਤਾ ਲੱਗਾ ਕਿ ਵਿਸੇਸ਼ ਕਰ ਕੇ ਨਿਰੋਧ ਦੇ ਡੱਬੇ ਅਤੇ ਇੱਕ ਖਾਸ ਕਿਸਮ ਦੀ ਕਰੀਮ (ਮਲਹਮ) ਦੀਆਂ ਟਿਊਬਾਂ ਹੁੰਦੀਆਂ ਸਨ। ਜਿਨ੍ਹਾਂ ਤੋਂ ਅੰਦਾਜ਼ਾ ਸਹਿਲ ਹੀ ਲਗਾਇਆ ਜਾ ਸਕਦਾ ਹੈ।

ਵਿਸਾਖੀ, ਸੰਨ 1733 ਈ:[1] ਦੀ ਮਨਾਣ ਵਾਸਤੇ ਖਾਲਸਾ ਦਲ ਜੰਗਲਾਂ ਪਹਾੜਾਂ ਤੋਂ ਉੱਤਰ ਉੱਤਰ ਕੇ ਅੰਮ੍ਰਿਤਸਰ ਪੁਜਣੇ ਸ਼ੁਰੂ ਹੋ ਗਏ। ਵਿਸਾਖੀ ਵਾਲੇ ਦਿਨ ਭਾਈ ਸੁਬੇਗ ਸਿੰਘ ਆਪਣੇ ਨਾਲ ਕੁਛ ਸਾਥੀਆਂ ਨੂੰ ਲੈ ਕੇ ਦਰਬਾਰ ਸਾਹਿਬ ਪੁੱਜਾ। ਦਸਤੂਰ ਅਨੁਸਾਰ ਗਲਬਾਤ ਕਰਨ ਤੋਂ ਪਹਿਲੋਂ, ਉਸ ਨੂੰ ਖਾਲਸੇ ਵਿਰੋਧੀ ਹਕੂਮਤ ਨਾਲ ਮਿਲਵਰਤਨ ਕਾਰਨ ਤਨਖਾਹ ਲਗਾਈ ਗਈ, ਜੋ ਉਸ ਨੇ ਸਿਰ ਮੱਥੇ ਤੇ ਪ੍ਰਵਾਨ ਕੀਤੀ—ਉਸ ਉਪਰੰਤ ਉਸ ਨੇ ਪੰਥ ਸਾਹਮਣੇ ਪ੍ਰਗਟ ਕੀਤਾ ਕਿ :—

ਬਾਦਸ਼ਾਹ ਦਿੱਲੀ ਦੀ ਪ੍ਰਵਾਨਗੀ ਨਾਲ ਜ਼ਕਰੀਆ ਖਾਨ, ਇੱਕ ਲੱਖ ਰੁਪੈ ਦੀ ਜਾਗੀਰ, ਜਿਸ ਵਿੱਚ ਇਲਾਕਾ ਦਿਪਾਲਪੁਰ, ਕੰਗਣਪੁਰ ਅਤੇ ਝਬਾਲ ਆਦਿ ਪਿੰਡ ਸ਼ਾਮਲ ਹਨ ਦਾ ਪੱਟਾ ਖਾਲਸੇ ਦੇ ਨਾਮ ਭੇਜਦਾ ਹੈ।

ਪੰਥ ਦੇ ਪ੍ਰਧਾਨ ਜਥੇਦਾਰ ਵਾਸਤੇ ਨਵਾਬੀ ਦਾ ਖਿਤਾਬ ਅਤੇ ਖਿਲਅਤ (ਸਿਰੋਪਾ) ਵੀ ਭੇਜਿਆ ਹੈ। ਜਿਨ੍ਹਾਂ ਨੂੰ ਲੈ ਕੇ ਇਹ ਸੇਵਾਦਾਰ ਹਾਜ਼ਰ ਹੋਇਆ ਹੈ।

ਤੀਸਰੀ ਗਲ ਕਿ ਹਕੂਮਤ ਨੇ ਖਾਲਸੇ ਤੋਂ ਸਭ ਪਾਬੰਦੀਆਂ ਹਟਾ ਲਈਆਂ ਹਨ। ਜਿਥੇ ਕਿਸੇ ਦਾ ਦਿਲ ਕਰੇ ਆਵੇ ਜਾਵੇ। ਗੁਰਧਾਮਾਂ ਦੀ ਸੇਵਾ ਸੰਭਾਲ ਤੇ ਦਰਸ਼ਨ ਇਸ਼ਨਾਨ ਵਿੱਚ ਕਿਸੇ ਕਿਸਮ ਦੀ ਪਾਬੰਦੀ ਨਹੀਂ ਹੋਵੇਗੀ।

ਉਸ ਸਮੇਂ ਪੰਥ ਵਿੱਚ ਮਹੱਤਵਪੂਰਨ ਆਗੂ ਇਹ ਸਨ :—1. ਦੀਵਾਨ ਦਰਬਾਰਾ ਸਿੰਘ 2. ਜ: ਕਪੂਰ ਸਿੰਘ 3. ਭਾਈ ਹਰੀ ਸਿੰਘ ਹਜ਼ੂਰੀ 4. ਬਾਬਾ ਦੀਪ ਸਿੰਘ ਸ਼ਹੀਦ 5. ਬਾਬਾ ਜੱਸਾ ਸਿੰਘ ਪ੍ਰਸਿੱਧ ਰਾਮਗੜ੍ਹੀਆ 6. ਜ: ਕਰਮ ਸਿੰਘ 7. ਬਾਬਾ ਬੁੱਢਾ ਸਿੰਘ ਸੁਕਰਚਕੀਆਂ। ਉਪਰੋਕਤ ਪੇਸ਼ਕਸ਼ ਪਹਿਲੋਂ ਤਾਂ ਬਹੁਤਿਆਂ ਦੀ ਵਿਚਾਰ ਅਨੁਸਾਰ ਠੁਕਰਾ ਦਿੱਤੀ ਗਈ। ਮਗਰ ਫਿਰ ਲੰਮੀ ਸੋਚ ਵਾਲੇ ਵਿਚਾਰਵਾਨਾਂ ਨੇ ਇਸ ਲਈ ਸਵੀਕਾਰ ਕਰ ਲਈ ਕਿ ਅਸਾਂ ਮੰਗੀਆਂ ਤਾਂ ਨਹੀਂ। ਸਗੋਂ ਹਕੂਮਤ ਆਪਣ ਆਪ ਦੇਂਦੀ ਹੈ। ਜੇ ਹਕੂਮਤ ਅਨੁਸਾਰੀ ਰਹੀ ਤਾਂ ਰੱਖਾਂਗੇ ਨਹੀਂ ਤੇ ਢਾਹ ਮਾਰਾਂਗੇ। ਇਹੋ ਦਲੀਲ ਭਾਈ ਸੁਬੇਗ ਸਿੰਘ ਜੀ ਨੇ ਵੀ ਦਿੱਤੀ।

ਹੁਣ ਵਿਚਾਰ ਹੋਈ ਕਿ ਜਗੀਰ ਤਾਂ ਸਰਬਤ ਖਾਲਸੇ ਦੀ ਸਾਂਝੀ ਰਹੇਗੀ ਕਿੰਤੂ ਨਵਾਬ ਕਿਸ ਨੂੰ ਥਾਪਿਆ ਜਾਵੇ? ਖਿਤਾਬ ਅਤੇ ਖਿਲਅਤ ਵੱਲ ਕੋਈ ਸਿੰਘ ਮੂੰਹ ਨਾ ਕਰੇ। ਜ਼ਕਰੀਆਂ ਖਾਨ ਨੇ ਭਾਈ ਸੁਬੇਗ ਸਿੰਘ ਨੂੰ ਆਖ ਘੱਲਿਆ ਸੀ।

ਸੂਰ, ਸਤੀ, ਦਾਤ, ਹਠੀ, ਜਪੀ, ਤਪੀ ਜੋ ਹੋਇ ॥
ਦੇਈਏ ਉਸੇ ਬਿਚਾਰ ਕੇ ਜੋ ਇਸ ਲਾਇਕ ਹੋਇ ॥ (ਪੰ: ਪ੍ਰ: ਰ: ਸਿੰਘ ਭੰਗੂ)

ਦੀਵਾਨ ਦਰਬਾਰਾ ਸਿੰਘ ਜੀ ਆਪਣੇ ਵਡੇਰੇ ਹੋਣ ਕਾਰਨ ਇਨਕਾਰ ਕਰ ਦਿੱਤਾ। ਜਿਸ ਤੇ ਭਾਈ ਸੁਬੇਗ ਸਿੰਘ ਜੀ (ਚੂੰ ਕਿ ਸਿਖੀ ਰਵਾਇਤਾਂ ਨੂੰ ਜਾਣਦੇ ਸਨ) ਨੇ ਆਖਿਆ, "ਇਹ ਕਿਸੇ ਸੇਵਾਦਾਰ ਨੂੰ ਦਿਉ"। ਦੀਵਾਨ ਦਰਬਾਰਾ ਸਿੰਘ ਜੀ ਨੇ ਕਿਹਾ, "ਇਸ ਦੇ ਲਾਇਕ ਕਪੂਰ ਸਿੰਘ ਹੈ ਜਿਸ ਵਿਚ ਇਸ ਨੂੰ ਨਿਭਾਣ ਦਾ ਬਲ ਅਤੇ ਹੋਰ ਸਭੇ ਗੁਣ ਮੌਜੂਦ ਹਨ।

ਪ੍ਰਸਿੱਧ ਇਤਿਹਾਸਕਾਰ ਡਾ: ਗੰਡਾ ਸਿੰਘ ਆਪਣੀ ਕ੍ਰਿਤ "ਸ: ਜੱਸਾ ਸਿੰਘ ਆਹਲੂਵਾਲੀਆ" ਪੰਨਾ 37 ਤੇ ਲਿਖਦੇ ਹਨ। ਇੱਕ ਸਿੰਘ ਬੋਲ ਉਠਿਆ, ਗੁਰੂ ਮਹਾਰਾਜ ਦਾ ਵਾਕ ਇਹ ਫਰਮਾਉਂਦਾ ਹੈ ਕਿ ਟਹਿਲ ਕਰਦੇ ਨੂੰ ਉੱਚੀ ਪਦਵੀ ਪ੍ਰਾਪਤ ਹੁੰਦੀ ਹੈ, ਗੁਰੂ ਦਾ ਹੁਕਮ ਮੰਨੋ ਢਿਲ ਨਾ ਕਰੋ ਅਤੇ ਸੇਵਾ ਕਰਦੇ ਸਿੰਘ ਨੂੰ ਇਹ ਪਦਵੀ ਦੇ ਦਿਉ। ਇਸ ਵੇਲੇ ਸਰਦਾਰ (ਜਥੇਦਾਰ) ਕਪੂਰ ਸਿੰਘ ਦੀਵਾਨ ਵਿੱਚ ਸੰਗਤਾਂ ਨੂੰ ਪੱਖਾਂ ਝੱਲ ਰਹੇ ਸਨ। ਰੋਪੜ ਵਿੱਚ ਪਿੱਛੇ ਜਿਹੇ ਗਸ਼ਤੀ ਫੌਜ ਨਾਲ ਹੋ ਪਈ ਟੱਕਰ ਵਿੱਚ ਭਾਵੇਂ ਉਹਨਾਂ ਦੇ ਮੱਥੇ ਦਾ ਫੱਟ ਅਜੇ ਅੱਲਾ ਹੀ ਸੀ ਪਰ ਉਹ ਇਸ ਦੀ ਪਰਵਾਹ ਨਾ ਕਰਦੇ ਹੋਏ ਇਧਰ ਉਧਰ ਚੱਕਰ ਲਾ ਕੇ ਸੇਵਾ ਵਿੱਚ ਤੱਤਪਰ ਜੁੱਟੇ ਹੋਏ ਸਨ। ਪੰਥ ਪ੍ਰਕਾਸ਼ ਦੇ ਕਥਨ ਅਨੁਸਾਰ :—

ਬੀਚ ਦੀਵਾਨ ਤਬੈ ਵਹਿ ਬਲ ਧਰ। ਪੱਖਾ ਕਰਤ ਹੁਤੋ ਇਤ ਉਤ ਫਿਰ ॥
ਅਵਰ ਟਹਿਲ ਵਹਿ ਬਹੁਤ ਕਮਾਵੈ। ਦੇਗ ਹੇਤ ਜਲ ਲਕਰੀ ਲਿਆਵੈ ॥
ਬਰਤਨ ਜੂਠੇ ਮਾਂਜਤ ਸਭਕੇ। ਕੜਾ ਧੋਇ ਨੁਲ੍ਹਾਵਤ ਜਬ ਕੇ ॥
ਲੀਦ ਹਟਾਵਤ ਅਸਵਨ ਸਾਰੀ। ਔਰ ਟਹਿਲ ਇਤਿਆਦਕ ਭਾਰੀ ॥
ਕਰਤ ਰਹਿਤ ਨਿਸ ਦਿਨ ਧਰ ਸਰਧਾ। ਕਬੀ ਨ ਕਰ ਹੀ ਕਾਹਿ ਸਪਰਧਾ ॥
ਜਤੀ ਸਤੀ ਦਾਤਾ ਵਡ ਸੂਰਾ। ਥਾ ਫਲ ਇਸ ਤੇ ਮਿਲਯੋ ਪੂਰਾ ॥

1, ਗੋਕਲ ਚੰਦ ਨਾਰੰਗ "ਸਿਖ ਮੱਤ ਦਾ ਪਰਿਵਰਤਨ (ਪੰ: ਯੂ: ਛਾਪ) ਪੰਨਾ 130, ਨੋਟ 1

ਦੀਵਾਨ ਵਿੱਚ ਹਾਜ਼ਰ ਸਰਬਤ ਖਾਲਸੇ ਨੂੰ ਇਹ ਗੱਲ ਬੜੀ ਚੰਗੀ ਲੱਗੀ ਅਤੇ ਉਹਨਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਪਰਵਾਨਗੀ ਦੇ ਦਿੱਤੀ। ਸਰਦਾਰ (ਜਥੇਦਾਰ) ਕਪੂਰ ਸਿੰਘ ਜੀ ਇਸ ਹਾਲਤ ਵਿਚ ਨਾਹ ਨਹੀਂ ਸਨ ਕਰ ਸਕਦੇ। ਗੁਰੂ ਕੀ ਹਜ਼ੂਰੀ ਵਿੱਚ ਅਰਦਾਸ ਹੋ ਗਈ ਤੇ ਉਹਨਾਂ ਨੇ ਸੀਸ ਨਿਵਾ ਦਿੱਤਾ ਅਤੇ ਹੱਥ ਜੋੜ ਕੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ ਜੇ ਖਾਲਸਾ ਤੁਠਾ ਹੈ ਤਾਂ ਸਿੰਘਾਂ ਦੇ ਪੈਰਾਂ ਨਾਲ ਛੁਹਾ ਕੇ ਪਵਿੱਤਰ ਕਰਕੇ ਬਖਸ਼ੀ ਜਾਏ। ਇਹ ਗੱਲ ਸੰਗਤ ਨੇ ਪਰਵਾਨ ਕਰ ਲਈ। ਇਸ ਤਰ੍ਹਾਂ ਸਰਕਾਰ ਵਲੋਂ ਦਿੱਤੀ ਨਵਾਬੀ ਦੀ ਪਦਵੀ ਸਰਦਾਰ (ਜਥੇਦਾਰ) ਕਪੂਰ ਸਿੰਘ ਜੀ ਨੇ ਪੰਥ ਵੱਲੋਂ ਦਿੱਤੀ ਪ੍ਰਵਾਨ ਕਰ ਲਈ। ਪੰਨਾ 38 ॥

ਨਵਾਬੀ ਦੀ ਖਿਲਅਤ[1] ਪੰਥ ਦੇ ਇਹਨਾਂ ਮੁੱਖੀ ਪੰਜਾਂ ਪਿਆਰਿਆਂ ਨੇ ਪ੍ਰਦਾਨ ਕੀਤੀ :—

1) ਭਾਈ ਹਰੀ ਸਿੰਘ ਹਜ਼ੂਰੀਆ 2) ਬਾਬਾ ਦੀਪ ਸਿੰਘ ਸ਼ਹੀਦ 3) ਬਾਬਾ ਜੱਸਾ ਸਿੰਘ ਰਾਮਗੜ੍ਹੀਆ 4) ਬਾਬਾ ਬੁੱਢਾ ਸਿੰਘ ਸੁਕਰਚਕੀਆ।

ਬਾਬਾ ਪ੍ਰੇਮ ਸਿੰਘ ਜੀ ਲਿਖਦੇ ਹਨ :—

ਇਹ ਭੂਖਨ ਤੇ ਬਸਤਰ ਜਦ ਖਾਲਸੇ ਦੇ ਭਰੇ ਦੀਵਾਨ ਵਿੱਚ ਕਪੂਰ ਸਿੰਘ ਨੂੰ ਪਹਿਨਾਏ ਗਏ ਤਾਂ ਆਪ ਨੂੰ ਅਨੂਪ ਰੂਪ ਫੱਬਿਆ। ਚਿਹਰੇ ਦੀ ਲਸ ਲਸ ਕਰਦੀ ਲਾਲੀ ਦਾ ਪ੍ਰਭਾਵ ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਮੁਖ-ਮੰਡਲ ਤੋਂ ਨੂਰ ਤੇ ਦਬਦਬਾ ਸੰਮਿਲਤ ਹੋ ਕੇ ਚੋ ਚੋ ਪੈਂਦੇ ਸਨ। ਇਸ ਸਮੇਂ ਆਪ ਦੇ ਜਲਾਲ ਦੀ ਝਾਲ ਨਾ ਸੀ ਝੱਲੀ ਜਾਂਦੀ। ਇਸ ਬਾਰੇ ਇੱਕ ਲਿਖਤ ਵਿੱਚ ਇਉਂ ਲਿਖਿਆ ਮਿਲਦਾ ਹੈ :—

... ਜਦ ਦਸਤਾਰ ਨਵਾਬੀ ਸਾਜੀ। ਤੇਜ ਕਲਾ ਅਧਕੇ ਮੁਖ ਜਾਗੀ ॥
ਕੰਕਨ ਕੰਠੇ ਮੋਤੀ ਮਾਲਾ। ਕਲਗੀ ਜਿਗਾ ਜੜਾਊ ਬਸਾਲਾ ॥

... ਪਾਏ ਅਧਿਕ ਫਲ ਬ੍ਰਿਛ ਝੁਕਤ ਜਿਉ, ਮੇਘ ਦੂਤ ਝੁਕ ਬਾਰੀ॥
ਤਉ ਕਪੂਰ ਸਿੰਘ ਗਹੀ ਗਰੀਬੀ, ਸਦ ਗੁਣ ਔਰ ਅਪਾਰੀ॥
ਮੰਨਤ ਪੰਥ ਹੁਕਮ ਸਭ ਤਿਸਕਾ, ਵਹਿ ਦੀਵਾਨ ਨਿਤ ਲਾਵੇ॥
ਬੁੰਗੇ ਤਖਤ ਅਕਾਲ ਅਗਾਰੀ, ਦੇਵਨ ਜਿਉ ਛਬ ਪਾਵੇ॥

ਇਸ ਸਮੇਂ ਨਵਾਬ ਕਪੂਰ ਸਿੰਘ ਜੀ ਨੇ ਖਾਲਸੇ ਦੀ ਹਜ਼ੂਰੀ ਵਿੱਚ ਇੱਕ ਹੋਰ ਬੇਨਤੀ ਕਰਕੇ ਇਹ ਵੀ ਦਾਤ ਮੰਗੀ, ਕਿ ਗੁਰੂ ਖਾਲਸੇ ਦਾਸ ਨੂੰ ਨਵਾਬੀ ਬਖਸ਼ਕੇ ਨਿਵਾਜਿਆ ਹੈ ਪਰ ਦਾਸ ਨੂੰ ਸੰਗਤਾਂ ਦੀ ਸੇਵਾ ਤੋਂ ਵਾਂਜਿਆ ਨਾ ਰਖਿਆ ਜਾਵੇ। ਵਰਦਾਨ ਬਖਸ਼ੋ ਕਿ ਪੰਥ ਦੀ ਸੇਵਾ ਕੇਸੀਂ ਸਵਾਸੀਂ ਨਿਭ ਜਾਏ।

ਇਸ ਤਰ੍ਹਾਂ ਜਿਉਂ ਜਿਉਂ ਨਵਾਬ ਕਪੂਰ ਵਿੱਚ ਨਿਮਰਤਾ ਸੇਵਾ ਅਤੇ ਗੁਰ-ਸਿਖਾਂ ਨਾਲ ਮੈਤ੍ਰੀ ਭਾਵ ਵੱਧਦਾ ਗਿਆ, ਉਧਰ ਖਾਲਸੇ ਦਾ ਮਨ ਉਸ ਦੇ ਸਤਿਕਾਰ ਅਤੇ ਪਿਆਰ ਨਾਲ ਭਰਪੂਰ ਹੋ ਗਿਆ। ਆਪ ਦੀ ਅੱਖ ਦੇ ਇਸ਼ਾਰੇ ਪਰ ਸਰਬਤ ਖਾਲਸਾ ਆਪਣੇ ਆਪ ਨੂੰ ਵਾਰਨ ਵਿੱਚ ਮਾਣ ਸਮਝਦਾ ਸੀ। ਦਸਾਂ ਸਤਿਗੁਰਾਂ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਆਪ ਦਾ ਹੁਕਮ ਅਟਲ ਮੰਨਿਆ ਜਾਂਦਾ ਸੀ। ਆਪ ਦੇ ਮੁਖ ਤੋਂ ਉਚਰਿਆ ਵਾਕ ਸਦਾ ਪ੍ਰਫੁੱਲਤ ਹੁੰਦਾ ਸੀ। ਇਸ ਬਾਰੇ ਇਤਿਹਾਸ ਵਿੱਚ ਇਉਂ ਲਿਖਿਆ ਹੈ ਜੋ ਆਪ ਦੇ ਜੀਵਨ ਪਰ ਚੋਖਾ ਚਾਨਣਾ ਪਾਉਂਦਾ ਹੈ।

ਕਪੂਰ ਸਿੰਘ ਤਬ ਪੰਥ ਮਹਿ, ਗੁਰ ਸਮ ਮਾਨਯੋ ਜਾਤ
ਜਤੀ, ਸਤੀ, ਹਠੀ, ਤਪੀ ਯਾ ਬੀਰ ਬਲੀ ਬਖਿਆਤ ॥13॥

(ਵੇਖੋ ਜੀਵਨ ਬ੍ਰਿਤਾਂਤ ਨਵਾਬ ਕਪੂਰ ਸਿੰਘ ਪੰਨਾ 44-45)

---

1. ਖਿਲਅਤ ਵਿੱਚ ਇਹ ਵਸਤਾਂ ਸ਼ਾਮਲ ਸਨ :—

1) ਸ਼ਾਲ ਦੀ ਇੱਕ ਪੱਗ 2) ਇੱਕ ਜੜਾਊ ਕਲਗੀ 3) ਇੱਕ ਜਿਗਾ 4) ਇੱਕ ਜੋੜੀ ਕੰਗਣ ਸੋਨੇ ਦੇ 5) ਇੱਕ ਕੰਠਾ 6) ਇੱਕ ਬਹੁ-ਮੁਲੇ ਮੋਤੀਆਂ ਦੀ ਮਾਲਾ 7) ਇੱਕ ਜਾਮਾ ਕੀਮ ਖ਼ਾਬ ਦਾ 8) ਇੱਕ ਜੜਾਊ ਸ਼ਮਸ਼ੀਰ।

(ਜੀਵਨ ਨਵਾਬ ਕਪੂਰ ਸਿੰਘ ਪੰਨਾ 44 ਕ੍ਰਿਤ ਬਾਬਾ ਪ੍ਰੇਮ ਸਿੰਘ ਹੋਤੀ)

ਜਾਗੀਰ ਦਾ ਇਲਾਕਾ

ਪਰਗਣਾਂ ਚੂਹਨੀਆਂ, ਦੀਪਾਲਪੁਰ ਅਤੇ ਝਬਾਲ ਆਦਿ ਬਾਰਾਂ ਪਿੰਡਾਂ ਦੀ ਜਾਗੀਰ, ਗੁਰੂ ਚਕ ਸ੍ਰੀ ਅੰਮ੍ਰਿਤਸਰ ਦੇ ਨਾਮ ਲੱਗਾ ਦਿੱਤੀ ਗਈ ਖਾਲਸੇ ਨੂੰ ਖੁਲਾ ਵਿਚਰਨ ਦੀ ਆਗਿਆ ਹੋ ਗਈ। ਹਕੂਮਤ ਵੱਲੋਂ ਪਿਛਲੀ ਹੋਈ ਕਰੜਾਈ ਕਾਰਨ ਜਿਹੜੇ ਸਿੰਘ (1729 ਤੋਂ 1733 ਤੱਕ) ਪੰਜਾਬੋਂ ਬਾਹਰ ਚਲੇ ਗਏ ਸਨ, ਨਵਾਬੀ ਅਤੇ ਜਗੀਰ ਪ੍ਰਾਪਤ ਹੋਵਨ ਤੇ, ਜਿੱਥੇ ਜਿੱਥੇ ਪਤਾ ਲੱਗਾ, ਕਪੂਰ ਸਿੰਘ ਜੀ ਨੇ ਆਪਣੇ ਵਿਸਵਸਤ ਸਿੰਘਾਂ ਨੂੰ ਭੇਜ ਕੇ ਸਭ ਨੂੰ ਅੰਮ੍ਰਿਤਸਰ ਮੰਗਵਾ ਲਿਆ।

ਹੁਣ ਕੁਛ ਸਮਾਂ ਆਰਾਮ ਦਾ ਆਇਆ, ਮੁੱਖੀ ਸਿੰਘ ਤਾਂ ਸਾਰੇ ਸ੍ਰੀ ਅੰਮ੍ਰਿਤਸਰ ਹੀ ਰਹਿਣ ਲੱਗ ਪਏ ਅਤੇ ਬਾਕੀ ਬਹੁਤ ਸਾਰਾ ਖਾਲਸਾ ਆਪਣੇ ਘਰਾਂ ਨੂੰ ਵਹੀਰ ਘੱਤ ਗਿਆ। ਸ਼ਾਹੀ ਮਾਲ ਖਜਾਨਿਆਂ ਤੇ ਕਾਫਲਿਆਂ ਦੀ ਲੁੱਟਮਾਰ ਦੀ ਹੁਣ ਲੋੜ ਨਹੀਂ ਸੀ। ਅੰਮ੍ਰਿਤਸਰ ਖਾਲਸੇ ਦਾ ਲੰਗਰ ਖੁਲ੍ਹਾ ਚਲਦਾ ਸੀ। ਕਈ ਮੁਸੀਬਤਾਂ ਵਿੱਚੋਂ ਲੰਘ ਚੁੱਕੇ ਖਾਲਸਾ ਜੀ ਦਾ ਜੀਵਨ ਕੁੱਛ ਇਸ ਤਰ੍ਹਾਂ ਢਲ ਚੁਕਿਆ ਸੀ :—

ਉਸ ਸਮੇਂ ਸਿੰਘਾਂ ਦਾ ਆਪਸ ਵਿੱਚ ਬਹੁਤ ਪਿਆਰ ਤੇ ਏਕਾ ਸੀ। ਇੱਕ ਦੂਸਰੇ ਨੂੰ ਆਪਣੇ ਪ੍ਰਾਣਾਂ ਜੈਸਾ ਪਿਆਰਾ ਤੇ ਸੱਕਾ ਭਾਈ ਸਮਝਦਾ ਸੀ। ਨੀਚੀ ਉਚੀ ਜਾਤ ਪਾਤ ਦਾ ਕੋਈ ਭੇਦ ਨਹੀਂ ਸੀ। ਸਭ ਆਪ ਨੂੰ ਇੱਕ ਰੂਪ ਸੰਦ ਬੰਸ ਛੜ੍ਹੀ ਖਾਲਸਾ ਮੰਨਦੇ ਸੇ। ਜੋ ਕੋਈ ਕੁੱਛ ਕਮਾ ਕੇ ਕਿਧਰੋਂ ਲਿਆਂਦਾ। ਸੋ ਸਭ ਗੁਰੂ ਕੇ ਖਜਾਨੇ ਵਿੱਚ ਜਮ੍ਹਾਂ ਕਰਕੇ ਸਭਨਾਂ ਭਾਈਆਂ ਦੇ ਨਾਲ ਰਲ ਕੇ ਗੁਜ਼ਾਰਾ ਕਰਦਾ। ਵੱਧ ਘੱਟ ਲੈਣ ਦਾ ਕਿਸੇ ਨੂੰ ਖਿਆਲ ਨਾ ਫੁਰਦਾ। ਜੋ ਕੁਝ ਨਵਾਬ ਆਦਿਕ ਮੁਖੀਏ ਵਰਤਾਉਂਦੇ, ਉਸੇ ਪਰ ਆਨੰਦ ਰਹਿੰਦੇ ਅਤੇ ਦਿਨ ਰਾਤ ਗੁਰੂ ਦੀ ਬਾਣੀ ਪੜ੍ਹਦੇ ਹੋਏ ਸ਼ਸਤਰ ਵਿੱਦਿਆ ਸਿੱਖਦੇ ਸਿਖਾਉਂਦੇ। ਘੋੜਿਆਂ ਦੀ, ਸ਼ਸਤਰਾਂ ਦੀ ਲੰਗਰ ਦੀ ਟਹਿਲ ਕਰਦੇ ਰਹਿੰਦੇ। ਜੇਕਰ ਕਦੇ ਕਿਸੇ ਤੋਂ ਬੁਰਿਆਈ ਹੋ ਜਾਂਦੀ ਤਾਂ ਖਾਲਸੇ ਦੇ ਦੀਵਾਨ ਦੀ ਆਗਿਆ ਲੈ ਕੇ ਭਾਈ ਮਨੀ ਸਿੰਘ ਜੀ ਜਥਾ ਜੰਗ ਉਸ ਨੂੰ ਤਨਖਾਹ ਲਾ ਦੇਂਦੇ ਅਤੇ ਉਹ ਬਿਨਾਂ ਹੀਲ ਹੁਜਤ ਦੇ ਮੰਨ ਲੈਂਦਾ।

(ਗਿ: ਗਿਆਨ ਸਿੰਘ ਜੀ ਕ੍ਰਿਤ ਸ਼ਮਸ਼ੇਰ ਖਾਲਸਾ (ਭਾਸ਼ਾ ਵਿਭਾਗ ਛਾਪ) ਪੰਨਾ 118-119)

ਦੀਵਾਨ ਦਰਬਾਰਾ ਸਿੰਘ ਦਾ ਚਲਾਣਾ

ਸੰਨ 1734 ਹਾੜ ਵਿੱਚ ਦੀਵਾਨ ਦਰਬਾਰਾ ਸਿੰਘ ਜੀ ਸੱਚ ਖੰਡ ਪਿਆਨੇ ਕਰ ਗਏ। ਉਹਨਾਂ ਦੀ ਥਾਂਵੇਂ ਨਵਾਬ ਕਪੂਰ ਸਿੰਘ ਜੀ ਸਮੂਹ ਪੰਥ ਦੇ ਪ੍ਰਧਾਨ ਜਥੇਦਾਰ ਥਾਪੇ ਗਏ। ਇਹਨਾਂ ਨੇ ਦਲ ਖਾਲਸੇ ਦੇ ਸੌਖੇ ਪ੍ਰਬੰਧ ਕਰਨ ਹਿਤ, ਸਮੂਹ ਜਥੇਦਾਰਾਂ ਦੀ ਸਲਾਹ ਨਾਲ ਦਲ ਨੂੰ ਬੁੱਢਾ ਦਲ ਅਤੇ ਤਰੁਣਾ (ਜੁਆਨ) ਦਲਾਂ ਵਿੱਚ ਵੰਡਿਆ। ਤਰੁਣਾ ਦਲ ਨੂੰ ਅੱਗੋਂ ਪੰਜਾ ਜਥਿਆਂ ਵਿੱਚ ਵੰਡਿਆ ਜਿਵੇਂ :—

1. ਜਥਾ ਸ਼ਹੀਦਾ — ਜਥੇਦਾਰ ਬਾਬਾ ਦੀਪ ਸਿੰਘ ਜੀ ਸ਼ਹੀਦ ਅਤੇ ਸਹਾਇਕ ਜਥੇਦਾਰ, ਨੱਥਾ ਸਿੰਘ, ਗੁਰਬਖਸ਼ ਸਿੰਘ।
2. ਜਥਾ ਅੰਮ੍ਰਿਤਸਰੀਆਂ — ਜਥੇਦਾਰ ਕਰਮ ਸਿੰਘ, ਧਰਮ ਸਿੰਘ ਖੱਤਰੀ।
3. ਜਥਾ ਸਾਹਿਬਜਾਦਿਆਂ — ਜਥੇਦਾਰ ਬਾਬਾ ਕਾਹਨ ਸਿੰਘ ਭੱਲਾ, ਸਹਾਇਕ ਬਾਬਾ ਮੀਰੀ ਸਿੰਘ ਭੱਲਾ, ਹਰੀ ਸਿੰਘ ਢਿਲੋਂ, ਬਾਘ ਸਿੰਘ ਆਹਲੂਵਾਲੀਆ।
4. ਜਥਾ ਡੱਲੇ ਵਾਲੀਆ — ਜਥੇਦਾਰ ਦਸੌਂਦਾ ਸਿੰਘ ਗਿੱਲ ਜੱਟ ਪਿੰਡ ਕੋਟ ਬੁੱਢਾ।
5. ਜਥਾ ਰੰਘਰੇਟਿਆਂ — ਜਥੇਦਾਰ ਬੀਰ ਸਿੰਘ, ਸਹਾਇਕ ਜੀਊਣ ਸਿੰਘ, ਮਦਨ ਸਿੰਘ, ਅਮਰ ਸਿੰਘ।

ਇਹਨਾਂ ਪੰਜਾਂ ਜਥਿਆਂ ਦੇ ਸਰਦਾਰਾਂ ਨੂੰ ਇੱਕ ਇੱਕ ਨਿਸ਼ਾਨ ਤੇ ਨਗਾਰਾ ਦੇ ਕੇ, ਰਾਮਸਰ, ਸੰਤੋਖਸਰ ਬਬੇਕਸਰ ਆਦਿ ਥਾਵਾਂ ਤੇ ਡੇਰੇ ਕਰਵਾ ਦਿੱਤੇ। ਅਕਾਲ ਬੁੰਗੇ ਕੇਵਲ ਬੁੱਢਾ ਦਲ ਰਹਿ ਗਿਆ ਜਿਸ ਦੇ ਜਥੇਦਾਰ ਨਵਾਬ ਕਪੂਰ ਸਿੰਘ ਅਤੇ ਸਹਾਇਕ ਜਥੇਦਾਰ, ਜੱਸਾ ਸਿੰਘ ਆਹਲੂਵਾਲੀਆ ਅਤੇ ਭਾਈ ਬਿਰਾਜ ਸਿੰਘ ਜੀ ਸਨ।

ਤਦੋਂ ਸਿੰਘਾਂ ਵਿੱਚ ਇਹ ਦਸਤੂਰ ਪ੍ਰਚੱਲਤ ਸੀ :—

(1) ਹਰ ਇੱਕ ਸਿੰਘ ਨੂੰ ਖੁਲ੍ਹ ਸੀ ਕਿ ਜਿਸ ਜਥੇਦਾਰ ਨਾਲ ਉਸਦਾ ਦਿਲ ਮਿਲੇ, ਉਹ ਉਸੇ ਦੇ ਜਥੇ ਵਿੱਚ ਸ਼ਾਮਿਲ ਹੋ ਜਾਵੇ।

(2) ਕੋਈ ਸਿੰਘ ਬਿਨਾਂ ਆਗਿਆ ਰਾਤ ਬਾਹਰ ਨਹੀਂ ਸੀ ਰਹਿ ਸਕਦਾ ਅਗਰ ਕੋਈ ਅਵਗਿਆ ਕਰਦਾ ਸੀ ਤਾਂ ਅਗਲੇ ਦਿਨ ਤਨਖਾਹ ਲਗਵਾ ਕੇ ਬਖਸ਼ਾਂਦਾ ਸੀ।

(3) ਜੇਕਰ ਆਗਿਆ ਨਾ ਲੈ ਕੇ ਘਰ ਜਾਂਦਾ ਤਾਂ ਪਰਤ ਕੇ ਆਵਨ ਤੇ ਦੀਵਾਨ ਵਿੱਚ ਤਨਖਾਹ ਲਗਵਾ ਕ ਦਲ ਵਿੱਚ ਰਲਦਾ ਸੀ।

(4) ਜੋ ਵੀ ਮਾਲ, ਧਨ, ਕਮਾਈ, ਕਾਰ ਭੇਟਾ ਅਥਵਾ ਲੁੱਟ ਦਾ ਸਿੰਘ ਲਿਆਉਂਦੇ ਉਹ ਗੁਰੂ ਕੀ ਗੋਲਕ ਵਿੱਚ ਪੈਂਦਾ।

(ਪੰ: ਪ੍ਰ: ਰ: ਸ: ਸ: ਭੰਗੂ ਪੰਨਾ 201)

ਬਸਤਰਾਂ ਸ਼ਸਤਰਾਂ ਅਤੇ ਲੰਗਰ ਆਦਿ ਵਾਸਤੇ ਮਾਇਆ ਪ੍ਰਧਾਨ ਜਥੇਦਾਰ ਆਪਣੇ ਸਲਾਹਕਾਰਾਂ ਦੇ ਮਸ਼ਵਰੇ ਨਾਲ ਦਿਆ ਕਰਦਾ ਸੀ। ਅਮਨ ਹੋ ਜਾਣ ਕਰਕੇ ਦਲ ਖਾਲਸੇ ਵਿੱਚ ਦਿਨੋ ਦਿਨ ਵਾਧਾ ਹੋਣ ਲੱਗ ਪਿਆ—ਲੁੱਟ ਮਾਰ ਬੰਦ ਹੋ ਚੁੱਕੀ ਸੀ ਤੇ ਜਾਗੀਰ ਦੀ ਆਮਦਨ ਸੀਮਤ ਸੀ। ਗੁਜ਼ਾਰਾ ਮੁਸ਼ਕਿਲ ਨਾਲ ਹੁੰਦਾ ਵੇਖ ਸਮੂੰਹ ਪੰਥ ਦੀ ਸਲਾਹ ਨਾਲ ਤਰੁਣਾ ਦਲ ਹਾਂਸੀ ਹਿਸਾਰ ਨੂੰ ਚਾਲੇ ਪਾ ਗਿਆ। ਪਿੱਛੋਂ ਸ੍ਰੀ ਅੰਮ੍ਰਿਤਸਰ ਸਾਹਿਬ ਅਕਾਲ ਬੁੰਗੇ ਕੇਵਲ ਬੁਢਾ ਦਲ ਹੀ ਰਹਿ ਗਿਆ।

ਜਾਗੀਰ ਦੀ ਜ਼ਬਤੀ

ਤਾਕਤ ਖਿੰਡੀ ਵੇਖ ਕੇ, ਸੂਬੇਦਾਰ ਲਾਹੌਰ ਨੇ ਸੰਨ 1735 ਵਿੱਚ ਜਾਗੀਰ ਜ਼ਬਤ ਕਰ ਲਈ ਅਤੇ ਸਮੇਤ ਜਥੇ ਨਵਾਬ ਕਪੂਰ ਸਿੰਘ ਜੀ ਨੂੰ ਸਰਕਾਰੀ ਨੌਕਰੀ ਕਰਨ ਵਾਸਤੇ ਕਿਹਾ। ਸਿੰਘਾਂ ਨੇ ਇਹ ਸ਼ਰਤ ਪ੍ਰਵਾਨ ਨਾ ਕੀਤੀ। ਹਰਿਮੰਦਰ ਸਾਹਿਬ ਦੇ ਚੜ੍ਹਾਵੇ ਨਾਲ ਬੁੱਢਾ ਦਲ ਦਾ ਖਰਚ ਨਹੀਂ ਸੀ ਚਲਦਾ ਤੇ ਨਾ ਹੀ ਫੌਜੀ ਸਿੰਘ ਚੜ੍ਹਾਵੇ ਤੋਂ ਖਰਚ ਲੈਣਾ ਹੀ ਮੰਨਦੇ ਸਨ। ਸੋ ਹਾਰ ਕੇ ਫਿਰ ਸਿੰਘਾਂ ਨੂੰ ਆਪਣਾ ਪਹਿਲਾ ਢੰਗ ਅਪਨਾਉਣਾ ਪਿਆ। ਅੰਮ੍ਰਿਤਸਰੋਂ ਉਠ ਕੇ ਪਿੰਡੋ ਪਿੰਡ ਮਾਮਲਾ ਉਗਰਾਹੁਣ ਲਗ ਪਏ।

ਗਸ਼ਤੀ ਫੌਜ

ਸਿੰਘਾਂ ਦੀ ਇਸ ਲੁੱਟ ਮਾਰ ਨੂੰ ਰੋਕਣ ਅਤੇ ਮਾਝੇ ਵਿੱਚੋਂ ਸਿੰਘਾਂ ਦੀ ਸਫਾਈ ਵਾਸਤੇ ਸੂਬਾ ਲਾਹੌਰ ਨੇ ਦੀਵਾਨ ਲਖਪਤ ਰਾਇ ਅਤੇ ਆਪਣੇ ਭਤੀਜੇ ਮੁਖਲਸ ਖਾਂ ਦੇ ਤਹਿਤ ਦਸ ਹਜ਼ਾਰ ਫੌਜ ਇਲਾਕੇ ਵਿਚ ਫਿਰਨ ਲਈ ਨਿਯਤ ਕੀਤੀ। ਤੰਗ ਆ ਕੇ ਸਿੰਘ ਮਾਲਵੇ ਨੂੰ ਨਿਕਲ ਗਏ। ਇੱਕ ਦਿਨ ਨਵਾਬ ਕਪੂਰ ਸਿੰਘ ਦਾ ਡੇਰਾ ਬਰਨਾਲੇ ਜਾ ਉਤਰਿਆ। ਇਹ ਉਦੋਂ ਪਟਿਆਲਾ ਪਤਿ ਬਾਬੇ ਆਲਾ ਸਿੰਘ ਦੀ ਰਾਜਧਾਨੀ ਸੀ।

ਬਾਬੇ ਆਲਾ ਸਿੰਘ ਦਾ ਅੰਮ੍ਰਿਤ ਛਕਣਾ

ਬਾਬੇ ਆਲਾ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਇਆ। ਇਕੱਠੇ ਹੋਏ ਸਰਬਤ ਖਾਲਸੇ ਨੂੰ ਲੰਗਰ ਛਕਾਇਆ, ਹਰ ਇੱਕ ਸਿੰਘ ਨੂੰ ਬਸਤਰ ਭੇਟਾ ਕੀਤੇ ਅਤੇ ਆਪ ਸਮੇਤ ਪ੍ਰਵਾਰ ਨਵਾਬ ਕਪੂਰ ਸਿੰਘ ਜੀ ਹੱਥੋਂ ਅੰਮ੍ਰਿਤ ਪਾਨ ਕੀਤਾ।

ਸਰਹੰਦ ਆਦਿ ਦੀ ਸੋਧ

ਸੰਨ 1736 ਵਿੱਚ ਬੁੱਢਾ ਦਲ ਮਲੇਰਕੋਟਲੇ ਥੀਂ ਹੁੰਦਾ ਹੋਇਆ ਸਰਹੰਦ ਦੁਆਲੇ ਜਾ ਗੱਜਿਆ। ਚੁਗਲਾਂ ਚੌਧਰੀਆਂ ਨੂੰ ਲੁੱਟਦੇ ਤੇ ਸੋਧਦੇ ਸਤਲੁਜ ਟੱਪ ਦੁਆਬਾ ਜਲੰਧਰ ਵਿੱਚ ਆ ਵੜੇ। ਬੁੱਢਾ ਦਲ ਤੇ ਤਰੁਣਾ ਦਲ ਫਿਰ ਇਕੱਠੇ ਹੋ ਗਏ। ਪਹਿਲੂੰ ਗੋਇੰਦਵਾਲ ਫਿਰ ਖਡੂਰ ਸਾਹਿਬ ਜਾ ਮੇਲ ਕੀਤਾ। ਇਥੋਂ ਤਰੁਨਾ ਦਲ ਤਰਨ ਤਾਰਨ ਜਾਂ ਬੈਠਾ ਤੇ ਬੁੱਢਾ ਦਲ ਬਾਸਰਕੀ ਬੀੜ ਵਿੱਚ ਜਾ ਲੱਥਾ—ਇਹ ਗੱਲ ਕੱਤਕ 1736 ਈ: ਦੀ ਹੈ।

ਜੰਗ ਬਾਸਰਕੀ

ਸੂਬਾ ਲਾਹੌਰ ਨੇ ਖਬਰ ਮਿਲਦੇ ਸਾਰ ਸੱਤ ਹਜ਼ਾਰ ਫੌਜ ਦੀਵਾਨ ਲਖਪਤ ਰਾਏ, ਹੈਬਤ ਖਾਂ ਤੇ ਸਲਾਬਤ ਦੀਨ ਆਦਿ ਜਰਨੈਲਾਂ ਨੂੰ ਦੇ ਕੇ ਸਿੰਘਾਂ ਨੂੰ ਸੋਧਣ ਲਈ ਭੇਜਿਆ। ਬੜੇ ਘਮਸਾਨ ਦਾ ਯੁੱਧ ਮਚਿਆ। ਸਿੰਘ ਭਾਵੇਂ ਗਿਣਤੀ ਵਿੱਚ ਥੋੜੇ ਹੀ ਸਨ ਪਰ ਇਹਨਾਂ ਨੇ ਕੁਤਬ ਖਾਂ ਅਤੇ ਸਲਾਬਤ ਖਾਂ ਦੋਹਾਂ ਨੂੰ ਜੰਗ ਵਿੱਚ ਮਾਰ ਲਿਆ। ਸ਼ਾਹੀ ਫੌਜ ਭੱਜਣ ਹੀ ਵਾਲੀ ਸੀ ਕਿ ਲਾਹੌਰ ਤੋਂ ਹੋਰ ਫੌਜ ਆ ਗਈ। ਖਾਲਸਾ ਹਰਨ ਹੋ ਗਿਆ ਤੇ ਖੇਮ ਕਰਨ ਜਾ ਨਿਕਲਿਆ। ਇਥੇ ਤਰੁਣਾ ਦਲ ਵੀ ਆਣ ਮਿਲਿਆ ਤੇ ਦੋਵੇਂ ਦਲ ਮਿਲਕੇ ਚੂਹਣੀਆਂ (ਜ਼ਿ: ਲਾਹੌਰ) ਵੱਲ ਨੂੰ ਹੋ ਤੁਰੇ।

ਜੰਗ ਹੁਜਰਾ ਸ਼ਾਹ ਮੁਕੀਮ

ਸ਼ਾਹੀ ਫੌਜ ਪਿੱਛੇ ਆ ਰਹੀ ਸੀ। ਸਿੰਘਾਂ ਨੂੰ ਬਾਸਰਕੀ ਵਾਲੀ ਹਾਰ ਦਾ ਬੜਾ ਗੁੱਸਾ ਸੀ। ਹੁਜਰਾ ਪੁਜ ਜੰਗ ਸ਼ੁਰੂ ਹੋ ਗਈ। ਸਿੰਘਾਂ ਨੇ ਉਹ ਮਾਰ ਮਾਰੀ ਕਿ ਸ਼ਾਹੀ ਸੈਨਾ ਹਜ਼ਾਰਾਂ ਜਵਾਨ ਤੇ ਜਮਾਲ ਖਾਂ, ਤਾਤਾਰ ਖਾਂ ਅਤੇ ਲਖਪਤ ਰਾਏ ਦੇ ਭਤੀਜੇ ਦੁਨੀ ਚੰਦ ਵਰਗੇ ਜਰਨੈਲ ਮਰਵਾ ਕੇ ਲਾਹੌਰ ਨੂੰ ਨੱਸ ਗਈ। ਇਥੇ ਖਾਲਸੇ ਨੂੰ ਪੂਰੀ ਫਤਿਹ ਹੋਈ ਅਤੇ ਹਜ਼ਾਰਾਂ ਰੁਪੈ ਦਾ ਸਾਮਾਨ ਸ਼ਾਹੀ ਸੈਨਾ ਦੇ ਡੇਰਿਓਂ ਹੱਥ ਆਇਆ।

ਸਿੰਘ ਇਥੋਂ ਵਿਹਲੇ ਹੋ ਕੇ, ਰਿਆੜਕੀ ਨੂੰ ਹੋ ਗਏ। ਇਲਾਕਾ ਲੁੱਟਕੇ ਰਾਵੀਓਂ ਪਾਰ ਸਿਆਲਕੋਟ ਤੇ ਵਜ਼ੀਰਾਬਾਦ ਜਾ ਸੋਧੇ।

ਅੰਮ੍ਰਿਤਸਰ ਤੇ ਸ਼ਾਹੀ ਕਬਜ਼ਾ

ਜ਼ਕਰੀਆ ਖਾਨ ਨੇ ਤੰਗ ਆ ਕੇ ਅੰਮ੍ਰਿਤਸਰ ਸਰੋਵਰ ਤੇ ਪਹਿਰੇ ਲਗਵਾ ਦਿੱਤੇ ਕਿ ਕਿਸੇ ਸਿੰਘ ਨੂੰ ਇਸ਼ਨਾਨ ਨ ਕਰਨ ਦਿਉ—ਫਿਰ ਵੀ

ਸੁਖਾਂ ਸਿੰਘ ਮਾੜੀ ਕੰਬੋਕੀ ਤੇ ਬਰਾਜ ਸਿੰਘ ਇਸ਼ਨਾਨ ਕਰਦੇ ਜੈਕਾਰੇ ਗਜਾਂਦੇ ਗਿੱਲਵਾਲੀ ਦਰਵਾਜਿਓਂ ਬਾਹਰ ਹੋ ਗਏ ਜਿਥੇ ਉਹਨਾਂ ਦੇ ਬਾਕੀ ਸਾਥੀ ਬੈਠੇ ਸਨ। ਸ਼ਾਹੀ ਸੈਨਾ ਫੜਨ ਆਈ ਅਗੋਂ ਸਿੰਘ ਕੁਦਾੜ ਕੇ ਪੈ ਗਏ। ਗਹਿ ਗਚ ਲੜਾਈ ਹੋਈ ਸ਼ਾਹੀ ਸੈਨਾ ਦੇ ਦੋ ਸੌ ਦੇ ਨੇੜੇ ਮਰੇ ਜਾਂ ਫਟੜ ਹੋਏ। ਮਰਨ ਵਾਲਿਆਂ ਵਿੱਚ ਕਾਜ਼ੀ ਅਬਦੁਲ ਰਹਿਮਾਨ ਤੇ ਉਸਦਾ ਪੁੱਤਰ ਵੀ ਸੀ। ਸਿੰਘ ਫਿਰ ਜੰਗਲਾਂ ਵੱਲ ਹਰਨ ਹੋ ਗਏ। ਇਹ ਘਟਨਾ ਸੰਨ 1737 ਦੀ ਹੈ।

ਸਰੋਵਰ ਦੀ ਬੇਅਦਬੀ

ਸੂਬੇਦਾਰ ਲਾਹੌਰ ਨੇ ਦੀਵਾਨ ਲਖਪਤ ਰਾਏ ਨੂੰ ਅੰਮ੍ਰਿਤਸਰ ਭੇਜਿਆ ਉਸ ਨੇ ਆ ਕੇ ਸਰੋਵਰ ਮਿੱਟੀ ਨਾਲ ਪੂਰ ਦਿੱਤਾ—ਤੇ ਕਾਜ਼ੀ ਅਬਦੁਲ ਰਜ਼ਾਕ ਨੂੰ ਉਥੋਂ ਦਾ ਕੋਤਵਾਲ ਮੁਕੱਰਰ ਕੀਤਾ।

ਦੀਪ ਮਾਲਾ ਦਾ ਮੇਲਾ

ਸੰਨ 1738 ਈ: ਵਿੱਚ ਸਿੰਘਾਂ ਦਾ ਅੰਮ੍ਰਿਤਸਰ ਆਣਾ ਜਾਣਾ ਬਿਲਕੁਲ ਬੰਦ ਹੋ ਗਿਆ। ਭਾਈ ਮਨੀ ਸਿੰਘ ਜੀ ਦਰਬਾਰ ਸਾਹਿਬ ਦੇ ਸੇਵਾਦਾਰ ਸਨ। ਉਨ੍ਹਾਂ ਨੂੰ ਇਹ ਦੁੱਖ ਅਸਹਿ ਹੋ ਰਿਹਾ ਸੀ। ਸੋ ਉਹਨਾਂ ਕਾਜ਼ੀ ਅਬਦੁਲ ਰਜਾਕ ਨਾਲ ਦਿਵਾਲੀ ਦੇ ਮੇਲੇ ਬਾਰੇ ਗੱਲ ਬਾਤ ਕੀਤੀ। ਫੈਸਲਾ ਹੋਇਆ ਕਿ ਦਸ ਦਿਨ ਮੇਲਾ ਹੋਵੇਗਾ। ਭਾਈ ਮਨੀ ਸਿੰਘ ਮੇਲੇ ਦੇ ਠੇਕੇ ਵਜੋਂ ਪੰਜ ਹਜ਼ਾਰ ਤੇ ਕਾਜ਼ੀ ਦੀ ਰਿਸ਼ਵਤ ਦੋ ਹਜਾਰ ਰੁਪੈ ਤਾਰਨਗੇ। ਤਿਆਰੀਆਂ ਸ਼ੁਰੂ ਹੋ ਗਈਆਂ।

ਭਾਈ ਮਨੀ ਸਿੰਘ ਜੀ ਦਾ ਖਿਆਲ ਸੀ ਕਿ ਸੰਗਤਾਂ ਇਕੱਠੀਆਂ ਹੋਵਣਗੀਆਂ, ਮਾਇਆ ਦੇ ਚੜ੍ਹਾਵੇ ਵਿਚੋਂ ਹਾਕਮਾਂ ਦਾ ਘਰ ਪੂਰਾ ਕਰਕੇ ਬਾਕੀ ਬਚੀ ਰਕਮ ਨਾਲ ਹਰਿਮੰਦਰ ਦੀ ਸੇਵਾ ਹੋ ਜਾਵੇਗੀ। ਗੁਰਮੁਖ ਪਿਆਰੇ, ਸ਼ੁਧ ਹਿਰਦਾ, ਭਾਈ ਮਨੀ ਸਿੰਘ ਜੀ ਨੂੰ ਕੀਹ ਪਤਾ ਕਿ ਹਾਕਮਾਂ ਦੇ ਦਿਲ ਅੰਦਰ ਬੇਈਮਾਨੀ ਕੁਟ ਕੁਟ ਕੇ ਭਰੀ ਪਈ ਹੈ ਕਿ ਸਿੰਘ ਇਕੱਠੇ ਹੁੰਦੇ ਹਨ ਤਾਂ ਫੜ ਕੇ ਦਿੱਲੀ ਭੇਜ ਦਿੱਤੇ ਜਾਵਨ, ਨਾ ਰਹੇਗਾ ਬਾਂਸ ਨਾ ਵੱਜੇਗੀ ਬੰਸਰੀ। ਇਸ ਦੀ ਪੂਰਤੀ ਵਾਸਤੇ ਲਾਹੌਰੋਂ ਬਹੁਤ ਸਾਰੀ ਸ਼ਾਹੀ ਸੈਨਾ ਦੇ ਆਵਨ ਤੋਂ ਭਾਈ ਮਨੀ ਸਿੰਘ ਜੀ ਹਾਕਮਾਂ ਦੀ ਕੁਟਲ ਨੀਤੀ ਸਮਝ ਗਏ। ਉਹਨਾਂ ਨੇ ਜਥਿਆਂ ਦੇ ਨਾਮ ਮੋੜਵੀਆਂ ਚਿੱਠੀਆਂ ਲਿਖ ਭੇਜੀਆਂ ਜਿਸ ਤੇ ਸਿੰਘ ਤਾ ਨਾ ਆਏ। ਕੁਛ ਕੁ ਉਦਾਸੀ, ਨਿਰਮਲੇ, ਸਾਧੂ ਅਤੇ ਸੂਫੀ ਫਕੀਰ ਹੀ ਆਏ ਤੇ ਮੇਲਾ ਨਾ ਲੱਗਾ।

ਦੀਪ ਮਾਲਾ ਦੇ ਦਿਨ ਗੁਜਰਨ ਤੇ ਹਾਕਮਾਂ ਠੇਕਾ ਮੰਗਿਆ ਜਿਸ ਤੇ ਭਾਈ ਸਾਹਿਬ ਨੇ ਠੋਕ ਕੇ ਜਵਾਬ ਦਿੱਤਾ ਕਿ ਤੁਸਾਂ ਬੇਲੋੜੀ ਫੌਜ ਭੇਜ ਕੇ ਮੇਲਾ ਨਹੀਂ ਲੱਗਣ ਦਿੱਤਾ ਤੇ ਹੁਣ ਠੇਕਾ ਕਾਹਦਾ ? ਤੇ ਕਿੱਥੋਂ ਤਾਰੀਏ ? ਅੰਤ ਲਾਹੌਰ ਸਰਕਾਰ ਦੇ ਹੁਕਮ ਨਾਲ ਦੀਵਾਨ ...ਖਪਤ ਰਾਏ ਅੰਮ੍ਰਿਤਸਰ ਆ ਕੇ ਭਾਈ ਮਨੀ ਸਿੰਘ ਜੀ ਨੂੰ ਕੈਦ ਕਰਕੇ ਲੈ ਗਿਆ।

ਜਦ ਭਾਈ ਸਾਹਿਬ ਦੀ ਪੇਸ਼ੀ ਹੋਈ ਤਾਂ ਸੂਬੇ ਨੇ ਠੇਕੇ ਦੀ ਮੰਗ ਦੁਹਰਾਈ। ਭਾਈ ਸਾਹਿਬ ਨੇ ਮੇਲ੍ਹਾ ਜੀਉਣ ਲੱਗਣ ਦੇਣ ...ਨ ਹਕੂਮਤ ਤੇ ਜਾਇਆ, ਠੇਕਾ ਨਾ ਤਾਰਨ ਦੀ ਆਪਣੀ ਅਸਮਰਥਾ ਜਾਹਿਰ ਕੀਤੀ ਤਾਂ ਸੂਬੇ ਨੇ ਆਖਿਆ ਜਾਂ ਇਸਲਾਮ ਕਬੂਲ ਕਰੋ ਜਾਂ ਕਤਲ ਹੋਣ ਲਈ ਤਿਆਰ ਹੋ ਜਾਵੋ ਤਾਂ ਭਾਈ ਸਾਹਿਬ ਨੇ ਫੁਰਮਾਇਆ :—

"ਖਾਨ ਬਹਾਦਰ, ਜੇ ਅੱਗੇ ਕਿਸੇ ਸਿਖ ਨੇ ਧਰਮ ਤਿਆਗਿਆ ਹੈ ਤਾਂ ਮੇਰੇ ਤੇ ਵੀ ਸੁਆਲ ਕਰ ਲੈਂਦਾ। ਸਿਖ ਧਰਮ ਤਿਆਗਣ ਨਾਲੋਂ ਸਰੀਰ ਤਿਆਗਣਾ ਚੰਗਾ ਸਮਝਦਾ ਹੈ ਸੋ ਖਾਲਸਾ ਹਾਜਰ ਹੈ।"

ਸੂਬੇ ਦੇ ਪੁੱਛਣ ਤੇ, ਕਾਜ਼ੀ ਨੇ ਭਾਈ ਮਨੀ ਸਿੰਘ ਜੀ ਦੇ ਬੰਦ ਬੰਦ ਕੱਟਣ ਦਾ ਫੱਤਵਾ ਦਿੱਤਾ। ਲਾਹੌਰੀ ਨਿਵਾਸੀ ਸਿਖਾਂ ਨੇ ਭਾਈ ਮਨੀ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਅਸੀਂ ਲੋੜੀਂਦੀ ਰਕਮ ਤਿਆਰ ਕਰ ਲਈ ਹੈ। ਤੁਸੀਂ ਦੇ ਕੇ ਆਪਣੀ ਬੰਦ ਖਲਾਸ ਕਰਾ ਲਵੋ ਤਾਂ ਮਹਾਨ ਆਤਮਾ, ਆਤਮ ਗਿਆਨੀ ਭਾਈ ਮਨੀ ਸਿੰਘ ਨੇ ਫਰਮਾਇਆ,

"ਇਸ ਹਕੂਮਤ ਕੋਲ ਇਨਸਾਫ ਨਹੀਂ। ਅਗਰ ਅਜ ਮੈਂ ਟਕੇ ਤਾਰ ਕੇ ਬਚ ਜਾਵਾਂ ਕਲ ਨੂੰ ਇਹ ਫਿਰ ਮੈਨੂੰ ਫੜ ਲੈਣਗੇ, ਫਿਰ ਟਕੇ ਤਲਬ ਕਰਨਗੇ। ਨਹੀਂ ਇਹ ਜ਼ੁਲਮ ਹੈ, ਖਾਲਸਾ ਜ਼ੁਲਮ ਅਗੇ ਨਹੀਂ ਝੁਕੇਗਾ। ਤੁਸੀਂ ਧੰਨ ਹੋ ਜਿਨ੍ਹਾਂ ਮੇਰੇ ਵਾਸਤੇ ਇਤਨਾ ਕੁਝ ਕੀਤਾ ਹੈ। ਬਸ ਸਾਡੀ ਹੁਣ ਅਗਾਹਾਂ ਦੀ ਤਿਆਰੀ ਹੈ।

...ਦਾ ਸ... ਜਦੋਂ ਸਮੇਤ 1795 ਬਿਕਰਮੀ (1738 ਈ:)[1] ਨੂੰ ਭਾਈ ਮਨੀ ਸਿੰਘ ਜੀ (ਮੁਲਤਾਨੀ) ਨੂੰ ਬੰਦ ਬੰਦ ਕਟ ਕੇ ਲਾਹੌਰ

ਦੇ ਚੌਂਕ ਨਖਾਸ ਵਿੱਚ ਸ਼ਹੀਦ ਕੀਤਾ ਗਿਆ। ਲਾਹੌਰੀ ਸਿਖਾਂ ਨੇ ਆਪ ਜੀ ਦਾ ਅੰਤਮ ਸੰਸਕਾਰ ਕਿਲੇ ਦੇ ਚੜ੍ਹਦੇ ਦਰਵਾਜ਼ਿਓਂ ਬਾਹਰ ਕੀਤਾ ਜਿੱਥੇ ਲਾਹੌਰੀ ਸਿਖਾਂ ਨੇ ਆਪ ਜੀ ਦੀ ਯਾਦਗਾਰ ਵਿੱਚ ਇੱਕ ਗੁਰਦਵਾਰਾ ਸਥਾਪਤ ਕੀਤਾ। ਜੋ ਕਿ ਪਾਕਿਸਤਾਨ ਬਣਨ (1947 ਈ:) ਤੱਕ ਬਿਲਕੁਲ ਮੌਜੂਦ ਸੀ।

ਭਾਈ ਮਨੀ ਸਿੰਘ ਜੀ ਵਾਸਤੇ ਖਾਲਸੇ ਦੇ ਦਿਲ ਵਿੱਚ ਅਗਾਧ ਸਤਿਕਾਰ ਸੀ। ਉਹਨਾਂ ਦੀ ਸ਼ਹੀਦੀ ਨਾਲ ਖਾਲਸੇ ਦੇ ਦਿਲਾਂ ਅੰਦਰ ਤੂਫਾਨ ਉਠ ਖੜਾ ਹੋਇਆ। ਖਾਲਸੇ ਨੇ ਦੁਸ਼ਟਾਂ ਦੀ ਸੁਧਾਈ ਸ਼ੁਰੂ ਕਰ ਦਿੱਤੀ।

ਦੁਸ਼ਟਾਂ ਦੀ ਸੋਧ

ਨਵਾਬ ਕਪੂਰ ਸਿੰਘ ਜੀ ਆਪਣਾ ਜੱਥਾ ਲੈ ਕੇ ਸਾਂਦਲਬਾਰ ਨੂੰ ਨਿਕਲ ਗਏ। ਜਸਪਤ ਰਾਏ ਦੇ ਸਾਥੀ ਅਬਦੁਲ ਰਜ਼ਾਕ, ਜਿਹੜਾ ਕਿ ਭਾਈ ਮਨੀ ਸਿੰਘ ਜੀ ਨੂੰ ਫੜਾਣ ਵੇਲੇ ਨਾਲ ਸੀ ਅਤੇ ਜਿਸ ਦੀ ਨਿਗਰਾਨੀ ਥੱਲੇ ਭਾਈ ਸਾਹਿਬ ਨੂੰ ਸ਼ਹੀਦ ਕੀਤਾ ਗਿਆ ਸੀ। ਉਸ ਨੂੰ ਉਸ ਦੇ ਜੱਦੀ ਪਿੰਡ ਅਲੀਗੜ੍ਹ (ਜ਼ਿ: ਗੁਜਰਾਂਵਾਲੇ) ਵਿੱਚ ਜਾ ਕੇ ਕਤਲ ਕੀਤਾ। ਪਿੰਡ ਨੂੰ ਲੁੱਟ ਕੇ ਸਾੜਫੂਕ ਬਰਾਬਰ ਕੀਤਾ। ਇਸ ਦਾ ਨਵਾਂ ਨਾਮ ਅਕਾਲਗੜ੍ਹ ਰੱਖਿਆ।

ਫਤਵਾ ਦੇਣ ਵਾਲੇ ਮੁਜੰਗ ਨਿਵਾਸੀ ਮੁਫਤੀ ਨੂੰ ਭਾਈ ਥਿਰਾਜ ਸਿੰਘ ਨੇ ਉਸ ਦੇ ਘਰ ਮੁਜੰਗੀਂ ਕਤਲ ਕੀਤਾ।

ਗਸ਼ਤੀ ਫੌਜ

ਜਦ ਇਸ ਤਰ੍ਹਾਂ ਖਾਲਸੇ ਨੇ 1738 ਈ: ਨੂੰ ਸੁਧਾਈ ਸ਼ੁਰੂ ਕੀਤੀ ਤਾਂ ਸੂਬਾ ਲਾਹੌਰ ਨੇ ਸਾਂਦਲਬਾਰ ਵਿੱਚ, ਨਵਾਬ ਕਪੂਰ ਸਿੰਘ ਦੇ ਜਥੇ ਨੂੰ ਫੜਨ ਵਾਸਤੇ ਸਮੁੰਦ ਖਾਂ ਨੂੰ ਗਸ਼ਤੀ ਫੌਜ ਦੇ ਕੇ ਭੇਜਿਆ—ਇਸਦੀ ਟੱਕਰ ਖਾਲਸੇ ਨਾਲ, ਪਿੰਡ ਕਾਲਕਿਆ ਤੇ ਪਹਾੜ ਦੀ ਗੁਠੇ ਪਿੰਡ ਮਾਣਕ ਦੇ ਠੱਟੇ ਕੋਲ ਹੋ ਪਈ। ਆਪਣੀ ਅਰੂੜੀ ਉੱਤੇ ਤਾਂ ਕੁਕੜ ਵੀ ਮਾਨ ਨਹੀਂ—ਵਿਰਕ ਤਪੇ, ਵਿਰਕਾਂ ਦੇ ਘਰ ਵਿੱਚ ਆ ਕੇ ਸਮੁੰਦ ਖਾਂ ਕਿਵੇਂ ਸੁੱਕਾ ਜਾ ਸਕਦਾ ਸੀ। ਉਥੇ ਤਾਂ ਸਿੰਘ ਸਾਹਿਬ ਨਵਾਬ ਕਪੂਰ ਸਿੰਘ ਦੇ ਇਸ਼ਾਰੇ ਦੀ ਦੇਰ ਸੀ। ਇਕੋ ਝੜਪ ਵਿੱਚ ਸਿੰਘਾਂ ਨੇ ਫੜ ਲਿਆ ਤੇ ਘੋੜਿਆਂ ਮਗਰ ਧਰੀਕ ਕੇ ਮਾਰਿਆ।

ਇਸੇ ਦੌਰਾਨ ਸਿੰਘਾਂ ਕੋਲ ਦਾਰੂ ਸਿਕਾ ਸਵਾਇਆ ਕੁ ਰਹਿ ਗਿਆ। ਨਵਾਬ ਕਪੂਰ ਸਿੰਘ ਜੀ ਨੇ ਪੁੱਛ ਭਾਲ ਸ਼ੁਰੂ ਕੀਤੀ ਤਾਂ ਇਕ ਮੁਸਲਮਾਨ ਭੱਟੀ ਨੇ ਦੱ[illegible]ਆ ਕਿ ਝਨਾ ਦੇ ਕੰ[illegible] ਹਾਫ਼ਿਜ਼ਾਬਾਦ ਦੇ ਨੇੜੇ ਸੈਦੇ ਸਿਆਲ ਨੇ ਆਪਣੀ ਗੜ੍ਹੀ ਭੱਟੀਆਂ ਨੂੰ ਚੂਰ ਕਰਨ ਲਈ ਬਣਵਾਈ ਹੈ ਤੇ ਉਸ ਵਿੱਚ ਠੇਲ ਦੀਆਂ [illegible] ਦਾਰੂ ਸਿੱ[illegible] ਵਿੱਚ [illegible] ਭਰ ਕੇ ਰੱਖੀਆਂ ਹੋਈਆ ਹਨ। ਨਵਾਬ ਸਾਹਿਬ ਨੇ ਚੜ੍ਹਾਈ ਕਰ ਦਿੱਤੀ ਤੇ ਸੈਦੇ ਸਿਆਲ ਦੀ ਗੜ੍ਹੀ ਜਾ ਕਾਬੂ ਕੀਤੀ। ਉਥੋਂ ਉਸੇ ਦਾ ਹ[illegible] ਫੜ ਕੇ ਉੱਤੇ ਉਹੋ ਦਾਰੂ ਸਿੱਕਾ ਜਿਹੜਾ ਉਹਨੇ ਕਿਸੇ ਤੇ ਵਰਤਨਾ ਸੀ ਖਾਲਸਾ ਲੱਦ ਕੇ ਲੈ ਆਇਆ ਤੇ ਮਾਇਆ ਦਾ ਝੂੰਗੇ ਵਿੱਚ ਹੀ ਤਗੜਾ ਗੱਫਾ ਹੱਥ ਆ ਗਿਆ।

ਸੈਦੇ ਸਿਆਲ ਸੰਬੰਧੀ ਉਪਰੋਕਤ ਘਟਨਾ ਬਾਰੇ ਗਿ: ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿੱਚ ਪੰਨਾ 630 ਤੇ ਲਿਖਦੇ ਹਨ :

ਦਾਰੂ ਸਿੱਕਾ ਖਰਚਾ ਔਰੇ। ਰਹਿਓ ਨ ਸਿਘਨ ਢਿਗ ਜਬ ਗੋਰੇ।
ਤਬ ਕਪੂਰ ਸਿਘ ਬਿਉਂਤ ਬਨਾਈ। ਸਨਮੁਖ ਸਤਰੂ ਰਖੀ ਲੜਾਈ।
ਸਿੰਘ ਜਵਾਨ ਚੁਣ ਬਲੀ ਵਧੇਰੇ। ਬਨਵਾ ਤੁਰਕੀ ਵੇਸ ਅਛੇਰੇ।
ਸੈਦੇ ਖਾਨ ਸਿਆਲ ਕੇ ਗੜ੍ਹ ਪਰ। ਭੇਜ ਦੀਏ ਅਰਦਾਸਾਂ ਪੜ੍ਹ ਕਰ।

ਉਸ ਭੱਟੀ ਸੂੰਹੇ ਨੂੰ ਨਵਾਬ ਕਪੂਰ ਸਿੰਘ ਜੀ ਨੇ ਆਖਿਆ ਤੂੰ ਜਿਥੇ ਤੇਰਾ ਦਿਲ ਕਰੇ ਭੌਂਏਂ ਵਾਹ ਤੇ ਖਾਹ ਤੈਨੂੰ ਖਾਲਸਾ ਕਦੇ ਕੁਛ ਨਹੀਂ ਆਖੇਗਾ—ਜੀਵਨ ਸਿੰਘ ਜੀ ਦੀ ਖੋਜ ਅਨੁਸਾਰ ਉਸਨੇ ਆਪਣਾ ਪਿੰਡ ਭੱਟੀ ਚੱਕ ਨਾਮੇ ਵਸਾਇਆ। ਹਮੇਸ਼ਾਂ ਸਿੰਘਾਂ ਦਾ ਮੇਲੀ ਗੇਲੀ ਰਿਹਾ।

1. ਇਹ ਤਾਰੀਖ ਸੰਦਿਗਧ ਹੈ।

ਉਸ ਦੀ ਅੰਸ ਵਿਚੋਂ ਭਟੀ ਚੱਕ ਦੇ ਜ਼ੈਲਦਾਰ ਕਰਮ ਇਲਾਹੀ ਨੇ ਸੰਨ 1942 ਦੇ ਪੰਜਾਬ ਉਜਾੜੇ ਵੇਲੇ ਸਿਖ ਪ੍ਰੀਵਾਰਾਂ ਦੀ ਬੜੀ ਮਦਦ ਕੀਤੀ। ਚੱਕ ਭੱਟੀ ਕੜਯਾਲ ਕਲਾਂ ਤੋਂ ਤਿੰਨ ਕੁਹ (ਕੋਸ) ਪਹਾੜ ਪਾਸੇ ਸੀ।

ਬੇਦੋਸ਼ਿਆਂ ਦੇ ਕਤਲ

ਇਸੇ ਸਾਲ ਸੰਨ 1738 ਵਿੱਚ ਭਾਈ ਮਨੀ ਸਿੰਘ ਜੀ ਦੇ ਨਾਲ ਫੜੇ ਹੋਏ ਸਾਧੂ ਅਤੇ ਕਿਰਤੀ ਸਿਖ ਘਰਾਂ ਤੋਂ ਫੜ ਫੜ ਕੇ ਚਰਖੜੀਆਂ ਤੇ ਚਾੜ੍ਹ ਚਾੜ੍ਹ ਕਤਲ ਕੀਤੇ ਗਏ।

ਸਿੰਘ ਭੜਕ ਉੱਠੇ

ਭਾਈ ਅਮਰੀਕ ਸਿੰਘ ਅਤੇ ਹੋਰ ਨਿਰਦੋਸ਼ ਸਿਖਾਂ ਦੀਆਂ ਸ਼ਹੀਦੀਆਂ ਕਾਰਨ ਸਿੰਘ ਇਥੋਂ ਤੱਕ ਭੜਕ ਉੱਠੇ ਕਿ ਇਕ ਵਾਰੀ ਜੁਮੇਂ ਦੇ ਰੋਜ ਕਈ ਹਜਾਰਾਂ ਸਿੰਘ ਮੁਸਲੱਕੇ ਭੇਸ ਬਦਲਾ ਕੇ ਹਰੀਆਂ ਝੰਡੀਆਂ ਲਈ ਟਕਸਾਲੀ ਦਰਵਾਜਿਓਂ ਲਾਹੌਰ ਸ਼ਹਿਰ ਦੇ ਅੰਦਰ ਆ ਵੜੇ। ਇਸ ਖਿਆਲ ਨਾਲ ਕਿ ਜਦੋਂ ਖਾਨ ਬਹਾਦਰ ਜੁਮਾਂ ਪੜ੍ਹਨ ਆਵੇ ਤਾਂ ਹੱਲਾ ਕਰਕੇ ਕਤਲ ਕਰ ਦਿਓ। ਦੈਵ ਨੇਤ ਉਸ ਦਿਨ ਉਹ ਨਮਾਜ ਪੜ੍ਹਨ ਨਾ ਆਇਆ ਤੇ ਸਿੰਘ ਨਿਰਾਸ਼ਾ ਵਿਚ ਪਰਤਦੇ ਹੋਏ ਟਕਸਾਲੀ ਅਤੇ ਮੋਚੀ ਦਰਵਾਜ਼ੇ ਦਾ ਅੰਦਰਲਾ ਹਿੱਸਾ ਲੁੱਟ ਕੇ ਬਾਹਰ ਨਿਕਲ ਗਏ।

ਕੁਤਬਦੀਨ ਦਾ ਕਤਲ

ਜਲੰਧਰ ਦੇ ਹਾਕਮ ਕੁਤਬਦੀਨ ਨੇ ਕਰਤਾਰ ਪੁਰ ਤੇ ਹੱਲਾ ਕੀਤਾ, ਉਥੋਂ ਦਾ ਪੁਜਾਰੀ ਵਡਭਾਗ ਸਿੰਘ ਪਹਾੜਾਂ ਨੂੰ ਭੱਜ ਗਿਆ। ਕੁਤਬਦੀਨ ਨੇ ਥੰਮ ਸਾਹਿਬ ਸਾੜ ਦਿੱਤਾ ਤੇ ਗੁਰਦਵਾਰੇ ਦੇ ਵਿਹੜੇ ਵਿਚ ਗਾਂ ਵੱਢੀ ਤੇ ਕਈ ਲੜਕੀਆਂ ਫੜ ਕੇ ਸ਼ਹਿਰ ਲੁੱਟ ਜਲੰਧਰ ਨੂੰ ਨਿਕਲ ਗਿਆ। ਇਹ ਇਕ ਦਿਨ ਬਾਘ ਸਿੰਘ ਹਲੋਵਾਲੀਏ ਦੇ ਕਾਬੂ, ਦਿਲਵਾਂ ਕੋਲ ਸ਼ਿਕਾਰ ਖੇਡਦਾ ਆ ਗਿਆ। ਉਸ ਨੇ ਜਿਊਂਦਾ ਅੱਗ ਵਿੱਚ ਸੁੱਟ ਕੇ ਸਾੜਿਆ, ਲਗਦੇ ਹੱਥ ਜਲੰਧਰ ਨੂੰ ਜਾ ਲੁੱਟਿਆ ਤੇ ਹਿੰਦੂਆਂ ਦੀਆਂ ਕੈਦ ਕੀਤੀਆਂ ਲੜਕੀਆਂ ਮੁਸਲਮਾਨਾਂ ਕੋਲੋਂ ਛੁਡਾ ਕੇ ਘਰੋਂ ਘਰੀ ਭਿਜਵਾਈਆਂ।

ਸ਼ਹੀਦੀ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ

ਭਾਈ ਬੋਤਾ ਸਿੰਘ ਪਿੰਡ ਪਦਾਣੇ ਦਾ ਜੱਟ ਤੇ ਉਸ ਦਾ ਸਾਥੀ ਗਰਜਾ ਸਿੰਘ ਰੰਗਰੇਟਾ ਜੰਗਲ ਵਿੱਚ ਰਹਿੰਦੇ ਸਨ ਤੇ ਰਾਤ ਬਰਾਤੇ ਤਰਨ ਤਾਰਨ ਜਾਂ ਅੰਮ੍ਰਿਤਸਰ ਇਸ਼ਨਾਨ ਕਰਕੇ ਦਿਨੇ ਜੰਗਲ ਵਿਚ ਲੁਕੇ ਰਹਿੰਦੇ। ਉਹਨਾਂ ਇਕ ਦਿਨ ਸੋਚਿਆ ਕੋਈ ਸਿੰਘਾਂ ਵਾਲਾ ਕਾਰਾ ਕਰੀਏ ਤੇ ਸ਼ਹੀਦੀਆਂ ਪਾਈਏ। ਉਹਨਾਂ ਨੂਰਦੀਨ ਦੀ ਸਰਾ ਕੋਲ ਡੇਰਾ ਲਾ ਕੇ ਆਨਾ ਗੱਡਾ ਤੇ ਪੈਸਾ ਖੋਤਾ, ਜਕਾਤ ਲੈਣੀ ਸ਼ੁਰੂ ਕਰ ਦਿੱਤੀ।

ਖਾਨ ਬਹਾਦਰ ਨੂੰ ਸੌਦਾਗਰਾਂ ਜਾ ਦਸਿਆ ਉਸ ਨੇ ਜਲਾਲਦੀਨ ਨੂੰ ਸੋ ਅਸਵਾਰ ਦੇ ਬੋਤਾ ਸਿੰਘ ਹੁਰਾਂ ਨੂੰ ਜਿਊਂਦਾ ਫੜ ਲਿਆਉਣ ਵਾਸਤੇ ਆਖਿਆ, ਜਲਾਲਦੀਨ ਨੇ ਸਿੰਘਾਂ ਨੂੰ ਘੇਰੇ ਵਿੱਚ ਲੈ ਕੇ ਆਖਿਆ, ਟਾਕਰਾ ਬੇਸੂਦ ਹੈ। ਹਥਿਆਰ ਸੁਟਕੇ ਦੀਨ ਮੰਨ ਲਵੋ। ਤੁਹਾਨੂੰ ਮੁਆਫ਼ੀ ਲੈ ਦਿਆਂਗਾ" ਬੋਤਾ ਸਿੰਘ ਨੇ ਆਖਿਆ, "ਅਸੀਂ ਮਰਦ ਹਾਂ ਅਤੇ ਲੜ ਕੇ ਮਰਨਾ ਸਾਡਾ ਧਰਮ ਹੈ ਗੀਦੀਆਂ ਵਾਂਗੂ ਜੀਉਣ ਵਾਸਤੇ ਅਸੀਂ ਤਿਆਰ ਨਹੀਂ ਜੇ ਤੂੰ ਬਹਾਦਰੀ ਵੇਖਣੀ ਹੈ ਤਾ ਸਾਡੇ ਦੋਹਾਂ ਦੇ ਮੁਕਾਬਲੇ ਤੇ ਆਪਣੇ ਚਾਰ ਜੁਆਨ। ਭੇਜ ਦੂਵਲੀ ਤਲਵਾਰਾਂ ਤੇ ਢਾਲਾਂ ਲੈ ਕੇ ਜਵਾਨ ਮੈਦਾਨ ਵਿੱਚ ਆ ਗਏ। ਸਿੰਘਾਂ ਨੇ ਅਛੋਪਲੇ ਹੀ ਚਾਰੇ ਢੇਰੀ ਕਰ ਦਿੱਤੇ, ਫਿਰ ਪੰਜ ਹੋਰ ਆਏ ਉਹਨਾਂ ਦਾ ਵੀ ਉਹੋ ਹਾਲ ਹੋਇਆ। ਫੋਜਦਾਰ ਨੇ ਸਾਰੀ ਫੌਜ ਦਾ ਹਲਾ ਕਰਵਾ ਦਿੱਤਾ ਤੇ ਇਹ ਦੋਵੇਂ ਸੂਰਮੇ ਅੰਤਮ ਸਵਾਸਾਂ ਤੱਕ ਟਾਕਰਾ ਕਰਦੇ ਸ਼ਹੀਦ ਹੋ ਗਏ। ਜਲਾਲਦੀਨ ਤੀਹ ਕੁ ਫੱਟੜ ਜਾਂ ਮੁਰਦੇ ਸਿਪਾਹੀ ਲੈ ਕੇ ਬਾਕੀ ਫੌਜ ਸਮੇਤ ਲਾਹੌਰ ਨੂੰ ਪਰਤ ਗਿਆ। ਇਸ ਘਟਨਾ ਨੇ ਸਾਰੇ ਇਲਾਕੇ ਵਿਚ ਤਰਥਲੀ ਮਚਾ ਦਿੱਤੀ। ਗੁਰੂ ਮਹਾਰਾਜ ਦੇ ਪੰਥ ਨੂੰ ਉਜਾਗਰ ਕਰਨ ਲਈ ਸਿੰਘਾਂ ਨੇ ਇਹੋ ਜਿਹੇ ਅਨੇਕਾਂ ਕਾਰਨਾਮੇ ਕੀਤੇ।

ਨਾਦਰ ਦਾ ਹਮਲਾ

ਸੰਨ 1738 ਨਵੰਬਰ ਮਹੀਨੇ ਨਾਦਰਸ਼ਾਹ ਨੇ ਪਿਸ਼ਾਵਰ ਤੇ ਕਬਜ਼ਾ ਕਰਕੇ 12 ਦਸੰਬਰ ਨੂੰ ਅਟਕ ਪਾਰ ਕਰ ਆਇਆ। ਰਾਹ ਵਿੱਚ ਲਾਹੌਰ ਤੱਕ ਕੋਈ ਰੁਕਾਵਟ ਸੀ ਹੀ ਨਹੀਂ। 11 ਜਨਵਰੀ ਸੰਨ 1739 ਨੂੰ ਰਾਵੀ ਕੰਢੇ ਜ਼ਕਰੀਆ ਖਾਨ ਨਾਲ ਉਸ ਦੀ ਟੱਕਰ ਹੋਈ ਜਿਸ ਵਿੱਚ ਜ਼ਕਰੀਆਂ ਖਾਨ ਨੇ ਹਾਰ ਕੇ ਈਨ ਮੰਨੀ ਤੇ ਉਸ ਦੇ ਵੱਲੋਂ ਲਾਹੌਰ ਦਾ ਸੂਬੇਦਾਰ ਥਾਪਿਆ ਗਿਆ ਤੇ ਇੱਕ ਲੱਖ ਨਜ਼ਰਾਨਾ ਦਿੱਤਾ।

ਨਾਦਰ ਦਿੱਲੀ ਨੂੰ

ਦਿੱਲੀ ਨੂੰ ਤੁਰਨ ਤੋਂ ਪਹਿਲੋਂ ਜ਼ਕਰੀਆ ਖਾਨ ਦਾ ਪੁੱਤਰ ਹਯਾਤ ਉਲਾ, (ਸ਼ਾਹ ਨਵਾਜ਼ ਖਾਂ ਖਿਤਾਬ) ਤੇ ਲਖਪਤ ਰਾਏ ਦਾ ਪੁੱਤਰ ਦਲਪਤ ਰਾਏ ਨੇਕ ਚਲਣੀ ਦੀ ਜ਼ਮਾਨਤ ਵਜੋਂ ਆਪਣੇ ਨਾਲ ਲੈ ਲਏ।

ਦਿੱਲੀ ਵਾਲਿਆਂ ਦੀ ਤਿਆਰੀ

ਨਾਦਰ ਦਾ ਕਾਬਲ ਤੇ ਕਬਜਾ ਸੁਣ ਦਿੱਲੀ ਪਤਿ ਮੁਹੰਮਦ ਸ਼ਾਹ ਰੰਗੀਲੇ ਨੇ ਆਪਣੇ ਜਰਨੈਲਾਂ ਨੂੰ ਨਾਦਰ ਦੇ ਟਾਕਰੇ ਦਾ ਹੁਕਮ ਦਿੱਤਾ। ਗਿ: ਸੋਹਨ ਸਿੰਘ ਸ਼ੀਤਲ ਦੇ ਕਹਿਣ ਵਾਂਗੂ ਅਗੋ ਜਰਨੈਲ ਇਤਨੇ ਕਾਹਲੇ ਤੇ ਬਹਾਦਰ ਸਨ ਕਿ ਉਹਨਾਂ ਦਾ ਡੇਰਾ ਮਸਾਂ ਇੱਕ ਪੂਰੇ ਮਹੀਨੇ ਵਿੱਚ ਸ਼ਹਿਰੋਂ ਬਾਹਰ ਹੋਇਆ ਤੇ ਇਥੋਂ ਏਡੀ ਕਾਹਲੀ ਨਾਲ ਤੁਰੇ ਕਿ ਸਿਰਫ ਦੋ ਮਹੀਨਿਆਂ ਵਿੱਚ ਪੂਰਾ 75 ਮੀਲ ਤੇ ਕਰਨਾਲ ਜਾ ਪੁੱਜੇ। ਜੰਗੀ ਲਿਆਕਤ ਅਨੁਸਾਰ ਉਹਨਾਂ ਏਦੂੰ ਅੱਗੇ ਵੱਧਣਾ ਨਾ ਮੁਨਾਸਿਬ ਸਮਝਿਆ ਤੇ ਮੋਰਚੇ ਬਣਾ ਕੇ ਡੇਰੇ ਲਾ ਬੈਠੇ। ਭਾਵੇਂ ਇਹਨਾਂ ਕੋਲ ਫੌਜ, ਅਸਲਾ ਤੇ ਹੋਰ ਵਸੀਲੇ ਨਾਦਰ ਕੋਲੋਂ ਵਧੇਰੇ ਸਨ ਪਰ ਨਾਦਰ ਦੇ ਦੁਰਾਨੀਆਂ ਦਾ ਜਿਹੜਾ ਹਊਆ ਦਿਲ ਵਾਲੀਆਂ ਦੇ ਦਿਲ ਵਿੱਚ ਬੈਠਾ ਹੋਇਆ ਸੀ ਉਸਦਾ ਦਾਰੂ ਇਹਨਾਂ ਕੋਲ ਕੋਈ ਨਹੀਂ ਸੀ।

ਕਰਨਾਲ ਦੀ ਲੜਾਈ

ਨਾਦਰ ਮਾਰੋ ਮਾਰ ਕਰਦਾ ਕਰਨਾਲ ਵਲ ਵਧਿਆ। 13 ਫਰਵਰੀ ਮੰਗਲਵਾਰ ਨੂੰ ਕਰਨਾਲ ਵਿੱਚ ਤਿੰਨ ਘੰਟੇ ਮਾਰੂ ਜੰਗ ਹੋਇਆ ਤੇ ਕਈ ਹਜ਼ਾਰਾ ਸਿਪਾਹੀ ਦਿੱਲੀ ਵਾਲਿਆਂ ਦੇ ਢੇਰ ਹੋ ਗਏ। ਬਾਕੀ ਜਿਉਂਦੇ ਹੀ ਹੌਂਸਲਾ ਹਾਰ ਮੈਦਾਨ ਛੱਡ ਛੱਡ ਭੱਜ ਗਏ। ਦਿੱਲੀ ਦੇ ਸੂਰਮੇ ਜਰਨੈਲਾਂ ਨੇ ਬਾਂਕੀ ਸ਼ਾਨ ਨਾਲ ਹਥਿਆਰ ਸੁੱਟ ਦਿੱਤੇ ਤੇ ਜੇਤੂ 9 ਮਾਰਚ 1739 ਨੂੰ ਦਿੱਲੀ ਦਾਖਲ ਹੋਇਆ ਤੇ 58 ਦਿਨ ਸ਼ਾਹੀ ਮਹਿਲਾਂ ਵਿੱਚ ਰਿਹਾ।

ਦਿੱਲੀ ਦਾ ਕਤਲਾਮ

11 ਮਾਰਚ ਨੂੰ ਦਿੱਲੀ ਵਿੱਚ ਕਿਸੇ ਸੂਰਮੇ ਭੰਗੜ ਨੇ ਗਪ ਮਾਰੀ ਕਿ ਮੁਹੰਮਦ ਸ਼ਾਹ ਰੰਗੀਲ ਨੇ ਮਹਿਲਾਂ ਅੰਦਰ ਨਾਦਰ ਸ਼ਾਹ ਨੂੰ ਕਤਲ ਕਰ ਦਿੱਤਾ ਹੈ। ਦਿਲ ਵਾਲੇ ਸੂਰਮੇ ਨਾਦਰ ਦੀ ਫੌਜ ਨੂੰ ਨਖਸਮੀ ਸਮਝ ਟੁੱਟ ਪਏ। ਕਈ ਸੈਂਕੜ ਦੁਰਾਨੀ ਮੌਤ ਦੇ ਘਾਟ ਉਤਾਰ ਦਿੱਤੇ। ਨਾਦਰ ਨੂੰ ਪਤਾ ਲੱਗਾ ਤਾਂ ਉਹ ਤਲਵਾਰ ਕਢ ਕੇ ਸ਼ਾਹੀ ਮਸਜਿਦ ਵਿੱਚ ਜਾ ਬੈਠਾ। ਬਸ ਹੁਣ ਦਿਲੀ ਵਾਲਿਆਂ ਦਾ ਕਤਲਾਮ ਸ਼ੁਰੂ ਹੋਇਆ। ਪੂਰੇ ਨੌ ਘੰਟੇ ਦੇ ਅੰਦਰ ਕਈ ਹਜ਼ਾਰਾਂ ਭਾਰਤੀ ਬੰਦੇ ਕਤਲ ਕਰ ਦਿੱਤੇ ਗਏ। ਹਜਾਰਾਂ ਭਾਰਤੀ ਦੇਵੀਆਂ ਦੀ ਪੱਤ ਲਥੀ। ਮੁਜੱਫਰ ਖਾਂ (ਜੋ ਕਰਨਾਲ ਦੀ ਲੜਾਈ ਵਿਚ ਮਰਿਆ) ਦੀਆਂ ਬੇਗਮਾਂ ਅਤੇ ਲੜਕੀਆਂ ਦੀ ਪਤ ਨਾਦਰ ਨੇ ਆਪ ਲਾਹੀ। ਆਪਣੇ ਲੜਕੇ ਦਾ ਵਿਆਹ ਮੁਹੰਮਦ ਸ਼ਾਹ ਰੰਗੀਲੇ ਦੀ ਲੜਕੀ ਨਾਲ ਕੀਤਾ।

ਦਿੱਲੀ ਦੀ ਲੁੱਟ

ਨਾਦਰ 5 ਮਈ 1739 ਨੂੰ ਦਿਲੀਓਂ ਤਖਤਿ ਤਾਊਸ, (ਮੋਰ ਸਿੰਘਾਸਣ), ਕੋਹਨੂਰ ਹੀਰਾ, 32 ਕਰੋੜ ਰੁਪਿਆ ਤੇ 60 ਕਰੋੜ ਦਾ ਹੋਰ ਸਾਮਾਨ ਤੇ ਕਈ ਹਜ਼ਾਰਾਂ ਬੱਚੇ ਬੱਚੀਆਂ ਗੁਲਾਮ ਬਣਾ ਕੇ ਲਾਹੌਰ ਵਲ ਨੂੰ ਟੁਰ ਪਿਆ।

ਖਾਲਸੇ ਦਾ ਗੁਰਮਤਾ

ਨਾਦਰ ਦੀ ਵਾਪਸੀ ਸੁਣ ਪੰਜਾਬ ਵਿਚ ਸੁੰਨ ਸਰਾਂ ਵਰਤ ਗਈ ਤੇ ਖਲਕਤ ਮਾਲ ਅਸਬਾਬ ਚੁਕ ਪਹਾੜੀਂ ਜਾ ਚੜ੍ਹੀ। ਸਿੰਘ ਅੱਗੇ ਉਡੀਕ ਵਿਚ ਬੈਠੇ ਸਨ। ਉਹਨਾਂ ਚੁਗਲਾਂ ਚੋਧਰੀਆਂ ਤੇ ਹੋਰ ਵਿਰੋਧੀਆਂ ਨੂੰ ਚੁਣ ਕੇ ਲੁਟਿਆ ਤੇ ਫੇਰ ਸਿੰਘ ਮੈਦਾਨਾਂ ਵਿਚ ਉੱਤਰ ਆਏ। ਗਿਆਨੀ ਸੋਹਣ ਸਿੰਘ ਸੀਤਲ ਅਨੁਸਾਰ ਸਿੰਘਾਂ ਨੇ ਕਰਨਾਲ ਤੋਂ ਝਨਾਂ ਤੱਕ ਦਾ ਇਲਾਕਾ ਲੁੱਟ ਲਿਆ। ਖਾਲਸੇ ਦੀ ਮਾਇਕੀ ਔਕੜ ਦੂਰ ਹੋ ਗਈ ਤਾਂ ਸਿੰਘਾਂ ਨੇ ਨਵਾਬ ਕਪੂਰ ਸਿੰਘ ਦੀ ਜਥੇਦਾਰੀ ਹੇਠ ਗੁਰਮਤਾ ਸੋਧਿਆ ਕਿ ਦਿੱਲੀ ਦੀ ਲੁੱਟ ਵਿਚੋਂ ਆਪਣਾ ਹਿੱਸਾ ਵੰਡਾਏ ਬਿਨਾਂ ਨਾਦਰ ਨੂੰ ਨਹੀਂ ਜਾਣ ਦੇਣਾ। ਜਿਸ ਨਾਦਰ ਦੇ ਨਾਮ ਸੁਣ ਕੇ ਦਿੱਲੀ ਤੇ ਲਾਹੌਰ ਦੀਆਂ ਸਰਕਾਰਾਂ ਥਰ ਥਰ ਕੰਬਦੀਆਂ ਸਨ ਉਸ ਨਾਦਰ ਦੀ ਫੌਜ ਨੂੰ ਨਵਾਬ ਕਪੂਰ ਸਿੰਘ ਦੀ ਜਥੇਦਾਰੀ ਵਿਚ ਸਿੰਘਾਂ ਨੇ ਖੂਬ ਲੁਟਿਆ।

ਨਾਦਰ ਦਾ ਕਰੋਧ

ਜਦ ਇਸ ਲੁਟ ਖਸੁਟ ਦੀ ਖਬਰ ਨਾਦਰ ਨੂੰ ਮਿਲੀ ਤਾਂ ਉਸ ਨੇ ਖਾਨ ਬਹਾਦਰ ਸੂਬਾ ਲਾਹੌਰ ਨੂੰ ਪੁਛਿਆ, "ਸਿਖ ਕੌਣ ਹਨ, ਜਿਨ੍ਹਾਂ ਸ਼ਹਿਨਸ਼ਾਹ ਨਾਦਰ ਦੀ ਫੌਜ ਲੁੱਟ ਲਈ ਹੈ? ਕਿਥੇ ਹਨ ਉਨ੍ਹਾਂ ਦੇ ਘਰ? ਮੈਂ ਸਾੜ ਕੇ ਸੁਆਹ ਕਰ ਦਿਆਂਗਾ, ਕਿਥੇ ਹੈ ਉਹਨਾਂ ਦੀ ਬਾਦਸ਼ਾਹੀ ਮੈਂ ਮਲੀਆਮੇਟ ਕਰ ਦਿਆਂਗਾ [illegible]

[illegible] ਸੋਹਣ [illegible] ਨੁਸਾਰ, ਖਾਨ ਬਹਾਦਰ ਨੇ ਉੱਤਰ ਦਿੱਤਾ, ਜੇਤੂ ਬਾਦਸ਼ਾਹ! ਮੈਂ ਸਿਖਾਂ ਦੇ ਘਰ ਤੇ ਬਾਦਸ਼ਾਹੀ ਕਿਥੇ ਦਸਾਂ? ਉ[illegible] ਇ[illegible] ਨਾਂ ਦੀ ਬਾਦਸ਼ਾਹੀ ਸਾਰੀ ਦਨੀਆਂ ਉਤੇ, ਉਹ ਭੁਖੇ ਨੰਗੇ ਜੰਗਲਾਂ ਦੇ ਕੰਡੇ ਲਤਾੜਦੇ, ਸਰਕਾਰ [illegible] ਬੰਦ ਬੰਦ ਕਟਾਉਂਦੇ ਕਹਿੰਦੇ ਹਨ:-

"ਰਾਜ ਕਰੇਗਾ ਖਾਲਸਾ ਆਕੀ ਰਹਿ ਨਾ ਕੋਇ ।"

ਉਹਨਾਂ ਦੇ ਘਰ ਘਾਟ ਕੋਈ ਨਹੀਂ, ਸੱਜਣ ਮਿੱਤਰ ਕੋਈ ਨਹੀਂ । ਸਰਕਾਰ ਵਲੋਂ ਉਹਨਾਂ ਦੇ ਮਾਰਨ ਦਾ ਇਨਾਮ ਦਿੱਤਾ ਜਾਂਦਾ ਹੈ— ਖਾਣ ਨੂੰ ਮਿਲਦਾ ਨਹੀਂ, ਤਨ ਢੱਕਣ ਨੂੰ ਕਪੜਾ ਨਹੀਂ ਹੁੰਦਾ, ਪਰ ਉਹਨਾਂ ਦਾ ਦਾਅਵਾ ਹੈ ਸਾਰੀ ਦੁਨੀਆਂ ਤੇ ਬਾਦਸ਼ਾਹੀ ਕਰਨ ਦਾ । ਲੜਾਕੇ ਏਡੇ ਹਨ ਕਿ ਸਵਾ ਲੱਖ ਨਾਲ ਇਕੱਲਾ ਟਾਕਰਾ ਕਰਨ ਨੂੰ ਤਿਆਰ ਹੋ ਪੈਂਦੇ ਹਨ ਤੇ ਅਭਿਮਾਨੀ ਏਡੇ ਹਨ ਕਿ ਬਾਕੀ ਸਭ ਦੁਨੀਆਂ ਨੂੰ ਚੁਰਾਸੀ ਵਿੱਚ ਤੇ ਆਪਣੇ ਆਪ ਅਕਾਲ ਪੁਰਖ ਦਾ ਖਾਲਸਾ ਮੰਨਦੇ ਹਨ ਆਦਿ । ਸਾਡੇ ਘੋੜਿਆਂ ਨਾਲੋਂ ਉਹ ਪੈਦਲ ਵਧੇਰੇ ਭੱਜ ਸਕਦੇ ਹਨ। ਥਕੇਵੇਂ, ਨੀਂਦ ਜਾਂ ਭੁੱਖ ਦੀ ਉਹ ਕਦੇ ਪ੍ਰਵਾਹ ਨਹੀਂ ਕਰਦੇ, ਢਹਿੰਦੀ ਕਲਾ ਕਦੇ ਉਹਨਾਂ ਦੇ ਨੇੜੇ ਨਹੀਂ ਢੁੱਕੀ, ਇਸ ਤਰ੍ਹਾਂ ਦੇ ਹਨ ਉਹ ਸਿਖ ਜਿਨ੍ਹਾਂ ਤੇਰੀ ਫੌਜ ਲੁੱਟੀ ਹੈ ।

ਕਹਿੰਦੇ ਹਨ ਨਾਦਰ ਨੇ ਹਉਕਾ ਭਰ ਕੇ ਆਖਿਆ :-

"ਇਹ ਗੱਲ ਹੈ ਤਾਂ ਉਹ ਜ਼ਰੂਰ ਏਸ ਦੇਸ਼ ਦੇ ਬਾਦਸ਼ਾਹ ਬਣ ਜਾਣਗੇ । ਤੁਸੀਂ ਕੀ, ਕੋਈ ਤਾਕਤ ਵੀ ਉਹਨਾਂ ਨੂੰ ਆਪਣੇ ਨਿਸ਼ਾਨੇ ਤੇ ਪਹੁੰਚਣ ਤੋਂ ਨਹੀਂ ਰੋਕ ਸੱਕੇਗੀ ।

ਨਾਦਰ ਖੁਰਾਸਾਨ ਨੂੰ ਪਰਤ ਗਿਆ— ਜ਼ਕਰੀਆ ਖਾਨ ਉਸ ਨੂੰ ਝਨਾਂ ਤੱਕ ਛੱਡਣ ਗਿਆ । ਨਾਦਰ ਇਸ ਨੂੰ ਆਪਣੇ ਵਲੋਂ ਲਾਹੌਰ ਦਾ ਸੂਬੇਦਾਰ ਕਰ ਗਿਆ । ਉਧਰੋਂ ਮੁਲਤਾਨ ਦਾ ਸੂਬੇਦਾਰ, ਇਹਦਾ ਪਿਉ ਅਬਦੁਲ ਸਮਦ ਖਾਂ ਮਰ ਗਿਆ । ਦਿੱਲੀ ਦੇ ਬਾਦਸ਼ਾਹ ਨੇ ਉਥੋਂ ਦੀ ਸੂਬੇਦਾਰੀ ਵੀ ਇਸੇ ਨੂੰ ਦੇ ਦਿੱਤੀ । ਇਸ ਨੇ ਆਪਣੇ ਪੁਤਰ ਸ਼ਾਹ ਨਵਾਜ (ਹਯਾਤੁਲਾ) ਨੂੰ ਆਪਣੀ ਥਾਵੇਂ ਮੁਲਤਾਨ ਦਾ ਸੂਬੇਦਾਰ ਬਣਾ ਕੇ ਭੇਜ ਦਿੱਤਾ ।

ਸਿੱਖੀ ਵਿਚ ਵਾਧਾ

ਨਾਦਰ ਦਾ ਹਮਲਾ ਖਾਲਸੇ ਲਈ ਕਈ ਗੱਲਾਂ ਵਿਚ ਵਰ ਸਾਬਤ ਹੋਇਆ ਕਿ ਨਵਾਬ ਕਪੂਰ ਸਿੰਘ ਦੀ ਜਥੇਦਾਰੀ ਹੇਠ :-

(1) ਖਾਲਸੇ ਨੂੰ ਦੇਸੀ ਹਾਕਮਾਂ ਵੱਲੋਂ ਸਾਹ ਮਿਲਣ ਤੇ ਦਲਾਂ ਵਿਚ ਵਾਧਾ ਹੋਇਆ । ਸਿੰਘ ਖੁਲ੍ਹੇ ਡੁਲ੍ਹੇ ਫਿਰਨ ਲੱਗੇ ।

(2) ਨਾਦਰ ਪੰਜ ਮਹੀਨੇ ਭਾਰਤ ਵਿੱਚ ਰਿਹਾ ਇਸ ਸਮੇਂ ਖਾਲਸੇ ਨੇ ਗੁਰਧਾਮਾਂ ਦੀ ਸਾਰ ਲਈ ।

(3) ਖਾਲਸੇ ਨੇ ਧਨ ਵਲੋਂ ਨਾਦਰ ਦੀ ਲੁੱਟ ਵਿੱਚੋਂ ਹਿੱਸਾ ਵੰਡਾ ਕੇ ਅਗਲੀ ਪਿਛਲੀ ਕਸਰ ਕੱਢ ਲਈ ।

(4) ਜਾਂਦੇ ਹੋਏ ਨਾਦਰ ਕੋਲੋਂ ਕਈ ਹਜਾਰ ਬੱਚੇ ਬੱਚੀਆਂ ਛੁਡਾ ਉਹਨਾਂ ਦੇ ਘਰੀਂ ਘਲਾ ਕੇ ਪਰਜਾ ਦਾ ਹਿੱਤ ਪ੍ਰਾਪਤ ਕੀਤਾ ।

(5) **ਨਵਾਬ ਕਪੂਰ ਸਿੰਘ ਜੀ** ਦੀ ਜੰਗੀ ਕਾਬਲੀਅਤ ਅਤੇ ਖਾਲਸੇ ਦੀ ਨਿਡਰਤਾ ਬਹਾਦਰੀ ਅਤੇ ਅੰਮ੍ਰਿਤ ਦੀ ਸ਼ਕਤੀ ਅਤੇ ਧੰਮ੍ਹਾ ਹਾਕਮਾਂ ਦੇ ਦਿਲਾ ਵਿੱਚ ਸਦਾ ਲਈ ਬੈਠ ਗਿਆ । ਜਿਸ ਦੀ ਅਭੁੱਲ ਯਾਦ, ਜਿਉਂਦਾ ਨਾਦਰਸ਼ਾਹ ਖੁਰਾਸਾਨ ਜਾ ਕੇ ਵੀ ਨਾ ਭੁਲ ਸਕਿਆ ਅਤੇ ਨਾ ਦਿਲੋਂ ਮਿਟਾ ਸਕਿਆ ।

ਇੱਕ ਭੇਤ

ਨਾਦਰ ਨੂੰ ਜਾਂਦੇ ਹੋਏ ਨੂੰ ਕੁੱਛ ਨਾ ਆਖਣਾ ਤੇ ਦਿੱਲੀਓਂ ਪਰਤਦੇ ਹੋਏ ਦੇ ਗਲ ਪੈਣ ਵਿੱਚ ਇੱਕ ਵੱਡਾ ਭੇਤ ਇਹ ਹੈ ਕਿ ਭੁੱਖਾ ਸਿਪਾਹੀ (ਜਦੋਂ ਕੋਲ ਕੁੱਛ ਨਾ ਹੋਵੇ) ਚੰਗਾ ਲੜਦਾ ਹੈ । ਜਿਵੇਂ ਕਿ ਨਾਦਰ ਦੇ ਘੱਟ ਲਸ਼ਕਰ ਨੇ ਦਿੱਲੀ ਦੇ ਟਿੱਡੀ ਦਲ ਨੂੰ ਭੱਜਾ ਦਿੱਤਾ । ਕਿੰਤੂ ਜਦ ਸਿਪਾਹੀ ਕੋਲ ਮਾਲ ਹੁੰਦਾ ਹੈ ਤੇ ਉਹ ਘਰ ਨੂੰ ਪਰਤ ਰਿਹਾ ਹੁੰਦਾ ਹੈ ਤਾਂ ਹਮੇਸ਼ਾ ਸਾਹਵੇਂ ਹੋ ਕੇ ਲੜਨ ਤੋਂ ਸੰਕੋਚ ਕਰਦਾ ਹੈ । ਦਾਉ ਘਾਉ ਮਾਰਦਾ ਤੇ ਆਪਣਾ ਬਚਾ ਕਰਦਾ ਹੈ ।

ਨਾਦਰ ਕਿਹੜੀ ਹੱਕ ਹਲਾਲ ਦੀ ਕਮਾਈ ਕਰੀ ਜਾਂਦਾ ਸੀ ਜੇ ਖਾਲਸੇ ਨੇ ਹਿੱਸਾ ਵੰਡਾ ਲਿਆ ਤਾਂ ਕੀਹ ਮਾੜੀ ਗੱਲ ਕੀਤੀ । ਸਗੋਂ ਭਾਰਤ ਦਾ ਧਨ, ਭਾਰਤ ਵਿੱਚ ਹੀ ਰੱਖ ਲਿਆ । ਕਈ ਇਤਿਹਾਸਕਾਰਾਂ ਨੂੰ ਫੋਕਟ ਵਿੱਚ ਹੀ ਨਾਦਰ ਦੀ ਫੌਜ ਕੋਲੋਂ ਖਾਲਸੇ ਦੇ ਧਨ ਲੁੱਟਣ ਬਾਰੇ ਗਲਤ ਮਰੋੜ ਉਠਦੇ ਰਹੇ ਹਨ ।

ਖਾਲਸੇ ਦੀ ਇਸ ਲੁੱਟ ਉੱਤੇ ਜ਼ਕਰੀਆ ਖਾਨ ਨਾਦਰ ਦੇ ਵੇਲੇ ਹੀ ਦੰਦ ਪੀਂਹਦਾ ਸੀ ਕਿੰਤੂ ਕਰ ਕੁੱਛ ਨਹੀਂ ਸੀ ਸਕਦਾ । ਉਥੋਂ ਵਿਹਲਾ ਹੋ ਕੇ ਜਦੋਂ ਉਸ ਨੇ ਦੇਸ਼ ਤੇ ਨਜ਼ਰ ਮਾਰੀ ਤਾਂ ਸਭ ਪਾਸੇ ਉਜਾੜ ਦਿਸੀ । ਉਸ ਨੇ ਖਾਲਸੇ ਨੂੰ ਹੀ ਕਲਾ ਦਾ ਮੂਲ ਸਮਝਿਆ ਹਾਲਾਂ ਕਿ ਬਹੁਤੀ ਲੁੱਟ ਨਾਦਰ ਦੇ ਲਸ਼ਕਰ ਨੇ ਮਚਾਈ ਸੀ । ਮਗਰ 'ਤਗੜੇ ਨੂੰ ਮੈਂ ਆਖ ਨਾ ਸਕਾਂ ਤੇ ਲਿੱਸੇ ਉਤੇ ਪੜਾ ਘੜੰਮ' ਉਸ ਦੀ ਤਾਨ ਆ ਕੇ ਖਾਲਸੇ ਤੇ ਟੁੱਟੀ । ਚੌਧਰੀਆਂ, ਫੌਜਦਾਰਾਂ ਤੇ ਗਸ਼ਤੀ ਫੌਜਦਾਰਾਂ ਨੂੰ ਹੁਕਮ ਦਿੱਤਾ ਕਿ ਸਿਖ ਸਮੂਲਚੇ ਖਤਮ ਕਰ ਦਿੱਤੇ ਜਾਵਨ । ਪਤਾ ਲੱਗਣ ਤੇ ਸਿੰਘ ਡਲੇਵਾਲ ਦੇ ਕਿਲੇ

ਵਿੱਚ ਤੇ ਆਲੇ ਦੁਆਲੇ ਦੇ ਜੰਗਲ ਅੰਦਰ ਜਾ ਧਸੇ। ਦੁਸ਼ਮਣ ਅਧਿਕ ਹੋਣ ਕਰਕੇ ਕਿਲੇ ਅੰਦਰ ਸਿੰਘ ਪਹਿਲੂ ਤਾਂ ਲੜਦੇ ਰਹੇ। ਫਿਰ ਜਦ ਪੇਸ਼ ਨਾ ਗਈ ਤਾਂ ਰਾਤੋ ਰਾਤ ਕਿਲਾ ਛੱਡ ਦੁਸਮਨ ਦੀਆਂ ਸਫਾ ਚੀਰ ਕੇ ਨਿਕਲ ਗਏ। ਜੋ ਕਾਬੂ ਆ ਗਏ ਉਹਨਾਂ ਨੂੰ ਲਾਹੌਰ ਦੇ ਨਖਾਸ਼ ਚੌਂਕ (ਮੌਜੂਦਾ ਸ਼ਹੀਦ ਗੰਜ) ਵਿਚ ਲਿਆ ਕੇ ਸਹੀਦ ਕੀਤੇ ਗਏ ਤੇ ਕਿਲਾ ਡਲੇਵਾਲ ਢਾਹ ਢੇਰੀ ਕੀਤਾ।

ਖਾਲਸੇ ਵਿਰੁਧ ਇਸ਼ਤਿਹਾਰ

ਖਾਨ ਬਹਾਦਰ ਨੇ ਇਕ ਇਸ਼ਤਿਹਾਰ ਜ਼ਾਰੀ ਕੀਤਾ ਜਿਸ ਵਿਚ ਸਿਖ ਦੀ ਦੱਸ ਪਾਨ, ਫੜਾਨ, ਫੜਕੇ ਲਿਆਵਨ, ਕਤਲ ਕਰਨ ਆਦਿ ਦੇ ਫਰਕੋ ਫਰਕੀ ਇਨਾਮ ਰੱਖੇ ਗਏ। ਜਿਹੜਾ ਪਤਾ ਹੁੰਦਿਆਂ ਸਿੰਘ ਨਾ ਫੜਾਏ, ਆਪਣੇ ਘਰ ਆਸਰਾ ਦੇਵੇ, ਅੰਨ ਪਾਣੀ ਖਵਾਏ ਜਾਂ ਸਿੰਘਾਂ ਨਾਲ ਸਾਕ ਨਾਤੇ ਕਰੇ, ਉਸ ਨੂੰ ਜਬਰੀ ਮੁਸਲਮਾਨ ਕੀਤਾ ਜਾਵੇ ਜਾਂ ਕਤਲ ਕਰ ਦਿੱਤਾ ਜਾਵੇ।

ਇਸ ਇਸ਼ਤਿਹਾਰ ਕਾਰਨ ਚੁਗਲ ਚੌਧਰੀਆਂ ਦੀ ਚੜ੍ਹ ਮੱਚੀ। ਉਹ ਸ਼ਿਕਾਰੀ ਕੁੱਤਿਆਂ ਵਾਗੂ ਸਿੰਘਾਂ ਦੇ ਮਗਰ ਪੈ ਗਏ ਤੇ ਸਿੰਘ ਬਾਰੀ ਦੁਆਬ (ਮਾਝਾ) ਛੱਡ, ਪਹਾੜਾ ਨੂੰ ਜਾ ਚੜੇ। ਕੁੱਝ ਜਲੰਧਰ ਦੁਆਬ ਵਿੱਚ ਚਲੇ ਗਏ। ਖਾਨ ਬਹਾਦਰ ਨੇ ਸਿਖਾਂ ਨੂੰ ਉਥੋਂ ਕੱਢਣ ਲਈ ਅਦੀਨਾ ਬੇਗ ਨੂੰ ਨਾਜ਼ਮ ਬਣਾ ਕੇ ਭੇਜਿਆ। ਸਿਖਾਂ ਇਥੋਂ ਨਿਕਲ ਸਰਹਿੰਦ ਦੇ ਇਲਾਕੇ ਜਾ ਲੁੱਟ ਮਚਾਈ।

ਮੁਕਾਮੀ ਹਾਕਮ ਟਾਕਰਾ ਕਰਨ ਜੋਗੇ ਨਹੀਂ ਸਨ। ਦਿੱਲੀਓ ਬਾਦਸ਼ਾਹ ਨੇ ਅਜੀਮ ਉਲਾਂ ਜਰਨੈਲ ਨੂੰ ਭੇਜਿਆ। ਉਸ ਦੇ ਆਵਨ ਸਾਰ ਸਿੰਘ ਬੀਕਾਨੇਰ ਨੂੰ ਨਿਕਲ ਗਏ ਤੇ ਉਹ ਦਿੱਲੀ ਪਰਤ ਗਿਆ। ਹੁਣ ਚੁਗਲਾਂ ਤੇ ਚੋਧਰੀਆਂ ਦੀ ਚੜ੍ਹ ਮਚੀ ਤੇ ਉਹ ਲਗੇ ਸਿੰਘਾਂ ਦੇ ਬਾਲ ਬਚੇ ਫੜਾਉਣ ਤੇ ਗੁਰਧਾਮਾਂ ਦੀ ਬੇਅਦਬੀ ਕਰਨ।

ਮੱਸਾ ਰੰਘੜ

ਪਿੰਡ ਮੰਢਿਆਲੇ ਦਾ ਮਸਾਂ ਚੌਧਰੀ ਅੰਮ੍ਰਿਤਸਰ ਡੇਰੇ ਲਾ ਬੈਠਾ। ਸਰਕਾਰੀ ਫੌਜ ਤੇ ਉਸ ਦੇ ਆਪਣੇ ਚਾਟੜੇ ਨਾਲ ਸਨ। ਉਸ ਨੇ ਸਰਕਾਰੀ ਚੋਕੀ ਦੇ ਨਾਮ ਤੇ ਸਹਿਜਧਾਰੀ ਸਿਖਾਂ ਤੇ ਹਿੰਦੂਆਂ ਦੇ ਘਰ ਲੁੱਟ ਖਾਧੇ। ਡੇਰਾ ਹਰਿਮੰਦਰ ਸਾਹਿਬ ਆਨ ਕੀਤਾ। ਹੁਕਾ ਪੀਂਦਾ, ਸ਼ਰਾਬ ਦਾ ਦੋਰ ਚਲਦਾ ਤੇ ਨਾਲੇ ਵੇਸਵਾ ਦਾ ਮੁਜਰਾ ਹੁੰਦਾ। ਜਿਥੇ ਕਦੇ ਪੰਜਵੇਂ ਪਾਤਸ਼ਾਹ ਕੀਰਤਨ ਕਰਵਾਇਆ ਕਰਦੇ ਸਨ। ਉਥੇ ਇਹ ਪਾਪੀ ਇਹ ਕੁਕਰਮ ਕਰਦਾ ਰਿਹਾ।

ਪਿੰਡ 'ਕੰਗ' (ਜ਼ਿਲਾ ਅੰਮ੍ਰਿਤਸਰ) ਦਾ ਬੁਲਾਕਾ ਸਿੰਘ ਲੁਕਦਾ ਛਿਪਦਾ ਬੀਕਾਨੇਰ ਜਾ ਪੁੱਜਾ। ਉਸ ਤੋਂ ਸਮਾਚਾਰ ਸੁਣਕੇ ਜਥੇਦਾਰ ਦੀ ਆਗਿਆ ਨਾਲ ਮਤਾਬ ਸਿੰਘ ਭੰਗੂ ਮੀਰਾਂ ਕੋਟੀਆ ਤੇ ਸੁਖਾ ਸਿੰਘ ਤਰਖਾਣ ਮਾੜੀ ਕੰਬੋਕੀ ਭੇਸ ਵਟਾ ਕੇ ਆਏ ਤੇ ਹਰਿਮੰਦਰ ਸਾਹਿਬ ਦੇ ਅੰਦਰ ਬੈਠੇ ਮੱਸੇ ਦਾ ਸਿਰ ਵੱਢ ਹਰਨ ਹੋ ਗਏ। ਜਦ ਬੀਕਾਨੇਰ ਮੱਸੇ ਦਾ ਸਿਰ ਜਥੇਦਾਰ ਦੇ ਕਦਮਾਂ ਵਿੱਚ ਰੱਖਿਆ ਤਾਂ ਖਾਲਸੇ ਨੇ ਅਪਾਰ ਖੁਸ਼ੀ ਕੀਤੀ ਤੇ ਮੱਸੇ ਦਾ ਸਿਰ ਅੱਗ ਲਾ ਕੇ ਸਾੜਿਆ। ਇਹ ਵਾਕਿਆ ਸੰਨ 1740 ਈ: ਦਾ ਹੈ।

ਭਾਈ ਤਾਰੂ ਸਿੰਘ ਆਦਿ ਸ਼ਹੀਦ

(1) ਹੁਣ ਹੋਰ ਸਿੰਘ ਤਾਂ ਕਾਬੂ ਨਹੀਂ ਸੀ ਆਉਂਦੇ ਚੁਗਲ ਚੌਧਰੀਆਂ ਨੇ ਕਿਰਤੀ ਤੇ ਚਕਰੈਲ ਸਿੰਘਾਂ ਨੂੰ ਫੜਾਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿੱਚ ਹੀ ਪੂਲਾ ਨਿਵਾਸੀ ਭਾਈ ਤਾਰੂ ਸਿੰਘ ਜੀ ਵੀ ਫੜੇ ਗਏ ਤੇ ਮੌਤ ਜਾਂ ਇਸਲਾਮ ਦੀ ਸਜਾ ਸੁਨਾਈ ਗਈ। ਭਾਈ ਸਾਹਿਬ ਨੇ ਇਸਲਾਮ ਤੋਂ ਇਨਕਾਰ ਕਰ ਦਿੱਤਾ।

(2) ਮੱਸੇ ਦੇ ਕਾਤਲ ਮਤਾਬ ਸਿੰਘ ਭੰਗੂ ਨੂੰ ਹਰਭਗਤ ਨਿਰੰਜਣੀਏ ਨੇ ਫੜਾਇਆ। ਮਤਾਬ ਸਿੰਘ ਜੀ ਨੂੰ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ।

(3) ਭਾਈ ਦਿਆਲ ਸਿੰਘ ਸਹੰਸਰੇ ਵਾਲੇ ਨੂੰ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ।

(4) ਭਾਈ ਗਰਜਾ ਸਿੰਘ ਨੂੰ ਸੂਲੀ ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ।

ਇਹ ਸਭ ਸ਼ਹੀਦੀਆਂ ਭਾਈ ਤਾਰੂ ਸਿੰਘ ਜੀ ਦੇ ਸਾਹਮਣੇ ਕੀਤੀਆਂ ਗਈਆਂ। ਇਕ ਦਿਨ ਭਾਈ ਤਾਰੂ ਸਿੰਘ ਨੂੰ ਸੱਦ ਕੇ ਸੂਬੇ ਨੇ ਫੇਰ ਇਸਲਾਮ ਜਾਂ ਮੌਤ ਕਬੂਲਣ ਵਾਸਤੇ ਆਖਿਆ। ਭਾਈ ਜੀ ਨੇ ਸ਼ਹੀਦੀ ਮੰਗੀ, ਜਿਸ ਤੇ ਆਪ ਜੀ ਦੀ ਖੋਪਰੀ ਰੰਬੀ ਨਾਲ ਮੋਚੀ ਤੋਂ ਉਤਰਵਾਈ ਗਈ। ਆਪ ਖੋਪਰੀ ਉਤਰਨ ਤੋਂ ਪਿੱਛੋਂ ਕਈ ਦਿਨ ਜਿੰਦਾ ਰਹੇ। ਜਦ ਆਪ ਜੀ ਦੇ ਪੈਰ ਦੀ ਜੁੱਤੀ ਸਿਰ ਵਿੱਚ ਵੱਜ ਵੱਜ ਕੇ ਜ਼ਕਰੀਆ ਖਾਨ ਮਰ ਗਿਆ ਤਾਂ ਉਸ ਪਿਛੋਂ ਆਪ ਜੀ ਨੇ ਸਾਵਣ ਦੀ ਸੰਗਰਾਂਦ[1] ਵਾਲੇ ਦਿਨ ਸੰਨ 1746 ਵਿਚ ਗੁਰਪੁਰ ਪਿਆਨੇ ਕੀਤੇ।

---

1. ਸਾਵਨ ਦੀ ਸੰਗਰਾਂਦ 1745 ਸ: ਕਰਮ ਕ੍ਰਿਤ "ਇਤਿਹਾਸਕ ਲੇਖ" ਪੰਨਾ 104

ਇਥੇ ਇੱਕ ਤੱਥ ਵਰਣਨ ਯੋਗ ਹੈ ਕਿ ਭਾਵੇਂ ਭਾਈ ਤਾਰੂ ਸਿੰਘ ਤੇ ਦੋਸ਼ ਕੇਵਲ ਸਿੰਘਾਂ ਨੂੰ ਰੋਟੀ ਖਵਾਣ ਦਾ ਹੀ ਸੀ। ਮਗਰ ਵਾਸਤਵਿਕ ਕਾਰਨ ਇਹ ਸੀ ਪੂਲੇ ਦੇ ਰਹੀਮ ਬਖ਼ਸ਼[1] ਮਾਛੀ ਦੀ ਖੂਹ ਤੋਂ ਪਾਣੀ ਭਰਦੀ ਮੁਟਿਆਰ ਧੀ ਨੂੰ ਪੱਟੀ ਦਾ ਫੌਜਦਾਰ ਜ਼ਬਰਦਸਤੀ ਘੋੜੇ ਤੇ ਸਟ ਕੇ ਲੈ ਗਿਆ ਸੀ। ਰਹੀਮ ਬਖ਼ਸ਼ ਦੇ ਤਰਲਾ ਕਰਨ ਤੇ ਭਾਈ ਤਾਰੂ ਸਿੰਘ ਜੀ ਨੇ ਸਿੰਘਾਂ ਨੂੰ ਆਖ ਕੇ ਰਾਤੋ ਰਾਤ ਪੱਟੀ ਤੇ ਹੱਲਾ ਕਰਾ ਫੌਜਦਾਰ ਨੂੰ ਕਤਲ ਕਰ ਰਹੀਮ ਬਖਸ਼ ਦੀ ਪੁੱਤਰੀ ਉਸ ਦੁਸ਼ਟ ਤੋਂ ਆਜ਼ਾਦ ਕਰਵਾਈ ਸੀ। ਫੌਜਦਾਰ ਦੀਆਂ ਬੇਗਮਾਂ ਦੀ ਸ਼ਕਾਇਤ ਤੇ ਭਾਈ ਤਾਰੂ ਸਿੰਘ ਜੀ ਫੜੇ ਗਏ ਸਨ।

ਲਾਹੌਰ ਦਾ ਝਗੜਾ

ਜ਼ਕਰੀਆ ਖਾਨ ਦੇ ਮਰਨ ਪਿੱਛੋਂ ਉਸ ਦੇ ਤਿੰਨ ਪੁੱਤਰਾਂ 1) ਯਾਹਯਾ ਖਾਨ (ਉਪਾਧੀ ਆਜ਼ੁਦ ਦੌਲਾ II) 2) ਹਯਾਤ ਉਲਾ ਖਾਨ (ਉਪਾਧੀ ਸ਼ਾਹ ਨਵਾਜ ਖਾਂ ਹਿਜਬਰ ਜੰਗ) ਤੇ 3) ਮੀਰ ਬਾਕੀ ਵਿੱਚ ਝਗੜਾ ਉਠ ਖੜਾ ਹੋਇਆ। ਵੈਸੇ ਤਾਂ ਇਹ ਤਿਨੋਂ ਦਿੱਲੀ ਦੇ ਵੱਡੇ ਵਜ਼ੀਰ ਕਮਰ ਦੀਨ ਖਾਂ ਦੇ ਭਣੇਵੇਂ ਸਨ ਮਗਰ ਯਾਹਯਾ ਖਾਨ ਉਸਦਾ ਜਵਾਈ ਵੀ ਸੀ। ਵਜ਼ੀਰ ਨੇ ਬਾਦਸ਼ਾਹ ਨੂੰ ਆਖ ਕੇ ਆਪਣੇ ਜਵਾਈ ਨੂੰ ਤਾਂ ਲਾਹੌਰ ਦਾ ਸੂਬੇਦਾਰ ਅਤੇ ਸ਼ਾਹ ਨਵਾਜ਼ ਨੂੰ ਮੁਲਤਾਨ ਦਾ ਸੂਬੇਦਾਰ ਬਣਵਾ ਦਿੱਤਾ। ਇਹ ਰਗੜਾ ਝਗੜਾ ਤਕਰੀਬਨ ਛੇ ਮਹੀਨੇ ਪਿਆ ਰਿਹਾ ਜੋ ਅੰਤ ਨੂੰ ਜਨਵਰੀ 1746 ਵਿੱਚ ਸਮਾਪਤ ਹੋਇਆ।

ਇਨ੍ਹਾਂ ਛੇ ਮਹੀਨਿਆਂ ਵਿੱਚ ਖਾਲਸੇ ਨੂੰ ਆਰਾਮ ਕਰਨ ਅਤੇ ਵਧਣ ਫੁੱਲਣ ਦਾ ਸਮਾਂ ਹੱਥ ਆਇਆ। ਵਿਰੋਧੀਆਂ ਦੇ ਘਰ ਪਈ ਤੋਂ ਲਾਭ ਉਠਾ ਕੇ ਸਿੰਘ ਲੁੱਟ ਮਾਰ ਕਰ ਕੇ ਮਾਲਾ ਮਾਲ ਹੋ ਗਏ ਤੇ ਬਹੁਤੇ ਜੱਟ ਹਾਕਮਾਂ ਦੀ ਤਅਦੀ ਕਾਰਨ, ਸਿੰਘ ਸਜ ਕੇ ਖਾਲਸਾ ਦਲ ਵਿੱਚ ਆਣ ਸ਼ਾਮਲ ਹੋਏ। ਉਦੋਂ ਸਿਖ ਸਰਦਾਰਾਂ ਅਤੇ ਸਿਪਾਹੀਆਂ ਦੀ ਤਨਖਾਹ ਨਹੀਂ ਸੀ ਹੁੰਦੀ ਕੇਵਲ ਲੁੱਟ ਵਿੱਚੋਂ ਹੀ ਹਰ ਇਕ ਸਿਪਾਹੀ ਅਤੇ ਸਰਦਾਰ ਨੂੰ ਬਰਾਬਰ ਦਾ ਹਿੱਸਾ ਪ੍ਰਾਪਤ ਹੁੰਦਾ ਸੀ।

ਵਿਰਕੇਤ ਵਿੱਚ ਅੰਮ੍ਰਿਤ ਪ੍ਰਚਾਰ

ਸੰਨ 1733 ਈ: ਵਿਸਾਖੀ ਵਾਲੇ ਦਿਨ ਜਦ ਸ: ਸੁਬੇਗ ਸਿੰਘ ਨੇ ਜਥੇਦਾਰ ਕਪੂਰ ਸਿੰਘ ਦੀ ਨਿਰਮਾਨਤਾ, ਸਿੱਖੀ, ਪਿਆਰ ਨਿਰਭੈਤਾ ਅਤੇ ਸਾਫ਼ ਜ਼ਬਾਨੀ ਵੇਖੀ ਤਾਂ ਨਵਾਬੀ ਦੀ ਖਿਲਅਤ ਆਦਿ ਦੇਣ ਉਪਰੰਤ ਦੀਵਾਨ ਦੀ ਸਮਾਪਤੀ ਪਰ ਆਪਸੀ ਪ੍ਰੇਮ ਭਾਵ ਪੂਰਤ ਇੱਕ ਵੱਖਰੀ ਮਿਲਣੀ ਹੋਈ।

ਜੰਬਰ ਸਰਦਾਰ ਸੁਬੇਗ ਸਿੰਘ ਦਾ ਇਲਾਕਾ ਲਾਹੌਰ ਤੋਂ ਥੱਲੇ ਰਾਵੀ ਦੇ ਨਾਲ ਨਾਲ ਸੀ। ਉਧਰੋਂ ਰਾਵੀਓਂ ਪਾਰ ਵਿਰਕੇਤ ਤਪਾ ਥੋੜੀ ਦੂਰ ਹੀ ਰਹਿ ਜਾਂਦਾ ਸੀ। ਦੋਵਾਂ ਸਰਦਾਰਾਂ ਨੇ ਆਪਸੀ ਪਿਆਰ ਵਧਾਣ ਦੀਆਂ ਗੋਂਦਾ ਗੁੰਦੀਆਂ – ਜੰਬਰ ਸਰਦਾਰਾਂ ਦੀ ਕੰਨਿਆ ਬੀਬੀ ਸਾਹਿਬ ਕੌਰ ਮੁਟਿਆਰ ਸੀ। ਉਸ ਨੇ ਜਥੇਦਾਰ ਜੀ ਕੋਲ ਬੱਚੀ ਦੇ ਰਿਸ਼ਤੇ ਵਾਸਤੇ ਕਿਸੇ ਯੋਗ ਵਰ ਦੀ ਖਾਹਿਸ਼ ਕੀਤੀ। ਜਥੇਦਾਰ ਜੀ ਨੇ ਸਮਝਾਇਆ ਦਲ ਖਾਲਸੇ ਵਿੱਚ ਤਾਂ ਜਿਹੜੇ ਗਭਰੂ ਆਉਂਦੇ ਹਨ ਉਹ ਘਰਾਂ ਦੇ ਮੋਹ ਜਾਲ ਤਰੋੜ ਕੇ ਆਉਂਦੇ ਹੁੰਦੇ ਹਨ। ਇਹਨਾਂ ਵਿੱਚੋਂ ਤੁਸੀਂ ਨਾ ਲੱਭੋ। ਸਗੋਂ ਤੁਸੀਂ ਸਹਿਲੰਗ (ਕਾਰੋਬਾਰੀ ਟਬਰਦਾਰ) ਸਿਖਾਂ ਵਿਚੋਂ ਕਿਸੇ ਯੋਗ ਵਰ ਦੀ ਤਲਾਸ਼ ਕਰੋ। ਇਸ ਤੇ ਜੰਬਰ ਸਰਦਾਰ ਨੇ ਕਿਸੇ ਥਿੱਤੇ ਘਰ ਦਾ ਪਤਾ ਟਿਕਾਣਾ ਪੁੱਛਿਆ ਤਾਂ ਜਥੇਦਾਰ ਜੀ ਨੇ ਆਖਿਆ ਜੰਡਾਲੇ ਸ਼ੇਰ ਖਾਂ ਦੇ ਨਿਕਟ ਵਿਰਕਾਂ ਦੇ ਚੰਗੇ ਤਗੜੇ ਨਗਰ, ਭਿਖੀ, ਕਾਲੋਕੇ, ਕੜਯਾਲ, ਗੁਰਮੁਲਾ ਆਦਿ ਹਨ ਉਹਨਾਂ ਵਿੱਚ ਲਾਗੀ ਘੱਲ ਵੇਖੋ। ਅਗਰ ਕੋਈ ਆਪਣੇ ਵਰਗਾ ਮਿਲਵਰਤਣੀਆਂ ਹੀ ਵੇਖਣਾ ਹੈ ਤਾਂ ਗੁਰਮੁਲੇ ਦੇ ਲੰਬਰਦਾਰ, ਚੌਧਰੀ ਗੁਰਦਿਤਾ ਮੱਲ ਦਾ ਘਰ ਜਾ ਵੇਖੋ। ਉਹ ਬੜਾ ਭਲਾਮਾਣਸ ਇਲਾਕੇ ਦਾ ਮੰਨਿਆਂ ਪਰਮੰਨਿਆਂ ਤੇ ਸਰਕਾਰੇ ਦਰਬਾਰੇ ਰਸੂਖ ਵਾਲਾ ਬੰਦਾ ਹੈ। ਉਹ ਨੂੰ ਗੁਰੂ ਨੇ ਬੜਾ ਭਾਗ ਲਾਇਆ ਹੋਇਆ ਹੈ।

ਜੰਬਰ ਸਰਦਾਰ ਨੇ ਅੰਮ੍ਰਿਤਸਰੋ ਪਰਤਕੇ, ਜੰਬਰਾਂ ਤੋਂ ਲਾਗੀ ਟੋਰਿਆਂ ਕਿ ਗੁਰਮੁਲੇ ਚੌਧਰੀ ਗੁਰਦਿੱਤਾ ਮਲ ਦੇ ਪ੍ਰਵਾਰ ਵਿੱਚ ਸਾਕ ਕਰ ਆਵੇ ਅਤੇ ਸ਼ਰਤਾਂ ਸਮਝਾ ਦਿੱਤੀਆਂ ਕਿ ਘਰ ਵਿੱਚ ਸਿਖੀ ਵਾਤਾਵਰਨ ਪੈਦਾ ਕੀਤਾ ਜਾਵੇ। ਮੰਗੇਤਰ ਭੁਜੰਗੀ ਦਾ ਅੰਮ੍ਰਿਤ ਧਾਰੀ ਹੋਣਾ ਅਨਵਾਰਯਾ ਹੈ। ਉਸ ਦੇ ਨਾਲ ਹੀ ਸਰਬਾਲਾ ਵੀ ਅੰਮ੍ਰਿਤਧਾਰੀ ਹੋਣਾ ਚਾਹੀਦਾ ਹੈ।

ਲਾਗੀ ਮਾਰੋ ਮਾਰ ਕਰਦਾ ਗੁਰਮੁਲੇ ਪੁੱਜਾ ਅਤੇ ਚੌਧਰੀ ਨੂੰ ਜਾ ਸਾਰੀ ਗੱਲ ਸਮਝਾਈ। ਚੌਧਰੀ ਨੇ ਸਾਰੇ ਕਬੀਲੇ ਅਗੇ ਵਿਚਾਰ ਰੱਖੀ।

---

1. ਰਹੀਮ ਬਖਸ਼ ਗਿ: ਸੋਹਣ ਸਿੰਘ ਸੀਤਲ ਕ੍ਰਿਤ "ਸਿਖ ਰਾਜ ਕਿਵੇਂ ਬਣਿਆ" ਪੰਨਾ 140 ਦਾ ਫੁੱਟ ਨੋਟ।

ਹਕੂਮਤ ਦਾ ਡਰ ਕਿ ਮੁਖਬਰੀ ਹੋ ਜਾਵੇਗੀ 'ਮੂੰਡੇ ਸਿੰਘ ਸਜ ਗਏ ਨੇ, ਜੰਬਰ ਸਰਦਾਰ ਦਾ ਓਦੂੰ ਭਾਰਾ[1] ਡਰ ਸੀ, ਕਰੇ ਤਾਂ ਕੀ ਕਰੇ। ਓੜਕ ਉਸ ਨੇ ਆਪਣੇ ਪੁੱਤਰ ਗੰਗ ਦਾਸ ਨੂੰ ਆਖਿਆ ਤੇਰੇ ਚਾਰ[2] ਪੁੱਤਰ ਹਨ, ਦੋ ਨੂੰ ਸਿੰਘ ਸਜਾ ਦਿਉ, ਹੋਰ ਕੋਈ ਚਾਰਾ ਨਹੀਂ, ਅਸੀਂ ਸਮਝ ਛਡਾਂਗੇ ਪਈ ਦੋ ਮਰ ਗਏ ਹਨ। ਚੁਨਾਂਚਿ ਹਰਬਖਤ ਮਲ ਨੂੰ ਸ਼ਗਣ ਲੱਗਾ। ਲਾਗੀ ਪਿਛਾਂ ਜੰਬਰੀਂ ਪਰਤ ਗਿਆ। ਆਈ ਵਿਸਾਖੀ ਤੇ ਹਰਬਖਤ ਮਲ, ਖੁਸ਼ੀਆ ਮਲ[3] ਅਤੇ ਗੁਰਦਾਸ ਰਾਮ ਤਿੰਨਾਂ ਜਣਿਆ ਅੰਮ੍ਰਿਤਸਰੋਂ ਜਾ ਅੰਮ੍ਰਿਤਪਾਣ ਕੀਤਾ ਅਤੇ ਸਿਖੀ ਦੀ ਰਹਿਤ ਬਹਿਤ ਧਾਰਨ ਕੀਤੀ। ਇਹਨਾ ਤਿੰਨਾਂ ਦੀ ਰਹਿਣੀ ਬਹਿਣੀ, ਕਰਨੀ ਕਥਨੀ ਤੇ ਚਾਲ ਢਾਲ ਵੇਖ ਕੇ ਅਗਲੀ ਵਿਸਾਖੀ ਤੇ ਅੰਮ੍ਰਿਤਸਰ ਪੁੱਜ ਬਤਾਲੀ ਹੋਰ ਜੁਆਨਾਂ ਨੇ ਅੰਮ੍ਰਿਤਪਾਣ ਕੀਤਾ। ਪਿੰਡ ਗੁਰਮੂਲੇ ਆ ਕੇ ਗੁਰਦੁਆਰੇ ਦੀ ਸਥਾਪਨਾ ਕੀਤੀ ਅਤੇ ਭਾਈ ਰਾਮ ਸਿੰਘ[4] ਜੀ ਨੂੰ ਗ੍ਰੰਥੀ ਥਾਪਿਆ ਗਿਆ। ਇਸੇ ਭਾਈ ਰਾਮ ਸਿੰਘ ਦਾ ਇੱਕ ਵਿਧਵਾ ਅਰੋੜੀ ਸੰਤ ਕੌਰ[5] ਨਾਲ ਆਨੰਦ ਕਾਰਜ ਵੀ ਕਰ ਦਿੱਤਾ ਗਿਆ। ਇਸ ਤਰ੍ਹਾਂ ਸਿਖ ਮਤ ਦਾ ਪ੍ਰਚਾਰ ਦਿਨੋ ਦਿਨ ਵੱਧਣ ਲੱਗਾ।

ਨਵਾਬ ਕਪੂਰ ਸਿੰਘ ਅਤੇ ਜੰਬਰ ਸਰਦਾਰ ਦਾ ਪਿਆਰ ਪੀਂਘ ਹੁਲਾਰੇ ਲੈਣ ਲੱਗਾ। ਸਿੰਘਾਂ ਦੇ ਜਥੇ ਅਕਸਰ ਸਾਂਦਲਬਾਰ ਵਿੱਚ ਜਦ ਸੋਧ ਸੁਧਾਈ ਜਾਂ ਦਿਨ ਕੱਟੀ ਵਾਸਤੇ ਆਉਂਦੇ ਤਾਂ ਨਨਕਾਣੇ ਸਾਹਿਬ ਦਰਸ਼ਨਾਂ ਨੂੰ ਜਰੂਰ ਆਂਵਦੇ। ਨਨਕਾਣਾ ਸਾਹਿਬ ਤੋਂ ਜੰਬਰ ਕੋਈ ਬਹੁਤੀ ਦੂਰ ਨਹੀਂ ਸੀ। ਨਵਾਬ ਸਾਹਿਬ ਵੇਲੇ ਕੁਵੇਲੇ ਸਰਦਾਰ ਦੀ ਮਦਦ ਜਾ ਲਿਆ ਕਰਦੇ।

ਸਮਾਂ ਬੀਤਦਿਆਂ ਚਿਰ ਨਹੀਂ ਲੱਗਦਾ, ਸੰਨ 1740/42 ਈ: ਦੇ ਨੇੜੇ ਜੰਬਰ ਸਰਦਾਰ ਨੇ ਨਵਾਬ ਸਾਹਿਬ ਨਾਲ ਸਲਾਹ ਕਰਕੇ ਬੀਬੀ ਸਾਹਿਬ ਕੌਰ ਦੇ ਆਨੰਦ ਕਾਰਜ ਦਾ ਦਿਨ ਮੁਕੱਰਰ ਕਰ ਦਿੱਤਾ ਅਤੇ ਨਵਾਬ ਸਾਹਿਬ ਨੂੰ ਜੰਞ ਨਾਲ ਆਵਣ ਦੀ ਬੇਨਤੀ ਕੀਤੀ।

ਨਵਾਬ ਸਾਹਿਬ ਨੇ ਆਖਿਆ, ਜੰਬਰਾ! ਤੂੰ ਸਾਡੇ ਨਾਲ ਬੀਬੀ ਦੇ ਰਿਸ਼ਤੇ ਬਾਰੇ ਭਰਾਵਾਂ ਵਾਂਗੂ ਗੱਲ ਬਾਤ ਕੀਤੀ ਸੀ, ਅਸੀਂ ਤੇਰੇ ਘਰ ਬਰਾਦਰੀ ਜਾਂ ਮੇਲ ਵਜੋਂ ਆ ਕੇ ਸੇਵਾ ਕਰਾਂਗੇ, ਪਰ ਜਾਂਜੀ ਬਣ ਕੇ ਨਹੀਂ ਆ ਸਕਦੇ। ਜੰਬਰ ਨੇ ਸੱਤ ਬਚਨ ਕਰ ਮੰਨਿਆ। ਫੇਰ ਹੋਰ ਸਲਾਹੀਂ ਵੀ ਹੋਈਆਂ ਦਿਨ ਗੁਜਰਦਿਆਂ ਦੇਰ ਨਾ ਲੱਗੀ: ਨਿਯਤ ਦਿਨ ਤੇ ਜੰਞ ਆ ਗਈ।

ਜੰਞ ਦਾ ਉਤਾਰਾ, ਨਗਰ ਵਿਚ ਉਸ ਅਸਥਾਨ ਤੇ ਕਰਵਾਇਆ ਜਿਥੇ ਪੰਚਮ ਪਾਤਸ਼ਾਹ ਪਿੰਡ ਚਿੱਟੀ ਅਤੇ ਜਾਤਰੀ ਦੇ ਸਿੱਖਾ ਦਾ ਝਗੜਾ ਨਿਪਟਾਉਨ ਉਪਰੰਤ ਜਾ ਕੇ ਠਹਿਰੇ ਸਨ। ਨਵਾਬ ਸਾਹਿਬ ਨੇ ਆਪਣੀ ਵਿਰਕ ਬਰਾਦਰੀ ਦਾ ਬੜਾ ਆਦਰ ਮਾਣ ਕੀਤਾ ਅਤੇ ਰਾਤ ਦੇ ਪ੍ਰਸ਼ਾਦ ਪਾਣੀ ਉਪਰੰਤ ਸਵੇਰੇ ਸਕੇਸੀ ਇਸ਼ਨਾਨ ਦੀ ਬੇਨਤੀ ਕਰ ਦਿੱਤੀ। ਅਗਲੇ ਦਿਨ ਸਵੇਰੇ ਨਵਾਬ ਸਾਹਿਬ ਨੇ ਗੁਰਦੁਆਰੇ ਦੇ ਅੰਦਰ ਕੜਾਹਾ ਭਰ ਕੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਅਤੇ ਪਹਿਲੇ ਅੰਮ੍ਰਿਤਧਾਰੀਆਂ ਨੂੰ ਛੱਡ ਬਾਕੀ ਸਮਸਤ ਜੰਞ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਗਾਇਆ। ਇਹ ਸੀ ਨਵਾਬ ਸਾਹਿਬ ਦਾ ਸਿਖੀ ਪਿਆਰ। ਆਨੰਦ ਕਾਰਜ ਅਗਲੇ ਦਿਨ ਸਮਾਪਤ ਹੋਇਆ ਤੇ ਕਰਾਤ ਡੋਲਾ ਲੈ ਕੇ ਵਿਦਿਆ ਹੋ ਗਈ।

ਇਥੇ ਸ਼ੰਕਾਵਾਦੀ ਕੁਦਰਤੀ ਤੌਰ ਤੇ ਸ਼ੰਕਾ ਕਰੇਗਾ ਕਿ ਬਾਕੀ ਰਹਿਤਾਂ ਤਾਂ ਭਲਾ ਔਖਿਆ ਸੌਖਿਆ ਅੰਮ੍ਰਿਤ ਪ੍ਰਚਾਰ ਵੇਲੇ ਲੱਭ ਜਾਂਦੀਆਂ ਹਨ, ਪਰ ਦੋ ਢਾਈ ਸੌ ਦੀ ਜੰਞ ਵਾਸਤੇ ਕਛਹਿਰੇ ਕਿਥੋਂ ਲਿਆਂਦੇ ਗਏ? ਬੇਨਤੀ ਹੈ ਕਿ ਜਿਥੇ ਸਾਡੇ ਇਤਿਹਾਸਕਾਰਾਂ ਨੇ ਰਾਵੀਓਂ ਪਾਰ ਦੇ ਖਾਲਸੇ ਨੂੰ ਮਤੇਈ ਦਾ ਪੁਤ ਸਮਝ ਵਸਾਰ ਛਡਿਆ ਸੀ ਉਥੇ ਇਸੇ ਸਾਂਦਲਬਾਰ ਦੇ ਸਪੂਤ ਕਰਨੀ ਵਾਲੇ ਮਹਾਂ ਪੁਰਸ਼ ਨਵਾਬ ਕਪੂਰ ਸਿੰਘ ਦੇ ਗੁਣ ਤਾਂ ਕਿਥੋਂ ਉਜਾਗਰ ਕਰਨੇ ਯਥਾ ਸੰਭਵ ਉਸ ਮਹਾਂ ਪੁਰਸ਼ ਨੂੰ ਛੁਟਿਆਣ ਦਾ ਹੀ ਯਤਨ ਕੀਤਾ ਹੈ। ਅੱਛਾ ਸਤਿਗੁਰੂ ਸਭ ਨੂੰ ਸੁਮੱਤ ਪ੍ਰਦਾਨ ਕਰੇ।

ਪ੍ਰਸ਼ਨ ਹੈ ਦੋ ਢਾਈ ਸਿੰਘਾਂ ਵਾਸਤੇ ਕਛਹਿਰੇ ਕਿਥੋਂ ਆਏ। ਬੇਨਤੀ ਹੈ ਕਿ ਨਵਾਬ ਸਾਹਿਬ ਬੜੇ ਦੀਰਘ ਦ੍ਰਿਸ਼ਟਾ ਸਨ। ਉਹਨਾਂ ਨੇ ਵਿਰਕਾਂ ਵਿਚ ਰਿਸ਼ਤਾ ਕਰਾਇਆ ਹੀ ਇਸ ਲਈ ਸੀ ਕਿ ਜੰਬਰ ਸਰਦਾਰ ਦਾ ਅਤੇ ਵਿਕਰੈਤ ਦਾ ਆਪਸ ਵਿਚ ਨੇੜੇ ਹੋਣ ਨਾਲ ਜਿਥੇ ਪਿਆਰ ਵਧੇਗਾ, ਉਥੇ ਸਿਖੀ ਵੀ ਫੈਲੇਗੀ, ਜਿਸ ਵਾਸਤੇ ਆਪਣੀ ਸੂਝ ਅਨੁਸਾਰ ਉਹਨਾਂ ਨੇ ਕਛਹਿਰਿਆਂ ਦਾ ਪ੍ਰਬੰਧ ਆਨੰਦ ਕਾਰਜ ਦਾ ਦਿਨ ਨਿਯਤ ਹੁੰਦੇ ਸਾਰ ਕਰ ਲਿਆ ਸੀ; ਦੂਸਰੀ ਗੱਲ ਇਹ ਹੈ ਕਿ ਜੰਗ ਤੋਂ ਵਿਹਲੇ ਸਮੇਂ, ਨਵਾਬ ਸਾਹਿਬ ਦੋ ਕੰਮ ਕਰਿਆ ਕਰਦੇ ਸਨ। ਇਕ ਤਾਂ ਲੌੜਵੰਦਾਂ ਨੂੰ ਵੰਡਿਆ

---

1. ਭਾਰਾ ਡਰ—ਜੰਬਰ ਸਰਦਾਰ, ਮੁਗਲ ਹਕੂਮਤ ਵੇਲੇ ਇਤਨਾ ਜਬਰਦਸਤ ਸੀ ਕਿ ਲੋਕਾਂ ਵਿੱਚ ਲੋਕੋਕਤੀ ਪ੍ਰਸਿਧ ਸੀ ਕਿ:—
   ਹੇਠਾਂ ਧਰਤੀ ਉਤੇ ਅੰਬਰ
   ਵਿੱਚ ਫਿਰੇ ਸੁਬੇਗ ਸਿੰਘ ਜੰਬਰ
2. ਚਾਰ ਪੁੱਤਰ—ਹਰਬਖਤ ਮਲ, ਗੁਰਬਖਤ ਮਲ, ਖੁਸ਼ੀਆ ਮਲ ਤੇ ਗੁਰਦਾਸ ਰਾਮ।
3. ਖੁਸ਼ੀਆ ਮਲ—ਅੰਮ੍ਰਿਤ ਛਕਣ ਤੇ ਨਾਮ ਮੁਸਾਲ ਸਿੰਘ ਹੋਇਆ, ਇਹ ਸਰਬਾਲਾ ਸੀ।
4. ਭਾਈ ਰਾਮ ਸਿੰਘ—[illegible] ਘੁਰਾਏ ਦਾ ਨਾਈ ਸਿੰਘ ਸੀ।
5. ਸੰ[illegible] ਰੋੜੀ [illegible] ਆਹੀ ਪਰ ਵਿਧਵਾ ਹੋਣ ਕਰਕੇ ਪੇਕੇ ਹੀ ਰਿਹਾ ਕਰਦੀ ਸੀ।

ਪੜ੍ਹਾਇਆ ਕਰਦੇ, ਗੁਰਬਾਣੀ ਦੇ ਅਰਥ ਭਾਵ ਦੱਸਦੇ। ਇਥੋਂ ਵਿਹਲੇ ਹੋ ਆਪ ਨਾਮ ਦਾ ਜਾਪ ਕਰਦੇ ਅਤੇ ਹੱਥੀਂ ਗੁਰਸਿਖਾਂ ਵਾਸਤੇ ਕਛਹਿਰੇ ਵੀ ਸੀਂਵਿਆ ਕਰਦੇ ਸਨ ਅਤੇ ਵਿਦਿਆਰਥੀਆਂ ਕੋਲੋਂ ਵੀ ਇਹੋ ਕੁਛ ਸੇਵਾ ਦੇ ਤੌਰ ਤੇ ਕਰਵਾਇਆ ਕਰਦੇ ਸਨ।

ਗੁਰਮੂਲੇ ਦਾ ਸਾਕਾ[1] ਤੇ ਸ਼ਹੀਦੀ ਸ: ਸੁਬੇਗ ਸਿੰਘ ਤੇ ਸ਼ਾਬਾਜ਼ ਸਿੰਘ

ਕਿਸੇ ਈਰਖਾਲੂ ਨੇ ਗਰਮੂਲੇ ਪਿੰਡ ਵਿਚ ਪ੍ਰੀਵਰਤਨ ਵੇਖ, ਜੰਡਿਆਲੇ ਸ਼ੇਰ ਖਾਂ ਦੇ ਪਠਾਣਾਂ ਨੂੰ ਸਿਖਾਇਆ ਕਿ ਤੁਸਾਡੇ ਬੂਹੇ ਤੇ ਪਿਪਲ ਉੱਗ ਖਲੋਤਾ ਹੈ। ਇਹ ਸਿਖ ਤੁਸਾਨੂੰ ਤੰਗ ਕਰਨਗੇ। ਉਹਨਾਂ ਪਠਾਣਾਂ ਆਪਣੀ ਪੁਰਾਣੀ ਦੋਸਤੀ ਵਿਸਾਰ ਲਾਹੌਰ ਜਾ ਸੂਬੇ ਜ਼ਕਰੀਆ ਖਾਨ ਨੂੰ ਪੱਟੀ ਪੜ੍ਹਾਈ ਕਿ ਜੰਬਰ ਸਰਦਾਰ ਨੇ ਆਪਣੀ ਲੜਕੀ ਸਾਂਦਲਬਾਰ ਵਿੱਚ ਵਿਆਹ ਕੇ ਨਵਾਬ ਕਪੂਰ ਸਿੰਘ ਨਾਲ ਰਲ ਕੇ ਸਿਖੀ ਦਾ ਬੜਾ ਵਾਧਾ ਕੀਤਾ ਹੈ। ਨਵੇਂ ਬਣੇ ਸਿਖ ਇਲਾਕੇ ਵਿਚ ਦੂਰ ਦੂਰ ਤੱਕ ਮਾਰੇ ਧਾੜੇ ਕਰਦੇ ਹਨ। ਖਲਕਤ ਬੜੀ ਤੰਗ ਹੋ ਗਈ ਹੈ।

ਨਵਾਬ ਜ਼ਕਰੀਆ ਖਾਨ ਨੇ ਪਹਿਲਾਂ ਬਹਾਨੇ ਨਾਲ ਸਾਹਬਾਜ਼ ਸਿੰਘ ਨੂੰ ਫੜਿਆ ਫਿਰ ਜਦ ਸ: ਸਾਹਬੇਗ ਸਿੰਘ ਉਸ ਨੂੰ ਛੁਡਾਉਣ ਆਇਆ ਤਾਂ ਉਸ ਨੂੰ ਵੀ ਪੁਤਰ ਨਾਲ ਕੈਦ ਕਰ ਲਿਆ। ਨਵਾਬ ਨੇ ਗਰਮੂਲੇ ਨੂੰ ਸੋਧਨ ਲਈ ਧੌਂਸ ਚੜ੍ਹਾ ਦਿੱਤੀ। (ਇਹਨਾਂ ਦਿਨਾਂ ਵਿਚ ਹੀ ਜ਼ਕਰੀਆ ਖਾਨ ਮਰ ਗਿਆ ਸੀ) ਜੰਡਿਆਲੀਆਂ ਨੇ ਪਹਿਲੂ ਝੂਠੀ ਖਬਰ ਘੱਲੀ ਕਿ ਕਾਲੇਕਿਆਂ ਕਲ੍ਹ ਨੂੰ ਕਤਲ ਹੋਣਾ ਹੈ ਜਿਸ ਤੇ ਗਰਮੂਲੀਏ, ਕਾਲੇਕਿਆਂ ਦੀ ਮਦਦ ਤੇ ਚਲੇ ਗਏ ਪਿਛੋਂ ਧੌਂਸ ਨੇ ਗੁਰਮੂਲੇ ਤੇ ਹਮਲਾ ਕੀਤਾ। ਕੁਛ ਬਿਰਧਾਂ ਨੇ ਟਾਕਰਾ ਕੀਤਾ। ਉਤਨੇ ਚਿਰ ਨੂੰ ਕਾਲੇਕਿਆਂ ਨੂੰ ਗਏ ਹੋਏ ਸਿੰਘ ਆ ਗਏ ਉਹਨਾਂ ਨੇ ਮਾਰ ਮਾਰ ਕੇ ਧੌਂਸ ਭਜਾ ਦਿੱਤੀ। ਧੌਂਸ ਦੇ ਮੁਸਲਮਾਨ ਮੁਰਦੇ ਇਕੱਠੇ ਕਰਵਾ ਕੇ ਦਬਾ ਦਿੱਤੇ ਗਏ। ਉਥੇ ਅੱਜ ਤੱਕ ਜੰਡ ਨਿਸ਼ਾਨੀ ਵਜੋਂ ਖੜਾ ਹੈ। ਜਿਨ੍ਹਾਂ ਸਿੰਘਾਂ ਸ਼ਹੀਦੀਆਂ ਪਾਂਈਆਂ, ਭਾਈ ਹਰਬਖਤ ਸਿੰਘ ਵੀ ਉਹਨਾਂ ਵਿਚ ਸ਼ਾਮਲ ਸੀ। ਸਮਸਤ ਸ਼ਹੀਦ ਸਿੰਘਾਂ ਦਾ ਸਸਕਾਰ ਇਕ ਅੰਗੀਠੇ ਵਿਚ ਕਰ ਉਪਰ ਸ਼ਹੀਦ ਗੰਜ ਯਾਦਗਾਰ ਵਜੋਂ ਥੜਾ ਬਣਵਾ ਦਿੱਤਾ ਗਿਆ। ਭਾਈ ਬਰਕਤ ਸਿੰਘ ਦੀ ਜ਼ਬਾਨੀ ਇਹ ਭਾਣਾ ਸੰਨ 1745 ਈ: ਵਿਚ ਵਰਤਿਆ ਸੀ। ਸ: ਸੁਬੇਗ ਸਿੰਘ ਸਬਾਜ ਸਿੰਘ ਦੀ ਸ਼ਹੀਦੀ ਜ਼ਕਰੀਆ ਖਾਨ ਦੇ ਕੁਛ ਦਿਨ ਮਰਨ ਪਿਛੋਂ ਹੋਈ ਸੀ।

ਖਾਲਸੇ ਦੇ ਅਨੇਕ ਜਥੇ

1745 ਈ: ਦੀ ਦੀਵਾਲੀ ਤੇ ਸਰਬਤ ਖਾਲਸੇ ਦੇ ਉਘੇ ਉਘੇ ਜਰਨੈਲਾਂ ਨੇ ਵਿਚਾਰ ਕੇ, ਇੱਕ ਪੱਕੀ ਜਥੇਬੰਦੀ ਦੇ ਤੌਰ ਤੇ ਕੁਛ ਛੋਟੇ ਛੋਟੇ ਜਥੇ ਬਣਾਏ। ਜੋ ਲੁੱਟ ਮਾਰ ਕਰਨ ਵੇਲੇ ਤਾਂ ਆਪਣੇ ਸਰਦਾਰ ਦੇ ਮਾਤਹਿਤ ਹੁੰਦੇ ਪਰ ਸਾਂਝੀ ਭੀੜ ਬਣੀ ਤੇ ਸਾਰੇ ਜਥੇ ਇੱਕ ਜਥੇਦਾਰ ਦੇ ਹੁਕਮ ਵਿੱਚ ਕੰਮ ਕਰਦੇ। ਉਸ ਵਕਤ ਪ੍ਰਸਿਧ ਜਥੇਦਾਰ ਇਹ ਹੋਏ।

1. ਨਵਾਬ ਕਪੂਰ ਸਿੰਘ—ਸਿੰਘ ਪੁਰੀਆ
2. ਸ਼ਾਮ ਸਿੰਘ ਨਾਰੋਵਾਲੀਆ (ਸਿਆਲਕੋਟ)
3. ਗੁਰਬਖਸ ਸਿੰਘ ਕਲਸੀਆ
4. ਕਰੋੜਾ ਸਿੰਘ } ਪੰਜਗੜ੍ਹ (ਗੁਰਦਾਸਪੁਰ)
5. ਕਰਮ ਸਿੰਘ }
6. ਗੁਰਦਿਆਲ ਸਿੰਘ } ਡਲੇਵਾਲ (ਕਲਾਨੌਰ)
7. ਦਿਆਲ ਸਿੰਘ }
8. ਨੌਧ ਸਿੰਘ } ਸੁਕਰ ਚੱਕ
9. ਚੰਦਾ ਸਿੰਘ }
10. ਕਾਲਾ ਸਿੰਘ } ਕੰਗ
11. ਖਿਆਲਾ ਸਿੰਘ }
12. ਬਾਘ ਸਿੰਘ ਹਲੋਵਾਲ
13. ਜੱਸਾ ਸਿੰਘ ਆਹਲੂਵਾਲੀਆ
14. ਹਰੀ ਸਿੰਘ } ਪੰਜਵੜ
15. ਛਜਾ ਸਿੰਘ }

---

1. ਸਾਕਾ—ਇਸ ਸਾਕੇ ਬਾਰੇ ਵੇਖੋ ਭਾ: ਸ: ਭਾਈ ਮੂਲ ਸਿੰਘ ਗੁਰਮੂਲਾ ਕ੍ਰਿਤ ਪੁਸਤਕ "ਖਾਲਸਾ ਚੰਦਨ ਬ੍ਰਿਛ"।

16. ਦੀਪ ਸਿੰਘ) ਸ਼ਹੀਦ
17. ਸੁਧਾ ਸਿੰਘ)
18. ਸੁਖਾ ਸਿੰਘ ਮਾੜੀ ਕੰਬੋਕੀ
19. ਜੱਸਾ ਸਿੰਘ ਰਾਮਗੜ੍ਹੀਆ
20. ਭੋਮਾ ਸਿੰਘ
21. ਜੋ ਸਿੰਘ | ਕਨੱਹਯੇ
22. ਹਕੀਕਤ ਸਿੰਘ
23. ਹੀਰਾ ਸਿੰਘ) ਨਕੱਈ
24. ਸਦਾ ਸਿੰਘ)
25. ਕਰਮ ਸਿੰਘ) ਅੰਮ੍ਰਿਤਸਰੀਏ
26. ਧਰਮ ਸਿੰਘ)
27. ਜਿਉਣ ਸਿੰਘ
28. ਬਦਨ ਸਿੰਘ | ਰੰਘਰੇਟੇ
29. ਬੀਰ ਸਿੰਘ
30. ਅਘੜ ਸਿੰਘ

ਸਿੰਘਾਂ ਨੇ ਲਾਹੌਰ ਲੁੱਟਿਆ

ਜਨਵਰੀ 1746 ਵਿਚ ਇਕ ਸ਼ਾਮ ਨੂੰ ਖਾਲਸਾ ਦਲ ਜਿਓਂ ਪਿਆ ਤੇ ਮੰਚੀ ਦਰਵਾਜਿਓਂ ਅੰਦਰ ਦਾ ਇਲਾਕਾ ਲੁੱਟ ਤੇ ਕੁਛ ਖਾਲਸੇ ਦੇ ਵੈਰੀ ਮੁਲਾ ਮੁਲਾਣਿਆਂ ਦੀ ਸੋਧ ਕਰ ਸ਼ਾਹੀ ਫੌਜ ਦੇ ਉਠ ਦੇ ਕਰਦਿਆਂ ਨੂੰ ਰਾਵੀ ਪਾਰ ਸਾਂਦਲਬਾਰ ਦੇ ਜੰਗਲਾਂ ਵਿਚ ਜਾ ਵੜੇ। ਕੁਛ ਦਿਨਾਂ ਪਿਛੋਂ ਸੂਬਾ ਲਾਹੌਰ ਨੇ ਦੀਵਾਨ ਲਖਪਤ ਰਾਏ ਨੂੰ ਖਾਲਸੇ ਦੇ ਖਾਤਮੇ ਲਈ ਗਸ਼ਤੀ ਫੌਜ ਚੜ੍ਹਾਨ ਦਾ ਹੁਕਮ ਦਿੱਤਾ। ਸਾਂਦਲਬਾਰ ਦਾ ਖਾਲਸਾ ਅਤੇ ਹੋਰ ਜਥੇ ਨਵਾਬ ਕਪੂਰ ਸਿੰਘ ਦੀ ਪ੍ਰਧਾਨਗੀ ਅਤੇ ਜੱਸਾ ਸਿੰਘ ਆਹਲੂਵਾਲੀਆ ਚੜ੍ਹਤ ਸਿੰਘ ਸ਼ੁਕਰਚਕੀਏ ਅਤੇ ਸੁਖਾ ਸਿੰਘ ਮਾੜੀ ਕੰਬੋਕੀ ਦੀ ਜਥੇਦਾਰੀ ਹੇਠ ਛਿਛਰਿਆਲੀ ਵਰਤਮਾਨ ਗੁਜਰਾਂਵਾਲੇ ਦੇ ਇਲਾਕੇ ਵਿਚ ਵਿਚਰ ਰਿਹਾ ਸੀ। ਇਸ ਬਾਰੇ ਗਿਆਨੀ ਪ੍ਰਤਾਪ ਸਿੰਘ ਜੀ ਇਤਿਹਾਸਕ ਲੈਕਚਰਜ ਨਾਮੇ ਪੁਸਤਕ ਪੰਨਾ 132 ਤੇ ਇਉਂ ਲਿਖਦੇ ਹਨ :

"ਜਿਸ ਸਮੇਂ ਖਾਲਸੇ ਨੇ ਲਾਹੌਰ ਵਲੋਂ ਏਮਨਾਬਾਦ ਨੂੰ ਰੁਖ ਕੀਤਾ। ਉਸ ਸਮੇਂ ਜਸਪਤ ਏਮਨਾਬਾਦ ਦਾ ਫੌਜਦਾਰ ਦੌਰੇ ਤੇ ਪਿੰਡ ਖੰਖਰ ਵਿਖੇ ਠਹਿਰਿਆ ਹੋਇਆ ਸੀ। ਗੋਂਦਜਾਂਵਾਲੇ[1] ਦੇ ਝੌਲੀ ਚੁੱਕਾਂ ਨੇ ਜਸਪਤ ਦੇ ਕੋਲ ਜਾ ਕੇ ਸ਼ਕਾਇਤ ਕੀਤੀ।

"ਦੋ ਹਜਾਰ ਘੋੜ ਸਵਾਰ ਸਿੰਘ ਸਾਡੇ ਪਿੰਡ ਨੂੰ ਆਣ ਪਏ ਹਨ। ਪਿੰਡ ਦੇ ਬਕਰੇ ਤੇ ਛੱਤਰੇ ਝਟਕਾ ਕੇ ਛਕਦੇ ਹਨ। ਉਹਨਾਂ ਨੂੰ ਰੋਕਣਾ ਚਾਹੀਦਾ ਹੈ।"

ਜਸਪਤ ਨੇ ਬੜੇ ਰੂਹਬ ਨਾਲ ਸਿੰਘਾਂ ਨੂੰ ਹੁਕਮ ਭੇਜਿਆ ਕਿ ਪਰਗਣੇ ਵਿਚੋਂ ਨਿਕਲ ਜਾਵੋ। ਨਹੀਂ ਤੇ ਬੁਰਾ ਹਾਲ ਕਰਾਂਗਾ।" ਖਾਲਸੇ ਨੇ ਇਸ ਦੀ ਕੋਈ ਪ੍ਰਵਾਹ ਨਾ ਕੀਤੀ। ਸਿੰਘ ਗੁਰਦਵਾਰਾ ਰੋੜੀ ਸਾਹਿਬ (ਏਮਨਾਬਾਦ) ਵਿਸਾਖੀ ਦੇ ਜੋੜ ਮੇਲੇ ਤੇ ਇਸ਼ਨਾਨ ਕਰਨਾ ਚਾਹੁੰਦੇ ਸਨ। ਜਸਪਤ ਨੇ ਹਮਲੇ ਦੀ ਤਿਆਰੀ ਕਰ ਦਿੱਤੀ। ਉਸ ਨੇ ਕੁਛ ਫੌਜ ਵੀ ਲਈ, ਕੁਛ ਮੁਲਖੱਯਾ ਇਕੱਠਾ ਕਰ ਲਿਆ। ਇਸ ਦੇ ਨਾਲ ਚੌਧਰੀ ਸ਼ੇਰਾ (ਮਾਨ) ਕੋਟ ਸ਼ੇਰੇ ਵਾਲਾ ਭੀ ਆ ਮਿਲਿਆ (ਇਥੋਂ ਖਾਲਸਾ ਬਜਾਏ ਏਮਨਾਬਾਦ ਦੇ ਉਲਟਾ ਬਦੋ ਕੀ ਗੁਸਾਈਆਂ ਵੱਲ ਹੋ ਤੁਰਿਆ)

ਜਸਪਤ ਹਾਥੀ ਤੇ ਸਵਾਰ ਹੋ ਕੇ ਅਗੇ ਵਧਿਆ—ਬਦੋ ਕੀ ਗੁਸਾਈਆਂ ਦੀ ਝਿੜੀ ਵਿਚ ਖਾਲਸੇ ਤੇ ਦੀਵਾਨ ਦੀ ਟੱਕਰ ਹੋ ਪਈ। ਜੰਗ ਸ਼ੁਰੂ ਹੋ ਗਈ। ਚੰਗੀ ਠੁਕ ਕੇ ਲੜਾਈ ਹੋਈ। ਗੋਲੀ ਅਤੇ ਤਲਵਾਰ ਚਲੀ। ਨਬਾਹੂ ਸਿੰਘ ਰੰਗਰੇਟਾ ਦੀਵਾਨ ਦੇ ਹਾਥੀ ਦੀ ਪੂਛ ਫੜ ਕੇ ਉਤੇ ਚੜ੍ਹ ਗਿਆ। ਇਸ ਨੇ ਹੌਦੇ ਵਿਚ ਬੈਠੇ ਹੋਏ ਜਸਪਤ ਦਾ ਸਿਰ ਵੱਢ ਲਿਆਂਦਾ। ਬਸ ਫੇਰ ਦੀਵਾਨ ਦੀ ਫੌਜ ਸਿਰ ਤੇ ਪੈਰ ਰੱਖ ਕੇ ਭਜ ਗਈ। ਗਾਂਦਵੀ ਧਾੜ ਤਿੱਤਰ ਹੋ ਗਈ।

---

1. ਗੁਜਰਾਂਵਾਲਾ ਸ਼ਹਿਰ ਤੋਂ ਕਰੀਬਨ 5 ਮੀਲ ਛਿਪਦੇ ਪਾਸੇ ਵੜਾਇਚ ਜੱਟਾਂ ਦਾ ਇੱਕ ਮਸ਼ਹੂਰ ਨਗਰ ਸੀ। ਇਥੋਂ ਦਾ ਦਯਾਲਾ ਵੜੈਚ ਮਸ਼ਹੂਰ ਚੁਗਲ ਸੀ।

ਸਿਘਾਂ ਨੇ ਜਸਪਤ ਦਾ ਸੀਸ ਵਢਿਆ ਹੀ ਸੀ ਉਸ ਦੇ ਬੰਦਿਆਂ ਨੂੰ ਲੱਭ ਵੀ ਨਾ ਚੁੱਕਣ ਦਿੱਤੀ। ਦੀਵਾਨ ਦੇ ਕੁਲ ਗੁਰੂ ਗੁਸਾਈਂ ਕਿਰਪਾ ਰਾਮ ਨੇ 500/- ਰੁਪੈ ਦੇ ਕੇ ਤੇ ਖਾਲਸੇ ਦੀਆਂ ਮਿੰਨਤਾ ਕਰਕੇ ਜਸਪਤ ਦੀ ਲਾਸ਼ ਲਈ। ਐਮਨਾਬਾਦ ਲੈ ਜਾ ਕੇ ਉਸ ਦਾ ਅੰਤਮ ਸਸਕਾਰ ਕੀਤਾ।

ਖਾਲਸਾ ਦਲ ਨੇ ਐਮਨਾਬਾਦ ਜਾ ਕੇ ਲੁੱਟ ਮਾਰ ਕੀਤੀ, ਇਸ਼ਨਾਨ ਕੀਤਾ। ਸ਼ਸਤਰਾਂ ਬਸਤਰਾਂ ਦੀ ਸੁਧਾਈ ਕੀਤੀ। ਸ਼ਾਹੀ ਫੌਜ ਇਸ ਪਾਸੇ ਆ ਰਹੀ ਸੀ ਇਸ ਲਈ ਐਮਨਾਬਾਦ ਤੋਂ ਕੂਚ ਕਰ ਦਿੱਤਾ।

ਪੱਠੋਹਾਰੀ ਸੱਜਣ ਝਗੜਾ ਕਰਦੇ ਹੋਏ। ਕਈ ਵਾਰੀ ਆਖਿਆ ਕਰਦੇ ਹਨ "ਅਹਾਂ ਅਸਾਡਾ ਬੇਲਾ ਅਛਨਾ ਤੇ ਗੋਧੋਂ ਪਈ ਗਛਣਾ" ਇਨ ਬਿਨ ਇਹੋ ਗੋਧੋਂ ਸਾਂਦਲਬਾਰ ਦੇ ਸਮੂਲਚੇ ਇਤਿਹਾਸ ਵਿੱਚ ਪਿਆ ਹੋਇਆ ਦ੍ਰਿਸ਼ਟੀ ਆਂਵਦਾ ਹੈ—ਉਦਾਹਰਣਤਰ ਇਹੋ ਪ੍ਰਸੰਗ ਲੈ ਲਵੋ :

ਸਾਰੇ ਆਪਣੇ ਪਰਾਏ ਇਤਿਹਾਸਕਾਰ ਕਈ ਗੱਲਾਂ ਸਾਂਝੀਆਂ ਲਿਖਦੇ ਹਨ। ਅਰਥਾਤ ਮੱਖੀ ਤੇ ਮੱਖੀ ਮਾਰਦੇ ਹਨ। ਜਿਵੇਂ :

1) ਸਿੰਘਾਂ ਨੂੰ ਝੱਲਾਂ ਵਿੱਚੋਂ ਕੱਢਿਆ ਗਿਆ।
2) ਸਿੰਘ ਰੋੜੀ ਸਾਹਿਬ (ਐਮਨਾਬਾਦ) ਵਿਸਾਖੀ ਮਨਾ ਰਹੇ ਸਨ।
3) ਸਿੰਘਾਂ ਦੀ ਲੜਾਈ ਐਮਨਾਬਾਦ ਹੋਈ।
4) ਜਸਪਤ ਐਮਨਾਬਾਦ ਮਾਰਿਆ ਗਿਆ, ਇਤਿਆਦਿ।

ਹੋਰ ਵਰਣਨ ਕਰਨ ਤੋਂ ਪਹਿਲਾਂ ਇਹ ਦੱਸਣਾ ਜ਼ਰੂਰ ਹੈ ਕਿ ਐਮਨਾਬਾਦੋਂ, ਬਦੋ ਕੀ ਗੁਸਾਈਆਂ ਪਹਾੜ ਰੁਖ 35 ਕੁ ਮੀਲ ਤੇ ਹੈ। ਬਦੋਕੀ ਗੁਸਾਈਆਂ ਤੋਂ ਗੁਜਰਾਂਵਾਲਾ ਦੱਖਣ 9 ਕੁ ਮੀਲ ਅਤੇ ਗੁਜਰਾਵਾਲੇ ਤੇ ਗੋਂਦਲਾਵਾਲਾ ਲਹਿੰਦੇ ਵਲ 5 ਕੁ ਮੀਲ। ਬਦੋਕੀ ਗੁਸਾਈਆਂ ਤੋਂ ਅਟੇ ਸਟੇ ਇਤਨਾ ਕੁ ਹੀ ਹੋਵੇਗਾ।

ਹੋਰ ਗੱਲਾਂ ਨੂੰ ਛੱਡੋ ਪਹਿਲੀ ਗੱਲ ਕਿ ਲੜਾਈ ਬਦੋਕੀ ਗੁਸਾਈਆਂ ਦੀ ਝਿੜੀ ਵਿੱਚ ਹੋਈ, ਦੂਜੀ ਕਿ ਜਸਪਤ ਮਰਿਆ ਵੀ ਬਦੋਕੀ ਗੁਸਾਈਆਂ ਦੀ ਝਿੜੀ ਵਿੱਚ ਜਿਥੇ ਕਿ ਉਸਦੀ ਸਮਾਧ ਬਣੀ ਹੋਈ ਹੈ (ਜੋ ਮੈਂ, ਗਿਆਨੀ ਜੀ ਨੇ ਸੰਨ 1925 ਜੂਨ ਦੇ ਮਹੀਨੇ ਵੇਖੀ ਸੀ) ਤੀਸਰੀ ਕਿ ਲੜਾਈ ਮਹੀਨਾ ਮਾਰਚਾਂ ਵਿੱਚ ਹੋਈ। 'ਇਤਿਹਾਸਕ ਖੋਜ' ਨਾਮ ਪੁਸਤਕ ਦਾ ਕਰਤਾ ਪੰਨਾ 70 ਤੇ ਲਿਖਦਾ ਹੈ "ਲੋਕੀ ਦੱਸਦੇ ਹਨ ਕਿ ਉਚੋਂ ਕਣਕਾਂ ਨਿਸਰੀਆਂ ਹੋਈਆਂ ਸਨ ਇਸ ਤੋਂ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਗਲ ਫੱਗਣ ਦੇ ਏੜ ਗੇੜ ਦੀ ਹੋਵੇਗੀ"। ਪੰਨਾ 71 ਤੇ ਵਿਖਦੇ ਹਨ "ਚੇਤ ਦੀ ਮਸਿਆ ਸੋਮਾਵਤੀ[2] ਮਸਿਆ ਸੀ ਅਤੇ ਲਖਪਤ ਨੇ ਪ੍ਰਬੰਧ ਕੀਤਾ ਹੋਇਆ ਸੀ ਕਿ ਇਸ ਸਮੇਂ ਜਿਥੇ ਕਿਥੇ ਕੋਈ ਸਿਖ ਇਸ਼ਨਾਨ ਕਰਨ ਆਵੇਗਾ ਉਸ ਨੂੰ ਫੜਕੇ ਤੇ ਕਤਲ ਕਰ ਦਿੱਤਾ ਜਾਉ"।

ਖਾਲਸਾ ਜੀ ਦਾ ਵਿਸਾਖੀ ਏਮਨਾਬਾਦ ਮੰਨਾਣਾ

ਪ੍ਰੋਫੈਸਰ ਹਰੀ ਰਾਮ ਗੁਪਤਾ ਅਨੁਸਾਰ ਜਸਪਤ ਦੀ ਮੌਤ 7 ਮਾਰਚ 1746 ਈ: ਨੂੰ ਹੋਈ। ਜਿਸ ਤੇ ਲਖਪਤ ਨੇ ਹੁਕਮ ਜਾਰੀ ਕਰ ਦਿੱਤਾ ਕਿ ਜਿਥੇ ਵੀ ਕਿਧਰੇ ਕੋਈ ਸਿਖ ਮਿਲੇ ਉਸ ਨੂੰ ਫੜ ਕੇ ਲਾਹੌਰ ਲੈ ਆਂਦਾ ਜਾਵੇ ਅਤੇ ਸੋਮਾਵਤੀ ਅਮਾਵਸ ਵਾਲੇ ਦਿਨ ਸਭ ਨੂੰ ਕਤਲ ਕਰ ਦਿੱਤਾ ਜਾਵੇ। ਡਾ: ਬਲਬੀਰ ਸਿੰਘ ਕ੍ਰਿਤ "ਚਰਨ ਹਰੀ ਵਿਸਥਾਰ ਨਾਮੇ ਪੁਸਤਕ ਦੇ ਪੰਨਾ 13 ਦੇ ਅਨੁਸਾਰ ਸੋਮਾਵਤੀ ਅਮਾਵਸ 10 ਅਤੇ 11 ਮਾਰਚ 1746 ਨੂੰ ਸੀ।

ਵਿਚਾਰ ਅਧੀਨ ਤੱਥ ਇਹ ਹੈ ਕਿ ਵਿਸਾਖੀ ਆਮ ਤੌਰ ਤੇ 14, 15 ਜਾਂ 16 ਅਪਰੈਲ ਨੂੰ ਆਇਆ ਕਰਦੀ ਹੈ। ਅਗਰ ਲਖਪਤ ਨੇ ਲਾਹੌਰ ਦੇ ਖਾਲਸੇ ਦੇ ਕਤਲ ਲਈ 10/11 ਮਾਰਚ ਮੁਕਰਰ ਕੀਤਾ ਸੀ ਤਾਂ ਦੂਜੇ ਇਲਾਕਿਆਂ ਵੱਲ ਵੀ ਜ਼ਰੂਰ ਹੁਕਮ ਭੇਜੇ ਹੋਵਣਗੇ ਅਤੇ ਖਾਸ ਕਰਕੇ ਜਿਸ ਜਥੇ ਨੇ ਉਸਦੇ ਭਰਾ ਨੂੰ ਕਤਲ ਕੀਤਾ ਸੀ। ਇਸ ਨੂੰ ਉਹ ਕਿਵੇਂ ਖੁਲ੍ਹ ਦੇ ਸਕਦਾ ਸੀ ਜੋ ਉਹ 7/3/46 ਤੋਂ 16/4/1746 ਤੱਕ ਮੌਜਾਂ ਲੁੱਟਦੇ ਰਹਿਣ ਤੇ ਏਮਨਾਬਾਦ (ਰੋੜੀ ਸਾਹਿਬ) ਵਿਸਾਖੀ ਸੁਖੀ ਸਾਂਦੀ ਮਨਾ ਲੈਣ।

---

1. 7 ਮਾਰਚ 1746 (ਹਰੀ ਰਾਮ ਗੁਪਤਾ)
2. 10-3-1746 ਡਾ: ਬਲਬੀਰ ਸਿੰਘ

ਵਾਸਤਵ ਵਿੱਚ ਗੱਲ ਇਉਂ ਹੈ ਕਿ ਜਸਪਤ ਦੇ ਕਤਲ ਪਿੱਛੋਂ, ਜੱਥਾ ਸਾਂਦਲਬਾਰ ਵੱਲ ਚਾਲੇ ਪਾ ਗਿਆ ਸੀ। ਜਿੱਥੋਂ ਕੁੱਛ ਸਮਾਂ ਪਾ ਕੇ ਸਰਕਾਰੀ ਫੌਜਾਂ ਦੇ ਫੇਰੇ ਟੋਰੇ ਕਰਕੇ ਖਾਲਸਾ ਜੀ ਝਲੋ ਝਲ ਕਾਹਨੂੰਆਣ ਦੇ ਛੰਭ ਵੱਲ ਵਹੀਰ ਘੱਤ ਗਏ। ਵਿਸਾਖੀ ਮਨਾਣੀ ਕਿਸ ਨੂੰ ਸੁਝਦੀ ਸੀ। ਇਹ ਤਾਂ ਐਵੇਂ ਇਤਿਹਾਸਕਾਰਾਂ ਦੀ ਖੁਸ਼ ਫਹਿਮੀ ਹੀ ਦ੍ਰਿਸ਼ਟ ਆਂਵਦੀ ਹੈ।

ਹੁਣ ਇਤਿਹਾਸਕਾਰਾਂ ਦੀ ਖੋਜ ਅਤੇ ਸਾਰਥਕਤਾ ਦਾ ਅੰਦਾਜ਼ਾ ਪਾਠਕ ਗੁਣ ਗਿਆਨੀ ਪ੍ਰਤਾਪ ਸਿੰਘ ਜੀ ਦੇ ਲੇਖ ਨਾਲ ਟਾਕਰਾ ਕਰਕੇ ਵੇਖ ਲੈਣ। ਹੋਰ ਇਤਿਹਾਸਕਾਰਾਂ ਨੂੰ ਤਾਂ ਇੱਕ ਪਾਸੇ ਛੱਡੋ ਉਹ ਦੂਰ ਮਾਝੇ ਮਾਲਵੇ ਦੇ ਰਹਿਣ ਵਾਲੇ ਸਨ। ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਆ ਵੀ ਆਪਣੀ ਸ਼ਾਇਰੀ ਦੀ ਧੁਨ ਵਿੱਚ ਖਾਲਸੇ ਨੂੰ ਵਿਸਾਖੀ ਦੇ ਮੇਲੇ ਲੜਾ, ਲਖਪਤ ਨੂੰ ਮਰਵਾ। ਖਾਲਸੇ ਨੂੰ ਦੂਲੇ ਦੀ ਬਾਰ ਵਿੱਚ ਵਾੜ ਦਿੰਦਾ ਹੈ। ਹਾਲਾਂ ਕਿ ਗਿਆਨੀ ਕਰਤਾਰ ਸਿੰਘ ਜੀ ਇਲਾਕਾ ਸਾਂਦਲਬਾਰ ਦੇ ਬਿਲਕੁਲ ਕਰੀਬ ਸਨ। ਉਹਨਾਂ ਨੇ ਵੀ ਇਥੋਂ ਦੇ ਵਸਨੀਕਾਂ ਨਾਲ ਇਨਸਾਫ ਨਹੀਂ ਕੀਤਾ। ਮਾਝੇ ਮਾਲਵੇ ਦੇ ਚੰਗੇ ਕਸੀਦੇ ਲਿਖ ਗਏ ਹਨ। ਜੇ ਲਿਖਿਆ ਹੀ ਹੈ ਤਾਂ ਕੇਵਲ ਸ਼ੁਕਰ ਚਕੀਆਂ ਦਾ ਤੇ ਬਾਕੀ ਫੇਰ ਮਝੈਲ ਸਰਦਾਰਾਂ ਦੇ ਹੀ ਗੁਣ ਗਾਏ ਹਨ। ਸਾਂਦਲਬਾਰ ਦੇ ਕਿਸੇ ਸੂਰਮੇ, ਬਾਬੇ ਅਮੀਰ ਸਿੰਘ ਭਿਖੀ, ਬਾਬਾ ਬਾਘ ਸਿੰਘ ਮਰਾਲੀ ਵਾਲਾ, ਬਾਬਾ ਸਹਾਈ ਸਿੰਘ ਝਾਮਕਾ, ਬਾਬਾ ਰਣ ਸਿੰਘ ਮੁਦਵਾਲੀਆ ਆਦਿ ਦਾ ਕਿਧਰੇ ਨਾਮ ਤੱਕ ਨਹੀਂ ਲਿਖਿਆ। ਗਿ: ਗਿਆਨ ਸਿੰਘ ਜੀ ਨੇ ਚੁਗਲਾਂ[1] ਦਾ ਵੇਰਵਾ ਖੂਬ ਦਿੱਤਾ ਹੈ।

ਖਲਸਾ ਕਾਹਨੂੰਵਾਨ ਦੇ ਛੰਭ ਵਿੱਚ

ਜਸਪਤ ਦੇ ਕਤਲ ਨੇ ਲਖਪਤ ਦੇ ਪੈਰਾਂ ਥੱਲੇ ਮੁਆਤਾ ਬਾਲ ਦਿੱਤਾ ਅਤੇ ਯਾਹੀਯਾ ਖਾਨ ਅੱਗ ਭਬੂਕਾ ਹੋ ਗਿਆ। ਸਿੰਘਾਂ ਨੂੰ ਮਲੀਆਮੇਟ ਕਰਨ ਦੇ ਹੁਕਮ ਜਾਰੀ ਹੋ ਗਏ। ਪਿੰਡਾਂ ਤੇ ਸ਼ਹਿਰਾਂ ਵਿੱਚੋਂ ਸਿਖ ਫੜੇ ਜਾਣ ਲੱਗੇ। ਕਈ ਬੇਗੁਨਾਹ ਸਿੰਘ, ਸਿੰਘਣੀਆਂ ਅਤੇ ਬੱਚੇ ਕਤਲ ਕੀਤੇ ਗਏ। ਨਾਮਵਰ ਲਾਹੌਰ ਨਿਵਾਸੀ ਹਿੰਦੂਆਂ ਦਾ ਇੱਕ ਮੇਲਾ (ਵਫਦ) ਲਖਪਤ ਕੋਲ ਗਿਆ ਕਿ ਬੇਗੁਨਾਹ ਸਿੱਖਾਂ ਦਾ ਖੂਨ ਨਾ ਕਰੋ ਪਰ ਉਸ ਨੇ ਕੋਈ ਗੱਲ ਨਾ ਮੰਨੀ ਤੇ ਕਤਲਾਮ ਜਾਰੀ ਰਿਹਾ।

ਲਖਪਤ ਲਸ਼ਕਰ ਲੈ ਕੇ ਜੰਗਲਾਂ ਤੇ ਝਲਾਂ ਨੂੰ ਝਾੜਨ ਤੇ ਸਾੜਨ ਲੱਗ ਪਿਆ। ਖਾਲਸੇ ਨੂੰ ਹੁਣ ਲਾਹੌਰ ਨੇੜੇ ਰਹਿਣਾ ਔਖਾ ਹੋ ਗਿਆ ਤੇ ਸਿੰਘਾਂ ਨੇ ਰਾਵੀ ਦੇ ਨਾਲ ਨਾਲ ਬਸ਼ੋਲੀ, ਕਠੂਏ ਅਤੇ ਕਾਹਨੂੰਵਾਣ ਦੇ ਛੰਭ ਵੱਲ ਧਾਈ ਕਰ ਲਈ। ਸਿੰਘਾਂ ਦੀ ਗਿਣਤੀ ਕੋਈ ਪੰਦਰਾਂ ਹਜ਼ਾਰ ਦੇ ਨੇੜੇ ਤੇੜੇ ਸੀ। ਬਸੋਲੀ ਤੇ ਕਠੂਏ ਦੇ ਰਾਜਪੂਤਾਂ ਟਾਕਰਾ ਕੀਤਾ, ਸਿੰਘ ਪਿੱਛਾਂ ਪਰਤ ਆਏ। ਦਰਿਆ ਰਾਵੀ ਵਿੱਚ ਕਾਂਗ ਆਈ ਹੋਈ ਸੀ। ਉਸ ਨੂੰ ਪਾਰ ਕਰਨ ਲਗੇ ਕਈ ਸਿੰਘ ਪਾਣੀ ਵਿੱਚ ਰੁੜ੍ਹ ਗਏ। ਤੀਸਰੇ ਪਾਸੇ ਦੁਸ਼ਮਣ ਦੀ ਸੈਨਾ ਘੇਰੀ ਖੜੀ ਸੀ।

ਨਵਾਬ ਕਪੂਰ ਸਿੰਘ[2] ਨੇ ਜੱਸਾ ਸਿੰਘ, ਸੁੱਖਾ ਸਿੰਘ, ਭੂੰਮਾ ਸਿੰਘ ਆਦਿ ਨਾਮੀ ਜਥੇਦਾਰਾਂ ਨਾਲ ਸਲਾਹ ਕੀਤੀ ਤੇ ਇਹ ਮਤਾ ਸਰਬਤ ਖਾਲਸੇ ਨੂੰ ਸੁਣਾਇਆ ਗਿਆ—"ਹੁਣ ਮੈਦਾਨ ਵਿੱਚ ਆਹਮੋ ਸਾਹਮਣੇ ਹੋ ਕੇ ਲੜੀਏ, ਪਾਹੜ ਵਿੱਚ ਜਾ ਕੇ ਜਾਂ ਦਰਿਆ ਵਿੱਚ ਡੁੱਬਣ ਨਾਲੋਂ ਸਨਮੁਖ ਲੜਨਾ ਠੀਕ ਹੈ"। ਅੰਤ ਇੱਕ ਦਿਨ ਜਥੇਦਾਰ ਸੁੱਖਾ ਸਿੰਘ ਨੇ ਦੁਸ਼ਮਨ ਤੇ ਹੱਲਾ ਬੋਲ ਦਿੱਤਾ। ਬੜੀ ਘਮਸਾਨਾਂ ਦੀ ਲੜਾਈ ਹੋਈ।

ਸੁਖਾ ਸਿੰਘ ਨੇ ਲਖਪਤ ਨੂੰ ਵੇਖ ਉਹਦੇ ਤੇ ਹਮਲਾ ਕਰ ਦਿੱਤਾ। ਐਨ ਉਸੇ ਵੇਲੇ ਇੱਕ ਗੋਲਾ ਸੁੱਖਾ ਸਿੰਘ ਦੀ ਲੱਤ ਤੇ ਆਣ ਵੱਜਾ। ਪੱਗ ਪਾੜ ਕੇ ਸਿੰਘ ਨੇ ਲੱਤ ਹੱਥ ਨਾਲ ਬੰਨ ਲਈ ਤੇ ਫੇਰ ਲੜਾਈ ਸ਼ੁਰੂ ਕਰ ਦਿੱਤੀ। ਪਰ ਲਖਪਤ ਹੱਥੋਂ ਨਿਕਲ ਗਿਆ। ਉਹਦੀ ਮਦਦ ਤੇ ਉਸਦਾ ਪੁੱਤਰ ਹਰਭਜ ਤੇ ਯਾਹਯਾ ਖਾਨ ਦਾ ਪੁੱਤਰ ਨਾਹਰ ਖਾਂ ਆਦਿ ਕਈ ਜਰਨੈਲ ਆ ਗਏ। ਸੁਖਾ ਸਿੰਘ ਦੀ ਮਦਦ ਤੇ ਜੱਸਾ ਸਿੰਘ ਆਦਿ ਕਈ ਜਥੇਦਾਰ ਆਣ ਪੁੱਜੇ। ਬੜੀ ਲਹੂ ਡੁੱਹਲਵੀਂ ਲੜਾਈ ਹੋਈ।

ਸਿਖਾਂ ਨਾਲੋਂ ਲਖਪਤ ਦਾ ਵਧੇਰੇ ਨੁਕਸਾਨ ਹੋਇਆ। ਉਸਦਾ ਪੁੱਤਰ ਹਰਭਜ, ਯਾਹੀਆ ਖਾਂ ਦਾ ਪੁੱਤਰ ਨਾਹਰ ਖਾਂ ਅਤੇ ਕਰਮ ਬਖਸ਼ ਰਸੂਲ ਨਗਰੀਆ ਆਦਿ ਫੌਜਦਾਰ ਮਾਰੇ ਗਏ। ਸਿੰਘਾਂ ਨੇ ਇੱਕ ਮਿਲਵਾਂ ਹੱਲਾ ਕੀਤਾ ਤੇ ਦੁਸ਼ਮਨ ਦੀ ਫੌਜ ਨੂੰ ਚੀਰ ਕੇ ਨਿਕਲ ਗਏ।

---

1. 1) ਲਾਲੂ ਵਿਰਕ ਭਿੱਖੀ ਦਾ 2) ਮੱਲਕ ਰਾਇ ਸੰਧੂ ਵਡਾਲੀਆ 3) ਚੌਧਰੀ ਦਿਆਲਾ ਵੜਾਇਚ ਗੋਂਦਲਾ ਵਾਲਾ 4) ਸ਼ਾਮੇ ਸ਼ਾਹ ਖਤ੍ਰੀ ਗਿਰਝਾਖ 5) ਗੁਰੀਆ ਮੱਟੂ ਪਿੰਡ ਮੱਟਵਾਂ 6) ਦਯਾਨਤ ਰਾਏ ਸੰਧਰਾ 7) ਉਗਰ ਸੈਨ ਖਤ੍ਰੀ ਏਮਨਾ ਬਾਦੀਆ 8) ਸ਼ੇਰਾ ਮਾਨ ਪਿੰਡ ਸ਼ੇਰੇ ਦਾ ਕੋਟ 9) ਪੀਰ ਮੁਹੰਮਦ ਚੱਠਾ (10) ਬਹਿਰਾਮ ਖਾਂ ਮੰਚਰ ਆਦਿ, ਆਦਿ।
2. ਅੱਗੇ ਹੋ ਨਵਾਬ ਕਪੂਰ ਸਿੰਘ ਨੇ ਕਿਹਾ ਅੱਜ ਸ਼ਹੀਦੀਆਂ ਪਾਓ ਸਿਘੋ
   ਪੁਨਾ :- "ਜੌਹਰ ਖਾਲਸਾ" ਪੰਨਾ 51, ਸ: ਕਰਤਾਰ ਸਿੰਘ
   ਇਹ ਫੈਸਲਾ ਕਰ, ਕਪੂਰ ਸਿੰਘ ਜੀ ਅਗੇ ਵੱਧ ਕੇ ਤੇਗ ਖੜਕਾਏ ਭਾਈ (ਤੇਗ ਖਾਲਸਾ)

ਇਹ ਘਟਨਾ ਸੰਨ 1746 ਈ: ਦੀ ਹੈ । ਰਾਤੀਂ ਖਾਲਸੇ ਨੇ ਫੇਰ ਵਿਚਾਰ ਕੀਤੀ ਕਿ ਨਾ ਤਾਂ ਸਾਡੇ ਕੋਲ ਕੋਈ ਸ਼ਸਤ੍ਰ ਨਾ ਚੰਗੇ ਘੋੜੇ ਤੇ ਨਾ ਹੀ ਲੰਗਰ ਦਾ ਸਾਮਾਨ ਹੈ । ਇਹਨਾਂ ਦੇ ਪ੍ਰਬੰਧ ਕੀਤੇ ਬਿਨਾਂ ਸਾਡੀ ਕਾਮਯਾਬੀ ਦੀ ਆਸ ਨਹੀਂ । ਸੋ ਗੁਰਮਤਾ ਹੋਇਆ ਕਿ ਸਾਨੂੰ ਇਧਰ ਭਜਾ ਕੇ ਦੁਸ਼ਮਨ ਅਵੇਸਲਾ ਹੋ ਗਿਆ ਹੋਵੇਗਾ । ਇਸੇ ਵਕਤ ਪਿੱਛੇ ਪਰਤ ਵੈਰੀ ਤੇ ਛਾਪਾ ਮਾਰ ਸਭ ਕੁਛ ਲੋੜੀਂਦਾ ਸਾਮਾਨ ਲੈ ਆਈਏ ।

ਗਿ: ਸੋਹਣ ਸਿੰਘ ਸੀਤਲ ਲਿਖਦਾ ਹੈ :—

ਉਹਨਾਂ ਮਰਦਾਂ ਦੇ ਹੌਂਸਲੇ ਵੇਖੋ, ਅਖੇ ਤਾਂ ਵੈਰੀ ਦੇ ਘੇਰੇ ਵਿਚੋਂ ਨਿਕਲਣ ਦਾ ਰਾਹ ਕੋਈ ਨਹੀਂ ਲੱਭਦਾ, ਜੇ ਮਰ ਮਰਾ ਕੇ ਬਾਹਰ ਨਿਕਲੇ ਹੀ ਹਨ, ਤਾਂ ਭਉਂ ਕੇ ਵੈਰੀ ਤੇ ਚੋਟ ਕਰਨ ਦੀ ਧਾਰ ਲਈ ਹੈ—ਗੁਰਮਤਾ ਪੱਕਾ ਹੋ ਗਿਆ । ਸੁੱਤੇ ਪਏ ਵੈਰੀ ਉੱਤੇ ਸਿੰਘਾਂ ਨੇ ਹੱਲਾ ਬੋਲ ਦਿੱਤਾ । ਜਿਹੜੇ ਕਾਬੂ ਆਏ ਤਲਵਾਰ ਦੀ ਧਾਰ ਲੰਘਾਏ ਤੇ ਜੋ ਕੁਛ ਹੱਥ ਲੱਗਾ ਸਮੇਟ ਕੇ ਚਲਦੇ ਬਣੇ । ਵੈਰੀ ਦੀਆਂ ਫੌਜਾਂ ਦੇ ਤਿਆਰ ਹੋਣ ਤੋਂ ਪਹਿਲਾਂ ਹੀ ਖਾਲਸਾ ਫੇਰ ਝਲ ਵਿੱਚ ਛਪਨ ਹੋ ਗਿਆ ।

ਹੁਣ ਤਾਂ ਲਖਪਤ ਹੱਥ ਧੋ ਕੇ ਖਾਲਸੇ ਮਗਰ ਪੈ ਗਿਆ । ਸਿੰਘ ਹਿੰਮਤ ਕਰਕੇ ਰਾਵੀ ਟੱਪ ਆਏ । ਅਗੇ ਰਾਮਾ ਰੰਧਾਵਾ ਰਾਹ ਰੋਕੀ ਖੜਾ ਸੀ । ਦੋ ਹੱਥ ਕਰਕੇ ਸਿੰਘਾਂ ਸ੍ਰੀ ਹਰ ਗੋਬਿੰਦਪੁਰ ਦੇ ਪਤਨੋਂ ਬਿਆਸਾ ਟੱਪ ਦੁਆਬੇ ਜਾ ਆਰਾਮ ਕੀਤਾ । ਇਥੇ ਆਦੀਨਾ ਬੇਗ ਫੌਜ ਲੈ ਚੜ੍ਹਿਆ । ਖਾਲਸਾ ਅਲੀਵਾਲ ਦੇ ਪਤਣੋਂ ਲੰਘ ਮਾਲਵੇ ਵਿੱਚ ਪੁੱਜ ਗਿਆ ।

ਜਸਪਤ ਦੀ ਮੌਤ ਅਖੀਰ ਮਾਰਚ ਜਾਂ ਸ਼ੁਰੂ ਅਪਰੈਲ 1746 ਈ: ਵਿੱਚ ਹੋਈ ਉਦੋਂ ਤੋਂ ਲਗ ਕੇ ਜੂਨ 1746 ਨੂੰ ਲਖੂ ਦੇ ਲਾਹੌਰ ਮੁੜਨ ਤੱਕ ਤਿੰਨ ਮਹੀਨੇ ਦਾ ਸਮਾਂ ਖਾਲਸੇ ਤੇ ਬਹੁਤ ਭਾਰਾ ਸੀ । ਇਸ ਦੌਰਾਨ ਬੇਗੁਨਾਹ ਸਿੰਘ ਸਿੰਘਣੀਆਂ ਤੇ ਬੱਚੇ ਕਤਲ ਹੋਏ । ਇਸੇ ਘਟਨਾ ਨੂੰ ਹੀ ਸਿਖ ਇਤਿਹਾਸ ਵਿੱਚ ਛੋਟਾ ਘਲੂਘਾਰਾ ਕਰ ਕੇ ਸਦਿਆ ਜਾਂਦਾ ਹੈ । ਇਸ ਘਲੂਘਾਰੇ ਵਿੱਚ ਦਸ, ਬਾਰਾ ਹਜ਼ਾਰ ਖਾਲਸੇ ਦਾ ਸ਼ਹੀਦ ਹੋਣਾ ਇਤਿਹਾਸਕਾਰ ਲਿਖਦੇ ਹਨ ।

ਮੱਸਾ ਸ੍ਰੀ ਦਰਬਾਰ ਸਾਹਿਬ ਤੇ ਨਵੰਬਰ 1739 ਤੋਂ ਅਗਸਤ 1740 ਤੱਕ ਕਾਬਜ਼ ਰਿਹਾ ਤੇ ਅੰਤ ਆਪਣੀ ਕੀਤੀ ਦਾ ਫਲ ਧਾ ਗਿਆ । 1745 ਵਿੱਚ ਜ਼ਕਰੀਆ ਮਰ ਗਿਆ ਤਾਂ ਉਸਦਾ ਵੱਡਾ ਪੁੱਤਰ ਯਾਹੀਆ ਖਾਨ ਪੰਜਾਬ ਦਾ ਹਾਕਮ ਬਣਿਆ । ਕਿੰਤੂ 12 ਮਾਰਚ 1747 ਨੂੰ ਉਸਦੇ ਛੋਟੇ ਭਾਈ ਸ਼ਾਹ ਨਵਾਜ਼ ਨੇ ਲਾਹੌਰ ਤੇ ਕਬਜ਼ਾ ਕਰ ਯਾਹੀਆ ਖਾਂ ਨੂੰ ਕੈਦ ਕਰ ਦਿੱਤਾ । ਮਗਰ ਇਹਨਾਂ ਅਦਲਾ ਬਦਲੀਆਂ ਨਾਲ ਹਕੂਮਤ ਦਾ ਸਲੂਕ ਖਾਲਸੇ ਨਾਲ ਉਹੋ ਰਿਹਾ ਜੋ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਦੇ ਨਾਲ ਆਰੰਭ ਹੋਇਆ ਸੀ । ਖਾਲਸੇ ਵਾਸਤੇ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਬਹੁਤ ਔਖੇ ਸਨ ।

ਸਲਾਬਤ ਖਾਨ

1747 ਵਿੱਚ ਠਰੂ (ਜ਼ਿ: ਅੰਮ੍ਰਿਤਸਰ) ਨਿਵਾਸੀ ਇੱਕ ਸਲਾਬਤ ਖਾਨ ਨਾਮੇ ਰਾਜਪੂਤ ਅੰਮ੍ਰਿਤਸਰ ਦਾ ਹਾਕਮ ਨਿਯੁਕਤ ਹੋਇਆ । ਇਸ ਨੇ ਆਉਂਦਿਆਂ ਹੀ ਹੋਰ ਸਖਤੀ ਸ਼ੁਰੂ ਕਰ ਦਿੱਤੀ । ਸਰੋਵਰ ਦੀ ਪ੍ਰਕਰਮਾ ਦਵਾਲੇ ਇਸ ਨੇ ਬੁਰਜਾਂ ਵਿੱਚ ਪਹਿਰੇ ਬਿਠਾ ਦਿੱਤੇ ਕਿ ਜੇ ਕੋਈ ਸਿਖ ਨਹਾਉਣ ਜਾਂ ਮੱਥਾ ਟੇਕਣ ਆਵੇ ਤੇ ਗੋਲੀ ਮਾਰ ਦਿੱਤੀ ਜਾਵੇ । ਇਹ ਸਖਤੀ ਪੰਥ ਦੇ ਜੀਵਨ ਮਰਨ ਨਾਲ ਸੰਬੰਧਤ ਸੀ ।

ਨਵਾਬ ਕਪੂਰ ਸਿੰਘ ਜੀ ਨੇ ਬੁੱਢਾ ਦਲ ਅਤੇ ਤਰੁਨਾ ਦਲ ਦੀ ਇਕੱਤਰਤਾ ਬੁਲਾ ਕੇ, ਗੁਰੂ ਕੀ ਨਗਰੀ ਨੂੰ ਜਰਵਾਣਿਆ ਦੇ ਪੰਜੇ ਵਿੱਚੋਂ ਛੁਡਾਣ ਦਾ ਮਤਾ ਖਾਲਸਾ ਜੀ ਅਗੇ ਰੱਖਿਆ । ਜੋ ਸਰਬਤ ਖਾਲਸੇ ਨੇ ਜੈਕਾਰਿਆਂ ਦੀ ਗੂੰਜ ਨਾਲ ਪਾਸ ਕਰ ਦਿੱਤਾ । ਹੁਣ ਨਵਾਬ ਸਾਹਿਬ ਨੇ ਆਪਣੇ ਸਯੋਗ ਧਰਮ ਪੁੱਤਰ ਜੱਸਾ ਸਿੰਘ ਆਹਲੂਵਾਲੀਆ ਨੂੰ ਇਸ ਕਾਰਜ ਵਾਸਤੇ ਨਿਯੁਕਤ ਕੀਤਾ । ਜੱਸਾ ਸਿੰਘ ਜੀ ਅਗਲੇ ਦਿਨ ਮਾਰਚ 1748 ਨੂੰ ਸਵਾ ਪਹਿਰ ਦੀ ਰਾਤ ਰਹਿੰਦੀ ਨੂੰ ਅੰਮ੍ਰਿਤਸਰ ਪਹਿਰੇਦਾਰਾਂ ਨੂੰ ਬਿਲੇ ਲਾ ਕੇ ਸਲਾਬਤ ਖਾਂ ਦੀ ਗੜ੍ਹੀ ਨੂੰ ਜਾ ਘੇਰਾ ਘਤਿਆ ।

ਸਲਾਬਤ ਖਾਂ ਰਾਜਪੂਤ ਸੀ ਅਤੇ ਆਪਣੇ ਜ਼ਮਾਨੇ ਦਾ ਨਾਮੀ ਤਲਵਾਰੀਆ ਸੀ । ਇਸ ਨੇ ਝਟਪਟ ਫੌਜ ਤਿਆਰ ਕਰ ਖਾਲਸੇ ਵੱਲ ਝੋਕ ਦਿੱਤੀ । ਮਗਰ, ਅਗੇ ਤਾਂ ਸਿਰਲਥ ਖਾਲਸਾ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਲਈ ਵਿਆਕਲ ਹੋਇਆ ਖੜਾ ਸੀ । ਤਨਖਾਹਦਾਰ ਲੜਾਕਿਆਂ ਦੇ ਪੈਰ ਨਾ ਜਮਨ ਦਿੱਤੇ । ਇਹ ਵੇਖ ਸਲਾਬਤ ਖਾਂ ਘੋੜਾ ਭਜਾ ਕੇ ਫੌਜ ਨੂੰ ਹੱਲਾ ਸ਼ੇਰੀ ਦੇਂਦਾ ਬਾਬੇ ਜੱਸਾ ਸਿੰਘ ਦੇ ਸਾਹਮਣੇ ਆ ਨਿਕਲਿਆ । ਬਸ ਦੋਵੇਂ ਸਾਂਵੀ ਤੋਲ ਦੇ ਸੂਰਮੇ, ਅਕਹਿ ਜੋਸ਼ ਨਾਲ ਇੱਕ ਦੂਸਰੇ ਤੇ ਟੁੱਟ ਪਏ । ਸਲਾਬਤ ਖਾਂ ਬੜੇ ਹੌਂਸਲੇ ਨਾਲ ਲੜਿਆ । ਲੜਦਿਆਂ ਹੋਇਆਂ ਬਾਬੇ ਜੱਸਾ ਸਿੰਘ ਦੇ ਦੁਧਾਰੇ ਖੰਡੇ[1] ਦੇ ਵਾਰ ਨਾਲ ਇੱਕ ਤਾਂ ਸਲਾਬਤ ਖਾਂ ਦੀ ਤਲਵਾਰ ਦੋ ਟੁਕੜੇ ਹੋ ਗਈ । ਦੂਜੇ ਉਹ ਦਾ ਸਿਰ ਧੜ ਤੋਂ ਅਲਗ ਹੋ ਕੇ ਜਾ ਪਿਆ ।

1. ਸ: ਮ: ਲਤੀਫ ਹਿਸਟਰੀ ਆਫ ਦੀ ਪੰਜਾਬ ਪੰਨਾ 315 ਆਦਿ।

ਇਤਿਹਾਸਕਾਰ ਦੱਸਦੇ ਹਨ ਕਿ ਇਤਨੇ ਚਿਰ ਵਿੱਚ ਸਲਾਬਤ ਖਾਂ ਦਾ ਭਤੀਜਾ ਨਜਾਬਤ ਖਾਂ ਆ ਕੇ ਬੀਰ ਜੱਸਾ ਸਿੰਘ ਤੇ ਨੇਜੇ ਦਾ ਵਾਰ ਕਰਨ ਹੀ ਲੱਗਾ ਸੀ ਕਿ **ਨਵਾਬ ਕਪੂਰ ਸਿੰਘ** ਜੀ ਨੇ ਉਸ ਨੂੰ ਆਪਣੇ ਤੀਰ ਨਾਲ ਥਾਂ ਰੱਖਿਆ ਤੇ ਚਾਚੇ ਦੇ ਨਾਲ ਭਤੀਜਾ ਵੀ ਅਗਲੇ ਰਾਹੀਂ ਪੈ ਗਿਆ। ਲੜਦੇ ਭਿੜਦਿਆਂ, ਆਗੂਆਂ ਰਹਿਤ ਵੈਰੀ ਦਲ ਦੁਪਿਹਰ ਤੱਕ ਅੜਿਆ। ਉਪਰਾਂਤ ਭੱਜ ਵਗਿਆ। ਖਾਲਸੇ ਦੇ ਹੱਥ ਬੇਸ਼ੁਮਾਰ ਮਾਲ ਧਨ ਤੋਂ ਇਲਾਵਾ ਸ਼ਸਤਰ ਬਸਤਰ ਤੇ ਘੋੜੇ ਆਦਿ ਆਏ। ਪਿਛਲੇ ਪਹਿਰ ਹਰਿਮੰਦਰ ਸਾਹਿਬ ਅਕਾਲ ਤਖਤ ਅਤੇ ਪ੍ਰਕਰਮਾ ਦੀ ਸਫਾਈ ਪੂਰਨ ਤੌਰ ਤੇ ਕੀਤੀ ਗਈ ਅਤੇ ਅਗਲੇ ਦਿਨ ਸਵੇਰੇ, ਕਈ ਸਾਲਾਂ ਪਸ਼ਚਾਤ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਸ੍ਰੀ ਦਰਬਾਰ ਸਾਹਿਬ ਕੀਤਾ ਗਿਆ।

ਲਖਪਤ ਰਾਏ

ਇਹ ਕਲਾਨੌਰ ਦਾ ਖੱਤਰੀ ਯਾਹੀਆ ਖਾਨ ਸੂਬੇਦਾਰ ਲਾਹੌਰ ਦਾ ਦੀਵਾਨ ਸੀ। ਜਦ ਖਾਲਸੇ ਨੇ ਇਸ ਦੇ ਬੋਲ ਵਗਾੜ ਭਾਈ ਜਸਪਤ ਹਾਕਮ ਏਮਨਾਬਾਦ ਨੂੰ ਬਦੋ ਕੀ ਗੁਸਾਈਆ (ਜ਼ਿ: ਗੁਜਰਾਂਵਾਲਾ) ਦੀ ਝਿੜੀ ਵਿੱਚ ਕਤਲ ਕੀਤਾ ਤਦ ਤੋਂ ਇਹ ਹੱਥ ਧੋ ਕੇ ਸਿੰਘਾਂ ਪਿੱਛੇ ਪਿਆ ਤੇ ਖਾਲਸੇ ਨੂੰ ਬਹੁਤ ਕਸ਼ਟ ਦਿੱਤੇ। ਕੁੱਛ ਚਿਰ ਅਹਿਮਦ ਸ਼ਾਹ ਅਬਦਾਲੀ ਦੇ ਸਮੇਂ ਲਾਹੌਰ ਦਾ ਸੂਬੇਦਾਰ ਵੀ ਰਿਹਾ। ਅੰਤ ਨੂੰ ਮੀਰ ਮੰਨੂ ਨੇ ਇਸ ਨੂੰ ਕੈਦ ਕਰਕੇ ਦੀਵਾਨ ਕੌੜਾ ਮਲ ਦੇ ਹਵਾਲੇ ਕੀਤਾ। ਉਸ ਨੇ ਸਿਖਾਂ ਨੂੰ ਸੌਂਪਿਆ। ਖਾਲਸੇ ਨੇ ਛੇ ਮਹੀਨੇ ਕੈਦ ਰੱਖ ਕੇ ਸੰਨ 1748 ਵਿੱਚ ਬੜੀ ਦੁਰਦਸ਼ਾਂ ਨਾਲ ਮਾਰਿਆ। ਇਸ ਦਾ ਤੀਸਰਾ ਭਾਈ ਨਰਪਤ ਸੀ। (ਵੇਖੋ ਮਹਾਨਕੋਸ਼)

ਭਾਈ ਮਨੀ ਸਿੰਘ ਜੀ ਸ਼ਹੀਦ .

ਪੰਥ ਦੀ ਇਸ ਪ੍ਰਸਿੱਧ ਮਹਾਨ ਹਸਤੀ ਬਾਰੇ ਸਾਡੇ ਇਤਿਹਾਸਕਾਰਾਂ ਨੇ ਖਾਸ ਕਰਕੇ ਗਿਆਨੀ ਗਿਆਨ ਸਿੰਘ ਜੀ ਨੇ ਭੜਥੂ ਪਾ ਰਖਿਆ ਹੈ। ਗਿ: ਗਿਆਨ ਸਿੰਘ ਜੀ ਉਕਤ ਭਾਈ ਸਾਹਿਬ ਨੂੰ ਆਪਣਾ ਵਡਾਰੂ (ਬਜ਼ੁਰਗ) ਪੂਰਵਜ ਮੰਨਦੇ ਹਨ ਅਤੇ ਉਹਨਾਂ ਨੂੰ ਕੈਂਬੋਵਾਲ ਅਥਵਾ ਲੌਂਗੋਵਾਲ ਦੇ ਦੁੱਲਟ ਜੁਟ ਲਿਖਦੇ ਹਨ।

ਨਵੀਨ ਖੋਜ ਮੁਤਾਬਿਕ ਉਪਰੋਕਤ ਧਾਰਨਾ ਬਿਲਕੁਲ ਨਿਰਮੂਲ ਸਿੱਧ ਹੁੰਦੀ ਹੈ। ਜਿਹਾ ਕਿ ਗਿਆਨੀ ਗਰਜਾ ਸਿੰਘ ਸੰਪਾਦਤ ਸ਼ਹੀਦ ਬਿਲਾਸ ਕ੍ਰਿਤ ਭਾਈ ਸੇਵਾ ਸਿੰਘ ਦੀ ਭੂਮਿਕਾ ਵਿੱਚ ਦਰਜ ਹੈ ਕਿ :—

1) ਭਾਈ ਮਨੀ ਰਾਮ, ਬੇਟਾ ਨਾਯਕ ਮਾਈ ਦਾਸ ਕਾ, ਪੋਤਾ ਬਲੂਕਾ, ਪੜਪੋਤਾ ਮੂਲੇਕਾ, ਜਤਯਾ ਪੰਵਾਰ, ਬੰਸ ਬੀਝੇਕਾ ਬੰਝੌਤ, ਜਲਹਾਣਾ ਵਾਸੀ ਅਲੀਪੁਰ, ਪਰਗਣਾਂ ਮੁਲਤਾਨ। ਇਹ ਹੈ ਭਾਈ ਮਨੀ ਸਿੰਘ ਦਾ ਵੰਸ਼।

2) ਭਾਈ ਮਨੀ ਰਾਮ ਨੂੰ ਕੇਵਲ 13 ਸਾਲ ਦੀ ਆਯੂ ਵਿੱਚ ਪਿਤਾ ਮਾਈ ਦਾਸ ਜੀ ਸਤਵੇਂ ਗੁਰੂ ਹਰਿ ਰਾਇ ਸਾਹਿਬ ਜੀ ਪਾਸ ਲੰਗਰ ਵਿੱਚ ਭਾਂਡੇ ਮਾਂਜਨ ਦੀ ਸੇਵਾ ਵਾਸਤੇ ਸੰਨ 1657 ਈ: ਵਿੱਚ ਅਰਪਨ ਕਰ ਗਏ।

ਭਾਈ ਮਨੀ ਜੀ 20 ਸਾਲ ਦੀ ਆਯੂ ਵਿੱਚ, ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਬਾਬੇ ਬਕਾਲੇ ਹਾਜਰ ਹੋਏ। ਨਵਮ ਗੁਰੂ ਦੀ ਸ਼ਹੀਦੀ ਵੇਲੇ ਆਪ ਜੀ ਦਸਮੇਸ਼ ਜੀ ਦੀ ਸੇਵਾ ਸੰਭਾਲ ਵਿੱਚ ਤੱਤ ਪਰ ਸਨ। ਜੰਗ ਭੰਗਾਣੀ ਅਤੇ ਜੰਗ ਨਾਦੌਣ ਵਿੱਚ ਭਾਈ ਮਣਯਾ ਜੀ ਸ਼ਾਮਲ ਸਨ ਅਤੇ ਹਜ਼ੂਰ ਦੇ ਹੁਕਮ ਨਾਲ ਆਪ ਜੀ ਨੂੰ ਸੰਨ 1691 ਈ: ਵਿੱਚ ਦੀਵਾਨ ਨਿਯੁਕਤ ਕੀਤਾ ਗਿਆ।

ਭਟ ਵਹੀਆਂ ਅਨੁਸਾਰ ਆਪ ਜੀ ਦੇ ਦਸ ਸਪੁੱਤ੍ਰ (1) ਚਿਤ੍ਰ ਸਿੰਘ (2) ਬਚਿਤਰ ਸਿੰਘ (3) ਉਦੇ ਸਿੰਘ (4) ਅਨਿਕ ਸਿੰਘ (5) ਅਜਬ ਸਿੰਘ (6) ਅਜੈਬ ਸਿੰਘ (7) ਗੁਰਮੁਖ ਸਿੰਘ (8) ਭਗਵਾਨ ਸਿੰਘ (9) ਬਲਰਾਮ ਸਿੰਘ (10) ਦੇਸਾ ਸਿੰਘ (ਰਹਿਤ ਨਾਮੀਆ) ਸਨ। ਇਹਨਾਂ ਵਿੱਚ ਪਹਿਲੇ ਪੰਜ 1699 ਦੀ ਵਿਸਾਖੀ ਵਾਲੇ ਦਿਨ ਅੰਮ੍ਰਿਤ ਛਕਣ ਉਪਰੰਤ, ਭਾਈ ਸਾਹਿਬ ਮਨੀ ਸਿੰਘ ਜੀ ਨੇ ਦਸਮੇਸ਼ ਪਾਤਸ਼ਾਹ ਦੀ ਭੇਟਾ ਕਰ ਦਿੱਤੇ।

ਇਸ ਸਾਲ, ਗੁਰ ਆਗਿਆ ਪਾ ਕੇ ਭਾਈ ਸਾਹਿਬ ਪੰਜ ਸਿੰਘਾਂ, ਭਾਈ ਭੂਪਤ ਸਿੰਘ, ਗੁਲਜਾਰ ਸਿੰਘ, ਭਾਈ ਕੋਇਰ ਸਿੰਘ "ਚੰਦਰਾ", ਭਾਈ ਦਾਨ ਸਿੰਘ ਤੇ ਭਾਈ ਕੀਰਤ ਸਿੰਘ ਸਮੇਤ ਸ੍ਰੀ ਅੰਮ੍ਰਿਤਸਰ ਦੀ ਸੇਵਾ ਸੰਭਾਲ ਵਾਸਤੇ ਆਏ। ਭਾਈ ਸਾਹਿਬ ਹਜ਼ੂਰ ਦੇ ਦਰਸ਼ਨਾਂ ਵਾਸਤੇ ਅਕਸਰ ਆਨੰਦਪੁਰ ਸਾਹਿਬ ਜਾਇਆ ਕਰਦੇ ਸਨ। ਸੰਨ 1700 ਦੀ ਜੰਗ ਵੇਲੇ ਆਪ ਜੀ ਆਨੰਦਪੁਰ ਮੌਜੂਦ ਸਨ।

ਸੰਨ 1704 ਦੀ ਜੰਗ ਆਨੰਦ ਪੁਰ ਦੇ ਵੇਲੇ ਭਾਈ ਸਾਹਿਬ ਦੇ ਪਹਿਲੇ ਪੁੱਤਰ ਨੂੰ ਛੱਡ ਕੇ ਅਗਲੇ ਪੰਜ ਸ਼ਹੀਦੀਆਂ ਪਾ ਗਏ। ਬਾਕੀ ਦੇ ਕਈ ਪੁੱਤਰ ਤੇ ਪੋਤਰੇ ਪਿਛੋਂ ਸ਼ਹੀਦ ਹੋਏ। ਆਪ ਭਾਈ ਮਨੀ ਸਿੰਘ ਜੀ ਨੇ, ਲਾਹੌਰ ਵਿੱਚ 24 ਜੂਨ ਸੰਨ 1734 ਨੂੰ ਸ਼ਹੀਦੀ ਪਾਈ। ਤਿਸ ਸਮੇਂ ਆਪ ਜੀ ਦੇ ਵੰਸ਼ਜ ਅਲੀਪੁਰ ਮੁਲਤਾਨ ਤੋਂ ਉੱਠ ਕੇ ਪਿੰਡ ਕਾਹਨਾਕਾਛਾ ਜ਼ਿਲਾ ਲਾਹੌਰ ਵਿੱਚ ਆ ਕੇ ਆਬਾਦ ਹੋ ਚੁੱਕੇ ਸਨ। ਇਸ ਤੋਂ ਸਿੱਧ ਹੋਇਆ ਕਿ

ਗਿਆਨੀ ਗਿਆਨ ਸਿੰਘ ਦਾ ਸਮਸ਼ੇਰ ਖਾਲਸਾ ਪੰਨਾ 127 (ਭਾਸ਼ਾ ਵਿਭਾਗ ਛਾਪ) ਤੇ ਇਹ ਲਿਖਨਾ ਭ੍ਰਾਂਤੀ ਜਨਕ ਹੈ ਕਿ "ਏਹ (ਭਾਈ ਮਨੀ ਸਿੰਘ ਮੇਰੇ ਬਾਪ ਦਾ ਦਾਦਾ ਸੀ" ਅਰਥਾਤ ਭਾਈ ਮਨੀ ਸਿੰਘ ਜੀ ਲੌਂਗੋਵਾਲ ਦੇ ਵਾਸੀ ਦੂਲਟ ਜਟ ਸਨ, ਜੋ ਕਿ ਅਸਲੋਂ ਨਿਰਮੂਲ ਹੈ। ਹਾਂ ਇਹ ਹੋ ਸਕਦਾ ਹੈ ਕਿ ਕੋਈ ਹੋਰ ਮਨੀ ਸਿੰਘ ਲੌਂਗੋਵਾਲ ਦਾ ਵਾਸੀ ਹੋਇਆ ਹੋਵੇ। ਜਿਸਦਾ ਸਬੂਤ ਲੌਂਗੋਵਾਲੀਆਂ ਨੂੰ ਆਪਣੇ ਭੱਟਾ ਜਾਂ ਹਰਦਵਾਰ, ਕੁਰਕਸ਼ੇਤ੍ਰ ਆਦਿ ਦੇ ਪੰਡਿਆਂ ਦੀਆਂ ਵਹੀਆਂ ਵਿੱਚੋਂ ਦੇਣਾ ਪਵੇਗਾ। ਉਕਤ ਮਨੀ ਸਿੰਘ ਜੀ ਮੁਲਤਾਨੀ ਦਾ ਗਿਆਨੀ ਗਿਆਨ ਸਿੰਘ ਜੀ ਦੇ ਪ੍ਰਵਾਰ ਨਾਲ ਕੋਈ ਸੰਬੰਧ ਨਹੀਂ।

ਇੱਕ ਨਿਰਣੇਜਨਕ ਵਿਚਾਰ ਇਹ ਹੈ ਕਿ ਭਾਈ ਮਨੀ ਸਿੰਘ ਜੀ ਮੁਲਤਾਨੀ ਦਾ ਲਾਹੌਰ ਵਿੱਚ ਕਤਲ ਹੋਣਾ ਭਟਵਹੀਆ ਵਿੱਚ ਇਸ ਤਰ੍ਹਾਂ ਦਿੱਤਾ ਹੈ "ਮਨੀ ਸਿੰਘ ਮਾਈ ਦਾਸ ਕਾ, ਪੋਤਾ ਬੱਲੂਕਾ, ਪੜਪੋਤਾ ਮੂਲੇਕਾ, ਸ਼ਾਹੀ ਹੁਕਮ ਗੈਲ ਅਸਾਢ ਸੁਦੀ ਪੰਚਮੀ ਸੰਮਤ 1791 (1734 ਈ:) ਕੋ ਲਾਹੌਰ ਕੇ ਮਲਹਾਨ ਛੇ ਘੜੀ ਦਿਨ ਚੜੇ ਬੰਦ ਬੰਦ ਕਾਟਾ। ਗੈਲੋਂ ਕਾਟ ਆਇਆ ਗੈਲੋਂ ਜਗਤ ਸਿੰਘ ਬੇਟਾ ਮਾਈ ਦਾਸ ਕਾ, ਚਿਤ੍ਰ ਸਿੰਘ ਬੇਟਾ ਮਨੀ ਸਿੰਘ ਕਾ, ਗੁਰਬਖਸ਼ ਸਿੰਘ ਬੇਟਾ ਮਨੀ ਸਿੰਘ ਕਾ ਮਾਰੇ ਗਏ। ਅਗੇ ਗੁਰੂ ਭਾਣੇ ਕਾ ਖਾਵਿੰਦ ਗੁਰੂ ਗੁਰੂ ਜਪਣਾ ਜਨਮ। ਸਵਰੇਗਾ।"

(ਭਟ ਵਹੀ ਮੁਲਤਾਨੀ ਸਿੰਧੀ)

ਕਿੰਤੂ ਗਿਆਨੀ ਗਿਆਨ ਸਿੰਘ ਜੀ ਭਾਈ ਮਨੀ ਸਿੰਘ ਜੀ (ਜੋ ਸ਼ਾਇਦ ਦਲਟ ਜੱਟ ਸਨ) ਦੀ ਸ਼ਹੀਦੀ ਮਘਰ ਸੁਦੀ ਪੰਚਮੀ ਸੰਮਤ 1795 ਬਿ: (1738 ਈ:) ਦੀ ਲਿਖਦੇ ਹਨ। ਇਹਨਾਂ ਦੋਨਾਂ ਸਾਕਿਆ ਵਿੱਚ ਘੱਟ ਵੱਧ ਚਾਰ ਸਾਲ ਦਾ ਅੰਤਰ ਹੈ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਦੀ ਤਾਰੀਖ ਦੀ ਪੁਸ਼ਟੀ ਇੱਕ ਮੌਕੇ ਦਾ ਗਵਾਹ ਭਾਈ ਕੋਇਰ ਸਿੰਘ, ਜੋ ਸ਼ਹੀਦੀ ਸਮੇਂ ਪਹਿਰੇ ਤੇ ਖੜਾ ਸੀ। ਗੁਰਬਿਲਾਸ ਪਾ. 10 ਪੱਤ੍ਰਾ 219 ਤੇ ਇਸ ਤਰ੍ਹਾਂ ਕਰਦਾ ਹੈ।

ਸੰਮਤ ਸਤ੍ਰਹ ਸਹਿਸ ਇਕਾਵਨ। ਮਾਸ ਅਖਾਰ ਸੁਕਲ ਪਰ ਪਾਵਨ॥
ਦਹੇ ਬੀਚ ਤੁਰਕਨ ਕੋ ਮੇਲਾ। ਤਬ ਹੀ ਮਿਰਤ ਗੁਰੂ ਸੰਗ ਚੇਲਾ॥
ਪੰਚਮ ਥਿਤ ਭਮਨ ਅਤਿਬਾਰੀ। ਲਵਪੁਰ ਮੇਂ ਥੀ ਦੇਹ ਬਿਨਸਾਰੀ॥

—00—

ਅਦੀਨਾ ਬੇਗ

ਇਹ ਗਰੀਬ ਚਨੂੰ ਅਰਾਈਂ ਸਰਕਪੁਰ (ਜਿ: ਸ਼ੇਖੂਪੁਰਾ) ਦੇ ਵਸਨੀਕ ਦਾ ਪੁੱਤਰ ਸੀ। ਛੋਟੀ ਉਮਰੇ ਘਰੋਂ ਨਿਕਲ ਆਇਆ। ਮੁਗਲ ਘਰਾਨਿਆ ਵਿੱਚ ਨੌਕਰੀ ਕਰਦਾ ਰਿਹਾ। ਫਿਰ ਹੁਸ਼ਿਆਰ ਹੋਣ ਕਰਕੇ ਕਾਨੂੰਗੋਈ ਕਰਦਾ ਰਿਹਾ ਅਤੇ ਵੱਧਦਾ ਵੱਧਦਾ ਜਾਲੰਧਰ ਦਾ ਨਾਜਮ ਹੋ ਗਿਆ। ਇਹ ਬੜਾ ਚਾਲਬਾਜ ਸੀ। ਮੌਕਾ ਵੇਖ ਕੇ ਕਦੇ ਸਿਖਾਂ ਵੱਲ ਤੇ ਕਦੇ ਸਰਕਾਰ ਵੱਲ ਹੋ ਕੇ ਆਪਣਾ ਮਤਲਬ ਪੂਰਾ ਕਰਦਾ ਸੀ।

ਅਹਿਮਦ ਸ਼ਾਹ ਦੇ ਬੇਟੇ ਤੈਮੂਰ ਅਤੇ ਉਸ ਦੇ ਨਾਇਬ ਜਹਾਨ ਖਾਨ ਦਾ ਨਾਸ਼ ਕਰਨ ਲਈ ਇਸ ਨੇ ਪਹਿਲਾਂ ਸਿੱਖਾਂ ਨਾਲ ਤੇ ਫੇਰ ਮਰਹਟਿਆਂ ਨਾਲ ਮਿੱਤਰਤਾ ਗੰਢੀ। ਪਰ ਪੂਰਾ ਕਿਸੇ ਨਾਲ ਨਾ ਉਤਰਿਆ ਕਿਉਂਕਿ ਇਹ ਦਿਲ ਦਾ ਖੋਟਾ ਸੀ। ਇਸ ਦਾ ਦਿਹਾਂਤ ਸੂਲ ਰੋਗ ਨਾਲ ਅਸੂ ਸੰਮਤ 1815 (1758 ਈ:) ਵਿੱਚ ਹੋਇਆ।

(ਮਹਾਨ ਕੋਸ਼ ਵਿੱਚੋਂ)

ਹਕੀਕਤ ਰਾਇ

ਸਿਆਲਕੋਟ ਨਿਵਾਸੀ ਬਾਘ ਮਲ ਪੁਰੀ ਖੱਤਰੀ ਦੇ ਘਰ ਸਿਖ ਪੁੱਤਰੀ ਗੋਰਾਂ ਦੇ ਉਦਰ ਤੋਂ ਸੰਮਤ 1781 (1724 ਈ:) ਵਿੱਚ ਹਕੀਕਤ ਰਾਏ ਦਾ ਜਨਮ ਹੋਇਆ। ਵਟਾਲਾ ਨਿਵਾਸੀ ਸਹਿਜਧਾਰੀ ਸਿਖ ਕਿਸ਼ਨ ਚੰਦ ਉਪਲ ਖੱਤਰੀ ਦੀ ਸਪੁੱਤ੍ਰੀ ਦੁਰਗਾ ਦੇਵੀ ਨਾਲ ਵਿਆਹ ਹੋਇਆ ਅਤੇ ਭਾਈ ਬੁੱਧ ਸਿੰਘ ਵਟਾਲੀਏ ਦੀ ਸੰਗਤ ਤੋਂ ਸਿਖ ਧਰਮ ਦੇ ਨਿਯਮਾਂ ਦਾ ਵਿਸ਼ਵਾਸੀ ਹੋਇਆ। ਇੱਕ ਦਿਨ ਮਕਤਬ ਵਿੱਚ ਜਮਾਤ ਦੇ ਮੁਸਲਮਾਨ ਮੁੰਡਿਆਂ ਨੇ ਦੇਵੀਆਂ ਬਾਰੇ ਕੁਝ ਅਯੋਗ ਸ਼ਬਦ ਕਹੇ। ਇਸ ਪੁਰ ਹਕੀਕਤ ਰਾਏ ਨੇ ਆਖਿਆ ਜੇ ਇਹੋ ਜਿਹੇ ਅਪਮਾਨ ਭਰੇ ਸ਼ਬਦ ਮੁਹੰਮਦ ਸਾਹਿਬ ਦੀ ਪੁੱਤਰੀ ਫਾਤਮਾ ਦੀ ਸ਼ਾਨ ਵਿੱਚ ਵਰਤੇ ਜਾਣ ਤਾਂ ਤੁਹਾਨੂੰ ਕਿੰਨਾ ਦੁੱਖ ਹੋਵੇਗਾ। ਇਹ ਯੋਗ ਬਾਤ ਵੀ ਕਟਰਪੰਥੀ ਮੁਲਾਣਿਆਂ ਤੋਂ ਨਾ ਸਹਾਰੀ ਗਈ ਅਤੇ ਸਿਆਲਕੋਟ ਦੇ ਹਾਕਮ ਅਮੀਰ ਬੇਗ ਤੋਂ ਹਕੀਕਤ ਰਾਏ ਦਾ ਚਾਲਾਣ ਲਾਹੌਰ ਦੇ ਸੂਬੇ ਪਾਸ ਕਰਵਾਇਆ। ਲਾਹੌਰ ਨੂੰ ਜਾਂਦਿਆ ਹੋਇਆਂ ਰਸਤੇ ਵਿੱਚ ਡਸਕੇ ਦੇ ਚੌਧਰੀ ਰੂਪ ਚੰਦ ਸ਼ਾਹੀ ਨੇ ਸਾਰਿਆਂ ਨੂੰ ਰਾਤ ਠਹਿਰਾ ਕੇ ਖਾਤਰ ਤਵਾਜਿਆ ਕੀਤੀ। (ਚਹਾਰ ਬਾਗ, ਗਨੇਸ਼ਦਾਸ)

ਲਾਹੌਰ ਪੁੱਜਣ ਤੇ ਹਾਕਮਾਂ ਨੇ ਇਸ ਨੂੰ ਇਸਲਾਮ ਕਬੂਲਨ ਲਈ ਆਖਿਆ। ਪਰ ਹਕੀਕਤ ਨੇ ਇਨਕਾਰ ਕੀਤਾ ਜਿਸ ਤੇ ਮਾਘ ਸੁਦੀ ਪੰਜਵੀਂ ਸੰਮਤ 1798 (ਸੰਨ 1741) ਨੂੰ ਜ਼ਕਰੀਆ ਖਾਨ ਦੇ ਹੁਕਮ ਨਾਲ ਕਤਲ ਕੀਤਾ ਗਿਆ। ਇਸ ਦੀ ਸਮਾਧ ਲਾਹੌਰ ਤੋਂ ਦੋ ਮੀਲ ਚੜ੍ਹਦੇ ਪਾਸੇ ਸੀ। ਜਿਸ ਤੇ ਬਸੰਤ ਪੰਚਮੀ ਨੂੰ ਹਰ ਸਾਲ ਮੇਲਾ ਜੁੜਿਆ ਕਰਦਾ ਸੀ।

—00—

ਮਾਲੋ ਕੇ ਬਾਰੇ ਲੋਕੋਕਤੀ

ਲੋਕਾਂ ਦੀਆਂ ਪੱਕਣ ਕਣਕਾਂ ਮਾਲੋਂ ਕੇ ਪੱਕਣ ਅੱਕ
ਜਿਹੜਾ ਮਾਲੋਕਾ ਚੰਗਾ ਹੋਵੇ ਜਾਵੇ ਮੜ੍ਹੀ ਸ਼ੜਪ

—00—

ਗੋਤ੍ਰਾਚਾਰ

ਪੰਜਾਬ ਵਿੱਚ ਹਿੰਦੂ ਤੇ ਸਿਖ ਘਰਾਨਿਆਂ ਤੇ ਲਾਗੀਆਂ ਖਾਸ ਕਰ ਕੇ ਮਿਰਾਸੀਆਂ ਅਤੇ ਬ੍ਰਾਹਮਨਾਂ ਨੇ ਬੜੀ ਭਾਰੀ ਛਟ ਪਾ ਰੱਖੀ ਸੀ। ਬਹੁਤੀ ਵੇਰ; ਪੁਰਾਣੇ ਸਮਿਆਂ ਵਿੱਚ ਮਿਰਾਸੀ ਵਿਆਹ ਆਦਿ ਢੰਗਾਂ ਤੇ ਬਹੁਤ ਜਿੱਚ ਕੀਤਾ ਕਰਦੇ ਸਨ। ਇਹ ਤਾਂ ਭਲਾ ਹੋਵੇ ਅੰਗਰੇਜ਼ ਸਰਕਾਰ ਦਾ, ਜਿਸ ਨੇ ਇਹਨਾਂ ਤੇ ਕਾਨੂੰਨ ਰੋਕ ਲੱਗਾ ਦਿੱਤੀ ਸੀ, ਨਹੀਂ ਤੇ ਇਹਨਾਂ ਦੇ ਸੁਆਰਥੀ ਲਾਗ ਆਦਿ ਟੁੱਟੀ ਹੋਈ ਜੁੱਤੀ ਵਾਂਗੂ ਨਿੱਤ ਵਧਦੇ ਹੀ ਤੁਰੇ ਜਾਂਦੇ ਸਨ।

ਮਿਰਾਸੀ ਤਾਂ "ਹੇਲੀ" ਪੜ੍ਹਦਾ ਸੀ ਤੇ ਲਾਗ ਲੈਂਦਾ ਸੀ। ਪੰਡਤ ਵਿਆਹਾਂ ਵਿੱਚ ਆ ਕੇ ਗੋਤ੍ਰਾਚਾਰ ਸੁਣਾਇਆ ਕਰਦੇ। ਜਿਸ ਦਾ ਨਮੂਨਾ ਥੱਲੇ ਦਿੱਤਾ ਜਾਂਦਾ ਹੈ :—

(1) ਸਿਮਰੋ ਸੁਆਮੀ ਦੇਵਤਾ ਸਤ ਬ੍ਰਹਮਾਂ ਬਿਸ਼ਨ ਮਹੇਸ਼ ॥
ਜਿਥੋ ਵਿਰਕ ਉਪਾਇਆ ਧੰਨ ਸ਼ਵੰਨਾ ਦੇਸ਼ ॥
ਮਨਹਾਸੋ ਵਿਰਕ ਉਪਾਇਆ ਧਰ ਬੈਠਾ ਸਭ ਨਿਸ਼ਾਨ ॥
ਜਿਤ ਵਲ ਚੜ੍ਹਤਲ ਵਿਰਕ ਦੀ ਥਰ ਹਰ ਕਰੇ ਜਹਾਨ ॥
ਦੇਵੇ ਕੰਲੇ ਕੈਲੀਆਂ ਬਿਪਰਾਂ ਨੂੰ ਇਹ ਦਾਨ ॥
ਕਹਿ ਕੁਲਵੰਤ ਸ੍ਰੀ ਮੰਗਲੰ, ਕੋਗੋਤ੍ਰ ਕਸ਼ਬ ਗੋਤ੍ਰ ॥
ਕਸਬ ਆਸਰੇ ਦੇਵ ਦੇਵਾਂ ਹੁਦਰੇਸ਼ ਗੰਗਾ ਜਲ ਨਿਰਮਲਾ ॥
ਮੇਰੇ ਜਜਮਾਨ, ਪੰਚੀਂ ਪ੍ਰਧਾਨ ਮਾਨ ਸਰੋਵਰ ਦਾ ਹੰਸ ਦੁਤਯੇ ਦਾ ਚੰਦਰ ਮਾਹ ॥

(2) ਪੁਨਾ—ਰਾਮੋ ਸ੍ਰੀ ਨਾਰਾਯਣਾ ਜਾਲਮ ਬਚਨ ਅਟਾਨ ॥
ਤ੍ਰੈ ਥੰਮ ਤੇਰਾਂ ਮੂੰਹੀਆਂ ਰਾਜ ਪੁਰਖ ਪ੍ਰਧਾਨ ॥
ਵਿਰਕ ਵੱਡਾ ਵਡਿਆਈਏ ਹੱਥ ਘਤੇ ਅਸਮਾਨ ॥
ਦੇਂਦੇ ਕੰਲੇ ਕੈਲੀਆਂ ਬਿਪਰਾਂ ਨੂੰ ਇਹ ਦਾਨ ॥
ਭਾਗੀਂ ਹੀ ਰਸ ਪਾਉਂਦੇ ਜੋ ਸਚੇ ਮਿਹਰਬਾਨ ॥
ਤਰਕਸ਼ ਜੜਿਆ ਹੀਰਿਆਂ ਲਾਲੋਂ ਜੜੀ ਕਮਾਨ ॥
ਸੰਗਲ ਹਾਲੇ ਟੱਮਕਾ ਦੇਨ ਵਲੀਦਾ ਦਾਨ ॥
ਲਖਾਂ ਤਾਜੀ ਸੁਹਵਦੇ ਪਾਗ਼ੀ ਕਈ ਕਾਹਨ ॥

—00—

ਇੰਗਲੈਂਡ ਦੇ ਬਾਦਸ਼ਾਹ ਜੂਲੀਅਸ ਸੀਜ਼ਰ (100-44 ਪੂ: ਈਸਾ) ਨੇ ਕਾਲ ਗਣਨਾ ਦਾ ਇੱਕ ਢੰਗ ਅਪਣਾਇਆ ਜਿਸ ਅਨੁਸਾਰ ਸਾਲ ਕੇਵਲ 365 ਦਿਨਾਂ ਦਾ ਮੰਨਿਆ ਗਿਆ। ਜਦ ਕਿ ਨਖਸ਼ਤ੍ਰ ਚਾਲ ਅਨੁਸਾਰ 365 ਦਿਨ 6 ਘੰਟੇ 13 ਮਿੰਟ ਤੇ 49 ਸੈਕਿੰਡ ਦਾ ਸਾਲ ਹੋਣਾ ਚਾਹੀਦਾ ਸੀ। ਸੋ ਇਸ ਭੁੱਲ ਨੂੰ ਪੋਪ ਗਰੈਗਰੀ I (600 ਈਸਵੀ) ਨੇ ਸੋਧਿਆ ਤੇ ਪੋਪ ਗਰੈਗਰੀ XIII (1582) ਨੇ ਚਾਲੂ ਕੀਤਾ। ਜਿਸ ਅਨੁਸਾਰ ਹਰ ਚੌਥੇ ਸਾਲ ਫਰਵਰੀ 28 ਦੀ ਥਾਵੇਂ 29 ਦਿਨਾਂ ਦਾ ਸ਼ੁਮਾਰ ਕੀਤਾ ਜਾਂਦਾ ਹੈ ਅਤੇ ਸੰਨ 1752 ਗਰੈਗੋਰਯਨ ਕਾਲ ਗਣਨਾ ਚਾਲੂ ਹੋਣ ਤੇ ਵਿਸਾਖੀ ਹਰ ਸਾਲ 12, 13 ਜਾਂ 14 ਅਪਰੈਲ ਨੂੰ ਆਉਂਦੀ ਹੈ।

—00—

ਸਿਰੋਪਾਓ

ਸਿਰੋਪਾਓ ਗੌਰਵਤਾ ਦਾ ਚਿੰਨ੍ਹ ਹੈ। ਬਹੁਤ ਵੱਡੇ ਜਾਣ ਜੋਖਮ ਅਤੇ ਸੂਰਮਤਾਈ ਦਾ ਕਾਰਿਆ ਸਫਲ ਸੰਪੂਰਨ ਕਰਨ ਉਪਰ ਕਿਸੇ ਗੁਰਸਿਖ ਨੂੰ ਪ੍ਰਦਾਨ ਕੀਤਾ ਜਾਂਦਾ ਸੀ। ਕਿੰਤੂ ਅੱਜ ਛੋਟੀਆਂ ਮੋਟੀਆਂ ਗੁਰਦਵਾਰਾ ਕਮੇਟੀਆਂ ਅਤੇ ਉਹਨਾਂ ਦੇ ਪ੍ਰਧਾਨ ਸਿਰੋਪਾਉ ਦੇਣ ਲੱਗੇ ਨਾ ਅਗਾ ਵੇਖ ਨਾ ਪਿੱਛਾ, ਮਨ ਮਰਜ਼ੀ ਨਾਲ ਗਫੇ ਵਰਤਾਈ ਜਾਂਦੇ ਹਨ। ਭਾਣਾ ਅਕਾਲ ਪੁਰਖ ਦਾ, ਹੋਰ ਤਾਂ ਹੋਰ, ਨਕਲੀਏ ਛਚਾਰਾ (Actors & Actress) ਭੰਡ ਬਾਜ਼ਿਆਂ ਨੂੰ ਵੀ ਇਹ ਗੁਰੂ ਕੇ ਲਾਲ ਸਿਰੋਪਾ ਦੇਣ ਲਗੇ ਲੱਜਤ ਨਹੀਂ ਹੁੰਦੇ।

ਹੋਰ ਦਾ ਕੀਹ ਕਹਿਣਾ ਹੈ ਸਾਡੇ ਤਖਤ ਸਾਹਿਬਾਂ ਦੇ ਜਥੇਦਾਰ ਸਿੰਘ ਸਾਹਿਬਾਨ, ਸਰਕਾਰੀ ਅਫਸਰਾਂ ਨੂੰ ਧਹੁੰਚ ਕੇ ਸਿਰੋਪਾਉ ਦੇਣ ਦਾ ਪ੍ਰਯਤਨ ਕਰਦੇ ਹਨ। ਭਾਵੇਂ ਉਹ ਸਿਖ ਕੌਮ ਨਾਲ ਕਿਤਨਾ ਵੀ ਮੰਦਾ ਵਤੀਰਾ ਕਿਉਂ ਨਾ ਰੱਖਦਾ ਹੋਵੇ। ਹਾਂ ਅਗਰ ਕਿਸੇ ਨੇ ਮਾਨਵਜਾਤੀ ਦੀ ਉਗਰ ਸੇਵਾ ਕੀਤੀ ਹੋਵੇ ਤਾਂ ਕੋਈ ਹਰਜ ਨਹੀਂ।

ਇਹ ਕਮੇਟੀਆਂ ਦੇ ਪ੍ਰਬੰਧਕ ਆਪਣੀ ਆਪਣੀ ਵਾਹ ਵਾਹ ਕਰਾਣ ਲਈ ਕਈ ਐਸੇ ਅਯੋਗ ਸਜਣਾਂ ਨੂੰ ਵੀ ਸਿਰੋਪਾ ਦੇਂਦੇ ਹਨ, ਜੋ ਮਗਰੋਂ ਉਸ ਸਿਰੋਪੇ ਦਾ ਮਖੌਲ ਉਡਾਂਦੇ ਹਨ। ਆਚਾਰੀਆ ਵਿਨੋਭਾ ਭਾਵੇ ਦੀ ਉਦਾਹਰਨ ਲੈ ਲਵੋ ਜਿਸ ਨੂੰ ਕਲਕਤੇ ਦੀ ਗੁਰਦਵਾਰਾ ਕਮੇਟੀ ਨੇ ਸਿਰੋਪੇ ਵਿੱਚ ਕ੍ਰਿਪਾਨ ਦਿੱਤੀ ਤੇ ਉਹ ਸਾਗ-ਖੋਰ ਭਦਰ ਪੁਰਸ਼ ਕਹਿਣ ਲੱਗਾ, ਭਗਤੀ ਮੇਂ ਤਲਵਾਰ ਕੀ ਕਿਆ ਆਵਸ਼ਕਤਾ ਹੈ। ਧਰਮੀ ਆਦਮੀਯੋਂ ਕੋ ਤਲਵਾਰ ਨਹੀਂ ਰੱਖਣੀ ਚਾਹੀਏ" ਆਦਿ ਆਦਿ। ਕਿੰਤੂ ਕਲਕੱਤਾ ਗੁਰਦਵਾਰਾ ਕਮੇਟੀ ਦੇ ਪ੍ਰਬੰਧਕਾਂ ਨੂੰ ਪਾਲਾ ਮਾਰ ਗਿਆ। ਮੂੰਹ ਨੂੰ ਤਾਲਾ ਲਗ ਗਿਆ, ਉਹਨਾਂ ਤਾਂ ਆਪਣੇ ਵੱਲੋਂ ਖੁਸ਼ਾਮਦ ਕੀਤੀ ਸੀ। ਉਹਨਾਂ ਦੀ ਆਪਣੀ ਚੌਧਰ ਤਾਂ ਕਿਧਰੇ ਰਹੀ ਆਪਣੇ ਧਾਰਮਕ ਗੌਰਵਤਾ ਵਾਲੇ ਉਤਮ ਚਿੰਨ੍ਹ ਕ੍ਰਿਪਾਨ ਅਤੇ ਗੌਰਵਤਾਪੂਰਣ ਸਿਰੋਪਾ ਦੀ ਪਰੰਪਰਾ ਨੂੰ ਟਿਚਕਰਾਂ ਕਰਵਾਈਆਂ ਚੌਬੇ ਜੀ ਗਏ ਥੇ ਛਬੇ ਬਣਨੇ ਦਬੇ ਬਣ ਕੇ ਲੌਟੇ। ਕੋਈ ਗੁਰੂ ਕੇ ਲਾਲ ਉਹਨੂੰ ਇਤਨਾ ਨਾ ਕਹਿ ਸਕੇ ਕਿ ਤੁਸਾਡੀ ਇਕੱਲੀ ਭਗਤੀ ਨੇ ਤਾਂ ਭਾਰਤ ਨੂੰ ਹਜ਼ਾਰਾਂ ਸਾਲ ਵਾਸਤੇ ਗੈਰਾਂ ਦਾ ਗੁਲਾਮ ਬਨਾਇਆ। ਭਾਰਤ ਬਦੇਸ਼ੀ ਜੁੱਤੀ ਥੱਲੇ ਕੁਚਲਿਆ ਗਿਆ। ਤੇਰੇ ਵੱਡੇ ਭੱਜ ਕੇ ਪਹਾੜ ਦੀਆ ਖੰਧਰਾਂ ਵਿੱਚ ਜਾ ਲੁੱਕੇ, ਤੁਹਾਡੇ ਵੱਡੇ ਪੰਡਤ ਦੀ ਲੜਕੀ ਹਰਦਵਾਰੋਂ ਤੈਮੂਰ ਲੈ ਗਿਆ ਜੋ ਉਸ ਦੀ ਬੇਗਮ ਬਣੀ। ਤੁਸਾਡੇ ਵੱਡੇ ਵੱਡੇਰੇ ਆਪਣੀਆਂ ਕੰਨਿਆਵਾਂ ਅਣ-ਧਰਮੀਆਂ ਨੂੰ ਦੇ ਕੇ ਆਪਣੀ ਖਲ ਬਚਾਂਦੇ ਰਹੇ। ਹਰ ਸਾਲ ਭਾਰਤ ਵਿੱਚੋਂ ਹਜ਼ਾਰਾਂ ਨਰ-ਨਾਰੀਆਂ ਬਦੇਸ਼ੀ ਆਕਰਮਨਕਾਰੀ ਡੰਗਰਾਂ ਵਾਂਗੂ ਹਿਕ ਕੇ ਲੈ ਜਾਂਦੇ ਰਹੇ ਤੇ ਤੁਸਾਡੀ ਭਗਤੀ ਨੇ ਕੋਈ ਨਵਾਲ ਨਾ ਖੂਬੀ।

ਇਹ ਕ੍ਰਿਸ਼ਮਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਭਗਤੀ (ਨਾਮ ਸਿਮਰਨ) ਅਤੇ ਸ਼ਕਤੀ (ਕ੍ਰਿਪਾਨ) ਦੇ ਸੁਮੇਲ ਨਾਲ ਕਰ ਵਖਾਇਆ ਕਿ ਉਹ ਜਰਵਾਨੇ ਜਿਹੜੇ ਦਨ ਦਨਾਂਦੇ ਬਿਨਾਂ ਰੋਕ ਟੋਕ ਤੁਸਾਡਿਆਂ ਘਰਾਂ ਵਿੱਚ ਆ ਕੇ ਮਨ ਮੰਨੀਆਂ ਕਰਦੇ ਜਾਂਦੇ ਸਨ ਉਹਨਾਂ ਨੂੰ ਭਗਤੀ ਤੇ ਸ਼ਕਤੀ ਦੇ ਸੁਮੇਲ ਨਾਲ ਐਸਾ ਫੰਡਿਆ ਕਿ ਘਰੋਂ ਨਿਕਲ ਕੇ ਇਧਰ ਮੂੰਹ ਕਰਨਾ ਤਾਂ ਕਿਧਰੇ ਰਿਹਾ ਆਪਣੇ ਅਥਰੇ ਅੰਵਾਣਿਆਂ ਨੂੰ ਵੀ ਡਰਾਨ ਵਾਸਤੇ ਖਾਲਸੇ ਦਾ ਛਪਾ ਇਤਨਾ ਜਬਰਦਸਤ ਪਿਆ ਕਿ ਹਰ ਸਾਲ ਆਉਂਦੇ ਤੇ ਸਾਡੀਆਂ ਕੰਧਾਂ ਗਾਰੇ ਦੀਆਂ ਬਨਾਦੇ। ਰਾਤੀਂ ਰੋਟੀ ਮੰਗਦੇ 'ਮਾਈ ਖੈਰ ਪਾ' ਅਤੇ ਗਰਮੀਆਂ ਨੂੰ ਘਰ ਟੁਰ ਜਾਂਦੇ ਤੇ ਜੇ ਤੁਸਾਡੀ ਨਿਰੀ ਭਗਤੀ ਹੀ ਹੁੰਦੀ ਤਾਂ ਤੇਰਾ ਨਾਮ ਅੱਜ ਆਚਾਰਯਾ ਵਨੋਭਾ ਭਾਵੇ ਨਾ ਹੁੰਦਾ, ਸ਼ਾਇਦ ਮੌਲਵੀ ਘਸੀਟਾ ਖਾਂ ਹੀ ਹੁੰਦਾ ਤੇ ਤੂੰ ਕਿਸੇ ਮਸੀਤ ਦੀ ਗੁਠੇ ਬੈਠਾ ਤਸਬੀ ਫੇਰਦਾ ਤੇ ਜੁਮੇ ਦੀਆਂ ਰੋਟੀਆਂ ਦੀ ਆਸ ਰੱਖੀ ਬੈਠਾ ਹੁੰਦਾ ਆਦਿ ਆਦਿ।

ਸਾਡੇ ਪਵਿੱਤਰ ਤਖਤ ਸਾਹਿਬਾਨ ਤੇ ਵੀ ਕੁੱਛ ਖੁਸਾਮਦੀ ਕਿਸਮ ਦੇ ਸਿੰਘ ਸਾਹਿਬਾਨ ਸ਼ਸ਼ੋਭਤ ਹੋ ਜਾਂਦੇ ਹਨ ਜਿਨ੍ਹਾਂ ਦੇ ਦਿਲਾਂ ਅੰਦਰ ਨਾ ਰਹਿਤਾਂ ਦਾ ਸੰਨਮਾਨ ਹੈ ਨਾ ਪਰੰਪਰਾ ਦਾ ਸਤਿਕਾਰ। ਮਿਸਾਲ ਵਜੋਂ ਤਖਤ ਸ੍ਰੀ ਹਜ਼ੂਰ ਸਾਹਿਬ ਹੀ ਲੈ ਲਵੋ ਜਿਥੇ ਕਿ ਪਿਛਲੇ ਸਾਲ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਨੂੰ ਸੱਦ ਕੇ ਸਿਰੋਪਾ ਵਜੋਂ ਦਿੱਤੀਆਂ ਸਾੜੀਆਂ ਦੇ ਨਾਲ ਇੱਕ ਕ੍ਰਿਪਾਨ ਵੀ ਦਿੱਤੀ। ਉਹਨਾਂ ਭੱਦਰ ਪੁਰਸ਼ ਸਿੰਘ ਸਾਹਿਬਾਨ ਨੂੰ ਪੁੱਛਿਆ ਜਾਏ ਪਈ ਸਾੜੀਆਂ ਤਾਂ ਸ੍ਰੀ ਮਤੀ ਇੰਦਰਾ ਭਲਾ ਅਗਾਹ ਵੀ ਟੋਰ ਦੇਵੇਗੀ। ਹੋਰ ਨਹੀਂ ਤਾਂ ਨੌਕਰਾਣੀਆਂ ਨੂੰ ਹੀ ਦੇ ਦੇਵੇਗੀ ਤੇ ਤੁਸਾਡੀ ਬਖਸ਼ੀ ਹੋਈ ਕ੍ਰਿਪਾਨ ਕੀ ਉਹ ਰਸੋਈਏ ਨੂੰ ਕੱਦੂ ਕੱਟਣ ਲਈ ਦੇ ਦੇਵੇਗੀ। ਜੰਗ ਵਿੱਚ ਤਾਂ ਬੀਬੀ ਜਾਣੋ ਰਹੀ। ਹਾਂ ਇਹ ਹੋ ਸਕਦਾ ਹੈ ਕਿਸੇ ਕੰਧ ਨਾਲ ਕਿੱਲੀ ਤੇ ਸਾਡੀ ਸਿਖਾਂ ਦੀ ਉਗਰਤਮ ਬੇਵਕੂਫੀ ਤੇ ਚਾਪਲੂਸੀ ਦੀ ਨਿਸ਼ਾਨੀ ਵਜੋਂ ਟੰਗ ਰੱਖੀ ਹੋਵੇ ਤਾਂ ਕੋਈ ਬੜੀ ਗੱਲ ਨਹੀਂ। ਕਾਸ਼! ਅੱਜ ਖਾਲਸਾ ਕੌਮ ਅੰਦਰ ਕੋਈ **ਨਵਾਬ ਕਪੂਰ ਸਿੰਘ** ਵਰਗਾ ਜਾਂ ਅਕਾਲੀ ਫੂਲਾ ਸਿੰਘ ਜੀ ਵਰਗਾ ਨਿਹੰਗ ਸਿਖ ਲੀਡਰ ਹੁੰਦਾ।

ਫਿਰ ਵੀ ਅਗਰ ਸਿਰੋਪਾ ਦੇਣਾ ਹੀ ਸੀ ਤਾਂ ਪੁਰਾਤਨ ਰੀਤੀ ਅਨੁਸਾਰ ਇੱਕ ਦੁਪਟੇ ਵਿੱਚ ਬੀਬੀ ਨੂੰ ਤੇ ਇੱਕ ਪੱਟਕੇ ਵਿੱਚ ਮਨੁੱਖ ਨੂੰ ਕੂਜੇ ਮਿਸਰੀ ਪ੍ਰਸਾਦ ਵਜੋਂ ਪਾ ਕੇ ਦਿੱਤੀ ਜਾਣੀ ਚਾਹੀਦੀ ਸੀ ਨਾਂ ਕਿ ਗੈਰ ਸਿਖ ਬੀਬੀ ਨੂੰ ਤੇ ਸਬਜ਼ੀ ਖੋਰ ਸਾਧ ਨੂੰ ਚੁੱਕ ਕ੍ਰਿਪਾਨ ਫੜਾਣੀ ਸੀ ਤੇ ਮਖੌਲ ਕਰਵਾਉਣ ਸੀ। ਤਲਵਾਰ ਚਲਾਣਾ ਕੰਮ ਸੂਰਮੇ ਦਾ ਹੈ। ਇਹ ਜਗਤ ਪ੍ਰਸਿੱਧ ਮਿਸਾਲ ਹੈ ਕਿ ਹਿਜ਼ ਮੈਜਸਟੀ ਮੁਹੰਮਦ ਨਾਦਰ ਸ਼ਾਹ ਬਾਦਸ਼ਾਹ ਅਫਗਾਨਿਸਤਾਨ ਨੇ ਸ: ਬ: ਭਾਈ ਕਾਹਨ ਸਿੰਘ ਨਾਭਾ ਨੂੰ ਸਨਮਾਨ ਵਜੋਂ ਤਲਵਾਰ ਪੇਸ਼ ਕਰਦਿਆਂ ਹੋਇਆਂ ਆਖਿਆ ਸੀ ਕਿ "ਕਸਬਿ ਖਾਲਸਾ

ਮਾਲੋ ਕੇ ਬਾਰੇ ਲੋਕੋਕਤੀ

ਲੋਕਾਂ ਦੀਆਂ ਪੱਕਣ ਕਣਕਾਂ ਮਾਲੋ ਕੇ ਪੱਕਣ ਅੱਕ
ਜਿਹੜਾ ਮਾਲੋਕਾ ਚੰਗਾ ਹੋਵੇ ਜਾਵੇ ਮੜ੍ਹੀ ਸ਼ੜਪ

—00—

ਗੋਤ੍ਰਾਚਾਰ

ਪੰਜਾਬ ਵਿੱਚ ਹਿੰਦੂ ਤੇ ਸਿਖ ਘਰਾਨਿਆਂ ਤੇ ਲਾਗੀਆਂ ਖਾਸ ਕਰ ਕੇ ਮਿਰਾਸੀਆਂ ਅਤੇ ਬ੍ਰਾਹਮਣਾਂ ਨੇ ਬੜੀ ਭਾਰੀ ਛਟ ਪਾ ਰੱਖੀ ਸੀ। ਬਹੁਤੀ ਵੇਰ; ਪੁਰਾਣੇ ਸਮਿਆਂ ਵਿੱਚ ਮਿਰਾਸੀ ਵਿਆਹ ਆਦਿ ਢੰਗਾਂ ਤੇ ਬਹੁਤ ਜ਼ਿੱਚ ਕੀਤਾ ਕਰਦੇ ਸਨ। ਇਹ ਤਾਂ ਭਲਾ ਹੋਵੇ ਅੰਗਰੇਜ਼ ਸਰਕਾਰ ਦਾ, ਜਿਸ ਨੇ ਇਹਨਾਂ ਤੇ ਕਾਨੂੰਨ ਰੋਕ ਲੱਗਾ ਦਿੱਤੀ ਸੀ, ਨਹੀਂ ਤੇ ਇਹਨਾਂ ਦੇ ਸੁਆਰਥੀ ਲਾਗ ਆਦਿ ਟੁੱਟੀ ਹੋਈ ਜੁੱਤੀ ਵਾਂਗੂ ਨਿੱਤ ਵਧਦੇ ਹੀ ਤੁਰੇ ਜਾਂਦੇ ਸਨ।

ਮਿਰਾਸੀ ਤਾਂ "ਹੇਲੀ" ਪੜ੍ਹਦਾ ਸੀ ਤੇ ਲਾਗ ਲੈਂਦਾ ਸੀ। ਪੰਡਤ ਵਿਆਹਾਂ ਵਿੱਚ ਆ ਕੇ ਗੋਤ੍ਰਾਚਾਰ ਸੁਣਾਇਆ ਕਰਦੇ। ਜਿਸ ਦਾ ਨਮੂਨਾ ਥੱਲੇ ਦਿੱਤਾ ਜਾਂਦਾ ਹੈ:—

(1) ਸਿਮਰੋ ਸੁਆਮੀ ਦੇਵਤਾ ਸਤ ਬ੍ਰਹਮਾਂ ਬਿਸ਼ਨ ਮਹੇਸ਼॥
ਜਿਥੋ ਵਿਰਕ ਉਪਾਇਆ ਧੰਨ ਸ਼ਵੰਨਾ ਦੇਸ਼॥
ਮਨਹਾਸੋ ਵਿਰਕ ਉਪਾਇਆ ਧਰ ਬੈਠਾ ਸਭ ਨਿਸ਼ਾਨ॥
ਜਿਤ ਵਲ ਚੜ੍ਹਤਲ ਵਿਰਕ ਦੀ ਥਰ ਹਰ ਕਰੇ ਜਹਾਨ॥
ਦੇਵੇ ਕੈਲੇ ਕੈਲੀਆਂ ਬਿਪਰਾਂ ਨੂੰ ਇਹ ਦਾਨ॥
ਕਹਿ ਕੁਲਵੰਤ ਸ੍ਰੀ ਮੰਗਲੰ, ਕੋਗੋਤ੍ਰ ਕਸ਼ਬ ਗੋਤ੍ਰ॥
ਕਸਬ ਆਸਰੋ ਦੇਵ ਦੇਵਾਂ ਹੁਦਰੇਸ਼ ਗੰਗਾ ਜਲ ਨਿਰਮਲਾ॥
ਮੇਰੇ ਜਜਮਾਨ, ਪੰਚੀਂ ਪ੍ਰਧਾਨ ਮਾਨ ਸਰੋਵਰ ਦਾ ਹੰਸ ਦੁਤਜੇ ਦਾ ਚੰਦਰ ਮਾਹ॥

(2) ਪੁਨਾ—ਰਾਮੋ ਸ੍ਰੀ ਨਾਰਾਯਣਾ ਜਾਲਮ ਬਚਨ ਅਟਾਨ॥
ਤ੍ਰੈ ਥੰਮ ਤੇਰਾਂ ਮੂੰਹੀਆਂ ਰਾਜ ਪੁਰਖ ਪ੍ਰਧਾਨ॥
ਵਿਰਕ ਵੱਡਾ ਵਡਿਆਈਦੇ ਹੱਥ ਘਤੇ ਅਸਮਾਨ॥
ਦੇਂਦੇ ਕੈਲੇ ਕੈਲੀਆਂ ਬਿਪਰਾਂ ਨੂੰ ਇਹ ਦਾਨ॥
ਭਾਗੀਂ ਹੀ ਰਸ ਪਾਉਂਦੇ ਜੇ ਸਚੇ ਮਿਹਰਬਾਨ॥
ਤਰਕਸ਼ ਜੜਿਆ ਹੀਰਿਆਂ ਲਾਲੋਂ ਜੜੀ ਕਮਾਨ॥
ਸੰਗਲ ਹਾਲੇ ਟੱਮਕਾ ਦੇਨ ਵਲੀਦਾ ਦਾਨ॥
ਲਖਾਂ ਤਾਜੀ ਸੁਹਵਦੇ ਪਾਗੀ ਕਈ ਕਾਹਨ॥

—00—

ਇੰਗਲੈਂਡ ਦੇ ਬਾਦਸ਼ਾਹ ਜੂਲੀਅਸ ਸੀਜ਼ਰ (100-44 ਪੂ: ਈਸਾ) ਨੇ ਕਾਲ ਗਣਨਾ ਦਾ ਇੱਕ ਢੰਗ ਅਪਣਾਇਆ ਜਿਸ ਅਨੁਸਾਰ ਸਾਲ ਕੇਵਲ 365 ਦਿਨਾਂ ਦਾ ਮੰਨਿਆ ਗਿਆ। ਜਦ ਕਿ ਨਖਸ਼ਤ੍ਰ ਚਾਲ ਅਨੁਸਾਰ 365 ਦਿਨ 6 ਘੰਟੇ 13 ਮਿੰਟ ਤੇ 49 ਸੈਕਿੰਡ ਦਾ ਸਾਲ ਹੋਣਾ ਚਾਹੀਦਾ ਸੀ। ਸੋ ਇਸ ਭੁੱਲ ਨੂੰ ਪੋਪ ਗਰੈਗਰੀ I (600 ਈਸਵੀ) ਨੇ ਸੋਧਿਆ ਤੇ ਪੋਪ ਗਰੈਗਰੀ XIII (1582) ਨੇ ਚਾਲੂ ਕੀਤਾ। ਜਿਸ ਅਨੁਸਾਰ ਹਰ ਚੌਥੇ ਸਾਲ ਫਰਵਰੀ 28 ਦੀ ਥਾਵੇਂ 29 ਦਿਨਾਂ ਦਾ ਸ਼ੁਮਾਰ ਕੀਤਾ ਜਾਂਦਾ ਹੈ ਅਤ ਸੰਨ 1752 ਗਰੈਗੋਰਯਨ ਕਾਲ ਗਣਨਾ ਚਾਲੂ ਹੋਣ ਤੇ ਵਿਸਾਖੀ ਹਰ ਸਾਲ 12, 13 ਜਾਂ 14 ਅਪਰੈਲ ਨੂੰ ਆਉਂਦੀ ਹੈ।

—00—

ਸਿਰੋਪਾਓ

ਸਿਰੋਪਾਓ ਗੌਰਵਤਾ ਦਾ ਚਿੰਨ੍ਹ ਹੈ । ਬਹੁਤ ਵੱਡੇ ਜਾਣ ਜੋਖਮ ਅਤੇ ਸੂਰਮਤਾਈ ਦਾ ਕਾਰਿਆ ਸਫਲ ਸੰਪੂਰਨ ਕਰਨ ਉਪਰ ਕਿਸੇ ਗੁਰਸਿਖ ਨੂੰ ਪ੍ਰਦਾਨ ਕੀਤਾ ਜਾਂਦਾ ਸੀ । ਕਿੰਤੂ ਅੱਜ ਛੋਟੀਆਂ ਮੋਟੀਆਂ ਗੁਰਦਵਾਰਾ ਕਮੇਟੀਆਂ ਅਤੇ ਉਹਨਾਂ ਦੇ ਪ੍ਰਧਾਨ ਸਿਰੋਪਾਉ ਦੇਣ ਲੱਗੇ ਨਾ ਅਗਾ ਵੇਖ ਨਾ ਪਿੱਛਾ, ਮਨ ਮਰਜ਼ੀ ਨਾਲ ਗਫੇ ਵਰਤਾਈ ਜਾਂਦੇ ਹਨ। ਭਾਣਾ ਅਕਾਲ ਪੁਰਖ ਦਾ, ਹੋਰ ਤਾਂ ਹੋਰ, ਨਕਲੀਏ ਛਚਾਰਾ (Actors & Actress) ਭੰਡ ਬਾਜ਼ਿਆਂ ਨੂੰ ਵੀ ਇਹ ਗੁਰੂ ਕੇ ਲਾਲ ਸਿਰੋਪਾ ਦੇਣ ਲਗੇ ਲੱਜਤ ਨਹੀਂ ਹੁੰਦੇ ।

ਹੋਰ ਦਾ ਕੀਹ ਕਹਿਣਾ ਹੈ ਸਾਡੇ ਤਖਤ ਸਾਹਿਬਾਂ ਦੇ ਜਥੇਦਾਰ ਸਿੰਘ ਸਾਹਿਬਾਨ, ਸਰਕਾਰੀ ਅਫਸਰਾਂ ਨੂੰ ਪਹੁੰਚ ਕੇ ਸਿਰੋਪਾਉ ਦੇਣ ਦਾ ਪ੍ਰਯਤਨ ਕਰਦੇ ਹਨ । ਭਾਵੇਂ ਉਹ ਸਿਖ ਕੌਮ ਨਾਲ ਕਿਤਨਾ ਵੀ ਮੰਦਾ ਵਤੀਰਾ ਕਿਉਂ ਨਾ ਰੱਖਦਾ ਹੋਵੇ । ਹਾਂ ਅਗਰ ਕਿਸੇ ਨੇ ਮਾਨਵਜਾਤੀ ਦੀ ਉਗਰ ਸੇਵਾ ਕੀਤੀ ਹੋਵੇ ਤਾਂ ਕੋਈ ਹਰਜ ਨਹੀਂ ।

ਇਹ ਕਮੇਟੀਆਂ ਦੇ ਪ੍ਰਬੰਧਕ ਆਪਣੀ ਆਪਣੀ ਵਾਹ ਵਾਹ ਕਰਾਣ ਲਈ ਕਈ ਐਸੇ ਅਯੋਗ ਸਜਣਾਂ ਨੂੰ ਵੀ ਸਿਰੋਪਾ ਦੇਂਦੇ ਹਨ, ਜੋ ਮਗਰੋਂ ਉਸ ਸਿਰੋਪੇ ਦਾ ਮਖੌਲ ਉਡਾਂਦੇ ਹਨ । ਆਚਾਰੀਆ ਵਿਨੋਭਾ ਭਾਵੇ ਦੀ ਉਦਾਹਰਨ ਲੈ ਲਵੋ ਜਿਸ ਨੂੰ ਕਲਕਤੇ ਦੀ ਗੁਰਦਵਾਰਾ ਕਮੇਟੀ ਨੇ ਸਿਰੋਪੇ ਵਿੱਚ ਕ੍ਰਿਪਾਨ ਦਿੱਤੀ ਤੇ ਉਹ ਸਾਗ-ਖੋਰ ਭਦਰ ਪੁਰਸ਼ ਕਹਿਣ ਲੱਗਾ, ਭਗਤੀ ਮੇਂ ਤਲਵਾਰ ਕੀ ਕਿਆ ਆਵਸ਼ਕਤਾ ਹੈ। ਧਰਮੀ ਆਦਮੀਓਂ ਕੋ ਤਲਵਾਰ ਨਹੀਂ ਰੱਖਣੀ ਚਾਹੀਏ" ਆਦਿ ਆਦਿ । ਕਿੰਤੂ ਕਲਕੱਤਾ ਗੁਰਦਵਾਰਾ ਕਮੇਟੀ ਦੇ ਪ੍ਰਬੰਧਕਾਂ ਨੂੰ ਪਾਲਾ ਮਾਰ ਗਿਆ । ਮੂੰਹ ਨੂੰ ਤਾਲਾ ਲਗ ਗਿਆ, ਉਹਨਾਂ ਤਾਂ ਆਪਣੇ ਵੱਲੋਂ ਖੁਸ਼ਾਮਦ ਕੀਤੀ ਸੀ । ਉਹਨਾਂ ਦੀ ਆਪਣੀ ਚੌਧਰ ਤਾਂ ਕਿਧਰੇ ਰਹੀ ਆਪਣੇ ਧਾਰਮਕ ਗੌਰਵਤਾ ਵਾਲੇ ਉਤਮ ਚਿੰਨ੍ਹ ਕ੍ਰਿਪਾਨ ਅਤੇ ਗੌਰਵਤਾਪੂਰਣ ਸਿਰੋਪਾ ਦੀ ਪਰੰਪਰਾ ਨੂੰ ਟਿਚਕਰਾਂ ਕਰਵਾਈਆਂ ਚੌਬੇ ਜੀ ਗਏ ਥੇ ਛਬੇ ਬਣਨੇ ਦੂਬੇ ਬਣ ਕੇ ਲੌਟੇ। ਕੋਈ ਗੁਰੂ ਕੇ ਲਾਲ ਉਹਨੂੰ ਇਤਨਾ ਨਾ ਕਹਿ ਸਕੇ ਕਿ ਤੁਸਾਡੀ ਇਕੱਲੀ ਭਗਤੀ ਨੇ ਤਾਂ ਭਾਰਤ ਨੂੰ ਹਜ਼ਾਰਾਂ ਸਾਲ ਵਾਸਤੇ ਗੈਰਾਂ ਦਾ ਗੁਲਾਮ ਬਣਾਇਆ। ਭਾਰਤ ਬਦੇਸ਼ੀ ਜੁੱਤੀ ਥੱਲੇ ਕੁਚਲਿਆ ਗਿਆ । ਤੇਰੇ ਵੱਡੇ ਭੱਜ ਕੇ ਪਹਾੜ ਦੀਆ ਖੁੰਧਰਾਂ ਵਿੱਚ ਜਾ ਲੁੱਕੇ, ਤੁਹਾਡੇ ਵੱਡੇ ਪੰਡਤ ਦੀ ਲੜਕੀ ਹਰਦਵਾਰੋਂ ਤੈਮੂਰ ਲੈ ਗਿਆ ਜੋ ਉਸ ਦੀ ਬੇਗਮ ਬਣੀ । ਤੁਸਾਡੇ ਵੱਡੇ ਵੱਡੇਰੇ ਆਪਣੀਆਂ ਕੰਨਿਆਵਾਂ ਅਣ-ਧਰਮੀਆਂ ਨੂੰ ਦੇ ਕੇ ਆਪਣੀ ਖਲ ਬਚਾਂਦੇ ਰਹੇ। ਹਰ ਸਾਲ ਭਾਰਤ ਵਿੱਚੋਂ ਹਜਾਰਾਂ ਨਰ-ਨਾਰੀਆਂ ਬਦੇਸ਼ੀ ਆਕਰਮਨਕਾਰੀ ਡੰਗਰਾਂ ਵਾਂਗੂ ਹਿਕ ਕੇ ਲੈ ਜਾਂਦੇ ਰਹੇ ਤੇ ਤੁਸਾਡੀ ਭਗਤੀ ਨੇ ਕੋਈ ਨਵਾਲ ਨਾ ਖੁਥੀ।

ਇਹ ਕ੍ਰਿਸ਼ਮਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਭਗਤੀ (ਨਾਮ ਸਿਮਰਨ) ਅਤੇ ਸ਼ਕਤੀ (ਕ੍ਰਿਪਾਨ) ਦੇ ਸੁਮੇਲ ਨਾਲ ਕਰ ਵਖਾਇਆ ਕਿ ਉਹ ਜਰਵਾਣੇ ਜਿਹੜੇ ਦਨ ਦਨਾਂਦੇ ਬਿਨਾਂ ਰੋਕ ਟੋਕ ਤੁਸਾਡਿਆਂ ਘਰਾਂ ਵਿੱਚ ਆ ਕੇ ਮਨ ਮੰਨੀਆਂ ਕਰਦੇ ਜਾਂਦੇ ਸਨ ਉਹਨਾਂ ਨੂੰ ਭਗਤੀ ਤੇ ਸ਼ਕਤੀ ਦੇ ਸੁਮੇਲ ਨਾਲ ਐਸਾ ਫੰਡਿਆ ਕਿ ਘਰੋਂ ਨਿਕਲ ਕੇ ਇਧਰ ਮੂੰਹ ਕਰਨਾ ਤਾਂ ਕਿਧਰੇ ਰਿਹਾ ਆਪਣੇ ਅਥਰੇ ਅੰਞਾਣਿਆਂ ਨੂੰ ਵੀ ਡਰਾਣ ਵਾਸਤੇ ਖਾਲਸੇ ਦਾ ਛਪਾ ਇਤਨਾ ਜਬਰਦਸਤ ਪਿਆ ਕਿ ਹਰ ਸਾਲ ਆਉਂਦੇ ਤੇ ਸਾਡੀਆਂ ਕੰਧਾਂ ਗਾਰੇ ਦੀਆਂ ਬਨਾਦੇ । ਰਾਤੀਂ ਰੋਟੀ ਮੰਗਦੇ 'ਮਾਈ ਖੈਰ ਪਾ' ਅਤੇ ਗਰਮੀਆਂ ਨੂੰ ਘਰ ਟੁਰ ਜਾਂਦੇ ਤੇ ਜੇ ਤੁਸਾਡੀ ਨਿਰੀ ਭਗਤੀ ਹੀ ਹੁੰਦੀ ਤਾਂ ਤੇਰਾ ਨਾਮ ਅੱਜ ਆਚਾਰਯਾ ਵਨੋਭਾ ਭਾਵੇ ਨਾ ਹੁੰਦਾ, ਸ਼ਾਇਦ ਮੌਲਵੀ ਘਸੀਟਾ ਖਾਂ ਹੀ ਹੁੰਦਾ ਤੇ ਤੂੰ ਕਿਸੇ ਮਸੀਤ ਦੀ ਗੁਠੇ ਬੈਠਾ ਤਸਬੀ ਫੇਰਦਾ ਤੇ ਜੁਮੇ ਦੀਆਂ ਰੋਟੀਆਂ ਦੀ ਆਸ ਰੱਖੀ ਬੈਠਾ ਹੁੰਦਾ ਆਦਿ ਆਦਿ ।

ਸਾਡੇ ਪਵਿੱਤਰ ਤਖਤ ਸਾਹਿਬਾਨ ਤੇ ਵੀ ਕੁੱਛ ਖੁਸਾਮਦੀ ਕਿਸਮ ਦੇ ਸਿੰਘ ਸਾਹਿਬਾਨ ਸ਼ਸ਼ੋਭਤ ਹੋ ਜਾਂਦੇ ਹਨ ਜਿਨ੍ਹਾਂ ਦੇ ਦਿਲਾਂ ਅੰਦਰ ਨਾ ਰਹਿਤਾਂ ਦਾ ਸੰਨਮਾਨ ਹੈ ਨਾ ਪਰੰਪਰਾ ਦਾ ਸਤਿਕਾਰ । ਮਿਸਾਲ ਵਜੋਂ ਤਖਤ ਸ੍ਰੀ ਹਜ਼ੂਰ ਸਾਹਿਬ ਹੀ ਲੈ ਲਵੋ ਜਿਥੇ ਕਿ ਪਿਛਲੇ ਸਾਲ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਨੂੰ ਸੱਦ ਕੇ ਸਿਰੋਪਾ ਵਜੋਂ ਦਿੱਤੀਆਂ ਸਾੜ੍ਹੀਆਂ ਦੇ ਨਾਲ ਇੱਕ ਕ੍ਰਿਪਾਨ ਵੀ ਦਿੱਤੀ। ਉਹਨਾਂ ਭੱਦਰ ਪੁਰਸ਼ ਸਿੰਘ ਸਾਹਿਬਾਨ ਨੂੰ ਪੁੱਛਿਆ ਜਾਏ ਪਈ ਸਾੜ੍ਹੀਆਂ ਤਾਂ ਸ੍ਰੀ ਮਤੀ ਇੰਦਰਾ ਭਲਾ ਅਗਾਂਹ ਵੀ ਟੋਰ ਦੇਵੇਗੀ । ਹੋਰ ਨਹੀਂ ਤਾਂ ਨੌਕਰਾਣੀਆਂ ਨੂੰ ਹੀ ਦੇ ਦੇਵੇਗੀ ਤੇ ਤੁਸਾਡੀ ਬਖਸ਼ੀ ਹੋਈ ਕ੍ਰਿਪਾਨ ਕੀ ਉਹ ਰਸੋਈਏ ਨੂੰ ਕੱਦੂ ਕੱਟਣ ਲਈ ਦੇ ਦੇਵੇਗੀ । ਜੰਗ ਵਿੱਚ ਤਾਂ ਬੀਬੀ ਜਾਣੋ ਰਹੀ । ਹਾਂ ਇਹ ਹੋ ਸਕਦਾ ਹੈ ਕਿਸੇ ਕੰਧ ਨਾਲ ਕਿੱਲੀ ਤੇ ਸਾਡੀ ਸਿਖਾਂ ਦੀ ਉਗਰਤਮ ਬੇਵਕੂਫੀ ਤੇ ਚਾਪਲੂਸੀ ਦੀ ਨਿਸ਼ਾਨੀ ਵਜੋਂ ਟੰਗ ਰੱਖੀ ਹੋਵੇ ਤਾਂ ਕੋਈ ਬੜੀ ਗੱਲ ਨਹੀਂ । ਕਾਸ਼ ! ਅੱਜ ਖਾਲਸਾ ਕੌਮ ਅੰਦਰ ਕੋਈ **ਨਵਾਬ ਕਪੂਰ ਸਿੰਘ** ਵਰਗਾ ਜਾਂ ਅਕਾਲੀ ਫੂਲਾ ਸਿੰਘ ਜੀ ਵਰਗਾ ਨਿਹੰਗ ਸਿਖ ਲੀਡਰ ਹੁੰਦਾ ।

ਫਿਰ ਵੀ ਅਗਰ ਸਿਰੋਪਾ ਦੇਣਾ ਹੀ ਸੀ ਤਾਂ ਪੁਰਾਤਨ ਰੀਤੀ ਅਨੁਸਾਰ ਇੱਕ ਦੁਪਟੇ ਵਿੱਚ ਬੀਬੀ ਨੂੰ ਤੇ ਇੱਕ ਪੱਟਕੇ ਵਿੱਚ ਮਨੁੱਖ ਨੂੰ ਕੂਜੇ ਮਿਸਰੀ ਪ੍ਰਸਾਦ ਵਜੋਂ ਪਾ ਕੇ ਦਿੱਤੀ ਜਾਣੀ ਚਾਹੀਦੀ ਸੀ ਨਾਂ ਕਿ ਗੈਰ ਸਿਖ ਬੀਬੀ ਨੂੰ ਤੇ ਸਬਜ਼ੀ ਖੋਰ ਸਾਧ ਨੂੰ ਚੁੱਕ ਕ੍ਰਿਪਾਨ ਫੜਾਣੀ ਸੀ ਤੇ ਮਖੌਲ ਕਰਵਾਉਣ ਸੀ । ਤਲਵਾਰ ਚਲਾਣਾ ਕੰਮ ਸੂਰਮੇ ਦਾ ਹੈ । ਇਹ ਜਗਤ ਪ੍ਰਸਿੱਧ ਮਿਸਾਲ ਹੈ ਕਿ ਹਿਜ਼ ਮੈਜਸਟੀ ਮੁਹੰਮਦ ਨਾਦਰ ਸ਼ਾਹ ਬਾਦਸ਼ਾਹ ਅਫਗਾਨਿਸਤਾਨ ਨੇ ਸ: ਬ: ਭਾਈ ਕਾਹਨ ਸਿੰਘ ਨਾਭਾ ਨੂੰ ਸਨਮਾਨ ਵਜੋਂ ਤਲਵਾਰ ਪੇਸ਼ ਕਰਦਿਆਂ ਹੋਇਆਂ ਆਖਿਆ ਸੀ ਕਿ "ਕਸਬਿ ਖਾਲਸਾ

ਸਮਸ਼ੇਰ ਜ਼ਦਨ ਅਸਤ" ਭਾਵ ਖਾਲਸੇ ਦਾ ਕੰਮ ਤਲਵਾਰ ਚਲਾਣਾ ਹੈ "ਕਦਰਿ ਜ਼ਰ ਜ਼ਰਗਰ ਬਿਦਾਨਦ ਕਦਰਿ ਜੌਹਰ ਜੌਹਰੀ" ਭਾਵ ਕਿ ਲਾਲਾਂ ਦੀ ਸਾਰ ਜੌਹਰੀ ਬੱਚੇ ਹੀ ਜਾਣਦੇ ਹਨ।

ਗੁਰੂ ਪਾਤਸ਼ਾਹ ਸਾਡੇ ਇਸ ਖਾਲਸੇ ਨੂੰ ਸੁਮੱਤ ਬਖਸ਼ੇ ਤੇ ਸਾਡੀ ਉਹ ਪੁਰਾਤਨ ਧਾਰਨਾਂ ਫਿਰ ਕਾਇਮ ਹੋ ਜਾਵੇ ਕਿ ਖਾਲਸਾ ਧਰਮ ਵਿੱਚ ਗੁਰਮਤ ਅਤੇ ਸਿਆਸਤ ਇਕੱਠੀਆਂ ਹਨ ਕਿੰਤੂ ਸਿਆਸਤ ਗੁਰਮਤ ਅਧੀਨ ਹੈ ਪ੍ਰਧਾਨ ਨਹੀਂ ਪਰ ਸ਼ੋਕ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਇਸ ਅਸੂਲ ਦੇ ਵਿਪਰੀਤ ਵਿਵਹਾਰ ਕਰਦੇ ਹਨ। ਜਿਸ ਕਰਕੇ ਉਹ ਅਧੋਗਤੀ ਨੂੰ ਪ੍ਰਾਪਤ ਹੁੰਦੇ ਹਨ ਅਤੇ ਜਗਤ ਹਾਸੀ ਪੰਥ ਦੀ ਹੁੰਦੀ ਹੈ।

ਸ਼ੋਕ ਮਹਾਂ ਸ਼ੋਕ ਕਿ ਅੱਜ ਖਾਲਸੇ ਦੀ ਸਰਵੁਚ ਸ਼ਰੋਮਣੀ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਲੋਕ ਸਭਾ ਦੀ ਮੈਂਬਰੀ ਵਾਸਤੇ ਚੋਣ ਲੜ ਰਿਹਾ ਹੈ। ਜਿਸ ਦਾ ਪ੍ਰਤੱਖ ਭਾਵ ਇਹ ਹੈ ਕਿ ਸ਼ਰੋਮਣੀ ਕਮੇਟੀ ਦੀ ਪ੍ਰਧਾਨਗੀ ਲੋਕ ਸਭਾ ਦੀ ਮੈਂਬਰੀ ਨਾਲੋਂ ਹੌਲੀ ਸਮਝਦਾ ਹੈ ਅਤੇ ਜਥੇਦਾਰ ਟੌਹੜਾ ਲੋਕ ਸਭਾ ਦੀ ਸੀਟ ਵਾਸਤੇ ਹੀ ਸ਼ਰੋਮਣੀ ਕਮੇਟੀ ਦੀ ਪ੍ਰਧਾਨਗੀ ਨੂੰ ਜੱਫਾ ਮਾਰੀ ਬੈਠੇ ਸਨ। ਕਾਸ਼! ਕਿ ਇਹਨਾਂ ਗੁਰੂ ਕੇ ਲਾਲਾਂ ਸਿੱਖ ਨੂੰ ਧਰਮ ਮਰਿਆਦਾ ਨਾਲ ਕੁਝ ਹੀ ਪ੍ਰੇਮ ਹੁੰਦਾ।

—00—

ਨਿਸ਼ਾਨ ਸਿੰਘ ਕੋਟੀਆ ਦੀ ਜ਼ਬਰੀ

ਪਾਉਡ ਲਾਹੌਰ ਦੀ ਬਜਾਏ ਅੰਮ੍ਰਿਤਸਰ ਜਾ ਕੇ ਵੇਚਣੇ। ਮੇਰੇ ਤੋਂ ਹਟ ਕੇ ਉਹਨਾਂ ਉਹੀ ਪੌਂਡ ਮੇਰੇ ਚਾਚੇ ਜੀਵਨ ਸਿੰਘ ਕੋਲ ਵੇਚ ਦਿੱਤੇ। ਰੁਪੈਆ ਲੈ ਕੇ ਤੇਜਾ ਸਿੰਘ ਸੁਤੰਤਰ ਪ੍ਰੈਸ ਖਰੀਦਨ ਵਾਸਤੇ ਬੰਬਈ ਜਾ ਰਿਹਾ ਸੀ ਤੇ ਰਾਹ ਵਿੱਚ ਪਕੜ ਹੋ ਗਈ। ਤੇਜਾ ਸਿੰਘ ਤਾਂ ਫਰਾਰ ਹੋ ਗਿਆ ਤੇ ਨਾਲ ਦੇ ਕਿਸੇ ਫੜੇ ਜਾਨ ਵਾਲੇ ਨੇ ਸਾਰਾ ਭੇਦ ਖੋਹਲ ਦਿੱਤਾ। ਜਿਸ ਦੇ ਸਿਟੇ ਵਜੋਂ ਚਾਚੇ ਜੀਵਨ ਸਿੰਘ ਦੇ ਛਾਪਾ ਵੱਜਾ ਮਗਰ ਅਸਾਂ ਡੀ. ਆਈ. ਜੀ. ਅਤੇ ਮੈਜਿਸਟਰੇਟ ਦੇ ਹੁੰਦਿਆਂ ਪੌਂਡ ਹਵੇਲੀ ਵਿੱਚੋਂ ਬਾਹਰ ਕੱਢ ਦਿੱਤੇ। ਮਗਰ ਪੁਲਿਸ ਚਾਚੇ ਜੀਵਨ ਸਿੰਘ ਨੂੰ ਲਾਹੌਰ ਕਿਲੇ ਵਿੱਚ ਲੈ ਗਈ। ਚਾਰ ਪੰਜ ਦਿਨ ਮਗਰੋਂ (ਪਤਾ ਲੱਗ ਜਾਣ ਤੇ ਕਿ ਗੱਲ ਨੰਗੀ ਹੋ ਗਈ ਹੈ) ਪੌਂਡ ਦੇਣੇ ਕਰ ਕੇ ਜੀਵਨ ਸਿੰਘ ਨੂੰ ਛੁਡਾ ਲਿਆਂਦਾ।

—00—

ਟਿਵਾਨਾ ਕਤਲ ਕੇਸ

ਹਕ ਨਿਵਾਜ਼ S. P. ਨੇ ਕਾਲੋ...... ਸਿੰਘ ਪੁੱਤਰ......ਸਿੰਘ ਨੂੰ ਬੇਦੋਸੇ ਨੂੰ ਕੁਟਵਾਇਆ ਸੀ ਤੇ ਉਸ ਲਲਕਾਰ ਕੇ ਆਖਿਆ ਮੈਂ ਬਦਲਾ ਲਵਾਂਗਾ। ਇਕ ਦਿਨ ਸਟੇਸ਼ਨ ਤੋਂ ਉਸ ਨੂੰ ਪਤਾ ਲੱਗਾ ਕਿ ਖਿਜ਼ਰ ਦੇ ਘਰਵਾਲੀ ਜਾ ਰਹੀ ਹੈ। ਉਹ ਵੀ ਗੱਡੀ ਚੜ੍ਹ ਗਿਆ ਚੂਹੜਕਾਣੇ ਤੇ ਬਹਾਲੀ ਕਿਆਂ ਦੇ ਵਿਚਕਾਰ ਗਹਿਣੇ ਲਾਹ ਲਏ ਤੇ ਜਦੋਂ ਗੱਡੀ ਹੌਲੀ ਹੋਈ ਤਾਂ ਉਸ ਜਨਾਨੀ ਨੇ ਜੱਫਾ ਮਾਰ ਲਿਆ। ਚਾਕੂ ਮਾਰ ਕੇ ਤੀਵੀ ਨੂੰ ਮਾਰ ਕੇ ਆਪ ਫਰਾਰ ਹੋ ਗਿਆ ਮਗਰ ਤਾਰ ਨਾਲ ਅੜ ਕੇ ਡਿਗ ਪਿਆ ਤੇ ਫੜਿਆ ਗਿਆ।

ਬਾਪੂ ਰੂਪ ਸਿੰਘ ਨੇ ਦੱਸਿਆ ਕਿ ਸਾਨੂੰ ਫਰੰਟੀਅਰ ਦੇ 'ਕਿਲੀ' ਨਾਮੇ ਕਿਲੇ ਤੇ ਹਮਲੇ ਦਾ ਹੁਕਮ ਹੋ ਗਿਆ ਅਸੀਂ ਅੱਠ ਦਿਨ ਕਿਲੇ ਦੇ ਦੁਆਲੇ ਫਿਰਦੇ ਰਹੇ ਦਰਵਾਜ਼ਾ ਨਾ ਲੱਭਾ। ਇੱਕ ਦਿਨ ਸਾਨੂੰ ਇੱਕ ਪਠਾਨ ਘਾਹ ਖੋਤਰਦਾ ਮਿਲਿਆ। ਉਸ ਤੋਂ ਪੁੱਛਿਆ ਤਾਂ ਉਸ ਨੇ ਆਖਿਆ ਉਸ ਮੁੰਡੇ ਨੂੰ ਮਾਰ ਦਿਓ ਤਾਂ ਦੱਸਦਾ ਹਾਂ—ਅਸਾਂ ਉਸ ਮੁੰਡੇ ਨੂੰ ਮਾਰ ਦਿੱਤਾ—ਉਸ ਬੁੱਢੇ ਆਖਿਆ ਇਹ ਮੇਰਾ ਪੋਤਰਾ ਸੀ ਤੇ ਸੀ ਵੀ ਇਕੱਲਾ ਹੁਣ ਤੁਸੀਂ ਮੈਨੂੰ ਮਾਰ ਵੀ ਛੱਡੋ ਤਾਂ ਵੀ ਨਹੀਂ ਦੱਸਦਾ। ਬਾਕੀ ਦੀ ਗਾਰਦ ਨੇ ਆਖਿਆ, "ਮਾਰ ਦਿਉ ਬੁੱਢੇ ਨੂੰ"। ਬਾਪੂ ਰੂਪ ਸਿੰਘ ਨੇ ਆਖਿਆ, "ਨਹੀਂ ਮਾਰਨਾ। ਇਹ ਬਹਾਦਰ ਹੈ ਅਤੇ ਅਣਖੀ ਹੈ।"

ਇਹੋ ਗੱਲ ਸ਼ੇਰਿ ਪੰਜਾਬ ਕੋਲ ਪੁੱਜੀ ਤਾਂ ਆਖਿਆ, "ਬਹਾਦਰ ਆਦਮੀ ਹੀ ਬਹਾਦਰ ਦੀ ਕਦਰ ਜਾਣਦਾ ਹੈ।"

ਹੇਠ ਲਿਖੀਆਂ ਲਾਈਨਾਂ ਪਤਾ ਨਹੀਂ ਕਿਸ ਬਾਰੇ ਹਨ ਪਰ ਇਹ ਇੱਕ ਵਰਕੇ ਤੇ ਦੋਵੇਂ ਹੀ ਲਾਈਨਾਂ ਲਿਖੀਆਂ ਹੋਈਆਂ ਹਨ। ਜਿਸ ਬਾਰੇ ਵੀ ਹਨ, ਉਸ ਦੀ ਪ੍ਰਸ਼ੰਸਾ ਦੀਆਂ ਪ੍ਰਤੀਕ ਹਨ :—

ਭਗਵੰਤ ਸਿੰਘ ਆਜ਼ਾਦ

ਅੱਧ ਸੇਰ ਮੱਖਣ ਤੇ ਅੱਧਾ ਬੱਕਰਾ ਉਹਦੀ ਇੱਕ ਵੇਲੇ ਦੀ ਖੁਰਾਕ ਸੀ।
ਉਹਦਾ ਕੱਦ ਲੰਮਾ ਅਤੇ ਉਹ ਬਹੁਤ ਬਲਵਾਨ ਸੀ। (ਸੋਹਣ ਸਿੰਘ ਸ਼ੀਤਲ)

—00—

ਜਨਰਲ ਨੋਟ

ਸਿਧਾਂਤਕ ਤੌਰ ਤੇ ਵੀ ਅਗਰ ਵੇਖਿਆ ਜਾਵੇ ਤਾਂ "ਜਵਾਨੀ[1] ਮਨੋਬਲ ਤੇ ਨਿਰਭਰ ਹੈ ਨਾ ਕਿ ਆਯੂ ਤੇ ਭਾਵ ਤੁਸਾਡੀ ਆਯੂ[2] ਉਹ ਹੈ

1. Youth is not a state of life it is a state of mind.
2. Age is a matter of feeling, not of years. (G,W, Curtis)

ਜਿਵੇਂ ਤੁਸੀਂ ਸੋਚਦੇ ਹੋਂ ਨਾ ਕਿ ਜਿਤਨੇ ਸਾਲ ਬੀਤ ਚੁਕੇ ਹਨ। ਸਿਖ ਇਤਿਹਾਸ ਵਿੱਚ ਆਦਿ ਗੁਰੂ ਸਤਿਗੁਰੂ ਨਾਨਕ ਦੇਵ ਜੀ ਨੇ ਇੱਕ ਬਾਲਕ ਦੀਆਂ ਸਿਆਣੀਆਂ ਗੱਲਾਂ ਸੁਣ ਕੇ ਉਸ ਨੂੰ ਬੁੱਢਾ ਆਖਿਆ ਹਾਲਾਂ ਕਿ ਅਜੇ ਉਹ ਕਿਸ਼ੋਰ ਆਯੂ ਦਾ ਹੀ ਸੀ। ਤਿਸ ਉਪਰੰਤ ਆਯੂ ਪ੍ਰਯੰਤ ਆਪ ਜੀ ਨੂੰ ਬਾਬਾ ਬੁੱਢਾ ਜੀ ਕਰਕੇ ਹੀ ਸੱਦਿਆ ਜਾਂਦਾ ਰਿਹਾ। ਇਸੇ ਤਰ੍ਹਾਂ **ਨਵਾਬ ਕਪੂਰ ਸਿੰਘ** ਜੀ ਮਾਨਸਿਕ ਤੌਰ ਤੇ ਬਿਲਕੁਲ ਸੁਚੇਤ, ਨਿਤ ਕਿਰਿਆ ਵਿੱਚ ਤਤਪਰ, ਪੂਰਨ ਰੂਪੇਨ ਜਤੀ ਸਤੀ, ਰਾਜ ਰਿਖੀ ਕਰਮਯੋਗੀ ਸਨ। ਉਹਨਾਂ ਨੂੰ ਇਸਤਰੀ, ਧੀਆਂ, ਪੁੱਤਰਾਂ ਦੇ ਬੰਧਨ ਨਹੀਂ ਸਨ ਕਿ ਫਿਕਰਮੰਦ ਰਹਿੰਦੇ ਸਨ। ਇਸ ਕਰਕੇ **ਨਵਾਬ ਕਪੂਰ ਸਿੰਘ** ਜੀ ਨੂੰ 1748 ਈ: ਵਿੱਚ 51 ਸਾਲ ਦੀ ਉਮਰ ਵਿੱਚ ਬੁੱਢਾ ਦਸਣਾ ਜਬਰਦਸਤ ਬੇਇਨਸਾਫ਼ੀ ਹੈ।

ਕਲਗੀ ਵਾਲਿਆਂ ਤੇਰੇ ਸਕੂਲ ਅੰਦਰ,
ਅਸਾਂ ਸੁਣਿਆ ਹੈ ਲਗਦੀ ਫੀਸ ਕੋਈ ਨਾ।

ਇਹ ਸੋਚ ਕੇ ਮੈਂ ਵੀ ਹੋਇਆ ਦਾਖਲ,
ਦੇਣੇ ਪੈਣਗੇ ਬੀਸ ਤੇ ਤੀਸ ਕੋਈ ਨਾ।

ਵਿੱਚ ਜਾ ਸਕੂਲ ਦੇ ਵੇਖਿਆ ਜਾਂ,
ਪੜ੍ਹਨ ਵਾਲਿਆਂ ਦੇ ਸਿਰ ਤੇ ਸੀਸ ਕੋਈ ਨਾ।

ਮਰਗ ਰੂਹਾਂ ਦੇ ਤੜਫਦੇ ਪਏ ਬਿਸਮਿਲ,
ਜਿਨ੍ਹਾਂ ਨਾਲ ਦੀ ਦੂਸਰੀ ਰੀਸ ਕੋਈ ਨਾ।

ਇਥੇ ਲਾਜਮੀ ਸੀਸ ਦੀ ਫੀਸ ਦੇਣੀ,
ਇਕ ਲਾਸ਼ ਨੇ ਕਿਹਾ ਪੁਕਾਰ ਮੈਨੂੰ।

ਸੀਸ ਦੇ ਕੇ ਫੇਰ ਅਸੀਸ ਦੇਣੀ,
ਸਬਕ ਮਿਲੇਗਾ ਦੂਸਰੀ ਵਾਰ ਤੈਨੂੰ।

—00—

ਕਾਢ ਕੇ ਦਾਤ ਕਰਾੜ ਮਿਲਿਓ ਜਾਨੋ ਭੂਤ ਪ੍ਰੇਤ ਕੋ ਰੂਪ ਬਨਾ ਜੀ।
ਨਿਉਣੀ ਠਿਉਣੀ ਬਹੁਤ ਕਰੇ ਜਿਉਂ ਵਿੱਚ ਮਸੀਤ ਨਮਾਜ ਨਮਾਜੀ।
ਸਖਣੀ ਆਉ ਜੀ, ਆਉ ਕਰੇ ਕੁਛ ਸੇਵਾ ਟਹਿਲ ਨ ਪੂਛਤ ਪਾਜੀ।
ਅ ਉ ਜੀ ਲਾਲਾ ਜੀ, ਬਾਪੂ ਜੀ, ਭਾਈਆ ਜੀ, ਹਾਂ ਹੂ ਜੀ ਰਾਜੀ ਜੀ ਰਾਜੀ ਜੀ ਰਾਜੀ।

—00—

ਗੁਰਪੁਰੀ ਪਿਆਨੇ

ਅਠਾਰਾਂ ਸੌ ਸਤਾਰਾਂ ਨੂੰ ਵਿੱਚ ਅਸੂੰ, ਪੰਥ ਸੁਧਾਸਰ ਹੋ ਕਠਾ ਆਇਆ ਜੀ।
ਸਮਾਂ ਅੰਤ ਦਾ ਆ ਗਿਆ ਬਹੁਤ ਨੇੜੇ, ਇਹ ਨਵਾਬ ਨੂੰ ਮਨੋਂ ਜਤਾਇਆ ਜੀ।
ਮੁਖੀ ਪੰਥ ਦੇ ਜੋ ਸਰਦਾਰ ਆਹੇ, ਹਰ ਇੱਕ ਦੇ ਤਾਈਂ ਬੁਲਾਇਆ ਜੀ।
ਖੁਸਾਲ ਸਿੰਘ ਭਤੀਜੇ ਨੂੰ ਨਾਲ ਖੁਸ਼ੀ, ਚਾਇ ਡੇਰਾ ਸਪੁਰਦ ਕਰਾਇਆ ਜੀ।
ਜੱਸਾ ਸਿੰਘ ਨੂੰ ਪੰਥ ਦੀ ਜਥੇਦਾਰੀ, ਦੇ ਕੇ, ਆਪਣੀ ਥਾਉਂ ਬਠਾਇਆ ਜੀ।
ਯਾਰਾਂ ਅਸੂੰ ਦੀ ਸੀ ਕਰਤਾਰ ਸਿੰਘਾਂ ਗੁਰ ਜੋਤੀ ਮੇ ਜਾਇ ਸਮਾਇਆ ਜੀ।

ਵਾਕ ਕਵੀ

ਚਾਹੇ ਵਲੀ ਅਮੀਰ ਫਕੀਰ ਹੋਵੇ ਸਮਾਂ ਮੌਤ ਦਾ ਸਭ ਤੇ ਆ ਗਿਆ।
ਮੁਹਰੀ ਪੰਥ ਸਰਦਾਰ ਬਹਾਦਰਾਂ ਦਾ ਛੱਡ ਦੁਨੀਆਂ ਨੂੰ ਕੂਚ ਬੁਲਾ ਗਿਆ।

ਦੋਹਾਂ ਹਿੱਸਿਆਂ ਵਿੱਚ ਮੈਂ ਲਿਖ ਆਇਆ ਨੇਕ ਕਰਨੀਆਂ ਜੋ ਕਮਾ ਗਿਆ
ਚਾਲੀ ਸਾਲ ਗੁਰ ਪੰਥ ਦੀ ਟਹਿਲ ਕੀਤੀ ਉਚਾ ਵਿੱਚ ਸਿੰਘਾਂ ਦਰਜਾ ਪਾ ਗਿਆ।
ਵੱਡਾ ਸਿੰਘ ਹੋਇਆ ਪ੍ਰਤਾਪ ਵਾਲਾ ਵੱਡੇ ਖਾਨ ਅਮੀਰ ਨਵਾ ਗਿਆ।
ਜਿਸ ਦਿਨ ਤੋਂ ਸੀ ਜਥੇਦਾਰ ਬਣਿਆ ਰੌਣਕ ਪੰਥ ਦੀ ਬਹੁਤ ਵਧਾ ਗਿਆ
ਗੁਰਮਤਿ ਦਾ ਬੜਾ ਪ੍ਰਚਾਰ ਕੀਤਾ ਸਿੰਘ ਪਿੰਡਾ ਦੇ ਪਿੰਡ ਸਜਾ ਗਿਆ।
ਪਿੱਛੇ ਨਾਮ ਰਹਿ ਗਿਆ ਕਰਤਾਰ ਸਿੰਘ ਆਪ ਜੋਤ ਮਹਿ ਜੋਤ ਸਮਾ ਗਿਆ।

ਅਬਦਾਲੀ ਦਾ ਅੱਠਵਾਂ ਹਮਲਾ (1762 ਈ: ਮੁ 1819 ਬਿ:)

ਧਾਂਕ ਅਬਦਾਲੀ ਸੁਣ ਲੋਕ ਆ ਪ੍ਰਾਲੀ ਹੋਏ, ਲੋਕੀਂ ਪਿੰਡ ਛੱਡ ਛੱਡ ਲੁੱਕੇ ਜਾ ਉਜਾੜਾਂ ਵਿੱਚ।
ਨੂੰਹਾਂ ਧੀਆਂ ਔਰਤਾਂ ਤੇ ਮਾਲ ਅਸਬਾਬ ਲੈ ਕੇ ਵਖਤਾਂ ਦੇ ਮਾਰੇ ਬੈਠੇ ਦੂਰ ਜਾ ਕੇ ਝਾੜਾਂ ਵਿੱਚ।
ਅੱਗੇ ਕੀ ਲੋਕਾਂ ਦੇ ਸੋ ਪਲੇ ਰਹੀ ਖਾਕ ਹੈ ਸੀ, ਜਿੰਦ ਕਿੰਦ ਰਤੀ ਰਹੀ ਨਹੀਂ ਸੀ ਕਰਾੜਾਂ ਵਿੱਚ।
ਸਿੰਘ ਭੀ ਤ੍ਰੁਠੇ ਨੱਠੇ ਹਰਨ ਕਰਤਾਰ ਸਿੰਘਾਂ, ਮਾਲਵੇ ਤੇ ਬਾਰ ਕਈ ਛੁਪੇ ਜਾ ਪਹਾੜਾਂ ਵਿੱਚ।

ਛੰਦ

ਦੇਸ਼ ਵੈਰਾਨ ਹੋਜਾ ਵਿੱਚ ਝੇੜੇ ਘਰ ਘਰ ਰੰਡਾ ਹੋਈਆਂ।
ਬਹੁਤੇ ਘਰ ਬਰਬਾਦ ਹੋ ਗਏ ਫਿਰੀਆਂ ਕਾਲ ਧਰੋਹੀਆਂ।
ਏਸ ਤਰ੍ਹਾਂ ਕਰਤਾਰ ਸਿੰਘ ਸੀ ਪਈ ਦੇਸ਼ ਬਰਬਾਦੀ।
ਪਿੰਡ ਵੈਰਾਨ ਪਏ ਥਿਹ ਹੋਏ ਦੇਸ਼ ਘਟੀ ਆਬਾਦੀ।

—00—

ਅਲੀ ਸ਼ੇਰ

ਚੂਹੜ ਦਾ ਪੁੱਤਰ ਸੀ। ਜਿਸਦੇ ਨਾਮ ਤੇ ਚੂਹੜਕਾਣਾ ਪਿੰਡ ਵੱਸਿਆ। ਚੂਹੜ ਦਾ ਬਾਪ ਰਾਜਾ, ਮੀਏਂ ਅਲੀ ਦਾ ਗੋਸ਼ਟੀ ਸੀ। ਚੂਹੜ ਦੇ ਘਰ ਮੀਏ ਅਲੀ ਦੇ ਵਰ ਨਾਲ ਲੜਕਾ ਹੋਇਆ ਉਸਦਾ ਨਾਮ ਅਲੀ ਸ਼ੇਰ ਰੱਖਿਆ। ਚੂਹੜ ਨੇ ਮੰਨੌਤ ਪੂਰੀ ਨਾ ਕੀਤੀ। ਮੀਏ ਅਲੀ ਨੇ ਕਾਣਾ ਆਖਿਆ—ਉਦੋਂ ਤੋਂ ਚੂਹੜਕਾਣਾ ਸਦਵਾਇਆ। (ਜਬਾਨੀ ਰੰਗਾ ਸਿੰਘ ਵਲਦ ਫਤਿਹ ਸਿੰਘ ਈਸਰਕਾ)

ਸਲਾਬਤ ਖਾਂ ਮਾਰਿਆ

ਜਲ੍ਹੇ ਖਾਂ ਅਤੇ ਲਖਪਤ ਨੇ ਸਿਖਾਂ ਦਾ ਅੰਮ੍ਰਿਤਸਰ ਦਾਖਲਾ ਬੰਦ ਕਰਨ ਅਤੇ ਦਰਸ਼ਨ ਇਸ਼ਨਾਨ ਰੋਕਣ ਵਾਸਤੇ ਠਰੂ ਨਿਵਾਸੀ ਸਲਾਬਤ ਖਾਂ ਨੂੰ ਸੈਨਾ ਦੇ ਕੇ ਰੱਖਿਆ ਹੋਇਆ ਸੀ। ਪਹਿਰੇ ਦਾ ਬੰਦੋਬਸਤ ਅਤੇ ਆਵਨ ਜਾਣ ਦੀਆਂ ਬੜੀਆਂ ਸਖਤ ਪਾਬੰਦੀਆਂ ਲੱਗਾ ਰੱਖੀਆਂ ਸਨ। ਸਿੰਘਾਂ ਨੂੰ ਇਹ ਭਲਾ ਕਿਵੇਂ ਠੰਡਾ ਕੱਢਦਾ ਸੀ। ਮਾਰਚ ਦੇ ਤੀਸਰੇ ਹਫ਼ਤੇ ਖਾਲਸੇ ਦਾ ਤਕੜਾ ਦਲ ਲਈ ਨਵਾਬ ਕਪੂਰ ਸਿੰਘ ਜੀ ਦੁਆਬੇ ਵਲੋਂ ਆਏ ਅਤੇ ਸ੍ਰੀ ਅੰਮ੍ਰਿਤਸਰ ਨੂੰ ਆਜ਼ਾਦ ਕਰਾਣ ਵਾਸਤੇ ਸਭ ਜਥੇਦਾਰਾਂ ਨਾਲ ਮਤਾ ਸੋਧਿਆ। ਵਿਉਂਤ ਅਨੁਸਾਰ ਇਸ ਭੇੜੇ ਦੀ ਅਗਵਾਈ ਬਾ: ਜੱਸਾ ਸਿੰਘ ਜੀ ਆਹਲੂਵਾਲੀਆ ਨੇ ਕਰਨੀ ਸੀ।

ਨਵਾਬ ਕਪੂਰ ਸਿੰਘ ਜੀ ਇੱਕ ਪ੍ਰਧਾਨ ਸੈਨਾਪਤੀ ਦੀ ਹੈਸੀਅਤ ਵਿੱਚ, ਆਪਣੇ ਨੌਜਵਾਨ ਜਥੇਦਾਰਾਂ ਦੀ ਕਾਰਗੁਜ਼ਾਰੀ ਦਾ ਨਰੀਖਣ ਕਰ ਰਹੇ ਸਨ। ਆਹਲੂਵਾਲੀਏ ਸਰਦਾਰ ਨੇ ਅੰਮ੍ਰਿਤਸਰ ਨੂੰ ਘੇਰਾ ਘੱਤ ਲਿਆ। ਸਲਾਬਤ ਖਾਂ ਵੀ ਫੌਜਾਂ ਲੈ ਕੇ ਮੁਕਾਬਲੇ ਤੇ ਆ ਗਿਆ। ਸਬਬ ਐਸਾ ਬਣਿਆ ਕਿ ਆਹਲੂਵਾਲੀਆ ਸਰਦਾਰ ਅਤੇ ਸਲਾਬਤ ਖਾਂ ਦੋਹਾਂ ਦਾ ਟਾਕਰਾ ਹੋ ਪਿਆ। ਸਲਾਬਤ ਖਾਂ ਆਪਣੇ ਜ਼ਮਾਨੇ ਦਾ ਇਕ ਮੰਨਿਆ ਹੋਇਆ ਯੋਧਾ ਸੀ। ਦੋਵੇਂ ਜਣੇ ਤਲਵਾਰੀਂ ਜੁੱਟ ਪਏ। ਸਲਾਬਤ ਖਾਂ ਦਾ ਇੱਕ ਭਰਪੂਰ ਵਾਰ ਢਾਲ ਤੇ ਲੈਂਦਿਆ ਹੋਇਆਂ ਬਾਬੇ ਆਹਲੂਵਾਲੀਏ ਨੇ ਐਸਾ ਤੁਲਵਾਂ ਵਾਰ ਕੀਤਾ ਕਿ ਸਲਾਬਤ ਖਾਂ ਦਾ ਸਿਰ ਧਰਤੀ ਪਰ ਜਾ ਡਿੱਗਾ। ਇਹ ਵੇਖ ਸਲਾਬਤ ਖਾਂ ਦਾ ਭਤੀਜਾ, ਨਜਾਬਤ ਖਾਂ ਅਜੇ ਆਪਣੀ ਸਾਂਗ ਬਾਬੇ ਜੱਸਾ ਸਿੰਘ ਵੱਲ ਉਲਾਰਨ ਹੀ ਲੱਗਾ ਸੀ ਕਿ ਨਵਾਬ ਕਪੂਰ ਸਿੰਘ ਜੀ ਨੇ ਐਸਾ ਤੀਰ ਮਾਰਿਆ ਕਿ ਵਿੰਨ੍ਹ ਕੇ ਰੱਖ ਦਿੱਤਾ। ਦੜਗਾਟ ਧਰਤੀ ਤੇ ਜਾ ਪਿਆ। ਡਿਗਦਿਆਂ ਹੀ ਪ੍ਰਾਣ ਪੰਖੇਰੂ ਹੋ ਗਏ।

ਆਪਣੇ ਦੋਹਾਂ ਆਗੂਆਂ ਨੂੰ ਢੱਠਾ ਵੇਖ, ਸ਼ਾਹੀ ਫੌਜ ਹੱਤਾਸ਼ ਨਿਰਾਸ਼ ਹੋ, ਮੈਦਾਨ ਛੱਡ ਜਿਧਰ ਮੂੰਹ ਸੀ ਉਧਰੇ ਨਿਕਲ ਗਈ। ਖਾਲਸਾ ਜੀ ਨੇ ਕੁੱਝ ਕੈਦੀ ਫੜ ਕੇ ਪਹਿਲਾਂ ਤਾਂ ਉਹਨਾਂ ਕੋਲੋਂ ਲਾਸ਼ਾਂ ਚੁੱਕਵਾ ਬਿਲੇ ਲਵਾਈਆਂ। ਫਿਰ ਲੱਖੂ ਪੂਰਿਆ ਤਾਲਾਬ ਸਾਫ਼ ਕਰਾਇਆ। ਜਦੋਂ ਪਾਣੀ ਭਰਿਆ ਗਿਆ ਤਾਂ ਕੈਦੀ ਛੱਡ ਦਿੱਤੇ। ਖਾਲਸਾ ਜੀ ਨੇ ਬੜੇ ਸਾਲਾਂ ਪਿੱਛੋਂ ਖੁਲ੍ਹੇ ਇਸ਼ਨਾਨ ਪਾਣੀ ਤੇ ਦਰਸ਼ਨ ਦੀਦਾਰੇ ਕੀਤੇ। ਨਵਾਬ ਸਾਹਿਬ ਨੇ ਸ੍ਰੀ ਅੰਮ੍ਰਿਤਸਰ ਇਕੱਤਰ ਹੋਵਨ ਵਾਸਤੇ ਸਦੇ ਦੇਣ ਲਈ ਸਵਾਰ ਦੁੜਾ ਦਿੱਤੇ।

ਬੁੱਢੇ ਕੋਟ ਦੀ ਜੰਗ

ਜਦੋਂ ਅਬਦਾਲੀ ਜੁਮਲਾ ਖਾਨ ਪ੍ਰਸਿੱਧ ਜਲ੍ਹੇ ਖਾਨ ਕਸੂਰੀ ਨੂੰ ਲਾਹੌਰ ਦੀ ਸੂਬੇਦਾਰੀ ਦੇ ਕੇ ਸਰਹੰਦ ਵੱਲ ਵਧਿਆ ਤਾਂ ਸਿਖਾਂ ਵੱਲੋਂ ਕੀਤੀਆਂ ਕਾਰਵਾਈਆਂ ਦੀ ਸਜਾ ਦੇਣ ਵਾਸਤੇ ਉਸ ਨੇ ਮੀਰ ਮੋਮਨ ਖਾਂ ਦੇ ਨਾਲ ਦੁਰਾਨੀ ਸਿਪਾਹੀਆਂ ਦੀ ਗਸ਼ਤੀ ਫੌਜ ਭੇਜੀ। ਸਬਬ ਨਾਲ ਇਸ ਗਸ਼ਤੀ ਫੌਜ ਨੂੰ ਬੁੱਢੇ ਕੋਟ (ਕਲਾਨੌਰ) ਦੇ ਨੇੜੇ, ਆਉਂਦਿਆਂ ਵੇਖ ਕੇ ਸਿੰਘ ਝਲ ਵਿੱਚ ਵੜ ਗਏ। ਅਫਗਾਨ ਅਫ਼ਸਰ ਨੂੰ ਆਖ ਕੇ ਮੋਮਨ ਖਾਂ ਨੇ ਸਿਖਾਂ ਨੂੰ ਚਿੱਠੀ ਲਿਖਵਾਈ ਕਿ ਅਸੀਂ ਅਹਿਮਦ ਸ਼ਾਹ ਅਬਦਾਲੀ ਦੇ ਭਾਈ ਬੰਦ ਹਾਂ। ਅਸਾਂ ਸੁਣਿਆ ਸੀ ਕਿ ਸਿੰਘ ਬੜੇ ਬਹਾਦਰ ਹੁੰਦੇ ਹਨ, ਪਰ ਤੁਸੀਂ ਤਾਂ ਸਾਨੂੰ ਵੇਖਕੇ ਹੀ ਗਿਦੜਾਂ ਵਾਂਗੂੰ ਜੰਗਲ ਵਿੱਚ ਵੜ ਗਏ ਹੋ। ਜੇਕਰ ਵਾਕਈ ਤੁਸੀਂ ਸ਼ੇਰ (ਸਿੰਘ) ਹੋ ਤਾਂ ਸਾਡੇ ਇੱਕ ਇੱਕ ਦੁਰਾਨੀ ਨਾਲ ਤੁਸੀਂ ਦੋ ਦੋ ਸਿੰਘ ਟਾਕਰਾ ਕਰਕੇ ਵਿਖਾਓ"।

ਸਿੰਘਾਂ ਨੇ ਜਵਾਬ ਦਿੱਤਾ, "ਤੁਸੀਂ ਦਸ ਦੁਰਾਨੀ ਤਲਵਾਰਾਂ ਬੰਦੂਕਾਂ ਵਾਲੇ ਕੱਢੋ ਸਾਡੇ ਵੱਲੋਂ ਕੇਵਲ ਪੰਜ ਸਿੰਘ ਤਲਵਾਰਾਂ ਬੰਦੂਕਾਂ ਨਾਲ ਟਾਕਰਾ ਕਰਨਗੇ" ਦੁਰਾਨੀਆਂ ਦਾ ਉੱਤਰ ਸੀ ਕਿ ਸਾਨੂੰ ਬੰਦੂਕ ਦੀ ਲੜਾਈ ਵੇਖਣ ਦਾ ਸ਼ੌਕ ਨਹੀਂ। ਅਸੀਂ ਤਾਂ ਹੱਥ ਪੜਥੀ ਸ਼ਮਸ਼ੇਰ ਕਟਾਰ ਦਾ ਯੁੱਧ ਵੇਖਣਾ ਚਾਹੁੰਦੇ ਹਾਂ। ਖਾਲਸੇ ਨੂੰ ਇਹ ਗੱਲ ਪਰਵਾਨ ਨਹੀਂ ਸੀ ਕਿਉਂਕਿ ਦੁਰਾਨੀ ਸਿਪਾਹੀ ਤਾਂ ਸਿਰ ਤੋਂ ਪੈਰਾਂ ਤੱਕ ਲੋਹੇ ਨਾਲ ਮੜੇ ਹੋਏ ਸਨ। ਮਗਰ ਸਿੰਘਾਂ ਦੇ ਤਨ ਪਰ ਕਛਹਿਰੇ ਚਾਦਰ ਦਸਤਾਰੇ ਤੇ ਕਮਰ ਕਸੇ ਸਵਾ ਹੋਰ ਤਨ ਢੱਕਣ ਵਾਲੀ ਕੋਈ ਚੀਜ਼ ਨਹੀਂ ਸੀ। ਦੁਰਾਨੀ ਇਹ ਗੱਲ ਜਾਣਦੇ ਸਨ। ਦੂਸਰੀ ਗਲ, "ਇਮਾਦੁ ਸ਼ਆਦਤ" ਦੇ ਕਰਤਾ ਸਯਦ ਗੁਲਾਮ ਅਲੀ ਦੇ ਕਥਨ ਅਨੁਸਾਰ ਕਿ "ਸਿੰਘਾਂ ਦੀ ਬੰਦੂਕ ਨੌ ਸੌ ਗਜ਼ ਤੋਂ ਵੀ ਆਪਣੇ ਦੁਸ਼ਮਨ ਦੀ ਖਬਰ ਜਾ ਲੈਂਦੀ ਹੈ", ਦਾ ਵੀ ਦੁਰਾਨੀਆਂ ਨੂੰ ਚੰਗੀ ਤਰ੍ਹਾਂ ਪਤਾ ਸੀ। ਜਿਸ ਕਰਕੇ, ਬੰਦੂਕ ਦੀ ਲੜਾਈ ਤੋਂ ਇਨਕਾਰੀ ਅਤੇ ਤਲਵਾਰ ਵਾਸਤੇ ਇਕਰਾਰੀ ਸਨ। ਸਿੰਘ ਇਸ ਦੇ ਉਲਟ ਕਰਨਾ ਚਾਹੁੰਦੇ ਸਨ।

ਕਾਫੀ ਸਮਾਂ ਇਹ ਘੀਂਗਸ ਪੈਂਦਾ ਰਿਹਾ। ਫਿਰ ਅਫਗਾਨਾਂ ਨੇ ਅਖਵਾ ਘਲਿਆ, "ਓਇ ਸਿੰਘੋ ਤੁਸਾਨੂੰ ਗੁਰੂ ਦੀ ਸਹੁੰ ਜੇ ਤੁਸੀਂ ਸਾਡੇ ਨਾਲ ਜੁਆਨਾਂ ਵਾਂਗੂ ਹੱਥ ਨਾ ਕਰੋ।" ਇਹ ਸੁਣ ਗੱਭਰੂ, ਚੜ੍ਹਤ ਸਿੰਘ ਨੇ ਬੰਦੂਕ ਤਾਂ ਰੱਖ ਦਿੱਤੀ ਅਤੇ ਖੰਡਾ ਫੜ ਕੇ ਸਿੱਧਾ ਅਫਗਾਨਾਂ ਵਲ ਹੋ ਟੁਰਿਆ। ਇਹ ਵੇਖ ਜਥੇਦਾਰ ਸੁਖਾ ਸਿੰਘ ਘੋੜੇ ਨੂੰ ਅੱਡੀ ਲਾ ਕੇ ਉਸ ਨੂੰ ਰੋਕ ਆਖਣ ਲੱਗਾ, ਦੁਰਾਨੀ ਤੇਰੇ ਸਰੀਰ ਨਾਲੋਂ ਚਾਰ ਗੁਣਾਂ ਹਨ ਅਤੇ ਉਹਨਾਂ ਦੇ ਸਰੀਰ ਲੋਹੇ ਨਾਲ ਮੜੇ ਹੋਏ ਹਨ, ਤੇਥੋਂ ਤਾਂ ਤਲਵਾਰ ਨਾਲ ਇੱਕ ਕੜੀ ਵੀ ਨਹੀਂ ਟੁੱਟਣੀ। ਇਸੇ ਕਰਕੇ ਉਹ ਤਲਵਾਰ, ਕਟਾਰ ਨਾਲ ਲੜਨਾ ਚਾਹੁੰਦੇ ਹਨ।

ਚੜ੍ਹਤ ਸਿੰਘ ਨੇ ਆਖਿਆ ਜਥੇਦਾਰ ਜੀ ਇਹ ਠੀਕ ਹੈ ਮੈਂ ਅਜੇ ਭਰ ਜਵਾਨ ਨਹੀਂ। ਮਗਰ ਹਾਰ ਜਿੱਤ ਤਾਂ ਸਤਿਗੁਰੂ ਦੇ ਹੱਥ ਹੈ। ਮੈਂ ਗੁਰੂ ਪੰਥ ਦੀ ਹੇਠੀ ਅਤੇ ਗੁਰੂ ਦੀ ਸਹੁੰ ਦੀ ਲਲਕਾਰ ਨਹੀਂ ਸਹਾਰ ਸਕਦਾ। ਮੈਂ ਸਤਿਗੁਰੂ ਦੀ ਬਖਸ਼ੀ ਤਾਕਤ ਨਾਲ ਦੁਸ਼ਮਨ ਦਾ ਟਾਕਰਾ ਇਸ ਖੰਡੇ ਨਾਲ ਹੀ ਕਰਾਂਗਾ।

ਇਹ ਉਤਰ ਸੁਣ ਜਥੇਦਾਰ ਸੁਖਾ ਸਿੰਘ ਜੀ ਨੇ ਗਦ ਗਦ ਹੋ ਕੇ ਆਖਿਆ "ਬਲਿਹਾਰ, ਬਲਿਹਾਰ ਉਇ ਭੁਜੰਗੀਆ ਧੰਨ ਹੈ ਤੂੰ। ਬਸ ਤੇਰੇ ਵੱਲੋਂ ਵੀਹ ਪੁੱਜ ਗਈ। ਹੁਣ ਤੂੰ ਹਟ ਜਾਹ ਅਤੇ ਸਿੰਘ ਦੇ ਹੱਥ ਵੇਖ" ਉਸੇ ਵੇਲੇ ਸਿੰਘ ਨੇ ਕਿਸੇ ਤੁਰਕ ਤੋਂ ਖੁਥੀ ਹੋਈ ਸੰਜੋ ਧਾਰਨ ਕੀਤੀ ਅਤੇ ਦੋ ਤਲਵਾਰਾਂ ਤੇ ਢਾਲ ਸਜਾ ਤਿਆਰ ਹੋ ਖੜਾ। ਪੰਜਾਂ ਸਿੰਘ ਨੇ ਅਰਦਾਸਾਂ ਸੋਧਿਆ, ਮੱਥਾ ਟੇਕ ਫਤਿਹ ਬੁਲਾ ਸ: ਸੁਖਾ ਸਿੰਘ ਅਫਗਾਨਾਂ ਵੱਲ ਸਿੱਧਾ ਬਰੇਤੀ ਨੂੰ ਹੋ ਟੁਰਿਆ। ਗਿ: ਗਿਆਨ ਜੀ ਸ਼ਮਸ਼ੇਰ ਖਾਲਸਾ[1] ਵਿੱਚ ਲਿਖਦੇ ਹਨ ਕਿ ਇੱਕ ਗਿਲਜਾ ਚੁਣਵਾ ਬਹਾਦਰ ਮੁਨਾਰੇ ਜਿੱਡਾ ਫੌਲਾਦ ਨਾਲ ਮੜ੍ਹਿਆ ਹੋਇਆ ਮੈਦਾਨ ਵਿੱਚ ਨਿਕਲ ਪੁਲਥੇ ਤੇ ਪੈਂਤੜੇ ਕੱਢਣ ਲੱਗਾ, ਸੁਖਾ ਸਿੰਘ (ਲਖਾ ਸਿੰਘ ਨਹੀਂ) ਸ਼ੇਰ ਦੀ ਤਰ੍ਹਾਂ ਗੱਜ ਕੇ ਦੁਰਾਨੀ ਨਾਲ ਜਾ ਜੁਟਿਆ। ਦੋਵੇਂ ਪੁਲਥੇ ਬਾਜ ਸੰਜੋਇ ਪਹਿਨੇ ਹੋਏ ਵਦਾਣਾਂ ਵਾਂਗੂ ਢਾਲਾਂ ਤੇ ਤਲਵਾਰਾਂ ਦੇ ਵਾਰ ਰੋਕਦੇ ਰਹੇ, ਛੇਕੜ ਤੇਗੇ ਟੁੱਟੇ ਤਾਂ ਜਫੋ ਜਫੀ ਹੋ ਪਏ ਕਟਾਰਾਂ ਤੇ ਮੁਕੀਆਂ ਦੀ ਮਾਰ, ਧੱਕਾ ਧੱਕੀ ਦੀ ਧਮਾਰ ਚਾਰ ਘੜੀਆਂ ਹੋਈ, ਓੜਕ ਦੁਰਾਨੀ ਦਮੋਂ ਉਖੜ ਕੇ ਦੜ ਜਾ ਪਿਆ। ਸੁਖਾ ਸਿੰਘ ਨੇ ਛੇਤੀ ਨਾਲ ਸੰਜੋਏ ਚੁਕ ਕੇ ਕਟਾਰੀ ਢਿਡ ਵਿੱਚ ਫੇਰ ਘਤੀ। ਆਂਦਰਾ ਦਾ ਢੇਰ ਕਰ, ਗੱਜਦਾ ਹੋਇਆ ਪੰਥ ਵਿੱਚ ਆ ਰਲਿਆ। ਇਸ ਤੋਂ ਪਿੱਛੋਂ ਫਿਰ ਦੁਰਾਨੀ ਕਸਮਾਂ ਸੁਗੰਧਾ ਤੋੜ ਕੇ ਖਾਲਸੇ ਦੇ ਗਲ ਟੁੱਟ ਕੇ ਪੈ ਗਏ। ਇਧਰੋਂ 1) ਸ਼ਿਆਮ ਸਿੰਘ, 2) ਜੱਸਾ ਸਿੰਘ ਰਾਮਗੜ੍ਹੀਆ 3) ਬਾਬਾ ਦੀਪ ਸਿੰਘ ਅਤੇ 4) ਹਰੀ ਸਿੰਘ ਆਦਿ ਸੂਰਮੇ ਅੱਗੇ ਹੀ ਤਿਆਰ ਖੜੇ ਸਨ। ਉਧਰੋਂ ਨਵਾਬ ਕਪੂਰ ਸਿੰਘ[2] ਜੀ ਦੋ ਹਜ਼ਾਰ ਸਿੰਘਾਂ ਸਮੇਤ ਹੈਬਤਪੁਰ

1. ਸ਼ਮਸ਼ੇਰ ਖਾਲਸਾ—ਭਾਸ਼ਾ ਵਿਭਾਗ ਪੰਜਾਬ 1970 ਛਾਪ ਪੰਨਾ 168।
2. ਨਵਾਬ ਕਪੂਰ ਸਿੰਘ—ਸ਼ਮਸ਼ੇਰ ਖਾਲਸਾ 1970 ਛਾਪ ਪੰਨਾ 169।

ਪੱਟੀ ਵੱਲੋਂ ਆ ਪਏ। ਦੁਰਾਨੀ ਨੱਠ ਗਏ। ਆਪਣੇ ਮਗਰ ਲਾਸ਼ਾਂ ਦੇ ਢੇਰ ਛੱਡ ਗਏ। ਇਸ ਜੰਗ ਵਿੱਚ ਵਿਖਾਈ ਚੜ੍ਹਤ ਸਿੰਘ ਦੀ ਬੀਰਤਾ ਪੰਥ ਵਿੱਚ ਉਜਾਗਰ ਹੋਈ। ਸ: ਸੁੱਖਾ ਸਿੰਘ ਨੇ ਦੁਰਾਨੀਆਂ ਦੇ ਦਿਲਾਂ ਤੇ ਆਪਣੀ ਬੀਰਤਾ ਦੀ ਅਮਿਟ ਛਾਪ ਲੱਗਾ ਦਿੱਤੀ।

ਅਬਦਾਲੀ ਭਾਜੜ

ਅਬਦਾਲੀ ਆਇਆ ਤਾਂ ਇਸ ਹਵਮ ਨਾਲ ਸੀ ਕਿ ਨਾਦਰ ਸ਼ਾਹ ਵਾਂਗੂੰ ਸਹਿਜੇ ਹੀ ਲੁੱਟ ਮਾਰ ਕਰ ਤਹਿਤ ਜਮ੍ਹਾਂ ਕਰ ਈਰਾਨ ਨੂੰ ਧਰਤ ਜਾਵੇਗਾ। ਮਗਰ ਕਿਸਮਤ ਨੇ ਇਸ ਦਫਾ ਉਸ ਦਾ ਸਾਥ ਨਾ ਦਿੱਤਾ ਤੇ ਮੀਰ ਮਨੂੰ ਹੱਥੋਂ ਭਾਂਜ ਖਾਣੀ ਪਈ। ਸਰਹਿੰਦ ਤੋਂ ਭੱਜ ਉਹ ਲਾਹੌਰ ਪੁੱਜਾ ਉੱਥੇ ਜਲ੍ਹੇ ਖਾਂ ਤੇ ਲਖਪਤ ਨੂੰ ਛੱਡ, ਮੀਰ ਮੰਨੂੰ ਦੇ ਲਾਹੌਰ ਪੁੱਜਣ ਤੋਂ ਪਹਿਲਾਂ ਪਹਿਲਾਂ ਅਬਦਾਲੀ ਧਾਈਆਂ ਕਰ ਗਿਆ। ਬਦਕਿਸਮਤੀ ਨੇ ਅਜੇ ਵੀ ਉਸਦਾ ਪਿੱਛਾ ਨਾ ਛੱਡਿਆ। ਲਾਹੌਰੋਂ ਰਾਵੀ ਪਾਰ ਕਰਦੇ ਨੂੰ ਹੀ ਸਰਦਾਰ ਚੜ੍ਹਤ ਸਿੰਘ ਚੰਬੜ ਗਿਆ ਅਤੇ ਝੰਨਾਂ ਤੱਕ ਜਾਂਦੇ ਨੂੰ ਰੱਜ ਕੇ ਲੁੱਟਿਆ। ਛੱਡਿਆ ਅਜੇ ਵੀ ਨਾਹ, ਅਟੱਕ ਤੱਕ ਉਹ ਦੀਆਂ ਖੁੱਚਾਂ ਵੱਢਦਾ ਚਲਾ ਗਿਆ। ਇਸ ਨਾਲ ਧੰਨੀ ਅਤੇ ਪੋਠੋਹਾਰ ਵਿੱਚ ਸ: ਚੜ੍ਹਤ ਸਿੰਘ ਦਾ ਧਮਾਂ ਬੈਠ ਗਿਆ। ਵਾਪਸ ਪਰਤਦਿਆਂ ਹੋਇਆ ਚੁਗਲ ਚੋਧਰੀਆਂ ਤੇ ਟੁਕੜ ਬੱਚਾਂ ਦੀ ਵੀ ਨਾਲੋਂ ਨਾਲ ਖਬਰ ਸਾਰ ਲੈਂਦੇ ਆਏ।

ਯਾਦ ਰੱਖਣ ਵਾਲੀ ਗੱਲ ਹੈ ਕਿ ਇਸ ਮੁਹਿੰਮ ਵਿੱਚ ਸਾਰੀ **ਵਿਰਕੇਤ** (ਸਵਾਏ ਕੁੱਛ ਘਰਾਨਿਆ ਦੇ) ਸ਼ਾਮਲ ਸੀ ਅਤੇ ਸ: ਮਹਾਂ ਸਿੰਘ ਦੇ ਜੀਵਨ ਕਾਲ ਤੱਕ ਸ਼ੁਕਰਚਕੀਆ ਮਿਸਲ ਦਾ ਸਾਥ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਜਾਨ ਬੁੱਝ ਕੇ, ਕੁਛ ਖੁਸ਼ਾਮਦੀਆਂ ਦੀ ਚੁਕਣਾਂ ਕਰ ਵਿਰਕੇਤ ਨੂੰ ਪਰਖੇ ਰੱਖਿਆ ਸੀ।

—00—

ਖਾਲਸੇ ਵਿਸਾਖੀ ਰੋੜੀ ਸਾਹਿਬ ਮਨਾਈ

ਜਸਪਤ ਦੇ ਕਤਲ ਪਿੱਛੋਂ ਨਵਾਬ ਕਪੂਰ ਸਿੰਘ ਜੀ ਜਥੇ ਸਮੇਤ ਨਨਕਾਨੇ ਸਾਹਿਬ ਦੇ ਦਰਸ਼ਨ ਕਰ, ਆਪਣੇ ਪੱਕੇ ਪੜਾ ਤੇ ਆ ਡੇਰਾ ਕੀਤਾ। ਏਥੇ ਸਭ ਜਥੇਦਾਰਾਂ ਨੇ ਵਿਸਾਖੀ ਏਮਨਾਬਾਦ ਮਨਾਉਣ ਦਾ ਮਤਾ ਸੋਧ ਥਾਓਂ ਥਾਈਂ ਖਾਲਸੇ ਨੂੰ ਖਬਰਾਂ ਭੇਜ ਦਿੱਤੀਆਂ। ਵਿਸਾਖੀ ਤੋਂ ਇੱਕ ਦਿਨ ਪਹਿਲਾਂ ਰੋੜੀ ਸਾਹਿਬ ਦੀ ਜਾ ਸਫਾਈ ਧੁਲਾਈ ਕੀਤੀ। ਅਗਲੇ ਦਿਨ ਸਵੇਰੇ ਦੀਵਾਨ ਸਜ ਰਿਹਾ ਸੀ ਕਿ ਏਮਨਾਬਾਦ ਦੇ ਚੌਧਰੀ ਦਯਾਨਤ ਰਾਏ ਖੱਤਰੀ ਨੇ ਪਹਿਰੇ ਵਾਲੇ ਸਿੰਘਾਂ ਨੂੰ ਧਮਕਾਇਆ। ਉਹਨਾਂ ਬਾਬੇ ਜੱਸਾ ਸਿੰਘ ਨੂੰ ਸੱਦ ਘੱਲਿਆ। ਉਹਨਾਂ ਨੇ ਆ ਕੇ ਆਖਿਆ, ਚੌਧਰੀ ਜੀ ਅਸੀਂ ਬੱਸ ਦੀਵਾਨ ਦੀ ਸਮਾਪਤੀ ਕਰ ਲੰਗਰ ਛਕ ਟੁਰ ਜਾਣਾ ਹੈ, ਤੁਸੀਂ ਫਿਕਰ ਨਾ ਕਰੋ। ਚੋਧਰੀ ਨੇ ਆਕੜ ਕੇ ਆਖਿਆ, ਨਹੀਂ, ਆਹ ਢੋਲਕੀਆਂ ਦਮਕੀਰੀਆਂ ਬੰਦ ਕਰਕੇ ਆਬੇ ਹੀ ਇਹ ਥਾਂ ਖਾਲੀ ਕਰ ਨਿਕਲ ਜਾਵੋ। ਜਥੇਦਾਰ ਨੇ ਆਖਿਆ ਜ਼ਿਦ ਨਹੀਂ ਕਰੀਦੀ ਅਸੀਂ ਵਿਸਾਖੀ ਮਨਾ ਕੇ ਚਲੇ ਜਾਵਾਂਗੇ। ਚੌਧਰੀ ਨੇ ਆਖਿਆ, "ਅੱਛਾ ਅਗਰ ਤੁਸੀਂ ਨਹੀਂ ਜਾਂਦੇ ਤਾਂ ਮੈਂ ਤੁਸਾਡਾ ਬੰਦੋਬਸਤ ਕਰਦਾ ਹਾਂ" ਤੇ ਕਾਹਲੀ ਨਾਲ ਟੁਰ ਗਿਆ......।

ਪਹਿਲਾਂ ਘੱਲੂਘਾਰਾ[1]

ਲਖਪਤ ਸ਼ਹਿਰੀ, ਕਿਰਤੀ ਤੇ ਚਕਰੈਲ ਸਿਖਾਂ ਦਾ ਕਤਲ ਕਰਕੇ ਆਪਣੇ ਵੱਲੋਂ ਸਰਬਤ ਖਾਲਸਾ ਪੰਥ ਨੂੰ ਹੀ ਨਿਰਸਾਹਸ ਅਤੇ ਹੱਤਾਸ਼ ਕਰੀ ਕਰੀ ਬੈਠਾ ਸੀ। ਮਗਰ ਜਦੋਂ ਉਸ ਨੇ ਡਿੱਠਾ ਕਿ ਰਾਠ ਖਾਲਸੇ, ਮੇਰੇ ਨੱਕ ਥੱਲੇ, ਏਮਨਾਬਾਦ ਵਿਸਾਖੀ ਮਨਾ, ਚੌਧਰੀ ਦੀ ਧਾੜ ਦੀ ਗਿਦੜ ਕੁੱਟ ਕਰ, ਏਮਨਾਬਾਦ ਸ਼ਹਿਰ ਨੂੰ ਵੀ ਜਾਂਦੀ ਵਰ ਹੱਥ ਫੇਰ ਗਏ ਹਨ ਤਾਂ ਉਹ ਪਾਗਲ ਹੋ ਉਠਿਆ ਅਤੇ ਦੂਣ ਸਵਾਇਆ ਹੋ ਖਾਲਸੇ ਦੇ ਵਿਨਾਸ਼ ਦੀਆਂ ਤਿਆਰੀਆਂ ਵਿੱਚ ਜੁੱਟ ਗਿਆ। ਸ਼ਾਹੀ ਫ਼ੌਜਾਂ ਤੋਪਖਾਨੇ ਇਲਾਕਿਆਂ ਦੇ ਚੌਧਰੀਆਂ ਦੀਆਂ ਧਾੜਾਂ ਲੈ ਕੇ ਲਖਪਤ ਰਾਵੀਓ ਪਾਰ ਖਾਲਸੇ ਮਗਰ ਚੜ੍ਹਿਆ।

ਪਹਿਲੇ ਘਲੂਘਾਰੇ ਬਾਰੇ ਇਤਿਹਾਸਕ ਸਥਿਤੀ

1) ਸਾਡੇ ਸਾਰੇ ਇਤਿਹਾਸਕਾਰ ਕਹਿੰਦੇ ਹਨ ਕਿ ਖਾਲਸਾ ਪੜੋਲ ਕਠੂਹੇ ਦੀਆਂ ਪਹਾੜੀਆਂ ਵੱਲ ਵੱਧ ਗਿਆ। ਜਿਥੇ ਪੁੱਜਣਾ ਰਾਵੀ ਦੇ

---

1. ਪਹਿਲਾਂ ਘਲੂਘਾਰਾ—ਸਿਖ ਕੌਮ ਨੂੰ ਘਲੂਘਾਰੇ ਪੈਂਦੇ ਰਹੇ ਹਨ ਅਤੇ ਅੱਗੋਂ ਨੂੰ ਹੋਰ ਪੈਣੇ ਹਨ। 1) ਸੰਨ 1746 ਈ: ਵਾਲਾ ਪਹਿਲਾਂ ਸੀ ਅਤੇ 2) ਸੰਨ 1762 ਈ: ਵਾਲਾ ਦੂਜਾ ਸੀ। ਫਿਰ ਸਿਖ ਰਾਜ ਵੇਲੇ ਮੁਦਕੀ ਅਤੇ ਸਭਰਾਵਾ ਵਾਲਾ ਸੰਨ 1845 ਵਿੱਚ ਤੀਜਾ ਅਤੇ 4) ਸੰਨ 1849 ਈ: ਗੁਜਰਾਤ ਚੇਲਿਆਂ ਵਾਲਾ ਘਲੂਘਾਰਾ ਚੌਥਾ ਸੀ। ਜਦੋਂ ਅੰਗਰੇਜ਼ਾਂ ਦੀਆਂ ਦਬੈਲ ਹਿੰਦੁਸਤਾਨੀ ਫ਼ੌਜਾਂ ਖਾਲਸਾ ਰਾਜ ਨੂੰ ਤਬਾਹ ਕਰਨ ਵਿੱਚ ਸਹਾਈ ਹੋਈਆਂ। 5) ਪੰਜਵਾਂ ਘਲੂਘਾਰਾ ਸੰਨ 1947 ਵਿੱਚ, ਪੰਜਾਬ ਦੇ ਬਟਵਾਰੇ ਵੇਲੇ ਵਾਪਰਿਆ। ਜੋ ਭਾਰਤ ਦੇ ਅਖੌਤੀ ਮਹਾਨ ਲੀਡਰਾਂ ਦੀ ਨਾ-ਦੂਰ-ਅੰਦੇਸ਼ੀ, ਸਿਖ ਆਗੂਆਂ ਦੀ ਕਮ ਅਕਲੀ (ਸ: ਬਲਦੇਵ ਸਿੰਘ ਵਰਗਿਆਂ ਦੀ ਪੇਟ ਪ੍ਰਸਤੀ) ਅਤੇ ਸਭ ਤੋਂ ਵੱਡਾ ਕਾਰਨ ਮਹਾਸ਼ੇ ਅਖਬਾਰਾਂ ਦੇ ਜ਼ਹਿਰੀਲੇ, ਮਤਾਂਧ ਤੇ ਇੱਕ ਪੱਖੀ ਸਮਾਜੀ ਪ੍ਰਚਾਰ ਸੀ। ਇਸ ਵਿੱਚ ਅੰਗਰੇਜ਼ਾਂ ਦਾ ਨਹੀਂ ਭਾਰਤੀਆਂ ਦਾ ਆਪਣਾ ਹੀ ਕਸੂਰ ਸੀ। 6) ਹੁਣ ਆਜ਼ਾਦ ਦੇਸ਼ ਵਿੱਚ ਸਿਖਾਂ ਤੇ ਘਲੂਘਾਰਾ ਜੂਨ 1984 ਵਿੱਚ ਹੋਇਆ। ਇਹ ਘਲੂਘਾਰੇ ਸਿੱਖ ਕੌਮ ਨੂੰ ਹਰ ਸਾਲ ਮਨਾਉਣੇ ਚਾਹੀਦੇ ਹਨ।

ਸਜੇ ਕੰਢਿਓ ਆਸਾਨ ਸੀ ਬਨਿਸਬਤ ਕਾਹਨੂੰਵਾਨ ਦੇ ਛੰਭ ਵਿੱਚੋਂ ਆਵਨ ਦੇ ਕਿਉਂਕਿ ਇਧਰੋਂ ਆਇਆਂ ਪਟੰਲ ਕਠੂਹੇ ਇਕੇ ਬਸੋਹਲੀ ਦੀਆਂ ਪਹਾੜੀਆਂ ਨੂੰ ਜਾਨ ਵਾਸਤੇ ਰਾਵੀ ਪਾਰ ਕਰਨੀ ਪੈਣੀ ਸੀ। ਜੋ ਉਹਨਾਂ ਦਿਨਾਂ ਵਿੱਚ ਕੰਢਿਆਂ ਤੱਕ ਭਰ ਕੇ ਵਗ ਰਹੀ ਹੋਵੇਗੀ।


2) ਤਕਰੀਬਨ ਸਾਰੇ ਇਤਿਹਾਸਕਾਰ ਸਹਿਮਤ ਹਨ ਕਿ ਦਲ ਖਾਲਸੇ ਨੇ ਨਦੀ ਦੀ ਬਰੇਤੀ ਪਾਰ ਕੀਤੀ ਤਾਂ ਅੱਗੋਂ ਚੋਧਰੀ ਰਾਮਾ ਰੰਧਾਵਾ (ਘਣੀਏ ਕੇ ਬੇਟ ਵਾਲਾ) ਧਾੜ ਲਈ ਖਲੋਤਾ ਟਕਰਿਆ। ਪ੍ਰੰਤੂ ਘਣੀਏ ਕੇ ਰਾਵੀ ਦੀ ਬੇਟ (ਕਾਛੇ) ਵਿੱਚ ਬਟਾਲੇ ਸ਼ਹਿਰ ਤੋਂ ਪਹਾੜ ਵੱਲ ਹਨ। ਅਗਰ ਦਲ ਖਾਲਸਾ ਕਾਹਨੂੰਵਾਨ ਵਿੱਚ ਹੁੰਦਾ ਤਾਂ ਉਹ ਬਿਆਸ ਦੀ ਬਰੇਤੀ ਲੰਘਦਾ ਤਦ ਨਾਂ ਤਾਂ ਘਣੀਏ ਕੇ ਤੇ ਨਾਂ ਰਾਮਾ ਰੰਧਾਵਾ ਉਧਰ ਹੋ ਸਕਦਾ ਸੀ।

ਮਾਲਵਾ ਪਰਵੇਸ਼

3) ਦਲ ਖਾਲਸੇ ਨੇ ਅਪਰੈਲ ਅਤੇ ਅੱਧਾ ਮਈ (1746 ਈ:) ਨਾਰੋਵਾਲ ਤੋਂ ਲੈ ਕਠੂਹੇ ਦੀਆਂ ਪਹਾੜੀਆਂ ਤਕ ਪੰਜਾਹ ਮੀਲ ਰਾਵੀ ਦੇ ਸਜੇ ਕੰਢੇ ਦੇ ਝੱਲਾਂ ਵਿੱਚ ਗੁਜਾਰੇ। ਅੰਤ ਨੂੰ ਨਾਰੋਵਾਲ ਤੋਂ ਉਪਰ (ਨਿਸ਼ਾਨ 'A' ਦੇ ਲਾਗਲੀ) ਬਰੇਤੀ, ਖਾਲਸਾ ਜੀ ਪਾਰ ਕਰਦੇ ਹਨ। ਕੁੱਝ ਇਤਿਹਾਸਕਾਰਾਂ ਦਾ ਮਤ ਹੈ ਕਿ ਦਲ ਖਾਲਸਾ ਇਥੋਂ ਸਿੱਧਾ ਹਰੀਕੇ ਪੱਤਣੋਂ ਦਰਿਆ ਘਾਰਾ (ਸਤਲੁਜ ਬਿਆਸ ਦਾ ਵਹਿਣ) ਪਾਰ ਕੀਤਾ। ਹੁਣ ਇਥੇ ਦੋ ਕਾਰਨ ਬਾਧਕ ਹਨ, ਇੱਕ ਤਾਂ ਘਣੀਏ ਕੇ ਤੋਂ ਹਰੀਕੇ ਵੱਧ ਘੱਟ ਸਤਰ ਮੀਲ ਹਨ ਤੇ ਦੂਸਰਾ ਇਸ ਇਲਾਕੇ ਵਿੱਚ ਥਾਂ ਥਾਂ ਤੇ ਗਸ਼ਤੀ ਫੌਜ ਨਾਲ ਟਾਕਰੇ ਦਾ ਡਰ ਹੈ। ਇਥੇ ਗਿ: ਗਿਆਨੀ ਗਿਆਨ ਸਿੰਘ ਦਾ ਮਤ ਠੀਕ ਹੈ। ਉਹ ਖਾਲਸੇ ਨੂੰ ਸ੍ਰੀ ਹਰਗੋਬਿੰਦਪੁਰ ਤੋਂ ਬਿਆਸਾ ਲੰਘਾ ਅਲੀਵਾਲ ਦੇ ਪਤਣੋਂ ਸਤਲੁਜ ਪਾਰ ਕਰਾ ਮਾਲਵੇ ਵਾੜਦੇ ਹਨ।

ਇਤਿਹਾਸਕ ਤੱਥਾਂ ਤੋਂ ਸਿੱਧ ਹੁੰਦਾ ਹੈ ਕਿ ਪਹਿਲੇ ਘਲੂਘਾਰੇ ਦਾ ਕਾਹਨੂੰਵਾਨ ਦੇ ਛੰਭ ਨਾਲ ਕੋਈ ਵਾਸਤਾ ਨਹੀਂ। ਇਹ ਡੇਢ ਮਹੀਨੇ ਦਾ ਜੰਗ ਕੇਵਲ ਰਾਵੀ ਦੇ ਸੱਜੇ ਕੰਢੇ ਨਾਰੋਵਾਲ ਦੀ ਸੇਧ ਤੋਂ ਲਗਭਗ 50 ਮੀਲ ਕਠੂਹੇ ਦੀਆਂ ਪਹਾੜੀਆਂ ਤੱਕ ਝੱਲਾਂ ਅੰਦਰ, ਬਗੈਰ ਕਿਸੇ ਬਾਹਰਲੀ ਮਦਦ ਦੇ, ਹਥਿਆਰਾਂ ਅਤੇ ਰਸਦ ਦੀ ਘਾਟ ਹੁੰਦਿਆਂ ਹੋਇਆਂ ਲਖਪਤ ਦੀ ਸ਼ਾਹੀ ਸੈਨਾ ਨਾਲ ਲੜੀ ਗਈ। ਖਾਲਸੇ ਦੇ ਜਾਨੀ ਨੁਕਸਾਨ ਦਾ ਅੰਦਾਜ਼ਾ ਕਠਿਨ ਹੈ। ਧੰਨ ਗੁਰੂ ਤੇ ਧੰਨ ਗੁਰੂ ਕਾ ਖਾਲਸਾ।

ਮਾਨ ਚਿੱਤਰ ਯੁਧ ਛੇਤਰ ਪਹਿਲਾ ਘਲੂਘਾਰਾ
ਫਰਵਰੀ—ਜੂਨ 1746 ਈ: ਪੈਮਾਨਾ 1 ਇੰਚ =16 ਮੀਲ



5) ਵਿਸਾਖੀ ਦੇ ਮੌਕੇ ਤੇ ਚੌਧਰੀ ਦੀ ਛੇੜ ਕਾਰਨ, ਉਹਦੀਆਂ ਧਾੜਾਂ ਦੀ ਸੁਧਾਈ ਅਤੇ ਏਮਨਾਬਾਦ ਦੀ ਲੁੱਟ ਸਮੂਹ ਖਾਲਸੇ ਨੇ ਕੀਤੀ। ਇੱਕ ਜਥੇ ਨੇ ਨਹੀਂ।

ਰਾਵੀ ਦੇ ਸੱਜੇ ਕੰਢੇ ਤੇ ਝੱਲ

ਕਈਆਂ ਇਤਿਹਾਸਕਾਰਾਂ ਨੇ ਏਮਨਾਬਾਦ ਤੋਂ ਖਾਲਸੇ ਨੂੰ ਸਿੱਧਾ ਕਾਹਨੂੰਵਾਨ ਦੇ ਛੰਭ ਪੁੱਜਾ ਦੱਸਿਆ ਹੈ। ਸ਼ਾਇਦ ਉਹਨਾਂ ਸੱਜਣਾਂ ਨੇ ਸਮੇਂ ਅਤੇ ਸਥਾਨ ਦਾ ਧਿਆਨ ਰੱਖੇ ਬਗੈਰ ਹੀ ਸੁਣਿਆ ਸੁਣਾਇਆ ਕਾਹਨੂੰਵਾਨ ਦਾ ਛੰਭ ਲਿਖ ਦਿੱਤਾ। ਜਿਸ ਦਾ ਅੰਦਾਜ਼ਾ ਨਾਲ ਦਿੱਤੇ ਮਾਨ ਚਿੱਤਰ (ਨਕਸ਼ੇ) ਤੋਂ ਲੱਗ ਸਕਦਾ ਹੈ।

ਸਮਾਂ

ਵਸਾਖ ਦਾ ਮਹੀਨਾ ਹੈ। ਪਹਾੜਾਂ ਤੇ ਬਰਫਾਂ ਢਲਣ ਕਾਰਨ ਨਦੀਆਂ ਵਿੱਚ ਪਾਣੀ ਹੈ, ਇਸ ਸਮੇਂ ਰਾਵੀ ਪਾਰ ਕਰਨਾ ਔਖਾ ਹੈ।

ਸਥਾਨ (ਏਮਨਾਬਾਦ ਤੋਂ)

ਰਾਵੀ ਦੇ ਸੱਜੇ ਕੰਢੇ ਦੇ ਝਲ (ਨਾਰੋਵਾਲ ਦੇ ਨੇੜੇ) ਕੁਲ ਚਾਲੀ ਮੀਲ ਦੂਰ ਹਨ। ਜਦ ਕਿ ਕਾਹਨੂੰਵਾਨ ਦਾ ਛੰਭ, ਕਾਂ ਉਡਾਰੀ, 72 ਮੀਲ ਦੂਰ ਹੈ। ਇਸ ਵਾਸਤੇ ਦਲ ਖਾਲਸਾ ਨਾਂ ਰਾਵੀ ਪਾਰ ਕਰਦਾ ਹੈ ਤੇ ਨਾ ਹੀ ਕਾਹਨੂੰਵਾਨ ਛੰਭ ਵਿੱਚ ਜਾਂਦਾ ਹੈ—ਦਲ ਖ਼ਾਲਸਾ ਕੇਵਲ ਰਾਵੀ ਦੇ ਸੱਜੇ ਕੰਢੇ ਝੱਲਾਂ ਵਿੱਚ ਰਹਿੰਦਾ ਹੈ। ਰਿਆੜਕੀ ਵਿੱਚ ਤਾਂ ਗਸ਼ਤੀ ਫੌਜਾਂ ਹਰਲ ਹਰਲ ਕਰਦੀਆਂ ਫਿਰਦੀਆਂ ਸਨ।

ਜਸਪਤ ਦੀ ਮੌਤ ਦੇ ਸਮੇਂ ਬਾਰੇ ਵਿਵਾਦ

ਕਈ ਇਤਿਹਾਸਕਾਰਾਂ ਨੇ ਜਸਪਤ ਦੀ ਮੌਤ ਵਿਸਾਖੀ 1746 ਈ: ਵਾਲੇ ਦਿਨ ਹੋਈ ਦੱਸੀ ਹੈ। ਇਹ ਕਿਸ ਤਰ੍ਹਾਂ ਹੋ ਸਕਦਾ ਹੈ ਜਸਪਤ ਦੀ ਹੋਈ ਮੌਤ ਤੋਂ ਚਿੜ ਕੇ ਲਖਪਤ ਨੇ ਲਾਹੌਰ ਵਿੱਚ 10 ਮਾਰਚ 1746 ਈ: (ਮੁਤਾਬਕ 13 ਚੇਤਰ 1746) ਨੂੰ ਸੋਮਾਵਤੀ ਅਮਾਵਸ ਵਾਲੇ ਦਿਨ ਸ਼ਹਿਰੀ, ਚਕਰੈਲ ਤੇ ਕਿਰਤੀ ਸਿਖਾਂ ਦਾ ਸਾਮੂਹਕ ਕਤਲ ਕੀਤਾ ਸੀ। ਜਦ ਕਿ ਵਿਸਾਖੀ 2 ਜਾਂ 3 ਅਪਰੈਲ ਨੂੰ ਅਜੇ ਆਉਣੀ ਸੀ।

ਜਥਾ ਚੂਹੜਕਾਣੇ ਵੱਲ

ਜਸਪਤ ਨੂੰ ਮਾਰ ਜੱਥਾ, ਏਮਨਾਬਾਦ ਨਹੀਂ ਗਿਆ, ਉਹ ਗੌਂਦਲਾਵਾਲਾ ਤੇ ਚੱਕ ਸ਼ੇਰਾ ਨੂੰ ਸੰਧ ਵਿਰਕੈਤ ਵਿਚੋਂ ਹੁੰਦਾ ਨਨਕਾਣੇ ਸਾਹਿਬ ਨੂੰ ਚਲਾ ਗਿਆ ਅਤੇ ਉਥੇ ਬੈਠਿਆਂ ਹੀ ਸਮੂਹਕ ਤੌਰ ਤੇ ਵਿਸਾਖੀ ਰੋੜੀ ਸਾਹਿਬ ਏਮਨਾਬਾਦ ਮਨਾਣ ਦਾ ਫੈਸਲਾ ਕਰ ਵੱਖੋ ਵੱਖ ਜਥਿਆਂ ਨੂੰ ਸੱਦੇ ਪੱਤਰ ਘੱਲੇ ਗਏ।

ਰੋੜੀ ਸਾਹਿਬ ਵਿਸਾਖੀ, ਜਸਪਤ ਨੂੰ ਮਾਰਨ ਵਾਲੇ ਜਥੇ ਨੇ ਹੀ ਨਹੀਂ, ਸਗੋਂ ਸਮੂਹ ਪੰਥ ਨੇ, ਲਖਪਤ ਨੂੰ ਆਪਣੀ ਨਿਡਰਤਾ ਅਤੇ ਸੰਗਠਨ ਦਾ ਸਬੂਤ ਦੇਣ ਵਜੋਂ ਮਨਾਈ ਸੀ।

ਕੁਛ ਭੁਲੇਖੇ

ਇਸ ਪਹਿਲੇ ਘਲੂਘਾਰੇ ਨਾਲ ਸੰਬੰਧਤ ਘਟਨਾਵਾਂ ਵਾਪਰੀਆਂ ਤਾਂ ਜ਼ਰੂਰ ਹਨ। ਮਗਰ ਸਮੇਂ, ਸਥਾਨ ਅਤੇ ਇਤਿਹਾਸਕ ਪ੍ਰਸਥਿਤੀਆਂ ਦੀ ਅਵਿਹੇਲਨਾ ਕਾਰਨ ਇਸ ਘਟਨਾ ਬਾਰੇ ਕੁੱਛ ਮਤਭੇਦ ਹਨ। ਅਸੀਂ ਕਰਮਵਾਰ ਆਪਣੇ ਪਾਠਕਾਂ ਦੀ ਦ੍ਰਿਸ਼ਟੀਗੋਚਰ ਕਰਦੇ ਹਾਂ :—

1. ਜਿਸ ਜਥੇ ਨੇ ਲਾਹੌਰ, ਮੋਚੀ ਦਰਵਾਜਿਓਂ ਅੰਦਰ ਲੁੱਟ ਮਚਾਈ ਉਸ ਵਿਚ ਨਵਾਬ ਕਪੂਰ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ ਸ: ਸੁਖਾ ਸਿੰਘ (ਮਾੜੀ ਕੰਬੋਕੀ) ਅਤੇ ਸ: ਚੜ੍ਹਤ ਸਿੰਘ ਸ਼ੁਕਰਚਕੀਆ ਸ਼ਾਮਲ ਸਨ। ਰਾਵੀਓਂ ਪਾਰ ਹੋਰ ਜਥੇ ਵੀ ਸ਼ਾਮਿਲ ਹੋ ਗਏ। ਇਹਨਾਂ ਦੇ ਮਗਰ ਲਖਪਤ ਰਾਏ ਨੇ ਗਸ਼ਤੀ ਫੌਜ ਭੇਜੀ। ਜਿਸ ਤੇ ਖਾਲਸਾ ਜੀ ਸਿੱਧੇ ਸਾਂਦਲਬਾਰ ਵੱਲ ਧਾਈ ਕਰ ਗਏ। ਕਈ ਸਜਣਾਂ ਨੇ ਲਿਖਿਆ ਹੈ ਕਿ ਸਿੰਘ ਦੋ ਦਿਨਾਂ ਦੇ ਭੁੱਖੇ ਸਨ। ਮੰਨਣ ਵਿਚ ਨਹੀਂ ਆ ਸਕਦਾ, ਕਿਉਂਕਿ ਸਾਂਦਲਬਾਰ ਇੱਕ ਸਰਸਬਜ਼ ਇਲਾਕਾ ਸੀ। ਸਿੰਘ, ਇਕ ਤਾਂ ਲਾਹੌਰ ਲੁੱਟ ਕੇ ਆਏ ਸਨ, ਦੂਜਾ ਉਹ ਕਿਧਰੋਂ ਵੀ ਮੁੱਲ ਖਰੀਦ ਕੇ ਲੰਗਰ ਸਜਾ ਸਕਦੇ ਸਨ ਕਿਉਂਕਿ ਗਸ਼ਤੀ ਫੌਜ ਤਾਂ ਸਿੰਘਾਂ ਨੂੰ ਸ਼ਾਹਦਰਾ ਪਾਰ ਕਰਦਿਆਂ ਵੇਖ ਪਿਛਾਂਹ ਪਰਤ ਗਈ ਹੋਈ ਸੀ। ਏਥੇ ਸਿੰਘਾਂ ਨੂੰ ਕੋਈ ਖਤਰਾ ਨਹੀਂ ਸੀ।

ਜਸਪਤ ਦਾ ਬੱਧ

ਜ਼ਕਰੀਆ ਖਾਨ ਦੀ ਮੌਤ ਸਾਵਣ ਸੰਨ 1745 ਈ: ਤੋਂ ਪਿੱਛੋਂ ਰਾਜ ਰੌਲਾ ਪੈ ਗਿਆ, ਫਿਰ ਉਸਦੇ ਪਿੱਛੋਂ ਜਨਵਰੀ ਸੰਨ 1746 ਈ: ਵਿੱਚ ਉਸ ਦਾ ਵੱਡਾ ਪੁੱਤਰ ਯਾਹਯਾ ਖਾਨ ਲਾਹੌਰ ਮੱਲ ਬੈਠਾ। ਇਸ ਸਮੇਂ ਦੇ ਦੌਰਾਨ ਖਾਲਸੇ ਦੇ 30 ਦੇ ਕਰੀਬ ਨਾਮੀ ਜਥੇ ਬਣ ਚੁੱਕੇ ਸਨ। ਦਲੇਰ ਇਥੋਂ ਤੱਕ ਕਿ ਦਿਨ ਦੀਵੀਂ ਆ ਕੇ ਲਾਹੌਰ ਸ਼ਹਿਰ ਲੁੱਟ ਕੇ ਲੈ ਜਾਂਦੇ ਸਨ।

ਇੱਕ ਦਿਨ **ਨਵਾਬ ਕਪੂਰ ਸਿੰਘ** ਦਾ ਜਥਾ ਫਰਵਰੀ ਸੰਨ 1746 ਨੂੰ ਦਿਨ ਦੀਵੀ ਲੱਖਾਂ ਦਾ ਮਾਲ ਲਾਹੌਰੋਂ ਲੁੱਟ[1] ਰਾਵੀਓਂ ਪਾਰ ਝੱਲ ਵਿੱਚ ਜਲਾ ਗਿਆ। ਯਾਹਯਾ ਖਾਨ ਦੇ ਕਹਿਣ ਤੇ ਲਖਪਤ ਝੱਲਾਂ ਵੱਲ ਗਿਆ ਤਾਂ ਸਿੰਘ ਅਗਾਂਹ ਸਾਂਦਲਬਾਰ ਨੂੰ ਵੱਧ ਗਏ। ਗੁਜਰਾਂਵਾਲੇ ਦੇ ਲਹਿੰਦੇ ਪਾਸੇ ਦੇ ਇਲਾਕੇ ਵਿੱਚ ਘੁੰਮਦਿਆਂ ਨੂੰ ਵੇਖ ਗੋਂਦਲਾਂਵਾਲੇ ਦੇ ਚੁਗਲ ਚੌਧਰੀ ਨੇ ਏਮਨਾਬਾਦ ਦੇ ਫੌਜਦਾਰ ਜਸਪਤ ਨੂੰ (ਜੋ ਦੌਰੇ ਤੇ ਖੌਖਰੀਂ ਉਤਰਿਆ ਹੋਇਆ ਸੀ) ਜਾ ਆਖਿਆ "ਸਾਡੇ ਪਿੰਡ ਨੂੰ ਸਿੰਘ ਆਣ ਪਏ ਨੇ ਤੇ ਜੋ ਪਿੰਡਾਂ ਦੇ ਬਕਰੇ ਛਤਰੇ, ਝਟਕਾ ਸਭ ਖਾਈ ਮੁਕਾਈ ਜਾਂਦੇ ਹਨ। ਸਰਕਾਰ ਇਹਨਾਂ ਦਾ ਕੁੱਛ ਬੰਦੋਬਸਤ ਕਰੇ, ਨਹੀਂ ਤਾਂ ਰਈਅਤ ਉੱਜੜ ਜਾਵੇਗੀ।

ਜਸਪਤ ਨੇ ਬੜੇ ਰੁਹਬ ਨਾਲ ਸਿੰਘਾਂ ਨੂੰ ਅਖਵਾ ਭੇਜਿਆ ਕਿ ਅਬੇ (ਹੁਣੇ) ਪਰਗਣੇ ਵਿਚੋਂ ਬਾਹਰ ਹੋ ਜਾਵੋ ਵਰਨਾ ਮੈਂ ਤੁਹਾਡਾ ਬੁਰਾ ਹਾਲ ਕਰਾਂਗਾ। ਸਿੰਘਾਂ ਨੇ ਉਥੋਂ ਉਠ ਬਦੋਕੀ ਗੁਸਾਈਆਂ[2] ਨਾਮੇ ਪਿੰਡ ਦੀ ਰੱਖ (ਝਿੜੀ) ਵਿੱਚ ਜਾਂ ਡੇਰਾ ਕੀਤਾ। ਜਸਪਤ ਇਲਾਕੇ ਦੇ ਚੌਧਰੀਆਂ ਦੀਆਂ ਧਾੜਾਂ ਲੈ ਕੇ ਮਗਰੋਂ ਅਪੜ ਕੇ ਗਾਲੀਆਂ ਦੇਣ ਲੱਗ ਪਿਆ। ਜਿਸ ਤੇ ਸ: ਚੜ੍ਹਤ ਸਿੰਘ ਨੇ ਆਖਿਆ, ਓਇ ਕਰਾੜਾ ਕਿਉਂ ਮੌਤ ਨੂੰ ਵਾਜਾਂ ਮਾਰਦਾ ਏ। ਅਸੀਂ ਲੰਗਰ ਤਿਆਰ ਕਰ ਛਕ ਕੇ ਟੁਰ ਜਾਣਾ ਹੈ। ਜਸਪਤ ਨੇ ਆਖਿਆ, 'ਫੜ ਲੋ ਇਸ ਜੱਟ ਨੂੰ' ਅਤੇ ਧਾੜਾਂ ਸਿੰਘਾਂ ਤੇ ਕੁੱਦ ਪਈਆਂ। ਅੱਗੋਂ ਸਿੰਘ ਵੀ ਤਲਵਾਰਾਂ ਖਿੱਚ ਕੇ ਡਹਿ ਪਏ। ਭਾਈ ਨਿਬਾਹੂ ਸਿੰਘ ਹਾਥੀ ਦੀ ਪੂਛ ਫੜ ਪਿੱਛੋਂ ਦੀ ਉੱਤੇ ਚੜ੍ਹ ਗਿਆ ਅਤੇ ਜਸਪਤ ਦਾ ਸਿਰ ਵੱਢ, ਲੋਥ ਭੁੰਜੇ ਸੁੱਟ, ਸਿਰ **ਨਵਾਬ ਕਪੂਰ ਸਿੰਘ** ਅੱਗੇ ਲਿਆ ਰੱਖਿਆ। ਜਸਪਤ ਦੇ ਮਰਨ ਦੀ ਦੇਰ ਸੀ ਕਿ ਸ਼ੇਰਾਮਾਨ (ਚਕ ਸ਼ੇਰੇਵਾਲਾ) ਤੇ ਦਯਾਲਾ ਚੌਧਰੀ ਗੋਂਦਲਾਂਵਾਲੇ ਦਾ ਆਪਣੀਆਂ ਧਾੜਾ ਸਮੇਤ ਪਤਰਾ ਵਾਚ ਗਏ। ਸਿਪਾਹੀ ਪਿਆਦੇ ਸਭ ਉੱਡ ਪੁੱਡ ਗਏ, ਜਾਂਦੇ ਨਾ ਦਿੱਸੇ।

ਸਿੰਘ ਲੰਗਰ ਸਜਾਨ ਤੇ ਛਕਣ ਛਕਾਨ ਦੇ ਆਹਰ ਵਿੱਚ ਲੱਗ ਗਏ। ਪਿਛਲੇ ਪਹਿਰ, ਜਸਪਤ ਦੇ ਗੁਰੂ ਗੁਸਾਈਂ ਕਿਰਪਾ ਰਾਮ ਨੇ ਪੰਜ ਸੌ ਰੁਪੈ ਖਾਲਸੇ ਦੀ ਨਜਰ ਰੱਖ, ਮਿੰਨਤਾ ਕਰ ਲਖਪਤ ਦਾ ਸਿਰ ਲਿਆ ਤੇ ਝਿੜੀ ਵਿੱਚ ਹੀ ਉਸ ਦਾ ਅੰਤਮ ਦਾਹ ਸੰਸਕਾਰ ਕਰ ਦਿੱਤਾ। ਜਿੱਥੇ ਸਾਡੇ ਵੇਖਣ, ਪੰਜਾਬ ਦੀ ਵੰਡ 1947 ਈ: ਤੱਕ ਜਸਪਤ ਦੀ ਸਮਾਧ[3] ਤੇ ਖੂਹ ਕਾਇਮ ਸਨ।

ਚੁਗਲ ਚੌਧਰੀਆਂ ਦੀ ਸੋਧ[4]

ਅਗਲੇ ਦਿਨ ਖਾਲਸਾ ਦਲ ਨੇ ਸਵੇਰ ਸਾਰ ਚੜ੍ਹਾਈ ਕਰ ਗੋਂਦਲਾਂਵਾਲਾ ਜਾ ਸੰਧਿਆ ਅਤੇ ਚੌਧਰੀ ਦਿਆਲੇ ਨੂੰ ਫੜ ਕਤਲ ਕਰ ਰੁੱਖ ਤੇ ਟੰਗ ਦਿੱਤਾ। ਉਸੇ ਦਿਨ ਚਕ ਸ਼ੇਰਾ ਵੀ ਸੋਧ ਕੇ ਚੌ: ਸ਼ੇਰੇ ਮਾਨ ਦਾ ਚੌਧਰੀ ਦਯਾਲੀ ਵਾਲਾ ਹਾਲ ਕੀਤਾ ਅਤੇ ਰਵਾਂ ਰਵੀ ਨੁਸ਼ਹਿਰਾ ਵਿਰਕਾਂ ਅਤੇ ਕੜਯਾਲ, ਕਾਲੋਕਿਆਂ ਤੋਂ ਹੁੰਦੇ ਹੋਏ ਕਿਲਾ ਸੇਖੂਪੁਰਾ ਜਾ ਡੇਰੇ ਕੀਤੇ। ਇਥੋਂ ਅਗਲੇ ਦਿਨ ਚਲ ਨਨਕਾਨੇ ਸਾਹਿਬ ਦੇ ਜਾ ਦਰਸ਼ਨ ਕੀਤੇ।

ਜੰਡਿਆਲਾ ਸ਼ੇਰ ਖਾਂ ਦੇ ਸ਼ੇਖਾਂ ਦੀ ਸੋਧ

ਕਤਲਾਮ ਤੋਂ ਪਿੱਛੋਂ ਪਾਠ ਰੱਖਵਾ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਿਆ। ਗੁਰਮੂਲਿਓ ਭੋਗ ਤੋਂ ਉਠ, ਕਾਲੋਕੇ ਜੁਆਨ ਸੋਚਾਂ ਵਿਚਾਰਾਂ ਕਰਦੇ ਜੰਡਿਆਲੇ ਦੇ ਕੋਲੋਂ ਦੀ ਲੰਘ ਵਗੇ। ਜਾਂਦਿਆਂ ਨੂੰ ਰਾਹ ਵਿੱਚ ਬੇਗੋ ਦਾ ਘਰ ਵਾਲਾ ਖੇਤੀ ਤੇ ਭੱਠੀ ਦਾ ਬਾਲਣ ਲਈ ਆਉਂਦਾ ਮਿਲ ਪਿਆ। ਉਹਨਾਂ ਪੁੱਛਿਆ ਮਹੰਦ, ਸੱਚ ਦਸੀਂ ਧੌਂਸ ਕੌਣ ਲਿਆਇਆ ਸੀ? ਮਹੰਦੂ ਆਖਿਆ, ਸਰਦਾਰੋ। ਕਲਿਹ ਮੁਢ ਤੇ ਜੇ ਤਾਬੋ ਤੇ ਫੱਜੂ ਮਿਰਾਸੀ। ਉਹ ਤੇ ਹੁਣ ਯਹੰਦਮ[5] ਬੁੜ ਗਏ ਨੇ। ਆਹ ਨਵੀਂ ਇਲਤ ਉਹਨਾਂ ਦੀ ਰਾਹੀਂ ਸ਼ੇਖਾਂ ਨੇ ਜਗਾਈ ਏ ਅਖੇ ਸਿਖ ਬਣੇ ਗੁਰਮੂਲੀਏ ਸਾਨੂੰ ਦਾਣੇ ਨਹੀਂ ਦੇਂਦੇ। ਉਹਨਾਂ ਫੇਰ ਪੁੱਛਿਆ, ਮਹੰਦ ਇਹ ਦਸ ਗੁਰਮੂਲੇ ਵਰੂਲਾ ਦੇਣ ਕੌਣ ਗਿਆ ਸੀ? ਮਹੰਦੂ ਆਖਿਆ, ਉਹ ਵੀ ਫੱਜੂ ਮਿਰਾਸੀ ਦੀ ਆਖਤ ਤੇ

---

1. **ਲੁੱਟ**—ਸਯਦ ਲਤੀਫ ਲਿਖਦਾ ਹੈ "ਸਿਖ ਧੋਬੀਆਂ ਤੋਂ ਕਪੜੇ ਖੋਹ ਕੇ ਲੈ ਗਏ" ਵਾਹ ਵਾਹ, ਆਹੋ! ਸਿਖਾਂ ਨੇ ਮੁਗਲਾਣੀਆਂ ਦੀਆਂ ਚਲੀਆਂ ਚੁੰਨੀਆਂ ਸੁਥਣਾਂ ਤੇ ਬੁਰਕੇ ਘੋੜਿਆਂ ਦੇ ਕੰਨਾਂ ਨਾਲ ਬੰਨਣੇ ਸਨ ਨਾ। ਸੱਯਦ ਮੀਆਂ ਲਤੀਫ਼ ਸ਼ਾਹ ਜੀ! ਕੱਟੇ ਦੀ ਪੂੰਛ ਮਰੋੜਿਆਂ ਗਿਦੜ ਕੁੱਟ ਖਾਧੀ ਦਾ ਬਦਲਾ ਨਹੀਂ ਨਿਕਲਦਾ ਅਤੇ ਜੇ ਸਿੰਘਾਂ ਨੇ ਕਪੜੇ ਮਾਰੇ ਵੀ ਹੋਣਗੇ ਤਾਂ ਸੁਕਣੇ ਪਾਏ ਹੋਏ ਥਾਨ ਤਾਂ ਕਿ ਸਾਫੇ, ਪਰਨੇ, ਚਾਦਰਾਂ ਤੇ ਕਛਹਿਰੇ ਬਣ ਸਕਣ। ਸਿੰਘਾਂ ਨੇ ਲਾਹੌਰ ਲੁਟਿਅ ਸੀ ਨਾ ਕਿ ਧੋਬੀ ਘਾਟ।
2. **ਬਦੋਕੀ ਗੁਸਾਈਆਂ**—(ਵੇਖੋ ਅੱਗੇ ਦਿੱਤਾ ਮਾਨ ਚਿੱਤਰ) ਪ੍ਰਸਿੱਧ ਇਤਿਹਾਸਕਾਰ ਡਾਕਟਰ ਗੋਕਲ ਚੰਦ ਨਾਰੰਗ ਇਥੋਂ ਦੇ ਜੰਮਪਲ ਸਨ।
3. **ਸਮਾਧ ਤੇ ਖੂਹ**—ਵਿੱਦਿਆ ਪ੍ਰਾਪਤੀ (ਸੰਨ 1926) ਸਮੇਂ ਅਸਾਂ ਇਹ ਦੋਵੇਂ ਜਾ ਕੇ ਵੇਖੇ ਸਨ।
4. **ਚੌਧਰੀਆਂ ਦੀ ਸੋਧ**—ਜਬਾਨੀ ਭਾ: ਸਾ: ਭਾਈ ਮੂਲ ਸਿੰਘ ਜੀ ਗਰਮੂਲਾ ਅਤੇ ਜਥੇਦਾਰ ਅਨੋਖ ਸਿੰਘ ਨਾਵਾਂ ਪੁੱਤਰ ਖੜਕ ਸਿੰਘ ਵਾਸੀ ਕਾਲੋਕਾ, ਹਾਲ ਵਾਸੀ ਥਲ ਜ਼ਿ: ਕਰਨਾਲ ਹਰਿਆਣਾ।
5. **ਯਹਦਮ**—ਫਾਰਸੀ, ਜਹੰਨਮ ਭਾਵ ਨਰਕ।

ਸ਼ੇਖਾਂ ਵਿੱਚੋਂ ਕੋਈ ਜਣਾ ਗਿਆ ਸੀ। ਉਹਨਾਂ ਸਿੰਘਾਂ ਆਖਿਆ ਮਹੰਦ, ਤੂੰ ਆਪਣੇ ਥਾਂ ਕਾਇਮ ਰਹੀਂ। ਅਸੀਂ ਤੈਨੂੰ ਤੱਤੀ ਵਾ ਵੀ ਨਾ ਲੱਗਣ ਦਿਆਂ ਗੇ। ਜ਼ਰਾ ਰੱਬ ਦੇ ਰੰਗ ਤਾਂ ਵੇਖ।

ਦਸਵੇਂ ਦਿਨ ਰਾਤ ਦੇ ਪਿਛਲੇ ਪਹਿਰ ਕਾਲੌਕੇ ਪੰਜਾਹ ਸਵਾਰ ਜੰਡਿਆਲੇ ਅਪੜ ਹੋਕਾ ਚਾ ਦਿੱਤਾ, "ਭਾਈ ਕੋਈ ਬਾਹਰ ਨਾ ਨਿਕਲੇ, ਅਸੀਂ ਕਾਲੌਕਿਆਂ ਤੋਂ ਆਪਣੇ ਚੋਰ ਫੜਣ ਆਏ ਹਾਂ। ਥਾਓਂ ਥਾਈਂ ਪਾਹਰੂ ਕਰਕੇ ਤਰੈਵੇ ਲਾਹੌਰ ਜਾਣ ਵਾਲੇ ਤੇ ਚੋਰਾ ਗੁਰਮੁਲੇ ਜਾ ਕੇ ਵਰੂਲਾ ਏਣ ਵਾਲਾ ਸ਼ੇਖ, ਭੜੋਲੀਆਂ ਤੇ ਜੁੱਲਿਆਂ ਵਿੱਚੋਂ ਲੁੱਕੇ ਕੱਢ ਕੱਢ ਕੇ ਬਾਹਰ ਲਿਆਂਦੇ। ਹੋਰ ਕਿਸੇ ਬੰਦੇ ਬੁੱਢੀ ਬੱਚੇ ਨੂੰ ਉਂਗਲ ਤੱਕ ਨਾ ਲਾਈ ਤੇ ਨਾ ਹੀ ਕਿਸੇ ਦਾ ਕੁੱਝ ਛੇੜਿਆ। ਉਹਨਾਂ ਚੋਰਾਂ ਨੂੰ ਘੋੜਿਆਂ ਪਿੱਛੇ ਧਰੂਹ ਕੇ ਮਾਰ ਸੁੱਟ ਆਏ।

ਕੁੱਛ ਦਿਨਾਂ ਪਿੱਛੋਂ, ਜੰਡਿਆਲਿਓਂ ਪਠਾਣ ਪੰਚਾਇਤ ਦੇ ਤੌਰ ਤੇ ਕਾਲੌਕੀ ਗਏ ਤੇ ਆਖਣ ਲੱਗੇ ਤੁਸਾਡੇ ਮੁੰਡਿਆ ਸਾਡੇ ਪਿੰਡ ਤੇ ਹੱਲਾ ਕਰਕੇ ਵਾਧਾ ਕੀਤਾ ਹੈ। ਕਾਲੌਕਿਆਂ ਆਖਿਆ ਖਾਨ ਜੀ, ਅਗੇ ਧੌਂਸ ਤੁਸਾਡੇ ਪਿੰਡੋਂ ਉਠਦੀ ਰਹੀ, ਅਸੀਂ ਸਿਰ ਝਲਦੇ ਰਹੇ। ਅਸਾਂ ਤੁਹਾਨੂੰ ਪੁੱਛਿਆ ਤੱਕ ਨਾ, ਫੇਰ ਸਮੁੰਦ ਖਾਂ ਗਸ਼ਤੀ ਚੜ੍ਹਿਆ ਅਸਾਂ ਤੁਸਾਨੂੰ ਕੁੱਛ ਨਾ ਆਖਿਆ ਕਿਉਂਕਿ ਤੁਸਾਡਾ ਕੋਈ ਕਸੂਰ ਨਹੀਂ ਸੀ। ਅਸੀਂ ਸਮੁੰਦ ਖਾਂ ਨੂੰ ਮਦਾਨ ਵਿੱਚ ਢਾਹਿਆ ਤੇ ਲਾਸ਼ਾਂ ਵੱਡੇ ਖਾਨ (ਅਲੀ ਸ਼ੇਰ) ਨੂੰ ਚੁਕਵਾ ਦਿੱਤੀਆਂ।

ਮਗਰ ਖਾਨ ਜੀ ਹੁਣ ਤਾਂ ਗਰਮੂਲੇ ਨਾਲ ਵਾਧਾ ਜੰਡਾਲੇ ਨੇ ਸਾਡਾ ਨਾਮ ਲੈ ਕੇ ਪਾਇਆ ਏ ਨਾਂ?

ਪਠਾਣ — ਪਰ ਚੋਰ ਲੈਣ ਦਾ ਇਹ ਕੋਈ ਤਰੀਕਾ ਏ ਪਈ ਤੁਸੀਂ ਪਿੰਡ ਉਤੇ ਧਾਵਾ ਬੋਲ ਦਿਉ। ਇਹ ਤੇ ਸਾਨੂੰ ਵੰਗਾਰਨ ਹੋਇਆ ਨਾਂ?

ਕਾਲੌਕੇ — ਅੱਛਾ ਖਾਨ ਜੀ ਅਸੀਂ ਮੰਨ ਲਿਆ ਕਿ ਅਸਾਂ ਧਾਵਾ ਕੀਤਾ ਹੈ। ਪਰ ਤੁਸੀਂ ਦਸੋ, ਅਸੀਂ ਜੁ ਤੁਸਾਥੋਂ ਜਾ ਕੇ ਚੋਰ ਮੰਗਦੇ ਤਾਂ ਤੁਸਾਂ ਸ਼ੁਰਹ ਦੇ ਡਰਦੇ ਮਾਰਿਆਂ ਨਹੀਂ ਸੀ ਦੇਣੇ। ਅੰਤ ਸਾਡੀ ਦੋਹਾਂ ਦੀ ਲੜਾਈ ਹੁੰਦੀ। ਇਹ ਚੰਗਾ ਸੀ, ਅਸੀਂ ਤੇ ਤੁਸੀਂ ਇਹਨਾਂ ਕਮੀਨ ਸ਼ੇਖਾਂ ਦੇ ਪਿੱਛੇ ਲੜ ਕੇ ਮਰ ਜਾਂਦੇ? ਇਹ ਮੰਗ ਖਾਣੀ ਜਾਤ ਤੁਸਾਡੇ ਪਿੰਡੋਂ ਉਠ ਦੂਜੇ ਪਿੰਡ ਜਾਂ ਬਹਿੰਦੇ। ਤੁਸੀਂ ਇਹਨਾਂ ਨੂੰ ਰੋਕ ਨਹੀਂ ਸੀ ਸਕਦੇ। ਅਸਾਂ ਕੁੱਝ ਸੋਚ ਸਮਝਕੇ ਹੀ ਇਹ ਕਾਰਾ ਕੀਤਾ ਸੀ। ਖਾਨ ਜੀ ਅਸੀਂ ਤੁਸੀਂ ਗੁਆਂਢੀ ਹਾਂ। ਅਸੀਂ ਤੁਹਾਡੇ ਨਾਲ ਵਿਗਾੜ ਕਰਨਾ ਗੁਨਾਹ ਸਮਝਦੇ ਹਾਂ।

ਪਠਾਨ — ਅੱਛਾ ਫਿਰ ਸਾਡੇ ਉਤੇ ਤੇ ਕੋਈ ਇਲਜ਼ਾਮ ਨਹੀਂ ਨਾਂ?

ਕਾਲੌਕੇ — ਨਾ ਜੀ ਨਾ, ਬਿਲਕੁਲ ਨਾਹ।

ਹੱਥ ਮਿਲਾ ਕੇ ਪਠਾਣ ਨਿਸ਼ਾ ਕਰਾ ਕੇ ਪਰਤ ਗਏ।

....

ਕੁਦਰਤ ਦੇ ਕਾਦਰ ਨੇ ਪਾਸਾ ਪਲਟਿਆ

ਰੋਂਦੇ ਬਾਲ ਅੰਵਾਣਿਆ ਅਸਮਾਨ ਰੁਆਇਆ।
ਕੁਦਰਤ ਪਾਸਾ ਉਲਟਿਆ ਨਕਸ਼ਾ ਪਰਤਾਇਆ।

....

ਰਾਤੀਂ ਜਿਹੜੇ ਗਏ ਸੀ ਕਾਲੌਕੇ ਸੂਰੇ।
ਕੀਤਾ ਹਾਲ ਮਾਲੂਮ ਜਾ ਉਹ ਪਹੁਤੇ ਦੂਰੇ।

....

ਓੜਕ ਸਮਝੀ ਗੱਲ ਇਹ ਸਭ ਝੂਠ ਕੁਫਾਣੀ।
ਪਰਤ ਆਏ ਉਹ ਘਰਾਂ ਵੱਲ ਜੰਡਿਆਲੇ ਬਾਣੀਂ।

....

ਸੁਣੀ ਅਵਾਜ਼ ਬੰਦੂਕ ਦੀ ਦਿਲ ਖਤਰਾ ਹੋਇਆ।
ਅੱਡੀ ਲਾਣ ਅਰਾਕੀਆਂ ਸਿਰ ਤੇ ਸਨ ਗੋਇਆ।

....

ਸੂਤ ਲਈ ਹੁਣ ਸੂਰਿਆਂ ਸ਼ਮਸ਼ੀਰ ਮਿਆਨੋਂ।
ਪਏ ਟੁੱਟ ਕੇ ਦੁਸ਼ਮਣਾਂ ਹੱਥ ਧੋ ਕੇ ਜਾਨੋਂ।

....

ਅਤੇ ਫੇਰ :—

ਦੋ ਘੜੀਆਂ ਵਿੱਚ ਹੋ ਗਿਆ ਇਹ ਜੰਗ ਨਬੇੜਾ।
ਕਾਇਰ ਅਤੇ ਸੂਰਿਆਂ ਹੋ ਗਿਆ ਨਖੇੜਾ
ਭਾਜੜ ਪੈ ਗਈ ਫੌਜ ਨੂੰ ਲਾਹੌਰ ਸਿਧਾਏ।
ਪਿੱਛੋ ਸਿੰਘਾਂ ਚੋਰਾਂ ਨਾਲ ਜੈਕਾਰ ਗਜਾਏ।

....

ਇਸ ਜੰਗ ਵਿੱਚ ਭਾਈ ਰਾਮ ਸਿੰਘ ਸਮੇਤ ਕਈ ਸਿੰਘ ਫਟੜ ਅਤੇ ਭਾਈ ਹਰਬਖਤ ਸਿੰਘ ਜੀ ਅਤੇ ਉਹਨਾਂ ਦੇ ਪਿਤਾ ਸਮੇਤ ਅਨੇਕਾਂ ਸਿੰਘ ਸ਼ਹੀਦੀਆਂ ਪਾ ਗਏ। ਅੰਤ ਵਿੱਚ

ਲਾਸ਼ਾਂ ਦੋਹਾਂ ਧਿਰਾਂ ਦੀਆਂ ਜੋ ਸੀ ਰਲੀਆਂ ਪਈਆਂ।
ਅੱਡੋ ਅੱਡ ਨਖੇੜੀਆਂ ਹੱਥ ਫੜ ਕੇ ਕਹੀਆਂ।
ਡੂੰਘਾ ਟੋਆ ਪੁੱਟਕੇ ਸਭ ਤੁਰਕ ਦਬਾਏ।
ਜੰਡ ਨਿਸ਼ਾਨੀ ਓਸ ਠੌਰ ਅੱਜ ਤੀਕ ਦਿਸਾਏ।

....

ਫੇਰ ਅੰਗੀਠਾ ਜੋੜ ਕੇ ਸਭ ਸਿੰਘ ਟਿਕਾਏ।
ਲੰਬੂ ਉਹਨਾਂ ਲਾਇਕੇ ਅਰਦਾਸ ਕਰਾਏ।
ਸੋਹਿਲਾ ਪੜ੍ਹ ਅਰਦਾਸ ਕਰ ਪ੍ਰਸਾਦ ਵੰਡਾਇਆ।
ਪਾਠ ਸ੍ਰੀ ਗੁਰੂ ਗ੍ਰੰਥ ਦਾ ਉਸ ਦਿਨ ਰਖਵਾਇਆ।

....

ਹੋਇਆ ਅੰਗੀਠਾ ਸਰਦ ਜਾ ਕਰ ਭਸਮ ਇਕੱਠੀ।
ਯਾਦਗਾਰ ਦੀ ਤੌਰ ਤੇ ਬਿਧ ਐਸੀ ਠਠੀ।
ਪੱਕਾ ਥੜਾ ਬਣਾਇਆ ਸ਼ਹੀਦ ਅਸਥਾਨਾਂ।
ਕੀਤਾ ਖੜਾ ਸ਼ਹੀਦ ਗੰਜ ਪ੍ਰਸਿੱਧ ਜਹਾਨਾਂ।

....

ਜਿਸ ਵਕਤ ਅਜੇ ਧੌਂਸ ਵਾਲੇ, ਜੁੰਮੇ ਦਾ ਫੜਿਆ ਹਰਨ ਭੁੰਨ ਭੁੰਨ ਖਾ ਰਹੇ ਸਨ, ਫਜ਼ੂ ਤੇ ਤਾਬੋਂ ਸਰਘੀ ਵੇਲੇ ਟਾਂਗੇ ਤੇ ਬੈਠ ਸੇਖੂਪੁਰੇ ਨੂੰ ਟੁਰ ਪਏ। ਜੰਡਾਲਿਓ ਥੋੜ੍ਹੀ ਦੂਰ ਗਏ ਤਾਂ ਇੱਕ ਬੰਦਾ ਤੇ ਇੱਕ ਜਨਾਨੀ ਸਵਾਰੀ ਟਾਂਗੇ ਵਾਲੇ ਨੇ ਹੋਰ ਬਿਠਾ ਲਈ। ਬੰਦਾ ਕੋਚਵਾਨ ਦੇ ਨਾਲ ਤੇ ਜਨਾਨੀ ਤਾਬੋਂ ਨਾਲ ਬਹਿ ਕੇ ਗੱਲੀਂ ਲਗ ਪਈ। ਅਜੇ ਥੋੜੀ ਦੂਰ ਹੀ ਗਏ ਸਨ ਕਿ ਬੰਦੇ ਨੇ ਕੋਚਵਾਨ ਨੂੰ ਚੁਪ ਚੁਪਾਤੇ ਪੁੜੀਪੁੜੀ ਵਿੱਚ ਗੁਝਾ ਹੂਰਾ ਮਾਰਿਆ ਕਿ ਉਹ ਦੂਜੇ ਪਾਸੇ ਉਲਰ ਪਿਆ ਤੇ ਆਪੇ ਰੌਲਾ ਪਾ ਦਿੱਤਾ। ਫੜੋ ਫੜੋ ਫੜੋ, ਇਹ ਨੂੰ ਦੌਰਾ ਪੈ ਗਿਆ ਏ। ਫਜ਼ੂ ਭਜ ਕੇ ਥੱਲੇ ਉਤਰਿਆ। ਕੋਚਵਾਨ ਨੂੰ ਥੱਲੇ ਲਾਹ ਕੇ ਲੰਮਿਆ ਪਾਂਦੇ ਸਾਰ, ਉਸ ਬੰਦੇ ਨੇ ਫੱਜੂ ਨੂੰ ਸੰਘੋਂ ਫੜ ਥੱਲੇ ਸੁੱਟ ਲਿਆ ਅਤੇ ਘੰਡੀ ਤੇ ਗੋਡਾ ਰੱਖ ਚੰਗਾ ਦਬਿਆ ਤਾਂ ਫਜ਼ੂ ਦੀ ਬਾਹਰ ਨਿਕਲੀ ਜੀਭ ਉਹਨੇ ਘਰੜ ਕੇ ਵੱਢੀ। ਫਿਰ ਉਸ ਦੀਆਂ ਦਵੇਂ ਅੱਖਾਂ ਕੱਢ, ਹੱਥ ਭਨ ਫਜ਼ੂ ਨੂੰ ਟਾਂਗੇ ਵਿੱਚ ਸੁੱਟ ਦਿੱਤਾ। ਉਧਰੋਂ ਫਜ਼ੂ ਨਾਲ

ਕਾਰਾ ਹੁੰਦਾ ਵੇਖ ਤਾਬੋਂ ਛਾਲ ਮਾਰ ਕੇ ਉਤਰਦੀ ਦੇ ਉੱਤੇ ਡਿੱਗ ਜਨਾਨੀ ਸਵਾਰੀ ਨੇ ਤਾਬੋਂ ਨਾਲ ਵੀ ਫੱਜੂ ਵਾਲਾ ਸਲੂਕ ਕੀਤਾ। ਇਹਦੇ ਹੱਥ ਤੇ ਨਾ ਭੰਨਿਓ ਨੇ ਪਰ ਦੋਵੇਂ ਲੱਤਾਂ ਤਰੋੜ ਕੇ ਟਾਂਗੇ ਵਿੱਚ ਸੁੱਟ ਦਿੱਤੀ ਤੇ ਉਹਨਾਂ ਦਾ ਖੀਸਾ ਬੋੜਾ ਫੋਲ ਦੋਵੇਂ ਬੰਦਾ ਤੇ ਜਨਾਨੀ ਸੁਨਾਰੇ ਵਾਲੀ ਰੱਖ ਵਿੱਚ ਗੁੰਮ ਹੋ ਗਏ।

ਟਾਂਗੇ ਵਾਲੇ ਨੂੰ ਚੋਖਾ ਦਿਨ ਚੜ੍ਹੇ ਮਗਰੋਂ ਸੁਰਤ ਪਰਤੀ ਤਾਂ ਸਭ ਕੁੱਛ ਵੇਖ ਉਹ ਟਾਂਗਾ ਪਰਤਾਕੇ ਟੁਰ ਪਿਆ। ਧੌਂਸ ਵਾਲੇ ਮਾਰ ਖਾ ਕੇ ਪਰਤੇ ਜਾਂਦੇ ਉਹ ਨੂੰ ਜੰਡਿਆਲੇ ਨੇੜੇ ਮਿਲੇ। ਫੱਜੂ ਤੇ ਤਾਬੋ ਦਾ ਹਸ਼ਰ ਵੇਖ, ਲਾਹੌਲ ਪੜ੍ਹਦੇ ਲਾਹੌਰ ਵੱਲ ਵਧ ਗਏ ਤੇ ਕੋਚਵਾਣ ਨੇ ਟਾਂਗਾ ਫਜੂ ਦੇ ਘਰ ਸਾਮ੍ਹਣੇ ਖਲਾਰ, ਫਜੂ ਦੇ ਪਿਉ ਨੂੰ ਆਖਿਆ "ਆਪਣੀਆਂ ਸੁਆਰੀਆਂ ਛੇਤੀ ਲਾਹ ਲਵੋ ਮੈਨੂੰ ਸਿਰ ਪੀੜ ਬੜੀ ਹੁੰਦੀ ਹੈ।

ਸਵਾਰੀਆਂ ਦਾ ਹਾਲ ਤਾਂ ਫਜੂ ਦੇ ਘਰ ਦੇ ਜਾਣਨ ਪਰ ਸਾਨੂੰ ਇਤਨਾ ਪਤਾ ਹੈ ਕਿ ਬੰਦਾ ਤੇ ਜਨਾਨੀ ਬੇਗੋਂ ਦੇ ਮਸੇਰੇ ਭੈਣ ਭਰਾ ਸਨ ਜੋ ਕਾਰਾ ਕਰ ਸਿੱਧੇ ਮਾੜੀਕਿਆਂ ਨੂੰ ਹੋ ਗਏ ਸਨ। (ਜ਼ਬਾਨੀ ਜਥਦਾਰ ਕੇਸਰ ਸਿੰਘ ਮਾੜੀਕਾ ਹਾਲ ਅਰੜਾਨਾ ਜ਼ਿ: ਕਰਨਾਲ।)

....

ਮਿਹਰ ਸਿੰਘ ਪਸਾਰੀ ਦੁਗਲ ਖੱਤਰੀ,
ਅਨੋਖ ਸਿੰਘ ਨਿਰੰਕਾਰੀ ਬ੍ਰਾਹਮਣ ਸੰਤਸੀ।

ਸੰਤੋਖ ਸਿੰਘ ਬਲਧਾਰੀ ਜੋਧਾ ਸੂਰਮਾ,
ਹਰ ਇੱਕ ਚਿਤ ਮਝਾਰੀ ਇੱਕੋ ਜੋਸ਼ ਸੀ।

....

ਯੁੱਧ ਦੀ ਤਿਆਰੀ ਦਾ ਹਾਲ ਭਾਈ ਸਾਹਿਬ ਇਉਂ ਸਮਾਪਤ ਕਰਦੇ ਹਨ :

ਇੱਲਾ ਬੱਧੀ ਤਾਰੀ ਵਿੱਚ ਅਕਾਸ਼ ਦੇ,
ਗਿਰਜ਼ਾਂ ਚਿੰੜ ਸਵਾਰੀ ਖਾਵਣ ਮਾਸ ਨੂੰ।

ਕਾਲੀ ਆ ਕਿਲਕਾਰੀ ਖੱਪਰ ਹੱਥ ਲੈ,
ਹੋਈ ਜੁੱਧ ਤਿਆਰੀ ਤੱਲੇ ਸ਼ੇਰ ਦੀ।

....

ਜੁੱਧ ਦਾ ਹਾਲ ਇਉਂ ਸਮਾਪਤ ਕਰਦੇ ਹਨ :—

ਨਾ ਆਪਣਾ ਪਰਾਇਆ, ਕਿਸੇ ਨਜ਼ਰ ਆਇਆ,
ਜੋ ਸਨਮੁਖ ਵਿਚਾਰਾ, ਫਿਰੇ ਮਾਰਾ ਮਾਰਾ।

ਬਹਾਦਰ ਸਿਪਾਹੀ ਮਚਾਵੇ ਤਬਾਹੀ,
ਮਰੇ ਸਿੰਘ ਸੂਰੇ, ਹੋ ਸਨਮੁਖ ਜ਼ਰੂਰੇ।

....

ਇਸ ਕਤਲਾਮ ਨੂੰ ਯੁੱਧ ਨਹੀਂ ਕਿਹਾ ਜਾ ਸਕਦਾ। ਇਸ ਦੇ ਪਿੱਛੋਂ :—

ਕੁੱਝ ਮਾਰੇ ਕੁੱਝ ਫਟੜਾਂ ਮੈਦਾਨ ਹਰਾਇਆ;
ਫੌਜੀ ਅਫਸਰ ਜੋਸ਼ ਵਿੱਚ ਇਹ ਹੁਕਮ ਸੁਣਾਇਆ।

ਮੁਰਦੇ ਫੱਟੜ ਛੱਡ ਕੇ ਸਭ ਜ਼ਿੰਦੇ ਪਕੜੋ,
ਬੱਚੇ ਬੁੱਢੇ ਔਰਤਾਂ ਸਭ ਤਾਈਂ ਜਕੜੋ।

ਲੈ ਚਲੋ ਲਾਹੌਰ ਨੂੰ ਕਹ ਦਕ ਬਣਾਈ,
ਹੁਕਮ ਨਵਾਬੀ ਇਹੋ ਹੈ ਤਾਮੀਲ ਕਰਾਈ।

....

ਮਿਰਾਸੀ ਦੀ ਨਮਕ ਹਰਾਮੀ

ਉਧਰ ਲਾਹੌਰ, ਦਫਤਰ ਤੋਂ ਦਿੱਲਾ ਰਾਮ ਘਰ ਆਇਆ ਤਾਂ ਦਾਤਾ ਗੰਜ ਬਖਸ਼ ਉਸ ਨੂੰ ਗਰਮੂਲੇ ਦਾ ਮਿਰਾਸੀ ਖਾਨ ਟੱਟਾ ਮਿਲ ਗਿਆ। ਉਸ ਨੇ ਖਾਨ ਟੱਟੇ ਨੂੰ ਦੋ ਸੇਰ ਮਠਿਆਈ ਦੇ ਕੇ ਆਖਿਆ, ਮੀਰ ਜਾਂਦਿਆ; ਤੂੰ ਭਜ ਕੇ ਜਾਹ, ਤੇ ਪਿੰਡ ਨੂੰ ਖਬਰ ਕਰ ਦਿਉ ਕਿ ਧੌਂਸ ਚੜ੍ਹੀ ਆ ਰਹੀ ਹੈ ਆਪਣਾ ਬਿਲਾ ਕਰ ਲੈਣ। ਫੇਰ ਨਾ ਆਖਣ ਖਬਰ ਨਾਂ ਹੋਈ। ਖਾਣ ਟੱਟਾ ਉਥੋਂ ਤਾਂ ਭਜ ਟੁਰਿਆ ਰਾਹ ਵਿੱਚ, ਸਾਹ ਸੀਨ ਦੇ ਮਿਜ਼ਾਰ ਦੇ ਮਲੰਗਾ[1] ਭੰਗ ਰਗੜਦੇ ਵੇਖ ਉਥੇ ਰੁਕ ਗਿਆ। ਆਖਣ ਲੰਗਾ ਮਲੰਗੋ ਮੈਨੂੰ ਜ਼ਰਾ ਛੇਤੀ ਦੇ ਦਿਉ ਮੈਨੂੰ ਕਾਹਲ ਹੈ। ਮਲੰਗਾਂ ਪੁੱਛਿਆ! ਮੀਆਂ ਤੈਨੂੰ ਕਾਹਦੀ ਕਾਹਲ ਹੈ? ਖਾਨ ਟੱਟੇ ਆਖਿਆ, ਸਾਡੇ ਪਿੰਡ ਤੇ ਧੌਂਸ ਚੜ੍ਹਨੀ ਹੈ ਤੇ ਮੈਂ ਪਿੰਡ ਨੂੰ ਖਬਰ ਛੇਤੀ ਕਰਨੀ ਹੈ। ਮਲੰਗਾ ਆਖਿਆ, ਧੌਂਸ ਪੈਂਦੀ ਹੈ ਤੇ ਪੈਣ ਦੇ, ਮਰਨ ਦੇ ਇਹਨਾਂ ਕਾਫਰਾਂ ਨੂੰ, ਤੂੰ ਲੈ ਭੰਗ ਪੀ, ਆਰਾਮ ਕਰ ਤੇ ਮੌਜਾਂ ਲੁੱਟ। ਖਾਨ ਟੱਟਾ ਭੰਗ ਪੀ ਕੇ ਗੜੂੰਦ ਗਿਆ।

ਸਵੇਰੇ ਉਸ ਨੇ ਕਟਕ (ਧੌਂਸ) ਦੇ ਘੋੜਿਆਂ ਦਾ ਕੜਕਾਟ ਸੁਣ ਇੱਕ ਮਲੰਗ ਨੂੰ ਪੁੱਛਿਆ, ਮੌਲਾ ਆਹ ਖੜਕਾ ਕਾਹਦਾ ਏ। ਉਸ ਆਖਿਆ ਮੌਲਾ ਤੁਸੀਂ ਆਰਾਮ ਕਰੋ, ਆਹ ਲੁਬਾਣੇ ਬੜੇ ਬੇ ਆਰਾਮੇ ਨੇ ਰਾਤੀਂ ਹੀ ਮੁੰਜੀਆਂ ਫੰਡਣ ਡਹਿ ਜਾਂਦੇ ਨੇ ਸੌਣ ਵੀ ਨਹੀਂ ਦੇਂਦੇ, ਤੇ ਖਾਨ ਟੱਟਾ ਫੇਰ ਨੀਂਦਰੇ ਡੁੱਬ ਗਿਆ।

ਧੌਂਸ ਗਰਮੂਲੇ ਨੂੰ

ਅੱਧੀਂ ਰਾਤੀਂ ਲਾਹੌਰੋਂ ਚਲ ਧੌਂਸ ਮੂੰਹ ਅਨੇਰੇ ਹੀ ਗਰਮੂਲੇ ਦੇ ਜੰਗਲ ਵਿੱਚ ਆ ਨਿਕਲੀ। ਉਥੇ ਗਰਮੂਲੇ ਦਾ ਜੁਮਾ ਮਾਛੀ ਸ਼ਿਕਾਰ ਲਈ ਬਾਵਰਾ ਲਾਈ ਬੈਠਾ ਮਿਲਿਆ। ਧੌਂਸ ਵਾਲਿਆਂ ਪੁੱਛਿਆ, ਓਇ ਤੂੰ ਕੌਣ ਹੈ? ਉਸ ਆਖਿਆ ਜੀ ਮੈਂ ਮਾਛੀ ਹਾਂ ਤੇ ਸ਼ਿਕਾਰ ਫੜਨ ਬੈਠਾ ਹਾਂ। ਉਹਨਾਂ ਪੁੱਛਿਆ ਕੋਈ ਸ਼ਿਕਾਰ ਹੈ? ਉਸ (ਸਾਰੀ ਗੱਲ ਤਾੜ ਕੇ) ਆਖਿਆ, ਜੀ ਆਹ ਇੱਕ ਮਿਰਗ ਬੱਧਾ ਹੈ ਇਹ ਨੂੰ ਤੁਸੀਂ ਖਾਵੋ ਤੇ ਮੈਂ ਦੂਜੀ ਬਾਵਰ ਵੇਖ ਆਵਾਂ। ਧੌਂਸ ਵਾਲੇ ਤਾਂ ਹਰਨ ਖੱਲ੍ਹਣ ਭੁੰਨਣ ਤੇ ਖਾਣ[2] ਡਹਿ ਪਏ—ਜੁਮੇ ਨੇ ਬਾਵਰ ਦਾ ਬਹਾਨਾ ਕਰ, ਭਜ ਕੇ ਪਿੰਡ ਆ ਦੱਸਿਆ, "ਧੌਂਸ ਆ ਪਈ ਹੈ, ਮੈਂ ਉਹਨਾਂ ਨੂੰ ਆਹਰੇ ਲਾ ਆਇਆ ਹਾਂ।" ਏਨੀ ਆਖ ਜਮ੍ਹਾਂ ਦੂਜੀ ਬਾਵਰ ਤੋਂ ਕੁੱਛ ਨਿੱਕਾ ਮੋਟਾ ਹੋਰ ਸ਼ਿਕਾਰ ਲੈ ਧੌਂਸ ਕੋਲ ਜਾ ਪੁੱਜਾ।

ਪਿੰਡ ਵਿੱਚੋਂ ਜਵਾਨ ਤਾਂ ਰਾਤੀਂ ਕਾਲੋਂਕੀ ਵਗ ਗਏ ਹੋਏ ਸਨ। ਪਿੱਛੇ ਕੇਵਲ ਬੁਢੜੇ ਠੇਰੇ ਹੀ ਸਨ। ਉਹਨਾਂ ਗੰਜੇ ਸ਼ੇਖ ਨੂੰ ਆਖ ਵਾਹਰੂ ਢੋਲ ਵਜਵਾਂ ਦਿੱਤਾ, ਬਾਹਰੋਂ ਸਾਰੇ ਹਾਲੀ ਪਾਲੀ ਪਿੰਡ ਨੂੰ ਆ ਗਏ ਤੇ ਸਿਆਣਿਆਂ ਸਿਆਣਿਆਂ ਨੇ ਰਲਕੇ ਲਕੜਾਂ ਜੋੜ ਮੋਰਚਾ ਬੰਦੀ ਕੀਤੀ। ਖਾਲਸਾ ਚੰਦਨ ਬ੍ਰਿਫ ਵਿੱਚ ਲਿਖਿਆ ਹੈ :—

ਸਿਰ ਖੰਡੀ ਛੰਦ

ਵਾਹਰੂ ਢੋਲ ਵਜਾਇਆ ਗੰਜੇ ਸੇਖ ਨੇ,
ਹਰ ਇੱਕ ਬਾਹਿਰ ਆਇਆ, ਲਸ਼ਕਰ ਸਾਮਣੇ।

ਚੜ੍ਹਿਆ ਜੋਸ਼ ਸਵਾਇਆ ਸਿੰਘਾਂ ਸੂਰਿਆਂ,
ਭਾਈ[3] ਨੇ ਬਣਵਾਇਆ ਲਕੜਾ ਮੋਰਚਾ।

ਜੁੰਮੇ ਹਾਲ ਸੁਣਾਇਆ ਸਾਰੀ ਫੌਜ ਦਾ,
ਨਾ ਦਿਲ ਕਿਸੇ ਕੰਬਾਇਆ ਡਰਕੇ ਮੌਤ ਤੋਂ।

ਭਾਈ ਸ਼ਬਦ ਸੁਣਾਇਆ ਬਾਣੀ ਗੁਰਾਂ ਦੀ,
ਸੂਰਾ ਸੋਈ ਸਲਾਹਿਆ ਸੱਚੇ ਪਾਤਸ਼ਾਹ।

---

1. ਮਲੰਗ—ਮਸਤ, ਬੇਪਰਵਾਹ ਫਕੀਰ। ਮਗਰ ਆਮ ਵੇਖਣ ਵਿੱਚ ਆਇਆ ਹੈ ਕਿ ਇਹ ਲੋਕ ਅਸਲ ਵਿੱਚ ਕੰਮਚੋਰ ਤੇ ਕੰਮਕੋਸ ਵਿਹਲੜ, ਹਿੰਦੂਆਂ ਸਿੱਖਾਂ ਦੇ ਘਰਾਂ ਤੋਂ ਮੰਗ ਕੇ ਖਾਂਦੇ ਵੀ ਹਨ ਅਤੇ ਵਕਤ ਪੈਣ ਤੇ ਉਹਨਾਂ ਨਾਲ ਧੋਖਾ ਵੀ ਕਰਦੇ ਹਨ। ਦੇਸ਼ ਵਿਭਾਜਨ ਸਮੇਂ ਇਨ੍ਹਾਂ ਬੜੇ ਧਰੋਹ ਕਮਾਏ ਸਨ। ਭਲੇ ਘੱਟ, ਬੁਰੇ ਅਧਿਕ ਹੁੰਦੇ ਹਨ।
2. ਖਾਣ—ਕਿਉਂਕਿ ਉਹ ਰਾਤ ਦੇ ਭੁਖੇ ਸਨ ਤੇ ਅਗੇ ਲੜਾਈ ਦਿੱਸਦੀ ਵੇਖ ਉਹਨਾਂ ਖਾਣਾ ਜ਼ਰੂਰੀ ਸਮਝਿਆ। ਜਿਸ ਤੇ ਜੁੰਮੇ ਨੂੰ ਪਿੰਡ ਖਬਰ ਦੇਣ ਦਾ ਅਵਸਰ ਮਿਲ ਗਿਆ।
3. ਭਾਈ—ਭਾਈ ਰਾਮ ਸਿੰਘ ਜੀ ਗੁੰਬੀ।

ਰਣ ਵਿੱਚ ਖੇਲ ਰਚਾਇਆ ਜਿਨ੍ਹਾਂ ਸੂਰਿਆਂ,
ਪੈਰ ਨ ਪਿੱਛੇ ਪਾਇਆ ਵੇਲੇ ਮਰਨ ਦੇ।
ਦੁਖੀਆਂ ਦੀਨ ਬਚਾਇਆ ਸ਼ਸਤਰ ਧਾਰ ਕੇ,
ਨਾਹਰ ਸਿੰਘ ਦਿਦਾਰੀ ਬਾਹਰ ਨਿਕਲਿਆ।
ਸੂਰਾ ਸੀ ਇਹ ਭਾਰੀ ਗਤਕਾ ਖੇਲਦਾ,
ਕੌਕਲ ਸਿੰਘ ਬਲਕਾਰੀ ਪੱਕਾ ਉਮਰ ਦਾ।
ਤ੍ਰਿਖਾ ਬੜਾ ਸ਼ਿਕਾਰੀ ਮ੍ਰਿਗਾਂ ਮਾਰਦਾ,
ਚੋਖਾ ਸਿੰਘ ਦਰਬਾਰੀ ਸੰਗਤ ਮੋਹਰੀ।

ਸ਼ੇਖਾਂ ਦੀ ਚੁਗਲੀ

ਲਾਹੌਰ ਵਿੱਚ ਦਾਤਾ ਗੰਜ ਬਖਸ਼ ਦੇ ਉਰਸ ਤੇ ਹਰ ਸਾਲ ਪੰਜਾਬ ਭਰ ਤੋਂ ਮੁਸਲਮਾਨ ਆਪਣੀ ਅਕੀਦਤ ਪੇਸ਼ ਕਰਨ ਇਕੱਤਰ ਹੁੰਦੇ ਹਨ। ਜੰਡਿਆਲੇ ਸ਼ੇਰ ਖਾਂ ਦੇ ਸ਼ੇਖ (ਭਿਰਾਈ) ਵੀ ਆਏ। ਕਵਾਲੀ ਸੁਣਦਿਆਂ ਉਹਨਾਂ ਦਾ ਟਾਕਰਾ, ਫੱਜੂ ਮਿਰਾਸੀ ਨਾਲ ਹੋ ਗਿਆ। ਗੱਲੀਂ ਬਾਤੀਂ ਪਤਾ ਲੱਗਾ ਕਿ ਚੌਧਰੀ ਅਲੀ ਸ਼ੇਰ ਅੱਲਾ ਨੂੰ ਪਿਆਰਾ ਹੋ ਗਿਆ ਹੈ। ਫੱਜੂ ਉਹਨਾਂ ਨੂੰ ਘਰ ਲੈ ਗਿਆ। ਉਥੇ ਸ਼ੇਖਾਂ ਨੇ ਆਖਿਆ, ਅਗੇ ਗਰਮੂਲੇ ਵਾਲੇ ਲਖ ਦਾਤੇ[1] ਨੂੰ ਮੰਨਦੇ ਸਨ ਤੇ ਛਿਮਾਹੀ ਦੀ ਛਿਮਾਹੀ ਉਥੋਂ ਮਾਣੀ, ਦਸ ਮਨ, ਦਾਣੇ ਲੈ ਆਉਂਦੇ ਸਾਂ। ਆਹ ਜਦੋਂ ਦੇ ਤੁਹਾਡੇ ਕੋਤਵਾਲ ਨੇ ਆਪਣੀ ਕੁੜੀ ਗਰਮੂਲੇ ਵਿਆਹੀ, ਉਹਨਾਂ ਨੂੰ ਵੀ ਸਿਖ ਬਣਾ ਕਢਿਆ ਹੈ, ਸਾਨੂੰ ਤਾਂ ਹੁਣ ਉਥੋਂ ਐਤਕੀਂ ਉਕਾ ਜੁਆਬ ਹੋ ਗਿਆ ਹੈ। ਪਹਿਲੀਆਂ ਵਿੱਚ, ਸਾਡਾ ਮੁੰਡਾ ਇੱਕ ਅੱਧਾ ਭਾਰੂ[2] ਕੁਹ ਕੇ ਗਰਮੂਲੇ ਜੁੰਮੇ ਦੇ ਜੁੰਮੇ ਲਾ ਆਉਂਦਾ ਸੀ। ਉਹ ਛਿਆਂ ਵਰ੍ਹਿਆਂ ਤੋਂ ਉਕਾ ਬੰਦ ਹੋ ਗਿਆ ਹੈ। ਜੇ ਇਹੋ ਹਾਲ ਰਿਹਾ ਤਾਂ ਅਸੀਂ ਗਰੀਬ ਤਾਂ ਭੁੱਖੇ ਮਰ ਜਾਵਾਂਗੇ। ਤਾਂਬੋ (ਮਿਰਾਸਨ) ਨੂੰ ਸੁੱਝੀ, ਉਹਨੇ ਫੱਜੂ ਨੂੰ ਸੱਦ ਕੇ ਕੰਨ ਵਿੱਚ ਗੱਲ ਆਖੀ। ਫੱਜੂ ਸ਼ੇਖਾਂ ਨੂੰ ਹੁੱਕਾ ਸੁੱਕਾ ਦੇ ਕੇ ਆਪ ਕਿਸੇ ਬਹਾਨੇ ਬਾਹਰ ਨਿਕਲ ਸਿੱਧਾ ਮੋਮਨ ਖਾਂ ਕੋਲ ਗਿਆ। ਉਥੇ ਗੱਲ ਕਰ ਝੱਟ ਪਰਤ ਸ਼ੇਖਾਂ ਨੂੰ ਸਿਧਾ ਮੋਮਨ ਖਾਂ ਕੋਲ ਲੈ ਜਾ ਕੇ ਆਖਣ ਲੱਗਾ—"ਜਨਾਬ ਮੀਰ ਸਾਹਿਬ ਇਹ ਮੇਰੇ ਵਤਨ ਦੇ ਦੁੱਖੀ ਮੋਮਨ ਨੇ, ਜ਼ਰਾ ਇਹਨਾਂ ਦੀ ਅਰਜ ਸੁਣ ਲਵੋ। ਮੋਮਨ ਖਾਂ ਦੇ ਪੁੱਛਣ ਤੇ ਸ਼ੇਖਾਂ ਨੇ ਇੱਕ ਦੀਆਂ ਚਾਰ ਚਾਰ ਕਰ ਸ: ਸਬੇਗ ਸਿੰਘ ਦੀ ਬਦਖੋਈ ਅਤੇ ਗਰਮੂਲੀਆਂ ਦੀ ਬਦਨਾਮੀ ਕੀਤੀ। ਮੋਮਨ ਖਾਂ ਨੇ ਸ਼ੇਖਾਂ ਨੂੰ ਦਮ ਦਿਲਾਸਾ ਦੇ ਕੇ ਟੋਰ ਦਿੱਤਾ। ਫੱਜੂ ਵਿਚਲੀ ਗੱਲ ਸਮਝ ਚੁੱਪ ਕਰਕੇ ਟੁਰ ਆਇਆ।

ਮੋਮਨ ਖਾਂ ਸਿੱਧਾ, ਸ਼ਹਿਰ ਦੇ ਕਾਜ਼ੀ ਕੋਲ ਗਿਆ ਤੇ ਜੋ ਕੁੱਛ ਊਟ ਪਟਾਂਗ ਸ਼ੇਖਾਂ ਕੋਲੋਂ ਸੁਣਿਆ ਸੀ, ਵਧਾ ਚੜ੍ਹਾ ਕਾਜ਼ੀ ਦੀ ਕੰਨੀ ਪਾਇਆ। ਕਾਜ਼ੀ ਨੇ ਉਸੇ ਵੇਲੇ ਮਕਤਬ ਦੇ ਮੁਦੱਰਸ ਨੂੰ ਸੱਦ, ਸਮੇਤ ਮੋਮਨ ਖਾਂ ਦੇ ਸ: ਸਬੇਗ ਸਿੰਘ ਦੇ ਖਿਲਾਫ ਇੱਕ ਘਿਨਾਉਣੀ ਗੋਂਦ ਗੁੰਦੀ। ਜਿਸ ਦਾ ਪਤਾ ਕੇਵਲ ਇਹਨਾਂ ਤਿੰਨਾਂ ਨੂੰ ਹੀ ਸੀ।

ਸ: ਸੁਬੇਗ ਸਿੰਘ ਖਾਲਸੇ ਦੀ ਸ਼ਰਨ ਵਿੱਚ

ਪੰਥ ਪਰਕਾਸ਼ ਵਿੱਚ ਗਿ: ਗਿਆਨ ਸਿੰਘ ਲਿਖਦੇ ਹਨ :—

ਤਦ ਖਾਨ ਬਹਾਦਰ ਨੇ ਸ: ਸਬੇਗ ਸਿੰਘ ਨੂੰ ਤੱਤ ਖਾਲਸੇ ਕੋਲ ਬੇਨਤੀ ਕਰਨ ਵਾਸਤੇ ਘੱਲਿਆ, ਤਦ :—

ਢਿਗ ਪੰਥ ਕੇ ਸਿੰਘ ਜਾਇਕੇ, ਕਰ ਜੋਰ ਫਤਹ ਬੁਲਾਇ।
ਦਏ ਮਾਨ ਸਿੰਘ ਨੂੰ ਪੰਥ ਨੇ ਲਿਆ ਸਭਾ ਮੱਧ ਬਿਠਾਇ।

....

---

1. ਲੱਖ ਦਾਤਾ—ਸੁੱਖੀ ਸਰਵਰ। ਗਰਮੂਲੇ ਵਿੱਚ ਪਿੰਡੋਂ ਬਾਹਰ ਛੱਪੜ ਕੰਢੇ ਲੱਖ ਦਾਤੇ ਦਾ ਮਕਾਮ ਬਣਿਆ ਹੋਇਆ ਸੀ। ਜੋ ਸਿਖ ਰਾਜ ਵੇਲੇ ਵੀਰਾਨ ਹੋ ਗਿਆ। ਸੰਨ 1865-70 ਵਿੱਚ ਇਸ ਨੂੰ ਢਾਹ ਕੇ, ਭਾਈ ਸਾ: ਭਾ: ਮੂਲ ਸਿੰਘ ਜੀ ਨੇ ਦਵਾਖਾਨਾ ਕਾਇਮ ਕੀਤਾ ਸੀ।

2. ਭਾਰੂ—ਬੱਕਰਾ, ਛੱਤਰਾ ਕੁਹ ਕੇ ਕਸਾਈ ਜੁੰਮੇ ਦੇ ਜੁੰਮੇ ਸਰਵਰ ਦੇ ਹਿੰਦੂ ਪੁਜਾਰੀਆਂ ਨੂੰ ਹਲਾਲੀ ਵੇਚ ਜਾਇਆ ਕਰਦਾ ਸੀ।

ਕਪੂਰ ਸਿੰਘ ਨਵਾਬ ਨੇ ਫਿਰ ਪੁਛਿਓ ਅਹਵਾਲ।
ਸਬੇਗ ਸਿੰਘ ਨੇ ਪ੍ਰਥਮ ਆਪਣਾ ਹਾਲ ਭਾਖ ਬਿਸਾਲ।

....

ਫਿਰ ਕਹਯੋ ਤਾਰੂ ਸਿੰਘ ਕਾ ਬ੍ਰਿਤੰਤ ਵਰਤਯੋ ਜੈਸ।
ਪੁਨ ਹਾਲ ਖਾਨੂ ਦੁਸ਼ਟ ਕਾ ਜਬ ਪੰਥ ਬੂਜਯੋ ਤੈਸ।

....

ਹੋਰ ਗੱਲਾਂ ਤੋਂ ਅਤਰਿਕਤ ਸ: ਸਬੇਗ ਸਿੰਘ ਨੇ ਆਖਿਆ ਜੇ ਗੁਰੂ ਪੰਥ ਜਕਰੀਆ ਖਾਨ ਦਾ ਪੇਸ਼ਾਬ ਖੋਲ ਦੇਵੇ ਤਾਂ ਉਹ ਕਸਮ ਖਾ ਕੇ ਕਹਿੰਦਾ ਹੈ ਕਿ ਮੈਂ ਸਵਾ ਲੱਖ ਦੀ ਜਾਗੀਰ ਹਰਿਮੰਦਰ ਸਾਹਿਬ ਦੇ ਨਾਮ ਕਰਾਵਾਂਗਾ। ਮਗਰ

ਕਹਿਯੋ ਕਪੂਰ ਸਿੰਘ ਨ ਲੈਹੈ ਤਿਸਕੀ ਦਈ ਜਗੀਰੇ।
ਹਮ ਪਾਤਸ਼ਾਹੀ ਲਹਿ ਤੇਗ ਬਲ, ਤੁਰਕਨ ਕੀ ਕਰ ਲੀਰੇ।

....

ਪਰ ਉਨ ਬਚਨ ਜੋ ਗੁਰ ਕੇ ਜਾਮਨ ਦਏ ਬੀਚ ਮੇ ਭਾਈ।
ਉਨ ਲਾਜ ਪਾਲਣੇ ਹਿਤ ਹਮ ਚਾਹੇ ਦੂਖ ਗਵਾਈ।

ਅਤੇ ਫਿਰ ਉਸੇ ਵੇਲੇ—

ਕਰ ਗੁਰਮਤਾ ਪਾਂਚ ਸਿੰਘਣ ਤੈ ਉਠ ਅਰਦਾਸ ਕਰਾਏ।
ਕਹਯੋ ਸਿੰਘਾਂ ਨੇ ਤਾਰੂ ਸਿੰਘ ਕੀ ਸੱਤ ਜੁੱਤੀ ਸਿਰ ਲਗਵਾਏ।

....

ਛੁਟੇ ਪਿਸਾਬ ਅਜ਼ਾਬ ਤਾਹਿਕਾ ਮੌਤੋਂ ਛੁੱਟੇ ਨਾਹੀ।
ਹੁਕਮ ਪੰਥ ਕਾ ਜਬ ਸੁਬੇਗ ਸਿੰਘ ਕਹਯੋ ਨਵਾਬੇ ਜਾਈ।

....

ਮੰਨ, ਨਵਾਬ, ਸ਼ਤਾਬ, ਸਿੰਘ ਕੀ ਜੁੱਤੀ ਉਨ ਮੰਗਵਾਈ।
ਸਿੰਘ ਸਬੇਗ ਕੇ ਹਥੋਂ ਸਾਤ ਬਿਤ ਸਿਰ ਨਿਜ ਮੈਂ ਲਗਵਾਈ।

....

ਜਕਰੀਆ ਖਾਂ ਦਾ ਪੇਸ਼ਾਬ ਤਾਂ ਖੁਲ੍ਹ ਗਿਆ, ਪਰ ਮਰ ਉਸੇ ਦਿਨ ਗਿਆ ਐਨ ਉਸੇ ਦਿਨ, ਜਕਰੀਆ ਖਾਨ ਦੇ ਮਰਨ ਪਸ਼ਚਾਤ, ਭਾਈ ਤਾਰੂ ਜੀ ਭੀ ਜਪੁਜੀ ਦਾ ਭੋਗ ਪਾ, ਸਚਖੰਡ ਨੂੰ ਕਮਰ ਕਸੇ ਕਰ ਗਏ। ਇਤਿਹਾਸਕਾਰਾਂ ਦੇ ਲੇਖੇ ਇਹ ਘਟਨਾ ਸੰਨ 1745 ਈ: ਸਾਵਣ ਦੀ ਸੰਗਰਾਂਦ ਵਾਲੇ ਦਿਨ ਵਾਪਰੀ ਸਿੱਧ ਹੁੰਦੀ ਹੈ।

ਗੁਰਮੁਖ ਕਿਰਤੀ ਗੁਰਸਿਖ ਆਪਣੀ ਕਰਨੀ ਕਰ, ਸਿਖ ਧਰਮ ਦੀ ਕੀਰਤੀ ਫੈਲਾ ਗੁਰੂ ਚਰਨਾਂ ਵਿੱਚ ਹਾਜ਼ਰ ਹੋਇਆ।

"ਗੁਰਮੁਖ ਜਨਮ ਸੰਵਾਰ ਦਰਗਹ ਚਲਿਆ"

ਸ਼ਾਹਬਾਜ਼ ਸਿੰਘ ਦਾ ਕਤਲ

ਸਰਦਾਰ ਬਰਕਤ ਸਿੰਘ ਜੀ ਆਪਣੇ ਵਡਿਆਂ ਦੀ ਜ਼ਬਾਨੀ ਦੱਸਦੇ ਹਨ ਕਿ ਜਦ ਸਵੇਰੇ ਸਾਹਬਾਜ ਸਿੰਘ ਮਕਤਬ ਗਿਆ ਤਾਂ ਜਾਂਦਿਆ ਹੀ ਮੁਦੱਰਸ ਦੇ ਸਿਖਾਏ ਹੋਏ ਇੱਕ ਸਿਆਣੇ ਜਿਹੇ ਮੁਸਲਮਾਨ ਮੁੰਡੇ ਨੇ, ਝੱਟ ਉਸ (ਸ਼ਾਹਬਾਜ਼ ਸਿੰਘ) ਤੇ ਝੂਠੀ ਊਜ ਧਰ ਦਿੱਤੀ ਕਿ ਇਹਨੇ ਪੈਗੰਬਰ ਸਾਹਿਬ ਦੀ ਨਿਰਾਦਰੀ ਕੀਤੀ ਹੈ। ਸ਼ਾਹਬਾਜ਼ ਸਿੰਘ ਨੂੰ ਕਾਜ਼ੀ ਦੇ ਪੇਸ਼ ਕੀਤਾ ਗਿਆ। ਸਰਦਾਰ ਸੁਬੇਗ ਸਿੰਘ ਨੇ ਡੱਟ ਕੇ ਅਨਿਆਂ ਦੀ ਮੁਖ਼ਾਲਫਤ ਕੀਤੀ। ਉਸ ਨੂੰ

ਵੀ ਫੜ ਦੋਹਾਂ ਨੂੰ ਕੈਦ ਕੀਤਾ ਗਿਆ । ਅਗਲੇ ਦਿਨ ਦੋਹਾਂ ਪਿਉ ਪੁੱਤਰਾਂ ਨੂੰ ਇਸਲਾਮ ਦੀ ਪੇਸ਼ ਕੀਤੀ ਗਈ । ਮਗਰ ਦੋਹਾਂ ਨੇ ਠੁਕਰਾ ਦਿੱਤੀ । ਜਿਸ ਤੇ ਦੋਨਾਂ ਨੂੰ ਚਰਖੜੀ ਤੇ ਚਾੜ੍ਹ ਕੇ ਕਤਲ ਕਰ ਦਿੱਤਾ ਗਿਆ ਅਤੇ ਘਰ ਘਾਟ ਸਭ ਜ਼ਬਤ ਕਰ ਲਿਆ ਗਿਆ ।

ਗੁਰਮੂਲੇ ਕੁੱਛ ਦਿਨਾਂ ਪਿੱਛੋਂ ਪਤਾ ਲੱਗਾ । ਪਾਠ ਰਖਾ ਕੇ ਭੋਗ ਪੁਆ ਦਿੱਤਾ । ਭੋਗ ਤੇ ਸਾਰਾ ਬਾਗ੍ਹ ਇਕੱਠਾ ਹੋਇਆ । ਕੋਈ ਪੇਸ਼ ਨਾ ਜਾਂਦੀ ਵੇਖ ਸਭ ਆਪੋ ਆਪਣੀ ਸੋਚਦੇ ਘਰਾਂ ਨੂੰ ਟੁਰ ਗਏ । ਮਾਈ ਸਾਹਿਬ ਕੌਰ ਨੇ ਖਿੜੇ ਮੱਥੇ ਭਾਣਾ ਮੰਨਿਆ । ਘਬਰਾਈ ਮੂਲੋਂ ਨਾ ਤੇ ਬੜਾ ਜਿਗਰਾ ਰੱਖਿਆ । ਇਹ ਭਾਣਾ ਸੰਨ 1746 ਈ: ਦੇ ਆਰੰਭ ਵਿੱਚ ਵਰਤਿਆ ।

ਗਰਮੂਲੇ ਤੇ ਚੜ੍ਹਾਈ

ਮੋਮਨ ਖਾਂ, ਸ: ਸਬੇਗ ਸਿੰਘ, ਸਾਹਬਾਜ਼ ਸਿੰਘ ਨੂੰ ਬਿਲੇ ਲਗਾ ਉਸਦਾ ਘਰ ਘਾਟ ਸਭ ਜਬਤ ਕਰ ਜਦੋਂ ਵਿਹਲਾ ਹੋਇਆ ਤਾਂ ਇੱਕ ਦਿਨ ਫੱਜੂ ਨੂੰ ਵੇਖ ਉਹ ਨੂੰ ਗਰਮੂਲੇ ਦੀ ਯਾਦ ਆ ਗਈ । ਉਸ ਨੇ ਆਪਣੇ ਮੀਰ ਮੁਨਸ਼ੀ ਦਿੱਲਾ ਰਾਮ[1] ਨੂੰ ਆਖ ਕੇ ਇੱਕ ਚਿੱਠੀ ਕਿਸੇ ਗਸ਼ਤੀ ਫੌਜ ਦੇ ਅਫ਼ਸਰ ਵੱਲ, ਗੁਰਮੂਲੇ ਦੀ ਸਰਕੋਬੀ ਵਾਸਤੇ ਲਿਖਾਈ । ਜਿਸ ਦੀ ਭਿਣਕ ਫੱਜੂ ਨੂੰ ਵੀ ਪੈ ਗਈ। ਧੌਂਸ ਦੇ ਟੁਰਨ ਤੋਂ ਦੋ ਦਿਨ ਅਗਦੂੰ ਫੱਜੂ ਛੁੱਟੀ ਲੈ ਕੇ ਸਣੇ ਤਾਬੋ ਜੰਡਾਲੇ ਅਪੜ ਗਏ । ਉਹਨਾਂ ਦੇ ਅਪੜਦਿਆਂ ਤੱਕ ਸੋਖਾਂ ਨੇ ਫੱਜੂ ਮਿਰਾਸੀ ਦਾ ਗੁੱਡਾ ਬੰਨ ਦਿੱਤਾ ਹੋਇਆ ਸੀ । ਜਦੋਂ ਬੇਗੋ ਸੁਣਿਆ ਤਾਬੋ ਆਈ ਹੈ ਤਾਂ ਉਸ ਸ਼ਾਮੀ ਮਹੰਦੂ ਨੂੰ ਆਖਿਆ, "ਆਹ ਕਲਿਹ (ਤਾਬੋ) ਖੈਰ ਹੱਥੀ ਨਹੀਂ ਆਈ । ਜੀਵੇਂ ! ਸ਼ਰਘੀ ਵੇਲੇ ਨਿਕਲ, ਫਾਹ ਵੇਲਾ ਨਾਣਕੇ, ਝਾਮਕੀਂ ਚਲ ਕਰੀਏ । ਇਸ ਡਾਇਣ ਦੇ ਲੱਗੜ੍ਹ ਥੇਕੜ੍ਹ ਵੀ ਮਗਰ ਆਏ ਖਲੇ ਨੀ। ਪਿਉ ਨੂੰ ਸਮਝਾ ਦਿਹ, ਅੰਮਾਂ (ਤਸ) ਦੀ ਕੰਨੀ ਮੈਂ ਗਲ ਵਹਾ ਦਿੱਤੀ ਏ।"

ਇਹ ਦੋਵੇਂ ਤਾਂ ਸਵੇਰੇ ਪਤਰਾ ਵਾਚ ਗਏ । ਤਾਬੋ ਨੂੰ ਸਵੇਰੇ ਪਤਾ ਲੱਗਾ ਕਿ ਬੇਗੋ ਤੇ ਮਹੰਦੂ ਦੋਵੇਂ ਖਾਨ ਗਾਹੀਂ ਆਪਣੀ ਸੁਖਣਾਂ ਦੀ ਨਿਆਜ ਦੇਣ ਗਏ ਹਨ । ਉਥੋਂ ਪਰਤ ਝਬਰੀਂ ਵਿਆਹ ਤੇ ਜਾਣਗੇ ।

....

ਖਾਲਸੇ ਦੇ ਵਿਰੁਧ ਇਸ਼ਤਿਹਾਰ ਕੱਢੇ ਗਏ । ਭਾਈ ਰਤਨ ਸਿੰਘ ਜੀ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਲਿਖਦੇ ਹਨ :—

ਸਿੰਘਨ ਖੂਨ ਮਾਫ ਹਮ ਕੀਨੇ।
ਜਿਤ ਲੱਭੇ ਤਿਤ ਮਾਰੋ ਚੀਨੇ।
ਲੂਟ ਕੂਟ ਉਸ ਮਾਫ਼ ਹਮ ਕਰੀ।
ਹਮਰੀ ਲਿਖਤ ਇਹ ਜਾਨੋਂ ਖਰੀ।

....

ਦੱਸਣ ਵਾਲੇ ਦਸ ਰੁਪੇ ਮਾਰਨ ਵਾਲ ਪਚਾਸ।
ਯਿਹ ਲਾਲਚ ਤੁਰਕਨ ਦਿਯੋ ਤਬ ਸਿੰਘਨ ਭਯੋ ਨਾਸ॥ (ਪੰਨਾ 219)

....

ਜੋ ਸਿੰਘ ਕੋ ਸਾਕ ਕਰੇਵੇ।
ਮੁਸਲਮਾਨ ਸੋ ਹੋਵਨ ਲੇਵੇ।
ਜੋ ਸਿੰਘਨ ਕੋ ਦੇਵੇ ਨਾਜ।
ਮੁਸਲਮਾਨ ਕਰੋ ਤਿਸ ਕਾਜ। (ਪੰਨਾ 221)

....

ਖਾਲਸਾ ਖਿਲਰ ਗਿਆ

ਉਪਰੋਕਤ ਸਖਤੀਆਂ ਤੋਂ ਬਚਨ ਲਈ ਸਿੰਘ ਕੁੱਛ ਤਾਂ ਪਹਾੜੀਂ ਜਾ ਚੜ੍ਹੇ ਅਤੇ ਕੁਛ ਬਿਆਸਾ ਟੱਪ ਦੁਆਬੇ ਵਿੱਚ ਜਾ ਟਿਕੇ । ਦੁਆਬੇ ਦਾ

---

1. **ਦਿੱਲਾ ਰਾਮ**—ਇਹਦੀ ਮਾਂ ਬੁਪੜੇ ਤੋਂ ਆਉਂਦੀ ਪਠਾਣਾਂ ਨੇ ਘੇਰ ਲਈ। ਉਸ ਦੀਆਂ ਚੀਕਾਂ ਸੁਣ ਸਿੰਘਾਂ ਨੇ ਆ ਕੇ ਉਸ ਨੂੰ ਛੁਡਾ ਕੇ ਜੰਡਿਆਲੇ ਭੇਜਿਆ । ਜੰਡਿਆਲਾ ਛਡ, ਕਿਸੇ ਹੋਰ ਪਿੰਡ ਜਾ ਵਸੇ । ਜੰਡਿਆਲੇ ਫਿਰ ਨਹੀਂ ਗਏ ।

ਹਾਕਮ ਅਦੀਨਾ ਬੇਗ ਇੱਕ ਦੋਗਲੀ ਕਿਸਮ ਦਾ ਇਨਸਾਨ ਸੀ। ਇਹ ਆਪਣੀ ਚੌਧਰ ਕਾਇਮ ਰੱਖਣ ਵਾਸਤੇ ਤਾਂ ਸਿਖਾਂ ਨੂੰ ਨਾਲ ਰਲਾ ਲਿਆ ਕਰਦਾ ਸੀ। ਮਗਰ ਲਾਹੌਰ ਸਰਕਾਰ ਨੂੰ ਖੁਸ਼ ਕਰਨ ਲਈ ਮੌਕੇ ਬੇਮੌਕੇ............।

ਖਾਲਸੇ ਤੇ ਫੇਰ ਸਖਤੀ

ਰੱਸੀ ਸੜ ਗਈ ਪਰ ਵੱਟ ਨ ਗਿਆ। ਜ਼ਕਰੀਆ ਖਾਨ ਨੇ ਖਜ਼ਾਨੇ ਖਾਲੀ ਵੇਖੇ ਤਾਂ ਨਵਾਬ ਕਪੂਰ ਸਿੰਘ ਨੂੰ ਅਖਵਾ ਭੇਜਿਆ ਕਿ ਲੁੱਟ ਦਾ ਮਾਲ ਸਭ ਵਾਪਸ ਕਰੋ, ਨਹੀਂ ਤਾਂ ਮੈਂ ਸਖਤੀ ਕਰਾਂਗਾ ਅੱਗੋਂ ਖਾਲਸੇ ਨੇ ਉੱਤਰ ਦਿੱਤਾ, ਤੁਹਾਨੂੰ ਇਸ ਲੁੱਟ ਨਾਲ ਕੀਹ ? ਤੁਸਾਂ ਤਾਂ ਵੀਹ ਲੱਖ ਹੱਥ ਬੰਨ੍ਹਕੇ ਨਾਦਰ ਅਗੇ ਨਜ਼ਰਾਨਾ ਰੱਖਿਆ ਸੀ। ਤੁਸਾਡੇ ਵੱਡੇ ਦਿੱਲੀ ਵਾਲੇ ਮਾਲਕ ਤੋਂ ਨਾਦਰ ਕਰੋੜਾਂ ਦਾ ਧਨ ਮਾਲ ਖੋਹ ਕੇ ਲਿਆਇਆ ਸੀ। ਅਸਾਂ ਤਾਂ ਉਸ ਨਾਦਰ ਕੋਲੋਂ ਬਦੇਸ ਜਾਂਦਾ ਧਨ ਖੁਥਾ ਹੈ। ਕੋਈ ਗਰੀਬ ਮਾਰ ਨਹੀਂ ਕੀਤੀ। ਦੂਸਰੇ, ਖਾਲਸੇ ਨੇ ਧੰਨ ਇਕੱਤਰ ਕਰਕੇ ਨਹੀਂ ਰੱਖਿਆ, ਉਹ ਕੁੱਛ ਲੋੜਵੰਦਾਂ ਨੂੰ ਵੰਡ ਦਿੱਤਾ ਗਿਆ ਅਤੇ ਕੁੱਛ ਨਾਦਰ ਤੋਂ ਛੁਡਾਏ ਹੋਏ, ਦਿੱਲੀ ਵਾਸੀ ਕੈਦੀਆਂ ਨੂੰ ਰਾਹ ਦੇ ਖਰਚੇ ਵਜੋਂ ਦੇ ਕੇ ਘਰਾਂ ਨੂੰ ਟੋਰਿਆ ਹੈ। ਸ਼ੇਰ ਦੇ ਘੁਰਨੇ ਵਿੱਚ ਮਾਸ ਨਹੀਂ ਟਿਕਦਾ। ਜਿਵੇਂ ਸ਼ੇਰ ਤਾਜ਼ਾ ਸ਼ਿਕਾਰ ਖਾਂਦਾ ਹੈ ਤਿਵੇਂ ਖਾਲਸਾ ਧਨ ਸੰਚਿਤ ਨਹੀਂ ਕਰਦਾ ਰੋਜ਼ ਪੈਦਾ ਕਰਕੇ ਖਾਂਦਾ ਹੈ। ਬਾਕੀ ਰਹੀ ਤੇਰੀ ਸਖਤੀ ਵਾਲੀ ਗੱਲ, ਉਹ ਅਗੇ ਕਿਹੜੀ ਘੱਟ ਹੈ। ਤੂੰ ਪੂਰਾ ਜ਼ੋਰ ਲਾਈ ਜਾ।

ਨਾਦਰ ਦਾ ਕਰੋਧ

ਉਹ ਨਾਦਰ ਜਿਸਦੇ ਨਾਮ ਤੋਂ ਖੁਰਾਸਾਨ ਤੇ ਗਜ਼ਨੀ ਪਿਸ਼ਾਵਰ ਅਤੇ ਲਾਹੌਰ ਥਰ ਥਰ ਕੰਬਦੇ ਸਨ, ਉਹ ਤੂਰਾਨੀ ਸਿਪਾਹੀ ਜਿਨ੍ਹਾਂ ਨੇ ਤਿੰਨ ਘੰਟੇ ਵਿੱਚ ਦਿੱਲੀ ਵਿੱਚ 20,000 ਨਿਹੱਥਿਆਂ ਦੇ ਖੂਨ ਨਾਲ ਹੱਥ ਰੰਗੇ, ਹਾਂ ਉਹੋ ਨਾਦਰ ਅੱਜ ਖਾਲਸੇ ਹੱਥੋਂ ਦਿੱਲੀ ਦੀ ਲੁੱਟ ਦੇ ਖੁਸਣ ਕਰ ਅਤੇ ਕੂਚ ਦੇ ਦੌਰਾਨ ਆਪਣੇ ਬਹਾਦਰ ਤੂਰਾਨੀ ਸਿਪਾਹੀਆਂ ਦੀ ਸਿਖਾਂ ਹੱਥੋਂ ਦੁਰਗਤਿ ਕਾਰਨ ਹਰ ਰੋਜ਼ ਤਰਤੀਬ ਟੁੱਟਣ ਤੇ ਹਤਾਸ਼ ਹੋ, ਨਵਾਬ ਜ਼ਕਰੀਆ ਖਾਨ ਨੂੰ ਪੁੱਛਦਾ ਹੈ :—

> ਇਹ ਕੌਣ ਹਨ ਸਿਖ, ਜੋ ਸ਼ਹਿਨਸ਼ਾਹ ਨਾਦਰ ਦਾ ਧੰਨ ਮਾਲ ਖੋਹ ਲੈ ਜਾਂਦੇ ਹਨ ? ਇਹ ਕੈਸੇ ਹਨ ਜੋ ਹਰ ਰੋਜ਼ ਮੇਰੇ ਕੂਚ ਦੇ ਦੌਰਾਨ ਸ਼ਾਹੀ ਫੌਜ ਦੀ ਤਰਤੀਬ ਤਰੋੜ ਦੇਂਦੇ ਹਨ ? ਇਹਨਾਂ ਦੇ ਘਰ ਦੱਸ ਮੈਂ ਫੂਕ ਦਿਆਂ ? ਇਹਨਾਂ ਦੀ ਬਾਦਸ਼ਾਹੀ ਕਿਹੜੀ ਹੈ ਮੈਂ ਤਬਾਹ ਕਰ ਦਿਆਂ।

ਖਾਨ ਬਹਾਦਰ — ਜਹਾਂ ਪਨਾਹ, ਸਿਖਾਂ ਦੇ ਘਰ ਉਹਨਾਂ ਦੇ ਘੋੜਿਆਂ ਦੀਆਂ ਕਾਠੀਆਂ ਅਤੇ ਸਾਰੀ ਦੁਨੀਆਂ ਨੂੰ ਉਹ ਆਪਣੀ ਬਾਦਸ਼ਾਹੀ ਸਮਝਦੇ ਹਨ। ਉਹ ਜੰਗਲਾਂ ਵਿੱਚ ਵਿਚਰਦੇ ਨੰਗ ਭੁੱਖ ਸਹਿੰਦੇ ਸਰਕਾਰ ਦੀਆਂ ਗੋਲੀਆਂ ਖਾਂਦੇ, ਚਰਖੜੀਆਂ ਤੇ ਚੜ੍ਹਦੇ ਅਤੇ ਮਰਦੇ ਹੋਏ ਵੀ ਕਹਿੰਦੇ ਹਨ :—

ਰਾਜ ਕਰੇਗਾ ਖਾਲਸਾ, ਆਕੀ ਰਹਿ ਨ ਕੋਇ ॥

ਭਾਈ ਰਤਨ ਸਿੰਘ ਜੀ ਪੰਥ ਪ੍ਰਕਾਸ਼ ਵਿੱਚ ਲਿਖਦੇ ਹਨ :—

ਤਬ ਖਾਨੂੰ ਨੇ ਐਸ ਬਖਾਨੀ। ਮੁਲਕ ਉਸੇ ਕੋ ਨਾਹਿ ਨਿਸਾਨੀ।
ਖੜੇ ਸੌਵਹਿ ਅਰ ਚਲਤੇ ਖਾਹਿ। ਨਹਿ ਬੈਠੇ ਵਹਿ ਕਿਤੇ ਗਿਰਾਇ।
ਨੂਣ ਘ੍ਰਿਤ ਕੋ ਸਵਾਦ ਨ ਜਾਨੇ। ਹਮ ਦੁਖ ਦੇਵੇਂ ਵਹਿ ਸੁਖ ਮਾਨੇ।
ਹਾੜ ਨ ਦਿਨ ਭਰ ਪੀਵਹਿ ਪਾਣੀ। ਸਿਆਲੇ ਰਖੇ ਨ ਅਗਨ ਨਿਸਾਨੀ।
ਨਹਿ ਖਾਵੇ ਵਹੁ ਪੀਸਿਓ ਅਨਾਜ। ਲੜੇ ਬਹੁਤ ਵਹੁ ਕਰਕੇ ਭਾਜ।
ਏਕ ਹੋਇ ਤਾਂ ਸੌ ਸੌ ਲਰੇਂ। ਮਰਨੇ ਤੇ ਵਹਿ ਮੂਲ ਨ ਡਰੇਂ।
ਰਹਿ ਚਾਉ ਉਨ ਮਰਨ ਕੋ ਦੀਨ ਮਜ਼ਬ ਕੇ ਭਾਇ।
ਹਮ ਮਾਰਤ ਉਨ ਥਕ ਗਏ। ਉਹ ਘਟਤ ਨ ਕਿਤਹੂ ਦਾਇ। (ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 217)

1, ਅਦੀਨਾ ਬੇਗ—ਸ਼ਰਕਪੁਰ (ਜ਼ਿ: ਸੇਖੂਪੁਰਾ) ਦੇ ਚੰਨੂ ਅਰਾਈਂ ਦਾ ਪੁੱਤਰ ਸੀ। ਲਾਹੌਰ ਨਾਨਕੇ ਘਰ ਰਹਿ ਕੇ ਪੜ੍ਹ ਲਿਖਕੇ ਮੁਗਲ ਹਾਕਮਾਂ ਦੀ ਮਾੜੀ ਮੋਟੀ ਨੌਕਰੀ ਕਰਦਾ ਕਰਦਾ ਕਾਨੂੰਗੋ ਹੋ ਕੇ, ਸਰਕਾਰੀ ਮਾਮਲੇ ਉਗਰਾਹੁਣ ਲੱਗਾ। ਫਿਰ ਇਹ ਜਾਲੰਧਰ ਦਾ ਹਾਕਮ ਨਿਯੁਕਤ ਹੋ ਗਿਆ। ਇਸ ਦਾ ਦਿਹਾਂਤ ਸੰਨ 1758 ਵਿੱਚ ਕਲਾਨੌਰ ਵਿਖੇ ਹੋਇਆ।

ਅਹਿਮਦ ਸ਼ਾਹ ਬਟਾਲੀਏ ਦੇ ਕਥਨ ਅਨੁਸਾਰ :

"ਇਹ ਸੁਣ ਬਾਦਸ਼ਾਹ ਮੁਸਕਰਾ ਕੇ ਆਖਣ ਲੱਗਾ ਤਾਂ ਫਿਰ ਇਹਨਾਂ ਤੋਂ ਡਰਨਾ ਚਾਹੀਦਾ ਹੈ, ਉਹ ਦਿਨ ਦੂਰ ਨਹੀਂ ਜਦੋਂ ਇਹ ਸਿਰ ਚੁਕਣਗੇ ਤੇ ਇਸ ਮੁਲਕ ਦੇ ਮਾਲਕ ਬਣ ਜਾਵਣਗੇ ।

ਨਾਦਰ ਦੇ ਹਮਲੇ ਦਾ ਅਸਰ

ਨਾਦਰ ਪੰਜ ਮਹੀਨੇ ਦੇ ਕਰੀਬ ਹਿੰਦ ਵਿੱਚ ਰਿਹਾ । ਇਤਨੇ ਅਰਸੇ ਵਿੱਚ ਜਿਥੇ ਮੁਗਲ ਰਾਜ ਦੀ ਜੜ੍ਹ ਖੋਖਲੀ ਹੋਈ ਦਿੱਲੀ ਦਾ ਮਾਲ ਧਨ ਅਤੇ ਸ਼ਾਹੀ ਬੇਗਮਾਂ ਅਤੇ ਲੜਕੀਆਂ ਦੇ ਸਤ ਲੁਟੇ ਹਜ਼ਾਰਾਂ ਲੜਕੀਆਂ, ਲੜਕੇ ਗੁਲਾਮ ਬਨਾਉਣ ਵਾਸਤੇ ਕੈਦ ਕੀਤੇ । ਉਥੇ; ਇਤਨੇ ਅਰਸੇ ਵਿੱਚ ਖਾਲਸਾ ਵਧਿਆ ਫੁਲਿਆ, ਉਸ ਨੇ ਨਾਦਰ ਦੀ ਫੌਜ ਦੀਆਂ ਸਫਾ ਤਰੋੜ ਕੇ ਰੱਖ ਦਿੱਤੀਆਂ । ਖਾਲਸੇ ਨੇ ਨਾਦਰ ਤੋਂ ਧਨ ਖੁਥਾ, ਕੈਦੀ ਮੁੰਡੇ ਕੁੜੀਆਂ ਛੁੜਾ ਕੇ ਪਲਿਓਂ ਖਰਚ ਦੇ ਦੇ ਕੇ ਘਰੀਂ ਘਲਾਏ । ਜਿਸ ਨੂੰ ਵੇਖ ਕੇ ਅਨੇਕਾਂ ਹਿੰਦੂ ਨੌਜਵਾਨ ਅੰਮ੍ਰਿਤ ਛਕ ਸਿੰਘ ਸਜ ਗਏ । ਉਸ ਵਕਤ ਖਾਲਸਾ ਕੌਮ ਦਾ ਆਗੂ ਨਵਾਬ ਕਪੂਰ ਸਿੰਘ ਦਰਵੇਸ਼ ਜਰਨੈਲ ਅਤੇ ਸ: ਬਾਘ ਸਿੰਘ ਹਲੋਵਾਲੀਆ ਅਤੇ ਭਾਈ ਅਘੜ ਸਿੰਘ ਵਰਗੇ ਸਿਰਲੱਥ ਸਾਥੀ ਸਨ ।

....

ਸ਼ਾਹ ਜਮਾਨ ਦਾ ਹਮਲਾ

ਸੰਮਤ 1853 ਬਿਕਰਮੀ (ਮੁਤਾਬਿਕ 1796)

ਇਉਂ ਪੰਦਰਾਂ ਸੋਲਾਂ ਹਜ਼ਾਰ ਕੁ ਲੜਕੀਆਂ ਤੇ ਬਾਲ,
ਲੈ ਚਲੇ ਗਿਲਜੇ ਕਾਬਲੀ ਤਬ ਆਯੋ ਭੂਚਾਲ ।

....

ਮਚ ਗਈ ਹਾ ਹਾ ਕਾਰ ਸਾਰੇ ਦੇਸ਼ ਮੇਂ ਹੜਤਾਲ,
ਮਾਸੂਮ ਬੱਚੇ ਬੱਚੀਓਂ ਕੋ ਭਯੋ ਦੇਸ਼ ਨਿਕਾਲ ।

....

ਤਿਨ੍ਹ ਰੋਇ ਕੇ ਕੁਰਲਾਣ ਕੂੰਜਾਂ ਵਾਂਗ ਦੀਨੋਂ ਡਾਲ ।
ਕੋਈ ਪਿੱਟ ਸੀਨਾ ਲਾਲ ਕਰਦੀ ਕੋਈ ਖੋਹੇ ਵਾਲ ।

....

ਕੋਈ ਨਾਮ ਲੈ ਲੈ ਦੇਵਤੋਂ ਕੇ ਕਰੇ ਹਾਲੋਂ ਹਾਲ ।
ਕੋਈ ਕਹੈ ਮੈਂ ਸਾਂ ਵਰਤ ਰੱਖਦੀ ਤੁਸਾਂ ਦੇ ਹਰ ਸਾਲ ।

....

ਕੋਈ ਕਹੈ ਲਛਮਨ ਜਤੀ ਸਾਡੀ ਅੱਜ ਕਰ ਸੰਭਾਲ ।
ਕੋਈ ਕਹੈ ਭੋਲਾ ਨਾਥ ਸ਼ਿਵਜੀ ਤੂੰ ਕਰੀਂ ਪ੍ਰਿਤਿਪਾਲ ।

....

ਜਿਉਂ ਪਈ ਸੀਤਾ ਬਿਪਤ ਸਾਡਾ ਅੱਜ ਉਹੀ ਹਾਲ ।
ਹੇ ਆਦਿ ਬ੍ਰਹਮਾ ਬਿਸ਼ਨ ਜੀ ਕਰ ਮਿਹਰ ਹੋ ਰਖਵਾਲ ।

....

1. **ਅਹਿਮਦ ਸ਼ਾਹ ਬਟਾਲਯਾ**—ਤਾਰੀਖ-ਇ-ਹਿੰਦ ਵ ਮਲੂਕਆਂ (ਪੰਨਾ 13) ਅਤੇ ਗਿ: ਗਿਆਨ ਸਿੰਘ ਕ੍ਰਿਤ ਸ਼ਮਸ਼ੇਰ ਖਾਲਸਾ (ਭਾਸ਼ਾ ਵਿਭਾਗ) 1970 ਛਾਪ 139 ।

ਅਹਿਮਦ ਸ਼ਾਹ ਬਟਾਲੀਏ ਦੇ ਕਥਨ ਅਨੁਸਾਰ :

"ਇਹ ਸੁਣ ਬਾਦਸ਼ਾਹ ਮੁਸਕਰਾ ਕੇ ਆਖਣ ਲੱਗਾ ਤਾਂ ਫਿਰ ਇਹਨਾਂ ਤੋਂ ਡਰਨਾ ਚਾਹੀਦਾ ਹੈ, ਉਹ ਦਿਨ ਦੂਰ ਨਹੀਂ ਜਦੋਂ ਇਹ ਸਿਰ ਚੁਕਣਗੇ ਤੇ ਇਸ ਮੁਲਕ ਦੇ ਮਾਲਕ ਬਣ ਜਾਵਣਗੇ।

ਨਾਦਰ ਦੇ ਹਮਲੇ ਦਾ ਅਸਰ

ਨਾਦਰ ਪੰਜ ਮਹੀਨੇ ਦੇ ਕਰੀਬ ਹਿੰਦ ਵਿੱਚ ਰਿਹਾ। ਇਤਨੇ ਅਰਸੇ ਵਿੱਚ ਜਿਥੇ ਮੁਗਲ ਰਾਜ ਦੀ ਜੜ੍ਹ ਖੋਖਲੀ ਹੋਈ ਦਿੱਲੀ ਦਾ ਮਾਲ ਧਨ ਅਤੇ ਸ਼ਾਹੀ ਬੇਗਮਾਂ ਅਤੇ ਲੜਕੀਆਂ ਦੇ ਸਤ ਲੁਟੇ ਹਜ਼ਾਰਾਂ ਲੜਕੀਆਂ, ਲੜਕੇ ਗੁਲਾਮ ਬਨਾਉਣ ਵਾਸਤੇ ਕੈਦ ਕੀਤੇ। ਉਥੇ; ਇਤਨੇ ਅਰਸੇ ਵਿੱਚ ਖਾਲਸਾ ਵਧਿਆ ਫੁਲਿਆ, ਉਸ ਨੇ ਨਾਦਰ ਦੀ ਫੌਜ ਦੀਆਂ ਸਫਾ ਤਰੋੜ ਕੇ ਰੱਖ ਦਿੱਤੀਆਂ। ਖਾਲਸੇ ਨੇ ਨਾਦਰ ਤੋਂ ਧਨ ਖੁਬਾ, ਕੈਦੀ ਮੁੰਡੇ ਕੁੜੀਆਂ ਛੁਡਾ ਕੇ ਪਲਿਓਂ ਖਰਚ ਦੇ ਦੇ ਕੇ ਘਰੀਂ ਘਲਾਏ। ਜਿਸ ਨੂੰ ਵੇਖ ਕੇ ਅਨੇਕਾਂ ਹਿੰਦੂ ਨੌਜਵਾਨ ਅੰਮ੍ਰਿਤ ਛਕ ਸਿੰਘ ਸਜ ਗਏ। ਉਸ ਵਕਤ ਖਾਲਸਾ ਕੌਮ ਦਾ ਆਗੂ ਨਵਾਬ ਕਪੂਰ ਸਿੰਘ ਦਰਵੇਸ਼ ਜਰਨੈਲ ਅਤੇ ਸ: ਬਾਘ ਸਿੰਘ ਹਲੋਵਾਲੀਆ ਅਤੇ ਭਾਈ ਅਘੜ ਸਿੰਘ ਵਰਗੇ ਸਿਰਲੱਥ ਸਾਥੀ ਸਨ।

....

ਸ਼ਾਹ ਜਮਾਨ ਦਾ ਹਮਲਾ

ਸੰਮਤ 1853 ਬਿਕਰਮੀ (ਮੁਤਾਬਿਕ 1796)

ਇਉਂ ਪੰਦਰਾਂ ਸੋਲਾਂ ਹਜ਼ਾਰ ਕੁ ਲੜਕੀਆਂ ਤੇ ਬਾਲ,
ਲੈ ਚਲੇ ਗਿਲਜੇ ਕਾਬਲੀ ਤਬ ਆਯੋ ਭੂਚਾਲ।

....

ਮਚ ਗਈ ਹਾ ਹਾ ਕਾਰ ਸਾਰੇ ਦੇਸ਼ ਮੇਂ ਹੜਤਾਲ,
ਮਾਸੂਮ ਬੱਚੇ ਬੱਚੀਓਂ ਕੇ ਭਯੋ ਦੇਸ਼ ਨਿਕਾਲ।

....

ਤਿਨ੍ਹ ਰੋਇ ਕੇ ਕੁਰਲਾਣ ਕੂੰਜਾਂ ਵਾਂਗ ਦੀਨੋ ਡਾਲ।
ਕੋਈ ਪਿੱਟ ਸੀਨਾ ਲਾਲ ਕਰਦੀ ਕੋਈ ਖੋਹੇ ਵਾਲ।

....

ਕੋਈ ਨਾਮ ਲੈ ਲੈ ਦੇਵਤੋਂ ਕੇ ਕਰੇ ਹਾਲੋ ਹਾਲ।
ਕੋਈ ਕਹੇ ਮੈਂ ਸਾਂ ਵਰਤ ਰੱਖਦੀ ਤੁਸਾਂ ਦੇ ਹਰ ਸਾਲ।

....

ਕੋਈ ਕਹੇ ਲਛਮਨ ਜਤੀ ਸਾਡੀ ਅੱਜ ਕਰ ਸੰਭਾਲ।
ਕੋਈ ਕਹੇ ਭੋਲਾ ਨਾਥ ਸ਼ਿਵਜੀ ਤੂੰ ਕਰੀਂ ਪ੍ਰਿਤਿਪਾਲ।

....

ਜਿਉਂ ਪਈ ਸੀਤਾ ਬਿਪਤ ਸਾਡਾ ਅੱਜ ਉਹੀ ਹਾਲ।
ਹੇ ਆਦਿ ਬ੍ਰਹਮਾ ਬਿਸ਼ਨ ਜੀ ਕਰ ਮਿਹਰ ਹੋ ਰਖਵਾਲ!

....

1. ਅਹਿਮਦ ਸ਼ਾਹ ਬਟਾਲਯਾ—ਤਾਰੀਖ-ਇ-ਹਿੰਦ ਵ ਮਲੂਕਆਂ (ਪੰਨਾ 13) ਅਤੇ ਗਿ: ਗਿਆਨ ਸਿੰਘ ਕ੍ਰਿਤ ਸ਼ਮਸ਼ੇਰ ਖਾਲਸਾ (ਭਾਸ਼ਾ ਵਿਭਾਗ) 1970 ਛਾਪ 139।

ਹਾਕਮ ਅਦੀਨਾ ਬੇਗ ਇੱਕ ਦੋਗਲੀ ਕਿਸਮ ਦਾ ਇਨਸਾਨ ਸੀ। ਇਹ ਆਪਣੀ ਚੌਧਰ ਕਾਇਮ ਰੱਖਣ ਵਾਸਤੇ ਤਾਂ ਸਿਖਾਂ ਨੂੰ ਨਾਲ ਰਲਾ ਲਿਆ ਕਰਦਾ ਸੀ। ਮਗਰ ਲਾਹੌਰ ਸਰਕਾਰ ਨੂੰ ਖੁਸ਼ ਕਰਨ ਲਈ ਮੌਕੇ ਬੇਮੌਕੇ............।

ਖਾਲਸੇ ਤੇ ਫੇਰ ਸਖਤੀ

ਰੱਸੀ ਸੜ ਗਈ ਪਰ ਵੱਟ ਨ ਗਿਆ। ਜ਼ਕਰੀਆ ਖਾਨ ਨੇ ਖਜਾਨੇ ਖਾਲੀ ਵੇਖੇ ਤਾਂ ਨਵਾਬ ਕਪੂਰ ਸਿੰਘ ਨੂੰ ਅਖਵਾ ਭੇਜਿਆ ਕਿ ਲੁੱਟ ਦਾ ਮਾਲ ਸਭ ਵਾਪਸ ਕਰੋ, ਨਹੀਂ ਤਾਂ ਮੈਂ ਸਖਤੀ ਕਰਾਂਗਾ ਅੱਗੋਂ ਖਾਲਸੇ ਨੇ ਉੱਤਰ ਦਿੱਤਾ, ਤੁਹਾਨੂੰ ਇਸ ਲੁੱਟ ਨਾਲ ਕੀਹ ? ਤੁਸਾਂ ਤਾਂ ਵੀਹ ਲੱਖ ਹੱਥ ਬੰਨ੍ਹਕੇ ਨਾਦਰ ਅਗੇ ਨਜਰਾਨਾ ਰੱਖਿਆ ਸੀ। ਤੁਸਾਡੇ ਵੱਡੇ ਦਿੱਲੀ ਵਾਲੇ ਮਾਲਕ ਤੋਂ ਨਾਦਰ ਕਰੋੜਾਂ ਦਾ ਧਨ ਮਾਲ ਖੋਹ ਕੇ ਲਿਆਇਆ ਸੀ। ਅਸਾਂ ਤਾਂ ਉਸ ਨਾਦਰ ਕੋਲੋਂ ਬਦੇਸ ਜਾਂਦਾ ਧਨ ਖੁਥਾ ਹੈ। ਕੋਈ ਗਰੀਬ ਮਾਰ ਨਹੀਂ ਕੀਤੀ। ਦੂਸਰੇ, ਖਾਲਸੇ ਨੇ ਧੰਨ ਇਕੱਤਰ ਕਰਕੇ ਨਹੀਂ ਰੱਖਿਆ, ਉਹ ਕੁੱਛ ਲੋੜਵੰਦਾਂ ਨੂੰ ਵੰਡ ਦਿੱਤਾ ਗਿਆ ਅਤੇ ਕੁੱਛ ਨਾਦਰ ਤੋਂ ਛੁਡਾਏ ਹੋਏ, ਦਿੱਲੀ ਵਾਸੀ ਕੈਦੀਆਂ ਨੂੰ ਰਾਹ ਦੇ ਖਰਚੇ ਵਜੋਂ ਦੇ ਕੇ ਘਰਾਂ ਨੂੰ ਟੋਰਿਆ ਹੈ। ਸ਼ੇਰ ਦੇ ਘੁਰਨੇ ਵਿੱਚ ਮਾਸ ਨਹੀਂ ਟਿਕਦਾ। ਜਿਵੇਂ ਸੇਰ ਤਾਜਾ ਸ਼ਿਕਾਰ ਖਾਂਦਾ ਹੈ ਤਿਵੇਂ ਖਾਲਸਾ ਧਨ ਸੰਚਿਤ ਨਹੀਂ ਕਰਦਾ ਰੋਜ ਪੈਦਾ ਕਰਕੇ ਖਾਂਦਾ ਹੈ। ਬਾਕੀ ਰਹੀ ਤੇਰੀ ਸਖਤੀ ਵਾਲੀ ਗੱਲ, ਉਹ ਅਗੇ ਕਿਹੜੀ ਘੱਟ ਹੈ। ਤੂੰ ਪੂਰਾ ਜ਼ੋਰ ਲਾਈ ਜਾ।

ਨਾਦਰ ਦਾ ਕਰੋਧ

ਉਹ ਨਾਦਰ ਜਿਸਦੇ ਨਾਮ ਤੋਂ ਖੁਰਾਸਾਨ ਤੇ ਗਜ਼ਨੀ ਪਿਸਾਵਰ ਅਤੇ ਲਾਹੌਰ ਥਰ ਥਰ ਕੰਬਦੇ ਸਨ, ਉਹ ਤੂਰਾਨੀ ਸਿਪਾਹੀ ਜਿਨ੍ਹਾਂ ਨੇ ਤਿੰਨ ਘੰਟੇ ਵਿੱਚ ਦਿੱਲੀ ਵਿੱਚ 20,000 ਨਿਹਥਿਆਂ ਦੇ ਖੂਨ ਨਾਲ ਹੱਥ ਰੰਗੇ, ਹਾਂ ਉਹੋ ਨਾਦਰ ਅੱਜ ਖਾਲਸੇ ਹੱਥੋਂ ਦਿੱਲੀ ਦੀ ਲੁੱਟ ਦੇ ਖੁਸਣ ਕਰ ਅਤੇ ਕੂਚ ਦੇ ਦੌਰਾਨ ਆਪਣੇ ਬਹਾਦਰ ਤੂਰਾਨੀ ਸਿਪਾਹੀਆਂ ਦੀ ਸਿਖਾਂ ਹੱਥੋਂ ਦੁਰਗਤਿ ਕਾਰਨ ਹਰ ਰੋਜ਼ ਤਰਤੀਬ ਟੁੱਟਣ ਤੇ ਹਤਾਸ਼ ਹੋ, ਨਵਾਬ ਜ਼ਕਰੀਆ ਖਾਨ ਨੂੰ ਪੁੱਛਦਾ ਹੈ :—

> ਇਹ ਕੌਣ ਹਨ ਸਿਖ, ਜੋ ਸ਼ਹਿਨਸ਼ਾਹ ਨਾਦਰ ਦਾ ਧੰਨ ਮਾਲ ਖੋਹ ਲੈ ਜਾਂਦੇ ਹਨ ? ਇਹ ਕੈਸੇ ਹਨ ਜੋ ਹਰ ਰੋਜ ਮੇਰੇ ਕੂਚ ਦੇ ਦੌਰਾਨ ਸ਼ਾਹੀ ਫੌਜ ਦੀ ਤਰਤੀਬ ਤਰੋੜ ਦੇਂਦੇ ਹਨ ? ਇਹਨਾਂ ਦੇ ਘਰ ਦੱਸੋ ਮੈਂ ਫੂਕ ਦਿਆਂ ? ਇਹਨਾਂ ਦੀ ਬਾਦਸ਼ਾਹੀ ਕਿਹੜੀ ਹੈ ਮੈਂ ਤਬਾਹ ਕਰ ਦਿਆਂ।

ਖਾਨ ਬਹਾਦਰ — ਜਹਾਂ ਪਨਾਂਹ, ਸਿਖਾਂ ਦੇ ਘਰ ਉਹਨਾਂ ਦੇ ਘੋੜਿਆਂ ਦੀਆਂ ਕਾਠੀਆਂ ਅਤੇ ਸਾਰੀ ਦੁਨੀਆਂ ਨੂੰ ਉਹ ਆਪਣੀ ਬਾਦਸ਼ਾਹੀ ਸਮਝਦੇ ਹਨ। ਉਹ ਜੰਗਲਾਂ ਵਿੱਚ ਵਿਚਰਦੇ ਨੰਗ ਭੁੱਖ ਸੰਹਿਦੇ ਸਰਕਾਰ ਦੀਆਂ ਗੋਲੀਆਂ ਖਾਂਦੇ, ਚਰਖੜੀਆਂ ਤੇ ਚੜ੍ਹਦੇ ਅਤੇ ਮਰਦੇ ਹੋਏ ਵੀ ਕਹਿੰਦੇ ਹਨ :—

ਰਾਜ ਕਰੇਗਾ ਖਾਲਸਾ, ਆਕੀ ਰਹਿ ਨ ਕੋਇ ॥

ਭਾਈ ਰਤਨ ਸਿੰਘ ਜੀ ਪੰਥ ਪ੍ਰਕਾਸ ਵਿੱਚ ਲਿਖਦੇ ਹਨ :—

ਤਬ ਖਾਨੂੰ ਨੇ ਐਸ ਬਖਾਨੀ। ਮੁਲਕ ਉਸੇ ਕੋ ਨਾਂਹਿ ਨਿਸਾਨੀ।
ਖੜੇ ਸੌਵਹਿ ਅਰ ਚਲਤੇ ਖਾਹਿ। ਨਹਿ ਬੈਠੇ ਵਹਿ ਕਿਤੇ ਗਿਰਾਇ।
ਨੂਣ ਘ੍ਰਿਤ ਕੋ ਸਵਾਦ ਨ ਜਾਨੈ। ਹਮ ਦੁਖ ਦੇਵੇਂ ਵਹਿ ਸੁਖ ਮਾਨੈ।
ਹਾੜ ਨ ਦਿਨ ਭਰ ਪੀਵਹਿ ਪਾਣੀ। ਸਿਆਲੇ ਰਖੇ ਨ ਅਗਨ ਨਿਸਾਨੀ।
ਨਹਿ ਖਾਵੇ ਵਹੁ ਪੀਸਿਓ ਅਨਾਜ। ਲੜੇ ਬਹੁਤ ਵਹੁ ਕਰਕੇ ਭਾਜ।
ਏਕ ਹੋਇ ਤਾਂ ਸੈ ਸੌ ਲਰੇਂ। ਮਰਨੇ ਤੇ ਵਹਿ ਮੂਲ ਨ ਡਰੇਂ।
ਰਹਿ ਚਾਉ ਉਨ ਮਰਨ ਕੋ ਦੀਨ ਮਜ਼ਬ ਕੇ ਭਾਇ।
ਹਮ ਮਾਰਤ ਉਨ ਥਕ ਗਏ। ਉਹ ਘਟਤ ਨ ਕਿਤਹੂ ਦਾਇ। (ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 217)

---

1. ਅਦੀਨਾ ਬੇਗ—ਸ਼ਰਕਪੁਰ (ਜ਼ਿ: ਸੇਖੂਪੁਰਾ) ਦੇ ਚੰਨੂ ਅਰਾਈਂ ਦਾ ਪੁੱਤਰ ਸੀ। ਲਾਹੌਰ ਨਾਨਕੇ ਘਰ ਰਹਿ ਕੇ ਪੜ੍ਹ ਲਿਖਕੇ ਮੁਗਲ ਹਾਕਮਾਂ ਦੀ ਮਾੜੀ ਮੋਟੀ ਨੌਕਰੀ ਕਰਦਾ ਕਰਦਾ ਕਾਨੂੰਗੋ ਹੋ ਕੇ, ਸਰਕਾਰੀ ਮਾਮਲੇ ਉਗਰਾਹੁਣ ਲੱਗਾ। ਫਿਰ ਇਹ ਜਾਲੰਧਰ ਦਾ ਹਾਕਮ ਨਿਯੁਕਤ ਹੋ ਗਿਆ। ਇਸ ਦਾ ਦਿਹਾਂਤ ਸੰਨ 1758 ਵਿੱਚ ਕਲਾਨੌਰ ਵਿਖੇ ਹੋਇਆ।

ਅਸੂੰ ਯਾਰਾਂ ਸਮਝ ਲੈ ਸਿੰਘ ਕਪੂਰ ਸੁਜਾਨ।
ਗੁਰਪੁਰੀ ਜਾ ਵਸਿਆ ਸੋਭਾ ਖਟ ਜਹਾਨ।
ਬਾਬੇ ਅਟਲ ਦੇ ਪਾਸ ਹੈ ਰਚੀ ਸਮਾਧ ਮਹਾਨ।
ਮਹਾਰਾਜੇ ਰਣਧੀਰ ਸਿੰਘ ਕਪੂਰਥਲੇ ਦੇ ਜਾਨ।

....

ਖੁਸ਼ਹਾਲ ਸਿੰਘ

ਜਥੇਦਰ ਖੁਸਾਲ ਸਿੰਘ ਜਦੋਂ ਬਣਿਆ, ਚੰਗਾ ਡੇਰੇ ਦਾ ਕੰਮ ਚਲਾਇਆ ਜੀ।
ਬਾਪ ਲਈ ਜਾਲੰਧਰ ਰਾਜਧਾਨੀ ਕੱਢ ਦੀਨ ਨਜਾਮ ਧਕਾਇਆ ਜੀ।
ਤਲਕਾ ਫਤਿਹ ਖਾਂ ਖਾਨ ਕਸੂਰਯੇ ਤੋਂ ਹੈਬਤਪੁਰ ਪੱਟੀ ਦਾ ਛੁਡਾਇਆ ਜੀ।
ਬੁੱਧ ਸਿੰਘ ਬੇਟੇ ਤਾਈ ਸੌਂਪ ਦਿੱਤਾ ਉਸ ਕਿਲਾ ਉਥੇ ਬਨਵਾਇਆ ਜੀ।
ਅਠਾਰਾਂ ਸੋ ਬਵੰਜਾ ਨੂੰ ਲਾਮੜੇ ਦੇ ਕਿਲੇ ਵਿੱਚ ਸਦਾ ਮੌਤ ਆਇਆ ਜੀ।
ਬੁਧ ਸਿੰਘਾਂ ਨੇ ਸਾਂਭਿਆ ਰਾਜ ਸਾਰਾ, ਚੰਗਾ ਕਾਰਨ ਏਸ ਨਿਭਾਇਆ ਜੀ।
ਇੱਕ ਲੱਖ ਰੁਪਿਆ ਖਰਚ ਕੇ ਇਸ ਨੇ ਤਰਨਤਾਰਨ ਤਲਾ ਬਨਵਾਇਆ।
ਨੂਰਦੀਨ ਦੀਨ ਦੇ ਮਕਾਨ ਦਾਹਕੇ, ਸਾਰੀ ਇੱਟ ਤਰਨਤਾਰਨ ਹੱਥੋਂ ਹੱਥ ਅਪੜਾਈ।

....

ਬੁੱਧ ਸਿੰਘ

ਮਹਾਰਾਜਾ ਇਸ ਦਾ ਬੜਾ ਮਾਨ ਕਰਦਾ ਸੀ ਪਰ ਇਸ ਨੂੰ ਮਾਨ ਨੇ ਮਾਰਿਆ। ਮਹਾਰਾਜੇ ਨੇ ਇਸ ਨੂੰ ਕਸ਼ਮੀਰ ਫਤਿਹ ਕਰਨ ਵਾਸਤੇ ਸਣੇ ਫੌਜ ਦੇ ਸੱਦਿਆ। ਇਸ ਨੇ ਨਾ ਫੌਜ ਘੱਲੀ ਨਾ ਆਪ ਗਿਆ, ਮਹਾਰਾਜ ਨਾਰਾਜ਼ ਹੋ ਗਿਆ। ਇਹ ਦਾਹੜੀ ਨੂੰ ਕਲਫ ਲਾਂਦਾ ਸੀ। ਮਹਾਰਾਜੇ ਦੇ ਕਹਿਣ ਤੇ ਗਿਆਨੀ ਸੰਤ ਸਿੰਘ, ਰਾਮ ਸਿੰਘ ਨੇ ਉਸ ਨੂੰ ਤਨਖਾਹ ਲਗਾਈ। ਉਹ ਡਰਦਾ ਸਤਲੁਜੋਂ ਪਾਰ ਭੱਜ ਗਿਆ। ਮਹਾਰਾਜੇ ਦੇ ਸੱਦਣ ਤੇ ਵੀ ਨਾ ਆਇਆ। ਓੜਕ ਉਸ ਦਾ ਇਲਾਕਾ ਜ਼ਬਤ ਕਰ ਲਿਆ ਗਿਆ। ਇਹ 9 ਸਾਵਣ 1873 ਕਿਲੇ ਭੁੰਗੇ ਵਿੱਚ ਬੀਮਾਰ ਹੋ ਕੇ ਮਰ ਗਿਆ। ਇਸ ਦੀਆਂ ਦੋ ਘਰਵਾਲੀਆਂ ਵਿੱਚੋਂ ਸੱਤ ਪੁੱਤਰ ਹੋਏ।

ਅਮਰ ਸਿੰਘ ਭਰਤਗੜ੍ਹ ਭੁੰਗਾ ਲਾਲ ਸਿੰਘ ਤਾਈਂ,
ਪਰਗਨਾ ਮਨੌਲੀ ਦਾ ਦਿਆਲ ਸਿੰਘ ਪਾਇਆ।

ਗੁਰਦਿਆਲ ਸਿੰਘ ਤਾਈਂ ਅਟਲਗੜ ਹਿੱਸੇ ਪਿਆ,
ਬੇਲਾ ਹਰਦਿਆਲ ਸਿੰਘ ਤਾਈ ਵੰਡੇ ਆਇਆ।

ਪੁਰਗਨਾ ਘਨੌਲੀ ਦਾ ਭੁਪਾਲ ਸਿੰਘ ਸਾਂਭ ਲਿਆ,
ਦਿਆਲ ਸਿੰਘ ਜਾ ਕੇ ਕੰਧੋਲੇ ਡੇਰਾ ਲਾਇਆ।

ਤਿੰਨਾਂ ਦੀ ਔਲਾਦ ਮੁੱਕੀ, ਚਹੁੰ ਦੀ ਕਰਤਾਰ ਸਿੰਘ,
ਫਲਿਆ ਉਹ ਬਾਗ ਜਿਨੂੰ ਰੱਬ ਨੇ ਵਧਾਇਆ।

ਰਹੀਏ ਕਪੂਰ ਸਿੰਘ ਦੀ ਨਿਸ਼ਾਨੀ ਜਗ ਉਤੇ,
ਉਸ ਦੇ ਭਤੀਜੇ ਦੀ ਹੈ ਵੇਲ ਫਲੀ ਮਾਨੀਏ।

ਸਿਖੀ ਦੀ ਹੈ ਸਾਂਝ ਗੁਰੂ ਰਖੇ ਕਰਤਾਰ ਸਿੰਘ,
ਬਖਸ਼ੇ ਸੁਮੱਤ ਪ੍ਰਤਾਪ ਭੀ ਮਹਾਨੀਏ।

....

ਹੇ ਮੂਸ਼ ਬਾਹਿਨ ਗਨਪਤੀ ਕਰ ਵਿਘਨ ਨਾਸ ਦਿਆਲ ।
ਹੇ ਦੇਵ ਸੂਰਜ ਇੰਦਰ ਚੰਦਰ ਬ੍ਰਹਸਪਤੀ ਦਿਗਪਾਲ ।

....

ਹੇ ਰਿਖੀ ਮੁਨੀ ਅਵਤਾਰ ਸਾਰੇ ਤਾਰਿਉ ! ਗ੍ਰਹਿ ਚਾਲ ।
ਹੇ ਵੇਦ ਪਾਠੀ ਪੰਡਤੋ ਖਟ ਸਾਸਤ੍ਰ ਵੇਤਾਲ ।

....

ਪੂਰਾਨ ਕੇ ਹੇ ਜੋਸ਼ੀਓ ਕੋਈ ਅੱਜ ਘਾਲੋ ਘਾਲ ।
ਕੀਹ ਹੋ ਗਿਆ ਵੇ ਰਾਜਪੂਤੋ, ਹੋ ਗਏ ਕੰਗਾਲ ।

....

ਹਾਇ ਬਾਂਧ ਸਾਨੂੰ ਲੈ ਚਲੇ ਇਹ ਕਾਬਲੀ ਬਿਕਰਾਲ ।
ਹਾਇ ਧਰਮ ਨਾਲੇ ਕਰਮ ਸਾਡਾ ਇਹ ਦੇਸਨ ਗਾਲ ।

....

ਕੋਈ ਵੱਸ ਨਾਹੀਂ ਤੜਫੀਆਂ ਜਿਉਂ ਮੱਛੀਆਂ ਵਿੱਚ ਜਾਲ ।
ਇਹ ਦੁਸ਼ਟ ਰਾਖਸ਼ ਪਸ਼ੂ ਮਲੇਛ ਭੂਤ ਤੇ ਬੇਤਾਲ ।

....

ਹਾਇ ਉਮਰ ਸਾਰੀ ਪਵੇ ਭੋਗਨੀ ਅਸਾਂ ਇਹਨਾਂ ਨਾਲ ।
ਕੀਹ ਕਰੇ ਖੋਟੇ ਕਰਮ ਜਿਸ ਤੇ ਪਈ ਮੰਦੀ ਫਾਲ ।

....

ਪਰਮੇਸ਼ਰਾ ਇਹ ਦੁੱਖ ਭਾਰਾ ਕਿਸੇ ਨਾਹਿ ਵਖਾਲ ।
ਇਸ ਦੁੱਖ ਨਾਲ ਅੱਜ ਸਾਨੂੰ ਪਵੇ ਚਾਨਕ ਕਾਲ ।

....

ਜੇ ਮਿਲੇ ਮਹੁਰਾ ਖਾ ਮਰੀਏ ਹੁਣੇ ਹੀ ਤਤਕਾਲ ।
ਹੇ ਧਰਤ ਮਾਤਾ ਪਾਟ ਜਾਹ ਸਭ ਤਯਾਗਜੇ ਜੰਜਾਲ ।

....

ਆਕਾਸ਼ ਉਪਰ ਖਿੱਚ ਲੈ ਰਲ ਜਾਈਏ ਤੁਹਿ ਨਾਲ ।

....

ਨਵਾਬ ਕਪੂਰ ਸਿੰਘ

ਅੰਤ ਸਮੇਂ ਦੇ ਨੇੜੇ ਅੰਮ੍ਰਿਤਸਰ ਵਿੱਚ ਆਏ ।
ਕੀਤੀ ਵੰਡ ਨਵਾਬ ਇਹ ਸਾਰਾ ਪੰਥ ਬੁਲਾਏ ।

....

ਕਬਿੱਤ

ਪੰਥ ਨੂੰ ਇਕੱਠਾ ਕਰ ਸੁਧਾ ਸਰ ਵਿੱਚ ਭਾਈ, ਲਾਇਕੇ ਦੀਵਾਨ ਸਭ ਭਾਈਂ ਇਹ ਸੁਣਾਇਆ ।
ਭੁਲ ਚੁੱਕ ਮੁਆਫ ਮੇਰੀ ਕਰੋ ਗੁਰੂ ਖਾਲਸਾ ਜੀ; ਅੰਤ ਦਾ ਸਮਾਂ ਹੁਣ ਮੇਰਾ ਨੇੜੇ ਆਇਆ ।
ਬੇਟਾ ਨਹੀਂ ਸੀ ਲੈ ਭਤੀਜਾ ਖੁਸ਼ਹਾਲ ਸਿੰਘ, ਆਪਣੇ ਡੇਰੇ ਦਾ ਜਥੇਦਾਰ ਸੀ ਬਣਾਇਆ ।
ਜਥੇਦਾਰੀ ਪੰਥ ਹੱਥੀਂ ਪਰ ਕਰਤਾਰ ਸਿੰਘਾ, ਜੱਸਾ ਸਿੰਘ ਭਾਈਂ ਦੇਕੇ ਫਤਿਹ ਨੂੰ ਗਜਾਇਆ ।

....

(ਸਿਖ ਮਿਸ਼ਨਰੀ ਕਾਲਜ, ਫੀਲਡ ਗੰਜ ਲੁਧਿਆਣਾ-8 ਨੇ ਨਵਾਬ ਕਪੂਰ ਸਿੰਘ ਜੀ ਦੇ ਜੀਵਨ ਬਾਰੇ ਇਕ ਟਰੈਕਟ ਛਾਪਿਆ ਹੋਇਆ। ਉਹਨਾਂ ਦੇ ਧੰਨਵਾਦ ਸਹਿਤ ਮੈਂ ਉਸ ਟਰੈਕਟ ਵਿਚੋਂ ਕੁੱਛ ਵਿਚਾਰ ਏਥੇ ਛਪਵਾ ਰਿਹਾ ਹਾਂ ਜੋ ਨਵਾਬ ਜੀ ਦੇ ਜੀਵਨ ਨੂੰ ਬਹੁਤ ਚੰਗੀ ਤਰ੍ਹਾਂ ਉਘੇੜਦੇ ਹਨ)

ਨਵਾਬ ਕਪੂਰ ਸਿੰਘ ਜੀ

ਨਾਦਰਸ਼ਾਹ ਵਰਗੇ ਜ਼ਾਲਮ ਵੀ ਨਵਾਬ ਕਪੂਰ ਸਿੰਘ ਜੀ ਦੇ ਨਾਮ ਤੋਂ ਘਬਰਾਉਂਦੇ ਸਨ।

ਸਿੱਖ ਇਤਿਹਾਸ ਅੰਦਰ ਹੋਈਆਂ ਅਨੇਕਾਂ ਸ਼ਹੀਦੀਆਂ ਆਪ ਦੇ ਜੀਵਨ ਕਾਲ ਵਿੱਚ ਹੀ ਹੋਈਆਂ। ਸਿੰਘਾਂ ਦੀਆਂ 1) ਖੋਪਰੀਆਂ ਉਤਾਰੀਆਂ ਗਈਆਂ, 2) ਬੰਦ ਬੰਦ ਜੁਦਾ ਕੀਤੇ ਗਏ, 3) ਚਰਖੜੀਆਂ ਤੇ ਚਾੜ੍ਹੇ ਗਏ, 4) ਹਾਥੀਆਂ ਦੇ ਪੈਰਾਂ ਨਾਲ ਬੰਨ੍ਹ ਕੇ ਪਾੜੇ ਗਏ, 5) ਮੁੰਗਲੀਆਂ ਨਾਲ ਉਹਨਾਂ ਦੇ ਸਿਰ ਫੇਹੇ ਗਏ, 6) ਸ਼ਿਕਾਰੀ ਕੁੱਤਿਆਂ ਕੋਲੋਂ ਸਿੰਘਾਂ ਨੂੰ ਪੜਵਾਇਆ ਗਿਆ, 7) ਸਿੰਘਣੀਆਂ ਦੇ ਗਲਾਂ ਅੰਦਰ ਮਸੂਮ ਬੱਚਿਆਂ ਦੇ ਟੋਟੇ-ਟੋਟੇ ਕਰਕੇ ਹਾਰ ਪਾਏ ਗਏ। ਨਾ ਜਾਨੇ ਕਿਤਨੇ ਅਕਹਿ ਕਸ਼ਟ ਅਤੇ ਅਸਹਿ ਸਿੱਖ ਕੌਮ ਨੂੰ ਸਹਾਰਨੇ ਪਏ, ਪਰ ਆਪ ਜੀ ਦੀ ਸੁਚੱਜੀ ਅਗਵਾਈ ਕਾਰਣ ਕੌਮ ਕੁੰਦਨ ਹੋ ਕੇ ਪ੍ਰਗਟ ਹੋਈ ਅਤੇ ਸਿੱਖਾਂ ਨੇ ਸਾਰੇ ਵੈਰੀਆਂ ਅਤੇ ਦੁਸ਼ਟਾਂ ਕੋਲੋਂ ਗਿਣ-ਗਿਣ ਕੇ ਬਦਲੇ ਲਏ।

ਉਸ ਸਮੇਂ ਹਕੂਮਤ ਵਲੋਂ ਕੁਝ ਐਸੇ ਹਾਲਾਤ ਪੈਦਾ ਕੀਤੇ ਗਏ ਜਿਨ੍ਹਾਂ ਨੇ ਖਾਲਸੇ ਨੂੰ ਆਪਣੇ ਭਵਿੱਖ ਬਾਰੇ ਸੋਚਣ ਲਈ ਮਜਬੂਰ ਕੀਤਾ। ਇਸ ਸਮੇਂ ਖਾਲਸਾ ਛੋਟੇ-ਛੋਟੇ ਜੱਥਿਆਂ ਵਿੱਚ ਵਿਚਰਦਾ ਸੀ, ਤੇ ਭੀੜ ਪੈਣ ਤੇ ਸਭ ਇਕੱਠੇ ਹੋ ਜਾਂਦੇ ਸਨ। ਸੰਨ 1726 ਦੀ ਇਕ ਘਟਨਾ ਉਪਰੰਤ ਖਾਲਸੇ ਨੇ ਭਵਿਖ ਦਾ ਪ੍ਰੋਗਰਾਮ ਹਾਲਾਤਾਂ ਅਨੁਸਾਰ ਉਲੀਕਿਆ। ਇਹ ਘਟਨਾ ਸੀ ਭਾਈ ਤਾਰਾ ਸਿੰਘ 'ਵਾਂ' ਦੀ ਸ਼ਹੀਦੀ। ਭਾਈ ਸਾਹਿਬ ਦਾ ਪੰਥ ਵਿੱਚ ਵੱਡਾ ਸਤਿਕਾਰ ਸੀ। ਇਸ ਆਦਰਸ਼ਕ ਗੁਰਸਿੱਖ ਦੀ ਸ਼ਹੀਦੀ ਨੇ ਪੰਥਕ ਜੱਥੇਦਾਰਾਂ ਨੂੰ ਇਕ ਜਗ੍ਹਾ ਇਕੱਠਾ ਕਰ ਦਿੱਤਾ ਅਤੇ ਸੈਂਕੜੇ ਗੁਰਸਿੱਖ ਆਪਣੇ ਕੰਮ ਧੰਦਿਆਂ ਨੂੰ ਛੱਡ ਕੇ ਪੰਥ ਦੀ ਸੇਵਾ ਲਈ ਨਿੱਤਰ ਪਏ। ਇਹਨਾਂ ਹਜ਼ਾਰਾਂ ਗੁਰਸਿੱਖਾਂ ਵਿੱਚ ਸ: ਕਪੂਰ ਸਿੰਘ ਵੀ ਸੀ, ਜਿਨ੍ਹਾਂ ਨੇ ਅੰਮ੍ਰਿਤਸਰ ਪਹੁੰਚ ਕੇ ਦੀਵਾਨ ਦਰਬਾਰਾ ਸਿੰਘ ਦੇ ਜੱਥੇ ਵਿੱਚ ਸੇਵਾ ਕੀਤੀ।

ਏਸੇ ਦੌਰਾਨ ਕੌਮੀ ਹਾਲਾਤ ਉਤੇ ਵਿਚਾਰ ਕਰਨ ਲਈ ਖਾਲਸੇ ਦਾ ਇਤਿਹਾਸਕ ਇਕੱਠ ਅੰਮ੍ਰਿਤਸਰ ਵਿੱਚ ਹੋਇਆ। ਇਥੇ ਖਾਲਸੇ ਨੇ ਫੈਸਲਾ ਕੀਤਾ ਕਿ ਹਕੂਮਤ ਦੇ ਖਜ਼ਾਨੇ ਲੁੱਟੇ ਜਾਣ, ਸ਼ਾਹੀ ਹਥਿਆਰ-ਘਰਾਂ ਤੋਂ, ਹਥਿਆਰ ਅਤੇ ਘੋੜੇ ਪ੍ਰਾਪਤ ਕੀਤੇ ਜਾਣ ਤੇ ਹਕੂਮਤ ਦੇ ਸਹਾਇਕਾਂ ਤੇ ਖੁਸ਼ਾਮਦੀਆਂ ਦੀ ਪੂਰੀ ਤਰ੍ਹਾ ਸੁਧਾਈ ਕੀਤੀ ਜਾਵੇ। ਜਥੇਦਾਰ ਦਰਬਾਰਾ ਸਿੰਘ ਨੇ ਨੌਜਵਾਨ ਕਪੂਰ ਸਿੰਘ ਦੀ ਯੋਗਤਾ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਮੁਖ ਸੇਵਾਦਾਰ ਦੇ ਰੂਪ ਵਿੱਚ ਪ੍ਰਵਾਨ ਕੀਤਾ। ਸ: ਕਪੂਰ ਸਿੰਘ ਦੀ ਜਥੇਦਾਰੀ ਵਿੱਚ ਇਕ ਤਕੜਾ ਨੌਜਵਾਨਾਂ ਦਾ ਜੱਥਾ ਮਾਝੇ ਵੱਲ ਨੂੰ ਨਿਕਲਿਆ, ਜਿਸ ਦਾ ਵੱਡਾ ਕੰਮ ਵੈਰੀ ਦੀਆਂ ਖਬਰਾਂ ਹੈਡਕਵਾਟਰ ਪਹੁੰਚਾਣ ਦਾ ਸੀ।

ਇਸ ਸਮੇਂ ਸਿੰਘਣੀਆਂ ਦੇ ਜੀਵਨ ਵੀ ਬੜੀ ਚੜ੍ਹਦੀ ਕਲਾ ਵਾਲੇ ਸਨ ਅਤੇ ਉਨ੍ਹਾਂ ਨੇ ਸਿੰਘਾਂ ਨਾਲ ਮੋਢਾ ਜੋੜ ਕੇ ਪੰਥ ਦੀ ਸੇਵਾ ਕੀਤੀ। ਸੰਨ 1726 ਵਿੱਚ ਜਥੇਦਾਰ ਬਹਾਦਰ ਸਿੰਘ ਚਵਿੰਡਾ ਨਿਵਾਸੀ ਦੇ ਪੁੱਤ ਦਾ ਵਿਆਹ ਸੀ। ਜੰਞ 20 ਕੋਹ ਤੇ ਗਈ ਹੋਈ ਸੀ ਅਤੇ ਘਰ ਵਿੱਚ ਸਵਾ ਸੌ ਦੇ ਲਗਪਗ ਸਿੰਘਣੀਆਂ ਹੀ ਰਹਿ ਗਈਆਂ ਸਨ। ਇਸ ਭੇਦ ਦੀ ਖਬਰ ਅਕ੍ਰਿਤਘਣ ਹਿੰਦੂਆਂ ਨੇ ਹਕੂਮਤ ਦੇ ਕਰਮਚਾਰੀਆਂ ਨੂੰ ਜਾ ਦਿੱਤੀ। ਜਦ ਜਰਵਾਣਿਆਂ ਦੀ ਸੈਨਾ ਹਮਲਾ ਕਰਨ ਲਈ ਪਹੁੰਚੀ ਤਾਂ ਬਹਾਦਰ ਸਿੰਘਣੀਆਂ ਨੇ ਹਵੇਲੀ ਦੇ ਵਡੇ ਦਰਵਾਜ਼ੇ ਪਰ ਪਹੁੰਚ ਕੇ ਕਮਾਲ ਦੀ ਨਿਰਭੈਤਾ ਨਾਲ ਵੈਰੀਆਂ ਨੂੰ ਅੰਦਰ ਵੜਨ ਤੋਂ ਰੋਕਿਆ ਅਤੇ ਗੋਲੀਆਂ ਦੀ ਬੁਛਾੜ ਕਰਕੇ ਹਵੇਲੀ ਦੇ ਬਾਹਰ ਦੁਸ਼ਮਣਾਂ ਦੀਆਂ ਲੋਥਾਂ ਦੇ ਢੇਰ ਲੱਗਾ ਦਿੱਤੇ। ਇਨ੍ਹਾਂ ਨੇ ਵੈਰੀਆਂ ਦੇ ਹਥਿਆਰ ਵੀ ਖੋਹ ਲਏ। ਹੁਣ ਜਦ ਇਨ੍ਹਾਂ ਕੋਲ ਵਧੇਰੇ ਸ਼ਸਤਰ ਹੋ ਗਏ ਤਾਂ ਇਨ੍ਹਾਂ ਨੇ ਬਾਹਰ ਨਿਕਲ ਕੇ ਵੈਰੀਆਂ ਪਰ ਐਸੀ ਦ੍ਰਿੜਤਾ ਨਾਲ ਭੱਝਵਾਂ ਹੱਲਾ ਕੀਤਾ ਕਿ ਵੈਰੀਆਂ ਦੇ ਮੂੰਹ ਤੋੜ ਦਿੱਤੇ। ਦੁਸ਼ਮਣ ਜਿਧਰੋਂ ਆਏ ਸੀ ਉਧਰ ਨੂੰ ਵਾਪਸ ਭੱਜ ਨਿਕਲੇ।

—00—

ਹੁਣ, ਜਦ ਇਹ ਸਵਾਲ ਪੈਦਾ ਹੋਇਆਂ ਕਿ ਕਿ ਨਵਾਬੀ ਦਿੱਤੀ ਕਿਸ ਨੂੰ ਜਾਵੇ, ਤਾਂ ਦੋ ਮਹਾਨ ਹਸਤੀਆਂ ਦੇ ਨਾਂ ਸਾਹਮਣੇ ਆਏ, ਇਕ ਦੀਵਾਨ ਦਰਬਾਰਾ ਸਿੰਘ ਜੀ ਅਤੇ ਦੂਜੇ ਸ. ਕਪੂਰ ਸਿੰਘ ਜੀ। ਦੀਵਾਨ ਦਰਬਾਰਾ ਸਿੰਘ ਜੀ ਨੇ ਬ੍ਰਿਧ ਉਮਰ ਦੀ ਵਜ੍ਹਾ ਕਰਕੇ ਖਿਮਾਂ ਮੰਗੀ ਅਤੇ ਇਸ ਜ਼ਿਮੇਵਾਰੀ ਨੂੰ ਪੂਰੀ ਤਰ੍ਹਾਂ ਨਿਭਾਉਣ ਲਈ ਸਾਰੇ ਸ਼ੁਭ ਗੁਣ ਸ: ਕਪੂਰ ਸਿੰਘ ਵਿੱਚ ਮੌਜੂਦ ਹੋਣ ਕਰਕੇ ਇਹ ਫੈਸਲਾ ਕੀਤਾ ਕਿ ਇਹ ਜ਼ਿੰਮੇਵਾਰੀ ਉਨ੍ਹਾਂ ਨੂੰ ਦਿੱਤੀ ਜਾਵੇ। ਇਹ ਜਥੇਦਾਰ ਹਰ ਪ੍ਰਕਾਰ ਦੀ ਸੇਵਾ—ਲੰਗਰ ਦੇ ਭਾਂਡੇ ਮਾਂਜਣ; ਪਾਣੀ ਤੇ ਪੱਖੇ ਦੀ ਸੇਵਾ ਹੱਥੀਂ ਕਰਨ ਅਤੇ ਤਬੇਲੇ ਵਿੱਚ ਘੋੜਿਆਂ ਦੀ ਵੀ ਦੇਖ ਭਾਲ ਕਰਨ ਵਿੱਚ ਮਾਣ ਸਮਝਦਾ ਸੀ।



ਨਵਾਬ ਕਪੂਰ ਸਿੰਘ ਵਿਰਕ

1697—1754 ਈ:

1735 ਦੇ ਅੱਧ ਵਿੱਚ ਲਾਹੌਰ ਦੀ ਹਕੂਮਤ ਨੇ ਬਿਨਾਂ ਕਿਸੇ ਕਾਰਨ ਦੇ, ਆਪਣੀ ਫ਼ੌਜ ਭੇਜ ਕੇ ਖਾਲਸੇ ਦੀ ਜਾਗੀਰ ਪਰ ਆਪਣਾ ਕਬਜ਼ਾ ਕਰ ਲਿਆ।

—00—

ਖਾਨ ਬਹਾਦਰ ਨੇ 4000 ਸਵਾਰਾਂ ਦੀ ਗਸ਼ਤੀ ਫ਼ੌਜ ਖਾਲਸੇ ਦਾ ਖੁਰਾ ਖੋਜ ਮਿਟਾਉਣ ਲਈ ਭੇਜੀ, ਜਿਸ ਨੇ ਬਹੁਤ ਸਾਰੇ ਸਿੱਖਾਂ ਨੂੰ ਕਤਲ ਕੀਤਾ। ਫਿਰ ਪਰਗਨੇਦਾਰਾਂ, ਤਲੁਕੇਦਾਰਾਂ, ਕਾਨੂੰਗੋਆਂ, ਪਿੰਡਾਂ ਦੇ ਚੌਧਰੀਆਂ, ਨੰਬਰਦਾਰਾਂ ਅਤੇ ਜਗੀਰਦਾਰਾਂ ਨੂੰ ਹਦਾਇਤਾ ਦਿੱਤੀਆਂ ਕਿ ਪਿੰਡਾਂ ਅਤੇ ਸ਼ਹਿਰਾਂ ਵਿੱਚੋਂ ਸਿੱਖਾਂ ਨੂੰ ਖਤਮ ਕਰ ਦਿੱਤਾ ਜਾਵੇ। ਉਸਨੇ ਕਿਹਾ ਕਿ ਜਿਹੜਾ ਬੰਦਾ ਕਿਸੇ ਸਿੱਖ ਦਾ ਸਿਰ ਪੇਸ਼ ਕਰੇਗਾ, ਉਸਨੂੰ 50 ਰੁਪਏ; ਜਿਹੜਾ ਸਿੱਖ ਨੂੰ ਜੀਉਂਦਾ ਫੜ ਕੇ ਹਾਜਰ ਕਰੇਗਾ, ਉਸਨੂੰ ਵੀ 50 ਰੁਪਏ, ਜਿਹੜਾ ਸਿੱਖ ਦਾ ਪਤਾ ਦੱਸੇਗਾ ਉਸਨੂੰ 15 ਰੁਪਏ ਇਨਾਮ ਦਿੱਤਾ ਜਾਵੇਗਾ। ਸਿੱਖਾਂ ਦੇ ਘਰ-ਘਾਟ ਲੁੱਟਣ ਵਾਲੇ ਨੂੰ ਕੁੱਝ ਨਹੀਂ ਕਿਹਾ ਜਾਵੇਗਾ। ਜੇ ਕੋਈ ਸਿੰਘ ਨੂੰ ਆਪਣੇ ਘਰ ਜਾਂ ਖੇਤ ਵਿੱਚ ਪਨਾਹ ਦੇਵੇਗਾ, ਉਸਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਜੇ ਕੋਈ ਸਿੰਘ ਨੂੰ ਅਨਾਜ ਵੇਚੇਗਾ ਜਾਂ ਰੋਟੀ ਦੇਵੇਗਾ ਉਸ ਨੂੰ ਵੀ ਸਖਤ ਸਜ਼ਾ ਦਿੱਤੀ ਜਾਵੇਗੀ।

ਇਹ ਸਮਾਂ ਇਤਨਾ ਭਿਆਨਕ ਸੀ ਕਿ ਸਿੰਘ ਕੁਝ ਸਮੇਂ ਲਈ ਪੰਜਾਬ ਛੱਡ ਕੇ ਮੁੜ ਜੰਗਲਾਂ, ਪਹਾੜਾਂ, ਖੱਡਾਂ, ਝੱਲਾਂ ਤੇ ਮਾਲਵੇ ਅਤੇ ਬੀਕਾਨੇਰ ਦੇ ਰੇਤਲਿਆਂ ਥੱਲਾਂ ਵਲ ਨਿਕਲ ਗਏ। ਹਿੰਦੂਆਂ ਵਿਚੋਂ ਜਦ ਕਿਸੇ ਦਾ ਪੁਤਰ ਸਿੰਘ ਸਜ ਜਾਂਦਾ ਤਾਂ ਉਹ ਆਪਣੇ ਪੁਤਰਾਂ ਦੀ ਗਿਣਤੀ ਜੇ ਚਾਰ ਹੋਵੇ ਤਾਂ ਤਿੰਨ ਦੱਸਦਾ ਕਿਉਂ ਕਿ ਉਹ ਮਹਿਸੂਸ ਕਰਦਾ ਸੀ ਕਿ ਚੌਥੇ ਨੇ ਅੱਜ ਜਾਂ ਕਲ ਸ਼ਹੀਦ ਹੋ ਜਾਣਾ ਹੈ।

ਇਹ ਇਤਨਾ ਕਹਿਰ ਦਾ ਸਮਾਂ ਸੀ ਕਿ ਹਕੂਮਤ ਵਲੋਂ ਸਿੰਘਾਂ, ਸਿੰਘਣੀਆਂ ਤੇ ਬਚਿਆਂ ਨੂੰ ਬੜੇ ਭਿਆਨਕ ਕਸ਼ਟ ਦਿੱਤੇ ਜਾਂਦੇ ਸਨ। ਸਿੱਖ ਕੈਦੀਆਂ ਨੂੰ ਵਧੇਰੇ ਚਰਖੀਆਂ ਪਰ ਚਾੜ੍ਹ ਕੇ ਸ਼ਹੀਦ ਕੀਤਾ ਜਾਂਦਾ ਸੀ। ਚਰਖੀਆਂ ਪਰ ਚੜ੍ਹਨ ਵਾਲਿਆਂ ਦੇ ਹਡ ਚੂਰ ਚੂਰ ਹੋ ਜਾਂਦੇ ਸਨ, ਸਰੀਰ ਦੇ ਜੋੜ ਖੁਲ੍ਹ ਜਾਂਦੇ ਸਨ ਅਤੇ ਮਾਸ ਬੋਟੀ ਬੋਟੀ ਹੋ ਕੇ, ਹੱਡਾਂ ਤੋਂ ਵੱਖ ਹੋ ਜਾਂਦਾ ਸੀ। ਕਈਆਂ ਨੂੰ ਜੀਉਂਦੇ ਜੀ ਅੱਧਾ ਧੜ ਧਰਤੀ ਵਿਚ ਦਬ ਦਿੱਤਾ ਜਾਂਦਾ ਅਤੇ ਉਪਰਲਾ ਭਾਗ ਤੋਪ ਨਾਲ ਉੜਾਇਆ ਜਾਂਦਾ ਸੀ, ਲਾਹੌਰ ਬਜਾਰਾਂ ਦੇ ਚੌਂਕਾਂ ਵਿੱਚ ਸਿੰਘਣੀਆਂ ਦੀਆਂ ਅੱਖਾਂ ਦੇ ਸਾਹਮਣੇ ਉਨ੍ਹਾਂ ਦਿਆਂ ਬਚਿਆਂ ਦੇ ਪੇਟ ਛੁਰਿਆਂ ਨਾਲ ਚੀਰ ਕੇ ਅਤੇ ਆਂਦਰਾਂ ਕਢ ਕੇ ਉਹਨਾਂ ਦੇ ਗਲਾਂ ਵਿਚ ਪਾਈਆਂ ਜਾਂਦੀਆਂ ਸਨ। ਕਈਆਂ ਦੀਆਂ ਅੱਖਾਂ ਵਿਚ ਨਸ਼ਤਰ-ਮਾਰ ਕੇ ਡੇਲੇ ਕੱਢ ਦਿੱਤੇ ਜਾਂਦੇ ਸਨ। ਕਈਆਂ ਦੇ ਸਿਰ ਮੁੰਗਲੀਆਂ ਮਾਰ ਕੇ ਚੂਰ ਕਰ ਦਿੱਤੇ ਜਾਂਦੇ ਸਨ। ਕਈਆਂ ਦੇ ਪੈਰਾਂ ਵਿਚ ਰੱਸੇ ਪਾ ਕੇ ਘੋੜਿਆਂ ਪਿਛੇ ਬੰਨ੍ਹ ਦਿਤਾ ਜਾਂਦਾ ਅਤੇ ਘੋੜਿਆਂ ਨੂੰ ਚਾਬਕਾਂ ਨਾਲ ਭਜਾਇਆ ਜਾਂਦਾ। ਜਮੀਨ ਨਾਲ ਘਸਰ ਘਸਰ ਕੇ ਉਨ੍ਹਾਂ ਦੀ ਚਮੜੀ ਮਾਸ ਅਤੇ ਹੱਡੀਆਂ ਵਖੋ ਵਖ ਹੋ ਜਾਂਦੀਆਂ। ਕਈਆਂ ਦੇ ਪੈਰਾਂ ਨੂੰ ਜੰਜ਼ੀਰ ਨਾਲ ਦੋ ਹਾਥੀਆਂ ਨਾਲ ਬੰਨ੍ਹ ਦਿੱਤਾ ਜਾਦਾ ਅਤੇ ਇਕ ਹਾਥੀ ਨੂੰ ਇਕ ਪਾਸੇ ਦੂਜੇ ਨੂੰ ਦੂਜੇ (ਉਲਟੇ) ਪਾਸੇ ਵੱਲ ਹੱਕਿਆ ਜਾਂਦਾ। ਇੰਜ ਸਿੰਘਾਂ ਦਾ ਸਰੀਰ ਦੋ-ਫਾੜ ਕੀਤਾ ਜਾਂਦਾ।

ਇਹ ਭਿਆਨਕ ਅਤਿਆਚਾਰ ਹਕੂਮਤ ਵਲੋਂ ਸਿੰਘਾਂ ਉਪਰ ਇਸ ਲਈ ਕੀਤੇ ਜਾਂਦੇ ਤਾਂ ਕਿ ਜਨਤਾ ਡਰ ਕੇ ਸਿੱਖ ਬਣਨ ਦਾ ਹੌਸਲਾ ਨਾ ਕਰ ਸਕੇ, ਪਰ ਫਿਰ ਵੀ ਸਿੰਘਾਂ ਦੀ ਗਿਣਤੀ ਵੱਧਦੀ ਹੀ ਗਈ। ਨਵਾਬ ਸਾਹਿਬ ਦੀ ਅਗਵਾਈ ਹੇਠ ਖਾਲਸਾ ਇੰਨੇ ਭਿਆਨਕ ਤੇ ਅਸਹਿ ਕਸ਼ਟਾਂ ਨੂੰ ਖੁਸ਼ੀ ਖੁਸ਼ੀ ਸਹਾਰਦਾ ਹੋਇਆ ਬੜੇ ਸਬਰ ਤੇ ਸ਼ੁਕਰ ਨਾਲ ਸਾਰੀਆਂ ਸਖਤੀਆਂ ਝਲਦਾ ਰਿਹਾ ਅਤੇ ਕਿਸੇ ਵੀ ਸਿੰਘ ਜਾਂ ਸਿੰਘਣੀ ਨੇ ਹਾਏ ਤਕ ਨਹੀਂ ਕੀਤੀ। ਇਹ ਸਾਰਾ ਕੁਝ ਇਸ ਸਰਬ ਗੁਣ ਨਿਪੁੰਨ ਆਗੂ ਦੇ ਸਦਕਾ ਹੀ ਹੋ ਸਕਿਆ, ਜਿਸ ਦਾ ਆਚਰਨ ਤੇ ਕਰਨੀ ਬੇਮਿਸਾਲ ਸੀ। ਇਹਨਾਂ ਗੁਣਾਂ ਦੇ ਅਸਰ ਹੇਠ ਸਾਰੇ ਪੰਥ ਦੀ ਰਹਿਣੀ ਸਹਿਣੀ, ਬੋਲੀ ਤੇ ਨਾਉਂ ਆਦਿ ਸਭ ਕੁਝ ਬਦਲ ਕੇ ਨਵਾਂ ਰੂਪ ਦੇ ਦਿੱਤਾ। ਇਸ ਵਿਚ ਦੀਵਾਨ ਦਰਬਾਰਾ ਸਿੰਘ ਦੀ ਅਗਵਾਈ ਦਾ ਵੀ ਵੱਡਾ ਹਿੱਸਾ ਸੀ।

ਹਕੂਮਤ ਨੇ ਖਾਲਸੇ ਦੇ ਲੰਗਰ ਬੰਦ ਕਰ ਕਰ ਦਿੱਤੇ। ਖਾਲਸੇ ਨੇ ਲੰਗਰ ਨੂੰ ਮਸਤਾਨਾ ਕਹਿ ਦਿੱਤਾ। ਜੇ ਬਦਾਮ ਨਾ ਮਿਲੇ ਤਾਂ ਛੋਲਿਆਂ ਨੂੰ ਬਦਾਮ, ਉਬਲੇ ਪੱਤਿਆਂ ਨੂੰ ਸਬਜ਼ ਪਲਾਓ ਕਹਿ ਕੇ ਆਤਮਹੀਣਤਾ ਨੂੰ ਪਰੇ ਹੀ ਰਹਿਣ ਦਿੱਤਾ। ਖਾਲਸਾ ਮੁਸੀਬਤਾਂ ਤੇ ਮੌਤ ਨਾਲ ਮਸਖਰੀਆਂ ਕਰਦਾ ਰਿਹਾ ਅਤੇ ਫਤਿਹ ਉਪਰ ਫਤਿਹ ਪਾਉਂਦਾ ਰਿਹਾ।

ਸੱਭ ਤੋਂ ਵੱਡੇ ਪਾਤਸ਼ਾਹ ਦਾ ਕੋਤਵਾਲ-ਨਵਾਬ ਕਪੂਰ ਸਿੰਘ

ਇਹਨਾਂ ਦਿਨਾਂ ਵਿੱਚ ਹੀ ਲਾਹੌਰ ਹਕੂਮਤ ਨੂੰ ਜ਼ਲੀਲ ਕਰਨ ਹਿੱਤ ਅਤੇ ਖਾਲਸੇ ਦਾ ਤੇਜ਼ ਪ੍ਰਤਾਪ ਦੱਸਣ ਲਈ ਇਕ ਕੌਤਕ ਰਚਿਆ। ਨਵਾਬ ਜੀ ਆਪਣੇ ਨਾਲ 20 ਸੂਰਬੀਰ ਸਿੰਘ ਲੈ ਲਏ ਬਾਕੀ ਖਾਲਸੇ ਨੂੰ ਸ਼ਾਲਾਮਾਰ ਬਾਗ ਦੇ ਪਾਸ ਛੱਡਿਆ। ਨਵਾਬ ਜੀ ਬੇਖੌਫ ਲਾਹੌਰ ਵਿੱਚ ਜਾ ਵੜੇ ਅਤੇ ਜੋ ਵੀ ਰਾਹ ਰੋਕਣ ਲਈ ਵਧਿਆ, ਉਸ ਨੂੰ ਪਾਰ ਬੁਲਾ ਦਿੱਤਾ। ਨਵਾਬ ਸਾਹਿਬ ਸਿੱਧੇ ਕੋਤਵਾਲੀ ਜਾ ਪੁਜੇ। ਇਥੇ ਝਟ ਘੋੜੇ ਛਲਾਂਗ ਮਾਰ ਕੇ ਉਤਰੇ ਅਤੇ ਚਾਨਚਕ ਹਥਿਆਰ ਘਰ ਪਰ ਜਾ ਪਏ। ਹਥਿਆਰ ਕਬਜੇ ਵਿਚ ਕਰ ਕੇ ਪਹਿਰੇ ਉਤੇ ਸਿੰਘ ਖੜੇ ਕਰ ਦਿਤੇ। ਆਪ ਕੋਤਵਾਲ ਦੀ ਗੱਦੀ ਪਰ ਜਾ ਬਿਰਾਜੇ। ਅਸਲ ਕੋਤਵਾਲ ਨੂੰ ਹੁਕਮ ਦਿਤਾ, ਜਿਤਨੇ ਕੈਦੀ ਹਨ, ਉਹਨਾਂ ਨੂੰ ਰਿਹਾ ਕਰ ਦਿਤਾ ਜਾਵੇ, ਸਾਰਾ ਖਜ਼ਾਨਾ ਸਿੰਘਾਂ

ਜਦ ਖਾਲਸੇ ਨੇ ਨਵਾਬੀ ਸ: **ਕਪੂਰ ਸਿੰਘ** ਜੀ ਨੂੰ ਬਖਸ਼ਣ ਦਾ ਫੈਸਲਾ ਕੀਤਾ, ਉਸ ਸਮੇਂ ਉਹ ਦੀਵਾਨ ਵਿੱਚ ਪੱਖੇ ਦੀ ਸੇਵਾ ਕਰ ਰਹੇ ਸਨ। ਉਨ੍ਹਾਂ ਨੇ ਬੇਨਤੀ ਕੀਤੀ ਕਿ ਇਹ ਖਿਲ੍ਹਤ ਪੰਜਾਂ ਪਿਆਰਿਆਂ ਦੇ ਚਰਨਾਂ ਨਾਲ ਛੁਹਾ ਕੇ ਬਖਸ਼ੀ ਜਾਵੇ। ਅਰਦਾਸਾਂ ਸੋਧ ਕੇ ਪੰਜਾਂ ਪਿਆਰਿਆਂ ਨੇ ਨਵਾਬੀ ਦੀ ਖਿਲ੍ਹਤ ਕਪੂਰ ਸਿੰਘ ਨੂੰ ਪਹਿਨਾਈ। ਖਿਲ੍ਹਤ ਨਾਲ ਇਹ ਕੁਝ ਆਇਆ ਸੀ—ਸ਼ਾਲ ਦੀ ਪੱਗ, ਇਕ ਜੜਾਊ ਕਲਗੀ, ਜਿਗਾ, ਇੱਕ ਜੋੜੀ ਸੁਨਹਿਰੀ ਕੰਗਣਾਂ ਦੀ, ਕੈਂਠਾ, ਇਕ ਬਹੁ-ਮੁਲੇ ਮੋਤੀਆਂ ਦੀ ਮਾਲਾ, ਇਕ ਕੀਨਖੁਵਾਬ ਦਾ ਜਾਮਾਂ, ਇੱਕ ਜੜਾਊ ਸ਼ਮਸ਼ੀਰ। ਇਸ ਜਥੇਦਾਰ ਦੀ ਨਿਮਰਤਾ ਦੀ ਮਿਸਾਲ ਦਾ ਨਮੂਨਾ ਇਸ ਪ੍ਰਕਾਰ ਇਤਿਹਾਸ ਨੇ ਪੇਸ਼ ਕੀਤਾ ਹੈ ਕਿ **ਨਵਾਬ ਕਪੂਰ ਸਿੰਘ** ਨੇ ਖਾਲਸੇ ਦੀ ਹਜ਼ੂਰੀ ਵਿਚ ਇਹ ਬੇਨਤੀ ਕੀਤੀ ਕਿ ਸੰਗਤਾਂ ਦੀ ਸੇਵਾ ਤੋਂ ਮੈਨੂੰ ਵਾਂਝਿਆਂ ਨਹੀਂ ਰੱਖਣਾ।

ਨਵਾਬ ਕਪੂਰ ਸਿੰਘ ਜੀ ਇਤਨੇ ਸੂਝਵਾਨ ਸਨ ਕਿ ਉਹ ਹਕੂਮਤ ਨਾਲ ਮੇਲ ਨੂੰ ਥੋੜ-ਚਿਰਾ ਹੀ ਸਮਝਦੇ ਸਨ। ਉਹ ਕਹਿੰਦੇ ਸਨ ਕਿ ਜਿਤਨਾ ਸਮਾਂ ਮਿਲ ਗਿਆ ਹੈ ਉਸ ਨੂੰ ਬਹੁਮੁਲਾ ਜਾਣ ਕੇ ਉਸ ਤੋਂ ਪੂਰਾ ਪੂਰਾ ਲਾਭ ਪ੍ਰਾਪਤ ਕਰ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਖਿੰਡੇ ਹੋਏ ਖਾਲਸੇ ਦਾ ਅੰਮ੍ਰਿਤਸਰ ਇਕੱਠ ਬਲਾਇਆ ਅਤੇ ਖਾਲਸੇ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ 'ਬੱਢਾ ਦਲ ਅਤੇ ਤਾਰੂਨ ਦਲ'। ਬੁੱਢਾ ਦਲ ਵਿੱਚ 40 ਸਾਲਾਂ ਤੋਂ ਵਡੇਰੀ ਉਮਰ ਦੇ ਗੁਰਸਿੱਖ ਸਨ ਅਤੇ ਤਰੁਨਾ ਦਲ ਵਿੱਚ 40 ਸਾਲਾਂ ਤੋਂ ਘੱਟ ਉਮਰ ਦੇ ਨੌਜੁਆਨ ਗੁਰਸਿੱਖ। 'ਬੁੱਢਾ ਦਲ' ਦੇ ਜ਼ਿੰਮੇਂ ਗੁਰਦੁਆਰਿਆਂ ਦੀ ਦੇਖ-ਭਾਲ, ਸਿੱਖ ਧਰਮ ਦਾ ਪ੍ਰਚਾਰ ਕਰਨਾ, ਗੁਰ ਮਰਯਾਦਾ ਦੀ ਪਵਿਤਰਤਾ ਨੂੰ ਮਿਲਾਵਟ ਤੋਂ ਸੁਰੱਖਿਅਤ ਰੱਖਣਾ ਅਤੇ ਲੋੜ ਪੇਣ ਉਤੇ 'ਤਰੁਨਾ ਦਲ' ਦੀ ਯੁੱਧ ਵਿੱਚ ਮਦਦ ਕਰਨ ਦੀ ਸੇਵਾ ਲੱਗੀ। 'ਤਰੁਨਾ ਦਲ ਦਾ ਮੁੱਖ ਕੰਮ, ਦੀਨਾਂ ਦੁੱਖੀਆਂ ਦੀ ਸਹਾਇਤਾ, ਬਾਹਰਲੇ ਹਮਲਾਵਰਾਂ ਦਾ ਮੁਕਾਬਲਾ ਅਤੇ ਪੰਜਾਬ ਉਤੇ ਰਾਜ ਸਥਾਪਿਤ ਕਰਨਾ ਸੀ।

ਨਵਾਬ ਕਪੂਰ ਸਿੰਘ ਨੇ ਸਿੱਖ ਰਾਜ ਸਥਾਪਿਤ ਕਰਨ ਹਿਤ ਅਤੇ ਪੰਥ ਨੂੰ ਪੁਖਤੇ ਪੈਰਾਂ ਤੇ ਖੜਾ ਕਰਨ ਹਿਤ ਕੁੱਝ ਹੋਰ ਜ਼ਰੂਰੀ ਕਦਮ ਚੁੱਕੇ, ਜੋ ਕਿ ਇਕ ਦੂਰ-ਦੇਸ਼ ਅਤੇ ਸੂਝਵਾਨ ਆਗੂ ਲਈ ਜ਼ਰੂਰੀ ਬਣਦਾ ਸੀ। (ਉਸ ਸਮੇਂ ਦੇ ਆਗੂ ਆਪਣੀ ਨਿਜੀ ਸ਼ਖਸ਼ੀਅਤ ਜਾਂ ਨਿਜੀ ਲਾਭਾਂ ਦੀ ਥਾਂ ਪੰਥ ਦੀ ਬਿਹਤਰੀ ਦੀ ਚਿੰਤਾ ਕਰਦੇ ਸਨ, ਪਰ ਮੌਜੂਦਾ ਸਮੇਂ ਪੰਥਕ ਲਾਭਾਂ ਦੀ ਕੀਮਤ ਉੱਪਰ, ਨਿਜੀ ਲਾਭਾਂ ਨੂੰ ਮੁਖ ਰਖਿਆ ਜਾ ਰਿਹਾ ਹੈ।)

ਅਜ ਕਲ ਦੇ ਜਥੇਦਾਰ ਤਾਂ ਸੋਫਿਆਂ ਉਤੇ ਵਡੀਆਂ-ਵਡੀਆਂ ਕੋਠੀਆਂ ਤੇ ਕਾਰਾਂ ਨੂੰ ਵਰਤਣ ਵਿੱਚ ਹੀ ਫਖਰ ਸਮਝਦੇ ਹਨ ਅਤੇ ਉਹਨਾਂ ਨੂੰ ਵਰਤਣ ਵਿਚ ਹੀ ਫਖਰ ਸਮਝਦੇ ਹਨ ਅਤੇ ਉਹਨਾਂ ਨੂੰ ਸਿੱਖੀ ਨਾਲ ਕੋਈ ਖਿਆਰ ਨਹੀਂ, ਕੇਵਲ ਆਪਣੀ ਚੌਧਰ ਬਣਾਉਣ ਦੀ ਚਿੰਤਾ ਹੀ ਲੱਗੀ ਰਹਿੰਦੀ ਹੈ)

ਦੋਹਾਂ ਦਲਾਂ ਦੇ ਨਿਯਮ ਇਸ ਪ੍ਰਕਾਰ ਮਿੱਥੇ ਗਏ :—

1. ਜੋ ਵੀ ਮਾਇਆ ਕਿਤੋਂ ਪ੍ਰਾਪਤ ਹੋਵੇ, ਉਹ ਖਾਲਸੇ ਦੇ ਸਾਂਝੇ ਖਜ਼ਾਨੇ ਵਿੱਚ ਜਮਾਂ ਕਰਵਾਈ ਜਾਵੇ।
2. ਦੋਹਾਂ ਜਥਿਆਂ ਦੇ ਗੁਰਸਿਖਾਂ ਦੀ ਹਥਿਆਰਾਂ, ਘੋੜਿਆਂ ਅਤੇ ਸ਼ਸ਼ਤਰਾਂ ਦੀ ਲੋੜ ਇਸ ਖਜ਼ਾਨੇ ਵਿਚੋਂ ਪੂਰੀ ਕੀਤੀ ਜਾਵੇ।
3. ਦੋਹਾਂ ਜਥਿਆਂ ਦਾ ਲੰਗਰ ਇਕੋ ਸਥਾਨ ਤੇ ਤਿਆਰ ਹੋਵੇ।
4. ਆਪਣੇ ਜਥੇਦਾਰ ਦਾ ਹੁਕਮ ਮੰਨਣਾ ਹਰ ਇਕ ਸਿੰਘ ਦਾ ਮੁੱਖ ਫ਼ਰਜ਼ ਹੋਵੇਗਾ।
5. ਜਿਹੜਾ ਸਿੰਘ ਘਰ ਜਾਵੇ ਜਾਂ ਸਬੰਧੀਆਂ ਨੂੰ ਮਿਲਣ ਜਾਵੇ ਉਹ ਜਥੇਦਾਰ ਦੀ ਆਗਿਆ ਲੈ ਕੇ ਜਾਵੇ ਅਤੇ ਵਾਪਸ ਆ ਕੇ ਹਾਜ਼ਰੀ ਦੇਵੇ।

ਇਸ ਸਮੇਂ ਸਿੰਘਾਂ ਦਾ ਜੀਵਨ ਇਸ ਪ੍ਰਕਾਰ ਦਾ ਸੀ ਕਿ ਲੰਗਰ ਸਾਂਝਾ ਸੀ ਅਤੇ ਨਾਲ ਹੀ ਦੁੱਖ-ਸੁੱਖ ਵੀ ਸਭ ਦਾ ਸਾਂਝਾ ਹੋ ਗਿਆ ਸੀ। ਇੱਕ ਦੀ ਖੁਸ਼ੀ ਸਭ ਦੀ ਖੁਸ਼ੀ ਸੀ। ਇਕ ਨੂੰ ਕੰਡਾ ਚੁਭਦਾ ਸੀ, ਸਾਰੀ ਕੌਮ ਦਾ ਮਨ ਪੀੜ ਨਾਲ ਤੜਪ ਪੈਂਦਾ ਸੀ। ਇਹ ਦੋਵੇਂ ਦਲ ਇੱਕ ਸਾਂਝੇ ਭਾਈਚਾਰੇ ਅਤੇ ਇਕੋ ਪਰਵਾਰ ਵਾਂਗ ਜੀਵਨ ਬਿਤਾਂਣ ਲਗੇ।

ਇਸ ਸਮੇਂ ਨਵਾਬ ਕਪੂਰ ਸਿੰਘ ਜੀ ਨੂੰ ਮਾਤਾ ਸੁੰਦਰ ਕੌਰ ਜੀ ਦਾ ਹੁਕਮ ਪੁੱਜਾ ਕਿ ਜੱਸਾ ਸਿੰਘ (ਆਹਲੂਵਾਲ) ਸਾਡਾ ਬੱਚਾ ਜਾਣ ਕੇ ਸਿੰਘਾਂ ਵਾਲੇ ਸਰਬ ਗੁਣਾਂ ਵਿੱਚ ਨਿਪੁੰਨ ਕਰ ਦੇਣਾ। ਸ: ਜੱਸਾ ਸਿੰਘ ਨੂੰ ਨਵਾਬ ਜੀ ਨੇ ਬਹੁਤ ਥੋੜੇ ਸਮੇਂ ਵਿੱਚ ਹਰ ਪੱਖੋਂ ਤਿਆਰ ਕਰ ਦਿੱਤਾ ਅਤੇ ਤੋਸ਼ੇਖਾਨੇ (ਭੰਡਾਰੇ) ਦੀਆਂ ਕੁੰਜੀਆਂ ਸੌਂਪ ਦਿੱਤੀਆਂ। ਸੰਨ 1833-34 ਵਿੱਚ ਖਾਲਸੇ ਨੂੰ ਜੋ ਸਮਾਂ ਮਿਲਿਆ, ਉਸ ਵਿੱਚ ਨਵਾਬ ਕਪੂਰ ਸਿੰਘ ਦੀ ਯੋਗ ਅਗਵਾਈ ਵਿੱਚ ਖਿੰਡਿਆ ਹੋਇਆ ਖਾਲਸਾ ਇੱਕ ਸ਼ਕਤੀਸ਼ਾਲੀ ਜਥੇਬੰਦੀ ਵਿੱਚ ਜੁੜ ਗਿਆ। 'ਬੁੱਢਾ ਦਲ ਦੇ, ਪ੍ਰਚਾਰ ਸਦਕਾ ਹਜ਼ਾਰਾਂ ਨਵੇਂ ਪ੍ਰਾਣੀ ਅੰਮ੍ਰਿਤ ਛਕ ਕੇ ਖਾਲਸਾ ਪੰਥ ਵਿੱਚ ਰਲ ਗਏ। ਖਾਲਸੇ ਦੀ ਇਸ ਮਹਾਨ ਏਕਤਾ ਅਤੇ ਧਰਮ ਪ੍ਰਚਾਰ ਨੂੰ ਵੇਖ ਕੇ ਜ਼ਕਰੀਆ ਖ਼ਾਨ ਸੜ ਗਿਆ। ਸੰਨ

ਦਿੱਲੀ ਦਾ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਸੀ ਜੋ ਬਹੁਤ ਅਯਾਸ਼ ਸੀ। ਇਸ ਦੇ ਦਰਬਾਰੀਆਂ ਵਿਚੋਂ ਨਿਜ਼ਾਮੁਲ ਮੁਲਕ ਅਤੇ ਸਾਅਦਤ ਖ਼ਾਨ ਨੇ ਨਾਦਰ ਸ਼ਾਹ ਨੂੰ ਹਿੰਦੋਸਤਾਨ ਪੁਰ ਚੜ੍ਹਾਈ ਦਾ ਬੁਲਾਵਾ ਦਿੱਤਾ ਸੀ। ਨਾਦਰ ਸ਼ਾਹ ਨੇ ਸੰਨ 1738 ਵਿਚ ਹਮਲਾ ਕੀਤਾ। ਇਸ ਧਾੜੇ ਸਾਰੇ ਬਰ ਬਰ ਕੰਬਦੇ ਸਨ। ਦਿੱਲੀ ਦੀ ਲੁੱਟ ਵਿੱਚ ਉਹ 1) ਸੱਤਰ ਕਰੋੜ ਰੁਪਏ ਦਾ ਸੋਨਾ ਤੇ ਜਵਾਹਰਾਤ, 2) ਪੰਜੀ ਕਰੋੜ ਰੁਪਿਆ ਤਾਵਾਨ ਜੰਗ, 3) 1000 ਹਾਥੀ, 4) 7000 ਘੋੜੇ 5) 10,000 ਉੱਠ, 6) 200 ਚੰਗੇ ਕਾਰੀਗਰ ਤਰਖਾਨ, 7) 130 ਖੁਸ਼ ਨਵੀਸ, 8) 200 ਲੁਹਾਰ, 9) 300 ਰਾਜ, 10) 200 ਪੱਥਰ-ਘਾੜੇ 11) 100 ਹਿਜੜੇ, ਹਰਮਾਂ ਦੀ ਸੇਵਾ ਲਈ, ਲੈ ਕੇ ਇਰਾਨ ਵਲ ਖਰਕਿਆ। 12) ਆਪਣੇ ਪੁੱਤਰ ਨਸਰੁਲਾ ਦਾ ਵਿਆਹ ਸ਼ਹਜ਼ਾਦੀ ਨਾਲ ਕੀਤਾ 13) ਦੋ ਹਜ਼ਾਰ ਨੌਜਵਾਨ ਲੜਕੀਆਂ ਨਾਲ ਲੈ ਲਈਆਂ।

ਜਦ ਇਹ ਖਬਰ ਨਵਾਬ ਕਪੂਰ ਸਿੰਘ ਨੂੰ ਪਹੁੰਚੀ ਤਾਂ ਰੋਹ ਵਿੱਚ ਆ ਕੇ ਉਸ ਨੇ ਨਿਰਨਾ ਕੀਤਾ ਕਿ ਇਸ ਨਾਦਰ ਸ਼ਾਹ ਨੂੰ ਹੱਲਾ ਕਰਕੇ ਭੇਜਣਾ ਹੈ। ਆਪ ਨੇ ਝੱਟ ਦੋਹਾਂ ਦਲਾਂ ਨੂੰ ਇਕੱਠੇ ਕਰਨ ਦਾ ਪਰਬੰਧ ਕੀਤਾ ਅਤੇ ਇਹ ਐਲਾਨ ਕੀਤਾ ਕਿ ਨਾਦਰਸ਼ਾਹ ਦਾ ਇਹ ਖਿਆਲ ਬਦਲ ਦੇਣਾ ਹੈ ਕਿ ਉਸ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ। ਨਵਾਬ ਕਪੂਰ ਸਿੰਘ ਨੇ ਲੰਮੀ ਵਿਚਾਰ ਉਪਰੰਤ ਇਹ ਵਿਉਂਤ ਬਣਾਈ ਕਿ ਹਰ ਦੂਜੀ ਤੀਜੀ ਰਾਤ ਨੂੰ ਦਿਸ਼ਾ ਤੇ ਸਮਾ ਬਦਲਾ-ਬਦਲਾ ਕੇ ਨਾਦਰਸ਼ਾਹ ਦੇ ਡੇਰੇ ਪੁਰ ਛਾਪੇ ਮਾਰੇ ਜਾਣ ਅਤੇ ਉਸ ਤੋਂ ਦੇਸ਼ ਦੇ ਬੱਚੇ ਤੇ ਇਸਤਰੀਆਂ ਛੁਡਾ ਲਈਆਂ ਜਾਣ ਅਤੇ ਜਿਤਨੇ ਹਥਿਆਰ ਅਤੇ ਘੋੜੇ ਖੋਹੇ ਜਾ ਸਕਣ, ਖੋਹ ਲਏ ਜਾਣ।

ਜਦ ਨਾਦਰ ਸ਼ਾਹ ਨੇ ਚਨਾਬ ਦੇ ਕੰਢੇ ਅਖਨੂਰ ਦੇ ਮੁਕਾਮ ਤੇ ਡੇਰਾ ਕੀਤਾ ਤਾਂ ਪਹਿਲੀ ਰਾਤ ਨੂੰ ਬਹੁਤ ਵਰਖਾ ਹੋਈ। ਇਸ ਭਿਆਨਕ ਸਮੇਂ ਵਿਚ ਖਾਲਸਾ ਈਰਾਨੀਆਂ ਉੱਤੇ ਟੁੱਟ ਪਿਆ ਅਤੇ ਸਿੱਖ ਮਾਰੋ-ਮਾਰ ਕਰਦੇ ਬੰਦੀਵਾਨਾਂ ਦੀ ਵਲਗਨ ਤਕ ਪਹੁੰਚ ਗਏ। ਬਹੁਤ ਭਾਰੀ ਗਿਣਤੀ ਵਿਚ ਕੈਦੀ ਅਤੇ ਇਸਤਰੀਆਂ ਛੁਡਾ ਲਈਆਂ। ਫਿਰ ਸੋਨੇ ਦੇ ਸੰਦੂਕਾਂ ਨੂੰ ਜਾ ਪਏ ਅਤੇ ਬਹੁਤ ਸਾਰੇ ਘੋੜੇ ਵੀ ਸਾਂਭ ਲਏ। ਦੂਜੀ ਭਲਕ ਨਾਦਰ ਸ਼ਾਹ ਆਪਣੇ ਸਾਰੇ ਮੁਖੀ ਕਰਿੰਦਿਆਂ ਤੇ ਖਾਨ ਬਹਾਦਰ, (ਜੋ ਅਰਦਲ ਵਿਚ ਸ਼ਾਹ ਦੇ ਨਾਲ ਸੀ) ਪਰ ਬੜਾ ਕਰੋਧਵਾਨ ਹੋਇਆ ਤੇ ਆਖਿਆ ਇਹਨਾਂ ਲੁਟੇਰਿਆਂ ਦੀ ਜ਼ੁਮੇਵਾਰੀ ਤੇਰੀ ਹੈ ਤੂੰ ਉਨ੍ਹਾਂ ਤੋਂ ਮਾਲ ਵਾਪਸ ਮੰਗਵਾ। ਪਰ ਜ਼ਕਰੀਆਂ ਖ਼ਾਨ ਨੂੰ ਪਤਾ ਸੀ ਕਿ ਇਹਨਾਂ ਸਿੰਘਾਂ ਦੇ ਹੱਥ ਆਈ ਕੋਈ ਵੀ ਵਸਤੂ ਵਾਪਸ ਨਹੀਂ ਹੋ ਸਕਦੀ। ਉਸਨੇ ਮੀਂਹ ਦਾ ਬਹਾਨਾ ਬਣਾ ਕੇ ਆਪਣੀ ਜਾਨ ਬਚਾਈ। ਪਿਛਲੀਆਂ ਦੋ ਰਾਤਾਂ ਖਾਲੀ ਛੱਡੀਆਂ ਗਈਆਂ, ਖਾਲਸਾ ਸਾਮਾਨ ਨੂੰ ਦੂਰ ਛੱਡਣ ਚਲਾ ਗਿਆ ਸੀ। ਤੀਜੀ ਰਾਤ ਖਾਲਸੇ ਨੇ ਪਹਿਲੇ ਤੋਂ ਵਧੇਰੇ ਭਿਆਨਕ ਹਮਲਾ ਕੀਤਾ ਅਤੇ ਹਥਿਆਰ ਲੁਟੇ। ਕੁੱਝ ਸਿੰਘ ਸ਼ਹੀਦ ਵੀ ਹੋ ਗਏ। ਜਦ ਇਨ੍ਹਾਂ ਸ਼ਹੀਦ ਸਿੰਘਾਂ ਦੇ ਦਰਸ਼ਨ ਨਾਦਰ ਸ਼ਾਹ ਨੂੰ ਕਰਵਾਏ ਗਏ ਤਾਂ ਉਹ ਬਹੁਤ ਲਾਲ-ਪੀਲਾ ਹੋਇਆ ਅਤੇ ਕਿਹਾ, "ਇਹਨਾਂ ਦੇ ਘਰ-ਘਾਟ ਕਿਥੇ ਹਨ, ਮੈਂ ਇਹਨਾਂ ਨੂੰ ਖਤਮ ਕਰ ਦਿਆਂਗਾ।" ਤਾਂ ਜ਼ਕਰੀਆ ਖਾਨ ਨੇ ਦੱਸਿਆ ਕਿ "ਇਹਨਾਂ ਦੇ ਘਰ-ਘਾਟ ਘੋੜਿਆਂ ਦੀਆਂ ਕਾਠੀਆਂ ਹਨ।"

ਜ਼ਕਰੀਆ ਖ਼ਾਨ ਤੋਂ, ਸਿੰਘਾਂ ਬਾਰੇ, ਨਾਦਰ ਸ਼ਾਹ ਨੇ ਹੋਰ ਜਾਣਕਾਰੀ ਪ੍ਰਾਪਤ ਕਰਨੀ ਚਾਹੀ। ਜ਼ਕਰੀਆ ਖ਼ਾਨ ਨੇ ਜੋ ਉੱਤਰ ਦਿੱਤਾ ਉਸਦਾ ਵਰਣਨ ਗਿਆਨੀ ਰਤਨ ਸਿੰਘ ਜੀ ਭੰਗੂ ਨੇ ਪੰਥ ਪ੍ਰਕਾਸ਼ ਵਿੱਚ ਇਉਂ ਕੀਤਾ ਹੈ।

ਚੌਪਈ

ਪੂਛਯੋ ਖ਼ਾਨੂੰ ਕੋ ਨਾਦਰ ਆਇ॥ ਹਮ ਕੋ ਲੂਟਨਹਾਰ ਬਤਾਇ॥
ਜਿਨ ਲੁਟ ਖਾਯੋ ਹਮਰੋ ਰਾਹ॥ ਮੁਲਕ ਉਸੇ ਕੋ ਉਡਾ ਦਿਊ ਸਵਾਹਿ ॥3॥

ਤਬ ਖ਼ਾਨੂ ਨੇ ਐਸ ਬਖਾਨੀ॥ ਮੁਲਕ ਉਸੇ ਕੇ ਨਾਹਿ ਨਿਸ਼ਾਨੀ॥
ਖੜੇ ਸੋਵੈਂ ਔਰ ਚਲਤੇ ਖਾਂਹਿ ॥ ਨਾਹਿ ਬੈਠੇ ਵੈ ਕਿਤੇ ਰਖਾਇ॥4॥

ਨੂਨ ਘਿਰਤ ਕੋ ਸੁਵਾਦ ਨ ਜਾਨੇ॥ ਹਮ ਦੁਖ ਦੇਵੈਂ, ਵੋ ਸੁਖ ਮਾਨੇ॥
ਹਾੜ ਨਾ ਦਿਨ ਭਰ ਪੀਵੈ ਪਾਨੀ ॥ ਸਿਆਲ ਰਖੈ ਨ ਅਗਨ ਨਿਸ਼ਾਨੀ॥5॥

ਨਹਿ ਖਾਵੈਂ ਵੈ ਪੀਸਜ ਨਾਜ ॥ ਲੜੇ ਬਹੁਤ ਵੈ ਕਰਕੇ ਭਾਜ॥
ਏਕ ਹੋਏ ਤਾਂ ਸੌ ਸੌ ਲਰੈ॥ ਮਰਨ ਮਾਰਨ ਤੇ ਮੂਲ ਨ ਡਰੈਂ॥6॥

ਨੂੰ ਹਾਜਰ ਕੀਤਾ ਜਾਵੇ। ਕੋਤਵਾਲ ਨੇ ਤੁਰੰਤ ਹੁਕਮ ਨੂੰ ਮੰਨਿਆ। ਜਾਂਦੇ ਹੋਏ ਨਵਾਬ ਕਪੂਰ ਸਿੰਘ ਜੀ ਨੇ ਕੋਤਵਾਲ ਨੂੰ ਕਿਹਾ ਕਿ ਆਪਣੇ ਹਾਕਮਾਂ ਨੂੰ ਕਹਿਣਾ ਕਿ ਸਭ ਤੋਂ ਵੱਡੇ ਬਾਦਸ਼ਾਹ ਦਾ ਕੋਤਵਾਲ **'ਨਵਾਬ ਕਪੂਰ ਸਿੰਘ'** ਆਇਆ ਸੀ ਅਤੇ ਉਸ ਦੇ ਹੁਕਮ ਨਾਲ ਸਭ ਦੀ ਰਿਹਾਈ ਕੀਤੀ ਗਈ ਹੈ, ਜੋ ਕੁਝ ਉਸ ਨੂੰ ਚਾਹੀਦਾ ਸੀ, ਲੈ ਗਿਆ ਹੈ। ਇਹ ਸਾਰਾ ਕਰਤੱਵ, ਆਪ ਨੇ ਬਹੁਤ ਥੋੜੇ ਸਮੇਂ ਵਿਚ ਇਤਨੀ ਫੁਰਤੀ ਨਾਲ ਸਿਰੇ ਚਾੜ੍ਹਿਆ ਕਿ ਵੱਡੇ ਕਰਮਚਾਰੀਆਂ ਨੂੰ ਖਬਰ ਮਿਲਣ ਅਤੇ ਫੋਜ ਦੇ ਪਹੁੰਚਣ ਤੋਂ ਪਹਿਲਾਂ ਹੀ ਆਪ ਅਲੋਪ ਹੋ ਗਏ।

—00—

ਇਤਿਹਾਸ ਗਵਾਹ ਹੈ ਕਿ ਸਿਖ ਕੌਮ ਜਿਥੇ ਅੰਤਾਂ ਦੀ ਦਿਆਲੂ ਕੌਮ ਹੈ ਉਥੇ ਹੈਂਕੜਬਾਜ਼ ਜ਼ਾਲਮ ਨੂੰ ਬਖਸ਼ਦੀ ਵੀ ਨਹੀਂ। ਜਿੰਨੀਆਂ ਵੀ ਸ਼ਹੀਦੀਆਂ ਹੋਈਆਂ ਉਹਨਾਂ ਦਾ ਬਦਲਾ ਲਏ ਬਗੈਰ ਖਾਲਸਾ ਟਲਿਆ ਨਹੀਂ। ਇਹ ਗੱਲ ਵਖਰੀ ਹੈ ਕਿ ਜੇ ਵੈਰੀ ਈਨ ਮੰਨ ਲਵੇ ਜਾਨ ਬਖਸ਼ੀ ਲਈ ਫਰਿਆਦ ਕਰੇ ਤਾਂ ਉਸ ਦੇ ਸਾਰੇ ਔਗੁਣ ਮਾਫ ਕਰਨ ਵਿਚ ਦਿਲ੍ਹ ਨਹੀਂ ਲਾਉਂਦਾ। ਇਸ ਲਈ ਜ਼ਰੂਰੀ ਸੀ ਕਿ ਜਿਨ੍ਹਾਂ ਹਤਿਆਰਿਆਂ ਦਾ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਵਿਚ ਹੱਥ ਸੀ, ਉਹਨਾਂ ਨੂੰ ਉਹਨਾਂ ਦੇ ਕੀਤੇ ਦਾ ਫਲ ਭੁਗਤਾਇਆ ਜਾਵੇ। ਇਸ ਲਈ ਸਭ ਤੋਂ ਪਹਿਲਾਂ ਸ: ਅਘੜ ਸਿੰਘ ਥਰਾਜ ਸਿੰਘ ਨੇ ਉਹਨਾਂ ਕਾਤਲਾਂ ਦਾਂ ਖੁਰਾ ਖੋਜ ਮਿਟਾਇਆ ਪਰ ਅਜੇ ਵੀ ਦੋ ਵੱਡੇ ਹਤਿਆਰੇ—ਸਮੱਦ ਖਾਨ ਅਤੇ ਖਾਨ ਬਹਾਦਰ ਜ਼ਕਰੀਆ ਖਾਨ ਬਾਕੀ ਸਨ। ਇਹ ਅਬਦੁਲ ਸਮੱਦ ਖਾਨ, ਪ੍ਰਸਿਦ ਸਮੱਦ ਖਾਨ ਯੂਸਫਜ਼ਈ[1] ਕਰਕੇ ਮਸ਼ਹੂਰ ਸੀ, ਜਿਸ ਨੇ ਭਾਈ ਮਨੀ ਸਿੰਘ ਜੀ ਨੂੰ ਕਾਫੀ ਕਸ਼ਟ ਦਿੱਤੇ ਸਨ।

—00—

ਹੁਣ ਜ਼ਕਰੀਆਂ ਖਾਨ ਦੀ ਵਾਰੀ ਸੀ। ਇਸ ਨੂੰ ਸਮਝ ਪੈ ਚੁੱਕੀ ਸੀ ਕਿ ਖਾਲਸੇ ਨੇ ਇੱਕ ਦਿਨ ਉਸ ਦਾ ਬੁਰਾ ਹਾਲ ਕਰਨਾ ਹੈ। ਇਸ ਡਰ ਨਾਲ ਉਸ ਨੇ ਕਿਲੇ ਤੋਂ ਬਾਹਰ ਨਿਕਲਣਾ ਬੰਦ ਕਰ ਦਿਤਾ। ਇਧਰ ਨਵਾਬ ਕਪੂਰ ਸਿੰਘ ਨੇ ਖਾਨ ਬਹਾਦਰ ਦੀ ਹਰ ਦਿਨ ਦੀ ਖਬਰ ਪਹੁੰਚਾਣ ਲਈ ਕਈ ਸੂਹੀਏ ਨੀਅਤ ਕੀਤੇ ਹੋਏ ਸਨ। ਇਕ ਦਿਨ ਸੂਹੀਏ ਨੇ ਖਬਰ ਦਿਤੀ ਕਿ ਆਉਂਦੇ ਜੁਮੇਂ ਨੂੰ ਜ਼ਕਰੀਆ ਖਾਨ ਕਿਲੇ ਤੋਂ ਬਾਹਰ ਬਾਦਸ਼ਾਹੀ ਮਸੀਤ ਵਿਚ ਨਮਾਜ ਪੜਨ ਜਾਵੇਗਾ। ਨਵਾਬ ਕਪੂਰ ਸਿੰਘ ਨੇ ਇਕ ਦਮ ਦੋ-ਚਾਰ ਸੂਰਬੀਰ ਚੁਣ ਕੇ ਸਬਜ਼ ਰੰਗ ਦੇ ਬਸਤਰ ਪਹਿਨਾਣ ਦਾ ਪਰਬੰਧ ਕਰ ਲਿਆ ਅਤੇ ਇਸ ਤਰਾਂ ਹੈਦਰੀ ਝੰਡੇ ਦੇ ਨਮੂਨੇ ਪੁਰ ਇਕ ਝੰਡਾ ਤਿਆਰ ਕਰਵਾਇਆ। ਸਿੰਘਾਂ ਦੇ ਦਾੜੇ ਤਾਂ ਪਹਿਲਾਂ ਹੀ ਖੁਲੇ ਹੁੰਦੇ ਸਨ, ਕੇਸ ਵੀ ਖੋਲ੍ਹ ਕੇ ਇਸਲਾਮੀ ਮੁਜਦੀਨਾਂ ਵਾਂਗ ਪਿਛਾਂਹ ਖਿਲਾਰ ਲਏ। ਇਹ ਸਾਰੇ ਇਉਂ ਦਿਸਦੇ ਸਨ ਜਿਵੇਂ ਉਚ ਦੇ ਪੀਰਾਂ ਦੇ ਮੁਰੀਦ ਸਿੰਘਾਂ ਵਿਰੁਧ ਜਹਾਦੀ ਲੜਾਈ ਲਈ ਆਏ ਹੋਣ। ਇਹ ਜੱਥਾ ਰਾਵੀ ਦੇ ਬੇਲੇ ਵਿਚੋਂ 'ਅੱਲਾ ਹੂ ਅਕਬਰ' (ਰੱਬ ਵੱਡਾ ਹੈ) ਨਾਹਰੇ ਲਗਾਉਂਦਾ ਬਾਦਸ਼ਾਹੀ ਮਸੀਤ ਵਲ ਆ ਗਿਆ। ਠੀਕ ਜੁਮੇਂ ਦੀ ਨਿਮਾਜ ਤੋਂ ਪਹਿਲਾਂ ਸਾਰਾ ਜੱਥਾ ਨਵਾਬ ਜੀ ਸਮੇਤ ਟਕਸਾਲੀ ਦਰਵਾਜੇ ਪਾਸ ਬਾਹਰਵਾਰ ਤੈਨਾਤ ਹੋ ਗਿਆ ਅਤੇ ਖਾਨ ਬਹਾਦਰ ਦੀ ਇੰਤਜਾਰ ਕਰਨ ਲੱਗਾ। ਮਾਲੂਮ ਹੁੰਦਾ ਹੈ, ਖਾਨ ਬਹਾਦਰ ਨੂੰ ਖਤਰਾ ਭਾਸ ਗਿਆ ਅਤੇ ਉਸ ਬਾਦਸ਼ਾਹੀ ਮਸੀਤ ਵਿਚ ਨਮਾਜ਼ ਪੜ੍ਹਨ ਦੀ ਵਿਚਾਰ ਬਦਲ ਦਿਤੀ। ਜਦ ਖਾਨ ਨਾ ਪਹੁੰਚਿਆ ਤਾਂ ਸਿੰਘਾਂ ਨੇ 'ਸਤਿ ਸ੍ਰੀ ਅਕਾਲ' ਦੇ ਜੈ ਕਾਰੇ ਛਡੇ ਅਤੇ ਸ਼ਹਿਰ ਵਿਚੋਂ ਜਿਸ ਚੀਜ਼ ਦੀ ਲੋੜ ਹੋ ਗਏ। ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੂੰ ਸਿੰਘ ਆਪਣੇ ਬੋਲਿਆਂ ਵਿੱਚ ਹਕੀਰ ਸੀ ਲੈ ਕੇ ਹਰਨ (ਲਘੂ) ਸਮਝਦੇ ਹੋਏ ਉਸ ਨੂੰ "ਖਾਨੂੰ" (ਅੱਧਾ ਨਾਂ) ਕਰਕੇ ਬੁਲਾਉਂਦੇ ਸਨ।

—00—

ਹੁਣ ਨਾਦਰ ਦੀ ਸੁਧਾਈ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ। ਨਾਦਰਸ਼ਾਹ ਬੜਾ ਜ਼ਾਲਮ ਬਾਦਸ਼ਾਹ ਸੀ। ਦਿੱਲੀ ਵਿਚ ਇਸ ਨੇ ਲਗਭਗ 1,20,000 ਜਵਾਨ, ਬੁਢੇ, ਬਚੇ ਤੇ ਇਸਤਰੀਆਂ ਕਤਲ ਕਰਵਾ ਦਿਤੇ ਸਨ। ਘਰ ਫੂਕ ਦਿਤੇ ਅਤੇ ਮਹੱਲੇ ਲੁਟ ਲਏ ਸਨ। ਇਸ ਸਮੇਂ

1. ਪੰਜਾਬ ਦੇ ਇਤਿਹਾਸ ਵਿਚ ਚਾਰ ਸਮੱਦ ਖਾਨ ਹੋਏ ਹਨ :—

   1) ਪਹਿਲਾ—ਜ਼ਕਰੀਆ ਖ਼ਾਨ ਦਾ ਪਿਤਾ, ਜਿਸ ਨੂੰ ਦਲੇਰ-ਜੰਗ ਵੀ ਕਿਹਾ ਜਾਂਦਾ ਹੈ, ਜੋ 1726 ਈ: ਤਕ ਲਾਹੌਰ ਦਾ ਗਵਰਨਰ ਰਿਹਾ।

   2) ਦੂਜਾ—ਜਿਸ ਨੂੰ ਅਹਿਮਦ ਸ਼ਾਹ ਨੇ ਸਰਹੰਦ ਦਾ ਗਵਰਨਰ ਨੀਅਤ ਕੀਤਾ ਸੀ ਤੇ ਸਿੰਘਾਂ ਨੇ ਜਿਸ ਨੂੰ ਹਾਰ ਦੇ ਕੇ ਕੈਦ ਕਰ ਲਿਆ ਸੀ।

   3) ਤੀਜਾ—ਅਬਦੁਲ ਸਮੱਦ ਖਟਕ ਸੀ, ਇਸ ਨੂੰ ਵੀ ਸਿੰਘਾਂ ਨੇ ਚੰਗੀ ਤਰਾਂ ਜਿੱਚ ਕੀਤਾ ਸੀ।

   4) ਚੌਥਾ—ਅਬਦੁਲ ਸਮੱਦ ਖ਼ਾਨ, ਯੂਸਫਜ਼ਈ ਸੀ। ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰਾਉਣ ਵਿਚ ਇਸ ਦਾ ਕਾਫੀ ਹੱਥ ਸੀ। ਜਦ ਜ਼ਕਰੀਆ ਖ਼ਾਨ ਨੇ ਕਾਜ਼ੀ ਅਬਦੁਲ ਰਜ਼ਾਕ, ਮੁਫਤੀ ਅਬਦੁਲ ਹਨਾਨ ਦੇ ਕਤਲ ਦਾ ਹਾਲ ਸੁਣਿਆ ਤਾਂ ਭਾਵੇਂ ਜ਼ਕਰੀਆ ਖ਼ਾਨ ਤਾਂ ਕੰਬ ਗਿਆ ਪਰ ਇਸ ਦੁਸ਼ਟ ਨੇ ਕਿਹਾ ਕਿ ਇਹਨਾਂ ਦਾ ਬਦਲਾ ਸਿੰਘਾਂ ਪਾਸੋਂ ਲਵਾਂਗਾ।

ਰਾਜਾ ਬਣਾ ਦਿੰਦੀ ਹੈ। ਖਾਲਸਾ ਕਿਉਂਕਿ ਇੱਕ ਪੂਰਨ ਮਨੁੱਖ ਹੈ, ਇਸ ਦਾ ਸਾਰੇ ਗੁਣਾਂ ਨਾਲ ਭਰਪੂਰ ਹੋਣਾ ਬਹੁਤ ਜ਼ਰੂਰੀ ਹੈ। ਖਾਲਸੇ ਦੀ ਸਿਆਸਤ ਧਰਮ ਦੇ ਅਧੀਨ ਹੈ। ਖਾਲਸੇ ਦਾ ਧਰਮ ਪਹਿਲਾਂ ਹੈ ਤੇ ਸਿਆਸਤ ਬਾਦ ਵਿੱਚ। ਖਾਲਸਾ ਕਹਿੰਦਾ ਹੈ ਕਿ ਜਦ ਤੱਕ ਸਿਆਸਤ ਧਰਮ ਅਧੀਨ ਰਹੇਗੀ ਇਹ ਲੋਕ ਭਲਾਈ ਕਰੇਗੀ ਪਰ ਜਦੋਂ ਇਹ ਧਰਮ ਤੇ ਹਾਵੀ ਹੋ ਗਈ ਤਾਂ ਧਰਮ ਨੂੰ ਬਦਨਾਮ ਕਰ ਦੇਵੇਗੀ।

ਨਵਾਬ ਕਪੂਰ ਸਿੰਘ ਦੇ ਜੀਵਨ ਬ੍ਰਿਤਾਂਤ ਵਿੱਚ ਪੜ੍ਹਿਆ ਹੈ ਕਿ ਉਹਨਾਂ ਨੇ ਧਰਮ ਦੀ ਖ਼ਾਤਰ, ਸੱਚ ਨਿਆਂ ਦੀ ਖ਼ਾਤਰ, ਧਰਮ ਦੇ ਦੋਖੀਆਂ ਨੂੰ ਕਿਸ ਤਰ੍ਹਾਂ ਸਜ਼ਾਵਾਂ ਦਿੱਤੀਆਂ। ਸਮੱਦ ਖ਼ਾਨ ਨੂੰ ਕਿਵੇਂ ਮਾਰਿਆ। ਨਾਦਰ ਸ਼ਾਹ ਨੂੰ ਕਿਵੇਂ ਕੁੱਟਿਆ। ਪਰ ਆਪ ਕਾਬੂ ਨਾ ਆਏ। ਜ਼ਕਰੀਆ ਖ਼ਾਨ ਵਰਗੇ ਜ਼ਾਲਮ ਨੂੰ ਕਿੰਨੀ ਵਾਰੀ ਉਹਨਾਂ ਜਿਚ ਕੀਤਾ, ਇਹ ਵੀ ਵਰਣਨਯੋਗ ਹੈ। ਆਪ ਦਾ ਮੁਸਲਮਾਨੀ ਭੇਸ ਵਿੱਚ ਹੋਰ ਸਿੰਘਾਂ ਸਮੇਤ ਲਾਹੌਰ ਜਾਣਾ ਅਤੇ ਕਾਜ਼ੀਆਂ, ਮੁਲਾਣਿਆਂ ਦੀ ਆਕੜ ਭੰਨਣਾ, ਇਕ ਵੱਡੇ ਸਿਆਸਤਦਾਨ ਦਾ ਕੰਮ ਹੈ। ਇਸ ਕੌਤਕ ਨਾਲ ਵੈਰੀ ਇੰਨਾ ਧਰਕਿਆ ਕਿ ਤੌਬਾ ਤੌਬਾ ਕਰ ਉਠਿਆ। ਸਿਆਣੇ ਸਿਆਸਤਦਾਨ ਦਾ ਤਾਂ ਇਹ ਹੀ ਇਕ ਵੱਡਾ ਗੁਣ ਹੁੰਦਾ ਹੈ ਕਿ ਬਹੁਤੀ ਤਾਕਤ ਨਾ ਹੁੰਦੇ ਹੋਏ ਵੀ ਬਹੁਤੀ ਤਾਕਤ ਵਾਲੇ ਨੂੰ ਧਰਕਾਈ ਰੱਖਣਾ। ਆਪ ਜੀ ਤੋਂ ਜ਼ਕਰੀਆ ਖ਼ਾਨ ਇੰਨਾ ਭੈਭੀਤ ਹੋ ਗਿਆ ਸੀ ਕਿ ਉਹ ਕਈ ਸਾਲ ਕਿਲ੍ਹੇ ਤੋਂ ਬਾਹਰ ਹੀ ਨਹੀਂ ਸੀ ਨਿਕਲਿਆ।

ਸਫਲ ਪ੍ਰਬੰਧਕ

ਭੇਡਾਂ ਦੇ ਇਜੜ ਨੂੰ ਤਾਂ ਹਰ ਕੋਈ ਕੰਟਰੋਲ ਕਰ ਸਕਦਾ ਹੈ ਪਰ ਸ਼ੇਰਾਂ ਦੇ ਵੱਗ ਨੂੰ ਕਾਬੂ ਰੱਖਣਾ ਬਹੁਤ ਔਖੀ ਗੱਲ ਹੁੰਦੀ ਹੈ। ਇਹ ਨਵਾਬ ਕਪੂਰ ਸਿੰਘ ਜੀ ਦੇ ਹਿੱਸੇ ਹੀ ਆਉਂਦਾ ਹੈ ਕਿ ਜਿਸ ਖਾਲਸੇ ਦੇ ਰੋਅਬ ਦਾਬ ਤੋਂ ਵੱਡੇ ਵੱਡੇ ਨਾਦੂਖ਼ਾਨ ਵੀ ਖ਼ਮ ਖਾਂਦੇ ਸਨ, ਉਨ੍ਹਾਂ ਨੇ ਉਸਨੂੰ ਸੰਗਠਤ ਕਰਕੇ ਰੱਖਿਆ ਤੇ ਉਸ ਦੀ ਤਾਕਤ ਦਾ ਸਹੀ ਅਤੇ ਮੌਕੇ ਮੁਤਾਬਿਕ ਇਸਤੇਮਾਲ ਕੀਤਾ।

ਸਿੱਖ ਪੰਥ ਨੂੰ ਸਭ ਤੋਂ ਪਹਿਲਾਂ ਦੋ ਦਲਾਂ ਵਿੱਚ ਵੰਡਣਾ, ਫਿਰ ਪੰਜਾਂ ਹਿੱਸਿਆਂ ਵਿੱਚ ਵੰਡਣਾ ਤੇ ਅੰਤ 12 ਹਿੱਸਿਆਂ (ਮਿਸਲਾਂ) ਵਿੱਚ ਵੰਡ ਕੇ ਸਾਰਿਆਂ ਨੂੰ ਸਹੀ ਅਗਵਾਈ ਦੇਣੀ ਇਹ ਆਪ ਜੀ ਦੇ ਸਫਲ ਪ੍ਰਬੰਧਕ ਦੇ ਗੁਣ ਸਨ।

ਸਫਲ ਗੁਰਮਤਿ ਪ੍ਰਚਾਰਕ

ਇਕ ਸਿੱਖ ਆਗੂ ਦਾ ਜਿਥੇ ਗੁਰਮਤਿ ਦਾ ਧਾਰਨੀ ਹੋਣਾ ਨਿਹਾਇਤ ਜ਼ਰੂਰੀ ਹੈ ਉਥੇ ਗੁਰਮਤਿ ਪ੍ਰਚਾਰਕ ਹੋਣਾ ਵੀ ਉਨ੍ਹਾਂ ਹੀ ਜ਼ਰੂਰੀ ਹੈ। ਜਿਹੜਾ ਸਿੱਖ ਆਗੂ ਕੇਵਲ ਦਿਖਲਾਵੇ ਦਾ ਸਿੱਖ ਹੀ ਹੈ, ਉਹ ਕਦੀ ਵੀ ਕਾਮਯਾਬ ਆਗੂ ਨਹੀਂ ਬਣ ਸਕਦਾ। ਹੋ ਸਕਦਾ ਹੈ ਕਿ ਕੁੱਝ ਸਮੇਂ ਲਈ ਆਪਣੀ ਮਾਇਆ ਜਾਂ ਬਾਹਾਂ ਦੇ ਬਲ-ਬੋਤੇ ਲੀਡਰੀ ਚਮਕਾ ਜਾਵੇ, ਬਹੁਤ ਲੰਮੇਂ ਸਮੇਂ ਤੀਕ ਉਹ ਆਪਣਾ ਪ੍ਰਭਾਵ ਕਾਇਮ ਨਹੀਂ ਰੱਖ ਸਕਦਾ ਕਿਉਂਕਿ ਸਿੱਖੀ ਦਾ ਧੁਰਾ ਹੀ ਧਰਮ ਹੈ ਨਾ ਕਿ ਸਿਆਸਤ। ਨਵਾਬ ਕਪੂਰ ਸਿੰਘ ਜੀ ਅੰਦਰ ਗੁਰਮਤਿ ਪ੍ਰਚਾਰ ਦੀ ਇੰਨੀ ਲਗਨ ਸੀ ਕਿ ਗੈਰ ਸਿੱਖ ਅਤੇ ਜਨੂੰਨੀ ਇਤਿਹਾਸਕਾਰ ਸਯਦ ਮੁਹੰਮਦ ਲਤੀਫ ਵੀ ਆਪ ਜੀ ਬਾਰੇ ਇਉਂ ਲਿਖਦਾ ਹੈ :

"ਨਵਾਬ ਕਪੂਰ ਸਿੰਘ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਜਟਾਂ, ਤਰਖਾਣਾਂ, ਜੁਲਾਹਿਆਂ, ਝੀਵਰਾਂ ਅਤੇ ਖਤਰੀਆਂ ਨੂੰ ਆਪਣੇ ਹੱਥੀਂ ਅੰਮ੍ਰਿਤ ਛਕਾ ਕੇ ਗੁਰੂ ਗੋਬਿੰਦ ਸਿੰਘ ਦੇ ਸਿੱਖੀ ਮੰਡਲ ਵਿੱਚ ਅਭੇਦ ਕੀਤਾ।"

ਤਖਤ ਉਪਰਿ ਸੋ ਬਹੇ ਜੋ ਤਖਤੇ ਲਾਇਕ ਹੋਵੇ

ਸੰਨ 1753 ਈ: ਵਿੱਚ ਚੜ੍ਹਾਈ ਕਰਨ ਤੋਂ ਪਹਿਲਾਂ, ਆਪ ਜੀ ਨੇ ਸਰਬਤ ਖਾਲਸੇ ਦਾ ਇਕੱਠ ਬੁਲਾਇਆ। ਇਸ ਸਮੇਂ ਆਪ ਨੇ ਆਪਣੇ ਆਗਿਆਕਾਰ ਤੇ ਬਹਾਦਰ ਭਤੀਜੇ ਸਰਦਾਰ ਖੁਸ਼ਹਾਲ ਸਿੰਘ ਨੂੰ ਪੰਥ ਦੀ ਜੱਥੇਦਾਰੀ ਦੇਣ ਦੀ ਬਜਾਏ ਸ: ਜੱਸਾ ਸਿੰਘ ਜੀ ਆਹਲੂਵਾਲੀਏ ਨੂੰ ਪੰਥ ਦੀ ਜਥੇਦਾਰੀ ਸੌਂਪੀ ਕਿਉਂਕਿ ਆਪ ਇਸ ਪਦ ਨੂੰ ਪੰਥ ਦੀ ਅਮਾਨਤ ਹੀ ਸਮਝਦੇ ਸਨ, ਨਾ ਕਿ ਨਿਜੀ ਵਿਰਾਸਤ।

ਮੁੱਕਦੀ ਗੱਲ ਕਿ ਜਿੰਨੇ ਉਚੇ ਗੁਣ ਪੰਥ ਦੇ ਜੱਥੇਦਾਰ ਵਿੱਚ ਲੋੜੀਂਦੇ ਹਨ ਉਹ ਸਭ ਆਪ ਜੀ ਦੇ ਜੀਵਨ ਵਿੱਚ ਪਾਏ ਜਾਂਦੇ ਸਨ।

ਨਵਾਬ ਕਪੂਰ ਸਿੰਘ ਜੀ ਇਤਿਹਾਸਕਾਰਾਂ ਦੀ ਨਜ਼ਰ ਵਿੱਚ

"ਨਵਾਬ ਕਪੂਰ ਸਿੰਘ ਜੀ ਦੀ ਅਗਵਾਈ ਵਿੱਚ ਖਾਲਸਾ ਪੰਥ ਦਾ ਪ੍ਰਤਾਪ ਵਧਿਆ। ਤੁਰਕ ਵੀ ਆਪ ਦੇ ਰੋਅਬ ਤੋਂ ਭੈ ਖਾਂਦੇ ਸਨ ਅਤੇ ਜਗੀਰ ਦੇ ਟਕੇ (ਮਾਲੀਆ) ਆਪ ਉਗਰਾਹ ਕੇ ਉਸ ਦੇ ਪਾਸ ਪਹੁੰਚਾ ਦੇਂਦੇ ਸਨ।

ਨਵਾਬੀ ਮਿਲਣ ਪਰ ਹੰਕਾਰ ਦੀ ਬਜਾਏ ਉਹ ਇਕ ਫਲਦਾਰ ਬ੍ਰਿਛ ਦੀ ਤਰ੍ਹਾਂ ਹੋਰ ਨਿਮ੍ਰਤਾ ਨਾਲ ਪੰਥ ਦੀ ਸੇਵਾ ਕਰਨ ਵਿਚ ਤਤਪਰ ਹੁੰਦੇ ਸਨ। ਆਪ ਨੇ ਖਿੰਡੇ ਹੋਏ ਖਾਲਸੇ ਨੂੰ ਇਕ ਲੜੀ ਵਿਚ ਪਰੋ ਦਿੱਤਾ ਤੇ ਉਸ ਵਿੱਚ ਇੰਨਾ ਗੂੜ੍ਹਾ ਪਿਆਰ ਭਰ ਦਿੱਤਾ ਕਿ ਸਿੱਖ ਆਪਸ ਵਿਚ ਸਕੇ ਭਰਾਵਾਂ ਤੋਂ ਵੱਧ ਪਿਆਰ ਕਰਨ ਲੱਗ ਪਏ।

ਦੋਹਰਾ ॥
ਰਹੈ ਚਾਉ ਉਨ ਮਰਨ ਕੋ ਦੀਨ ਮਜ਼ਹਬ ਕੇ ਭਾਇ ॥
ਹਮ ਮਾਰਤ ਉਨ ਥਕ ਗਏ ਉਇ ਘਟਤ ਨ ਕਿਤਹੂ ਜਾਇ ॥7॥

ਨਾਦਰ ਸ਼ਾਹ ਨੇ ਜਦ ਸਿੰਘਾਂ ਦੇ ਇਹ ਹਾਲਾਤ ਸੁਣੇ ਤਾਂ ਕਹਿਣ ਲਗਾ ਕਿ ਉਹ ਦਿਨ ਦੂਰ ਨਹੀਂ ਜਦ ਇਹ ਮੁਲਕ ਦੇ ਬਾਦਸ਼ਾਹ ਬਨਣਗੇ।

ਖਾਲਸੇ ਨੇ ਨਾਦਰ ਸ਼ਾਹ ਦਾ ਪਿਛਾ ਕਰਕੇ ਉਸ ਨੂੰ ਕਾਫੀ ਹਲਕਾ ਕੀਤਾ, ਇਸਤ੍ਰੀਆਂ, ਧਨ, ਘੋੜੇ ਅਤੇ ਹਥਿਆਰ ਵਾਪਸ ਲਏ।

—00—

(ਅਸੂ ਸੁਦੀ ਦਸਵੀਂ ਸੰਮਤ 1811) ਸੰਨ 1853 ਵਿੱਚ ਅੰਮ੍ਰਿਤਸਰ ਵਿਖੇ ਇਕ ਵੱਡਾ ਇਕੱਠ ਹੋਇਆ ਅਤੇ ਨਵਾਬ ਨੇ ਖਾਲਸੇ ਨੂੰ ਦੱਸਿਆ, ਕਿ ਸਮਾਂ ਹੁਣ ਨੇੜੇ ਹੈ, ਮੈਂ ਜਦ ਵੀ ਆਪ ਤੋਂ ਕਿਸੇ ਦਾਨ ਦੀ ਮੰਗ ਕੀਤੀ ਹੈ ਤਾਂ ਆਪ ਸਦਾ ਹੀ ਨਿਵਾਜਦੇ ਰਹੇ ਹੋ। ਪਰ ਹੁਣ ਮੈਂ ਅੰਤਿਮ ਦਾਨ ਮੰਗਦਾ ਹਾਂ, ਮੈਨੂੰ ਪੂਰੀ ਆਸ ਹੈ ਕਿ ਆਪ ਮੈਨੂੰ ਇਹ ਦਾਨ ਬਖ਼ਸ਼ ਕੇ ਨਿਵਾਜੋਂਗੇ। ਉਹ ਮੰਗ ਇਹ ਹੈ ਕਿ ਆਪ ਨੇ ਇਕ ਮੁੱਠ ਹੋ ਕੇ ਰਹਿਣਾ, ਅੱਜ ਤੋਂ ਆਪ ਨੂੰ ਸ: ਜੱਸਾ ਸਿੰਘ ਆਹਲੂਵਾਲੀਏ ਜੈਸੀ ਮਹਾਨ ਗੁਰਸਿੱਖ ਹਸਤੀ ਨੂੰ ਸੌਂਪਣਾ ਕੀਤੀ ਹੈ। ਉਪਰੰਤ ਆਪ ਨੇ ਸ੍ਰੀ ਕਲਗੀਧਰ ਜੀ ਦੇ ਗਾਤਰੇ ਦੀ ਸ੍ਰੀ ਸਾਹਿਬ ਜੋ ਆਪ ਨੂੰ ਮਾਤਾ ਸੁੰਦਰ ਕੌਰ ਜੀ ਤੋਂ ਪ੍ਰਾਪਤ ਹੋਈ ਸੀ, ਸ: ਜੱਸਾ ਸਿੰਘ ਨੂੰ ਬਖਸ਼ੀ। ਇਸ ਦੇ ਨਾਲ ਹੀ ਪੰਥ ਦੀ ਜਥੇਦਾਰੀ ਉਸ ਦੇ ਹੱਥ ਸੌਂਪ ਕੇ ਆਪ ਚੜ੍ਹਾਈ ਕਰ ਗਏ। ਆਪ ਦਾ ਸਸਕਾਰ ਬਾਬਾ ਅਟੱਲ ਜੀ ਦੇ ਗੁਰਦੁਆਰੇ ਪਾਸ ਕੀਤਾ ਗਿਆ।

—00—

ਨਵਾਬ ਕਪੂਰ ਸਿੰਘ ਜੀ ਦੀ ਸਖਸ਼ੀਅਤ

ਡੀਲ ਡੌਲ

ਆਪ ਦਾ ਕੱਦ ਲਗਪਗ ਸਾਰਿਆਂ ਫੌਜੀ ਸਰਦਾਰਾਂ ਨਾਲੋਂ ਉੱਚਾ ਸੀ। ਸਰੀਰ ਗੱਠਿਆ ਹੋਇਆ, ਚੌੜੀ ਛਾਤੀ, ਜੁੱਸਾ ਕਰੜਾ, ਚਿਹਰੇ ਤੇ ਤੇਜਮਈ ਝਲਕ ਸੀ।

ਨਿਰਭੈਤਾ

ਸਿੱਖ ਰਵਾਇਤਾਂ ਅਨੁਸਾਰ ਜਰਨੈਲ ਹਮੇਸ਼ਾਂ, ਅਗਾਂਹ ਹੋ ਕੇ ਹੀ ਲੜਿਆ ਕਰਦੇ ਹਨ। ਨਵਾਬ ਸਾਹਿਬ ਵੀ ਲਗਪਗ ਹਰ ਮੈਦਾਨਿ-ਜੰਗ ਵਿੱਚ ਅਗਾਂਹ ਹੋ ਕੇ ਜੂਝਦੇ ਰਹੇ। ਇਹੋ ਹੀ ਕਾਰਨ ਸੀ ਕਿ ਆਪ ਦਾ ਸਾਰਾ ਸਰੀਰ ਜ਼ਖ਼ਮਾਂ ਨਾਲ ਛਾਨਣੀ ਹੋਇਆ ਸੀ।

ਦੂਰ-ਅੰਦੇਸ਼

ਲੀਡਰਾਂ ਦੀ ਦੂਰ-ਅੰਦੇਸ਼ੀ ਕੌਮ ਨੂੰ ਅਗਾਂਹ ਲਿਜਾਂਦੀ ਹੈ। ਜੇ ਆਗੂ ਦੂਰ-ਅੰਦੇਸ਼ ਨਹੀਂ ਹੁੰਦੇ, ਭਾਵੇਂ ਉਹ ਆਪਣੇ ਸਮੇਂ ਵਿਚ ਜਿੰਨੀਆਂ ਮਰਜ਼ੀ ਮੱਲਾਂ ਮਾਰ ਲੈਣ, ਪਰ ਇਹ ਸਭ ਉਹਨਾਂ ਤੋਂ ਬਾਦ ਖਿਨ ਭੰਗਰ (Short Lived) ਹੋ ਜਾਂਦੀਆਂ ਹਨ।

ਨਵਾਬ ਕਪੂਰ ਸਿੰਘ ਇਕ ਮਹਾਨ ਦੂਰ-ਅੰਦੇਸ਼ ਆਗੂ ਸਿੰਘ ਸਨ। ਉਹਨਾਂ ਨੇ ਕੌਮ ਦੀ ਅਗਵਾਈ ਐਸੇ ਮੌਕੇ ਤੇ ਕੀਤੀ ਜਦੋਂ ਪੱਤਾ ਪੱਤਾ ਸਿੰਘਾਂ ਦਾ ਦੁਸ਼ਮਣ ਸੀ।

ਜਦੋਂ ਜ਼ਕਰੀਆ ਖ਼ਾਨ ਨੇ 1734 ਈ: ਵਿੱਚ ਆਪਣਾ ਵਾਅਦਾ ਤੋੜ ਕੇ ਸਿੰਘਾਂ ਦੇ ਇਲਾਕੇ ਤੇ ਹੱਲਾ ਕੀਤਾ ਤਾਂ ਨਵਾਬ ਸਾਹਿਬ ਦਾ ਇਹ ਕਹਿਣਾ, ਕਿ "ਖਾਲਸਾ ਸਾਰੇ ਪੰਜਾਬ ਤੇ ਰਾਜ ਕਰੇਗਾ, ਇਕ ਛੋਟੀ ਜਿਹੀ ਜਗੀਰ ਨਾਲ ਖਾਲਸੇ ਦਾ ਕੁੱਝ ਨਹੀਂ ਬਣਦਾ" ਉਨ੍ਹਾਂ ਦੀ ਰਾਜਸੀ ਸੂਝ-ਬੂਝ ਦਾ ਲਖਾਇਕ ਹੈ। ਇਹ ਕਹਿਕੇ ਉਨ੍ਹਾਂ ਨੇ ਇੱਕ ਤਾਂ ਸਿੰਘਾਂ ਨੂੰ ਆਤਮਹੀਣਤਾ ਦੀ ਭਾਵਨਾ ਦੇ ਮਾਰੂ ਅਸਰ ਤੋਂ ਬਚਾ ਲਿਆ, ਦੂਜਾ, ਸਿੱਖਾਂ ਨੂੰ ਸ਼ਕਤੀਸ਼ਾਲੀ ਰਾਜ ਪ੍ਰਾਪਤ ਕਰਨ ਦੇ ਆਹਰਾਂ ਵਿੱਚ ਲੱਗਾ ਦਿੱਤਾ। ਆਪਣੇ ਬਾਦ ਸ: ਜੱਸਾ ਸਿੰਘ ਜੀ ਨੂੰ ਖਾਲਸਾ ਕੌਮ ਦਾ ਆਗੂ ਸਥਾਪਤ ਕਰਨਾ ਇੱਕ ਮਹਾਨ ਦੂਰ ਅੰਦੇਸ਼ੀ ਦਾ ਕੰਮ ਸੀ, ਜਿਸ ਨੂੰ ਬਾਦ ਵਿੱਚ ਆਪਣੇ ਗੁਣਾਂ ਕਾਰਨ ਪੰਥ ਨੇ ਸੁਲਤਾਨੁਲ ਕੌਮ ਦਾ ਖਿਤਾਬ ਬਖ਼ਸ਼ਿਆ।

ਨਿੱਡਰ ਸਿਆਸਤਦਾਨ

ਸਿਆਸਤ ਇਕ ਐਸੀ ਬਿਮਾਰੀ ਹੈ, ਜਿਸਦੇ ਗਲ ਪੈ ਜਾਵੇ ਉਸਨੂੰ ਖਾ ਜਾਂਦੀ ਹੈ। ਇਹ ਵੱਡਿਆਂ ਵੱਡਿਆਂ ਨੂੰ ਰਾਜੇ ਤੋਂ ਰੰਕ ਤੇ ਰੰਕ ਤੋਂ

7. 'ਬੰਦਾ ਬਹਾਦਰ ਦੀ ਸ਼ਹੀਦੀ ਦੇ ਬਾਅਦ ਜਦੋਂ ਖਾਲਸਾ ਖੇਰੂ ਖੇਰੂ ਹੋ ਗਿਆ ਸੀ, ਇਹ ਇਸੇ ਦੂਰ ਦਰਸ਼ੀ ਨਵਾਬ ਕਪੂਰ ਸਿੰਘ ਦਾ ਕੰਮ ਸੀ ਕਿ ਖਿੰਡੇ ਹੋਏ ਖਾਲਸੇ ਨੂੰ ਮੁੜ ਜਥੇਬੰਦ ਕਰਕੇ ਅਤਿ ਸ਼ਕਤੀਮਾਨ ਬਣਾ ਦਿੱਤਾ। ਆਪ ਦੀ ਬੀਰਤਾ ਅਤੇ ਉੱਚ ਧਰਮੀ ਜੀਵਨ ਨੇ ਖਾਲਸੇ ਦੇ ਆਗੂਆਂ ਦੇ ਮਨਾਂ ਵਿੱਚ ਇੱਕ ਨਵੇਂ ਖਿਆਲ ਦਾ ਬੀਜ ਪਾ ਦਿੱਤਾ ਤੇ ਖਾਲਸੇ ਨੇ ਹੁਣ ਧਾਰਮਿਕ ਸਿਧਾਂਤਾਂ ਦੇ ਨਾਲ ਦੇਸ਼ ਦੀ ਆਜ਼ਾਦੀ ਅਤੇ ਖਾਲਸੇ ਲਈ ਰਾਜ ਭਾਗ ਦੀ ਪ੍ਰਾਪਤੀ ਦਾ ਸਿਧਾਂਤ ਵੀ ਅਪਨਾ ਲਿਆ। ਇਸ ਨੇ ਪਹਿਲਾਂ ਖਿਲਰੇ ਹੋਏ ਖਾਲਸੇ ਨੂੰ ਦੋਵਾਂ ਦਲਾਂ ਦੇ ਰੂਪ ਵਿਚ ਜਥੇਬੰਦ ਕੀਤਾ।

ਇਹਨਾਂ ਦੀ ਬਹਾਦਰੀ ਦਾ ਸਿੱਕਾ ਅੰਮ੍ਰਿਤਸਰ ਤੋਂ ਦਿੱਲੀ ਤੀਕ ਮੰਨਿਆ ਜਾਂਦਾ ਸੀ। ਸਾਰੇ ਸਿੰਘਾਂ ਵਿਚ ਉਹ ਮਹਾਨ ਪਵਿਤਰ ਜੀਵਨ ਵਾਲਾ ਮੰਨਿਆ ਜਾਂਦਾ ਸੀ। ਇਸ ਲਈ ਉਸ ਨੂੰ ਸਾਰਾ ਪੰਥ ਸਤਿਕਾਰਦਾ ਸੀ।

(ਡਾ: ਗੋਕਲ ਚੰਦ ਨਾਰੰਗ—ਟ੍ਰਾਂਸਫਾਰਮੇਸ਼ਨ ਆਫ ਸਿੱਖਇਜ਼ਮ)

8. 'ਖਾਲਸਾ ਦਲ ਕਪੂਰ ਸਿੰਘ ਦੀ ਯੋਗ ਅਗਵਾਈ ਵਿਚ ਉੱਨਤੀ ਦੀ ਚੋਟੀ ਪੁਰ ਪੁੱਜਾ। ਇਹ ਸਿੱਖ ਆਗੂਆਂ ਵਿਚ ਸਭ ਤੋਂ ਮੁਖੀ ਆਗੂ ਮੰਨਿਆ ਜਾਂਦਾ ਸੀ। ਇਸ ਦੀ ਵਡਿਆਈ ਦਾ ਕਾਰਨ ਇਹ ਸੀ ਕਿ ਉਸ ਨੇ ਸਿੱਖਾਂ ਦੇ ਮਨ ਵਿਚ ਇਹ ਬੀਜ, ਬੀਜ ਦਿੱਤਾ ਸੀ ਕਿ ਸਿੰਘ ਪੰਜਾਬ ਵਿਚ ਸੁਤੰਤਰ ਰਾਜ ਦੇ ਮਾਲਕ ਹੋਣੇ ਚਾਹੀਦੇ ਹਨ।

(ਸੱਯਦ ਮੁਹੰਮਦ ਲਤੀਫ-ਹਿਸਟਰੀ ਆਫ ਪੰਜਾਬ)

ਮੁਕਦੀ ਗੱਲ ਇਹ ਕਿ ਸਾਰੇ ਇਤਿਹਾਸਕਾਰ, ਭਾਵੇਂ ਉਹ ਜਨੂਨੀ ਵੀ ਕਿਉਂ ਨਾ ਹੋਣ, ਨਵਾਬ ਕਪੂਰ ਸਿੰਘ ਜੀ ਦੀ ਮਹਾਨ ਸ਼ਖਸੀਅਤ ਤੋਂ ਪ੍ਰਭਾਵਤ ਹੋਇਆਂ ਬਿਨਾ ਨਹੀਂ ਰਹਿ ਸਕੇ।

ਸਾਡੇ ਵਰਤਮਾਨ ਆਗੂਆਂ ਨੂੰ ਵੀ ਸਰਦਾਰ ਕਪੂਰ ਸਿੰਘ ਜੀ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ। ਉਨ੍ਹਾਂ ਨੂੰ ਵੀ ਨਿਗਮਾਣ, ਚੇਤਨ, ਨਿਰਭੈ ਅਤੇ ਨਿਰਲੋਭ ਹੋ ਕੇ ਪੰਥ ਦੀ ਸੇਵਾ ਕਰਨੀ ਚਾਹੀਦੀ ਹੈ। ਨਿੱਜੀ ਲਾਭਾਂ ਦਾ ਧਿਆਨ ਨਾ ਰੱਖਦੇ ਹੋਇਆਂ ਸਿੱਖੀ ਦੀ ਆਨ-ਸ਼ਾਨ ਨੂੰ ਬਰਕਰਾਰ ਰੱਖਣ ਲਈ ਜਤਨਸ਼ੀਲ ਰਹਿਣਾ ਚਾਹੀਦਾ ਹੈ।

—00—

'ਕਪੂਰ ਸਿੰਘ ਨਵਾਬ ਭਏ ਤੋਂ ਸਿੰਘਨ ਵਧਯੋ ਪਰਤਾਪ ।
ਤੁਰਕ ਖੁਸ਼ਾਮਦ ਬਹੁ ਕਰੈਂ ਟਕੇ ਦੇਂ ਘਾਲੈਂ ਆਪ ।'......
ਕਪੂਰ ਸਿੰਘ ਪਰ ਕਿਰਪਾ ਪੰਥ ਕਰੀ ।
ਭਲੀ ਬੁਧ ਆਇ ਤਿਸ ਮੈਂ ਧਰੀ ।
ਬਹੁਤ ਸਿੰਘ ਕੋ ਆਦਰ ਧਰੈ ।
ਬਿਨਾ ਪੁਛ ਪੰਥ ਗਲ ਨ ਕਰੈ । ੯ ।

ਟਹਲ ਅਗੈ ਤੇ ਕਰੇ ਸਵਾਈ ।
ਬਹੁਤ ਗਰੀਬੀ ਉਸ ਮਨ ਆਈ ।
ਜਿਮ ਜਿਮ ਪੰਥਹਿ ਟਹਲ ਕਮਾਵੈ ।
ਤਿਮ ਤਿਮ ਸਿੰਘ ਜੀ ਗੁਰਮਤ ਆਵੈ । ੧੦ ।
....
ਇਕ ਥਾਂ ਤੇ ਸਭ ਲੇ ਪੁਸ਼ਾਕ ।
ਇਕਹਿ ਥਾਂਏਂ ਸਭ ਦੇਵਹਿ ਰਾਖ ।
ਇਕ ਥਾਂਏਂ ਸਭ ਰਖੈਂ ਕਮਾਈ ।
ਰਖੈ ਨਾਹੀ ਕੋਈ ਤਿਸ ਛਪਾਈ ।
ਦਰਬ ਲਿਆਵੈਂ ਜੋ ਬਾਹਰੋਂ ਕੋਈ ।
ਪਾਵੈ ਖਜ਼ਾਨੇ ਇਕ ਥਾਂ ਸੋਈ ।"

(ਰਤਨ ਸਿੰਘ ਭੰਗੂ)

ਨਵਾਬ ਕਪੂਰ ਸਿੰਘ, ਆਪਣੇ ਆਪ ਵਿੱਚ ਵੱਡੇ ਹੌਂਸਲੇ ਵਾਲਾ ਅਤੇ ਬਹਾਦਰ ਸਿੰਘ ਸੀ । ਉਹ ਲੜਾਈ ਦੇ ਮੈਦਾਨ ਵਿੱਚ ਮਸਤ ਹਾਥੀ ਦੀ ਤਰ੍ਹਾਂ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਾ ਹੋਇਆ ਵੈਰੀਆਂ ਦੇ ਸਿਰ ਜਾ ਚੜ੍ਹਦਾ ਸੀ । ਇਸ ਦੇ ਸਾਰੇ ਸਰੀਰ ਪਰ ਫੱਟਾਂ ਦੇ ਚਿੰਨ੍ਹ ਸਨ । ਇਸ ਨੂੰ ਇਸ ਗੱਲ ਪਰ ਮਾਣ ਸੀ ਕਿ ਇਸ ਨੇ ਪੰਥ ਸੇਵਾ ਦੇ ਰਣ-ਖੇਤਰ ਵਿੱਚ ਆਪਣਾ ਸਰੀਰ ਜ਼ਖਮਾਂ ਨਾਲ ਛਾਨਣੀ ਕਰਵਾ ਲਿਆ ਸੀ ਪਰ ਕਦੇ ਮੈਦਾਨੇ ਜੰਗ ਵਿੱਚੋਂ ਪਿੱਠ ਨਹੀਂ ਸੀ ਹਟਿਆ ।

ਨਵਾਬ ਕਪੂਰ ਸਿੰਘ ਨੂੰ ਸਿੱਖੀ ਦੇ ਪ੍ਰਚਾਰ ਦਾ ਬੇਅੰਤ ਚਾਅ ਸੀ, ਹਜ਼ਾਰਾਂ ਹੀ ਅੱਡ ਅੱਡ ਜਾਤੀਆਂ ਦੇ ਆਦਮੀਆਂ ਨੂੰ ਇਸ ਨੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਸੀ। ਊਚ ਨੀਚ ਦੀ ਕੋਈ ਪ੍ਰਵਾਹ ਨਹੀਂ ਸੀ ਕਰਦਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਪੂਰਾ ਕਰਦਾ ਰਿਹਾ ।

(ਗਿਆਨੀ ਗਿਆਨ ਸਿੰਘ)

3. ਇਹ ਧਰਮਵੀਰ ਪੰਥ ਦੀ ਵੱਡੀ ਸੇਵਾ ਕਰਦਾ ਰਿਹਾ ਅਤੇ ਕਰਣੀ ਵਾਲੇ ਸਿੰਘਾਂ ਵਿੱਚ ਇਸ ਦੀ ਗਿਣਤੀ ਹੋਈ ।

(ਭਾ: ਕਾਹਨ ਸਿੰਘ ਜੀ ਨਾਭਾ-ਮਹਾਨ ਕੋਸ਼)

4. ਇਹ ਬੜਾ ਬਹਾਦਰ ਅਤੇ ਨਿੱਡਰ ਸੂਰਮਾ ਸੀ ।

(ਮੈਕਗ੍ਰੈਗਰ—ਹਿਸਟਰੀ ਆਫ ਦੀ ਸਿਖਸ)

5. "ਜਦ ਤਕ ਨਵਾਬ ਕਪੂਰ ਸਿੰਘ ਜੀਂਵਦਾ ਸੀ ਉਹ ਸਿੱਖਾਂ ਦੇ ਸਾਰੇ ਆਗੂਆਂ ਵਿੱਚ ਪਹਿਲੇ ਦਰਜੇ ਦਾ ਮੰਨਿਆ ਜਾਂਦਾ ਸੀ । ਇਹ ਉਹੀ ਮਹਾਂਬੀਰ ਸੀ, ਜਿਸ ਨੇ ਖਾਲਸੇ ਦੀ ਖੇਰੂ ਖੇਰੂ ਹੋ ਚੁੱਕੀ ਕੌਮ ਨੂੰ ਜਥੇਬੰਦ ਕਰਕੇ ਖਾਲਸਾ ਦਲ ਦੇ ਰੂਪ ਵਿੱਚ ਮੂਰਤੀਮਾਨ ਕੀਤਾ ।

(ਲੇਪਲ ਗ੍ਰਿਫਨ — ਦੀ ਰਾਜਾਜ਼ ਆਫ਼ ਦੀ ਪੰਜਾਬ)

6. ਨਵਾਬ ਕਪੂਰ ਸਿੰਘ ਨੇ ਹਜ਼ਾਰਾਂ ਜੱਟਾਂ, ਤਰਖਾਣਾਂ, ਅਛੂਤਾਂ, ਖਤਰੀਆਂ ਅਤੇ ਅਰੋੜਿਆਂ ਨੂੰ ਸਿਖ ਸਜਾਇਆ, ਉਹਨਾਂ ਦੇ ਸਜਾਏ ਹੋਏ ਸਿਖ ਕਈ ਇਲਾਕਿਆਂ ਦੇ ਮਾਲਕ ਬਣੇ ।

(ਘਨਈਆ ਲਾਲ—ਤਾਰੀਖ ਪੰਜਾਬ).

ਬਾਬੇ ਕਾਲੋ ਦੇ ਪੁੱਛਣ ਤੇ ਸਾਧ ਨੇ ਘੋੜਾ ਫੇਰ ਕੇ ਦੱਸ ਦਿੱਤਾ ਕਿ ਇਤਨਾ ਜੰਗਲ ਡੇਰੇ ਦਾ ਹੈ। ਇਸ ਵਿੱਚ ਸਾਡਾ ਮਾਲ ਡੰਗਰ ਚੁਗ ਸਕਦਾ ਹੈ। ਸਾਧ ਤਾਂ ਅਗਲੇ ਦਿਨ ਚਾਲੇ ਪਾ ਗਏ ਤੇ ਬਾਬਾ ਕਾਲੋ ਡੇਰੇ ਤੇ ਡੰਗਰਾਂ ਦੀ ਸੰਭਾਲ ਵਿੱਚ ਰੁੱਝ ਗਿਆ। ਕਈ ਸਾਲ ਬੀਤ ਗਏ ਨਾ ਸਾਧ ਆਏ ਤੇ ਨਾ ਕਾਲੋ ਪਿਛਾਂ ਘਰ ਗਿਆ। ਪਿਛਲਿਆਂ ਸਮਝਿਆ ਮਰ ਖਪ ਗਿਆ ਹੋਵੇਗਾ। ਨੂੰਹੇ ਕਰਕੇ ਨੇੜੇ ਦੇ ਪਿੰਡ ਡਾਂਗੀਆਂ ਗਿੱਲਾ ਦੇ ਜਟਾਂ ਨੇ ਬਾਬੇ ਕਾਲੋਂ ਨੂੰ ਆਪਣੀ ਲੜਕੀ ਦਾ ਸਾਕ ਦੇ ਦਿੱਤਾ ਅਤੇ ਕੁੱਛ ਧਰਤੀ ਦਿੱਤੀ। ਜਦ ਸਾਧ ਪਰਤੇ ਤਾਂ ਡੇਰਾ ਉਹਨਾਂ ਦੇ ਹਵਾਲੇ ਕਰਕੇ ਬਾਬਾ ਕਾਲੋ, ਪਿੰਡ ਡਾਗੀਆਂ ਗਿੱਲਾ ਵਿੱਚ ਜਾ ਆਬਾਦ ਹੋਇਆ। ਇਥੇ ਇਸ ਦੀ ਅੰਸ ਵਿੱਚ ਦਿੱਤਾ ਨਾਮੇ ਪੁੱਤਰ ਹੋਇਆ। (ਸੰਪਾਦਕ)

ਭਾਈ ਗੁਰਦਿਆਲ ਸਿੰਘ ਪੁੱਤਰ ਘੁੰਨਾ ਸਿੰਘ ਪਤੀ ਗਹਿਲਾ ਪਿੰਡ ਡਾਗੀਆਂ ਗਿੱਲਾ ਤਹਿਸੀਲ ਜਗਰਾਵਾਂ ਜ਼ਿਲਾ ਲੁਧਿਆਣਾ ਦੇ ਅਨੁਸਾਰ[1] ਮਾਈ ਗਿੱਲ ਵਿੱਚੋਂ ਬਾਬੇ ਕਾਲੋ ਦਾ ਇਕੋ ਪੁੱਤਰ ਬਾਬਾ ਦਿਤਾ ਨਾਮ ਦਾ ਹੋਇਆ। ਇਹ ਪਿੰਡ ਉਸ ਦੀ ਅੰਸ਼ ਹੈ। ਜਦ ਬਾਬਾ ਦਿੱਤਾ ਇਥੇ ਆਬਾਦ ਹੋਇਆ ਤਾਂ ਉਦੋਂ ਇਲਾਕੇ ਵਿੱਚ ਗੁੱਜਰਾਂ ਦਾ ਜ਼ੋਰ ਸੀ ਤੇ ਉਹ ਮਲੋਂ ਜ਼ੋਰੀ ਫਸਲਾਂ ਉਜਾੜ ਦੇਂਦੇ। ਕੁੱਛ ਚਿਰ ਪਿੱਛੋਂ ਬਾਬਾ ਦਿੱਤਾ ਸਾਂਦਲਬਾਰ ਆਪਣੀ ਬਰਾਦਰੀ ਕੋਲ ਗਿਆ ਤੇ ਉਥੋਂ ਤਿੰਨ ਘਰ ਆਪਣੇ ਨਾਲ ਲਿਆਇਆ ਤੇ ਗੁੱਜਰਾਂ ਨੂੰ ਇਥੋਂ ਕੱਢ ਦਿੱਤਾ ਜੋ ਇਥੋਂ ਉੱਠ ਕੇ ਪਿੰਡ ਲੱਗੋ ਤਹਿਸੀਲ ਜ਼ੀਰਾ ਜ਼ਿਲਾ ਫਿਰੋਜ਼ਪੁਰ ਚਲੇ ਗਏ।

ਕੁੱਛ ਚਿਰ ਪਿਛੋਂ ਸਾਨੂੰ ਰਸੂਲਪੁਰੀਆਂ ਨੇ ਤੰਗ ਕਰਨਾ ਸ਼ੁਰੂ ਕਰ ਦਿੱਤਾ। ਕਦੇ ਮਾਲ ਮਾਰ ਲੈ ਜਾਂਦੇ ਤੇ ਕਦੇ ਨਿਆਈਆਂ ਵਿੱਚ ਆ ਕੇ ਬੰਦੇ ਵੱਢ ਜਾਂਦੇ। ਸਾਡੇ ਵਡਿਆਂ ਫਿਰ ਪਿੰਡੋਂ ਚੜ੍ਹਦੇ ਪਾਸੇ ਇੱਕ ਪਿੱਪਲ (ਜੋ ਅਜੇ ਮੌਜੂਦ ਹੈ) ਉੱਤੇ ਟਾਂਗੂ ਬਨਾਇਆ। ਇੱਕ ਬਿਲੌਆਂ ਅੱਖਾਂ ਵਾਲੇ ਬਿਲਾ ਨਾਮ ਮਜ਼ਬੀ ਸਿੰਘ (ਜਿਸ ਦੀ ਨਿਗਾਹ ਬੜੀ ਤੇਜ਼ ਸੀ) ਨੂੰ ਟਾਂਗੂ ਤੇ ਬਿਠਾ ਦਿੱਤਾ। ਇਸ ਨੂੰ ਪਿੰਡ ਵੱਲੋਂ ਜ਼ਮੀਨ ਦਿੱਤੀ ਹੋਈ ਸੀ। ਹੁਣ ਪਿੰਡ ਨੂੰ ਕਾਫ਼ੀ ਸੁੱਖ ਹੋ ਗਿਆ।

ਕਪੂਰਥਲੇ[2] ਦੇ ਕਿਸੇ ਅਹਿਲਕਾਰ ਨੇ ਆ ਕੇ ਸਾਡੀ ਤੇ ਰਸੂਲਪੁਰੀਆਂ ਦੀ ਹੱਦ ਕੱਢੀ।

ਸੀਹੋ—ਇਸ ਦੀ ਅੰਸ਼ ਗੋਲਿਆਂ ਵਾਲੇ ਖੂਹ ਤੇ ਆਬਾਦ ਸੀ।

ਜਥੇਦਾਰ ਅਨੋਖ ਸਿੰਘ ਨਾਵਾ

ਆਪ ਜੀ ਦਾ ਜਨਮ ਸੰਨ 1896 ਈ: ਦੇ ਲਗਭਗ ਪ੍ਰਤੀਤ ਹੁੰਦਾ ਹੈ। ਆਪ ਜੀ ਪੁਰਾਤਨ ਗੁਰਸਿੱਖੀ ਦਾ ਨਮੂਨਾ ਪੂਰਨ ਗੁਰ ਵਿਸ਼ਵਾਸੀ ਅਕਾਲੀ ਸਨ। ਸੰਨ 1921 ਵਿੱਚ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਵੇਲੇ 2200 ਸਿੰਘ ਦੇ 11 ਜਥਿਆਂ ਵਿੱਚੋਂ, ਭਾਈ ਕਰਤਾਰ ਸਿੰਘ ਜੀ ਝਬਰ ਦੀ ਪ੍ਰਧਾਨ ਜਥੇਦਾਰੀ ਹੇਠ ਆਪ ਜੀ ਪਹਿਲੇ ਜਥੇਦਾਰ ਸਨ। ਸੰਨ 1937 ਵਿੱਚ ਕੋਟ ਭਾਈ ਥਾਨ ਸਿੰਘ ਦਾ ਕਬਜ਼ਾ ਬਹਾਲ ਕਰਾਣ ਵੇਲੇ ਭਾਈ ਕਰਤਾਰ ਸਿੰਘ ਝਬਰ ਦੇ ਜਥੇ ਵਿੱਚ ਸ਼ਾਮਲ ਸਨ। (ਵੇਖੋ 'ਅਕਾਲੀ ਲਹਿਰ ਅਤੇ ਝਬਰ)


ਜਥੇਦਾਰ ਅਨੋਖ ਸਿੰਘ ਨਾਂਵਾਂ

ਸੰਨ 1938 ਵਿੱਚ ਜਦ ਸਰਕਾਰ ਵਿਰਕਾਂ ਨੂੰ ਜਰਾਇਮ ਪੇਸ਼ਾ ਕਰਾਰ ਦੇਣ ਲੱਗੀ ਤਾਂ ਉਸ ਸਮੇਂ ਪਿੰਡ ਝਾਮਕੇ (ਨਜ਼ਦ ਮੰਡੀ ਚੂਹੜਕਾਣਾ) ਵਿੱਚ ਹੋਈ ਕਾਨਫਰੰਸ ਵੇਲੇ ਆਪ ਜੀ ਨੇ ਅਣਥਕ ਸੇਵਾ ਕੀਤੀ।

1947 ਦੇ ਦੇਸ਼ ਵਿਭਾਜਨ ਪਿਛੋਂ ਆਪ ਜੀ ਪਿੰਡ ਥਲ ਜ਼ਿਲਾ ਕਰਨਾਲ ਵਿਚ ਆਬਾਦ ਹੋ ਗਏ। 1972 ਵਿੱਚ ਸੰਪਾਦਕ ਉਹਨਾਂ ਦੀ ਸੇਵਾ ਵਿੱਚ ਉਥੇ ਹਾਜ਼ਰ ਹੋਇਆ। ਆਪ ਜੀ ਨੇ ਸਾਕਾ ਨਨਕਾਣਾ ਸਾਹਿਬ ਅਤੇ ਭਾਈ ਥਾਨ ਸਿੰਘ ਦੇ ਅੱਖੀਂ ਡਿੱਠੇ ਹਾਲ ਅਤੇ ਵਿਰਕ ਇਤਿਹਾਸ ਬਾਰੇ ਆਪਣੀ ਖੋਜ ਵਿਚਾਰ ਤੋਂ ਭਲੀਭਾਂਤ ਸਵਿਸਥਾਰ ਜਾਣੂ ਕਰਵਾਇਆ ਜਿਸ ਕਰਕੇ ਸੰਪਾਦਕ ਉਹਨਾਂ ਦਾ ਅਤਿ ਕ੍ਰਿਤਗ ਹੈ। ਆਪ ਜੀ ਆਪਣੇ ਨਗਰ ਵਿੱਚ ਹੀ ਕੁੱਛ ਦਿਨ ਬੀਮਾਰੀ ਉਪ੍ਰੰਤ ਐਤਵਾਰ 27 ਅਪ੍ਰੈਲ 1975 ਮੁਤਾਬਿਕ 13 ਵਿਸਾਖ ਸੰਮਤ 2032 ਨੂੰ ਗੁਰਪੁਰੀ ਸਿਧਾਰ ਗਏ।

ਨੋਟ :—ਉਪਰ ਦਿੱਤੀ ਤਸਵੀਰ ਆਪ ਜੀ ਦੀ ਨਨਕਾਣਾ ਸਾਹਿਬ ਦੇ ਸਾਕੇ ਤੋਂ ਥੋੜੇ ਦਿਨ ਪਿਛੋਂ ਦੀ ਹੈ।

---

1. ਇਹ ਵੇਰਵਾ ਮੈਂ 27.3.72 ਨੂੰ ਗੁਰਦਿਆਲ ਸਿੰਘ ਤੋਂ ਲਿਆ। (ਗਿਆਨੀ ਜੀ)
2. 1806 ਵਿੱਚ ਰਾਇਕੋਟ ਦੇ ਚੌਧਰੀ ਤੋਂ ਕੁੱਛ ਇਲਾਕੇ ਖੋਹ ਕੇ ਮਹਾਰਾਜਾ ਰੰਜੀਤ ਸਿੰਘ ਨੇ ਆਪਣੇ ਅਹਿਲਕਾਰ ਦੀਵਾਨ ਰੰਗੀ ਰਾਮ, ਸ: ਧਰਮ ਸਿੰਘ ਅਟਾਰੀ ਵਾਲਾ ਅਤੇ ਕੁਛ ਇਲਾਕਾ ਸ: ਫਤਿਹ ਸਿੰਘ ਕਪੂਰਥਲੇ ਵਾਲੇ ਨੂੰ ਵੰਡ ਦਿੱਤਾ। ਸੰਨ 1829 ਵਿੱਚ ਇਹ ਇਲਾਕਾ ਅੰਗਰੇਜ਼ਾਂ ਥਲੇ ਚਲਾ ਗਿਆ। ਹੋ ਸਕਦਾ ਹੈ ਉਸ ਬੰਦੋਬਸਤ ਵਿੱਚ ਰਸੂਲਪੁਰ ਅਤੇ ਡਾਗੀਆਂ ਗਿੱਲਾ ਦੀ ਹੱਦ ਦਾ ਫੈਸਲਾ ਹੋਇਆ ਹੋਵੇ। (ਗਿਆਨੀ ਜੀ)

ਵਿਰਕ......ਕਾਲੋ

ਜੱਗੋ ਦਾ ਕਾਲੋ

1. ਬਾਬੇ ਕਾਲੋਂ ਦਾ ਅਨੁਮਾਨਤ ਜੀਵਨ 1400 ਈ: ਦੇ ਨੇੜੇ ਤੇੜੇ ਦਾ ਪ੍ਰਤੀਤ ਹੁੰਦਾ ਹੈ। ਜਥੇਦਾਰ ਅਨੋਖ ਸਿੰਘ ਅਤੇ ਭਾਈ ਉਜਾਗਰ ਸਿੰਘ ਪੁੱਤਰ ਬਾਰਾ ਸਿੰਘ ਦੇ ਕਥਨ ਅਨੁਸਾਰ ਇਸ ਦੇ ਪਹਿਲੋਂ ਵਸਾਏ ਪਿੰਡ ਦਾ ਨਾਂਓ ਕਾਂਜੋਂਆਣੀ ਸੀ ਜੋ ਤਿਮਰਲੰਗ ਨੇ 1398 ਈ: ਵਿੱਚ ਬਰਬਾਦ ਕੀਤਾ ਜਿਸ ਦੇ ਆਵੇਸ਼ ਨਵੇਂ ਆਬਾਦ ਹੋਏ ਪਿੰਡ ਦੇ ਪਾਸ ਹਨ। ਮੌਜੂਦਾ ਨਗਰ, ਕਾਲੋਂ ਦੇ ਪੁੱਤਰ ਕਰਨ ਨੇ ਆਪਣੇ ਬਾਪ ਦੇ ਨਾਮ ਤੇ ਵਸਾਇਆ।

2. ਮਾਲੋ---ਇਸ ਨੇ ਆਪਣਾ ਪਿੰਡ ਮਾਲੋਂ ਦੀ ਟਿੱਬੀ ਵਸਾਇਆ।

3. ਈਦੋਂ---ਇਸ ਦੀ ਅੰਸ ਮੁਸਲਮਾਨ ਹੋ ਗਈ ' ਜੋ ਸ਼ਹਿਰ ਸੇਖੂਪੁਰੇ ਵਿੱਚ ਆਬਾਦ ਹੈ।

4. ਭਰੋ---ਇਸ ਦੀ ਅੰਸ ਪਿੰਡ ਭਰੋ ਕੇ ਵਿੱਚ ਸੀ।

5. ਰਣੀ ਦੀ ਅੰਸ ਪਿੰਡ ਰਣੀਕੇ ਵਿੱਚ ਸੀ।

6. ਗਾਜ਼ੀ ਦੀ ਅੰਸ਼ ਪਿੰਡ ਗਾਜ਼ੀ ਨਜ਼ਦ ਸ਼ੇਖੂਪੁਰਾ ਵਿੱਚ ਸੀ।

7. ਧੂੰਨੀ ਦੀ ਅੰਸ਼ ਮਾਲਵੇ ਜਾ ਵਸੀ।

8. ਛੱਪੇ ਦੀ ਅੰਸ ਪਿੰਡ ਮੁਦਵਾਲੇ ਵਿੱਚ ਸੀ।

9. ਝਾਮ ਦੀ ਅੰਸ ਦਾ ਨਗਰ ਝਾਮਕੇ ਨਜ਼ਦ ਚੂਹੜਕਾਣਾਂ ਮੰਡੀ ਸੀ।

10. ਡਲਾ ਇਹ ਨਿਸੰਤਾਨ ਸੀ। ਇਸ ਦੀ ਢੇਰੀ ਤੇ ਉਲਜੇਰੇ ਕੇ ਬੈਠੇ।

11. ਦਿੱਤਾ---ਇਹ ਬਾਬੇ ਕਾਲੋਂ ਦਾ ਪੁੱਤਰ ਮਾਲਵੇ ਵਿੱਚ ਮਾਈ ਗਲੀ ਦੀ ਕੁੱਖੋਂ ਪੈਦਾ ਹੋਇਆ। ਜਿਸ ਦਾ ਸਵਿਸਥਾਰ ਹਾਲ ਗੁਰਮੁਖ ਪਿਆਰੇ ਜਥੇਦਾਰ ਅਨੋਖ ਸਿੰਘ ਨੇ ਇਉਂ ਵਰਣਨ ਕੀਤਾ :—

ਬਾਬਾ ਕਾਲੋਂ, ਵਕਤ ਦੀ ਹਕੂਮਤ ਵੱਲੋਂ ਆਪਣੇ ਇਲਾਕੇ ਦਾ ਚੋਧਰੀ ਨਿਯੁਕਤ ਸੀ ਅਤੇ ਹਰ ਸਾਲ ਟਕੇ ਤਾਰਨ ਵਾਸਤੇ ਦਿੱਲੀ ਜਾਇਆ ਕਰਦਾ ਸੀ। ਆਉਂਦਾ ਜਾਂਦਾ ਬਾਬਾ ਕਾਲੋਂ ਦਾਉਧਰ[1] ਨਾਮ ਪਿੰਡ (ਤਹਿਸੀਲ ਮੋਗਾ ਜ਼ਿਲਾ ਫਰੀਦਕੋਟ) ਵਿੱਚ ਸਾਧਾਂ ਦੇ ਡੇਰੇ ਠਹਿਰਿਆ ਕਰਦਾ, ਜਿਸ ਕਰਕੇ ਡੇਰੇ ਦੇ ਮਹੰਤ ਨਾਲ ਜਾਣ ਪਛਾਣ ਹੋ ਗਈ।

ਇਕ ਵਾਰ ਬਾਬਾ ਕਾਲੋਂ ਜਦੋਂ ਦਿਲੀਓਂ ਪਰਤਿਆ ਤਾਂ ਡੇਰੇ ਦੇ ਮਹੰਤ ਨੇ ਆਖਿਆ ''ਭਗਤਾਂ! ਐਤਕੀਂ ਕੁੰਭ ਦਾ ਮੇਲਾ ਨੇੜੇ ਆ ਗਿਆ ਹੈ ਤੇ ਅਸਾਂ ਸਾਰੇ ਡੇਰੇ ਦੇ ਸਾਧਾਂ ਸਮੇਤ ਪ੍ਰਾਗਰਾਜ ਇਸ਼ਨਾਨ ਕਰਨ ਵਾਸਤੇ ਜਾਣਾ ਹੈ। ਤੂੰ ਸਾਡੇ ਪਰਤਣ ਤੱਕ ਡੇਰੇ ਦੇ ਮਾਲ ਡੰਗਰ ਅਤੇ ਚੀਜ਼ ਵਸਤ ਦੀ ਸਾਡੇ ਮਗਰੋਂ ਸੰਭਾਲ ਕਰਨੀ ਹੋਵੇਗੀ। ਅਸੀਂ ਆਵਾਂਗੇ ਤਾਂ ਤੈਨੂੰ ਘਰ ਜਾਣ ਦੀ ਆਗਿਆ ਮਿਲੇਗੀ।

---

1. ਇਥੇ ਆਧੁਨਿਕ ਕਾਲ ਵਿੱਚ ਸੂਰਮੇ ਰਾਗੀ ਸਿੰਘਾਂ ਦੀ ਟਕਸਾਲ ਹੈ।

ਸਿੰਘ (ਵੇਖੋ—ਜਾਊ, ਬਾਲੇ ਕੇ)

1778 ਸ਼ਾਹ ਜਮਾਨ ਨੇ ਸੇਖੂਪੁਰੇ ਨੇੜੇ ਸਿੰਘ ਨਾਲ ਯੁੱਧ ਕੀਤਾ ਸੀ। ਇਸ ਨੂੰ ਵੀ ਪਠਾਨ ਬਾਲੇ ਦੇ ਨਾਲ ਫੜ ਕੇ ਲਏ ਗਏ ਸਨ। ਇਹ ਦੇ ਨਾਲ ਵਾਪਸ ਆਇਆ। ਬਾਲੇ ਨੂੰ ਤਾਂ ਭਰਾਵਾਂ ਨੇ ਕਿਸੇ ਕਰਮਾਂ ਸੜੇ, ਬ੍ਰਾਹਮਣ ਦੇ ਕਬੌਲ ਕਰਕੇ ਨਾਲ ਨਾ ਰਲਾਇਆ, ਮਗਰ ਬਾਬੋ ਪ੍ਰਤਾਪ ਬ੍ਰਾਦਰੀ ਨੇ ਭਾਈਚਾਰੇ ਵਿੱਚ ਰਲਾ ਲਿਆ। ਇਥੋਂ ਸਿੱਧ ਹੋ ਜਾਦਾ ਹੈ ਕਿ ਕਾਲੌਕਿਆਂ ਵਿੱਚ ਗੁਰਸਿਖੀ ਅਤੇ ਗੁਰ ਮਰਯਾਦਾ ਨਾਲ ਪ੍ਰੇਮ ਸੀ ਕੇ ਭਰਾ ਨੂੰ ਨਾਲ ਅਭੇਦ ਕਰ ਲਿਆ ਅਤੇ ਬ੍ਰਹਮਣੀ ਜੂਲੇ ਥੱਲਿਓਂ ਸਦਾ ਵਾਸਤੇ ਨਿਕਲ ਗਏ।

ਸਿੰਘ

1) ਆਪ ਜੀ ਨੇ ਬੀ. ਏ. ਐਲ. ਐਲ. ਬੀ. ਅਰਥਾਤ ਵਕਾਲਤ ਕਰਨ ਦੀ ਉੱਚ-ਵਿੱਦਿਆ ਪ੍ਰਾਪਤ ਕੀਤੀ। ਪਰੰਤੂ ਵਕੀਲੀ ਦਾ ਕੰਮ ਤਾ।

2) ਦੇਸ਼ ਦੇ ਵੰਡਵਾਰੇ ਤੱਕ ਆਪ ਜੀ ਦੋ ਵਾਰਾਂ ਡਿਸਟਰਿਕਟ ਬੋਰਡ ਸੇਖੂਪੁਰਾ (ਪੱਛਮੀ ਪੰਜਾਬ) ਦੇ ਵਾਈਸ ਚੇਅਰਮੈਨ ਬਣੇ।

3) ਮੰਡੀ ਚੂਹੜਕਾਣਾ (ਪੱਛਮੀ ਪੰਜਾਬ) ਦੇ ਮਾਰਕੀਟਿੰਗ ਬੋਰਡ ਦੇ ਆਪ ਚੇਅਰਮੈਨ ਸਨ।

4) ਉਪਰੋਕਤ ਕਰਸੀ ਨਾਮਾ ਅਤੇ ਜਾਣਕਾਰੀ ਆਪ ਜੀ ਨੇ ਪਿੰਡ ਸ਼ਰੜੇ 10/5/78 ਨੂੰ ਦਿੱਤੀ।

ਪ ਸਿੰਘ

ਐਫ. ਸੀ. ਆਈ. ਵਿੱਚ ਇੰਸਪੈਕਟਰ ਹਨ।

ਸਿੰਘ

ਆਪ ਜੀ 1882 ਈ: ਤੋਂ ਵੀ ਪਹਿਲਾਂ ਜ਼ੈਲਦਾਰ ਬਣੇ ਸਨ।

ਪ ਸਿੰਘ


ਆਪ ਮਹਿਕਮਾ ਪੁਲੀਸ ਵਿੱਚ ਇੰਸਪੈਕਟਰ ਹਨ।

ਸਿੰਘ ਮੁਦਵਾਲੀਆ

ਇਹ ਭੱਪੇ ਦਾ ਵੰਸ਼ਜ ਦੱਸੀਦਾ ਹੈ। ਇਹ ਬੜਾ ਨਿਡਰ ਅਤੇ ਦਲੇਰ ਸੂਰਮਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਕੁਮੇਦਾਨ ਸੀ। ਇਕ ਵਾਰੀ ਮਹਾਰਾਜੇ ਦੀ ਰਖੇਲ ਮੋਰਾਂ ਨੇ ਮੰਗ ਕੀਤੀ ਕਿ "ਸਰਕਾਰ ਅੱਜ ਆਪ ਦੀ ਥਾਵੇਂ ਮੈਂ ਫੌਜ ਦੀ ਸਲਾਮੀ ਲਵਾਂਗੀ" ਮਹਾਰਾਜੇ ਸ, ਫੌਜਾਂ ਨੂੰ ਹੁਕਮ ਦੇ ਦਿੱਤਾ।

ਕਾਇਦੇ ਅਨੁਸਾਰ, ਜਦੋਂ ਮੋਰਾਂ ਆਈ ਤਾਂ ਵੱਡੇ ਵੱਡੇ ਨਾਮੀ ਸਰਦਾਰਾਂ ਨੇ "ਮਾਈ ਜੀ ਸਲਾਮ, ਮਾਈ ਜੀ ਸਲਾਮ" ਆਖ ਉਸ ਦਾ ਕੀਤਾ ਪ੍ਰੰਤੂ ਜਦੋਂ ਉਹ ਸ: ਰਣ ਸਿੰਘ ਰੈਜੀਮੈਂਟ ਵੱਲ ਆਈ ਤਾਂ ਸ: ਰਣ ਸਿੰਘ ਉਸ ਵੱਲ ਪਿੱਠ ਕਰਕੇ ਖੜੋ ਗਿਆ। ਮੋਰਾਂ ਸੜੀ ਹਾਰਾਜੇ ਕੋਲ ਜਾ ਸ਼ਕਾਇਤ ਕੀਤੀ। ਮਹਾਰਾਜੇ ਨੇ ਸਰਦਾਰ ਦੀ ਜਵਾਬ ਤਲਬੀ ਕੀਤੀ। ਸਰਦਾਰ ਰਣ ਸਿੰਘ ਨੇ ਭਰੇ ਦਰਬਾਰ ਉੱਤਰ ਮਹਾਰਾਜ ਕਦੇ ਕਿਸੇ ਆਪਣੀ ਜਨਾਨੀ ਨੂੰ ਸਲਾਮ ਨਹੀਂ ਕੀਤਾ।" ਮਹਾਰਾਜੇ ਨੇ ਪੁੱਛਿਆ "ਕੀਹ ਮਤਲਬ? ਤਾਂ ਉੱਤਰ ਵਿੱਚ ਸਰਦਾਰ ਆ, ਮਹਾਰਾਜ ਗੁਸਤਾਖੀ ਮੁਆਫ, ਤੁਸਾਡੇ ਕੋਲ ਆਵਨ ਤੋਂ ਪਹਿਲ ਇਹੋ ਮੋਰਾਂ ਮੇਰੀ ਰਖੇਲ ਸੀ।" ਦਰਬਾਰ ਵਿੱਚ ਸਨਾਟਾ ਛਾ ਗਿਆ। ਸਿੰਘ ਉਸੇ ਸਮੇਂ ਨੌਕਰੀ ਤੋਂ ਤਿਆਗ ਪੱਤਰ ਦੇ ਕੇ ਸਿਧਾ ਸ: ਅਮੀਰ ਸਿੰਘ ਭਿਖੀ ਵਾਲੇ ਕੋਲ ਆ ਗਿਆ ਤੇ ਫਿਰ ਦੋਵੇਂ ਰਲ ਧਾੜੇ ਘੱਤੇ ਗ ਪਏ। ਹੋਰ ਸਮਾਚਾਰ ਤਾਂ ਪ੍ਰਾਪਤ ਨਹੀਂ ਹੋਏ ਪਰੰਤੂ ਇਤਨਾ ਪਤਾ ਲੱਗਦਾ ਹੈ ਕਿ ਇਹ ਸੂਰਮਾ ਨਿਸੰਤਾਨ ਸੀ।

(ਜ਼ਬਾਨੀ ਜਥੇਦਾਰ ਅਨੋਖ ਸਿੰਘ ਪੁਤਰ ਖੜਕ ਸਿੰਘ ਠਾਵਾਂ)



ਕਾਲੋਕੇ
ਪੱਤੀ ਨਾਵਿਆ
ਦੀਵਾਨ ਸਿੰਘ
ਪੰਜਾਬ ਸਿੰਘ
ਗੁਲਾਬ ਸਿੰਘ
ਮਤਾਬ ਸਿੰਘ
ਸੁਧ ਸਿੰਘ
ਜੋਧ ਸਿੰਘ
ਰਾਜ ਰੂਪ
ਵਸਾਖਾ ਸਿੰਘ
ਪ੍ਰਤਾਪ ਸਿੰਘ
ਜਗਜੀਤ ਸਿੰਘ
×
ਭਗਤ ਸਿੰਘ
ਜਗਤ ਸਿੰਘ
ਰਜਵੰਤ ਸਿੰਘ
ਰਛਪਾਲ ਸਿੰਘ
ਅਮਰ ਸਿੰਘ
ਪ੍ਰੀਤਮ ਸਿੰਘ
ਗੁਰਦੀਪ ਸਿੰਘ
ਆਲਾ ਸਿੰਘ
ਹੀਰਾ ਸਿੰਘ
ਦਰਬਾਰਾ ਸਿੰਘ
ਕਰਤਾਰ ਸਿੰਘ
ਪਿਆਰਾ ਸਿੰਘ
ਕਾਹਨ ਸਿੰਘ
(ਯੂ ਐਸ.ਏ.)
ਕਸ਼ਮੀਰ ਸਿੰਘ
ਅਰਾਈਂ ਮਾਜਰਾ (ਪਟਿਆਲਾ)
ਅਰੂੜ ਸਿੰਘ
ਮਹਿਲ ਸਿੰਘ
ਕੰਧਾਰਾ ਸਿੰਘ
ਮੇਵਾ ਸਿੰਘ
ਗੁਰਬਚਨ ਸਿੰਘ
ਕਪੂਰ ਸਿੰਘ
ਅਨੂਪ ਸਿੰਘ
ਦਰਸ਼ਨ ਸਿੰਘ
ਬਲਕਾਰ ਸਿੰਘ
(ਅਰਾਈਂ ਮਾਜਰਾ ਪਟਿਆਲਾ) (ਯੂ ਐਸ.ਏ.)
ਮੂਲਾ ਸਿੰਘ
ਫੂਲਾ ਸਿੰਘ
ਫੌਜਾ ਸਿੰਘ
ਨਿਸ਼ਾਨ ਸਿੰਘ
×
ਜੰਗਾ ਸਿੰਘ
ਰੰਗਾ ਸਿੰਘ
ਬੰਤਾ ਸਿੰਘ
ਰੰਜੀਤ ਸਿੰਘ, ਸ਼ਰੜਾ (ਜੀਂਦ)
ਦਲੀਪ ਸਿੰਘ
ਸ਼ੇਰਪੁਰ ਤਖਤੂ ਵਾਲਾ ਜ਼ਿ: ਫੀਰੋਜ਼ਪੁਰ)
ਕਾਲਾ ਸਿੰਘ
(ਸ਼ਰੜਾ)
ਦਰਸ਼ਨ ਸਿੰਘ
(ਬਾਲੂ)
ਅਵਤਾਰ ਸਿੰਘ
ਸੁਬੇਗ ਸਿੰਘ
ਮੋਤਾ ਸਿੰਘ
(ਸ਼ਰੜਾ ਜ਼ਿਲ੍ਹਾ ਜੀਂਦ——→)

ਜਗੋ

ਕਾਲੋ, ਦਾ ਕਰਨ, ਦਾ ਕਬੀਰ, ਦਾ ਖਾਨ, ਦੇ ਭੀਲੋ ਤੇ ਉਮਰਾ

(ਸਲਵਾਣੀ) ਰਿਹਾਨ (ਦਰਗਾ ਮਲ) (ਸਾਹਸ ਮਲ) ਆਲਮ ਸ਼ਾਹ

ਜਗ, ਦਾ ਨੰਦਾ, ਦਾ ਬਲੋਚ

ਔਲਯਾ ਮਹਾਂ ਨੰਦ

ਪ੍ਰਧਾਨ ਸਿੰਘ ਰਾਜਾ ਸਿੰਘ ਬੁਢਾ ਸਿੰਘ

ਪਹੂ ਸਿੰਘ

ਜੋਧ ਸਿੰਘ ਭਾਗ ਸਿੰਘ ਸੁਹੇਲ ਸਿੰਘ

ਜੁਆਲਾਂ ਸਿੰਘ

ਵਜ਼ੀਰ ਸਿੰਘ ਵਚਨ ਸਿੰਘ ਬੇਲਾ ਸਿੰਘ

ਬੂੜ ਸਿੰਘ ਅਰੂੜ ਸਿੰਘ

ਰਾਮ ਸਿੰਘ ਦਯਾਲ ਸਿੰਘ ਰੂਪ ਸਿੰਘ ਦੇਵਾ ਸਿੰਘ ਸਾਵਲ ਸਿੰਘ

ਬਾਰਾ ਸਿੰਘ ਮੰਗਲ ਸਿੰਘ ਪ੍ਰਤਾਪ ਸਿੰਘ

ਸੁੰਦਰ ਸਿੰਘ ਸ਼ੇਰ ਸਿੰਘ ਵਸਣ ਸਿੰਘ ਦੀਸ਼ਰ ਸਿੰਘ ਲਾਭ ਸਿੰਘ ਟੇਕ ਸਿੰਘ

ਵੀਰ ਸਿੰਘ ਹਰਨਾਮ ਸਿੰਘ ਪਿਆਰਾ ਸਿੰਘ ਸੁਰੈਣ ਸਿੰਘ

ਕਰਤਾਰ ਸਿੰਘ ਬਾਰਾ ਸਿੰਘ ਸੰਤੋਖ ਸਿੰਘ


ਕਰਪਾਲ ਸਿੰਘ ਦਲੀਪ ਸਿੰਘ

ਦਲੀਪ ਸਿੰਘ ਦੀਦਾਰ ਸਿੰਘ ਬਲਕਾਰ ਸਿੰਘ ਜੀਵਨ ਸਿੰਘ ਅਮਰ ਸਿੰਘ


ਕੁੰਦਨ ਸਿੰਘ ਮਹਿੰਦਰ ਸਿੰਘ ਸੁੰਦਰ ਸਿੰਘ ਮੰਗਲ ਸਿੰਘ ਤਾਰਾ ਸਿੰਘ ਉਜਾਗਰ ਸਿੰਘ


ਕਿਹਰ ਸਿੰਘ ਚਤਰ ਸਿੰਘ ਸੀਸ਼ਾ ਸਿੰਘ

ਕਿਹਰ ਸਿੰਘ ਉਜਾਗਰ ਸਿੰਘ ਸੁਖਾ ਸਿੰਘ ਮੁਹਰ ਸਿੰਘ ਬਾਜਾ ਸਿੰਘ ਕਰਨੈਲ ਸਿੰਘ




ਜ਼ਬਾਨੀ ਉਜਾਗਰ ਸਿੰਘ ਪੁੱਤਰ ਬਾਰਾ ਸਿੰਘ ਬਲੋਚਕਾ ਹਾਲ ਢਕਜਾ ਨੰ: 3 ਜ਼ਿਲਾ ਨੈਨੀਤਾਲ ਯੂ. ਪੀ. 21.2.77 ਕਿਹਰ ਸਿੰਘ ਵਲਦ ਵੀਰ ਸਿੰਘ ਦੇ ਅਨੁਸਾਰ ਇਹ ਕੁਰਸੀ-ਨਾਵਾਂ ਦੇ ਪੁਸ਼ਤਾਂ ਘਟ ਹੈ ।


ਜਗੋ ਦਾ ਕਾਲੋ ਦਾ ਕਰਨ ਦਾ ਕਬੀਰ ਦਾ ਖਾਨ
ਜ਼ਬਾਨੀ ਕਪੂਰ ਸਿੰਘ ਬਾਬੇ ਕਾ ਹਾੜ ਦੀ ਸੰਗਰਾਂਦ ਵਾਲੇ ਦਿਨ
(ਸਹੀ) ਗਿਆਨੀ ਜੀ 14.6.77
ਭੋਲੋ
ਉਮਰਾ
ਧੀਰਨ
ਹਰੀ ਸਿੰ
ਸਾਹਿਬ ਸਿੰਘ
ਜਮੀਅਤ ਸਿੰਘ
ਸ਼ਾਮ ਸਿੰਘ
ਸ਼ੇਰ ਸਿੰਘ
ਗੰਡਾ ਸਿੰਘ
ਹੀਰਾ ਸਿੰਘ
ਖੇਮ ਸਿੰਘ
ਕੇਸਰ ਸਿੰਘ
ਸ਼ਰਮ ਸਿੰਘ
ਕਰਮ ਸਿੰਘ
ਭਾ: ਬਹਾਦਰ ਸਿੰਘ
ਉਜਾਗਰ ਸਿੰਘ
ਸੁਦਾਗਰ ਸਿੰਘ
ਇੰਦਰ ਸਿੰਘ
ਸੇਵਾ ਸਿੰਘ
ਫੁਮਨ ਸਿੰਘ
ਕੁੰਦਨ ਸਿੰਘ
(ਬੰਨਾ ਖੇੜਾ ਬਾਜਪੁਰ ਯੂ ਪੀ.)
ਪਿੰਡ ਬੱਕਲ
ਸੋਹਨ ਸਿੰਘ
ਸੰਪੂਰਨ ਸਿੰਘ
ਕਪੂਰ ਸਿੰਘ



ਕਾਲੋਕੇ
ਐਲਯਾ
ਪ੍ਰਧਾਨ ਸਿੰਘ
ਪਹੂ ਸਿੰਘ
ਜੋਧ ਸਿੰਘ
ਜੁਆਲਾ ਸਿੰਘ
ਬੂੜ ਸਿੰਘ
ਅਰੂੜ ਸਿੰਘ
ਵੀਰ ਸਿੰਘ
ਦਰਬਾਰਾ ਸਿੰਘ
ਮੰਗਲ ਸਿੰਘ

(ਹਾਲ ਪਿੰਡ ਸ਼ਰੜਾ ਜ਼ਿ: ਜੀਂਦ)

(ਪੰਨਾ 264 ਤੋਂ ਚਲਦਾ)



ਬੀਰ ਸਿੰਘ
ਮੰਗਲ ਸਿੰਘ
ਬੰਸਾ ਸਿੰਘ
ਗੁਰਬਚਨ ਸਿੰਘ
ਬੱਗਾ ਸਿੰਘ
ਨਛੱਤ੍ਰ ਸਿੰਘ
ਬਾਬੂ ਸਿੰਘ
ਚਰਨ ਸਿੰਘ
ਬਿਕਰ ਸਿੰਘ
ਸੁਖਦੇਵਸਿੰਘ
ਨਰਿੰਦਰ ਸਿੰਅ
ਪ੍ਰੀਤਮ ਸਿੰਘ
ਹਰਨੇਕ ਸਿੰਘ
ਮਲਕੀਤ ਸਿੰਘ


ਕਾਲੋ
ਦਿਤਾ ਪਿੰਡ ਡਾਂਗੀਆਂ ਗਿੱਲਾਂ (ਲੁਧਿਆਣਾ)
ਮਾਨਾ
ਦਾਨਾ
ਚਾਇਣਾ
ਗਹਿਲ ਸਿੰਘ
ਬਘੇਲ ਸਿੰਘ
ਸਾਧਾ ਸਿੰਘ
ਟਹਿਲ ਸਿੰਘ
ਫੌਜੂ ਸਿੰਘ
ਬਾ ਸਿੰਘ
ਕਰਮ ਸਿੰਘ
ਦਲੇਲ ਸਿੰਘ
ਬੁਧ ਸਿੰਘ
ਗੁਰਮੁਖ ਸਿੰਘ
ਸੁਰਮੁਖ ਸਿੰਘ
ਨੁਰੰਗਾ ਸਿੰਘ
ਭੰਗਾ ਸਿਘ
ਦਿਦਾਰ ਸਿੰਘ
ਗੰਡਾ ਸਿੰਘ
ਬਿਸ਼ਨ ਸਿੰਘ
ਰਾਮ ਸਿੰਘ
ਘੁੰਨਾ ਸਿੰਘ
ਗੁਰਦਿਆਲ ਸਿੰਘ
ਹੀਰਾ ਸਿੰਘ
×
ਵਜੀਰ ਸਿੰਘ
ਲੀਕਲ ਸਿੰਘ
×
ਬੀਕਾ ਸਿੰਘ
×
ਨਿਹਾਲ ਸਿੰਘ
ਸੁਹੇਲ ਸਿੰਘ
ਦਲੇਲ ਸਿੰਘ
×
ਕਾਲਾ ਸਿੰਘ
ਹਰਨਾਮ ਸਿੰਘ
(ਹੌਲਦਾਰ)
ਕਿਰਪਾਲ ਸਿੰਘ
ਬੂਟਾ ਸਿੰਘ
ਰਲਾ ਸਿੰਘ
ਸੰਤਾ ਸਿੰਘ
×
ਗੁਲਜਾਰ ਸਿੰਘ
ਬਖਸ਼ੀ ਸਿੰਘ
ਸੁਹਣ ਸਿੰਘ
(ਡਾਕਟਰ)
ਮੁਹਣ ਸਿੰਘ
(ਕਪਤਾਨ)
ਬਚਿਤਰ ਸਿੰਘ
ਇੰਦਰ ਸਿੰਘ
ਚਾਇਣਾ


(ਚਲਦਾ 265 ਤੇ)

ਇਹ ਸ਼ਜਰਾਂ ਪਿੰਡ ਲਾਂਗਰਾਂ ਦੇ ਇੱਕ ਪਰਿਵਾਰ ਦਾ ਹੈ। ਇਸ ਵੇਲੇ ਇਹ ਪਰਿਵਾਰ ਪਿੰਡ ਛਡਰੀਆਂ ਜ਼ਿ: ਸੰਗਰੂਰ ਵਿੱਚ ਹੈ। ਇਹ ਸੱਜਰਾ ਜਥੇਦਾਰ ਬੰਤਾ ਸਿੰਘ ਲਾਂਗਰ ਪਿੰਡ ਛੰਡਰੀਆਂ ਵਾਲੇ ਨੇ ਲਿਖਵਾਇਆ ਹੈ।

- ਫੱਤਾ
  - ਜੈ ਚੰਦ
    - ਰਾਮ ਚੰਦ
      - ਦੇਸਾ ਸਿੰਘ
        - ਪ੍ਰਧਾਨ ਸਿੰਘ
          - ਬੇਲਾ ਸਿੰਘ
            - ਬਦਨ ਸਿੰਘ
              - ਵੰਜਾ ਸਿੰਘ
                - ਕਰਮ ਸਿੰਘ
                  - ਮੇਹਰ ਸਿੰਘ
                    - ਚੰਨਣ ਸਿੰਘ
                    - ਅੰਗਰੇਜ ਸਿੰਘ
                  - ਕੇਹਰ ਸਿੰਘ
                    - ਸ਼ੀਸ਼ਾ ਸਿੰਘ
                    - ਬਲਕਾਰ ਸਿੰਘ
                    - ਕਾਲਾ ਸਿੰਘ
                  - ਦਰਬਾਰਾ ਸਿੰਘ
                    - ਦਾਰ ਸਿੰਘ
                  - ਪਿਆਰਾ ਸਿੰਘ
                    - ਧਾਰਾ ਸਿੰਘ
                    - ਵਸਟ ਸਿੰਘ
                    - ਮਹਿੰਦਰ ਸਿੰਘ
                  - ਬੰਤਾ ਸਿੰਘ
                    - ਗੁਰਬਚਨ ਸਿੰਘ
                    - ਜੀਤ ਸਿੰਘ
                    - ਗੁਰਸੇਵਕ ਸਿੰਘ

ਇਤਿਹਾਸ-ਵਿਰਕ ਤੇ ਹੋਰ/266

(ਤਿੰਨ ਘਰ ਜਿਨ੍ਹਾਂ ਨੂੰ 'ਦਿੱਤਾ' ਕਾਲੋਂ ਕਿਆਂ ਤੋਂ ਡਾਂਗੀਆਂ ਪਿੰਡ ਜਿਲਾ ਲੁਧਿਆਣਾ ਲਿਆਇ ਆ)





ਇਹ ਸ਼ਜਰਾ ਪਿੰਡ ਲਾਂਗਰਾਂ ਦੇ ਇੱਕ ਪਰਿਵਾਰ ਦਾ ਹੈ। ਇਸ ਵੇਲੇ ਇਹ ਪਰਿਵਾਰ ਪਿੰਡ ਢਡਰੀਆਂ ਜ਼ਿ: ਸੰਗਰੂਰ ਵਿੱਚ ਹੈ। ਇਹ ਸੱਜਰਾ ਜਥੇਦਾਰ ਬੰਤਾ ਸਿੰਘ ਲਾਂਗਰ ਪਿੰਡ ਢੰਡਰੀਆਂ ਵਾਲੇ ਨੇ ਲਿਖਵਾਇਆ ਹੈ।

ਫੱਤਾ
ਜੈ ਚੰਦ
ਰਾਮ ਚੰਦ
ਦੇਸਾ ਸਿੰਘ
ਪ੍ਰਧਾਨ ਸਿੰਘ
ਬੇਲਾ ਸਿੰਘ
ਬਦਨ ਸਿੰਘ
ਫੱਜਾ ਸਿੰਘ
ਕਰਮ ਸਿੰਘ

- ਮੇਹਰ ਸਿੰਘ
  - ਚੰਨਣ ਸਿੰਘ
  - ਅੰਗਰੇਜ਼ ਸਿੰਘ
- ਕੇਹਰ ਸਿੰਘ
  - ਸ਼ੀਸ਼ਾ ਸਿੰਘ
  - ਬਲਕਾਰ ਸਿੰਘ
  - ਕਾਲਾ ਸਿੰਘ
- ਦਰਬਾਰਾ ਸਿੰਘ
  - ਦਾਰ ਸਿੰਘ
- ਪਿਆਰਾ ਸਿੰਘ
  - ਧਾਰਾ ਸਿੰਘ
  - ਵਸਣ ਸਿੰਘ
  - ਮਹਿੰਦਰ ਸਿੰਘ
- ਬੰਤਾ ਸਿੰਘ
  - ਗੁਰਬਚਨ ਸਿੰਘ
  - ਜੀਤ ਸਿੰਘ
  - ਗੁਰਸੇਵਕ ਸਿੰਘ

(ਤਿੰਨ ਘਰ ਜਿਨ੍ਹਾਂ ਨੂੰ 'ਦਿੱਤਾ' ਕਾਲੋਂ ਕਿਆ ਤੋਂ ਡਾਂਗੀਆਂ ਪਿੰਡ ਜਿਲਾ ਲੁਧਿਆਣਾ ਲਿਆਂਦਿ ਆ)





ਪ੍ਰਤਾਪ ਸਿੰਘ
ਪੱਤੀ ਫੱਤੇ ਕੀ
ਹੁਕਮ ਸਿੰਘ
ਗੁਰਦਿੱਤ ਸਿੰਘ
ਮੁਹਕਮ ਸਿੰਘ
ਮਿਤ ਸਿੰਘ
ਜਵੰਦ ਸਿੰਘ
ਸ਼ਰਮ ਸਿੰਘ
ਸੋਧ ਸਿੰਘ
ਸੁਲਖਣ ਸਿੰਘ
+
ਉਤਮ ਸਿੰਘ
ਜੈਮਲ ਸਿੰਘ
ਮਖਣ ਸਿੰਘ
ਵੀਰ ਸਿੰਘ
ਵਸਾਖਾ ਸਿੰਘ
ਅਵਤਾਰ ਸਿੰਘ
ਦਰਬਾਰਾ ਸਿੰਘ
ਕੁੰਦਨ ਸਿੰਘ
ਹਜ਼ਾਰ ਸਿੰਘ
ਕੰਧਾਰਾ ਸਿੰਘ
ਦਯਾਲ ਸਿੰਘ
ਗੰਡਾ ਸਿੰਘ
ਪਾਲਾ ਸਿੰਘ
ਖੁਸ਼ਾਲ ਸਿੰਘ
ਸ਼ੀਸ਼ਾ ਸਿੰਘ
ਕਪੂਰ ਸਿੰਘ
ਅਰੂੜ ਸਿੰਘ
ਮੰਗਲ ਸਿੰਘ
ਸੰਤਾ ਸਿੰਘ
ਅਨੋਖ ਸਿੰਘ
ਜਗਤ ਸਿੰਘ
ਭਗਤ ਸਿੰਘ
ਬੁਧ ਸਿੰਘ
ਸੁਹਨ ਸਿੰਘ
ਭਗਵਾਨ ਸਿੰਘ
ਪੂਰਨ ਸਿੰਘ
ਸਰਧਾ ਸਿੰਘ
ਕਰਨੈਲ ਸਿੰਘ
ਮੀਂਹਾ ਸਿੰਘ
ਗਿਆਨ ਸਿੰਘ
ਜਿੰਦਾ ਸਿੰਘ
ਬੰਤਾ ਸਿੰਘ
ਇੰਦਰ ਸਿੰਘ
ਗੁਰਬਚਨ ਸਿੰਘ
ਜੀਤ ਸਿੰਘ
ਮਿਹਰ ਸਿੰਘ
ਗੁਪਾਲ ਸਿੰਘ
ਬਹਾਦਰ ਸਿੰਘ
ਵਰਿਆਮ ਸਿੰਘ
ਠਰੇਣ ਸਿੰਘ
ਦਰਸ਼ਨ ਸਿੰਘ

ਭਦੌੜ (ਬਰਨਾਲੇ) ਵਾਲੇ ਵਿਰਕਾਂ ਦਾ ਵੇਰਵਾ ਸ: ਜਗੀਰ ਸਿੰਘ ਵਿਰਕ ਨੇ ਚਿੱਠੀ ਰਾਹੀਂ ਭੇਜਿਆ ਹੈ।

ਬਰਨਾਲਾ
16-6-90

ਪਿਆਰੇ ਅਜ਼ਾਦ ਸਾਹਿਬ,

ਸਾਡਾ ਪਿਛਲਾ ਪਿੰਡ ਵਿਰਕ ਕਲਾਂ ਬਠਿੰਡੇ ਦੇ ਨੇੜੇ ਹੈ। ਜਿਹੜਾ ਸਾਡਾ ਬਜ਼ੁਰਗ ਸਭ ਤੋਂ ਪਹਿਲਾਂ ਭਦੌੜ ਆਇਆ ਸੀ ਉਸ ਦਾ ਨਾਂ ਮਾਹੂ ਸਿੰਘ ਸੀ, ਮਾਹੂ ਸਿੰਘ ਦਾ ਲੜਕਾ ਸੁਫਨਾ ਸਿੰਘ ਸੀ ਬਾਕੀ ਵੇਰਵਾ ਹੇਠ ਲਿਖੇ ਅਨੁਸਾਰ ਹੈ :—



ਆਪ ਦਾ ਸ਼ੁਭਚਿੰਤਕ
ਜੰਗੀਰ ਸਿੰਘ ਵਿਰਕ
ਵਿਰਕ ਨਿਵਾਸ
ਬਰਨਾਲਾ (ਸੰਗਰੂਰ)
16-6-90

ਕਾਲੋਕੇ

ਜੰਡਿਆਲੇ ਸ਼ੇਰ ਖਾਂ ਦੀ ਬ੍ਰਾਹਮਣੀ ਧੱਕੇ ਨਾਲ ਪਠਾਣ ਨੇ ਘਰ ਪਾ ਲਈ—ਬ੍ਰਾਹਮਨ ਕਾਲੋਂ ਕੀ ਜਾ ਫਰਯਾਦੀ ਹੋਏ--ਕਾਲੋਕਿਆਂ ਨੇ ਪਠਾਣਾਂ ਨਾਲ ਯੁੱਧ ਕਰਕੇ ਬ੍ਰਾਹਮਣੀ ਛੁਡਾਈ---ਜੰਡਿਆਲੀਆਂ ਕਾਲੋਕਿਆਂ ਤੇ ਹਮਲਾ ਕਰਨ ਲਈ ਹੋਰ ਪਠਾਨ ਸੱਦੇ ਜਿਸ ਦਾ ਪਤਾ ਮੰਨੇ ਕੀ ਪੱਤੀ ਨੂੰ ਲੱਗ ਗਿਆ ਉਹ ਆਪ ਚੁੱਪ ਕੀਤੇ ਪਿੱਛੋਂ ਨਿਕਲ ਗਏ। ਦੂਜਿਆਂ ਨੂੰ ਨਾ ਚੱਸਿਆ ਤੇ ਪਠਾਣਾਂ ਨੇ ਪਿੰਡ ਸਾੜ ਦਿੱਤਾ ਜਿਹੜੇ ਬਚੇ ਉਹਨਾਂ ਨਵਾਂ ਪਿੰਡ ਲਾਹਦੇ ਘੱਤਿਆ—ਪਰ ਮੰਨੇ ਕਿਆਂ ਦੀ ਪੱਤੀ ਸਾਲ ਅਜ ਤੱਕ ਵਰਤੋਂ ਨਹੀਂ ਰੱਖੀ।

....

ਪੱਤੀ ਬਲੋਚਕੀ

ਬਾਬਾ ਬੇਲਾ ਸਿੰਘ ਕੜਕਣਾਂ


ਸਾਵਲ ਸਿੰਘ — ਗੁਰਦਿੱਤ ਸਿੰਘ, ਮੀਹਾਂ ਸਿੰਘ


ਇਹ ਹਪੂਗੜੇ ਤਹਿਸੀਲ ਨਾਰੋਵਾਲ ਸਹੁਰੇ ਘਰ ਰਹਿੰਦਾ ਹੁੰਦਾ ਸੀ।

ਪਿੰਡ ਕੁਦਲਥੀ ਰਹਿੰਦਾ ਹੁੰਦਾ ਸੀ। — ਮੋਹਨ ਸਿੰਘ ਢਿਲੂ ਦੀ ਲੜਕੀ ਚੰਨਣ ਸਿੰਘ ਵੱਲ ਵਿਆਹੀ ਸੀ (ਹੁਣ ਸਹਤੇ) ਮੋਹਣ ਸਿੰਘ ਦਾ ਪੁੱਤਰ ਅਮੀਰ ਸਿੰਘ ਖਿਦਰਾਬਾਦ (ਨਜਦ ਅਸੰਧ ਹੁੰਦਾ ਹੈ)


ਬਾਬਾ ਬੇਲਾ ਸਿੰਘ ਬਰਾਦਰੀ ਵਿੱਚ ਮੰਨਿਆ ਪ੍ਰਮੰਨਿਆ ਅਤੇ ਪਿੰਡ ਦਾ ਆਹਲਾ ਲੰਬਰਦਾਰ ਸੀ। ਜੰਡਾਲੀਏ ਵਜ਼ੀਰ ਖਾਨ ਦੇ ਡੰਗਰ ਆਪਣੀ ਰੱਖ ਵਿੱਚ ਨਹੀਂ ਸੀ ਚੁਗਣ ਦਿਆਂ ਕਰਦਾ। ਬਾਗੀਆਂ ਅਤੇ ਅਹਿਲਕਾਰਾਂ ਕੋਲੋਂ ਧੱਕੇ ਨਾਲ ਖੋਹ ਕੇ ਫਾਟਕੇ ਦੇ ਛੱਡਦਾ ਸੀ। ਨੌਕਰਾਂ ਦੀ ਸ਼ਿਕਾਇਤ ਤੇ ਸਾਰੇ ਇਲਾਕੇ ਦੇ ਸਿਰਕਰਦਿਆਂ ਨੂੰ ਵਜ਼ੀਰ ਨੇ ਸੱਦਿਆ ਪਰ ਬਾਬਾ ਬੇਲਾ ਸਿੰਘ ਨਾ ਗਿਆ। ਅਖੀਰ ਵਜ਼ੀਰ ਦੇ ਉਚੇਚਾ ਬੰਦਾ ਘੱਲਣ ਤੇ ਆਇਆ। ਵਜ਼ੀਰ ਉਠ ਕੇ ਪੈਂਦੀ ਕਹਿ ਗਿਆ। ਅਹਿਲਕਾਰਾਂ ਦੇ ਪੁੱਛਣ ਤੇ ਵਜ਼ੀਰ ਆਖਿਆ ਮੇਰਾ ਭਰਾ ਮੇਰੇ ਘਰ ਆਇਆ ਹੈ ਤੇ ਆਦਰ ਕਰਨਾ ਮੇਰਾ ਬਣਦਾ ਹੈ। ਸੁਲਹ ਸਫਾਈ ਹੋ ਗਈ। ਬਾਬਾ ਬਦਸਤੂਰ ਲੰਬਰਦਾਰ ਰਿਹਾ ਤੇ ਪਠਾਣਾਂ ਨਾਲ ਚੰਗੀ ਲੰਘਦੀ ਰਹੀ। ਅੱਗੋਂ ਫਿਰ ਲੰਬਰਦਾਰੀ ਬਾਬੇ ਅਮੀਰ ਸਿੰਘ ਦੇ ਪੁੱਤਰ ਹੀਰਾ ਸਿੰਘ ਫੌਜੀ ਸਰਦਾਰ ਨੂੰ ਮਿਲੀ ਜੋ ਕਿ ਲਾ ਵਲਦ ਮਰ ਗਿਆ। ਫਿਰ ਲੰਬਰਦਾਰੀ ਤੇਜਾ ਸਿੰਘ ਵਲਦ ਪ੍ਰੇਮ ਸਿੰਘ ਨੂੰ ਮਿਲੀ।

ਰਿਹਾਨ ਕੀ ਪੱਤੀ





1. ਬਖਸ਼ਾ ਸਿੰਘ ਕਤਲ ਦੇ ਮੁਕੱਦਮੇ ਵਿੱਚ ਫਾਂਸੀ ਲੱਗਾ।



---

1. **ਬੁੱਢਾ ਸਿੰਘ**—ਇਹਨਾਂ ਦਸਮੇਸ਼ ਜੀ ਤੋਂ ਅੰਮ੍ਰਿਤ ਛਕਿਆ। ਇਹ ਜੰਗਾਂ ਵਿੱਚ ਸਦਾ ਦਸਮੇਸ਼ ਜੀ ਦੇ ਨਾਲ ਰਹਿੰਦੇ ਸਨ। ਸਾਬੋ ਕੀ ਤਲਵੰਡੀ ਤੋਂ ਦਸਮੇਸ਼ ਜੀ ਨੇ ਇਹਨਾਂ ਨੂੰ ਆਪਣਾ ਇਕ ਔੜਾ ਅਤੇ ਸ਼ਸਤਰ ਦੇ ਕੇ ਸ੍ਰੀ ਅੰਮ੍ਰਿਤਸਰ ਵੱਲ ਵਿਦਾ ਕੀਤਾ ਕਿ ਉਹ ਜਾ ਕੇ ਬੁੰਗਾ ਉਸਾਰਨ। ਅੰਮ੍ਰਿਤਸਰ ਸਰੋਵਰ ਦੀ ਲਹਿੰਦੀ ਗੁੱਠ ਵੱਲ ਕਾਲਕਿਆਂ ਦਾ ਬੁੰਗਾ ਹੋਇਆ ਕਰਦਾ ਸੀ।

ਸੰਨ 1740 ਈ: ਜਦੋਂ ਭਾਈ ਮਤਾਬ ਸਿੰਘ ਮੀਰਾਂ ਕੋਟਯੇ ਅਤੇ ਸੁਖਾ ਸਿੰਘ ਮਾੜੀ ਕੰਬੋਕੀ ਵਾਲੇ ਨੇ ਬੁੱਢਾ ਜੋਹੜ ਤੋਂ ਆ ਕੇ ਮੱਸੇ ਰੰਗੜ ਦਾ ਸਿਰ ਅੰਮ੍ਰਿਤਸਰ ਵੱਢਿਆ ਤਦੋਂ ਇਹੋ ਬਾਬਾ ਬੁੱਢਾ ਸਿੰਘ ਪੰਥ ਦੇ ਪ੍ਰਧਾਨ ਜਥੇਦਾਰ ਸਨ।

? ਇਸ ਦਾ ਅਰਥ ਇਹ ਹੈ ਕਿ ਪੂਰੀ ਤਸੱਲੀ ਨਹੀਂ ਕਿ ਜਮੀਅਤ ਸਿੰਘ ਹੀ ਹੈ ਜਾਂ ਹੋਰ ਕੁੱਝ।

ਭਾਈ ਸ਼ੇਰ ਸਿੰਘ ਜੀ (ਪੱਤੀ ਧੀਰਨ ਕੀ)

ਗੁਰਦਵਾਰਾ ਖਰਾ ਸੌਦਾ ਬਾਰ ਵਿਚ 20-2-1921 ਨੂੰ ਨਨਕਾਣੇ ਸਾਹਿਬ ਦੇ ਸ਼ਹੀਦੀ ਸਾਕੇ ਦੀ ਖਬਰ ਪੁੱਜੀ ਤਾਂ ਉਸੀ ਵਕਤ ਭਾਈ ਕਰਤਾਰ ਸਿੰਘ ਝੱਬਰ ਨੇ ਸਿੰਘਾਂ ਨੂੰ ਪਿੰਡਾਂ ਵਿੱਚੋਂ ਜਥਿਆਂ ਨੂੰ ਨਹਿਰ ਗੁਗੇਰਾਂ ਬਰਾਂਚ ਦੇ ਪੁਲਾਂ ਤੇ ਪਿੰਡ ਖਿਪ ਵਾਲੀ ਤੱਕ ਇਕੱਤਰ ਹੋ ਖਰੇ ਸੌਦੇ ਦੇ ਜਥੇ ਦੇ ਪੁੱਜਨ ਦੇ ਇੰਤਜਾਰ ਕਰਨ ਦਾ ਸੁਨੇਹਾ ਦੇ ਕੇ ਭੱਜਾ ਦਿੱਤਾ। ਇਹਨਾਂ ਸਿੰਘਾਂ ਵਿੱਚੋਂ ਇੱਕ ਇਹ ਭਾਈ ਸ਼ੇਰ ਸਿੰਘ, ਸੱਤਰ ਸਾਲ ਦਾ ਬੁੱਢਾ ਵੀ ਸੀ। ਇਹ ਸੂਰਮਾ ਪੇਦਲ ਹੀ ਪਿੰਡ ਝੀਂਡੇ, ਜਾੜ੍ਹੀ, ਵਿਲਵੀਂ, ਬੁਟਰੀਂ, ਭਿੱਖੀ ਬਾਹੜੀਂ ਅਤੇ ਆਪਣੇ ਨਗਰ ਲਾਗਰੀਂ ਖਬਰਾਂ ਪੁਚਾ ਕੇ ਫੇਰ ਚਾਰ ਵਜੇ ਆਪਣੇ ਪਿੰਡ ਦੇ ਜਥੇ ਨਾਲ ਪੁੰਜ ਵਾਲੇ ਬੰਗਲੇ ਦੇ ਪੁਲ ਤੇ ਆਣ ਹਾਜ਼ਰ ਹੋਇਆ।

ਭਾਈ ਬਹਾਦਰ ਸਿੰਘ ਮਸਤਾਨਾ

ਆਪ ਜੀ ਉਕਤ ਬਾਬਾ ਸ਼ੇਰ ਸਿੰਘ ਜੀ ਦੇ ਸਪੁੱਤਰ ਸਨ। ਇਹ ਜੈਤੋ ਦੇ ਪਹਿਲੇ 500 ਦੇ ਜਥੇ ਨਾਲ ਸ਼ਾਮਲ ਸਨ। ਆਪ ਜੀ ਉਥੋਂ ਫੱਟੜਾਂ ਵਿੱਚ ਵਾਪਸ ਪਰਤੇ ਅਤੇ ਉਪਰਾਂਤ ਕਈ ਪੰਥਕ ਮੋਰਚਿਆਂ ਵਿੱਚ ਕੈਦ ਹੋਏ। ਆਪ ਚੜ੍ਹਾਈ ਕਰ ਗਏ ਹੋਏ ਹਨ।

ਭਾਈ ਸੋਹਣ ਸਿੰਘ (ਪਿੰਡ ਲਾਗਰ)

ਆਪ ਜੀ ਗੁਰੂ ਕੇ ਮੋਰਚੇ ਵਿੱਚ ਕੈਦ ਰਹੇ। ਇਸ ਸਮੇਂ ਪਿੰਡ ਨੀਧਿੰਗ ਜ਼ਿਲਾ ਕਰਨਾਲ ਵਿੱਚ ਆਬਾਦ ਹਨ।

ਉਜਾਗਰ ਸਿੰਘ (ਪਤੀ ਰਿਹਾਣ ਕੀ)

ਇਸ ਪੱਤੀ ਦਾ ਬਹੁਤ ਸਾਰਾ ਸਜਰਾ ਇਹਨਾਂ ਦੀ ਜ਼ਬਾਨੀ ਹੈ। ਇਹ ਭਾਈ ਕਰਤਾਰ ਸਿੰਘ ਜੀ ਝਬਰ ਦੇ ਉਸ ਜਥੇ ਵਿੱਚ ਸ਼ਾਮਲ ਸਨ ਜਿਸ ਨੇ ਗੁਰਦਵਾਰਾ ਕੋਟ ਭਾਈ ਥਾਨ ਸਿੰਘ ਜ਼ਿਲਾ ਕੈਂਪਬੈਲਪੁਰ ਦਾ ਕਬਜ਼ਾ ਉਸ ਵੇਲੇ ਲਿਆ ਸੀ ਜਦ ਵੱਡੇ ਵੱਡੇ ਅਕਾਲੀ ਲੀਡਰ ਉਥੇ ਜਾਣੋਂ ਸੰਕੋਚਦੇ ਸਨ। ਇਹਨਾਂ ਸੂਰਮਿਆਂ ਦੀ ਗੁਰੂ ਆਸਰੇ ਕੀਤੀ ਹਿੰਮਤ ਨਾਲ ਇਤਨੀ ਭਾਰੀ ਮੁਸਲਕੜ ਆਬਾਦੀ ਵਿਚੋਂ ਗੁਰਦਵਾਰਾ ਆਜ਼ਾਦ ਹੋ ਗਿਆ।

ਸਰਦਾਰ ਸੁੰਦਰ ਸਿੰਘ ਮਜੀਠਾ ਦੇ ਸਦੇ ਤੇ ਜਿਹੜਾ ਬਾਰ ਦਾ ਜਥਾ ਖਾਲਸਾ ਕਾਲਜ ਅੰਮ੍ਰਿਤਸਰ ਗਿਆ ਆਪ ਜੀ ਉਸ ਵਿੱਚ ਵੀ ਸ਼ਾਮਲ ਸਨ।

ਕਾਲੋਕੇ

ਸੰਬੰਧਤ ਵਿਵਰਨ ਜ਼ਬਾਨੀ ਨਿਸ਼ਾਨ ਸਿੰਘ
(ਭਾਈ ਜੀਵਨ ਸਿੰਘ ਜੀ ਅਨੁਸਾਰ)

ਚੌਧਰੀ ਅਮਰੀਕਾ
|
ਧਿਆਨ ਸਿੰਘ
|
ਅਰਬਲ ਸਿੰਘ
|
ਰਤਨ ਸਿੰਘ
|
ਲਹਿਣਾ ਸਿੰਘ
|
ਕਿਸ਼ਨ ਸਿੰਘ
|
ਨਿਸ਼ਾਨ ਸਿੰਘ

ਕਿਹੜੀ ਪੱਤੀ ਵਿਚੋਂ—ਕੋਈ ਪਤਾ ਨਹੀਂ
ਹੁਣ ਕਿੱਥੇ ਰਹਿੰਦੇ ਹਨ " " "

ਮਹਾਰਾਜਾ ਰਣਜੀਤ ਸਿੰਘ ਦਾ ਸਾਂਢੂ ਸੀ। ਇਸ ਦੀ ਡੀਲ ਡੌਲ ਤੇ ਚਾਲ ਢਾਲ ਤੋਂ ਪ੍ਰਭਾਵਤ ਹੋ ਕੇ ਸ਼ੇਰਿ ਪੰਜਾਬ ਨੇ ਕੇਵਲ ਦਰਸ਼ਨ ਦੀਦਾਰੇ ਵਾਸਤੇ ਆਪਣੇ ਪਾਸ ਰੱਖ ਲਿਆ ਅਤੇ ਰਾਜ ਮਹਿਲ ਵਿੱਚ ਆਵਨ ਜਾਵਨ ਦੀ ਆਮ ਖੁਲ੍ਹ ਦੇ ਦਿੱਤੀ।

ਕੁਦਰਤੀ ਤੌਰ ਤੇ ਵਿਰਕ ਦੀ ਨਜ਼ਰ ਤੇਜ਼ ਅਕਲ ਪਾਰਖੂ ਹੋਵਣ ਕਰਕੇ ਵਿਰਕ ਬੜਾ ਗਰੇਂਡੀ ਹੁੰਦਾ ਹੈ। ਇਹ ਫੇਰਨ ਗੱਲ ਦੀ ਤਹਿ ਤੱਕ ਪਹੁੰਚ ਜਾਂਦਾ ਹੈ। ਬਾਬਾ ਸੰਗਤ ਸਿੰਘ ਡੋਗਰਿਆਂ ਦੀ ਕੁਟਲ ਨੀਤੀ ਅਤੇ ਖੁਰਚਬੰਦੀਆਂ ਵੇਖ ਉਹਨਾਂ ਦੀ ਬਦਨੀਤੀ ਨੂੰ ਤਾੜ ਗਿਆ। ਉਹ ਅਜੇ ਮੌਕੇ ਦੀ ਤਾੜ ਵਿੱਚ ਹੀ ਸੀ ਕਿ ਮਹਾਰਾਜੇ ਨੂੰ ਸਪਸ਼ਟ ਸ਼ਬਦਾਂ ਵਿੱਚ ਡੋਗਰਿਆਂ ਦੀ ਚਾਲ ਤੋਂ ਜਾਣੂ ਕਰਾਵੇ ਕਿ ਡੋਗਰਿਆਂ ਨੇ ਬਾਬੇ ਸੰਗਤ ਸਿੰਘ ਦੇ ਖਿਲਾਫ਼ ਕੋਈ ਝੂਠੀ ਊਜ ਧਰ ਦਿੱਤੀ (ਡੋਗਰੇ ਪਹਾੜੀਏ ਹੋਣ ਕਰਕੇ ਚਲਾਕ ਨਿਕਲੇ ਤੇ ਪਹਿਲ ਕਰ ਗਏ)।

ਮਹਾਰਾਜੇ ਨੇ ਭਰੇ ਦਰਬਾਰ ਵਿੱਚ ਬਾਬੇ ਸੰਗਤ ਸਿੰਘ ਤੋਂ ਪੜ ਕੀਤੀ, ਬਾਬੇ ਨੇ ਠੋਕ ਕੇ ਆਪਣੀ ਬੀਰਤਾ ਦਾ ਸਬੂਤ ਪੇਸ਼ ਕੀਤਾ ਤੇ ਉਸੇ ਵੇਲੇ ਨੌਕਰੀ ਤੋਂ ਜਵਾਬ ਦੇ ਕੇ ਪਿੰਡ ਕਾਲੋਕੇ ਪਰਤ ਆਇਆ। ਪਟਰਾਣੀ ਨਕਾਇਨ ਨੂੰ ਜਦ ਇਸ ਵਾਰਦਾਤ ਦਾ ਪਤਾ ਲੱਗਾ ਤਾਂ ਉਸ ਨੇ ਅਸਲੀਅਤ ਮਹਾਰਾਜੇ ਨੂੰ ਦੱਸੀ। ਜਿਸ ਤੇ ਮਹਾਰਾਜੇ ਨੇ 500 ਰੁਪੈ ਸਾਲਾਨਾ ਪੈਨਸਨ ਅਤੇ ਪਿੰਡ ਗਾਲਬ ਦੀ ਜਾਗੀਰ ਦਾ ਪਟਾ ਬਾਬੇ ਸੰਗਤ ਸਿੰਘ ਦੇ ਨਾਮ ਤੇ ਪਿੰਡ ਕਾਲੋਕੇ ਭੇਜ ਦਿੱਤਾ।

ਇਹ ਜਾਗੀਰ ਅਤੇ ਪੈਨਸ਼ਨ ਅੰਗਰੇਜ਼ੀ ਰਾਜ ਦੇ ਸਮੇਂ ਵਿੱਚ ਰਲਾ ਸਿੰਘ ਜੀ ਤੱਕ ਮਿਲਦੀ ਰਹੀ। ਇਹ ਹੈ ਇੱਕ ਵਿਰਕ ਦਾ ਆਤਮ ਸਨਮਾਨ।

ਬੂੜ ਸਿੰਘ ਦਲੇਰੀ

ਬੁੱਢੇ ਕੇ ਮੱਖਣ ਸਿੰਘ ਦਾ ਪੁੱਤਰ ਬੂੜ ਸਿੰਘ ਲਹਿਣਾ ਦਾ ਭਰਾ, ਆਪਣੇ ਸਮਿਆਂ ਅੰਦਰ ਵਿਰਕੋਤ ਵਿੱਚ ਨਾਮੀ ਸੂਰਮਾ ਹੋਇਆ। ਜੰਡਿਆਲੇ ਸ਼ੇਰ ਖਾਂ ਦੇ ਮੌਤੀ ਕਸ਼ਮੀਰੀ ਦਾ ਪੁੱਤਰ ਭਾਗੂ, ਹੈਦਰ ਖਾਂ ਛਾਛੀ ਇਸ਼ਤਿਹਾਰੀ ਮਫਰੂਰ ਅਤੇ ਕਪੂਰ ਸਿੰਘ ਕੜਯਾਲਆ ਇਹ ਦੀ ਜੁੰਡੀ ਦੇ ਯਾਰ ਸਨ। ਉਕਤ ਭਾਗੂ ਅਤੇ ਹੈਦਰ ਖਾਨ ਅਕਸਰ ਬੂੜ ਸਿੰਘ ਕੋਲ ਕਾਲੋਕੀ ਰਿਹਾ ਕਰਦੇ ਸਨ। ਜੰਡਿਆਲੇ ਸ਼ੇਰ ਖਾਂ ਦਾ ਜ਼ੈਲਦਾਰ ਅਮੀਰ ਖਾਨ ਅੰਦਰ ਖਾਨੇ ਇਹਨਾਂ ਨਾਲ ਮਿਲਿਆ ਰਹਿੰਦਾ ਸੀ।

ਭਾਗੂ ਕੋਲ. ਮਾਰੇ ਧਾੜੇ ਦੀਆਂ ਕੁੱਝ ਟੂੰਬਾਂ ਸਨ ਉਹ ਜ਼ੈਲਦਾਰ ਨੇ ਲਈਆਂ ਤਾਂ ਉਧਾਰੀਆਂ ਕਰਕੇ, ਪਰ ਭਾਗੂ ਦੇ ਮੰਗਣ ਤੇ ਮੁੱਕਰ ਗਿਆ। ਕੁੱਝ ਦਿਨ ਪਿੱਛੋਂ ਭਾਗੂ ਤੇ ਬੂੜ ਸਿੰਘ ਦੋਹਾਂ ਨੇ ਅਮੀਰ ਖਾਨ ਨੂੰ ਆਖਿਆ ਜਾਂ ਤਾਂ ਸਾਡੀ ਚੀਜ਼ ਸਾਨੂੰ ਵਾਪਸ ਕਰ ਨਹੀਂ ਤੇ ਅਸਾਂ ਤੈਨੂੰ ਛੱਡਣਾ ਨਹੀਂਉਂ। ਅਮੀਰ ਖਾਨ ਨੇ ਚਿੜ ਨਾਲ, ਝੂਠਾ ਮੁਕੱਦਮਾ ਬਣਾਕੇ ਭਾਗੂ ਦੇ ਦੋ ਵੱਡੇ ਭਰਾ ਕੈਦ ਕਰਾ ਦਿੱਤੇ। ਭਾਗੂ ਭਗੌੜਾ ਹੋ ਗਿਆ।

ਅਮੀਰ ਖ਼ਾਨ ਦੀ ਜਾਇਦਾਦ ਦੀ ਵੰਡ ਕਰਕੇ, ਆਪਣੇ ਭਾਈਚਾਰੇ ਨਾਲ ਵੀ ਬਖਾਧ ਸੀ। ਭਾਗੂ, ਹੈਦਰ ਤੇ ਬੂੜ ਸਿੰਘ ਨੇ ਅਮੀਰ ਖਾਨ ਦੇ ਕਿਸੇ ਸ਼ਰੀਕ ਨੂੰ ਨਾਲ ਗੰਢਿਆ ਤਾਂ ਜੋ ਭੇਤ ਵੀ ਮਿਲਦਾ ਰਹੇ ਤੇ ਆਉਣ ਜਾਣ ਵਿੱਚ ਸੌਖ ਰਹੇ। ਗਰਮੀਆਂ ਦੇ ਦਿਨੀਂ, ਅਮੀਰ ਖਾਨ ਦੇ ਦੋਵੇਂ ਟੱਬਰ ਤਾਂ ਥੱਲੇ ਵਿਹੜੇ ਵਿੱਚ ਸੌਂਦੇ ਤੇ ਆਪ ਉਹ ਚੁਬਾਰੇ ਤੇ ਸੌਂਦਾ। ਉੱਤੇ ਚੜ੍ਹਕੇ, ਡਰਦਾ ਮਾਰਿਆ ਪੌੜੀ ਵੀ ਉੱਤੇ ਖਿੱਚ ਲੈਂਦਾ। ਚੁਬਾਰੇ ਦੇ ਪਿਛਲੇ ਪਾਸੇ ਤਬੇਲਾ ਸੀ। ਹੈਦਰ, ਭਾਗੂ ਤੇ ਬੂੜ ਸਿੰਘ ਇਕ ਅੰਨੇਰੀ ਰਾਤ, ਤਬੇਲੇ ਵਿੱਚੋਂ ਦੀ ਚਬਾਰੇ ਤੇ ਚੜ੍ਹ ਗਏ। ਭਾਗੂ, ਕਤਲ ਕਰਨ ਤੋਂ ਭੌੜਾ ਪੈ ਗਿਆ, ਕਸ਼ਮੀਰੀ ਜੁ ਸੀ, ਬੂੜ ਸਿੰਘ ਆਖਿਆ, ਹੁਣ ਖਾਲੀ ਗਿਆਂ ਲਾਜ ਲਗੇਗੀ। ਉਸਨੇ ਮਾਰਕੇ ਤਲਵਾਰ ਤੇ ਅਮੀਰ ਖਾਨ ਨੂੰ ਪਾਰ ਬੁਲਾ ਦਿੱਤਾ ਤੇ ਆਪ ਤਿੰਨੇ ਫਰਾਰ ਹੋ ਗਏ। ਉਧਰ ਅਮੀਰ ਖਾਂ ਦੇ ਟੱਬਰ ਖੜਾਕ ਸੁਣ ਕੇ ਜਾਗ ਪਏ ਮਗਰ ਕਾਤਲਾਂ ਨੇ ਨਾ ਹੱਥ ਆਉਣਾ ਸੀ ਤਾਂ ਆਏ ਤੇ ਨਾ ਉਹ ਰੌਲਾ ਪਾਂਦੀਆਂ ਤੇ ਚਿਰ ਜਾਂਦੀਆਂ ਰਹਿ ਗਈਆਂ।

ਕਤਲ ਦਾ ਮੁਕੱਦਮਾ ਚਲਿਆ। ਖਰਚ ਪੱਠਾ ਬਨਾਣ ਲਈ ਇਹਨਾਂ ਸਣੇ ਕਪੂਰ ਸਿੰਘ ਕੜਯਾਲਯੇ ਦੇ ਡਾਕੇ ਮਾਰਨ ਦੀ ਵਿਉਂਤ ਬਣਾਈ।

ਇਬਣਵਾਲੀ ਦਾ ਡਾਕਾ

ਪਿੰਡ ਇਬਣਵਾਲੀ ਸ਼ਹਿਰ ਗੁਜਰਾਂਵਾਲੇ ਤੇ ਪਹਾੜ, ਗਖੜ ਸਟੇਸ਼ਨ ਤੋਂ ਇਕ ਮੀਲ ਚੜ੍ਹਦੇ ਪਾਸੇ ਚੀਮੇ ਜੱਟਾਂ ਦਾ ਪਿੰਡ ਸੀ। ਇਥੇ ਖਤਰੀਆਂ ਦੇ ਚੰਗੇ ਮਾਲਦਾਰ ਘਰ ਸਨ। ਪਿੰਡ ਢਲੇ (ਨਜ਼ਦ ਨਸਹਿਰਾ ਵਿਰਕਾਂ) ਦੇ ਨਾਮੀ ਚੋਰ ਮਣੀਯੇ ਬ੍ਰਾਹਮਣ ਦੀ ਕਾਲੋਕਿਆਂ ਵਿੱਚ ਰਿਸ਼ਤੇਦਾਰੀ ਸੀ। ਇਹ ਬੂੜ ਸਿੰਘ ਦਾ ਵੀ ਚੰਗਾ ਜਾਣੂ ਸੀ। ਗੱਲਾਂ ਗੱਲਾਂ ਵਿੱਚ ਇਸ ਨੇ ਇਬਣ ਦੇ ਖਤਰੀਆਂ ਦੇ ਝੁਗੇ ਦਾ ਭੇਤ ਦਿੱਤਾ ਤੇ ਬੂੜ ਸਿੰਘ ਨੇ ਆਪਣੇ ਸਾਥੀ :—

1. ਨਿਸ਼ਾਨ ਸਿੰਘ ਪੁੱਤਰ ਵਸਾਵਾ ਸਿੰਘ (ਡਾਕੇ ਵਿੱਚ ਹੋਈ ਕੈਦ ਪਿੱਛੋਂ ਮੁਸਲਮਾਨ ਹੋ ਗਿਆ)
2. ਰਲਾ ਸਿੰਘ ਵੜੈਚ (ਨਾਨਕੀ ਢੇਰੀ ਪਿਛੋਂ ਡਿਉਢੀ ਜ਼ਿ: ਗੁਜਰਾਂਵਾਲਾ)

ਢੋਲਾ—ਕ੍ਰਿਤ ਨੂਰ ਮੁਹੰਮਦ ਪ੍ਰਸਿੱਧ ਨੂਰੀ ਪਕਸੀ'ਹ ਕਾ

ਜਬਾਨੀ ਗਹਿਲ ਸਿੰਘ ਨੋਖਰੀਆ – ਹਾਲ ਜਲਮਾਣਾਂ

ਕਲ ਆਂਹਦੀ ਏ ਨਾਰਦਾ ਮੇਰੀ ਸਮਝੀਂ ਗਲ ਬਿਆਨ ਦੀ।
ਆਦਮ ਜੂਨ ਵਿੱਚ ਪੈਦਾ ਹੋਈ ਆਂ ਕੀਤੀ ਏ ਐਸ਼ ਜਹਾਨ ਦੀ।
ਗੋਰਬ ਰੰਗਿਆਂ ਨੂੰ ਢੱਧ ਕੇ ਹਵਾਲਾਟੇ ਸਟਿਆ, ਸਿਰ ਤਿਮਰ ਲੰਗ ਦੇ ਬੱਧੀ ਏ ਪੱਗ ਇਸਲਾਮ ਦੀ।
ਰਾਜੇ ਰੂਪ ਚੰਦ ਨੂੰ ਵੇਦ ਪੜ੍ਹਾਏ ਨੇ, ਫੌਜ ਹਲਾਕ ਕਰਾ ਛਡੀ ਏ ਹਿੰਦੁਸਤਾਨ ਦੀ।
ਕਲਾਨੌਰ ਤੇ ਭੇੜ ਚੁਗਤਿਆਂ ਕੀਤੇ ਨੇ ਦਾਰਾ ਤੇ ਔਰੰਗਾ, ਮਾਰਨ ਤਲਵਾਰੀਂ ਟੁੱਟੀ ਸਾਂਝ ਈਮਾਨ ਦੀ।
ਪਾਣੀਪਤ ਮੈਂ ਸਿੰਘ ਲੜਾਏ ਨੇ ਲਿਖ ਦਿੱਤੀ ਏ ਫਤਿਹ ਮੈਦਾਨ ਦੀ।

—00—

ਹੁਣ ਮੇਰੀ ਤਕ ਜੰਡਿਆਲੇ ਦੀ ਏ, ਨਾਰਦਾ। ਮਨ ਤੇ ਰੀਝ ਸਲਾਮ ਦੀ।
ਘਰ ਸਬਾਜ ਖਾਂ ਦੇ ਅਮੀਰ ਖਾਂ ਜੰਮਿਆ, ਕੁਰਸੀ ਦਰਬਾਰੋਂ ਚਿੱਠੀ ਰੱਜ ਇਨਾਮ ਦੀ।
ਕਸ਼ਮੀਰੀ ਭਾਗੂ ਤੇ ਅਮੀਰ ਖਾਂ ਹੋਏ ਬੋਲੋਂ ਬੋਲੀ।
ਕਲ ਪਈ ਆਹਦੀ ਨਾਰਦਾ ਹੁਣ ਤੇ ਬੇਲੀ ਫੁਟੇ ਨੇ, ਮੇਰੇ ਬਾਰੇ ਰੱਜੀ ਖੁਲੀ ਏ ਤਾਮ ਦੀ।
ਬਾਂਹ ਵਿਰਕ ਦੀ ਪੁੱਤਰ ਮੱਖਣ ਸਿੰਘ ਪੋਤਰਾ ਜਮੀਅਤ ਸਿੰਘ ਦਾ, ਬਣੀਆਂ ਭੀੜਾਂ ਤੇ ਕੰਠੀ ਡੋਲ ਨਾ ਜਾਤਾ ਖਾਨ ਦੀ।
ਕਲ ਪਈ ਆਂਹਦੀ ਨਾਰਦਾ, ਇਹਨਾਂ ਦੋਹਾਂ ਚੋਰਾਂ ਦੀ ਸਿਫਤ ਸੁਣ ਜਿਵੇਂ ਮਾਝੇ ਦੀ ਜੋੜੀ ਸੰਤ ਸਿੰਘ ਆਸਲੇ ਤੇ ਘੰਮੇ ਮਾਨ ਦੀ।
ਨੂਰੀ ਪਿਆ ਆਂਹਦਾ, ਕੁਲਾ ਤੇ ਸਾਫਾ ਸਾਜ ਗੋਲੀਆਂ ਸਿਲਹੇ ਵਾਲਾ, ਉਹ ਦੁਨਾਲੀ ਸਿਰਹਾਨੇ ਪਈ ਰਹਿ ਜਾਣਾ ਏ।
ਜਿਵੇਂ ਸਾਰੰਗ ਜਜ ਦੇ ਤੇਗੇ ਰਹਿ ਗਏ ਨਾਲ ਕਿੱਲੀਆਂ ਦੇ।

ਮੁਹਕਮ ਸਿੰਘ (ਵੱਖਰੀਆਂ ਮੜ੍ਹੀਆਂ)

ਜੰਡਿਆਲੇ ਸ਼ੇਰ ਖਾਂ ਦੇ ਪਠਾਣਾਂ ਨੇ ਇੱਕ ਰਾਹ ਜਾਂਦੇ ਬ੍ਰਾਹਮਨ ਦੀ ਜਨਾਨੀ ਧੱਕੇ ਨਾਲ ਖੋਹ ਲਈ। ਬ੍ਰਹਿਮਨ ਕਾਲੋਕਿਆਂ ਦੇ ਸਿੰਘਾਂ ਕੋਲ ਜਾ ਫਰਿਆਦੀ ਹੋਇਆ ਸਿੰਘਾਂ ਨੇ ਬਾਜ ਝਪਟਾ ਮਾਰ ਬ੍ਰਹਿਮਣੀ ਛੁੜਾ ਕੇ ਬ੍ਰਾਹਮਣ ਦੇ ਹਵਾਲੇ ਕੀਤੀ। ਮਗਰ ਪਠਾਨਾਂ ਨੂੰ ਕਾਲੋਕਿਆਂ ਨਾਲ ਵੈਰ ਪੈ ਗਿਆ ਤੇ ਉਹ ਇਕ ਰਾਤ ਅਚਨਚੇਤ ਆ ਪਏ ਤੇ ਪਿੰਡ ਸਾੜ ਫੂਕ ਕੇ ਢੇਰੀ ਕਰ ਗਏ।

ਕਾਲੋਕਿਆਂ ਇੱਕ ਸੂੰਹਾ ਜੰਡਿਆਲੇ ਰੱਖਿਆ ਹੋਇਆ ਸੀ। ਜਦੋਂ ਪਿੰਡ ਦੇ ਪੰਚਾਂ ਨੇ ਉਸ ਨੂੰ ਪੁੱਛਿਆ, ਪਈ ਤੂੰ ਸਾਨੂੰ ਪਠਾਣਾਂ ਦੇ ਧਾੜੇ ਦੀ ਅਗੇਤਰੀ ਸੂੰਹ ਕਿਉਂ ਨਾ ਦਿੱਤੀ? ਤਾਂ ਸੂੰਹੇ ਆਖਿਆ, "ਮੈਂ ਬੁੱਢੇ ਕੇ ਮੋਹਕਮ ਸਿੰਘ ਨੂੰ ਰਾਹ ਦੇ ਨਾਲ ਵਾਲੇ ਖੇਤ ਨੂੰ ਵਾੜ ਕਰਦੇ ਨੂੰ ਆਖ ਕੇ ਗਿਆ ਜਾਂ ਅੱਜ ਤੁਹਾਡੇ ਪਿੰਡ ਨੂੰ ਧਾੜਾ ਪੈਣਾ ਹੈ ਤੇ ਸਾਮਾਂ ਕਰ ਲੈਣਾ"। ਸਿਆਣਿਆਂ ਦੇ ਪੁੱਛ ਕਰਨ ਤੇ ਸਾਫ ਪਤਾ ਲੱਗਾ ਕਿ ਮੋਹਕਮ ਸਿੰਘ ਨੂੰ ਅਗੇਤਰੀ ਖਬਰ ਹੋ ਜਾਣ ਤੇ ਉਹ ਆਪਣਾ ਬਾਲੀ ਬੱਚਾ ਤੇ ਮਾਲ ਡੰਗਰ ਲੈ ਕੇ ਪਿੰਡੋਂ ਦੂਰ ਚਲਾ ਗਿਆ ਸੀ---ਜਿਸ ਤੇ ਉਸ ਦਾ ਮਾਲ ਡੰਗਰ ਤੇ ਟਬਰ ਟੋਰ ਬਚ ਗਿਆ ਤੇ ਬਾਕੀ ਦੇ ਪਿੰਡ ਦਾ ਬੜਾ ਭਾਰਾ ਜਾਨੀ ਤੇ ਮਾਲ ਨੁਕਸਾਨ ਹੋਇਆ।

ਪਿੰਡ ਦੀ ਪੰਚਾਇਤ ਨੇ ਡੰਨ[1] ਦੇ ਤੌਰ ਤੇ ਬੁੱਢੇ ਕਿਆਂ (ਰਿਹਾਨ ਕੀ ਪਤੀ) ਦੀ ਮੜ੍ਹੀਆਂ ਪਿੰਡ ਨਾਲੋਂ ਵੱਖਰੀਆਂ ਕਰ ਦਿੱਤੀਆਂ। ਜੋ 1947 ਦੇਸ਼ ਵਿਭਾਜਨ ਦੇ ਸਮੇਂ ਤੱਕ ਪੂਰਨ ਰੂਪੇਨ ਕਾਇਮ ਸੀ।

ਸੰਗਤ ਸਿੰਘ (ਬੁੱਢੇ ਕਾ) ਆਤਮ ਸਨਮਾਨ ਦਾ ਨਮੂਨਾ

ਸਿਆਣੇ ਦੱਸਿਆ ਕਰਦੇ ਸਨ ਕਿ ਸੰਗਤ ਸਿੰਘ ਬੜਾ ਜਵਾਨ ਤੇ ਦਰਸ਼ਣੀ ਸਿੱਖ ਸੀ। ਨਕਈਆਂ ਸਰਦਾਰਾਂ ਘਰ ਵਿਆਹੇ ਹਣ ਕਰਕੇ


---

1. ਭਾਈ ਜੀਵਨ ਸਿੰਘ ਜੀ ਇਸ ਵਾਰਤਾ ਨੂੰ ਮੰਨੇ ਕਿਆਂ (ਧੀਰਨ ਕੀ ਪਤੀ) ਨਾਲ ਸੰਬੰਧਤ ਦੱਸਦੇ ਹਨ। ਜੋ ਕਿਸੇ ਤੱਥ ਤੇ ਆਧਾਰਤ ਨਹੀਂ। ਉਪਰੋਕਤ ਤੱਥ ਦੀ ਪੁਸ਼ਟੀ ਜਥੇਦਾਰ ਅਨੋਖ ਸਿੰਘ ਨਾਵਾਂ ਪੁੱਤ੍ਰ ਖੜਕ ਸਿੰਘ ਅਤੇ ਉਜਾਗਰ ਸਿੰਘ ਪੁੱਤਰ ਬਾਰਾ ਸਿੰਘ ਬਲੱਚਕੇ ਨੇ ਕੀਤੀ ਸੀ।
(ਗਿਆਨੀ ਜੀ)

ਕਾਲੋਂ
|
ਕਰਨ
|
ਧੁਨੀ
|
ਆਸੋ
|
ਬੁਧਾਈ
|
ਮਾਛੀ
|
ਆਲਮ
|
ਰੂਪਾ
|
ਬਖਤੂ
|
ਜਗਤਾ
|
ਟਹਿਲੀਆ



ਜਥੇਦਾਰ ਕੇਸਰ ਸਿੰਘ



(ਚਲਦਾ 278 ਪੇਜ ਤੇ)

3. ਜਵੰਦ ਸਿੰਘ ਵਰਨ ਪਿੰਡ ਵਰਨ (ਨਜ਼ਦ ਕੜਯਾਲ ਕਲਾਂ)

4. ਕਪੂਰ ਸਿੰਘ ਵਾਸੀ ਕੜਯਾਲ ਕਲਾਂ

5. ਜਵਾਲਾ ਸਿੰਘ ਚੱਕ ਗੁਰਦਾਸ ਨਿਵਾਸੀ ਆਦਿ ਨਾਲ ਮਸਵਰਾ ਕੀਤਾ ।

ਇਕ ਰਾਤ ਜਾ ਡਾਕਾ ਜਾ ਮਾਰਿਆ । ਬੜਾ ਮਾਲ ਹੱਥ ਲੱਗਾ । ਪਰ ਬਦਕਿਸਮਤੀ ਇਹ ਕਿ ਘਰ ਵਾਲਿਆਂ ਦਾ ਇੱਕ ਬੰਦਾ ਫੱਬੀ ਵਜ੍ਹਾ ਕਾਰਣ ਕਤਲ ਹੋ ਗਿਆ ।

ਪੁਲੀਸ ਨੇ ਮਣੀਯੇ ਬ੍ਰਾਹਮਣ ਨੂੰ ਫੜ ਕੇ ਜਦ ਸੋਤ ਚਾਹੜੀ ਉਹ ਵਾਹਦਾ ਮੁਆਫ ਗਵਾਹ ਬਣ ਗਿਆ । ਜਿਸ ਵਿੱਚ ਸਭ ਨੂੰ ਫਰਕੋ ਫਰਕੀ ਕੈਦ ਹੋਈ ਪਰ ਮਣੀਆ ਸਾਫ ਬਚ ਗਿਆ । ਪੰਜਾਬੀ ਅਖਾਣ ਕਿ "ਕਾਲ ਬਾਗੜੋਂ ਉਪਜੇ ਬੁਰਾ ਬ੍ਰਾਹਮਣ ਤੇ ਹੋਏ" ਇਸ ਭਦਰ ਪੁਰਸ਼ ਮਣੀਏ ਬਿਲਕੁਲ ਸੱਚ ਕਰ ਵਿਖਾਈ ।

ਵਸੀਰਾ ਦਾ ਕਤਲ

ਭਾਈ ਉਜਾਗਰ ਸਿੰਘ ਪੁੱਤਰ ਬਾਰਾ ਸਿੰਘ ਦੱਸਦੇ ਸਨ ਕਿ ਸਯਦੂ ਅਲੀ ਦਾ ਕੈਦ ਹੋ ਗਿਆ ਤੇ ਮਗਰੋਂ ਉਹਦੀ ਜਵਾਨ ਭੈਣ ਤਿੰਨ ਵਸੀਰ ਭਰਾਵਾਂ ਨੇ ਘਰ ਘਤ ਲਈ । ਸਯਦੂ ਨੇ ਜਿਹਲ ਵਿੱਚ ਭਾਗੂ ਜੰਡਿਆਲੇ ਵਾਲੇ ਨਾਲ ਗੱਲ ਕੀਤੀ ਪਈ ਇਕੱਲਾ ਹਾਂ ਤੂੰ ਮੇਰੀ ਕੁੱਛ ਮਦਦ ਕਰ । ਮੈਂ ਉਹਨਾਂ ਵਸੀਰਾਂ ਤੋਂ ਬਦਲਾ ਲੈਣਾ । ਭਾਗੂ ਹਾਂ ਕਰ ਦਿੱਤੀ ।

ਭਾਗੂ ਤੇ ਸਯਦੂ ਅਗੜ ਪਿਛੜ ਜਦੋਂ ਰਿਹਾ ਹੋ ਕੇ ਆਏ ਤਾਂ ਹੈਦਰ ਨੇ ਬੂੜ ਸਿੰਘ ਨੂੰ ਆਖਿਆ । ਬੂੜ ਸਿੰਘ ਆਖਿਆ ਓਇ ਭਾਗੂ ਤੁਸੀਂ ਮਦਾਨ ਦੇ ਚਿੱਤੂ ਹੋ, ਯਾਦ ਈ ਨਾ ਅਮੀਰ ਖਾਂ ਦੇ ਕਤਲ ਵਿੱਚ ਭੇੜਾ ਪੈ ਗਿਆ ਸ੍ਹਾਏ। ਏਵੇਂ ਮੈਨੂੰ ਖਜਲ ਕਰਵਾਉਗੇ ਪਰਾਂ ਛੱਡੋ ਖਹਿੜਾ ਏਸ ਗੱਲ ਦਾ । ਭਾਗੂ ਆਖਿਆ ਓਇ ਬੂੜ ਸਿੰਘਾਂ ਹੁਣ ਹੜੂੰ ਨ ਭੇੜਾ ਪੈਦਾ ਹੋਇਆ ਤੂੰ ਅੱਗੇ ਲੱਗ ਅਸੀਂ ਤੇਰੇ ਨਾਲ ਹਾਂ ।


ਉਹ ਵਸੀਰ, ਜਦੋਂ ਦਾ ਸਯਦੂ ਰਿਹਾ ਹੋ ਕੇ ਆਇਆ ਸੀ ਚੁਕੰਨੇ ਹੋਏ ਹੋਏ ਸਨ । ਰਾਤੀਂ ਤਰੈਵੇ ਉਹ ਆਪ ਤੇ ਚੌਥੀ ਉਹਨਾਂ ਦੀ ਭੈਣ ਵਾਰੋ ਵਾਰੀ ਪਹਿਰਾ ਦੇਂਦੇ । ਜਿਸ ਦਿਨ ਬੂੜ ਸਿੰਘ ਉਹਨਾਂ ਵਸੀਰਾਂ ਨੂੰ ਜਾ ਕੇ ਲੁੱਕਾ ਤਾਂ ਕੀ ਵੇਖਦਾ ਹੈ ਕਿ ਅੱਧੀ ਰਾਤੀਂ ਉਹਨਾਂ ਵਸੀਰਾਂ ਦੀ ਭੈਣ ਪਹਿਰੇ ਤੇ ਸੀ । ਕਰਨਾ ਰੱਬ ਦਾ ਉਸ ਕੁੜੀ ਦਾ ਪ੍ਰੇਮੀ ਉਸ ਰਾਤ ਬਾਹਰ ਪਾਣੀ ਲਾਈ ਪਿੰਡੋਂ ਥੋੜੇ ਫਾਸਲੇ ਤੇ ਢੋਲੇ ਆਖਣ ਲੱਗ ਪਿਆ । ਉਹ ਕੁੜੀ ਜੁ ਉਠੀ ਤੇ ਘਰ ਵਲ ਪਿੱਠ ਕਰ ਕੰਧ ਤੇ ਬੈਠ ਕੰਨ ਢੋਲਿਆਂ ਵਲ ਕਰ ਢੋਲੇ ਸੁਣਨ ਵਿੱਚ ਮਸਤ ਹੋ ਗਈ ।

ਵਸੀਰ ਵਿਹੜੇ ਵਿੱਚ ਸੁੱਤੇ ਸਨ । ਬੂੜ ਸਿੰਘ ਜਿਉਂ ਕੰਧੋਂ ਕੁੱਦ ਕੇ ਪਿਆ ਤਿੰਨਾਂ ਸੁੱਤਿਆ ਪਿਆਂ ਨੂੰ ਵੱਢ ਕੇ ਅਲੀ ਪੰਜ ਹੋ ਗਿਆ ਤੇ ਨਾਲ ਭਾਗੂ ਤੇ ਹੈਦਰ । ਉਧਰ ਵਿਉਂਤ ਅਨੁਸਾਰ ਸਯਦੂ ਕਿਸੇ ਦੇ ਢੋਰ ਕੱਢ ਜਦੋਂ ਠਾਣੇ ਲੁੰਡੀਆਂ ਕੋਲੋਂ ਲੰਘਿਆ ਤਾ ਮੱਝ ਨੂੰ ਸੋਟਾ ਮਾਰ ਸੰਤਰੀ ਨੂੰ ਸੁਣਾ ਕੇ ਆਖਿਆ, "ਓਇ ਸਾਂਈ ਮਰਜੇ ਉਡੋਂ ਦਿਨ ਪਿਆ ਚੜਦਾ ਹੈ । ਸੰਤਰੀ ਨੇ ਫੜ ਕੇ ਸਯਦ ਨੂੰ ਹਵਾਲਾਤ ਵਿੱਚ ਬੰਦ ਕੀਤਾ ਤੇ ਰੋਜ ਨਾਮਚੇ ਵਿੱਚ ਲਿਖਿਆ ਰਾਤੀਂ ਅੱਠ ਵਜੇ ਗਸ਼ਤ ਵਾਲਿਆਂ ਨੇ ਅਮਕੇ ਥਾਂ ਤੋਂ ਢਮਾਕੇ ਢੋਰ ਚੋਰੀ ਕਰ ਕੇ ਲਈ ਜਾਂਦਾ ਪਕੜਿਆ ਆਦਿ।

ਉਧਰ ਮਕਤੂਲਾਂ ਦੇ ਵਾਰਸਾਂ ਨੇ ਉਸੇ ਥਾਣੇ ਪਰਚਾ ਦਿੱਤਾ ਤੇ ਵਕੂਆ ਰਾਤ ਦੇ ਬਾਰਾਂ ਵਜੇ ਦਾ ਲਿਖਾਇਆ । ਜਦੋਂ ਮੁਕੱਦਮਾ ਪੇਸ਼ ਹੋਇਆ ਤਾਂ ਸਯਦੂ ਦੀ ਹਾਜ਼ਰੀ ਵਕੂਏ ਵਾਲੇ ਦਿਨ ਅਤੇ ਵਕਤ ਤੋਂ ਪਹਿਲਾਂ ਦੀ ਥਾਣੇ ਵਿੱਚ ਸਾਬਤ ਹੋਈ ਸਯਦੂ ਬਰੀ ਹੋ ਗਿਆ । ਕਿੰਤੂ (ਕਾਲਾ ਸਿੰਘ ਪੁੱਤਰ ਸਜਨ ਸਿੰਘ ਬੁੱਢੇ ਕੇ ਦੇ ਅਨੁਸਾਰ) ਬੂੜ ਸਿੰਘ ਸੂਬੇ ਵਿੱਚ ਫੜਿਆ ਗਿਆ ਅਤੇ ਮੁਕਦਮੇ ਦੇ ਦੌਰਾਨ ਜੇਹਲ ਵਿੱਚ ਹੀ ਚੜ੍ਹਾਈ ਕਰ ਗਿਆ ।

ਵਿਰਕ...ਕਾਲੌ/279

(ਕਾਲੌਕੇ) ਪਿੰਡ ਝਮਕੇ



ਮੈਂ ਅਜ ਦੁੜਾਣੇ ਗਿਆ ਉਥੇ ਭਾਈ ਹਰਨਾਮ ਸਿੰਘ ਦੀ ਰਾਹੀਂ ਭਾਈ ਨਾਰਾਇਣ ਸਿੰਘ (ਸੁਰਗਵਾਸੀ) ਦੇ ਘਰ ਉਸ ਦੇ ਲੜਕੇ ਨੂੰ ਮਿਲੇ, ਉਸ ਨੇ ਆਖਿਆ ਸਾਡੇ ਕੋਲ ਕੁਰਸੀ ਨਾਵਾਂ ਹੈ ਨਹੀਂ ਭਗਤ ਸਿੰਘ ਹਕੀਮ ਕੋਲ ਹੈ—ਉਹ ਘਰ ਨਹੀਂ ਉਸ ਤੋਂ ਲੈ ਕੇ ਭੇਜ ਦੇਵਾਂਗਾ।

Jaswant Singh
S/o Narain Singh
V. & P. O. Durana
District JIND
12/4/79

....

(ਜਬਾਨੀ ਭਾਈ ਉਜਾਗਰ ਸਿੰਘ ਪੁੱਤਰ ਬਾਰਾ ਸਿੰਘ ਬਲੋਚਕਾ ਫਕਯਾ ਨੰ: 3 ਤਹਿਸੀਲ ਕਾਸ਼ੀਪੁਰ ਜ਼ਿਲਾ ਨੈਨੀਤਾਲ 28/12/75)


ਸਾਡੇ ਪਿੰਡ ਕਾਲੌਕਿਆਂ ਦੀ ਚਾਰ ਪਤੀਆਂ ਇਹ ਸਨ :

1. ਧੀਰਨ ਕੀ
   - ਅਰਵੇਲ ਸਿੰਘ ਕੇ
   - .... ?
2. ਫਤੇ ਕੀ
   - ਮਿਤ ਸਿੰਘ ਕੇ
   - ਮੁਹਰੀ ਕੇ
   - ਖੜਕੇ ਕੇ
   - ਦਰਗਾ ਮਲੀਏ ?
   - ਵਾਘੇ
3. ਰਿਹਾਨ ਕੀ
   - ਬੁੱਢੇ ਕੇ
   - ਮਾਣੇ ਮਾਨੇ ਕੇ
   - ਬਲੋਚ ਕੇ
   - ਹੱਬੂਕੇ
4. ਨਾਂਵਿਆਂ ਦੀ
   - ਬਘੂਕੇ
   - ਭੂਮੀ ਕੇ
   - ਰਾਜਰੂਪ ਕੇ
   - ਪੰਜਾਬਕੇ

ਇਸ ਪਿੰਡ ਵਿੱਚੋਂ ਨਿਕਲਕੇ ਕੁੱਝ ਘਰ ਪੰਜ ਚਕ ਚੂਹੜਕਾਣੇ ਵਿੱਚ ਨਵੀਂ ਆਬਾਦੀ ਵਿੱਚ ਚਲੇ ਗਏ ਤੇ ਉਸ ਤੋਂ ਪਹਿਲਾ ਪਿੰਡ ਲਾਗਰ ਵਿਚ ਸਾਡਾ ਕਬਜ਼ਾ ਸਿਖ ਰਾਜ ਤੋਂ ਪਹਿਲਾਂ ਇਸ ਤਰ੍ਹਾਂ ਹੋਇਆ। ਇਸ ਪਿੰਡ ਦੇ ਪੁਰਾਣੇ ਵਸਨੀਕ ਮੁਸਲਮਾਨ ਸਨ। ਪਰੋਜ, ਮੱਕੀ ਤੇ ਹੰਬੋ ਦੀਆਂ ਰੱਖਾਂ ਵਿਚ ਸਰਕਾਰ ਖਾਲਸਾ ਦੇ ਘੋੜੇ ਆਦਿ ਚੁਗਿਆ ਕਰਦੇ ਸਨ। ਬਾਹ ਕੋਟ ਦੀ ਰੱਖ ਦਿੱਤਾ।

ਪੂੰਜ ਕਿਆਂ ਵਟੂਆਂ ਦੀ ਆਖਤ ਤੇ, ਕਾਲੋਕੇ ਆਪਣੇ ਵਗ ਲਿਆ ਕੇ ਲਾਗਰੀਂ ਬਹਿ ਗਏ ਅਤੇ ਆਦਿ ਵਸਨੀਕਾਂ ਨੂੰ ਮਾਰ ਕੁੱਟ ਕੇ ਆਬਾਂ ਗਾਪੀ ਤੇ ਕਾਲਯੇ ਦੀ ਰੱਖ ਵੱਲ ਧਿੱਕ ਦਿੱਤਾ। ਇਸ ਤਰ੍ਹਾਂ ਇਹ ਪਿੰਡ ਕਾਲੋਕੇ ਵਿਰਕ ਜੱਟਾਂ ਦੇ ਕਬਜ਼ੇ ਵਿੱਚ ਆਇਆ। ਇਥੇ ਬਹਿਣ ਉਪਰੰਤ ਆਪਸ ਵਿੱਚ ਭੋਇੰ ਦੀ ਵੰਡ ਦਾ ਝਗੜਾ ਉਠਿਆ ਜਿਸ ਦਾ ਪੰਚੈਤੀ ਫੈਸਲਾ ਬਾਬਾ ਪ੍ਰੇਮ ਸਿੰਘ (ਦਰਗੋਕਾ) ਭਿਖੀ ਅਤੇ ਬਾਬੇ ਜਵਾਹਰ ਸਿੰਘ ਮਾਂਗਾ ਨੇ ਕਰ ਦਿੱਤਾ ਤੇ ਸਾਰੇ ਥਾਂਉ ਥਾਈਂ ਬੈਠ ਗਏ।

(ਚਲਦਾ ਪੰਨਾ 277 ਤੋਂ)



---

1. **ਭਾਈ ਹਜ਼ਾਰਾ ਸਿੰਘ**—ਇਹ ਨਨਕਾਣੇ ਦੇ ਸਾਕੇ ਪਿੱਛੋਂ ਕਬਜ਼ਾ ਲੈਣ ਵਾਲੇ ਜਥਿਆਂ ਵਿੱਚ ਸ਼ਾਮਲ ਸਨ।

2. **ਜ਼ਥੇਦਾਰ ਕੇਸਰ ਸਿੰਘ**—(ਜਨਮ 1880 ਈ:) ਪਿੰਡ ਮਾਛੀਕੇ (ਪੱਛਮੀ ਪੰਜਾਬ) ਹਾਲ ਦੁੜਾਣਾ ਜ਼ਿ: ਜੀਂਦ ਨੇ ਸੰਪਾਦਕ ਨੂੰ 11 ਮਈ 1978 ਨੂੰ ਦਸਿਆ :—

   1. ਆਪ ਨਨਕਾਣੇ ਸਾਹਿਬ ਦੇ ਸਾਕੇ ਵੇਲੇ ਭਾਈ ਕਰਤਾਰ ਸਿੰਘ ਝਾਕਰ ਦੀ ਪ੍ਰਧਾਨ ਜਥੇਦਾਰੀ ਥਲੇ 200 ਸਿੰਘਾਂ ਦੇ ਜਥੇਦਾਰ ਸਨ ਉਸ ਵਕਤ (ਸੰਨ 1921) ਆਪ ਜੀ ਦੀ ਆਯੂ 41 ਸਾਲ ਦੀ ਸੀ।
   2. ਗੁਰੂ ਕੇ ਬਾਗ ਵਾਲੇ ਮੋਰਚੇ ਵਿੱਚ ਆਪਣੇ 9 ਮਹੀਨੇ ਅੰਬਾਲੇ ਜੇਹਲ ਕੱਟੀ।
   3. ਕੋਟ ਭਾਈ ਥਾਨ ਸਿੰਘ ਦੇ ਕਬਜ਼ੇ ਵੇਲੇ ਭਾਈ ਕਰਤਾਰ ਸਿੰਘ ਝਬਰ ਦੇ ਜਥੇ ਨਾਲ ਸ਼ਾਮਲ ਸਨ।

   ਮੇਰੇ ਸੁਆਲਾਂ ਦਾ ਜਵਾਬ ਦੇਂਦੇ ਹੋਏ ਉਹਨਾਂ ਦੱਸਿਆ :—

   1. ਜਦੋਂ ਬੁੱਢੇ ਜੌਹੜ ਤੋਂ ਆ ਕੇ ਭਾ: ਮਤਾਬ ਸਿੰਘ ਤੇ ਭਾ: ਸੁੱਖਾ ਸਿੰਘ ਨੇ ਮੱਸੇ ਰੰਘੜ ਦਾ ਸਿਰ ਵਢਿਆ ਸੀ ਤਾਂ ਉਸ ਵਕਤ ਬੁੱਢੇ ਜੌਹੜ ਬੈਠੇ ਸਿੰਘਾਂ ਦਾ ਪ੍ਰਧਾਨ ਜਥੇਦਾਰ ਬਾਬਾ ਬੁੱਢਾ ਸਿੰਘ (ਰਿਹਾਨ ਕੀ ਪਤੀ) ਕਾਲੇਕਾ ਸੀ।
   2. ਗੁਰਦਵਾਰਾ ਨਨਕਾਣਾ ਸਾਹਿਬ ਦੀਆਂ ਚਾਬੀਆਂ ਅੰਗਰੇਜ਼ ਹਾਕਮ ਨੇ ਕਰਤਾਰ ਸਿੰਘ ਝੱਬਰ ਨੂੰ ਦਿੱਤੀਆਂ ਸਨ।

   ਜਥੇਦਾਰ ਕੇਸਰ ਸਿੰਘ—1978 ਵਿੱਚ ਚਲਾਣਾ ਕਰ ਗਏ। ਜਦੋਂ 11.5.78 ਨੂੰ ਮੈਂ ਉਹਨਾਂ ਦੇ ਦਰਸ਼ਨ ਪਰਸ਼ਨ ਵਾਸਤੇ ਗਿਆ ਸੀ ਤਾਂ ਆਪ ਜੀ ਦੀ ਸੁਰਤ (ਹਵਾਸ) ਪੂਰਨ ਤੌਰ ਤੇ ਕਾਇਮ, ਦੰਦ ਅਤੇ ਦਾੜ੍ਹਾ ਭਰਵਾਂ ਬੋਲ ਸੀ। ਯਾਦਦਾਸ਼ਤ ਸੰਪੂਰਨ ਰੂਪ ਵਿੱਚ ਕਾਇਮ ਅਤੇ ਵਿਚਾਰ ਗੁਰਸਿੱਖੀ ਦੇ ਜਜ਼ਬੇ ਨਾਲ ਭਰਪੂਰ ਸਨ। ਏਥੋਂ ਤੱਕ ਕਿ ਮੈਨੂੰ ਯਾਦ ਕਰਾਂਦਿਆਂ ਹੋਇਆ ਕਹਿਣ ਲਗੇ :—

   "ਓਇ ਗੁਰੂ ਕਿਆਂ ਸਿਖਾਂ, ਤੇਰੀ ਭੂਆ ਸੁਲਤਾਨ ਕੀ ਹੁੰਦੀ ਸੀ ਉਹ ਪੂਰਨ ਰਹਿਤਵਾਨ ਸਿੰਘਣੀ ਸੀ। ਮੈਂ ਬੜੀ ਵਾਰੀ ਉਸ ਬੀਬੀ ਹੱਥੋਂ ਪ੍ਰਸ਼ਾਦਾ ਛਕਿਆ ਹੈ" ਹਾਲਾਂ ਕਿ ਜਥੇਦਾਰ ਜੀ ਨਾਲ ਸਾਡੀ ਕੋਈ ਪੁਰਾਣੀ ਰਿਸ਼ਤੇਦਾਰੀ ਨਹੀਂ ਸੀ। ਕੇਵਲ ਮੈਂ ਉਹਨਾਂ ਨੂੰ ਇਕ ਵਾਰੀ ਪਹਿਲੂ ਜਥੇਦਾਰ ਅਨੋਖ ਸਿੰਘ ਪੁੱਤਰ ਖੜਕ ਸਿੰਘ ਕੋਲ ਪਿੰਡ ਬਲ ਜ਼ਿ: ਜੀਂਦ ਵਿੱਚ ਸਰਸਰੀ ਤੌਰ ਤੇ ਮਿਲਿਆ ਸੀ। (ਗਿਆਨੀ ਜੀ)

ਦਾ ਸ਼ੀਹਾਂ ਵੀ ਵਾਗੀ ਸੀ । ਇਸ ਨੇ ਦੂਜੇ ਵਾਗੀਆਂ ਨੂੰ ਆਖਿਆ ਧਾੜੇ' ਵਾਲੇ ਆ ਕੇ ਸਾਨੂੰ ਫਿਤਕਾਂ ਪਾਣ ਗੇ । ਚਲੋ ਚੂਹੜਕਿਆਂ ਤੋਂ ਵੱਟਾ ਲਈਏ ਤੇ ਸਾਰੇ ਜਣੇ ਟੁਰ ਪਏ ।

ਪਿੰਡ ਚੂਹੜਕਾਣਿਓਂ ਚੜ੍ਹਦੇ ਪਾਸੇ ਇੱਕ ਥਾਂ "ਸਾਧ ਦੀ ਟਾਹਲੀ" ਕਰਕੇ ਮਸ਼ਹੂਰ ਸੀ । ਸਾਥੀਆਂ ਨੂੰ ਉਥੇ ਛੱਡ ਆਪ ਪਿੰਡ ਵੱਲ ਮੂੰਹ ਕੱਢਣ ਟੁਰ ਪਿਆ । ਰਾਤ ਅੰਨੇਰੀ ਸੀ । ਹੌਲੀ ਹੌਲੀ ਸਾਉਣ ਕਿਆਂ ਦੀ ਡਿਉੜੀ ਵਿੱਚ ਪੁੱਜਾ । ਅੱਗੇ ਚੂਹੜਕੇ ਧਾੜਵੀ, ਕਾਲਕਾ ਮਾਲ ਮਾਰਨ ਦੀ ਖੁਸ਼ੀ ਵਿੱਚ ਸ਼ਰਾਬੀ ਹੋਏ ਪਏ ਸਨ । ਸ਼ੀਹੇ ਨੇ ਉਹ ਸਾਰੇ ਕਤਲ ਕਰ ਦਿੱਤੇ ਤੇ ਉਹਨਾਂ ਦੇ ਹਥਿਆਰ ਚੁੱਕ ਕੇ ਵਾਪਸ "ਸਾਧ ਦੀ ਟਾਹਲੀ" ਆਪਣੇ ਸਾਥੀਆਂ ਕੋਲ ਆ ਗਿਆ । ਪਿੰਡ ਵਿੱਚ ਰੌਲਾ ਪੈ ਗਿਆ ਤਾਂ ਸੀਹੇਂ ਉਚੀ ਸਾਰੀ ਆਖਿਆ "ਮੈਂ, ਸੀਹੇਂ, ਜਗਤੇ ਦੇ ਪੁੱਤਰ ਨੇ ਇਹ ਕਤਲ, ਕਾਲੋਕਿਆਂ ਦੇ ਮਾਰੇ, ਮਾਲ ਦੇ ਵਟੇ ਕੀਤੇ ਨੇ । ਮਤੇ ਸਮਝੋ ਕਿ ਇਹ ਭੱਟੀਆਂ ਜਾਂ ਡੋਗਰਾਂ ਨੇ ਕੀਤੇ ਨੇ" ਇਹ ਆਖ ਕਾਲੋਕਿਆਂ ਨੂੰ ਪਰਤ ਆਏ । ਜਿਸ ਤੇ ਭਾਟਾਂ ਨੇ ਸਿਠ ਜੋੜੀ :

"ਸੀਂਹੇ ਜਗਤਾ ਤਾਰਿਆ ਇਕ ਪੀਹੜੀ ਅਗੋਂ ॥"

ਇੱਕ ਵਾਰੀ ਚੂਹੜ ਕੇ ਬੜਾ ਗਠਜੋੜ ਕਰਕੇ ਤੇ ਵੱਡਾ ਸਾਰਾ ਢੋਲ ਵਜਾਂਦੇ ਕਾਲੋਕਿਆ ਤੇ ਆ ਪਏ । ਕਾਲੋ ਕੇ, ਪਿੰਡੋਂ ਬਾਹਰ ਦੋ ਟੋਲੀਆਂ ਵਿੱਚ ਰਾਹ ਦੇ ਸੱਜੇ ਖੱਬੇ ਲੁੱਕ ਰਹੇ । ਜਦੋਂ ਧਾੜਵੀ ਪਿੰਡ ਵੱਲ ਵਧੇ ਤਾਂ ਦੋਹਾਂ ਪਾਸਿਆਂ ਤੋਂ ਕਾਲੋ ਕੇ ਕੁੱਦ ਪਏ । ਇਸ ਅਚਨਚੇਤ ਝਪੇਲ ਨਾਲ ਚੂਹੜ ਕੇ ਆਪਣਾ ਢੋਲ ਵੀ ਛੱਡ ਕੇ ਪਿੱਛਾਂ ਭਜ ਵਗੇ । ਪਾਕਿਸਤਾਨ ਬਣਨ ਤੱਕ ਉਹ ਢੋਲ ਕਾਲੋਕਿਆਂ ਸੇਖਾਂ ਦੇ ਘਰ ਸੀ । ਉਸ ਵਿੱਚ ਉਹ ਦਾਣੇ ਪਾਇਆ ਕਰਦੇ ਸਨ ।

ਕਾਲੋਕਿਆਂ ਦੀਆਂ ਹੋਰ ਬਸਤੀਆਂ :

ਪਿੰਡ ਧਿੰਙਾ	[1/2 ਰਿਹਾਣ ਕੀ ਪੱਤੀ—ਲੰਬਰਦਾਰ ਬੂੜ ਸਿੰਘ 1/2 ਫੱਤੇ " "]
ਮੁਦਵਾਲਾ	ਫੱਤੇ " "
ਕਿਲਾ ਅਮੀਰ ਸਿੰਘ	
ਕਾਲਕ	ਬੁੱਢੇ ਕਿਆਂ ਦੀ ਜਗੀਰ—ਹੁਣ ਘਾਂਗੀ ਤੇ ਲੁਬਾਣੇ ਰਹਿੰਦੇ ਸਨ।
ਬਲੋਕੇ	ਇਥੇ ਕਾਲੋ ਕੇ ਮੁਸਲਮਾਨ ਬਰਾਦਰੀ ਸੀ ।

ਪਿੰਡ ਧਿੰਙ

ਪਿੰਡ ਧਿੰਗ (ਜ਼ਿਲ੍ਹਾ ਗੁਜਰਾਂਵਾਲਾ) ਦੇ ਕੋਲ ਕਿਸੇ ਬਰਬਾਦ ਹੋਏ ਪੁਰਾਤਨ ਸ਼ਹਿਰ ਦਾ ਥਿਹ ਹੈ । ਇਹ ਪਿੰਡ ਕਾਲੋਕਿਆਂ ਵਿਚੋਂ ਨਿਕਲ ਕੇ ਆਬਾਦ ਹੋਇਆ । ਇਸ ਵਿਚ ਦੋ ਪਤੀਆਂ, ਰਿਹਾਣ ਕੀ ਅਤੇ ਫਤੇ ਕੀ ਪੱਤੀ ਆਦਿ ਹਨ । ਇਸੇ ਪਿੰਡ ਵਿਚੋਂ ਹੀ ਪਿੰਡ ਸੰਭਾਲ ਕੇ ਤੇ ਮਲਕੇ ਤੇ ਆਬਾਦ ਹੋਏ ।

ਮਲਕਿਆਂ ਵਾਲੀ ਥਾਂ ਪਹਿਲਾਂ ਵਿਰਕਾਂ ਦੀ ਸੀ । ਮਲਕ ਬਲੋਚ ਨੇ ਵਿਰਕਾਂ ਤੋਂ ਖੋਹ ਕੇ ਆਪਣੇ ਨਾਮ ਤੇ ਪਿੰਡ ਵਸਾਇਆ ।

ਪਿੰਡ ਧਿੰਙਾ ਦੇ ਬਾਬੇ ਪਰਜਾ ਸਿੰਘ ਨੇ ਨਵਾਬ ਕਪੂਰ ਸਿੰਘ ਦੀ ਮਦਦ ਨਾਲ ਇਹ ਥਾਂ ਬਲੋਚਾਂ ਤੋਂ ਖੋਹ ਲਈ ਤੇ ਆਪਣੀ ਕਾਇਮ ਕੀਤੀ ।

1. ਕਾਲੋ ਕੇ ਜਵਾਨ ਉਦਨ ਧਾੜਾਂ ਮਾਰਨ ਗਏ ਹੋਏ ਸਨ ।

ਵਡੇਰੇ ਦਸਦੇ ਹੁੰਦੇ ਸਨ ਕਿ ਪਹਿਲ੍ਹੇਂ ਪਿੰਡ ਵਿੱਚ ਖੂਹ ਕੋਈ ਨਹੀਂ ਸੀ। ਜਿਸ ਕਰਕੇ ਕੱਚਾ ਖੂਹ ਪੁਟਿਆ ਤੇ ਆਪੋ ਆਪਣੇ ਚਲ੍ਹੇ ਵੀ ਪੁੱਟ ਲਏ। ਚਾਰ ਚਾਰ ਡੰਗਰ ਜੋ ਕੇ ਪਾਣੀ ਕੱਢ ਕੇ ਆਪੋ ਆਪਣੇ ਚਲ੍ਹਿਆਂ ਵਿੱਚੋਂ ਢੋਰਾ ਨੂੰ ਪਾਣੀ ਪਿਆਇਆ ਕਰਦੇ ਸਨ। ਇਹਨਾਂ ਚਲ੍ਹਿਆਂ ਦੇ ਕੋਲ ਹੀ ਟਾਂਗੂ[1] ਵਾਲਾ ਪਿੱਪਲ ਸੀ। ਸਿੱਖ ਰਾਜ ਦੇ ਵੇਲੇ ਇਕ ਦਿਨ ਖਰਲ ਲਾਗਰਾਂ ਦੇ ਵਾਗੀਆਂ ਤੋਂ ਮਾਲ ਖੋਹ ਕੇ ਭਜਾ ਲਗਏ। ਲਾਗਰਾਂ ਵਾਲੇ ਸੰਖ (ਭਰਾਈ) ਨੇ ਟਾਂਗੂ ਤੇ ਚੜ੍ਹਕੇ ਵਾਹਰੂ[2] ਢੋਲ ਵਜਾਇਆ। ਕਾਲੋਕਿਆਂ ਵਾਲੇ ਟਾਂਗੂ ਨੇ ਪਿੰਡ ਨੂੰ ਖਬਰ ਦਿੱਤੀ ਕਿ ਲਾਗਰ ਬਾਹਰ ਸਦਦੇ ਨੇ।

ਕਾਲੋ ਕੇ, ਇੱਕ ਦਮ ਘੋੜੇ ਭਜਾ ਕੇ ਲਾਗਰੀਂ ਅਪੜੇ, ਅਗੋਂ ਲਾਗਰਾਂ ਵਾਲੇ, ਖੁਰਾ ਜਗਾਤਨ[3] ਵੱਲ ਧਸ ਕੇ ਲੈ ਗਏ। ਕਾਲੋ ਕੇ ਵਾਹਰੂਆਂ ਨੇ ਕੱਕੀ ਵਣੰਟੀ[4] ਵਾਲੇ ਟਾਂਗੂ ਤੋਂ ਡਿਠਾ ਤੇ ਖੋਜੀਆਂ ਨੂੰ ਮਗਰੋਂ ਜਾ ਰਲੇ। ਸਗਵਾ ਮਾਲ ਜਗਾਤਨ ਤੋਂ ਸੁੰਞਾ ਜਾ ਫੜਿਆ। ਚੋਰ ਡਰਦੇ ਛੱਡ ਕੇ ਭਜ ਗਏ।

ਜਗਾਤਨ ਤੋਂ ਪਾਣੀ ਪੀ ਕੇ ਜਾਂ ਪਰਤਨ ਲੱਗੇ ਤਾਂ ਖਰਲਾਂ ਦੀਆਂ ਝੁਗੀਆਂ ਵਿੱਚੋਂ ਇਕ ਬੁੱਢੜੀ ਨੇ ਆਪਣੇ ਪ੍ਰਵਾਰ ਨੂੰ ਆਖਿਆ, ਵੇ ਇਹਨਾਂ ਵਾਹਰੂਆਂ ਨੂੰ ਕਾਈ ਟੁੱਕਰ ਚੱਪਾ ਈ ਚਾ ਖਵਾਉ, ਅੱਗੋਂ ਉਹ ਦੀਆਂ ਨੂੰਹਾਂ ਧੀਆਂ ਆਖਿਆ, "ਆਟਾ ਮੁੱਕਾ ਹੋਇਆ ਏ", ਅੰਜਾਣ ਭੋਲੇ ਮਾਈ ਨੇ ਆਖਿਆ, 'ਵੇ ਤੇ ਇਥੋਂ ਕਾਈ ਢਗੀ ਈ ਵੱਢ ਖਵਾਉ ਨੇ" ਸਿੰਘਾਂ ਨੂੰ ਸੁਣਦਿਆਂ ਸਾਰ ਰੋਹ ਚੜ੍ਹ ਗਿਆ ਤੇ ਉਹਨਾਂ ਦੇ ਛਪਰ ਹੀ ਸਾੜ ਆਏ।

ਵਿਰਕਾਂ ਦੀ ਤੇ ਭੱਟੀਆਂ ਦੀ ਖਹਿਬੜ[5] ਮੁੱਢ ਕਦੀਮ ਤੋਂ ਚਲੀ ਆਉਂਦੀ ਹੈ। ਇਕ ਵਾਰੀ ਸਾਰੀ ਵਿਰਕੋਤ ਨੇ ਸਲਾਹ ਕੀਤੀ ਕਿ ਪਿੰਡੀ ਭੱਟੀਆਂ ਪਿੰਡ ਸਾੜਿਆ ਜਾਵੇ। ਸਾਹੋ ਵੰਸਜ ਨਾਵਿਆਂ ਦੀ ਪੱਤੀ ਦੇ ਰਾਮ ਦਿੱਤੇ ਨੇ ਇਕੱਲੇ ਨੇ ਹੀ ਪਿੰਡੋਂ ਛਾਪਾ ਚੁੱਕ ਪਿੰਡੀ ਭੱਟੀਆਂ ਦੀ ਡਿਉਢੀ ਨੂੰ ਜਾ ਅੱਗ ਲਗਾਈ। ਜਿਸ ਤੇ ਭਾਟਾਂ ਨੇ ਸਿਠ ਜੋੜੀ :—

ਸਾਰਿਆਂ ਨਾਲੋਂ ਓਕੜਾ ਡਿਠਾ ਰਾਮ ਦਿਤਾ।
ਬੂਹੇ ਜਾ ਸਰਾਂ ਦੇ ਮੁਆਤਾ ਦਿਤਾ।

ਆਪਸੀ ਖਹਿਬੜ

ਇਹ ਆਮ ਮਨੁੱਖੀ ਵਰਤਾਰਾ ਹੈ ਕਿ ਸਭ ਕੋਈ ਆਣੋ ਆਪਣੀ ਅਕਲ ਨੂੰ ਉਤਮ ਸਮਝਦਾ ਹੈ, ਦੂਸਰੀ ਗਲ ਕਿ ਆਪਣੀ ਚੀਜ਼ ਤੇ ਹਰ ਕੋਈ ਸਬਰ ਨਹੀਂ ਕਰਦਾ ਤੇ ਦੂਸਰੇ ਦੀ ਚੀਜ਼ ਤੇ ਕਬਜ਼ਾ ਕਰ ਲੈਣਾ ਆਪਣਾ ਜਦੀ ਪੁਸ਼ਤੀ ਹੱਕ ਸਮਝਦਾ ਹੈ। ਇਸੇ ਪ੍ਰਵਿਰਤੀ ਅਧੀਨ, ਚੂਹੜਕਿਆਂ ਨੇ ਇਕ ਵਾਰੀ ਸਾਡੇ ਢੋਰ, ਜਥੇਦਾਰ ਅਨੋਖ ਸਿੰਘ ਜੀ ਦੱਸਦੇ ਹਨ, ਨਿਉਣ[6] ਵਿੱਚੋਂ, ਮਾਰ ਲਏ ਤੇ ਭਜਾ ਕੇ ਚੂਹੜਕਾਣੇ ਜਾ ਵਾੜੇ--ਧੀਰਨ ਕੀ ਪੱਤੀ

---

1. ਉਚੀ ਥਾਂ ਜਿਥੇ ਪਾਹਰੂ ਬੈਠ ਕੇ ਆਪਣੇ ਪਿੰਡ, ਮਾਲ ਜਾਂ ਟੋਲੀ ਦੀ ਰਾਖੀ ਰਖਦਾ ਸੀ।
2. ਪੁਰਾਨੇ ਸਮਿਆਂ ਵਿੱਚ ਸੰਕੇਤਕ ਢੋਲ ਵਜਾ ਕੇ ਖਬਰਾਂ ਦਿੱਤੀਆਂ ਜਾਇਆ ਕਰਦੀਆਂ ਸਨ। ਭੀੜ ਪਈ ਤੇ ਮਦਦ ਮੰਗਣ ਵਾਸਤੇ ਵਜਾਏ ਢੋਲ ਨੂੰ ਵਾਹਰੂ ਢੋਲ ਆਖਦੇ ਸਨ।
3. ਰਾਵੀ ਕੰਢੇ ਪਤਣ ਦਾ ਨਾਮ ਹੈ।
4. ਮਾਨਾਂ ਵਾਲੇ ਲਾਗਰਾਂ ਦੀ ਹੱਦ ਤੇ ਉਚਾ, ਨਖੇੜਵਾਂ ਕੱਕੇ ਰੰਗ ਦਾ ਵਣ (ਪੀਹਲ੍ਹੂੰ) ਦਾ ਦਰੱਖਤ, ਵਾਗੀਆਂ ਲਈ ਟਾਂਗੂ ਦਾ ਕੰਮ ਦਿਆਂ ਕਰਦਾ ਸੀ।
5. ਸਮਰਨ ਰਹੇ ਕਿ ਸਾਂਦਲਬਾਰ ਵਿੱਚ ਸੰਨ 900 ਈ: ਤੋਂ ਪਹਿਲਾਂ ਮਲ੍ਹੀ ਜੱਟ ਆਬਾਦ ਸਨ। ਇਹਨਾਂ ਮਲ੍ਹੀਆਂ ਨੂੰ ਹੰਜਰਾਵਾਂ ਨੇ ਪੂਰਬ ਪਾਸਿਓਂ ਆ ਕੇ ਇਥੋਂ ਉਠਾ ਦਿੱਤਾ ਤੇ ਮਲ੍ਹੀ ਅਗਾਂਹ ਝਨਾਂ ਵਲ ਤੇ ਆਪਣੇ ਪੂਰਵਜੀ ਸਰੋਤ ਮੁਲਤਾਣ ਨੂੰ ਨਿਕਲ ਗਏ। ਸੰਨ 1100 ਦੇ ਕਰੀਬ ਵਿਰਕਾਂ ਨੇ ਆ ਕੇ ਹੰਜਰਾਵਾਂ ਨੂੰ ਅਗਾਂਹ ਝਨਾਂ ਵਿਲ ਧਿਕ ਦਿੱਤਾ ਤੇ ਆਪ ਸਾਂਦਲਬਾਰ ਦੇ ਪਿੰਡਾਂ ਤੇ ਕਾਬਜ਼ ਹੋ ਗਏ। ਸੰਨ 1340 ਦੇ ਨੇੜੇ ਭੱਟੀਆਂ ਦਾ ਵਡਿੱਕਾ ਊਧੋ, ਆ ਕੇ ਅਸਰੂਰ (ਮੀਆਂ ਅਲੀ) ਦੇ ਥਿੜ ਤੇ ਬੈਠਾ- -ਹੰਜਰਾਵਾਂ ਉਸ ਵਲ ਸਾਕ ਕਰ ਦਿੱਤਾ। ਹੰਜਰਾਵਾਂ ਤੇ ਭਟੀਆਂ ਵਿਰਕਾਂ ਨੂੰ ਇਥੋਂ ਕਢਣ ਦਾ ਚਾਰਾ ਕੀਤਾ। ਮਗਰ ਵਿਰਕ ਡਟੇ ਰਹੇ। ਉਦੋਂ ਤੇ ਇਹ ਖਹਿਬੜ ਵਧਦੀ ਚਲੀ ਗਈ।
6. ਨੀਵੀਂ ਥਾਂ ਜਿਥੋਂ ਬਰਖਾ ਦਾ ਪਾਣੀ ਵਗ ਕੇ ਨਿਕਲ ਜਾਵੇ। ਇਹ ਨਿਉਣ ਪਿੰਡ ਵਰਨਾ ਵੱਲੋਂ ਆ ਕਾਲੋਕਿਆਂ ਤੋਂ ਪਹਾੜ ਪਾਸੇ ਲੰਘ ਕੁਰਲਕਿਆਂ ਨੂੰ ਜਾਂਦੀ।

ਦਾ ਸ਼ੀਹਾਂ ਵੀ ਵਾਗੀ ਸੀ । ਇਸ ਨੇ ਦੂਜੇ ਵਾਗੀਆਂ ਨੂੰ ਆਖਿਆ ਧਾੜੇ' ਵਾਲੇ ਆ ਕੇ ਸਾਨੂੰ ਫਿਤਕਾਂ ਪਾਣ ਗੇ । ਚਲੋ ਚੂਹੜਕਿਆਂ ਤੋਂ ਵੱਟਾ ਲਈਏ ਤੇ ਸਾਰੇ ਜਣੇ ਟੁਰ ਪਏ ।

ਪਿੰਡ ਚੂਹੜਕਾਣਿਓਂ ਚੜ੍ਹਦੇ ਪਾਸੇ ਇੱਕ ਥਾਂ "ਸਾਧ ਦੀ ਟਾਹਲੀ" ਕਰਕੇ ਮਸ਼ਹੂਰ ਸੀ । ਸਾਥੀਆਂ ਨੂੰ ਉਥੇ ਛੱਡ ਆਪ ਪਿੰਡ ਵੱਲ ਮੂੰਹ ਕੱਢਣ ਟੁਰ ਪਿਆ । ਰਾਤ ਅੰਨੇਰੀ ਸੀ । ਹੌਲੀ ਹੌਲੀ ਸਾਊਣ ਕਿਆਂ ਦੀ ਡਿਉੜੀ ਵਿੱਚ ਪੁੱਜਾ । ਅੱਗੇ ਚੂਹੜਕੇ ਧਾੜਵੀ, ਕਾਲੌਕਾ ਮਾਲ ਮਾਰਨ ਦੀ ਖੁਸ਼ੀ ਵਿੱਚ ਸ਼ਰਾਬੀ ਹੋਏ ਪਏ ਸਨ । ਸ਼ੀਹੇ ਨੇ ਉਹ ਸਾਰੇ ਕਤਲ ਕਰ ਦਿੱਤੇ ਤੇ ਉਹਨਾਂ ਦੇ ਹਥਿਆਰ ਚੁੱਕ ਕੇ ਵਾਪਸ "ਸਾਧ ਦੀ ਟਾਹਲੀ" ਆਪਣੇ ਸਾਥੀਆਂ ਕੋਲ ਆ ਗਿਆ । ਪਿੰਡ ਵਿੱਚ ਰੌਲਾ ਪੈ ਗਿਆ ਤਾਂ ਸੀਹੇਂ ਉਚੀ ਸਾਰੀ ਆਖਿਆ "ਮੈਂ, ਸੀਹੇਂ, ਜਗਤੇ ਦੇ ਪੁੱਤਰ ਨੇ ਇਹ ਕਤਲ, ਕਾਲੌਕਿਆਂ ਦੇ ਮਾਰੇ, ਮਾਲ ਦੇ ਵਟੇ ਕੀਤੇ ਨੇ । ਮਤੇ ਸਮਝੋ ਕਿ ਇਹ ਭੱਟੀਆਂ ਜਾਂ ਡੋਗਰਾਂ ਨੇ ਕੀਤੇ ਨੇ" ਇਹ ਆਖ ਕਾਲੌਕਿਆਂ ਨੂੰ ਪਰਤ ਆਏ । ਜਿਸ ਤੇ ਭਾਟਾਂ ਨੇ ਸਿਠ ਜੋੜੀ :

"ਸੀਂਹੇ ਜਗਤਾ ਤਾਰਿਆ ਇਕ ਪੀਹੜੀ ਅਗੇ ॥"

ਇੱਕ ਵਾਰੀ ਚੂਹੜ ਕੇ ਬੜਾ ਗਠਜੋੜ ਕਰਕੇ ਤੇ ਵੱਡਾ ਸਾਰਾ ਢੋਲ ਵਜਾਂਦੇ ਕਾਲੌਕਿਆ ਤੇ ਆ ਪਏ । ਕਾਲੌ ਕੇ, ਪਿੰਡੋਂ ਬਾਹਰ ਦੋ ਟੋਲੀਆਂ ਵਿੱਚ ਰਾਹ ਦੇ ਸੱਜੇ ਖੱਬੇ ਲੁੱਕ ਰਹੇ । ਜਦੋਂ ਧਾੜਵੀ ਪਿੰਡ ਵੱਲ ਵਧੇ ਤਾਂ ਦੋਹਾਂ ਪਾਸਿਆਂ ਤੋਂ ਕਾਲੌ ਕੇ ਕੁੱਦ ਪਏ । ਇਸ ਅਚਨਚੇਤ ਝਪੋਲ ਨਾਲ ਚੂਹੜ ਕੇ ਆਪਣਾ ਢੋਲ ਵੀ ਛੱਡ ਕੇ ਪਿੱਛਾਂ ਭਜ ਵਗੇ । ਪਾਕਿਸਤਾਨ ਬਣਨ ਤੱਕ ਉਹ ਢੋਲ ਕਾਲੌਕਿਆਂ ਸੇਖਾਂ ਦੇ ਘਰ ਸੀ । ਉਸ ਵਿੱਚ ਉਹ ਦਾਣੇ ਪਾਇਆ ਕਰਦੇ ਸਨ ।

ਕਾਲੌਕਿਆਂ ਦੀਆਂ ਹੋਰ ਬਸਤੀਆਂ :

ਪਿੰਡ ਪਿੰਡਾ	1/2 ਰਿਹਾਣ ਕੀ ਪੱਤੀ—ਲੰਬਰਦਾਰ ਬੂੜ ਸਿੰਘ 1/2 ਫੱਤੇ " "	
ਮੁਦਵਾਲਾ	ਫੱਤੇ " "	
ਕਿਲਾ ਅਮੀਰ ਸਿੰਘ		
ਕਾਲਵ	ਬੁੱਢੇ ਕਿਆਂ ਦੀ ਜਗੀਰ—ਹੁਣ ਘਾਂਗੀ ਤੇ ਲੁਬਾਣੇ ਰਹਿੰਦੇ ਸਨ ।	
ਬਲੱਕੇ	ਇਥੇ ਕਾਲੌ ਕੇ ਮੁਸਲਮਾਨ ਬਰਾਦਰੀ ਸੀ ।	

ਪਿੰਡ ਪਿੰਡ

ਪਿੰਡ ਪਿੰਡ (ਜ਼ਿਲ੍ਹਾ ਗੁਜਰਾਂਵਾਲਾ) ਦੇ ਕੋਲ ਕਿਸੇ ਬਰਬਾਦ ਹੋਏ ਪੁਰਾਤਨ ਸ਼ਹਿਰ ਦਾ ਥਿਹ ਹੈ । ਇਹ ਪਿੰਡ ਕਾਲੌਕਿਆਂ ਵਿਚੋਂ ਨਿਕਲ ਕੇ ਆਬਾਦ ਹੋਇਆ । ਇਸ ਵਿਚ ਦੋ ਪਤੀਆਂ, ਰਿਹਾਣ ਕੀ ਅਤੇ ਫਤੇ ਕੀ ਪੱਤੀ ਆਦਿ ਹਨ । ਇਸੇ ਪਿੰਡ ਵਿਚੋਂ ਹੀ ਪਿੰਡ ਸੰਭਾਲ ਕੇ ਤੇ ਮਲਕੇ ਤੇ ਆਬਾਦ ਹੋਏ ।

ਮਲਕਿਆਂ ਵਾਲੀ ਥਾਂ ਪਹਿਲਾਂ ਵਿਰਕਾਂ ਦੀ ਸੀ । ਮਲਕ ਬਲੋਚ ਨੇ ਵਿਰਕਾਂ ਤੋਂ ਖੋਹ ਕੇ ਆਪਣੇ ਨਾਮ ਤੇ ਪਿੰਡ ਵਸਾਇਆ ।

ਪਿੰਡ ਪਿੰਡਾਂ ਦੇ ਬਾਬੇ ਪਰਜਾ ਸਿੰਘ ਨੇ ਨਵਾਬ ਕਪੂਰ ਸਿੰਘ ਦੀ ਮਦਦ ਨਾਲ ਇਹ ਥਾਂ ਬਲੋਚਾਂ ਤੋਂ ਖੋਹ ਲਈ ਤੇ ਆਪਣੀ ਕੀਤੀ ।

1. ਕਾਲੌ ਕੇ ਜਵਾਨ ਉਦਨ ਧਾੜਾਂ ਮਾਰਨ ਗਏ ਹੋਏ ਸਨ ।

ਵਡੇਰੇ ਦਸਦੇ ਹੁੰਦੇ ਸਨ ਕਿ ਪਹਿਲੂੰ ਪਿੰਡ ਵਿੱਚ ਖੂਹ ਕੋਈ ਨਹੀਂ ਸੀ। ਜਿਸ ਕਰਕੇ ਕੱਚਾ ਖੂਹ ਪੁਟਿਆ ਤੇ ਆਪੋ ਆਪਣੇ ਚਲ੍ਹੇ ਵੀ ਪੁੱਟ ਲਏ। ਚਾਰ ਚਾਰ ਡੰਗਰ ਜੋ ਕੇ ਪਾਣੀ ਕੱਢ ਕੇ ਆਪੋ ਆਪਣੇ ਚਲ੍ਹਿਆਂ ਵਿੱਚੋਂ ਢੋਰਾਂ ਨੂੰ ਪਾਣੀ ਪਿਆਇਆ ਕਰਦੇ ਸਨ। ਇਹਨਾਂ ਚਲ੍ਹਿਆਂ ਦੇ ਕੋਲ ਹੀ ਟਾਂਗੂ[1] ਵਾਲਾ ਪਿੱਪਲ ਸੀ। ਸਿੱਖ ਰਾਜ ਦੇ ਵੇਲੇ ਇਕ ਦਿਨ ਖਰਲ ਲਾਗਰਾਂ ਦੇ ਵਾਗੀਆਂ ਤੋਂ ਮਾਲ ਖੋਹ ਕੇ ਭਜਾ ਲਗਏ। ਲਾਗਰਾਂ ਵਾਲੇ ਸੇਖ (ਭਰਾਈ) ਨੇ ਟਾਂਗੂ ਤੇ ਚੜ੍ਹਕੇ ਵਾਹਰੂ[2] ਢੋਲ ਵਜਾਇਆ। ਕਾਲੇਕਿਆਂ ਵਾਲੇ ਟਾਂਗੂ ਨੇ ਪਿੰਡ ਨੂੰ ਖਬਰ ਦਿੱਤੀ ਕਿ ਲਾਗਰ ਬਾਹਰ ਸਦਦੇ ਨੇ।

ਕਾਲੋ ਕੇ, ਇੱਕ ਦਮ ਘੋੜੇ ਭਜਾ ਕੇ ਲਾਗਰੀਂ ਅਪੜੇ, ਅਗੋਂ ਲਾਗਰਾਂ ਵਾਲੇ, ਖੁਰਾ ਜਗਾਤਨ[3] ਵੱਲ ਧਸ ਕੇ ਲੈ ਗਏ। ਕਾਲੋ ਕੇ ਵਾਹਰੂਆਂ ਨੇ ਕੱਕੀ ਵਣੱਟੀ[4] ਵਾਲੇ ਟਾਂਗੂ ਤੋਂ ਡਿਠਾ ਤੇ ਖੋਜੀਆਂ ਨੂੰ ਮਗਰੇਂ ਜਾ ਰਲੇ। ਸਗਵਾ ਮਾਲ ਜਗਾਤਨ ਤੋਂ ਸੁੰਵਾ ਜਾ ਫੜਿਆ। ਚੋਰ ਡਰਦੇ ਛੱਡ ਕੇ ਭਜ ਗਏ।

ਜਗਾਤਨ ਤੋਂ ਪਾਣੀ ਪੀ ਕੇ ਜਾਂ ਪਰਤਨ ਲੱਗੇ ਤਾਂ ਖਰਲਾਂ ਦੀਆਂ ਝੁਗੀਆਂ ਵਿੱਚੋਂ ਇਕ ਬੁੱਢੜੀ ਨੇ ਆਪਣੇ ਪ੍ਰਵਾਰ ਨੂੰ ਆਖਿਆ, ਵੇ ਇਹਨਾਂ ਵਾਹਰੂਆਂ ਨੂੰ ਕਾਈ ਟੁੱਕਰ ਚੱਪਾ ਈ ਚਾ ਖਵਾਉ, ਅੱਗੋਂ ਉਹ ਦੀਆਂ ਨੂੰਹਾਂ ਧੀਆਂ ਆਖਿਆ, "ਆਟਾ ਮੁੱਕਾ ਹੋਇਆ ਏ", ਅੰਜਾਣ ਭੋਲੇ ਮਾਈ ਨੇ ਆਖਿਆ, 'ਵੇ ਤੇ ਇਥੋਂ ਕਾਈ ਢਗੀ ਈ ਵੱਢ ਖਵਾਉ ਨੇ" ਸਿੰਘਾਂ ਨੂੰ ਸੁਣਦਿਆਂ ਸਾਰ ਰੋਹ ਚੜ੍ਹ ਗਿਆ ਤੇ ਉਹਨਾਂ ਦੇ ਛਪਰ ਹੀ ਸਾੜ ਆਏ।

ਵਿਰਕਾਂ ਦੀ ਤੇ ਭੱਟੀਆਂ ਦੀ ਖਹਿਬੜ[5] ਮੁੱਢ ਕਦੀਮ ਤੋਂ ਚਲੀ ਆਉਂਦੀ ਹੈ। ਇਕ ਵਾਰੀ ਸਾਰੀ ਵਿਰਕੋਤ ਨੇ ਸਲਾਹ ਕੀਤੀ ਕਿ ਪਿੰਡੀ ਭੱਟੀਆਂ ਪਿੰਡ ਸਾੜਿਆ ਜਾਵੇ। ਸਾਹੋ ਵੰਸਜ ਨਾਵਿਆਂ ਦੀ ਪੱਤੀ ਦੇ ਰਾਮ ਦਿੱਤੇ ਨੇ ਇਕੱਲੇ ਨੇ ਹੀ ਪਿੰਡੋਂ ਛਾਪਾ ਚੁੱਕ ਪਿੰਡੀ ਭੱਟੀਆਂ ਦੀ ਡਿਉਢੀ ਨੂੰ ਜਾ ਅੱਗ ਲਗਾਈ। ਜਿਸ ਤੇ ਭਾਟਾਂ ਨੇ ਸਿਠ ਜੋੜੀ :—

ਸਾਰਿਆਂ ਨਾਲੋਂ ਓਕੜਾ ਡਿਠਾ ਰਾਮ ਦਿਤਾ।
ਬੂਹੇ ਜਾ ਸਰਾਂ ਦੇ ਮੁਆਤਾ ਦਿਤਾ।

ਆਪਸੀ ਖਹਿਬੜ

ਇਹ ਆਮ ਮਨੁੱਖੀ ਵਰਤਾਰਾ ਹੈ ਕਿ ਸਭ ਕੋਈ ਆਣੋ ਆਪਣੀ ਅਕਲ ਨੂੰ ਉਤਮ ਸਮਝਦਾ ਹੈ, ਦੂਸਰੀ ਗਲ ਕਿ ਆਪਣੀ ਚੀਜ਼ ਤੇ ਹਰ ਕੋਈ ਸਬਰ ਨਹੀਂ ਕਰਦਾ ਤੇ ਦੂਸਰੇ ਦੀ ਚੀਜ ਤੇ ਕਬਜ਼ਾ ਕਰ ਲੈਣਾ ਆਪਣਾ ਜਦੀ ਪੁਸ਼ਤੀ ਹੱਕ ਸਮਝਦਾ ਹੈ। ਇਸੇ ਪ੍ਰਵਿਰਤੀ ਅਧੀਨ, ਚੂਹੜਕਿਆਂ ਨੇ ਇਕ ਵਾਰੀ ਸਾਡੇ ਢੋਰ, ਜਥੇਦਾਰ ਅਨੋਖ ਸਿੰਘ ਜੀ ਦੱਸਦੇ ਹਨ, ਨਿਉਣ[6] ਵਿੱਚੋਂ, ਮਾਰ ਲਏ ਤੇ ਭਜਾ ਕੇ ਚੂਹੜਕਾਣੇ ਜਾ ਵਾੜੇ--ਧੀਰਨ ਕੀ ਪੱਤੀ

---

1. ਉਚੀ ਥਾਂ ਜਿਥੇ ਪਾਹਰੂ ਬੈਠ ਕੇ ਆਪਣੇ ਪਿੰਡ, ਮਾਲ ਜਾਂ ਟੋਲੀ ਦੀ ਰਾਖੀ ਰਖਦਾ ਸੀ।
2. ਪੁਰਾਣੇ ਸਮਿਆਂ ਵਿੱਚ ਸੰਕੇਤਕ ਢੋਲ ਵਜਾ ਕੇ ਖਬਰਾਂ ਦਿੱਤੀਆਂ ਜਾਇਆ ਕਰਦੀਆਂ ਸਨ। ਭੀੜ ਪਈ ਤੇ ਮਦਦ ਮੰਗਣ ਵਾਸਤੇ ਵਜਾਏ ਢੋਲ ਨੂੰ ਵਾਹਰੂ ਢੋਲ ਆਖਦੇ ਸਨ।
3. ਰਾਵੀ ਕੰਢੇ ਪਤਣ ਦਾ ਨਾਮ ਹੈ।
4. ਮਾਨਾਂ ਵਾਲੇ ਲਾਗਰਾਂ ਦੀ ਹੱਦ ਤੇ ਉਚਾ, ਨਖੇੜਵਾਂ ਕੱਕੇ ਰੰਗ ਦਾ ਵਣ (ਪੀਹਲੂੰ) ਦਾ ਦਰੱਖਤ, ਵਾਗੀਆਂ ਲਈ ਟਾਂਗੂ ਦਾ ਕੰਮ ਦਿਆਂ ਕਰਦਾ ਸੀ।
5. ਸਮਰਨ ਰਹੇ ਕਿ ਸਾਂਦਲਬਾਰ ਵਿੱਚ ਸੰਨ 900 ਈ: ਤੋਂ ਪਹਿਲਾਂ ਮਲ੍ਹੀ ਜੱਟ ਆਬਾਦ ਸਨ। ਇਹਨਾਂ ਮਲ੍ਹੀਆਂ ਨੂੰ ਹੰਜਰਾਵਾਂ ਨੇ ਪੂਰਬ ਪਾਸਿਓਂ ਆ ਕੇ ਇਥੋਂ ਉਠਾ ਦਿੱਤਾ ਤੇ ਮਲ੍ਹੀ ਅਗਾਂਹ ਝਨਾਂ ਵਲ ਤੇ ਆਪਣੇ ਪੂਰਵਜੀ ਸਰੋਤ ਮੁਲਤਾਣ ਨੂੰ ਨਿਕਲ ਗਏ। ਸੰਨ 1100 ਦੇ ਕਰੀਬ ਵਿਰਕਾਂ ਨੇ ਆ ਕੇ ਹੰਜਰਾਵਾਂ ਨੂੰ ਅਗਾਂਹ ਝਨਾਂ ਵਿਲ ਧਿਕ ਦਿੱਤਾ ਤੇ ਆਪ ਸਾਂਦਲਬਾਰ ਦੇ ਪਿੰਡਾਂ ਤੇ ਕਾਬਜ ਹੋ ਗਏ। ਸੰਨ 1340 ਦੇ ਨੇੜੇ ਭੱਟੀਆਂ ਦਾ ਵਡਿੱਕਾ ਉਧੋ, ਆ ਕੇ ਅਸਰੂਰ (ਮੀਆਂ ਅਲੀ) ਦੇ ਥਿੜ ਤੇ ਬੈਠਾ- -ਹੰਜਰਾਵਾਂ ਉਸ ਵਲ ਸਾਕ ਕਰ ਦਿੱਤਾ। ਹੰਜਰਾਵਾਂ ਤੇ ਭਟੀਆਂ ਵਿਰਕਾਂ ਨੂੰ ਇਥੋਂ ਕਢਣ ਦਾ ਚਾਰਾ ਕੀਤਾ। ਮਗਰ ਵਿਰਕ ਡਟੇ ਰਹੇ। ਉਦੋਂ ਤੋਂ ਇਹ ਖਹਿਬੜ ਵਧਦੀ ਚਲੀ ਗਈ।
6. ਨੀਵੀਂ ਥਾਂ ਜਿਥੋਂ ਬਰਖਾ ਦਾ ਪਾਣੀ ਵਗ ਕੇ ਨਿਕਲ ਜਾਵੇ। ਇਹ ਨਿਉਣ ਪਿੰਡ ਵਰਨਾ ਵੱਲੋਂ ਆ ਕਾਲੇਕਿਆਂ ਤੋਂ ਪਹਾੜ ਪਾਸੇ ਲੰਘ ਕੁਰਲਕਿਆਂ ਨੂੰ ਜਾਂਦੀ।

ਕਾਲੋਕਿਆਂ ਤੇ ਚੂਹੜਕਿਆਂ ਦੀ ਆਪਸ ਵਿੱਚ ਜਾਤੀ ਕਸ਼ਮਕਸ਼ ਰਹਿੰਦੀ ਸੀ। ਇੱਕ ਵੇਰਾ ਜਦੋਂ ਕਾਲੌ ਕੇ ਧਾੜੇ ਮਾਰੇ ਗਏ ਹੋਏ ਸਨ ਤਾਂ ਚੂਹੜ ਕੇ ਮੁਸਲਮਾਨਾਂ ਨੂੰ ਵੰਗਾਰਿਆ ਤੇ ਪੰਚਾਇਤ ਦੇ ਰੂਪ ਵਿੱਚ ਕਾਲੌਕੀ ਆ ਪੁਜੇ। ਪਈ ਪਿੰਡ ਸੁੰਞਾ ਹੋਵੇਗਾ ਤੇ ਲੁਟਾਂਗੇ। ਮਗਰ ਸਬਬ ਨਾਲ ਕੁਝ ਨੌਕਰ ਸਰਦਾਰ ਛੁੱਟੀ ਤੇ ਆਏ ਹੋਏ ਸਨ। ਉਹਨਾਂ ਨੂੰ ਵੇਖ ਕੇ ਚੂਹੜ ਕੇ ਪਰਤ ਗਏ।

ਇੱਕ ਵਾਰੀ ਕਾਲੌ ਕੇ ਧਾੜੇ ਤੇ ਗਏ ਹੋਏ ਸਨ। ਪਿੰਡ ਖਾਲੀ ਵੇਖ ਚੂਹੜ ਕਿਆ ਨੇ ਸਣੇ ਬਾਗੀਆਂ ਮਾਲ ਭਜਾ ਚੂਹੜਕਾਣੇ ਜਾ ਵੜਿਆ। ਧੀਰਨ ਕੀ ਪੱਤੀ ਦੇ ਸ਼ੀਹੇ ਨੇ ਆਪਣੇ ਸਾਥੀਆਂ ਨੂੰ ਆਖਿਆ ਕਿ ਦੋ ਧਾੜੇ ਵਾਲੇ ਆ ਕੇ ਸਾਨੂੰ ਫਿਟਕਾ ਪਾਣਗੇ। ਚਲੋ ਚੂਹੜਕਿਆਂ ਤੋਂ ਵਟਾ ਲਈਏ ਚੂਹੜਕਾਣੇ, ਪਿੰਡ ਦੇ ਚੜ੍ਹਦੇ ਪਾਸੇ ਇੱਕ ਥਾਂ "ਸਾਧ ਦੀ ਟਾਹਲੀ" ਕਰਕੇ ਪ੍ਰਸਿੱਧ ਹੈ। ਸਾਥੀਆਂ ਨੂੰ ਉਥੇ ਛੱਡ ਆਪ ਪਿੰਡ ਵੱਲ ਮੂੰਹ ਕੱਢਣ ਗਿਆ।

ਸਾਉਣ ਕੀ ਡਿਉਢੀ ਵਿੱਚ ਗਿਆ ਤਾਂ ਮਾਲ ਮਾਰਨ ਦੀ ਖੁਸ਼ੀ ਵਿੱਚ ਸ਼ਰਾਬੀ ਹੋਏ ਪਏ ਸਨ। ਉਸ ਨੇ ਸਾਰੇ ਸ਼ਰਾਬੀਆਂ ਨੂੰ ਉਹਨਾਂ ਦੇ ਹਥਿਆਰਾਂ ਨਾਲ ਹੀ ਵੱਢ ਦਿੱਤਾ ਤੇ ਉਹਨਾਂ ਦੇ ਹਥਿਆਰ ਚੁੱਕ ਕੇ ਵਾਪਸ ਸਾਧ ਦੀ ਟਾਹਲੀ ਕੋਲ ਲੈ ਆਇਆ ਤੇ ਦਸਿਓ ਸੁ ਪਈ ਮੈਂ ਇਤਨੇ ਵੱਢ ਆਇਆ ਹਾਂ। ਮਗਰ ਰੌਲਾ ਪੈ ਗਿਆ ਤੇ ਸੀਹੇ ਨੇ ਉਚੀ ਸਾਰੀ ਆਖਿਆ, "ਮੈਂ ਸ਼ੀਹੇ ਜਗਤੇ ਦੇ ਪੁੱਤਰ ਨੇ ਇਹ ਕਤਲ ਤੁਸਾਡੇ ਕਲ ਵਾਲੇ ਖੁਥੇ ਮਾਲ ਦੇ ਵੱਟੇ ਕੀਤੇ ਹਨ। ਮਤੇ ਸਮਝੋਂ ਪਈ ਭਟੀਆ ਜਾਂ ਡੋਗਰਾ ਇਹ ਕੰਮ ਕੀਤਾ ਹੈ" ਭਾਂਟਾ ਸਿਠ ਜੋੜੀ।

ਸ਼ੀਹੇ ਜਗਤਾ ਤਾਰਿਆ ਇਕ ਪੀਹੜੀ ਅੱਗੇ।

ਇੱਕ ਵਾਰੀ ਚੂਹੜ ਕੇ ਕਾਲੌਕਿਆ ਤੇ ਢੋਲ ਮਾਰ ਕੇ ਆ ਚੜ੍ਹੇ। ਅਗੋਂ ਜਦੋਂ ਕਾਲੌ ਕੇ ਕੁੱਦ ਕੇ ਪੈ ਗਏ ਤਾਂ ਢੋਲ ਵੀ ਵਿੱਚੇ ਛੱਡ ਭਜੇ। ਉਹ ਢੋਲ ਪਾਕਿਸਤਾਨ ਬਨਣ ਤੱਕ ਕਾਲੌਕਿਆ ਦੇ ਸ਼ੇਖ ਉਸ ਵਿੱਚ ਦਾਣੇ ਪਾਇਆ ਕਰਦੇ ਸਨ। ਜ਼ਬਾਨੀ ਜਥੇਦਾਰ ਅਨੋਖ ਸਿੰਘ ਨਾਵਾਂ

ਪਿੰਡ ਧਿੰਡਾ	1/2 ਰਿਹਾਣ ਕੀ ਪੱਤੀ—ਲੰਬਰਦਾਰ ਬੂੜ ਸਿੰਘ 1/2 ਛੱਤੇ " "	
ਮੁਦਵਾਲਾ	ਛੱਤੇ " "	
ਕਿਲਾ ਅਮੀਰ ਸਿੰਘ		
ਗਾਲਵ	ਬੁੱਚੇ ਕਿਆਂ ਦੀ ਜਗੀਰ—ਹੁਣ ਘਾਂਗੀ ਤੇ ਲੁਬਾਣੇ ਰਹਿੰਦੇ ਸਨ।	
ਬਲੋਕੇ	ਇਥੇ ਕਾਲੌ ਕੇ ਮੁਸਲਮਾਨ ਬਰਾਦਰੀ ਸੀ।	
	ਪਿੰਡ ਗਾਜੀ ਅੰਦਰਲੀ	
	ਪਿੰਡ ਕਿਲਾ ਨਿਕਾ	
	ਪਿੰਡ ਮੁਦਕੇ	


ਅੰਗਰੇਜ਼ਾਂ ਦੇ ਵੇਲੇ ਵਿਰਕਾਂ ਦੇ ਪਿੰਡ ਸਾੜੇ ਗਏ ਤਾਂ ਕਾਲੌਕਿਆਂ ਦਾ ਇਹ ਖਾਨਦਾਨ ਸਿਆਲਕੋਟ, ਲਧੇ ਕੇ ਸਰੋਇਆ ਜਾ ਵੱਸਿਆ। ਪਾਕਿਸਤਾਨ ਬਣਨ ਵੇਲੇ ਅੱਧਾ ਪਿੰਡ ਵਿਰਕਾਂ ਦਾ ਤੇ ਅੱਧਾ ਸਰੋਇਆ ਦਾ ਸੀ।

ਕਾਲੌ
⋮
ਚੰਦਾ ਸਿੰਘ
⋮
ਅਰਜਨ ਸਿੰਘ
⋮
ਵਜ਼ੀਰ ਸਿੰਘ — ਭਾਈ ਆਸਾ ਸਿੰਘ ਵੀ ਵਿਰਕਾਂ ਦਾ ਇਤਿਹਾਸ ਲਿਖ ਰਹੇ ਸਨ ਕਿ ਗੁਰਪੁਰੀ ਸਿਧਾਰ ਗਏ।
⋮
ਆਸਾ ਸਿੰਘ
⋮
ਭਗਵਾਨ ਸਿੰਘ — ਅਜ ਕਲ ਦਿੱਲੀ ਰਹਿੰਦੇ ਹਨ।

....

ਧਿੰਗਾ ਦਾ ਪ੍ਰਜਾਪਤ ਸਜਰਾ

ਪਰਜਾ ਸਿੰਘ



ਨੋਟ :— ਰਿਹਾਨ ਕੀ ਪਤੀ ਵਿੱਚ ਬੂੜ ਸਿੰਘ ਨਾਮੇ ਲੰਬਰਦਾਰ ਸੀ।

.. ..

ਕਾਲੇਕਾ

(ਬ੍ਰਿਤਾਂਤ ਜਥੇਦਾਰ ਆਸਾ ਸਿੰਘ ਚੰਡਾਲੀ)


ਇਹਨਾਂ ਦੇ ਵਡਕਿਆਂ ਦਾ ਪਿੰਡ ਕਾਲੋ ਕੇ ਸੀ। ਉਥੋਂ ਉਠ ਕੇ ਪਿੰਡ ਲਧੇ ਕੇ ਸਰੋਇਆ ਜਾ ਬੈਠੇ। ਉਹ ਅੱਧਾ ਪਿੰਡ ਸਰੋਏ ਜੱਟਾਂ ਦਾ ਅਤੇ ਅੱਧਾ ਪਿੰਡ ਵਿਰਕਾਂ ਦਾ ਸੀ। ਜਥੇਦਾਰ ਆਸਾ ਸਿੰਘ ਜੀ ਦਾ ਜਨਮ ਪਿੰਡ ਲਧੇ ਕੇ ਸਰੋਇਆ ਤਹਿਸੀਲ ਸਾਹਦਰਾ ਜਿਲਾ ਸੇਖੂਪੁਰਾ ਦਾ ਹੈ।

ਚੰਦਾ ਸਿੰਘ
|
ਅਰਜਨ ਸਿੰਘ
|
ਵਜੀਰ ਸਿੰਘ
|
ਆਸਾ ਸਿੰਘ[1]
|
ਭਗਵਾਨ ਸਿੰਘ[2]

---

1. ਚੰਡਾਲੀ ਵਿੱਚ ਜ਼ਮੀਨ ਮੁੱਲ ਖਰੀਦ ਕੇ ਰਿਹਾਇਸ਼ ਕੀਤੀ। ਇਹਨਾਂ ਵੀ ਇਤਿਹਾਸ ਵਿਰਕਾਂ ਦਾ ਲਿਖਣ ਦਾ ਯਤਨ ਕੀਤਾ ਸੀ ਕਿੰਤੂ ਉਮਰ ਨੇ ਸਾਥ ਨਾ ਦਿੱਤਾ ਤੇ ਗੁਰੂ ਨੂੰ ਪਿਆਰੇ ਹੋ ਗਏ। ਇਹਨਾਂ ਇਕ ਕੋਠੀ ਸਿਆਲਕੋਟ ਵਿਚ ਬਾਬਾ ਖੜਕ ਸਿੰਘ ਦੀ ਕੋਠੀ ਕੋਲ ਬਨਵਾਈ ਸੀ। 1947 ਦੇਸ਼ ਬਟਵਾਰੇ ਪਿਛੋਂ ਨਵੀਂ ਦਿੱਲੀ ਪਟੇਲ ਨਗਰ ਮਕਾਨ ਨੰ: 33/30 ਰਿਹਾਇਸ਼ ਇਖਤਿਆਰ ਕੀਤੀ।

2. ਭਗਵਾਨ ਸਿੰਘ ਸਪੁੱਤਰ ਜਥੇਦਾਰ ਆਸਾ ਸਿੰਘ ਅਜ ਕਲ ਨਵੀਂ ਦਿੱਲੀ ਮਲਾਜ਼ਮਤ ਕਰਦੇ ਅਤੇ ਉਪਰੋਕਤ ਮਕਾਨ ਵਿੱਚ ਰਹਿੰਦੇ ਹਨ।
(ਜ਼ਬਾਨੀ ਸਪੁੱਤਰੀ ਜਥੇਦਾਰ ਆਸਾ ਸਿੰਘ ਹਾਲ ਸੀ ਘੜਾ ਕਟਨਾਲ)



---

1. **ਮਾਲੀ**—ਪਿੰਡ ਭਰੋਕੇ ਇਲਾਕਾ ਸਾਂਦਲਬਾਰ ਵਿੱਚ ਖਹਿਰੇ ਪਿੰਡ ਦੇ ਵਸਨੀਕਾਂ ਨੇ ਆਪਣੀ ਮਦਦ ਵਾਸਤੇ ਲਿਆ ਕੇ ਵਸਾਇਆ।
2. **ਜਵੰਦ ਸਿੰਘ**—ਇਹ ਫੌਜ ਵਿੱਚ ਸੂਬੇਦਾਰ ਹੋਏ। ਬਹਾਦਰੀ ਦਾ ਖਿਤਾਬ ਮਿਲਿਆ ਅਤੇ ਬਹਾਦਰੀ ਕਰਨ ਕਰਕੇ ਵਿਕਟੋਰੀਆ ਕਰਾਸ ਪ੍ਰਾਪਤ ਹੋਇਆ।
3. **ਨਿਰੰਜਨ ਸਿੰਘ**—1927 ਵਿਚ ਰਸਾਲੇ ਵਿਚ ਜਮਾਂਦਾਰ ਭਰਤੀ ਹੋਏ ਪਰ ਗਏ ਨਹੀਂ। ਫਿਰ ਪੁਲੀਸ ਵਿਚ (1930) ਭਰਤੀ ਹੋ ਕੇ 1966 ਵਿਚ ਥਾਨੇਦਾਰ ਰੀਟਾਇਰ ਹੋਏ।
4. **ਨਗਿੰਦਰ ਸਿੰਘ**—ਪੁਲਿਸ ਹੈਡ ਕਾਨਸਟੇਬਲ।
5. **ਕਮਲਜੀਤ ਸਿੰਘ ਐਮ. ਏ.**—ਅਜ ਕਲ ਵਕਾਲਤ ਦਾ ਇਮਤਿਹਾਨ ਦੇ ਰਹੇ ਹਨ।
6. **ਸੁਰਿੰਦਰ ਸਿੰਘ**—ਇੰਸਪੈਕਟਰ ਪਟਿਆਲਾ ਰੋਡਵੇਜ਼। 7. **ਵੀਰ ਸਿੰਘ**--ਪਿੰਡ ਖਹਿਰੇ ਦਾ ਮੌਜੂਦਾ ਸਰਪੰਚ ਹੈ।
8. **ਮਲਕੀਤ ਸਿੰਘ**---ਫੌਜ ਵਿੱਚ ਸੂਬੇਦਾਰ ਹਨ। 9. **ਮਨਜੀਤ ਸਿੰਘ**--ਲੈਂਡ ਮਰਗੇਜ ਬੈਂਕ ਵਿਚ ਮੁਲਾਜ਼ਮ ਹਨ।

ਨੋਟ :---ਉਪਰੋਕਤ ਸਿਰਲੇਖ, ਸਜਰਾ ਅਤੇ ਹੋਰ ਜਾਣਕਾਰੀ ਜ਼ਬਾਨੀ ਨਿਰੰਜਨ ਸਿੰਘ (3) ਦੀ ਹੈ।

....

ਜ਼ਰੂਰੀ ਨੋਟ

(ਜ਼ਬਾਨੀ ਜਥੇਦਾਰ ਅਨੱਖ ਸਿੰਘ ਨਾਵਾਂ ਹਾਲ ਥਲ ਜ਼ਿ: ਕਰਨਾਲ)

ਟਪਿਆਲੇ ਦਾ ਦੋਸਤ ਮੁਹੰਮਦ ਵਿਰਕ ਬੜਾ ਜ਼ਾਲਮ ਤੇ ਧਕੋ ਖੋਰ ਸੀ। ਉਹ ਜੰਜਾਂ ਤੋਂ ਡੋਲੇ ਖੋਹ ਲਿਆ ਕਰਦਾ ਸੀ। ਵਿਰਕਾਂ ਨੇ ਮਤਾ ਪਕਾ ਕੇ ਜਸੋ ਦੀਆਂ ਟਾਹਲੀਆਂ ਤੋਂ ਤਿੰਨ ਭਰਾ ਮੁਸਲਮਾਨ, ਉਦੀਜਾ, ਮਾਲੀਜਾ ਤੇ ਫੇਲਯਾ ਸਦ ਕੇ ਦੋਸਤ ਮੁਹੰਮਦ ਦਾ ਕਤਲ ਕਰਵਾਇਆ।

ਇਹਨਾਂ ਤਿੰਨਾਂ ਵਿਚੋਂ ਇਕ ਨੂੰ ਕਾਲੋਕਿਆਂ ਨੇ ਡੱਲੇ ਦੀ ਢੇਗੀ ਤੇ ਬਿਠਾ ਦਿੱਤਾ। ਇਕ ਨੂੰ ਭਿਖੀ ਕਿਆਂ ਖੂਹ ਦਿੱਤਾ ਜਿਹੜਾ ਉਲੇਯੇਰੇ ਕਿਆਂ ਦਾ ਮਸ਼ਹੂਰ ਸੀ ਤੇ ਤੀਸਰੇ ਨੂੰ ਚੂਹੜਕਾਣੀਆਂ ਨੇ ਡੇਕ ਉੱਤੇ "ਪਿਆਰੇ" ਪਿੰਡ ਕੋਲ ਬਠਾਇਆ। ਉਸ ਦਾ ਨਾਮ ਵੀ ਉਲਯੇਰੇ ਕਾ ਰਖਿਆ ਗਿਆ।

....

ਪਿੰਡ ਭਰੋਕੇ

ਇਹ ਪਿੰਡ ਸ਼ੇਖੂਪੁਰੇ ਤੋਂ ਪਿੰਡੀ ਭੱਟੀਆਂ ਨੂੰ ਜਾਣ ਵਾਲੀ ਸੜਕ ਦੇ ਨੇੜੇ ਚੂਹੜਕਾਣਿਓ 14, 15 ਮੀਲ ਅਤੇ ਖਾਨਕਾਹ ਡੋਗਰਾਂ ਤੋਂ ਵੀ ਅਗੇ ਸੀ:—

ਜ਼ਬਾਨੀ ਸ: ਇੰਦਰ ਸਿੰਘ ਥਾਨੇਦਾਰ ਪਿੰਡ ਖਹਿਰੇ ਨਜ਼ਦ ਖਡੂਰ ਅਤੇ ਹਾਲ ਆਬਾਦ ਪਿੰਡ ਕਲੇਰ ਤਸੀਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ।

ਨੋਟ:—ਇਹ ਅਗਲੇ ਪੰਨੇ ਨਾਲ ਸੰਬੰਧਤ ਹੈ

ਪਿੰਡ ਝਾਮਕੇ ਦਾ ਇੱਕ ਕੁਰਸੀ ਨਾਵਾਂ

— ਗੁਰਦਾ ਸਿੰਘ ਪਿੰਡ ਛੱਡ ਕੇ ਚੱਬੇ ਚਲਿਆ ਗਿਆ।

— ਚੇਥਾ ਸਿੰਘ ਨੇ ਸਰਦਾਰਾਂ ਨਾਲ ਆ ਕੇ ਹਵੇਲੀ ਵਲ ਕੇ ਚਵਾਂ ਗੁੱਠਾਂ ਤੇ ਚਾਰ ਬੁਰਜ ਬਣਵਾਏ ਤੇ ਦਰਵਾਜਾ ਲਾ ਕੇ ਪਿੰਡ ਵਸਾ ਗਏ।

— ਸੁੰਹਦਾ ਸਿੰਘ ਦੀ ਹਵੇਲੀ ਬਣੀ। ਕਾਲੋ ਕੇ ਭਰਾਵਾਂ ਦੀ ਮਦਦ ਨਾਲ ਵਿਆਹ ਹੋਇਆ।

— ਸੁਹੰਦਾ ਸਿੰਘ ਦਾ ਪੁੱਤਰ ਸ਼ਾਮ ਸਿੰਘ—ਸ਼ਾਮ ਸਿੰਘ ਦੇ ਤਿੰਨ ਪੁੱਤਰ ਲਾਲ ਸਿੰਘ, ਜਵਾਹਰ ਸਿੰਘ, ਗੁਲਾਬ ਸਿੰਘ।

— •ਲਾਲ ਸਿੰਘ ਦੇ ਤਿੰਨ ਪੁੱਤਰ—ਗੁਰਦਾ ਸਿੰਘ, ਰਾਮ ਸਿੰਘ, ਦੀਵਾਨ ਸਿੰਘ।

— ਗੁਰਦਾ ਸਿੰਘ ਦੇ ਦੋ ਪੁੱਤਰ—ਲਾਹਣਾ ਸਿੰਘ, ਧਰਮ ਸਿੰਘ।

— ਲਾਹਣਾ ਸਿੰਘ ਦੇ ਤਿੰਨ ਪੁੱਤਰ—ਸ਼ੇਰ ਸਿੰਘ, ਚੇਤ ਸਿੰਘ, ਨਰਾਇਣ ਸਿੰਘ।

— ਧਰਮ ਸਿੰਘ ਦੇ ਤਿੰਨ ਪੁੱਤਰ—ਬਦਨ ਸਿੰਘ, ਜਗਤ ਸਿੰਘ, ਸੁੰਦਰ ਸਿੰਘ।

— ਚੇਤ ਸਿੰਘ ਦਾ ਪੁੱਤਰ ਚੰਦਾ ਸਿੰਘ—ਚੰਦਾ ਸਿੰਘ ਦਾ ਪੁੱਤਰ ਗੁਰਬਚਨ ਸਿੰਘ।

— ਸੁੰਦਰ ਸਿੰਘ ਦੇ ਚਾਰ ਪੁੱਤਰ—ਦਲੀਪ ਸਿੰਘ, ਅਮਰੀਕ ਸਿੰਘ, ਗਿਆਨ ਸਿੰਘ, ਵਸਨ ਸਿੰਘ।

— ਸੇਰ ਸਿੰਘ ਦਾ ਪੁੱਤਰ ਮੱਖਣ ਸਿੰਘ—ਮੱਖਣ ਸਿੰਘ ਦਾ ਪੁੱਤਰ ਪ੍ਰੀਤਮ ਸਿੰਘ।

— ਦੀਵਾਨ ਸਿੰਘ ਦੇ ਦੋ ਪੁੱਤਰ—ਕ੍ਰਿਪਾਲ ਸਿੰਘ, ਬਹਾਦਰ ਸਿੰਘ।

— ਰਾਮ ਸਿੰਘ ਦੇ ਤਿੰਨ ਪੁੱਤਰ—ਧਰਮ ਸਿੰਘ, ਬਾਲ ਸਿੰਘ, ਗੋਪਾਲ ਸਿੰਘ।

— ਧਰਮ ਸਿੰਘ ਦੇ ਚਾਰ ਪੁੱਤਰ—ਜੈਮਲ ਸਿੰਘ, ਜਵੰਦ ਸਿੰਘ, ਰੰਗਾ ਸਿੰਘ, ਕਰਤਾਰ ਸਿੰਘ।

— ਜੈਮਲ ਸਿੰਘ ਦੇ ਦੋ ਪੁੱਤਰ—ਮਾਨ ਸਿੰਘ, ਫੂਲਾ ਸਿੰਘ—ਫੂਲਾ ਸਿੰਘ ਦਾ ਪੁੱਤਰ ਬਿਸ਼ਨ ਸਿੰਘ।

— ਬਾਲ ਸਿੰਘ ਦੇ ਤਿੰਨ ਪੁੱਤਰ—ਧਿਆਨ ਸਿੰਘ, ਭਗਵਾਨ ਸਿੰਘ, ਪਿਆਰਾ ਸਿੰਘ।

— ਧਿਆਨ ਸਿੰਘ ਦੇ ਤਿੰਨ ਪੁੱਤਰ---ਦਲੀਪ ਸਿੰਘ, ਨਰੈਣ ਸਿੰਘ, ਗੁਰਬਚਨ ਸਿੰਘ।

— ਭਗਵਾਨ ਸਿੰਘ ਦੇ ਤਿੰਨ ਪੁੱਤਰ--ਸ਼ੀਸ਼ਾ ਸਿੰਘ, ਜਰਨੈਲ ਸਿੰਘ, ਮਹਿੰਦਰ ਸਿੰਘ।

— ਪਿਆਰਾ ਸਿੰਘ ਦਾ ਪੁੱਤਰ—ਪੂਰਨ ਸਿੰਘ।

— ਖਜਾਨ ਸਿੰਘ ਦੇ ਤਿੰਨ ਪੁੱਤਰ---ਭਗਤ ਸਿੰਘ, ਫੌਜਾ ਸਿੰਘ, ਸੁਲੱਖਣ ਸਿੰਘ।

— ਨਿਹਾਲ ਸਿੰਘ ਦਾ ਪੁੱਤਰ—ਸੰਤਾ ਸਿੰਘ। ਸੰਤਾ ਸਿੰਘ ਦਾ ਪੁੱਤਰ ਹਵੇਲਾ ਸਿੰਘ।


— ਕਾਲਾ ਸਿੰਘ ਦਾ ਪੁੱਤਰ---ਈਸਰ ਸਿੰਘ।

— ਈਸਰ ਸਿੰਘ ਦੇ ਤਿੰਨ ਪੁੱਤਰ---ਮਨਸਾ ਸਿੰਘ, ਹੰਸਾ ਸਿੰਘ, ਬੰਤਾ ਸਿੰਘ।

ਪੱਤੀ ਰਿਹਾਨ ਕੀ ਜਥੇਦਾਰ ਕੁੰਦਨ ਸਿੰਘ ਲਾਗਰ ਹੁਣ ਪਿੰਡ ਬਕਰਾਹ ਜ਼ਿਲਾ ਪਟਿਆਲਾ।

ਜਥੇਦਾਰ ਕੁੰਦਨ ਸਿੰਘ ਲਾਗਰ ਨੇ ਡਸਕੇ ਦੇ ਮੋਰਚੇ ਵਿੱਚ ਸਿਆਲਕੋਟ ਜੇਹਲ ਕੱਟੀ। ਗੁਰੂ ਕੇ ਬਾਗ ਦੇ ਮੋਰਚੇ ਵਿੱਚ ਡਾਂਗਾਂ ਖਾਧੀਆਂ ਅਤੇ ਪੰਜਾਂ ਸਾਹਿਬ ਵਾਲੀ ਗੱਡੀ ਵਿੱਚ ਸਨ। ਕਰਤਾਰ ਸਿੰਘ ਦੀ ਜਥੇਦਾਰੀ ਵਿੱਚ ਡੇਰਾ ਭਾਈ ਥਾਨ ਸਿੰਘ (ਪੰਜਾ ਸਾਹਿਬ ਦੇ ਨੇੜੇ) ਦਾ ਕਬਜ਼ਾ ਲਿਆ। ਉਹ ਸਥਾਨ ਅਬਦਲ ਖਾਂ ਕੋਲ ਸੀ। ਇਹਦੇ ਤੋਂ ਵਿਰਕਾਂ ਨੇ ਕਬਜ਼ਾ ਲਿਆ। ਅਬਦਲ ਖਾਂ ਤੋਂ ਰਸਦ ਲੈ ਕੇ, ਪ੍ਰਸਾਦਿ ਕਰਵਾ ਕੇ, ਅਰਦਾਸਾ ਕਰਕੇ ਉਸ ਦੀ ਬੇਗਮ ਸਮੇਤ ਬੱਚਿਆਂ ਨੇ ਸੁੱਚਾ ਸਿੰਘ ਚੱਕਰਵਾਲੇ ਦੀ ਪੈਰੀਂ ਪੈ ਕੇ ਆਪਣੇ ਪਤੀ ਅਤੇ ਬੱਚਿਆਂ ਦੀ ਜਿੰਦ ਬਚਾਈ।


ਜਥੇਦਾਰ ਕੁੰਦਨ ਸਿੰਘ ਲਾਗਰ



....

ਜਥੇਦਾਰ ਵਿਰਸਾ ਸਿੰਘ ਨਾਵਾਂ ਪਿੰਡ ਥਲ (ਜੀਂਦ) ਨੇ ਆਪਣੇ ਬਾਰੇ ਲਿਖ ਕੇ ਭੇਜਿਆ ਵੇਰਵਾ ਇਸ ਤਰ੍ਹਾਂ ਹੈ :—

1. 1955 ਵਾਲੇ ਮੋਰਚੇ ਵਿੱਚ ਹਿਸਾਰ ਜੇਹਲ ਵਿੱਚ ਦੋ ਮਹੀਨੇ ਕੈਦ ਕੱਟੀ। ਨਾਲ ਹੀ ਗੁਰਦਿੱਤ ਸਿੰਘ, ਦੀਦਾਰ ਸਿੰਘ, ਸੁਦਰ ਸਿੰਘ ਬਹਾਲੀਕਾ, ਨਿਸ਼ਾਨ ਸਿੰਘ ਕਾਲੋਂਕਾ, ਲਾਲ ਸਿੰਘ ਨਾਵਾਂ, ਅਰੂੜ ਸਿੰਘ ਧੌਰਨ ਕਾ, ਬਲਕਾਰ ਸਿੰਘ, ਸਾਧਾ ਸਿੰਘ ਸਨ।

2. ਸੰਤ ਫਤਹਿ ਸਿੰਘ ਵਾਲੇ ਮੋਰਚੇ ਵਿੱਚ ਦਿੱਲੀ ਤੋਂ ਗਰਿਫਤਾਰ ਹੋ ਕੇ ਦੋ ਮਹੀਨੇ ਅੰਬਾਲਾ ਜੇਹਲ ਵਿੱਚ ਰਹੇ। ਨਾਲ ਹੀ ਫਤਹਿ ਸਿੰਘ ਬਪੂਰ ਸਿੰਘ, ਟਹਿਲ ਸਿੰਘ, ਸੁਖਾ ਸਿੰਘ, ਜਸਵਿੰਦਰ ਸਿੰਘ ਬਰਾੜ ਦੀ ਜਥੇਦਾਰੀ ਵਿੱਚ ਰਹੇ।

3. ਏਸ਼ੀਆਈ ਖੇਡਾਂ ਵੇਲੇ ਪ੍ਰਕਾਸ਼ ਸਿੰਘ ਮਜੀਠਾ ਦੀ ਜਥੇਦਾਰੀ ਵਿੱਚ ਦਿੱਲੀ ਜੇਹਲ ਵਿੱਚ ਸੰਤੋਖ ਸਿੰਘ, ਕਰਤਾਰ ਸਿੰਘ ਸਫੀਦੋਂ, ਸਾਹਬ ਸਿੰਘ ਅਤੇ ਨੱਥਾ ਸਿੰਘ ਮਲਕਪੁਰ।

4. ਕਰਨਾਲ ਮੰਦਰ ਤੇ ਗੁਰਦੁਆਰੇ ਦੇ ਝਗੜੇ ਵਿੱਚ 15 ਦਿਨ ਜੇਹਲ ਰਹੇ। ਨਾਲ ਹੀ ਕਾਬਲ ਸਿੰਘ, ਸਾਹਬ ਸਿੰਘ, ਪਰੀਤਮ ਸਿੰਘ ਬਹਾਲੀਕਾ, ਚਰਨ ਸਿੰਘ ਨਾਵਾਂ, ਮੇਜਰ ਸਿੰਘ, ਬਹਾਦਰ ਸਿੰਘ, ਲੱਖਾ ਸਿੰਘ, ਗੁਰਦਿਆਲ ਸਿੰਘ ਸਨ।

5. ਇੰਦਰਾ ਗਾਂਧੀ ਦੀ ਮੌਤ ਵੇਲੇ ਕਰਨਾਲ ਜੇਹਲ ਵਿੱਚ ਨਾਲ ਹੀ ਜਥੇਦਾਰ ਅਵਤਾਰ ਸਿੰਘ ਰੱਤਕ, ਜਥੇਦਾਰ ਰਘਬੀਰ ਸਿੰਘ ਠਰੀ ਸਨ।

6. ਘਲੂਘਾਰੇ ਸਪਤਾਹ ਵਿੱਚ ਪੰਜ ਜੂਨ ਵਾਲੇ ਦਿਨ ਕਰਨਾਲ ਸਟਾਫ ਵਿੱਚ।

7. ਸੂਰਜ ਗ੍ਰਹਿਣ ਵੇਲੇ ਅਸੰਧ ਥਾਣੇ ਵਿੱਚ, ਨਾਲ ਹੀ ਸ਼ਾਬਾਸ਼ ਸਿੰਘ ਨਾਵਾਂ, ਮੀਆਂ ਸਿੰਘ ਖਿਜ਼ਰਾਬਾਦ, ਜਥੇਦਾਰ ਅਵਤਾਰ ਸਿੰਘ ਰਤਕ, ਜਥੇਦਾਰ ਰਘਬੀਰ ਸਿੰਘ ਠਰੀ, ਮਹਿਲ ਸਿੰਘ ਅਸੰਧ।

ਜਦੋਂ ਸ਼ਰੋਮਣੀ ਕਮੇਟੀ ਵੱਲੋਂ ਸਿੱਖ ਕੌਮ ਦਾ ਇੱਕ ਜਲੂਸ ਪੰਜਾਬ ਵੱਲੋਂ ਦਿੱਲੀ ਜਾ ਰਿਹਾ ਸੀ ਤਾਂ ਜੀਂਦ ਗੁਰਦੁਆਰੇ ਵਿੱਚ ਸਿੱਖ ਇਤਿਹਾਸ ਦੇ ਹੀਰਿਆਂ ਦੀ ਪ੍ਰਦਰਸ਼ਨੀ ਲੱਗੀ ਹੋਈ ਸੀ। ਉਸ ਵਿੱਚ ਨਾ ਹੀ ਨਵਾਬ ਕਪੂਰ ਸਿੰਘ ਅਤੇ ਨਾ ਹੀ ਕਰਤਾਰ ਸਿੰਘ ਝੱਬਰ ਦੀ ਫੋਟੋ ਸੀ। ਇਸ ਬਾਰੇ ਜਥੇਦਾਰ ਵਿਰਸਾ ਸਿੰਘ ਨਾਵਾਂ ਨੇ ਉਸ ਵੇਲੇ ਦੇ ਹਰਿਆਣਾ ਸਿੰਘ ਮਿਸ਼ਨ ਦੇ ਇੰਚਾਰਜ ਗਿਆਨੀ ਗੁਰਦੇਵ ਸਿੰਘ, ਰਘਬੀਰ ਸਿੰਘ ਵਿਰਕ ਅਤੇ ਗੁਰਚਰਨ ਸਿੰਘ ਟੌਹੜਾ ਸਾਹਵੇਂ ਇਤਰਾਜ਼ ਜਬਰਦਸਤ ਢੰਗ ਨਾਲ ਰੱਖਿਆ। ਇਸ ਤੇ ਜਲੂਸ ਦੇ ਜੀਂਦ ਤੋਂ ਸੱਰੇ ਸੰਦੇ ਪਹੁੰਚਦਿਆਂ ਨੂੰ ਦੋਹਾਂ ਆਗੂਆਂ ਦੀਆਂ ਫੋਟੋਆਂ ਮੰਗਵਾ ਕੇ ਪ੍ਰਦਰਸ਼ਨੀ ਵਿੱਚ ਰੱਖੀਆਂ ਗਈਆਂ।

....

ਕਿੰਤੂ ਇਥੇ ਦੋ ਤੱਥ ਇਤਿਹਾਸ ਵਿਰੁਧ ਹਨ। ਯਥਾ :—

ਰਜੋਆ ਸਯਦਾਂ—ਪੰਜਾਬ ਗਜ਼ਟੀਅਰ ਜ਼ਿਲਾ ਝੰਗ 1883-4 ਦੇ ਪੰਨਾ 58 ਦੇ ਅਨੁਸਾਰ, ਇਲਾਕਾ ਬਹਾਵਲਪੁਰ ਦੇ ਉੱਚ ਸਯਦ ਜਲਾਲ ਦਾ ਇੱਕ ਫਕੀਰ ਬਨਾਮ ਸ਼ਾਹ ਦੌਲਤ, ਪਿੰਡ ਬਾਲਾ ਰਾਜਾ (ਇਲਾਕਾ ਝੰਗ) ਦੇ ਸਾਹਮਣੇ, ਦਰਯਾ ਚਨਾਬ ਦੀ ਬਰੇਤੀ ਤੇ ਬੈਠਕੇ ਬਾਰਾਂ ਸਾਲ ਤਪ ਕਰਨ ਪਿਛੋਂ, ਕਰਾਮਾਤਾਂ ਵਖਾਣ ਲੱਗ ਪਿਆ ਅਤੇ ਮਸ਼ਹੂਰ ਹੋ ਗਿਆ। ਬਰੇਤੀ ਤੋਂ ਉੱਠ ਕੇ ਮੌਜੂਦਾ ਕਸਬਾ ਰਜੋਆ ਸਯਦਾਂ ਵਾਲੀ ਥਾਂ ਤੇ ਡੇਰਾ ਆਣ ਕੀਤਾ, ਜਿਥੇ ਉਸ ਨੂੰ ਅਕਬਰ ਬਾਦਸ਼ਾਹ ਨੇ 1556-1605) ਸਨਦ ਰਾਹੀਂ ਰਜੋਏ ਦਾ ਇਲਾਕਾ ਦਿੱਤਾ ਤੇ ਸਯਦ ਇਸ ਇਲਾਕੇ ਵਿੱਚ ਮਸ਼ਹੂਰ ਹੋਏ। ਅਰਥਾਤ 16ਵੀਂ ਸਦੀ ਈ: ਵਿੱਚ ਆਬਾਦ ਹੋਇਆ। ਕਿੰਤੂ ਉਦਯੇ ਤੇ ਮਾਲਯੇ ਦਾ ਜੀਵਨ ਕਾਲ 1400/1425 ਈ: ਬਣਦਾ ਹੈ। ਇਥੇ ਦੋ ਸੌ ਸਾਲ ਦਾ ਅੰਤਰ ਹੈ। ਸੋ ਇਹ ਧਾਰਨਾ ਕਿ ਰਜੋਆ ਸਯਦਾਂ 712 ਈ: ਵਿੱਚ ਆਬਾਦ ਹੋਇਆ ਮੂਲੋਂ ਠੀਕ ਨਹੀਂ ਹੈ। ਇਸੇ ਨਾਲ ਹੀ (ਅ) ਦੂਸਰੀ ਧਾਰਨਾ ਕਿ ਰਜੋਏ ਦੇ ਸਯਦਾਂ ਦੀਆਂ ਲੜਕੀਆਂ ਨੇ ਇਹਨਾਂ ਦੋਹਾਂ ਭਰਾਵਾਂ ਨੂੰ ਮੁਸਲਮਾਨ ਕੀਤਾ, ਵੀ ਇਤਿਹਾਸਕ ਪੱਖ ਤੋਂ ਸਿਧ ਨਹੀਂ ਹੁੰਦੀ।

ਮੇਰਾ ਵਿਚਾਰ ਹੈ ਕਿ ਸੰਨ 1398 ਈ: ਵਿੱਚ ਤਿਮਰਲਿੰਗ ਦੇ ਹਮਲੇ ਵੇਲੇ ਇਹ ਦੋਵੇਂ ਭਰਾ ਮੁਸਲਮਾਨ ਹੋ ਗਏ। ਦੂਸਰਾ ਇਤਿਹਾਸ ਵਿਪਰੀਤ ਇਹ ਤੱਥ ਹੈ ਕਿ ਰਜੋਆ ਸਯਦਾਂ ਦਾ ਅਰਬ ਦੇ ਖਲੀਫ਼ਿਆ ਦੇ ਆਵਨ (712 ਈ:) ਨਾਲ ਕੋਈ ਸੰਬੰਧ ਨਹੀਂ। ਜਥੇਦਾਰ ਅਨੋਖ ਸਿੰਘ ਦੱਸਦੇ ਸਨ ਕਿ ਪਿੰਡ ਟਪਿਆਲੇ ਦਾ ਦੋਸਤ ਮੁਹੰਮਦ ਵਿਰਕ ਜੰਝਾ ਕੋਲੋਂ ਧੱਕੇ ਨਾਲ ਡੋਲੇ ਮੰਗਣ ਲੱਗਾ। ਵਿਰਕਾਂ ਨੇ ਮਤਾ ਪਕਾ ਕੇ ਉਦਯੇ ਮਾਲਯੇ ਵੰਸ਼ਜ ਸੱਦ ਕੇ ਉਕਤ ਦੋਸਤ ਮੁਹੰਮਦ ਦਾ ਕਤਲ ਕਰਵਾਇਆ। ਇਹਨਾਂ ਵਿੱਚੋਂ ਇੱਕ ਨੂੰ ਕਾਲੋਕਿਆਂ ਨੇ ਡੋਲੇ ਦੀ ਲਾਵਲਦ ਢੇਰੀ ਤੇ ਬਠਾਇਆ। ਇੱਕ ਨੂੰ ਭਿਖੀ ਕਿਆਂ ਖੂਹ ਦਿੱਤਾ ਜੋ ਉਲਯੇਰੇ ਕਾ ਸਦਾਇਆ ਤੇ ਤੀਜੇ ਨੂੰ ਚੁਹੜਕਿਆਂ 'ਪਿਆਰਾ'' ਨਾਂਵ ਪਿੰਡ ਡੇਕ ਕੇ ਦਿੱਤਾ।

(ਗਿਆਨੀ ਜੀ)

ਜ਼ਰੂਰੀ ਨੋਟ

ਬਿਆਨ ਸ: ਪ੍ਰਤਾਪ ਸਿੰਘ ਪੁੱਤਰ ਸੋਹਨ ਸਿੰਘ (4/4/76 ਸ਼ੇਖੂਪੁਰਾ ਮਜ਼ੂਰੀ (ਕਰਨਾਲ)

1. ਮਰਾਲੀਕਾ ਪ੍ਰਤਾਪ ਸਿੰਘ ਬਰਾਦਰ ਸੁਦਾਗਰ ਸਿੰਘ ਭਾਜੂ ਬੁੱਢੀ ਕੜਯਾਲ ਵਾਲੇ ਦੀ ਗੋਲੀ ਨਾਲ ਮੋਇਆ। (ਸ਼ਜਰੇ ਵਿਚ ਹੈ ਨਹੀਂ)।

....

2. ਰਿਆਸਤ ਛਛਰੌਲੀ ਵਾਲੇ ਮਾਲੇਕੀ ਪਤੀ ਵਿੱਚੋਂ ਸਨ।

....

3. ਬਾਬੇ ਬਾਘ ਕੀ ਕੜਯਾਲ ਵਾਲੀ ਢੇਰੀ ਤ੍ਰੇ ਵੜੈਚ ਆ ਕੇ ਬੈਠੇ ਸਨ। ਉਹਨਾਂ ਵਿੱਚੋਂ ਬਹਾਦਰ ਸਿੰਘ ਵੜੈਚ ਠਸਕੇ ਵਿਚ ਆਬਾਦ ਹੈ। ਬਾਬਾ ਬਾਘ ਸਿੰਘ ਲਾਵਲਦ ਗਿਆ ਸੀ. ? ? ?

....

4. ਸਾਈਂ ਕੋਡੇ ਸ਼ਾਹ ਬੜਾ ਬੰਦਗੀ ਵਾਲਾ ਸੀ।

....

5. ਵਾਰ ਖੋਜੀ

ਜੋਦ ਮਰਾਲੀ ਪੋਤਰੇ ਕਾਜ਼ ਛਤਰ ਧਾਰੀ।
ਚੌਪੜ ਬੈਠੇ ਖੇਡਦੇ ਲਾ ਤਕਯੇਦਾਰੀ।
ਖੋਜੀ ਦੇ ਨਾਲ ਲੜਾਂਗੇ ਮਾਰਾਂ ਤਲਵਾਰੀ।
? ? ?. ? ? ?

....

6. ਪੰਡਤ ਮੁਹਰ ਸਿੰਘ ਕਣਕੂਤੀਆ ਦੀ ਅੰਸ ਸੋਡੀ ਬੱਡੀ ਨਜ਼ਦ ਨੀਲੋਂ ਖੇੜੀ ਬੈਠੇ ਹਨ।

....

7. ਗੁਰੂ ਡਿਹਰਾ ਬਾਬੇ ਬਿੰਦਰਾ ਬਨ ਨੇ ਬਣਵਾਇਆ ਸੀ।

....


ਕੜਯਾਲ

ਨਗਰ ਕੜਯਾਲ

ਅੱਤੇ ਦੇ ਪੁੱਤਰ ਕਰਨ ਨੇ ਤੁਗਲਕ ਬੰਸ ਦੇ ਰਾਜ ਕਾਲ (1320/1414 ਈ:) ਵਿੱਚ ਆਪਣੇ ਨਾਮ ਤੇ ਪਿੰਡ ਕਰਨਵਾਲ ਵਸਾਇਆ ਜੋ ਸਮੇਂ ਦੇ ਗੇੜ ਨਾਲ ਕਦੇ ਢਹਿੰਦਾ ਕਦੇ ਉਸਰਦਾ ਰਿਹਾ ਤੇ ਨਾਮ ਵਿੱਚ ਪ੍ਰਵਰਤਨ, ਕਰਨਿਆਲ, ਕੜਨਿਆਲ ਤੇ ਅੰਤ ਕੜਯਾਲ ਦੇ ਰੂਪ ਵਿੱਚ ਹੋਇਆ ਜੋ ਲਿਖਤ ਵਿੱਚ ਆਵਨ ਕਰਕੇ ਹੁਣ ਪੱਕਾ ਇਸਥਿਤ ਹੈ। (ਗਿਆਨੀ ਜੀ)

ਬਾਬੇ ਕਰਨ ਦੇ ਪਿੰਡ

ਕੜਯਾਲ ਬੁੱਢੀ, ਕੜਯਾਲ ਕਲਾਂ, ਕੜਯਾਲ ਬਾਗਾਂ ਵਾਲ---ਸ਼ਕਲੀਵਾਲਾ, ਰਣਧੀਰ, ਸਾਧੰਕੇ, ਮਸੰਦਾ, ਤ੍ਰਿਅਹੁਨ, ਠਟਾ ਮਾਨਕ ਦਾ, ਫਨੀਆ, ਦਿਹੜਾ, ਨੁਸ਼ਹਿਰਾ ਵਿਰਕਾਂ, ਤ੍ਰਖਾਣਾਂ ਵਾਲਾ, ਚਕ ਜੇਦ, ਕੋਟ ਬੁਲਾ ਚਕ ਮਰਾਲੀ, ਠਟਾ ਟੇਕ ਸਿੰਘ ਸੁਕਤਾਬਾਦ ਆਦਿ ਸਨ।



1. ਜੱਸਾ ਪੁੱਤਰ ਭਗੀਰਥ ਨੇ ਆਪਣਾ ਪਿੰਡ ਜੱਸੇ ਦੀਆਂ ਟਾਹਲੀਆਂ ਅਜ ਕਲ ਦੇ ਜ਼ਿਲਾ ਝੰਗ ਵਿੱਚ ਵਸਾਇਆ। ਕੋਟ ਕਮਾਲੀਏ ਤੋਂ ਚੀਚਾ ਵਤਨੀ ਨੂੰ ਜਾਣ ਵਾਲੀ ਸੜਕ ਉੱਤੇ ਪਿੰਡ ਜੱਖੜ ਤੋਂ ਪਹਾੜ ਅਤੇ ਕੋਟ ਕਮਾਲਯੇ ਤੋਂ ਚੜ੍ਹਦੇ ਪਾਸੇ ਇਹ ਨਗਰ ਹੁੰਦਾ ਸੀ। ਉਸ ਜ਼ਮਾਨੇ ਇਹ ਵਿਰਕਾਂ ਦੀ ਲਹਿੰਦੀ ਗੁਠ ਮੰਨਿਆ ਜਾਂਦਾ ਸੀ।
2. ਭਾਈ ਜੀਵਨ ਸਿੰਘ ਜੀ ਦਾ ਕਥਨ ਹੈ ਕਿ ਸੰਨ 712 ਈ: ਵਿੱਚ ਅਰਬ ਦੇਸ਼ ਦੇ ਖਲੀਫ਼ੇ ਸਯਦਾਂ ਨੇ ਪਿੰਡ ਰਜੋਆ ਸਯਦਾਂ ਜ਼ਿ: ਝੰਗ ਆਬਾਦ ਕੀਤਾ ਅਤੇ ਹਿੰਦੂਆਂ ਉਤੇ ਸਖਤੀ ਕਰਨ ਲਗੇ। ਉਦਯਾ ਤੇ ਮਾਲਯਾ ਦੋਵੇਂ ਭਰਾ ਸੂਰਵੀਰ ਹੋਵਨ ਹਰ ਵਾਰ ਸਯਦਾਂ ਦੇ ਦੰਦ ਖੱਟੇ ਕਰਦੇ ਸਨ। ਜਦੋਂ ਕਿਸੇ ਭਾਂਤ ਵੀ ਇਹ ਕਾਬੂ ਨਾ ਆਏ ਤਾਂ ਸਯਦਾ ਨੇ ਦੋ ਸੁੰਦਰ ਮੁਟਿਆਰਾਂ ਘਲ ਕੇ ਦੋਹਾਂ ਭਰਾਵਾਂ ਨੂੰ ਫੰਧੇ ਵਿਚ ਫਸਾ ਮੁਸਲਮਾਨ ਕਰ ਲਿਆ। ਤਦ ਤੋਂ ਇਹ ਦੋਵੇਂ ਭਰਾ ਉਹਨਾਂ ਦੇ ਸਾਥੀ ਤੇ ਅਨੁਸਾਰੀ ਹੋ ਗਏ।

ਇਕ ਦਿਨ ਸੁੰਦਰ ਸਿੰਘ ਸੇਖੂਪੁਰੇ ਵਲੋਂ ਲਗਾ ਆਉਂਦਾ ਸੀ। ਅਗੇ ਉਜਾਗਰ ਸਿੰਘ ਬੰਦੇ ਜੋੜ ਕੇ ਥੜੇ ਬੈਠਾ ਹੋਇਆ ਸੀ। ਉਹਨਾਂ ਆਉਂਦੇ ਨੂੰ ਚੰਗੇ ਸੋਟੇ ਮਾਰੇ। ਬੱਸ ਇਸ ਤੋਂ ਪਿੰਡ ਵਿਚਲੀ ਭਾਰੀ ਕਸ਼-ਮਕਸ਼ ਦਾ ਮੁੱਢ ਬੱਝਾ। ਫਿਰ ਕਈ ਵਾਰੀਂ ਜੁੜਦੇ ਤੇ ਲੜਦੇ ਰਹੇ।

ਇਕ ਵਾਰ ਲਾਭ ਸਿੰਘ ਪ੍ਰਸਿਧ 'ਖਬੜ ਦੇ ਗਲ ਮਾੜੀ ਦੇ ਮੇਲੇ ਤੇ ਮਾੜੀ ਕੋਟ ਦੇ ਬੰਦੇ ਜੁੜ ਕੇ ਪੈ ਗਏ ਤੇ ਲਾਭ ਸਿੰਘ ਨੂੰ ਸੱਟਾ ਵਜਾ। ਸਬੱਬ ਨਾਲ, ਉਜਾਗਰ ਸਿੰਘ ਤੇ ਸੁੰਦਰ ਸਿੰਘ ਵੀ ਮੇਲੇ ਗਏ ਹੋਏ ਸਨ। ਉਸ ਸੁੰਦਰ ਸਿੰਘ ਨੂੰ ਮਿਲ ਕੇ ਆਖਿਆ, "ਚਾਚਾ, ਅਜ ਤੇ ਕੜਯਾਲ ਨੂੰ ਹਾਣਤ ਪਈ ਔਂਦੀ ਏ। ਜੇਕਰ ਮੈਨੂੰ ਕੋਈ ਦਾਅ ਪੇਚ ਨਹੀਓਂ ਲਾਣਾਂ ਤੇ ਦੋਵੇਂ ਪੈ ਜਾਵੀਏ। ਅੱਗੋਂ ਸੁੰਦਰ ਸਿੰਘ ਆਖਿਆ, ਤੇਰੀ ਮੇਰੀ ਲੜਾਈ ਤੇ ਕੜਯਾਲ ਏ। ਢਿੱਲ ਨਾ ਕਰ ਪੈ ਜਾਹ ਮੈਂ ਤੇਰੇ ਨਾਲ ਹਾਂ। ਬਸ ਦੋਵੇਂ ਜਣੇ ਕੁੱਦ ਕੇ ਪਏ ਗਏ ਤੇ ਮਾੜੀ ਕਿਆਂ ਨੂੰ ਤਿਨ ਮੀਲ ਦੂਰ ਕੁੱਟ ਕੁੱਟ ਕੇ ਕੱਢ ਆਏ। ਜਿਹੜਾ ਉਹਨਾਂ ਵਿਚੋਂ ਸੋਟਿਆਂ ਦਾ ਬਹੁਤਾ ਮਰੇਲ ਸੀ ਉਹ ਨੂੰ ਮਾੜੀ ਕੋਲ ਜਾ ਨਿੱਸਲ ਕੀਤਾ ਤੇ ਕੜਯਾਲ ਦੀ ਧੁੰਮ ਪੈ ਗਈ ਕਿ ਕੜਯਾਲਏ ਦੁਸ਼ਮਨ ਵੀ ਬਾਹਰ ਰਲ ਕੇ ਲੜਦੇ ਨੇ।

ਪਿੰਡ ਕੜਯਾਲ ਤੇ ਮੋਰਚਾ ਸ਼ੇਰ ਖਾਂ 1935 ਈ:

(ਜ਼ਬਾਨੀ ਅਜਾਇਬ ਸਿੰਘ ਪੁਤਰ ਹਰਨਾਮ ਸਿੰਘ ਜੈਦਕਾ-ਹਾਲ ਠਸਕਾ, ਜ਼ਿਲ੍ਹਾ ਕੁਰਕਸ਼ੇਤਰ 3.10.72)

ਅਸੀਂ ਜੰਡਿਆਲੇ ਦੀਵਾਨ ਤੇ ਜਾ ਰਹੇ ਸਾਂ ਕਿ ਪਿੰਡ ਅਮੋਕਿਆਂ ਦਾ ਇਕ ਬ੍ਰਹਮਨ ਸਿਖ, ਜੰਡਿਆਲ ਵਿਚੋਂ ਲੰਘਦਾ ਮੁਸਲਮਾਨਾਂ ਨੇ ਕਤਲ ਕਰ ਦਿੱਤਾ---ਦੀਵਾਨ ਵਿਚ ਖਬਰ ਹੋਈ ਤਾਂ ਸੰਗਤ ਸਾਰੀ ਉਧਰ ਨੂੰ ਭੱਜ ਵੱਗੀ ਤੇ ਇਨੇ ਚਿਰ ਨੂੰ ਇਕ ਹੋਰ ਸਿਖ (ਹਜ਼ਾਰਾ ਸਿੰਘ ਮਜ਼੍ਹਬੀ ਸਿੰਘ ਸੀ) ਦੇ ਕਤਲ ਹੋਣ ਦੀ ਖਬਰ ਪੁੱਜੀ ਜਿਸ ਨੂੰ ਖਾਨੂ ਪੁਤਰ ਬਹਾਦਰੋ ਜੰਡਿਆਲੀਏ ਨੇ ਬਰਛੀ ਨਾਲ ਮਾਰਿਆ ਸੀ।

ਬਾਕੀ ਸਭ ਲੋਕ ਪਿਛਾਂ ਪਰਤ ਵੱਗੇ ਕਿਉਂਕਿ ਪਿੰਡ ਵਿਚੋਂ ਇੱਟਾ ਵੱਟੇ ਪੈਣੇ ਅਤੇ ਇਕਾ ਦੁਕਾ ਬੰਦੂਕ ਦੇ ਫਾਇਰ ਵੀ ਹੋਣ ਲੱਗ ਪਏ। ਇਤਨੇ ਨੂੰ ਕਾਲੇਕਿਆਂ ਦਾ ਇਕ ਮੋਨਾ ਨਾਈ, ਯਾ ਅੋਲੀ ਯਾ ਅੋਲੀ ਕਰਦਾ ਆ ਗਿਆ ਤੇ ਭੁਲੇਖੇ ਨਾਲ ਇਕ ਮਜ਼੍ਹਬੀ ਸਿੰਘ ਨੇ ਉਸ ਨੂੰ ਬਲਮ ਮਾਰ ਕੇ ਪਾਰ ਬੁਲਾ ਦਿੱਤਾ। ਸਾਨੂੰ ਜਥੇਦਾਰ ਮਾਨ ਸਿੰਘ ਹੋਥੋਂ ਨੇ ਲਲਕਾਰਿਆ, ਸ਼ਾਬਾ ਭਾਈ ਅਸੀਂ ਸਿਰਫ ਕੜਯਾਲੀਏ ਹੀ ਉਥੇ ਖਲੋਤੇ ਸਾਂ ਕਿ ਮੋਕੋਕਿਆਂ ਦਾ ਇਕ ਮੁਸਲਮਾਨ ਬਰਛੀ ਲੈ ਕੇ ਆ ਪਿਆ। ਉਹਨੂੰ ਆਉਂਦੇ ਨੂੰ ਹੀ ਗੁਰਬਚਨ ਸਿੰਘ ਪੁਤਰ ਸੁੰਦਰ ਸਿੰਘ) ਨੇ ਨੇਜ਼ਾ ਮਾਰ ਕੇ ਢਾਹ ਲਿਆ। ਇਸੇ ਤਰ੍ਹਾਂ ਦੋ ਹੋਰ ਰੋੜੇ ਮਾਰਨ ਵਾਲੇ ਮੁਸਲਮਾਨ ਸਾਡੇ ਹਥੋਂ ਮਾਰੇ ਗਏ।

ਰਹਿਮਤ ਖਾਂ ਦੇ ਕੋਠੇ ਤੋਂ ਚਲੀ ਬੰਦੂਕ ਦੇ ਦਾਣੇ ਭਾਈ ਲਾਭ ਸਿੰਘ ਨੂੰ ਅਤੇ ਹੋਰ ਕਈਆਂ ਨੂੰ ਵੱਜੇ। ਅਸੀਂ ਪਿਛੋਂ ਹਟ ਗਏ ਪੁਲਿਸ ਕੋਠੇ ਤੇ ਜਾ ਚੜ੍ਹੀ ਤੇ ਪੁਲਿਸ ਕਪਤਾਨ ਪ੍ਰਤਾਪ ਸਿੰਘ (ਇਹ ਮੋਗੇ ਦਾ ਵਸਨੀਕ ਸੀ) ਨੇ ਬੰਦੂਕ ਜਾ ਫੜੀ। ਉਸ ਵਕਤ ਕੜਯਾਲ ਦੇ ਜਥੇ ਦੇ ਹੋਰ ਕੋਈ ਸਿਖ ਹਾਜ਼ਰ ਨਹੀਂ ਸੀ।

ਤਫਤੀਸ਼ ਵਿਚ ਤਾਂ ਕਈ ਸਿੰਘ ਸ਼ਾਮਲ ਸਨ; ਪਰਚਾ ਕੇਵਲ ਇਹਨਾਂ ਅੱਠਾਂ ਤੇ ਹੋਇਆ।

1. ਗੁਰਬਚਨ ਸਿੰਘ ਪੁਤਰ ਸੁੰਦਰ ਸਿੰਘ ਕੜਯਾਲ
2. ਕਰਤਾਰ ਸਿੰਘ ਪੁਤਰ ਸੁਹਨ ਸਿੰਘ "

---

1. ਬਹਾਦਰ ਸਿੰਘ ਜੰਡਾਲੀਆ (ਇਹ 1926 ਵਿਚ ਮੁਸਲਮਾਨ ਹੋ ਗਿਆ ਸੀ)

(1) ਦਿੱਤਾ ਚੌਧਰੀ
(2) ਗੰਡਾ ਸਿੰਘ ਅਮੋਕਿਆਂ ਵਾਲਾ

(ਜ਼ਬਾਨੀ ਅਜਾਇਬ ਸਿੰਘ ਪੁਤਰ ਹਰਨਾਮ ਸਿੰਘ (ਜੈਦਕਾ) ਹਾਲ ਠਸਕਾ ਜ਼ਿ: ਕੁਰਕਸ਼ੇਤਰ—3.10.72)

2. ਮਾਝੇ ਦੇ ਕੱਥੋ ਸਿੰਘਾਂ ਨੇ ਰਹਿਮਤ ਖਾਂ ਨਾਮੀ ਜ਼ਿਮੀਂਦਾਰ ਜੰਡਿਆਲਾ ਨਿਵਾਸੀ ਤੋਂ ਕੁਝ ਜ਼ਮੀਨ ਠੇਕੇ ਤੇ ਲਈ ਹੋਈ ਸੀ। ਉਹਨਾਂ ਦਾ ਜਵਾਈ ਮਿਲਣ ਵਾਸਤੇ ਆਇਆ ਤਾਂ ਉਹਨਾਂ ਸਿੰਘਾਂ ਨੇ ਰਹਿਮਤ ਖਾਂ ਨੂੰ ਪੁੱਛ ਕੇ ਕੁੱਕੜ ਝਟਕਾ ਕੇ ਖਾਧਾ ਪੀਤਾ। ਪਿੰਡ ਦੇ ਮੁਸਲਮਾਨਾਂ ਨੇ ਪਤਾ ਲਗਣ ਤੇ ਬੱਗਾ ਸਿੰਘ ਦਾ ਚੌਂਕਾ ਚੁੱਲ੍ਹਾ ਢਾਹ ਦਿੱਤਾ ਅਤੇ ਹਥੋ ਪਾਈ ਵੀ ਕੀਤੀ ਜਿਸ ਤੇ ਉਸ ਨੇ ਚੱਕ ਗੁਰਦਾਸ ਭਾਈ ਸੁਚਾ ਸਿੰਘ ਚਕਰ ਵਾਲੇ ਨਾਲ ਗੱਲ ਕੀਤੀ—ਜਿਸ ਦੇ ਉਦਮ ਨਾਲ ਅਕਾਲੀ ਜਥਾ ਖਰਾ ਸੌਦਾ ਨੇ ਜੰਡਿਆਲੇ ਝਟਕਾ ਕਾਨਫਰੰਸ ਰੱਖ ਦਿੱਤੀ। ਜੰਡਿਆਲਾ ਸ਼ੇਰ ਖਾਂ ਵਿਚ ਦੀਵਾਨ ਸਜ ਗਿਆ ਤੇ ਪਹਿਲੇ ਦਿਨ ਲੰਗਰ ਵਿਚ 25 ਬਕਰੇ ਝਟਕਾਏ ਗਏ। ਜਿਥੇ ਉਪਰੋਕਤ ਝਗੜਾ ਹੋਇਆ, ਨੌਬਤ ਮੁਕਦਮਿਆਂ ਤਕ ਅਪੜੀ।

ਕੜਯਾਲ ਦੀ ਵਾਰਤਾ

ਸੰਨ 1730 ਵਿੱਚ ਜਦੋਂ ਮੁਹੰਮਦ ਸ਼ਾਹ ਰੰਗੀਲੇ ਦੇ ਲਾਹੌਰੋਂ ਟਕੇ ਉਗਰਾਹਣ ਲਈ ਰੁਹੇਲੇ ਸਰਦਾਰ ਸੂਬੇਖਾਨ ਬਹਾਦਰ ਬੱਲ ਆਏ ਤਾਂ ਉਸ ਨੇ ਰੁਹੇਲਿਆਂ ਦੀ ਫੌਜ ਦੇ ਨਾਲ ਆਪਣੀ ਵੀ ਫੌਜ ਦੇ ਕੇ ਸਾਂਦਲਬਾਰ ਵਿੱਚੋਂ ਉਗਰਾਹੀ ਕਰਨ ਵਾਸਤੇ ਭੇਜ ਦਿੱਤੀ। ਹੋਰਨਾਂ ਪਿੰਡਾਂ ਵਿਚੋਂ ਹੁੰਦੇ ਹੋਏ ਰੁਹੇਲੇ ਸਰਦਾਰ ਜੰਡਿਆਲਾ ਸ਼ੇਰ ਖਾਂ ਬੈਠੇ ਸਲਾਹ ਕਰ ਰਹੇ ਸਨ ਕਿ ਕਲ੍ਹ ਨੂੰ ਕੜਯਾਲ ਨਗਰ ਤੇ ਹਮਲਾ ਕੀਤਾ ਜਾਵੇ। ਇਹ ਬੜੇ ਚਿਰ ਤੋਂ ਮਾਮਲਾ ਨਹੀਂ ਦੇਂਦੇ ਤੇ ਆਕੀ ਹਨ।" ਸਬਬ ਨਾਲ ਕੜਯਾਲ ਦੇ ਸ਼ੇਖ (ਭਰਾਈ) ਉਸ ਦਿਨ ਫੇਰੀ ਕਰਨ ਜੰਡਿਆਲੇ ਗਏ ਹੋਏ ਸਨ। ਜਦ ਉਹਨਾਂ ਇਹ ਮਸ਼ਵਰਾ ਸੁਣਿਆ ਤਾਂ ਉਹ ਸਿਧੇ ਪਿੰਡ ਘੁਕਰਾਂ ਬੰਨ੍ਹ ਆਏ ਤੇ ਸਰਦਾਰਾਂ ਨੂੰ ਸਾਰੀ ਗਲ ਸੁਣਾਈ।

ਪਿੰਡ ਦਿਆਂ ਪੰਚਾਂ ਨੇ ਵਾਹਰੂ ਢੋਲ ਵਜਵਾ ਦਿੱਤਾ ਤੇ ਮੋਰਚੇ ਕਾਇਮ ਕਰ ਦਿੱਤੇ। ਪੁਰਾਤਨ ਪਿੰਡ ਦੇ ਕੇਵਲ ਦੋ ਦਰਵਾਜ਼ੇ ਇੱਕ ਪਹਾੜ ਜੈਦਕੀ ਪੱਤੀ ਵੱਲ ਤੇ ਦੂਜਾ ਦੱਖਣ ਪਾਸੇ ਮਰਾਲੀ ਕੀ ਪੱਤੀ ਵੱਲ ਸੀ। ਪਿੰਡ ਦੇ ਦੁਆਲੇ ਕੰਧ ਸੀ ਤੇ ਚੜ੍ਹਦੇ ਤੇ ਲਹਿੰਦੇ ਦੋ ਵੱਡੀਆਂ ਢਾਬਾਂ ਸਨ। (ਇਸ ਕੰਧ ਦਾ ਟੁਕੜਾ ਤੇ ਦਰਵਾਜ਼ੇ ਦੀ ਡਾਟ ਮੈਂ ਵੇਖੀ ਹੈ)।

ਰੁਹੇਲਿਆਂ ਨੇ ਜਦ ਕੋਈ ਚਾਰਾ ਚਲਦਾ ਨਾ ਡਿਠਾ ਤਾਂ ਉਹਨਾਂ ਨੇ ਇੱਕ ਨਿਸ਼ਾਨਚੀ ਗੋਰੇ ਵਾਲੇ ਖੂਹ ਦੇ ਪਿਪਲ ਵਿੱਚ ਬਿਠਾ ਦਿੱਤਾ ਕਿ ਜਿਹੜਾ ਬੰਦਾ ਅੰਦਰੋਂ ਕੰਧ ਤੇ ਚੜੇ ਉਹ ਫੁੰਡੀ ਆਵੇ ਤੇ ਰੁਹੇਲਿਆਂ ਤਯਾਰੀ ਸ਼ੁਰੂ ਕਰ ਦਿੱਤੀ ਕਿ ਪਿੰਡ ਦੀ ਕੰਧ ਬਰੂਦ ਨਾਲ ਉਡਾ ਕੇ ਮੋਗ ਦੇਈਏ ਤਾਂ ਸਾਡਾ ਕੰਮ ਸੌਖਾ ਹੋ ਜਾਏਗਾ।

ਪੰਚੈਤ ਵੀ ਉਹਨਾਂ ਦਾ ਮਤਲਬ ਤਾੜ ਗਈ। ਉਹਨਾਂ ਲੋਹੇ ਦੇ ਕੜਾਹੇ ਵਿੱਚ ਬੰਦੂਕ ਜੰਗੀ ਝੋਰੀ ਮਰਵਾਕੇ ਜੋਦ ਕੇ ਦਰਵਾਜ਼ੇ ਤੇ ਬੀੜ ਦਿੱਤਾ ਤੇ ਆਪਣਾ ਨਾਮੀ ਨਿਸ਼ਾਨਚੀ (ਜੋ ਇੱਕ ਸਾਹਸੀ ਸੀ) ਉਥੇ ਬਿਠਾ ਦਿੱਤਾ। ਥੱਲਿਓ ਇੱਕ ਬਾਂਸ ਤੇ ਪੱਗ ਵਲ, ਬਾਂਸ ਉੱਤੇ ਰੱਖ ਜਦ ਕੰਧੋਂ ਉਪਰ ਕੀਤੀ ਤਾਂ ਪਿਪਲ ਵਾਲੇ ਨਸ਼ਾਨਚੀ ਨੇ ਤੜਾਕ ਗੋਲੀ ਮਾਰੀ। ਸਾਡਾ ਸਾਂਹਸੀ ਤਾੜ ਗਿਆ ਕਿ ਗੋਲੀ ਚਲਾਣ ਵਾਲਾ ਫਲਾਣੇ ਕੁ ਥਾਂ ਬੈਠਾ ਹੈ। ਉਸ ਨੇ ਨਿਸ਼ਾਨਾ ਸੇਧ ਕੇ ਦੁਗਾੜਾ ਮਾਰਿਆ, ਸਣੇ ਬੰਦੂਕ ਦੇ ਨਿਸ਼ਾਨਚੀ ਦੜ ਕਰਦਾ ਪਿਪਲ ਤੋਂ ਥਲੇ ਆ ਡਿੱਗਾ।

ਹੋਰ ਕੋਈ ਚਾਰਾ ਨ ਚਲਦਾ ਵੇਖ ਕੇ ਰੁਹੇਲਿਆਂ ਨੇ ਇੱਕ ਹਾਥੀ ਦੇ ਮੱਥੇ ਤੇ ਤਵੇ ਬੰਨ੍ਹ ਸ਼ਰਾਬ ਪਿਆ ਕੇ ਜੈਦਕਿਆਂ ਦੇ ਦਰਵਾਜ਼ੇ ਨੂੰ ਸਿੱਧਾ ਏ ਦਿੱਤਾ। ਹੁਣ ਸੋਚਣ ਦਾ ਸਮਾਂ ਨਹੀਂ ਸੀ। ਬਾਬੇ ਅਮਰੀਕ ਸਿੰਘ ਪੁੱਤਰ ਗਿਆਨ ਚੰਦ (ਬਖਤੂ ਵੰਸ਼) ਨੇ ਤਲਵਾਰ ਖਿੱਚ ਕੇ ਆਖਿਆ :—

ਦੋ ਜਣੇ ਫਾਟਕ ਦੀ ਖਿੜਕੀ ਖੁਹਲ ਕੇ ਫੜੀ ਰੱਖੋ ਜਦੋਂ ਮੈਂ ਬਾਹਰ ਨਿਕਲ ਜਾਵਾਂ ਤਾਂ ਬੰਦ ਕਰ ਲਿਆ ਜੇ।" ਮਸਤ ਹਾਥੀ ਚੀਕਾਂ ਮਾਰਦਾ ਜਦ ਦਰਵਾਜ਼ੇ ਦੇ ਨੇੜੇ ਆਇਆ ਤਾਂ ਬਾਬੇ ਅਮਰੀਕ ਸਿੰਘ ਨੇ ਅੱਖ ਦੇ ਫੋਰ ਵਿੱਚ ਬਾਹਰ ਨਿਕਲ ਤਲਵਾਰ ਦੇ ਇਕੋ ਭਰਪੂਰ ਵਾਰ ਨਾਲ ਹਾਥੀ ਦਾ ਸੁੰਡ ਵੱਢ ਦਿੱਤਾ। ਹਾਥੀ ਚੀਕਾਂ ਮਾਰਦਾ ਪਿਛਾਂਹ ਪਰਤ ਰੁਹੇਲਿਆਂ ਨੂੰ ਲਿਤਾੜਦਾ ਭੱਜ ਵੱਗਾ—ਬਾਹਰ ਨਿਕਲ ਨਗਰ ਵਾਸੀ ਰੁਹੇਲਿਆਂ ਤੇ ਟੁਟ ਪਏ ਤੇ ਕੁਟ ਕੁਟ ਜੰਡਿਆਲਾ ਟਪਾ ਆਏ।


ਉਕਤ ਬਾਬਾ ਜੀ ਇਸ ਘਟਨਾ ਪਿੱਛੋਂ ਕਾਫੀ ਚਿਰ ਜੀਵਤ ਰਹੇ। ਤਦੋਂ ਤੋਂ ਪਿੰਡ ਵਿੱਚ ਦੋ ਪਿਰਤਾਂ ਪਈਆ। ਇੱਕ ਤਾਂ ਸਾਡੇ ਪਿੰਡ ਦੇ ਭਰਾਈਆਂ (ਸ਼ੇਖਾਂ) ਦਾ ਮਾਣ ਸਤਿਕਾਰ ਵੱਧ ਗਿਆ। ਜਿਸ ਪਿੰਡ ਕੋਈ ਕੜਯਾਲਯਾ ਮੁੰਡਾ ਵਿਆਹਿਆ ਹੋਇਆ ਹੁੰਦਾ ਉਹ ਦੇ ਸਹੁਰੇ ਭਰਾਈਂ ਮੰਗਣ ਗਏ ਨੂੰ ਚਾਦਰ/ਰੇਜਾ ਅਤੇ ਦਾਣੇ ਦੇਂਦੇ ਦੂਜਾ ਸਾਂਹਸੀ ਦਾ ਗੁਜ਼ਾਰਾ। ਉਸ ਵਾਸਤੇ ਹੁਕਮ ਸੀ ਕਿ ਜਿਸ ਘਰ ਸਾਹਸੀ ਮੰਗਣ ਜਾਵੇ ਉਥੋਂ ਉਸ ਨੂੰ ਡੰਗ ਦਾ ਆਟਾ ਮਿਲਦਾ ਸੀ।

ਉਪਰੋਕਤ ਵਾਰਤਾ ਮੈਂ ਗੁਰ ਪੁਰਵਾਸੀ ਬਾਬਾ ਗੁਮਾਨ ਸਿੰਘ ਪੁੱਤਰ ਮੁਸੱਦਾ ਸਿੰਘ ਤੋਂ ਕਈ ਵਾਰ ਹਟੀਆਂ ਤੇ ਬੈਠਿਆਂ ਪਿੰਡ ਸੁਣੀ ਸੀ। ਇਕ ਵਾਰ ਉਹਨਾਂ ਮੈਨੂੰ ਸੰਬੋਧਨ ਕਰ ਕੇ ਆਖਿਆ, "ਬਾਲਿਆ ਤੂੰ ਉਸ ਅਮਰੀਕੇ ਦਾ ਪੋਤ੍ਰਾ ਹੈ"। ਇਸ ਦੀ ਪੁਸ਼ਟੀ ਸਾਡੇ ਮਿਰਾਸੀ ਨੇ ਮੇਰੇ ਫੌਜ ਵਿੱਚ ਅਫਸਰ ਬਣਨ ਤੇ ਰਸਮੀ ਕਲਾਨ ਤੋਂ ਪਿੱਛੋਂ ਆਖਿਆ ਜਜਮਾਨ ਤੂੰ ਉਸ ਅਮਰੀਕੇ ਦਾ ਪੋਤਰਾ ਹੈ। ਜਿਸ ਦੀ ਭਾਟਾਂ ਇਹ ਜੋੜੀ ਸੀ :—

ਮਿਰਜੇ ਢੋਇਆ ਹਾਥੀ ਫਰਸ਼ ਹਿਲਿਆ ਪਾਤਾਲ ਦਾ।
ਅਮਰੀਕੇ ਮਾਰੀ ਤਲਵਾਰ ਫਿਰ ਨ ਡਿਠੋਸ ਮੂੰਹ ਕੜਯਾਲ ਦਾ। (ਗਿਆਨੀ ਜੀ)

ਕੜਯਾਲ ਵਿਚ ਖਹਿਬੜ ਦਾ ਮੁੱਢ

ਪਿੰਡ ਕੜਯਾਲ ਕਲਾਂ (ਵਡੀ) ਇਕ ਵਾਰ ਮਰਾਲੀ ਕੀ ਪੱਤੀ ਦੇ ਗੁਰਦਵਾਰੇ ਵਿੱਚ ਇਕ ਪੰਚਾਇਤ ਹੋ ਰਹੀ ਸੀ। ਉਥੇ ਕਿਸੇ ਗੱਲੋਂ ਬਾਲ ਸਿੰਘ ਪੁੱਤਰ ਮੰਗਲ ਸਿੰਘ ਨੇ ਉਜਾਗਰ ਸਿੰਘ ਸਾਂਡ ਕਾ ਨੂੰ ਸੋਟਾ ਮਾਰਿਆ। ਉਜਾਗਰ ਸਿੰਘ ਆਖਿਆ, ਬਾਲ ਸਿੰਘਾ ਤੂੰ ਪੰਚਾਇਤ ਵਿੱਚ ਸੋਟਾ ਨਹੀਂ ਸੀ ਮਾਰਨਾ। ਦੂਜੀ ਗੱਲ ਇਹ ਸੋਟਾ ਮੈਨੂੰ ਸੁੰਦਰ ਸਿੰਘ ਮਰਵਾਂਦਾ ਹੋਇਆ, ਇਸਦਾ ਬਦਲਾ ਮੈਂ ਉਸ ਤੋਂ ਲਵਾਂਗਾ।



1. ਇਸ ਨੇ ਪਿੰਡ ਬੁੱਢੀ ਕੜਯਾਲ ਤੁਗਲਕ ਬੰਸ਼ ਦੇ ਰਾਜਕਾਲ (1320-1414 ਈ:) ਵਿਚ ਆਬਾਦ ਕੀਤਾ ਜੋ ਤਿਮਰ ਲੰਗ ਨੇ 1398 ਈ: ਵਿਚ ਬਰਬਾਦ ਕੀਤਾ ਇਹ ਪਿੰਡ ਦੁਬਾਰਾ ਆਬਾਦ ਹੋਇਆ। ਇਥੇ ਬਾਬਾ ਕਰਨ ਦੀ ਘਰਵਾਲੀ ਦਾ ਮੜ੍ਹ ਵੀ ਸੀ, ਜਿਥੇ ਕੜਯਾਲ ਦੀਆਂ ਸਜ ਵਿਆਹੀਆਂ ਨੂੰ ਮੱਥਾ ਟਿਕਾਇਆ ਜਾਂਦਾ ਸੀ।

2. ਦਿਉਣ ਨੇ ਆਪਣੇ ਨਾਮ ਤੇ ਕਿਲਾ ਦਿਉਣ, ਪੰਜ ਗਰਾਹੀਆਂ ਕੋਲ ਵਸਾਇਆ, ਮਗਰ ਤਿਮਰ ਲੰਗ ਨੇ ਬਰਬਾਦ ਕੀਤਾ। ਇਸ ਦੇ ਪੁਤਰ ਭਿਖੀ ਨੇ ਆਮਣੇ ਨਾਮ ਤੇ ਨਵਾਂ ਮੌਜੂਦਾ ਨਗਰ ਭਿੱਖੀ ਵਸਾਇਆ।

3. ਇਸ ਨੇ ਆਪਣੇ ਪਿੰਡ ਕੜਯਾਲੋਂ ਨੁਸ਼ਹਿਰੇ ਨੂੰ ਜਾਂਦੀ ਸੜਕ ਉਤੇ ਮੌਜੂਦਾ ਖਾਰੇਵਾਲੀ ਜਗਾਹ ਆਬਾਦ ਕੀਤਾ ਸੀ ਜੋ ਤਿਮਰ ਲੰਗ ਨੇ ਸਾੜ ਦਿੱਤਾ। ਇਸ ਦੇ ਦੋ ਵੰਸ਼ਜਾਂ ਗਗੋ ਤੇ ਸਾਹੋ ਨੇ ਕਰਮਵਾਰ ਮੌਜੂਦਾ ਗਗਮੂਲਾ ਅਤੇ ਸਾਹੋਕੇ ਵਸਾਏ।

4. ਐਨ }
5. ਭੀਮਾ } ਇਹਨਾਂ ਦਾ ਖੋਜ ਨਹੀਂ ਮਿਲਿਆ।

6. ਜਸੇ ਦੀ ਅੰਸ ਮੁਦਾਰ ਵਿਚ ਸੀ।

7. ਡੱਲੇ ਦੀ ਅੰਸ ਪਿੰਡ ਚਾਚੋਕੇ ਵਿੱਚ ਸੀ। ਸਿਖ ਰਾਜ ਤੋਂ ਪਹਿਲਾਂ ਇਥੋਂ ਦੋ ਸਿੰਘ ਸ਼ਹੀਦ ਹੋਏ ਸਨ। (ਜ਼ਬਾਨੀ ਭਾਈ ਮੂਲ ਸਿੰਘ ਜੀ) ਮਗਰ ਉਹਨਾਂ ਦਾ ਇਤਿਹਾਸ ਵਿਚ ਨਾਮ ਨਹੀਂ ਹੈ।

ਕਰਮਵਾਰ 1, 2, 3, 4, 5, 6 ਤੇ 7 ਨੇ ਅਨੁਮਾਨਤ ਹੈ ਕਿ ਆਪਣੇ ਆਪਣੇ ਨਗਰ 1320 ਈ: ਅਤੇ 1414 ਈ: ਤੁਗਲਕ ਬੰਸ ਦੇ ਸਮੇਂ ਆਬਾਦ ਕੀਤੇ।

(ਪੰਨਾ 296 ਤੇ ਚਾਲੂ)

3. ਅਮਰ ਸਿੰਘ ਪੁਤਰ ਗੰਗਾ ਸਿੰਘ } ਜੰਡਿਆਲਾ ਸ਼ੇਰ ਖਾਂ
4. ਸ਼ੰਗਾਰਾ ਸਿੰਘ " " " }

ਚਾਰ ਮੁਸਲਮਾਨ ਜੰਡਿਆਲਾ ਨਿਵਾਸੀਆਂ ਦਾ ਚਲਾਨ ਹੋਇਆ ਜਿਨ੍ਹਾਂ ਵਿਚ ਇੱਕ ਹਜ਼ਾਰਾ ਸਿੰਘ ਮਜ਼ੂਬੀ ਮਕਤੂਲ ਦਾ ਮਰਨ ਵੇਲੇ ਦਾ ਬਿਆਨ ਸੀ ਕਿ ਮੈਨੂੰ ਗੁਲਾਮ ਹੁਸੈਨ ਖੋਖਰ ਨੇ ਬਲਮ ਮਾਰੀ ਤੇ ਦੂਸਰਾ ਗਵਾਹ ਬੰਤਾ ਸਿਅ ਕਾਹਲੋਂ ਵਾਸੀ ਕਾਲੇਕੇ ਵੀ ਇਹੋ ਬਿਆਨ ਦਿੱਤਾ। ਮੁਕੱਦਮਾ 11 ਮਹੀਨੇ ਚਲਿਆਂ।

ਖਾਲਸੇ ਦੇ ਮੁਖਾਲਿਫ ਗੁਆਹ ਇਹ ਸਨ :-

1) ਬਹਾਦਰੀ[1] ਜੰਡਿਆਲੀਏ ਦਾ ਹੜ੍ਹਤਰ[2] ਖਾਨੂ
2) ਦੌਲਾ ਖੋਖਰ ਜੰਡਿਆਲਾ ਸ਼ੇਰ ਖਾਂ
3) ਬਾਰੂ ਤਰਖਾਨ " " "
4) ਮੱਲੂ ਚੂਹੜਾ " " "

ਸਿੰਘਾਂ ਵੱਲੋਂ ਹਰ ਪੇਸ਼ੀ ਤੇ ਸ: ਬ: ਮਹਿਤਾਬ ਸਿੰਘ ਸੇਖੂਪੁਰੇ ਹਾਜਰ ਹੋਇਆ ਕਰਦਾ ਸੀ। ਮੁਕਦਮੇ ਦੌਰਾਨ ਮੁਲਜਮ ਗੁਲਾਮ ਹੁਸੈਨ ਖੋਖਰ ਨੇ (ਜਿਸ ਦਾ ਅਸਲ ਕਸੂਰ ਕੋਈ ਨਹੀਂ ਸੀ ਕਿੰਤੂ ਉਹਦਾ ਜਵਾਈ ਸ਼ਰਾਰਤ ਦੀ ਜੜ੍ਹ ਸੀ) ਆਖਿਆ, ਓਇ ਸਿੱਖੋ ਮੇਰਾ ਕਸੂਰ ਕੋਈ ਨਹੀਂ। ਤੁਸਾਡੀਆਂ ਸਹਾਦਤਾਂ ਤੇ ਮੈਂ ਫਾਸੀ ਲੱਗ ਜਾਵਾਂਗਾ। ਮੇਰੇ ਸ਼ਰੀਕਾਂ ਨੂੰ ਮੌਜ ਹੋ ਜਾਵੇਗੀ। ਮੈਂ ਬੇ-ਗੁਨਾਹ ਤੇ ਤਰਸ ਕਰੋ। ਉਜਾਗਰ ਸਿੰਘ

ਸੁੰਦਰ ਸਿੰਘ ਪੁੱਤਰ ਮੰਗਲ ਸਿੰਘ (ਮਗਲੀਕਾ) ਮਾਈ ਮਟੱਵ[3] ਦੀ ਰਾਹੀਂ ਬਹਾਦਰੀ ਜੰਡਿਆਲਯਾ ਅਤੇ ਉਸ ਦੇ ਰਸੂਖ ਰਾਹੀਂ ਦੂਜੇ ਗਵਾਹਾਂ ਨੂੰ ਬਿਠਾਣ ਵਿੱਚ ਬੜਾ ਉਗਰ ਭਾਗ ਲਿਆ। ਮੁਕਦਮਾ 11 ਮਹੀਨੇ ਚਲਿਆ। ਸਿਖ ਹਵਾਲਾਤੀਆਂ ਦੀ ਪ੍ਰਸਾਦ ਪਾਣੀ ਦੀ ਸੇਵਾ ਜਥੇਦਾਰ ਮਾਨ ਸਿੰਘ ਹੰਬੋ ਦੇ ਖਰਚ ਤੇ ਹੁੰਦੀ ਰਹੀ। ਮੁਕੱਦਮੇ ਦੇ ਦੋਰਾਨ ਜਥੇਦਾਰ ਹੰਬੋ ਅਤੇ ਸ਼ਖ ਨੂਰ ਮੁਹੰਮਦ ਡਿ: ਕਮਿਸਨਰ ਦੀ ਝੜਪ ਹੋ ਪਈ। ਡੀ. ਸੀ. ਨੇ ਆਖਿਆ, ਤੁਸੀਂ ਜੰਡਿਆਲੇ ਝਟਕਾ ਕੀਤਾ ਹੈ ਤਾਂ ਮੁਸਲਮਾਨ ਜੰਡਿਆਲੇ ਗਾਂ ਹਲਾਲ ਕਰਨਗੇ। ਅਗੋਂ ਜਥੇਦਾਰ ਨੇ ਉੱਤਰ ਦਿੱਤਾ, "ਉਹ ਜੰਡਾਲੇ ਗਾਂ ਹਲਾਲ ਕਰਨਗੇ। ਅਸੀਂ ਤੇਰੀ ਕੋਠੀ ਵਿੱਚ ਸੂਰ ਝਟਕਾਵਾਂਗੇ।"

ਗਵਾਹਾਂ ਦੇ ਬੈਠ ਜਾਨ ਕਾਰਨ ਮੁਕਦਮਾ ਢਿੱਲਾ ਪੈ ਗਿਆ। ਡੀ. ਸੀ. ਅਤੇ ਜਥੇਦਾਰ ਹੰਬੋ ਦੀ ਸੁਲਹ ਮਾਨ ਸਰਦਾਰਾਂ ਨੇ ਵਿੱਚ ਪੈ ਕੇ ਕਰਾ ਦਿੱਤੀ। ਬਰੀ ਹੋਣ ਪਿੱਛੋਂ ਗੁਲਾਮ ਹੁਸੈਨ ਖੋਖਰ ਗੁਰਬਚਨ ਸਿੰਘ ਤੇ ਉਸ ਦੇ ਸਾਥੀਆਂ ਨੂੰ ਘਰ ਸੱਦ ਆਪਣੀ ਚੁੱਲੇ ਤੇ ਝਟਕਾ ਬਣਵਾ ਕੇ ਖਵਾਂਦਾ ਰਿਹਾ।


---

(1) ਬਹਾਦਰੀ ਜਨਮ ਨਾਮ ਬਹਾਦਰ ਸਿੰਘ—ਇਹ ਜਨਾਨੀ ਪਿਛੇ ਧਰਮ ਤਿਆਗ ਮੁਸਲਮਾਨ ਹ ਗਿਆ। ਸੰਗਯਾ ਬਹਾਦਰੀ ਹੋਈ।

(2) ਹੜ੍ਹਤੂ—ਬਰੇਵੇ ਵਾਲੀ ਤੀਵੀਂ ਦਾ ਪਹਿਲੇ ਖਸਮ ਦਾ ਪੁੱਤਰ

(3) ਮਾਈ ਮਟੱਵ—ਇਹ ਸਵਾਣੀ ਲਹਣਾ ਸਿੰਘ ਸੱਕਲੀਯੇ ਦੀ ਵਿਧਵਾ ਸੀ। ਇਸ਼ ਦੀਆਂ ਕੇਵਲ ਦੋ ਧੀਆਂ ਸਨ। ਸਕੱਲੀ ਵਾਲੇ ਖੂਹ ਦੀ ਆਪਣੀ ਭੋਇ ਵੇਚ ਕੇ ਨੁਸਹਿਰੇ ਵਿਰਕਾਂ ਦੇ ਘਰ ਬਣਾ ਕੇ ਰਿਹਾ ਕਰਦੀ ਸੀ। ਸੁੰਦਰ ਸਿੰਘ (ਮਰਾਲੀਕੇ) ਨੇ ਇਸ ਦੀ ਕਈ ਵਾਰਾਂ ਮਦਦ ਕੀਤੀ ਸੀ। ਇਹ ਬੜੀ ਦਲੇਰ ਸਵਾਣੀ ਸੀ। ਬਹਾਦਰ ਜੰਡਾਲੀਆ ਮਾਈ ਤੋਂ ਪੈਸੇ ਟਕੇ ਦੀ ਗਰਜ ਪੂਰੀ ਕਰਿਆ ਕਰਦਾ ਸੀ।

ਕਨਿਆਂ ਦਾ ਕਿਲਾ (ਸਾਧੋਕੇ)[1]



— 00 —


ਰਣਧੀਰ

(1) ਬਹਾਦਰ ਤੇ ਵਸਾਊ ਰਣਧੀਰ ਵਿਚੋਂ ਜੰਡਿਆਲੇ ਸ਼ੇਰ ਖਾਂ ਜਾ ਆਬਾਦ ਹੋਏ ।

(2) ਬਹਾਦਰ ਦਾ ਪੁੱਤਰ ਫਜ਼ਾਦਾ ਮਹਰਾਲੇ ਦੀ ਮੁਸਲਮਾਨ 'ਸਾਹੀ' ਗੋਤ ਦੀ ਮੁਸਲਮਾਨੀ ਵਿਚੋਂ ਪੈਦਾ ਹੋਇਆ ।

(3) ਵਸਾਊ ਦੀ ਔਲਾਦ ਜੰਡਿਆਲੇ ਸ਼ੇਰ ਖਾਂ ਦੇ ਵਸਦੀ ਹੈ ।

1. ਸਾਧੋ, ਵਲਦ ਕਰਨ ਵਲਦ ਅਤੋ ਦੇ ਨਾਮ ਤੇ ਪਿੰਡ ਸਾਧੋਕੇ ਵਸਿਆ ਜੋ ਅਜ ਕਲ ਕੰਨਿਆ ਦਾ ਕਿਲਾ ਸਦਾਂਦਾ ਹੈ ।
2. ਦੁਸੰਧੀ, ਦੀ ਅੰਸ ਅਜ ਕਲ ਪਿੰਡ ਬਹੁਤ ਸ਼ਾਮ ਜ਼ਿਲਾ ਕਰਨਾਲ ਵਿਚ ਹੈ ।
3. ਮੇਘਾ...ਇਸ ਦੀ ਅੰਸ ਪਿੰਡ ਬਦਨਾਰੇ ਅਤੇ ਬਾਂਸੇ ਵਿਚ ਆਬਾਦ ਹੈ ।
4. ਧਰੂ...ਇਸ ਦੀ ਅੰਸ ਪਿੰਡ ਬਾਂਸੇ ਅਤੇ ਬਹੁਤ ਸ਼ਾਮ ਵਿਚ ਆਬਾਦ ਹੈ ।
5. ਸੁਹੇਲ ਸਿੰਘ...ਇਹ ਖਾਲਸਾ ਫੌਜ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕੁਮੇਦਾਨ ਸਨ ।



1. ਲੀਹੋਂ—ਇਸ ਨੇ ਪਹਿਲਾਂ ਆਪਣਾ ਪਿੰਡ ਵਸਾਇਆ ਜੋ ਬਦੇਸੀ ਧਾੜਵੀਆਂ ਹਥੋਂ ਤਬਾਹ ਹੋਇਆ ਫਿਰ ਇਸ ਨੇ ਬੁਢੀ ਕੜਯਾਲ ਆਪਣੀ ਅੰਸ ਬਸਾਈ। ਬੁਢੀ ਕੜਿਆਲ ਦੀ 24 ਮੁਰਬੇ ਭੋਂਇ ਸੀ, ਅਧ ਵਿਚ ਮੁਸਲਮਾਨ ਸਨ। ਜਿਹਨਾਂ ਵਿਚੋਂ ਤਾਜੂ ਬਹੁਤ ਪ੍ਰਸਿਧ ਹੋ ਗੁਜ਼ਰਿਆ ਹੈ।

2. ਨਾਨਕ ਚੰਦ— ਇਹਦੀ ਅੰਸ ਪਹਿਲੂੰ ਬੁਢੀ ਕੜਿਯਾਲ ਵਿਚ ਸੀ, ਕਿੰਤੂ ਫਿਰ ਇਹਨਾਂ ਨੇ ਆਪਣਾ ਵਖਰਾ ਵਾਸਾ ਨਾਨਕ ਦਾ ਪਿੰਡ ਕਰਕੇ ਵਸਾਇਆ। ਇਹ ਬੁਢੀ ਕੜਿਯਾਲ ਦੇ ਆਧੀ ਸਨ। ਨਾਨਕ ਦੀ ਅੰਸ ਹਾਲ ਉਰਲਾਣਾ ਜ਼ਿਲ੍ਹਾ ਕਰਨਾਲ ਵਿਚ ਆਬਾਦ ਹੈ।

ਬਾਬਾ ਬੂੜਾ ਅਕਬਰ ਦੀ ਤਖਤ ਨਸ਼ੀਨੀ ਤੱਕ ਕੇਵਲ ਸਾਂਦਲਬਾਰ ਦੇ ਹੋਰ ਚੋਧਰੀਆਂ ਵਾਂਗ ਇੱਕ ਚੋਧਰੀ ਹੀ ਸੀ । ਸੰਨ 1578 ਈ: ਵਿੱਚ ਅਕਬਰ ਨੇ ਬਾਬੇ ਬੂੜੇ ਨੂੰ ਆਪਣੀ ਕੌਂਸਲ ਚਾ ਕੁਰਸੀ ਨਸ਼ੀਨ ਮੈਂਬਰ ਥਾਪਿਆ । ਅਕਬਰ ਨੇ ਸੰਨ 1559 ਵਿੱਚ ਕਾਂਗੜ ਦੇ ਚੋਧਰੀ ਮਹਿਰ ਮਿਠੇ ਧਾੜੀਵਾਲ ਤੋਂ ਲੜਕੀ ਦਾ ਸਾਕ ਮੰਗਿਆ । ਮਿਠੇ ਨੇ ਆਖਿਆ ਮੈਂ ਆਪਣੇ ਚੋਧਰੀ ਭਰਾਵਾਂ ਨਾਲ ਸਲਾਹ ਕਰ ਲਵਾਂ । ਉਸ ਵਕਤ ਦਿਉਣ ਵੰਸ਼ ਚੰਨਣ ਦਾ ਪੁੱਤਰ ਰਾ ਭੋਇਆ ਅਤੇ ਚੋਧਰੀ ਖਾਨ ਮਲਕ ਵੀ ਚੋਧਰੀਆਂ ਵਿੱਚ ਸ਼ਾਮਲ ਸਨ ।


ਮਹਿਰ ਮਿਠੇ ਨੇ ਜਦੋਂ ਇਹ ਗੱਲ ਬਾਕੀ ਚੋਧਰੀਆ ਕੋਲ ਰੱਖੀ ਤਾਂ ਸਭ ਕਿਸੇ ਨੇ ਆਪੋ ਆਪਣੀ ਸਮਝ ਅਨੁਸਾਰ ਉੱਤਰ ਦਿੱਤਾ ਕਿੰਤੂ ਬਾਬੇ ਬੂੜੇ ਆਖਿਆ, ਸਾਨੂੰ ਇਹ ਗਲ ਮਨਜੂਰ ਨਹੀਂ ਕਰਨੀ ਚਾਹੀਦੀ । ਚੋਧਰ ਭਾਵੇਂ ਛੱਡਣੀ ਪਵੇ । ਅਗਲੀ ਵਾਰਤਾ ਦਾ ਸਬੰਧ ਚੋਧਰੀ ਰਾ ਭੋਇ ਨਾਲ ਹੈ । (ਵੇਖੋ ਭਿਖੀ ਦੇ ਹਾਲ ਵਿੱਚ)

ਬਾਬਾ ਬੂੜਾ ਸਤਿਗੁਰੂ ਨਾਨਕ ਦਾ ਪੱਕਾ ਸਰਧਾਲੂ ਸੀ । ਜਦੋਂ ਸਤਿਗੁਰੂ ਕਰਤਾਰਪਰ ਆ ਕੇ ਠਹਿਰੇ ਤਾ ਬਾਬਾ ਬੂੜਾ ਵੀ ਉਥੇ ਸੰਗਤ ਵਿੱਚ ਸੇਵਾ ਕਰਨ ਲਗ ਪਿਆ । ਜਦੋਂ ਸਤਿਗੁਰੂ ਨਾਨਕ ਨੇ ਧਾਨਕ ਰੂਪ ਧਾਰ ਕੇ ਪੰਜਾਂ ਸਿਖਾਂ ਦਾ ਪ੍ਰਤਾਵਾ ਲਿਆ ਤਾ ਉਹਨਾਂ ਪੰਜਾਂ ਵਿੱਚ ਬਾਬਾ ਬੂੜਾ ਵੀ ਸ਼ਾਮਲ ਸੀ । ਭਾਈ ਬਾਲੇ ਵਾਲੀ ਜਨਮ ਸਾਖੀ (ਪੰਨਾ 472) ਪਰ ਬੂੜਾ ਕੜਯਾਲ ਦੀ ਥਾਵੇਂ ਭੁਲ ਕੇ ਲਿਖਾਰੀ ਨੇ ਬੂੜਾ ਕਰਾਲ ਲਿਖ ਦਿੱਤਾ ਹੈ ।

ਬਾਬੇ ਬੂੜੇ ਅਤੇ ਉਸ ਦੇ ਸਪੁੱਤਰ ਜੋਦ ਦੇ ਪ੍ਰੇਮ ਕਰਕੇ ਸ੍ਰੀ ਚੰਦ ਦਾ ਫੇਰਾ ਟੋਰਾ ਸਾਂਦਲਬਾਰ ਵਿੱਚ ਆਮ ਅਤੇ ਕੜਯਾਲ ਨਗਰ ਵਿੱਚ ਖਾਸ ਕਰਕੇ ਹੋ ਗਿਆ । ਜਿਥੇ ਬੈਠ ਕੇ ਬਾਬਾ ਸ੍ਰੀ ਚੰਦ ਤਪ ਕੀਤਾ ਕਰਦੇ ਸਨ । ਉਥੇ ਨਗਰ ਵਾਸੀਆਂ ਨੇ ਗੁਰਦਵਾਰਾ ਗੁਰੂ ਤਿਹਰਾ ਸਥਾਪਤ ਕੀਤਾ ਸੀ ।

ਬਾਬੇ ਜੈਦ ਦੇ ਘਰ ਭਾਵੇਂ ਦੋ ਸੁਆਣੀਆਂ ਸਨ, ਕਿੰਤੂ ਸੰਤਾਨ ਵੱਲੋਂ ਦੋਵੇਂ ਖਾਲੀ ਸਨ । ਬਾਬਾ ਸ੍ਰੀ ਚੰਦ ਦੀ ਕੀਤੀ ਅਰਦਾਸ ਪਿੱਛੋਂ ਬਾਬਾ ਦੇ ਘਰ ਪੰਜ ਪੁੱਤਰ 1) ਸੁੰਦਰ 2) ਬਖਤੂ 3) ਰਾਇ ਸਿੰਘ 4) ਧਰਮੂ 5) ਬਿਧੀ ਚੰਦ ਤੋਂ ਇਲਾਵਾ ਦੋ ਪੁੱਤਰ ਹੈਬਤ ਤੇ ਸਾਗਰ ਹੋਏ । ਜੋ ਨਿਸੰਤਾਨ ਚਲਾਣੇ ਕਰ ਗਏ । ਸਾਗਰ ਦੀ ਸਮ੍ਰਿਤੀ ਵਿੱਚ ਸਾਗਰਵਾਲ ਖੂਹ ਅਜੇ ਹੈ । ਇਥੇ ਸਾਗਰ ਦੇ ਜੀਵਨ ਸੰਬੰਧੀ ਜ਼ਿਕਰ ਕਰਨਾ ਅਵੱਸ਼ ਹੈ । ਸਾਗਰ ਦੀ ਜੰਜ. ਢੁੱਕ ਕੇ ਡੋਲਾ ਲੈ ਕੇ ਚੀਮੇ ਜਿ: ਗੁਜਰਾਂਵਾਲਾ (ਪੱਛਮੀ ਪੰਜਾਬ) ਤੋਂ ਪਰਤਦੀ ਹੋਈ ਰਾਤ ਵਿਸ਼ਰਾਮ ਵਾਸਤੇ ਪਿੰਡ ਮੂਸਾ ਦੁਗਲਾ ਵਿੱਚ ਠਹਿਰੀ । ਉਸੇ ਰਾਤ ਪਿੰਡ ਨੂੰ ਧਾੜਾ ਪੈ ਗਿਆ । ਪਿੰਡ ਵਾਲਿਆਂ ਨੇ ਜਾਜੀਆ ਨੂੰ ਵੀ ਮਦਦ ਵਾਸਤੇ ਆਖਿਆ । ਅੰਤ ਜਾਜੀਆਂ ਦੇ ਨਾਲ ਹੀ ਵਿਆਂਹਦੜ ਮੁੰਡਾ ਸਾਗਰ ਵੀ ਧਾੜੇ ਵਾਲਿਆਂ ਦੇ ਗਲ ਜਾ ਪਿਆ । ਸਾਗਰ ਇੱਕ ਚੰਗਾ ਗਭਰੂ ਤਲਵਾਰੀਆ ਸੀ । ਜੋ ਕਈਆਂ ਨੂੰ ਮਾਰ ਕੇ ਆਪ ਵੀ ਖੇਤ ਰਿਹਾ ।

ਅਗਲੇ ਦਿਨ ਪਿੰਡ ਦੁਗਲਾਂ ਦੀ ਪੰਚਾਇਤ ਨੇ ਵਿਚਾਰ ਕਰ ਕੇ ਸਾਗਰ ਦੀ ਵਿਧਵਾ ਦੇ ਨਾਮ ਦੋ ਖੂਹਾਂ ਦੀ ਭੋਂਇ ਕਰ ਦਿੱਤੀ । ਜਿਥੇ ਬਾਬੇ ਜੈਦਕਿਆਂ "ਸਾਗਰ ਦਾ ਚਕ" ਨਾਮ ਪਿੰਡ ਬੱਧਾ । ਕੁੱਛ ਸਮਾਂ ਪਾ ਕੇ ਤੁਰਕਾਂ ਨੇ ਇਹ ਪਿੰਡ ਬਰਬਾਦ ਕਰ ਦਿੱਤਾ । ਸੰਨ 1626—1700 ਈ: ਦੇ ਵੇਲੇ ਮਸੰਦ ਦੇ ਚਾਰ ਪੁੱਤਰਾਂ, ਬਾਬੇ ਰਾਇ ਸਿੰਘ ਦੇ ਦੋ ਪੋਤਰਿਆਂ ਅਤੇ ਬਿਧੀ ਚੰਦ ਦੇ ਦੋ ਪੋਤਰਿਆਂ, ਇਹ ਥਾਂ ਤੁਰਕਾਂ ਤੋਂ ਖੋਹ ਕੇ ਵਡੇ ਦੇ ਨਾਮ ਤੇ ਚੱਕ ਜੈਦ ਕਰਕੇ ਵਸਾਇਆ ।



—00

ਬਾਬੇ ਬੂੜੇ ਨੇ ਕੜਯਾਲ ਕਲਾਂ (ਪਛਮੀ ਪੰਜਾਬ) ਦੀ ਨੀਂਵ ਪਹਿਲੀ ਵਸਾਖੀ[1] ਸੰਨ 1550 ਈ: ਨੂੰ ਰੱਖੀ। 1526 ਈ: ਵਿੱਚ ਬਾਬਰ ਨੇ ਇਬਰਾਹੀਮ ਲੋਧੀ ਤੋਂ ਰਾਜ ਖੁਬਾ। ਉਸ ਦੇ ਦਿੱਲੀ ਦਰਬਾਰ ਵਿੱਚ ਸਾਂਦਲਬਾਰ ਦੇ ਇੱਕ ਚੌਧਰੀ ਵਜੋਂ, ਬਾਬਾ ਬੂੜਾ ਹਾਜਰ ਸੀ। ਜੋ ਬ੍ਰਾਹਮਣਾਂ ਦੇ ਗੋਤ੍ਰਾਚਾਰ ਤੋਂ ਸਪਸ਼ਟ ਹੁੰਦਾ ਹੈ, ਯਥਾ :—

ਵਿਰਕ ਦਿੱਲੀ ਪਹਿਨਾਇਆ[2] ਰਾਠ ਰਹਿ ਹੈਰਾਨ।
ਕਹਿ ਪਰੋਹਤ ਭਟਾਰਾ ਆਖ ਸੁਨਾਈ ਪਤ ਪਰਵਾਨ।

ਇਸੇ ਦੀ ਗਵਾਹੀ ਮਿਰਾਸੀਆਂ ਦੀ ਬਣਾਈ ਸਿਠ ਤੋਂ ਵੀ ਮਿਲਦੀ ਹੈ ਯਥਾ :—

ਕਰਨੀ ਸਤਿ ਹੋਵੇ ਕੜਯਾਲੋਂ ॥
ਕਰਨੀ ਜਸ ਹੋਵੇ ਕੜਯਾਲੋਂ ॥
ਭ੍ਰਾਹ ਭਲੀ ਕੜਯਾਲ ਦੀ ॥
ਸੁਰਖਰੂ ਬਾਬਰ ਦੇ ਦਰਬਾਰੋਂ ॥
ਵਿਰਕ ਹੋਵੇ ਕੜਯਾਲ ਦਾ ॥
ਰਾਜਾ ਹੋਇ ਜਮੂੰ ਦੀ ਧਾਰੋਂ ॥
ਕਰਨੀ ਸਤਿ ਹੋਵੇ ਕੜਯਾਲੋਂ ॥
ਕਰਨੀ ਜੱਸ ਹੋਵੇ ਕੜਯਾਲੋਂ ॥

(ਪੰਨਾ 293 ਤੋਂ ਚਾਲੂ)

8. ਲੀਹੋ ਨੇ ਆਪਣਾ ਪਿੰਡ ਵਖਰਾ ਆਬਾਦ ਕੀਤਾ। ਜੋ ਤੁਰਕਾਂ ਸਾੜ ਦਿਤਾ। ਉਸ ਦੀ ਅੰਸ ਵੀ ਬੁਦੀ ਕੜਯਾਲ ਵਿਚ ਸੀ।
9. ਸਾਧੋ ਨੇ ਆਪਣਾ ਨਾਮ ਤੇ ਨਗਰ ਸਾਧੋਂ ਕੇ ਵਸਾਇਆ ਜਿਸ ਦਾ ਮੌਜੂਦਾ ਨਾਮ ਕੰਨਿਆਂ ਦਾ ਕਿਲਾ ਸੀ।
10. ਇਸ ਨੇ ਆਪਣੇ ਨਾਮ ਤੇ ਰਣਧੀਰ ਨਾਮੇ ਨਗਰ ਵਸਾਇਆ।
11. ਗਗੜ ਨੇ ਆਪਣੇ ਨਾਮ ਤੇ ਪਿੰਡ ਗਗੜ] ਇਲਾਕੇ ਕਸੂਰ ਵਿਚ ਜਾ ਵਸਾਏ
12. ਸਹਾਰੀ " " " " " ਸਹਾਰੀ]
13. ਇਸ ਪ੍ਰਤਾਪੀ ਮਹਾਂਪੁਰਸ਼ ਦਾ ਜਨਮ ਸੰਨ 1500/1505 ਦੇ ਨੇੜੇ ਪ੍ਰਤੀਤ ਹੁੰਦਾ ਹੈ। ਅਰਥਾਤ ਇਹ ਗੁਰੂ ਨਾਨਕ (1469-1539) ਦੇ ਸਮਕਾਲੀ ਹੋਇਆ ਹੈ। ਪੁਰਾਤਣਾਂ ਕੋਲੋਂ ਸੁਣਿਆ ਹੈ ਕਿ ਬਾਬਾ ਬੂੜਾ ਗੁਰੂ ਨਾਨਕ ਸਾਹਿਬ ਦੀ ਸੇਵਾ ਵਿਚ ਕਰਤਾਰਪੁਰ (1530-1539) ਰਿਹਾ ਕਰਦਾ ਸੀ। ਜਿਸ ਦੀ ਸਾਖ ਭਾਈ ਗੁਰਦਾਸ ਜੀ ਯਾਰ੍ਹਵੀਂ ਵਾਰ ਪਉੜੀ ਚੌਦਾਂ ਵਿਚ ਇਉਂ ਭਰਦੇ ਹਨ।


"ਜਿਤਾ ਰੰਧਾਵਾ ਭਲਾ ਹੈ ਬੂੜਾ, ਬੁਢਾ ਇਕ ਮਨਿ ਧਿਆਵੈ ॥"


ਭਾਵ :-

ਜਿਤਾ ਰੰਧਾਵਾ (ਜਟ ਸਿਖ) ਸ਼ਰੀਫ ਹੈ ਅਤੇ ਬੂੜਾ, ਬੁਢਾ ਨਾਮੇ (ਜਟ ਸਿਖ) ਇਕ ਮਨ ਹੋ ਕੇ ਗੁਰੂ ਨੂੰ ਧਿਆਉਂਦੇ ਸਨ।


(ਵਾਰ : ਭਾਈ ਗੁਰਦਾਸ (ਖਾ: ਸਮਾਚਾਰ) ਸਟੀਕ ਪੰਨਾ 143)

1. ਵਸਾਖੀ ਕੜਿਆਲ ਕਲਾਂ ਦੇ ਵਸਨੀਕ ਵਸਾਖੀ ਦਾ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਕਰਦੇ ਸਨ। 1892 ਤੋਂ ਪਿਛੋਂ ਕੜਯਾਲ ਬਾਗਾਂ ਵਾਲਾ ਜ਼ਿਲਾ ਸ਼ੇਖੂਪੁਰਾ (ਪੱਛਮੀ ਪੰਜਾਬ) ਦੇ ਵਸਨੀਕ ਵੀ ਉਵੇਂ ਜਿਵੇਂ ਮਨਾਇਆ ਕਰਦੇ ਸਨ। ਦੇਸ਼ ਵਿਭਾਜਨ 1947 ਈ: ਉਪਰੰਤ ਪਿੰਡ ਸ਼ੇਖੂਪੁਰਾ ਜ਼ਿਲਾ ਕਰਨਾਲ ਦੇ ਵਸਨੀਕ ਆਪਣੇ ਨਗਰ ਵਿਚ ਵਿਸਾਖੀ ਦਾ ਦਿਹਾੜਾ ਬੜੇ ਚਾਹ ਅਤੇ ਉਤਸ਼ਾਹ ਨਾਲ ਮਨਾਉਂਦੇ ਹਨ।
2. ਪਹਿਨਾਇਆ, ਭਾਵ ਸਨਮਾਨਤ ਕੀਤਾ ਗਿਆ। ਕਈ ਅੰਜਾਨ ਪਰਨਾਹਿਆ ਕਹਿੰਦੇ ਹਨ। ਜੋ ਕਿਸੇ ਭਾਂਤ ਠੀਕ ਨਹੀਂ ਬੈਠਦਾ।


ਜਮੀਯਤ
ਹੀਰਾ ਸਿੰਘ
ਰਲਾ ਸਿੰਘ
ਇੰਦਰ ਸਿੰਘ
ਫੌਜਾ ਸਿੰਘ
ਫੌਜਾ ਸਿੰਘ
ਕਪੂਰ ਸਿੰਘ
ਪ੍ਰੀਤਮ ਕੌਰ
ਕੁਲਵੰਤ ਕੌਰ
ਚੈਨ ਸਿੰਘ
ਅਮੋਲਕ ਸਿੰਘ
ਜਵੰਦ ਸਿੰਘ
ਫਤਿਹ ਸਿੰਘ
ਅਤਰ ਸਿੰਘ
ਮਿਤ ਸਿੰਘ
ਲਹਿਣਾ ਸਿੰਘ
ਜਵ ਹਰ ਸਿੰਘ (ਖਟਾਕਾ)
ਹਵੇਲਾ ਸਿੰਘ
ਬਖਸ਼ੀਸ ਸਿੰਘ
ਹਰਨਾਮ ਸਿੰਘ
ਖਜਾਨਾ ਸਿੰਘ
ਦੇਵਾ ਸਿੰਘ
ਠਾਕਰ ਸਿੰਘ
ਗੁਰਬਚਨ ਸਿੰਘ
ਜੈਮਲ ਸਿੰਘ
ਕਰਤਾਰ ਕੌਰ
ਪਯਾਰ ਕੌਰ
ਜਿੰਦ ਕੌਰ
ਸੰਗਾਰਾ ਸਿੰਘ
ਖੇਮ ਸਿੰਘ
ਖੁਸ਼ਾਲ ਸਿੰਘ
ਲਾਲ ਸਿੰਘ
ਹੀਰਾ ਸਿੰਘ
ਬਹਾਦਰ ਸਿੰਘ
ਵਸਨ ਸਿੰਘ
ਟਹਿਲ ਸਿੰਘ
ਕਰਤਾਰ ਸਿੰਘ
ਹਰਬੰਸ ਕੌਰ
ਗੁਰਮੁਖ ਸਿੰਘ
ਸੇਖੂਪੁਰਾ (ਕਰਨਾਲ)
ਦਲਬੀਰ ਸਿੰਘ
ਧਰਮ ਸਿੰਘ
ਸ਼ੀਸ਼ਾ ਸਿੰਘ
ਜਰਨੈਲ ਸਿੰਘ
ਹਜਾਰਾ ਸਿੰਘ
ਤਰਲੋਕ ਸਿਘ
ਨਿਸ਼ਾਨ ਸਿੰਘ
ਨਿਧਾਨ ਸਿੰਘ
ਗੁਰਦੇਵ ਸਿੰਘ


ਬੂੜਾ
ਜੈਦ
ਮਰਾਲੀ
ਸਕੱਲੀ
ਗਖੜ
ਸੁੰਦਰ
ਬਖਤੂ
ਰਾਏ ਸਿੰਘ
ਧਰਮੂ
ਬਿਧੀ ਚੰਦ
ਟੱਲੂ
ਗੁਰਦਾਸ
ਬਲਵੰਤ
ਜਸਵੰਤ
ਸੂਰਤ
ਸੇਰ ਚੰਦ
ਭੂਮੀਅ
ਅਮਰੀਕਾ
ਰਾਮ ਸਹਾਏ
ਲਖਪਤ
ਦਯਾਲਾ
ਰੂਪ ਚੰਦ

4. " ਨਾਰਾਇਨ ਦਾਸ — " ਮਿਹਰ ਦਾਸ
5. " ਵਾਸ ਦਿਓ — " ਨਿਰਮਲ ਦਾਸ
6. " ਜੋਗ ਦਾਸ — " ਬਿਸੰਭਰ ਦਾਸ
7. " ਨਾਨਕ ਚੰਦ — " ਪ੍ਰਸ਼ੋਤਮ ਦਾਸ
8. " ਹਰੀ ਦਾਸ — " ਸੰਤ ਰੇਣ
9. " ਬਸੰਤ ਦਾਸ — " ਬਦਰੀ ਦਾਸ



ਇਉਂ ਪ੍ਰਤੀਤ ਹੁੰਦਾ ਹੈ ਕਿ ਸਿਖ ਰਾਜ ਦੇ ਸਮੇਂ ਤੋਂ ਇਹਨਾਂ ਦੋਹਾਂ ਸੰਸਥਾਵਾਂ ਦੇ ਮਹੰਤ ਗ੍ਰਹਸਤੀ ਹੋ ਗਏ ਜੋ ਇਸ ਤੋਂ ਪਹਿਲਾਂ ਵਿਰੱਕਤ ਹੀ ਰਹਿੰਦੇ ਸਨ। ਉਦਾਸੀਨ ਮਹਾਤਮਾ ਅਕਸਰ ਉਤਮ ਵੈਦ ਹੋਇਆ ਕਰਦੇ ਸਨ। ਮੈਂ ਕਿਸ਼ੋਰ ਅਵਸਥਾ ਵਿਚ ਬਾਬਾ ਗੁਲਾਬ ਦਾਸ ਜੀ ਦੇ ਦਰਸ਼ਨ ਕੀਤੇ ਸਨ। (ਗਿਆਨੀ ਜੀ)

ਬਾਬਾ ਨਖ਼ੀ ਜੀ

ਵਿਰੱਕਤ ਉਦਾਸੀ ਸਾਧਾ ਦਾ ਡੇਰਾ ਕੜਯਾਲ ਹੋਣ ਕਰਕੇ, ਕਈ ਉਦਾਸੀਨ ਮਹਾਨੁਭਾਵ ਸਮੇਂ ਸਮੇਂ ਸਿਰ ਆ ਜਾਂਦੇ, ਚਲੇ ਜਾਂਦੇ। ਜਿਸ ਨਾਲ ਸਤਿਗੁਰ ਨਾਨਕ ਮਹਿਮਾ ਅਤੇ ਨਾਮ ਬਾਣੀ ਦੇ ਪ੍ਰਚਾਰ ਦਾ ਪ੍ਰਵਾਹ ਸਦੀਵ ਚਲਿਆ ਰਹਿੰਦਾ। ਜਿਸ ਕਰਕੇ ਡੇਰੇਦਾਰ ਸਾਧੂ ਵੀ ਵਿਰੱਕਤ ਹੀ ਰਹਿੰਦੇ, ਕਿਉਂਕਿ ਪੁਰਾਤਨ ਉਦਾਸੀ ਸਾਧੂ ਗ੍ਰਹਿਸਥੀ ਦੇ ਘਰ ਕਦੇ ਨਿਵਾਸ ਨਹੀਂ ਕਰਿਆ ਕਰਦੇ ਸੀ।

ਡੇਰੇਦਾਰਾਂ ਵਿਚ ਗ੍ਰਹਿਸਤ ਅੰਦਰ ਪ੍ਰਵਿਰਤੀ ਦਾ ਰਿਵਾਜ ਸਿਖ ਰਾਜ ਦੇ ਅਖੀਰਲਿਆਂ ਸਾਲਾਂ ਵਿਚ ਪਿਆ ਪ੍ਰਤੀਤ ਹੁੰਦਾ ਹੈ। ਉਚ ਕੋਟੀ ਦੇ ਸਾਧ ਅਤੇ ਸਿਆਣੇ ਵੈਦ ਬਾਬਾ ਨਖ਼ੀ ਜੀ ਵੀ ਉਦਾਸੀਨ ਸੰਪਰਦਾਇ ਦੇ ਗਗਨ ਦੇ ਇਕ ਜਗਮਗਾਂਦੇ ਸਤਾਰੇ ਹੋ ਗੁਜ਼ਰੇ ਹਨ। ਆਪ ਜੀ ਕੜਯਾਲ ਆਉਂਦੇ ਤਾਂ ਸੁੰਦਰ ਕੀ ਪਤੀ ਗੁਰਦਾਸ ਵੰਸਜ ਬਾਬੇ ਲਹਿਣਾ ਸਿੰਘ ਦਾ ਪੁੱਤਰ ਬਾਬਾ ਹਰਨਾਮ ਸਿੰਘ, ਬਾਬਾ ਨਖ਼ੀ ਜੀ ਦੀ ਸੇਵਾ ਸੰਭਾਲ ਵਿਚ ਤੱਤਪਰ ਹੋ ਜਾਂਦੇ। ਮਹਾਂਪੁਰਸ਼ ਦਯਾ ਦੇ ਸਮੁੰਦਰ ਬਾਬਾ ਨਖ਼ੀ ਜੀ ਨੇ ਆਪ ਜੀ ਨੂੰ ਗੁਰਮੁਖੀ ਅਖਰ ਬੋਧ ਕਰਾਕੇ ਧਰਮ ਵਿਦਯਾ ਵਿਚ ਪ੍ਰਬੀਨ ਅਤੇ ਵੈਦਗੀ ਵਿਚ ਸਿਧ-ਹਸਤ ਕਰ ਦਿੱਤਾ।

1892 ਦੀ ਨਵੀਂ ਆਬਾਦੀ ਵੇਲੇ ਤੋਂ ਬਾਬਾ ਨਖ਼ੀ ਜੀ ਨਵੀਂ ਆਬਾਦੀ ਵਾਲੇ ਨਗਰ ਕੜਯਾਲ ਬਾਗਾਂ ਵਾਲੇ (ਜ਼ਿ: ਸੇਖੂਪੁਰਾ) ਵੀ ਆਇਆ ਕਰਦੇ ਕਿੰਤੂ ਨਿਵਾਸ ਪਿੰਡੋਂ ਚੜ੍ਹਦੇ ਪਾਸੇ ਛਪੜ ਦੇ ਪਾਰਲੇ ਕੰਢੇ (ਜਿਥੇ ਪਿਛੋਂ ਕੁਟਯਾ ਬਣਾਈ ਗਈ) ਝਰਾਂਦ ਵਿੱਚ ਹੀ ਕੀਤਾ ਕਰਦੇ। ਆਪ ਜੀ ਦਾ ਬੋਲ ਬੜਾ ਗੰਭੀਰ ਸੀ—ਬਾਬੇ ਹਰਨਾਮ ਸਿੰਘ ਜੀ ਨੂੰ ਉਥੋਂ ਹੀ ਆਵਾਜ਼ ਮਾਰਿਆ ਕਰਦੇ।

ਇਕ ਸਮੇਂ ਜਦ ਆਪ ਆਏ ਤਾਂ ਸੰਧਿਆ ਸਮੇਂ ਭਜਨ ਕਰਦਿਆਂ ਨੂੰ ਹਲਕਾਈ ਗਿਦੜੀ ਨੇ ਵੱਢ ਖਾਧਾ। ਭਜਨ ਤੋਂ ਉੱਠਕੇ ਵਾਜ ਮਾਰੀ "ਓਇ ਹਰਨਾਮਿਆ, ਸੁਹਾਗੇ ਵਾਲੇ ਨਾਹਣ (ਮੋਟਾ ਲੰਮਾ ਰਸਾ) ਭੱਜ ਕੇ ਲਿਆ। ਮੈਨੂੰ ਹਲਕੀ ਗਿਦੜੀ ਵੱਢ ਗਈ ਹੈ।" ਬਾਬੇ ਹਰਨਾਮ ਸਿੰਘ ਸਮੇਤ ਜਿਸ-ਜਿਸ ਸੁਣਿਆ ਡੇਰੇ ਵੱਲ ਭੱਜ ਵੱਗਾ। ਜਾਂਦਿਆਂ ਨੂੰ ਬਾਬਾ ਜੀ ਨੇ ਫੁਰਮਾਇਆ :—

ਇਹ ਮੇਰਾ ਕਾਲ ਆਇਆ ਸੀ—"ਤੁਸੀਂ ਮੈਨੂੰ ਝਬਦੇ ਇਸ ਵਣ (ਪੀਲੂੰ ਦੇ ਰੁੱਖ) ਨਾਲ ਬੰਨ੍ਹ ਕੇ ਪਿੱਛਾਂ ਹਟ ਜਾਵੋ" ਬਾਬਾ ਹਰਨਾਮ ਸਿੰਘ ਜੀ ਨੇ ਬੇਨਤੀ ਕੀਤੀ :—

"ਕੋਈ ਚਾਰਾ ਹੋਰ ਵੀ ਦਸੋ, ਭਲਾ ਜੇ ਤੁਸੀਂ ਬਚ ਸਕੋ ਤਾਂ"।

— ਖਜਾਦੋਂ ਦਾ ਪਿੰਡ—ਮੀਰਾਂਪੁਰ ਨਾਮ, ਕੜਯਾਲ ਦੀਆਂ ਸਮਾਧਾਂ ਤੋਂ ਚੜ੍ਹਦੇ ਪਾਸੇ, ਛੋਟੀ ਨਹਿਰੋਂ ਪਾਰ ਮੁਦਾਰ ਵੱਲ ਸੀ। ਮੀਰਾਂ ਪੁਰੀਆਂ ਦਾ ਤੇ ਕੜਯਾਲਯਾਂ ਦਾ ਝਗੜਾ ਡੰਗਰਾਂ ਤੋਂ ਹੀ ਪਿਆ—ਕੜਯਾਲਜੇ ਜੁੜ ਕੇ ਪਏ ਤੇ ਸਾਰਾ ਮੀਰਾਂ ਪੁਰ ਕਤਲ ਕਰ ਦਿੱਤਾ—ਸਿਰਫ ਇਕ ਗਰਭਵਤੀ, ਜੋ ਪੇਕੇ ਗਈ ਹੋਈ ਸੀ ਬਚ ਗਈ। ਉਸਦੇ ਘਰ ਸਮਾਂ ਪਾ ਕੇ ਬਾਲਕ ਨੇ ਜਨਮ ਲਿਆ ਤਾਂ ਉਹ ਕੜਯਾਲ ਦੀ ਸ਼ਰਨ ਵਿਚ ਆ ਗਈ। ਕੜਯਾਲ ਨੇ ਉਸਨੂੰ ਇਕ ਘੁਮਾਂ ਥਾਂ ਪਿੰਡ ਵਿਚ ਵੱਸਣ ਲਈ ਦਿੱਤੀ ਤੇ ਉਥੋਂ "ਮਾਲ੍ਹੇ ਕੀ"

— ਪੱਤੀ ਕੜਯਾਲ ਵਿਚ ਚਲੀ।

— ਬਾਬੇ ਮੌਜ ਦੀ ਅੰਸ ਪਿੰਡ ਮਸੰਦੇ ਵਿਚ ਸੀ

— ਬਾਬੇ ਜਾਮ ਦੀ ਅੰਸ ਪਿੰਡ ਤ੍ਰਿਯਹੁਣ ਵਿਚ ਸੀ।

— ਬਾਬੇ ਮਾਣਕ ਦੀ ਅੰਸ ਪਿੰਡ ਠੱਟਾ ਮਾਣਕ ਵਿਚ ਸੀ

— ਬਾਬੇ ਅਲੀ ਸ਼ੇਰ ਦੀ ਅੰਸ ਪਿੰਡ ਛੰਨੀਆ ਨਾਮ ਵਿਚ ਸੀ।

— ਜੈਦ ਇਸ ਦੇ ਘਰ ਦੋ ਟਬਰ ਸਨ। ਇਕ ਮਾਈ ਆਦਮ ਕਿਆਂ ਦੀ ਚੀਮੀ ਅਤੇ ਦੂਜੀ ਮਾਈ ਪਖੋਂ ਕਿਆਂ ਰੰਧਾਵਿਆ ਦੀ ਰੰਧਾਵੀ। ਸ੍ਰੀ ਗੁਰੂ ਨਾਨਕ ਸਾਹਿਬ ਦੇ ਸਹੁਰੇ (ਬਾਬਾ ਸ੍ਰੀ ਚੰਦ ਜੀ ਦੇ ਨਾਨਕੇ) ਵੀ ਪਖੋਂ ਕੇ ਰੰਧਾਵਿਆਂ ਵਿਚ ਸਨ। ਇਸੇ ਕਰਕੇ ਬਾਬੇ ਜੈਦ ਦੀ ਸੰਗਤ ਬਾਬਾ ਸ੍ਰੀ ਚੰਦ ਜੀ ਨਾਲ ਹੁੰਦੀ ਰਹੀ—(ਇਸ ਤੋਂ ਪਹਿਲਾਂ ਬਾਬੇ ਬੂੜੇ ਦੀ ਸੰਗਤ ਸਤਿਗੁਰੂ ਨਾਨਕ ਸਾਹਿਬ ਨਾਲ ਸੀ) ਬਾਬੇ ਜੈਦ ਨੂੰ ਕੁਛ ਤਾਂ ਨਾਮ ਬਾਣੀ ਦੀ ਰੰਗਣ ਪਿਤਾ ਕੋਲੋਂ ਪ੍ਰਾਪਤ ਹੋਈ ਤੇ ਉਤੋਂ ਬਾਬੇ ਸ੍ਰੀ ਚੰਦ ਦੀ ਸੰਗਤ ਨੇ ਹੋਰ ਪਾਹੁਲ ਲਾ ਦਿੱਤੀ" ਬਾਬਾ ਜੈਦ ਬੜਾ ਕਰਨੀ ਵਾਲਾ ਮਹਾਂਪੁਰਖ ਹੋ ਨਿਤਰਿਆ ਜਿਸ ਕਰਕੇ ਪੁਰਾਤਨ ਲੋਕ ਇਸਨੂੰ "ਜੈਦ ਪੀਰ" ਕਹਿ ਕੇ ਸਤਿਕਾਰਦੇ ਅਤੇ ਸਨਮਾਨਦੇ ਸਨ।

ਸ੍ਰੀ ਚੰਦ ਜੀ ਦੀ ਇਕ ਵਚਿਤ੍ਰ ਕਥਾ ਪਿੰਡ ਕੜਯਾਲ ਸੰਬਧੀ ਸੁਣੀ ਜਾਂਦੀ ਸੀ ਕਿ ਇਕ ਸਮੇਂ ਬਾਬਾ ਸ੍ਰੀ ਚੰਦ ਜੀ ਆਏ ਤਾਂ ਬਾਹਰ ਇਕ ਜਨਮਾਂਧ ਮੋਚੀ ਨੂੰ ਆਖਿਆ ਭਾਈ ਪਿੰਡੋਂ ਜੈਦ ਜਾਂ ਪਾਖਰ ਨੂੰ ਸਦ ਲਿਆ—ਉਸ ਆਖਿਆ ਜੀ ਮੈਂ ਤਾਂ ਅੰਨਾ ਹਾਂ ਮੈਥੋਂ ਛੇਤੀ ਟੁਰਿਆ ਨਹੀਂ ਜਾਣਾ—ਬਾਬਾ ਜੀ ਨੇ ਆਖਿਆ ਭਾਈ ਤੂੰ ਪਿੰਡ ਵਲ ਟੁਰ ਤਾਂ ਸਹੀ। ਜਾਂ ਉਸ ਨੇ ਪਿੰਡ ਵਲ ਮੂੰਹ ਕੀਤਾ ਤਾਂ ਨੇਤ੍ਰਾਂ ਵਿਚ ਨੂਰ ਆ ਗਿਆ ਤੇ ਉਹ ਵਾਹੋ ਦਾਹੀਂ ਪਿੰਡ ਵਲ ਭਜਣ ਲੱਗਾ—ਜੈਦ ਤੇ ਪਾਖਰ ਨੇ ਤਾਂ ਸੇਵਾ ਵਿਚ ਹਾਜ਼ਰ ਹੋਣਾ ਹੀ ਸੀ ਉਸ ਮੋਚੀ ਦਾ ਸਾਰਾ ਪ੍ਰਵਾਰ ਬਾਬਾ ਜੀ ਦੀ ਪੈਰੀਂ ਪੈ ਗਏ ਤੇ ਬਾਬਾ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤੀ।


ਇਥੇ ਕਯੜਾਲ ਵਿਚ ਬਾਬਾ ਸ੍ਰੀ ਚੰਦ ਜੀ ਅਕਸਰ ਲਗਾਤਾਰ ਛੇ ਛੇ ਮਹੀਨੇ ਠਹਿਰ ਕੇ ਤਪ ਕੀਤਾ ਕਰਦੇ। ਆਪ ਜੀ ਦਾ ਤਪੁ ਸਥਾਨ ਬਾਬੇ ਬਿੰਦਰਾਬਨ ਨੇ ਬਣਵਾਇਆ। ਉਥੇ ਇਸ਼ਨਾਨ ਵਾਸਤੇ ਸਰੋਵਰ ਬਣਵਾਇਆ—ਇਥੇ ਹਰ ਸਾਲ ਵਸਾਖੀ ਦਾ ਮੇਲਾ ਲਗਿਆ ਕਰਦਾ ਤੇ ਵਸਾਖੀ ਤੋਂ ਪਹਿਲਾਂ ਵਾਰੀ ਵਾਰੀ ਖੂਹ ਚਲਾ ਕੇ ਨਗਰ ਨਿਵਾਸੀ ਤਾਲਾਬ ਵਿਚ ਪਾਣੀ ਭਰਿਆ ਕਰਦੇ ਸਨ।

ਬਾਬੇ ਗੰਡਾ ਸਿੰਘ (ਮਰਾਲੀਕਾ) ਦੇ ਪੁਤ੍ਰ ਜਵਾਹਰ ਸਿੰਘ ਦੇ ਘਰੋਂ ਮਾਈ ਸੰਧਵ ਨੇ ਹਥ ਲਿਖਤ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਆਂਦੀ। ਜਿਸ ਦਾ ਪ੍ਰਕਾਸ਼ ਬਾਬੇ ਸ੍ਰੀ ਚੰਦ ਦੇ ਦਸਵੇਂ ਗੱਦੀ ਨਸ਼ੀਨ ਬਾਬਾ ਸੰਤ ਰੇਨ ਜੀ (ਅਨੁਮਾਨ ਕਾਲ 1810-40) ਦੇ ਸਮੇਂ ਪਹਿਲੀ ਵਾਰੀ ਕੀਤਾ ਗਿਆ।

ਇਥੇ, ਬਾਬਾ ਸ੍ਰੀ ਚੰਦ ਜੀ ਤੋਂ ਪਿਛੋਂ ਲੜੀਵਾਰ ਉਦਾਸੀਨ ਸੰਪ੍ਰਦਾਏ ਦੇ ਚੰਗੇ ਕਰਨੀ ਵਾਲੇ ਮਹਾਂਪੁਰਸ਼ ਸੇਵਾ ਟਹਿਲ ਵਾਸਤੇ ਆਉਂਦੇ ਰਹੇ।

ਪਿੰਡ ਕੜਯਾਲ ਦੇ ਧੁਰ ਮਧ ਵਿਚ ਬੈਰਾਗੀਆਂ ਦਾ ਡੇਰਾ ਸੀ ਜੋ ਆਮ ਕਰਕੇ ਮਹੰਤਾਂ ਦੀਆਂ ਬੜੀਆਂ ਕਰਕੇ ਪ੍ਰਸਿੱਧ ਸੀ। ਪੂਰਬੋਕਤ ਦੁਹਾਂ ਥਾਵਾਂ ਦੇ ਸਮੇਂ ਸਮੇਂ ਸਿਰ ਹੋਣ ਵਾਲੇ ਮਹੰਤਾਂ ਦੇ ਕਰਮਵਾਰ ਨਾਮ ਇਸ ਤਰ੍ਹਾਂ ਹਨ :—

ਗੁਰੂ ਡਿਹਰਾ ਉਦਾਸੀਨ ਸੰਪ੍ਰਦਾਇ ਦੇ ਮਹੰਤ	ਠਾਕਰ ਦਵਾਰਾ ਬੈਰਾਗੀ ਸੰਪ੍ਰਦਾਇ ਦੇ ਮਹੰਤ
1. ਬਾਬਾ ਹਰੀ ਚੰਦ	ਬਾਵਾ ਕਲਯਾਨ ਦਾਸ
2. " ਮਿਹਰ ਚੰਦ	" ਗਯਾਨ ਦਾਸ
3. " ਭਗਤ ਭਗਵਾਨ	" ਸੰਪੂਰਨ ਦਾਸ


ਭੂਮੀਆ
ਹਰਜਸ (ਮਾਰਜਸ)
ਗੁਰਬਖਸ
ਲਾਲ ਸਿੰਘ
ਹਕੂਮਤ
ਸਰਬਾ ਸਿੰਘ
ਫਤਿਹ ਸਿੰਘ
ਟਹਿਲ ਸਿੰਘ
ਅਛਰਾ ਸਿੰਘ
ਰਤਨ ਸਿੰਘ
ਵਜ਼ੀਰ ਸਿੰਘ
ਨਿਧਾਨ ਸਿੰਘ
ਸੋਂਹਦਾ ਸਿੰਘ
ਦਾਸ਼ਨ ਸਿੰਘ
ਅਤਰ ਸਿੰਘ
ਜਵਾਹਰ ਸਿੰਘ
ਖੁਸ਼ਾਲ ਸਿੰਘ
ਸ਼ਰਮ ਸਿੰਘ
ਨਿਹਾਲ ਸਿੰਘ
ਗਿਆਨ ਸਿੰਘ
ਮਿਤ ਸਿੰਘ
ਫੌਜਦਾਰ ਸਿੰਘ
ਕੇਸਰ ਸਿੰਘ
ਮੰਗਲ ਸਿੰਘ
ਸੁਦਾਗਰ ਸਿੰਘ
ਬਹਾਦਰ ਸਿੰਘ
ਜਹ ਨ ਸਿੰਘ
ਮਤਜਦਾ ਸਿੰਘ
ਜੀਵਨ ਸਿੰਘ
ਮੁਹਕਮ ਸਿੰਘ
ਵੀਰ ਸਿੰਘ
ਦੀਸਰ ਸਿੰਘ
ਬਹਾਦਰ ਸਿੰਘ
ਗੁਲਾਬ ਸਿੰਘ
ਅਰੂੜ
ਮੂਲਾ ਸਿੰਘ
ਦੂਲਾ ਸਿੰਘ
ਕਰਤਾਰਸਿੰਘ
ਸੁਹਣ
ਸੁਲਖਣ ਸਿੰਘ
ਮੱਖਣ ਸਿੰਘ
ਕੇਸਰ ਸਿੰਘ
ਸੂਰਤ ਸਿੰਘ
ਸੁਧਾਨ ਸਿੰਘ
ਆਲਾ ਸਿੰਘ
ਅਨੋਖ ਸਿੰਘ
ਬਾਗਾ ਸਿੰਘ
ਦੀਸਰ ਸਿੰਘ
ਉਜਾਗਰ ਸਿੰਘ
ਗੁਰਬਚਨ ਸਿੰਘ
ਕੇਸਰ ਸਿੰਘ
ਅਨੋਖ ਸਿੰਘ
ਹੁਕਮ ਸਿੰਘ
ਕਿਸ਼ਨ ਸਿੰਘ
ਵਰਯ ਮ ਸਿੰਘ
ਖਜਾਨ ਸਿੰਘ
ਸੁਚਾ ਸਿੰਘ
ਦਲੀਪ ਸਿੰਘ
ਕਰਤਾਰ ਸਿੰਘ
ਸੰਗਾਰ ਸਿੰਘ
ਸੇਰ ਸਿੰਘ
ਸਤਾ ਸਿੰਘ
ਦੇਵਾ ਸਿੰਘ
ਝੰਡਾ ਸਿੰਘ
ਬਰਦਯਾਲ ਸਿੰਘ
ਹਰਭਜਨ ਸਿੰਘ
ਰਣਜੀਤ ਸਿੰਘ
ਦਰਸ਼ਨ ਸਿੰਘ
ਬਲਕਾਰ ਸਿੰਘ
ਭਗਤਸਿੰਘ
ਨਰੈਣ ਸਿੰਘ
ਜਵੰਦ ਸਿੰਘ
ਜਗੀਰ ਸਿੰਘ
ਸਵਰਨ ਸਿੰਘ
ਦਲਜੀਤ ਸਿੰਘ
ਨਿਹਾਲ ਸਿੰਘ
ਨਾਨਕ ਸਿੰਘ
ਗੁਰਦਿਤ ਸਿੰਘ
ਅਮਰ ਸਿੰਘ
ਕਿਹਰ ਸਿੰਘ
ਗੁਰਚਰਨ ਸਿੰਘ
ਲਧਾ ਸਿੰਘ
ਜਿੰਦਾ ਸਿੰਘ
ਲਾਭ ਸਿੰਘ
ਬਾਲ ਸਿੰਘ
ਭਗਤ ਸਿੰਘ
ਜਗਤ ਸਿੰਘ
(ਡਾਚਰ)
ਨਸ਼ਾਬਰ ਸਿੰਘ
ਰਤਨ ਸਿੰਘ
ਦਰਸ਼ਨ ਸਿੰਘ
ਸੁੱਖਾ ਸਿੰਘ
ਬੱਘਾ ਸਿੰਘ

ਬਾਬਾ ਨਖੀ "ਨਹੀਂ ! ਇਲਾਜ ਤਾਂ ਬੜੇ ਹਨ। ਪਰ ਕਰਨੇ ਵਿਅਰਥ ਹਨ। ਇਹ ਮੇਰਾ ਅੰਤ ਸਮਾਂ ਹੈ। ਤੁਸੀਂ ਮੈਨੂੰ ਤਗੜਾ ਕਰਕੇ ਦਿਓ ਤੇ ਮੇਰੇ ਸਿਰ ਤੇ ਕਪੜਾ ਪਾ ਦਿਓ।

ਨਗਰ ਵਾਸੀਆਂ ਨੇ ਹੁਕਮ ਦੀ ਪਾਲਣਾ ਸਤਿਕਾਰ ਨਾਲ ਕੀਤੀ। ਕਹਿੰਦੇ ਨੇ ਜਦੋਂ ਬਾਬਾ ਜੀ ਨੂੰ ਹਲਕ ਕੁੰਦਿਆ ਤਾਂ ਉਹਨਾਂ ਦੇ ਲਗਾਣ ਤੋਂ ਇਹ ਡਰ ਪੈਦਾ ਹੋ ਗਿਆ ਕਿ ਕਿਧਰੇ ਏਡਾ ਮੋਟਾ ਤੇ ਮਜ਼ਬੂਤ ਰੱਸਾ ਟੁੱਟ ਨਾ ਜਾਵੇ ਕਿਉਂਕਿ ਆਪ ਜੀ ਇਕ ਭੀਮ ਕਾਯਾ ਜਪੀ ਤਪੀ ਸਾਧੂ ਸਨ।

ਆਖਰ ਬਾਬਾ ਜੀ ਜਦੋਂ ਹਿਲਣੋਂ ਰਹਿ ਗਏ। ਧੌਣ ਡਿਗ ਪਈ ਤਾਂ ਰਸਾ ਖੋਹਲ ਇਸ਼ਨਾਨ ਕਰਵਾ ਸੰਸਕਾਰ ਕਰ ਦਿੱਤਾ। ਜਿਥੇ ਆਪ ਜੀ ਨੇ ਨਿਵਾਸ ਕੀਤਾ ਸੀ ਉਥੇ ਨਗਰ ਨਿਵਾਸੀਆਂ ਨੇ ਆਪ ਜੀ ਦੀ ਪਿਆਰੀ ਯਾਦ ਵਿੱਚ ਕੁਟੀਯਾ ਬਣਾਈ ਜਿਥੇ ਆਇਆ ਗਿਆ ਵਿਰੱਕਤ ਸਾਧੂ ਠਹਿਰਦਾ ਅਤੇ ਸਾਲ ਦੇ ਸਾਲ ਵਸਾਖੀ ਦਾ ਮੇਲਾ ਲੱਗਿਆ ਕਰਦਾ। (ਗਿਆਨੀ ਜੀ)

ਸਾਂਈ ਕੋਡੇ ਸ਼ਾਹ

ਇਹਨਾਂ ਦੇ ਉਪਰੋਕਤ ਸੰਸਥਾਵਾਂ ਤੋਂ ਅਤਿਰਿਕਤ ਪਿੰਡ ਵਿਚ ਹਰ ਇਕ ਪੱਤੀ ਦਾ ਗੁਰਦਵਾਰਾ ਸੀ" ਮੁਸਲਮਾਨਾਂ ਵਾਸਤੇ ਇਕ ਬੜੀ ਵੱਡੀ ਮਸਜਿਦ ਪਿੰਡ ਦੇ ਦੱਖਣ ਪਾਸ ਸੀ। ਆਏ ਗਏ ਮੁਸਲਮਾਨ ਰਾਹੀ ਪਾਧੀ ਲਈ ਪਿੰਡ ਵਿਚ ਇਕ "ਤਕੀਆ/ਦਾਰਾ" ਸੀ। ਪਿੰਡੋਂ ਬਾਹਰ, ਜੰਦ ਕੀ ਪਤੀ ਦੇ ਚੜ੍ਹਦੇ ਪਾਸੇ ਵਡੀ ਢਾਬ ਦੇ ਕਿਨਾਰੇ ਤੇ ਥੋੜ੍ਹਾ ਹਟਵਾਂ ਫਕੀਰਾ ਦਾ ਘਰ ਸੀ। ਉਸਦੇ ਸਾਹਮਣੇ ਦੱਖਣ ਵੱਲ ਪਟਵਾਰਖਾਨਾ ਤੇ ਉਸਦੇ ਚੜ੍ਹਦੇ ਪਾਸੇ ਮੇਰੇ ਪ੍ਰਵਾਰ ਦੇ ਪਸ਼ੂਆਂ ਦਾ ਵਲਗਣ (ਹਵੇਲੀ) ਸੀ।

ਮੈਂ ਕਿਸ਼ੋਰ ਅਵਸਥਾ ਦੇ ਕੁਛ ਸਾਲ ਉਥੇ ਆਪਣੇ ਪਿਤਾਮਾ ਭਾਈ ਗੁਰਦਿਤ ਸਿੰਘ ਜੀ ਦੀ ਗੋਦ ਵਿਚ ਖੇਲ ਕੇ ਗੁਜ਼ਾਰੇ ਸਨ। ਪਸ਼ੂਆਂ ਵਾਲੇ ਵਲਗਣ ਦੇ ਸਾਹਮਣੇ ਫਕੀਰਾ ਦੇ ਘਰ ਦੀ ਚੜ੍ਹਦੇ ਪਾਸੇ ਦੀ ਕੰਧੋਂ ਬਾਹਰ ਤੇ ਢਾਬ ਦੇ ਕੰਢੇ ਤੇ ਕੁਛ ਹਟਵੀਂ ਇੱਕ ਕਬਰ ਸੀ ਜਿਸਦਾ ਸਤਿਕਾਰ ਹਰ ਕੋਈ ਕਰਦਾ ਸੀ।

ਉਤਸੁਕਤਾਵਸ ਇਕ ਦਿਨ ਮੈਂ ਆਪਣੇ ਪੂਜਯੋਗ ਪਿਤਾਮਾ ਨੂੰ ਪੁਛਿਆ "ਬਾਪੂ ਆਹ ਕੀਹ ਹੈ ?"

ਬਾਪੂ—"ਪੁਤ੍ਰ ਇਹ ਸਾਈਂ ਕੋਡੇ ਸ਼ਾਹ ਦੀ ਕਬਰ ਹੈ"

ਮੈਂ—ਉਹ ਕੌਣ ਸੀ ?

ਬਾਪੂ—ਪੁਤ੍ਰ ਉਹ ਬੜਾ ਮਹਾਂ ਪੁਰਸ਼ ਸੀ—ਬੰਦਗੀ ਕਰਦਾ ਸੀ। ਸਾਰਿਆਂ ਲੋਕਾਂ ਨੂੰ ਪਿਆਰ ਕਰਦਾ ਸੀ। ਮੈਂ ਉਸਨੂੰ ਅੱਖੀਂ ਵੇਖਿਆ ਹੈ।

ਮੈਂ—ਬਾਪੂ ਉਹਦੀ ਕੋਈ ਗੱਲ ਬਾਤ ਸੁਣਾ।

ਬਾਪੂ—ਬਾਤਾਂ ਤਾਂ ਬਹੁਤ ਹਨ "ਲੈ ਸੁਣ, ਸੌਂ ਨਾ ਜਾਵੀਂ"


ਸਾਈਂ ਕੋਡੇ ਸ਼ਾਹ ਅਠੀਂ ਪਹਿਰੀਂ ਰੋਟੀ ਖਾਦਾ ਹੁੰਦਾ ਸੀ। ਸਵੇਰੇ ਇਕ ਘਰ ਮੰਗਦਾ ਜਿਤਨਾ ਆਟਾ ਜਾਂ ਰੋਟੀ ਉਸ ਘਰੋਂ ਮਿਲਦੀ ਬਸ ਉਹੀ ਖਾਂਦਾ, ਦੂਜੇ ਘਰ ਉਸ ਦਿਨ ਨਹੀਂ ਅਗਲੇ ਦਿਨ ਮੰਗਣ ਜਾਂਦਾ ਤੇ ਸਦਾਅ ਸਿਰਫ਼ ਇਹੋ ਕਰਦਾ "ਦੁਆ ਫਕੀਰਾਂ ਰਹਿਮ ਅੱਲਾ" ਪਿੰਡ ਵਾਲਿਆਂ ਨੂੰ ਚੂੰਕਿ ਪਤਾ ਸੀ ਇਸ ਲਈ ਘਰ ਵਾਲੇ ਉਸਨੂੰ ਰਜਵਾਂ ਆਟਾ ਜਾਂ ਖਾਣਾ ਦਿਆ ਕਰਦੇ।

ਭਗਤੀ ਉਹ ਚਲਦਾ ਫਿਰਦਾ ਜਾਂ ਆਪਣੇ ਡੇਰੇ ਬੈਠਾ ਕਰਦਾ ਹੁੰਦਾ ਸੀ। ਦੂਜੇ ਮੁਸਲਮਾਨਾਂ ਵਾਂਗੂ ਉਹ ਸ਼ਰ੍ਹਾ ਸ਼ਰੀਯਤ ਅੱਤੇ ਨਮਾਜ਼ ਰੋਜ਼ਿਆਂ ਦਾ ਪਾਬੰਦ ਨਹੀਂ ਸੀ—ਇਕ ਦਿਨ ਈਦ ਸੀ ਤੇ ਕੁਛ ਮੁਸਲਮਾਨ ਉਸਨੂੰ ਗਲੀਂ ਗਲੀਂ ਮਸੀਤੇ ਲੈ ਗਏ ਤੇ ਉਸਨੂੰ ਨਮਾਜ਼ ਪੜ੍ਹਨ ਲਈ ਪ੍ਰੇਰਨ ਲਗੇ। ਕੁਝ ਚਿਰ ਮਗਰੋਂ ਮਸੀਤ ਦੇ ਇਮਾਮ ਨੇ ਖਿਝ ਕੇ ਆਖਿਆ "ਉਇ ਛਡੋ ਪਰ੍ਹਾਂ ਇਸ ਸੂਰ ਕਿਥੇ ਨਮਾਜ਼ ਪੜ੍ਹਨੀ ਏ।" "ਹਾਂ ਮੌਲਾ ਅਜ ਇਥੇ ਸੂਰ ਈ ਨਿਮਾਜ਼ ਪੜੇਗਾ" ਇਹੋ ਵਾਕ ਦੁਹਰਾਂਦਾ ਹੋਇਆ ਸਾਈਂ ਕੋਡੇ ਸ਼ਾਹ ਆਪਣੇ ਮਕਾਮ (ਡੇਰੇ) ਨੂੰ ਟੁਰ ਗਿਆ ਤੇ ਨਮਾਜ਼ੀ ਵੁਜ਼ੂ ਕਰਨ ਲਗ ਪਏ। ਤੇ ਕੀਹ ਵੇਖਦੇ ਹਨ ਕਿਹ ਬਾਹਰੋਂ ਇੱਕ ਬੂਰਾ ਜੰਗਲੀ ਸੂਰ ਭਜ ਕੇ ਮਸੀਤੇ ਆ ਵੜਿਆ। ਨਮਾਜ਼ੀ ਭੱਜ ਕੇ ਬਾਹਰ ਨਿਕਲ ਗਏ ਤੇ ਉਹ ਬੂਰਾ ਸੂਰ ਵਾਹੜੀਆਂ ਲੋਟੇ ਭੰਨ, ਮਸੀਤ ਵਿਚ ਹੱਗ ਮੂਤ੍ਰ ਕੇ, ਜਿਧਰੋਂ ਆਇਆ ਸੀ ਉਧਰੇ ਫਿਰ ਭੱਜ ਗਿਆ—ਉਸ ਦਿਨ ਈਦ ਦੀ ਨਮਾਜ਼ ਮੁਸਲਮਾਨਾਂ ਨੇ ਕਿਸੇ ਹੋਰ ਥਾਂ ਜਾ ਪੜ੍ਹੀ—


ਉਸ ਦਿਨ ਤੋਂ ਪਿਛੋਂ ਸਾਈਂ ਕੋਡੇ ਸ਼ਾਹ ਦਾ ਸਾਇਆ ਲੋਕਾਂ ਦੇ ਦਿਲਾਂ ਤੇ ਬੈਠ ਗਿਆ—ਸਭ ਕੋਈ ਉਸ ਦਾ ਮਾਨ ਸਤਿਕਾਰ ਕਰਦਾ। ਉਹ ਜਦੋਂ ਪੂਰਾ ਹੋਇਆ ਤਾਂ ਪਿੰਡ ਦੇ ਸਭ ਸਿਖ ਹਿੰਦੂ ਅਤੇ ਮੁਸਲਮਾਨ ਉਸਦੇ ਜਨਾਜ਼ੇ ਵਿਚ ਸ਼ਾਮਲ ਸਨ। (ਗਿਆਨੀ ਜੀ)

(ਸਫਾ 304 ਦੀ ਬਾਕੀ)


(ਮੁੰਦਰ ਚਾਲੂ)




(ਸੁੰਦਰ ਚਾਲੂ)


ਝੂਮੀਆਂ ਦਾ ਗੁਰਬਖਸ਼
ਦੇਸ ਰਾਜ
ਤਾਰਾ ਚੰਦ
ਟੇਕ ਚੰਦ
ਅਰਜਨ ਸਿੰਘ
ਭਗਵਾਨ ਸਿੰਘ (ਸਫਾ 306 ਤੇ)
ਸੁਜਾਨ ਸਿੰਘ (ਸਫਾ 305 ਤੇ)
ਚੰਦਾ ਸਿੰਘ
ਗੰਡਾ ਸਿੰਘ
ਬਿਸ਼ਨ ਸਿੰਘ
ਪਿਆਰਾ ਸਿੰਘ
×
ਹਰਸਾ ਸਿੰਘ
ਵੀਰ ਸਿੰਘ
ਉਤਮ ਸਿੰਘ
ਕਰਤਾਰ ਸਿੰਘ
ਹਰਨਾਮ ਸਿੰਘ
×
ਵਿਰਸਾ ਸਿੰਘ
ਚੇਤ ਸਿੰਘ
ਦੇਵਾ ਸਿੰਘ
ਅਜੈਬ ਸਿੰਘ
ਫੌਜਦਾਰ ਸਿੰਘ
ਇੰਦਰ ਸਿੰਘ
ਹੇਮ ਸਿੰਘ
ਨੱਥਾ ਸਿੰਘ
ਦੂਲਾ ਸਿੰਘ
ਫੂਲਾ ਸਿੰਘ
ਗੁਰਮੁਖ ਸਿੰਘ
ਹਜਾਰਾ ਸਿੰਘ
×
ਉਜਾਗਰ ਸਿੰਘ
ਬਹਾਦਰ ਸਿੰਘ
ਕਰਨੈਲ ਸਿੰਘ
ਸਾਵਨ ਸਿੰਘ
ਭਗਤ ਸਿੰਘ
ਗੁਰਬਚਨ ਸਿੰਘ
ਪ੍ਰੀਤਮ ਸਿੰਘ
ਨਿਸ਼ਾਨ ਸਿੰਘ
ਕਸ਼ਮੀਰ ਸਿੰਘ
ਜਸਬੀਰ ਸਿੰਘ
ਅਮੀਰ ਸਿੰਘ
ਸਾਧਾ ਸਿੰਘ
ਕਪੂਰ ਸਿੰਘ
ਅਤਰ ਸਿੰਘ
ਸੁਰੈਨ ਸਿੰਘ
ਜੁਗਿੰਦਰ ਸਿੰਘ
ਅਜੀਤ ਸਿੰਘ
ਬੇਲਾ ਸਿੰਘ
ਰਤਨ ਸਿੰਘ
ਸੁਬੇਗ ਸਿੰਘ
ਬਲਕਾਰ ਸਿੰਘ
ਮੁਖਤਾਰ ਸਿੰਘ
ਸਵਰਨ ਸਿੰਘ
ਨਿਰੰਜਨ ਸਿੰਘ
ਗੁਰਦੀਪ ਸਿੰਘ
ਜਸਵੰਤ ਸਿੰਘ

(ਸੰਦਰ ਵਾਲੂ)


ਟੇਕ ਚੰਦ
ਜਵਾਹਰ ਸਿੰਘ
ਲਖਾ ਸਿੰਘ (ਅੱਗੇ ਵੇਖੋ)
ਸ਼ਮੀਰ ਸਿੰਘ
ਜਗਤਾ
ਦਯਾ ਸਿੰਘ
ਬਾਗਾ ਸਿੰਘ ਮੂਲਾ ਸਿੰਘ ਵਸਨ ਸਿੰਘ
ਤਲੋਕ ਸਿੰਘ ਜਮੀਤ ਸਿੰਘ
ਪੰਜਾਬ ਸਿੰਘ
ਲੱਧਾ ਸਿੰਘ
ਬੁੱਧ ਸਿੰਘ
ਧਾਰਾ ਸਿੰਘ
ਵਧਾਵਾ ਸਿੰਘ ਜਿੰਦਾ ਸਿੰਘ ਤਲੋਕ ਸਿੰਘ ਕਰਤਾਰ ਸਿੰਘ
ਵੀਰ ਸਿੰਘ
ਮਿਹਰ ਸਿੰਘ
ਵਸਨ ਸਿੰਘ ਸੁਲਖਨ ਸਿੰਘ ਜਗੀਰ ਸਿੰਘ ਜੈਮਲ ਸਿੰਘ ਗੁਰਬਚਨ ਸਿੰਘ
ਬੇਲਾ ਸਿੰਘ ਨਿਹਾਲ ਸਿੰਘ ਦਯਾਲ ਸਿੰਘ
ਬਖਸ਼ੀਸ਼ ਸਿੰਘ ਸਾਵਲ ਸਿੰਘ ਮੰਗਲ ਸਿੰਘ
ਦਰਗਾਹ ਸਿੰਘ
ਹਰਬੰਸ ਸਿੰਘ ਗੁਰਚਰਨ ਸਿੰਘ
ਪ੍ਰੇਮ ਸਿੰਘ ਖੇਮ ਸਿੰਘ ਖੜਕਸਿੰਘ ਬਾਲਸਿੰਘ
ਸੋਭਾ ਸਿੰਘ
ਬਲਾਕਾ ਸਿੰਘ
ਨੁਰੰਗ ਸਿੰਘ
ਅਨੂਪ ਸਿੰਘ ਬਰਕਤਸਿੰਘ
ਊਜਾਗਰ ਸਿੰਘ
ਲਾਲ ਸਿੰਘ ਘਸੀਟਾ ਸਿੰਘ ਖੁਸ਼ਾਲ ਸਿੰਘ ਪ੍ਰਤਾਪ ਸਿੰਘ
ਦੇਵਾ ਸਿੰਘ
ਜਗੀਰ ਸਿੰਘ ਮਖਨ ਸਿੰਘ ਤਖਤ ਸਿੰਘ ਨਥਾ ਸਿੰਘ
ਵਜੀਰਸਿੰਘ ਗਯਾਨਸਿੰਘ ਦਾਨ ਸਿੰਘ ਹਵੇਲਾਸਿੰਘ ਅਮਰਸਿੰਘ
ਅਨੋਖ ਸਿੰਘ ਅਵਤਾਰ ਸਿੰਘ
ਕਿਹਰ ਸਿੰਘ ਮਿਹਰ ਸਿੰਘ ਟਹਿਲ ਸਿੰਘ ਮਹਿਲ ਸਿੰਘ ਗਹਿਲ ਸਿੰਘ
ਸੇਵਾ ਸਿੰਘ ਕਪੂਰ ਸਿੰਘ ਹਜੂਰ ਸਿੰਘ ਪਿਆਰਾ ਸਿੰਘ
ਦਲਮਿੰਦਰ ਸਿੰਘ ਪਲਵਿੰਦਰ ਸਿੰਘ
ਸੁਖਰਾਮ ਸਿੰਘ ਹਰਮਿੰਦਰ ਸਿੰਘ ਕੁਲਦੀਪ ਸਿੰਘ



ਵਸਨ ਸਿੰਘ ਸਜਨ ਸਿੰਘ ਸੰਤੋਖ ਸਿੰਘ ਗੁਰਨਾਮ ਸਿੰਘ


---

1. ਗੁਮਾਨ ਸਿੰਘ–ਇਹ ਮਹਾਂ ਪੁਰਸ ਕੁਛ ਪੜ੍ਹੇ ਹੋਏ ਸਨ, ਦਿਮਾਗ ਅਕਾਲ ਪੁਰਖ ਨੇ ਚੰਗਾ ਤੇਜ਼ ਬਖਸ਼ਿਆ ਹੋਇਆ ਸੀ। ਅਛੇ ਤੀਖਣ ਬੁਧੀ ਸਨ। ਆਪ ਜੀ ਨੇ ਨਵੀਂ ਆਬਾਦੀ ਪਿੰਡ ਕੜਯਾਲ ਬਾਗਾਂ ਵਾਲੇ ਆਪਣੇ ਬਾਹਰ ਵਾਲੇ ਅਹਾਤੇ ਵਿਚ ਬਗੀਚਾ ਲਗਵਾਇਆ। ਫਿਰ ਕਮਤੇ ਬਨਵਾ ਕੇ ਸਕੂਲ ਚਾਲੂ ਕਰਵਾਇਆ। ਆਪ ਜੀ ਬੜੇ ਵਿਦਿਆ ਪ੍ਰੇਮੀ ਸਨ। ਆਪਜੀ ਵਡੇਰੀ ਆਯੂ ਵਿਚ ਵੀ ਕਿੱਸਾ ਹੀਰ, ਵਾਰਸ਼ ਸ਼ਾਹ ਬੜੀ ਲਟਕ ਨਾਲ ਪੜ੍ਹਿਆ ਕਰਦੇ ਸਨ


ਇਹ ਬਜ਼ੁਰਗ ਬੜੇ ਦਿਲ ਗੁਰਦੇ ਵਾਲਾ ਸੀ। ਜਦੋਂ ਗਰਮੂਲੋਂ ਦੇ ਸਰਕਾਰਯਾਂ ਨੇ ਭਾਈ ਮੂਲ ਸਿੰਘ ਸਾਹਿਬ ਦੀ ਲੰਬਰਦਾਰੀ ਵਾਲਾ ਮੁਰੱਬਾ ਧੱਕੇ ਨਾਲ ਵਾਹ ਲਿਆ ਤਾਂ ਗਵਾਹੀ ਵਾਸਤੇ ਕੇਵਲ ਇਕ ਇਹ ਬਾਬਾ ਗੁਮਾਨ ਸਿੰਘ ਜੀ ਅਤੇ ਦੂਜਾ, ਜਥੇਦਾਰ ਦਲੀਪ ਸਿੰਘ ਮੰਡ ਦਾ ਦਾਦਾ ਸਿੰਘ ਮੰਡ ਝੰਡਿਆਂ ਵਾਲੀ ਦਾ ਭਾਈ ਮੂਲ ਸਿੰਘ ਜੀ ਵਲੋਂ ਤਿਆਰ ਹੋਏ। ਭਾਵੇਂ ਵਿਰੋਧੀ ਧੜੇ ਨੇ ਧਮਕੀਆਂ ਤਾਂ ਬੜੀਆਂ ਦਿੱਤੀਆਂ ਪਰੰਤੂ ਦਮਗਜਾ ਮਾਰਨ ਦੀ ਇਹਨਾਂ ਦੂਹਾਂ ਵੀ ਕਸਰ ਨਾ ਛਡੀ।"

ਸੰਨ 1920 ਵਿਚ ਬਾਬਾ ਗੁਮਾਨ ਸਿੰਘ ਜੀ ਆਪਣੇ ਕੰਮ ਕੜਯਾਲ ਕਲਾਂ ਗਏ ਜਿਥੇ ਆਪ ਜੀ ਦਾ ਚਲਾਣਾ ਹੋ ਗਿਆ—ਉਦੋਂ ਪੰਜਵੀਂ ਜਮਾਤ ਵਿਚ ਆਪਣੇ ਪਿੰਡ ਪੜ੍ਹਦਾ ਸੀ—ਆਪ ਜੀ ਦੀ ਅੰਤਯੇਸਟੀ ਕੜਯਾਲ ਕਲਾ ਹੀ—ਆਪ ਜੀ ਦੀ ਮਿਠੀ ਯਾਦ ਵਿਚ ਉਸ ਦਿਨ ਸਾਡਾ ਸਕੂਲ ਬੰਦ ਰਿਹਾ ਸੀ।

ਇਹਨਾਂ ਕੋਲ ਵਿਰਕ ਇਤਿਹਾਸ ਸੰਬੰਧੀ ਬਹੁਤ ਮਸਾਲਾ ਸੀ—ਅਫਸੋਸ ਕਿ ਮੈਂ ਕਿਸ਼ੋਰ ਅਵਸਥਾ ਵਿਚ ਸੀ ਤੇ ਹੋਰ ਕਿਸੇ ਲਿਖਿਆ ਨਾ।
—ਸ਼ੋਕ "ਮਹਾਂ ਸ਼ੋਕ" !! (ਗਿਆਨੀ ਜੀ)


ਟੱਲੂ
ਬਲਵੰਤ
ਜਸਵੰਤ
ਸੂਰਤ (ਅੱਗੇ ਵੇਖੋ)
ਰਾਮ ਸਿੰਘ
ਬੁੱਢਾ ਸਿੰਘ
ਮਿਹਰ ਸਿੰਘ
ਸਰਬਾ ਸਿੰਘ
ਸੁਲਤਾਨ ਸਿੰਘ
ਸੰਤਾ ਸਿੰਘ
ਭਾਗ ਸਿੰਘ
×
ਸ਼ਰਮ ਸਿੰਘ
×
ਸੁਹਣ ਸਿੰਘ
ਬਹਾਦਰ ਸਿੰਘ
ਈਸ਼ਰ ਸਿੰਘ
ਹੀਰਾ ਸਿੰਘ
ਅਜੀਤ ਸਿੰਘ
ਪਾਲਾ ਸਿੰਘ
ਕੁੰਦਨ ਸਿੰਘ
ਦਲਬੀਰ ਸਿੰਘ
ਸੰਤੋਖ ਸਿੰਘ
ਕਰਨੈਲ ਸਿੰਘ
ਕਿਹਰ ਸਿੰਘ
ਪ੍ਰਤਾਪ ਸਿੰਘ
ਸ਼ੇਖੂਪੁਰਾ (ਕਰਨਾਲ)
ਕਰਤਾਰ ਸਿੰਘ
ਹਜ਼ੂਰ ਸਿੰਘ
ਅਮਰੀਕ ਸਿੰਘ
ਬਲਕਾਰ ਸਿੰਘ
ਗੁਰਨਾਮ ਸਿੰਘ
ਅਤੇ ਹੋਰ

- ਟੱਲੂ
  - ਬਲਵੰਤ
    - ਭੂਮੀਆ
      - ਗੁਰਬਖਸ਼
        - ਦੇਸ ਰਾਜ
          - ਟੇਕ ਚੰਦ
            - ਹੀਰਾ ਸਿੰਘ[1]
              - ਲਹਿਣਾ ਸਿੰਘ
                - ਸੁਚੇਤ ਸਿੰਘ
                  - ਪਿਆਰਾ ਸਿੰਘ
                  - ਸੂਬਾ ਸਿੰਘ
                  - ਕੰਧਾਰਾ ਸਿੰਘ
                  - ਸ਼ਾਮ ਸਿੰਘ
                  - ਰਾਮ ਸਿੰਘ ਜਥੇਦਾਰ
              - ਹਰੀ ਸਿੰਘ
                - ਜਵੰਦ ਸਿੰਘ
                  - ਹਰਨਾਮ ਸਿੰਘ
                - ਨੰਦ ਸਿੰਘ
                  - ਅਨੋਖ ਸਿੰਘ
            - ਲਖਾ ਸਿੰਘ
              - ਵਸਾਵਾ ਸਿੰਘ
                - ਤੇਜਾ ਸਿੰਘ
                  - ਰੰਜੀਤ ਸਿੰਘ
                - ਦੂਲਾ ਸਿਘ
                  - ਅਮਰੀਕ ਸਿੰਘ
                  - ਗੁਰਮੇਲ ਸਿੰਘ
              - ਫਤਹਿ ਸਿੰਘ
                - ਲਾਭ ਸਿੰਘ
                  - ਕਰਤਾਰ ਸਿੰਘ
                - ਬੂੜ ਸਿੰਘ
                  - ਮਲ ਸਿੰਘ
                    - ਸਾਵਨ ਸਿੰਘ
                      - ਗੁਰਬਚਨ ਸਿੰਘ
                      - ਰਘਬੀਰ ਸਿੰਘ
                      - ਜਸਵੰਤ ਸਿੰਘ
              - ਈਸ਼ਰ ਸਿੰਘ
                - ਸ਼ਰਮ ਸਿੰਘ ×
                - ਹਜਾਰਾ ਸਿੰਘ
                  - ਕਿਹਰ ਸਿੰਘ
                    - ਗੁਰਚਰਨ ਸਿੰਘ
                - ਬਹਾਦਰ ਸਿੰਘ
                  - ਅਨੂਪ ਸਿੰਘ
                    - ਪਲਵਿੰਦਰ ਸਿੰਘ
                  - ਮਲੂਕ ਸਿੰਘ
                    - ਹਰਭਜਨ ਸਿੰਘ
                    - ਤਰਲੋਚਨ ਸਿੰਘ
                  - ਸ਼ੀਸ਼ਾ ਸਿੰਘ
                    - ਨਿਸ਼ਾਨ ਸਿੰਘ ਅਤੇ ਹੋਰ
  - ਜਸਵੰਤ (ਅੱਗੇ ਵੇਖੋ)
  - ਸੂਰਤ (ਅੱਗੇ ਵੇਖੋ)



1. ਸ਼ੇਖੂਪੁਰੇ ਵਾਲੀ ਪ੍ਰਤਿ ਵਿਚ ਇਹ ਨਾਮ ਨਹੀਂ। ਇਹ ਭਾਈ ਜੀਵਨ ਸਿੰਘ ਦੀ ਖੋਜ ਅਨੁਸਾਰ ਹਨ। (ਗਿਆਨੀ ਜੀ)

ਤੂੰ ਗੁਰਸਿੱਖ ਪ੍ਰਤੀਤ ਹੁੰਦਾ ਹੈਂ—ਮੈਂ ਤੇਰੀ ਦਿੱਤੀ ਜਮਾਨਤ ਮਨਜ਼ੂਰ ਕਰਦਾ ਹਾਂ" ਕੱਲੋਂ ਸੁੰਦਰ ਸਿੰਘ ਪੁੱਤਰ ਮੰਗਲ (ਮਰਾਲੀ) ਪਿੰਡ ਕੜਯਾਲ ਅਤੇ ਮੰਗਲ ਸਿੰਘ ਜ਼ੈਲਦਾਰ ਇਲਾਕਾ (ਪਿੰਡ ਲੀਲ) ਨੇ ਆਖਿਆ ,—

"ਆਹੋ ਜੀ ਹੁਣ ਦਾਹੜਾ ਤਾਂ ਸੁੰਦਰ ਹੈ ਹੀ"

ਥਾਣੇਦਾਰ—ਕਿਉਂ ਪਹਿਲੋ ਇਹ ਬਦਮਾਸ਼ ਰਿਹਾ ਹੈ ?

ਜ਼ੈਲਦਾਰ—ਆਹੋ ਜੀ, ਇਹ ਬੜੇ ਬੜੇ ਡਾਕੇ ਮਾਰਦਾ ਤੇ ਚੋਰੀਆਂ ਕਰਦਾ ਰਿਹਾ ਹੈ।


ਥਾਣੇਦਾਰ—ਕਿਉਂ ਭਾਈ ਲਾਭ ਸਿੰਘਾ !

ਲਾਭ ਸਿੰਘ—ਤੁਸੀਂ ਆਪਣੇ ਥਾਣੇ ਦੇ ਦਫਤਰ ਵਿਚੋਂ ਅਤੇ ਪੂਰੇ ਜ਼ਿਲੇ ਗੁਜਰਾਂਵਾਲੇ ਦੇ ਥਾਣਿਆਂ ਵਿੱਚ ਪੁਛ ਵੇਖੋ—ਜਾਂ ਇਹਨਾਂ ਆਖਣ ਵਾਲਿਆਂ ਤੋਂ ਪੁੱਛੋ, ਕਿ ਮੇਰਾ ਕਿਸੇ ਥਾਣੇ ਵਿਚ ਚਲਾਣ ਹੀ ਹੋਇਆ ਹੋਵੇ। ਮੈਂ ਜੋ ਡਾਕੇ ਮਾਰੇ ਨੇ ਤਾਂ ਚਲਦੀ ਗਡੀ ਵਿਚੋਂ ਵੱਡੇ ਵੱਡੇ ਅਮੀਰਾਂ ਦਾ ਮਾਲ ਲਾਹਿਆ ਹੈ। ਕਿਸੇ ਗਰੀਬ ਦੀ ਮੈਂ ਕਦੇ ਕੌਡੀ ਨਹੀਂ ਛੇੜੀ।

ਥਾਣੇਦਾਰ—ਸ਼ਾਬਾਸ਼ ! ਲਾਭ ਸਿੰਘਾ ਤੂੰ ਸਚ ਮੁੱਚ ਮਰਦ ਤੇ ਬਹਾਦਰ ਸਿੱਖ ਹੈਂ—ਮੈਂ ਤੇਰੀ ਦਿੱਤੀ ਜ਼ਮਾਨਤ ਮਨਜ਼ੂਰ ਕਰਦਾ ਹਾਂ। ਇੱਕ ਵਾਰ ਕੈਦ ਹੋਣ ਤੇ ਅੰਬਾਲਾ ਜੇਲ੍ਹ ਤੋਂ ਫਰਾਰ ਹੋ ਗਿਆ ਤੇ ਫਿਰ ਬੜੇ ਚਿਰ ਪਿਛੋਂ ਫੜਿਆ ਗਿਆ।


(3.10.72 ਜ਼ਬਾਨੀ ਅਜਾਇਬ ਸਿੰਘ ਪੁੱਤਰ ਹਰਨਾਮ ਸਿੰਘ (ਜੈਦਕਾ) ਹਾਲ ਠਸਕਾ ਜ਼ਿਲ੍ਹਾ ਕੁਰਕਸ਼ੇਤਰ (ਹਰਿਆਣਾ)


ਮੈਨੂੰ ਇਸ ਗੁਰਸਿੱਖ ਦੇ ਦਰਸ਼ਨ ਲਾਹੌਰ ਛਾਉਣੀ ਸ: ਵਸਣ ਸਿੰਘ ਪੁੱਤਰ ਲਾਲ ਸਿੰਘ ਅਤੇ ਸ: ਕਪੂਰ ਸਿੰਘ ਕਿਰਤੀ ਪੁੱਤਰ ਮਲ ਸਿੰਘ ਅਰੂਪੀਏ ਦੇ ਨਾਲ ਹੋਏ ਜਦੋਂ ਜਨਵਰੀ 1947 ਵਿਚ ਇਹ ਹਥਿਆਰ ਹਾਸਲ ਕਰਨ ਵਾਸਤੇ ਇਕ ਜ਼ਬਰਦਸਤ ਯੋਜਨਾ ਬਣਾ ਕੇ ਗਏ ਸਨ। ਯੋਜਨਾ ਤਾਂ ਵਾਕਈ ਬਹੁਤ ਵੱਡੀ ਸੀ ਪਰ ਖਤਰੇ ਤੋਂ ਖਾਲੀ ਨਹੀਂ ਸੀ। ਜਿਸ ਇਲਾਕੇ ਵਿਚ ਹਥਿਆਰ ਗਡੀ ਵਿਚੋਂ ਉਤਰਨੇ ਸਨ, ਸ਼ੱਕ ਲਾਜ਼ਮੀ ਉਸ ਇਲਾਕੇ ਦੇ ਸਿੱਖਾਂ ਤੇ ਪੈਣਾ ਸੀ ਤੇ ਕਈ ਨਿਰਦੋਸ਼ ਮਾਰੇ ਜਾਂਦੇ—ਦੂਰ ਦੇ ਇਲਾਕੇ ਵਿਚ ਯੋਜਨਾ ਦੀ ਸਫਲਤਾ ਅਸੰਭਵ ਸੀ। ਇਸ ਵਾਸਤੇ ਅੱਗੇ ਕੋਈ ਕਦਮ ਨਾ ਚੁਕਿਆ ਗਿਆ ਤੇ ਇਹ ਤਿੰਨੋ ਘਰ ਮੁੜ ਗਏ। (ਗਿਆਨੀ ਜੀ)



* ਤਿੰਨ ਨਾਮ ☆ਦੋ ਨਾਮ ★ਚਾਰ ਨਾਮ। (ਭਾਈ ਜੀਵਨ ਸਿੰਘ ਜੀ ਅਨੁਸਾਰ ਹਨ।)


1. ਨੁਸ਼ਹਿਰਾ ਵਿਰਕਾਂ ਦੇ ਥਾਣੇਦਾਰ ਚੰਚਲ ਸਿੰਘ ਨੇ, ਪਿੰਡ ਜਲ੍ਹਣ ਦੇ ਗੁਪਾਲ ਸਿੰਘ ਨੂੰ ਖਤਰਨਾਕ ਆਦਮੀ ਸਮਝ ਕੇ ਫੜਿਆ ਤੇ ਜਮਾਨਤ ਨਾ ਕਰੇ। ਭਾਈ ਲਾਭ ਸਿੰਘ ਜਮਾਨਤ ਵਾਸਤੇ ਗਿਆ ਤਾਂ ਉਕਤ ਥਾਣੇਦਾਰ ਨੇ ਆਖਿਆ, "ਤੇਰੇ ਸੁੰਦਰ ਦਾਹੜੇ ਤੋਂ



ਗੁਰਦਾਸ
ਸਾਹਿਬ ਮਲ
ਜੀਵਨ ਮਲ
ਦੀਵਾਨ ਚੰਦ
ਬਾਹੜ ਮਲ
ਅਤਰ ਸਿੰਘ
ਰੂਪ ਚੰਦ
ਦਲ ਸਿੰਘ
ਦੇਵਾ ਸਿੰਘ
ਉਮਰਾਵ ਸਿੰਘ
ਜਮੀਅਤ ਸਿੰਘ
ਠਾਕਰ ਸਿੰਘ
ਲਹਿਣਾ ਸਿੰਘ
ਸੁਦਾਗਰ ਸਿੰਘ
ਜੋਧ ਸਿੰਘ
ਹੀਰਾ ਸਿੰਘ
ਲਛਮਣ ਸਿੰਘ
ਪਾਲਾ ਸਿੰਘ
ਬੁੱਧ ਸਿੰਘ
ਮੰਗਲ ਸਿੰਘ
ਖੁਸ਼ਾਲ ਸਿੰਘ
ਲਾਲ ਸਿੰਘ
ਨੱਥਾ ਸਿੰਘ
ਇੰਦਰ ਸਿੰਘ
ਧਿਆਨ ਸਿੰਘ
ਹਰਨਾਮ ਸਿੰਘ
ਨਰੈਣ ਸਿੰਘ
ਜਗੀਰ ਸਿੰਘ
(ਸ਼ੇਖੂਪੁਰਾ)
ਸੁੱਚਾ ਸਿੰਘ
ਸੁਹਨ ਸਿੰਘ
ਅਮਰ ਸਿੰਘ
ਧੰਨਾ ਸਿੰਘ
ਸੰਪੂਰਨ ਸਿੰਘ
ਹਜਾਰਾ ਸਿੰਘ
ਮਹਿੰਦਰ ਸਿੰਘ
ਰਜਿੰਦਰ ਸਿੰਘ
ਵਰਯਾਮ ਸਿੰਘ
ਫੌਜਦਾਰ ਸਿੰਘ
ਸ਼ੇਰ ਸਿੰਘ
ਭਗਤ ਸਿੰਘ
ਖੜਕ ਸਿੰਘ
ਕੇਸਰ ਸਿੰਘ
ਅਨੋਖ ਸਿੰਘ
ਤੇਜਾ ਸਿੰਘ
ਮੰਗਲ ਸਿੰਘ
ਅਰਜਨ ਸਿੰਘ
ਪ੍ਰੀਤਮ ਸਿੰਘ
ਮਹਿੰਦਰ ਸਿੰਘ
ਕਿਹਰ ਸਿੰਘ
ਗੁਰਬਚਨ ਸਿੰਘ
ਗੁਰਮੇਜ ਸਿੰਘ
ਕਰਤਾਰ ਸਿੰਘ
ਬੰਤਾ ਸਿੰਘ
ਸੰਤਾ ਸਿੰਘ
ਬਲਕਾਰ ਸਿੰਘ
ਤਲੋਕ ਸਿੰਘ




1. ਹਰਨਾਮ ਸਿੰਘ ਪੁੱਤਰ ਲਹਿਣਾ ਸਿੰਘ—ਆਪ ਜੀ ਤੇ ਸਿੱਧ ਪੁਰਸ਼ ਬਾਬਾ ਨਖੀ ਜੀ ਉਦਾਸੀਨ ਮਹਾਂ ਪੁਰਸ਼ ਦੀ ਕ੍ਰਿਪਾ ਹੋਈ। ਜਿਸ ਨਾਲ ਆਪ ਜੀ ਸਿੱਖ ਧਰਮ ਦੇ ਜਾਦੂ ਅਤੇ ਸਿਧਹਸਤ ਵੈਦ ਦੇ ਰੂਪ ਵਿੱਚ ਪ੍ਰਗਟ ਹੋਏ। ਆਪ ਜੀ ਨੂੰ ਗ੍ਰਹਿਸਥ ਧਰਮ ਤੋਂ ਇਤਨੀ ਗਿਲਾਨ ਹੋ ਗਈ ਕਿ ਇਕ ਸਮੇਂ ਆਪਣੀ ਇੰਦਰੀ ਹੀ ਕੱਟ ਦਿੱਤੀ, ਪਰ ਮਹਾਂਪੁਰਸ਼ਾਂ ਦੀ ਕ੍ਰਿਪਾ ਦਵਾਰਾ ਉਹ ਠੀਕ ਹੋ ਗਈ। ਆਪ ਜੀ ਦੀਆਂ ਦੋ ਸ਼ਾਦੀਆਂ ਹੋਈਆਂ ਕਿੰਤੂ ਸੰਤਾਨ ਇੱਕ ਵਿੱਚੋਂ ਹੀ ਹੋਈ। ਆਪ ਜੀ ਦਵਾਈ ਦਾਰੂ ਪੁਰਾਤਨ ਸਾਧਾਂ ਵਾਂਗ ਮੁਫਤ ਹੀ ਕਰਿਆ ਕਰਦੇ ਸਨ। ਬਾਹਰੇ, ਘਰਾਣੇ ਵਿਚ ਆਪ ਜੀ ਦਾ ਬੜਾ ਮਾਨ ਸਤਿਕਾਰ ਸੀ।

ਆਪ ਜੀ ਦੀ ਸੰਤਾਨ ਪਿੰਡ ਸ਼ੇਖੂਪੁਰਾ ਜ਼ਿ: ਕਰਨਾਲ ਵਿਚ ਹੈ। ਉਹ ਵੀ ਪਿਤਾ ਪੁਰਖੀ ਵੈਦਗੀ ਤਾਂ ਕਰਦੇ ਹਨ ਪਰ ਖਾਸ ਖਾਸ ਰੋਗਾਂ ਦਾ ਹੀ ਉਪਚਾਰ ਕਰਦੇ ਹਨ।


ਰਾਮ ਸਿੰਘ
ਸਾਹਿਬ ਸਿੰਘ
ਧਾਰਾ ਸਿੰਘ
ਨਥਾ ਸਿੰਘ
ਮੀਹਾਂ ਸਿੰਘ
ਮਹਾਂ ਸਿੰਘ
ਬੁਢਾ ਸਿੰਘ
ਸਾਵਨ ਸਿੰਘ
ਸੁੱਚਾ ਸਿੰਘ
ਹੀਰਾ ਸਿੰਘ
ਫੌਜਾ ਸਿੰਘ
ਕਾਲਾ ਸਿੰਘ
ਸੇਵਾ ਸਿੰਘ
ਜੈਮਲ ਸਿੰਘ
ਮਹਿੰਦਰਸਿੰਘ
ਨਰਿੰਦਰਸਿੰਘ
ਗੁਰਚਰਨਸਿੰਘ
ਗੁਰਮੀਤ ਸਿੰਘ
ਮੇਵਾ ਸਿੰਘ
ਦਿਲਬੀਰ ਸਿੰਘ
ਸੰਤੋਖ ਸਿੰਘ
ਸਤਨਾਮ ਸਿੰਘ
ਭੁਪਿੰਦਰ ਸਿੰਘ
ਲਖਾ ਸਿੰਘ
ਜੁਗਿੰਦਰ ਸਿੰਘ
ਗੁਰਦੀਪ ਸਿੰਘ
ਦਰਸ਼ਨ ਸਿੰਘ
ਭਾਈ ਗੁਰਦਿਤ ਸਿੰਘ
ਬੁਲਾਕਾ ਸਿੰਘ
ਹੁਸ਼ਨਾਕ ਸਿੰਘ
ਮੁਹਰ ਸਿੰਘ
ਸਾਵਲ ਸਿੰਘ
ਗੁਰ ਅਪਰ ਅਪਾਰਸਿੰਘ
ਗੁਰਨਾਮ ਆਧਾਰਸਿੰਘ
ਗੁਰਜੋਧ ਸਿੰਘ
ਗੁਰਸ਼ਰਨ ਸਿੰਘ
ਜਸਾ ਸਿੰਘ
ਲਖਾ ਸਿੰਘ
ਗੁਰਇਕਬਾਲ ਸਿੰਘ
ਗੁਰਬਾਜ ਸਿੰਘ
ਗੁਰਅਮਰ ਸਿੰਘ
ਹਰਬਖਸ਼ ਸਿੰਘ
ਸ਼ਰਧਾ ਸਿੰਘ



ਜੈਦ ਦਾ ਬਖਤੂ (ਭਾ: ਜੀਵਨ ਸਿੰਘ ਦੀ ਖੋਜ ਅਨੁਸਾਰ)
ਮਾਨਾ
ਜੈਂਗਾ
ਭਾਰੂ
ਮਸੰਦ
ਗਿਆਨ ਚੰਦ
ਖਾਨ ਚੰਦ
ਆਲਮ ਚੰਦ
ਨਵੱਲਾ
ਅਮਰੀਕ ਸਿੰਘ
ਸਦਾ ਨੰਦ
ਭਗਉਤਾ
ਦਯਾਨਤ
ਰਾਮ ਸਿੰਘ
ਧੰਨਾ ਸਿੰਘ
ਸਾਹਿਬ ਸਿੰਘ
ਕਾਹਨਸਿੰਘ
ਨਰੰਗ ਸਿੰਘ
ਹਾਕਮ ਸਿੰਘ
ਧਾਰਾ ਸਿੰਘ
ਨੱਥਾ ਸਿੰਘ
ਮੀਹਾਂਸਿੰਘ
(ਅਗਲਾ ਪੰਨਾ)
ਦੇਵਾ ਸਿੰਘ
ਸ਼ੇਰ ਸਿੰਘ
×
ਮੰਗਲ ਸਿੰਘ
ਬਹਾਦਰ ਸਿੰਘ
ਜਵਾਹਰ ਸਿੰਘ
ਸੰਤਾ ਸਿੰਘ
ਸੁਹਨ ਸਿੰਘ
ਦਯਾਲ ਸਿੰਘ
ਵਸਣ ਸਿੰਘ
ਹਜ਼ਾਰਾ ਸਿੰਘ
×
ਤੇਜਾ ਸਿੰਘ
×
ਕੇਸਰ ਸਿੰਘ
ਇੰਦਰ ਸਿੰਘ
×
ਆਸਾ ਸਿੰਘ
ਗੁਰਟੇਕ ਸਿੰਘ
ਬੰਤਾ ਸਿੰਘ
ਮਾਨ ਸਿੰਘ
ਗੁਰਬਖਸ਼ ਸਿੰਘ
ਕਰਤਾਰ ਸਿੰਘ
ਮੂਲਾ ਸਿੰਘ
ਮਲ ਸਿੰਘ
ਲਾਭ ਸਿੰਘ
ਤਲੋਕ ਸਿੰਘ
ਹਰਨਾਮ ਸਿੰਘ
ਕਰਤਾਰ ਸਿੰਘ
ਸ਼ਿੰਗਾਰਾ ਸਿੰਘ
ਪਿਰਥੀ ਸਿੰਘ
ਅਜੈਬ ਸਿੰਘ
ਦਲੀਪ ਸਿੰਘ
ਅਵਤਾਰ ਸਿੰਘ
ਨਿਸ਼ਾਨ ਸਿੰਘ
ਜੁਗਿੰਦਰ ਸਿੰਘ
ਹਰਬੰਸ ਸਿੰਘ
ਜਸਾ ਸਿੰਘ
ਜੈਮਲ ਸਿੰਘ
ਗੁਰਬਚਨ ਸਿੰਘ
ਰਤਨ ਸਿੰਘ
ਬਲਕਾਰ ਸਿੰਘ
ਪਿਆਰਾ ਸਿੰਘ



ਗਿਆਨ ਚੰਦ ਦੇ ਪੁਤਰ ਸਦਾ ਨੰਦ ਦੀ ਅੰਸ ਦੇ ਪ੍ਰਸਿਧ ਪੁਰਸ਼

1) ਈਸਰ ਸਿੰਘ ਦਾ ਪੁਤਰ ਮੂਲ ਸਿੰਘ


ਇਹ ਸੰਯੁਕਤ ਪੰਜਾਬ ਵਿੱਚ ਗੁਜਰਾਂਵਾਲੇ ਸ਼ਹਿਰ ਦੇ ਵਸਨੀਕ, ਪ੍ਰਸਿੱਧ ਵਕੀਲ ਸਨ।


2) ਲਾਲ ਸਿੰਘ ਦਾ ਪੁਤਰ ਹਰੀ ਸਿੰਘ

ਸੰਯੁਕਤ ਪੰਜਾਬ ਵਿੱਚ ਗੁਜਰਾਂਵਾਲੇ ਵਕਾਲਤ ਕਰਦੇ ਸਨ। ਦੇਸ਼ ਵਿਭਾਜਨ ਉਪਰੰਤ ਕਰਨਾਲ ਸ਼ਹਿਰ ਆ ਕੇ ਵਕਾਲਤ ਕਰਨ ਲੱਗੇ। ਇੱਕ ਲੜਾਈ ਵਿਚ ਅਕਾਰਨ ਹੀ ਕਤਲ ਕੀਤੇ ਗਏ।

3) ਤਾਰਾ ਸਿੰਘ ਵਲਦ ਹਰੀ ਸਿੰਘ

ਆਪ ਜੀ ਆਪਣੇ ਪਿਤਾ ਵਾਂਗੂ ਵਕਾਲਤ ਹੀ ਕਰਦੇ ਸਨ ਕਿੰਤੂ ਰਾਜਨੀਤੀ ਵਿਚ ਅਧਿਕ ਰੁਹਜ਼ਾਨ ਰਖਦੇ ਹਨ। 1977 ਦੀਆਂ ਚੋਣਾਂ ਜਿਤ ਕੇ ਆਪ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਬਣ ਗਏ ਤੇ ਚੌਧਰੀ ਦੇਵੀ ਲਾਲ ਦੀ ਵਜ਼ਾਰਤ ਵਿੱਚ ਵਜ਼ੀਰ ਵੀ ਰਹੇ। ਜਿਥੇ ਆਪ ਜੀ ਇੱਕ ਪ੍ਰਸਿੱਧ ਵਕੀਲ ਹਨ ਉਥੇ ਆਪ ਜੀ ਜੰਤਾ ਵਿਚ ਅਛੇ ਲੋਕ ਪ੍ਰਿਯ ਵੀ ਹਨ।



ਗਿਆਨ ਚੰਦ
ਅਮਰੀਕ ਸਿੰਘ
ਸਦਾ ਨੰਦ
ਕਰਮ ਚੰਦ
ਹੋਰਾ
ਜਵੰਦਾ
ਸੁਰਜਨ ਸਿੰਘ
(ਅੱਗੇ ਵੇਖੋ)
ਚੜਤ ਸਿੰਘ
ਅਰਜਨ ਸਿੰਘ
ਅਮੀਰ ਸਿੰਘ
ਦਿਆਲ ਸਿੰਘ
ਉਤਮ ਸਿੰਘ
ਦਯਾ ਸਿੰਘ
ਸਰਮ ਸਿੰਘ
ਲਾਭ ਸਿੰਘ
ਸੰਤਾ ਸਿੰਘ
ਬਿਸ਼ਨ ਸਿੰਘ
ਸੂਹਨ ਸਿੰਘ
ਸੁਲਤਾਨ ਸਿੰਘ
ਸੁਦਾਗਰ ਸਿੰਘ
ਕਰਤਾਰ ਸਿੰਘ
ਕਿਰਪਾਲ ਸਿੰਘ
ਭਗਤ ਸਿੰਘ
ਬਲਾਕਾ ਸਿੰਘ
ਹਰੀ ਸਿੰਘ
ਫੌਜਾ ਸਿੰਘ
ਗੁਰਚਰਨ ਸਿੰਘ
ਬਲਕਾਰ ਸਿੰਘ
ਮਾਲਕ ਸਿੰਘ
ਹਰਨਾਮ ਸਿੰਘ
ਦੀਦਾਰ ਸਿੰਘ
ਅਜੀਤ ਸਿੰਘ
ਸੰਤੋਖ ਸਿੰਘ
ਅਮਰੀਕ ਸਿੰਘ
ਨਿਧਾਨ ਸਿੰਘ
ਪ੍ਰੀਤਮ ਸਿੰਘ
ਮਲ ਸਿੰਘ
ਵਸਨ ਸਿੰਘ
ਸੁੱਚਾ ਸਿੰਘ (ਡਾਚਰ)
ਕਰਤਾਰ ਸਿੰਘ
ਸੰਗਾਰ ਸਿੰਘ
ਕਪੂਰ ਸਿੰਘ
ਸੁੰਦਰ ਸਿੰਘ
ਦਲੀਪ ਸਿੰਘ
ਉਜਾਗਰ ਸਿੰਘ
ਗੁਮਾਨ ਸਿੰਘ
ਰਾਜਿੰਦਰ ਸਿੰਘ
ਕਾਲਾ ਸਿੰਘ
ਜੈਮਲ ਸਿੰਘ
ਸ਼ੀਸ਼ਾ ਸਿੰਘ
ਮਨਜ਼ੂਰ ਸਿੰਘ
ਸਰਦੂਲ ਸਿੰਘ




---

1. **ਅਮੀਰ ਸਿੰਘ** (ਅਨੁਮਾਨਤ ਕਾਲ 1790 ਈ: 1820). 1800/1810 ਦੇ ਨੇੜੇ ਤੇੜੇ ਆਪ ਜੀ ਆਪਣੇ ਜਥੇ ਵਿੱਚੋਂ ਘਰ ਨੂੰ ਆ ਰਹੇ ਸਨ । ਉਧਰੋਂ ਪਿੰਡ ਭਾਕੇ ਭਟੀਆਂ ਦਾ ਚਾਂਦੀ ਨਾਮੇ ਭਟੀ ਸੌ ਕੁ ਲੁਟੇਰੇ ਨਾਲ ਲੈ ਕੇ ਪਿੰਡ ਚੱਕ ਜੰਦ (ਨਜ਼ਦ ਨੁਸ਼ਹਿਰਾ ਵਿਰਕਾਂ) ਨੂੰ ਲੁੱਟਣ ਕਾਰਨ ਆ ਰਿਹਾ ਸੀ । ਉਸ ਨੂੰ ਪਤਾ ਸੀ ਕਿ ਪਿੰਡ ਵਾਲੇ ਬਾਹਰ ਧਾੜੇ ਤੇ ਗਏ ਹੋਏ ਹਨ ਤੇ ਦਾਉ ਚੰਗਾ ਫਬ ਜਾਵੇਗਾ । ਬਾਬਾ ਅਮੀਰ ਸਿੰਘ ਅਤੇ ਭਟੀਆਂ ਦੀ ਧਾੜ ਦਾ ਟਾਕਰਾ ਅੱਧੀ ਰਾਤੀਂ ਪਿੰਡੋਂ ਬਾਹਰ ਹੀ ਹੋ ਗਿਆ—ਬਾਬਾ ਅਮੀਰ ਸਿੰਘ ਜੀ ਇਕ ਮੰਨੇ ਹੋਏ ਭਲੱਥੇ ਬਾਜ਼ ਤਲਵਾਰੀਏ ਸਨ । ਇਹਨਾਂ ਨੇ

ਬਖਤੂ



1. ਇਹ ਆਪਣੀ ਅੰਸਾਂ ਸਮੇਤ ਪਿੰਡ ਭਾਡੇ ਚਕ ਜ਼ਿਲ੍ਹਾ ਸਿਆਲਕੋਟ ਰਹਿੰਦਾ ਸੀ।
2. ਇਹਨਾਂ ਦੁਹਾ ਅੰਸਾਂ ਵਿਚ ਸ਼ੁਰੂ ਤੋਂ ਲਗ ਕੇ ਇਕੱਲੇ ਇਕੱਲੇ ਹੀ ਆ ਰਹੇ ਹਨ।



1. ਇਸ ਦੀ ਅੰਸ ਪਿੰਡ ਠੱਟਾ ਤਲੂੜਾ ਵਿੱਚ ਸੀ।
2. ਮਾਸਟਰ ਕੇਸਰ ਸਿੰਘ ਵੜੈਚ ਘਰ ਵਿਆਹੀ। ਹਾਲ ਅਸੰਧ ਜ਼ਿ: ਕਰਨਾਲ।

ਟਾਕਰੇ ਵਿੱਚ ਧਾੜ ਦੇ ਮੁਹਰੈਲ, ਚਾਂਦੀ ਭੱਟੀ ਦਾ ਸਿਰ ਵੱਢ ਲਿਆ—ਇਤਨੇ ਚਿਰ ਨੂੰ ਪਿੰਡ ਵਾਸੀ ਵੀ ਜਾਗ ਪਏ ਤਾਂ ਧਾੜ ਭੱਜ ਗਈ।

ਅਗਲੇ ਦਿਨ ਚਾਂਦੀ ਭੱਟੀ ਦੀ ਮਾਂ ਉਸ ਸੂਰਮੇ ਨੂੰ ਵੇਖਣ ਆਈ ਜਿਸ ਨੇ ਉਸ ਦੇ ਪੁੱਤਰ ਦਾ ਸਿਰ ਵਢਿਆ ਸੀ ਕਿਉਂਕਿ ਉਸ ਮਾਈ ਨੇ ਆਪਣੇ ਪੁੱਤਰ ਨੂੰ ਬੜੀਆਂ ਰੀਝਾਂ ਨਾਲ ਪਾਲਿਆ ਸੀ। ਉਹ ਜਾਨਣਾ ਚਾਹੁੰਦੀ ਸੀ ਕਿ ਮੇਰਾ ਪੁੱਤਰ ਕਿਸੇ ਦਵਲ ਦੇ ਹੱਥੋਂ ਤਾਂ ਨਹੀਂ ਮਰਿਆ ਹੈ।


ਬਾਬਾ ਅਮੀਰ ਦੇ ਵੰਸਜ ਅੱਜ ਕਲ ਡਾਚਰ ਜ਼ਿਲ੍ਹਾ ਕਰਨਾਲ ਹਨ।

2. **ਮੁਹਕਮ ਸਿੰਘ**—ਇਹ ਪਿੰਡ ਨਥੂ ਸੂਜਾ (ਜ਼ਿ: ਗੁਜਰਾਂ ਵਾਲਾ) ਵਿਚ ਸਨ। ਮੁਰਬੇ ਦਾ ਮਾਲਕ ਸੀ। ਇਸ ਦੀ ਅੰਸ ਮੁਸਲਮ ਨ ਹੋ ਗਈ।

3. **ਫੌਜਾ ਸਿੰਘ**—ਇਹ ਅੱਛੇ ਵਿਦਵਾਨ ਗੁਰਸਿੱਖ ਸਨ—ਸਕੂਲ ਮਾਸਟਰੀ ਵੀ ਕੀਤੀ। ਅਕਾਲੀ ਲਹਿਰ ਵਿੱਚ ਕਾਫੀ ਵੱਧ ਚੜ੍ਹ ਕੇ ਭਾਗ ਲੈਂਦੇ ਰਹੇ।


4. **ਮਿਹਰ ਸਿੰਘ**—ਅੱਛੇ ਗੁਰਸਿੱਖ ਸਨ। ਅਕਾਲੀ ਲਹਿਰ ਵਿੱਚ ਹਿੱਸਾ ਲੈਂਦੇ ਰਹੇ।

ਨੋਟ :—ਉਪਰੋਕਤ 3 ਅਤੇ 4 ਦੋਵੇਂ ਜ਼ਿ: ਸ਼ੇਖੂਪੁਰਾ ਦੇ ਵਸਨੀਕ ਸਨ।



1) ਵੀਰ ਸਿੰਘ—ਇਹ ਸਿਖਾਂ ਵਾਲੀ ਕੜਯਾਲ ਦਾ ਲੰਬਰਦਾਰ ਸੀ।

2) ਸੰਗਾਰਾ ਸਿੰਘ—ਇਹ ਪਹਿਲਾਂ ਸ਼ੇਖੂਪੁਰਾ ਪੱਛਮੀ ਪੰਜਾਬ ਤੇ ਫਿਰ ਕਰਨਾਲ ਵਕਾਲਤ ਕਰਦੇ ਹਨ।



ਬਖਤੂ
ਮਸੰਦ
ਨਵੱਲਾ
ਬਾਘ ਮੱਲ
ਬਾਹੜ ਮੱਲ
ਸਾਹਿਬ ਸਿੰਘ
ਪਹੂ ਮੱਲ
ਸ਼ਮੀਰ ਸਿੰਘ
ਦਲ ਸਿੰਘ
ਫਤਹਿ ਚੰਦ
ਸੁਹਨ ਸਿੰਘ
ਮੁਹਰ ਸਿੰਘ
ਕੇਸਰ ਸਿੰਘ
ਸੰਤਾ ਸਿੰਘ
ਅਮਰ ਸਿੰਘ
ਤਖਤ ਸਿੰਘ
ਵਿਰਸਾ ਸਿੰਘ
ਕਰਤਾਰ ਸਿੰਘ
ਕੰਧਾਰਾ ਸਿੰਘ
ਦਾਨ ਸਿੰਘ
ਸੰਤੋਖ ਸਿੰਘ
ਬਲਦੇਵ ਸਿੰਘ
ਸੁੱਚਾ ਸਿੰਘ
ਧਾਰਾ ਸਿੰਘ
ਅਨੂਪ ਸਿੰਘ
ਪ੍ਰੇਮ ਸਿੰਘ
ਪ੍ਰਤਾਪ ਸਿੰਘ
ਠੱਬਾ ਸਿੰਘ
ਮੂਲਾ ਸਿੰਘ
ਹੀਰਾ ਸਿੰਘ
ਦਜਾਰਾ ਸਿੰਘ
ਹਰੀ ਸਿੰਘ
(ਸਲਪਾਨੀ ਜ਼ਿਲ੍ਹਾ ਕੁਰਕਸ਼ੇਤਰ)
ਸ਼ਿੰਗਾਰਾ ਸਿੰਘ
ਭਗਤ ਸਿੰਘ
ਹਰਨਾਮ ਸਿੰਘ

ਪਿੰਡ) ਪੜ੍ਹੀ । ਫਿਰ ਮਾਡਲ ਸਕੂਲ ਖਾਨਗਾਹ ਡੋਗਰਾਂ ਜ਼ਿਲ੍ਹਾ ਗੁਜਰਾਂਵਾਲਾ ਵਿੱਚ ਮਿਡਲ ਪਾਸ ਕਰਕੇ 1917 ਵਿੱਚ ਫੌਜ ਵਿੱਚ ਭਰਤੀ ਹੋ ਗਿਆ । ਉਹਨਾਂ ਦਿਨਾਂ ਵਿੱਚ ਜ਼ਬਰੀ ਭਰਤੀ ਹੁੰਦੀ ਸੀ। ਇਸ ਦੇ ਦਾਦਾ ਦੇ ਭਾਈ ਸ: ਵੀਰ ਸਿੰਘ ਨੰਬਰਦਾਰ ਨੂੰ ਮਜ਼ਬੂਰ ਕਰਕੇ ਕਰਤਾਰ ਸਿੰਘ ਭਰਤੀ ਕੀਤਾ ਗਿਆ । 1918-19 ਈ: ਵਿੱਚ ਪਹਿਲੇ ਮਹਾਂ ਯੁੱਧ ਦੀ ਜੰਗ ਬੰਦੀ ਹੋਣ ਕਰਕੇ ਘਰ ਆ ਕੇ 1919 ਈ: ਵਿੱਚ ਗੌ: ਨਾਰਮਲ ਸਕੂਲ ਗੁਜਰਾਂਵਾਲਾ ਵਿੱਚ ਜੇ.ਵੀ. ਪਾਸ ਕਰਨ ਲਈ ਦਾਖਲ ਹੋਇਆ ਪਰ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਦਾ ਕਾਂਡ ਹੋ ਗਿਆ। ਸਰਕਾਰੀ ਦਹਿਸ਼ਤ ਫੈਲ ਗਈ । ਭਾਈ ਮੂਲ ਸਿੰਘ, ਕਰਤਾਰ ਸਿੰਘ ਝੱਬਰ ਅਤੇ ਅਨੇਕਾਂ ਵੱਡੇ ਆਗੂ ਅਤੇ ਲੋਕ ਜੇਹਲਾਂ ਵਿੱਚ ਡੱਕੇ ਗਏ । ਸਕੂਲ ਬੰਦ ਕੀਤੇ ਗਏ । ਮੁੱਖ ਅਧਿਆਪਕਾਂ ਤੇ ਕਿਹਾ ਸਭ ਘਰੋ ਘਰੀਂ ਚਲੇ ਜਾਓ । ਜਦੋਂ ਅਮਨ ਚੈਨ ਹੋਵੇਗਾ ਤਾਂ ਇਤਲਾਹ ਦਿੱਤੀ ਜਾਏਗੀ ।

ਸਾਰਾ ਗੁਜਰਾਂਵਾਲਾ ਸੁੰਨਸਾਨ ਪਿਆ ਹੋਇਆ ਸੀ । ਸਗੋਂ ਫੌਜ ਹਰਲ ਹਰਲ ਕਰਦੀ ਫਿਰ ਰਹੀ ਸੀ । ਸਟੇਸ਼ਨ ਸੜ ਰਿਹਾ ਸੀ । ਰੇਲਵੇ ਲਾਈਨ ਅਤੇ ਤਾਰਾਂ ਟੁਟੀਆਂ ਹੋਈਆਂ ਸਨ। ਮੈਂ ਗੁਜਰਾਂਵਾਲਾ ਤੋਂ ਪੈਦਲ ਦੋ ਦਿਨਾਂ ਵਿੱਚ ਆਪਣੇ ਪਿੰਡ ਚੱਕ ਜੋਦ ਨੰ: 16 ਪਹੁੰਚਿਆ ।

1947 ਤੋਂ ਪਿਛੋਂ ਪਿੰਡ ਸਪਲਾਣੀ ਥਾਨੇਸਰ ਦੇ ਨੇੜੇ ਹੀ ਹੋਣ ਕਰ ਕੇ ਲੋਕਲ ਗੁਰਦੁਆਰਾ ਕਮੇਟੀ ਦਾ ਮੈਂਬਰ ਤੇ ਤੇ ਵਾਈਸ ਪ੍ਰੈਜ਼ੀਡੈਂਟ ਰਿਹਾ । ਏਸੇ ਸਮੇਂ ਲਗਭਗ 30 ਆਦਮੀਆਂ ਨੇ ਇਕੱਠੇ ਹੋਕੇ ਗੁਰੂਦੁਆਰਾ ਸਾਹਿਬ ਨਾਲ ਢਾਈ ਕਿੱਲੇ ਥਾਂ ਰਲਾਈ ਅਤੇ ਨਗਰ ਪਾਲਿਕਾ ਤੋਂ ਮਨਜ਼ੂਰੀ ਲੈ ਕੇ ਦੀਵਾਰ ਬਣਾਈ। ਪੰਜਾਬੀ ਸੂਬੇ ਦੇ ਮੋਰਚੇ 'ਚ ਰੋਹਤਕ ਜੇਹਲ 'ਚ ਰਿਹਾ ।

ਚਿੱਠੀ ਦੇ ਹਵਾਲੇ ਨਾਲ (ਸੰਪਾਦਕ)




1. ਅਜੈ ਮਲ ਦੀ ਔਲਾਦ ਕੜਯਾਲ ਵਿਚ ਆਬਾਦ ਸੀ। ਹੁਣ ਕੁਝ ਠਸਕਾ ਮੀਰਾਂ ਜੀ ਅਤੇ ਕੁਝ ਬੂਟਾ ਸਿੰਘ ਦਾ ਘਰ ਅਸੰਧ ਵਿੱਚ ਹੈ।

2. ਵਿਧਵਾ ਮਾਸਟਰ ਕੇਸਰ ਸਿੰਘ ਵੜਾਇਚ, ਮੜਯਾਲਾ ਅਸੰਧ (ਕਰਨਾਲ)।


3. ਛੋਟੀ ਉਮਰ ਵਿੱਚ ਹੀ ਗੁਜ਼ਰ ਗਿਆ।

4. **ਮਾਸਟਰ ਕਰਤਾਰ ਸਿੰਘ** ਪੁੱਤਰ ਸ: ਹਰਦਿੱਤ ਸਿੰਘ ਪਿੰਡ ਚਕ ਜੈਦ ਨੰ: 16 ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਅਤੇ ਦੇਸ਼ ਵੰਡ 1947 ਤੋਂ ਪਿਛੋਂ ਪਿੰਡ ਸਪਲਾਣੀ ਜ਼ਿਲ੍ਹਾ ਕੁਰੂਕਸ਼ੇਤਰ ਨੇ 20-9-1977 ਨੂੰ ਇੱਕ ਚਿੱਠੀ ਗਿਆਨੀ ਜੀ ਨੂੰ ਲਿਖੀ ਸੀ। ਉਸ ਚਿੱਠੀ ਵਿੱਚ ਉਹਨਾਂ ਦੇ ਆਪਣੇ ਜੀਵਨ ਅਤੇ ਇਸ ਇਤਿਹਾਸ ਸਬੰਧੀ ਕੁਝ ਜਾਣਕਾਰੀ ਹੈ ਜੋ ਏਥੇ ਦੇਂਦੇ ਹਾਂ।

ਆਪ ਦੀ ਮੁੱਢਲੀ ਪੜ੍ਹਾਈ ਪਿੰਡ ਕੜਯਾਲ ਬਾਗਾਂ ਵਾਲੀ ਅਤੇ ਪਿੰਡ ਫੂਲਰ ਵੰਨ (ਕੁਲਵੰਤ ਸਿੰਘ ਵਿਰਕ ਦਾ



1. ਰੰਜੀਤ ਸਿੰਘ ਐਮ.ਏ.ਬੀ.ਟੀ. ਹੈਡ ਮਾਸਟਰ ਸਕੂਲ ਧਨੌਲਾ ਜ਼ਿਲ੍ਹਾ ਸੰਗਰੂਰ, ਮੁਤਬੰਨਾ ਫੌਜਾ ਸਿੰਘ ਪੁੱਤਰ ਲਾਲ ਸਿੰਘ



1. ਪਿੰਡ ਵਾਲੇ ਸ਼ਜਰੇ ਵਿੱਚ ਇਹ ਵਾਧੂ ਨਾਮ ਮਾਲੂਮ ਹੁੰਦਾ ਹੈ ਮੇਰੇ ਵਿਚਾਰ ਅਨੁਸਾਰ ਠੀਕ ਨਹੀਂ।

ਭਾਈ ਜੀਵਨ ਸਿੰਘ (ਨਿਰਮਾਤਾ ਇਤਿਹਾਸ ਵਿਰਕਾਂ) (ਕੁਰਸੀ ਨਾਵੇਂ ਵਾਸਤੇ ਵੇਖੋ ਪੰਨਾ 328)

ਬਾਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਨਿ"

ਜਿ ਸਤਿਗੁਰ ਭਾਵੈ ਸੁ ਮੰਨਿ ਲੈਣ ਸੇਈ ਕਰਮ ਕਰੇਨਿ" ਸਲੋਕ ਮ : 3) (951)

ਅਰਥਾਤ : ਆਪਣੇ ਬਜ਼ੁਰਗਾਂ ਦੀਆਂ ਕਹਾਣੀਆਂ ਕੁਈ ਸਪੁਤ੍ਰ ਜਾਂ ਪੁਤ੍ਰ ਹੀ ਕਰਦੇ ਹਨ—(ਕਪੁਤ੍ਰਾਂ ਤੋਂ ਇਹ ਆਸ ਨਹੀਂ ਕੀਤੀ ਜਾਂਦੀ) ਉਹਨਾਂ ਵਿਚੋਂ ਜੋ ਗੁਰੂ ਨੂੰ ਗਲਾਂ ਚੰਗੀਆਂ ਲਗਦੀਆਂ ਹਨ ਸਿਖ ਮੰਨ ਲੈਂਦੇ ਹਨ ਅਤੇ ਉਹਨਾਂ ਤੇ ਅਮਲ ਕਰਦੇ ਹਨ—ਇਹੋ ਜਿਹਾ ਇਕ ਸਪੁਤ੍ਰ ਬਾਬੇ ਜੈਦ ਦੀ ਅੰਸ ਵਿਚੋਂ ਭਾਈ ਪ੍ਰੇਮ ਸਿੰਘ ਦੇ ਘਰ ਸ੍ਰੀ ਮਾਤਾ ਲਛਮੀ ਜੀ (ਚਾਹਲ ਗੋਤ ਪੇਕਾ ਪਿੰਡ ਨੂਰਪੁਰ) ਚਹਿਲਾਂ ਦੀ ਕੁਖੋਂ 2 ਦਸੰਬਰ 1902 ਈਸਵੀ ਨੂੰ ਪੈਦਾ ਹੋਇਆ ਜਿਸਦਾ ਨਾਮ ਜੀਵਨ ਸਿੰਘ ਰਖਿਆ—ਇਹਨਾਂ ਦੇ ਦਾਦਾ ਪੜਦਾਦਾ ਆਦਿ ਸਭ ਨਾਮ ਧਾਰੀਏ ਸਨ—ਕਈਆਂ ਨਾਮ ਧਾਰੀਆਂ ਨੇ ਉਦੋਂ ਅੰਗਰੇਜਾਂ ਨਾਲ ਮੁਖਾਲਫਤ ਹੋਣ ਕਾਰਨ ਵਿਆਹ ਨਹੀਂ ਸਨ ਕਰਵਾਏ ਮਤੇ ਫੜੇ ਜਾਈਏ ਤੇ ਮਗਰੋਂ ਟਬਰ ਰੁਲਦੇ ਨਾ ਫਿਰਨ—ਪੂਜਯ ਮਾਤਾ ਸ੍ਰੀ ਲਛਮੀ ਜੀ ਸਵੇਰੇ ਉਠ ਕੇ ਜਦ ਦੁਧ ਰਿੜਕਨ ਲਗਦੇ ਤਾਂ ਗੁਰਬਾਣੀ ਦਾ ਪਾਠ ਸ਼ੁਰੂ ਕਰ ਦਿਆ ਕਰਦੇ ਸਨ; ਜਿਨ੍ਹਾਂ ਦੀ ਰੀਸੇ ਹੋਰ ਵੀ ਕਈ ਆਂਢਣਾਂ ਗੁਆਂਢਣਾਂ ਪਾਠ ਕਰਨ ਲੱਗ ਪਈਆਂ—ਭਾਈ ਜੀਵਨ ਸਿੰਘ ਜੀ ਨੂੰ ਬਚਪਣ ਵਿਚ ਚਾਦੀ ਦੀ ਹਸੀ ਜਿਸਨੂੰ ਵਧਾਵਾ ਵੀ ਆਖਦੇ ਸਨ) ਗਲ ਪਾਈ ਗਈ ਜੋ ਸੱਤ ਸਾਲ ਦੀ ਉਮਰ ਵਿਚ ਖਾਲਸਾ ਸਕੂਲ ਦਾਖਲ ਹੋਣ ਸਮੇਂ ਉਤਾਰੀ ਗਈ" ਪਹਿਲੀ ਜਮਾਤ ਆਪ ਜੀ ਨੇ ਕੜਯਾਲ ਬਾਗਾਂ ਵਾਲੇ ਪੜੀ ਅਤੇ ਬਾਕੀ ਚਾਰ ਜਮਾਤਾਂ ਆਪਣੇ ਪਿੰਡ ਹੀ ਪਾਸ ਕੀਤੀਆਂ।

ਖਾਲਸਾ ਸਕੂਲ ਹੋਣ ਕਰਕੇ ਪ੍ਰਬੰਧਕਾਂ ਨੇ ਪੰਜਾਂ ਬਾਣੀਆਂ ਦਾ ਪਾਠ ਵੀ ਸਕੂਲ ਦੀ ਪੜ੍ਹਾਈ ਵਿਚ ਸ਼ਾਮਲ ਕਰ ਦਿਤਾ। ਇਕ ਸਾਲ ਜਦ ਗੁਰਬਾਣੀ ਦੀ ਸਾਲਾਨਾ ਪ੍ਰੀਖਿਆ ਹੋਈ ਤਾਂ ਉਸ ਵਿਚ ਇਹ ਹੇਠ ਲਿਖੇ ਪੰਜ ਸਜਣ ਕ੍ਰਮਵਾਰ ਉਤੀਰਣ ਹੋਏ :—

(1) ਵਸਨ ਸਿੰਘ ਪੁਤ੍ਰ ਲਾਲ ਸਿੰਘ ਵਾਸੀ ਕੜਯਾਲ ਬਾਗਾਂ ਵਾਲਾ

(2) ਜੀਵਨ ਸਿੰਘ ਪੁਤ੍ਰ ਪ੍ਰੇਮ ਸਿੰਘ ਵਾਸੀ ਚੱਕ ਜੈਦ

(3) ਭਗਵਾਨ ਸਿੰਘ ਪੁਤ੍ਰ ਤੇਜਾ ਸਿੰਘ ਵਾਸੀ ਚੱਬਾ ਸੰਧੂਆਂ

(4) ਟਹਿਲ ਸਿੰਘ ਚੀਮਾ ਵਾਸੀ ਚਕ ਜੈਦ

(5) ਸਰਧਾ ਸਿੰਘ ਗੀਰਥੀ ਵਾਸੀ ਚਕ ਜੈਦ


ਇਹਨਾਂ ਪੰਜਾਂ ਨੂੰ ਹੀ ਉਹਨੀਂ ਦਿਨੀਂ ਇੱਕ ਇੱਕ ਕ੍ਰਿਪਾਣ ਗਾਤਰੇ ਵਾਲੀ ਇਨਾਮ ਵਜੋਂ ਪ੍ਰਬੰਧਕਾਂ ਨੇ ਦਿੱਤੀ—ਇਹ ਹੀ ਉਪਰੋਕਤ ਨੰ: 2 ਭਾਈ ਜੀਵਨ ਸਿੰਘ ਵਿਰਕਾਂ ਦੇ 360 ਪਿੰਡਾਂ ਵਿਚੋਂ ਵਿਰਕ ਇਤਿਹਾਸ ਦਾ ਨਿਰਮਾਤਾ ਹੋਇਆ—ਹੋਣਹਾਰ ਬਿਰਵਾਨ ਕੇ ਚਿਕਨੇ ਚਿਕਨੇ ਪਾਤ—

ਆਪ ਜੀ ਦੀ ਸ਼ਾਦੀ ਸ੍ਰੀਮਤੀ ਹੁਕਮ ਕੌਰ ਪੁਤ੍ਰੀ ਈਸ਼ਰ ਦਾਸ ਪਿੰਡ ਸਾਨ ਚਕ ਨਾਲ ਮਿਤੀ 8 ਅਸੂ 1972 ਬਿ: ਨੂੰ ਹੋਈ। ਆਪ ਜੀ ਦਾ ਇਕ ਲੜਕਾ ਮੱਖਣ ਸਿੰਘ ਨਾਮੀ ਪੈਦਾ ਹੋਇਆ; ਜੋ ਦੇਸ਼ ਦੀ ਵੰਡ ਪਿਛੋਂ ਕੁਰੁਛੇਤ੍ਰ ਕਮਲੀ ਵਾਲੇ ਹਸਪਤਾਲ ਵਿੱਚ ਮਿਤੀ 20 ਮਘਰ ਸੰ 2004 ਬਿ: ਨੂੰ ਹੁਕਮ ਸਤਿ ਹੋ ਗਿਆ— ਇਕ ਲੜਕੀ ਕਰਤਾਰ ਕੌਰ ਸੀ ਜੋ ਜੈਮਲ ਸਿੰਘ ਪੁਤ੍ਰ ਲਧਾ ਸਿੰਘ ਨਾਲ ਵਿਆਹੀ ਗਈ। ਇਹ ਵੀ ਸ਼ਬਦੇ ਹੀ ਕਾਲਵਸ ਹੋ ਗਈ। ਉਸਦੀ ਸੰਤਾਨ ਮਰਦਾਨ ਖੇੜੇ ਵਿੱਚ ਹੈ।

ਆਪ ਜੀ ਨੂੰ ਇਤਿਹਾਸ ਲਿਖਨ ਵਲ ਪ੍ਰੇਰਨਾ ਗੁਰਪੁਰਵਾਸੀ ਭਾਈ ਸੁਚੇਤ ਸਿੰਘ ਚਕ ਜੈਦ ਵੱਲੋਂ ਮਿਲਦੀ ਰਹੀ। ਆਪ ਜੀ ਹੋਲੀ ਹੋਲੀ ਮਸ ਲਾ 'ਕੱਠਾ ਕਰਦੇ ਰਹੇ। ਦੇਸ਼ ਦੇ ਬਟਵਾਰੇ ਪਿਛੋਂ ਭਾਰਤ ਵਿਚ ਆ ਕੇ ਪਿੰਡ ਡਾਚਰ (ਡੇਰਾ ਵਰਨਾਂ) ਜ਼ਿਲਾ ਕਰਨਾਲ ਵਿਚ ਆਬਾਦ ਹੋ ਗਏ। ਇਤਿਹਾਸ ਦੀ ਖੋਜ ਜਾਰੀ ਰੱਖੀ ਤੇ ਵਿਰਕਾਂ ਦੇ ਦੋ ਥੰਮ ਬਾਬਾ ਜਾਊ ਅਤੇ ਬਾਬੇ ਬਛਰਾ ਦੇ ਬੰਸਾਂ ਦੇ ਕਾਫੀ ਕੁਰਸੀ ਨਾਮੇ ਸੰਕਲਤ ਕੀਤੇ, ਕਿੰਤੂ ਤੀਜੇ ਥੰਮ ਬਾਬੇ ਜੋਧਰ ਦੀ ਬੰਸ ਦਾ ਕੋਈ ਕੁਰਸੀ ਨਾਮ ਨਹੀਂ ਲੱਭਾ।

ਸੰਨ 1969 ਈ: ਨੂੰ ਸਬੱਬ ਨਾਲ ਲੇਖਕ ਇਕ ਆਨੰਦ ਕਾਰਜ ਤੇ ਜਲਮਾਣੇ ਗਿਆ। ਉਥੇ ਭਾ: ਦੀਵਾਨ ਸਿੰਘ ਖਾਹਰੇ ਨੇ ਆਖਿਆ ਕਿ ਭਾਈ ਜੀਵਨ ਸਿੰਘ ਡਾਚਰ ਤੇਨੂੰ ਮਿਲਣਾ ਚਾਹੁੰਦਾ ਹੈ। ਚੁਨਾਂਚਿਹ ਮੌਕਾ ਮਿਲਣ ਤੇ ਅਸੀਂ ਭਾਈ ਜੀ ਨੂੰ ਜਾ ਮਿਲੇ। ਗੁਰਸਿਖ ਦੇ ਦਰਸ਼ਨ ਹੋਏ। ਪੁਰਾਣੀ ਖਾਨਦਾਨੀ ਵਾਕਫੀਅਤ ਇਉਂ ਨਿਕਲ ਪਈ :—

(1) ਭਾਈ ਜੀਵਨ ਸਿੰਘ ਅਤੇ ਮੈਂ (ਗਿਆਨੀ ਜੀ) ਬਾਬੇ ਜੈਦ ਦੀ ਅੰਸ਼ ਦੇ ਹਾਂ।



1. ਸਿੱਖ ਮਿਸਲਾਂ ਵੇਲੇ ਇਹ ਪਿੰਡ ਦੇ ਨੰਬਰਦਾਰ ਸਨ।
2. ਇਹ ਤਿੰਨੇ ਗੁਰਮੁਖ ਬੜੇ ਪੱਕੇ ਨਾਮਧਾਰੀ ਸਨ।
3. ਭਾਈ ਜੀਵਨ ਸਿੰਘ ਜੀ ਨੇ ਬੜੀ ਕਠਿਨ ਘਾਲਣਾ ਘਾਲ ਕੇ ਅਤੇ ਬੇਅੰਤ ਮਾਇਆ ਖਰਚ ਕੇ ਵਿਰਕ ਇਤਿਹਾਸ ਸੰਬੰਧੀ ਮਸਾਲਾ ਇਕੱਠਾ ਕੀਤਾ। ਸੰਨ 1969 ਵਿੱਚ ਸੰਪਾਦਕ ਨਾਲ ਆਪ ਜੀ ਨੇ ਇਤਿਹਾਸ ਸੰਬੰਧੀ ਵਿਚਾਰ ਕਰਨ ਉਪਰੰਤ ਸੰਪਾਦਨ ਦੀ ਸੇਵਾ ਬਖਸ਼ੀ।
4. ਇਹ ਗੁਰਸਿੱਖ ਥੋੜੇ ਦਿਨ ਬੀਮਾਰ ਰਹਿ ਕੇ ਕੁਰਕਸ਼ੇਤਰ ਹਸਪਤਾਲ ਵਿੱਚ 20 ਮੱਘਰ 1947 ਨੂੰ ਚਲਾਣਾ ਕਰ ਗਏ।

ਲੱਹੇ ਦੇ ਕੰਡੇ ਮੈਨੂੰ ਚੰਬੜੇ ਅਜਿਹੇ ਆ ਕੇ,
ਜਿਉਂ-2 ਲਾਂਹਵਾ ਮਗਰੋਂ ਲਹਿੰਦੀਆਂ ਨਹੀਂ ਔਕੜਾਂ।

ਮਾਸ ਮਾਸ ਛੱਡਿਆ ਨਾ ਛੱਡੀ ਰਤਾ ਰਤ ਮੇਰੀ,
ਹੋਰ ਮੈਨੂੰ ਦੱਸੋ ਕੀਹ ਕਹਿੰਦੀਆਂ ਨੇ ਔਕੜਾਂ।

ਸਰਫ਼ ਕਿਉਂ ਹਰਾਸਿਆ ਰੱਬ ਉੱਤੇ ਰੱਖ ਡੋਰੀ,
ਸਦਾ ਨਾਲ ਕਿਸੇ ਦੇ ਨਾ ਰਹਿੰਦੀਆਂ ਨੇ ਔਕੜਾਂ।

ਜੀਵਨ ਸਿੰਘ

5) **ਭਾਈ ਮਿਹਰ ਸਿੰਘ ਜੀ**—21 ਫਰਵਰੀ ਸੰਨ 1924 ਨੂੰ ਪਹਿਲਾਂ 500 ਸਿੰਘਾਂ ਦਾ ਜੱਥਾ ਜੈਤੋਂ ਟਿਬੀ ਸਾਹਿਬ ਪੁਜਦਿਆ ਹੀ ਗੋਲੀ ਚਲਣੀ ਸ਼ੁਰੂ ਹੋ ਗਈ, ਜਿਸ ਨਾਲ 100 ਸਿੰਘ ਸ਼ਹੀਦ ਅਤੇ 200 ਫਟੜ ਹੋ ਗਏ।

ਉਸੇ ਰਾਤ ਭਾਈ ਮਿਹਰ ਸਿੰਘ ਵਾਲਾ ਜੱਥਾ ਗੱਡੀ ਤੇ ਚਾੜ ਰਿਵਾੜੀ ਛੱਡ ਆਏ। ਮਿਹਰ ਸਿੰਘ ਹੋਰੀਂ ਮੁਕਤਸਰ ਆਏ। ਤਿੰਨ ਚੇਤ੍ਰ ਨੂੰ ਗੁਰਦਵਾਰਾ ਭਾਈ ਫੇਰੂ ਤੋਂ 2 ਸਾਲ ਦੀ ਕੈਦ ਹੋ ਕੇ ਮੁਲਤਾਨ ਜੇਹਲ ਭੇਜ ਦਿੱਤੇ ਗਏ। (ਗਿਆਨੀ ਜੀ)

(2) ਭਾਈ ਜੀਵਨ ਸਿੰਘ ਜੀ ਦੀ ਭੂਆ ਬਦੋਰਤੇ ਭਾਗ ਸਿੰਘ ਚੀਮੇ ਵੱਲ ਵਿਆਹੀ ਹੋਈ ਸੀ। ਇਹੋ ਭਾਗ ਸਿੰਘ ਜੀ ਮੇਰੇ ਪਿ ਭਾ: ਉਸਨਾਕ ਸਿੰਘ ਜੀ ਦੇ ਮਾਮਾ ਸਨ।

(3) ਭਾਈ ਜੀਵਨ ਸਿੰਘ ਜੀ ਦੀ ਭੂਆ ਦੀ ਧੀ, ਮਾਤਾ ਧਰਮ ਕੌਰ ਸ਼ੇਖੂਪੁਰੇ ਬਾਪੂ ਲਾਭ ਸਿੰਘ ਹੰਜਰਾ ਵੱਲ ਵਿਆਹੀ ਹੋਈ ਸੀ ਜਿ ਦੀ ਪੁਤ੍ਰੀ, ਸੁਰਗਵਾਸੀ ਹਰਨਾਮ ਕੌਰ ਮੇਰੀ ਪ੍ਰਥਮ ਅਰਧਾਂਗਨੀ ਜੋ ਅਗਸਤ 1937 ਵਿਚ ਹੁਕਮ ਸਤਿ ਹੋ ਗਈ ਸੀ।

ਕਹਿੰਦੇ ਨੇ ਦਿਲ ਮਿਲਣ ਨੂੰ ਦੇਰ ਨਹੀਂ ਲੱਗਦੀ; ਆਪ ਜੀ ਨੇ ਨਿਰਛਲ ਹਿਰਦੇ ਨਾਲ ਆਪਣਾ ਸਠ ਸਾਲ ਦਾ ਇਤਿਹਾਸਕ ਸਰਮਾਇਆ ਮੈਨੂੰ ਹੌਲੀ ਹੌਲੀ ਭੇਜਣ ਦਾ ਬਚਨ ਦਿੱਤਾ ਅਤੇ ਉਹ ਆਪਣਾ ਬਚਨ ਹੁਣ ਤਕ ਪਾਲ ਰਹੇ ਹਨ। ਆਪ ਜੀ ਦੀ ਆਯੂ 10 ਫਰਵਰੀ 1976 ਤਕ ਪੂਰੇ 74 ਸਾਲ ਦੀ ਹੋ ਚੁਕੀ ਹੈ। ਅਜੇ ਗੁਰੂ ਮਹਾਰਾਜ ਦੇ ਘਰੋਂ ਆਸ ਹੈ ਕਿ ਆਪ ਜੀ ਮੈਨੂੰ ਅਗਵਾਈ ਬਖਸ਼ਦੇ ਰਹਿਣਗੇ ਤਾਂ ਜਦ ਉਹਨਾਂ ਦੀ ਮਿਹਨਤ ਫਲੀ ਭੂਤ ਹੋਵੇ ਤਾਂ ਮੈਂ ਵੀ ਫਖਰ ਨਾਲ ਸਿਰ ਉਚਾ ਕਰ ਸਕਾਂਗਾ। ਗੁਰੂ ਮਿਹਰ ਕਰੇ।

ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ (ਆਸਾ ਸ਼ੇਖ ਫਰੀਦ)

ਉਕਤ ਭਾਈ ਜੀਵਨ ਸਿੰਘ ਜੀ ਆਪਣੀ ਜ਼ਿੰਦਗੀ ਦੀਆਂ ਕੁਝ ਗੱਲਾਂ ਇਸ ਤਰ੍ਹਾਂ ਅੰਕਤ ਕਰਦੇ ਹਨ :—

"ਅਜ 28 ਪੁਹ 2019 ਬਿ: ਨੂੰ, ਜਦ ਮੈਂ ਇਹ ਕਾਪੀ ਲਿਖਣੀ ਸ਼ੁਰੂ ਕੀਤੀ ਭਾਵੇਂ ਸਾਰੀ ਉਮਰ ਸੁਖ ਦਾ ਸਾਹ ਨਹੀਂ ਮਿਲਿਆ, ਇਸ ਸਮੇਂ ਭੀ ਮੇਰੇ ਤੇ ਬੜਾ ਹੀ ਭਿਆਨਕ ਕਸ਼ਟ ਵਾਪਰ ਰਿਹਾ ਹੈ। ਮੇਰੀ ਸਿੰਘਣੀ ਅੱਜ ਤੋਂ ਕਰੀਬਨ ਤ੍ਰੀਹ ਸਾਲ ਪਹਿਲੋਂ ਸੁਰਗਵਾਸ ਹੋ ਗਈ ਸੀ ਅਤੇ ਸੱਸ ਭੀ ਆਪਣਾ ਸਾਰਾ ਪ੍ਰਵਾਰ ਖਤਮ ਹੋਣ ਤੇ ਮੇਰੇ ਪਾਸ ਆਈ ਹੋਈ ਸੀ। ਦੋ ਲੜਕੇ ਤੇ ਇਕ ਲੜਕੀ ਪਹਿਲੇ ਮੇਰੀ ਸਿੰਘਣੀ ਦੇ ਜਿਉਂਦਿਆਂ ਹੀ ਗੁਜਰ ਚੁਕੇ ਸਨ। ਪੁੱਤ੍ਰ ਇੱਕ ਲੜਕਾ (ਮਖਨ ਸਿੰਘ) ਤੇ ਇਕ ਲੜਕੀ (ਕਰਤਾਰ ਕੌਰ) ਉਸ ਤੋਂ ਪਿਛੋਂ ਰਹਿ ਗਏ। ਉਹਨਾਂ ਨੂੰ ਮੇਰੀ ਸਸ ਪਾਲਦੀ ਰਹੀ। ਲੜਕਾ ਬਾਈ ਸਾਲ ਦਾ ਮਖਨ ਸਿੰਘ ਨਾਮੀ ਜਿਸਦੀ ਸ਼ਾਦੀ ਗੁਰਦਵਾਰਾ ਖਰਾ ਸੌਦਾ ਕੈਂਪ ਵਿੱਚ ਹੋਈ, ਉਹ ਕੁਰੁਛੇਤਰ ਕੈਂਪ ਵਿੱਚ ਸੁਰਗਵਾਸ ਹੋ ਗਿਆ, ਪਿਛੇ ਲੜਕੀ ਰਹਿ ਗਈ। ਫਿਰ ਪਿੰਡ ਡਾਚਰ ਆਏ ਤਾਂ ਮੇਰੀ ਲੜਕੀ ਅਤੇ ਜਵਾਈ (ਜੈਮਲ ਸਿੰਘ ਮਲਹੀ ਪਿੰਡ ਪੰਜ ਗਰਾਹੀਆਂ ਜ਼ਿਲਾ ਗੁਜਰਾਂਵਾਲਾ) ਮੇਰੇ ਕੋਲ ਰਹੇ। ਮੇਰੀ ਲੜਕੀ ਦੇ ਦੋ ਲੜਕੇ ਹੋਏ। ਇੱਕ ਚਾਰ ਸਾਲ ਦਾ ਤੇ ਇੱਕ ਡੇਢ ਸਾਲ ਦਾ। ਮਾਤਾ (ਚੀਚਕ) ਨਾਲ ਬੀਮਾਰ ਹੋ ਕੇ ਕਠੇ 3 ਦਿਨਾਂ ਵਿਚ ਗੁਜਰ ਗਏ।

ਹੁਣ ਜੇਠ ਦੇ ਮਹੀਨੇ 2019 ਈ: (ਗੁਰਪੁਰਬ ਗੁਰੂ ਅਰਜਨ ਦੇਵ ਵਾਲੇ ਦਿਨ) ਤ੍ਰਾਵੜੀ ਹਸਪਤਾਲ ਲੜਕਾ ਪੈਦਾ ਹੋਵਣ ਤੇ ਮੇਰੀ ਲੜਕੀ ਸੁਰਗਵਾਸ ਹੋ ਗਈ। ਪਿੱਛੇ ਉਸ ਦੇ ਦੋ ਲੜਕੇ ਤੇਨ ਲੜਕੀਆਂ ਛੋਟੇ ਛੋਟੇ ਰਹਿ ਗਏ। ਮੇਰੀ ਲੜਕੀ ਦੇ ਸੁਰਗਵਾਸ ਹੋਣ ਪਿੱਛੋਂ ਸਸ ਵੀ ਸੱਤ ਮਹੀਨੇ ਬੀਮਾਰ ਰਹਿ ਕੇ ਮਘਰ 2019 ਬਿ: ਨੂੰ ਸੁਰਗਵਾਸ ਹੋ ਗਈ।


ਇਹ ਬੜਾ ਕਸ਼ਟ ਦਾ ਸਮਾਂ ਸੀ, ਲੜਕੀ ਦਾ ਬਾਲ ਬੱਚਾ ਮੈਨੂੰ ਰੁਲਦਾ ਨਜ਼ਰ ਆ ਰਿਹਾ ਸੀ। ਮੇਰਾ ਜਵਾਈ ਸ਼ਰਾਬ ਪੀਣ ਅਤੇ ਮੇਰੀ ਜ਼ਮੀਨ ਤੇ ਕਾਬਜ਼ ਹੋਣ ਲਈ ਧੜੇ ਬਨਾ ਰਿਹਾ ਸੀ। ਜਿਸ ਤੋਂ ਮੈਨੂੰ ਇਹ ਭੀ ਖਤਰਾ ਰਹਿੰਦਾ ਸੀ ਕਿ ਮੈਨੂੰ ਕਿਧਰੇ ਜ਼ਮੀਨ ਹਾਸਲ ਕਰਨ ਲਈ ਕਤਲ ਨਾ ਕਰਵਾ ਦੇਵੇ। ਜਿਸ ਤੋਂ ਬਚਨ ਲਈ ਮੈਨੂੰ ਕਈ ਮੁਕਦਮੇ ਕਰਨੇ ਪੈ ਰਹੇ ਸਨ। ਹਰ ਦਮ ਸੋਚਾਂ ਤੇ ਫ਼ਿਕਰਾਂ ਵਿਚ ਸਮਾਂ ਗੁਜਰ ਰਿਹਾ ਸੀ। ਫਿਰ ਭੀ ਮਨ ਨੂੰ ਦੁਖਦਾਇਕ ਸੋਚਾਂ ਵੱਲੋਂ ਮੋੜਕੇ ਇਸ ਚਾਲੀ ਸਾਲ ਦੇ ਛੁਥੇ (ਸ਼ੁਰੂ ਕੀਤੇ) ਹੋਏ ਕੰਮ ਨੂੰ ਸਿਰੇ ਚਾੜ੍ਹਨ ਲਈ ਇਤਿਹਾਸ ਵਿਰਕਾਂ ਅਤੇ ਸਾਂਦਲਬਾਰ ਦੇ ਉਘੇ ਪੁਰਾਤਨ ਬਹਾਦਰ, ਧਰਮੀ, ਸੂਰਬੀਰਾਂ ਦੇ ਕਾਰਨਾਮੇ ਨੋਟ ਕਰਨੇ ਸ਼ੁਰੂ ਕਰ ਦਿੱਤੇ।"

ਇਸ ਤੋਂ ਅੱਗੇ ਆਪ ਜੀ ਆਪਣੀਆਂ (ਨਿਜੀ ਜਾਤੀ) ਔਕੜਾਂ ਦਾ ਵਰਨਣ ਪ੍ਰਸਿੱਧ ਕਵੀ ਸ਼ਰਫ ਦੇ ਸ਼ਬਦਾਂ ਵਿੱਚ ਇਉਂ ਕਰਦੇ ਹਨ :—

ਔਕੜਾਂ (ਕਬਿਤ)


ਨਿੱਕੇ ਨਿੱਕੇ ਵਹਿਣ ਆ ਕੇ ਡੋਬ ਦੇਂਦੇ ਜੀ ਮੇਰਾ,
ਬਣ ਬਣ ਹੰਝੂ ਅੱਖੋਂ ਵਹਿੰਦੀਆਂ ਨੇ ਔਕੜਾਂ।
ਵੇਖ ਲੋਕੋ ਸੜਨ ਲੱਗੀ ਪੈਲੀ ਮੇਰੀ ਮੀਂਹ ਵਿਚ,
ਗੜੇ ਵਾਂਗ ਸਧਰਾਂ ਤੇ ਢਹਿੰਦੀਆਂ ਨੇ ਔਕੜਾਂ।
ਆਉਂਦੀ ਏ ਹਨੇਰੀ ਤੇ ਕਲੇਜੇ ਹੂਕ ਉਠਦੀ ਏ,
ਆ ਆ ਮੇਰੇ ਸਾਹਵੇਂ ਜਦੋਂ ਬਹਿੰਦੀਆਂ ਨੇ ਔਕੜਾਂ।

ਵਿਰਕ......ਕੜਯਾਲ/333




[1] ਭਾਈ ਜੀਵਨ ਸਿੰਘ ਜੀ ਦੇ ਅਨੁਸਾਰ ਨਾਮ ਡਫਰ ਹੈ।


[2] ਗੁਰਚਰਨ ਸਿੰਘ - ਫੁਟਬਾਲ ਕੋਚ ਜੇ.ਟੀ.ਸੀ. ਮਿਲ ਫਗਵਾੜਾ।



* ਇਹ ਨਾਮ ਭਾਈ ਜੀਵਨ ਸਿੰਘ ਜੀ ਖੋਜ ਅਨੁਸਾਰ ਦਰਜ ਕੀਤੇ ਹਨ




1. ਭਾਈ ਜੀਵਨ ਸਿੰਘ ਜੀ ਅਨੁਸਾਰ ਇਸ ਦਾ ਨਾਂ ਜਨਪਤ ਹੈ।
2. ਇਸ ਦੀ ਅੰਸ ਲੌਂਗੋਵਾਲ ਜ਼ਿਲ੍ਹਾ ਸੰਗਰੂਰ ਵਿੱਚ ਹੈ।




1. ਭਾਈ ਜੀਵਨ ਸਿੰਘ ਜੀ ਅਨੁਸਾਰ ਇਹ ਪਤੀ ਦਰਜ ਕੀਤੀ।

2. ਭਾਈ ਜੀਵਨ ਸਿੰਘ ਦੀ ਖੋਜ ਅਨੁਸਾਰ ਨਾਮ ਪਾਏ ਗਏ।



ਭਾਈ ਜੀਵਨ ਸਿੰਘ ਅਨੁਸਾਰ :—1. ਨਾਮ ਭਾਗ ਸਿੰਘ ਹੈ । 2. ਨਾਮ ਜਵਾਹਰ ਸਿੰਘ ਹੈ । 3. ਪ੍ਰਸਿੱਧ ਸਰਦਾਰ ਗੁਲ ਬ ਸਿੰਘ ਜੀ ਐਮ. ਐਲ. ਸੀ. ਲਾਇਲਪੁਰ । 4. ਪ੍ਰਸਿੱਧ ਭਾਈ ਪਾਰਾ ਸਿੰਘ ਆਪਣੇ ਸਮੇਂ ਵਿੱਚ ਟੁਰਨੇ ਸਿਰ ਮਨੁੱਖ ਸਨ ਇਹਨਾਂ ਨੂੰ ਦਿਨ ਦੀਵੀਂ ਕਤਲ ਕਰ ਦਿੱਤਾ ਗਿਆ ਸੀ ।



1. ਭਾਈ ਜੀਵਨ ਸਿੰਘ ਜੀ ਅਨੁਸਾਰ ਨਾਮ ਦੀਵਾਨ ਸਿੰਘ ਹੈ ।

he was re-elected for the second term for three years. Next he was elected unopposed for the third term. Thus he remained the member of the assembly for ten years (1919–1929).

He was a staunch member of the Swarajist party led by Pandit Moti Lal Nehru. In appreciation of the services rendered to the nation in the freedom movement by S. Gulab Singh Virk a special appeal was published in the newspapers of Puujab by Pandit Moti Lal Nehru to support his election to the council of State to strengthen the hands of Sawarajist party.

During his tenure in the Central Lagislative Assembly he always sat on the opposition benches and advocated dauntlessly for the achievement of self Govt in India.

S. Gulab Singh was very keenly interested in female education, which was not given any importance at that time. He educated his own daughters at Lahore for higher education. His children were all very highly education. The daughters were all graduates and post. Graduates and one of them was even sent to London for Ph.D. It was mainly through his efforts that he got a resolution passed in the legislative assembly that the first Govt. College for women, the famous Lahore College for women was started.

It was emphasized by him that the hand that rocks the cradle rules the world. This highly impressed the other members who all voted for it.

During his tenure of legislative assembly in 1923 he led the famous Jatio Morcha to help Maharaja Ripu Daman Singh of Nabha. This morcha was organised against the foreign opression and supression of the patriotic awakening in the country. Pandit Jawahar Lal Nehru also visited Jaito at that time.

In 1929 S. Gulab Singh took the initiative to visit England to convince the British rulers about the importance of inviting Mahatma Gandhi to join and take part in the second round table conference, He was successful in his mission. He had a very strong hold on the rural and urban population of West Punjab in general and on his own famous Virk clan in particular. He got many Virk youths educated and fixed them up in civil and military services. He had been a member of Finance Committee, Govt. of India.

His house in Lyallpur was like a guest house for all villagers. They were welcomed and they enjoyed the generous hospitality. The sick were shown to the doctors. They were helped for their court cases.

After the partition he shifted to Patiala where his highness appointed him a member of the Refugee Rehabilitation Committee. He helped many of the refugees to settle down in Patiala State. His two sons S. Harcharan Singh and S. Harbans Singh shifted to Delhi.

S. Gulab Singh Virk was very secular in his outleok in life & had numerous close friends amongst all religions, castes and creeds. His favourite verse in Persian inscripted on the uppermost storey wall of his residential house can still be seen in Layalpur.

1. **ਪਾਖਰ** :—ਇਹ ਮਰਾਲੀ ਦਾ ਪੁੱਤਰ ਸੀ । ਇਹ ਆਪਣੇ ਤਾਏ ਜੰਦ ਵਾਂਗੂ ਬੜਾ ਨਾਮ ਬਾਣੀ ਦਾ ਪਿਆਰਾ ਸੀ ਤੇ ਬਾਬੇ ਜੰਦ ਦੇ ਮਗਰੋਂ ਇਹ ਬੜਾ ਕਰਨੀ ਵਾਲਾ ਹੋਇਆ ਤੇ ਇਸ ਨੂੰ ਪਾਖਰ ਪੀਰ ਕਰਕੇ ਲੋਕੀਂ ਸਤਿਕਾਰਿਆ ਕਰਦੇ ਸਨ ।

2. ਇਸ ਤੋਂ ਮਾਲੀਆ ਨਾ ਵਸੂਲ ਹੋਣ ਤੇ ਸਰਕਾਰੀ ਅਹਿਦੀਏ ਠਬੂਰਾਂ ਮਾਰਨ ਲੱਗੇ—ਉਹ ਨਾ ਵੱਜੀਆਂ—ਤੇ ਇਸ ਨੂੰ ਫੜ ਕੇ ਲਾਹੌਰ ਲੈ ਗਏ—ਫਿਰ ਉਥੋਂ ਛੱਡ ਦਿੱਤਾ ।

3. 'ਪਾਖਰ ਦਾ ਚਕ' ਇਸ ਦਾ ਪਿੰਡ ਸੀ ਜਿਹੜਾ ਕਿ ਇਸ ਨੇ ਗੋਂਦਲਾਂ ਨੂੰ ਹਿੱਸੇ ਤੇ ਦਿੱਤਾ ਹੋਇਆ ਸੀ । ਜਿਸ ਤੇ ਮਗਰੋਂ ਉਹ ਕਾਬਜ਼ ਹੋ ਗਏ । ਪਾਖਰ ਦੇ ਨਾਮ ਤੇ ਉਥੇ ਮੇਲਾ ਲਗਿਆ ਕਰਦਾ ਸੀ ।

3. ਸਰਦਾਰ ਗੁਲਾਬ ਸਿੰਘ

ਨਗਰ ਕੜਯਾਲ ਦੇ ਸਿਖਾਂ ਵਿੱਚ ਸਭ ਤੋਂ ਪਹਿਲੇ ਉਤਮ ਵਿਦਵਾਨ, ਬਰਾਦਰੀ ਦੇ ਸਨਮਾਨਤ ਅਗਾਂਹ ਵਧੂ ਮਹਾਂਪੁਰਸ਼ ਹੋਏ ਹਨ । ਜਿਨ੍ਹਾਂ ਨੇ ਆਪਣੀ ਅਕਲ ਨਾਲ ਸਰਕਾਰੇ ਦਰਬਾਰੇ ਅਤੇ ਕੌਮ ਵਿਚ ਇਜ਼ਤ ਮਾਨ ਪ੍ਰਾਪਤ ਕੀਤਾ । ਫਿਰ ਲਾਇਲਪੁਰ ਜ਼ਮੀਨ ਹਾਸਲ ਕੀਤੀ । ਆਪ ਜੀ 10 ਸਾਲ ਐਮ. ਐਲ. ਏ. ਰਹੇ ।

ਇਕ ਸਮੇਂ ਬਹਾਲੀਕੇ ਸਟੇਸ਼ਨ ਨੇੜੇ ਵਿਰਕਾਂ ਨੂੰ ਜਰਾਇਮ ਪੇਸ਼ਾ ਕਰਾਰ ਦਿੱਤੇ ਜਾਣ ਦੀ ਮੁਖਾਲਫਤ ਵਿੱਚ ਜਲਸਾ ਹੋਇਆ । ਸਰਕਾਰ ਤੋਂ ਡਰਦਾ ਮਾਰਿਆ ਕੋਈ ਜਥੇ ਦੀ ਪ੍ਰਧਾਨਗੀ ਕਰਨ ਨੂੰ ਤਿਆਰ ਨਹੀਂ ਸੀ ਹੁੰਦਾ । ਮਗਰ ਸਰਦਾਰ ਗੁਲਾਬ ਸਿੰਘ ਨੇ ਉਸ ਵਕਤ ਗੱਜ ਵੱਜ ਕੇ ਪ੍ਰਧਾਨਗੀ ਕੀਤੀ ।

ਅਖੀਰ ਚੌਧਰੀ ਸਰ ਸ਼ਹਾਬੁਦੀਨ ਵਿਰਕ (ਝਾਮਕਾ) ਦੇ ਸਹਿਯੋਗ ਨਾਲ ਵਿਰਕਾਂ ਨੂੰ ਜਰਾਇਮ ਪੇਸ਼ਾ ਕਰਾਰ ਦਿੱਤੇ ਜਾਣ ਤੋਂ ਬਚਾਇਆ ਗਿਆ ।

ਸ: ਗੁਲਾਬ ਸਿੰਘ ਦੀ ਲੜਕੀ ਲਾਜ ਕੌਰ 279, ਸੈਕਟਰ 10, ਚੰਡੀਗੜ ਨੇ ਆਪਣੇ ਪਿਤਾ ਜੀ ਬਾਰੇ ਵੇਰਵੇ ਨਾਲ ਬਹੁਤ ਮਹੱਤਵਪੂਰਣ ਜਾਣਕਾਰੀ ਅੰਗਰੇਜ਼ੀ ਵਿੱਚ ਲਿਖ ਕੇ ਦਿੱਤੀ ਹੈ ਅਤੇ ਨਾਲ ਹੀ ਹੋਰ ਲਿਖਤਾਂ ਵੀ ਉਹਨਾਂ ਦੇ ਜੀਵਨ ਬਾਰੇ ਦਿੱਤੀਆਂ ਹਨ । ਵਿਰਕ ਲੋਕਾਂ ਦੇ ਜੀਵਨ ਨੂੰ ਬੜੇ ਸੋਹਣੇ ਸ਼ਬਦਾਂ ਵਿਚ ਉਲੀਕਿਆ ਹੈ ਉਹ ਉਦਾਂ ਹੀ ਇੰਗਲਿਸ਼ ਵਿਚ ਏਥੇ ਦਿੱਤੀਆਂ ਜਾ ਰਹੀਆਂ ਹਨ । ਇਸ ਨਾਲ ਇਸ ਪੁਸਤਕ ਦੇ ਮਿਆਰ ਨੂੰ ਉਚਤਾਂ ਮਿਲੇਗੀ ।

S. Gulab Singh Virk (1864-1953) was one of the most distinguished leaders of the Jat Sikh community of West Punjab. He was born in village Karyal Virkanda in Sheikhpura Districtof Punjab He was one of the first Jat Sikh graduate from Government College, Lahore. He was then appointed Headmaster of Sandewan High School, Quetta. Later he was promoted as Director of Education, Baluchistan.

He got a large tract of land in the newly developed canal colony in Lyallpur District, where he distinguished himself as a very enterprising coloniser and a progressive farmer.

Being very popular he soon became the President of the Municipal Committee and the Chairman of Lyallpur District Board. He was then appointed honorary Magistrate 1st Class.

He had a very keen interest in education and social reforms. He started 'Temperance Movement' to check the rising evil of Alcohol. When the Central Assembly was constituted in 1919 he was elected as a Member from West Punjab Sikh constituency. After three years

Among the prominent race horse owners of Lahore were Sardar Baldev Singh (India's first Defence Minister after partition). Sardar Sampuran Singh (the first Indian Deputy High Commissioner at Lahore). Sir Harinder Singh Brar Bans Bahadur, K.C.S.I., of Faridkot, Kunwar Manjit Inder Singh of Faridkot, Maharaj Partap Singh of Bhaini Sahib. Tika Jagtar Singh and Sodhi Kartar Singh of Anandpur Sahib.

Horse racing in places like Lyallpur, Sargodha and Montgomery was so popular that each of these towns had a race course. The government took a keen interest in improving the breeds of horses. It established stud farms, run by the Remount and Veterinary Deparment, in all the "horse-race districts" where thoroughbred English (TBE) and thoroughbred Australian (TBA) stallions, with good race records, were made available for "breeder Service". Such a facility encouraged the owners at private stud farms nnd also helped improve the quality of horses. The Remount and Veterinary Department also extended help to zamindars who were interested in breeding horses on farms allotted to them by the Government. The offsprings were procured by the army.

After partition, interest in horse racing declined perceptibly in Nort India. There is not a single race course in Punjab, Haryana, Himachal Pradesh and the Union Territory of Chandigarh. The old race courses at Patiala and Simla are now in a state of decay. Some of those who left Pakistan managed to bring their horses and introduced racing at Meerut and Delhi. Some even took their horses to Bombay and Calcutta. The standard of the Meerut and Delhi races was nothing compared to the Lahore races. Whereas the Meerut Race Club organised only gymkhana races the Delhi Race Club conducted both meeting and gymkhana races, but they were insignificant.

By and large, our interest in this sport has been on the wane since partition. It is a pity that there is not a single Government-run stud farm in Punjab. Only private enterprise has kept interest in horses alive. Sardar Harcharn Singh Brar (former Governor of Haryana) and Sardar Harbinder Singh Sidhu have their own well organisecd stud farms at Kotkapura (Faridkot) and Muktsar respectively. Lieut. Gen Vedalia (Retd). former Vice Chief of the Army Staff, too has his Qutab Stud Farm at Gadaipur Delhi. But private stud farms are only for the rich and the affluent.

(ਸ੍ਰ: ਗੁਲਾਬ ਸਿੰਘ ਲੜਕੀ ਦੀ ਲਾਜ ਕੌਰ, ਚੰਡੀਗੜ੍ਹ ਵਲੋਂ ਵਿਰਕ ਗੋਤ ਬਾਰੇ)

I being a member & daughter of the Virks, a Jat Sikh clan, do affirm that the people of this very important tribe of Punjab besides weaknesses like the human beings, are very virtuous people. It is one of the militant pastoral tribe of Punjab. Even for the camning for their livlihood it shows the strength of their character. They mostly lived in villages. Their staple diet was milk for which they always raised higher milk yielding cattle. They were always ready to acquire the superior kind of cattle from wherever & whichever means they could get it. Virks were also very good horsemen & took great pride in possessing well bred horses. Besides being generous & hospitable they were great source of help to their friends & relatives. While a real strong hold of Virk was in West Punjab area now known as Pakistan

"HAFZA GAR WASL SHAHI SULAH KUMBA KHAS OH AMM
BA MUSALMAN ALAH ALAH BA BRAHMAN RAM RAM"

ਹਾਫਜ਼ਾ ਗਰ ਵਸਲ ਸ਼ਾਹੀ ਸੁਲਾਹ ਕੁੰਬਾ ਖਾਸ ਔਹ ਆਮ
ਬਾ ਮੁਸਲਮਾਨ ਅੱਲਾਹ ਅੱਲਾਹ ਬਾ ਬ੍ਰਾਹਮਣ ਰਾਮ ਰਾਮ

Horse Racing at Lahore

(Tribune Sunday Reading)

Lieut-Col Pritam Singh Bhullar (retd) has been interested in horse breeding and recalls the days when Lahore, in Saandal Bar, was the centre of horse racing in North India and Punjab produced some of the finest horses in the country. After partition interest in horses and horse racing has greatly declined.

Horse racing was a popular pastime in pre-partition India. Owners of pedigreed race horses from all over the country used to collect at Calcutta, Bombay and Lahore (in Saandal Bar) to try out the pith of their horses at these major race centres. Races at Calcutta and Lahore were conducted under the Royal Calcutta Turf Club rules of racing and at Bombay under the Royal Western India Turf Club rules.

These race clubs organised both meetings and gymkhana races. The former were races of high standard with handsome prize money for the winner, ranging from Rs. 2,000 to Rs. 4,000 or even more depending on the class of horses, and the latter were races of comparatively lower standard with prize money of Rs. 500 or so for the winner. In the meetings, only the licenced jockeys were allowed to ride, whereas in the gymkhana races, horses could be ridden by young apprentices and gentlemen riders (owners).

In Saandal Bar, Lahore was the biggest centre of this kind of North India. At Lahore horse-lovers used to throng the race course on Sundays (during winter) when the meetings were held. Many of them used to travel a long distance from other cities, just to see the races. Sardar Gulab Singh Virk, a Member of Parliament from Lyallpur (now Faisalabad) used to catch the night train from Lyallpur to Lahore every Saturday to be in time for the Sunday race. Even the guard would miss Sardar Gulab Singh if he did not see him Saturday. People used to joke about his betting at the races. Whenever he was asked whether he had won or lost Sardar Gulab Singh would answer: "Baraber reh gia" (I have squared up).

The racing season reached the peak during the Christmas holidays, when important races like the Governor General's Cup (with higher prize money) attracted much bigger crowds.


all about. The young man narrated the whole story of his mother who had come personally to call him for his betrothal ceremony which had got very late as his presence was essential and had got very angry when he told her that he will come only after his morning duties with his master are completed. Nawab Sahib who had personally heard it all asked him "Then what did she say ? "She was so in anger and was muttering". I will see what State the Nawab Sahib is going to gift you for showing such great loyalty and attachment and losing a good alliances by being too much stubborn not to reach home for the betrothal ceremony". Nawab Sahib was pleased to hear all that and told him to go home and have his engagement ceremony performed and tell them all that the Nawab Sahib has gifted you the whole State of the vast area of land in Malwa around Jullundar on this happy occasion. This young man Jassa Singh named this area as Kapoorthala State after the name of benefactor, Nawab Kapoor Singh. His decendents also got ruling powers later on given to them by the British Govt.

The history of the Virks can not be complete without mentioning that even today the Virks have not lagged behind in any progressive activities than other Jat Sikh clans and tribes of Punjab. There are very many prominent educated figures today whom the Virks can be proud of.


there were a number of well known heads settled in East Punjab, Malwa also, possessing some large Estates like Manauli, Ghanauli, Bharat Garh etc. etc.

Records in the History reveal that Alexander the great when going back from India was attacked by the Virk Tribe who injured Alexander with a spear near Sangla in Shiekhupura district. This was one of the factors which forced the Greek army to hasten their withdrawal from India (This may be ascertained from some authentic historical records). Virks are also said to constitute the bulk of the Khalsa army during the rulership of Maharaja Ranjit Singh in Punjab.


Sir Shahabudin Virk speaker of the Punjab Legistative Assembly for a number of years before partition and a very prominent Punjubi Leader stated that "The Virks are the finest example of manhood. They are to be feared as enemies and endeared as friends. One of their famous ancestors Nawab Kapoor Singh was in possession of a big Estate of a vast area in East Punjab new in Ropar and Ambala & Jullundur district of Malwa. The title of Nawab Sahib was bestowed upon him by the Mughal regime. The famous family of Manouli Estate Jagirdar S. Umrao Singh Rais who died in April, 1979 very recently, were the direct decendents of Nawab Kapoor Singh. The story goes that Manauli walas had ruling powers in olden days but the British Govt., gave them a big Estate & Jagir in lieu of the ruling powers & thus ended smallers states and made it all a part of the British ruled territory, S. Umrao Singh was still addressed Nawab Sahib by numerous friends, associates and admirers. Nawab Sahib's impressive photo on horse back is found in their houses in a very prestigeous places. The anecdote goes that the state of Kapoorthala was gifted by Nawab Kapoor Singh to his personal attendant S. Jassa Singh who had shown great devotion & loyalty for his master. The story is narrated like this. This personal attendant of Nawab Sahib saw to the working routine of duties of Nawab Sahib every day. One moring when this lad was leaving his house to attend to his work, his mother stressed on her son that his betrothal ceremony of "ਛੁਆਰਾ ਲਗਣਾ ਹੈ" was taking place at 10 A.M. "The *lagees* with ਛੁਆਰਾ are coming and the relatives and friends have all been invited to attend this happy ceremony occasion & that he must return to the house soon and that this was a very good relationship. When every thing was ready at the house & the *lagees* & Bhaichara had all come to attend to the betrothal ceremony The boy concerned did not turn up. Necessary message from his house came one after another to call him but to no avail as the lad sent them back saying that "I am not free yet & will only come after finishing my morning duties. The mother feeling very agitated personally came to Nawab Sahib's residence and begged her son that the *lagees* the Bhaichara had been waiting too long and he must take leave and reach home at once otherwise the *lagees* will all conclude that you are not interested in this alliance and will return back without the (Shagan) betrothal ceremony. This lad had so much respect and devotion for his master that he told his mother "I don't come whether the engagement ceremony is delayed or cancelled but I refuse to come without finishing my duty as my master is not dressed yet At this the mother got passionate and went back grumbling and shouting at her son "I will see what State Nawab Sahib is going to gift you for losings uch a good alliance and showing so much loyalty. Immediately as this was going on, Nawab Sahib came out of the room and asked his attendant what it was




1. ਭਾਈ ਜੀਵਨ ਸਿੰਘ ਅਨੁਸਾਰ ਨਾਮ ਬਦਵੇਂਤ ਹੈ ।




1. ਕਈ ਥਾਈਂ ਨਾਮ ਕੇਵਲ ਦਲ ਸਿੰਘ ਹੈ। ਉਂਝ ਦਲ ਸਿੰਘ ਹੋ ਨਹੀਂ ਸਕਦਾ ਕਿਉਂ ਜੋ ਦਾਦੇ ਵਾਲਾ ਨਾਂ ਕੋਈ ਵੀ ਨਹੀਂ ਰਖਦਾ ਤੇ ਇਸ ਦੇ ਪੋਤਰੇ ਦਾ ਨਾਂ ਦਲ ਸਿੰਘ ਹੈ।
2. ਕਈ ਥਾਈਂ ਨਾਮ ਕੇਵਲ ਗੁਰ ਸਿੰਘ ਹੈ।
3. ਪ੍ਰਸਿੱਧ ਸੰਤਾ ਸਿੰਘ ਨੰਬਰਦਾਰ ਜੋ ਅਕਾਲੀ ਲਹਿਰ ਸਮੇਂ ਗੁਰਸਿੱਖੀ ਦਾ ਚੰਗਾ ਪ੍ਰਚਾਰ ਕਰਦੇ ਰਹੇ। ਇਹਨਾਂ ਦੀ ਸ਼ਪੁੱਤਰੀ ਬੀਬੀ ਦਾਤਾਰ ਕੌਰ ਸ: ਇਕਬਾਲ ਸਿੰਘ ਚੀਮੇ ਵੱਲ ਵਿਆਹੀ ਹੋਈ ਸੀ।
4. ਗੁਰਚਰਨ ਸਿੰਘ ਨੇ ਧਰਮ ਭਰਿਸ਼ਟ ਹੋ ਬਾਪ ਦਾ ਨਾਮ ਕਲੰਕਿਤ ਕੀਤਾ।




1. ਇਹ ਸਰਦਾਰ ਸੰਤ ਸਿੰਘ ਸਾਬਕਾ ਸਰਪੰਚ ਠਸਕੇ ਵਾਲੇ ਨੇ ਦਸਿਆ । ਪਾਖਰ ਨੂੰ ਮੁਗ਼ਲ ਬਾਦਸ਼ਾਹ ਪਕੜ ਕੇ ਲਾਹੌਰ ਜਹਾਂਗੀਰ ਬਾਦਸ਼ਾਹਾਂ ਦੇ ਪੇਸ਼ ਕੀਤਾ । ਉਸ ਦੇ ਹੁਕਮ ਕੀਤਾ ਕਿ ਇਸ ਨੂੰ ਦੇਗ ਵਿੱਚ ਪਾ ਕੇ ਉਬਾਲ ਦਿੱਤਾਂ ਸੀ । ਇਸ ਨੂੰ ਕੋਈ ਤਕਲੀਫ ਨਾ ਹੋਈ । ਇਸ ਦੇ ਬਚਾ ਵਾਸਤੇ ਪੀਰ ਪਲਹਨ ਸ਼ਾਹਾ ਆਪਣੇ ਖੂਵੇ ਵਿੱਚ ਕੁੱਦਣ ਨੂੰ ਫੇਰਦਾ ਸੀ । ਕਹਿੰਦਾ ਸੀ ਕਿ ਮੇਰਾ ਗੁਰਭਾਈ ਮੁਗਲ ਸਰਕਾਰ ਦੇਗ ਵਿਚ ਪਾ ਕੇ ਉਬਾਲ ਰਹੀ ਹੈ ਤੇ ਪਾਖਰ ਨੂੰ ਕੋਈ ਤਕਲੀਫ ਨਾ ਹੋਈ । ਫਿਰ ਜਹਾਂਗੀਰ ਨੇ ਪਾਖਰ ਨੂੰ ਪੀਰ ਕਹਿ ਕੇ ਸਿਰੋਪਾ ਦਿੱਤਾ । ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਅੰਗਰੇਜ਼ਾਂ ਦੀ ਫੌਜ ਨਾਲ ਲੜਦੇ ਰਹੇ । ਕਸ਼ਮੀਰਾ ਸਿੰਘ ਅਤੇ ਪਸ਼ੌਰਾ ਸਿੰਘ ਕੜਯਾਲ ਤੋਂ ਲੰਘੇ ਸਨ । ਕੜਯਾਲ ਦੇ ਸਿੰਘਾਂ ਰੋਟੀ ਵਾਸਤੇ ਕਿਹਾ ਤਾਂ ਅਗੇ ਚਲਦੇ ਰਹੇ ਕਿ ਵਕਤ ਨਹੀਂ ਤਾਂ ਫਿਰ ਕੜਯਾਲ ਦੀ ਸੰਗਤ ਨੇ ਖਾਨ ਗਾਂ ਰਹੇ ਡੋਗਰਾਂ ਦੇ ਪਾਸ ਜਾ ਕੇ ਲੰਗਰ ਛਕਾਇਆ । ਨੰਬਰਦਾਰ ਜਮੀਅਤ ਸਿੰਘ ਦਾ ਪੁਤਰ ਸੋਭਾ ਸਿੰਘ ਨੂੰ 3 ਸਾਲ ਦੀ ਕੈਦ ਕਟਨੀ ਪਈ । ਜਦ ਫੌਜਾਂ ਦੀ ਟਿਕਾ-ਟਕਾਈ ਹੋਈ ਫਿਰ ਸੋਭਾ ਸਿੰਘ ਨੂੰ ਬਰੀ ਕੀਤਾ ਗਿਆ :




1. ਇਹ ਨਾਮ ਭਾਈ ਜੀਵਨ ਸਿੰਘ ਜੀ ਅਨੁਸਾਰ ਹਨ ।



1. ਇਹ ਨਾਮ ਭਾਈ ਜੀਵਨ ਸਿੰਘ ਦੀ ਖੋਜ ਅਨੁਸਾਰ ਦਰਜ ਕੀਤੇ ਹਨ ।
2. ਇਸ ਤੋਂ ਜਾਪਦਾ ਏ ਕਿ ਚੂਹੜ ਸਿੰਘ ਦੀਆਂ ਦੋ ਪਤਨੀਆਂ ਸਨ । ਰਾਮ ਕੌਰ ਦੀ ਕੁਖੋਂ ਫਤਿਹ ਸਿੰਘ ਅਤੇ ਮਾਤਾ ਮਾਲਾਂ ਦੀ ਕੁਖੋਂ ਗੁਲਾਬ ਸਿੰਘ ਬੇਲਾ ਸਿੰਘ ਆਦਿ ਚਾਰ ਪੁੱਤਰ ਸਨ ।




1. **ਸੁੰਦਰ ਸਿੰਘ**—ਜੰਡਿਆਲਾ ਸ਼ੇਰ ਖਾਂ ਵਾਲੀ ਝਟਕਾ ਕਾਨਫਰੰਸ ਦੇ ਮੁਕਦਮੇ ਵਿਚ ਗਵਾਹਾਂ ਨੂੰ ਬਿਠਾਣ ਵਿਚ ਵਧ ਚੜ੍ਹ ਕੇ ਭਾਗ ਲਿਆ।
2. **ਗੁਰਬਚਨ ਸਿੰਘ**—ਇਹ ਵੀ ਜੰਡਿਆਲਾ ਝਟਕਾ ਕਾਨਫਰੰਸ ਦੇ ਝਗੜੇ ਵਾਲੇ ਮੁਕਦਮੇ ਵਿਚ ਸ਼ਾਮਲ ਸੀ।



1. ਬਾਬਾ ਸੂਹਨ ਸਿੰਘ
2. " ਸਾਹਿਬ ਸਿੰਘ
3. " **ਭਾਗ ਸਿੰਘ (ਬਾਗ ਮੱਲ)**

ਇਹ ਤਿੰਨੋਂ ਨਵਾਬ ਕਪੂਰ ਸਿੰਘ ਦੇ ਜਥੇ ਵਿਚ ਸ਼ਾਮਲ ਰਹੇ। (ਜਨਮ 1697, ਚਲਾਣੇ 1753 ਦੇ ਨੇੜੇ ਤੇੜੇ ਹੈ) ਕੁਰਸੀ ਨਾਵੇਂ ਵਾਸਤੇ ਇਹਨਾਂ ਦੀ ਪੁਸ਼ਤ 1730 ਵਿਚ ਸਿਧ ਹੁੰਦੀ ਹੈ।

(ਪਿਛਲੇ ਪੰਨੇ ਵਾਲੇ ਚੂਹੜ ਸਿੰਘ ਦੀ ਦੂਜੀ ਪਤਨੀ ਮਾਤਾ ਮਾਲਾਂ ਦੇ ਬੱਚੇ)



1. ਇਹ ਨਾਮ ਭਾਈ ਜੀਵਨ ਸਿੰਘ ਦੀ ਖੋਜ ਅਨੁਸਾਰ ਦਰਜ ਕੀਤੇ ਹਨ।


ਪਿੱਛੋਂ ਵੇਖਿਆ ਜਾਵੇਗਾ ਹਾਲੀਂ ਮੈਂ ਕਣਕ ਦਾ ਭਾਅ ਵਧਾਣਾ ਹੈ"—ਇਹ ਵੀ ਇਤਿਹਾਸ ਹੈ। ਭਾਵ ਇਤਿਹਾਸ ਲਿਖਣ ਲਿਖਾਉਣ ਵੱਲ ਸਾਡੀ ਕੌਮ ਦੀ ਖਿੱਚ ਘੱਟ ਹੈ। (ਜੀਵਨ ਵੇਰਵਾ ਅੱਗੇ ਵੇਖੋ)

5. **ਬੂਲ ਚੰਦ :**—ਇਸ ਨੇ ਆਪਣੇ ਨਾਮ ਤੇ ਪਿੰਡ ਬੂਲੇ ਦਾ ਕੱਟ ਨਜ਼ਦ ਚੱਕ ਜੈਦ ਜ਼ਿਲਾ ਗੁਜਰਾਂਵਾਲੇ ਆਬਾਦ ਕੀਤਾ ਅਤੇ ਆਪਣੇ ਦਾਦੇ ਪਾਖਰ ਪੀਰ ਦਾ ਅਸਥਾਨ ਬਣਵਾਇਆ। ਜਿਥੇ ਕਿ ਲੋਕ ਮੰਨਤਾ ਮੰਨਿਆ ਕਰਦੇ ਤੇ ਦੀਵੇ ਬਾਲਿਆ ਕਰਦੇ ਸਨ।

6. **ਭਗਤ ਸੁਹਨ ਸਿੰਘ**—ਇਹ ਬੜੇ ਧਾਰਮਕ ਬ੍ਰਿਤ ਮਹਾਂਪੁਰਸ਼ ਹੋਏ ਹਨ। ਇਹਨਾਂ ਦੀ ਮਾਲਕੀ ਕੱਟ ਬੂਲੇ ਵੀ ਸੀ। ਇਹਨਾਂ ਦਾ ਸਪੁੱਤਰ ਸ: ਬ: ਬੂਟਾ ਸਿੰਘ ਪ੍ਰਸਿੱਧ ਵਕੀਲ ਅਤੇ ਪੰਥ ਅਤੇ ਬ੍ਰਾਦਰੀ ਦੇ ਆਗੂ ਹੋ ਗੁਜ਼ਰੇ ਹਨ।

ਮਰਾਲੀ ਚੱਕ—ਮਰਾਲੀ ਵਲਦ ਬੂੜਾ ਦੀ ਅੰਸ ਨੇ ਵਸਾਇਆ। ਸੁੰਦਰ ਸਿੰਘ ਵਲਦ ਮੰਗਲ ਸਿੰਘ ਕੀ ਮਾਲਕੀ ਉਥੇ ਸੀ।

7. ਸੰਤ ਸਿੰਘ ਵਲਦ ਇੰਦਰ ਸਿੰਘ ਨੇ ਛਛਰੌਲੀ ਵਾਲਿਆ (ਮਾਲੇਕਿਆਂ) ਦੀ ਗੱਲਿਆਂ ਵਾਲੇ ਖੂਹ ਦੀ ਜ਼ਮੀਨ ਖਰੀਦੀ ਸੀ। (ਗਿਆਨੀ ਜੀ)
ਇਹ ਮੇਰਾ ਨਵਾਂ ਪਿੰਡ ਚਕ ਨੰ: 78 ਸਕੂਲ ਦਾ ਸਹਿਪਾਠੀ ਸੀ।




ਜ਼ਰੂਰੀ ਨੋਟ

ਘੁਚਲੀ ਤੋਂ ਝੰਡੀਰ 10 ਕਿੱਲੋ ਦੱਖਣ। ਝੰਡੀਰ ਤੋਂ ਅਗੇ ਤਿੰਨ ਕੋਹ ਚੱਕੀਆਂ ਰਾਵਾਂ ਦੀਆਂ। ਫੇਰ ਚੱਕੀਆਂ ਤੋਂ ਅੱਗੇ ਇਕ ਕੋਹ ਢੋਲਣ ਲਬਾਣਿਆ ਤੇ ਅਗੇ ਪਿੰਡ ਮਹੋ ਅਤੇ ਸ਼ੇਰਗੜ੍ਹ, ਮੁਸਲਮਾਨ ਵਿਰਕਾਂ ਦਾ, ਸ਼ੇਰਗੜ੍ਹ ਤੋਂ ਲਹਿੰਦੇ ਦਸ ਕਿੱਲੋ ਚੰਡਾਲੀ ਵਿਰਕਾਂ ਅਤੇ ਚੰਡਾਲੀ ਤੋਂ ਇਕ ਕੋਹ ਲਹਿੰਦੇ ਕਾਮੋਕੇ ਸੀ।

ਕਾਮੋਕੇ ਤੋਂ ਚੜ੍ਹਦੇ ਪਾਸੇ ਸਤ ਕੋਹ ਪਿੰਡ ਘੁਚਲੀ ਸੀ ਇਹ ਜ਼ਿਲਾ ਸ਼ੇਖੂਪੁਰਾ ਵਿਚ ਸੀ।

ਸੰਬੂਬਾਲਾ, ਰਾਜਾ ਵ ਤੰਬੋਲੀ, ਕੱਟਲੀ ਘੱਟੋ ਫੱਕਣੀ (ਵਿਰਕ ਤੇ ਚੀਮੇ) ਹੋਰ ਕੱਫਤੀ ਵਿਰਕਾਂ, ਰਾਵੀ ਕੰਢੇ ਵੱਡਾ ਪਿੰਡ ਸੀ . ਚੰਡ ਲੀ ਕੱਟ ਚੰਡਾਲਾ ਪਿੰਡ ਵੀ ਸੀ ਜਿਥੇ ਦਾ ਜ਼ੈਲਦਾਰ ਰਾਮਦਿਤਾ ਵਿਰਕ ਸੀ। ਅਗੋਂ ਸੁੰਦਰ ਸਿੰਘ ਜ਼ੈਲਦਾਰ ਦਾ ਅਰੂੜ ਸਿੰਘ ਮੌਜੂਦਾ ਮਲਕਪੁਰ ਨਜ਼ਦ ਸਮਾਨਾ ਮੰਡੀ।


ਪਿੰਡ ਕੜਯਾਲ ਅੰਗਰੇਜ਼ਾਂ ਵੇਲੇ 1847 ਈ: ਵਿੱਚ ਸੜਨ ਤੇ ਇਹ ਪਿੰਡ ਖਰੌਲੀਆਂ ਕੁਹਾੜ ਕੀਆਂ ਜ਼ਿ: ਸਿਆਲਕੋਟ ਜਾ ਵਸਿਆ, ਫਿਰ ਸਰਗੋਧੇ ਮੁਰੱਬਿਆਂ ਤੇ ਚਲੇ ਗਏ।




1. ਇਹ ਨਾਮ ਭਾਈ ਜੀਵਨ ਸਿੰਘ ਜੀ ਦੀ ਖੋਜ ਅਨੁਸਾਰ ਹਨ।
2. ਸ: ਬ: ਸ: ਬੂਟਾ ਸਿੰਘ ਜੀਵਨ ਹਾਲ ਅੱਗੇ ਵੇਖੋ।
3. ਇਹ ਫੌਜੀ ਡਾਕ ਵਿਭਾਗ ਵਿਚੋਂ ਬ੍ਰਿਗੇਡੀਅਰ ਰਿਟਾਇਰ ਹੋਏ। ਚਿਠੀ ਲਿਖਣ ਤੇ ਵੀ ਇਹਨਾਂ ਆਪਣੀ ਜੀਵਨੀ ਨਹੀਂ ਭੇਜੀ।
4. ਮੈਂ 10/3/77 ਨੂੰ ਇਹਨਾਂ ਦੀ ਸੇਵਾ ਵਿੱਚ ਹਾਜ਼ਰ ਹੋਇਆ ਤੇ ਮੰਤਵ ਦਸਿਆ ਤਾਂ ਆਪ ਜੀ ਨੇ ਫੁਰਮਾਇਆ "ਇਤਿਹਾਸ

(ਚਲਦਾ)

ਬੜਜਾਲ/355



1. ਸ਼ੱਕਲੀ—ਇਸਨੇ ਆਪਣੇ ਖੂਹ ਸ਼ਕੱਲੀ ਵਾਲੇ ਤੇ ਹੀ ਆਬਾਦੀ ਰੱਖੀ—ਛੇਵੀਂ ਪੁਸ਼ਤ ਤੱਕ ਇਕੋ ਇੱਕ ਰਿਹਾ—ਅੱਸ ਵਿਚ ਵਾਧਾ ਘਟ ਰਿਹਾ—ਦੇਸ਼ ਵੰਡ, 1947 ਪਿਛੋਂ ਖਿਲਰ ਕੇ ਬੈਠੇ ਹਨ।



ਸ: ਫਤਿਹ ਸਿੰਘ (ਪਿੰਡ ਕਾਲ ਜਿ: ਲਾਹੋਰ) ਪ੍ਰਸਿੱਧ ਕਾਲਿਆਂ ਵਾਲਾ ਸੰਨ 1807 ਈ: ਨੂੰ ਨਾਰਾਇਨਗੜ੍ਹ ਦੀ ਲੜਾਈ ਵਿਚ ਵੀਰਗਤੀ ਪਾ ਗਿਆ—ਉਸਦੇ ਨਿਸੰਤਾਨ ਹੋਣ ਕਾਰਨ ਉਸਦੀ ਘਰ ਵਾਲੀ ਮਾਈ ਦੇਸ਼ਾਂ ਨੇ ਉਪਰੋਕਤ ਦਲ ਸਿੰਘ[2] ਆਪਣਾ ਮੁਤਬੰਨਾ ਬਣਾ ਲਿਆ...ਸਵਰਗੀਯ ਸ: ਫਤਿਹ ਸਿੰਘ ਇਸ ਨੂੰ ਆਪਣਾ ਧਰਮ ਪੁੱਤਰ ਕਿਹਾ ਕਰਦਾ ਸੀ। ਮਹਾਰਾਜੇ ਨੇ ਫਤਿਹ ਸਿੰਘ ਦੀ ਜਾਗੀਰ ਦਲ ਸਿੰਘ ਨੂੰ ਦੇ ਦਿੱਤੀ।

1. ਸ: ਸਾਹਿਬ ਸਿੰਘ[1] ਨੂੰ ਸ: ਚੜ੍ਹਤ ਸਿੰਘ ਦੇ ਵੇਲੇ ਤੋਂ ਜਾਗੀਰ ਮਿਲੀ ਹੋਈ ਸੀ। ਉਸਦਾ ਪੁੱਤਰ ਹਕੂਮਤ ਸਿੰਘ ਤੇ ਪੋਤ੍ਰਾ ਕੌਰ ਸਿੰਘ ਵੀ ਸੁਕਰਚਕੀਆਂ ਨਾਲ ਰਹੇ ਕਿੰਤੂ ਪ੍ਰਸਿੱਧ ਕੇਵਲ ਦਲ ਸਿੰਘ ਹੀ ਹੋਇਆ। ਇਸ ਦੀ ਜੱਦੀ ਜਾਗੀਰ 68,000 ਰੁਪੈ ਦੀ ਅਤੇ ਸ: ਫਤਿਹ ਸਿੰਘ ਵਾਲੀ ਜਾਗੀਰ ਮਿਲਣ ਤੇ ਕੁਲ ਜਗੀਰ 3,50,000/- ਦੀ ਸਲਾਨਾ ਆਮਦਨ ਦੀ ਹੋ ਗਈ।


2. ਅਕਤੂਬਰ 1823 ਨੂੰ ਮਹਾਰਾਜਾ ਨੇ ਸਭ ਜਾਗੀਰਦਾਰਾਂ ਨੂੰ ਆਪਣੀਆਂ ਨਿਯਤ ਫੌਜਾਂ ਲੈ ਕੇ ਰੁਹਤਾਸ ਹਾਜ਼ਰ ਹੋਣ ਦਾ ਹੁਕਮ ਦਿੱਤਾ ਜਿਸ ਤੇ ਸ: ਦਲ ਸਿੰਘ ਆਪ ਤਾਂ ਪੁਜ ਗਿਆ ਮਗਰ ਨਿਯਤ ਫੌਜ ਨਾ ਲੈ ਜਾਣ ਕਰਕੇ ਮਹਾਰਾਜੇ ਨੇ ਦਰਬਾਰ ਵਿਚੋਂ ਕੱਢ ਦਿੱਤਾ। ਇਸ ਨਮੋਸ਼ੀ ਦਾ ਮਾਰਿਆ ਘਰ ਆ ਕੇ ਜ਼ਹਿਰ ਖਾ ਕੇ ਮਰ ਗਿਆ।


3. ਜਾਗੀਰ ਉਸ ਦੇ ਵਡੇ ਪੁੱਤਰ ਅਤਰ ਸਿੰਘ ਨੂੰ ਮਿਲੀ ਜੋ ਸੰਨ 1834 ਤੋਂ ਲਗ ਕੇ ਕਦੇ ਘਟਦੀ ਕਦੇ ਵਧਦੀ ਰਹੀ...ਸਤਲੁਜ ਯੁੱਧ ਵਿਚ ਇਹ ਖੁਦ ਸਾਮਲ ਸੀ, ਫੇਰੂ ਸ਼ਹਿਰ ਦੀ ਲੜਾਈ ਵਿੱਚ ਇਸ ਦਾ ਛੋਟਾ ਭਾਈ ਚਤਰ ਸਿੰਘ ਵੀਰ ਗਤੀ ਪਾ ਗਿਆ।

1. ਦਰਸ਼ਨ ਸਿੰਘ ਈਸਾਪੁਰ ਦਾ ਜਨਮ ਨਵੰਬਰ 1939 ਵਿਚ ਹੋਇਆ। 10 ਵਾਰ ਜੇਲ੍ਹ ਯਾਤਰਾ ਕੀਤੀ। 1962 ਤੋਂ 1971 ਤੱਕ ਅਕਾਲੀ ਦਲ ਦੇ ਪ੍ਰਾਪੇਗੰਡਾ ਸੈਕਟਰੀ ਬਣੇ। ਫਿਰ ਆਪ ਪਨਸਪ ਦੇ ਡਾਇਰੈਕਟਰ ਰਹੇ। ਹੁਣ ਪੰਜਾਬ ਹਾਊਸਿੰਗ ਬੋਰਡ ਦੇ ਚੇਅਰਮੈਨ ਹਨ, ਪਰ ਵਿਰਕ ਇਤਿਹਾਸ ਛਪਵਾਉਣ ਅਤੇ ਨਵਾਬ ਕਪੂਰ ਸਿੰਘ.ਭਵਨ ਲਈ ਪੰਜਾਬ ਵਿਚ ਕਿਤੇ ਇਕ ਪਲਾਟ ਹੀ ਅਲਾਟ ਕਰਨ ਵਾਸਤੇ ਕਈ ਫੇਰੇ ਚੰਡੀਗੜ੍ਹ ਉਨ੍ਹਾਂ ਦੇ ਲਾਰੇ ਲਾਉਣ ਉਤੇ ਜਾਣ ਤੇ ਵੀ ਕੁਝ ਨਾ ਕੀਤਾ। ਇਹ ਲਿਖਣ ਦਾ ਭਾਵ ਹੈ ਕਿ ਆਪਣੇ ਆਪ ਨੂੰ ਰਾਜਨੀਤਕ ਤੌਰ ਤੇ ਬੜੇ ਚੇਤਨ ਕਹਾਉਣ ਵਾਲੇ ਕੁਝ ਬੰਦੇ ਵੀ ਆਪਣੇ ਇਤਿਹਾਸਕ ਵਿਰਸੇ ਦੀ ਸੰਭਾਲ ਨੂੰ ਕੁਝ ਮਹੱਤਵ ਨਹੀਂ ਦੇਂਦੇ। ਅਜਿਹੇ ਹੀ ਮੁਖ ਕਾਰਨ ਹਨ ਸਾਡੇ ਇਤਿਹਾਸਕ ਗੌਰਵ ਦੇ ਹੁਣ ਤੱਕ ਰੁਲਦੇ ਰਹਿਣ ਦੇ। ਸਾਹਿਬ, ਇਸ ਦੀ ਸੰਭਾਲ ਵੱਲ ਲਾਉਣ ਦੀ ਲਗਣ ਬਖਸ਼ੇ।

ਕੜਿਆਲ ਦੇ ਉਘੇ ਵਿਅਕਤੀ

1) ਪਾਖਰ
2) ਸੰਤਾ ਸਿੰਘ ਨੰਬਰਦਾਰ (ਇਹ ਠਸਕੇ ਵਾਲਾ ਹੈ ਜਾਂ ਹੋਰ)
3) ਗੁਲਾਬ ਸਿੰਘ
4) ਮਿਹਰ ਸਿੰਘ ਪਤੀ ਜੈਦ—ਜਵਾਹਰ ਸਿੰਘ ਦਾ ਪੋਤਰਾ
5) ਸੁੰਦਰ ਸਿੰਘ ਬਿਲੋਣਵਾਲਾ
6) ਸ੍ਰ: ਬਹਾਦਰ ਬੂਟਾ ਸਿੰਘ ਤੇ ਉਹਨਾਂ ਦਾ ਲੜਕਾ ਰਘਬੀਰ ਸਿੰਘ ਐਮ. ਪੀ.
7) ਤਾਰਾ ਸਿੰਘ ਅਰੂਪ ਕੇ
8) ਫਤਹਿ ਸਿੰਘ
9) ਸਾਹਿਬ ਸਿੰਘ
10) ਦਲ ਸਿੰਘ
11) ਅਤਰ ਸਿੰਘ
12) ਸਕਲੀ-ਪੁੱਤਰ ਬੂੜਾ
13) ਛਛਰੌਲੀ ਵਾਲੇ -ਮੰਗਲ ਸਿੰਘ ਤਹਿਸੀਲਦਾਰ
14) ਰਾਜਾ ਸਿੰਘ ਸੈਸ਼ਨ ਜੱਜ
15) ਲਾਲ ਸਿੰਘ ਵਿਰਕ ਰਾਜਪੂਤ
16) ਭਾਈ ਸੁੱਚਾ ਸਿੰਘ
17) ਤੇਜ ਸਿੰਘ ਚੂਹੜਕਾਣਾ
18) ਰਾਮ ਸਿੰਘ ਨਾਮਧਾਰੀ ਕੜਿਯਾਲ ਕਲਾਂ, ਸੁਨਾਰ
19) ਹਕੀਮ ਦਲੀਪ ਸਿੰਘ
20) ਹਕੀਮ ਹਰਨਮ ਸਿੰਘ

—0—0—

ਗਰਮੂਲੇ ਦੇ ਉਘੇ ਵਿਅਕਤੀ

1) ਭਾਈ ਮੂਲ ਸਿੰਘ
2) ਬਾਬਾ ਜੰਧ ਸਿੰਘ
3) ਜਥੇਦਾਰ ਰਤਨ ਸਿੰਘ
4) ਬਾਬਾ ਉਤਮ ਸਿੰਘ
5) ਗੁਰਦਿੱਤਾ ਮਲ
6) ਹਰਬਖਤ ਮਲ

7) ਜਗਦੀਸ਼ ਸਿੰਘ
8) ਗੁਰਕ੍ਰਿਪਾਲ ਸਿੰਘ
9) ਇਕਬਾਲ ਸਿੰਘ
10) ਬਲਕਾਰ ਸਿੰਘ
11) ਅਵਤਾਰ ਸਿੰਘ
12) ਮਲ ਸਿੰਘ (ਪੁਲੀਸ ਕੋਤਵਾਲ, ਯੂ. ਪੀ., 1900 ਈ: ਦੇ ਅੰਦਰ ਬਾਹਰ)
13) ਇੰਦਰ ਸਿੰਘ ਤੇ ਕਾਹਨ ਸਿੰਘ ਦੋਵੇਂ ਪੁੱਤਰ ਪਿੰਡ ਸਾਹੋ ਕੇ ਵਿਰਕਾਂ

—0—0—

ਸਾਂਦਲਬਾਰ ਵਿਚ ਗੁਰਦੁਆਰੇ ਤੇ ਹੋਰ ਸਥਾਨ

1) ਗੁਰਦੁਆਰਾ ਨਨਕਾਣਾ ਸਾਹਿਬ
2) ਗੁਰਦੁਆਰਾ ਸੱਚਾ ਸੌਦਾ
3) ਗੁਰਦੁਆਰਾ ਛੇਵੀਂ ਪਾਤਸ਼ਾਹੀ ਹਾਫਜ਼ਾਬਾਦ
4) ਗੁਰਦੁਆਰਾ ਪਿਪਲੀ ਸਾਹਿਬ ਪਿੰਡ ਜਾਗੋਵਾਲਾ
5) ਗੁਰਦੁਆਰਾ ਛੇਵੀਂ ਪਾਤਸ਼ਾਹੀ ਪਿੰਡ ਭਾਈ ਕੇ ਮੱਟੂ
6) ਗੁਰਦੁਆਰਾ ਬਾਬਾ ਪਤਾਸਾ ਸਿੰਘ, ਗੁਜਰਾਂਵਾਲਾ
7) ਗੁਰਦੁਆਰਾ ਛੇਵੀਂ ਪਾਤਸ਼ਾਹੀ, ਮੱਝੂ ਚੱਕ
8) ਡੇਰਾ ਬਾਬਾ ਕਿਰਪਾ ਰਾਮ, ਕੋਰ ਸਾਹਿਬ, ਬੰਧੋ ਕੇ
9) ਮਕਬਰਾ ਹਾਜ਼ੀ ਦਿਵਾਨ, ਖਾਨਕਾਂ ਡੋਗਰਾਂ

—0—0—

ਸਾਂਦਲਬਾਰ ਵਿਚਲੇ ਕੁਝ ਇਤਿਹਾਸਕ ਸਥਾਨ

1) ਕਿਲਾ ਸ਼ੇਖੂਪੁਰਾ ਹਰਨਮੁਨਾਰਾ—ਜਹਾਂਗੀਰ ਬਾਦਸ਼ਾਹ ਨੇ ਬਣਵਾਇਆ ਸੀ।
2) ਕੱਚਾ ਕਿਲਾ, ਨਕਾਇਣ—ਪਿੰਡ ਝੱਬਰ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ।
3) ਕਿਲਾ ਅਕਾਲਗੜ੍ਹ, ਅੱਜ ਕਲ ਰੇਲਵੇ ਸਟੇਸ਼ਨ ਹੈ।
4) ਕਿਲਾ ਮੀਂਹਾ ਸਿੰਘ, ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ।
5) ਕਿਲਾ ਦੀਦਾਰ ਸਿੰਘ ਜ਼ਿਲਾ ਗੁਜਰਾਂਵਾਲਾ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ।
6) ਜਹਾਂਗੀਰ ਦਾ ਮਕਬਰਾ, ਸ਼ਾਹਦਰਾ, ਜ਼ਿਲਾ ਸ਼ੇਖੂਪੁਰਾ
7) ਨੂਰਜਹਾਂ ਦਾ ਮਕਬਰਾ ,, ,, ,,
8) ਆਸਫ ਸ਼ਾਹ ਦਾ ਮਕਬਰਾ ,, ,, ,,

—0—0—

1973 ਦੇ ਕਰਨਾਲ ਮੋਰਚੇ ਵਿਚ ਗਰਿਫਤਾਰ ਹੋਏ ਨੀਸੰਗ ਵਾਲੇ ਸਿੰਘ

ਕਰਨਾਲ ਦਫਾ 144 ਵਿਚ ਜੇਲ੍ਹ ਕੱਟੀ

1) ਵਰਿਆਮ ਸਿੰਘ ਪ੍ਰਧਾਨ ਗੁਰਦਵਾਰਾ ਰੋੜੀ ਸਾਹਿਬ ਨੀਸੰਗ
2) ਨਿਸਾਬਰ ਸਿੰਘ ਪੁੱਤਰ ਵਜੀਰ ਸਿੰਘ
3) ਕੁਲਦੀਪ ਸਿੰਘ ਪੁੱਤਰ ਕਰਤਾਰ ਸਿੰਘ
4) ਜਸਬੀਰ ਸਿੰਘ ਪੁੱਤਰ ਚੈਂਚਲ ਸਿੰਘ
5) ਰਣਜੀਤ ਸਿੰਘ ਪੁੱਤਰ ਹਜਾਰਾ ਸਿੰਘ
6) ਕੁਲਵੰਤ ਸਿੰਘ ਪੁੱਤਰ ਦਲੀਪ ਸਿੰਘ
7) ਜੱਸਾ ਸਿੰਘ ਪੁੱਤਰ ਨਰਿੰਜਨ ਸਿੰਘ
8) ਅਪਾਰ ਸਿੰਘ ਪੁੱਤਰ ਜਗੀਰ ਸਿੰਘ
9) ਜੋਗਿੰਦਰ ਸਿੰਘ ਪੁੱਤਰ ਸਰਦਾਰ ਸਿੰਘ

—0—0—

ਧਰਮ ਯੁੱਧ ਦੇ ਮੋਰਚੇ ਵਿਚ ਜੇਲ੍ਹ ਕੱਟੀ


ਵਰਿਆਮ ਸਿੰਘ ਪ੍ਰਧਾਨ ਗੁਰਦਵਾਰਾ
ਮਾਨ ਸਿੰਘ ਪੁੱਤਰ ਕਰਤਾਰ ਸਿੰਘ
ਹਰਭਜਨ ਸਿੰਘ ਪੁੱਤਰ ਪਿਆਰਾ ਸਿੰਘ
ਮਹਿੰਦਰ ਸਿੰਘ ਪੁੱਤਰ ਜਗੀਰ ਸਿੰਘ
ਬਲਦੇਵ ਸਿੰਘ ਮਿਸਤ੍ਰੀ ਪੁੱਤਰ ਇੰਦਰ ਸਿੰਘ
ਦਲਬੀਰ ਸਿੰਘ ਪੁੱਤਰ ਅਵਤਾਰ ਸਿੰਘ
ਜੋਗਿੰਦਰ ਸਿੰਘ ਪੁੱਤਰ ਸਰਦਾਰਾ ਸਿੰਘ

—0—0—


ਬਾਬਾ ਅਮਰ ਸਿੰਘ ਈਸਰਕਾ ਕਰਤਾਰ ਸਿੰਘ ਝੱਬਰ ਦਾ ਸਾਥੀ ਸੀ ।

ਗੁਮਾਨ ਸਿੰਘ ਕੜਯਾਲੀਆ ਮਾਸਟਰ ਪਿਆਰਾ ਸਿੰਘ ਦਾ ਭਰਾ ਸੀ । ਜੈਤੋਂ ਮੋਰਚੇ ਸਮੇਂ ਜੇਲ੍ਹ ਵਿਚ ਹੀ ਸ਼ਹੀਦ ਹੋਇਆ ਸੀ ।

ਸਰਦਾਰ ਸ਼ਾਮ ਸਿੰਘ ਸਰਦਾਰ ਬੂਟਾ ਸਿੰਘ ਦੇ ਚਾਚੇ ਦਾ ਲੜਕਾ ਸੀ ਅਤੇ ਜੈਤੋਂ ਦੇ ਮੋਰਚੇ ਵਿੱਚ ਕੈਦ ਕੱਟੀ ਸੀ ।




ਜਾਉ ਦਾ ਪ੍ਰੱਤਰ ਮੁਕਟ—ਪਿਰਥੀ—ਹੰਸਾ—ਕਾਲੇਕਾ—ਲਖੀਆ
ਮਲੂਕਾ—ਹਸਾਲ ਕਾ—ਮਿਰਜਾ ਸਿੰਘ—ਖੀਵਾ ਸਿੰਘ—ਆਕੀ ਸਿੰਘ
ਸਾਧਾ ਸਿੰਘ—ਮੂਲਾ ਸਿੰਘ—ਗੁਨਾ ਸਿੰਘ
ਖਜਾਨ ਸਿੰਘ—ਜੁੱਧਾ ਨੇ ਲਖੀਆ ਪਿੰਡ ਦਾ ਨੀਂਹ ਪੱਥਰ ਰੱਖਿਆ ਸੀ ।
ਜੁਧਾ—ਮਤਾਬ ਸਿੰਘ—ਦਿਆ ਰਾਮ—ਲੱਖਾ ਮੱਲ (ਗੁਮਥਲਾ)




ਪਿੰਡ ਪੱਡਿਆਂਵਾਲਾ (ਪਾਕਿਸਤਾਨ)
(ਹਾਲ ਬੀੜ ਮਾਜਰਾ)

ਸੁਲੱਖਨ ਸਿੰਘ


ਕਰਤਾਰ ਸਿੰਘ



1. **ਹਰਨਾਮ ਸਿੰਘ ਲਖੀਆ ਗੁਮਥਲਾ**—ਅੰਗਰੇਜ਼ ਸਰਕਾਰ ਦਾ ਹੁਕਮ ਨਾ ਮੰਨਣ 'ਚ ਕੋਰਟ ਮਾਰਸ਼ਲ ਹੋ ਕੇ 6 ਮਹੀਨੇ ਪਿਸ਼ਾਵਰ ਜੇਲ੍ਹ 1938-39 'ਚ ਕੈਦ ਕੱਟੀ ਅਤੇ ਡਾ: ਅਬਦੁਲ ਗਫਾਰ ਖਾਂ (ਸਰਹਦੀ ਗਾਂਧੀ) ਨਾਲ ਜੇਲ ਵਿਚ ਭੁਖ ਹੜਤਾਲ ਕੀਤੀ ਸੀ । ਵਿਰਕ ਇਤਿਹਾਸ ਨੂੰ ਛਪਵਾਉਣ ਵਾਸਤੇ ਕਾਫੀ ਸਹਿਯੋਗ ਦਿੱਤਾ ਹੈ ।



ਬੰਸਾਵਲੀ ਸ: ਕਰਮ ਸਿੰਘ ਨੁਸ਼ਹਿਰੇਵਾਲਾ ਪਤੀ ਉਗਦੇ ਵਾਲੀ ਪਿੰਡ ਹਾਬੜੀ (ਕੁਰੂਕਸ਼ੇਤਰ)




(ਸਰਹੰਦ) ਵਧਾਵਾ ਸਿੰਘ (ਨੁਸ਼ਹਿਰਾ ਵਿਰਕਾਨ)

0

ਲਧਾ ਸਿੰਘ

ਨਿਰਮਲ ਸਿੰਘ

ਨਿਸ਼ਾਨ ਸਿੰਘ ਲਖਮਾਨ ਸਿੰਘ



1. **ਝਬਰ**—ਇਸ ਨੇ ਪਿੰਡ ਝਬਰ ਵਸਾਇਆ । ਵੱਡੇ ਵਡੇਰੇ ਦਸਿਆ ਕਰਦੇ ਸਨ ਕਿ ਵਿਰਕਾਂ ਨੇ ਗਜਿਆਣੇ ਦੇ ਭੱਟੀਆ ਦੀ ਵਾਢ ਕਰਕੇ ਪਿੰਡ ਫੂਕ ਦਿੱਤਾ । ਬਚੇ ਖੁਚੇ ਭੱਟੀਆਂ ਨੇ ਆ ਕੇ ਝਬਰਾਂ ਦੀ ਜੂਹ ਵਿੱਚ ਡੇਰਾ ਲਾ ਲਿਆ । ਸਾਗਰ ਨੂੰ ਪਤਾ ਲੱਗਾ ਤਾਂ ਉਹ ਇਕੱਲਾ ਹੀ ਆ ਕੇ ਭੱਟੀਆਂ ਦੇ ਗਲ ਪੈ ਗਿਆ । ਸਾਗਰ ਮਾਰਿਆ ਗਿਆ । ਭੱਟੀਆਂ ਜਾ ਕੇ ਨਵਾਂ ਗਜਿਆਣਾ ਆਬਾਦ ਕੀਤਾ ।

2. **ਚੋ: ਗੁਝ** ਨੇ ਪਿੰਡ ਗਜਿਆਣਾ ਆਬਾਦ ਕੀਤਾ । ਇਹ ਪਿੰਡ ਤੇ ਵਿਰਕਾਂ ਦੇ ਹੋਰ ਪਿੰਡ ਅੱਜ ਤੋਂ ਵੀਹ ਪੁਸ਼ਤਾਂ ਪਹਿਲਾਂ ਸੰਨ 1398 ਈ: ਵਿੱਚ ਤੈਮੂਰ ਦੇ ਹਮਲਿਆਂ ਵਿਚ ਭੱਟੀਆਂ ਨੇ ਵਿਰਕਾਂ ਨੂੰ ਕੱਢ ਕੇ ਕਬਜ਼ੇ ਕਰ ਲਏ । ਇਸ ਪਿੰਡ ਦੀ 6000 ਘੁਮਾਂ ਜ਼ਮੀਨ ਸੀ ।

3. **ਸਲਾਰ**—ਇਸ ਨੇ ਆਪਣੇ ਨਾਮ ਤੇ ਪਿੰਡ ਵਸਾਇਆ ਜੋ ਮੁਸਲਮਾਨਾਂ (ਸਯਦਾਂ) ਨੇ ਖੋਹ ਲਿਆ ।


4. **ਲਖੋ**—ਇਸ ਨੇ ਆਪਣੇ ਨਾਮ ਤੇ ਪਿੰਡ ਲਖੋ ਕੇ ਵਸਾਇਆ । ਮੁਸਲਮਾਨਾਂ ਨੇ ਖੋਹ ਕੇ ਨਾਮ ਠੱਟਾ ਬਹਾਦਰ ਸ਼ਾਹ ਰਖਿਆ । ਇਸ ਦੀ ਅੰਸ ਦੀ ਖੋਜ ਨਹੀਂ ਹੋ ਸਕੀ ।

5. **ਜਸਪਾਲ**—ਇਸ ਨੇ ਆਪਣੇ ਨਾਮ ਤੇ ਪਿੰਡ ਜਸਪਾਲ ਵਸਾਇਆ, ਜੋ ਮੁਸਲਮਾਨਾਂ ਨੇ ਬਰਬਾਦ ਕਰ ਦਿੱਤਾ । ਉਸ ਦੀ ਅੰਸ ਉਥੇ ਨੇੜੇ ਹੀ ਪਿੰਡ ਪਡਿਆਂ ਵਾਲਾ ਵਸ ਕੇ ਆਬਾਦ ਹੋ ਗਈ ਜੋ 1947 ਤੱਕ ਆਬਾਦ ਸੀ । ਪਿੰਡ ਜਸਪਾਲ ਦਾ ਥੇਹ (ਭਿੜ) 35 ਕਿਲੇ ਦੇ ਰਕਬੇ ਵਿੱਚ ਸੀ ।

6. **ਕੰਮਾਂ**—ਇਸ ਦੀ ਅੰਸ ਹਰਦੋ ਬੰਧੋਕਿਆ ਵਿੱਚ ਸੀ ।


7. **ਸਾਬੋ**—ਇਸ ਦੀ ਅੰਸ ਪਿੰਡ ਭੰਡੋਰ ਵਿਚ ਜੋ ਗੁਰਦਵਾਰਾ ਖਰਾ ਸੋਦਾ ਤੋਂ ਲਹਿੰਦੇ ਪਾਸੇ ਕੋਲ ਹੀ ਸੀ ਆਬਾਦ ਸੀ । ਪੁਰਾਣੇ ਪਿੰਡ ਦਾ ਥੇਹ ਪਿੰਡ ਤੋਂ ਲਹਿੰਦੇ ਪਾਸੇ ਇਕ ਮੀਲ ਤੇ ਸੀ ਜੋ ਮੁਸਲਮਾਨਾਂ ਨੇ ਬਰਬਾਦ ਕੀਤਾ ਸੀ ।

8. **ਮੁਰੀਦ**—ਇਸ ਨੇ ਆਪਣੇ ਨਾਮ ਤੇ ਪਿੰਡ ਮੁਰੀਦ ਕੇ ਵਸਾਇਆ ਸੀ ਜਿਸ ਦਾ ਥੇਹ ਨਹਿਰ ਦੇ ਬੰਗਲੇ ਤੋਂ ਲਹਿੰਦੇ ਸੀ । ਮੁਸਲਮਾਨਾਂ ਦੇ ਬਰਬਾਦ ਕਰਨ ਤੇ ਮੌਜੂਦਾ ਪਿੰਡ ਦੁਬਾਰਾ ਆਬਾਦ ਹੋਇਆ ਸੀ ।



ਨੋਟ : ਬਾਬੇ ਤਖਤ ਮਲ ਦੇ ਦਸ ਪੋਤਰੇ ਤੇ 15 ਪੜੋਤਰੇ ਸਨ, ਜਿਨ੍ਹਾਂ ਨੇ ਨਵਾਬ ਕਪੂਰ ਸਿੰਘ ਦੇ ਸਮੇਂ ਹੋਰ ਵਿਰਕ ਭਰਾਵਾਂ ਦੀ ਮਦਦ ਨਾਲ ਪਿੰਡ ਗਜਿਆਣੇ ਦੀ ਜ਼ਮੀਨ ਛੇ ਹਜ਼ਾਰ ਘੁਮਾਂ ਭੱਟੀਆਂ ਤੋਂ ਖੋਹ ਕੇ ਆਪਸ ਵਿਚ ਵੰਡ ਲਈ ਜਿਸ ਵਿਚ ਪਿੰਡ ਸ਼ੇਰੇਕੇ, ਸੰਣਕੇ, ਹਰਚੰਦ, ਕੱਕੀ ਚੰਨਿਆਂਵਾਲਾ, ਮਾਂਗਾ, ਬਹਾਲੀਕੇ, ਫੁਲਰਵੰਨ, ਗੁਰਵਾਹ ਵਾਲਾ, ਝੋਕ ਆਦਿਕ ਸ਼ਾਮਲ ਸਨ

1. **ਚੂਹੜ** ਨੇ ਪਿੰਡ ਚੂਹੜਕਾਣਾ ਵਸਾਇਆ ।
2. **ਸਦੋ** ਦੇ ਪੁਤਰ ਈਸਰ ਨੇ ਪਿੰਡ ਈਸਰ ਕੇ ਵਸਾਇਆ ।
3. **ਰਾਮ** ਦੇ ਪੁਤਰ ਨਗਾਹ ਨੇ ਰਾਜੇ ਦੇ ਖੂਹ ਤੇ ਡੇਰਾ ਨਗਾਹ ਕਾ ਵਸਾਇਆ ।
4. **ਬ੍ਰਾਹਮ** ਦੀ ਅੰਸ ਪਿੰਡ ਚੂਹੜਕਾਣੇ ਵਿਚ ਹੀ ਵਸਦੀ ਸੀ ।
5. **ਮੀਆਂ ਅਲੀ**—ਭਾਈ ਜੀਵਨ ਸਿੰਘ ਜੀ ਦੇ ਕਥਨ ਅਨੁਸਾਰ "ਮੀਆਂ ਅਲੀ ਇਕ ਮੁਸਲਮਾਨ ਫਕੀਰ ਸੀ । ਇਸ ਦੇ ਪਿੰਡ ਦਾ ਨਾਮ ਵੀ ਮੀਆਂ ਅਲੀ ਸੀ । ਇਸ ਦੇ ਮੁਰੀਦਾਂ ਨੇ ਉਧੋਂ ਨਗਰੀ ਸ਼ਹਿਰ ਉਜਾੜ ਕੇ ਕੋਲ ਪਿੰਡ ਮੀਆਂ ਅਲੀ ਵਸਾਇਆ । ਉਧੋਂ ਨਗਰੀ ਜਮੂ ਰਾਜੇ ਉਧਰ ਸੈਨ ਦੇ ਪੁਤਰ ਧੂੰਗੜ, ਨੇ ਆਪਣੇ ਬਾਪ ਦੇ ਨਾਮ ਤੇ ਵਸਾਇਆ ਸੀ । ਇਸ ਥੇਹ ਉਤੇ ਹੁਣ ਮੀਏਂ ਅਲੀ ਦਾ ਰੌਜ਼ਾ ਬਣਿਆ ਸੀ । ਮੀਏਂ ਅਲੀ ਦੀ ਇਲਾਕੇ ਵਿਚ ਬੜੀ ਮਾਨਤਾ ਸੀ । ਇਸ ਦੇ ਸੇਵਕਾਂ ਦੇ ਘਰ ਜੋ ਪਹਿਲਾ ਲੜਕਾ ਹੁੰਦਾ, ਉਸ ਦਾ ਨਾਮ ਅਲੀ ਸ਼ੇਰ ਰੱਖਦੇ ਸਨ । (ਵਿਰਕਾਂ ਵਿਚ) ਚਾਰ ਪੰਜ ਅਲੀ ਸ਼ੇਰ ਹੋਏ ਹਨ, ਜਿਨ੍ਹਾਂ ਦੀ ਅੰਸ ਅਗੋਂ ਹਿੰਦੂ ਅਤੇ ਫਿਰ ਸਿੱਖ ਹੋਈ ।
6. **ਰਾਇਆ** ਨੇ ਗੁਰਦੁਆਰਾ ਖਰੇ ਸੌਦੇ ਦੀ ਨੀਂਹ ਰੱਖੀ ।
7. **ਬਾਲਾ** ਇਸ ਨੂੰ ਤੇ ਪ੍ਰਤਾਪ ਸਿੰਘ ਪੁਤਰ ਖੀਵਾ ਸਿੰਘ (ਕਾਲੇਕਾ) ਨੂੰ ਗਜਿਆਣੇ ਦੇ ਬਦਲੇ ਫੜ ਕੇ ਪਠਾਨ ਲੈ ਗਏ ਜੋ ਵਾਪਸ ਘਰ ਆ ਗਏ । ਬਾਲੇ ਨੂੰ ਚੂਹੜਕਾਣੀਆਂ ਨੇ ਆਪਣੀ ਬਰਾਦਰੀ ਵਿਚੋਂ ਛੇਕ ਦਿੱਤਾ ਜੋ ਮੁਸਲਮਾਨ ਹੋ ਗਿਆ ।




1. ਪਿੰਡ ਸੇਰੋਂ ਕੇ ਨਜ਼ਦ ਬਹਾਲੀ ਕੇ।
2. ਇਸ ਬਹਾਦਰ ਨੇ ਖਰਲਾਂ ਤੇ ਭਟੀਆਂ ਨਾਲ ਜੰਗ ਕੀਤੇ ਸਨ।
3. ਇਹ ਮਹਾਰਾਜਾ ਰਣਜੀਤ ਸਿੰਘ ਦਾ ਸਮਕਾਲੀਨ ਸੀ।


(ਬਾਕੀ ਸਫਾ 412 ਤੇ)

4. ਪਿੰਡ ਜਾਤ੍ਰੀ
5. ਪਿੰਡ ਫੁੱਲਰਵੰਨ
6. ਪਿੰਡ ਬਹਾਲੀ ਕੇ
7. ਰਾਇਆ—ਰਵਾਇਤ ਹੈ ਕਿ ਇਸ ਨੂੰ ਗੁਰੂ ਨਾਨਕ ਦੇਵ ਜੀ ਨੇ ਸੁਫਨੇ ਵਿਚ ਦਰਸ਼ਨ ਦਿੱਤੇ ਤੇ ਗੁਰਦੁਆਰਾ ਖਰਾ ਸੌਦਾ ਬਨਾਉਣ ਦਾ ਇਸ਼ਾਰਾ ਕੀਤਾ : ਮੌਜੂਦਾ ਤਾਲਾਬ ਵਾਲੀ ਥਾਂ ਤੇ ਛਪੜੀ ਹੋਇਆ ਕਰਦੀ ਸੀ । ਬਾਬਾ ਰਾਇਆ ਨੇ ਇਥੇ ਗੁਰਦੁਆਰੇ ਦੀ ਮੀਂਹ ਰਖੀ ਅਤੇ ਉਦਮ ਨਾਲ ਸਰੋਵਰ ਵੀ ਬਣਵਾ ਦਿੱਤਾ । ਬਹੁਤ ਚਿਰ ਤਕ ਗੁਰਦੁਆਰੇ ਦੇ ਪ੍ਰਸਾਦ ਵਿਚੋਂ ਬਾਬਾ ਰਾਇਆ ਦਾ ਜਾਂਦਾ ਨਿਕਲਦਾ ਰਿਹਾ ।

ਬਾਬਾ ਰਾਇਆ ਜੀ ਦੇ ਵੰਸ਼ਜ ਜਥੇਦਾਰ ਸੁਚਾ ਸਿੰਘ (ਪਿੰਡ ਕਿਲਾ ਰਾਏ ਸਿੰਘ) ਗੁਰਦੁਆਰਾ ਰੋੜੀ ਸਾਹਿਬ (ਏਮਨਾਬਾਦ) ਦੇ ਪ੍ਰਧਾਨ ਰਹੇ । ਅੱਜ ਕਲ ਉਹਨਾਂ ਦੇ ਸਪੁਤਰ ਸਰਮੁਖ ਸਿੰਘ ਤੇ ਦਲਜੀਤ ਸਿੰਘ ਪਿੰਡ ਘਰੌਂਡੇ ਜ਼ਿਲ੍ਹਾ ਕਰਨਾਲ ਵਿਚ ਹਨ ।



1. ਇਹਨਾਂ ਦੇ ਨਾਂ ਤੇ ਪਿੰਡ ਬਹਾਲੀ ਕੇ ਆਬਾਦ ਹੋਇਆ ।
2. ਆਪਣੇ ਜ਼ਮਾਨੇ ਵਿੱਚ ਚੰਗੀ ਸਰਗਰਮ ਸਿਆਸੀ ਲਗਨ ਵਾਲੇ ਸਨ । ਕਈ ਵਾਰ ਕੈਦ ਕੱਟੀ । ਅੱਜਕਲ੍ਹ ਪ੍ਰੀਵਾਰ ਸਮੇਤ ਗੁਰੂ ਨਾਨਕ ਪੁਰਾ (ਗਦਰਪੁਰ) ਜ਼ਿਲ੍ਹਾ ਨੈਣੀਤਾਲ ਰਹਿੰਦੇ ਹਨ ।
3. ਇਹ ਬੜੇ ਅੱਛੇ ਪ੍ਰਗਤੀਸ਼ੀਲ ਕਿਸਾਨ ਅਤੇ ਕਾਰਵਿਹਾਰੀ ਸੱਜਣ ਹਨ । ਰੁਦਰਪੁਰ ਜ਼ਿਲ੍ਹਾ ਨੈਣੀਤਾਲ ਆਪਣਾ ਸੁਤੰਤਰ ਫਾਰਮ ਅਤੇ ਕਾਰਵਿਹਾਰ ਹੈ ।



1. ਇਹ ਸੰਨ 317 ਈ: ਦੇ ਨੇੜੇ ਹੋਇਆ ਭਾਸਦਾ ਹੈ (ਦੇਖੋ ਬਾਹਰਸਤਾਨ ਤੇ ਤਾਰੀਖ ਸਿਆਲਕੋਟ)
2. ਇਹ ਬਲਵਾਨ ਰਾਜਾ ਸੀ—ਇਸ ਦੀ ਬਹੁਤ ਔਲਾਦ ਹੋਈ। ਇਸ ਨੇ ਆਪਣੇ ਹਰ ਪੁੱਤਰ ਨੂੰ ਜਾਗੀਰ ਦਿੱਤੀ। ਇਸ ਨੇ ਆਪ ਸਿਆਲਕੋਟ ਵਿਚ ਰਾਜ ਕੀਤਾ। ਇਸ ਦੀ ਔਲਾਦ ਨੇ ਰਾਜਪੂਤੀ ਰਿਵਾਜ ਉਲਟ ਵਾਹੀ ਜੋਤੀ ਦਾ ਕਿੱਤਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਹੱਥੀਂ ਹੱਲ ਚਲਾਣ ਲਗ ਪਏ, ਇਸ ਦੀ ਔਲਾਦ ਪਰਗੋਵਾਲ, ਚਪਰਾੜ ਤੇ ਬੁਬ ਵਿਚ ਆਬਾਦ ਹੋ ਗਈ। (ਜਿਥੋਂ ਉਠ ਕੇ ਉਹ ਅਗਾਂਹ ਪੰਜਾਬ ਵਿੱਚ ਫੈਲ ਗਏ (ਗਿਆਨੀ ਜੀ)। ਇਸ ਦੇ ਵੰਸਜ ਮਨਿਹਾਸ ਰਾਜਪੂਤ ਸਦਾਂਦੇ ਹਨ।
3. ਇਸ ਦੀ ਅੰਸ ਲੰਧਰੇ ਮਨਹਾਸ, ਔਰੰਗਜ਼ੇਬ ਦੇ ਵੇਲੇ ਮੁਸਲਮਾਨ ਹੋ ਗਏ। ਤਹਿਸੀਲ ਸਿਆਲਕੋਟ ਵਿਚ ਆਬਾਦ ਹਨ।
4. ਇਸ ਦੀ ਅੰਸ ਗੁਜਰਾਂਵਾਲੇ ਅਤੇ ਸੇਖੂਪੁਰੇ ਵਿਚ ਆਬਾਦ ਹੈ। ਇਹ ਵੀ ਮੁਸਲਮਾਨ ਹਨ।
5. ਇਸ ਦੀ ਅੰਸ ਜ਼ਿਲ੍ਹਾ ਅੰਮ੍ਰਿਤਸਰ ਵਿਚ ਆਬਾਦ ਹੈ।
6. ਇਕ ਜੱਟ ਗੋਤ ਜੋ ਮੁਲਤਾਨ, ਮਿੰਟਗੁਮਰੀ, ਲੁਧਿਆਣਾ ਅਤੇ ਸੰਗਰੂਰ ਵਿਚ ਪਾਈ ਜਾਂਦੀ ਹੈ।
7. ਸਿਆਲਕੋਟ ਵਿਚ ਆਬਾਦ ਸਨ।
8. ਇਹ ਸੰਨ 661 ਈ. ਵਿਚ ਪੂਰਾ ਹੋਇਆ।
9. ਇਸ ਨੇ 60 ਸਾਲ ਰਾਜ ਕੀਤਾ।


(ਬਾਕੀ ਫੁਟਨੋਟ ਸਫ਼ਾ 414 ਤੇ ਵੇਖੋ)

10. ਇਸ ਨੇ 59 ਸਾਲ ਰਾਜ ਕੀਤਾ।

11. ਇਸ ਨੇ 53 ਸਾਲ ਰਾਜ ਕੀਤਾ।


12. ਇਸ ਨੇ 72 ਸਾਲ ਰਾਜ ਕੀਤਾ।


13. ਸੰਨ 975 ਈਸਵੀ ਵਿਚ ਨਾਸਰੁਦੀਨ ਸਬੁਕਤਗੀਨ ਨੇ ਗਜਨੀ ਤੋਂ ਉੱਠ ਕੇ ਪੰਜਾਬ ਤੇ ਹਮਲਾ ਕੀਤਾ ਤਾਂ ਭੋਜਦੇਵ ਆਪਣਾ ਰਾਜ ਅਵਤਾਰ ਦੇਵ ਨੂੰ ਸੌਂਪ ਕੇ ਲਸ਼ਕਰ ਸਮੇਤ ਰਾਜੇ ਜੈ ਪਾਲ ਦੀ ਮਦਦ ਤੇ ਗਿਆ ਜਿਸ ਤੇ ਨਾਸਰੁਦੀਨ ਨੂੰ ਸੁਲਾਹ ਦਾ ਝੰਡਾ ਖੜਾ ਕਰਨਾ ਪਿਆ, ਮਗਰ ਰਾਜਾ ਆਪ ਵੀਰਗਤੀ ਪਾ ਗਿਆ।



ਬਾਬਾ ਰਾਇਆ—ਬੁੱਧ ਸਿੰਘ

ਅਸੰਧ ਮਲਕ ਪੁਰ (414 ਪੰਨੇ ਦੀ ਬਾਕੀ)





ਇਹਨਾਂ ਦੀ ਸੰਤਾਨ ਦੇ ਪਿੰਡ :

1. ਮੁਕਟ— ਦੇ ਪਿੰਡ, ਚੂਹੜਕਾਣਾ, ਝੱਬਰ ਤੇ ਹੋਰ ਪਿਡ
2. ਮਲੀਨ ਬਾਰਾਂ ਮਲਘੀਆਂ
3. ਮਹਾਦੇਵ—ਬਾਰਾਂ ਮੁਰਾਦੇ ।
4. ਮਹੋ—ਪਹਏ, ਮਰੀਦੇ ਕੇ ਤੋਂ 6 ਮੀਲ ਪੂਰਬ ਵਲ ।
5. ਸਦੇ –ਮੁੰਡੀ–3 ਮਹਾਦੇਵ ।
6. ਨੰਦਪਾਲ- ਮੰਗੋਕੇ, ਬਲੋਕੇ ।
7. ਚੰਦਪਾਲ- ਮਾੜੀ ਠਾਕਰਾਂ, ਸਾਧੋ ਕੇ, ਲੁੰਬੜਾਂ ।
8. ਮਹੀਪਾਲ ਦੇ ਪੁਤਰ ਹਾਮਦਾ ਸਮੱਸਾ ਸ਼ਾਮ ਦਾ ਪਿੰਡ-ਦੜਾ ।
9. ਵੱਝਲ- ਜੰਡਾਲਾ, ਪਲ ਚਕ ।
10. ਭੁਡੂ-ਬਤਾਲਾ ਸ਼ਰਮ ਸਿੰਘ ।
11. ਜੀਊ ਉਦੇ-ਭਦੇ ।
12. ਅਜੈ ਪਾਲ ਮਿਰਜ਼ਾ–ਅਮੁਕੇ
13. ਵਸਤਪਾਲ ਮਿਰਜ਼ਾ–ਅਮੁਕੇ ।

ਬਾਬੇ ਕਰਨ ਦੇ ਪਿੰਡ ਕੜਯਾਲ ਬੁਦੀ, ਕੜਯਾਲ ਕਲਾਂ, ਕੜਯਾਲ ਬਾਗਾ ਵਾਲੀ, ਸਕਲੀ ਵਾਲਾ, ਮਸੰਦਾ ਤ੍ਰਿਹੁਨ –ਠਟਾ ਮਾਨਕ ਦਾ, ਛਨੀਆਂ, ਦਿਹੜ, ਨੌਸ਼ਹਿਰਾ ਵਿਰਕਾਂ, ਤਰਖਾਣਾਂ ਵਾਲੀ, ਚਕਜੰਦ, ਕੋਟ ਬੂਲਾ, ਚਕ ਪਰਾਲੀ, ਠਟਾ ਟੇਕ ਸਿੰਘ, ਮੁਕੜਾ ਘਾਟ ।


ਸ: ਕਸਤੂਰ ਸਿਘ

ਸ: ਕਸਤੂਰ ਸਿੰਘ ਇਹ ਆਪਣੇ ਸਪ੍ਰਸਿੱਧ ਪਿਤਾ ਦੇ ਹੋਣਹਾਰ ਸਪੁੱਤਰ ਹਨ। ਇਹਨਾਂ ਨੇ Army Service ਕੋਰ ਵਿੱਚ ਬਤੌਰ ਅਹੁਦੇਦਾਰ ਪੈਨਸ਼ਨ ਪ੍ਰਾਪਤ ਕੀਤੀ । ਆਪ ਜੀ ਅੰਤਰ ਰਾਸ਼ਟਰੀ ਹਾਕੀ ਦੇ ਪ੍ਰਸਿੱਧ ਖਿਡਾਰੀ ਰਹਿ ਚੁਕੇ ਹਨ । ਅਜ ਕਲ ਨਗਰ ਅਸੰਧ ਵਿਚ ਪੰਥਕ ਅਤੇ ਸਮਾਜਕ ਕਾਰਜਾਂ ਵਿਚ ਸਰਗਰਮ ਭਾਗ ਲੈਂਦੇ ਹੋਏ ਆਪਣੇ ਗੁਰਪੁਰਵਾਸੀ ਪਿਤਾ ਜਥੇਦਾਰ ਅਨੋਖ ਸਿੰਘ ਜੀ ਦੇ ਪਦ ਚਿੰਨ੍ਹਾਂ ਤੇ ਚਲਣ ਦਾ ਸਫਲ ਯਤਨ ਕਰ ਰਹੇ ਹਨ ।

ਨਨਕਾਣਾ ਸਾਹਿਬ ਮੋਰਚੇ ਦੀ ਤਾਰੀਖ ਕਿਉਂ ਬਦਲੀ

ਭਾਈ ਵਰਿਆਮ ਸਿਘ ਸੁਹੀਏ ਨੇ ਗੁ: ਨਨਕਾਣਾ ਸਾਹਿਬ ਤੋਂ ਕਰਤਾਰ ਸਿੰਘ ਝੱਬਰ ਨੂੰ ਖਬਰ ਪੁਚਾਈ।

—ਵਾਰ—

—ਚੈਨ ਸਿੰਘ ਚੈਨ ਮਲਕਪੁਰ ਬੇਹ (ਜੀਂਦ)

ਜਦ ਝੱਬਰ ਤਾਈਂ ਸੁਹੀਏ, ਸੀ ਖਬਰ ਪੁਚਾਈ। ਵਿਚ ਨਨਕਾਣੇ ਮਹੰਤ ਨੇ, ਅੱਤ ਚੋਖੀ ਚਾਈ।
ਸਾਧੂ ਕਰਨ ਕੁਰੀਤੀਆਂ, ਰਿਹਾ ਭੈ ਨਾ ਕਾਈ। ਕਰਦੇ ਨੇ ਸਤਿ ਭੰਗ ਪਏ, ਪੈ ਗਈ ਦੁਹਾਈ।

ਮਿਰਜੇ[1] ਦਾ ਬਲਵੰਤ ਸਿੰਘ, ਉਸ ਵੀ ਇੰਜ ਸੁਣਾਇਆ। ਗੱਲਾਂ ਸੁਣ ਅਣੋਖੀਆਂ ਝੱਬਰ ਨੂੰ ਗੁੱਸਾ ਆਇਆ।
ਝੱਬਰ ਅੰਮ੍ਰਿਤਸਰ ਜਾ ਕੇ, ਇਕ ਕੱਠ ਬੁਲਾਇਆ। ਲੈਕਚਰ ਜੋਸ਼ੀਲਾ ਦੇ ਕੇ, ਸੁੱਤਾ ਪੰਥ ਜਗਾਇਆ।

ਕਿਹਾ ਝੱਬਰ ਦੇਵੋ ਆਗਿਆ, ਮੈਂ ਜੱਥਾ ਲੈ ਜਾਵਾਂ। ਇਸ ਕੰਮ ਲਈ ਤੁਸਾਂ ਤੋਂ, ਨਾ ਮਦਦ ਚਾਹਵਾਂ।
ਜੋ ਯਾਤਰੂਆਂ ਦੀ ਪੱਤ ਲੁੱਟਦੇ, ਮੈਂ ਭੰਨਾ ਬਾਹਵਾਂ। ਮੈਂ ਭੰਨਾ ਖੱਪਰ ਜਾ ਕੇ, ਸਾਧ ਰਾਹੇ ਪਾਵਾਂ।

ਭਾਈ ਨਿਹਾਲ ਸਿੰਘ ਬੋਲਿਆ, ਦਿਲ ਖਾ ਕੇ ਖਾਰੀ। ਮੇਰਾ ਜੱਥਾ ਵੀ ਜਾਏਗਾ, ਕਰ ਫੁੱਲ ਤਿਆਰੀ।
ਤੂੰ ਕੱਲਾ ਨਹੀਂ ਜਾ ਸਕਦਾ, ਜਾਊ ਸੰਗਤ ਸਾਰੀ। ਖਬਰ ਅਵੱਲੀ ਸੁਣ ਕੇ, ਨਾ ਗਈ ਸਹਾਰੀ।

ਮਤਾ ਕਮੇਟੀ ਲਿਖ ਕੇ, ਵਿਚ ਸੰਗਤ ਟਿਕਾਇਆ। ਮਾਰਚ 4, 5, 6 ਦਾ, ਦਿਨ ਪੱਕਾ ਕਰਵਾਇਆ।
ਲਾਣਾ ਦੀਵਾਨ ਹੈ ਜਾ ਕੇ, ਸਭ ਤਾਈਂ ਸੁਣਾਇਆ। ਸਿੰਘਾਂ ਨਨਕਾਣੇ ਜਾਣ ਦਾ ਸੀ ਪੱਕ ਪਕਾਇਆ।

ਜਦ ਪਤਾ ਲੱਗਾ ਮਹੰਤ ਨੂੰ, ਉਸ ਚਾਲ ਬਣਾਈ। ਲੂੰਬੜ ਚਾਲ ਚੱਲ ਕੇ, ਉਸ ਗੱਲ ਚਲਾਈ।
ਸੁਲ੍ਹਾ ਦਾ ਧੋਖਾ ਦੇ ਕੇ, ਸੀ ਕਰੂ ਕੁਤਿਆਈ। ਸਾਰੇ ਪਾਸਿਓਂ ਮਹੰਤ ਸੀ, ਕਰ ਰਿਹਾ ਚਤੁਰਾਈ।

ਝੱਬਰ ਦੇ ਗੁਪਤਚਰਾਂ ਨੇ ਸੀ ਰੋਲ ਨਿਭਾਇਆ। ਮਹੰਤ ਕਰਵਾਊ ਕਤਲ ਜੋ, ਇਹਨਾਂ ਪਰਦਾ ਚਾਇਆ।
ਝੱਬਰ ਨੂੰ ਸਭ ਗੱਲਾਂ ਤੋਂ, ਸੀ ਜਾਣੂ ਕਰਵਾਇਆ। ਮਿਥੀ ਤਾਰੀਖ ਤਾਈਂ ਸੀ, ਤਾਂ ਝੱਬਰ ਬਦਲਾਇਆ।

ਮੀਟਿੰਗ ਜਥੇਦਾਰਾਂ ਦੀ, ਝੱਬਰ ਬੁਲਵਾਈ। ਉਸ ਸੱਚੇ ਸੋਦੇ ਸੱਦ ਲਏ, ਸਭ ਸੰਤ ਸਿਪਾਹੀ।
ਤਾਰੀਖ ਤੋਂ ਪਹਿਲਾਂ ਜਾਣ ਦੀ, ਚਾ ਵਿਉਂਤ ਬਣਾਈ। ਕਮੇਟੀ ਨੂੰ ਨਹੀਂ ਦੱਸਣਾ, ਇਹ ਪੱਕੀ ਪਕਾਈ।

'ਕੱਠੇ ਵੀਹ[2] ਤਰੀਖ ਨੂੰ, ਹੋਈਏ ਸਿੰਘ ਸਾਰੇ। ਚੰਦਰ ਕੋਟ ਦੀ ਝਾਲ ਤੇ, ਸਭ ਗੁਰੂ ਸਹਾਰੇ।
ਪੱਕ ਪਕਾ ਲਓ ਜੋਧਿਓ, ਕਰ ਪੱਕੇ ਕਾਰੇ। ਕਬਜ਼ਾ ਕਰ ਕੇ ਮੁੜਿਓ, ਲਾਈਏ ਜੈ ਕਾਰੇ।

ਇਹ ਖਬਰ ਕਮੇਟੀ ਕੋਲ ਸੀ, ਕਿਸੇ ਜਾ ਪੁਚਾਈ। ਝੱਟ ਤਾਰ ਕਮੇਟੀ ਲਿਖ ਕੇ, ਝੱਬਰ ਨੂੰ ਪਾਈ।
ਉਨੀ ਫਰਵਰੀ ਮਿਲ ਤੂੰ, ਸਟੇਸ਼ਨ ਤੇ ਭਾਈ। ਗਿਆ ਭਾਈ ਸੁੱਚਾ ਸਿੰਘ ਸੀ,[3] ਜਦ ਗੱਡੀ ਆਈ।

ਤੇਜਾ ਸਿੰਘ[4] ਸਰਦੂਲ ਸਿੰਘ[5] ਅਤੇ ਤਾਰਾ ਸਿੰਘ[6] ਆਇਆ। ਉਨਾਂ ਭਾਈ ਸੁੱਚਾ ਸਿੰਘ ਨੂੰ, ਸੀ ਕੋਲ ਬੁਲਾਇਆ।
ਕਹੀਂ ਝੱਬਰ ਤਾਈਂ ਜਾ ਕੇ, ਤੂੰ ਕੀ ਬਣਾਇਆ। ਮਿਥੀ ਤਰੀਖ ਨਹੀਂ ਭੰਨਣੀ, ਪੰਥ ਹੁਕਮ ਸੁਣਾਇਆ।

ਕਿਹਾ ਝੱਬਰ ਸੁਨੇਹਾ ਸੁਣ ਕੇ, ਹੁਣ ਕੀ ਬਣਾਈਏ। ਸੰਤ ਤੇਜਾ ਸਿੰਘ ਆਖਿਆ, ਬੰਦੇ ਬਾਊਂ ਬਾਈਂ ਭਜਾਈਏ।
ਪੰਥ ਦਾ ਹੁਕਮ ਵਿਖਾ ਕੇ, ਜੱਥੇ ਅਟਕਾਈਏ। 'ਚੈਨ' ਚਾਰ ਸਿੰਘਾਂ ਦੀ ਰਾਤ ਨੂੰ ਡਿਊਟੀ ਲਾਈਏ।

1. ਪਾਕਿਸਤਾਨ ਵਿਚ ਮਿਰਜਾ ਪਿੰਡ ਸੀ। 2. ਫਰਵਰੀ 3. ਚੱਕ ਜੋਦ ਨੰ: 16 ਵਾਲਾ 4. ਸਮੁੰਦਰੀ 5. ਕਵੀਸ਼ਰ 6. ਮਾਸਟਰ।

ਗੁ: ਨਨਕਾਣਾ ਸਾਹਿਬ ਦਾ ਖ਼ੂਨੀ ਸਾਕਾ 20 ਫ਼ਰਵਰੀ 1921 ਈ: ਨੂੰ

ਚਾਰ ਘੋੜ ਸਵਾਰ ਸੀ, ਘੁੰਮੇ ਰਾਤ ਸਾਰੀ । ਮਿਲਿਆ ਧਾਰੋਵਾਲ[1] ਨਾ, ਭਾਲ ਕੀਤੀ ਭਾਰੀ ।
ਭਾਲ-ਭਾਲ ਗਏ ਹਾਰ ਸੀ, ਹੋਈ ਮੱਧਮ ਉਡਾਰੀ । ਉਹ ਪਹਿਲੇ ਪੁਲੋਂ ਲਹਿ ਗਿਆ, ਨਾਲ ਸੰਗਤ ਸਾਰੀ ।

ਜਦ ਜੱਥਾ ਧਾਰੋਵਾਲ ਦਾ, ਨਨਕਾਣੇ ਆਇਆ । ਅੱਗੇ ਹੋ ਵਰਿਆਮ ਸਿੰਘ, ਜੱਥਾ ਅਟਕਾਇਆ ।
ਉਸ ਹੁਕਮ ਲਿਖਤੀ ਪੰਥ ਦਾ, ਸੀ ਹੱਥ ਫੜਾਇਆ । ਉਸ ਲਿਖਤੀ ਚਿੱਠੀ ਦੇ ਕੇ, ਉਂਝ ਵੀ ਸਮਝਾਇਆ ।

ਡੱਬੀ ਦੀ ਤੀਲ ਬਾਲ ਕੇ, ਸਿੰਘਾਂ ਨੇ ਲੋ ਬਣਾਈ । ਜੱਥੇਦਾਰ ਚਿੱਠੀ ਪੜ੍ਹ ਕੇ, ਜੱਥੇ ਤਾਈਂ ਸੁਣਾਈ ।
ਕਿਹਾ ਲਛਮਣ ਸਿੰਘ ਜੱਥੇ ਨੂੰ, ਸਾਰੇ ਸੁਣ ਲੋ ਭਾਈ । ਸਾਰੇ ਜੱਥਿਆਂ ਤੇ ਪੰਥ ਨੇ, ਅੱਜ ਰੋਕ ਹੈ ਲਾਈ ।

ਟਹਿਲ ਸਿੰਘ ਸੀ ਬੋਲਿਆ, ਗੱਲ ਸੁਣ ਸਰਦਾਰਾ । ਦੋ ਵਾਰ ਅਰਦਾਸਾ ਕਰ ਕੇ, ਲਾਇਆ ਜੈਕਾਰਾ ।
ਆਏ ਸ਼ਹੀਦੀ ਪਾਣ ਨੂੰ ਕਰ ਪੱਕਾ ਕਾਰਾ । ਮੈਂ ਪਿੱਛੇ ਨਹੀਂ ਹੱਟਣਾ, ਚਾਹੇ ਮੁੜੇ ਜੱਥਾ ਸਾਰਾ ।

ਟਹਿਲਸਿੰਘ ਅੱਗੇ ਜਾਣ ਤੋਂ, ਨਾ ਹਟਿਆ ਹਟਾਇਆ । ਪਿੱਛੇ ਲਛਮਣਸਿੰਘ ਸੀ, ਛਾਲ ਮਾਰ ਕੇ ਆਇਆ ।
ਰਾਮ ਸਿੰਘ ਲਛਮਣ ਸਿੰਘ ਨੂੰ, ਜਾ ਜੱਫਾ ਪਾਇਆ । ਜਥੇਦਾਰ ਰਾਮ ਸਿੰਘ ਤੋਂ, ਆਪਾ ਛੁਡਵਾਇਆ ।

ਜੱਥੇ ਸ਼ਹੀਦੀ ਪਾਣ ਲਈ, ਸੀ ਪੱਕੀ ਧਾਰੀ । ਕੀਤੀ ਸੀ ਕਿਸੇ ਸਿੰਘ ਨਾ, ਰਤਾ ਜਿੰਦ ਪਿਆਰੀ ।
ਇਕ ਤੋਂ ਦੂਜੇ ਵੱਧ ਕੇ, ਛਾਲ ਅੱਗੇ ਮਾਰੀ । ਵੱਖ ਕੀਤੀਆਂ ਬੀਬੀਆਂ[2], ਜਦ ਆਈ ਵਾਰੀ ।

ਦਰਸ਼ਨੀ ਡਿਓੜੀ ਲੰਘ ਕੇ ਜੱਥੇ ਜੈਕਾਰਾ ਲਾਇਆ । ਮਹੰਤ ਇਕ ਵਾਰ ਡੋਲਿਆ ਉਸ ਦਿਲ ਸੀ ਢਾਇਆ ।
ਇਕ ਸਾਥੀ ਕਿਹਾ ਮਹੰਤ ਦੇ, ਫ਼ੱਬਰ ਨਹੀਂ ਆਇਆ । ਮਹੰਤ ਗੋਲੀ ਚਲਾਣ ਦਾ, ਝੱਟ ਹੁਕਮ ਚਲਾਇਆ ।

ਤਾਬਿਆ ਬੈਠੇ ਜਥੇਦਾਰ ਨੂੰ, ਗੋਲੀ ਗੁੰਡਿਆਂ ਮਾਰੀ । ਨਿਕਲੀ ਸਰੀਰੋਂ ਖ਼ੂਨ ਦੀ ਝੱਟ ਸੀ ਪਚਕਾਰੀ ।
ਦੇਹ ਭਿੱਜ ਗਈ ਗੁਰੂ ਗ੍ਰੰਥ ਦੀ, ਆਈ ਚੋਟਾ ਭਾਰੀ । ਧੂਹ ਕੇ ਪਿਛੇ ਸੁਟਿਆ, ਕਿਸੇ ਨਰਕਾਧਾਰੀ ।

ਦਲੀਪ ਸਿੰਘ ਖੜਕਾ ਸੁਣ ਕੇ, ਕਿਹਾ ਸਿੰਘ ਗਏ ਮਾਰੇ । ਭਜਿਆ ਸਣੇ ਵਰਿਆਮ ਸਿੰਘ, ਹੋਏ ਜਿੱਥੇ ਕਾਰੇ ।
ਅੱਗੋਂ ਨਰੈਣੂ ਮਿਲ ਪਿਆ, ਲਾਂਦਾ ਲਲਕਾਰੇ । ਦੋਹਾਂ ਸਿੰਘਾਂ ਕਿਹਾ ਮਹੰਤ ਨੂੰ, ਤੂੰ ਜ਼ੁਲਮ ਗੁਜ਼ਾਰੇ ।

ਝੱਟ ਗੁੱਸੇ ਹੋ ਮਹੰਤ ਨੇ, ਪਸਤੌਲ ਉਲਾਰੀ । ਤੁਰ ਜਾਹ ਏਥੋਂ ਦਲੀਪ ਸਿਹਾਂ, ਜੇ ਜਾਨ ਪਿਆਰੀ ।
ਸਿੰਘ ਛਾਤੀ ਤਾਣ ਖਲੋ ਗਏ, ਮਹੰਤ ਗੋਲੀ ਮਾਰੀ । ਦੋਹਾਂ ਨੂੰ ਟੁੱਕਣ ਲੱਗ ਪਏ, ਜੋ ਨਾਲ ਸ਼ਿਕਾਰੀ ।

ਅੰਦਰ ਵੀ ਇਹੋ ਹਾਲ ਸੀ, ਜ਼ੁਲਮ ਕੀਤੇ ਭਾਰੇ । ਕਰੀ ਜਾਂਦੇ ਕਤਲਾਮ ਸੀ, ਪਾਪੀ ਹਤਿਆਰੇ ।
ਫੱਟੜ ਪਏ ਸੀ ਤੜਫਦੇ, ਥਾਉਂ ਥਾਈਂ ਵਿਚਾਰੇ । ਛੱਪੜ ਲੱਗੇ ਲਹੂ ਦੇ, ਸੀ ਗੁਰੂ ਦੁਆਰੇ ।

ਇਕ ਬੱਚਾ ਨੌਂ ਸਾਲ ਦਾ, ਸੀ ਜੱਥੇ ਲੁਕਾਇਆ । ਪਾਇਆ ਅਲਮਾਰੀ ਵਿਚ, ਤਰਸ ਜੱਥੇ ਨੂੰ ਆਇਆ ।
ਗੁੰਡਿਆਂ ਉਥੋਂ ਕੱਢ ਕੇ, ਵਿਚ ਅੱਗ ਦੇ ਪਾਇਆ । ਉਹਦਾ ਨਾਮ ਦਰਬਾਰਾ ਸਿੰਘ ਇਤਿਹਾਸ ਵਿਚ ਆਇਆ ।

ਗੁੰਡੇ ਲੋਥਾਂ ਖਿੱਚ ਕੇ, ਢੇਰ ਪਏ ਲਾਂਦੇ । ਜੋ ਟੋਟੇ ਹੋਏ ਸਿੰਘ ਸੀ ਪਏ ਉਤੇ ਵਗਾਂਦੇ ।
ਤੇਲ ਦੇ ਪੀਪੇ ਮੰਡੀਓਂ ਸੀ, ਚੋਖੇ ਆਂਦੇ । ਖੁਰਾ ਖੋਜ ਜਥੇ ਦਾ, ਪਏ ਸੀ ਮਿਟਾਂਦੇ ।

ਫੱਟੜਾਂ ਉਤੇ ਮਹੰਤ ਨੇ, ਸੀ ਤੇਲ ਪਵਾਇਆ । ਵਰਿਆਮ ਸਿੰਘ ਅਤੇ 'ਦਲੀਪ' ਨੂੰ ਆਵੀ ਵਿਚ ਪਾਇਆ ।
ਜੰਡ ਨਾਲ ਲਛਮਣ ਸਿੰਘ ਨੂੰ, ਪੁੱਠਾ ਲਟਕਾਇਆ । 'ਚੈਨ' ਅਧਮੋਇਆਂ ਨੂੰ, ਮਹੰਤ ਨੇ, ਸੀ ਲਾਂਬੂ ਲਾਇਆ ।

ਨੋਟ :-(1) ਭਾਈ ਟਹਿਲ ਸਿੰਘ ਨੇ ਨਨਕਾਣੇ ਸਾਹਿਬ ਵਿਖੇ 18 ਸੌ ਰੁਪਏ ਜਥੇਦਾਰ ਲਛਮਣ ਸਿੰਘ ਦੀ ਸੁਪਤਨੀ ਨੂੰ ਦਿਤੇ ਸੀ । ਸ਼ਹੀਦਾਂ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਵਾਸਤੇ ।

(2) ਇਸ ਸ਼ਹੀਦੀ ਸਾਕੇ ਵਿਚ 56 ਖੋਪਰੀਆਂ (ਢੇਰ) ਤੋਂ ਇਲਾਵਾ ਪਈਆਂ ਸਨ ਅਤੇ ਬਾਹਰ ਭੱਠੇ ਵਿਚੋਂ 6 ਕੜੇ ਨਿਕਲੇ । ਕੁਲ ਮਿਲਾ ਕੇ 150 ਸਿੰਘ ਸ਼ਹੀਦ ਹੋਏ । ਹਵਾਲਾ ਸਿੱਖ ਮਿਸ਼ਨਰੀ ਕਾਲਜ ।

(3) ਮਹਿਤਾਬ ਸਿੰਘ ਸਰਕਾਰੀ ਵਕੀਲ 200 ਸਿੰਘ ਸ਼ਹੀਦ ਹੋਏ ਲਿਖਦਾ ਹੈ ।

---

1. ਲਛਮਨ ਸਿੰਘ । 2. ਤੰਬੂ ਸਾਹਿਬ ਭੇਜੀਆਂ ।

ਅਕਾਲੀ ਦਲ ਖਰਾ ਸੌਦਾ ਬਾਰ ਦੀ ਚੜ੍ਹਾਈ 21 ਫਰਵਰੀ 1921 ਈ:

---ਵਾਰ--

ਲੰਗਰ ਪਿਆ ਸੀ ਪੱਕਦਾ, ਤਾਰ ਨਨਕਾਣਿਓਂ ਆਈ। ਤਾਰ ਆੜ੍ਹਤੀ ਧਰਮ ਸਿੰਘ ਨੇ, ਪੜ੍ਹ ਸੁਣਾਈ।
ਕਿਹਾ ਝੱਬਰ ਨੂੰ ਨਾਮ ਤੁਸਾਂ ਦੇ, ਲਿਖ ਸਿੰਘਾਂ ਪਾਈ। ਲਛਮਣ ਸਿੰਘ ਦਲੀਪ ਸਿੰਘ, ਕਰ ਗਏ ਚੜ੍ਹਾਈ।

ਮਿੱਟੀ ਦਾ ਤੇਲ ਪਾ ਕੇ, ਮਹੰਤ ਜਥਾ ਸੜਵਾਇਆ। ਸ਼ਹਿਰੀ ਸਿੰਘਾਂ ਨੂੰ ਉਸ ਨੇ ਹੈ ਘੇਰਾ ਪਾਇਆ।
ਤੁਸੀਂ ਜੱਥਾ ਅਪੜੋ ਲੈ ਕੇ, ਫਟਾ ਫਟ ਬੁਲਾਇਆ। ਲਿਖਿਆ ਜੋ ਕੁਝ ਤਾਰ ਵਿਚ, ਉਸ ਪੜ੍ਹ ਸੁਣਾਇਆ।

ਪ੍ਰਸ਼ਾਦੇ ਪੱਕਦੇ ਛੱਡ ਕੇ, ਝੱਬਰ ਅਰਦਾਸ ਗੁਜ਼ਾਰੀ। ਉਠ ਕੇ ਨਾਲ ਖਲੋ ਗਈ, ਸੀ ਸੰਗਤ ਸਾਰੀ।
ਹੋ ਗਏ ਵੀਰ ਸ਼ਹੀਦ ਨੇ, ਹੁਣ ਸਾਡੀ ਵਾਰੀ। ਪ੍ਰਣ ਲੈ ਕੇ ਸਾਰਿਆਂ, ਕਰ ਲਈ ਤਿਆਰੀ।

ਨੌਂ ਘੋੜ ਸਵਾਰ ਸੀ, ਪਿੰਡਾਂ ਵੱਲ ਆਏ। ਉਨੱਤੀ ਪੈਦਲ ਭੇਜ ਕੇ, ਸੰਦੇਸ਼ ਪੁਚਾਏ।
ਛਵੀਆਂ ਆਵੋ ਲੈ ਕੇ, ਸਭ ਸਿੰਘ ਸਮਝਾਏ। ਕੋਈ ਵੀ ਖਾਲੀ ਹੱਥ ਨਾ, ਜੱਥੇ ਨਾਲ ਜਾਏ।

ਚੰਦਰ ਕੋਟ ਦੀ ਝਾਲ ਤੇ, ਹੋਵੋ ਕੱਠੇ ਸਾਰੇ। ਰਾਤੋ-ਰਾਤ ਹੈ ਪੁਜਣਾ, ਨਹੀਂ ਲੱਮੇ ਕਾਰੇ।
ਡੋਂਡੀ ਪਿੱਟੀ ਇਲਾਕੇ ਵਿਚ, ਕਰ ਲਵੋ ਤਿਆਰੇ। ਤੁਰੇ ਵਹੀਰਾ ਪਾ ਕੇ, ਸੀ ਗੁਰੂ ਪਿਆਰੇ।

ਸੂਹੀਏ ਦਿੱਤੀ ਖਬਰ ਸੀ, ਝੱਬਰ ਨੂੰ ਸਾਰੀ। ਕੀਤਾ ਮਹੰਤ ਗ੍ਰਿਫਤਾਰ ਨੇ, ਲਏ ਫੋਰਸ ਭਾਰੀ।
ਮੱਲੀ ਜੇਲ੍ਹ ਲਾਹੌਰ ਦੀ, ਉਸ ਨਰਕਾ-ਧਾਰੀ। ਕਬਜ਼ਾ ਜਨਮ ਅਸਥਾਨ ਤੇ, ਹੋ ਗਿਆ ਸਰਕਾਰੀ।

ਝੱਬਰ ਲਕੀਰ ਖਿੱਚ ਕੇ, ਕਿਹਾ ਸੁਣ ਲੋ ਸਾਰੇ। ਸਾਡੀ ਟੱਕਰ ਨਾਲ ਫੌਜ ਦੇ, ਪਈ ਫੌਜ ਵੰਗਾਰੇ।
ਉਹ ਅੱਗੇ ਨਾ ਆਵੇ ਟੱਪ ਕੇ, ਜਿਹਨੂੰ ਪ੍ਰਾਣ ਪਿਆਰੇ। ਗਏ ਟੱਪ ਲਕੀਰ ਸੀ, ਸਭ ਗੁਰੂ ਦੁਲਾਰੇ।

ਲੈ ਕੇ ਹੁਕਮ ਸਾਹਬ ਦਾ, ਇਕ ਪਿਆਦਾ ਆਇਆ। ਰੁੱਕਾ ਵਿਖਾ ਕੇ ਝੱਬਰ ਨੂੰ ਉਸ ਜੱਥਾ ਅਟਕਾਇਆ।
ਪਿਆਦੇ ਰੁੱਕਾ ਪੜ੍ਹ ਕੇ, ਸੀ ਚਾ ਸੁਣਾਇਆ। ਬੰਦਾ ਇਕ ਨਹੀਂ ਬਚਣਾ, ਜੇ ਅੱਗੇ ਤੂੰ ਆਇਆ।

ਪਾੜ ਕੇ ਰੁੱਕਾ ਝੱਬਰ ਨੇ, ਉੱਤੇ ਛਿੱਤਰ ਮਾਰੇ। ਕਿਹਾ, ਕਹੀਂ ਜਾ ਕੇ ਸਾਹਬ ਨੂੰ, ਲਾ ਲਵੇ ਉਹ ਚਾਰੇ।
ਝੱਬਰ ਜੱਥੇ ਧਾਰਾਂ ਬਣਾ ਕੇ, ਟੋਰੇ ਚਾ ਸਾਰੇ। ਉਸ ਅੱਗੇ ਘੋੜਾ ਲਾ ਕੇ, ਛੱਡ ਦਿੱਤੇ ਜੈ ਕਾਰੇ।

ਜਦ ਸੀਟੀ ਝੱਬਰ ਮਾਰਦਾ, ਸਿੰਘ ਭੜਥੂ ਪਾਂਦੇ। ਸਿੰਘ ਸਤਿ ਸ੍ਰੀ ਅਕਾਲ ਦੇ, ਜੈ ਕਾਰੇ ਲਾਂਦੇ।
ਡੀ.ਸੀ. ਕਰੀ ਸਾਹਬ ਨੂੰ, ਸੀ ਰੋਹ ਚੜ੍ਹਾਂਦੇ। ਦਫਾ ਚੁਤਾਲੀ ਵੱਲ ਸੀ, ਉਹ ਵੱਧਦੇ ਜਾਂਦੇ।

ਸਰਕਾਰੀ ਵਕੀਲ ਰੋ ਕੇ ਕਿਹਾ, ਸੁਣ ਜਥੇਦਾਰਾ। ਅੱਗੇ ਤੋਪਾਂ ਗੱਡੀਆਂ, ਗੱਲ ਸੁਣ ਸਰਦਾਰਾ।
ਦੋ ਸੌ ਹੋਏ ਸ਼ਹੀਦ ਨੇ, ਕਲ੍ਹ ਹੋਇਆ ਕਾਰਾ। ਬਾਈ ਸੌ ਮਰਵਾ ਨਾ, ਕਰ ਜਾਹ ਕਿਨਾਰਾ।

ਝੱਬਰ ਕਿਹਾ ਮਹਿਤਾਬ[1] ਨੂੰ, ਤੂੰ ਹੋ ਦੁਰਾਡਾ। ਵੇਲਾ ਨਹੀਂ ਸਮਝਾਣ ਦਾ, ਕਰ ਦਰਦ ਨਾ ਸਾਡਾ।
ਸਾਨੂੰ ਰਤਾ ਡਰ ਨਹੀਂ, ਦਿਲ ਡਰੇ ਤੁਹਾਡਾ। 'ਚੈਨ' ਝੱਬਰ ਆਖਿਆ, ਐਵੇਂ ਲਾਅ ਨਾ ਆਢਾ।

---

1. ਮਹਿਤਾਬ ਸਿੰਘ ਸਰਕਾਰੀ ਵਕੀਲ ਸੀ।

ਸ਼ਹੀਦੀ ਜਥੇ

ਮਿ: ਕਰੀ ਡਿਪਟੀ ਕਮਿਸ਼ਨਰ ਸ਼ੇਖੂਪੁਰਾ, ਮਿ: ਕਿੰਗ ਕਮਿਸ਼ਨਰ, ਲਾਹੌਰ ਅਤੇ ਡੀ. ਆਈ. ਜੀ. ਪਲਿਸ ਲਾਹੌਰ ਨੇ ਦਫਾ ਚੁਤਾਲੀ ਦੇ ਏਰੀਏ ਵੱਲ ਜਾਣ ਤੋਂ ਸ਼ਹੀਦੀ ਜੱਥੇ ਰੋਕਣ ਲਈ ਕਿਹਾ।

ਕਿਹਾ ਸਾਹਬ ਜੱਥੇਦਾਰ ਨੂੰ, ਜੱਥਾ ਆਗੇ ਮਤ ਲਾਓ। ਖੜਾ ਆਗੇ ਜਰਨੈਲ ਹੈ, ਜੱਥਾ ਪਿਛੇ ਹਟਾਓ।
ਅੱਬ ਗੋਲੀ ਚੱਲ ਜਾਏਗੀ, ਨਾ ਜਾਨੇਂ ਗਵਾਓ। ਮਹੰਤ ਅੱਬ ਯਹਾਂ ਨਹੀਂ, ਨਾ ਸ਼ੋਰ ਮਚਾਓ।

ਕਿਹਾ ਝੱਬਰ, 'ਗੋਲੀ ਚਲਵਾ ਕੇ', ਅੱਜ ਵੇਖ ਨਜ਼ਾਰਾ। ਗੋਲੀ ਚਲਵਾ ਕੇ ਵੇਖ ਲੈ, ਅੱਜ ਜੋਸ਼ ਹਮਾਰਾ।
ਸਾਡਾ ਜੱਥਾ ਬਾਈ ਸੋ ਦਾ, ਤੇਰਾ ਡੇਢ ਸੋ ਸਾਰਾ। ਜਵਾਬ ਸੁਣ ਕੇ ਝੱਬਰ ਦਾ, ਸਿੰਘਾਂ ਲਾਇਆ ਜੈ ਕਾਰਾ।

ਡੀ. ਆਈ. ਜੀ. ਬੋਲਿਆ, "ਕੀ ਮਾਂਗ ਤੁਮਾਰੀ। ਹਮੇ ਬਤਾ ਦੇ ਖੋਹਲ ਕਰ, ਤੁਮ ਇੱਛਾ ਸਾਰੀ।
ਸਮਝਾਣਾ ਹਮਾਰਾ ਕਾਮ ਹੈ, ਹਮ ਬੰਦਾ ਸਰਕਾਰੀ। ਕਿਉਂ ਸੀਧੀ ਤੁਮ ਸੁਣਾ ਰਹੇ, ਹਮੇ ਬਾਤ ਕਰਾਰੀ।"

ਝੱਬਰ ਰੋਹ ਵਿੱਚ ਬੋਲਿਆ, "ਚ ਬੀਆਂ ਹਮੇ ਫੜ ਵੋ। ਕਿਲਾ ਨਹੀਂ ਸ਼ੇਰੇ ਪੰਜਾਬ ਦਾ, ਕਿਉਂ ਟਾਂਗ ਅੜਾਵੋ।
ਯੇਹ ਯੂਰੋ-ਸ਼ਲੇਮ ਹੈ ਹਮ ਕਾ, ਤੁਮ ਪੀਛੇ ਹੱਟ ਜਾਵੋ। ਜੇ ਇੰਜ ਤੁਸਾਂ ਕਰਨਾ ਨਹੀਂ, ਫਿਰ ਗੋਲੀ ਚਲਾਵੋ।

ਡੀ. ਆਈ. ਜੀ. ਬੋਲਿਆ, ਯੇਹ ਮਾਂਗ ਤੁਮਾਰੀ। ਠਹਿਰੋ ਰਾਤ ਆਜ ਕੀ, ਮਾਨੋਂ ਬਾਤ ਹਮਾਰੀ।
ਕਲ ਫੋਜ ਚਲੀ ਜਾਏਗੀ, ਏਥੋਂ ਸਭ ਸਰਕਾਰੀ। ਕਿਹਾ ਝੱਬਰ ਸਮਝ ਲਈ, ਮੈਂ ਤੁਹਾਡੀ ਹੁਸ਼ਿਆਰੀ।

ਲਾਗਰ ਗਿਆਨ ਸਿੰਘ ਨੇ, ਛੂਵੀ ਚਮਕਾਈ। ਮਿੰਟ ਚਾਰ ਨਹੀਂ ਰੁਕਣਾਂ, ਇਸ ਖੱਪ ਕਿਉਂ ਪਾਈ।
ਵਿੱਥ ਚਾਰ ਪਹਿਰ ਦੀ, ਇਸ ਕਿਉਂ ਸੁਣਾਈ। ਤੂੰ ਗੋਲੀ ਚਲਵਾ ਗੋਰਿਆ, ਸਾਡਾ ਗੁਰੂ ਸਹਾਈ।

ਕਿਹਾ ਝੱਬਰ ਨੇ ਗੱਜ ਕੇ, ਸਿੰਘ ਗੁੱਸੇ ਵਿੱਚ ਸਾਰੇ। ਗੱਲ ਕਰੋ ਪਰਾਂ ਖਲੋ ਕੇ, ਕਿਤੇ ਜਾਇਉ ਨਾ ਮਾਰੇ।
ਜੋਸ਼ ਵਿੱਚ ਸਭ ਸਿੰਘਾਂ ਸੀ, ਛੱਡ ਦਿੱਤੇ ਜੈਕਾਰੇ। ਸਾਹਬ ਫਿੱਕਾ ਪੈ ਗਿਆ, ਵੇਖ ਸਿੰਘਾਂ ਦੇ ਕਾਰੇ।

ਕਿੰਗ ਸਾਹਬ ਤੇ ਕਰੀ ਸਾਹਬ, ਹੋ ਪਰ੍ਹਾਂ ਖਲੋਤੇ। ਜੋਸ਼ ਵੇਖ ਕੇ ਸਿੰਘਾਂ ਦਾ, ਉੱਡ ਗਏ ਸੀ ਤੋਤੇ।
ਜਦ ਬੋਲੇ ਸਿੰਘ ਗੱਜ ਕੇ, ਆਏ ਗੋਰੇ ਨੂੰ ਗੋਤੇ। ਕਰਨ ਸਲਾਹੀਂ ਲੱਗ ਪੈ, ਵਿਦੇਸ਼ੀ ਬੋਤੇ।

ਫਿਰ ਝੱਬਰ ਤਾਈਂ ਸਾਹਬ ਨੇ, ਸੀ ਕੋਲ ਬੁਲਾਇਆ। ਆਉ ਕੁੰਜੀਆਂ ਲੈ ਲੋ ਝੱਬਰ ਜੀ, ਗੁੱਛਾ ਵਿਖਾਇਆ।
ਮੇਤਾਬ ਸਿੰਘ ਵਕੀਲ ਵੀ, ਸੀ, ਤਰਲਾ ਪਾਇਆ। ਝੱਬਰ ਉੱਥੇ ਜਾਣ ਤੋਂ ਜਵਾਬ ਸੁਣਾਇਆ।

ਝੱਬਰ ਅੜ ਗਿਆ ਅੜੀ ਤੇ, ਫਿਰ ਅਫਸਰ ਹਾਰੇ। ਲਿਆ ਬਦਲ ਰਵਈਆ ਸਾਹਬ ਸੀ, ਸਭ ਲਾ ਕੇ ਚਾਰੇ।
ਕੁਝ ਵਿੱਥ ਤੇ ਗਏ ਖਲੋ ਸੀ, ਉਹ ਅਫਸਰ ਸਾਰੇ। ਪਏ ਸਿੰਘ ਸੀ ਪਿਛੋਂ ਬੋਲਦੇ, ਕੁਝ ਬੋਲ ਕਰਾਰੇ।

ਆਪਣੇ ਥਾਂ ਤੇ ਅੜ ਗਿਆ, ਉਹ ਸਿੰਘ ਨਿਰਾਲਾ। ਗੋਰਿਆਂ ਅੰਦਰ ਪੈ ਗਿਆ, ਪਾਪਾਂ ਦਾ ਪਾਲਾ।
ਅਗੇ ਹੋ ਦਿੱਤਾ ਕਮਿਸ਼ਨਰ ਨੇ, ਗਛਾ ਚਾਬੀਆਂ ਵਾਲਾ। ਬਣਿਆ ਅਜ ਗੁਰੂ ਖਾਲਸਾ, ਆਪਣੇ ਘਰ ਵਾਲਾ।

ਚਾਬੀਆਂ ਦੇ ਕੇ ਜੱਥੇ ਨੂੰ, ਗੋਰੇ ਆਪਾ ਛੁਡਵਾਇਆ। ਇੱਕ ਉੱਚੀ ਥਾਵੇ ਖਲੋਕੇ, ਝੱਬਰ ਗੁੱਛਾ ਵਿਖਾਇਆ।
ਸਿੰਘਾਂ ਕੁੰਜੀਆਂ ਵੇਖ ਕੇ, ਜੈਕਾਰਾ ਲਾਇਆ। 'ਚੈਨ' ਨਨਕਾਣਾ ਸਾਹਿਬ ਸੀ, ਇਉਂ ਆਜ਼ਾਦ ਕਰਵਾਇਆ।

ਚੈਨ ਸਿੰਘ "ਚੈਨ"
ਮਲਕਪੁਰ ਥੇਹ, ਜੀਂਦ (ਹਰਿਆਣਾ)

ਜਥੇਦਾਰ ਵੀਰ ਸਿੰਘ

ਦੇਸ਼ ਨੂੰ ਆਜ਼ਾਦ ਕਰਾਉਣ ਸਬੰਧੀ ਸਾਡੇ ਦੇਸ਼ ਦੇ ਵਸਨੀਕਾਂ ਨੇ ਆਪਣੀ ਜਾਨ ਤੱਕ ਦੀ ਬਾਜ਼ੀ ਲਗਾ ਦਿੱਤੀ। ਕਈ ਮਹਾਨ ਹਸਤੀਆਂ ਨੇ ਜੇਲ੍ਹਾਂ ਵਿਚ ਰੁਲ ਕੇ ਆਪਣੀ ਜੁਆਨੀ ਦੇ ਕੀਮਤੀ ਸਾਲਾਂ ਨੂੰ ਦੇਸ਼ ਦੇ ਲੇਖੇ ਲਾ ਦਿੱਤਾ। ਇਹਨਾਂ ਮਹਾਨ ਹਸਤੀਆਂ ਵਿਚ ਇਕ ਜਾਣਿਆ ਪਛਾਣਿਆ ਨਾਮ 'ਜਥੇਦਾਰ ਵੀਰ ਸਿੰਘ ਵਿਰਕ' ਦਾ ਹੈ। ਜਿਨ੍ਹਾਂ ਦਾ ਜਨਮ ਗਾਜ਼ੀ ਮੁਨਾਰੇ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਵਿਚ ਸ: ਖੁਸ਼ਹਾਲ ਸਿੰਘ ਦੇ ਘਰ ਹੋਇਆ। ਬਚਪਨ ਤੋਂ ਆਪ ਦੀ ਲਗਨ ਦੇਸ਼ ਪ੍ਰੇਮ ਵਿਚ ਜੁੜੀ ਹੋਈ ਸੀ। 'ਗੁਲਾਮੀ' ਨਾਮ ਤੋਂ ਉਹਨਾਂ ਨੂੰ ਸਖਤ ਨਫਰਤ ਸੀ। ਜਿਸ ਦਾ ਸਬੂਤ ਉਹਨਾਂ ਨੇ ਅੰਗਰੇਜ਼ ਸਰਕਾਰ ਨੂੰ ਲਗਾਨ (ਮਾਮਲਾ) ਦੇਣ ਤੋਂ ਇਨਕਾਰ ਕੀਤਾ ਅਤੇ ਦੂਜੇ ਕਿਸਾਨਾਂ ਨੂੰ ਇਸ ਲਗਾਨ ਦੇ ਵਿਰੁਧ ਖੜਾ ਕੀਤਾ। ਇਸ ਜੁਰਮ ਵਿਚ ਭਾਵੇਂ ਆਪ ਨੂੰ 3 ਮਹੀਨਿਆਂ ਦੀ ਕੈਦ ਹੋ ਗਈ ਜੋ ਆਪ ਨੇ ਸੈਂਟਰਲ ਜੇਲ੍ਹ ਲਾਹੌਰ ਦੀ ਚਾਰ ਦੁਆਰੀ ਵਿਚ ਕੱਟੀ। ਇਸੇ ਕਰ ਕੇ ਹੀ ਆਪ ਜੀ ਦੇ ਭਤੀਜੇ ਸ: ਜੰਗੀਰ ਸਿੰਘ ਨੂੰ ਸਰਗਰਮ ਲੀਡਰ ਹੋਣ ਕਾਰਣ 6 ਮਹੀਨੇ ਦੀ ਸਜ਼ਾ ਲਾਹੌਰ ਜੇਲ੍ਹ ਵਿਚ ਹੋਈ।

ਸ: ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਉਦੋਂ ਆਪ ਵੀ ਲਾਹੌਰ ਦੀ ਸੈਂਟਰਲ ਜੇਲ ਵਿਚ ਕੈਦ ਸਨ। ਉਨ੍ਹਾਂ ਨੂੰ ਫਾਂਸੀ ਤੋਂ ਬਾਅਦ ਜਥੇਦਾਰ ਵੀਰ ਸਿੰਘ ਅਤੇ ਸਾਥੀਆਂ ਨੇ 2 ਦਿਨ ਭੁਖ ਹੜਤਾਲ ਕੀਤੀ। ਇਨ੍ਹਾਂ ਨਾਲ ਗਦਰੀ ਬਾਬੇ ਕੈਨੇਡਾ ਵਾਲੇ ਅਤੇ ਹੋਰ ਸਾਥੀ ਵੀ ਸਨ। ਅੰਗਰੇਜ਼ਾਂ ਦੇ ਵੱਧਦੇ ਅਤਿਆਚਾਰਾਂ ਨੂੰ ਆਪ ਦਾ ਗਰਮ ਖੂਨ ਸਹਿਣ ਨਹੀਂ ਕਰ ਸਕਿਆ।

ਕਾਂਗਰਸ ਪਾਰਟੀ ਨੂੰ ਅਸਲਾ ਲਿਆ ਕੇ ਦੇਣ ਦੇ ਦੋਸ਼ ਵਿਚ ਰੌਸ਼ਨ ਸ਼ਾਹ ਜੋ ਉਸ ਵਕਤ ਥਾਣੇਦਾਰ ਸੀ ਨੇ ਆਪ ਦਾ ਚਲਾਨ ਕਰ ਦਿੱਤਾ। ਉਸ ਕੇਸ ਵਿਚ ਆਪ ਨੇ 9 ਮਹੀਨੇ ਹਵਾਲਾਤ ਵਿਚ ਕੱਟੇ।

1947 ਦੀ ਵੰਡ ਤੋਂ ਪਿਛੋਂ ਆਪ ਜ਼ਿਲ੍ਹਾ ਪਟਿਆਲਾ ਦੇ ਪਿੰਡ ਸੈਫਦੀਪੁਰ (ਨੇੜੇ ਪੰਜਾਬੀ ਯੂਨੀਵਰਸਿਟੀ) ਪੰਜਾਬ ਵਿਚ ਆ ਗਏ। ਏਥੇ ਹੀ ਜ਼ਮੀਨ ਅਲਾਟ ਹੋਈ। ਇਥੇ ਆ ਕੇ ਵੀ ਇਨ੍ਹਾਂ ਦਾ ਇਨਕਲਾਬੀ ਖੂਨ ਠੰਡਾ ਨਹੀਂ ਸੀ ਹੋਇਆ। ਸਗੋਂ ਆਪਣੇ ਆਖਰੀ ਸੁਆਸ ਤੱਕ ਪੰਜਾਬ ਦੀਆਂ ਰਾਜਨੀਤਕ ਲਹਿਰਾਂ ਨਾਲ ਜੁੜੇ ਰਹੇ। ਆਪ ਜੀ ਦੇ ਚਾਰ ਲੜਕੇ ਅਤੇ ਇਕ ਲੜਕੀ ਹੈ।

ਭਾਰਤ ਦੇ ਆਜ਼ਾਦ ਹੋਣ ਤੋਂ ਕੁਝ ਸਮਾਂ ਬਾਅਦ ਹੀ ਪੰਜਾਬੀ ਸੂਬਾ ਮੋਰਚਾ ਅਕਾਲੀਆਂ ਸ਼ੁਰੂ ਕੀਤਾ, ਜਿਸ ਵਿਚ ਆਪ ਨੇ ਹਿਸਾਰ ਸੈਂਟਰਲ ਜੇਲ੍ਹ ਵਿਚ ਤਿੰਨ ਮਹੀਨੇ ਕੈਦ ਕੱਟੀ। ਇਸ ਪਿਛੋਂ ਮੁੱਖ ਮੰਤਰੀ ਸ: ਪ੍ਰਤਾਪ ਸਿੰਘ ਕੈਰੋਂ ਨੇ ਰੇਡੀਓ ਤੋਂ ਐਲਾਨ ਕੀਤਾ ਕਿ ਅਕਾਲੀਆਂ ਨੇ ਸਰਕਾਰ ਤੋਂ ਮੁਆਫੀ ਮੰਗੀ ਹੈ। ਇਸ ਐਲਾਨ ਨੂੰ ਆਪ ਨੇ ਬਰਦਾਸ਼ਤ ਨਹੀਂ ਕੀਤਾ ਕਿਉਂਕਿ ਈਨ ਤਾਂ ਆਪ ਨੇ ਅੰਗਰੇਜ਼ਾਂ ਦੀ ਨਹੀਂ ਸੀ ਮੰਨੀ, ਹੁਣ ਤਾਂ ਫਿਰ ਵੀ ਆਜ਼ਾਦ ਭਾਰਤ ਦੀ ਗੱਲ ਸੀ। ਆਪ ਉਸੇ ਸਮੇਂ ਹੀ 150 ਅਕਾਲੀ ਸਿੰਘਾਂ ਅਤੇ ਸਿੰਘਣੀਆਂ ਦੇ ਜਥੇ ਸਮੇਤ ਗ੍ਰਿਫਤਾਰੀ ਦਿੱਤੀ ਅਤੇ ਸੈਂਟਰਲ ਜੇਲ੍ਹ ਪਟਿਆਲਾ ਵਿਚ ਢਾਈ ਮਹੀਨੇ ਕੈਦ ਕੱਟੀ।


ਇਸ ਤੋਂ ਬਾਅਦ ਸੰਤ ਫਤਿਹ ਸਿੰਘ ਨੇ ਮਰਨ ਵਰਤ ਰਖਿਆ ਤਾਂ ਆਪ ਨੇ 50 ਅਕਾਲੀ ਸਿੰਘਾਂ ਸਮੇਤ ਗ੍ਰਿਫਤਾਰੀ ਦੇ ਦਿੱਤੀ। ਇਸ ਤੋਂ ਪਿਛੋਂ ਆਪ ਨੂੰ ਅਤੇ ਸੰਤ ਬਲਵੰਤ ਸਿੰਘ ਹੁਡਿਆਰਾ ਦੋਨਾਂ ਨੂੰ ਸੀ.ਆਈ.ਏ. ਸਟਾਫ ਵਾਲੇ ਅੰਮ੍ਰਿਤਸਰ ਲੈ ਗਏ। ਇਥੇ ਆਪ ਨੂੰ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਤੇ ਕਈ ਰਾਤਾਂ ਤੱਕ ਖੜ੍ਹਾ ਰੱਖਿਆ। ਜਿਸ ਕਾਰਣ ਆਪ ਜੀ ਦੇ ਲੱਤਾਂ, ਬਾਹਾਂ ਅਤੇ ਮੂੰਹ ਤੇ ਸੋਜਸ਼ ਆ ਗਈ। ਇਸ ਤੋਂ ਬਾਅਦ ਮਾਸਟਰ ਤਾਰਾ ਸਿੰਘ ਨੇ ਮਰਨ ਵਰਤ ਰੱਖਿਆ ਜਿਸ ਤੇ ਆਪ 90 ਅਕਾਲੀ ਸਿੰਘਾਂ ਨੂੰ ਨਾਲ ਲੈ ਕੇ ਗ੍ਰਿਫਤਾਰ ਹੋਏ ਅਤੇ ਜੇਲ੍ਹ ਕੱਟੀ। ਉਸ ਤੋਂ ਬਾਅਦ ਪੁਲਿਸ ਨੇ ਆਪ ਨੂੰ ਤਿੰਨ ਵਾਰ ਪਕੜਿਆ। ਕੋਈ ਵੀ ਮੁਜ਼ਾਹਰਾ ਹੁੰਦਾ ਤਾਂ ਆਪ ਨੂੰ ਪਹਿਲਾਂ ਫੜ ਲਿਆ ਜਾਂਦਾ। ਇਸ ਦੇ ਸਬੂਤ ਜਦੋਂ ਰਣਧੀਰ ਸਿੰਘ ਚੀਮਾ, ਗੁਰਦੇਵ ਸਿੰਘ ਸਿੱਧੂ, ਜਥੇਦਾਰ ਰਤਨ ਸਿੰਘ ਅਲੋਰਾਂ ਹੋਰੀਂ 25 ਸਿੰਘਾਂ ਨੂੰ ਲੈ ਕੇ ਅੰਮ੍ਰਿਤਸਰ ਤੋਂ ਗੁਰਦੁਆਰਾ ਸੀਸ ਗੰਜ (ਦਿੱਲੀ) ਗ੍ਰਿਫਤਾਰੀ ਦੇਣ ਜਾ ਰਹੇ ਸਨ ਤਾਂ ਆਪ ਜੀ ਨੂੰ ਪਹਿਲਾਂ ਹੀ ਫੜ ਲਿਆ ਗਿਆ ਅਤੇ 25 ਦਿਨ ਸੈਂਟਰਲ ਜੇਲ ਪਟਿਆਲਾ ਕੈਦ ਰੱਖਿਆ। ਰਿਹਾਈ ਤੋਂ ਬਾਅਦ ਸੀਸ ਗੰਜ ਮੋਰਚੇ ਦੌਰਾਨ ਫਿਰ ਗ੍ਰਿਫਤਾਰੀ ਦਿੱਤੀ ਅਤੇ ਤਿੰਨ ਮਹੀਨੇ ਸੰਗਰੂਰ ਜੇਲ੍ਹ ਵਿਚ ਕੈਦ ਕੱਟੀ।

25 ਜੂਨ 1975 ਨੂੰ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਗੂ ਕਰ ਦਿੱਤੀ ਤਾਂ ਉਸ ਦੇ ਵਿਰੋਧ ਵਿੱਚ ਆਪ 28 ਜੁਲਾਈ 1975 ਨੂੰ 'ਜਥੇਦਾਰ ਸਰਦਾਰਾ ਸਿੰਘ ਕੋਹਲੀ' ਸਾਬਕਾ ਰਾਜ ਮੰਤਰੀ ਪੰਜਾਬ ਸਮੇਤ ਪਟਿਆਲਾ ਤੋਂ ਗ੍ਰਿਫਤਾਰੀ ਦਿੱਤੀ। ਬਾਕੀ ਸਾਥੀਆ

ਸਮੇਤ ਆਪ ਨੂੰ ਪਟਿਆਲੇ ਜੇਲ ਵਿੱਚ ਭੇਜ ਦਿੱਤਾ। ਇਸ ਸਮੇਂ ਤੱਕ ਆਪ ਦਾ ਜਿਸਮ ਬਿਰਧ ਅਵਸਥਾ ਹੋਣ ਕਰ ਕੇ ਸਖ਼ਤ ਸਜ਼ਾ ਬਰਦਾਸ਼ਤ ਨਹੀਂ ਕਰ ਸਕਦਾ ਸੀ। ਸੋ ਸੈਂਟਰਲ ਜੇਲ ਪਟਿਆਲਾ ਵਿੱਚ ਐਮਰਜੈਂਸੀ ਵਾਲੀ ਸਜ਼ਾ ਨੂੰ ਭੁਗਤਦਿਆਂ ਆਪ ਦਾ ਇੱਕ ਪਾਸਾ ਸੌਂ ਗਿਆ। ਰਾਜਿੰਦਰਾ ਹਸਪਤਾਲ ਵਿੱਚ ਇਲਾਜ ਦੇ ਬਾਵਜੂਦ ਵੀ ਠੀਕ ਨਹੀਂ ਹੋ ਸਕੇ ਸਗੋਂ ਅੱਖਾਂ ਦੀ ਰੌਸ਼ਨੀ ਤੇ ਬਹੁਤ ਅਸਰ ਪੈ ਗਿਆ। ਪਰ ਬਾਅਦ ਵਿੱਚ ਹਸਪਤਾਲ ਤੋਂ ਛੁੱਟੀ ਦੇ ਕੇ ਜੇਲ ਭੇਜ ਦਿੱਤਾ। 27 ਜਨਵਰੀ 1976 ਨੂੰ ਆਪ ਜੀ ਨੂੰ ਸੈਂਟਰਲ ਜੇਲ ਪਟਿਆਲਾ ਤੋਂ ਰਿਹਾਅ ਕੀਤਾ। 15 ਅਗਸਤ 1976 ਨੂੰ ਅਜ਼ਾਦੀ ਦਿਵਸ ਤੋਂ 4 ਦਿਨ ਪਹਿਲਾ ਹੀ ਫੜ ਕੇ ਥਾਣਾ ਸਦਰ ਪਟਿਆਲਾ ਵਿੱਚ ਬੰਦ ਕਰ ਦਿੱਤਾ। ਤਾਂ ਜੋ ਦੇਸ਼ ਨੂੰ ਅਜ਼ਾਦ ਕਰਾਉਣ ਵਾਲੇ ਇਹ ਮਹਾਂਪੁਰਸ਼ ਜੇਲ ਵਿੱਚ ਅਜ਼ਾਦੀ ਦਿਵਸ ਮਨਾਉਣ। ਇਸ ਤਰ੍ਹਾਂ ਜਦੋਂ ਸੈਂਟਰ 'ਚ ਕਿਸੇ ਕਾਂਗਰਸ ਦੇ ਲੀਡਰ ਨੇ ਪੰਜਾਬ ਆਉਣਾ ਹੁੰਦਾ ਤਾਂ ਆਪ ਜੀ ਨੂੰ ਪਹਿਲਾਂ ਹੀ ਫੜ ਲਿਆ ਜਾਂਦਾ। ਕਿਉਂਕਿ ਅੱਜ ਇਹ ਲੀਡਰ ਇਨ੍ਹਾਂ ਤੋਂ ਖ਼ਤਰਾ ਮਹਿਸੂਸ ਕਰਦੇ ਜਿਨ੍ਹਾਂ ਨੇ ਸਾਰੇ ਦੇਸ਼ ਦਾਂ ਖ਼ਤਰਾ ਖ਼ਤਮ ਕੀਤਾ। ਹੌਲੀ ਹੌਲੀ ਵਧਦੀ ਉਮਰ ਨਾਲ ਆਪ ਜੀ ਦੀ ਸਿਹਤ ਕਾਫ਼ੀ ਖ਼ਰਾਬ ਹੋ ਗਈ।

ਫਿਰ 28-12-1981 ਨੂੰ ਆਪ ਗੁਰਪੁਰੀ ਸਿਧਾਰ ਗਏ। ਭਾਵੇਂ ਆਪ ਦੀ ਉਮਰ 100 ਸਾਲ ਦੀ ਹੋ ਗਈ ਸੀ। ਪਰ ਫਿਰ ਵੀ ਉਨ੍ਹਾਂ ਵਰਗੇ ਸੁਤੰਤਰ ਸੰਗਰਾਮੀਏ ਦੀ ਥੜ ਨੂੰ ਕੌਮ ਬੜੀ ਮੇਹਨਤ ਨਾਲ ਹੀ ਪੂਰਾ ਕਰ ਸਕਦੀ ਹੈ।

ਕੁਰਸੀਨਾਵਾਂ ਗਾਜ਼ੀਵਾਲੇ ਹੁਣ ਸੈਫਦੀਪੁਰ (ਪਟਿਆਲਾ)



ਸਾਂਦਲਬਾਰ ਦੇ ਕੁਝ ਹੀਰੇ-ਮਨੁੱਖ

1. ਗਿਆਨੀ ਕਰਤਾਰ ਸਿੰਘ

ਸਿੱਖ ਕੌਮ ਨੂੰ ਮਾਣ ਹੈ, ਗਿਆਨੀ ਕਰਤਾਰ ਸਿੰਘ ਵਰਗੇ ਸੂਝਵਾਨ, ਫੱਕਰ ਅਤੇ ਸਿੱਧੇ ਸਾਦੇ ਜੀਵਨ ਤੇ ਬੋਲੀ ਵਿਚ ਕੌਮ ਦੇ ਅਨੇਕਾਂ ਮਸਲੇ ਹੱਲ ਕਰਵਾਉਣ ਵਾਲੇ ਲੀਡਰ ਰੇ। ਇਹਨਾਂ ਦਾ ਜਨਮ ਸੰਨ 1990 ਈ: ਵਿਚ ਜ਼ਿਲ੍ਹਾ ਲਾਇਲਪੁਰ ਦੇ ਦਰਮਿਆਨੇ ਕਿਸਾਨ ਘਰਾਨੇ ਵਿਚ ਹੋਇਆ ਸੀ। ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਹਾਸਲ ਕੀਤੀ ਅਤੇ ਦਸਵੀਂ ਖਾਲਸਾ ਹਾਈ ਸਕੂਲ ਲਾਇਲਪੁਰ ਵਿਚ ਪਾਸ ਕਰ ਕੇ ਅਗਲੀ ਪੜ੍ਹਾਈ ਲਈ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖਲ ਹੋ ਗਏ।

1921 ਈ: ਵਿਚ ਚਾਬੀਆਂ ਦੇ ਮੋਰਚੇ ਤੇ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਵਾਪਰਨ ਤੇ ਆਪ ਬਾਬਾ ਖੜਕ ਸਿੰਘ ਦੇ ਸ਼ਰਧਾਲੂ ਤੇ ਅਕਾਲੀ ਦਲ ਦੇ ਸਮਰਥਕ ਬਣ ਗਏ। ਗੁਰੂ ਕੇ ਮੋਰਚੇ ਨੇ ਗਿਆਨੀ ਜੀ ਨੂੰ ਅੱਗੇ ਹੋ ਕੇ ਕੰਮ ਕਰਨ ਦਾ ਅਵਸਰ ਦਿੱਤਾ।

ਬਸ ਫਿਰ ਰਾਜਨੀਤਕ ਜੀਵਨ ਆਰੰਭ ਹੋ ਗਿਆ ਜੋ ਜੂਨ 1974 ਈ: ਉਹਨਾਂ ਦੇ ਅੰਤ ਸਮੇਂ ਤਕ ਚਲਦਾ ਰਿਹਾ। ਕੌਮ ਨੂੰ ਇਹਨਾਂ ਜਿਹੇ ਸਿਆਣੇ ਆਗੂਆਂ ਦੀਆਂ ਸਦਾ ਹੀ ਲੋੜਾਂ ਹਨ।

ਜਸਦੇਵ ਸਿੰਘ ਸੰਧੂ, ਸਾਬਕਾ ਮੰਤਰੀ, ਪੰਜਾਬ।

(ਪੂਰੇ ਵੇਰਵੇ ਲਈ 24 ਜੂਨ 1990 ਦੀ ਪੰਜਾਬੀ ਟ੍ਰਿਬਿਊਨ ਵਿਚਲਾ ਲੇਖ ਪੜ੍ਹੋ)

2. ਲਾਲਾ ਧਨੀ ਰਾਮ ਚਾਤ੍ਰਿਕ

ਲਾਲਾ ਧੰਨੀ ਰਾਮ ਚਾਤ੍ਰਿਕ—ਪੰਜਾਬੀ ਬੋਲੀ ਦੇ ਸੰਸਾਰ ਪ੍ਰਸਿੱਧ ਮਹਾਨ ਕਵੀ ਹੋਏ ਹਨ। ਅਜਿਹੇ ਲੋਕ ਕਵੀ ਦਾ ਜਨਮ 1876 ਈ: ਪਿੰਡ ਪੰਸੀਆਂ ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਵਿਚ ਲਾਲਾ ਪਹੂ ਮੱਲ ਦੇ ਘਰ ਹੋਇਆ। ਫਿਰ ਉਸ ਦੇ ਮਾਪੇ ਲੱਪੱ ਕੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਆ ਵੱਸੇ। ਉਸ ਦੀ ਸੰਸਾਰ ਪ੍ਰਸਿੱਧ 'ਚੰਦਨ ਵਾੜੀ' ਪੁਸਤਕ ਨੇ ਉਸ ਨੂੰ ਚੰਦਨਵਾੜੀ ਵਾਲਾ ਚਾਤ੍ਰਿਕ ਬਣਾ ਦਿੱਤਾ। ਇਸ ਤੋਂ ਛੁੱਟ ਹੋਰ ਪੁਸਤਕਾਂ 'ਕੇਸਰ ਕਿਆਰੀ', 'ਨਵਾਂ ਜ਼ਮਾਨਾ', 'ਸੂਫੀ ਖਾਨਾ', 'ਨੂਰ ਜਹਾਂ ਬਾਦਸ਼ਾਹ ਬੇਗਮ' ਆਦਿ ਹਨ।


ਪੰਜਾਬੀ ਟ੍ਰਿਬਿਊਨ ਮਿਤੀ (ਸ਼ਾਇਦ 17)-12-1991। ਸ.ਪ. ਸਿੰਘ ਭਾਟੀਆ।

3. ਭਰਪੂਰ ਸਿੰਘ ਵਿਰਕ

ਮਿਹਨਤ ਨਾਲ ਟੀਸੀਆਂ ਤੇ ਪਹੁੰਚਿਆ ਇਹ ਭਰਪੂਰ ਸਿੰਘ ਵਿਰਕ ਹੈ। ਪਹਿਲਾਂ ਪੰਜਾਬ ਖੇਤੀਬਾੜੀ ਵਿਭਾਗ ਵਿਚ ਜਾਂਇਟ ਡਾਇਰੈਕਟਰ ਅਤੇ ਹੁਣ ਪੰਜਾਬ ਲੈਂਡ ਡਿਵੈਲਪਮੈਂਟ ਐਂਡ ਰੈਕਲੇਮੇਸ਼ਨ ਕਾਰਪੋਰੇਸ਼ਨ ਦਾ ਮੈਨੇਜਿੰਗ ਡਾਇਰੈਕਟਰ ਹੈ। ਵਿਰਕ ਗੋਤ ਨੂੰ ਅਜਿਹੇ ਸੁਲਝੇ ਹੋਏ ਬੰਦਿਆਂ ਤੇ ਫਖ਼ਰ ਹੈ।

—ਭਗਵੰਤ ਸਿੰਘ 'ਆਜ਼ਾਦ'

ਕੁਰਸੀਨਾਵਾਂ ਪੱਤੀ ਨਗਾਹ ਕੇ ਪਿੰਡ ਨੌਖਰ ਹੁਣ ਵਿਰਕ ਕਲੋਨੀ ਪਟਿਆਲਾ ਸ਼ਹਿਰ (ਪੰਨਾ 563 ਨਾਲ ਸਬੰਧਤ)



---

1. ਜਗਤ ਸਿੰਘ ਨੇ ਅਜ਼ਾਦੀ ਦੀ ਲਹਿਰ ਸਮੇਂ ਸੰਨ 1919 ਵਿਚ ਰੇਲ ਦੀ ਪਟੜੀ ਪੁੱਟਣ ਅਤੇ ਸਟੇਸ਼ਨ ਸਾੜੇ ਸਨ। ਇਨ੍ਹਾਂ ਨੂੰ ਦੋ ਸਾਲ ਦੀ ਸਖਤ ਸਜ਼ਾ ਤੇ 200 ਰੁਪਏ ਜੁਰਮਾਨਾ ਹੋਇਆ ਸੀ ਅਤੇ ਸਜ਼ਾ ਰਾਵਲ ਪਿੰਡੀ ਦੀ ਜੇਲ੍ਹ ਵਿਚ ਕੱਟੀ ਸੀ। ਹੁਣ ਇਹਨਾਂ ਦੇ ਪੁਤਰਾਂ ਦਰਗਾਹ ਸਿੰਘ ਤੇ ਜੋਗਾ ਸਿੰਘ ਨੇ ਪਟਿਆਲਾ ਦੇ ਨੇੜੇ ਪਿੰਡ ਤਫਜ਼ਲਪੁਰਾ ਤੇ ਅਲੀਪੁਰ ਦੀ ਜ਼ਮੀਨ ਵਿਚ ਇਕ ਕਲੋਨੀ ਵਸਾਈ ਹੈ ਅਤੇ ਇਸ ਦਾ ਨਾਮ ਵਿਰਕ ਕਲੋਨੀ ਰਖਿਆ ਹੈ ਜੋ ਵਿਰਕਾਂ ਦੇ ਨਾਮ ਨੂੰ ਉਜਾਗਰ ਕਰਦੀ ਹੈ।
2. ਗਿਆਨ ਸਿੰਘ ਪਹਿਲਵਾਨ ਸੁਹਾਗਾ ਚੁਕਦੇ ਸਨ। ਇਹਨਾਂ ਦਾ ਸੁਹਾਗਾ ਕਿਸੇ ਤੋਂ ਚੁਕਿਆ ਨਹੀਂ ਗਿਆ। ਇਨ੍ਹਾਂ ਦੇ ਸੁਹਾਗੇ ਦਾ ਵਜ਼ਨ 7 ਮਣ ਪੱਕਾ ਸੀ।

ਦੱਸਿਆ ਜਾਂਦਾ ਹੈ ਕਿ ਮਨੇਸਾਂ ਦੇ ਵਡੇਰੇ ਲੱਧਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛੱਕਿਆ ਸੀ। ਉਸ ਦੀ ਅੰਸ ਵਿਚ ਮੇਹਰ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸੀ। ਫੌਜ ਵਿਚ ਚੰਗੀ ਕਾਰਗੁਜ਼ਾਰੀ ਤੋਂ ਖੁਸ਼ ਹੋ ਕੇ ਮਹਾਰਾਜਾ ਨੇ ਮੇਹਰ ਸਿੰਘ ਨੂੰ ਘੋੜਾ ਫੇਰਵੀਂ ਜੰਗੀਰ ਦਿੱਤੀ ਸੀ। ਉਸ ਦੇ ਲੜਕੇ ਸੁਹੇਲ ਸਿੰਘ ਨੂੰ ਆਨਰੇਰੀ ਮੈਜਿਸਟ੍ਰੇਟ ਨੰ: 96 ਬਣਾਇਆ ਸੀ। ਜਦ ਅੰਗਰੇਜ਼ਾਂ ਨੇ ਪੰਜਾਬ ਤੇ ਪੱਕੇ ਨਾਲ ਕਬਜ਼ਾ ਕਰ ਲਿਆ, ਸੁਹੇਲ ਸਿੰਘ ਦੇ ਮਨ ਨੂੰ ਤਕਲੀਫ ਆਈ।

ਨਵੀਂ ਬਣੀ ਅੰਗਰੇਜ਼ ਸਰਕਾਰ ਨੇ ਜ਼ਮੀਨਾਂ ਦੀ ਪੈਮਾਇਸ਼ ਆਦਿ ਲਈ ਕਰਿੰਦਿਆਂ ਨੂੰ ਬਾਂਸਾਂ ਦੇ ਪੈਮਾਨੇ ਦੇ ਕੇ ਊਠਾਂ ਤੇ ਭੇਜਿਆ। ਸੁਹੇਲ ਸਿੰਘ ਨੇ ਸਾਥੀਆਂ ਨੂੰ ਨਾਲ ਲੈ ਕੇ ਉਹਨਾਂ ਦੀ ਬਹੁਤ ਕੁਟਾਈ ਕੀਤੀ ਤੇ ਵਾਪਸ਼ ਭਜਾ ਦਿੱਤੇ। ਇਸ ਤੇ ਅੰਗਰੇਜ਼ ਸਰਕਾਰ ਨੇ ਜੰਗੀਰ, ਮੈਜਿਸਟ੍ਰੇਟੀ ਅਤੇ ਹੋਰ ਸਰਕਾਰੀ ਲਾਭ ਖੋਹ ਲਏ ਤੇ ਕੇਵਲ ਤਿੰਨ ਕੁ ਮੁਰੱਬੇ ਜ਼ਮੀਨ ਰਹਿਣ ਦਿੱਤੀ। ਪਰ ਸੁਹੇਲ ਸਿੰਘ ਨੇ ਪਰਵਾਹ ਨਾ ਕੀਤੀ।

ਕੁਰਸੀਨਾਵਾਂ ਗੋਤ ਮਨੇਸ ਪਿੰਡ ਬੱਢਾ (ਸ਼ੇਖੂਪੁਰਾ) ਅਤੇ ਪਿੰਡ ਬਾਸੀ ਜ਼ਿਲ੍ਹਾ ਲਾਇਲਪੁਰ
ਭੁਪਿੰਦਰ ਸਿੰਘ ਪੁਤਰ ਅਮਰੀਕ ਸਿਘ ਮਨੇਸ, ਪਿੰਡ ਦਾਤਾਲ (ਪਟਿਆਲਾ)

ਮੇਹਰ ਸਿਘ

ਸੁਹੇਲ ਸਿੰਘ | ਬਘੇਲ ਸਿੰਘ (ਅੱਗੇ ਵੇਖੋ) | ਝੰਡਾ ਸਿੰਘ (ਅੱਗੇ ਵੇਖੋ) | ਚੰਦਾ ਸਿੰਘ (ਅੱਗੇ ਵੇਖੋ)

ਅਜੈਬ ਸਿੰਘ | ਗਿਆਨ ਸਿੰਘ | ਖਜ਼ਾਨ ਸਿੰਘ

ਸਰਮ ਸਿੰਘ | ਜੈਮਲ ਸਿੰਘ | ਧਿਆਨ ਸਿੰਘ | ਜਿਊਣ ਸਿੰਘ

ਵਸਾਵਾ ਸਿੰਘ | ਵਧਾਵਾ ਸਿੰਘ | ਕਪੂਰ ਸਿੰਘ | ਬੂਟਾ ਸਿੰਘ | ਬਹਾਲ ਸਿੰਘ

ਉਜਾਗਰ ਸਿੰਘ X | ਨਿਰਮਲ ਸਿੰਘ

ਹਜਾਰਾ ਸਿੰਘ X | X | ਕਰਤਾਰ ਸਿੰਘ | ਸ਼ੇਰ ਸਿੰਘ | ਮੋਹਰ ਸਿੰਘ | ਬੱਗਾ ਸਿੰਘ | ਬਗੀਚਾ ਸਿੰਘ

ਸੁਦਾਗਰ ਸਿੰਘ | ਹਾਕਮ ਸਿੰਘ | ਧਾਰਾ ਸਿੰਘ | ਹਰਦਿਆਲ ਸਿੰਘ | ਗੁਰਮੁਖ ਸਿੰਘ | ਮਹੰਤ ਸਿੰਘ | ਰਘਬੀਰ ਸਿੰਘ

ਅਮਰੀਕ ਸਿੰਘ | ਬਚਨ ਸਿੰਘ | ਮਹਿੰਦਰ ਸਿੰਘ | ਕ੍ਰਿਪਾਲ ਸਿੰਘ | ਕੁਲਦੀਪਸਿੰਘ | ਪ੍ਰਗਟ ਸਿੰਘ | ਸਰਬਜੀਤ ਸਿੰਘ

ਸੋਹਨ ਸਿੰਘ | ਮੋਹਨ ਸਿੰਘ | ਯਾਦਵਿੰਦਰ ਸਿੰਘ


ਸੁੱਖਾ ਸਿੰਘ | ਸ਼ੇਰ ਸਿੰਘ | ਨਿਸ਼ਾਨ ਸਿੰਘ | ਅਮਨਪੁਨੀਤ ਸਿੰਘ | ਸਨਮਪੁਨੀਤ ਸਿੰਘ

ਠਾਕਰ ਸਿੰਘ[1] | ਭੁਪਿੰਦਰ ਸਿੰਘ | ਜਸਵੰਤ ਸਿੰਘ | ਪ੍ਰਮਜੀਤ ਸਿੰਘ

ਜਸਰਾਜ ਸਿੰਘ | ਨਿਰਵੈਰ ਸਿੰਘ | ਸਰਨਪਾਲ ਸਿੰਘ

ਪਾਲਮਪ੍ਰੀਤ ਸਿੰਘ | ਤਰਨਪ੍ਰੀਤ ਸਿੰਘ[2]

1. ਓਰੀਐਂਟਲ ਬੈਂਕ ਆਫ ਕਾਮਰਸ ਵਿਚ ਰੀਜਨਲ ਮੈਨੇਜਰ ਦੀ ਪੋਸਟ ਤੇ ਹੈ।
2. 6 ਸਾਲ ਦੀ ਉਮਰ ਵਿਚ ਆਲ ਇੰਡੀਆ ਕੈਮਲ ਕਲਰ ਕੰਟੈਸਟ '89 ਵਿਚੋਂ ਮੈਰਿਟ ਵਿਚ ਰਿਹਾ।



ਭਿੱਖੀ (ਜਲਮਾਨਾ) ਨਗਰ ਬਾਰੇ ਇਕ ਚਿੱਠੀ

(ਇਹ ਚਿੱਠੀ ਮੈਨੂੰ ਸ: ਕਪੂਰ ਸਿੰਘ ਪੁੱਤਰ ਪਾਲ ਸਿੰਘ ਪਿੰਡ ਭਿਖੀ ਹੁਣ ਜਲਮਾਨਾ, ਕਰਨਾਲ ਨੇ ਭੇਜੀ ਹੈ। ਇਸ ਵਿਚ ਉਹਨਾਂ ਦਾ ਇਤਿਹਾਸ ਅਤੇ ਇਤਿਹਾਸ ਲਈ ਮੇਹਨਤ ਕਰਨ ਵਾਲਿਆਂ ਪ੍ਰਤੀ ਸਤਿਕਾਰ ਤੇ ਪਿਆਰ ਹੈ। ਨਾਲ ਦੀ ਨਾਲ ਇਤਿਹਾਸ ਲਈ ਬਹੁਤ ਜ਼ਰੂਰੀ ਅਤੇ ਠੋਸ ਮਸਾਲਾ ਤੇ ਜਾਣਕਾਰੀ ਵੀ ਭੇਜੀ ਹੈ। ਧੰਨਵਾਦ ਸਹਿਤ ਇਹ ਚਿੱਠੀ ਲਗਭਗ ਹੂ-ਬਹੂ ਛਾਪ ਰਿਹਾ ਹਾਂ ਤਾਂ ਜੋ ਅਗੋਂ ਹੋਰ ਸਜਨਾਂ ਨੂੰ ਇਤਿਹਾਸਕ ਜਾਣਕਾਰੀ ਦੇਣ ਲਈ ਉਤਸ਼ਾਹ ਮਿਲੇ। ਇਹ ਬਹੁਤ ਮਹੱਤਵਪੂਰਨ ਗੱਲ ਹੈ। ਇਸ ਤਰ੍ਹਾਂ ਹੀ ਇਤਿਹਾਸਕ ਸਮਗਰੀ ਇਕੱਠੀ ਹੁੰਦੀ ਹੈ)।

—ਭਗਵੰਤ ਸਿੰਘ ਆਜ਼ਾਦ

ਜਲਮਾਨਾ (ਕਰਨਾਲ)

ਪਰਮ ਸਤਿਕਾਰ ਯੋਗ ਸ: ਭਗਵੰਤ ਸਿੰਘ ਜੀ,

ਫਤਹਿ ਪ੍ਰਵਾਨ ਹੋਵੇ। ਆਪ ਜੀ ਅਤੇ ਆਪ ਤੋਂ ਪਹਿਲਾਂ ਜੋ ਲਿਖਾਰੀ, ਬਜ਼ੁਰਗ ਅਤੇ ਜੋ ਸਹ ਇਕ ਸੱਜਣ ਵਿਰਕ ਇਤਿਹਾਸ ਲਿਖਣ ਵਾਲੇ ਹਨ, ਸਭ ਨੂੰ ਵਧਾਈ ਹੋਵੇ। ਮਨ ਬਹੁਤ ਪ੍ਰਸੰਨ ਹੋਇਆ ਹੈ ਕਿ ਅਸਾਂ ਦੀ ਗੋਤ ਵਿਚੋਂ ਵੀ ਕੁਝ ਅਜਿਹੇ ਸਜਣ ਉਦਮ ਕਰਨ ਲਗੇ ਹਨ। ਜਿਨ੍ਹਾਂ ਕੁਝ ਹੋਰ ਲਿਖਾਰੀਆਂ ਪਹਿਲਾਂ ਵਿਰਕ ਕੁਲ ਨਾਲ ਇਨਸਾਫ ਨਹੀਂ ਕੀਤਾ, ਉਹਨਾਂ ਦਾ ਜ਼ਿਕਰ ਵੀ ਆਪਣੀ ਇਸ ਕਿਤਾਬ ਵਿਚ ਕਰੀਏ ਅਤੇ ਹੱਕ ਸੱਚ ਲਿਖ ਕੇ ਵਿਰਕ ਇਤਿਹਾਸ ਉਜਾਗਰ ਕਰੀਏ ਅਤੇ ਆਪਣੀਆਂ ਪੀੜ੍ਹੀਆਂ ਨੂੰ ਜਾਣੂ ਕਰਵਾਈਏ ਮੈਂ ਵੀ ਜੋ ਕੁਝ ਆਪਣੇ ਬਜ਼ੁਰਗਾਂ ਤੋਂ ਸੁਣਿਆ ਹੈ ਇਸ ਚਿੱਠੀ ਰਾਹੀਂ ਆਪ ਜੀ ਦੀ ਖਿਦਮਤ ਵਿਚ ਘਲ ਰਿਹਾ ਹਾਂ।

ਨਗਰ ਭਿਖੀ ਜ਼ਿਲਾ ਸ਼ੇਖੂਪੁਰਾ ਪਾਕਿਸ਼ਤਾਨ ਵਿਚ ਦੋ ਭਰਾ ਸਾਹਬ ਸਿੰਘ ਅਤੇ ਸਹਾਈ ਸਿੰਘ ਵਿਰਕ ਸਨ। ਜਵਾਨ ਹੋਣ ਤੇ ਇਹਨਾਂ ਨੂੰ ਅਕਾਲੀ ਫੂਲਾ ਸਿੰਘ ਜਥੇਦਾਰ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਤੋਂ ਅੰਮ੍ਰਿਤ ਛਕਾਇਆ ਗਿਆ। ਉਸ ਸਮੇਂ ਦੇ ਯੁੱਧਾਂ ਜੰਗਾਂ ਵਿਚ ਸ਼ਾਮਲ ਹੋਣ ਲਗ ਪਏ। ਬਹਾਦਰੀ ਤੇ ਆਚਰਨ ਉਚਤਾ ਨਾਲ ਆਗੂ ਬਣ ਗਏ। ਸ਼ੇਖੂਪੁਰਾ ਦਾ ਕਿਲਾ ਫਤਹਿ ਕਰ ਕੇ ਆਪਣੇ ਕਬਜ਼ੇ ਵਿਚ ਕਰ ਲਿਆ। ਦੂਰ ਦੂਰ ਤੱਕ ਇਹਨਾਂ ਦੀ ਧਾਕ ਬੈਠ ਗਈ। ਭੰਗੀ ਮਿਸਲ ਦੇ ਸਰਦਾਰਾਂ ਨਾਲ ਚੰਗੇ ਸਬੰਧ ਸਨ।

ਸਾਹਬ ਸਿੰਘ ਦੇ ਦੋ ਪੁੱਤਰ ਅਰਬੇਲ ਸਿੰਘ ਅਤੇ ਦਲ ਸਿੰਘ ਸਨ। ਸਹਾਈ ਸਿੰਘ ਦੇ ਤਿੰਨ ਪੁੱਤਰ ਅਮੀਰ ਸਿੰਘ, ਸ਼ਮੀਰ ਸਿੰਘ ਅਤੇ ਬਘੇਲ ਸਿੰਘ ਸਨ। ਅਰਬੇਲ ਸਿੰਘ ਅਤੇ ਅਮੀਰ ਸਿੰਘ ਨੇ ਬੜਾ ਨਾਉਂ ਕਮਾਇਆ। ਇਹ ਭਰਾ ਜਵਾਨ ਹੋਏ ਤੇ ਸ: ਸ਼ਾਮ ਸਿੰਘ ਅਟਾਰੀ ਵਾਲੇ ਤੋਂ ਅੰਮ੍ਰਿਤ ਛਕਿਆ। ਸ਼ਾਮ ਸਿੰਘ ਅਟਾਰੀ ਮਹਾਰਾਜਾ ਰਣਜੀਤ ਸਿੰਘ ਦਾ ਪੱਗਵੱਟ ਮਿੱਤਰ ਸੀ ਅਤੇ ਕੰਵਰ ਨੌਨਿਹਾਲ ਸਿੰਘ ਸੋਹਰਾ ਵੀ ਸੀ।

ਭਾਜ ਖਾਂ ਤੇ ਬੇਗ ਖਾਂ ਨਾਲ ਲੜਾਈਆਂ : – ਅਮੀਰ ਸਿੰਘ ਅਤੇ ਅਰਬੇਲ ਸਿੰਘ ਨੇ ਆਪਣੇ ਸਾਥੀਆਂ ਅਤੇ ਖਰਲ ਮੁਸਲਮਾਨਾਂ, ਦੋ ਭਰਾ ਭਾਜ ਖਾਂ ਅਤੇ ਬੇਗ ਖਾਂ ਨਾਲ ਕਈ ਲੜਾਈਆਂ ਲੜੀਆਂ ਅਤੇ ਭਾਜ ਖਾਂ ਨੇ ਹਾਰ ਮੰਨ ਲਈ ਅਤੇ ਲਗਾਣ ਦੇਣਾ ਕਰ ਲਿਆ। ਬੇਗ ਖਾਂ

ਆਪਣੇ ਪ੍ਰਵਾਰ ਸਮੇਤ ਝਨਾਂ ਦਰਿਆ ਦੇ ਨੇੜੇ ਵੱਸ ਗਿਆ ਅਤੇ ਕਈ ਲੜਾਈਆਂ ਲੜ ਲੜ ਕੇ ਜੁਰਮਾਨੇ ਭਰ ਕੇ ਰਾਜ਼ੀਨਾਵਾਂ ਕਰ ਲਿਆ ਕਿਉਂ ਇਕ ਸ਼ਾਇਰ ਦੇ ਲਿਖੇ ਅਨੁਸਾਰ, ਜਦ ਖਰਲਾਂ ਨੂੰ ਸਰਦਾਰਾਂ ਨੇ ਬਹੁਤ ਵਾਰੀ ਹਰਾਇਆ ਤਾਂ ਤੰਗ ਆ ਕੇ ਉਹਨਾਂ ਦਾ ਇਕ ਬਜ਼ੁਰਗ ਆਪ ਔਲਾਦ ਨੂੰ ਕਹਿਣ ਲੱਗਾ : —

ਓਏ ਸਿੱਖ ਦੀ ਜਿੰਨ ਵਾਂਗ ਵਖਾਲੀ, ਤੇ ਛਡੋ ਵੈਰਾਂ ਦੇ ਖਹਿੜੇ ।

ਸ਼ਾਹ ਜਮਾਲ ਨਾਲ ਲੜਾਈ : ਇਕ ਵਾਰ ਸ਼ਾਹ ਜਮਾਲ ਖਾਂ ਜੋ ਬਹੁਤ ਵੱਡਾ ਸੂਰਮਾ ਸੀ, ਨੇ ਆਪਣੀ ਫੌਜ ਨਾਲ ਸ਼ੇਖੂਪੁਰੇ ਕਿਲੇ ਤੇ ਚੜ੍ਹਾਈ ਕਰ ਦਿੱਤੀ। ਬਹੁਤ ਸਾਰੀ ਫੌਜ ਅਤੇ ਸ਼ਾਹ ਜਮਾਲ ਵੀ ਮਾਰਿਆ ਗਿਆ । ਇਨਸਾਨੀਅਤ ਅਤੇ ਬਹਾਦਰਾਂ ਦੀ ਕਦਰ ਦਾ ਸਬੂਤ ਦੇਂਦੇ ਹੋ ਸਰਦਾਰਾਂ ਨੇ ਉਸ ਦੀ ਲਾਸ਼ ਸਨਮਾਨ ਨਾਲ ਉਸ ਦੇ ਘਰ ਘੱਲ ਦਿੱਤੀ। ਵਾਰਸਾਂ ਨੇ ਇਸ ਸੁਝਾਵ ਨਾਲ ਕਿ ਜੇ ਅਮੀਰ ਸਿੰਘ ਤੇ ਅਰਬੇਲ ਸਿੰਘ ਸ਼ਾਹ ਦੀ ਮੌਤ ਦੀ ਥਾਂ ਤੇ ਕੁਝ ਜਗਾਹ ਦੇਣ ਤੇ ਕਬਰ ਉਥੇ ਬਣਾਈ ਜਾਏ, ਉਹ ਲਾਸ਼ ਵਾਪਸ ਲਿਆਂਦੀ । ਸਰਦਾਰ ਸਹਿਮਤ ਹੋ ਗਏ ਤੇ ਪੀਰ ਦੀ ਕਬਰ ਕਿਲੇ ਕੋਲ ਹੀ ਬਣਾਈ ਗਈ ਜੋ ਅੱਜ ਤੱਕ ਵੀ ਹੈ। ਉਸ ਕਬਰ ਦਾ ਏਨਾ ਸਨਮਾਨ ਸੀ ਕਿ ਉਸ ਦੇ ਨੇੜੇ ਹੀ ਥਾਣੇ ਵਿਚ ਜਦ ਕਿਸੇ ਬਦਮਾਸ਼ ਤੋਂ ਨੇਮ ਕਰਵਾਉਣਾ ਹੁੰਦਾ ਤਾਂ ਉਸ ਨੂੰ ਕਿਹਾ ਜਾਂਦਾ ਕਿ ਪੀਰ ਜੀ ਦੀ ਕਬਰ ਵਾਲੇ ਕੋਠੇ ਦੀ ਕੁੰਡੀ ਖੋਲ ਦੇ, ਤੇ ਚਲਾ ਜਾ।

ਇਸ ਤਰ੍ਹਾਂ ਅਮੀਰ ਸਿੰਘ ਤੇ ਅਰਬੇਲ ਸਿੰਘ ਦੇ ਰਾਠਾਂ ਵਾਲੇ ਤੇ ਉਚੇ ਦਰਜੇ ਦੇ ਮਣੱਖਾਂ ਵਾਲੇ ਹੋਰ ਵੀ ਕ ਕਾਰਨਾਮੇਂ ਹਨ।

ਮਹਾਰਾਜਾ ਰਣਜੀਤ ਸਿੰਘ ਦੀ ਨਜ਼ਰ ਕਈ ਮਿਸਲਾਂ ਨੂੰ ਦਬਾ ਕੇ ਸ਼ੇਖੂਪੁਰਾ ਕਿਲੇ ਵੱਲ ਵੀ ਪਈ। ਇਹ ਥਾਂ ਵਿਰਕ ਤਪੇ ਦਾ ਕ ਸੀ ਅਤੇ ਕਿਲੇ ਦੀ ਵਾਗ ਡੋਰ ਅਮੀਰ ਸਿੰਘ ਅਤੇ ਅਰਬੇਲ ਸਿੰਘ ਵਿਰਕ ਦੇ ਹੱਥ ਸੀ। ਕੰਵਰ ਖੜਕ ਸਿੰਘ ਨੂੰ ਫੌਜ ਦੇ ਕੇ ਭੇਜਿਆ। ਚੜ੍ਹਾਈ ਹੋਈ ਲੜਾਈ ਹੋਈ ਪਰ ਵਿਰਕ ਬਹਾਦਰਾਂ ਨੇ ਫੌਜ ਨੂੰ ਪਛਾੜ ਦਿੱਤਾ। ਤਦ ਖੜਕ ਸਿੰਘ ਨੇ ਪਿਛੇ ਪਤਾ ਭੇਜ ਕੇ ਹੋਰ ਮਦਦ ਮੰਗੀ ਤਾਂ ਮਹਾਰਾਜਾ ਨੇ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਫੌਜ ਲੈ ਕੇ ਮਦਦ ਵਾਸਤੇ ਜਾਣ ਲਈ ਕਿਹਾ। ਪਰ ਸ਼ਾਮ ਸਿੰਘ ਨੇ ਫੌਜ ਲੈ ਜਾਣ ਤੋਂ ਰੋਕ ਦਿੱਤਾ ਤੇ ਕਿਹਾ ਕਿ ਉਹ ਸਰਦਾਰ ਮੇਰਾ ਬਹੁਤ ਆਦਰ ਕਰਦੇ ਹਨ। ਮੇਰੇ ਤੋਂ ਹੀ ਉਹਨਾਂ ਅੰਮ੍ਰਿਤ ਛਕਿਆ ਏ। ਮੈਨੂੰ ਉਹਨਾਂ ਤੇ ਮਾਣ ਏ ਕਿ ਮੈਂ ਜੇ ਕਹਿ ਹੀ ਦਿਆਂ ਤਾਂ ਉਹ ਕਿਲ੍ਹਾ ਖਾਲੀ ਕਰਕੇ ਮੈਨੂੰ ਦੇ ਦੇਣਗੇ। ਮਹਾਰਾਜਾ ਨੇ ਸ: ਸ਼ਾਮ ਸਿੰਘ ਨੂੰ ਭੇਜਿਆ। ਉਸ ਨੇ ਸ਼ੇਖੂਪੁਰੇ ਜਾ ਕੇ ਅਮੀਰ ਸਿੰਘ ਅਤੇ ਅਰਬੇਲ ਸਿੰਘ ਨਾਲ ਗਲਬਾਤ ਕੀਤੀ। ਉਹਨਾਂ ਦੋਹਾਂ ਨੇ ਵਿਰਕ ਤਪੇ ਦੇ ਬਹੁਤ ਮੁਖੀ ਸਜਨਾਂ ਨੂੰ ਬੁਲਾਇਆ। ਸਲਾਹ ਮਸ਼ਵਰਾ ਕੀਤਾ ਤੇ ਸਹਿਮਤੀ ਨਾਲ ਕਿਲਾ ਖਾਲੀ ਕਰ ਦਿੱਤਾ। ਏਦਾਂ ਵਿਰਕਾਂ ਤੋਂ ਸ਼ੇਖੂਪੁਰੇ ਦਾ ਕਿਲਾ ਮਹਾਰਾਜਾ ਰਣਜੀਤ ਸਿੰਘ ਨੇ ਲਿਆ ਸੀ। ਪਰ ਵੇਖੋ ਪਖਪਾਤੀ ਤੇ ਵਿਰਕਾਂ ਨਾਲ ਈਰਖਾ ਇਤਿਹਾਸਕਾਰ ਕਰਤਾਰ ਸਿੰਘ ਕਲਾਸਵਾਲੀਏ ਦੀ ਇਕ ਮਿਸਾਲ —

ਉਹ ਆਪਣੀ ਪੁਸਤਕ ਸਰਕਾਰ ਖਾਲਸਾ ਦੇ ਪੰਨਾ 82 ਅਤੇ 84 ਤੇ ਇਸ ਘਟਨਾ ਦਾ ਜ਼ਿਕਰ ਕਰਦਾ ਹੈ ਜੋ ਗਲਤ ਅਤੇ ਵਿਰਕਾਂ ਵਿਰੁਧ ਬਹੁਤ ਪਖਪਾਤ ਭਰਪੂਰ ਹੈ। ਉਸ ਅਨੁਸਾਰ ਕੰਵਰ ਖੜਕ ਸਿੰਘ ਤੇ ਹੁਕਮਾ ਸਿੰਘ ਦੀ ਕਮਾਨ ਹੇਠ ਬਹੁਤ ਵੱਡੀ ਫੌਜ ਅਤੇ ਘੌਂਸੇ ਖਾਂ ਵਾਲਾ ਤੋਪਖਾਨਾ ਦੇ ਕੇ ਸ਼ੇਖੂਪੁਰੇ ਤੇ ਚੜ੍ਹਾਈ ਕਰਵਾਈ। ਵਿਰਕ ਸਰਦਾਰ ਅਮੀਰ ਸਿੰਘ ਅਤੇ ਅਰਬੇਲ ਸਿੰਘ ਏਨੇ ਲੜੇ ਕਿ ਸ: ਖੜਕ ਸਿੰਘ ਆਪਣੀ ਫੌਜ ਦਾ ਵੱਡਾ ਨੁਕਸਾਨ ਵੇਖ ਕੇ ਘਬਰਾਇਆ ਤੇ ਬਾਰਾਂ ਦਿਨਾਂ ਪਿਛੋਂ ਚਿੱਠੀ ਭੇਜ ਕੇ ਹੋਰ ਮਦਦ ਮੰਗਵਾਈ ਤਾਂ ਮਹਾਰਾਜਾ ਨੇ ਹੋਰ ਫੌਜ ਤੇ ਭੰਗੀਆਂ ਵਾਲੀ ਤੋਪ ਭੇਜੀ। 17 ਫਾਇਰ ਉਸ ਤੋਪ ਦੇ ਕਰਕੇ ਕਿਲਾ ਤੋੜ ਕੇ ਕਿਲੇ ਤੇ ਕਬਜ਼ਾ ਕਰ ਲਿਆ ਤੇ ਵਿਰਕ ਸਰਦਾਰਾਂ ਨੂੰ ਹਰਾ ਦਿੱਤਾ।

ਦੂਜੀ ਗੱਲ ਇਹ ਕਿ ਉਸ ਅਨੁਸਾਰ ਹੀ ਏਨੀ ਵੱਡੀ ਤੇ ਲੰਮੀ ਲੜਾਈ ਹੋਈ ਤੇ ਰਹੀ। ਪਰ ਇਸ ਦਾ ਜ਼ਿਕਰ ਥੜੀਆਂ ਥੋੜੀਆਂ ਜਿਹੀਆਂ ਲਾਈਨਾਂ ਵਿਚ ਕਰ ਕੇ ਮੁਕਾ ਦੇਂਦਾ ਹੈ। ਲੜਾਈ ਵਿਚ ਨਾ ਓਧਰੋਂ ਨਾ ਵਿਰਕਾਂ ਵਲੋਂ ਕਿਸੇ ਯੋਧੇ ਦੇ ਲੜਨ ਢੰਗ ਤੇ ਦਲੇਰੀ ਦੀ ਤਾਰੀਫ ਵਿਚ ਕੋਈ ਅਖਰ ਨਹੀਂ ਲਿਖਦਾ।

ਦੂਜੇ ਪਾਸੇ ਏਸੇ ਹੀ ਕਿਤਾਬ ਵਿਚ ਕਲਾਸਵਾਲੀਏ ਸਰਦਾਰਾਂ ਦਾ ਹਾਲ ਪੜ੍ਹੋ। ਉਥੇ ਸ਼ਾਇਦ ਮਹਾਰਾਜਾ ਦੀਆਂ ਫੌਜਾਂ ਨੂੰ ਤਿੰਨ ਵਾਰ ਹਾਰੀਆਂ ਦਸਦੇ ਹਨ ਕਿਉਂਕਿ ਇਹ ਨਗਰ ਕਲਾਸਵਾਲੀਏ ਦਾ ਆਪਣਾ ਸੀ। ਸ਼ੇਖੂਪੁਰੇ ਦੀ ਲੜਾਈ ਦਾ ਕਰਤਾਰ ਸਿੰਘ ਕਲਾਸਵਾਲੀਏ ਦੁਆਰਾ ਕੀਤੇ ਬ੍ਰਿਤਾਂਤ ਨਾਲ ਮੈਂ ਬਿਲਕੁਲ ਸਹਿਮਤ ਨਹੀਂ ਹਾਂ। ਇਹ ਬੜੀ ਦੂਰ ਦੀ ਗੱਲ ਨਹੀਂ, ਸਾਡੇ ਬਜ਼ੁਰਗ ਇਸਦਾ ਹਾਲ ਬੜੇ ਫਖਰ ਨਾਲ ਸੁਣਾਉਂਦੇ ਹੁੰਦੇ ਸੀ ਕਿਵੇਂ ਵਿਰਕ ਵਧ ਵਧ ਕੇ ਵਾਰ ਕਰਦੇ ਤੇ ਝਲਦੇ ਸਨ। ਦੋਹੀਂ ਪਾਸੀਂ ਬੜੇ ਤਕੜੇ ਤੇ ਠਰੰਮੇ ਵਾਲੇ ਸੂਰਮਿਆਂ ਨੇ ਇਕ ਦੂਜੇ ਤੋਂ ਵਧ ਚੜ੍ਹਕੇ ਜੰਗੀ ਕਰਤਵ ਵਿਖਾਏ ਤੇ ਕਿਲਾ ਤਾਂ ਉਸ ਤਰ੍ਹਾਂ ਹੀ ਖਾਲੀ ਕੀਤਾ ਜਿਵੇਂ ਮੈਂ ਪਿਛੇ ਲਿਖ ਆਇਆ ਹਾਂ, ਸ: ਸ਼ਾਮ ਸਿੰਘ ਅਟਾਰੀ ਵਾਲੇ ਰਾਹੀਂ।

ਫਿਰ ਮਹਾਰਾਜਾ ਨੇ ਇਹ ਕਿਲਾ ਖੜਕ ਸਿੰਘ ਦੀ ਮਾਤਾ ਆਪਣੀ ਰਾਣੀ ਨਕਾਇਣ ਨੂੰ ਦੇ ਦਿਤਾ।

ਨਾਲੇ ਆਓ ਜ਼ਰਾ ਵਿਚਾਰ ਕਰੀਏ ਕਿ ਕਲਾਸਵਾਲੀਏ ਦੇ ਲਿਖੇ ਅਨੁਸਾਰ ਜੇ ਕਿਲਾ ਤੋਪਾਂ ਨਾਲ ਉਡਾ ਕੇ ਵਿਰਕ ਸਰਦਾਰਾਂ ਨੂੰ ਹਰਾ ਕੇ ਤੇ ਅਧੀਨ ਕਰਕੇ ਖਾਲੀ ਕਰਵਾਇਆ ਹੁੰਦਾ ਤਾਂ ਫਿਰ ਹੇਠ ਲਿਖੇ ਕੰਮ ਸ਼ਾਇਦ ਬਿਲਕੁਲ ਹੀ ਨਾ ਹੁੰਦੇ।

1. ਸ: ਅਮੀਰ ਸਿੰਘ ਨੂੰ ਫੌਜੀ ਜਰਨੈਲ ਬਣਾ ਕੇ ਦੱਰਾ ਨੂੰ ਖੈਬਰ ਵੱਲ ਭੇਜਿਆ ਗਿਆ। ਉਸ ਤੇ ਏਨਾ ਵੱਡਾ ਇਤਬਾਰ ਕੀਤਾ।[1]

2. ਮਹਾਰਾਜਾ ਰਣਜੀਤ ਸਿੰਘ ਨੇ ਵਿਰਕ ਸਰਦਾਰਾਂ ਨੂੰ ਏਨਾ ਮਾਨ ਦਿੱਤਾ ਕਿ ਆਪਣੇ ਸਾਲੇ, ਕੰਵਰ ਸ: ਖੜਕ ਸਿੰਘ ਦੇ ਮਾਮਾ ਦੀ ਦੋਹਾਂ ਲੜਕੀਆਂ ਦੇ ਰਿਸ਼ਤੇ ਸ: ਅਮੀਰ ਸਿੰਘ ਦੇ ਪੋਤਿਆਂ ਨਾਲ ਕੀਤੇ। ਇਕ ਲੜਕੇ ਦਾ ਨਾਓ ਕਿਸ਼ਨ ਸਿੰਘ ਸੀ। ਇਹ ਵਿਆਹ ਪਿੰਡ ਝਬਰਾਂ ਨੇੜੇ ਇਕ ਕਿਲਾ ਬਣਾ ਕੇ ਕੀਤਾ ਗਿਆ ਤੇ ਲੜਕੀ ਦੇ ਪਿਤਾ ਦੀ ਥਾਂ ਮਿਲਣੀ ਦੀ ਰਸਮ ਸ਼ੇਰਿ ਪੰਜਾਬ ਨੇ ਆਪ ਕੀਤੀ। ਇਸ ਵਿਆਹ ਦੀ ਯਾਦ ਵਿਚ ਮਹਾਰਾਜਾ ਨੇ ਝੱਬਰਾਂ ਪਿੰਡ ਵਿਚ ਇਕ ਖੂਹ ਲਵਾ ਕੇ ਦਿੱਤਾ। ਉਸ ਤੇ ਪੱਥਰ ਦੀ ਸਿਲ ਲਗਵਾਈ ਤੇ ਉਸ ਤੇ ਲਿਖਿਆ ਕਿ ਇਹ ਖੂਹ ਭਿਖੀ ਵਾਲੇ ਸਰਦਾਰਾਂ ਨੇ ਲਵਾਇਆ ਹੈ। ਦੇਸ਼ ਦੀ ਵੰਡ ਤਕ ਉਹ ਖੂਹ ਤੇ ਸਿਲ ਕਾਇਮ ਸੀ।

ਜਦ ਇਹ ਜੰਞ ਤੁਰੀ ਤਾਂ ਇਸਦੀ ਚੜਤਲ ਬੜੀ ਵੇਖਣਯੋਗ ਸੀ। ਇਸ ਵਿਚ ਕੜਯਾਲ, ਕਾਲੋਕੇ ਤੇ ਹੋਰ ਅਣਗਿਣਤ ਨਗਰਾਂ ਤੋਂ ਵੱਡੇ ਵੱਡੇ ਵਿਰਕ ਸਰਦਾਰ ਤੇ ਗਭਰੂ ਸ਼ਾਮਲ ਹੋਏ। ਬੜੇ ਖੁਸ਼ ਸਨ ਕਿ ਸ਼ੇਰਿ ਪੰਜਾਬ ਮਹਾਰਾਜਾ ਦੇ ਘਰ ਢੁੱਕਣ ਜਾ ਰਹੇ ਹਾਂ। ਖੁਸ਼ੀ ਵਿਚ ਗਰੀਬਾਂ ਨੂੰ ਬਹੁਤ ਦਾਨ ਦਿੱਤੇ। ਜੋ ਵੀ ਮੰਗਣ ਆਇਆ ਉਸ ਨੂੰ ਜੀਅ ਪ੍ਰਤੀ ਇਕ ਸੋਨੇ ਦੀ ਮੋਹਰ ਦੇਂਦੇ ਗਏ।

ਇਕ ਮਰਾਸੀ ਇਕ ਮਟਕਾ ਅੰਦਰੋਂ ਗੁੜ ਨਾਲ ਲਬੇੜ ਕੇ, ਮਟਕਾ ਕੀੜਿਆਂ ਦੀ ਖੁੱਡ ਤੇ ਰਖ ਕੇ ਤੇ ਕੀੜਿਆਂ ਨਾਲ ਭਰ ਲਿਆਇਆ ਤੇ ਜੀਅ ਸੇਤੀ ਇਕ ਮੋਹਰ ਦੀ ਮੰਗ ਕੀਤੀ। ਮੋਹਰਾਂ ਵੰਡਣ ਵਾਲੇ ਇੰਚਾਰਜ ਦੀ ਤੇਜ਼ ਅਕਲ ਵੇਖੋ, ਕਿਹਾ ਭਗਤਾ! ਗਿਣ ਦੇ ਜੀਅ ਕਿੰਨੇ ਹਨ ਤੇ ਓਨੀਆਂ ਮੋਹਰਾਂ ਲੈ ਲੈ। ਮਰਾਸੀ ਤੋਂ ਕੀੜੇ ਗਿਣੇ ਕਿਥੇ ਜਾਣ। ਖੈਰ ਮਰਾਸੀ ਲਾਜਵਾਬ ਹੋ ਗਿਆ ਤਾਂ ਉਸ ਨੂੰ ਮੋਹਰਾਂ ਦਾ ਮਟਕਾ ਭਰ ਦਿੱਤਾ। ਏਦਾਂ ਖੁਸ਼ੀਆਂ ਮਨਾਂਦਿਆਂ ਵਿਆਹ ਹੋ ਗਿਆ। ਡੋਲਾ ਲੈ ਕੇ ਘਰ ਆਏ ਤੇ ਬੜੇ ਜਸ਼ਨ ਮਨਾਏ।

ਉਪਰੋਕਤ ਗੱਲਾਂ ਨੂੰ ਸਾਮ੍ਹਣੇ ਰਖ ਕੇ ਕਰਤਾਰ ਸਿੰਘ ਕਲਾਸਵਾਲੀਏ ਤੋਂ ਕੋਈ ਪੁਛੇ ਕਿ ਜਿਸ ਦਾ ਘਰ ਤੋਪਾਂ ਨਾਲ ਢਾਹ ਕੇ ਉਸ ਨੂੰ ਅਧੀਨ ਕੀਤਾ ਹੋਵੇ ਉਸ ਨੂੰ ਕੋਈ ਆਪਣੀ ਧੀ ਜਾਂ ਭੈਣ ਦਾ ਰਿਸ਼ਤਾ ਕਰਦਾ ਏ?

ਸੋ ਇਸ ਤੱਥ ਤੋਂ ਸਪਸ਼ਟ ਏ ਕਿ ਸ਼ੇਖੂਪੁਰੇ ਦਾ ਕਿਲਾ ਭੰਗੀਆਂ ਵਾਲੀ ਤੋਪ ਨਾਲ ਨਹੀਂ ਸਗੋਂ ਸੁਲਾਹ ਤੇ ਸਹਿਮਤੀ ਨਾਲ ਸ: ਸ਼ਾਮ ਸਿੰਘ ਅਟਾਰੀ ਵਾਲੇ ਦਾ ਮਾਨ ਸਤਿਕਾਰ ਕਰਦਿਆਂ ਦਿਤਾ ਗਿਆ ਸੀ।

ਥੋੜੇ ਸਮੇਂ ਪਿਛੋਂ ਹੀ ਅਮੀਰ ਸਿੰਘ ਲੜਾਈ ਵਿਚ ਜ਼ਖਮੀ ਹੋ ਗਿਆ ਤੇ ਭਿਖੀ ਆ ਗਿਆ। ਮਹਾਰਾਜਾ ਰਣਜੀਤ ਸਿੰਘ ਮਿਲਣ ਵਾਸਤੇ ਭਿੱਖੀ ਆਏ ਛੇਤੀ ਪਿਛੋਂ ਸ: ਅਮੀਰ ਸਿੰਘ ਅਕਾਲ ਚਲਾਣਾ ਕਰ ਗਿਆ। ਕੁਝ ਚਿਰ ਪਿਛੋਂ ਅਰਬੇਲ ਸਿੰਘ ਸਪੁਤਰ ਸਾਹਿਬ ਸਿੰਘ ਵੀ ਆਖਰੀ ਫਤਹਿ ਬੁਲਾ ਗਏ। ਇਸ ਦਾ ਮੜ੍ਹ ਸ਼ੇਖੂਪੁਰੇ ਕਿਲੇ ਦੇ ਕੋਲ ਹੀ ਸ਼ਾਹ ਜਮਾਲ ਦੀ ਕਬਰ ਦੇ ਨੇੜੇ ਹੀ ਬਣਾਇਆ ਗਿਆ ਸੀ।

ਕਰਤਾਰ ਸਿੰਘ ਕਲਾਸਵਾਲੀਏ ਦੀ ਵਿਰਕਾਂ ਪ੍ਰਤੀ ਇਕ ਹੋਰ ਤਰੁੱਟੀ:—

ਮੁਹੰਮਦ ਸ਼ਾਹ ਅਬਦਾਲੀ ਜਦੋਂ ਵੀ ਹਿੰਦੁਸਤਾਨ ਨੂੰ ਲੁੱਟ ਕੇ ਸੋਨਾ, ਚਾਂਦੀ, ਜਵਾਹਰਾਤ ਤੇ ਬਹੂ-ਬੇਟੀਆਂ ਅਤੇ ਛੋਟੀ ਉਮਰ ਦੇ ਬੱਚੇ ਗੁਲਾਮ ਬਣਾ ਕੇ ਸੋਮਨਾਥ ਤੋਂ ਲੈ ਕੇ ਦਿੱਲੀ, ਪਾਣੀਪਤ, ਕਰਨਾਲ ਤੋਂ ਜਲੰਧਰ ਤੱਕ ਸਾਰਾ ਦੁਆਬਾ ਪਾਰ ਕਰਦਾ ਸੀ ਉਸ ਵਕਤ ਦਿਲ ਹਿਲਾ ਦੇਣ ਵਾਲੇ ਸੀਨ ਹੁੰਦੇ ਸਨ। ਬੰਦੇ ਅਤੇ ਔਰਤਾਂ ਇਹ ਹਾੜਾ ਕਰਦੀਆਂ ਸਨ, "ਮੋੜ ਵੇ ਬਾਬਾ ਕਛ ਵਾਲਿਆ।" ਤੇ ਜਦੋਂ ਫੌਜਾਂ ਲਾਹੌਰ ਸ਼ਹਿਰ ਤੋਂ ਅੱਗੇ ਲੰਘਦੀਆਂ ਤਾਂ ਅੱਗੇ ਜਾ ਕੇ 80% ਆਬਾਦੀ ਵਿਰਕਾਂ ਦੀ ਸੀ ਤਾਂ ਉਹਨਾਂ ਗੁਲਾਮਾਂ ਦਾ ਹਾੜਾ ਹੁੰਦਾ ਸੀ, "ਮੋੜ ਵੇ ਬਾਬਾ ਡਾਂਗ ਵਾਲਿਆ, ਛਈ ਰੰਨ ਗਈ ਬਸਰੇ।" ਇਸ ਹਾੜੇ ਤੇ ਵਿਰਕਾਂ ਦਾ ਖੂਨ ਖੋਲਣੋਂ ਨਾ ਰਹਿੰਦਾ ਤੇ ਨਵਾਬ ਕਪੂਰ ਸਿੰਘ ਤੇ ਹੋਰ ਸਰਦਾਰਾਂ ਨੇ ਰਾਤ ਨੂੰ ਅਬਦਾਲੀ ਦੀ ਫੌਜ ਨੂੰ ਇਹ ਸਬਕ ਸਿਖਾ ਦੇਣਾ ਕਿ ਇਹ ਧਰਤੀ ਗੁਲਾਮਾਂ ਦੀ ਨਹੀਂ। ਉਸ ਤੋਂ ਲੁੱਟ ਦਾ ਮਾਲ ਖੋਹ ਲੈਣਾ, ਹਜ਼ਾਰਾਂ ਦੀ ਗਿਣਤੀ ਵਿਚ ਔਰਤਾਂ ਤੇ ਬੱਚੇ ਵਾਪਸ ਖੋਹ ਕੇ, ਫਿਰ ਉਹਨਾਂ ਥੱਕਾਂ ਨੂੰ ਦੂਰ ਦੂਰ ਤੱਕ ਘਰੋ ਘਰੀ ਪਹੁੰਚਾ ਦੇਣਾ। ਪਰ ਕਲਾਸਵਾਲੀਏ ਨੇ ਆਪਣੀ ਕਿਤਾਬ ਵਿਚ ਇਸ ਸਬੰਧ ਵਿਚ ਕਿਸੇ ਵਿਰਕ ਦਾ ਨਾਂ ਨਹੀਂ ਦਿੱਤਾ। ਸਾਂਦਲਬਾਰੀਆਂ ਦਾ ਜ਼ਿਕਰ ਨਹੀਂ ਕੀਤਾ।

ਪਤਾ ਨਹੀਂ ਉਸ ਨੂੰ ਗੁਜਰਾਂਵਾਲਾ ਅਤੇ ਸ਼ੇਖੂਪੁਰਾ ਜ਼ਿਲੇ ਦੇ ਲੋਕਾਂ ਤੇ ਖਾਸ ਕਰ ਵਿਰਕ ਗੋਤ ਤੋਂ ਕੀ ਤਕਲੀਫ ਸੀ ਜਾਂ ਉਸ ਦਾ ਪੱਖਪਾਤੀ ਤੇ ਈਰਖਾਲੂ ਸੁਭਾਅ ਸੀ। ਜਿਸ ਕੁਲ ਵਿਚ ਨਵਾਬ ਕਪੂਰ ਸਿੰਘ ਵਰਗੇ ਸੂਰਮੇ ਤੇ ਨਾਲ ਹੀ ਸੂਝਵਾਨ ਆਗੂ ਹੋਏ ਹੋਣ, ਉਸ ਦਾ ਜ਼ਿਕਰ ਉਹਨਾਂ ਦੀ ਕਿਤਾਬ ਵਿਚ ਉਚੇਚੇ ਤੌਰ ਤੇ ਹੋਣਾ ਚਾਹੀਦਾ ਸੀ।

---

1. ਸ਼ਾਇਦ ਤਾਂ ਹੀ ਲੱਖਾ ਸਿੰਘ ਸਰਪੰਚ ਜਲਮਾਣਾ ਦੇ ਦੱਸੇ ਅਨੁਸਾਰ ਕਿਲ੍ਹਾ ਜਮਰੋਦ ਤੇ ਸ: ਹਰੀ ਸਿੰਘ ਨਲਵੇ ਨਾਲ ਸ: ਅਮੀਰ ਸਿੰਘ ਦਾ ਨਾਂ ਵੀ ਉਕਰਿਆ ਹੋਇਆ ਹੈ।

ਇਹ ਵੇਰਵੇ ਮੈਂ ਆਪਣੇ ਬਾਬਾ ਗੋਪਾਲ ਸਿੰਘ, ਚਾਚਾ ਦਿਆਲ ਸਿੰਘ ਅਤੇ ਜਥੇਦਾਰ ਧਾਰਾ ਸਿੰਘ ਜੋ ਬਾਅਦ ਵਿਚ ਗੁਰਦੁਆਰਾ ਨਨਕਾਣਾ ਸਾਹਿਬ ਕਮੇਟੀ ਦੇ ਮੈਂਬਰ ਵੀ ਰਹੇ, ਆਪਣੇ ਪਿਤਾ ਜੀ ਅਤੇ ਹੋਰ ਬਜ਼ੁਰਗਾਂ ਵਡੇਰਿਆਂ ਤੋਂ ਸੁਣਦਾ ਰਿਹਾ ਸੀ।

ਅੰਗਰੇਜ਼ ਸਰਕਾਰ ਵੇਲੇ :—

ਮੇਰੇ ਪਿਤਾ ਸ: ਪਾਲ ਸਿੰਘ ਡਿਸਟਰਿਕਟ ਬੋਰਡ ਸ਼ੇਖੂਪੁਰਾ ਦੇ ਮੈਂਬਰ ਸਨ ਅਤੇ ਜ਼ਿਲਾ ਸੈਸ਼ਨ ਅਸੈਸਰ ਵੀ ਸਨ ਤੇ ਨੰਬਰਦਾਰ ਵੀ ਸਨ ਅਤੇ ਦੂਜੇ ਨੰਬਰਦਾਰ ਸ: ਤੇਜਾ ਸਿੰਘ ਸਨ। ਜੈਤੋ ਦੇ ਮੋਰਚੇ ਵਿਚ ਇਲਾਕੇ ਦੇ ਸਿੰਘਾਂ ਨੂੰ ਕੈਦ ਦੇ ਨਾਲ ਜੁਰਮਾਨੇ ਵੀ ਹੋਏ ਸਨ। ਉਹ ਜੁਰਮਾਨੇ ਵਸੂਲ ਕਰਨ ਵਾਸਤੇ ਜਾਇਦਾਦਾਂ ਦੀ ਕੁਰਕੀ ਕਰਨ ਆਏ ਸਰਕਾਰੀ ਅਫਸਰਾਂ ਦੇ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ। ਸਗੋਂ ਮੇਰੇ ਪਿਤਾ ਜੀ ਨੇ ਆਪਣੇ ਘਰ ਪਾਠ ਕਰਵਾ ਕੇ ਸਾਰੇ ਜਥੇ ਨੂੰ ਸਿਰੋਪੇ ਦਿੱਤੇ। ਜਦ ਇਹ ਖ਼ਬਰ ਡਿਪਟੀ ਕਮਿਸ਼ਨਰ, ਸ਼ੇਖੂਪੁਰਾ ਨੂੰ ਮਿਲੀ ਤਾਂ ਉਸ ਨੇ ਪਾਲ ਸਿੰਘ ਨੂੰ ਡਿਸਟ੍ਰਿਕਟ ਬੋਰਡ ਦੀ ਮੈਂਬਰੀ, ਸ਼ੈਸ਼ਨ ਅਸੈਸਰੀ ਅਤੇ ਨੰਬਰਦਾਰੀ ਤੋਂ ਵੀ ਹਟਾ ਦਿੱਤਾ। ਪਰ ਉਹਨਾਂ ਪਰਵਾਹ ਨਾ ਕੀਤੀ।

ਦੇਸ਼ ਵੰਡ ਪਿਛੋਂ :—

1947 ਈ: ਵਿਚ ਦੇਸ਼ ਦੀ ਵੰਡ ਹੋਈ ਤੇ ਅਸੀਂ ਸਭ ਏਧਰ ਕਰਨਾਲ ਜ਼ਿਲੇ ਵਿਚ ਤੇ ਭਿੱਖੀ ਪਿੰਡ ਵਾਲੇ ਚੋਖੇ ਅਸੀਂ ਪਿੰਡ ਜਲਮਾਨਾ ਵਿਰ ਆ ਵਸੇ। ਇਥੇ ਫਿਰ ਹਿੰਦ ਸਰਕਾਰ ਦੇ ਰਵਈਏ ਵਿਰੁੱਧ ਸਿੱਖ ਕੌਮ ਵਲੋਂ ਮੋਰਚੇ ਲੱਗਣੇ ਸ਼ੁਰੂ ਹੋ ਗਏ। 1978 ਈ: ਵਿਚ ਕਰਨਾਲ ਮੋਰਚਾ ਲੱਗਾ। ਸਾਰਾ ਨਗਰ ਹੀ ਸ਼ਾਮਲ ਹੋਇਆ, ਬਹੁਤ ਆਦਮੀ ਗ੍ਰਿਫਤਾਰ ਹੋਏ ਤੇ ਹਿਸਾਰ ਜੇਲ੍ਹ ਵਿਚ ਭੇਜ ਦਿੱਤੇ ਗਏ। ਜਦ ਕਰਨਾਲ ਪੇਸ਼ੀ ਤੇ ਆਏ ਤਾਂ ਜਲਮਾਨਾ ਨਗਰ ਦੀਆਂ ਸਭ ਬਿਰਾਦਰੀਆਂ, ਭਿੱਖੀ, ਖਾਹਰੇ, ਨੌਖਰੀਏ, ਫੁੱਲਰਵੰਨੀਏ, ਕੜਯਾਲੀਏ ਤੇ ਹੋਰ ਵੀ ਸਭ ਸਿੱਖਾਂ ਨੇ ਮਿਲ ਕੇ ਜਥੇ ਨੂੰ ਸੜਕ ਤੇ ਚਾਹ-ਪਾਣੀ ਛਕਾਉਣ ਦਾ ਪ੍ਰਬੰਧ ਕੀਤਾ ਸੀ। ਉਸ ਦਿਨ ਜਲਮਾਣੇ ਦਾ ਜਥਾ, ਠੇਕੇਦਾਰ ਸੁਰਜਨ ਸਿੰਘ ਦਾ ਜਥਾ ਅਤੇ ਜਸਜੀਤ ਸਿੰਘ ਹੁਸ਼ਿਆਰਪੁਰ ਵਾਲੇ ਦਾ ਜਥਾ - ਇਹ ਸਾਰੇ ਹੀ ਸਨ। ਜਲਮਾਣੇ ਆਉਣ ਤੇ ਉਹਨਾਂ ਦਾ ਬਹੁਤ ਸਵਾਗਤ ਕੀਤਾ ਗਿਆ ਪਰ ਹਰਿਆਣਾ ਸਰਕਾਰ ਨੇ ਇਸ ਦਾ ਬਹੁਤ ਬੁਰਾ ਮਨਾਇਆ। ਦੂਜੇ ਦਿਨ ਕਰਨਾਲ ਦੇ ਐਸ.ਪੀ. ਤੇ ਡੀ.ਐਸ.ਪੀ. ਨੇ ਬਹੁਤ ਜ਼ਿਆਦਾ ਪੁਲੀਸ ਲੈ ਕੇ ਸਾਰੇ ਪਿੰਡ ਨੂੰ ਘੇਰ ਲਿਆ ਤੇ ਛੋਟੇ ਵੱਡੇ ਸਾਰੇ ਹੀ ਸਿੱਖ ਗ੍ਰਿਫਤਾਰ ਕਰ ਲਏ ਕਿਉਂਕਿ ਅਗਲੇ ਦਿਨ ਦੂਜੇ ਜਥੇ ਨੇ ਆਉਣਾ ਸੀ ਤੇ ਲੋਕ ਉਹਨਾਂ ਦਾ ਸਵਾਗਤ ਨਾ ਕਰਨ ਪਰ ਸੁਘੜ ਸਿਆਣੀਆਂ ਸਿੰਘਣੀਆਂ ਨੇ ਚਾਲ ਚਲ ਕੇ ਪੁਲਿਸ ਵਾਲਿਆਂ ਨੂੰ ਝਾਂਸਾ ਦਿੱਤਾ। ਚਾਹ ਵਾਲੇ ਕੁਝ ਦੇਗੇ ਪਤੀਲੇ ਸਕੂਲ ਕੋਲ ਰੱਖ ਦਿੱਤੇ। ਉਹ ਸਾਰੇ ਭਾਂਡੇ ਤੇ ਸਾਮਾਨ ਪੁਲਿਸ ਨੇ ਖੋਹ ਲਿਆ। ਪੁਲਿਸ ਏਧਰ ਤਸੱਲੀ ਕਰ ਕੇ ਬਹਿ ਗਈ ਕਿ ਚਾਹ ਪਿਆਉਣ ਤੋਂ ਰੋਕ ਦਿੱਤਾ ਹੈ, ਪਰ ਅਸਲ ਪ੍ਰਬੰਧ ਚਾਹ-ਪਾਣੀ ਦਾ ਪਿੰਡ ਦੇ ਦੂਜੇ ਪਾਸੇ ਸਿੰਘਣੀਆਂ ਨੇ ਕਰ ਦਿੱਤਾ ਤੇ ਜੱਥੇ ਦੀ ਸੇਵਾ ਤੇ ਸਵਾਗਤ ਕੀਤਾ। ਇਸ ਦਿਨ ਜੋ ਜਥਾ ਆਇਆ ਉਹ ਦਾਰਾ ਸਿੰਘ ਪ੍ਰਧਾਨ ਅਕਾਲੀ ਦਲ ਹਰਿਆਣਾ ਦਾ ਸੀ। ਬੀਬੀਆਂ ਤੇ ਬੱਚਿਆਂ ਨੇ ਚਾਹ, ਮਿਠਾਈਆਂ ਤੇ ਲੰਗਰ ਛਕਾਇਆ। ਜਦੋਂ ਪੁਲਿਸ ਨੂੰ ਪਤਾ ਲੱਗਾ ਤਾਂ ਏਨੇ ਨੂੰ ਜਥਾ ਤੁਰ ਚੁੱਕਾ ਸੀ। ਜਨਾਨੀਆਂ ਨੂੰ ਗ੍ਰਿਫਤਾਰ ਕਰਨ ਦਾ ਇਰਾਦਾ ਪੁਲਿਸ ਨੇ ਕੀਤਾ ਪਰ ਵਿਚ ਹੀ ਸਿਆਣੇ ਅਫਸਰ ਪੰਡਤ ਰਿਸ਼ੀ ਪ੍ਰਕਾਸ਼ ਦੇ ਰੋਕਣ ਤੇ ਔਰਤਾਂ ਨੂੰ ਛੱਡ ਦਿੱਤਾ। ਲਗਭਗ ਦੋ ਸੌ ਬੰਦਿਆਂ ਦੇ ਚਾਹ-ਪਾਣੀ ਪਿਆਉਣ ਦੇ ਜੁਰਮ ਵਿਚ ਚਲਾਣ ਕਰ ਦਿੱਤੇ ਤੇ 15 ਕੁ ਬੰਦੂਕਾਂ ਤੇ ਲਾਇਸੈਂਸ ਵੀ ਖੋਹ ਲਏ ਜੋ ਫਿਰ ਸ: ਤਾਰਾ ਸਿੰਘ ਮਨਿਸਟਰ ਬਣੇ ਤੇ ਉਹਨਾਂ ਡਿਪਟੀ ਕਮਿਸ਼ਨਰ ਨੂੰ ਕਹਿ ਕੇ ਮੁਕਦਮੇ ਵਾਪਸ ਕਰਵਾਏ ਅਤੇ ਹਥਿਆਰ ਤੇ ਲਾਇਸੈਂਸ ਮਾਲਕਾਂ ਨੂੰ ਦਿੱਤੇ।

ਇਕ ਟਿੱਪਣੀ

ਉਪਰੋਕਤ ਘਟਨਾਵਾਂ ਤੋਂ ਇੰਞ ਲਗਦਾ ਏ ਕਿ ਹਰਿਆਣਾ ਤੇ ਭਾਰਤ ਸਰਕਾਰ ਵਿਚਲੇ ਕਾਰਕੁਨਾਂ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਨਹੀਂ ਹੈ ਜੇ ਹੈ ਤਾਂ ਅਧੂਰੀ ਹੈ ਤੇ ਠੀਕ ਸੰਦਰਭ ਵਿਚ ਨਹੀਂ ਹੈ ਤੇ ਨਾਲ ਦੀ ਨਾਲ ਇਨਸਾਨੀਅਤ ਤੱਤ ਬਹੁਤ ਹੀ ਘੱਟ ਅਤੇ ਈਰਖਾਲੂ ਤੱਤ ਵਧ ਹੈ। ਕਿਉਂ ਕਿ : -

1. ਉਹ ਜਥੇ ਕੋਈ ਇਖਲਾਕੀ ਮੁਲਜ਼ਮ ਜਾਂ ਜਨਤਕ ਕਾਤਲ ਨਹੀਂ ਸਨ, ਸਗੋਂ ਸਿਆਸੀ ਕੈਦੀ ਸਨ। ਉਹਨਾਂ ਨੂੰ ਪਾਣੀ-ਧਾਣੀ ਪਿਆਉਣਾ ਕੋਈ ਗੁਨਾਹ ਨਹੀਂ ਹੈ।

2. ਇਨਸਾਨੀ ਨਾਤੇ ਏਡੀ ਵੱਡੀ ਗਿਣਤੀ ਵਿਚ ਮਨੁੱਖ ਜਾਂਦੇ ਹੋਣ ਤਾਂ ਸਾਰੇ ਬੁਰੇ ਨਹੀਂ ਹੁੰਦੇ। ਵਿਚ ਬਹੁਤ ਭਲੇ ਵੀ ਹਨ। ਸੇਵਾ ਕਰਨਾ ਫਰਜ਼ ਬਣਦਾ ਏ।

3. ਉਹਨਾਂ ਸਰਕਾਰੀ ਹੈਂਕੜੀਆਂ ਨੂੰ ਭਾਈ ਘਨਈਏ ਦਾ ਨਾਉਂ ਤੇ ਕੰਮ ਜਾਪਦਾ ਏ ਕਿਸੇ ਨੇ ਦੱਸਿਆ ਹੀ ਨਹੀਂ ਜਾਂ ਉਹਨਾਂ ਅਜਿਹੇ ਭਲੇ ਪਸਾਰੇ ਵੱਲ ਕੰਨ ਲਾਉਣੋਂ ਹੀ ਗੁਰੇਜ਼ ਰਖਿਆ ਏ। ਸਿੱਖਾਂ ਨਾਲ ਘੋਰ ਯੁੱਧ ਹੋ ਰਿਹਾ ਏ, ਦੋਹੀਂ ਪਾਸੀਂ ਅਣਗਿਣਤ ਮਰੀ ਜਾਂਦੇ ਹਨ ਤੇ ਫੱਟੜ ਹੋਈ ਜਾਂਦੇ ਹਨ। ਭਾਈ ਘਨਈਆ ਪਾਣੀ ਦੀ ਮਸ਼ਕ ਚੁੱਕੀ ਯੁੱਧ ਖੇਤਰ ਵਿਚ ਫਿਰ ਰਿਹਾ ਹੈ। ਆਪਣੇ ਤੇ ਦੁਸ਼ਮਨ ਫੱਟੜਾਂ ਸਭ ਨੂੰ ਪਾਣੀ ਪਿਆਈ ਜਾ ਰਿਹਾ ਏ। ਕਿਸੇ ਨੇ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਪਾਸ ਇਸ ਗੱਲ ਦਾ ਉਜਰ ਕੀਤਾ ਕਿ ਅਸੀਂ ਤਾਂ ਮਸਾਂ ਦੁਸ਼ਮਨਾਂ ਨੂੰ ਮਾਰਨਹਾਰੇ

ਕਰਦੇ ਹਾਂ ਤੇ ਭਾਈ ਘਨਈਆ ਸਿੰਘ ਉਹਨਾਂ ਨੂੰ ਪਾਣੀ ਪਿਆ ਕੇ ਫਿਰ ਕਾਇਮ ਕਰੀ ਆਉਂਦਾ ਹੈ। ਗੁਰੂ ਜੀ ਨੇ ਘਨਈਆ ਸਿੰਘ ਨੂੰ ਕੋਲ ਸੱਦਿਆ ਤੇ ਪੁਛਿਆ ਤਾਂ ਉਸ ਨਿਮਰਤਾ ਨਾਲ ਕਿਹਾ, ਮਹਾਰਾਜ ਜੀ, "ਕਿਸ ਨੂੰ ਦਿਆਂ ਤੇ ਕਿਸ ਨੂੰ ਨਾ ਦਿਆਂ ਪਾਣੀ, ਸਾਰੇ ਬੰਦਿਆਂ ਵਿਚ ਤੂੰ ਹੀ ਤੂੰ ਦਿਸਣਾ ਏਂ।" ਸਾਹਿਬ ਦਾ ਮਨ ਪਸੀਜਿਆ ਤੇ ਕਿਹਾ :—

ਸ਼ਾਬਾਸ਼ ! ਕਿਹਾ ਕਨ੍ਹਈਏ ਨੂੰ ਗੁਰੂ ਜੀ ਨੇ, ਠੀਕ ਏ ਸਭ ਨੂੰ ਹੀ ਪਾਣੀ ਪਿਆਈ ਜਾ ਤੂੰ।
ਸਭ ਵਿਚ ਮੈਂ ਹੀ ਦਿਸਨਾਂ, ਲੈ ਲੈ ਮਲ੍ਹਮ ਵੀ ਇਹ, ਮੇਰੇ ਫਟਾਂ ਤੇ ਮਲ੍ਹਮ ਵੀ ਲਾਈ ਜਾ ਤੂੰ।
ਏਦਾਂ ਸਿੰਘ ਕਨ੍ਹਈਆ ਪਿਆ ਪਾਣੀ, ਨਾਲੇ ਫਟਾਂ ਤੇ ਮਲ੍ਹਮ ਵੀ ਲਾਈ ਗਿਆ।
ਜਗਤ ਸ਼ਹਿਣਸ਼ਾਹ ਤੇ ਵਾਹ ਵਾਹ ਸਿੱਖ ਉਹਦਾ, ਰੀਤ ਰਬ ਦੇ ਵਰਗੀ ਚਲਾਈ ਗਿਆ।

ਇਹ ਹੈ ਇਹ ਧਰਮ ਤੇ ਇਹ ਇਹਦੇ ਸਿਖ.........

ਇਸ ਦੇਸ਼ ਵਿਚ ਕੋਈ ਸੰਸਥਾ, ਕੋਈ ਵਿਅਕਤੀ ਇਸ ਸਭ ਕਾਸੇ ਤੇ ਵਿਚਾਰ ਕਰਨ ਤੇ ਫਿਰ ਉਹਨਾਂ ਜਲਪਾਣ ਤੋਂ ਰੋਕਣ ਵਾਲਿਆਂ ਦੀ ਸਿਖਾਂ ਪ੍ਰਤੀ ਸੋਚ, ਜ਼ਹਿਨੀਅਤ ਤੇ ਤਹਿ-ਦਿਲ ਨੀਅਤ ਤੇ ਫਿਰ ਹੈਂਕੜਬਾਜ਼ੀ ਬਾਰੇ ਆਪਣਾ ਫਸਲਾ ਇਤਿਹਾਸ ਦੇ ਪੰਨਿਆਂ ਤੇ ਦੇਣ। ਇਤਿਹਾਸਕਾਰਾਂ ਤੇ ਬੁਧੀਜੀਵੀਆਂ ਵਿਚ ਤਾਂ ਜੇ ਭੋਰਾ ਕਣੀ ਹੋਵੇ ਤਾਂ ਜ਼ਰੂਰ ਉਲੀਕਣ।

4. ਤੇ ਫਿਰ ਉਨ੍ਹਾਂ ਰੋਕਣ ਵਾਲਿਆਂ ਨੂੰ ਅਜੇ ਆਜ਼ਾਦੀ ਤੋਂ ਕੁਝ ਹੀ ਵਰ੍ਹੇ ਪਹਿਲਾਂ ਦਾ ਭਾਰਤ ਹੀ ਨਹੀਂ ਦੁਨੀਆਂ ਦੇ ਇਤਿਹਾਸਕ ਅਕਾਸ਼ ਤੇ ਸੂਰਜ ਵਾਂਗ ਚਮਕਦਾ ਵਾਕਿਆ ਵੀ ਕਿਉਂ ਅੱਖੋਂ ਓਹਲੇ ਹੋ ਗਿਆ ਪੰਜਾ ਸਾਹਿਬ ਦੀ ਰੇਲ ਗੱਡੀ ਵਾਲਾ। ਜੱਥੇ ਨੂੰ ਚਾਹ ਪਾਣੀ ਹੀ ਛਕਾਣਾ ਸੀ। ਉਹ ਤਾਂ ਵਿਦੇਸ਼ੀ ਸਰਕਾਰ ਸੀ। ਨਾਂਹ ਕਰ ਦਿੱਤੀ ਤੇ ਸਿੰਘਾਂ ਨੇ ਰੇਲ ਦੀ ਪਟੜੀ ਤੇ ਆਉਂਦੀ ਗੱਡੀ ਅਗੇ ਹਜ਼ਾਰਾਂ ਦੀ ਗਿਣਤੀ ਵਿਚ ਪੈ ਕੇ ਆਪਣੇ ਲਹੂ, ਮਿਝ, ਹੱਡੀਆਂ ਕਟਵਾ ਕੇ ਪਹੀਆਂ ਵਿਚ ਫਸਾ ਕੇ ਰੇਲ ਜਾਮ ਕਰ ਕੇ ਰੱਖ ਦਿੱਤੀ ਸੀ ਤੇ ਬਾਕੀ ਦਿਆਂ ਨੇ ਡੱਬਿਆਂ ਵਿਚ ਵੜ ਕੇ ਦੁੱਧ, ਫਲ, ਲੰਗਰ ਨਾਲ ਜਥੇ ਦੀ ਰੱਜ ਕੇ ਸੇਵਾ ਕੀਤੀ ਸੀ। ਸਿੱਖਾਂ ਨਾਲ ਈਰਖਾਲੂਆਂ ਨੂੰ ਅਜਿਹੇ ਸੂਰਜ ਵਰਗੇ ਸੱਚ ਤੋਂ ਕੁਝ ਸਿਖਿਆ ਲੈਣੀ ਚਾਹੀਦੀ ਹੈ ਤੇ ਉੱਚੀਆਂ ਕੁਰਸੀਆਂ ਤੇ ਪਦਵੀਆਂ ਤੇ ਬਹਿ ਕੇ ਹੋਛੇ ਹੱਥਕੰਡਿਆਂ ਤੇ ਨਹੀਂ ਉਤਰਨਾ ਚਾਹੀਦੀ।

— ਭਗਵੰਤ ਸਿੰਘ 'ਅਜ਼ਾਦ'

1982 ਈ: ਵਿਚ ਭਿੱਖੀ ਦਾ ਸੰਪੂਰਨ ਸਿੰਘ ਵਲਦ ਬੰਤਾ ਸਿੰਘ ਐਗਰੋ ਦਾ ਡਾਇਰੈਕਟਰ ਅਤੇ ਮੈਂ ਮੰਡੀਕਰਨ ਬੋਰਡ, ਹਰਿਆਣਾ ਦਾ ਡਾਇਰੈਕਟਰ ਬਣਿਆ ਤੇ 1985 ਈ: ਤੱਕ ਰਹੇ। ਇਹ ਹੈ ਕੁਝ ਵਾਰਤਾ ਪਿੰਡ ਭਿੱਖੀ ਅਤੇ ਛੁਣ ਸਾਰੇ ਪਿੰਡ ਜਲਮਾਣੇ ਦੀ।

ਆਪ ਜੀ ਦਾ ਸ਼ੁਭਚਿੰਤਕ,
ਕਪੂਰ ਸਿੰਘ ਵਿਰਕ, ਪੁੱਤਰ ਪਾਲ ਸਿੰਘ ਭਿੱਖੀ,
ਜਲਮਾਣਾ (ਕਰਨਾਲ)

(ਇਕ ਚਿੱਠੀ ਮੈਂ ਮੇਜਰ ਜਨਰਲ ਜਗਦੀਸ਼ ਸਿੰਘ ਨੂੰ ਲਿਖੀ ਸੀ ਉਹਨਾਂ ਦੀ ਚਿੱਠੀ ਇਸ ਤਰ੍ਹਾਂ ਦੀ ਆਈ। ਇਹ ਇਤਿਹਾਸ ਦਾ ਕੰਮ ਕਰਨ ਵਾਲਿਆਂ ਦਾ ਉਤਸ਼ਾਹ ਵਧਾਉਂਦੀ ਹੈ।

ਵਲੋਂ ਮੇਜਰ ਜਨਰਲ ਜਗਦੀਸ਼ ਸਿੰਘ, ਵੀਰ ਚੱਕਰ ਸੇਠੂ
M.C.Q.
ਲਖਨਊ।
24-1-1989

ਮੇਰੇ ਪਿਆਰੇ ਭਗਵੰਤ ਸਿੰਘ ਜੀ,

1. ਤੁਹਾਡੀ ਚਿੱਠੀ 16.1.89 ਦੇ ਉੱਤਰ ਵਿਚ।
2. ਇਹ ਪਤਾ ਲੱਗਣ ਤੇ ਮੈਂ ਬਹੁਤ ਖੁਸ਼ ਹੋਇਆ ਕਿ ਤੁਸੀਂ 'ਵਿਰਕਾਂ ਦਾ ਇਤਿਹਾਸ' ਲਿਖ ਰਹੇ ਹੋ।
3. ਮੈਂ ਆਪਣਾ ਜੀਵਨ ਬਿਓਰਾ ਇਸ ਚਿੱਠੀ ਵਿਚ ਭੇਜ ਰਿਹਾ ਹਾਂ।

(ਅਜਿਹੀਆਂ ਚਿੱਠੀਆਂ ਨਾਲ ਉਤਸ਼ਾਹ ਵੱਧਦਾ ਹੈ ਤੇ ਮੈਟਰ ਸਹੂਲਤ ਨਾਲ ਮਿਲਦਾ ਹੈ।)

— ਭਗਵੰਤ ਸਿੰਘ ਆਜ਼ਾਦ

ਇਕ ਹੋਰ ਚਿੱਠੀ

2063, Sector 15-C,
Chandigarh,
December 28, 1988

My dear Azad,

Sat Sri Akal, Find enclosed a brief note about my father Rattan Singh for inclusion in the proposed history of Virk Jats. You may please make any change in the draft as desired. If any further information is required it shall be gladly furnished.

With best wishes for a Happy New Year.

Yours sincerely,
Sd/-
(Adhyapak Singh)

S Bhagwant Singh Azad,
V.P.O. Jalmana,
Distt. Karnal.

Rattan Singh Waran (1880—1956)

My father Rattan Sing s/o S. Hira Singh had the distinction of being first among Virk Jats to Graduate in 1900 from the Punjab University Lahore. He was the student of Forman Christian College where he studied Math A & B Courses from Swami Ram Tirth. The well known Swami taught these Subjects before he took 'Sanyas'.

Rattan Singh was selected as Naib Tehsildar in 1902 while he was studying Law and retired in 1935. He was known for his integrity, efficiency and conscientious work throughout his service. He served in all the five divisions of pre-partition Punjab.

He was born in a Zimidar Family of Virk Jat of Village Warn Tehsil & District Shekhupura. By his sheer determination and hard work he had higher education where there were hardly any educational facility in the then back-ward Districts of Gujranwala & Shekhupura.

My father after he retirement settled in Nankana Sahib, mainly for the education of his children. We visited our native village Warn occasionally till 1947. My two younger brothers and one of my sisters and I are graduates. I also retired as Punjab Civil Service Officer in 1973 and settled in Chandigarh.

Sd/-
(Adhyapak Singh)

ਇਕ ਹੋਰ ਚਿੱਠੀ

ਪਟਿਆਲਾ
ਮਿਤੀ 24-7-91

ਸ: ਭਗਵੰਤ ਸਿੰਘ ਜੀ,

ਸਤਿ ਸ੍ਰੀ ਅਕਾਲ,

ਤੁਸੀਂ ਜੋ ਕੰਮ ਵਿੱਢਿਆ ਹੈ, ਇਹ ਸੁਰਮਗਤੀ ਵਾਲਾ ਹੈ। ਚੋਖੀ ਘਾਲਣਾ ਨਾਲ ਇਹੋ ਜਿਹੇ ਕੰਮਾਂ ਨੂੰ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਕਿਸੇ ਦਿਨ ਦਰਸ਼ਨਾਂ ਲਈ ਹਾਜ਼ਰ ਹੋਵਾਂਗਾ ਤੇ ਵਿਸਥਾਰ ਵਿਚ ਆਪ ਜੀ ਦੇ ਪ੍ਰੋਜੈਕਟ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗਾ। ਹਾਲੇ ਆਪਣਾ ਜੀਵਨ ਵੇਰਵਾ ਘੱਲ ਰਿਹਾ ਹਾਂ।

ਜਨਮ — ਚੇਤਰ 7, ਸਾਲ 1947 (23 ਮਾਰਚ 1947)
ਜਨਮ ਅਸਥਾਨ — ਪਿੰਡ ਠੱਡਾ, ਜ਼ਿਲ੍ਹਾ ਗੁਜਰਾਂਵਾਲਾ
ਵਿੱਦਿਆ — ਐਮ.ਏ. ਪੰਜਾਬੀ
ਕਿੱਤਾ (ਪੜ੍ਹਾਉਣਾ) — ਮਹਿੰਦਰਾ ਕਾਲਜ ਪਟਿਆਲਾ।

ਕ੍ਰਿਤਾਂ — 1. ਅਨੁਭਵ ਦੇ ਅੱਥਰੂ 2. ਪੌਣਾਂ ਦਾ ਸਿਰਨਾਵਾਂ (ਕਾਵਿ ਸੰਗ੍ਰਹਿ) 3. ਰੂਹਾਂ ਦੇ ਰੂਬਰੂ ਲੋਕ ਚਿੱਤਰ (ਵਿਰਕਾਂ ਅਤੇ ਹੋਰ ਪੇਂਡੂ ਲੋਕਾਂ ਦੇ ਰੇਖਾ ਚਿੱਤਰ।) 4. ਪਿੱਪਲ ਦਿਆ ਪੱਤਿਆ ਵੇ। (ਗੀਤਾਂ ਦੀ ਕਿਤਾਬ)

ਮੇਰਾ ਮੁੱਢਲਾ ਸ਼ੌਕ ਸ਼ਾਇਰੀ ਹੈ ਪਰ ਮੈਂ ਪੰਜਾਬੀ ਸਭਿਆਚਾਰ ਦੇ ਭੁੱਲੇ ਵਿਸਰੇ ਵਿਅਕਤੀਆਂ, ਰਸਮਾਂ ਰਿਵਾਜਾਂ ਬਾਰੇ ਸਮੱਗਰੀ ਇਕੱਠੀ ਕਰਨ ਵੱਲ ਰੁਚਿੱਤ ਹਾਂ। ਬਾਕੀ ਮਿਲ ਕੇ ਹੋਰ ਗੱਲਾਂ ਕਰਨ ਦੀ ਇਜਾਜ਼ਤ ਲਵਾਂਗਾ।

ਆਪ ਜੀ ਦਾ :
ਪਰੋਫੈਸਰ ਅਨੂਪ ਸਿੰਘ ਵਿਰਕ,
22-ਏ ਖਾਲਸਾ ਕਾਲਜ ਕਲੋਨੀ, ਸਕੇਤ ਰੋਡ, ਪਟਿਆਲਾ

ਨੋਟ : ਇਸ ਬੰਦੇ ਕੋਲ ਵਿਰਕਾਂ ਸਗੋਂ ਸਾਂਦਲਬਾਰ ਦੇ ਪੇਂਡੂ ਜੀਵਨ ਅਤੇ ਪੰਜਾਬ ਅਤੇ ਦੇਸ਼ ਦੀਆਂ ਇਤਿਹਾਸਕ ਲਹਿਰਾਂ ਤੇ ਸੰਘਰਸ਼ਾਂ ਬਾਰੇ ਬਹੁਤ ਸੂਝ ਗਿਆਨ ਅਤੇ ਸੁਖਾਲਾ ਤੇ ਸਪੱਸ਼ਟ ਵਿਖਿਆਨ ਤੇ ਬਿਆਨ ਹੈ। ਇਸ ਲਈ ਇਸ ਦਾ ਨਾਓਂ ਇਸ ਪੁਸਤਕ ਵਿਚ ਦੇਣਾ ਮਹੱਤਵਪੂਰਨ ਹੈ।

ਵਿਰਕਾਂ (ਸਾਂਦਲਬਾਰ) ਬਾਰੇ ਤਾਂ ਇਸ ਦੀ ਪੁਸਤਕ 'ਰੂਹਾਂ ਦੇ ਰੂਬਰੂ'—ਬਸ ਕਿਆ ਬਾਤ ਹੈ! ਪੜ੍ਹਿਆਂ ਹੀ ਪਤਾ ਲੱਗਦਾ ਹੈ ਤੇ ਦੂਜੇ ਪਹਿਲੂ ਬਾਰੇ ਪੁਸਤਕ "ਪਿੱਪਲ ਦਿਆ ਪੱਤਿਆ ਵੇ" ਹੈ। ਪਿਛਲੇ ਲੰਮੇ ਸਾਲਾਂ ਵਿਚ ਪੰਜਾਬ ਦੇ ਸਰਕਾਰੀ ਤੇ ਗੈਰ ਸਰਕਾਰੀ ਆਗੂਆਂ ਵਲੋਂ ਪੰਜਾਬ ਅਤੇ ਸਿੱਖ ਕੌਮ ਨੂੰ ਨਾਸ਼ ਕਰਣ ਦਾ ਹਾਲ, ਕਈਆਂ ਪਾਸਿਆਂ ਤੋਂ ਪੈਂਦੀਆਂ ਕਈ ਤਰ੍ਹਾਂ ਦੀਆਂ ਮਾਰਾਂ ਦੇ ਮਾਰੇ ਹੋਏ ਪੰਜਾਬ ਦੇ ਸਾਰੇ ਵਰਗਾਂ ਦੇ ਲੋਕਾਂ ਦੇ ਬਾਰੇ ਹਾਲ ਅਤੇ ਲਾਲਚਾਂ, ਸਵਾਰਥਾਂ, ਗੰਦਗੀਆਂ ਦਬੀ ਪੰਜਾਬ ਦੀ ਖਿਲਰੀ ਖੁਲਰੀ ਲੀਡਰਸ਼ਿਪ ਦੀ ਵਿਥਿਆ ਦਾ ਏਨੇ ਸੌਖੇ, ਸਾਦੇ ਸਪਸ਼ਟ ਅਤੇ ਫਿਰ ਥੋੜੇ ਥੋੜੇ ਅੱਖਰਾਂ ਵਿਚ ਏਨਾਂ ਨੰਗਾ ਚਿੱਟਾ ਚਿੱਤਰ ਦਿਲ ਦੇ ਅੰਦਰ ਦੀਆਂ ਡੂੰਘਾਣਾਂ ਵਾਲੀ ਹਮਦਰਦੀ ਤੇ ਦਰਦ ਵਿਚੋਂ ਹੀ ਉਲੀਕਿਆਂ ਜਾ ਸਕਦਾ ਹੈ। ਕੁਝ ਸਤਰਾਂ ਹੇਠਾਂ ਪੜੋ :—

— ਸਾਡੇ ਹੋ ਨੇ ਬੇਹਾਲ ਗਏ,
ਆਖੋ ਜਾ ਕੇ ਸ਼ਹਿਰਾਂ ਵਾਲਿਆਂ ਨੂੰ[1]
ਰੋਵੋ ਜਾ ਕੇ ਸ਼ਹਿਰਾਂ ਵਾਲਿਆਂ ਨੂੰ,
ਪਿਟੋ ਜਾ ਕੇ ਸ਼ਹਿਰਾਂ ਵਾਲਿਆਂ ਨੂੰ,
ਪਿੰਡੀਂ ਪੁੱਤਰਾਂ ਦੇ ਕਾਲ ਪਏ।

— ਹੁਣ ਵੇਖੋ ਕਿੱਡਾ ਵੱਡਾ ਤਰਲਾ ਤੇ ਹਾੜ੍ਹਾ ਏ......
ਕਿੱਦਾਂ ਦਿਲਾਂ ਤਾਈਂ ਥੰਮੀ ਏਂ ਨੀਂ[2]
ਕੁੱਖ ਵਿਚ ਰਖ ਸਾਂਭ ਕੇ,
ਪੁੱਤ ਮੁੱਕ ਚੱਲੇ ਅੰਮੀਏ ਨੀਂ।

— ਫਿਰ ਗੋਲੀ ਵਾਲਿਆਂ ਨੂੰ ਸਿਖਿਆ ਵੇਖੋ। ਇਹ ਠੀਕ ਏ ਸਾਡੇ ਨਾਲ ਨਾਜਾਇਜ਼ ਬਹੁਤ ਹੋਈਆਂ ਹਨ, ਤਕਲੀਫਾਂ ਤੇ ਦਰਦ ਦਿਲਾਂ 'ਚ ਬਹੁਤ ਹਨ :

ਸਾਡੇ ਦਰਦ ਘਨੇਰੇ ਨੇ,
(ਪਰ) ਜਿੰਨੀਂ ਰਾਹੀਂ ਤੁਰ ਪਏ ਹਾਂ,
ਉਹਦੇ ਪੰਧ ਲੰਮੇਰੇ ਨੇ।

— ਤੇ ਫਿਰ ਸਿਖਿਆ :— ਐਸੀ ਛੱਲ ਨਾ ਬਣੋ, ਕੰਢਾ ਆਪਣਾ ਖੁਰੇ, ਐਸਾ ਹੜ ਨਾ ਬਣੋ, ਘਰ ਆਪਣਾ ਰੁੜੇ।
ਪਲ ਅਪਣਾ ਹੀ ਕੋਈ ਵਢ ਤੁਰਦਾ ਬਣੇ, ਮਿਲੇ ਮੁੜ ਕੇ ਨਾ ਦੁਖ ਸਭਰਾਵਾਂ ਜਿਹਾ।

— ਹੁਣ ਚਗਾ ਪੰਜਾਬ ਤੇ ਸਿੱਖ ਕੌਮ ਦੇ ਹੇਠਲੇ ਉਤਲੇ ਸਤੱਰ ਦੇ ਅਖਵਾਉਂਦੇ ਆਗੂਆਂ ਦੀਆਂ ਕੁਰੀਤੀਆਂ ਤੇ ਦੁਰਗਤੀਆਂ ਦਾ ਚਿੱਤਰ......

ਸੂਹੇ ਵੇ ਚੀਰੇ ਵਾਲਿਆਂ ਰਾਹਾਂ ਸੁੰਨੀਆਂ ਨੇ, ਪੱਗਾਂ ਲੀਰੋ ਲੀਰ, ਪਟੀਆਂ ਚੁੰਨੀਆਂ ਨੇ।

— ਪ੍ਰੋ: ਅਨੂਪ ਸਿੰਘ ਵਿਰਕ ਦਾ ਉਲੀਕਿਆ ਹੋਇਆ ਇਹ ਸਭ ਸੱਚ ਹੈ ਅਤੇ ਇਤਿਹਾਸ ਹੈ। ਏਸੇ ਵਿਸ਼ੇ ਅਤੇ ਇਤਿਹਾਸਨੂੰ ਉਜਾਗਰ ਕਰਦੀਆਂ ਡਾ: ਰਤਨ ਸਿੰਘ ਢਿਲੋਂ ਦੀਆਂ ਲਾਈਨਾਂ :—

ਮਹਿਫਲ ਦੇ ਵਿਚ ਸਾਡਾ ਸ਼ਮ੍ਹਲਾ ਸਭ ਤੋਂ ਉੱਚਾ ਹੁੰਦਾ ਸੀ, ਰੋਲ ਦਿਤੀਆਂ ਸਾਡੀਆਂ ਪੱਗਾਂ, ਸਾਡੇ ਹੀ ਸਰਦਾਰਾਂ ਨੇ।

1. ਸਰਕਾਰੀ ਤੇ ਗੈਰ-ਸਰਕਾਰੀ ਮੁੱਖੀ ਜੋ ਮੁੱਖ ਤੌਰ ਤੇ ਸ਼ਹਿਰਾਂ ਵਿਚ ਹੀ ਰਹਿ ਰਹੇ ਹਨ।
2. ਗੋਲੀ ਭਾਵੇਂ ਕਿਧਰੋਂ ਏ, ਮਾਰਦੀ ਤਾਂ ਪੰਜਾਬ ਦੇ ਪੁੱਤਾਂ ਨੂੰ ਏ।

— ਤੇ ਮੇਰੀਆਂ ਲਾਈਨਾਂ :

ਬਿਨਾ ਬਰੇਕ ਬਣਾਈ ਗਏ ਨਿੱਕੀਆਂ ਨਿੱਕੀਆਂ ਜਥੇਬੰਦੀਆਂ, ਪੰਥ ਜਥੇਬੰਦ ਰਹਿਣ ਨਾ ਦਿਤਾ ਹੈ'ਕੜੀਏ ਜਥੇਦਾਰਾਂ ਨੇ।
ਕੁਝ ਸਿੱਖਾਂ ਜਾਂ ਦੂਜੇ ਬੂਹੀਂ ਨਿੱਕੀਆਂ ਵੱਡੀਆਂ ਪੱਦਵੀਆਂ ਦੇ ਲਈ ਕੌਮ ਕਾਜ ਨੂੰ ਢਾਹਾਂ ਲਾਈਆਂ, ਹਾਏ, ਕੁਰਸੀ ਬਰਦਾਰਾਂ ਨੇ।

— ਹਰਦੀਪ ਸੇਖੀ ਵੀ ਸਾਨੂੰ ਇਹਨਾਂ ਇਤਿਹਾਸਕ ਤਥਾਂ ਲਈ ਸੋਚਣ ਤੇ ਮਜਬੂਰ ਕਰ ਦੇਂਦਾ ਹੈ......

ਤੁਸੀਂ ਕੀਹ ਜਾਣਦੇ ਹੋ, ਕੀ ਕੀ ਹੋਇਆ, ਕਿਸ ਤਰ੍ਹਾਂ ਹੋਇਆ ?
ਕਿਰਤ ਕਰਦੇ ਕਰਾਉਂਦੇ ਹੱਥ, ਕਿਉਂ ਤਲਵਾਰ ਤੱਕ ਪਹੁੰਚੇ ?

— ਤੇ ਮੇਰੇ ਵਲੋਂ ਤਾਂ ਇਹ ਹੀ ਹੂਕ ਹੈ ਕਿ

ਰੱਖੋ ਸਭ ਅਮਾਨਤਾਂ ਕੌਮ ਦੀਆਂ, ਕਾਹਨੂੰ ਬੰਦਿਓ ਮਾਰਦੇ ਹੋ ਬੰਦਿਆਂ ਨੂੰ।
ਅਤੇ ਪੱਤੇ ਰੁੱਖ ਦੇ ਹੋ, ਆਪੋ ਵਿਚ ਖਹਿ ਖਹਿ, ਝੱੜਦੇ ਜਾਓ ਨਾ, ਇਹ ਵਿਰਲਾ ਰੁੱਖ ਰਹਿੰਦਾ ਏ ।
ਵਿਰਲਾ ਹੋਣ ਦੇ ਨਾਲ, ਵਿਰਲੀ ਛਾਂ ਰਹਿੰਦੀ, ਪਿੰਡੇ ਤਾਈਂ ਫਿਰ ਸੇਕ ਦਾ ਦੁੱਖ ਰਹਿੰਦਾ ਏ ।

ਤਾਜ਼ਾ ਇਤਿਹਾਸ ਦੇ ਲਿਖਾਰੀਆਂ ਨੂੰ ਇਹਨਾਂ ਪੰਨਿਆਂ 'ਚੋਂ ਬਹੁਤ ਕੁਝ ਮਿਲੇਗਾ । ਜਿਸ ਨਾਲ ਅਗਲੇ ਇਤਿਹਾਸ ਘਾੜਿਆਂ ਨੂੰ ਚੰਗੇ ਉਸਾਰੂ ਸੇਧ ਦੇ ਸਕਣਗੇ ।

—ਭਗਵੰਤ ਸਿੰਘ 'ਅਜ਼ਾਦ'

ਹੁਣ ਇਕ ਹੋਰ ਚਿੱਠੀ ਪੜ੍ਹੋ

(ਮੈਂ 1991 ਈ: ਦੇ ਸ਼ੁਰੂ ਵਿਚ ਡਾ. ਹਰਦੇਵ ਸਿੰਘ ਵਿਰਕ ਬਾਰੇ ਚੰਗੀਆਂ ਗੱਲਾਂ ਅਖਬਾਰ ਵਿਚ ਪੜ੍ਹੀਆਂ ਫਖਰ ਨਾਲ ਸਿਰ ਉਚਾ ਹੋਇਆ ਉਹਨਾਂ ਨੂੰ ਚਿੱਠੀ ਲਿਖੀ ਕਿ ਆਪਣਾ ਜੀਵਨ ਬਿਓਰਾ ਭੇਜੋ ਇਤਿਹਾਸ ਵਿਚ ਦੇਈਏ ਕਿ ਵਿਰਕਾਂ ਵਿਚ ਅਜਿਹੇ ਹੀਰੇ ਵੀ ਹਨ। ਉਹਨਾਂ ਵਲੋਂ ਜਵਾਬ ਵਿਚ ਮੈਨੂੰ ਚਿੱਠੀ ਆਈ, ਉਸ ਦਾ ਹਵਾਲਾ ਥੱਲੇ ਦੇ ਰਿਹਾ ਹਾਂ। ਮੈਂ ਤਾਂ ਇਤਿਹਾਸ ਛੱਪਣ ਬਾਰੇ ਅਖਬਾਰਾਂ ਵਿਚ ਛਪਵਾਉਂਦਾ ਰਿਹਾ ਖਬਰ ਦੇ ਤੌਰ ਤੇ ਕਿ ਵਿਦਵਾਨਾਂ ਨੂੰ ਪਤਾ ਲੱਗ ਜਾਏ ।)

ਵਲੋਂ,

ਡਾ. ਹ.ਸ. ਵਿਰਕ,
ਪਰੋਫੈਸਰ ਅਤੇ ਮੁਖੀ, ਫਿਜ਼ਿਕਸ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
6-1-1991

ਪਿਆਰੇ ਗੁਲਾਮ ਜੀਓ,

(ਮੈਂ ਚਿੱਠੀ ਲਿਖੀ ਸੀ ਆਪਣਾ ਨਾ ਭਗਵੰਤ ਸਿੰਘ 'ਆਜ਼ਾਦ' ਕਰ ਕੇ ਤੇ ਉਹ ਲਿਖਦਾ ਹੈ, ਗੁਲਾਮ ਜੀਓ, ਚਲੋ ਏਦਾਂ ਹੀ ਸਹੀ)


ਤੁਹਾਡੀ ਚਿੱਠੀ ਮਿਲੀ ।

ਜੇਕਰ 'ਵਿਰਕ ਅਤੇ ਹੋਰ' ਕੁਝ ਛਪਿਆ ਹੈ ਤਾਂ ਭੇਜ ਦੇਣਾ । ਕਦੇ-ਕਦੇ ਅਖਬਾਰਾਂ ਵਿਚ ਛੱਪਦਾ ਏ, ਪਰ ਮੈਨੂੰ ਇਸ ਵੱਲ ਕੋਈ ਰੁਚੀ ਨਹੀਂ । ਆਪਣੇ ਮੂੰਹ ਮੀਆਂ ਮਿੱਠੂ ਬਣਨ ਵਾਲੀ ਗੱਲ ਹੈ। ਕਦੇ ਪਟਿਆਲੇ ਆਏ ਤਾਂ ਜ਼ਰੂਰ ਦਰਸ਼ਨ ਕਰਾਂਗੇ। (7-1-94) ਤੱਕ ਤਾਂ ਹੋਏ ਨਹੀਂ। ਨਾ ਹੀ ਆਪਣੇ ਬਾਰੇ ਕੁਝ ਚਾਰ ਲਾਈਨਾਂ ਲਿਖ ਕੇ ਭੇਜੀਆਂ ਹਨ, ਜੋ ਮੈਂ ਮੰਗਵਾਈਆਂ ਸਨ, ਇਤਿਹਾਸ ਵਿਚ ਦੇਣ ਲਈ)। ਇਸ ਤਰ੍ਹਾਂ ਇਤਿਹਾਸ ਦਾ ਕੰਮ ਕਰਨ ਵਾਲੇ ਦਾ ਉਤਸ਼ਾਹ ਸਗੋਂ ਘੱਟਦਾ ਹੈ। ਇਸ ਤੋਂ ਪਹਿਲਾਂ ਦਿੱਤੀਆਂ ਚਿੱਠੀਆਂ ਬਨਾਉਣ ਤੇ ਛਪਵਾਉਣ ਵਿਚ ਹੌਂਸਲਾ ਵਧਾਉਣ ਵਾਲੀਆਂ ਹੈ ਪਰ ਇਹ ਚਿੱਠੀ ਘਟਾਉਣ ਵਾਲੀ । ਏਦਾਂ ਨਹੀਂ ਚਾਹੀਦਾ ।)

ਥੱਲੇ ਆਪਣੀ ਚਿੱਠੀ ਦੇ ਵਿਰਕ ਸਾਹਿਬ ਲਿਖਦੇ ਹਨ। ਮੇਰੇ ਬਾਰੇ ਜਾਣਕਾਰੀ ਪੁਸਤਕ ਵਿਚ ਦਰਜ ਹੈ, 'ਮੇਰਾ ਵਿਗਿਆਨਕ ਸਫ਼ਰ' ਪੁਸਤਕ ਦੇ ਅਖੀਰ ਵਿਚ ਹੈ। ਪੜ੍ਹ ਲੈਣਾ ਜੀ ! ਕਿਤਾਬ ਬੁੱਕ ਪੋਸਟ ਰਾਹੀਂ ਭੇਜ ਰਿਹਾ ਹਾਂ (ਜੋ ਨਾ ਅੱਜ ਤੱਕ ਆਈ ਤੇ ਨਾ ਆਉਣੀ ਏ, ਤੇ ਨਾਲੇ ਸੋਚੀਏ ਜਿਹੜੀ ਕਿਤਾਬ ਆਪ ਹੀ ਲਿਖ ਕੇ ਉਸ ਵਿਚ ਆਪਣਾ ਹਾਲ ਆਪ ਹੀ ਛਾਪਿਆ ਹੈ, ਉਹ ਮੀਆਂ ਮਿੱਠੂ ਬਣਣ ਵਾਲੀ ਗੱਲ ਨਹੀਂ ਤੇ 'ਵਿਰਕ ਇਤਿਹਾਸ ਜੇ ਆਪ ਛਪਵ ਈਏ ਤਾਂ ਮੀਆਂ ਮਿਠੂ ਬਣਨ ਵਾਲੀ ਗੱਲ ਹੈ ? ਖੌਰੇ ਅਜਿਹੀ ਪਿਛਾਂਹ ਖਿਚੂ ਸੋਚ ਕਰ ਕੇ ਹੀ ਹੁਣ ਤੱਕ ਆਪਣੇ ਵਿਚੋਂ ਕਿਸੇ ਨੇ ਇਸ ਨੂੰ ਛਪਵਾਉਣ ਲਈ ਉਦਮ ਨਹੀਂ ਕੀਤਾ ਤੇ ਦੂਜਿਆਂ ਲਿਖਾਰੀਆਂ ਤੇ ਨਿਰਭਰ ਰਹੇ ਹਾਂ ਤੇ ਹੁਣ ਚੀਕਦੇ ਹਾਂ ਕਿ ਸਾਂਦਲਬਾਰ ਤੇ ਵਿਰਕਾਂ ਨਾਲ ਬੇਇਨਸਾਫੀਆਂ ਹੋਈਆਂ ਹਨ । ਆਓ ਭਰਾਵੋ ਅਸੀਂ ਉਸਾਰੂ ਸੋਚ ਬਣਾਈਏ, ਢਾਹੂ ਨਹੀਂ')।

— ਭਗਵੰਤ ਸਿੰਘ 'ਆਜ਼ਾਦ'

ਬੁਡੇ ਖੇੜੇ ਵਾਲੇ (ਦਲਾਨ ਪੁਰ) ਪਤੀ-ਜੈਦ-ਕੀ




1. ਰਜਿੰਦਰ ਸਿੰਘ ਵਿਰਕ ਜੋ ਅੱਜ ਕਲ੍ਹ ਸੈਂਟਰਲ-ਰਿਜਰਵ ਪੁਲਸ ਵਿਚ ਐਸ. ਪੀ. ਰੈਂਕ ਤੇ ਲਗਾ ਹੋਇਆ ਹੈ ਬੜਾ ਹੋਣਹਾਰ ਤੇ ਅੱਛੇ ਦਿਮਾਗ ਵਾਲਾ ਹੈ।

ਧਨ ਰਾਜ –ਮਾਲੋ ਦਾ ਪੁਤਰ ਸੀ– ਮਾਲੋ ਨਵਾਬ ਕਪੂਰ ਸਿੰਘ ਦਾ ਵਡਾ ਵਡੇਰਾ ਸੀ। ਮਾਲੋ ਦੀ ਟੇਬੀ ਤੋਂ ਉਠ ਕੇ ਕੁਰਲਕੇ ਮਨਾਰੇ ਤੇ ਰਹੇ ਸਨ। ਟਪਿਆਲਾ—ਦੁਸੁ ਮਹਮਦ ਦਾ— ਇਥੋਂ ਬੜੀ ਵਡੀ ਡਿਕ-ਨਦੀ ਲਗਦੀ ਸੀ।

ਠਠਾ ਬਹਾਦਰ ਸ਼ਾਹਾਂ ਵਾਲੇ

ਇਹਨਾਂ ਦਾ ਵਡਾ ਲਖੂ ਹੋਇਆ ਸੀ ਫੇਰ ਮੁਸਲਮਾਨਾਂ ਨੇ ਖੋਹ ਕੇ ਠਠਾ ਬਹਾਦਰ ਸ਼ਾਹਾ ਨਾਮ ਰਖਿਆ ਸੀ।



— ਤੇ ਮੇਰੀਆਂ ਲਾਈਨਾਂ :

ਬਿਨਾ ਬਰੇਕ ਬਣਾਈ ਗਏ ਨਿੱਕੀਆਂ ਨਿੱਕੀਆਂ ਜਥੇਬੰਦੀਆਂ, ਪੰਥ ਜਥੇਬੰਦ ਰਹਿਣ ਨਾ ਦਿਤਾ ਹੈਂਕੜੀਏ ਜਥੇਦਾਰਾਂ ਨੇ।
ਕੁਝ ਸਿੱਖਾਂ ਜਾਂ ਦੂਜੇ ਬੂਹੀਂ ਨਿੱਕੀਆਂ ਵੱਡੀਆਂ ਪੱਦਵੀਆਂ ਦੇ ਲਈ ਕੌਮ ਕਾਜ ਨੂੰ ਢਾਹਾਂ ਲਾਈਆਂ, ਹਾਏ, ਕੁਰਸੀ ਬਰਦਾਰਾਂ ਨੇ।

— ਹਰਦੀਪ ਸੋਖੀ ਵੀ ਸਾਨੂੰ ਇਹਨਾਂ ਇਤਿਹਾਸਕ ਤਥਾਂ ਲਈ ਸੋਚਣ ਤੇ ਮਜਬੂਰ ਕਰ ਦੇਂਦਾ ਹੈ.....

ਤੁਸੀਂ ਕੀਹ ਜਾਣਦੇ ਹੋ, ਕੀ ਕੀ ਹੋਇਆ, ਕਿਸ ਤਰ੍ਹਾਂ ਹੋਇਆ ?
ਕਿਰਤ ਕਰਦੇ ਕਰਾਉਂਦੇ ਹੱਥ, ਕਿਉਂ ਤਲਵਾਰ ਤੱਕ ਪਹੁੰਚੇ ?

— ਤੇ ਮੇਰੇ ਵਲੋਂ ਤਾਂ ਇਹ ਹੀ ਹੂਕ ਹੈ ਕਿ

ਰੱਖੋ ਸਭ ਅਮਾਨਤਾਂ ਕੌਮ ਦੀਆਂ, ਕਾਹਨੂੰ ਬੰਦਿਓ ਮਾਰਦੇ ਹੋ ਬੰਦਿਆਂ ਨੂੰ।
ਅਤੇ ਪੱਤੇ ਰੁੱਖ ਦੇ ਹੋ, ਆਪੋ ਵਿਚ ਖਹਿ ਖਹਿ, ਝੜਦੇ ਜਾਓ ਨਾ, ਇਹ ਵਿਰਲਾ ਰੁੱਖ ਰਹਿੰਦਾ ਏ ।
ਵਿਰਲਾ ਹੋਣ ਦੇ ਨਾਲ, ਵਿਰਲੀ ਛਾਂ ਰਹਿੰਦੀ, ਪਿੰਡੇ ਤਾਈਂ ਫਿਰ ਸੇਕ ਦਾ ਦੁੱਖ ਰਹਿੰਦਾ ਏ ।

ਤਾਜਾ ਇਤਿਹਾਸ ਦੇ ਲਿਖਾਰੀਆਂ ਨੂੰ ਇਹਨਾਂ ਪੰਨਿਆਂ 'ਚੋਂ ਬਹੁਤ ਕੁਝ ਮਿਲੇਗਾ । ਜਿਸ ਨਾਲ ਅਗਲੇ ਇਤਿਹਾਸ ਘਾੜਿਆਂ ਨੂੰ ਚੰਗੀ ਉਸਾਰੂ ਸੇਧ ਦੇ ਸਕਣਗੇ । —ਭਗਵੰਤ ਸਿੰਘ 'ਅਜ਼ਾਦ'

ਹੁਣ ਇਕ ਹੋਰ ਚਿੱਠੀ ਪੜ੍ਹੋ

(ਮੈਂ 1991 ਈ: ਦੇ ਸ਼ੁਰੂ ਵਿਚ ਡਾ. ਹਰਦੇਵ ਸਿੰਘ ਵਿਰਕ ਬਾਰੇ ਚੰਗੀਆਂ ਗੱਲਾਂ ਅਖਬਾਰ ਵਿਚ ਪੜ੍ਹੀਆਂ ਫਖਰ ਨਾਲ ਸਿਰ ਉਚਾ ਹੋਇਆ ਉਹਨਾਂ ਨੂੰ ਚਿੱਠੀ ਲਿਖੀ ਕਿ ਆਪਣਾ ਜੀਵਨ ਬਿਓਰਾ ਭੇਜੋ ਇਤਿਹਾਸ ਵਿਚ ਦੇਈਏ ਕਿ ਵਿਰਕਾਂ ਵਿਚ ਅਜਿਹੇ ਹੀਰੇ ਵੀ ਹਨ । ਉਹਨਾਂ ਵਲੋਂ ਜਵਾਬ ਵਿਚ ਮੈਨੂੰ ਚਿੱਠੀ ਆਈ, ਉਸ ਦਾ ਹਵਾਲਾ ਥੱਲੇ ਦੇ ਰਿਹਾ ਹਾਂ । ਮੈਂ ਤਾਂ ਇਤਿਹਾਸ ਛੱਪਣ ਬਾਰੇ ਅਖਬਾਰਾਂ ਵਿਚ ਛਪਵਾਉਂਦਾ ਰਿਹਾ ਖਬਰ ਦੇ ਤੌਰ ਤੇ ਕਿ ਵਿਦਵਾਨਾਂ ਨੂੰ ਪਤਾ ਲੱਗ ਜਾਏ ।)

ਵਲੋਂ,

ਡਾ. ਹ.ਸ. ਵਿਰਕ,
ਪਰੋਫੈਸਰ ਅਤੇ ਮੁਖੀ, ਫਿਜ਼ਿਕਸ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
6-1-1991

ਪਿਆਰੇ ਗੁਲਾਮ ਜੀਓ,

(ਮੈਂ ਚਿੱਠੀ ਲਿਖੀ ਸੀ ਆਪਣਾ ਨਾਂ ਭਗਵੰਤ ਸਿੰਘ 'ਆਜ਼ਾਦ' ਕਰ ਕੇ ਤੇ ਉਹ ਲਿਖਦਾ ਹੈ, ਗੁਲਾਮ ਜੀਓ, ਚਲੋ ਏਦਾਂ ਹੀ ਸਹੀ)

ਤੁਹਾਡੀ ਚਿੱਠੀ ਮਿਲੀ ।


ਜੇਕਰ 'ਵਿਰਕ ਅਤੇ ਹੋਰ' ਕੁਝ ਛਪਿਆ ਹੈ ਤਾਂ ਭੇਜ ਦੇਣਾ । ਕਦੇ-ਕਦੇ ਅਖਬਾਰਾਂ ਵਿਚ ਛੱਪਦਾ ਏ, ਪਰ ਮੈਨੂੰ ਇਸ ਵੱਲ ਕੋਈ ਰੁਚੀ ਨਹੀਂ । ਆਪਣੇ ਮੂੰਹ ਮੀਆਂ ਮਿੱਠੂ ਬਣਨ ਵਾਲੀ ਗੱਲ ਹੈ । ਕਦੇ ਪਟਿਆਲੇ ਆਏ ਤਾਂ ਜ਼ਰੂਰ ਦਰਸ਼ਨ ਕਰਾਂਗੇ । (7-1-94) ਤੱਕ ਤਾਂ ਹੋਏ ਨਹੀਂ। ਨਾ ਹੀ ਆਪਣੇ ਬਾਰੇ ਕੁਝ ਚਾਰ ਲਾਈਨਾਂ ਲਿਖ ਕੇ ਭੇਜੀਆਂ ਹਨ, ਜੋ ਮੈਂ ਮੰਗਵਾਈਆਂ ਸਨ, ਇਤਿਹਾਸ ਵਿਚ ਦੇਣ ਲਈ) । ਇਸ ਤਰ੍ਹਾਂ ਇਤਿਹਾਸ ਦਾ ਕੰਮ ਕਰਨ ਵਾਲੇ ਦਾ ਉਤਸ਼ਾਹ ਸਗੋਂ ਘੱਟਦਾ ਹੈ । ਇਸ ਤੋਂ ਪਹਿਲਾਂ ਦਿੱਤੀਆਂ ਚਿੱਠੀਆਂ ਬਨਾਉਣ ਤੇ ਛਪਵਾਉਣ ਵਿਚ ਹੌਂਸਲਾ ਵਧਾਉਣ ਵਾਲੀਆਂ ਹੈ ਪਰ ਇਹ ਚਿੱਠੀ ਘਟਾਉਣ ਵਾਲੀ । ਏਦਾਂ ਨਹੀਂ ਚਾਹੀਦਾ ।)

ਥੱਲੇ ਆਪਣੀ ਚਿੱਠੀ ਦੇ ਵਿਰਕ ਸਾਹਿਬ ਲਿਖਦੇ ਹਨ । ਮੇਰੇ ਬਾਰੇ ਜਾਣਕਾਰੀ ਪੁਸਤਕ ਵਿਚ ਦਰਜ ਹੈ, 'ਮੇਰਾ ਵਿਗਿਆਨਕ ਸਫਰ' ਪੁਸਤਕ ਦੇ ਅਖੀਰ ਵਿਚ ਹੈ । ਪੜ੍ਹ ਲੈਣਾ ਜੀ ! ਕਿਤਾਬ ਬੁੱਕ ਪੋਸਟ ਰਾਹੀਂ ਭੇਜ ਰਿਹਾ ਹਾਂ (ਜੋ ਨਾ ਅੱਜ ਤੱਕ ਆਈ ਤੇ ਨਾ ਆਉਣੀ ਏ, ਤੇ ਨਾਲੇ ਸੋਚੀਏ ਜਿਹੜੀ ਕਿਤਾਬ ਆਪ ਹੀ ਲਿਖ ਕੇ ਉਸ ਵਿਚ ਆਪਣਾ ਹਾਲ ਆਪ ਹੀ ਛਾਪਿਆ ਹੈ, ਉਹ ਮੀਆਂ ਮਿੱਠੂ ਬਨਣ ਵਾਲੀ ਗੱਲ ਨਹੀਂ' ਤੇ 'ਵਿਰਕ ਇਤਿਹਾਸ ਜੇ ਆਪ ਛਪਵਾਈਏ ਤਾਂ ਮੀਆਂ ਮਿਠੂ ਬਣਨ ਵਾਲੀ ਗੱਲ ਹੈ ? ਖੌਰੇ ਅਜਿਹੀ ਪਿਛਾਂਹ ਖਿਚੂ ਸੋਚ ਕਰ ਕੇ ਹੀ ਹੁਣ ਤੱਕ ਆਪਣੇ ਵਿਚੋਂ ਕਿਸੇ ਨੇ ਇਸ ਨੂੰ ਛਪਵਾਉਣ ਲਈ ਉਦਮ ਨਹੀਂ ਕੀਤਾ ਤੇ ਦੂਜਿਆਂ ਲਿਖਾਰੀਆਂ ਤੇ ਨਿਰਭਰ ਰਹੇ ਹਾਂ ਤੇ ਹੁਣ ਚੀਕਦੇ ਹਾਂ ਕਿ ਸਾਂਦਲਬਾਰ ਤੇ ਵਿਰਕਾਂ ਨਾਲ ਬੇਇਨਸਾਫੀਆਂ ਹੋਈਆਂ ਹਨ । ਆਓ ਭਰਾਵੋ ਅਸੀਂ ਉਸਾਰੂ ਸੋਚ ਬਣਾਈਏ, ਢਾਹੂ ਨਹੀਂ') । — ਭਗਵੰਤ ਸਿੰਘ 'ਆਜ਼ਾਦ'

ਬੁਡੇ ਖੇੜੇ ਵਾਲੇ (ਦਲਾਨ ਪੁਰ) ਪਤੀ-ਜੈਦ-ਕੀ

ਸਰਦਾਰ ਸਿੰਘ

ਖੁਸ਼ਹਾਲ ਸਿੰਘ



1. ਰਾਜਿੰਦਰ ਸਿੰਘ ਵਿਰਕ— ਜੋ ਅੱਜ ਕਲ੍ਹ ਸੈਂਟਰਲ-ਰਿਜਰਵ ਪੁਲਸ ਵਿਚ ਐਸ. ਪੀ. ਰੈਂਕ ਤੇ ਲਗਾ ਹੋਇਆ ਹੈ ਬੜਾ ਹੋਣਹਾਰ ਤੇ ਅੱਛੇ ਦਿਮਾਗ ਵਾਲਾ ਹੈ।


ਧਨ ਰਾਜ – ਮਾਲੋ ਦਾ ਪੁਤਰ ਸੀ– ਮਾਲੋ ਨਵਾਬ ਕਪੂਰ ਸਿੰਘ ਦਾ ਵਡਾ ਵਡੇਰਾ ਸੀ। ਮਾਲੋ ਦੀ ਟੇਬੀ ਤੋਂ ਉਠ ਕੇ ਕੁਰਲਕੇ ਮਨਾਰੇ ਤੇ ਜਾ ਵਸੇ ਸਨ। ਟਪਿਆਲਾ—ਦੁਸੂ ਮਹਮਦ ਦਾ— ਇਥੋ ਬੜੀ ਵਡੀ ਡਿਕ-ਨਦੀ ਲਗਦੀ ਸੀ।

ਠਠਾ ਬਹਾਦਰ ਸ਼ਾਹਾਂ ਵਾਲੇ

ਇਹਨਾਂ ਦਾ ਵਡਾ ਲਖੂ ਹੋਇਆ ਸੀ ਫੇਰ ਮੁਸਲਮਾਨਾਂ ਨੇ ਖੋਹ ਕੇ ਠਠਾ ਬਹਾਦਰ ਸ਼ਾਹਾ ਨਾਮ ਰਖਿਆ ਸੀ।

ਸਲੈਂਤਾ ਸਿੰਘ

ਲੈਹਨਾ ਸਿੰਘ



(4 ਜੁਲਾਈ 1993 ਦੀ ਪੰਜਾਬੀ ਟ੍ਰਿਬਿਊਨ ਵਿਚ ਗੁਰਤੇਜ ਸਿੰਘ ਵਲੋਂ ਕਰਤਾਰ ਸਿੰਘ ਝੱਬਰ ਬਾਰੇ ਟਿੱਪਣੀ)

ਸ਼੍ਰੋਮਣੀ ਅਕਾਲੀ ਦਲ ਦਾ ਜਨਮਦਾਤਾ ਗੁਰੂ ਕਾ ਸਨਮੁਖ ਸਿੰਘ, ਗੁਰਦੁਆਰਾ ਸੁਧਾਰ ਲਹਿਰ ਦਾ ਨਿਧੜਕ ਮੋਢੀ, ਕਹਿਣੀ ਕਰਨੀ ਦਾ ਸੂਰਾ, ਕਰਤਾਰ ਸਿੰਘ ਝੱਬਰ ਸੀ। ਪੰਜਾ ਸਾਹਿਬ ਉਤੇ ਕਬਜ਼ਾ ਕਰਨ ਬਾਅਦ ਉਸ ਨੂੰ ਪਤਾ ਲਗਿਆ ਕਿ ਸਥਾਨਕ ਹਿੰਦੂ ਕਾਬਜ਼ ਸਿੰਘਾਂ ਨੂੰ ਕੱਢ ਕੇ ਗੁਰਦੁਆਰਾ ਮਹੰਤ ਮਿੱਠਾ ਸਿੰਘ ਦੇ ਭਰਾ ਸੰਤ ਸਿੰਘ ਨੂੰ ਦੇਣਾ ਚਾਹੁੰਦੇ ਹਨ। ਇਸ ਮਕਸਦ ਲਈ ਦੋ ਹਜ਼ਾਰ ਫੌਜ ਭਰਤੀ ਕਰ ਰਹੇ ਹਨ। ਇਨ੍ਹਾਂ ਅੰਮ੍ਰਿਤਸਰ ਤਜਵੀਜ਼ ਭੇਜੀ ਕਿ ਦੋ ਸੋ ਖਾੜਕੂ ਸਿੱਖਾਂ ਦਾ ਜਥਾ ਮੁਕਾਬਲਾ ਕਰਨ ਲਈ ਬਣਾਇਆ ਜਾਵੇ। ਇਸ ਦਾ ਨਾਂ ਅਕਾਲੀ ਦਲ ਹੋਵੇ। ਜਨਵਰੀ 24, 1921 ਨੂੰ ਨਵੀਂ ਬਣੀ ਕੇਂਦਰੀ ਕਮੇਟੀ ਦੀ ਮੀਟਿੰਗ ਸੀ। ਝੱਬਰ ਨੇ ਤਜਵੀਜ਼ ਦੀ ਤਸ਼ਰੀਹ ਕਰਦਿਆਂ ਕਿਹਾ, 'ਅਕਾਲੀ ਦੇ ਅਰਥ ਹਨ, ਅਕਾਲ ਦਾ ਬੰਦਾ, ਇਸ ਲਈ ਜੁਝਾਰੂ ਜਥੇ ਦਾ ਨਾਂ ਅਕਾਲੀ ਦਲ ਵਾਜਬ ਹੈ।

ਝੱਬਰ ਬਚਨ ਦਾ ਪੱਕਾ

ਪੁਰਾਣੀ ਲੀਹ ਉੱਤੇ ਝੱਬਰ ਮੀਲ ਪੱਥਰ ਵਾਂਗ ਗੱਡਿਆ ਖੜ੍ਹਾ ਹੈ। ਝੱਬਰ ਨਿਰਾ ਸਾਧ ਸੀ, ਨਿਰਛਲ ਸੀ, ਦੇਵਤਿਆਂ ਵਾਂਗ ਸਾਫਦਿਲ ਸੀ। ਉਸ ਦਾ ਆਦਰਸ਼ ਸੀ, "ਵਿਚ ਦੁਨੀਆਂ ਸੇਵ ਕਮਾਈਐ ਤਾਂ ਦਰਗਾਹ ਬੈਸਣੁ ਪਾਈਐ।" ਉਹ ਜਾਣਦਾ ਸੀ ਕਿ "ਦਰਗਾਹ ਵਿਚ ਸੁਹਾਗਣ ਸੱਈ ਜੋ ਖੁਲ੍ਹ ਖੁਲ੍ਹ ਨੱਚ ਖਲੋਈ।" ਉਸ ਦੀ ਸਿਧਾਂਤਕ ਸੂਝ ਬੂਝ ਵੀ ਉਸ ਦੇ ਕੱਦ ਬੁਤ ਅਨੁਸਾਰ ਸੀ। ਪੰਜਾ ਸਾਹਿਬ ਨੂੰ ਆਜ਼ਾਦ ਕਰਵਾਉਣ ਜਾਂਦਿਆਂ ਉਸ ਨੂੰ ਭਾਈ ਤਾਰੂ ਸਿੰਘ ਦੇ ਸ਼ਹੀਦ ਗੰਜ ਕਾਂਗਰਸੀਆਂ ਦਾ ਭੇਜਿਆ ਅਮਰ ਸਿੰਘ ਝਬਾਲ ਮਿਲਿਆ। ਉਸ ਸੁਨੇਹਾ ਦਿੱਤਾ, "ਤੁਸੀਂ ਪੰਜਾ ਸਾਹਿਬ ਨਾ ਜਾਉ। ਮਹਾਤਮਾ ਗਾਂਧੀ ਜੀ ਆਖਦੇ ਹਨ 31 ਦਸੰਬਰ ਤਕ ਸਵਰਾਜ ਹੋ ਜਾਣਾ ਹੈ, ਗੁਰਦੁਰਿਆਂ ਦੇ ਕਬਜ਼ੇ ਕਰਨੇ ਕੋਈ ਕੰਮ ਨਹੀਂ।" ਅੱਜ ਦੇ ਆਗੂ ਉਥੇ ਹੀ ਆਪਣੇ ਧੜੇ ਦੀ ਫਤਹਿ ਦਾ ਡੰਕਾ ਵਜਾ ਦਿੰਦੇ। ਝੱਬਰ ਦਾ ਜੁਆਬ ਸੀ, "...ਮੈਨੂੰ ਗਾਂਧੀ...ਦੇ ਪ੍ਰੋਗਰਾਮ ਉਤੇ ਕੋਈ ਯਕੀਨ ਨਹੀਂ...ਜੇ ਸਵਰਾਜ ਹੋ ਵੀ ਜਾਵੇ ਤਾਂ ਸਾਡੇ ਗੁਰਦੁਆਰੇ ਹੋਰ ਵੀ ਖਤਰੇ ਵਿਚ ਪੈ ਜਾਣਗੇ। ਆਜ਼ਾਦ ਹਿੰਦੁਸਤਾਨ ਵਿਚ ਹਿੰਦੂ ਰਾਜ ਹੋਏਗਾ।... ਅੰਗਰੇਜ਼ਾਂ ਨਾਲ ਸਾਡਾ ਕੋਈ ਮਜ਼ਬੀ ਵਿਰੋਧ ਨਹੀਂ। ਜੇ ਗਾਂਧੀ...ਦੇ ਕਹੇ ਮੁਤਾਬਕ ਸੱਚਮੁਚ ਹਿੰਦੂ ਰਾਜ ਹੋ ਜਾਵੇ ਤਾਂ ਫਿਰ ਸਾਨੂੰ ਗੁਰਦੁਆਰਿਆਂ ਦੇ ਨੇੜੇ ਕਿਸੇ ਨਹੀਂ ਆਉਣ ਦੇਣਾ। ...ਇਸ ਲਈ ਅਸੀਂ ਪੰਜਾ ਸਾਹਿਬ ਜ਼ਰੂਰ ਜਾਵਾਂਗੇ।"

ਅੱਜ ਦੀਵਾ ਲੈ ਕੇ ਭਾਲਿਆਂ ਵੀ ਝੱਬਰ ਦੇ ਹਾਣ ਦਾ ਅਕਾਲੀ ਆਗੂ ਸਾਨੂੰ ਨਹੀਂ ਲੱਭਦਾ। ਸਭ ਨੂੰ ਧੜਿਆਂ ਦੀਆਂ ਲੋੜਾਂ ਨੇ ਬੌਣਾ ਕਰ ਛੱਡਿਆ ਹੈ। ਚਾਹੀਦਾ ਤਾਂ ਸੀ, "ਉਚਾ ਉਠ ਜ਼ਮੀਂ ਤੋਂ ਪਿਆਰੇ, ਤੈਨੂੰ ਖੰਭ ਰੱਬ ਨੇ ਲਾਏ। ਉਹ ਕਿਉਂ ਰਿੜ੍ਹੇ ਗੋਡਿਆਂ ਪਰਨੇ ਜੋ ਉਡ ਅਸਮਾਨੀ ਜਾਏ।" ਪਰ ਧੜੇਬੰਦੀ ਦੀ ਗਰਕੀ ਕਿਸੇ ਨੂੰ ਉਭਰਨ ਨਹੀਂ ਦੇ ਰਹੀ।

—0—

ਵਾਰਸ ਸ਼ਾਹ ਨੇ ਪੁਸਤਕ 'ਹੀਰ' ਦੇ ਪੰਨਾ 75 ਤੇ ਗੋਤਾਂ ਗਿਣੀਆਂ ਹਨ ਜਿਨ੍ਹਾਂ ਦੇ ਗੋਤਾਂ ਦੇ ਚਲਣੇ ਸਿਰ ਬੰਦੇ ਸੱਦ ਕੇ ਹੀਰ ਦਾ ਖੇੜਿਆਂ ਨਾਲ ਮੰਗੇਵਾ ਕਰਨ ਦੀ ਰਸਮ ਕੀਤੀ। ਇਹ ਗੋਤਾਂ ਸਾਰੀਆਂ ਹੀ ਸਾਡੀਆਂ ਸਿਖਾਂ ਵਾਲੀਆਂ ਹਨ। ਇਸ ਦਾ ਮਤਲਬ ਹੈ ਸਿਖਾਂ ਤੇ ਮੁਸਲਮਾਨਾਂ ਦੀਆਂ ਅਨੇਕਾਂ ਗੋਤਾਂ ਇਕੱਠੀਆਂ ਹੀ ਹਨ। ਇਸ ਤਰ੍ਹਾਂ ਮੁਸਲਮਾਨਾਂ ਤੇ ਸਿਖਾਂ ਦੀ ਆਪਸ ਵਿਚ ਕੌਮੀ ਤੌਰ ਤੇ ਬਹੁਤ ਹੀ ਨੇੜੇ ਦੀ ਸਾਂਝ ਹੈ। ਉਹਨਾਂ 'ਚੋਂ ਕੁਝ ਗੋਤਾਂ ਹੇਠ ਲਿਖ ਰਹੇ ਹਾਂ :

ਬਾਜਵੇ, ਚੀਮੇ, ਚੱਠੇ, ਬਾਵਰੇ (ਬੋਰੇ), ਸਿੱਧੂ, ਵੈਂਸ (ਬੈਂਸ), ਹੰਜਰਾ, ਵੜੈਚ, ਚੰਧੜ, ਮਾਨ, ਬਾਗੜੀ, ਗਿੱਲ, ਵਿਰਕ, ਸਾਹੀਆ, ਗੋਂਦਲ, ਡੋਗਰ, ਐਲਖ, ਘੁੰਮਣ।

—0—

ਵਿਨ ਗਰਮੂਲਾ ਪਿੰਡ

ਗਗੰ (ਪਿੰਡ ਗਰਮੂਲਾ) (ਗੁਜਰ ਕੀ ਪੱਤੀ) ਸਾਹੰ ਜੇਤਾ* ਮੁਦਾਰ*

ਬਾਹੜੀਆਂ ਵਾਲਾ ਜੈਤਾ

0

0

0

ਗੁਜਰ ਦਾ, ਦੇਸਾ ਸਿੰਘ ਦਾ ਰਣ ਸਿੰਘ ਫਿਲਾ ਜੈ ਸਿੰਘ

ਬੁਧ ਸਿੰਘ[1] (ਸਰਕਾਰੀਏ)

ਸੁੰਦਰ ਸਿੰਘ ਸੇਵਾ ਸਿੰਘ ਬਿਹਾਰਾ ਸਿੰਘ

ਕੇਹਰ ਸਿੰਘ ਫੋਜਾ ਸਿੰਘ

ਵਰਯਾਮ ਸਿੰਘ[3] ਗਿਆਨ ਸਿੰਘ ਮੂਲਾ ਸਿੰਘ ਗੁਲਾਬ ਸਿੰਘ

ਚੜਤ ਸਿੰਘ

ਚਤਰ ਸਿੰਘ ਗੁਰਬਚਨ ਸਿੰਘ

ਕੇਸਰ ਸਿੰਘ (ਰੁਖਸਾਨਾ) ਜੇਮਲ ਸਿੰਘ[2] ਬਹਾਦਰ ਸਿੰਘ ਵੀਰ ਸਿੰਘ

ਜਗਤ ਸਿੰਘ ਭਗਤ ਸਿੰਘ ਹੁਕਮ ਸਿੰਘ

ਅੰਗਰੇਜ਼ ਸਿੰਘ ਹਜਾਰਾ ਸਿੰਘ - ਮਲੂਕ ਸਿੰਘ

ਗੁਰਬਚਨ ਸਿੰਘ ਜਗੀਰ ਸਿੰਘ



ਮੇਹਰ ਸਿੰਘ ਖਜਾਨ ਸਿੰਘ ਅਰੂੜ ਸਿੰਘ

ਅਮਰ ਸਿੰਘ ਬੰਤਾ ਸਿੰਘ ਕਪੂਰ ਸਿੰਘ ਹਜੂਰ ਸਿੰਘ

ਲਾਲ ਸਿੰਘ ਖੁਸ਼ਾਲ ਸਿੰਘ

ਥੱਖਾ ਸਿੰਘ ਹਰਨਾਮ ਸਿੰਘ ਸੁਦਾਗਰ ਸਿੰਘ ਨਰੈਣ ਸਿੰਘ ਪਾਲਾ ਸਿੰਘ ਸ਼ੀਸ਼ਾ ਸਿੰਘ


×

1. ਬੁਧ ਸਿੰਘ—ਇਹਨਾਂ ਨੇ ਸਿੱਖ ਰਾਜ ਸਮੇਂ ਸੇਵਾ ਕਰਨ ਕਾਰਨ ਇਹਨਾਂ ਦੇ ਪ੍ਰੀਵਾਰ ਨੂੰ ਸਰਕਾਰੀਏ ਕਰਕੇ ਸਦਿਆ ਜਾਂਦਾ ਹੈ। ਇਹ ਸ਼ਜਰਾ 18-4-78 ਨੂੰ ਭਾਈ ਬਰਕਤ ਸਿੰਘ ਪੁਤਰ ਖੁਸ਼ਹਾਲ ਸਿੰਘ ਪੱਤੀ ਜੈ ਸਿੰਘ ਹਾਲ ਬੰਦਰਾਲਾ ਜ਼ਿਲਾ ਕਰਨਾਲ ਨੇ ਦਿੱਤੀ।

2. ਜੈਮਲ ਸਿੰਘ—ਇਹ ਗਰਮੂਲਾ ਚੱਕ ਨੰ: 169 ਦੇ ਤਾਂ ਜ਼ਿੰਦਗੀ ਨੰਬਰਦਾਰ ਅਤੇ ਸਫੈਦਪੋਸ਼ ਰਹੇ।


3. ਵਰਿਯਾਮ ਸਿੰਘ—ਪ੍ਰਸਿੱਧ ਅਕਾਲੀ, ਇਹ ਜੀਵਨ ਪ੍ਰਯੰਤ ਪੰਥਕ ਸੇਵਾ ਵਿੱਚ ਤੱਤਪਰ ਰਹੇ।

* ਜੈਤਾ, ਮੁਦਾਰ } ਜ਼ਬਾਨੀ ਗੰਡਾ ਸਿੰਘ ਪੁਤਰ ਜਵਾਹਰ ਸਿੰਘ (ਉਮਰ 100 ਸਾਲ) ਵਾਸੀ ਬਦੋ ਕਾ ਪਛਮੀ ਪੰਜਾਬ ਹਾਲ ਬੱਕਲ ਜ਼ਿਲਾ ਕੁਰਕਸ਼ੇਤਰ 15-4-79 ਜੈਤੇ ਦੀ ਵੰਸ ਪਿੰਡ ਜੈਤਾ ਅਤੇ ਬਾਹੜੀਆਂ ਵਾਲਾ ਵਿਚ ਹੈ।




1. ਇਹ ਭਾਈ ਮੂਲ ਸਿੰਘ, ਸਿੰਘ ਸਭਾ ਲਹਿਰ ਦੇ ਮੁਖੀਆਂ ਵਿਚੋਂ ਸਨ ।

ਪੱਤੀ ਬਾਬਾ ਫਿਲੇ ਕੀ (ਬੰਦਰਾਲਾ)



(ਹੜ੍ਹਾਂ ਦੇ ਪਾਣੀ ਵਿਚ ਭਿਜ ਕੇ ਕੁਝ ਨਾਮ ਖਰਾਬ ਹੋ ਗਏ ਹਨ, ਇਸ ਲਈ ਛਪ ਨਹੀਂ ਸਕੇ।)


ਪਿੰਡ ਗਰਮੂਲਾ
ਗੁਜਰਾਂਵਾਲਾ
ਧਾਰੀ
ਗੁਰਦਿਤਾ
ਭਲਾ ਸਿੰਘ
ਲੱਜਾ ਸਿੰਘ
ਜੈ ਸਿੰਘ
ਗੰਡਾ ਸਿੰਘ
ਝੰਡਾ ਸਿੰਘ
ਸੇਵਾ ਸਿੰਘ
ਦੇਵਾ ਸਿੰਘ
ਜਵਾਹਰ ਸਿੰਘ
ਨਿਸ਼ਾਨ ਸਿੰਘ
(...ਇਹਨਾਂ ਬਾਰੇ ਵੇਰਵਾ ਅੱਗੇ ਵੇਖੋ...)
ਕਿਸ਼ਨ ਸਿੰਘ
ਸੁਲੱਖਣ ਸਿੰਘ
ਸੁੱਚਾ ਸਿੰਘ
ਗਿਆਨ ਸਿੰਘ
ਸਾਵਨ ਸਿੰਘ
ਬਹਾਦਰ ਸਿੰਘ
ਲਾਭ ਸਿੰਘ
X
ਉਜਾਗਰ ਸਿੰਘ
ਅਨੋਖ ਸਿੰਘ
ਵਿਰਸਾ ਸਿੰਘ
X
ਦਲੀਪ ਸਿੰਘ
ਅਨੂਪ ਸਿੰਘ
ਗੁਰਦੀਪ ਸਿੰਘ
ਹਰਦੀਪ ਸਿੰਘ
ਸੁਰਜੀਤ ਸਿੰਘ
ਕੁਲਦੀਪਸਿੰਘ
ਅਰਜਨਸਿੰਘ
X
ਮੇਘਸਿੰਘ
ਤੇਗ ਸਿੰਘ
X
ਰਣਜੀਤ ਸਿੰਘ
ਜੰਗੀਰ ਸਿੰਘ
ਮੇਹਰ ਸਿੰਘ
ਕੇਹਰ ਸਿੰਘ
ਅਮਰ ਸਿੰਘ
X
ਦਿਆਲ ਸਿੰਘ
ਨਿਸ਼ਾਨ ਸਿੰਘ
ਦੀਦਾਰ ਸਿੰਘ
ਕਾਲਾ ਸਿੰਘ
ਮਹਿੰਦਰਸਿੰਘ
ਲੱਖਾਸਿੰਘ
ਗੁਰਨਾਮ ਸਿੰਘ
ਸੁਬੇਗ ਸਿੰਘ
ਗੁਰਭੇਜਸਿੰਘ
ਭੁਪਿੰਦਰਸਿੰਘ
ਗੁਰਮੁਖਸਿੰਘ
ਬਲਵਿੰਦਰਸਿੰਘ
ਜੀਤ ਸਿੰਘ
ਮੁਖਤਿਆਰ ਸਿੰਘ
ਰਘਬੀਰ ਸਿੰਘ
ਸਤਨਾਮਸਿੰਘ
ਮਲਜਿੰਦਰਸਿੰਘ
ਬਲਜਿੰਦਰਸਿੰਘ
ਬਿਸ਼ਨ ਸਿੰਘ
ਮਤਾਬ ਸਿੰਘ
ਵੱਸਣ ਸਿੰਘ
ਮੱਖਣ ਸਿੰਘ
ਇੰਦਰ ਸਿੰਘ
x
ਦਸ ਖਾ ਸਿੰਘ
ਸੰਤਾ ਸਿੰਘ
X
ਮਾਨ ਸਿੰਘ
ਸਾਵਲ ਸਿੰਘ
ਖੁਸ਼ਹਾਲ ਸਿੰਘ
ਹਾਕਮ ਸਿੰਘ
ਕਰਨ ਸਿੰਘ
ਗੁਰਕ੍ਰਿਪਾਲ ਸਿੰਘ
ਰਛਪਾਲ ਸਿੰਘ
(ਬੰਦਰਾਲਾ)
ਇਕਬਾਲ ਸਿੰਘ
X
ਬਲਕਾਰ ਸਿੰਘ
ਜਗਦੀਸ਼ ਸਿੰਘ
ਜੀਵਨ ਸਿੰਘ
ਬਲਦੇਵ ਸਿੰਘ
ਪ੍ਰਭਦੇਵ ਸਿੰਘ
ਅਮਰਜੀਤ ਸਿੰਘ
ਰਣਜੀਤ ਸਿੰਘ
ਸਰੂਪ ਸਿੰਘ
ਸਰਬਜੀਤ ਸਿੰਘ
ਹਰਬੰਸ ਸਿੰਘ
ਗੁਰਦੇਵ ਸਿੰਘ
ਮੋਹਨ ਸਿੰਘ
ਬੇਅੰਤ ਸਿੰਘ
ਬੀਰਸੁਲਿੰਦਰ ਸਿੰਘ
ਵਰਿੰਦਰਦੀਪਸਿੰਘ
ਸੁਖਪਾਲ ਸਿੰਘ
ਤੇਜਪਾਲ ਸਿੰਘ
ਸਰਤਾਜ ਸਿੰਘ
ਪ੍ਰਭਸਰਨ ਸਿੰਘ
ਪ੍ਰੀਤਸਮਰਾਟ ਸਿੰਘ
(ਫੁੱਟ ਨੋਟ ਅੱਗੇ ਵੇਖੋ)

Bio-Data Maj. Gen. Jagdish Singh


1. I was born on 1st March 1943 in village Garmula, Chak No. 12, District Sheikhupura (Pakistan), as the youngest son to my parents, in a family of five brothers and one sister. I had my Primary School education in my Village School and was studying in 9th Standard in Saini Bar High School, Chak No. 7, District Sheikhupura (Pakistan), when partition of India in 1947 took place, resulting in our family migrating to Village Bansa and two years laters to Village Bandrala, District Karnal (Haryana). My father, S. Man Singh was allotted his land permanently in the latter village and though he died in 19:6, the family continues to stay there four of the five brothers being in Government service, and the sister having been married off in 1948.

2. After partition, I studied in Government High School and Government College, Dharamsala, since one of my brothers was posted there, at that time. In early 1950, I completed my Intermediate Science and in July, the same year joined the National Defence Academy for four years course. I had been extremely lucky in academic career to have been born in a remote village and to have continuously won Government Scholarship from 5th to 12th Class.

3. I was commissioned in the Regiment of Artillery in June 1954 and have since served in practically all parts of India including Jammu & Kashmir, Arunachal Pradesh and Nagaland. It was during 1965 War against Pakistan, when my Battery was supporting 2 SIKH in the 'Capture of Raja' picquet, in the Uri-Poonch Link Up Operation that I was wounded and also awarded Vir Chakra for gallantry. During 1962 and 1971 Wars, I was rather unfortunate not to have been involved in active operations.

4. While I have commanded all Artillery Sub-Units and Units, as I have come up the ladder, I was Instructor-in-Gunnery in School of Artillery, Deolali from Feb, 62 to March, 65. Soon after 1965 War, I was selected to attend Staff College at Camberley (U.K.). I completed the course in Dec., 66, and was Brigade Major in an Infantry Brigade from Dec., 66 to Dec., 68. Subsequently, the other important staff appointment which I held was General Staff Officer, Grade One, in an Infantry Division from April, 73 to March 75. From March to Dec., 75 I attended Higher Command Course at College of Combat, Mhow and from Sep, 76 to Jan., 78, I was Senior Instructor at Defence Services Staff College, Wellington and thereafter I was appointed as Colonel General Staff (Coordination) inthe same establishment which appointment I held from Feb., 78 to Jan., 80. I was promoted to the rank of Brigadier in Jan., 80 and posted as Commander of an Artillery Brigade which appointment I held till May, 81. From June, 81 to Dec., 81. I was Commander of another Artillery Brigade and thereafter I was posted as Deputy Director Staff Duties (Financial Planning) at the Army Headquarters from Dec., 81 to Dec., 82. I was selected for National Defence College Course at the National Defence College from Jan., 83 to Nov., 83 and on successful completion of the course, I was posted as Commander of a Corps Artillery Brigade from Jan., 84 to Dec, 85. I was promoted to the rank of Major General and held the appointment of Additional Director General of Artillery at Army Headquarters form Dec., 85 to Oct., 87 and since Oct., 87 I am holding the appointment of Major General-Incharge-Administration of Headquarters Central Command, Lucknow.

5. I was married in Dec., 59. God has given us a son and a daughter. My son, Capt. J. S. Virk was commissioned in 4 HORSE, the Armoured Corps in Dec., 1982 and presently posted at Armoured Corps Centre & School, Ahmadnagar and my daughter has been married off in Feb., 1988.



(ਹੜਾਂ ਦੇ ਪਾਣੀ ਵਿਚ ਭਿਜਣ ਕਾਰਣ ਕੁਝ ਨਾਮ ਨਹੀਂ ਛੱਪ ਸਕੇ)

ਪਿੰਡ ਗੁਰਮੂਲਾ ਦੇ ਫੁੱਟ ਨੋਟ

1. **ਬਾਬਾ ਜੋਧ ਸਿੰਘ** ਜੀ ਪੁਰਾਤਨ ਗੁਰਸਿੱਖਾਂ ਦਾ ਅਸਲੀ ਨਮੂਨਾ, ਬ੍ਰਾਦਰੀ ਅਤੇ ਬਾਹਰੇ ਵਿਚ ਸਨਮਾਨੇ ਅਤੇ ਸਤਿਕਾਰੇ ਜਾਂਦੇ ਸਨ।

2. **ਬਾਬਾ ਉਤਮ ਸਿੰਘ** ਜੀ ਆਖਰੀ ਸਿੱਖ ਯੁੱਧ (ਚੇਲਿਆਂ ਵਾਲਾ ਗੁਜਰਾਤ) ਦੇ ਆਖਰੀ ਦਿਨ 13.11.1849 ਵਾਲੇ ਦਿਨ ਹੱਥੋਂ ਹੱਥ ਲੜਾਈ ਵਿਚ ਵੀਰ ਗਤੀ ਪਾ ਗਏ।

3. **ਭਾਈ ਮੂਲ ਸਿੰਘ** ਜੀ ਦਾ ਜਨਮ ਸੰਮਤ 1913 ਬਿਕਰਮੀ ਮੁਤਾਬਕ ਸੰਨ 1856 ਈ: ਮਹੀਨਾ ਫਰਵਰੀ ਪਿੰਡ ਗੁਰਮੂਲਾ ਜ਼ਿਲਾ ਗੁਜਰਾਂਵਾਲੇ ਵਿਚ ਹੋਇਆ। ਆਪ ਜੀ ਨੇ ਮੁੱਢਲੀ ਵਿੱਦਿਆ ਮੇਰੇ (ਗਿਆਨੀ ਜੀ) ਦੇ ਪੂਰਵਜੀ ਨਗਰ ਕੜਯਾਲ ਕਲਾਂ, ਮੌਲਵੀ ਕਰਮ ਇਲਾਹੀ* ਕੋਲੋਂ ਪ੍ਰਾਪਤ ਕੀਤੀ। ਪ੍ਰਾਇਮਰੀ ਪਾਸ ਕਰਨ ਤੇ ਹੀ ਆਪ ਜੀ ਇਸੇ ਮਦਰਸੇ ਵਿਚ ਮੁਦਰਸ ਲੱਗ ਗਏ ਤੇ ਨਾਲੇ ਪੜ੍ਹਾਈ ਵੀ ਕਰਦੇ ਰਹੇ। ਜਦੋਂ ਤਿਆਰੀ ਮੁਕੰਮਲ ਹੋ ਗਈ ਤਾ ਅੱਠਵੀਂ ਦਾ ਇਮਤਿਹਾਨ ਦੇ ਦਿੱਤਾ ਤੇ ਪਾਸ ਹੋ ਗਏ। ਨਾਲੇ ਮੁਦਰਸੀ ਵੀ ਕਰਦੇ ਰਹੇ।

ਮੁਦਰਸੀ ਕਰਦਿਆਂ ਹੀ ਆਪ ਜੀ ਦੀ ਸ਼ਾਦੀ ਬੱਦੋਰਤੇ ਹੋ ਗਈ। ਕੁਛ ਚਿਰ ਪਿਛੋਂ ਆਪ ਨੂੰ ਇਕ ਸਾਧੂ ਨੇ ਵੈਦਗੀ ਦਾ ਚੇਟਕ ਲਾਇਆ, ਕੁਛ ਕੁਸ਼ਤੇ ਮਾਰਨੇ ਤੇ ਬੂਟੀਆਂ ਦੀ ਪਛਾਣ ਅਤੇ ਵਰਤਨ ਵਿਧੀ ਦੱਸੀ। ਜਿਸ ਤੇ ਆਪ ਜੀ ਨੇ 1883 ਈ: ਵਿੱਚ ਮਦਰਸੇ ਦਾ ਨੌਕਰੀ ਛੱਡ ਦਿੱਤੀ ਤੇ ਵੈਦਗੀ ਸ਼ੁਰੂ ਕੀਤੀ—ਕਿੰਤੂ ਨਾ ਤਜ਼ਰਬਾਕਾਰੀ ਕਾਰਨ ਇਸ ਨੂੰ ਤਿਆਗ ਪੁਲੀਸ ਦੀ ਨੌਕਰੀ ਜਾ ਕੀਤੀ। 1885 ਈ: ਕਾਬਲ ਦੀ ਲੜਾਈ ਲੱਗੀ ਤਾ ਆਪ ਜੀ ਨੂੰ ਪਿੰਡੀ ਭਟੀਆਂ ਦੇ ਠਾਣੇ ਵਿੱਚ ਲਗਾਇਆ ਗਿਆ।

ਪਿੰਡੀ ਭਟੀਆਂ ਵਿਚ ਆਪ ਜੀ ਨੇ ਮੀਆਂ ਉਮਰਦੀਨ ਜੀ ਮੁਦਰਸ ਕੋਲੋਂ ਬਾਕਾਇਦਾ ਹਿਕਮਤ ਪੜ੍ਹੀ ਅਤੇ ਜਦੋਂ ਆਪ ਜੀ ਇਸ ਵਿਚ ਨਿਪੁੰਨ ਹੋ ਗਏ ਤਾਂ ਆਪਣੇ ਵਿਦਵਾਨ ਸ਼ਹਿਰਦ ਅਧਿਆਪਕ ਤੋਂ ਆਗਿਆ ਲੈ ਕੇ ਨੌਕਰੀ ਤਿਆਗ ਘਰ ਆ ਕੇ ਵੈਦਗੀ ਦਾ ਕੰਮ ਫਿਰ ਚਾਲੂ ਕੀਤਾ—ਜੋ ਪ੍ਰਮਾਤਮਾ ਦੀ ਕ੍ਰਿਪਾ ਨਾਲ ਇਤਨਾ ਵਧਿਆ ਅਤੇ ਪ੍ਰਫੁਲਤ ਹੋਇਆ ਕਿ ਇਲਾਕਾ ਸਾਂਦਲਬਾਰ ਤੇ ਮਾਝੇ ਵਿਚ ਖਾਸ ਕਰਕੇ ਕਸੂਰ ਦੇ ਇਲਾਕੇ ਵਿਚ ਤਾ ਆਪ ਜੀ ਨੂੰ ਧਨੰਤਰ ਸਮਾਨ ਮੰਨੇ ਜਾਂਦੇ ਸਨ।

ਆਪ ਜੀ ਦੇ ਹੱਥ ਕਰਤਾਰ ਨੇ ਸ਼ਫਾ ਬਖਸ਼ੀ ਸੀ। ਬਿਖਮ ਤੋਂ ਬਿਖਮ ਰੋਗੀ ਨੂੰ ਵੀ ਆਪ ਠੀਕ ਕਰ ਦਿਆ ਕਰਦੇ ਸਨ। ਵੱਡੇ ਵੱਡੇ ਅਮੀਰ ਤੇ ਸਰਦਾਰ ਘਰ ਸਦ ਕੇ ਆਪਣਾ ਇਲਾਜ ਕਰਵਾਇਆ ਕਰਦੇ ਸਨ। ਆਪ ਜੀ ਨ੍ਰਿਸੰਤਾਨ ਇਸਤਰੀ ਪੁਰਸ਼ਾਂ ਵਾਸਤੇ ਤਾਂ ਦੇਵਤਾ ਸਮਾਨ ਸਨ ਅਤੇ ਇਸ ਤੋਂ ਜ਼ਿਆਦਾ ਆਪ ਜੀ ਸੁ ਬਦਲਾਵਨ (ਸ਼ਿਸ਼ੂ ਯੋਨਿ ਪ੍ਰਵਰਤਨ) ਵਿਚ ਧਰੰਧਰ ਸਿਧਹਸਤ ਸਨ।

ਆਪ ਜੀ ਨੇ ਕਈ ਸਿਖਿਆਰਥੀਆਂ ਨੂੰ ਮੁਫ਼ਤ ਵਿਦਿਆ ਦੇ ਕੇ ਸਿਧਹਸਤ ਵੈਦ ਬਣਾਇਆ—ਜਿਨ੍ਹਾਂ ਵਿਚੋਂ ਇਕ ਤਾ (1) ਭਾਈ ਦਲੀਪ ਸਿੰਘ ਜੀ ਚੱਕ ਦਿਆਲਪੁਰਾ ਕਰਨਾਲ ਚੰਗਾ ਨਾਮਣਾ ਖਟ ਰਹੇ ਹਨ। (2) ਦੂਸਰੇ ਗੁਰਚਰਨ ਸਿੰਘ ਕਟਾਰੀਆ ਵੀ ਕਰਨਾਲ ਹਨ। (3) ਤੀਸਰੇ ਭਾਈ ਇਕਬਾਲ ਸਿੰਘ ਜੰਬੀ ਜਲੰਧਰ ਹਮਦਰਦ ਵਕਫ ਦੀ ਮੁਲਾਜ਼ਮਤ ਵਿਚ ਹਨ। (4) ਆਪ ਜੀ ਦਾ ਪੋਤਰਾ ਡਾ: ਜਸਵੰਤ ਸਿੰਘ ਜੀ ਨੌਲੱਖੜੀ ਹਨ। (5) (ਗਿਆਨੀ ਜੀ) ਮੇਰੇ ਉੱਤੇ ਵੀ ਆਪ ਜੀ ਦੀ ਅਪਾਰ ਕ੍ਰਿਪਾ ਦ੍ਰਿਸ਼ਟੀ ਸੀ, ਜਿਸ ਦੇ ਗਿਆਨੀ ਜੀ ਆਜੀਵਨ ਆਭਾਰੀ ਰਹਿਣਗੇ।

ਜਿਥੇ ਆਪ ਜੀ ਸਰੀਰਕ ਰੋਗਾਂ ਦੇ ਮਾਹਿਰ ਵੈਦ ਸਨ ਉਥੇ ਆਪ ਜੀ ਖਾਲਸਾ ਧਰਮ ਦੇ ਧਰੰਧਰ ਵਿਦਵਾਨ ਅਤੇ ਦਿਗਵਿਜਈ ਪ੍ਰਚਾਰਕ ਵੀ ਸਨ। ਆਪ ਜੀ ਨੇ 1885 ਵਿੱਚ ਜਦੋਂਕਿ ਸੁਚ ਭਿਟ** ਦਾ ਬ੍ਰਾਹਮਣੀ ਮਤ ਜ਼ੋਰਾਂ ਤੇ ਸੀ ਇਕ ਪਤਤ ਸੰਤ ਸਿੰਘ ਨਾਮ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ—ਇਹ ਸਭ ਤੋਂ ਪਹਿਲੀ ਸ਼ੁਧੀ ਸੀ ਜੋ ਆਪ ਜੀ ਨੇ ਧੜੱਲੇ ਨਾਲ ਕੀਤੀ। ਇਸ ਤੋਂ ਪਿਛੋਂ ਤਾਂ ਫਿਰ ਪ੍ਰਵਾਹ ਚਲਾ ਦਿੱਤਾ। ਉਸੇ ਸਾਲ ਆਪ ਜੀ ਨੂੰ ਸਿੰਘ ਸਭਾ ਲਾਹੌਰ ਵਲੋਂ ਭਾਈ ਦੀ ਉਪਾਧੀ ਮਿਲੀ ਅਤੇ ਆਪ ਜੀ ਪ੍ਰਚਾਰਕ ਨਿਯੁਕਤ ਹੋਏ।

ਧਾਰਮਕ ਜਾਂ ਵੈਦਕ ਚਰਚਾ ਵਿਚ ਆਪ ਜੀ ਬੜੇ ਸ਼ੁੱਧ ਸਨ, ਖਾਸ ਕਰਕੇ ਧਾਰਮਕ ਚਰਚਾ ਵਿਚ ਤਾਂ ਆਪ ਜੀ ਦਾ ਕੋਈ ਪ੍ਰਤਿਦ੍ਵੰਦੀ ਮੁਕਾਬਲਾ ਕਰ ਹੀ ਨਹੀਂ ਸੀ ਸਕਦਾ। ਵਾਰਤਾਲਾਪ ਦੇ ਸਮੇਂ ਤਾਂ ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਕਿ ਸਰਸਵਤੀ ਆਪ ਜੀ ਦੀ ਰਸਨਾ ਤੇ ਬਿਰਾਜ ਰਹੀ ਹੋਵੇ। ਆਪਣੇ ਪ੍ਰਤਿਦ੍ਵੰਦੀ ਦੀ ਐਸੀ ਨਾਕਾਬੰਦੀ ਕਰਦੇ ਕਿ ਉਹ ਹਥਿਆਰ ਸੁਟਨ ਤੇ ਮਜਬੂਰ ਹੋ ਜਾਂਦਾ।

ਆਪਣੇ ਜੀਵਨ ਕਾਲ ਵਿੱਚ ਜਿਥੇ ਆਪ ਜੀ ਨੇ ਕਈਆਂ ਨੂੰ ਵੈਦਿਕ ਵਿਦਿਆ ਵਿਚ ਨਿਪੁੰਨ ਕੀਤਾ ਉਥੇ ਆਪ ਜੀ ਆਪਣੇ ਪਿਛੇ ਖਾਲਸਾ ਧਰਮ ਦੇ ਵੀ ਭਾਈ ਕਰਤਾਰ ਸਿੰਘ ਝੱਬਰ, ਭਾਈ ਸੁੱਚਾ ਸਿੰਘ ਚੱਕ ਜੈਦ ਵਰਗੇ ਧੜੱਲੇਦਾਰ ਪ੍ਰਚਾਰਕ ਸਾਂਦਲਬਾਰ ਵਿਚ ਛੱਡ ਗਏ।

ਚੀਫ਼ ਖਾਲਸਾ ਦੀਵਾਨ ਦੇ ਇੰਚਾਰਜ ਸਰ ਸੁੰਦਰ ਸਿੰਘ ਮਜੀਠਾ ਜਿਥੇ ਵੀ ਕਿਧਰੇ ਪ੍ਰਚਾਰ ਦੀ ਜਟਲ ਸਮੱਸਿਆ ਹੁੰਦੀ ਉਥੇ ਆਪ ਜੀ ਨੂੰ ਹੀ

---

* ਆਪ ਜੀ ਅਰਬੀ ਅਤੇ ਫਾਰਸੀ ਭਾਸ਼ਾਵਾਂ ਦੇ ਧੁਰੰਧਰ ਵਿਦਵਾਨ ਸਨ।

** ਛੂਤਛਾਤ

ਭੇਜਿਆ ਕਰਦੇ। ਆਪ ਜੀ ਦਾ ਅਤੇ ਆਪ ਜੀ ਦੀ ਬੋਲੀ ਅਤੇ ਸ਼ੈਲੀ ਦੇ ਪ੍ਰਚਾਰਕਾਂ ਦਾ ਇਹ ਵਾਧਾ ਰਿਹਾ ਹੈ ਕਿ ਉਹਨਾ ਨੇ ਅੱਜ ਕੱਲ ਦੇ ਪੇਸ਼ਾਵਰ ਪ੍ਰਚਾਰਕਾਂ ਵਾਂਗੂ ਕਦੇ ਸਾਈਆਂ ਨਹੀਂ ਸਨ ਫੜੀਆਂ—ਕੇਵਲ ਸਦਨ ਵਾਲਿਆਂ ਕੋਲੋਂ ਰੇਲ ਦਾ ਕਿਰਾਇਆ ਭਾੜਾ ਹੀ ਲਿਆ ਤੇ ਜਾਂ ਪ੍ਰਸ਼ਾਦ ਪਾਣੀ ਛਕਿਆ—ਆਪ ਜੀ ਗੁਰਸਿਖੀ ਪ੍ਰਚਾਰ ਵਿਚ ਇਤਨੇ ਤਟਸਥ ਸਨ ਕਿ ਆਪ ਜੀ ਦੇ ਘਰੋਂ ਮਾਤਾ ਈਸ਼ਰ ਕੌਰ ਜੀ ਵਰਮ ਰਿਹਮ ਕਾਰਨ ਮੰਜੀ ਤੇ ਪਏ ਹੋਏ ਸਨ ਕਿ ਆਪ ਜੀ ਨੂੰ ਬੋਂਕੇ ਚੋਮੇ ਪ੍ਰਚਾਰ ਦਾ ਸੱਦਾ ਆ ਗਿਆ—ਝੱਟ ਆਪਣੀ ਜੀਵਨ ਸਾਥਨ ਨੂੰ ਦਵਾਈਆਂ ਦੇ ਕੇ ਵਰਤਨ ਵਿਧੀ ਸਮਝਾ ਕੇ—ਕਛਹਿਰਾ ਪਰਨਾ ਮੋਢੇ ਤੇ ਰੱਖ ਸੁਖੇ ਕਿਆਂ ਤੋਂ ਗੱਡੀ ਚੜ੍ਹ ਰਾਤ ਮਨਸੂਰਵਾਲੀ ਜਾ ਉਤਰੇ। ਵਡੇ ਵੇਲੇ ਅੰਮ੍ਰਿਤ ਵੇਲੇ ਆਨੰਦ ਕਾਰਜ ਵਿਚ ਜਾ ਸ਼ਾਮਿਲ ਹੋਏ ਤੇ ਰਾਤੀਂ ਉਥੋਂ ਗੱਡੀ ਚੜ੍ਹ ਅਗਲੇ ਦਿਨ ਵਾਪਸ ਗਰਮੂਲੇ* ਆ ਗਏ।

ਆਪ ਜੀ ਵਰਗਾ ਧੁਰੰਧਰ ਵਿਦਵਾਨ, ਨਿਡਰ, ਨਿਰਛਲ, ਅਤੇ ਧੜੱਲੇਦਾਰ ਪ੍ਰਚਾਰਕ ਅੱਜ ਕਲ੍ਹ ਦੇ ਜ਼ਮਾਨੇ ਵਿੱਚ ਦੀਵਾ ਲੈ ਕੇ ਭਾਲਿਆਂ ਨਹੀਂ ਲੱਭਦਾ।

ਆਪ ਜੀ ਬੜੇ ਵਿਦਿਆ ਪ੍ਰੇਮੀ ਸਨ। ਆਪ ਜੀ ਨੇ ਆਪਣੇ ਛੋਟੇ ਸਪੁੱਤਰ ਹਰਨਾਮ ਸਿੰਘ ਨੂੰ ਐਗਰੀਕਲਚਰ ਕਾਲਜ ਲਾਇਲਪੁਰ ਤੋਂ ਬੜੀ ਉੱਚ ਵਿਦਿਆ ਦਵਾਈ—ਪਰ ਹੁਕਮ ਕਰਤਾਰ ਦਾ ਕਿ ਸੰਨ 1919 ਵਿਚ ਉਹ ਇਨਫਲੂਐਨਜ਼ਾ (ਜੰਗੀ ਤਾਪ) ਨਾਲ ਹੁਕਮ-ਸਤ ਹੋ ਗਿਆ—ਇਸੇ ਸਾਲ ਰੌਲਟ ਐਕਟ** ਦੇ ਖਿਲਾਫ ਜਲਸੇ ਤੇ ਜਲ੍ਹਿਆਂ ਵਾਲੇ ਬਾਗ ਵਿਚ ਜਨਰਲ ਡਾਇਰ*** ਨੇ ਗੋਲੀ ਚਲਾਈ—ਜਿਸ ਦੇ ਰੋਸ ਵਜੋਂ ਦੇਸ਼ ਵਿਚ ਖਾਸ ਕਰਕੇ ਸ਼ਹਿਰ ਗੁਜਰਾਂਵਾਲਾ ਅਤੇ ਮੰਡੀ ਚੂਹੜਕਾਣਾ ਵਿਚ ਸਾੜਫੂਕ ਹੋਈ ਅਤੇ ਮਾਰਸ਼ਲ ਲਾਅ (ਫੌਜੀ ਕਾਨੂੰਨ) ਲਾਗੂ ਹੋ ਗਿਆ।

ਉਹਨੀਂ ਦਿਨੀਂ ਜੈਲ ਕੜਕਨ ਦੇ ਦੋ ਹਿਸੇ ਹੋ ਜਾਵਨ ਤੇ ਦੂਸਰੇ ਹਿੱਸੇ ਦਾ ਨਾਮ ਸਰਕਾਰ ਵਲੋਂ ਜੈਲ ਜਾਂਗਲੀਆਂ ਰਖਿਆ ਗਿਆ ਜਿਸ ਦੇ ਖਿਲਾਫ਼ ਵਸਾਖੀ ਵਾਲੇ ਦਿਨ ਪਿੰਡ ਮਾਹਣੀਆਂ ਵਾਲੇ ਆਪ ਜੀ ਨੇ ਇਸ ਨਾਮ ਦੀ ਵਿਰੋਧਤਾ ਕਰਦਿਆਂ ਹੋਇਆਂ ਦੋ ਮਤੇ ਸਰਬ ਸੰਮਤੀ ਨਾਲ ਭਰੇ ਦੀਵਾਨ ਵਿਚ ਪਾਸ ਕਰਵਾਕੇ ਸੰਬੰਧਤ ਕਰਮਚਾਰੀਆਂ ਨੂੰ ਭਿਜਵਾਏ—ਜਦੋਂ ਮਾਰਸ਼ਲ ਲਾਅ ਲੱਗਾ ਤਾਂ ਚੂਹੜਕਾਣੇ ਪਿੰਡ ਦੇ ਕਈ ਆਦਮੀਆਂ ਸਮੇਤ ਤੇ ਭਾਈ ਤੇਜਾ ਸਿੰਘ ਅਤੇ ਭਾਈ ਕਰਤਾਰ ਸਿੰਘ ਝਬਰ ਫੜੇ ਗਏ। ਆਪ ਜੀ ਦੇ ਮੁਖਾਲਫਾਂ ਖਾਸ ਕਰਕੇ ਵਾਘਿਆਂ ਨੂੰ ਮੌਕਾ ਮਿਲ ਗਿਆ। ਉਹਨਾਂ ਨੇ ਆਪ ਜੀ ਤੇ ਝੂਠਾ ਮੁਕਦਮਾ ਬਣਵਾ ਦਿੱਤਾ ਜਿਸ ਵਿੱਚੋਂ ਆਪ ਬੜੀ ਮੁਸ਼ਕਿਲ ਨਾਲ ਬਚੇ ਅਤੇ ਬਾਇਜ਼ਤ ਬਰੀ ਹੋਏ।

ਲੰਬਰਦਾਰੀ ਤਾਂ ਆਪ ਜੀ ਪਹਿਲਾਂ ਲੜ ਕੇ ਲੈ ਚੁੱਕੇ ਸਨ—ਅਗਲੇ ਦੋ ਚਾਰ ਸਾਲਾਂ ਵਿਚ ਆਪ ਜੀ ਨੇ ਸਫੈਦਪੋਸ਼ੀ ਅਤੇ ਜੈਲਦਾਰੀ ਵੀ ਅਦਾਲਤੀ ਮੁਕਾਬਲਾ ਕਰਕੇ ਲੈ ਲਈ ਜੋ ਅਖੀਰਲੇ ਦਮ ਤੱਕ ਆਪ ਜੀ ਦੇ ਪਾਸ ਰਹੀ—ਅਫਸੋਸ ਕਿ ਆਪ ਜੀ ਦੀ ਅੰਸ ਦਾ ਇਕੋ ਇਕ ਰੋਸ਼ਨ ਸਿਤਾਰਾ ਦਰਬਾਰਾ ਸਿੰਘ ਸ਼ੁਰੂ ਜਵਾਨੀ ਵਿਚ ਹੀ ਕਾਲ ਵਸ ਹੋ ਗਿਆ, ਵਰਨਾ ਉਹ ਹਰ ਪਾਸਿਓਂ ਆਪ ਜੀ ਦਾ ਨਾਮ ਰੋਸ਼ਨ ਕਰਦਾ—ਬਾਕੀ ਪਰਿਵਾਰ ਵਿੱਚ ਉਸ ਦੇ ਟਾਕਰੇ ਦਾ ਕੋਈ ਨਹੀਂ ਹੋਇਆ।

ਆਪ ਜੀ ਨੇ ਚੂਹੜਕਾਣੇ, ਗੁਰਦਵਾਰਾ ਖਰਾ ਸੌਦਾ ਦੇ ਕੋਲ 1910 ਈ: ਵਿੱਚ ਇਕ ਖਾਲਸਾ ਸਕੂਲ ਖੋਲਿਆ ਸੀ ਜੋ ਇਲਾਕੇ ਦੇ ਕੁਝ ਕੁ ਸੱਜਣਾਂ ਦੀ ਮੁਖ਼ਾਲਫਤ ਕਰਕੇ ਇਕ ਕਮੇਟੀ ਦੇ ਹਵਾਲੇ ਕੀਤਾ ਗਿਆ—ਮਗਰੋਂ ਭਾਈ ਤੇਜਾ ਸਿੰਘ ਚੂਹੜਕਾਣਾ ਦੇ ਹੱਥ ਆਇਆ ਜੋ ਉਹਨਾ ਦੇ 1919 ਵਿੱਚ ਕੈਦ ਹੋਣ ਨਾਲ ਆਪਣੀ ਮੌਤੇ ਆਪ ਹੀ ਮਰ ਗਿਆ।

ਆਪ ਜੀ ਦਾ ਹਿਰਦਾ ਬੜਾ ਵਿਸ਼ਾਲ ਸੀ—ਲੋੜਵੰਦ ਮਰੀਜ਼ਾ ਨੂੰ ਕੋਲੋਂ ਦਵਾਈ ਮੁਫਤ ਅਤੇ ਖਾਣਾ ਵੀ ਆਪਣੇ ਘਰੋਂ ਦੇ ਦਿਆ ਕਰਦੇ ਸਨ, ਕਿੰਤੂ ਅਮੀਰ ਅਤੇ ਸਰਦੇ ਪੁਜਦੇ ਰੋਗੀਆਂ ਕੋਲੋਂ ਫ਼ੀਸ ਵਸੂਲਿਆ ਕਰਦੇ ਸਨ—ਦਵਾਈ, ਅਗਰ ਦੁਸ਼ਮਨ ਵੀ ਆ ਜਾਂਦਾ ਤਾਂ ਉਸ ਨੂੰ ਵੀ ਦੇ ਦਿਆ ਕਰਦੇ। ਆਪ ਜੀ ਵਿਚ ਇੱਕ ਵਿਸ਼ੇਸ ਗੁਣ ਸੀ ਕਿ ਆਪਣੇ ਨਿਕਟ ਵਰਤੀਆਂ ਨੂੰ ਖੂਬ ਤਾੜ ਕੇ ਰਖਿਆ ਕਰਦੇ ਸਨ। ਕੀ ਮਜ਼ਾਲ ਕੋਈ ਵੱਡਾ ਛੋਟਾ ਉਹਨਾਂ ਦੀ ਨਜ਼ਰੋਂ ਬਚ ਕੇ ਕੋਈ ਕੁਕਰਮ ਕਰ ਜਾਏ। ਜਿਵੇਂ ਕਿ ਅੱਜ ਕੱਲ੍ਹ ਦੇ ਡੇਰਦਾਰ ਸਾਧਾਂ ਦੇ ਚੇਲੇ ਚਾਟੜੇ ਕਰਦੇ ਹਨ। ਮੈਲੀ ਨੀਯਤ ਵਾਲੀ ਇਸਤਰੀ ਨੂੰ ਨੇੜੇ ਨਹੀਂ ਸਨ ਢੁਕਣ ਦਿਆ ਕਰਦੇ। ਆਪ ਜੀ ਤੋਂ ਤਾੜਨਾ ਦਾ ਸੁਭਾਗ ਅਵਸਰ ਮੈਨੂੰ (ਗਿਆਨੀ ਜੀ) ਨੂੰ ਦੋ ਵਾਰ ਪ੍ਰਾਪਤ ਹੋਇਆ—ਬਸ ਭਠੀ ਵਿਚ ਘੱਤ, ਤਾਊ ਦੇ ਕੇ ਭਰਾਂਤਿ ਮੁਕਤ ਕਰਕੇ ਰੱਖ ਦਿੱਤਾ।

- * ਇਹ ਵਾਰਤਾ ਗਰਮੂਲਾ ਚੱਕ ਨੰ: 169 ਜ਼ਿ: ਸ਼ੇਖੂਪੁਰਾ ਦੀ ਹੈ।
- ** ਇਹ ਕਾਲਾ ਕਾਨੂੰਨ ਜਿਸ ਦੇ ਅਧੀਨ ਕਿਸੇ ਵੀ ਵਿਅਕਤੀ ਨੂੰ ਬਗੈਰ ਅਦਾਲਤੀ ਕਾਰਵਾਈ ਦੇ ਅਣਮਿਥੇ ਸਮੇਂ ਤੱਕ ਬੰਦ ਰਖਿਆ ਜਾ ਸਕਦਾ ਸੀ।
- *** ਇਹ ਇਕ ਅੰਗਰੇਜ਼ ਹਤਿਆਰਾ ਜਰਨੈਲ ਸੀ ਜਿਸ ਨੂੰ ਵੀਰ ਊਧਮ ਸਿੰਘ ਨੇ ਇੰਗਲੈਂਡ ਜਾ ਕੇ ਗੋਲੀ ਮਾਰ ਕੇ ਜਲ੍ਹਿਆਂ ਵਾਲੇ ਬਾਗ ਦਾ ਬਦਲਾ ਲਿਆ ਸੀ।

ਆਪ ਜੀ ਜਦ ਪਰਚਾਰ ਕਰਦੇ ਸਰੋਤੇ ਸਰਧਾ ਵਿਭੋਰ ਹੋ ਮੁਗਧ ਬੈਠੇ ਸੁਣਦੇ । ਆਵਾਜ਼ ਉੱਚੀ ਭਰਵੀਂ ਸੁਰੀਲੀ ਬਾਣੀ ਦੇ ਸ਼ਬਦ ਇਤਨੇ ਤੰਲਵੇਂ ਹੁੰਦੇ ਚਿੱਤ ਕਰਦਾ ਕਿ ਬੱਸ ਸੁਣਦੇ ਚਲੇ ਜਾਈਏ ।

ਜਿਥੇ ਆਪ ਜੀ ਇਕ ਪ੍ਰਬਧ ਵਕਤਾ ਸਨ ਉਥੇ ਆਪ ਜੀ ਇਕ ਕੁਸ਼ਲ ਕਵੀ ਅਤੇ ਲਿਖਾਰੀ ਵੀ ਸਨ । ਆਪ ਜੀ ਨੇ ਹੇਠ ਲਿਖੀਆਂ ਪੁਸਤਕਾਂ ਛੰਦਾ ਬੰਦੀ ਵਿੱਚ ਰਚੀਆਂ ।

1) ਗੁਰੂ ਗ਼ਰੀਬ ਨਿਵਾਜ਼ 2) ਉਪਕਾਰ ਖਾਲਸਾ 3) ਖਾਲਸਾ ਚੰਦਨ ਬ੍ਰਿਛ 4) ਤਿਬ ਮੂਲ ਪੰਜਾਬੀ । ਇਹ ਛਪ ਚੁੱਕੀਆਂ ਹਨ ਪਰ ਅੱਜ ਕਲ੍ਹ ਦੁਰਲਭ ਹਨ ।

5) ਚਿੰਤ ਪ੍ਰਹਾਰ, 6) ਸੁਗਮ ਬਬੇਕ, 7) ਅਮੋਲਕ ਬਚਨ, 8) ਉਪਦੇਸ਼ ਮਨੀ, 9) ਅਸਤੰਤੂ 10) ਅਕਾਲ ਸਿਮਰਨ, 12) ਰੇਖਤਾ, 12) ਗਿਆਨ ਦਰਪਨ, 13) ਸਤਿਸੰਗ ਮਹਾਤਮ ਆਦਿ ਇਹ ਅਜੇ ਤਕ ਅਣਪਛੀਆਂ ਪਈਆਂ ਹਨ ।

ਇਸ ਤੋਂ ਅਤਿਰਿਕਤ (ਮੈਂ) ਗਿਆਨੀ ਜੀ ਆਪ ਜੀ ਦਾ ਸਵਿਸਥਾਰ ਜੀਵਨ ਲਿਖਿਆ ਜੋ ਆਸ ਹੈ ਸ਼ੀਘਰ ਹੀ ਛੱਪ ਜਾਵੇ । ਨਾਲ ਹੀ ਇਹ ਜਤਨ ਕੀਤਾ ਜਾ ਰਿਹਾ ਹੈ ਕਿ ਆਪ ਜੀ ਰਚਿਤ ਪੁਸਤਕ "ਤਿਬ ਮੂਲ ਪੰਜਾਬੀ" ਨੂੰ ਵਾਰਤਕ ਵਿਚ ਪ੍ਰਕਾਸ਼ਤ ਕਰਾਇਆ ਜਾਵੇ ।

ਆਪ ਜੀ ਦੀ 1919 ਵਿਚ ਕੀਤੀ ਹੋਈ ਕੋਸ਼ਿਸ਼ ਸਫਲ ਹੋਈ ਕਿ ਕੜਕਨ ਜੈਲ ਦੇ ਦੂਸਰੇ ਹਿਸੇ ਦਾ ਨਾਮ ਸਰਕਾਰ ਨੇ ਜੈਲ ਕੜਯਾਲ, ਆਪ ਜੀ ਦੇ ਜੀਵਨ ਕਾਲ ਵਿਚ ਹੀ ਪ੍ਰਵਾਨ ਕਰ ਲਿਆ ਅਤੇ ਆਪ ਜੀ ਹੀ ਉਸ ਦੇ ਜੈਲਦਾਰ ਰਹੇ ।

ਆਪ ਜੀ ਕੁਛ ਅਰਸਾ ਬੀਮਾਰ ਰਹਿ ਕੇ ਆਪਣੇ ਭਰੇ ਪ੍ਰਵਾਰ ਨੂੰ ਅਤੇ ਸਤੰਗੀ, ਸਰਧਾਲੂਆਂ ਅਤੇ ਸਨੇਹੀਆਂ ਨੂੰ ਛਡ ਸਤੰਬਰ 1943 ਨੂੰ ਗੁਰਚਰਨਾਂ ਜਾ ਸਮਾਏ ।

4. **ਹਰਨਾਮ ਸਿੰਘ**—ਇਹ ਭਾਈ ਮੂਲ ਸਿੰਘ ਦੇ ਤੀਸਰੇ ਸਪੁੱਤਰ ਸਨ । ਜੋ ਕਿ ਐਗ੍ਰੀਕਲਚਰ ਕਾਲਜ ਲਾਇਲਪੁਰ ਦੇ ਗਰੈਜੂਏਟ ਅਤੇ ਬੜੇ ਪੱਕੇ ਗੁਰਸਿੱਖ ਸਨ—ਆਪ ਜੀ ਜਵਾਨੀ ਚੜ੍ਹਦੀ ਵਿਚ ਹੀ 1919 ਵਾਲੇ ਜੰਗੀ ਬੁਖਾਰ ਦੀ ਨਜ਼ਰ ਹੋ ਗਏ । ਉਕਤ ਭਾਈ ਸਾਹਿਬ ਦੇ ਪ੍ਰਵਾਰ ਵਿਚ ਦਰਬਾਰਾ ਸਿੰਘ ਦੇ ਟਕਰੇ ਦਾ ਅਜੇ ਤਕ ਪੈਦਾ ਨਹੀਂ ਹੋਇਆ ।

5. **ਅਰਜਨ ਸਿੰਘ**—ਆਪ ਜੀ ਬੜੇ ਖੁਲੇ ਵਿਚਾਰਾਂ ਦੇ ਸਾਹੀ ਮਿਜ਼ਾਜ ਸਰਦਾਰ ਹੋਏ ਹਨ । ਆਪ ਜੀ ਲੰਬਰਦਾਰ ਅਤੇ ਸਫੈਦਪੋਸ਼ ਵੀ ਰਹੇ । ਕਿੰਤੂ ਆਪ ਜੀ ਵਿਚ ਉਹਨਾਂ ਗੁਣਾਂ ਦਾ ਅਭਾਵ ਸੀ ਜਿਨ੍ਹਾਂ ਨਾਲ ਕਿ ਖਾਨਦਾਨ ਉੱਚੇ ਹੁੰਦੇ ਹਨ । ਆਪ ਜੀ ਉਰਦੂ ਪੰਜਾਬੀ ਪੜੇ ਹੋਏ ਸਨ ਤੇ ਹਿਕਮਤ ਵਿਚ ਵੀ ਕੁਛ ਹੱਥ ਮਾਰਿਆ ਕਰਦੇ ਸਨ ।

6. **ਜਵਾਲਾ ਸਿੰਘ**—ਆਪ ਜੀ ਦੇ ਮਾਪਿਆ ਦੇ ਘਰ ਲੜਕੇ ਤਾਂ ਬਹੁਤ ਪੈਦਾ ਹੋਏ । ਕਿੰਤੂ 1904 ਵਾਲੀ ਤਾਊਨ ਦੀ ਬੀਮਾਰੀ ਨਾਲ ਸਭ ਮਰ ਗਏ । ਇਹ ਉਦੋਂ ਫੌਜ ਵਿਚ ਭਰਤੀ ਹੋਣ ਕਰਕੇ ਬਚੇ ਰਹੇ । ਫਿਰ ਨਾਵਾਂ ਕੱਟਾ ਕੇ ਘਰ ਆ ਗਏ । ਆਪ ਪੂਰਨ ਰੂਪ ਵਿਚ ਪੁਰਾਤਨ ਗੁਰਸਿੱਖਾਂ ਦਾ ਨਮੂਨਾ ਆਪਣੇ ਚਾਚਾ ਜੀ ਭਾਈ ਮੂਲ ਸਿੰਘ ਜੀ ਦੀ ਗੁਰਮਤਿ ਸਿਖਿਆ ਦੇ ਪੂਰਨ ਧਾਰਨੀ ਹੋਏ । ਅਜ ਕਲ ਆਪ ਸਰਹੰਦ ਬੱਸੀ ਆਪਣੇ ਛੋਟੇ ਪੁੱਤਰ ਰਣਜੀਤ ਸਿੰਘ ਕੋਲ ਰਹਿੰਦੇ ਹਨ । (ਹੁਣ ਸਵਰਗਵਾਸ ਹੋ ਚੁੱਕੇ ਹਨ) ।

7. ਵੱਡਾ ਲੜਕਾ ਉੱਤਮ ਸਿੰਘ ਸਮਾਣਾ ਮੰਡੀ ਰਹਿ ਰਿਹਾ ਹੈ ।

8. **ਡਾ. ਜਸਵੰਤ ਸਿੰਘ** ਨੀਲੋ ਖੇੜੀ (ਹਰਿਆਣਾ) ਵਿਚ ਆਪਣਾ ਵੈਦੰਗੀ ਦਾ ਧੰਦਾ ਕਰਦੇ ਹਨ । ਨਗਰ ਵਾਸੀਆ ਵਿਚ ਅੱਛਾ ਮਾਨ ਤਾਨ ਬਣਿਆ ਹੋਇਆ ਹੈ । ਆਪ ਆਪਣੀ ਖੇਤੀ ਬਾੜੀ ਦੀ ਸਾਂਭ ਸੰਭਾਲ ਵੀ ਇਥੋਂ ਕਰਦੇ ਹਨ ।

9. **ਗੁਰਦਿਤਾ ਮਲ** ਜੀ ਪਿੰਡ ਗਰਮੂਲੇ ਦੇ ਲੰਬਰਦਾਰ (ਪੱਤੀ ਜੈ ਸਿੰਘ ਜੀ) ਨੰਬਰਦਾਰ ਸਨ । 1146 ਤੋਂ ਪਹਿਲੇ ਸਨ । ਇਹਨਾਂ ਉਠ ਰਖੇ ਹੋਏ ਸਨ ਤੇ ਅਲੀ ਸ਼ੇਰ ਜੰਡਿਆਲੇ ਨਾਲ ਚੰਗੀ ਜਾਨ ਪਛਾਣ ਕਰਕੇ ਸਰਕਾਰੀ ਢੋ ਢੁਆਈ ਦੇ ਠੇਕੇ ਲਿਆ ਕਰਦਾ ਸੀ । ਸ੍ਰ. ਸੁਬੇਗ ਸਿੰਘ (ਪਿਛੋਂ ਸ਼ਹੀਦ) ਜੰਬਰ ਨੇ ਇਹਦੇ ਪੋਤਰੇ ਹਰਬਖਤ ਸਿੰਘ ਵਲ ਰਿਸ਼ਤਾ ਕੀਤਾ ।

10. **ਗੰਗਾਦਾਸ**—ਇਹ ਹਰਬਖਤ ਮਲ ਦਾ ਪਿਤਾ ਸੀ ।

11. ਇਹਨਾਂ ਦਾ ਪਹਿਲਾ ਨਾਮ ਹਰਬਖਤ ਮਲ ਸੀ । ਜਦੋਂ ਸ੍ਰ. ਸੁਬੇਗ ਸਿੰਘ ਜੰਬਰ ਨੇ ਆਪਣੀ ਸਪੁੱਤ੍ਰੀ ਬੀਬੀ ਸਾਹਿਬ ਕੌਰ ਦਾ ਰਿਸ਼ਤਾ ਇਹਨਾਂ ਵੱਲ ਕੀਤਾ ਤਾਂ ਇਹ ਆਪਣੇ ਭਾਈ ਖ਼ੁਸੀਆਂ ਮਲ ਅਤੇ ਇਕ ਨਾਈ ਰਾਮ ਦਾਸ ਤਿੰਨੇ ਜਣੇ ਅੰਮ੍ਰਿਤਸਰ ਗਏ, ਅਮ੍ਰਿਤ ਛਕ, ਗੁਰੂ ਵਾਲੇ ਘਰ ਪਰਤੇ । ਸ਼ਾਦੀ ਹੋ ਗਈ, ਸਾਹਿਬ ਕੌਰ ਨੇ ਆਪਣੀ ਕਹਿਣੀ ਅਤੇ ਕਰਨੀ ਨਾਲ ਪਿੰਡ ਦੀਆਂ ਦੂਸਰੀਆਂ ਬੀਬੀਆਂ ਉਤੇ ਵੀ ਪ੍ਰਭਾਵ ਪਾਇਆ ।

ਉਹ ਨਾਈ ਰਾਮ ਦਾਸ ਅੰਮ੍ਰਿਤ ਛਕਣ ਉਪਰੰਤ ਰਾਮ ਸਿੰਘ ਸਦਾਇਆ ਅਤੇ ਗੁਰਮੂਲੇ ਦੀ ਧਰਮਸ਼ਾਲਾ ਦਾ ਪਹਿਲਾ ਗ੍ਰੰਥੀ ਥਾਪਿਆ ਗਿਆ। ਇਹਨਾਂ ਤਿੰਨਾਂ ਦੇ ਦੇਖਾ ਦੇਖੀ 42 ਹੋਰ ਸਜਣਾਂ ਨੇ ਅੰਮ੍ਰਿਤ ਪਾਨ ਕੀਤਾ।

ਜਦ ਜੰਡਿਆਲੀਆਂ ਨੂੰ ਪਤਾ ਲਗਾ ਤਾਂ ਉਹਨਾਂ ਲਾਹੌਰੋਂ ਧੌਂਸ ਚੜ੍ਹਾ ਲਿਆਂਦੀ। ਧੌਂਸ ਚੜ੍ਹਦੀ ਨੂੰ ਵੇਖ ਕੇ ਦਿਲਾ ਰਾਮ ਨਾਮੀ ਸਰਕਾਰੀ ਅਹਿਲਕਾਰ ਨੇ ਲਾਹੌਰ ਦਾਤਾ ਗੰਜ ਬਖਸ਼ ਜਾ ਕੇ ਗਰਮੂਲੇ ਦੇ ਮਰਾਸੀ ਖਾਨ ਟੱਟਾ ਨਾਮੀ ਨੂੰ ਆਖਿਆ ਤੂੰ ਭੱਜ ਕੇ ਜਾ, ਗਰਮੂਲੇ ਖਬਰ ਦੇ ਕਿ ਧੌਂਸ ਚੜ੍ਹੀ ਆਉਂਦੀ ਹੈ ਆਪਣਾ ਸਾਂਮਾ ਕਰ ਲੈਣ।

ਮਿਰਾਸੀ ਉਥੋਂ ਚਲ, ਰਸਤੇ ਵਿਚ ਸ਼ਾਹਸੀਨ ਦੀ ਖਾਨਗਾਹ ਤੇ ਭੰਗ ਰਗੜਦੀ ਵੇਖ ਕੇ ਉਥੇ ਬਹਿ ਗਿਆ ਤੇ ਭੰਗ ਪੀ ਕੇ ਪੈ ਗਿਆ—ਉਧਰ ਧੌਂਸ ਟੁਰ ਪਈ—ਪਿੰਡ ਵਿਚ ਅਵਾਈਆ ਉੱਡਿਆ ਹਿ ਅਜ ਕਾਲੰਕਿਆਂ ਤੇ ਧੌਂਸ ਪੈਣੀ ਹੈ– ਗਰਮੂਲੇ ਦੇ ਸਾਰੇ ਹਥਿਆਰਬੰਦ ਕਾਲੰਕੀ ਚਲੇ ਗਏ —ਪਿੰਡ ਸੁਨਾ ਰਹਿ ਗਿਆ।

ਪਿੰਡ ਦੀ ਜੂਹ ਵਿਚ ਜੁੰਮਾਂ ਮਾਛਕੀ ਸਵੇਰੇ ਬਾਵਠਾ ਲਦਾਂ ਬੈਠਾ ਸੀ ਤੇ ਧੌਂਸ ਵਾਲੇ ਆ ਪੁੱਜੇ ਉਹਨਾਂ ਉਸ ਤੋਂ ਮਰਿਆ ਹੋਇਆ ਹਰਨ ਲੈ ਕੇ ਭੁੰਨਣਾ ਸੁਰੂ ਕਰ ਦਿਤਾ—ਜੁੰਮੇ ਆਖਿਆ ਜੀ ਤੁਸੀਂ ਇਹ ਖਾਉ ਮੈਂ ਦੂਜੀ ਬਾਵਰ ਵੇਖ ਆਵਾਂ—ਉਹਨਾਂ ਨੂੰ ਧਿਆਨੋ ਲਾ ਕੇ ਆਪ ਪਿੰਡ ਭੱਜ ਕੇ ਜਾ ਖਬਰ ਕੀਤੀ—ਗ੍ਰੰਥੀ ਭਾਈ ਰਾਮ ਸਿੰਘ ਤੇ ਹੋਰਾਂ ਨੇ ਵਿਚਾਰ ਕਰਕੇ ਮੋਰਚ ਬੰਦੀ ਕਰ ਲਈ—ਤ ਗੰਜ ਸੰਖ ਨੇ ਵਾਹਰੂ ਢਲ ਵਜਾ ਦਿੱਤਾ ਤੇ ਪਿੰਡ ਦੇ ਸੂਰਮੇ ਸ਼ਸਤਰ ਲੈ ਕੇ ਧੌਂਸ ਦੇ ਆਉਂਦਿਆਂ ਸਾਰ ਗਲ ਪੈ ਗਏ। ਕਈ ਜਵਾਨ ਸ਼ਹੀਦੀਆਂ ਪਾ ਗਏ। ਭਾਈ ਰਾਮ ਸਿੰਘ ਸਖਤ ਫੱਟੜ ਹੋਏ।

ਉਧਰ ਜਦ ਕਾਲੰਕੀ ਪੁਜੇ ਉਹਨਾਂ ਆਖਿਆ ਇਹ ਅੰਵੇਂ ਕਿਸੇ ਅਵਾਈਆ ਉਡਾਇਆ ਜਾਪਦਾ ਹੈ—ਇਥੇ ਸਭ ਖੈਰ ਸੁੱਖ ਹੈ—ਜਦ ਪਰਤੇ ਤਾਂ ਉਹਨਾਂ ਆਪਣੇ ਪਿੰਡ ਵਾਹਰੂ ਢੋਲ ਵਜਦਾ ਸੁਣਿਆ—ਫਿਰ ਤਾਂ ਘੱੜ ਭਜਾ ਪਿੰਡ ਅਪੜਨ ਦੀ ਕੀਤੀ। ਲੜਾਈ ਅਜੇ ਜਾਰੀ ਸੀ, ਇਹਨਾਂ ਜੋਧਿਆਂ ਨੇ ਜੰਗ ਦਾ ਪਾਸਾ ਪਲਟ ਦਿੱਤਾ। ਧੌਂਸ ਵਾਲੇ ਕੁਝ ਮਰ ਗਏ ਜੋ ਬਚੇ ਉਹ ਲਾਹੌਰ ਨੂੰ ਧਾਈਆਂ ਕਰ ਗਏ।

ਇਸ ਸਾਕੇ ਵਿੱਚ ਹੋਰ ਸ਼ਹੀਦਾਂ ਸਮੇਤ ਚੌਧਰੀ ਗੰਗਦਾਸ ਤੇ ਉਹਨਾਂ ਦਾ ਸਪੁੱਤਰ ਸ਼ਹੀਦੀਆਂ ਪਾ ਗਏ। ਹਰਬਖਤ ਸਿੰਘ ਜੀ ਨਿਸੰਤਾਨ ਸਨ—ਇਸੇ ਲਈ ਬੀਬੀ ਸਾਹਿਬ ਕੌਰ ਨੇ ਸ: ਸੁਬੇਗ ਸਿੰਘ ਅਤੇ ਸਾਹਬਾਜ਼ ਸਿੰਘ ਦੀ ਸ਼ਹੀਦੀ 10.3.1746 ਪਿਛੋਂ ਆਪਣੀ ਮਾਤਾ ਜੀ ਨੂੰ ਵੀ ਕੋਲ ਹੀ ਬੁਲਾ ਲਿਆ ਸੀ।

ਉਸ ਸਾਕੇ ਵਿੱਚ ਮਰੇ ਧੌਂਸ ਦੇ ਆਦਮੀਆਂ ਨੂੰ ਇਕ ਟੋਏ ਵਿੱਚ ਦੱਬ ਦਿੱਤਾ ਗਿਆ, ਉਥੇ ਇਕ ਜੰਡ ਨਿਸ਼ਾਨੀ ਵਜੋਂ ਖੜਾ ਹੈ ਅਤੇ ਜਿਥੇ ਨਗਰ ਨਿਵਾਸੀ ਸ਼ਹੀਦਾਂ ਦਾ ਸੰਸਕਾਰ ਹੋਇਆ ਸੀ ਉਸ ਅੰਗੀਠੇ ਵਾਲੀ ਥਾਂ ਤੇ ਚਬੂਤਰਾ ਬਣਿਆ ਹੋਇਆ ਸੀ ਜਿਸ ਨੂੰ ਸ਼ਹੀਦ ਗੰਜ ਆਖਦੇ ਸਨ। ਹੋਰ ਜਾਣਕਾਰੀ ਵਾਸਤੇ ਵੇਖੋ ਭਾਈ ਸਾਹਿਬ, ਭਾਈ ਮੂਲ ਸਿੰਘ ਜੀ ਦੀ ਰਚਿਤ ਪੁਸਤਕ "ਖਾਲਸਾ ਚੰਦਨ ਬ੍ਰਿਛ"

12. **ਖੁਸ਼ਾਲ ਸਿੰਘ ਜੀ** – ਇਹਨਾਂ ਦਾ ਜਮਾਂਦਰੂ ਨਾਮ ਖੁਸੀਆਂ ਸੀ। ਇਹਨਾਂ ਨੂੰ ਸਰਬਾਲਾ ਬਨਾਉਣ ਵਾਸਤੇ ਸਿੰਘ ਸਜਾਇਆ ਗਿਆ ਸੀ।

13. **ਤਰਨ ਸਿੰਘ ਜੀ** ਅੱਜ ਕਲ (ਅਸੰਧ) ਪਿੰਡ ਬੰਦਰਾਲਾ ਹਨ—ਭਾਈ ਜੀਵਨ ਸਿੰਘ "ਚੱਕ ਜੰਦ" ਅਨੁਸਾਰ ਮਸ਼ਹੂਰ, ਲੀਡਰ ਅਤੇ ਅਕਾਲੀ ਪ੍ਰਚਾਰਕ ਹਨ।

ਨੋਟ : (ੳ) ਮਿਰਾਸੀ ਖਾਨ ਟੱਟੇ ਦੀ ਨਮਕ ਹਰਾਮੀ ਕਰਕੇ ਬਾਬੇ ਗੁਰਦਿੱਤਾ ਮਲ ਦੇ ਵੰਸਜ ਮਿਰਾਸੀਆਂ ਨੂੰ ਨਹੀਂ ਸੀ ਮੰਨਦੇ।

(ਅ) ਸ਼ਹੀਦ ਗੰਜ ਦੇ ਥੜੇ ਤੇ ਬੈਠ ਕੇ ਭਾਈ ਸਾਹਿਬ ਭਾਈ ਮੂਲ ਸਿੰਘ ਜੀ ਸੰਗਤਾਂ ਨੂੰ ਗੁਰ ਇਤਿਹਾਸ ਅਤੇ ਗੁਰਬਾਣੀ ਸੁਣਾਇਆ ਕਰਦੇ ਸਨ।

(ੲ) ਇਥੇ ਪਿੰਡ ਦੇ ਧਾਰੀਪੁਰੀਆਂ ਦੇ ਖੂਹ ਤੇ ਸਾਧਾਂ ਦਾ ਡੇਰਾ ਵੀ ਬਣਿਆ ਹੋਇਆ ਸੀ।

14. **ਮੱਖਣ ਸਿੰਘ ਜੀ** ਫੌਜ ਵਿਚੋਂ ਹਵਾਲਦਾਰੀ ਪੈਨਸ਼ਨ ਆਏ।

15. **ਬਰਕਤ ਸਿੰਘ**—ਪੱਤੀ ਜੈ ਸਿੰਘ ਦਾ ਸੰਪੂਰਨ ਸ਼ਜਰਾ ਅਤੇ ਬ੍ਰਿਤਾਂਤ ਇਹਨਾਂ ਦੀ ਜ਼ਬਾਨੀ ਮੈਂ (ਗਿਆਨੀ ਜੀ) ਨੇ ਪਿੰਡ ਨਜ਼ਦ ਅਸੰਧ 18.4.78 ਨੂੰ ਅੰਕਤ ਕੀਤੇ। ਇਸ ਵਕਤ ਆਪ ਜੀ ਘੱਟ ਵੱਧ 90 ਸਾਲ ਦੇ ਹਨ—ਪਰ ਯਾਦ ਸ਼ਕਤੀ ਗਜ਼ਬ ਦੀ ਬੰਦਰਾਲਾ ਹੈ। ਭਾਈ ਬਰਕਤ ਸਿੰਘ ਜੀ ਨੇ ਦੋ ਰਹਸਮਈ ਇਤਿਹਾਸਕ ਤੱਥ ਪ੍ਰਗਟ ਕੀਤੇ :

• ਇਸ ਦੀ ਮਾਂ ਬੁਪੜੇ ਤੋਂ ਜੰਡਿਆਲੇ ਜਾਂਦੀ ਪਠਾਣਾਂ ਧੱਕੇ ਨਾਲ ਖੋਹ ਲਈ ਜੋ ਗਰਮੂਲੇ ਦੇ ਸਿੰਘ ਨੇ ਉਥੇ ਹੀ ਪਠਾਣਾਂ ਕੋਲੋਂ ਛਡਾਈ ਸੀ।

(I) ਸੰਮਤ 1790 ਮੁਤਾਬਕ ਸੰਨ 1733 ਈ: ਨੂੰ ਜ਼ਕਰੀਆ ਖਾਨ ਸੂਬਾ ਲਾਹੌਰ ਨੇ ਖਾਲਸੇ ਨੂੰ ਜਾਗੀਰ ਅਤੇ ਨਵਾਬੀ ਖਿਤਾਬ ਅਤੇ ਖਿਲਅਤ ਸ: ਸੁਬੇਗ ਸਿੰਘ ਜੰਬਰ ਦੇ ਹੱਥ ਭੇਜੀ ਤਾਂ ਉਥੇ ਗਭਰੂ ਕਪੂਰ ਸਿੰਘ ਦੀ ਚੜ੍ਹਤਲ, ਹਲੀਮੀ ਸੇਵਾ ਭਾਵ ਤੇ ਸਿੱਖੀ ਸਿਦਕ ਵੇਖ ਕੇ ਪ੍ਰੇਮ ਵਿਭੋਰ ਹੋ ਗਿਆ। ਉਸ ਦੇ ਮਨ ਵਿੱਚ ਵਿਰਕਾਂ ਨਾਲ ਰਿਸ਼ਤਾ ਗੰਢਨ ਦੀ ਲਾਲਸਾ ਉੱਠੀ ਤਦ ਉਸ ਨੇ ਵਿਰਕੰਤ ਵਲ ਲਾਗੀ ਘੱਲਿਆ ਜਿਸ ਨੇ ਹਰਬਖਤ ਸਿੰਘ ਸ਼ਹੀਦ ਵਲ, ਜੰਬਰ ਸਰਦਾਰ ਦੀ ਪੁੱਤਰੀ ਬੀਬੀ ਸਾਹਿਬ ਕੌਰ ਦਾ ਰਿਸ਼ਤਾ ਕੀਤਾ।

ਵਿਆਹ ਦੇ ਸਮੇਂ ਜੰਬਰ ਸਰਦਾਰ ਨੇ ਨਵਾਬ ਕਪੂਰ ਸਿੰਘ ਨੂੰ ਜਥੇ ਸਮੇਤ ਸਦਿਆ ਹੋਇਆ ਸੀ। ਉਦੋਂ ਮੁਸਲਮਾਨ ਹਾਕਮ ਅਤੇ ਅਤੇ ਹੋਰ ਅਭਦਰ ਵਿਅਕਤੀ ਜੰਗ ਲੁੱਟ, ਡੋਲੇ ਖੋਹ ਲਿਆ ਕਰਦੇ ਸਨ। ਇਸ ਡਰ ਤੋਂ ਹਰਬਖਤ ਸਿੰਘ ਦੀ ਜੰਗ ਵਿਚ ਚੰਗੇ ਵਿਰਕ ਜੁਆਣ ਬਹਾਦਰੀ ਅਤੇ ਮੇਲ ਦੇ ਸ਼ਾਮਲ ਸਨ। ਜਿਨ੍ਹਾਂ ਵਿਚ ਸਿੰਘ ਤਾ ਟਾਂਵੇ ਟਾਂਵੇ ਪਰ ਮੋਨੇ (ਚਾਉਧਰੀ) ਅਧਿਕ ਸਨ। ਨਵਾਬ ਕਪੂਰ ਸਿੰਘ ਅਤੇ ਉਹਨਾਂ ਦੇ ਜਥੇ ਦੀ ਚੜ੍ਹਤਲ ਵੇਖ ਕੇ ਅਧਿਕ ਜਾਂਗੀ ਪ੍ਰਭਾਵਤ ਹੋਏ। ਜੰਬਰ ਸਰਦਾਰ ਅਤੇ ਨਵਾਬ ਸਾਹਿਬ ਨੇ ਸਲਾਹ ਕੀਤੀ ਤੇ ਹੋਕਾਂ ਦੇ ਦਿਤਾ ਕਿ ਕੱਲ ਅੰਮ੍ਰਿਤ ਪ੍ਰਚਾਰ ਹੋਵੇਗਾ ਅਭਲਿਸ਼ੀ ਸੱਜਣ ਕੇਸੀ ਇਸ਼ਨਾਨ ਕਰਕੇ ਹਾਜਰ ਹੋ ਜਾਣ। ਕੜਾਹਿਰਿਆਂ ਦਾ ਪ੍ਰਬੰਧ ਰਾਤੋਂ ਰਾਤ ਕੀਤਾ ਗਿਆ। ਅਗਲੇ ਭਲਕ ਨਵਾਬ ਸਾਹਿਬ ਨੇ ਕੜਾਹਾ ਭਰਕੇ ਅੰਮ੍ਰਿਤ ਤਿਆਰ ਕੀਤਾ। ਬੁੱਢੇ ਠੇਰੇ ਅਤੇ ਲਾਗੀ ਤਥੀ ਨੂੰ ਛਡਕੇ ਬਾਕੀ ਸਭ ਜਾਂਗੀ ਗੁਰੂ ਕੇ ਜਹਾਜ ਚੜ੍ਹ ਦਿਤੇ।

ਜੰਬਰ ਸਰਦਾਰ ਦੀ ਵਿਰਕਾਂ ਨਾਲ ਨਵੀਂ ਰਿਸ਼ਤੇਦਾਰੀ, ਦੂਸਰੇ ਨਵਾਬ ਕਪੂਰ ਸਿੰਘ ਦੀ ਹੱਥੀ ਬਾਰ ਵਿਚ ਸਿੱਖੀ ਦਾ ਵਾਧਾ, ਜਿਸ ਨੂੰ ਵਕਤ ਦੀ ਸਰਕਾਰ ਨੇ ਆਪਣੇ ਲਈ ਵੰਗਾਰ ਸਮਝਿਆ। ਜੰਬਰ ਸਰਦਾਰ ਦੀ ਸ਼ਹੀਦੀ ਦੇ ਕਾਰਨ ਬਣੇ। ਸ: ਸ਼ਾਹਬਾਜ਼ ਸਿੰਘ ਨੂੰ ਵੀ ਮੁਲਾਣਿਆਂ ਨੇ ਉਕਸਾਕੇ ਸ਼ਹੀਦੀ ਲਈ ਫਸਾਇਆ ਸੀ। ਵੱਟ ਵਿੱਚੋਂ ਵਿਰਕਾਂ ਦੇ ਰਿਸ਼ਤੇ ਅਤੇ ਸਿੱਖੀ ਪ੍ਰਚਾਰ ਦਾ ਸੀ।

ਪਿਆਰੇ ਪਾਠਕੋ, ਇਹ ਭਾਈ ਬਰਕਤ ਸਿੰਘ (ਬਿਰਧ 90 ਸਾਲ) ਠੇਠ ਅਣਪੜ੍ਹ ਅਤੇ ਨਿਰੋਲ ਜੱਟ ਹਨ। ਅੱਜ ਕਲ ਦੇ ਝੂਠ ਸਾਖੀਕਾਰਾਂ ਵਾਂਗੂ ਚਤਰ ਨਹੀਂ। ਮੈਂ (ਗਿਆਨੀ ਜੀ) ਨੇ ਆਖਰ ਪੁੱਛ ਹੀ ਲਿਆ "ਭਾਈ ਜੀ ਤੁਹਾਨੂੰ ਇਹਨਾਂ ਤੱਥਾਂ ਦਾ ਕਿਵੇਂ ਪਤਾ ਲੱਗਾ ? ਉੱਤਰ ਵਿਚ ਕਹਿਣ ਲੱਗੇ, ਮੈਂ ਛੋਟਾ ਹੁੰਦਾ ਆਪਣੇ ਦਾਦਾ ਜੀ ਕੋਲੋਂ ਸੁਣਦਾ ਹੁੰਦਾ ਸੀ। ਉਹ ਅਕਸਰ ਸ਼ਹੀਦ ਗੰਜ ਦੇ ਥੜੇ ਤੇ ਇਹ ਗੱਲਾ ਦਸਿਆ ਕਰਦੇ ਸਨ।

ਸਿੱਖ ਇਤਿਹਾਸ ਦੀ ਪੜਚੋਲ ਤੋਂ ਸਿੱਧ ਹੁੰਦਾ ਹੈ ਕਿ ਨਵਾਬ ਕਪੂਰ ਸਿੰਘ ਜੀ ਦੇ ਜਥੇ ਹੱਥੋਂ ਏਮਨਾਬਾਦ ਦਾ ਦੀਵਾਨ ਜਸਪਤ ਰਾਏ ਆਪਣੀ ਅੜਬਾਈ ਕਾਰਨ ਬਦੋ ਕੀ ਗੁਸਾਈਆਂ ਦੀ ਝਿੜੀ ਵਿਚ 7 ਮਾਰਚ 1746 ਨੂੰ ਮਾਰਿਆ ਗਿਆ। ਜਸਪਤ ਦੀ ਆਖਤ ਤੇ ਸ਼ਹਿਰੀ ਚਕਤੋਲ ਸਿੱਖਾਂ ਨੂੰ ਫੜਕੇ ਲਾਹੌਰ ਸੋਮਾਵਤੀ ਅਮਾਵਸ 10 ਮਾਰਚ 1746 ਵਾਲੇ ਦਿਨ ਸ਼ਹੀਦ ਕਰ ਦਿੱਤਾ ਗਿਆ। ਉਹਨਾਂ ਵਿਚ ਹੀ ਸਰਦਾਰ ਸਬੇਗ ਸਿੰਘ ਅਤੇ ਸਾਹਬਾਜ਼ ਸਿੰਘ ਦੋਵੇਂ ਪਿਉ ਪੁੱਤਰ ਸ਼ਹੀਦ ਕਰ ਦਿੱਤੇ ਗਏ। ਲਖਪਤ ਤੇ ਜਸਪਤ ਪਿਛੋਂ ਕਲਾਨੌਰ ਦੇ ਖੱਤਰੀ ਸਨ। ਲਖਪਤ ਨੂੰ ਘੁੰਗਣੀਆਂ ਵੇਰਦੇ ਨੂੰ ਮਾਣਕ ਵਾਲੇ ਭਾਈ ਪਿਰਥੀ ਜੀ ਨੇ ਪ੍ਰਸੰਨ ਹੋ ਕੇ ਦੀਵਾਨ ਹੋਣ ਦਾ ਵਰ ਦਿੱਤਾ ਸੀ।

ਜਦੋਂ ਲਖਪਤ ਨੇ ਬੇਦੋਸੇ ਸਿਖਾਂ ਨੂੰ ਫੜ ਕੇ ਸੋਮਾਵਤੀ ਅਮਾਵਸ (10.9.1745) ਵਾਲੇ ਦਿਨ ਕਤਲ ਦਾ ਹੁਕਮ ਦਿੱਤਾ ਤਦ ਭਾਈ ਪਿਰਥੀ ਦੀ ਥਾਵੇਂ ਭਾਈ ਜਗਤ ਭਗਤ ਜੀ ਸਨ। ਉਹਨਾਂ ਦੇ ਕਹਿਣ ਤੇ ਵੀ ਜਦੋਂ ਲਖਪਤ ਕਾਰੇ ਤੋਂ ਨਾ ਟਲਿਆ ਤਾਂ ਭਾਈ ਜਗਤ ਭਗਤ ਨੇ ਭਾਈ ਪਿਰਥੀ ਵਾਲਾ ਵਰ, ਸਰਾਪ ਵਿਚ ਇਹ ਕਹਿਕੇ ਬਦਲ ਦਿੱਤਾ ਕਿ :

ਜਿਸ ਪਾਣੀਉ ਉੱਗੀ ਸੀ ਉਸੇ ਵਿਚ ਹੀ ਮਾਰਾਂਗੇ। ਤੇ ਆਪ ਮਾਣਕ ਟੁਰ ਗਏ।

16. ਹਾਕਮ ਸਿੰਘ }
17. ਨਿਧਾਨ ਸਿੰਘ } ਦੋਨੋਂ ਪਿਉ ਪੁੱਤਰ 1947 ਵਿਚ ਪਾਕਿਸਤਾਨੀ ਫੌਜੀਆਂ ਹਥੋਂ ਮਾਰੇ ਗਏ। ਨਿਧਾਨ ਸਿੰਘ ਦੇ ਬੱਚਿਆਂ ਦੀ ਪਾਲਣਾ ਭਾਈ ਬਰਕਤ ਸਿੰਘ (15) ਨੇ ਕੀਤੀ।

18. **ਮਾਨ ਸਿੰਘ ਜੀ**—ਆਪ ਫੌਜ ਵਿਚੋਂ ਹਵਾਲਦਾਰੀ ਪੈਨਸ਼ਨ ਆਏ।

19. **ਜਗਦੀਸ਼ ਸਿੰਘ**—ਆਪ ਜੀ ਭਾਰਤੀ ਫੌਜ ਵਿੱਚ ਬ੍ਰਿਗੇਡੀਅਰ ਹਨ।

20. **ਗੁਰਕਿਰਪਾਲ ਸਿੰਘ ਜੀ**—ਆਪ ਜੀ ਤਹਿਸੀਲਦਾਰੀ ਤੋਂ ਰਿਟਾਇਰ ਹੋ ਕੇ ਅੱਜ ਕਲ ਆਪਣੀ ਕੋਠੀ ਨੰ: 435/6 ਨਜ਼ਦ ਗੁਰਦਵਾਰਾ ਮਾਈ ਨੰਦ ਕੌਰ ਲੁਧਿਆਣਾ ਰਹਿੰਦੇ ਹਨ।

21. **ਇਕਬਾਲ ਸਿੰਘ ਜੀ**—ਇਹ ਭਾਰਤੀ ਪੁਲਿਸ ਵਿਚ ਡੀ. ਐਸ. ਪੀ. ਹਨ ਅਤੇ ਅੱਜ ਕਲ੍ਹ ਨਿਯੁਕਤੀ ਗੁਹਾਣਾ ਜ਼ਿਲ੍ਹਾ ਰੋਹਤਕ ਹੈ।

22. **ਬਲਕਾਰ ਸਿੰਘ**—ਇਹ ਕਰਨਾਲ ਕਚਹਿਰੀ ਵਿਚ ਸਰਕਾਰੀ ਮੁਲਾਜ਼ਮ ਹਨ।


(ਵੇਖੋ ਭਾ: ਕਰਮ ਸਿੰਘ ਕ੍ਰਿਤ ਇਤਿਹਾਸਕ ਖੋਜ, ਪੰਨਾ 71)

23. ਅਵਤਾਰ ਸਿੰਘ—ਇਹ ਪੰਜਾਬ ਐਂਡ ਸਿੰਧ ਬੈਂਕ ਵਿੱਚ ਅਜੇ ਸੁਪਰਵਾਈਜ਼ਰ ਹਨ

24. ਹਰਦੇਵ ਸਿੰਘ ਹਵਾਲਦਾਰ ਪੈਨਸ਼ਨਰ ਹਨ।

25. ਮਤਾਬ ਸਿੰਘ ਵੀ ਫੌਜ ਵਿਚੋਂ ਹਵਾਲਦਾਰੀ ਪੈਨਸ਼ਨ ਆਏ ਸਨ।

ਪਿੰਡ ਗਰਗੁਲਾ ਦਾ ਇਕ ਆਦਿ ਗੁਰਸਿੱਖ ਪ੍ਰਚਾਰਕ ਘਰਾਣਾ



ਭਾਈ ਦਲੀਪ ਸਿੰਘ ਜੀ ਹਕੀਮ
ਕਰਨਾਲ

ਗੁਰੂ ਖਾਲਸੇ ਅੰਦਰ ਜਾਤਾਂ ਗੋਤਾਂ ਨੂੰ ਕੋਈ ਮਹਾਨਤਾ ਨਹੀਂ ਦਿੱਤੀ ਜਾਂਦੀ, ਗੁਰ ਹੁਕਮ ਹੈ :

ਫਕੜ ਜਾਤੀ ਫਕੜੁ ਨਾਂਉ ॥
ਸਭਨਾਂ ਜੀਆਂ ਇਕਾ ਛਾਂਉ ॥ (ਸਿਰੀ ਰਾਗ ਮ: 1)

ਇਸ ਦੇ ਵਿਪਰੀਤ ਕਈ ਸੱਜਣਾਂ ਨੇ ਆਪਣੀ ਵਿਦਵਤਾ ਦੀ ਧਾਂਕ ਬਿਠਾਣ ਵਾਸਤੇ, ਕੁਛ ਕੁ ਅਪਰ ਸੰਗਕ ਬਚਨ ਸਤਿਗੁਰ ਦੇ ਮੁਖਾਰਬਿੰਦ ਤੋਂ ਉਚਰੇ ਹੋਏ ਕਰਕੇ ਲਿਖੇ ਹਨ, ਯਥਾ :

ਮਾਨ ਮਿਤ ਨਹੀਂ, ਸੁਨਿਆਰਾ ਸਿੱਖ ਨਹੀਂ ॥
ਅਰਿੰਡ ਕਾਠ ਨਹੀਂ, ਰਿਉੜੀ ਪ੍ਰਸਾਦ ਨਹੀਂ ॥

ਹੁਣ ਅਗਰ ਅਸੀਂ ਮੰਨ ਲਈਏ ਕਿ 'ਮਾਨ' ਜਾਤ ਮਾੜੀ ਹੈ ਤਾਂ ਫਿਰ ਸਾਨੂੰ ਗੁਰ ਹੁਕਮ ਤੋਂ ਮੁੱਖ ਮੋੜਨਾ ਪਵੇਗਾ ਕਿ :

ਜਾਤੀ ਦੇ ਕੀਹ ਹਥਿ ਸਚੁ ਪ੍ਰਖੀਐ ।
ਮਹੁਰਾ ਹੋਵੈ ਹਥਿ ਮਰੀਐ ਚਖੀਐ ॥ (ਮਾਝ ਮ: 111-142)

ਇਸੇ ਤਰ੍ਹਾਂ ਹੀ ਜੇ "ਸੁਨਿਆਰਾ ਸਿੱਖ ਨਹੀਂ ਵਾਲੀ ਗੱਲ ਸਹੀ ਸਵੀਕਾਰ ਕੀਤੀ ਜਾਵੇ ਤਾਂ ਫਿਰ ਅਸੀਂ ਭਾਈ ਗੁਰਦਾਸ ਜੀ ਦੇ ਕਥਨ ਨੂੰ ਨਿਰਾਰਥ ਸਿੱਧ ਕਰਨ ਦਾ ਯਤਨ ਕਰਾਂਗੇ ਜੋ ਕਹਿੰਦੇ ਹਨ :

ਸਨਮੁਖ ਸੁਨਿਆਰਾ ਭਲਾ ਨਾਉ, ਨਿਹਾਲੂ ਸਪਰਵਾਰੀ ॥
ਗੁਰਮੁਖ ਸੁਖ ਫਲ ਕਰਨੀ ਸਾਰੀ ॥ (ਵਾਰ 11 ਪਉੜੀ 25)

ਅਰਥਾਤ (ਮੁਜੰਗਾਂ ਦੀ ਸੰਗਤ ਵਿੱਚ) 'ਭਲੇ ਨਾਉ ਵਾਲਾ ਨਿਹਾਲੂ ਸੁਨਿਆਰਾ ਸਪਰਵਾਰੀ ਸਨਮੁਖ ਹੈ। ਅਗੇ ਅਰਥ ਦਸਦੇ ਹਨ ਕਿ :—

"ਗੁਰਮੁਖਾਂ ਦੇ ਸਾਰੇ ਕੰਮ ਸਫਲ ਹਨ"


ਹੁਣ ਕੋਈ ਇਹੋ ਜਿਹੇ ਵਿਦਵਾਨ ਕੀ ਆਖੇ, ਜ ਕਿ ਉਪਰੋਕਤ ਮਨਘੜਤ ਲਕੋਕਤੀ ਨੂੰ ਸ੍ਰੀ ਮੁਖਵਾਕ ਕਰਕੇ ਲਿਖਦਾ ਹੈ—ਸਮਝ ਨਹੀਂ ਆਈ ਕਿ ਅਰਿੰਡ ਕਿਵੇਂ ਕਾਠ ਨਹੀਂ—ਇਸ ਦਾ, ਯੂ ਪੀ, ਵਿਚ ਬਾਲਣ ਦੀ ਥਾਂ ਅਤੇ ਛਪਰਾਂ ਵਿਚ ਬਾਂਸ ਦੀ ਥਾਵੇਂ ਆਮ ਪ੍ਰਯੋਗ ਹੁੰਦਾ, ਹੈ ਰਿਉੜੀ ਨੂੰ ਅਗਰ ਭਾਈ ਜੀ ਪ੍ਰਸਾਦ ਨਹੀਂ ਸਮਝਦੇ ਤਾਂ ਨਾ ਸਹੀ, ਅਸਾਂ ਸਮਝ ਕੇ ਕਿਹੜੀਆਂ ਰਿਉੜੀਆ ਲੈਣੀਆਂ ਹਨ।

ਇਸ ਸੁਭਾਗ ਨਗਰ ਗਰਮੂਲੇ ਵਿਚ ਸੁਨਿਆਰਿਆਂ ਦਾ ਇਕ ਪੁਰਾਤਨ ਗੁਰਸਿਖ ਖਾਨਦਾਨ ਰਹਿੰਦਾ ਸੀ ਜਿਸਦੇ ਬਾਰੇ ਸ੍ਰੀ ਮਾਨ ਭਾਈ ਰਾਮ ਸਿੰਘ ਨਾਮਧਾਰੀ (ਕੂਕੇ ਨਹੀਂ) ਜੀ ਨੇ ਆਪ ਪ੍ਰਤਕਾ ਮਿਤੀ 25 ਮਘਰ ਸੰਮਤ 2027 ਬਿ: ਨੂੰ ਲਿਖਿਆ, ਕਿਹਾ, ਇਹ ਪ੍ਰਵਾਰ ਨਾਮਧਾਰੀਆ (ਕੂਕੇ ਨਹੀਂ) ਦਾ ਹੈ। ਇਸਦੇ ਵਡਿਆਂ ਨੇ, ਇਲਾਕੇ ਪਿੰਡਾਂ, ਗਰਮੂਲਾ, ਸਾਹੋਕੇ, ਖਾਰਾ, ਲੀਲ ਚੱਕ, ਅਹੀਯਾ, ਕੁਰਲਕੇ, ਗਦਾਂ ਵਾਲਾ, ਕੜਯਾਲ ਅਤੇ ਮਸੰਦਾ ਆਦਿ ਵਿਚ ਨਾਮ ਬਾਣੀ ਅਤੇ ਗੁਰਸਿਖ ਰਹਿਤ ਮਰਯਾਦਾ ਦਾ ਪ੍ਰਚਾਰ ਕੀਤਾ।

---

1. ਇਹ ਨਿਰਾਰਥ ਅਤੇ ਗੁਰਮਤ ਵਿਰੁਧ ਲਕੋਕਤੀ ਆਪਣੀ ਕ੍ਰਿਤੀਆਂ ਵਿਚ ਲਿਖਣ ਪਿਛੋ ਭਾਈ ਕਰਤਾਰ ਸਿੰਘ ਕਲਾਸ ਵਾਲੀਏ ਨੂੰ ਅਦਾਲਤ ਵਿੱਚ ਮੁਆਫੀ ਮੰਗਣੀ ਪਈ ਸੀ—ਜਿਸ ਦਾ ਰਿਕਾਰਡ ਸ੍ਰੋ: ਗੁ: ਪ੍ਰ: ਕਮੇਟੀ ਪਾਸ ਹੈ।

ਇਸ ਪ੍ਰਵਾਰ ਦੀ ਪ੍ਰਾਪਤ ਬੰਸਾਵਲੀ ਇਉਂ ਹੈ :



1) **ਭਾਈ ਰਾਮ ਸਿੰਘ ਜੀ** ਨਾਮਧਾਰੀ । ਇਹ ਪਿਛੋਂ ਪਿੰਡ ਖਾਰਾ ਨਜ਼ਦ ਕਤਯਾਲ ਕਲਾ ਜ਼ਿ: ਗੁਜਰਾਂ ਵਾਲਾ ਦੇ ਵਸਨੀਕ ਸਨ । ਦੇਸ ਵਿਭਾਜਨ ਪਿਛੋਂ ਪਿੰਡ ਸੈਂਤਲੀ, ਤਹਿਸੀਲ ਨਿਰਵਾਣਾ ਜ਼ਿਲਾ ਜੀਂਦ ਵਿਚ ਆ ਕੇ ਸਥਾਪਤ ਹੋਏ । ਆਪ ਜੀ 150 ਸਾਲ ਆਯੂ ਭੋਗ ਕੇ 1972 ਵਿਚ ਗੁਰਪੁਰੀ ਸਿਧਾਰ ਗਏ ।

2) ਭਾਈ ਲਾਲ ਸਿੰਘ ਜੀ ਉਪਰੋਕਤ ਭਾਈ ਰਾਮ ਸਿੰਘ ਜੀ ਦੇ ਨਾਲ ਆਪਣੇ ਇਲਾਕੇ ਵਿਚ ਗੁਰਸਿਖੀ ਦਾ ਪ੍ਰਚਾਰ ਕੀਤਾ—ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ—ਇਸ ਪ੍ਰਵਾਰ ਵਿਚੋਂ ਦੋ ਤਿੰਨ ਸਿਧ ਪ੍ਰਯੋਗ (ਮਜਰੱਬ ਨੁਸਖੇ) ਸਨ। ਜਿਨ੍ਹਾਂ ਦੀ ਮੁਫਤ ਵਰਤੋਂ ਕਰਕੇ, ਨਾਮਣਾ ਖਟਿਆ—ਆਪ ਜੀ 105 ਸਾਲ ਦੀ ਆਯੂ ਭੋਗ ਕੇ ਗੁਰਪੁਰੀ ਸਿਧਾਰੇ ।

3) ਭਾਈ ਨਿਹਾਲ ਸਿੰਘ—ਇਹਨਾਂ ਵੀ ਆਪਣੀ ਪਿਤਾ ਪੁਰਖੀ ਮਰਯਾਦਾ ਚਲਾਈ ਰਖੀ—ਇਹ ਬੜੇ ਦ੍ਰਿੜ੍ਹ, ਵਿਸਵਾਸੀ, ਅੰਮ੍ਰਿਤਧਾਰੀ ਸਿੰਘ ਸਨ ।

4) ਭਾਈ ਸੁੰਦਰ ਸਿੰਘ—ਯਥਾ ਨਾਮ ਤਥਾ ਕਾਮ ਅਗਰ ਨਾਮ ਸੁੰਦਰ ਸੀ ਤਾਂ ਆਪ ਦਾ ਅਚਾਰ ਵਿਹਾਰ ਅਤੇ ਦਰਸ਼ਨ ਵੀ ਸੁੰਦਰ ਸਨ । ਆਪ ਜੀ ਪੂਰਨ ਗੁਰਸਿਖ ਨਾਮ ਬਾਣੀ ਦੇ ਰਸੀਏ ਪ੍ਰਚਾਰਕ ਸਨ । ਗਿਆਨੀ ਜੀ ਨੂੰ ਆਪ ਜੀ ਦੇ ਦਰਸ਼ਨਾਂ ਦਾ ਸੁਭਾਗ ਜੋੜ ਮੇਲਿਆ ਵਿਚ ਪ੍ਰਾਪਤ ਹੋਇਆ ।

ਦੇਵ ਨੇਤ ਭਾਈ ਸੁੰਦਰ ਸਿੰਘ ਜੀ ਨੂੰ ਪੇਟ ਦੀਆਂ ਹਜੀਰਾਂ (ਪੇਟ ਦਾ ਕੈਂਸਰ) ਦਾ ਰੋਗ ਹੋ ਗਿਆ । ਉਸਦੇ ਉਪਚਾਰ ਵਾਸਤੇ ਆਪ ਜੀ ਭਾਈ ਸਾਹਿਬ ਭਾ: ਮੂਲ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਹੋ ਗਏ । ਭਾਈ ਸਾਹਿਬ ਆਪਣੇ ਜ਼ਮਾਨੇ ਵਿਚ ਸਿਧਹਸਤ ਵੈਦ ਮੰਨੇ ਜਾਂਦੇ ਸਨ । ਭਾਈ ਸਾਹਿਬ ਦੇ ਉਪਚਾਰ ਕਰਨ ਤੇ ਗੁਰੂ ਮਹਾਰਾਜ ਦੀ ਮਿਹਰ ਹੋਈ ਕਿ ਭਾਈ ਸੁੰਦਰ ਸਿੰਘ ਜੀ ਰੋਗ ਮੁਕਤ ਹੋ ਗਏ । ਤਿਸ ਪਸਚਾਤ ਭਾਈ ਸਾਹਿਬ ਦੀ ਸੰਗਤ ਨੇ ਉਹ ਪਾਰਸ ਕਲਾ ਵਰਤਾਈ ਕਿ ਆਪ ਜੀ ਸਪਰਿਵਾਰ ਕੁੰਦਨ ਹੋ ਗਏ ।

ਭਾਈ ਸੁੰਦਰ ਸਿੰਘ ਜੀ ਆਪਣਾ ਸੁੰਦਰ ਜੀਵਨ ਦੀਰਘ ਆਯੂ ਪ੍ਰਯੰਤ ਭੋਗ ਕੇ 20 ਜਨਵਰੀ 1964 ਨੂੰ ਗੁਰਪੁਰੀ ਪਿਆਣੇ ਕਰ ਗਏ ।

5) **ਭਾਈ ਦਲੀਪ ਸਿੰਘ**, ਆਪ ਜੀ ਦੇ ਪਿਤਾ ਭਾਈ ਸੁੰਦਰ ਸਿੰਘ ਜੀ ਇਹਨਾਂ ਨੂੰ ਉਕਤ ਭਾਈ ਸਾਹਿਬ ਭਾ: ਮੂਲ ਸਿੰਘ ਜੀ ਕੋਲ ਵੈਦਗੀ ਸਿੱਖਣ ਵਾਸਤੇ ਛਡ ਗਏ । ਲੋਕੋਕਤ ਹੈ :

ਸੰਗਤ ਕਰੀਏ ਬੜਨ ਕੀ ਬਨਤ ਬਨਤ ਬਨ ਜਾਇ ॥
ਬਾਂਸ ਫਾਂਸ ਅਰ ਮੀਸਰੀ ਏਕੇ ਭਾਇ ਬਿਕਾਇ ॥

(ਨੋਟ ਚਾਲੂ ਅਗਲਾ ਪੰਨਾ)

ਪਿਛਲੇ ਪੰਨੇ ਤੇ ਨੋਟ ਚਾਲੂ

ਬਾਲਕ ਦਲੀਪ ਸਿੰਘ ਮਹਾਂਪੁਰਸ਼ ਦੀ ਸੰਗਤ ਵਿਚ ਇੱਕ ਸਿਧਹਸਤ ਵੈਦ ਅਤੇ ਗੁਰਮਤ ਪ੍ਰਚਾਰਕ ਹੋ ਉਭਰਿਆ। ਭਾਈ ਸਾਹਿਬ ਨੇ ਪਿੰਡ ਨੁਸ਼ਹਿਰਾ ਵਿਰਕਾਂ ਦੀ ਸਲਾਹ ਨਾਲ ਆਪਣੇ ਸਯੋਗ ਸਿਖਿਆਰਥੀ (ਦਲੀਪ ਸਿੰਘ) ਨੂੰ ਵੈਦਗੀ ਦੀ ਦੁਕਾਨ ਖੋਹਲ ਦਿੱਤੀ ਅਤੇ ਆਪ ਖ਼ੁਦ ਵੀਹ ਦਿਨ ਉਥੇ ਟਿਕ ਕੇ ਨਾਲੇ ਤਾਂ ਗੁਰਸਿੱਖੀ ਦਾ ਪ੍ਰਚਾਰ ਕੀਤਾ ਤੇ ਨਾਲੇ ਦਲੀਪ ਸਿੰਘ ਦੇ ਕੰਮ ਦੀ ਦੇਖ ਭਾਲ ਵੀ ਕਰਦੇ ਰਹੇ।

ਵੀਹ ਦਿਨ ਪਿਛੋਂ ਜਦ ਆਪ ਜੀ ਘਰ ਪਰਤਨ ਲੱਗੇ ਤਾਂ ਇਲਾਕੇ ਦੀ ਸੰਗਤ ਨੇ ਨੁਸਹਿਰੇ ਟਿਕ ਕੇ ਪ੍ਰਚਾਰ ਅਤੇ ਉਪਚਾਰ ਲਈ ਬੇਨਤੀ ਕੀਤੀ ਤਾਂ ਆਪ ਜੀ ਨੇ ਫ਼ੁਰਮਾਇਆ "ਮੈਂ ਆਪਣੀ ਥਾਵੇਂ ਤੁਹਾਨੂੰ ਦਲੀਪ ਸਿੰਘ ਦੇ ਚਲਿਆ ਹਾਂ" ਜਿਸ ਤੇ ਦੇਸ਼ ਬਟਵਾਰੇ ਤਕ ਭਾਈ ਦਲੀਪ ਸਿੰਘ ਨੇ ਫੁਲ ਚੜ੍ਹਾਏ। ਆਪ ਜੀ ਨੇ ਵੈਦੰਗੀ ਅਤੇ ਗੁਰਮਤ ਪ੍ਰਚਾਰ ਵਿੱਚ ਚੰਗਾ ਨਾਮਣਾ ਖਟਿਆ। 1947 ਦੇਸ਼ ਦੇ ਬਟਵਾਰੇ ਉਪਰੰਤ ਭਾਈ ਦਲੀਪ ਸਿੰਘ ਕਰਨਾਲ ਆ ਟਿਕੇ। ਜਿਥੇ ਚੌਕ ਦਿਆਲਪੁਰਾ ਵਿਚ ਆਪ ਜੀ ਦੀ ਵੈਦਗੀ ਦੁਕਾਨ ਗੁਰੂ ਕਿਰਪਾ ਨਾਲ ਸਫਲਤਾ ਪੂਰਬਕ ਚਲ ਰਹੀ ਹੈ ਉਥੇ ਆਪ ਜੀ ਗੁਰੂ ਘਰ ਦੇ ਇਕ ਨਿਰਮਾਨ ਸੇਵਕ ਹੋ ਨਿਤਰੇ ਹਨ ਅਤੇ ਚੜ੍ਹਦੀਕਲਾ ਵਿਚ ਹਨ।

(ਇਹ ਚਿੱਠੀ ਦਲੀਪ ਸਿੰਘ ਹਕੀਮ ਵਲੋਂ ਗਿਆਨੀ ਜੀ ਨੂੰ ਲਿਖੀ ਪ੍ਰਤੀਤ ਹੁੰਦੀ ਹੈ।

ਭਗਵੰਤ ਸਿੰਘ ਆਜ਼ਾਦ

ਪਿਆਰੇ ਸਤਿਕਾਰ ਯੋਗ ਗੁਰਮੁਖ ਪਿਆਰੇ ਵੀਰ ਜੀ ਵਾਹਿਗੁਰੂ ਜੀ ਦੀ ਫਤਿਹ ਪ੍ਰਵਾਨ ਹੋਵੇ ਬੇਨਤੀ ਹੈ ਕਿ ਤੁਹਾਡੀ ਭੇਜੀਆਂ ਹੋਈਆ ਚਿੱਠੀਆਂ ਦਾ ਉੱਤਰ ਜੋ ਮੇਰੇ ਬਾਰੇ ਹੈ ਉਸ ਬਾਰੇ ਵੇਰਵੇ ਮੈਂ ਠੀਕ ਸਮਝੇ ਹਨ ਆਪ ਜੀ ਨੂੰ ਲਿਖ ਕੇ ਭੇਜ ਰਿਹਾ ਹਾਂ ਜੋ ਤੁਸੀਂ ਠੀਕ ਸਮਝੋ ਰਦੋ ਬਦਲ ਕਰ ਲੈਣਾ।

ਸੁਨਿਆਰੇ ਸਿੱਖ

ਆਮ ਤੌਰ ਤੇ ਸਿੱਖਾਂ ਵਿਚ ਅਣਪੜ੍ਹ ਕਥਾਕਾਰਾਂ ਅਤੇ ਪੂਰੇਗਿਆਨ ਤੋਂ ਹੀਨ ਕਚ ਘਰੜ ਇਤਿਹਾਸਕਾਰਾਂ ਕਈ ਇਕ ਗਲਤ ਖਿਆਲ ਜਾਂ ਅਖਾਵਤਾਂ ਪ੍ਰਚਲਤ ਕਰ ਰੱਖੀਆਂ ਹਨ ਜਿਨ੍ਹਾਂ ਨੂੰ ਗੁਰੂਮੁਖ ਤੋਂ ਉਚਰੀਆਂ ਹੋਈਆਂ ਦਰਸਾ ਕੇ ਜਨ ਸਧਾਰਨ ਨੂੰ ਭਰਮਾਂ ਤੇ ਭੁਲੇਖਿਆਂ ਵਿਚ ਪਾਏ ਹਨ ਜਿਵੇਂ :—

"ਮਾਨ ਮਿਤ ਨਹੀਂ, ਸੁਨਿਆਰਾ ਸ਼ਿੱਖ ਨਹੀਂ, ਅਰਿੰਡ ਕਾਠ ਨਹੀਂ, ਤੇ ਰਿਉੜੀ ਪ੍ਰਸ਼ਾਦ ਨਹੀਂ।"

ਇਹ ਕਾਵਿ ਟੋਟਾ ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲੀਏ ਦਾ ਲਿਖਿਆ ਹੋਇਆ ਸੀ ਜਿਸ ਤੇ ਇਹ ਲਿਖਣ ਤੇ ਅਦਾਲਤ ਵਿਚ ਦਾਹਵਾ ਕੀਤਾ ਗਿਆ ਤੇ ਗਿਆਨੀ ਜੀ ਨੇ ਆਪਣੀ ਭੁਲ ਅਦਾਲਤ ਵਿਚ ਮੰਨੀ ਜਿਸ ਦਾ ਸਬੂਤ ਸ੍ਰ: ਕਮੇਟੀ ਅੰਮ੍ਰਿਤਸਰ ਦੇ ਰੀਕਾਰਡ ਵਿਚ ਹੈ।

ਸਾਨੂੰ ਸਾਰੀ ਗੁਰਬਾਣੀ ਨੂੰ ਵਿਚਾਰਨ ਤੋਂ ਇਹ ਪਤਾ ਲੱਗਦਾ ਹੈ ਕਿ ਗੁਰੂ ਸਾਹਿਬਾਨ ਨੇ ਕਿਸੇ ਵੀ ਸ਼ਬਦ ਵਿਚ ਮਾਨ ਜਾਤ, ਸੁਨਿਆਰੇ ਜਾਂ ਹੋਰ ਕਿਸੇ ਵੀ ਜਾਤ ਦੀ ਨਿੰਦਿਆ ਨਹੀਂ ਕੀਤੀ ਨਾ ਉਹਨਾਂ ਦੀ ਬਾਣੀ ਤੋਂ ਇਹ ਪਤਾ ਲੱਗਦਾ ਹੈ ਕਿ ਉਹ ਹਰ ਮਨੁੱਖ ਮਾਤਰ ਨੂੰ ਨਹੀਂ ਪਿਆਰਦੇ ਸਨ। ਮਨੁੱਖ ਮਾਤਰ ਨੂੰ ਪੁੱਤਰ ਜੇਹਾ ਪਿਆਰ ਕਰਨ ਦੇ ਨਾਲ ਨਾਲ ਸਾਡੇ ਸਤਿਗੁਰੂ ਕੇਵਲ ਪਾਖੰਡ ਪਾਪ ਅਨਿਆਂ ਦ ਵਿਰੋਧੀ ਸਨ। ਕਿਸੇ ਖਾਸ ਜਾਤੀ ਨਾਲ ਉਨ੍ਹਾਂ ਦਾ ਵੈਰ ਭਾਵ ਦੱਸਣ ਦੀ ਨਿੰਦਿਆ ਹੈ।

ਸਾਡੇ ਕੋਲ ਗੁਰਮਤ ਬਾਰੇ ਨਿਰਨਾ ਕਰਨ ਲਈ ਚਾਰ ਕਸਵਟੀਆਂ (ਬਾਣੀਆਂ) ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਬਾਣੀ ਦਸਮ ਪਾਤਸ਼ਾਹ ਤੇ ਭਾਈ ਨੰਦ ਲਾਲ ਜੀ ਨੇ ਪੂਰੇ ਗੁਰਸਿੱਖਾਂ ਬਾਰੇ ਜੋ ਲਿਖਿਆ ਹੈ ਉਹਨਾਂ ਵਿਚ ਸੁਨਿਆਰਿਆਂ ਬਾਰੇ ਲਿਖਦੇ ਹਨ :—

"ਸਨਮੁਖੁ ਸੁਨਿਆਰਾ ਭਲਾ ਨਾਉਂ ਨਿਹਾਲੂ ਸਪਰਵਾਰੀ।" ਵਾਰ 11—ਪਉੜੀ 25

ਅਸਲੀਅਤ ਇਹ ਹੈ ਕਿ ਸਾਡੇ ਮਤ ਦੇ ਪੁਰਾਣੇ ਅਤੇ ਨਵੇਂ ਲੇਖਕਾਂ ਨੇ ਆਪਣੀ ਬੁੱਧੀ ਤੇ ਨਿਸ਼ਚੇ ਅਨੁਸਾਰ ਕਈ ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਤੋਂ ਸਾਨੂੰ ਕਈ ਪ੍ਰਕਾਰ ਦੇ ਭੁਲੇਖੇ ਪੈ ਜਾਂਦੇ ਹਨ ਇਨ੍ਹਾਂ ਗ੍ਰੰਥਾਂ ਤੇ ਡੂੰਘੇ ਖੋਜ ਤੋਂ ਪ੍ਰਤੀਤ ਹੁੰਦਾ ਹੈ ਕਿ ਸਾਡੇ ਮਤ ਦੇ ਕਵੀਆਂ ਨੇ ਅਣਮਤੀਏ ਗ੍ਰੰਥ ਕਾਰਾਂ ਦੀ ਨਕਲ ਕਰਦੇ ਹੋਏ ਇਹ ਭਾਰੀ ਭੁੱਲ ਕੀਤੀ ਹੈ ਕਿ ਸਮਾਜ, ਨੀਤੀ ਅਤੇ ਧਰਮ ਆਦਿ ਦੇ ਵਿਸ਼ੇ ਇਕੱਠੇ ਕਰਕੇ ਮਜ਼ਬੀ ਰੰਗਤ ਦਿੱਤੀ ਹੈ। ਬਿਨਾਂ ਛਾਨ ਬੀਨ ਕੀਤੇ ਅਨੇਕਾਂ ਪ੍ਰਸੰਗ ਐਸੇ ਲਿਖੇ ਹਨ ਜੋ ਮੂਲੋਂ ਨਿਰਮੂਲ ਅਥਵਾ ਗੁਰਮਤ ਤੋਂ ਦੂਰ ਲਿਜਾਂਦੇ ਹਨ। ਇਹ ਕੁਦਰਤੀ ਹੈ ਕਿ ਜਦ ਅਸੀਂ ਆਪਣੇ ਮਤ ਦੀਆਂ ਪੁਸਤਕਾਂ ਆਪਸੀ ਵਿਚ ਵਿਰੋਧ ਦੇਖਦੇ ਤਾਂ ਮਨ ਭ੍ਰਮ-ਚੱਕ੍ਰ ਵਿਚ ਪੈ ਜਾਂਦਾ ਹੈ ਤੇ ਸਾਨੂੰ ਇਹ ਨਿਰਨਾ ਕਰਨਾ ਔਖਾ ਹੋ ਜਾਂਦਾ ਹੈ ਕਿ ਗੁਰਮਤ ਦਾ ਸੱਚਾ ਉਪਦੇਸ਼ਕ ਕਿਹੜਾ ਹੈ ਪਰ ਜਦੋਂ ਅਸੀਂ ਵਿਚਾਰ ਸ਼ਕਤੀ ਤੋਂ ਕੰਮ ਲੈਂਦੇ ਹਾਂ ਅਤੇ ਜਿਸ ਤਰਾਂ ਇਸ ਦੀ, ਹਿੰਦੂ ਜਾਂ ਮੁਸਲਮਾਨਾਂ ਆਦਿਕਾਂ ਨੇ ਅੰਜੀਲ ਕੁਰਾਨ ਅਤੇ ਵੇਦ ਆਦਿਕ ਧਰਮ ਪੁਸਤਕਾਂ ਨੂੰ ਪ੍ਰਮਾਣ ਅਤੇ ਵਿਰੁਧ ਵਚਨਾਂ ਨੂੰ ਅਪ੍ਰਮਾਣ ਮੰਨਿਆ ਹੈ ਉਸੇ ਤਰ੍ਹਾਂ ਸਤਿਗੁਰਾਂ ਦੀ ਸ੍ਰੀ ਮੁਖਵਾਕ ਬਾਣੀ ਦੀ ਕਸੌਟੀ ਨਾਲ ਸਭ ਸਿਖ ਮਤ ਦੇ ਪੁਸਤਕਾਂ ਦੀ ਪ੍ਰੀਖਿਆ ਕਰਕੇ ਗੁਰਬਾਣੀ ਦੇ

ਦਾ ਤਿਆਗ ਅਤੇ ਅਨੁਕੂਲ ਵਚਨਾਂ ਦਾ ਗ੍ਰਹਣ ਕਰਦੇ ਹਾਂ ਤਾਂ ਸਾਰੀਆਂ ਤਕਲੀਫਾਂ ਛਿਨ ਵਿਚ ਮਿਟ ਜਾਂਦੀਆਂ ਹਨ ਅਤੇ ਇਹ ਗੁਰਮਤ ਦਾ ਸਿਧਾ ਰਸਤਾ ਹੈ। ਗੁਰਮਤ ਵਿਚ ਜਨਮ ਤੋਂ ਜਾਤ ਨਹੀਂ ਮੰਨੀ ਸਗੋਂ ਕਰਮ ਤੋਂ ਮੰਨੀ ਜਾਂਦੀ ਹੈ ਗੁਰਬਾਣੀ ਵਾਕ ; "ਨਾਨਕ ਨਾਵੈ ਬਾਝੁ ਸਨਾਤਿ, ਖਸਮੁ ਵਿਸਾਰਹਿ ਤੇ ਕਮਜਾਤ।"

ਏਸੇ ਸਚਾਈ ਦੀ ਪ੍ਰੋੜਤਾ ਥਲੇ ਲਿਖੇ ਇਕ ਗੁਰਸਿਖ ਘਰਾਨੇ ਦੇ ਹਵਾਲੇ ਤੋਂ ਹੁੰਦੀ ਹੈ।

ਪਿੰਡ ਗਰਮੂਲਾ ਕਲਾਂ ਜਿਲਾ ਗੁਜਰਾਂਵਾਲਾ ਪਾਕਿਸਤਾਨ ਵਿਚ ਇਕ ਸੁਨਿਆਰ ਪ੍ਰੀਵਾਰ ਰਹਿੰਦਾ ਸੀ ਜਿਸ ਦੇ ਬਾਰੇ ਭਾਈ ਰਾਮ ਸਿੰਘ ਜੀ ਪਿੰਡ ਗੁਜਰਾਂਵਾਲਾ ਪਾਕਿਸਤਾਨ ਵਾਲਿਆਂ ਨੇ ਜੋ ਪੂਰਨ ਗੁਰਸਿਖ ਤੇ ਨਾਮ ਰਸੀਏ, ਜੋ ਮੇਰੇ ਦਾਦਾ ਭਾਈ ਨਿਹਾਲ ਸਿਘ ਜੀ ਨਾਲ ਉਸ ਇਲਾਕੇ ਦੇ ਪਿੰਡਾਂ ਵਿਚ ਗੁਰਮਤ ਦਾ ਪ੍ਰਚਾਰ ਕਰਦੇ ਸਨ, ਕਿਉਂਕਿ ਸਾਡਾ ਪ੍ਰੀਵਾਰ ਵੀ ਗੁਰ-ਸਿੰਘ ਸਨ, ਨਾਮਧਾਰੀ (ਕੂਕੇ) ਨਹੀਂ ਸਨ ਇਕ ਦੂਜੇ ਦੇ ਜਾਣੂੰ ਸਨ, ਤੇ ਜੋ ਪਾਕਿਸਤਾਨ ਪਿਛੋਂ ਪਿੰਡ ਸੈਂਤਲੀ ਜਿਲਾ ਜੀਂਦ ਤਹਿਸੀਲ ਨਰਵਾਨਾ ਵਿਚ ਰਹਿੰਦੇ ਸਨ ਤੇ ਜੋ 150 ਸਾਲ ਦੀ ਆਯੂ ਭੋਗ ਕੇ ਗੁਰਪੁਰੀ ਸਿਧਾਰ ਗਏ ਹਨ। ਉਹਨਾਂ ਨੇ ਮਿਤੀ 24 ਮਘਰ 2027 ਬਿਕਰਮੀ ਵਿਚ ਇਸ ਪ੍ਰੀਵਾਰ ਦੇ ਬਜ਼ੁਰਗਾਂ ਦੀ ਸ਼ਲਾਘਾ ਕੀਤੀ ਹੈ ਕਿ ਇਸ ਦੇ ਵਡਿਆਂ ਨੇ ਇਲਾਕੇ ਦੇ ਪਿੰਡਾਂ ਵਿਚ ਬਹੁਤ ਪ੍ਰਚਾਰ ਕੀਤਾ।

ਇਸ ਪ੍ਰੀਵਾਰ ਦਾ ਪ੍ਰਾਪਤ ਸਜਰਾ (ਹਵਾਲਾ) ਇਉਂ ਹੈ :

1. ਭਾਈ ਲਾਲ ਸਿੰਘ

2. ਭਾਈ ਨਿਹਾਲ ਸਿੰਘ

3. ਭਾਈ ਸੁੰਦਰ ਸਿੰਘ 7 ਮਾਘ 2020 ਬਿ:, ਚਲਾਣਾ 20-1-64 ਈ: ਭਾਈ ਮੰਗਲ ਸਿੰਘ, ਭਾਈ ਦਲੀਪ ਸਿੰਘ, ਭਾ. ਦਿਆਲ ਸਿੰਘ, ਭਾ: ਰਘਬੀਰ ਸਿੰਘ

ਭਾ: ਸੰਤੋਖ ਸਿੰਘ ਭਾ: ਪ੍ਰਿਤਪਾਲ ਸਿੰਘ ਸਾਹਿਬ ਸਿੰਘ

---

1) ਇਹਨਾਂ ਨੇ 105 ਸਾਲ ਆਯੂ ਭੋਗੀ ਆਪਣੇ ਜੀਵਨ ਵਿਚ ਲੋਕਾਂ ਨੂੰ ਦਵਾ ਦਾਰੂ ਮੁਫਤ ਦਿੱਤਾ। ਜੋ ਦੋ ਤਿੰਨ ਨੁਸਖੇ ਸਾਡੇ ਖਾਨਦਾਨ ਵਿਚ ਸਨ ਅਤੇ ਇਸ ਨਾਲ ਗੁਰਮਤ ਦਾ ਪ੍ਰਚਾਰ ਕਰਦੇ ਰਹੇ।

2) ਗੁਰਮਤਿ ਵਿਚ ਵੀ ਇਹੋ ਮਰਯਾਦਾ ਚਲਦੀ ਰਹੀ ਤੇ ਅੰਮ੍ਰਿਤਧਾਰੀ ਸਿੰਘ ਸੀ।


3) ਜਦੋਂ ਉਹ ਬਾਬਾ ਜੀ ਦੀ ਸੰਗਤ ਵਿਚ ਆਏ ਤਾਂ ਬਾਬਾ ਜੀ ਦੀ ਸੰਗਤ ਨੇ ਉਹਨਾਂ ਨੂੰ ਤੇ ਸਾਡੇ ਸਾਰੇ ਪ੍ਰੀਵਾਰ ਨੂੰ ਲੋਹ ਵਰਗਾ ਕੰਮ ਕੀਤਾ।


ਸੋ ਵੀਰ ਜੀ ਸਿੱਖੀ ਕੀ ਹੈ ? ਇਹ ਜੀਵਨ ਜੀਣ ਦਾ ਢੰਗ ਹੈ ਜੋ ਦਸ ਗੁਰੂ ਸਾਹਿਬਾਨ ਨੇ ਆਪ ਜੀਵਿਆ ਤੇ ਉਸੇ ਅਨੁਸਾਰ (ਸ੍ਰੀ ਗੁਰੂ ਗਰੰਥ ਸਾਹਿਬ) ਦੇ ਹੁਕਮਾਂ ਅਨੁਸਾਰ ਸਿੱਖਾਂ ਨੂੰ ਜੀਉਣ ਲਈ ਕਿਹਾ। ਇਹ ਆਪਣੇ ਆਪ ਵਿਚ ਇਕ ਸੰਪੂਰਨ ਜੀਵਨ ਹੈ ਤੇ ਇਸ ਦਾ ਧੁਰਾ ਵਾਹਿਗੁਰੂ ਨਾਮ ਸਿਮਰਨ ਹੈ ਤੇ ਇਕ ਨਿਰੋਲ ਸੱਚਾ ਸੁੱਚਾ ਧਰਮ ਦੀ ਕਿਰਤ ਵਾਲਾ ਜੀਵਨ ਹੈ।

ਇਸ ਵਿਚ ਜਾਤ ਪਾਤ ਦਾ ਕੇਵਲ ਓਨਾ ਹੀ ਸਥਾਨ ਹੈ ਜਿੰਨਾ ਕਿ ਪ੍ਰਕਾਸ਼ ਵਿਚ ਹਨੇਰੇ ਦਾ ਹੈ।

ਦਾਸ ਦਲੀਪ ਸਿੰਘ ਹਕੀਮ
(ਕਰਨਾਲ)

(ਸ: ਇੰਦਰ ਸਿੰਘ ਇੰਸਪੈਕਟਰ ਪੁਲਿਸ ਯੂ.ਪੀ. (ਰੀਟਾਇਰਡ) ਹਾਲ ਬਰੇਲੀ ਦੀ ਕ੍ਰਿਪਾਲਤਾ ਦੁਆਰਾ ਪ੍ਰਾਪਤ।) (ਗਿਆਨੀ ਜੀ)




ਬੁੱਧ ਸਿੰਘ
ਲਹਿਣਾ ਸਿੰਘ
ਨਿਹਾਲ ਸਿੰਘ
ਖੁਸ਼ਾਲ ਸਿੰਘ
ਬਹਾਦਰ ਸਿੰਘ ਲੰਬਰਦਾਰ
ਸੰਤ ਸਿੰਘ
ਮੂਲਾ ਸਿੰਘ
ਦੇਵਾ ਸਿੰਘ
ਬੂਟਾ ਸਿੰਘ
ਪ੍ਰੇਮ ਸਿੰਘ
ਖੇਮ ਸਿੰਘ
ਝੰਡਾ ਸਿੰਘ "
ਜਸਵੰਤ ਸਿੰਘ "
ਮੂਲਾ ਸਿੰਘ
ਮਲ ਸਿੰਘ
ਵੀਰ ਸਿੰਘ
ਜੋਗਿੰਦਰ ਸਿੰਘ
ਕਰਮ ਸਿੰਘ
ਇੰਦਰ ਸਿੰਘ[3]
ਖਜ਼ਾਨ ਸਿੰਘ
X
ਕਰਤਾਰ ਸਿੰਘ[7]
ਅਜੀਤ ਸਿੰਘ
ਅਵਤਾਰ ਸਿੰਘ
ਪ੍ਰਤਾਪ ਸਿੰਘ
ਮਨਜੀਤ ਸਿੰਘ[8]
ਰੰਧੀਰ ਸਿੰਘ[9]
ਜੁਗਿੰਦਰ ਸਿੰਘ[11]
ਕਾਕਾ ਸਿੰਘ
ਮਨਜੀਤ ਸਿੰਘ
ਅਮਰੀਕ ਸਿੰਘ[4]
ਗੁਰਦਿਆਲ ਸਿੰਘ[5]
ਗੁਰਗੁਪਾਲ ਸਿੰਘ[6]
ਗੁਰਟੇਕ ਸਿੰਘ
ਗੁਰਲਾਲ ਸਿੰਘ
ਧਰਮਪਾਲ ਸਿੰਘ
ਅਮਰਪਾਲ ਸਿੰਘ
ਸੁਖਬੀਰ ਸਿੰਘ

ਸ੍ਰੀ ਮਾਨ ਜੀ ਟੁੱਟੇ ਫੁੱਟੇ ਸ਼ਬਦਾਂ ਵਿਚ ਸਮਾਚਾਹ ਹੇਠ ਲਿਖਦਾ ਹਾਂ :—

(ਇਕ ਸਿੱਖ ਦਾ ਪੁਲੀਸ ਅਫਸਰ ਹੁੰਦਿਆਂ ਹੋਇਆਂ ਕ੍ਰਿਦਾਰ ਪੜ੍ਹ ਪਰ ਪੜ੍ਹ ਸਾਰਾ। ਤੁਹਾਨੂੰ ਦਿੱਸ ਪਏਗਾ ਕਿ ਸਿੱਖ ਸਮਾਜ ਵਿਰੋਧੀ ਹੈ ? ਕਾਨੂੰਨ ਵਿਰੋਧੀ ਹੈ ? ਜਾਂ ਇਹਨਾਂ ਦੇ ਹੱਕ ਅਤੇ ਪੱਖ ਵਿਚ ਹੈ ?)

—ਭਗਵੰਤ ਸਿੰਘ ਆਜ਼ਾਦ

ਸਾਡੇ ਪਿੰਡ ਸਾਹੋਕੀ ਵਿਰਕਾਂ ਵਿਚ ਸਭ ਤੋਂ ਪਹਿਲਾਂ ਗੁਰਮੁਖੀ ਲਿਪੀ ਤੇ ਹੋਰ ਪੜ੍ਹਨ ਵਾਲੇ ਸਾਡੇ ਪਿਤਾ ਜੀ ਸੁਵਰਗਵਾਸੀ ਰਾਏ ਬਹਾਦਰ ਸ: ਮਲ ਸਿੰਘ ਜੀ ਸਨ ਜੋ ਕਿ ਪਿੰਡ ਕੜਿਆਲ ਵਿਰਕਾਂ ਵਿਚ ਫਾਰਸੀ ਅਤੇ ਉਰਦੂ ਪੜ੍ਹਨ ਗਏ ਸਨ ਅਤੇ ਪੜ੍ਹ ਹੀ ਰਹੇ ਸਨ ਕਿ ਆਪਣੀ ਵੱਡੀ ਭੈਣ ਜੀ ਨੂੰ ਜਿਨ੍ਹਾਂ ਦਾ ਨਾਮ (ਬੀਬੀ ਪ੍ਰੇਮ ਕੌਰ) ਸੀ ਜੋ ਕਿ ਪਿੰਡ ਘਲੋਟੀ ਖੁਰਦ ਸ: ਹੀਰਾ ਸਿੰਘ ਢਿੱਲੋਂ ਨਾਲ ਵਿਆਹੇ ਸਨ ਅਤੇ ਉਹ ਜ਼ਿਲਾ ਮਥਰਾ (ਯੂ. ਪੀ.) ਵਿਚ ਪੁਲਿਸ ਦੇ ਵਿਚ ਥਾਨੇਦਾਰ ਸਨ ਅਤੇ ਭਰਤੀ ਓਦੋਂ ਹੋਏ ਸਨ ਜਦੋਂ ਕਿ ਵਿਦੇਸ਼ੀ ਅੰਗਰੇਜ਼ੀ ਸਰਕਾਰ ਨੇ ਦੇਸ਼ ਵਿਚ ਪੁਲਿਸ ਮਹਿਕਮੇ ਦੀ ਤਨਜ਼ੀਮ ਕੀਤੀ ਸੀ ਤੇ ਉਹਨਾਂ ਸੰਮਤ 1901 ਵਿਚ ਪੁਲਿਸ ਦੀ ਇੰਨਸਪੈਕਟਰੀ ਤੋਂ ਪੈਨਸਨ ਲਈ ਸੀ। ਮੇਰੇ ਪਿਤਾ ਜੀ ਜਦੋਂ ਕਿ ਉਹ 19 ਸਾਲ ਦੀ ਉਮਰ ਵਿਚ ਸਨ ਆਪਣੇ ਭੈਣ ਜੀ ਨੂੰ ਮਿਲਣ ਗਏ ਤਾਂ ਮਥਰਾ ਦੇ ਪੁਲਿਸ ਕਪਤਾਨ ਨੇ ਮੇਰੇ ਪਿਤਾ ਜੀ ਨੂੰ ਉਹਨਾਂ ਦੇ ਦੀ ਮਰਜ਼ੀ ਬਿਨਾ ਭਰਤੀ ਕਰ ਲੀਤਾ ਸੀ—ਸ੍ਰ. ਹੀਰਾ ਸਿੰਘ ਢਿਲੋਂ ਜੀ ਨੂੰ ਸਾਰੇ ਮੁਨਸੀ ਜੀ ਹੀ ਕਹਿੰਦੇ ਸਨ—ਪਿਤਾ ਜੀ ਨੇ ਛੇਤੀ ਤਰੱਕੀ ਕੀਤੀ—ਅਤੇ ਆਪਣੇ ਮਹਿਕਮੇ ਵਿਚ ਉਚੇ ਅਫਸਰ ਗਿਣੇ ਜਾਣ ਲਗ ਪਏ। ਮਥਰਾ ਦੇ ਜ਼ਿਲੇ ਤੋਂ ਉਹਨਾਂ ਨੂੰ ਬਰੇਲੀ ਸ਼ਹਿਰ ਦੇ ਕਪਤਾਨ, ਪੁਲਿਸ ਨੇ ਮੰਗ ਕੀਤੀ ਕਿਉਂਕਿ ਸ਼ਹਿਰ ਬਰੇਲੀ ਵਿਚ ਡਾਕੇ ਪੈਣ ਲਗ ਪਏ। ਤੇ ਅਫਸਰਾਂ ਨਾਲ ਵੀ ਮੁਕਾਬਲੇ ਹੋਏ—ਪਹਿਲਾ ਮੋਰਚਾ ਪਿਤਾ ਜੀ ਨੇ ਬਰੇਲੀ ਸ਼ਹਿਰ ਵਿਚ ਉਸ ਵਲ ਦੇ Anglo Indian ਕਤਵਾਲ ਨਾਲ ਕੀਤਾ। ਉਹ ਅਫਸਰ ਹਰ ਪੁਲਿਸ ਥਾਨੇਦਾਰ ਪਾਸੋਂ ਹਰ ਮਹੀਨੇ ਦੀ ਪਹਿਲੀ ਤਾਰੀਖ ਨੂੰ ਅਫਸਰ ਦੀ ਤਨਖਾਹਾਂ ਮੰਗ ਲੈਂਦਾ ਸੀ ਜਦ ਇਹਨਾਂ ਪਾਸ ਵੀ ਮੰਗ ਆਈ ਉਸ ਵਲੇ ਉਹ ਇਕ ਥਾਣੇ ਬਾਰਾਦਰੀ ਲਗੇ ਹੋਏ ਸਨ—ਉਹਨਾਂ ਨੇ ਆਪਣੇ ਸਾਈਸ ਦੀ ਰਾਹੀਂ ਰੁਪਏ ਅਤੇ ਘੋੜੇ ਦਾ ਐਲਾਂਉਸ ਸਣੇ ਘੋੜੇ ਦੇ ਕੋਤਵਾਲ ਪਾਸ ਭੇਜ ਦਿੱਤਾ ਪਰ ਨਾਲ ਨਾਲ ਹੀ ਜ਼ਿਲੇ ਦੇ ਪੁਲਿਸ ਕਪਤਾਨ ਨੂੰ ਇਸ ਬਾਰੇ ਸੂਚਿਤ ਕਰ ਦਿਤਾ। ਸਹਿਰ-ਕੋਤਵਾਲ ਗੁੱਸੇ ਵਿਚ ਹੋ ਗਿਆ—ਰੁਪਏ ਕੋਤਵਾਲੀ ਦੇ ਹਾਤੇ ਵਿਚ ਸੁਟ ਦਿਤੇ ਅਤੇ ਸਾਈਸ ਨੂੰ ਕੋੜਿਆਂ ਨਾਲ ਮਾਰਨਾ ਸੁਰੂ ਕਰ ਦਿਤਾ। ਇਨੇ ਵਿਚ ਪੁਲਿਸ ਕਪਤਾਨ ਉਸ ਮੌਕੇ ਤੇ ਪੁਜ ਗਿਆ—ਸਹਿਰ ਕੋਤਵਾਲ ਦਾ ਦੂਰ ਤਬਾਦਲਾ ਕਰ ਦਿਤਾ ਤੇ ਪਿਤਾ ਜੀ ਨੂੰ ਕੋਤਵਾਲੀ ਵਿਚ ਲਗਾ—ਉਹਨਾਂ ਡਾਕੂਆਂ ਨੂੰ ਚੰਗੀ ਤਰਾਂ ਪਿਛੇ ਪੈ ਕੇ ਦਬਾਇਆ—ਇਕ ਬੜਾ ਮਸ਼ਹੂਰ ਡਾਕੂ ਥਾਣੇ ਨਵਾਬ ਗੰਜ ਵਿਚ ਸੀ ਜੋ ਡਾਕੂਆਂ ਦਾ ਬਰੇਲੀ ਜ਼ਿਲੇ ਵਿਚ ਸਰਦਾਰ ਸੀ ਡਾਕਾ ਜ਼ਿਲੇ ਬਰੇਲੀ ਵਿਚ ਕਿਧਰੇ ਪਵੇ ਉਸਨੂੰ ਉਸਦਾ ਹਿੱਸਾ ਸਰਦਾਰ ਡਾਕੂ ਹੋਣ ਦੇ ਨਾਤੇ ਪੁਜ ਜਾਂਦਾ ਸੀ—ਉਹ ਡਾਕੂ ਇਤਨਾ ਖਤਰਨਾਕ ਹੋ ਗਿਆ ਕਿ ਜ਼ਿਲੇ ਦੇ ਜੇਲ ਵਿਚੋਂ ਵੀ ਭੱਜ ਨਿਕਲਿਆ—ਉਸਨੂੰ ਅਫਸਰ ਫੜਨ ਲਈ ਲਾਏ ਗਏ। ਮਾਰ ਖਾ ਖਾ ਕੇ ਆਉਂਦੇ—ਪਿਤਾ ਜੀ ਨੇ ਜਦ ਇਹ ਦੇਖਿਆ ਤਾਂ ਆਪ ਨੇ ਉਸਨੂੰ ਫੜ ਕੇ ਲਿਆਉਣ ਦਾ ਬੀੜਾ ਚੁਕਿਆ। ਜ਼ਿਲਾ ਕਪਤਾਨ ਨੇ ਉਹਨਾਂ ਦੀ ਡਿਊਟੀ ਲਗਾਈ। ਪਿਤਾ ਜੀ ਸਿਰਫ ਇਕ ਸਿਪਾਹੀ ਪੁਲਸ ਨਾਲ ਲੈ ਕੇ ਉਸ ਡਾਕੂ ਦੇ ਘਰ ਜਾ ਪੁਜੇ। ਉਸ ਡਾਕੂ ਦਾ ਘਰ ਇਕ ਪਿੰਡ ਵਿਚ ਇਕ ਨਦੀ ਦੇ ਕਿਨਾਰੇ ਕਿਲੇ ਵਾਂਗੂ ਸੀ—ਪਿਤਾ ਜੀ ਇਕ ਬਾਂਸ ਦੀ ਪੌੜੀ ਲਾ ਕੇ ਡਾਕੂ ਦੀ ਘਰ ਦੀ ਛੱਤ ਉੱਤੇ ਚੜ੍ਹ ਗਏ—ਜਦ ਡਾਕੂ ਨੂੰ ਪਤਾ ਲਗਾ ਕਿ ਸਰਦਾਰ ਬਰੇਲੀ ਕੋਤਵਾਲੀ ਵਾਲਾ ਫੜਨ ਆਇਆ ਹੈ ਉਹ ਚੋਰ ਰਸਤਿਉਂ ਨਦੀ ਵਿਚ ਛਾਲ ਮਾਰ ਨਿਕਲ ਭੱਜਾ। ਪਿਤਾ ਜੀ ਨੇ ਵੀ ਛੱਤ ਤੋਂ ਨਦੀ ਵਿਚ ਛਾਲ ਮਾਰ ਡਾਕੂ ਦਾ ਪਿਛਾ ਲੀਤਾ—ਡਾਕੂ ਤੇ ਪਿਤਾ ਜੀ ਕਈ ਮੀਲ ਕਦੀ ਨਦੀ ਵਿਚ ਅਤੇ ਕਦੀ ਬਾਹਰ ਨਿਕਲ ਕੇ ਦੌੜ ਲਗਾਂਦੇ ਰਹੇ। ਡਾਕੂ ਨੇ ਜਦੋਂ ਇਸ ਤਰਾਂ ਮੁਕਾਬਲੇ ਵਿਚ ਅਫਸਰ ਦੀ ਹਿੰਮਤ ਵੇਖੀ ਤਾਂ ਹਾਰ ਮੰਨ ਕੇ ਸੁਲਾਹ ਕਰਨ ਲੱਗਾ। ਆਪਨੂੰ ਕਿਲੇ ਵਿਚ ਵਾਪਸ ਆ ਕੇ ਸੋਨੇ ਦੇ ਗਹਿਣੇ ਅਤੇ ਨਕਦੀ ਰੁਪਏ ਦੇਣੇ ਚਾਹੇ—ਜਦ ਇਸ ਤਰ੍ਹਾਂ ਵੀ ਕਾਬੂ ਨਾ ਕਰ ਸਕਿਆ ਤਾਂ ਹਾਰ ਮੰਨ ਕੇ ਪਿਤਾ ਜੀ ਦੇ ਨਾਲ ਸ਼ਹਿਰ ਬਰੇਲੀ ਵਾਪਸ ਆ ਕੇ ਜੇਹਲ ਜਾਣ ਨੂੰ ਤਿਆਰ ਹੋ ਪਿਆ। ਆਪਣੇ ਹਾਥੀ ਉਤੇ ਸਵਾਰ ਹੋ ਕੇ ਨਵਾਬ ਗੰਜ ਆਇਆ ਅਤੇ ਬਰੇਲੀ ਰੇਲਵੇ ਸਟੇਸ਼ਨ ਤੇ ਦੋਵੇਂ ਜਣੇ ਪੁਜੇ—ਪੁਲਿਸ ਵਲੋਂ ਜਦੋਂ ਸਾਰਾ ਰੇਲਵੇ ਸਟੇਸ਼ਨ ਘੇਰਿਆ ਵੇਖਿਆ ਅਤੇ ਕਪਤਾਨ ਪੁਲਿਸ ਨੂੰ ਵੀ ਵੇਖਿਆ ਤਾਂ ਪਿਤਾ ਜੀ ਨੇ ਸਾਰੀ ਪੁਲਿਸ ਹਟਵਾ ਦਿਤੀ ਅਤੇ ਉਸ ਡਾਕੂ ਸੁਦਾਰ ਨੂੰ ਇਕ ਬੰਦ ਘੋੜਾਗਾੜੀ ਵਿਚ ਬਿਠਾ ਕੇ ਜੇਹਲ ਜਾ ਵਾੜਿਆ—ਡਾਕੂ ਨੇ ਜਦੋਂ, ਉਸਦੇ ਖਿਲਾਫ ਮੁਕੱਦਮੇ ਪੇਸ਼ ਹੋਏ ਉਸਨੇ ਸਾਰਿਆਂ ਵਿਚ ਇਕਬਾਲ ਕੀਤੇ—ਆਖਰ ਫਾਸੀ ਚਾੜ੍ਹਿਆ ਗਿਆ ਅਤੇ ਸ਼ਹਿਰ ਬਰੇਲੀ ਅਤੇ ਜ਼ਿਲੇ ਵਿਚ ਡਾਕਿਆਂ ਦੀ ਰੁਕਾਵਟ ਹੋਈ—ਪਿਤਾ ਜੀ ਤਰੱਕੀ ਤੇ ਗਏ।

ਇਸੇ ਹੀ ਤਰ੍ਹਾਂ ਦੀਆਂ ਅਣਗਿਣਤ ਘਟਨਾਵਾਂ ਪਿਤਾ ਜੀ ਦੀ ਜੀਵਨੀ ਦੀਆਂ ਸਨ।

ਸੰਨ 1907 ਵਿਚ ਜਦ ਕਿ ਮੈਂ 11/12 ਸਾਲ ਦਾ ਸੀ।

ਪਿਤਾ ਜੀ ਕਾਨਪੁਰ ਸ਼ਹਿਰ ਕੋਤਵਾਲ ਸਨ—ਮੈਂ ਉਹਨਾਂ ਦੇ ਕੋਲ ਹੀ ਮੰਜੇ ਤੇ ਸੁਤਾ ਸੀ ਕਿ ਇਕ ਆਦਮੀ ਰਾਤ ਦੇ 12 ਵਜੇ ਆਇਆ। ਪਿਤਾ ਜੀ ਨੂੰ ਨਾਲ ਲੈ ਗਿਆ। ਪਿਤਾ ਜੀ ਦਿਨ ਚੜ੍ਹੇ ਵਾਪਸ ਘਰ ਆਏ ਤੇ ਦਸਿਆ ਕਿ ਡਾਕੂਆਂ ਦਾ ਇਕ ਸੁਦਾਰ ਉਹਨਾਂ ਨੂੰ ਨਾਲ ਲੈ ਗਿਆ ਅਤੇ ਸ਼ਹਿਰੋਂ 1/2 ਮੀਲ ਤੇ ਜਾ ਕੇ ਡਾਕੂਆਂ ਦੇ ਇਕ ਗਿਰੋਹ ਨਾਲ ਗਲਬਾਤ ਕਰਾਈ ਜਿਸਦਾ ਨਤੀਜਾ ਇਹ ਨਿਕਲਿਆ, ਕਿ ਡਾਕੂਆਂ ਦੇ ਸੁਦਾਰ ਨੇ 7/8 ਚੁਣੇ ਹੋਏ ਡਾਕੂ ਫੜਵਾਏ ਤੇ ਹਾਜ਼ਰ ਕਰਵਾਏ। ਮੁਕੱਦਮੇ ਚੱਲੇ ਅਤੇ ਸਾਰਿਆਂ ਨੂੰ ਸਜ਼ਾਵਾਂ ਹੋਈਆਂ। 3 ਸਾਲ ਕਾਨਪੁਰ ਸ਼ਹਿਰ ਵਿਚ ਕੋਤਵਾਲ ਸ਼ਹਿਰ ਰਹਿਣ ਮਗਰੋਂ ਪਿਤਾ ਜੀ ਲਖਨਊ ਬਦਲੀ ਤੇ ਗਏ ਅਤੇ ਸੰਨ 1908 ਤੋਂ ਲੈ ਕੇ 1920 ਤਕ ਲਖਨਊ ਸ਼ਹਿਰ ਵਿਚ ਕੋਤਵਾਲ ਰਹੇ—ਰਾਏ ਬਹਾਦਰੀ ਦਾ ਖਿਤਾਬ ਮਿਲਿਆ। ਪੁਲਿਸ ਮੈਡਲ ਵੀ ਮਿਲਿਆ—30 ਸਾਲ ਦੀ ਨੌਕਰੀ ਪੂਰੀ ਹੋਣ ਤੇ ਪੈਨਸ਼ਨ ਦੀ,

ਦਰਖਾਸਤ ਦੇ ਦਿਤੀ ਪਰ ਪੂਰੇ 10 ਸਾਲ ਮਜਬੂਰ ਕਰਕੇ ਲਖਨਊ ਕੋਤਵਾਲ ਰਖੇ ਗਏ।

ਲਖਨਊ ਸ਼ਹਿਰ ਵਿਚ ਮੁਸਲਮਾਨਾਂ ਅਥਵਾ ਸੁੰਨੀ (Sunni) ਅਤੇ ਸ਼ੀਆ (Shia) ਵਿਚ ਝਗੜੇ ਬੜੇ ਸਨ ਉਹ ਪਕੀ ਤਰ੍ਹਾਂ ਨਿਬੇੜੇ ਜਿਸ ਦਾ ਫਲ ਇਹ ਕਿ ਪੂਰੇ ਦਸ ਸਾਲ ਨੌਕਰੀ ਤੇ ਰਹਿਣ ਲਈ ਮਜਬੂਰ ਕੀਤੇ ਗਏ।

ਲਖਨਊ ਵਿਚ ਸਿਖਾਂ ਦੀ ਆਬਾਦੀ ਕਾਫ਼ੀ ਹੋਣ ਕਾਰਨ ਲਖਨਊ ਸ਼ਹਿਰ ਦੀ ਮਿਉਂਸਪੈਲਿਟੀ ਤੋਂ ਗੁਰਦਵਾਰੇ ਲਈ ਜ਼ਮੀਨ ਮੁਫਤ ਦਿਵਾਈ ਅਤੇ ਉਦਮ ਨਾਲ ਉਥੇ ਗੁਰਦਵਾਰੇ ਦੀ ਜਗਾਹ ਰਖ ਉਦਮ ਕਰ ਕਰਾ ਸਿਖਾਂ ਦੀ ਯਾਦਗਾਰ ਬਨਵਾਈ ਜੋ ਹੁਣ ਤਕ ਕਾਇਮ ਹੈ—ਹੁਣ ਤਾਂ ਉਸ ਵਿਚ ਸਕੂਲ ਅਤੇ ਹਸਪਤਾਲ ਵੀ ਹੈ—ਯਾਤਰੂਆਂ ਦੇ ਬਸੇਰੇ ਦਾ ਵੀ ਪ੍ਰਬੰਧ ਹੈ। ਮਰੀਜ਼ਾਂ ਲਈ ਹਸਪਤਾਲ ਵੀ ਹੈ।

ਪਿਤਾ ਜੀ 1920 ਵਿਚ ਪੈਨਸ਼ਨੀ ਹੋ ਗਏ ਅਤੇ ਆਪਣੇ ਵੱਡੇ ਸਪੁਤਰ ਸਰਦਾਰ ਸ੍ਰ. ਕਰਮ ਸਿੰਘ ਜੋ ਕਿ ਦਿਲੀ ਵਿਚ ਉਦੋਂ ਇਕ ਉਘੇ ਠੇਕੇਦਾਰ ਸਨ ਦੇ ਕੰਮ ਵਿਚ ਮਦਦ ਕਰਦੇ ਹੋਏ 1921 ਨੂੰ ਇਕ ਐਕਸੀਡੈਂਟ ਵਿਚ ਘਿਰ ਗਏ ਅਤੇ ਪੂਰੇ 21 ਦਿਨ ਬੀਮਾਰ ਰਹਿ ਕੇ ਚਲਾਣਾ ਕਰ ਗਏ।

ਜਦ ਪੈਨਸਨ ਆਏ ਤਾਂ ਸਿਰਫ਼ ਉਸ ਮਹੀਨੇ ਦੀ ਜੋ ਤਨਖਾਹ ਮਿਲੀ ਸੀ ਉਹ ਹੀ ਪਾਸ ਸੀ। ਸਾਰੀ ਉਮਰ ਈਮਾਨਦਾਰੀ ਦੀ ਗੁਜ਼ਾਰੀ।

ਪਿਤਾ ਜੀ ਨੂੰ ਸਿੱਖੀ ਤਾਲੀਮ ਨਾਲ ਪਿਆਰ ਸੀ। ਇਕ ਉੱਘੇ ਪ੍ਰਚਾਰਕ ਸ੍ਰੀ ਮਾਨ ਭਾਈ ਮੂਲ ਸਿੰਘ ਜੀ ਨਾਲ ਪ੍ਰੇਮ ਹੋ ਗਿਆ। ਪੰਜਾਬੀ ਅਤੇ ਸਿੱਖੀ ਤਾਲੀਮ ਦੀ ਲਹਿਰ ਵਿਚ ਕਾਫੀ ਹਿੱਸਾ ਲਿਆ—ਆਪਣੇ ਪਿੰਡ ਸਾਹੋਕੀ ਵਿਚ ਇਕ ਹਸਪਤਾਲ ਖੋਲਣ ਲਈ ਇਕ ਸੋ ਮੰਜੇ ਅਤੇ ਬਿਸਤਰੇ ਬਣਵਾਏ ਪਰ ਜ਼ਿੰਦਗੀ ਨੇ ਸਾਥ ਨਾ ਦਿਤਾ।

ਨੌਕਰੀ ਦੇ ਦਿਨਾਂ ਵਿਚ ਪੰਜਾਬ ਤੋਂ ਜੋ ਵੀ ਪੁਲਿਸ ਵਿਚ ਨੌਕਰੀ ਲਈ ਉਹਨਾਂ ਪਾਸ ਪੁਜਾ ਕੀ ਸਿਖ ਕੀ ਹਿੰਦੂ ਕੀ ਮੁਸਲਮਾਨ—ਹਰ ਕਿਸੇ ਨੂੰ ਮਦਦ ਦੇ ਕੇ ਉਸਨੂੰ ਉਚੀ ਪਦਵੀ ਤੇ ਪੁਚਾਇਆ।

(1) ਸਰਦਾਰ ਸਾਹਿਬ ਸ੍ਰ. ਕਰਮ ਸਿੰਘ ਜੀ ਮੇਰੇ ਵੱਡੇ ਭਾਈ ਸਨ। ਉਹਨਾਂ ਖਾਲਸਾ ਕਾਲਿਜ ਅੰਮ੍ਰਿਤਸਰ ਵਿਚ ਤਾਲੀਮ ਪਾਈ ਅਤੇ ਐਫ.ਏ. ਪਾਸ ਕਰਕੇ ਬਜਾਏ ਪੁਲਿਸ ਦੀ ਥਾਣੇਦਾਰੀ ਦੇ ਦੇਸ ਛੱਡ ਕੇ ਸੰਨ 1906 ਵਿਚ ਅਮਰੀਕਾ ਹੋਰ ਤਾਲੀਮ ਲੈਣ ਲਈ ਚਲੇ ਗਏ—ਉਹਨਾਂ ਦਿਨਾਂ ਵਿਚ ਆਪਣੇ ਦੇਸ ਦੇ ਉਘੇ ਲੀਡਰ ਸ੍ਰੀ ਤਿਲਕ ਸਨ ਉਹ ਉਸ ਵੇਲੇ ਅਮ੍ਰੀਕਾ ਹੀ ਸਨ—ਉਹਨਾਂ ਨੂੰ ਮਿਲੇ, ਮਦਦ ਮੰਗੀ ਪਰ ਕਰਨੀ ਨੇ ਇਹਨਾਂ ਦਾ ਸਾਥ ਉਥੋਂ ਦੀ ਤਾਲੀਮ ਲਈ ਨਾ ਦਿਤਾ—ਬੜੇ ਸੁੰਦਰ ਸਿਡੌਲ ਸਿਖ ਸਨ—ਪਰ ਉਹ ਸ਼ਕਲ ਸੂਰਤ ਉਹਨਾਂ ਦੇ ਰਾਹ ਵਿਚ ਆ ਖੜੀ—ਜਿਸ ਕਾਲਜ ਜਾਂ ਕਾਰਖਾਨੇ ਜਾਂਦੇ ਆਪਣੀ ਤਸਵੀਰਾਂ ਹੀ ਖਿਚਵਾਂਦੇ ਰਹੇ ਮਜਬੂਰ ਹੋ ਕੇ ਵਾਪਸ ਦੋ ਸਾਲ ਮਗਰੋਂ ਦੇਸ਼ ਪਰਤੇ ਅਤੇ ਠੇਕੇਦਾਰੀ ਦਾ ਕੰਮ ਸ਼ੁਰੂ ਕੀਤਾ—ਦਿੱਲੀ-ਲਖਨਊ ਅਤੇ ਕਾਨਪੁਰ ਵਿਚ ਉਘੇ ਠੇਕੇਦਾਰ ਰਹੇ—ਰੇਲਵੇ ਈ. ਆਈ. ਆਰ. ਵਿਚ ਸ਼ਿਮਲੇ ਤੋਂ ਲੈ ਕੇ ਹਾਵੜਾ ਤੱਕ ਠੇਕੇ ਦਾ ਹੀ ਕੰਮ ਕਰਦੇ ਰਹੇ—ਲਖਨਊ 2/3 ਭੱਠੇ ਲਗਾਏ—ਜਦ ਲਖਨਊ ਵਿਚ ਮੈਡੀਕਲ ਕਾਲਜ ਬਣਿਆ ਉਸ ਵਿਚ ਵੀ ਕੰਮ ਕਰਦੇ ਕਰਦੇ ਇੱਟਾਂ ਦੀ ਗੁਰਦਵਾਰਾ ਵਿੱਚ ਕਾਫੀ ਸੇਵਾ ਕੀਤੀ—ਆਪਣੇ ਪਿਤਾ ਜੀ ਨੂੰ ਜਦ ਕਿ ਉਹ 1920 ਵਿਚ ਪੈਨਸਨ ਲੈ ਕੇ ਪੰਜਾਬ ਵਿਚ ਸਿਖ ਤਾਲੀਮ ਦੀ ਲਹਿਰ ਵਿਚ ਕੰਮ ਕਰਨ ਦੀ ਬਜਾਏ ਆਪਣੇ ਕੋਲ ਸੱਦ ਕੇ ਰੱਖ ਕੇ ਆਪ ਆਪਣੀ ਜਵਾਨੀ ਦੀ ਉਮਰ ਵਿਚ ਹੀ ਸੰਨ 1926 ਅਥਵਾ 40 ਸਾਲ ਦੀ ਉਮਰ ਵਿਚ ਹੀ ਜਦਕਿ ਉਹ ਦਿਲੀ ਤੋਂ ਲਖਨਊ ਇਕ ਇੰਜਨੀਅਰ ਨੂੰ ਮਿਲਣ ਗਏ ਅਤੇ ਦਫਤਰ ਵਿਚ ਹੀ ਦਿਲ ਫੇਲ ਹੋ ਗਿਆ। ਇਹਨਾਂ ਦਾ ਸਭ ਤੋਂ ਵਡਾ ਸਪੁਤ੍ਰ ਸ੍ਰ. ਅਵਤਾਰ ਸਿੰਘ ਨਾਲ ਹੀ ਸੀ—ਦਿੱਲੀ ਇਹਨਾਂ ਦਾ ਮਕਾਨ ਕਰਮ ਨਿਵਾਸ 14 ਦਰੀਆ ਗੰਜ ਸੀ। ਸਾਡੇ ਪਿੰਡ ਦੇ ਇਹ ਪਹਿਲੇ ਅੰਗਰੇਜ਼ੀ ਪੜ੍ਹਣ ਵਾਲੇ ਤੇ ਦੇਸ਼ੋਂ ਬਾਹਰ ਜਾਣ ਵਾਲੇ ਵਿਅਕਤੀ ਸਨ।

ਮੇਰੇ ਵੱਡੇ ਭੈਣ ਜੀ ਬੀਬੀ ਬਾਲ ਕੌਰ ਪਿੰਡ ਡਸਕੇ ਜਿਲਾ ਸਿਆਲ ਕੋਟ ਸ੍ਰ. ਅਮਰ ਸਿੰਘ ਸਪੁਤ੍ਰ ਸ੍ਰ. ਲੱਖਾ ਸਿੰਘ ਫੌਜੀ ਦੇ ਨਾਲ ਵਿਵਾਹੇ ਗਏ ਸਨ ਇਹਨਾਂ ਦਾ ਇਕ ਪੁਤ੍ਰ ਸ੍ਰ: ਸੰਤ ਸਿੰਘ ਨਾਇਬ ਤਹਿਸੀਲਦਾਰ ਸਨ—ਇਹਨਾਂ ਮਾਡਲ ਟਾਊਨ ਜਲੰਧਰ ਬਾਗ ਕਾਲੋਨੀ ਵਿਚ ਮਕਾਨ ਬਣਾ ਕੇ ਛੋਟੀ ਹੀ ਉਮਰ ਵਿਚ ਪੈਨਸਨ ਲੈਣ ਮਗਰੋਂ ਆਪਣਾ ਅੰਤਮ ਸਮਾਂ ਵੇਖਿਆ।

(2) ਦੇਸ ਨੂੰ ਅੰਗਰੇਜ਼ੀ ਰਾਜ ਤੋਂ ਛੁਟਕਾਰਾ ਅਤੇ ਵੰਡ ਹੋਣ ਮਗਰੋਂ ਦਾਸ ਨੇ ਆਪਣੀ ਰਿਹਾਇਸ਼ ਆਪਣੇ ਜਨਮ ਸ਼ਹਿਰ ਬਰੇਲੀ (ਯੂਪੀ) ਵਿਖੇ (ਇੰਦ੍ਰਕੁਟੀ) ਨਾਮੀ ਰਿਹਾਸ ਗਾਹ ਬਣਾਈ ਅਤੇ ਅਪਣੇ ਅੰਤਮ ਦਿਨ ਬਿਤਾ ਰਿਹਾ ਹਾਂ। ਮੇਰੀ ਉਮਰ ਇਸ ਵੇਲੇ 83 ਸਾਲ ਦੀ ਹੈ—ਆਮਣੀ ਪੜ੍ਹਾਈ ਖਾਲਸਾ ਕਾਲਜ ਅੰਮ੍ਰਿਤਸਰ 1902 ਵਿਚ ਸ਼ੁਰੂ ਕੀਤੀ। ਵੱਡੇ ਭਰਾਤਾ ਜੀ ਦੇ ਅਮਰੀਕਾ ਜਾਣ ਮਗਰੋਂ ਆਪਣੇ ਪਿਤਾ ਜੀ ਪਾਸ ਕਾਨਪੁਰ ਤਾਲੀਮ ਪਾਂਦਾ ਰਿਹਾ, ਫੇਰ ਲਖਨਊ Queen Anglo Sanskrit High School ਵਿਚ ਦਸਵੀਂ ਤੱਕ ਤਾਲੀਮ ਪਾ ਕੇ ਸੰਨ 1913 ਵਿਚ ਖਾਲਸਾ ਕਾਲਜ ਗੁਜਰਾਂਵਾਲਾ ਚਲਾ ਗਿਆ ਅਤੇ ਉਥੋਂ ਲਾਹੌਰ ਖਾਲਸਾ ਸਕੂਲ 1915 ਵਿਚ ਤਾਲੀਮ ਛੱਡਕੇ 1916 ਵਿਚ ਯੂ. ਪੀ. ਵਿਚ

ਮੁਰਾਦਾਬਾਦ ਪੁਲਿਸ ਟਰੇਨਿੰਗ ਸਕੂਲ ਵਿੱਚ ਥਾਣੇਦਾਰੀ ਪਾਸ ਕੀਤੀ। ਸੰਨ 1945 ਨੌਕਰੀ ਖਤਮ ਕਰ ਸੰਨ 1947 ਵਿਚ ਬਰੇਲੀ ਟਿਕਾਣਾ ਬ ਆਪਣੇ ਬੱਚਿਆਂ ਨੂੰ ਤਾਲੀਮ ਲਈ ਡੇਰਾ ਲੱਗਾ ਬੈਠਾ ਵਾਹਿਗੁਰੂ ਨੇ ਆਸਾਂ ਪੂਰੀਆਂ ਕੀਤੀਆਂ ਅਤੇ ਦੁਖ ਸੁਖ ਦੇ ਦਿਨਾਂ ਲਈ ਉਸ ਦਾ ਧੰਨਵ ਕਰੀਦਾ ਹੈ।

ਮੇਰੇ ਤੋਂ ਇਕ ਛੋਟਾ ਭਰਾ ਸ: ਕਰਤਾਰ ਸਿੰਘ ਹੈ ਜਿਸ ਨੇ ਮੁਢਲੀ ਤਾਲੀਮ ਆਪਣੀ ਵੱਡੀ ਭੈਣ ਪਾਸ ਡਸਕੇ ਪਾਈ ਫੇਰ ਦਸ ਪੇਟੇ ਪਿਆ। ਖਿਲਾੜੀ ਹੋਣ ਕਾਰਣ ਤਾਲੀਮ ਘੱਟ ਪਾਈ ਪਰ ਵਾਹਿਗੁਰੂ ਦੀ ਕਿਰਪਾ ਨਾਲ ਪੁਲਿਸ ਵਿਚ ਮੁੱਢਲੀ ਨੌਕਰੀ ਤੋਂ ਚਲ ਕੇ ਡੀ. ਐਸ. ਪੀ. ਹੋ ਕੇ ਪੈਨਸਨ ਪਾਈ ਅਤੇ ਆਗਰਾ ਸ਼ਹਿਰ ਵਿਚ ਮੁਹੱਲਾ ਤਾਜ ਗੰਜ ਆਪਣਾ ਮਕਾਨ ਬਣਾਕੇ ਆਬਾਦ ਹੈ। ਸੇਹਤ ਹੁਣ ਕਮਜ਼ੋਰ ਹੈ। ਇਸ ਦੇ ਸਪੁੱਤ੍ਰ :—

1. ਸ੍ਰ: ਰਾਜਾ ਰਨਬੀਰ ਸਿੰਘ ਡਿਪਟੀ ਸੁਪਿਰਨਟੈਂਡੈਂਟ ਸ਼ਾਹਜਹਾਨ ਪੁਰ ਹੈ।
2. ਸ੍ਰ: ਜਸਬੀਰ ਸਿੰਘ ਕੇਪਟਨ ਮਿਲਟਰੀ ਹੈ।
3. ਸ੍ਰ: ਜੋਗਿੰਦਰ ਸਿੰਘ ਮੇਜਰ ਮਿਲਟਰੀ ਹੈ।
4. ਸ੍ਰ: ਤਜਿੰਦਰ ਸਿੰਘ ਐਮ. ਏ. ਤਾਲੀਮ ਮਹਿਕਮਾ ਵਿਚ ਹੈ।

ਪਿੰਡ ਸਾਹੋਂਕੀ ਵਿਰਕਾਂ ਵਿਚੋਂ ਹੋਰ ਘਰਾਨੇਜਿਮੀਂਦਾਰੀ ਵਿਚ ਹੀ ਰਹੇ ਅਤੇ ਜ਼ਹਾਂ ਦਾਣਾ, ਤਹਾਂ ਖ਼ਾਨਾ ਅਨੁਸਾਰ ਹਨ।

1. ਸਾਹੋ—ਇਸ ਨੇ ਆਪਣਾ ਪਿੰਡ ਸਾਹੋ ਕੇ ਵਿਰਕਾਂ ਵਸਾਇਆ। (ਇੰਦਰ ਸਿੰਘ ਇੰਦ੍ਰ ਕੁਟੀ ਬਿਰੇਲੀ) ਯੂ. ਪੀ.।

(3) ਸ: ਇੰਦਰ ਸਿੰਘ

ਆਪ ਜੀ ਦਾ ਜਨਮ ਤਕਰੀਬਨ 1894 ਈ: ਦਾ ਹੈ। ਜਦੋਂ ਇਹਨਾਂ ਦੇ ਵੱਡੇ ਵੀਰ ਸ: ਕਰਮ ਸਿੰਘ ਜੀ ਅਮ੍ਰੀਕਾ ਚਲੇ ਗਏ ਤਾਂ ਆਪ ਜੀ ਆਪਣੇ ਪਿਤਾ ਸ: ਮਲ ਸਿੰਘ ਜੀ ਕੋਲ ਕਾਨਪੁਰ ਚਲੇ ਗਏ। ਉਥੇ ਦਸਵੀਂ ਪਾਸ ਕੀਤੀ। ਉਥੋਂ 1913 ਵਿਚ ਗੁਜਰਾਂਵਾਲੇ ਅਤੇ ਫਿ ਲਾਹੌਰ ਉਚੇਰੀ ਵਿੱਦਿਆ ਪ੍ਰਪਤੀ ਵਾਸਤੇ ਗਏ। 1915 ਵਿਚ ਵਿੱਦਿਆ ਪ੍ਰਾਪਤੀ ਛੱਡ ਕੇ ਮੁਰਦਾਬਾਦ, ਯੂ. ਪੀ. ਦੇ ਪੁਲੀਸ ਟਰੇਨਿੰਗ ਸੰਕ ਤੋਂ ਥਾਣੇਦਾਰੀ ਪਾਸ ਕੀਤੀ ਅਤੇ 1945 ਤੱਕ ਪੁਲੀਸ ਦੀ ਨੌਕਰੀ ਕਰਨ ਪਿੱਛੋਂ 1947, ਦੇਸ਼ ਵਿਭਾਜਨ ਪਿੱਛੋਂ ਆਪ ਜੀ ਨੇ ਆਪਣੇ ਨਗ ਨਗਰ ਬਰੇਲੀ ਵਿਚ ਹੀ ਆਪਣਾ ਟਿਕਾਣਾ 'ਇੰਦਰ ਕੁਟੀ" ਰਾਮਪੁਰ ਬਾਗ਼ ਵਿਚ ਬਣਾ ਕੇ ਰਿਹਾਇਸ਼ ਇਖਤਿਆਰ ਕੀਤੀ। ਆਪਣੇ ਬੱਚਿਆਂ ਨੂੰ ਉੱਤਮ ਵਿਦਿਆ ਦੇ ਕੇ ਯੋਗ ਬਣਾਇਆ। ਅਜ ਕਲ ਆਪ ਜੀ ਦੀ ਉਮਰ 83 ਸਾਲ ਦੇ ਗੇੜ ਹੈ ਪ੍ਰੰਤੂ ਗੁਰੂ ਕ੍ਰਿਪਾ ਨਾਲ ਆਪ ਜੀ ਦੀ ਸਿਹ ਬਹੁਤਿਆਂ ਨਾਲੋਂ ਚੰਗੀ ਹੈ।

(4) ਅਮਰੀਕ ਸਿੰਘ ਜੀ L.I.C. ਵਿਚ ਅਫ਼ਸਰ ਹਨ।

(5) ਗੁਰਦਿਆਲ ਸਿੰਘ ਜੀ M.A.L.L.B. ਨੈਨੀਤਾਲ ਦੇ ਸਰਕਾਰੀ ਵਕੀਲ ਹਨ।

(6) ਗੁਰ ਗੁਪਾਲ ਸਿੰਘ B.SC.M.D. ਹਨ।

(7) ਕਰਤਾਰ ਸਿੰਘ


ਆਪ ਜੀ ਨੇ ਮੁੱਢਲੀ ਵਿੱਦਿਆ ਆਪਣੀ ਭੈਣ ਬੀਬੀ ਬਾਲ ਕੌਰ ਕੋਲ, ਡੱਸਕਾ ਜ਼ਿਲਾ ਸਿਆਲਕੋਟ ਪ੍ਰਾਪਤ ਕੀਤੀ। ਫਿਰ ਆਪਣੇ ਵੱਡੇ ਵੀਰ ਸ: ਇੰਦਰ ਸਿੰਘ ਜੀ ਕੋਲ ਯੂ. ਪੀ. ਆ ਗਏ। ਖਿਲਾੜੀ ਹੋਣ ਕਰਕੇ ਉੱਚੀ ਵਿੱਦਿਆ ਤਾਂ ਪ੍ਰਾਪਤ ਨਾ ਕਰ ਸਕੇ। ਕਿੰਤੂ ਗੁਰੂ ਮਿਹ ਨਾਲ ਪੁਲੀਸ ਦੀ ਮੁੱਢਲੀ ਨੌਕਰੀ ਤੋਂ ਚੱਲ ਕੇ ਡਿਪਟੀ ਸੁਪਰੀਟੈਂਡ ਪੁਲੀਸ ਤੱਕ ਪੁਜਕੇ ਪੈਨਸ਼ਨ ਪ੍ਰਾਪਤ ਕੀਤੀ।

ਇਹਨਾਂ ਨੇ ਆਪਣਾ ਮਕਾਨ ਮਹਲਾ ਤਾਜ ਗੰਜ ਆਗਰਾ ਸ਼ਹਿਰ ਵਿਚ ਬਣਾਇਆ ਹੋਇਆ ਹੈ ਤੇ ਉਥੇ ਹੀ ਰਹਿੰਦੇ ਹਨ:

(8) ਮਨਜੀਤ ਸਿੰਘ
(9) ਰਾਜਾ ਰਣਧੀਰ ਸਿੰਘ ਡੀ. ਐਸ. ਪੀ. ਸ਼ਾਹਜਹਾਨਪੁਰ।
(10) ਜਸਬੀਰ ਸਿੰਘ ਭਾਰਤੀ ਫੌਜ ਵਿਚ ਕਪਤਾਨ ਹਨ।
(11) ਜੁਗਿੰਦਰ ਸਿੰਘ ਭਾਰਤੀ ਫੌਜ ਵਿਚ ਮੇਜਰ ਹਨ।
(12) ....ਕਪਤਾਨ ਹਨ।

ਭਿਖੀ

ਅਤੋ
- ਦਿਓਣ[1]
  - ਭਿਖੀ[2]
    - ਘੁਮਣ
      - ਪੇਜੋ
        - ਬੱਲੋ
          - ਚਿੱਜੋ[3]
            - ਰਾਏ ਗਾਵਾਲ
              - ਰਣ ਮਲ
                - ਰਾ ਲਾਲੂ[4]
                  - ਖੁਸਾਲ
                    - ਰਣਪੱਤ
                      - ਚੌ: ਰਾਜਰੂਪ
                        (ਅੱਗੋ ਚਲਦਾ)
                  - ਅਮਰੀਕਾ
                - ਲਸਕਰੋ
              - ਦੂਲਚੀ
              - ਸੁਲਤਾਨ
        - ਜੌਲੋ
    - ਚੰਨਣ
      - ਕਲਸ
        - ਬਲੂੜ
        - ਧੀਰ
        - ਪਾਂਡੋ
        - ਡਫਰ
        - ਫਤਾ
          - ਭੋਇਆ
          - ਹੋਇਆ
      - ਰਾਮਲ
  - ਮਲਕੋ
  - ਕਾਲਯਾ



(1) (ੳ) **ਦਿਓਣ**—ਇਸ ਨੇ ਮਲ੍ਹੀਆ ਦੇ ਪਿੰਡ ਪੰਜ ਗੁਰਾਈਆਂ ਦੇ ਕੋਲ ਆਪਣਾ ਕਿਲਾ ਸੰਨ 1427 ਈ: ਦੇ ਨੇੜੇ ਬਣਾਇਆ, ਜੋ ਤੈਮੂਰ ਦੇ ਵਜ਼ੀਰ ਸਯਦ ਖਿਜ਼ਰ ਖਾਂ ਜਾਂ ਸੇਖਾ ਖੋਖਰ (ਸੇਖਾ ਖੋਖਰ ਅਤੇ ਉਸ ਦਾ ਪੁਤਰ ਜਸਰਥ ਖੋਖਰ ਨੇ 1425/1428 ਤੱਕ ਲਾਹੌਰ ਰਾਜ ਕੀਤਾ)

ਜਾਂ ਬਹਿਲੋਲ ਲੋਧੀ (1451-1488) ਹਥੋਂ ਤਬਾਹ ਹੋ ਗਿਆ। ਉਸ ਕਿਲੇ ਦਾ ਥੇਹ ਅਜੇ ਮੌਜੂਦ ਹੈ। ਦਿਓਣ ਦੀ ਅੰਸ ਫਿਰ ਮਾੜੀ ਕੋਟ ਕੋਲ ਬੈਠੇ। ਮਗਰ ਉਥੋਂ ਵੀ ਉਠਣਾ ਪਿਆ।

(ਅ) **ਦਿਉਣ ਦਾ ਕਿਲਾ**—ਫੂਲਾ ਸਿੰਘ ਪੁਤਰ ਨਾਨਕ ਸਿੰਘ ਪਿੰਡ ਕੋਟ ਮਾੜੀ ਹਾਲ ਗੰਦਰ ਜ਼ਿਲ੍ਹਾ ਕਰਨਾਲ ਦਸਦੇ ਹਨ :

ਕੋਟ ਮਾੜੀ ਤੋਂ ਦਖਣ ਪਾਸੇ ਇਕ ਪੁਰਾਣੀ ਧੜਿਕ ਹੈ। ਉਸ ਤੋਂ ਦਖਣ ਨੁਸ਼ਹਿਰਾ ਵਿਰਕਾਂ ਅਤੇ ਰਾਹ ਵਿੱਚ ਪਿੰਡ ਬਲੱਗਣ ਆਉਂਦਾ ਹੈ, ਚੜ੍ਹਦੇ ਦੋ ਮੀਲ ਭਾਈ ਕੇ ਮਟਵਾ ਦੀ ਹਦ ਮਿਲਦੀ ਹੈ। ਇਸ ਧੜਿਕ ਤੇ ਪਹਿਲਾਂ ਬਾਬੇ ਭਿਖੀ ਦੀ ਅੰਸ ਵਸਦੀ ਸੀ, ਫਿਰ ਕਾਲਕਿਆਂ ਨਾਲ ਰਲ ਭੱਟੀਆਂ ਨੂੰ ਉਠਾ ਕੇ ਪਿੰਡ ਭਿਖੀ ਆਬਾਦ ਕੀਤਾ। ਮਲ੍ਹੀਆਂ ਦੇ ਬਾਰਾਂ ਪਿੰਡ ਵੀ ਭਿਖੀ ਵਾਲਿਆਂ ਦੇ ਸਨ, ਜਿਨ੍ਹਾਂ ਦੀ ਹੱਦ ਲਹਿੰਦੇ ਨਥੂ ਸੁਜਾ, ਪਸਾੜ, ਕਾਮੋਂ ਮਲ੍ਹੀ, ਦਖਣ ਕਾਲਵ ਅਤੇ ਭਾਈ ਕੇ ਮਟ੍ਹ ਦਸਦੇ ਸਨ।

(2) **ਭਿਖੀ**—ਇਸ ਨੇ ਆਪਣੇ ਨਾਮ ਤੇ ਪਿੰਡ ਵਸਾਇਆ ਜੋ ਕਈ ਵਾਰੀ ਉਜੜ ਕੇ ਵਸਿਆ—ਪਹਿਲਾ ਪਿੰਡ 1487 ਈ: ਦੇ ਵੇਲੇ ਆਬਾਦ ਹੋਇਆ। ਜੋ ਖਰਲਾਂ ਤੇ ਭੱਟੀਆਂ ਹਥੋਂ ਤਬਾਹ ਹੋਇਆ। ਅਕਬਰ ਨੇ 1656 ਵਿੱਚ ਭੱਟੀਆਂ ਦੀ ਵੱਧ ਰਹੀ ਤਾਕਤ ਨੂੰ ਠਲ੍ਹਾ ਪਾਣ ਲਈ ਵਿਰਕਾਂ ਨੂੰ ਉਹਨਾਂ ਦੇ ਖਿਲਾਫ਼ ਉਤਸਾਹਤ ਕੀਤਾ, ਜਿਨ੍ਹਾਂ ਨੇ ਭਟੀਆਂ ਨੂੰ ਫਿਰ ਉਠਣ ਦਾ ਸਮਾਂ ਨਾ ਦਿੱਤਾ। ਔਰੰਗਜ਼ੇਬ ਦੇ ਜ਼ਮਾਨੇ ਤਕ ਵਿਰਕਾਂ ਦੇ ਬਹੁਤ ਪਿੰਡ ਆਬਾਦ ਹੋਏ।

ਭਿਖੀ ਪਿੰਡ ਦੀ ਭੂਗੋਲਕ ਸਥਿਤੀ ਕੁੰਦਨ ਸਿੰਘ, ਪੁੱਤਰ ਸੰਤਾ ਸਿੰਘ ਦੀ ਜ਼ਬਾਨੀ ਇਉਂ ਹੈ :—

ਪਿੰਡ ਭਿਖੀ ਦੇ ਦੱਖਣ ਪਾਸੇ ਪਿੰਡ "ਹੰਏ" ਸੀ ਜਿਥੋਂ ਦਾ 1947 ਵੇਲੇ ਅਲੀ ਹੁਸੈਨ ਜੈਲਦਾਰ ਸੀ। ਇਥੋਂ ਦੋ ਕੋਹ ਚੜ੍ਹਦੇ ਅਤੇ ਦੱਖਣ ਦੀ ਗੁਠ ਵਿਚ ਪਿੰਡ ਭੋਏ ਪੁਰ ਸੀ। ਭਿਖੀ ਤੋਂ ਲਹਿੰਦੇ ਅੱਠ ਕੋਹ ਤੇ ਪਿੰਡ ਲਾਗਰ ਤੇ ਰਾਹ ਵਿਚ ਪਰੋਜ ਵਟ੍ਹਆ ਆਉਂਦਾ ਸੀ। ਭਿਖੀ ਤੋਂ ਚਾਰ ਕੋਹ ਚੜ੍ਹਦੇ ਬਲ੍ਹੜਕੇ, ਤਿੰਨ ਕੋਹ ਭੱਠਲ ਬਾਹੜੀਆ ਵਾਲਾ ਤੇ ਜੈਤਾ, ਆਬਾ ਤਿੰਨ ਕੋਹ, ਦੱਖਣ ਕਾਲੀਆ ਤਿੰਨ ਕੋਹ।

ਸਿੱਖ ਰਾਜ ਵੇਲੇ ਕਾਪੀ ਤੇ ਕਾਲਪੀ ਵਿਚ ਭਿਖੀ ਕਿਆ ਦੀ ਰਖ ਹੁੰਦੀ ਸੀ। ਜਿਥੋਂ ਬਾਬੇ ਅਮੀਰ ਸਿੰਘ ਦੀਆਂ ਮੱਝੀ ਖਰਲ ਭੱਜਾ ਕੇ ਲੈ ਗਏ ਸਨ। ਜੋ ਉਕਤ ਬਾਬੇ ਅਮੀਰ ਸਿੰਘ ਨੇ ਭਿਖੀ ਤੋਂ ਅਟੇ ਸਟੇ 25 ਕੋਹ ਦੂਰ ਜੜ੍ਹਾਂ ਵਾਲਿਓਂ ਖ਼ਰਲਾਂ ਨੂੰ ਮਾਰ, ਛੜਾ ਕੇ ਪਰਤਾ ਲਿਆਂਦੀਆਂ।

ਪੁਰਾਣੀ ਭਿਖੀ ਵਿਚ ਮੀਰਾ ਬਲੋਲ ਦੀ ਕਬਰ ਸੀ, ਜੋ ਠਸਕਾ ਮੀਰਾਂ ਜੀ ਵਾਲੀ ਗਦੀ ਤੇ ਕਦੇ ਹੁੰਦਾ ਸੀ। ਉਹ ਬੜਾ ਕਰਨੀ ਵਾਲਾ ਫਕੀਰ ਸੀ।

ਸਿਆਣੇ ਦੱਸਦੇ ਹਨ ਪਹਿਲਾਂ ਕਦੇ ਦਰਿਆ ਰਾਵੀ ਪੁਰਾਣੀ ਭਿਖੀ ਵਾਲੇ ਥਾਂ ਤੋਂ ਚੜ੍ਹਦੇ ਪਾਸੇ ਵਗਦਾ ਹੁੰਦਾ ਸੀ। ਨਵੀਂ ਭਿਖੀ ਉਸ ਪੁਰਾਣੇ ਵਾਹ ਦੇ ਚੜ੍ਹਦੇ ਪਾਸੇ ਆਬਾਦ ਸੀ।

ਬਾਬੇ ਭਿਖੀ ਦੇ ਦੋ ਭਾਈ :—

1. ਮਲਕੋ ਨੇ ਜੰਧ ਦੀ ਦਾਬ ਤੇ ਡੇਰਾ ਲਾਇਆ।

2. ਕਾਲਜੇ ਨੇ ਆਪਣੇ ਨਾਮ ਤੇ ਪਿੰਡ ਕਾਲਯਾ ਵਸਾਇਆ। ਇਹ ਦੋਵੇਂ ਆਬਾਦੀਆਂ ਪਿੰਡ ਭਿਖੀ ਤੋਂ ਲਹਿੰਦੇ ਦਖਣ ਦੀ ਗੁਠ ਵਿਚ ਇਕ ਮੀਲ ਦੇ ਫਾਸਲੇ ਤੇ ਸਨ।

ਤੈਮੂਰ ਦੇ ਹਮਲੇ (1398 ਈ:) ਦੇ ਸਮੇਂ ਉਪਰੋਕਤ ਆਬਾਦੀਆਂ ਵੀ ਤਬਾਹ ਹੋਈਆਂ ਤਾਂ ਜਿਹੜੇ ਤਾਂ ਫੜੇ ਗਏ ਉਹ ਮੁਸਲਮਾਨ ਹੋ ਗਏ ਤੇ ਉਥੇ ਪਿੰਡ ਕਾਲਯੇ ਵਿੱਚ ਹੀ ਰਹਿ ਗਏ ਤੇ ਜਿਹੜੇ ਬਚ ਕੇ ਨਿਕਲ ਗਏ ਉਹਨਾਂ ਦੀ ਅੰਸ ਮੌਜੂਦਾ ਪਿੰਡ ਬਦੋ ਰੱਤਾ, ਮੱਤਾ ਅਤੇ ਮੰਡੂ ਆਦਿ ਵਿੱਚ ਆਬਾਦ ਸੀ।

3. ਰਾ ਚਿੰਜੋ : ਚੌਧਰੀ ਭਿੱਖੀ ਦੇ ਪੁੱਤਰ ਚੰਨਣ ਦਾ ਵੰਸ਼ਜ ਰਾ ਭੰਇਆ (ਜੀਵਨ ਕਾਲ 1590 ਈ:) ਜਦੋਂ ਮਾਲਯਾ ਨਾ ਤਾਰਨ ਕਰਕੇ ਹਕੂਮਤ ਨੇ ਕੈਦ ਕਰ ਲਿਆ ਤਾਂ ਉਸ ਦੀ ਥਾਵੇਂ ਘੁੰਮਣ ਦੇ ਵੰਸਜ ਚਿੰਜੋ ਨੂੰ ਚੌਧਰੀ ਥਾਪਿਆ ਗਿਆ। (ਜੀਵਨ ਕਾਲ 159. ਈ:)

ਵੱਡੇ ਵਡੇਰੇ ਦਸਿਆ ਕਰਦੇ ਸਨ ਕਿ ਮਹਿਰ ਮਿਠੇ[1] ਧਾੜੀਵਾਲ ਦੀ ਲੜਕੀ ਕਿਸੇ ਕਾਰਨ ਅਕਬਰ ਨੇ ਘਰੋਂ ਕੱਢ ਦਿੱਤੀ ਤੇ ਉਹ ਫਿਰਦੀ ਫਰਾਂਦੀ ਸਾਂਦਲਬਾਰ ਵਿਚ ਆ ਨਿਕਲੀ ਜੋ ਚੌਧਰੀ ਚਿੰਜੋ ਦੇ ਘਰ ਬੈਠ ਗਈ। ਚੌ: ਚਿੰਜੋ ਦੀ ਉਸ ਧਾੜੀਵਾਲ ਸੁਆਣੀ ਵਿੱਚੋਂ ਅੰਸ ਭਿਖੀ ਵਿਚ ਆਬਾਦ ਸੀ।

1. ਕਾਂਗੜ ਨਿਵਾਸੀ ਮਹਿਰ ਮਿਠਾ ਧਾੜੀਵਾਲ ਵੇਖੋ ਬੂੜਾ ਕਤਯਾਲ

4. ਰ-ਲਾਲੂ—ਇਸ ਦੇ ਬਾਰੇ ਇਹ ਮਸ਼ਹੂਰ ਹੈ ਕਿ ਇਹ ਬੜਾ ਦਾਨੀ ਸੀ। ਐਥੋਂ ਤੱਕ ਕਿ ਜਿਹੜਾ ਵੀ ਇਹਦੀ ਬਾਂਹ ਆ ਫੜਦਾ ਉਸ ਦੀ ਮਦਦ ਕਰਦਾ ਸੀ। ਡੂਮ. ਮਿਰਾਸੀ ਇਸ ਨੂੰ ਰਾ ਲਾਲੂ ਬਾਂਹ ਦਾਤਾ ਕਹਿਕੇ ਸਲਾਹਿਆ ਕਰਦੇ ਸਨ।

ਇੱਕ ਬੜੀ ਸਿਖਿਆਦਾਇਕ ਰਵਾਇਤ ਇਸ ਦੇ ਮੁਤਅਲਕ ਹੈ। ਇਕ ਮਿਰਾਸੀ ਨੇ ਇਸ ਕੋਲੋਂ ਕੁਝ ਯਾਚਨਾ ਕੀਤੀ ਤਾਂ ਇਸ ਨੇ ਮਿਰਾਸੀ ਨੂੰ ਆਖਿਆ, "ਮੀਰ ਜਾਦਿਆ ਜਿਸ ਚੀਜ਼ ਤੇ ਤੂੰ ਹੱਥ ਧਰੇਂ ਮੈਂ ਤੈਨੂੰ ਉਹ ਦੇ ਦੇਵਾਂਗਾ।" ਰਾ ਲਾਲੂ ਦੇ ਘਰੋਂ ਮਾਈ ਚੂੰਬਰ ਬੜੀ ਅਕਲ ਤੇ ਬਰਤ ਵਾਲੀ ਸਆਣੀ ਸੀ। ਉਹ ਮਿਰਾਸੀ ਦੀ ਨੀਯਤ ਤਾੜ ਕੇ ਕੋਠੇ ਤੇ ਚੜ੍ਹ ਗਈ। ਮਿਰਾਸੀ ਮਗਰ ਕੋਠੇ ਤੇ ਚੜ੍ਹਣ ਲੱਗੇ ਨੇ ਜਦ ਹੱਥ ਪੌੜੀ ਦੇ ਡੰਡੇ ਨੂੰ ਪਾਇਆ ਤਾਂ ਉਤੋਂ ਮਾਈ ਚੂੰਬਰ ਨੇ ਆਖਿਆ, ਬਸ ਮੀਰ ਜਾਦਿਆ ਇਹ ਲਕੜ ਦਾ ਡੰਡਾ ਪੁਟ ਕੇ ਲੈ ਜਾਹ ਘਰ ਕੰਮ ਆਵੀਗਾ ਤੇ ਜੇ ਉਤੇ ਕੋਠੇ ਵੱਲ ਵਧਿਓਂ ਮਾਰ ਮਾਰ ਜੁਤੀਆਂ ਸਿਰ ਗੰਜਾ ਕਰ ਦਿਉਂਗੀ।"

ਅੱਗੇ ਮਿਰਾਸੀ ਦੀ ਜਾਤ ਅੰਦਰੋਂ ਤਾਂ ਡਰ ਗਿਆ ਮਗਰ ਢੀਠ ਹੋ ਕੇ ਇੱਕ ਸਿੱਠ ਬਣਾਈ ਅਖੇ:

ਲਾਲੂ ਨਹੀਂ ਇਹ ਲਾਲੀ[1] ਹੈ,
ਘਰ ਚੂੰਬਰ ਬਾਰਾਂ ਤਾਲੀ[2] ਹੈ,
ਉਤੋਂ ਤਾਂ ਭਿਖੀ ਵੱਸਦੀ ਹੈ ਪਰ
ਵਿੱਚੋਂ ਭਿਖੀ ਖਾਲੀ ਹੈ।

ਹੁਣ ਵੇਖਿਆ ਜਾਵੇ ਤਾਂ ਮਿਰਾਸੀ ਇੱਕ ਮਾਂਗਤ ਸੀ—ਉਸ ਦੇ ਯਜਮਾਨ ਨੇ ਉਸ ਨੂੰ ਉਛਲ ਦਿੱਤੀ, ਕਿਤਨੀ ਖੁਲ-ਦਿਲੀ ਹੈ, ਜੋ ਚਾਹੇ ਸੋ ਮੰਗ ਲਏ। ਮਗਰ ਨੀਚ ਪੁਰਸ਼ ਨੇ ਨੀਚਤਾ ਤੋਂ ਸੰਕੋਚ ਦੀ ਥਾਵੇਂ ਉਸ ਦਾ ਉਗਰ ਪ੍ਰਦਰਸ਼ਨ ਇਥੋਂ ਤੱਕ ਕੀਤਾ ਕਿ ਯਜਮਾਨ ਦੀ ਇੱਜ਼ਤ ਨੂੰ ਹੱਥ ਪਾਣ ਦਾ ਹੀਆ ਕੀਤਾ, ਪਰੰਤੂ ਦੂਜੇ ਪਾਸੇ ਸੁਆਣੀ ਦੀ ਸਿਆਣਪ ਕਿ ਮੂਰਖ ਦੇ ਹੱਥ ਕੇਵਲ ਪੌੜੀ ਦਾ ਡੰਡਾ ਹੀ ਫੜਾਇਆ ਤੇ ਕਿਹਾ, "ਘਰ ਲੈ ਜਾਹ ਉਥੇ ਕੰਮ ਆਵੇਗਾ।"

ਸਿਖਿਆ ਇਹ ਹੈ ਕਿ ਦਾਨ ਦੇਣ ਲੱਗਿਆਂ ਹਮੇਸ਼ਾਂ ਪਾਤਰ, ਕੁਪਾਤਰ ਵੇਖ ਕੇ ਦਾਨ ਕਰਨਾ ਚਾਹੀਦਾ ਹੈ ਨਹੀਂ ਤਾਂ ਭੈੜਾ ਪ੍ਰਣਾਮ ਨਿਕਲਦੇ ਹਨ। ਸਾਰੁਕਤਾਵਲੀ ਦਾ ਬਚਨ ਹੈ:

ਕੁਪਾਤਰੇ ਮਝਾਰੀ ਦੀਜੈ ਦਾਨ ਐਸੇ,
ਕੁਖੇਤਰੇ ਮਝਾਰੀ ਬੋਯੇ ਬੀਜ ਜੈਸੇ।
ਫਲੀ ਭੂਤ ਦਾਨ ਸੁਭੰ ਪਾਤਰ ਦੀਯੰ।
ਯਥਾ ਬੀਜ ਬੋਇਓ ਸੁਖੇਤਰੇ ਅਖੇਯੰ।'

—0—


ਰਾ ਲਾਲੂ ਦੇ ਬਾਰੇ ਗਿਆਨੀ ਗਿਆਨ ਸਿੰਘ ਜੀ ਨੇ ਇਤਿਹਾਸ ਅੰਦਰ ਇਕ ਜ਼ਬਰਦਸਤ ਗਲਤ ਬਿਆਨੀ ਕੀਤੀ ਹੈ ਕਿ ਰਾ ਲਾਲੂ ਉਹਨਾਂ ਚੁਗਲਾਂ ਵਿਚੋਂ ਇੱਕ ਸੀ ਜਿਹੜੇ ਕਿ (ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ 19.6.1716 ਤੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜਸਤਾ ਸੰਭਾਲਨ ਅਥਵਾ 1970 ਤਕ) ਸਿੰਘਾਂ ਦੇ ਖਿਲਾਫ ਹਕੂਮਤ ਕੋਲ ਮੁਖਬਰੀ ਕੀਤਾ ਕਰਦੇ ਰਹੇ (ਵੇਖੋ ਗਿ: ਗਿਆਨ ਸਿੰਘ ਕ੍ਰਿਤ ਸ਼ਮਸ਼ੇਰ ਖਾਲਸਾ ਪੰਨਾ 133 ਭਾਸ਼ਾ ਵਿਭਾਗ 1970 ਛਾਪ)

ਵਿਚਾਰ ਵਾਲੀ ਗੱਲ ਹੈ ਕਿ ਭਿਖੀ ਦੇ ਉਪਲਬਧ ਕੁਰਸੀ ਨਾਵਿਆਂ ਵਿਚ ਇਕੋ ਤੇ ਕੇਵਲ ਇਕੋ ਰਾ ਲਾਲੂ ਆਉਂਦਾ ਹੈ ਜਿਸ ਦਾ ਜੀਵਨ ਕਾਲ ਮਿਰਾਸੀਆਂ ਦੇ ਦਸੇ ਕੁਰਸੀ ਨਾਮੇ ਦੇ ਆਧਾਰ ਤੇ 1620 ਈ: ਦੇ ਨੇੜੇ ਹੈ ਅਰਥਾਤ ਉਦੋਂ ਉਸਦੀ ਅਗਲੀ ਪੀਹੜੀ ਚਲ ਚੁੱਕੀ ਸੀ। ਸਿੱਧ ਹੋਇਆ ਕਿ ਰਾ ਲਾਲੂ ਅਕਬਰ ਮਹਾਨ ਦਾ ਸਮਕਾਲੀਨ ਸੀ। ਜਿਸ ਦੀ ਗਵਾਹੀ ਸਰ ਲੇਪਲ ਗ੍ਰਿਫਨ ਆਪਣੀ ਪ੍ਰਸਿੱਧ ਪੁਸਤਕ 'ਦਿ ਪੰਜਾਬ ਚੀਫਸ' ਦੀ 1856 ਈ: ਪ੍ਰਕਾਸ਼ਨ ਦੇ ਪੰਨਾ 441-42 ਤੇ ਦੇਂਦਾ ਹੋਇਆ ਲਿਖਦਾ ਹੈ "ਕਿ ਇਸ ਪ੍ਰਵਾਰ ਦਾ ਪੂਰਵਜ ਰਾ ਲਲੂ ਅਕਬਰ ਦੇ ਸਮੇਂ 30 ਪਿੰਡਾ ਦਾ ਚੌਧਰੀ ਸੀ।"

ਉਪਰੋਕਤ, ਸੁਰਗਵਾਸੀ ਗਿਆਨੀ ਗਿਆਨ ਸਿੰਘ ਜੀ ਨੇ ਇਹ ਨਿਰਮੂਲ ਦੂਸ਼ਨ ਵਿਰਸਾਂ, ਉਹ ਭੀ ਭਿਖੀ ਵਾਲਿਆਂ ਦੇ ਮਥੇ ਦੇਵੇ ਧਕੇ ਨਾਲ ਹੀ ਲਗਾ ਦਿੱਤਾ ਹੈ—ਜੋ ਕਿਸੇ ਤਰ੍ਹਾਂ ਵੀ ਸਿੱਧ ਨਹੀਂ ਕੀਤਾ ਜਾ ਸਕਦਾ।

1. ਲਾਲੀ—ਗੁਟਾਰ: ਇੱਕ ਮੈਨਾ ਦੀ ਜਾਤ ਦਾ ਪੰਛੀ ਹੈ।
2. ਬਾਰਾਂ ਤਾਲੀ: ਨਟ ਖਟ, ਅਤਿਅੰਤ ਚਤੁਰ

(ਪੰਨਾ 455 ਤੋਂ ਚਲਦਾ)



*ਸਮੀਰ ਸਿੰਘ, *ਬਘੇਲ ਸਿੰਘ } ਦੋਵੇਂ ਭਰਾ ਚਾਹ ਯਾਰੀ ਰਸਾਲੇ ਵਿਚ ਸਨ।


5. ਸਾਹਿਬ ਸਿੰਘ }
6. ਸੁਹਾਈ ਸਿੰਘ } ਇਹਨਾਂ ਦੋਹਾਂ ਦਾ ਜੀਵਨ ਕਾਲ 1760 ਦੇ ਅੱਗੇ ਪਿੱਛੇ ਪ੍ਰਤੀਤ ਹੁੰਦਾ ਹੈ। ਕਹਿੰਦੇ ਬਾਬਾ ਸਾਹਿਬ ਸਿੰਘ ਅੰਮ੍ਰਿਤਸਰ ਗਿਆ ਤੇ ਉਥੇ ਨਕਈ ਸਰਦਾਰਾਂ ਨੇ ਪਿੰਡ-ਪਾਹੜ ਪੁਛ ਕੇ ਆਖਿਆ, "ਕਾਕਾ ਅੰਮ੍ਰਿਤ ਛਕ ਕੇ ਪਿੰਡ ਹੀ ਰਹੀਂ ਤੈਨੂੰ ਛੁਹਾਰਾ ਲਗੇਗਾ।" ਇਹ ਸਮਾਂ ਸਿਖ ਮਿਸਲਾਂ ਦੇ ਬਣਨ ਦਾ (1748) ਹੋਵੇਗਾ। ਨਕਈ ਸ: ਹੀਰਾ ਸਿੰਘ ਦਾ ਜਨਮ (ਤ੍ਵਾਰੀਖ ਗਿਆਨੀ ਗਿਆਨ ਸਿੰਘ ਜੀ ਅਨੁਸਾਰ) 1710 ਈ: ਹੈ। ਇਸ ਦਾ ਭਾਵ ਇਹ ਹੋਇਆ ਕਿ ਬਾਬਾ ਸਾਹਬ ਸਿਘ ਉਦੋਂ ਘਟੋਂ ਘਟ 18 ਸਾਲ ਦਾ ਹੋਵੇਗਾ। ਇਸ ਲੇਖੇ ਆਪ ਜੀ ਦਾ ਜਨਮ ਸੰਨ 1730 ਦੇ ਨੇੜੇ ਤੇੜੇ ਬਣਦਾ ਹੈ। ਆਪ ਜੀ ਦੀ ਸ਼ਾਦੀ ਬਹਿੜਵਾਲਯੇ ਨਕਈ ਸਰਦਾਰ ਹੀਰ ਸਿੰਘ ਦੇ ਘਰ ਸਨ 1748 ਤੋਂ ਪਿਛੋਂ ਹੋਈ।

ਭਿਖੀ ਕਾਲੇਕੇ ਅਤੇ ਕੜਯਾਲਯਾਂ ਨੇ 1730 ਦੇ ਕਰੀਬ ਕਿਲਾ ਸੇਖੂਪੁਰਾ ਲੁਬਾਣਿਆਂ[2] ਕੋਲੋਂ ਖੁਥਾ ਸੀ ਤੇ ਉਸ ਉਤੇ ਬਹਾਲ ਸਿੰਘ[3] ਤੇ ਉਸ ਦਾ ਪੁੱਤਰ ਅਮੀਰ ਸਿੰਘ ਮਾਲੌਕੇ ਕਾਬਜ ਸਨ ਅਤੇ ਬਹਾਲ ਸਿੰਘ ਅਮੀਰ ਸਿੰਘ ਮਾਲੌਕੇ ਦੋਵੇਂ ਪਿਉ 1748 ਈ: ਵਿਚ ਮਿਸਲ ਬਨਾਣ ਵਾਲੇ ਦਿਨ ਅੰਮ੍ਰਿਤਸਰ ਹਾਜ਼ਰ ਸਨ (ਸਿੱਖ ਰਾਜ ਕਿਵੇਂ ਬਣਿਆ ਕਰਤਾ ਸੋਹਣ ਸਿੰਘ ਸੀਤਲ ਪੰਨਾ 186) ਇਉਂ ਪ੍ਰਤੀਤ ਹੁੰਦਾ ਹੈ ਕਿਹ ਇਹ ਦੋਵੇਂ ਪੁੱਤਰਾਂ ਦੇ ਚਲਾਣੇ ਦਾ ਸਾਕਾ ਸੰਨ 1754 ਈ: ਵਿਚ ਹੋ ਚੁੱਕਾ ਸੀ ਜਦੋਂ ਸੇਖੂਪੁਰੇ ਦੇ ਜੱਟਾਂ ਨੇ ਭਾਈ ਸਰਜਾ ਸਿੰਘ ਗਰਜਾ ਸਿੰਘ ਅਤੇ ਬਾਘ ਸਿੰਘ ਹਲੋਵਾਲਯੇ ਨੂੰ ਅਚਾਨਕ ਗੋਲੀ ਚਲਾ ਕੇ ਸ਼ਹੀਦ ਕੀਤਾ। ਜਿਸ ਤੇ ਸਿੰਘਾਂ ਨੇ ਫਿਰ ਸ਼ੇਖੂਪੁਰੇ ਦੇ ਜਟਾਂ ਦਾ ਖੂਬ ਸਫਾਇਆ ਕੀਤਾ।

ਉਪ੍ਰੋਕਤ ਦੋਹਾ ਸਾਕਿਆਂ ਮਗਰੋਂ ਬਾਬੇ ਸਾਹਬ ਸਿੰਘ ਅਤੇ ਸੁਹਾਈ ਸਿੰਘ ਦਾ ਪੂਰਨ ਅਧਿਕਾਰ ਕਿਲਾ ਸ਼ੇਖੂਪੁਰਾ ਤੇ ਹੋ ਗਿਆ। ਇਹਨਾਂ ਦੋਹਾਂ ਬਹਾਦਰਾਂ ਨੇ ਭਟੀਆਂ, ਖਰਲਾ, ਅਵਾਣਾਂ ਨਾਲ ਕਈ ਟਾਕਰੇ ਕੀਤੇ। ਪਰ ਅਫਸੋਸ ਕਿ ਸਾਡੀ ਵਿਰਕਾਂ ਦੀ ਅਨਪੜ੍ਹਤਾ ਇਤਿਹਾਸ ਵਲੋਂ ਬੇਰੁਖ਼ੀ ਅਤੇ ਪੰਥਕ ਵਿਦਵਾਨਾਂ, ਇਤਿਹਾਸਕਾਰਾਂ ਦੀ ਲਾ-ਪ੍ਰਵਾਹੀ ਕਾਰਨ ਅਤੇ ਹੋਰ ਹਜਾਰਾਂ ਵਿਰਕ ਸੂਰਬੀਰਾਂ ਦੇ ਕਾਰਨਾਮੇ ਵਕਤ ਦੀ ਰੇਤ ਥੱਲੇ ਦਬ ਗਏ ਹਨ।

---

1. **ਸਜਰਾ ਮਿਸਲ ਨਕੱਈਆਂ**



2 ਵੇਖੋ ਕਾਲਕੇ ਨੋਟ


3. " ਮਾਲੌਕੇ ਨੋਟ

ਬਾਬਾ ਸਹਾਈ ਸਿੰਘ ਜੀ ਪ੍ਰਸਿਧ ਪਿੰਡ ਖਾਹਰਿਆਂ ਵਾਲੇ ਦੇ ਖਾਹਰੇ[1] ਜਟਾਂ ਦੇ ਪ੍ਰਵਾਰ ਵਿਚ ਵਿਆਹੇ ਗਏ ਸਨ। ਬਾਬਾ ਸਾਹਿਬ ਸਿੰਘ ਅੰਗਰੇਜ ਵਿਦਵਾਨ ਸਰ ਲੈਪਲ ਗ੍ਰਿਫਨ ਦੇ ਅਨੁਸਾਰ ਮੀਆਂ ਮੀਰ[2] ਵਿਚੋਂ ਲੁਬਾਣਿਆਂ ਨੂੰ ਕੱਢਣ ਵੇਲੇ ਹੋਈ ਮੁਠ ਭੇੜ ਵਿਚ ਸ਼ਹੀਦ ਹੋ ਗਏ। ਪਿਛੋ ਬਾਬਾ ਸਹਾਈ ਸਿੰਘ ਜੀ ਨੇ ਕਸਬਾ ਸ਼ੇਖੂਪੁਰੇ ਨੂੰ ਵਸਾਣ ਵਾਸਤੇ ਸੰਨ 1769 ਈ. ਤਕ ਬੜੇ ਉਪਰਾਲੇ ਕੀਤੇ (ਵੇਖੋ ਪੰਜਾਬ ਕੀ ਸੈਰ ਪੰਨਾ 92, ਪੰਜਾਬੀ ਯੂਨੀਵਰਸਿਟੀ 1971 ਪ੍ਰਕਾਸ਼ਨ) ਜਿਸ ਤੋਂ ਪਿਛੋਂ ਆਪ ਜੀ ਖਰਲਾਂ ਨਾਲ ਜੁੱਧ ਕਰਦੇ ਹੋਏ ਵੀਰ ਗਤੀ ਪਾ ਗਏ।

7. ਅਮੀਰ ਸਿੰਘ]
8. ਅਰਬੇਲ ਸਿੰਘ]
ਇਹ ਦੋਵੇਂ ਆਪਸ ਵਿਚ ਚਾਚੇ ਤਾਏ ਦੇ ਪੁੱਤਰ ਭਰਾ ਸਨ ਇਹ ਦੋਵੇਂ ਇਕੱਠੇ ਹੀ ਰਹਿੰਦੇ ਸਨ। ਸੰਨ 1770 ਵਿਚ ਸ਼ੇਖੂਪੁਰੇ ਦੇ ਕਿਲੇ ਤੇ ਸੰਪੂਰਨ ਅਧਿਕਾਰ ਹੋ ਜਾਵਣ ਤੇ ਉਥੇ ਰਹਿਣ ਲਗੇ। ਬਾਬਾ ਅਮੀਰ ਸਿੰਘ ਜੀ ਪੂਰਨ ਰੂਪ ਵਿਚ ਗੁਰ ਸਿਖੀ ਦਾ ਨਮੂਨਾ ਅਤੇ ਜਤੀ ਸਤੀ[3]

---

1. ਪਿੰਡ ਖਾਹਰਿਆਂ ਵਾਲਾ ਨਜਦ ਸ਼ੇਖੂਪੁਰਾ ਪੱਛਮੀ ਪੰਜਾਬ।



ਮੂਲਾ ਸਿੰਘ—ਹਾਲ ਡਾਚਰ ਜ਼ਿ: ਕਰਨਾਲ ਦੀ ਜ਼ਬਾਨੀ ਭਾਈ ਜੀਵਨ ਸਿੰਘ ਜੀ ਲਿਖਦੇ ਹਨ ਕਿ ਬਾਬੇ ਅਮੀਰ ਸਿੰਘ ਜੀ ਨੂੰ ਫਟੜ ਹੋਣ ਤੇ ਉਹਨਾਂ ਦੇ ਮਾਮੇ ਪੁਤ੍ਰ ਹਿੰਮਤ ਸਿੰਘ ਭਿਖੀ ਲਿਆਇਆ ਤੇ ਗੁਲਾਬ ਸਿੰਘ (ਦੂਜਾ ਭਰਾ) ਸ਼ਾਹਕੋਟ ਵੀਰ ਗਤੀ ਪਾ ਗਿਆ—ਕਿੰਤੂ ਇਸ ਤਥ ਦੇ ਵਿਪਰੀਤ ਢਿਲਿਆਂ ਵਿਚ ਵੀ ਅਤੇ ਸੰਪਾਦਕ 13.4.78 ਵਾਲੇ ਦਿਨ ਜਲਮਾਨਾ ਨਿਵਾਸੀ ਭਿਖੀ ਕਿਆ ਅਤੇ ਖਾਹਰਿਆਂ ਇੱਕ ਜਬਾਨ ਹੋ ਕੇ ਆਖਿਆ ਕਿ ਬਾਬੇ ਅਮੀਰ ਸਿੰਘ ਨੂੰ ਉਸ ਦਿਨ ਗੁਲਾਬ ਸਿੰਘ ਲਿਆਇਆ ਸੀ, ਹਿੰਮਤ ਸਿੰਘ ਨਹੀਂ।

2. **ਮੀਆਂ ਮੀਰ** ਨਹੀਂ ਇਥੇ ਵਿਦਵਾਨ, ਸਰ ਲੈਪਲ ਗ੍ਰਿਫਨ ਭੁਲੇਖੇ ਨਾਲ ਮੰਢਿਆਲੀ ਵਾਲੀ ਸਰਾਂ (ਜੋ ਸ਼ੇਖੂਪੁਰੇ ਤੇ ਲਾਹੌਰ ਦੇ ਵਿਚਕਾਰ ਸੀ) ਨੂੰ ਮੀਆਂ ਮੀਰ ਲਿਖ ਗਿਆ ਪ੍ਰਤੀਤ ਹੁੰਦਾ ਹੈ।
ਸ: ਕਪੂਰ ਸਿੰਘ ਪੁਤ੍ਰ ਬੰਤਾ ਸਿੰਘ (ਸਾਹਿਬ ਸਿੰਘ ਵੰਸ਼ਜ) ਹਾਲ ਜਲਮਾਣਾ ਜ਼ਿ: ਕਰਨਾਲ ਦਸਦੇ ਸਨ ਕਿ ਬਾਬਾ ਸਾਹਿਬ ਸਿੰਘ ਆਪਣੇ ਸਹੁਰੇ ਪਿੰਡ ਬਘਿਯਾਣੇ ਨੂੰ ਜਾ ਰਹਿ ਸਨ ਕਿ ਮੰਢਿਆਲੀ ਵਾਲੀ ਸਰਾਂ ਕੋਲ ਰਾਹ ਵਿਚ ਲੁਕੇ ਬੈਠੇ ਦੋ ਲੁਬਾਣੇ ਲੁਟੇਰਿਆਂ ਹਥੋਂ ਅਚੋਲ ਹੀ ਮਾਰੇ ਗਏ। ਬਾਬੇ ਦੀ ਘੋੜੀ ਭੱਜਕੇ ਸੇਖੂਪੁਰੇ ਪੁਜੀ ਤਾਂ ਮਜ਼ਾਰੇ ਖੋਜੀਆਂ ਜਾ ਕੇ ਡਿੱਠਾ ਪੈਸਾ ਟਕਾ ਤੇ ਹਥਿਆਰ ਲੈ ਗਏ ਹੋਏ ਸਨ ਤੇ ਲਾਸ਼ ਇਕ ਵਣ ਥੱਲੇ ਪਈ ਸੀ ਲਾਸ਼ ਦਾ ਸਸਕਾਰ ਸ਼ੇਖੂਪੁਰੇ ਕਿਲੇ ਦੇ ਚੜ੍ਹਦੇ ਪਾਸੇ ਖੂਹ ਕੋਲ ਕੀਤਾ—ਜਿਥੇ ਬਾਬੇ ਦੀ ਸਮਾਧ ਅਜੇ (1947) ਤੱਕ ਕਾਇਮ ਸੀ (11.4.1979 ਜਲਮਾਣਾ ਜ਼ਿ: ਕਰਨਾਲ)

3. **ਭਾਈ ਉਜਾਗਰ ਸਿੰਘ** ਪੁਤ੍ਰ ਬਾਤਾ ਸਿੰਘ ਰਿਹਾਣਕਾ (ਕਾਲੰਤਾ) ਦਸਦੇ ਸਨ ਕਿ ਜਦੋਂ ਬਾਬਾ ਅਮੀਰ ਸਿੰਘ ਅਜੇ ਵਿਆਹਿਆ ਨਹੀਂ ਸੀ ਜਦੋਂ ਸ਼ੇਖੂਪੁਰੇ ਦੇ ਕਿਲੇ ਅੰਦਰ ਇਕ ਟੱਬਰ ਬ੍ਰਹਮਣਾ ਦਾ ਵੀ ਸੀ ਬਾਬਾ ਅਮੀਰ ਸਿੰਘ ਬੜਾ ਸੁੰਦਰ ਸਜੀਲਾ ਜਵਾਨ ਸੀ ਇਕ ਰਾਤ ਉਹਨਾਂ ਬ੍ਰਹਮਣਾਂ ਦੀ ਕੰਨਯਾ ਆ ਕੇ ਅਮੀਰ ਸਿੰਘ ਜੀ ਦੇ ਮੰਜੇ ਤੇ ਬੈਠ ਗਈ—ਬਾਬੇ ਨੇ ਉਸ ਨੂੰ ਝਿੜਕ ਕੇ ਘਰ ਘਲਿਆ ਤੇ ਆਪਣੀ ਮੰਜੀ ਸਣੇ ਬਿਸਤਰੇ ਫੂਕ ਦਿੱਤੀ—ਅਗਲੇ ਭਲਕ ਬ੍ਰਹਮਣ ਨੂੰ ਸਦ ਕੇ ਕੋਲੋਂ ਮਾਇਆ ਦੇ ਕੇ ਉਸ ਲੜਕੀ ਦੀ ਸ਼ਾਦੀ ਕਿਸੇ ਯੋਗ ਥਾਂ ਕਰਵਾ ਦਿੱਤੀ।

ਸੂਰਵੀਰ ਮਹਾਂਪੁਰਸ਼ ਸਨ । ਇਹਨਾਂ ਦੇ ਨਾਲ ਸਹਾਈ ਸਿੰਘ ਝਾਮਕਿਆਂ ਵਾਲਾ ਅਤੇ ਨਾਮਦਾਰ[1] ਕਸਾਈ ਜੰਡਿਆਲਾ ਸ਼ੇਰ ਖਾਂ ਵਾਲਾ ਹਰ ਵਕਤ ਹਮ ਰਕਾਬ ਰਹਿੰਦੇ ਸਨ । ਜਿਧਰ ਜਾਂਦੇ ਸਾਰੇ ਇਕੱਠੇ ਜਾਂਦੇ । ਸਹਾਈ ਸਿੰਘ ਝਾਮਕਾ ਇਕ ਨਾਮੀ ਪਲੱਥੇਬਾਜ਼ ਤਲਵਾਰੀਆ ਸੀ ਅਤੇ ਨਾਮਦਾਰ ਬੜਾ ਪ੍ਰਸਿਧ ਬੰਦੂਕਚੀ ਨਿਸ਼ਨੇਬਾਜ਼ ਸੀ । ਸ: ਰਣ ਸਿੰਘ ਮਦਵਾਲੀਆ ਵੀ ਆ ਰਲਿਆ—ਇਹ ਸਾਰੇ ਇਕ ਤੋਂ ਇਕ ਵੱਧ ਜੋਧੇ ਵਰਯਾਮ ਸਨ ' ਹੁਣ ਧਾੜੇ ਘੰੜੇ ਮਾਰਨ ਲੱਗ ਪਏ । ਅਮੀਰ ਸਿੰਘ ਮੁਹਰੈਲ ਹੁੰਦਾ—ਵਿਉਂਤ ਬੰਦੀ ਕਰਦਾ ਤੇ ਬਾਕੀ ਦੇ ਤਿੰਨੇ ਤਲਵਾਰਾਂ ਮਾਰਦੇ ਇਕ ਬੰਦੂਕ ਨਾਲ ਨਿਸ਼ਾਨੇ ਫੁੰਡਦੇ ।

ਸਾਹਿਬ ਸਿੰਘ ਸਹਾਈ ਸਿੰਘ ਦੀ ਮੌਤ ਪਿੱਛੋਂ ਲੁਬਾਣੇ ਸ਼ੇਖੂਪੁਰੇ ਤੇ ਨਿੱਤ ਹਮਲੇ ਕਰਣ ਲੱਗ ਪਏ । ਅਮੀਰ ਸਿੰਘ ਅਜੇ ਸਮਾਂ 15-16 ਸਾਲ ਦਾ ਹੀ ਸੀ—ਇਕ ਦਿਨ ਲੁਬਾਣਿਆ ਨੇ ਆ ਕੇ ਅਮੀਰ ਸਿੰਘ ਦਾ ਮਾਲ ਕਿਲੇ ਦੇ ਅੱਗੇ ਆ ਕੇ ਖੰਹ ਲਿਆ ਤੇ ਆਪਸ ਵਿਚ ਲੜਾਈ ਸ਼ੁਰੂ ਹੋ ਪਈ। ਅੰਦਰੋਂ ਅਮੀਰ ਸਿੰਘ ਨੇ ਡਿੱਠਾ ਤੇ ਭੱਜ ਕੇ ਬਾਹਰ ਲੜਾਈ ਵਿਚ ਜਾਣ ਤੋਂ ਰੋਕ ਕੇ ਫਾਟਕ ਦੇ ਰਾਖੇ ਨੇ ਆਖਿਆ "ਤੂੰ ਅਜੇ ਅੰਜਾਣ ਹੈ ਤੇ ਬਾਹਰ ਨਾ ਜਾ" ਅਮੀਰ ਸਿੰਘ ਜਵਾਬ ਦਿੱਤਾ "ਮੇਰੇ ਭਰਾ ਭਾਈ ਤੇ ਚਾਚੇ ਬਾਬੇ ਤੇ ਦੁਸ਼ਮਨ ਨਾਲ ਲੜਨ ਤੇ ਮੈਂ ਅੰਦਰ ਬਹਿ ਰਹਾਂ" ਮਾਰ ਕੇ ਧੱਕਾ ਖਿੜਕਿਉਂ ਬਾਹਰ ਹੁੰਦਾ ਹੀ ਪਿਆ ਸੀ ਕਿ ਅੱਗੋਂ ਪ੍ਰਸਿੱਧ ਲੁਬਾਣਾ ਜਧਾ ਰਣ ਸਿੰਘ ਮੱਥੇ ਆ ਕੇ ਲੱਗਾ ਵਿਹਦੇ ਸਾਰ ਰਣ ਸਿੰਘ ਤਲਵਾਰ ਦਾ ਵਾਰ ਕੀਤਾ । ਅਮੀਰ ਸਿੰਘ ਨੇ ਵਾਰ ਬਚਾ ਕੇ ਤਲਵਾਰ ਦਾ ਇਕ ਭਰਵਾ ਵਾਰ ਕੀਤਾ ਜਿਸ ਨਾਲ ਰਣ ਸਿੰਘ ਦੀ ਖੱਬੀ ਲੱਤ ਵੱਢੀ ਗਈ ਤੇ ਉਹ ਘੋੜਿਓਂ ਥੱਲੇ ਡਿੱਗ ਕੇ ਮਰ ਗਿਆ। ਉਹਦੀ ਧਾੜ ਭਜ ਗਈ । ਅਜ ਅਮੀਰ ਸਿੰਘ ਨੇ ਪਹਿਲੇ ਦਿਨ ਲੜਾਈ ਵਿਚ ਭਾਗ ਲਿਆ ਸੀ । ਰਣ ਸਿੰਘ ਦੀ ਗਿਦੜੀ ਨਾਵੇਂ ਘੋੜੀ ਅਮੀਰ ਸਿੰਘ ਨੇ ਕਾਬੂ ਕਰ ਲਈ ਦਸਦੇ ਨੇ ਅਮੀਰ ਸਿੰਘ ਨੂੰ. ਰਣ ਸਿੰਘ ਦੀ ਮੌਤ ਪਿੱਛੋਂ ਲੁਬਾਣਿਆ ਚੋਖਾ ਤੰਗ ਕਰਨਾ ਸ਼ੁਰੂ ਕਰ ਦਿੱਤਾ—ਉਸਨੇ ਕੜਯਾਲ ਅਤੇ ਕਾਲੌਕਿਆਂ ਨੂੰ ਸੱਦ ਕੇ ਆਖਿਆ—ਮੇਰੀ ਮੱਦਦ ਕਰੋ, ਲੁਬਾਣੇ ਵੱਧਦੇ ਹੀ ਜਾਂਦੇ ਨੇਂ । ਉੱਥੇ ਸਿਆਣਿਆਂ ਸਲਾਹ ਕਰ ਕੇ ਕੜਯਾਥ ਇੱਕਠ ਕੀਤਾ ਤੇ ਮਤਾ[2] ਪਕਾ ਕੇ ਸਾਰੇ ਟੁਰ ਗਏ । ਅਗਲੇ ਭਲਕ ਕਾਲੌਕਿਆਂ, ਨੇ ਲੁਬਾਣਿਆਂ ਨੂੰ ਆਖਿਆ "ਆਉ ਅਸੀਂ ਬਹਿ ਕੇ ਸੁਲਾਹ ਕਰ ਲਈਏ ਅਸੀਂ ਰੋਜ਼ ਆਪਸ ਵਿਚ ਲੜ ਲੜ ਨ ਪਏ ਮਰੀਏ" ਲੁਬਾਣੇ ਕਾਲੌਕੀ ਆ ਗਏ ਤੇ ਮਿੱਥੀ ਵਿਉਂਤ ਅਨੁਸਾਰ ਇੱਕ ਇੱਕ ਲੁਬਾਣੇ ਨੂੰ ਘਰ ਪ੍ਰਤੀ ਰੋਟੀ ਖੁਆਣ ਦੇ ਪੁੱਜ ਲੈ ਗਏ ਤੇ ਢੱਲ ਤੇ ਡਗਾ ਵਜਾ ਜਿਹੜੇ ਜਿਹੜੇ ਘਰ ਲੁਬਾਣੇ ਗਏ ਸਨ ਉਥੇ ਹੀ ਵੱਢ ਦਿੱਤੇ । ਇਕ ਮਾਈ ਦਾ ਆਪਣਾ ਇਕੋ ਇਕ ਪੁੱਤਰ ਸੀ—ਉਸਦਾ ਪੁੱਤਰ ਆਪਣੇ ਨਾਲ ਇਕ ਗਭਰੂ ਲੁਬਾਣੇ ਨੂੰ ਲੈ ਕੇ ਆਇਆ—ਉਸ ਮਾਈ ਨੇ ਲੁਬਾਣੇ ਨੂੰ ਪੁਛਿਆ ਤੁਸੀਂ ਕਿੰਨੇ ਭਾਈ ਹੋ—ਉਸ ਆਖਿਆ ਮੈਂ ਇਕਲਾ ਹੀ ਹਾਂ—ਮਾਈ ਨੇ ਆਪਣੇ ਪੁਤ੍ਰ ਤੋਂ ਚੰਗੀ ਉਹਨੂੰ ਚਾਦਰ ਦੇ ਕੇ ਆਖਿਆ—ਆਹ ਉੱਤੇ ਲੈ ਕੇ ਤੇ ਭਜ ਜਾ ਤੇਰੇ ਨਾਲ ਦਿਆਂ ਅਜ ਡਗਾ ਵਜਦਿਆਂ ਵਢਿਆਂ[3] ਜਾਣਾ ਹੈ—ਉਸ ਮੁੰਡੇ ਨੇ ਪਿਛੇ ਜਾ ਕੇ ਸਾਰੀ ਗਲ ਦਸੀ । ਪਰ ਕਾਲੌਕੇ ਭੁਲ ਕੇ ਉਸਨੇ ਪਿੰਡ ਦਾ ਨਾਮ ਕਾਲਯਾ ਦਸਿਆ ਤੇ ਲੁਬਾਣਿਆਂ ਨੇ ਜਾ ਕੇ ਪਿੰਡ ਕਾਲਯੇ ਵਢ ਟੁਕ ਤੇ ਸਾੜ ਫੂਕ ਦਿੱਤਾ । ਪਰ ਓਦੂੰ ਪਿਛੋਂ ਲੁਬਾਣੇ ਵਿਰਕਾਂ ਦੇ ਮਗਰੋਂ ਲਹਿ ਗਏ—ਬਾਕੀ ਟਕਰਾ ਭਟੀਆਂ ਤੇ ਖਰਲਾਂ ਨਾਲ ਹੀ ਰਹਿ ਗਿਆ ਸੀ—

ਇਕ ਵਾਰੀ ਉੱਬਰ ਕੇ ਖਰਲਾਂ ਨੇ ਬਾਹੂਮਾਣ[4] ਦੇ ਕੋਲੋਂ ਬਾਬੇ ਅਮੀਰ ਸਿੰਘ ਦੇ ਹਮੈਤੀ ਖਰਲਾਂ ਦੀਆਂ ਹੀ ਮਝੀ ਭਜਾ ਲਈਆਂ—ਪਤਾ ਲੱਗਣ ਤੇ ਬਾਬਾ ਅਮੀਰ ਸਿੰਘ ਖੋਜੀ ਲੈ ਕੇ ਜਾਂ ਮਗਰ ਗਿਆ ਤਾਂ ਚਿੱਟੀ ਵਾਲੀ ਟਿਬੀ[5] ਕੋਲ ਚੋਖਾ ਮੁਲਖੱਯਾ ਜੁੜਿਆ ਵੇਖ ਪਿਛਾਂ ਪਰਤ ਆਇਆ ਪਿੰਡ ਆ ਕੇ ਖਾਹਰਿਆਂ ਨੂੰ ਤੇ ਹੋਰ ਹਮਾਇਤੀਆਂ ਨੂੰ ਨਾਲ ਲੈ ਕੇ ਉੱਬਰ ਕੇ ਖਰਲਾਂ ਦੇ ਪਿੰਡ ਕੋਰ ਝਾਂਬਰੇ ਜਾ[6] ਪਿਆ । ਉਹਨਾਂ ਦਾ ਮਾਲ ਡੰਗਰ ਸਭ ਕੁਝ ਲੁਟ ਕੇ ਛੰਨਾ ਨੂੰ ਅੱਗ ਲਾ ਕੇ ਫੂਕ ਆਇਆ ।

ਜਦੋਂ ਉੱਬਰ ਕੇ ਭਿਖੀ ਕਿਆਂ ਦੀਆਂ ਮਝੀ ਮਾਰਨ ਦੀ ਖੁਸ਼ੀ ਵਿਚ ਘਰ ਪੁਜੇ ਤਾਂ ਪਤਾ ਲਗਾਂ ਨੇ ਪਈ ਅਮੀਰ ਸਿੰਘ ਸਾਡਾ ਪਿਛਾ ਕਿਉਂ ਨਹੀਂ ਕੀਤਾ - ਉਹ ਏਧਰ ਧਾੜਾ ਮਾਰਨ ਆਇਆ ਹੋਇਆ ਸੀ ਹੁਣ ਉਹਨਾਂ ਨੂੰ ਪਤਾ ਲਗਾ ਕਿ ਅਜ ਅਮੀਰ ਸਿੰਘ ਝਾਂਬਰਾ ਵਲਾ ਕੇ ਲੰਘ

---

1. ਨਾਮਦਾਰ ਜੰਡਿਆਲੇ ਸ਼ੇਰ ਖਾਂ ਜ਼ਿਲਾ ਸ਼ੇਖੂਪੁਰਾ ਪੱਛਮੀ ਪੰਜਾਬ ਦੇ ਕਿਸੇ ਪਠਾਣ ਦੇ ਊਠ ਚਾਰਦਾ ਹੁੰਦਾ ਸੀ । ਕਿੰਤੂ ਪਠਾਣ ਵਾਜਬ ਮਜ਼ਦੂਰੀ ਨਹੀਂ ਸੀ ਦੇਂਦਾ । ਊਠਾਂ ਦਾ ਵਗ ਤਾਂ ਨਾਮਦਾਰ ਨੇ ਆਪਣੇ ਭਣੂਜੇ ਨੂੰ ਜਾ ਦਿੱਤਾ ਤੇ ਪਠਾਣ ਦੀ ਬਖਿਆੜੀ ਨਾਮੀ ਘੋੜੀ ਕਢ ਕੇ ਸਰਦਾਰ ਅਮੀਰ ਕੋਲ ਚਲਾ ਗਿਆ—ਬਾਬੇ ਨੂੰ ਘੋੜੀ ਦੇ ਕੇ ਜੱਥੇ ਵਿਚ ਸ਼ਾਮਲ ਹੋ ਗਿਆ ।
2. ਢੋਲੇ ਦਾ ਇਕ ਬੰਦ ਜਬਾਨੀ ਸਜਨ ਸਿੰਘ (ਬੁਢੇਕਾ) ਕਾਲੰਕਾ "ਵਿਰਕਾਂ ਬਹਿ ਕੇ ਮਤਾ ਪਕਾਇਆ ਈ ਵਿਚ ਕੜਯਾਲ ਦੇ"
3. ਇਹ ਰਾਜਨੀਤੀ ਦਾ ਦੰਡ ਭੇਦ ਹੈ ।
4. ਭਿਖੀ ਤੋਂ ਤਿੰਨ ਮੀਲ ਚੜ੍ਹਦੇ ਪਾਸੇ
5. ਚਿੱਟੀ ਵਾਲੀ ਟਿੱਬੀ । ਇਹ ਟਿੱਬੀ ਭਿਖੀ ਤੋਂ 12 ਮੀਲ ਦੱਖਣ ਵੱਲ ਹੈ ।
6. ਕੋਰ ਝਾਂਬਰਾ :—ਇਹ ਪਿੰਡ ਭਿਖੀ ਤੋਂ ਦੱਖਣ ਲਹਿੰਦ ਦੀ ਗੁਠ ਵਿਚ 50 ਮੀਲ ।

ਗਿਆ ਹੈ। "ਅਸੀਂ ਜੁ ਰੋਜ਼ ਆਂਹਦੇ ਸਾਂ, ਅਸੀਂ ਸ਼ੇਖੂਪੁਰੇ ਵਲਾ ਕੇ ਲੰਘਨੇ ਆ ਕਦੇ ਕੌਰ ਝਾਬਰਾਂ ਵੀ ਵਲਾ ਕੇ ਲੰਘੋ ਤਾਂ ਜਾਣੀਏ" ਭਾਈ ਸਾਵਨ ਸਿੰਘ ਚਠਾ ਹਾਲ ਬਾਸਾ ਜਿ: ਕਰਨਾਲ ਦਸਦੇ ਸਨ। ਦਾਨਾਬਾਦ (ਮਿਟਜੋ ਖਰਲ ਦਾ ਪਿੰਡ ਚੱਕ ਨੰ: 654 ਤੋਂ ਚਾਰ ਮੀਲ ਦਖਣ ਸੀ। ਖਰਲ ਅਗਾਹ ਕੋਟ ਕਮਾਲੀਏ ਤਕ ਖਿਲਰੇ ਹੋਏ ਸਨ ਆਦਿ ਆਦ।

ਅਹਿਮਦ ਖਾਨ ਕੌਰ ਝਾਬਰੇ ਦੇ ਖਰਲ ਨੇ ਸੰਨ 1857 ਦੇ ਗਦਰ ਦੇ ਸਮੇਂ ਪੰਜਾਬ ਵਿਚ ਵਿਦਰੋਹ ਕੀਤਾ। ਆਪਣੇ ਸਾਥੀਆਂ ਸਮੇਤ ਕੈਪਟਨ ਬਲੈਕ ਹੇਠ ਲੜਦੀ ਫੌਜ ਹਥੋਂ, ਸਤੰਬਰ 1857 ਨੂੰ ਵੀਰ ਗਤੀ ਪਾ ਗਿਆ (T. and C. Vol iii Page 496 Para 2.)

ਸ਼ਾਹ ਜਮਾਲ ਦੀ ਮੌਤ[1]

ਪੁਰਾਣੇ ਸਮਿਆਂ ਵਿਚ ਧਾੜਵੀ ਆਪਣੇ ਇਲਕੇ ਨੂੰ ਛਡ ਦੂਸਰੇ ਲੋਕਾਂ ਨੂੰ ਲੁਟਣਾ ਬੜੀ ਬਹਾਦਰੀ ਸਮਝਦੇ ਸਨ ਖਾਸ ਕਰਕੇ ਮੁਸਲਮਾਨ ਤਾਂ ਹਦਕਿਆਂ ਇਲਾਕਿਆਂ ਨੂੰ ਲੁਟਣਾ ਸੁਾਬ ਪੁੰਨ ਕਰਮ ਸਮਝਦੇ ਸਨ। ਕਈ ਸਮਝਦਾਰ ਤੇ ਖੁਦਾਤਰਸ ਮੁਸਲਮਾਨ ਭਾਵੇਂ ਇਸ ਨੂੰ ਮਾੜਾ ਸਮਝਦੇ ਸਨ ਪਰ ਲੁੰਡੀ ਬੁਚੀ ਦਾ ਵਤੀਰਾ ਜਾਬਰ ਸੀ। ਸੰਨ 1800 ਈ: ਦੇ ਨੇੜ ਤਰੜੇ ਝਨਾਉਂ ਪਾਰਲੇ ਅਵਾਣਾ ਅਤੇ ਉਰਾਰਲੇ ਲੰਦੀਕੇ, ਪਕਜੋਹ ਕੇ ਭਟੀਆਂ ਦੀ ਧਾੜ ਅਮੀਰ ਸਿੰਘ ਦਾ ਫਸਤਾ ਵਢਣ ਲਈ ਰਜੋਆ ਸਯਦਾ (ਜ਼ਿ: ਝੰਗ) ਵਿਚ ਇਕਠੀ ਹੋਈ। ਹਾਠ ਦਾ ਮੁਹਰੀ ਪੀਰ ਸਹਾਵਲ ਸ਼ਾਹ ਪ੍ਰਸਿੱਧ ਪੀਰ ਸ਼ਾਹ ਜਮਾਲ ਬਣਿਆ—

ਧਾੜ ਢੋਲਾਂ ਦੀ ਕੜਕੁਟ ਵਿਚ ਸ਼ੇਖੂਪੁਰੇ ਦੇ ਕਿਲੇ ਵਲ ਵੱਧਦੀ ਲਗੀ ਆਈ—ਅਗੇ ਅਗੇ ਸ਼ਾਹ ਜਮਾਲ ਸਿਰ ਤੋਂ ਪੈਰਾਂ ਤਕ ਸੰਜੋਅ ਵਿਚ ਮੜਿਆ ਤੇ ਹਰੇ ਰੰਗ ਦੇ ਕਪੜੇ ਨਾਲ ਸੁਸ਼ਜਿਤ ਘੋੜੇ ਤੇ ਚੜਿਆ ਕਿਲੇ ਵਲ ਵਧਿਆ ਆਇਆ—ਬਾਕੀ ਧਾੜ ਨੇ ਕਿਲਾ ਘੇਰ ਲਿਆ ਤੇ ਸ਼ਾਹਜਮਾਲ ਹੱਥ ਵਿਚ ਨੇਜਾ ਫੜੀ ਘੋੜੇ ਨੂੰ ਨਚਾਂਦਾ ਜਦੋਂ ਕਿਲੇ ਦੇ ਅਸਲੋਂ ਨੇੜੇ ਆ ਗਿਆ ਤਾਂ ਲਲਕਾਰਿਆ :—

"ਨਿਕਲ ਬਾਹਰ ਓਇ ਖਾਹਵੀ[2] ਖਾਣਿਆ ਵਹਿੜਕਿਆ ਤੇ ਕਾਈ ਹੱਥ ਵਖਾ" (ਉਸ ਦਿਨ ਬਾਬੇ ਅਮੀਰ ਸਿੰਘ ਦੇ ਨਾਲ, ਅਰੂੜ ਸਿੰਘ ਹੀਰਾ ਸਿੰਘ ਹਰੀ ਭਿਖੀਕੇ, ਸਹਾਈ ਸਿੰਘ ਝਾਮਕਾ[3] ਰਣ ਸਿੰਘ ਮੁਦਵਾਲੀਆ,[4] ਸੰਤ ਸਿੰਘ ਕਾਲੋਕਾ, ਗੁਲਾਬ ਸਿੰਘ ਖਾਹਰਾ ਅਤੇ ਨਾਮਦਾਰ ਜੰਡਯਾਲਾ ਸ਼ੇਰ ਖਾਂ ਸਨ)

ਨਾਮਦਾਰ (ਸ: ਅਮੀਰ ਸਿੰਘ ਨੂੰ) ਓਏ ਸਰਦਾਰਾ, ਮੈਥੋਂ ਇਹ ਕਬੋਲ ਨਹੀਂਓਂ ਸਹਾਰੀ ਦਾ ਮੈਂ ਲਗਾ ਉਂ ਗੋਲੀ ਮਾਰਨ।

ਅਮੀਰ ਸਿੰਘ—ਨਾ ਓਏ ਨਾਮਿਆ—ਜਰਾ ਸਯਦ ਦਾ ਸ਼ਾਨ ਤੇ ਵੇਖ, ਇਹਨੂੰ ਦੋ ਘੜੀਆਂ ਘੋੜਾ ਫੇਰ, ਬੋਲੀਆਂ ਬੋਲ ਕੇ ਮੰਜ ਲੈਣ ਦਿਹ।

ਨਾਮਦਾਰ—ਸਰਦਾਰਾ ਬਕਰੇ ਦੀ ਮਾਂ ਕਦ ਤੱਕ ਖੈਰ ਮਨਾਏਗੀ ?

ਅਮੀਰ ਸਿੰਘ—ਨਾਮਿਆ ਸਯਦ ਸੰਜੋਅ ਵਿਚ ਮੜਿਆਈ ਗੋਲੀ ਕਿਥੇ ਮਾਰੇਂਗਾ ?

ਨਾਮਦਾਰ—ਸਰਦਾਰ ਤੂੰ ਹੁਕਮ ਦੇ ਫਿਰ ਵੇਖ ਮੈਂ ਗੋਲੀ ਕਿਥੇ ਮਾਹਨਾ ਹਾ।

ਅਮੀਰ ਸਿੰਘ—ਚੰਗਾ ਮੁੜ ਤੇਰੀ ਮਰਜੀ।

---

1. ਇਹ ਵਾਰਤਾ ਸੰਨ 1798 ਅਤੇ 1808 ਵਿਚਕਾਰ ਹੋਈ ਪਰਤੀਤ ਹੁੰਦੀ ਹੈ।
2. ਖਾਹਵੀ—ਗਨ੍ਹੀ, ਇਕ ਖੁਸ਼ਬੂਦਾਰ ਘਾਹ ਇਸ ਨੂੰ ਢੋਰ ਬੜੇ ਖੁਸ਼ ਹੋ ਕੇ ਖਾਂਦੇ ਹਨ। ਇਸ ਨੂੰ ਕਈ ਖਸ ਵੀ ਕਹਿ ਦੇਂਦੇ ਹਨ।
3. ਸਹਾਈ ਸਿੰਘ ਝਾਮਕਾ—ਇਸ ਯੁਧ ਵਿਚ ਵੀਰ ਗਤੀ ਪਾ ਗਿਆ ਦਸਿਆ ਜਾਂਦਾ ਹੈ।
4. ਸ: ਰਣ ਸਿੰਘ ਮੁਦਵਾਲੀਆ (ਵੰਸ਼ਜ ਕਾਲੋਕਾ) ਕਦੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਕੁਮੇਦਾਨ ਸੀ। ਇਕ ਵਾਰ ਮਹਾਰਾਜਾ ਦੀ ਰਖੇਲ ਮੋਰਾਂ ਮਹਾਰਾਜੇ ਦੀ ਆਗਿਆ ਨਾਲ ਫੌਜ ਦੀ ਸਲਾਮੀ ਲੈਣ ਵਾਸਤੇ ਹਾਥੀ ਤੇ ਚੜ੍ਹਕੇ ਛਾਵਨੀ (CAMP) ਵਿਚ ਆਈ 'ਸਾਰੇ ਸਰਦਾਰਾਂ ਨੇ ਮਾਈ ਜੀ ਸਲਾਮ, ਮਾਈ ਜੀ ਸਲਾਮ' ਆਖਿਆ ਕਿੰਤੂ ਜਦੋਂ ਉਹ ਸ੍ਰ: ਰਣ ਸਿੰਘ ਦੀ ਪਲਟਨ ਅਗੋਂ ਦੀ ਲੰਘਣ ਲਗੀ ਤਾ ਆਪ ਮੋਰਾਂ ਵਲ ਕੰਡ ਕਰਕੇ ਖਲੋਤਾ ਰਿਹਾ। ਮੋਰਾਂ ਨੇ ਜਾ ਕੇ ਰਾਜੇ ਕੋਲ ਸਿਕਾਇਤ ਕੀਤੀ। ਜਦੋਂ ਸ: ਰਣ ਸਿੰਘ ਦੀ ਤਲਬੀ ਹੋਈ ਤੇ ਮਹਾਰਾਜੇ ਨੇ ਪੁਛਿਆ ਤਾਂ ਸਰਦਾਰ ਨੇ ਆਖਿਆ :—
   "ਮਹਾਰਾਜ, ਅਪਣੀ ਰੰਨ ਨੂੰ ਕਦੇ ਕਿਸੇ ਸਲਾਮ ਨਹੀਂ ਕੀਤਾ"
   ਮਹਾਰਾਜਾ—ਕੀਹ ਮਤਲਬ
   ਸ੍ਰ: ਰਣ ਸਿੰਘ—'ਮਹਾਰਾਜ, ਗੁਸਤਾਖੀ ਮੁਆਫ਼, ਇਹ ਮੋਰਾਂ ਤੁਹਾਡੇ ਕੋਲ ਆਵਨ ਤੋਂ ਪਹਿਲਾਂ ਮੇਰੀ ਰਖੇਲ ਸੀ"
   ਇਤਨਾ ਕਹਿ ਸਰਦਾਰ ਨੌਕਰੀ ਛਡ, ਬਾਬੇ ਅਮੀਰ ਸਿੰਘ ਪਾਸ ਆ ਰਿਹਾ।

ਸ਼ਾਹ ਜਮਾਲ—ਨਾ ਮਾਰੀ ਓਇ ਨਾਮਿਆ ਤੂੰ ਸਯਦਾ ਦਾ ਤਾਲਿਬ ਏਂ।

ਨਾਮਦਾਰ—"ਸ਼ਾਹ ਜੀ ਤਾਲਬ ਤਾਂ ਤੁਹਾਡਾ ਜ਼ਰੂਰ ਹਾਂ ਪਰ ਜਿਹੜੀਆਂ ਗੋਲੀਆਂ ਤੇ ਪਲਿਆਂ ਉਹ ਵੀ ਹਲਾਲ ਕਰਨੀਆਂ ਨੇ ਨਾ"

ਨਾਮਦਾਰ[1] ਦੇ ਅੱਜੇ ਇਹ ਗੱਲ ਮੂੰਹ ਵਿਚ ਹੀ ਸੀ ਕਿ ਸ਼ਾਹ ਜਮਾਲ ਦਾ ਘੋੜਾ ਸਾਂਖ ਪਾ ਹੋਇਆ ਵੇਖ ਉਸ ਨੇ ਠਾਹ ਕਰਦੀ ਗੋਲੀ ਮਾਰੀ ਜੋ ਸਯਦ ਦਾ ਮੱਥਾ ਪਾੜ ਘੋੜੇ ਦੇ ਪਿੱਛੋਂ ਜਾ ਨਿਕਲੀ—ਸਣੇ ਸਵਾਰ ਘੋੜਾ ਧੜਾਮ ਕਰਕੇ ਥੱਲੇ ਡਿੱਗਾ ਤੇ ਹਾਠ ਨੂੰ ਭਾਂਜ ਪੈ ਗਈ। ਵਿਰਕਾਂ ਨੇ ਕਿਲੇ ਵਿੱਚੋਂ ਨਿਕਲ ਬੜੀ ਵਾਢ ਕੀਤੀ। ਕਿਲੇ ਦੇ ਲਹਿੰਦੇ ਪਾਸੇ ਬਸਤੀ ਬਲੋਚਾਂ ਤੱਕ ਦਾ ਵੱਡਾ ਕਬਰਸਤਾਨ ਉਸ ਵਾਢ ਦੀ ਗਵਾਹੀ ਵਜੋਂ ਕਾਇਮ ਹੈ ਸ਼ਾਹ ਜਮਾਲ ਦੀ ਕਬਰ ਕਿਲੇ ਦੀ ਚੜ੍ਹਦੀ ਤੇ ਪਹਾੜ ਦੀ ਗੁੱਠ ਵਿੱਚ ਸੀ।

ਕਾਲ ਪਈ ਬਲੋਂਦੀ ਏ ਤੇ ਕਰਦੀ ਏ ਝੇੜੇ
ਨਾਰਦ ਕੁਦ ਕੁਦ ਮਾਘੇ ਮਾਰਦਾ
ਕੱਠੇ ਹੋਏ ਨੀ ਲੋਦੀ, ਪਕਸੀਂਹ ਕੇ ਕੇਈ ਸੈਆਂ ਆਵਾਣ ਈ ਪਾਰ ਦਾ,
ਕੀਤਾ ਸਲਾਮ ਨੇ ਜਾ ਰਜੋਏ ਵਾਲੇ ਸ਼ਾਹ ਸਹਾਵਲ ਸਤਾਰ ਦਾ।

ਨਾਲੇ ਬੰਨਾ ਈ ਸੱਤ ਵੀਹਾਂ ਗਾਨੇ ਬਧਾ,
ਗਾਨਾ ਖੋਹਲਾਂਗੇ ਫਸਤਾ ਵੱਢ ਅਮੀਰ ਸਿੰਘ ਸਰਦਾਰ ਦਾ।

ਆਹਦੇ ਚੁਕਾ ਦੇਣਾ ਏ ਅਗਲਾ ਪਿਛਲਾ ਝੇੜਾ,
ਇਹ ਖਾਹਵੀ ਖਾਣ ਨਿੱਤ ਬੜ੍ਹਕਾਂ ਏ ਮਾਰਦਾ।

ਸ਼ਾਹ ਨੇ ਬੱਧੀ ਏ ਸੰਜੋਅ, ਤੇ ਘਤੀ ਘੋੜੇ ਤੇ ਕਾਠੀ, ਹਥੋਂ ਰੰਗਲਾ ਸਾਂਗ ਉਲਾਰਦਾ,
ਢੁੱਕੀ ਹਾਠ ਨੇੜੇ ਕਿਲ੍ਹੇ ਦੇ, ਸ਼ਾਹ, ਅਮੀਰ ਸਿੰਘ ਨੂੰ ਲਲਕਾਰਦਾ।

ਨਿਕਲ ਓਏ ਖਾਹਵੀ, ਖਾਣਿਆ ਬੰਨੇਂ ਪਤਾ ਲੱਗ ਜਾਏ ਤੇਰੇ ਬਲਕਾਰ ਦਾ,
ਨਾਮੇ ਮਾਰੀ ਆ ਗੋਲੀ ਮੱਥਾ ਸਯਦ ਦਾ ਪਾੜਦਾ।

ਸ਼ਾਹ ਜਮਾਲ ਏਵੇਂ ਢਠਾ ਜਿਉਂ ਢਹਿੰਦਾ ਈ ਕੋਟ ਕੰਧਾਰ ਦਾ,
ਪਲੂ ਪਿਆ ਫਰੇ ਵਿਚ ਹਾਠ ਦੇ ਵੱਸਣ ਸਤਾਰ ਦਾ।
ਸ਼ਾਹ ਜਮਾਲ ਮੁਏ ਤੋਂ ਪਿਛੋਂ, ਫਿਰ ਨਾਮ ਨ ਲਵਾਂਗੇ ਅਮੀਰ ਸਿੰਘ ਵਿਰਕ ਸੁਦਾਰ ਦਾ

ਦਸਦੇ ਨੇ ਬਚੀ ਖੁਚੀ ਹਾਠ ਪਿੰਡ ਬੂਟਰਾਂ[2] ਵੱਲ ਭੱਜ ਵਗੀ—ਕਿਸੇ ਢੋਲਈ ਨੇ ਆਖਿਆ ਏ :—

ਸਵਾਣੀਆਂ ਫੇਰੇ ਪਲੂ, ਦੇਉ ਪਏ ਦੇਣ ਦੁਹਾਂਈਆਂ।

ਰਖੀ ਅਜ ਬਾਬਾ ਅਕਬਰਾ[3] ਏਸ ਨਗਰੀ ਦਿਆ ਸਾਈਆਂ।

ਅਮੀਰ ਸਿੰਘ ਮੋੜਿਆ ਘੋੜਾ ਵਾਗਾਂ ਪਿੱਛਾਂ ਚ ਭਵਾਈਆਂ।

ਜਿਤ ਵੇਲੇ ਧਾੜੀ ਪਰਤੀਆਂ, ਕੁੱਦ ਪਈ ਵਿਰਕੋਤ ਪੈ ਗਈਆਂ ਦੁਹਾਈਆਂ।

ਲੋਕੀਂ ਆਂਹਦੇ ਮੀਯਾ ਸ਼ਾਹ ਸਹਾਵਲ[4] ਧਾੜੀ ਕਿਧੇ ਜਾ ਮਰਵਾਈਆਂ।

---

1. ਕਿੰਤੂ ਭਾਈ ਮੰਗਲ ਸਿੰਘ ਪੁਤਰ ਗੁਲਾਬ ਸਿੰਘ ਨੇ ਗਿਆਨੀ ਜੀ ਨੂੰ 13.4.78 ਨੂੰ ਜਲਮਾਣੇ (ਜ਼ਿ: ਕਰਨਾਲ) ਦਸਿਆ ਕਿ ਨਾਮਦਾਰ ਨੇ, ਸਯਦ ਦੇ ਖੋਫ਼-ਕਾਰਨ, ਗੋਲੀ ਸਯਦ ਦੇ ਘੋੜੇ ਦੇ ਗੋਡੇ ਵਿਚ, ਮਾਰੀ ਦੂਜੀ ਗੋਲੀ ਸਹਾਈ ਸਿੰਘ ਝਾਮਕੇ ਨੇ ਮਾਰੀ ਜੋ ਸਯਦ ਦੇ ਮੂੰਹ ਵਿੱਚ ਲੱਗੀ ਤੇ ਉਹ ਘੋੜੇ ਤੋਂ ਥੱਲੇ ਜਾ ਪਿਆ—ਮਗਰ ਇਹ ਤੱਥ ਪ੍ਰਚੱਲਤ ਅਤੇ ਪ੍ਰਸਿੱਧ ਆਮ ਢੋਲਿਆਂ ਦੇ ਵਿਪ੍ਰੀਤ ਹੋਣ ਕਰਕੇ ਭ੍ਰਾਂਤੀ ਜਨਕ ਪ੍ਰਤੀਤ ਹੁੰਦਾ ਹੈ। ਵੇਖੋ ਢੋਲਾਂ ਉੱਤੇ
2. ਬੂੱਟਰ—ਇਹ ਦੇਉ ਗੋਤ ਦੇ ਜੱਟਾਂ ਦਾ ਪਿੰਡ ਨਹਿਰ ਗੁਗੇਰ ਬਰਾਂਚ ਦੇ ਚੜ੍ਹਦੇ ਪਾਸੇ ਚੂਹੜਕਾਣਾ ਮੰਡੀ ਤੋਂ 5 ਮੀਲ ਦੱਖਣ ਨੂੰ ਸੀ।
3. ਅਕਬਰ – ਸ਼ਾਇਦ ਕੋਈ ਦੇਉਆਂ ਦਾ ਵਡਿੱਕਾ (ਜਠੇਰਾ) ਸੀ।
4. ਸ਼ਾਹ ਸਹਾਵਲ, ਸ਼ਾਹ ਸਜਾਵਲ ਅਤੇ ਸ਼ਾਹ ਜਮਾਲ ਇਕੋ ਵਿਅਕਤੀ ਦੇ ਨਾਮ ਹਨ ਜੋ ਉਸ ਹਾਠ ਦਾ ਮੁਹਰੀ ਸੀ।

ਕੁਝ ਵੱਢੀਆਂ ਵਿਰਕਾਂ ਕੁਝ ਸਜਾਦੇ[1] ਹੰਜਰਾ ਵਹਿਣੀ ਘਤ ਵਹਾਈਆਂ।

ਢੱਲਈ ਇਸ ਵਾਰਤਾ ਦਾ ਭੋਗ ਇਉਂ ਪਾਂਦਾ ਹੈ

ਓਸ ਦਿਨ ਸੱਤ ਵੀਹਾਂ ਗਾਨੇ ਵਾਲੀਆਂ ਹਾਈ ਅਸਾ ਰੰਡਣਾ ਕਰ ਬਹਾਈਆਂ।
ਸ਼ਾਹ ਜਮਾਲ[5] ਮੋਏ ਤੋਂ ਪਿੱਛੋਂ ਲੜਾਈ ਗਈ ਚੁੱਕ,
ਝਨਾਂ ਦੀ ਧਾੜੀ ਵੱਤ ਨ ਵਿਰਕਾਂ ਤੇ ਚੜ੍ਹ ਕੇ ਆਈਆਂ।

ਮਝੀ ਦੀਆਂ ਮੁੜਾਈਆਂ

ਇਕ ਵੇਰਾਂ ਕਾਪੀ ਤੇ ਕਾਲਪੀ ਦੀ ਰਖ ਵਿੱਚੋਂ ਅਮੀਰ ਸਿੰਘ ਸੁਝੀਆ ਚੁਗਦੀਆਂ ਮਝੀ ਬੇਗੇ[2] ਕੇ ਬਾਜੇ[2] ਕੇ ਖਟਲਾਂ ਭਜਾ ਦੇਈਆ ਉਹ ਕਿਵੇਂ ਮੁੜੀਆ ਇਕ ਢੂਲਈ ਇਉਂ ਦੱਸਦਾ ਹੈ—

ਕਾਲ ਬੁਲੇਂਦੀ ਏ—ਮੂੰਹ ਢੋਰਾਂ ਦੇ ਘਾਹੀਆਂ
ਮੱਝੀਂ ਅਮੀਰ ਸਿੰਘ ਵਿਰਕ ਭਿਖੀ ਕੇ ਦੀਆਂ
ਚੁੱਗਦੀਆਂ ਕਾਪੀ ਤੇ ਕਾਲਪੀ ਦੀਆਂ ਬਾਹੀਆਂ
ਓਦੂੰ ਲੁੱਕੇ ਖਰਲ ਬੇਗੇ ਬਾਜੇ ਕੇ ਉਹਨਾਂ ਪੱਟ ਕੇ ਸਾਰੀਆਂ ਚਾਈਆਂ।
ਓਦਰ ਕੇ ਰਿੰਗੀ ਕਪੂਰ[3], ਕਨਾਹੀ[3] ਤੇ ਹੰਫੇਲ[3]
ਆਂਹਦੀਆਂ ਮਿਲ ਅਮੀਰ ਸਿੰਘਾ, ਮਝੀਆਂ ਦਿਆ ਸਾਈਆਂ।
ਅਮੀਰ ਸਿੰਘ ਘੱਤੀ ਕੁਲੰ ਤੇ ਕਾਠੀ, ਲੰਮੇ ਨੂੰ ਮੂੰਹ ਧਰੀ ਜਾਂਦਾ।
ਡਿੱਠਾ ਕੁੱਲ ਖੁਦਾਈਆਂ।
ਅੱਗੋਂ ਰਾਖਵਾਂ ਚੋਰ ਬੇਗੇਕੇ ਖਰਲਾ ਦਾ ਆਂਹਦਾ।
ਮੱਝੀਂ ਨਹਿਉਂ ਦੇਂਦੀਆਂ ਮੁਲ ਮਾਂਹਘੇ ਤੋਂ ਆਈਆਂ।
ਅੱਗੋਂ ਅਮੀਰ ਸਿੰਘ ਆਂਹਦਾ ਮੈਨੂੰ ਵਿਰਕ ਦੇ ਜੁਗ ਰਾਠ ਕਿਸੇ ਨਹੀਂ ਕਹਿਣਾ ਜੇ,
ਮੈਂ ਦਿਨ ਅੱਠਵੇਂ ਤੋਂ ਪਾਹਲਾਂ ਤੈਥੋਂ ਮੱਝੀਂ ਸਗਵੀਆਂ ਨਾ ਆਣ ਮੁੜਾਈਆਂ।

———

ਕਾਲ ਬੁਲੇਂਦੀ ਏ ਤੇ ਨਾਰਦ ਕਰਦਾ ਈ ਸਦ ਕਟਾਣੇ।
ਅਮੀਰ ਸਿੰਘ ਨੂੰ ਕਿੜ ਚਿਰੋਕੀ ਹਾਈ ਤੇਗ ਚੜ੍ਹਾ ਲਈ ਸੂ ਸਾਣੇ।
ਅਮੀਰ ਸਿੰਘ ਫੇਰੀਆਂ ਗੰਢੀਂ ਸਦਿਉ ਸੂ ਵਿਰਕ ਜਵਾਣ ਜਰਵਾਣੇ।
ਭਿਖੀ ਵਾਸੀਏ ਤੇ ਸਤ ਕੜਯਾਲੀਏ ਓਦੂੰ ਸੱਦ ਲਿਉ ਸੁ ਵਿਰਕ ਰਾਣੇ।
ਸੱਦ ਘਲਿਓ ਸੁ ਪੱਤ੍ਰ ਝਾਮ ਤੇ ਕਾਲੇ ਦੇ ਜਿਹੜੇ ਕਰਦੇ ਹਾਈ ਆਪਣੇ ਭਾਣੇ।
ਓਸ ਦਿਹਾੜੇ ਮੀਰਾ ਸਾਹਿਬ ਦੇ ਟਿੱਬੇ ਤੇ ਕਠ ਸੀ ਵਿਰਕਾਂ ਦਾ।
ਤੇ ਵਾਹਰੂ ਢੱਲ ਗੁਰਨਾਣੇਂ।
ਰਾਠ ਇੱਕ ਦੂਜੇ ਤੋਂ ਵੱਧਵੇਂ ਆਪਸ ਵਿਚ ਬਹਿਕੇ ਕਰਦੇ ਨੀ ਰਾਮ ਕਹਾਣੇ।

---

1. ਸਜਾਦਾ ਇਹ ਹੰਜਰਾ ਜੱਟ ਕੜਯਾਲਾ (ਨਜਦ ਹ ਫਜਾਬ ਦ) ਦਾ ਪ੍ਰਸਿੱਧ ਸੂਰਮਾਂ ਸੀ।
2. ਸਿਖ ਮਿਸਲਾਂ ਦੇ ਵੇਲੇ ਉਂਬਰ ਤੇ ਈਸਾ ਦੋ ਭਰਾ ਖਰਲ ਪ੍ਰਸਿੱਧ ਸਨ। ਈਸੇ ਦੇ ਪਹਿਲੇ ਟੱਬਰਾਂ ਵਿਚੋਂ ਪੁਤਰ ਰੱਬ ਸਬੱਬੀਂ ਸਾਰੇ ਮਰ ਗਏ ਤੇ ਪਿੱਛੇ ਨੂੰਹਾਂ ਰਹਿ ਗਈਆਂ—ਉਸ ਨੇ ਉਹ ਘਰ ਪਾ ਲਈਆਂ ਤੇ ਉਹਨਾਂ ਵਿਚੋਂ ਚਾਰ ਪੁਤਰ ਬੇਗਾ, ਬਾਜਾ, ਰਜਾਦਾ ਤੇ ਸਜਾਦਾ ਨਾਵੇਂ ਹੋਏ। ਜਿਹੜੇ ਉਦੋਂ ਤੋਂ ਲੱਗ ਕੇ ਅੱਜ ਤੱਕ ਨੂੰਹੇ ਕੇ ਕਰਕੇ ਪ੍ਰਸਿੱਧ ਹਨ। ਉਂਬਰ ਦੇ ਪੁਤਰ ਮਰ ਚੁੱਕੇ ਸਨ ਤੇ ਦੋ ਪੋਤਰੇ, ਹਾਮਦ ਤੇ ਅਮੀਰਾ ਰਹਿ ਗਏ ਸਨ। ਇਹੋ ਬਾਬੇ ਅਮੀਰ ਸਿੰਘ ਨਾਲ ਖਹਿਬੜ ਕੇ ਉਸ ਹੱਥੋਂ ਮਾਰ ਖਾਇਆ ਕਰਦੇ ਸਨ।
3. ਇਹ ਮੱਝੀਂ ਦੇ ਨਾਮ ਹਨ।

ਆਂਹਦੇ ਫਜਰੀ ਲੁਟ ਲੈਣਾਂ ਏ ਮੁਲਕ ਬੇਗੇ ਕੇ ਬਾਜੇ ਕੇ ਖਰਲਾਂ ਦਾ ।
ਅੱਗੋਂ ਹੱਸਣਗੇ ਕੰਮ ਜਿਹੜੇ ਸੱਚੇ ਸਾਹਿਬ ਨੂੰ ਭਾਣੇ,
ਜਗਾਤਾਨ ਤੋਂ ਜਾ ਪੀਤਾ ਨੇ ਪਾਣੀ ਤੇ ਘੋੜੇ ਵੀ ਨੇ ਹਿਨਕਾਣੇ ।
ਹੁਮਾਉ ਪਕਸੀਂਹ ਕਾ ਰਾਖਵਾਂ ਚੋਰ ਬੇਗੇ ਕੇ ਖਰਲਾਂ ਦਾ ਆਂਹਦਾ,
ਤਕੜੇ ਹੋ ਜਾਵੇ, ਔਹ ਆ ਗਏ ਜੋ ਗਿਦੜਾਂ ਦੇ ਭੱਤੇ ਵਾਲੇ ਪ੍ਰਾਹਣੇ ।
ਉਸ ਦਿਹਾੜੇ ਮਲਕ ਨਿਹਾਲ ਆਵਾਨ ਤੋਂ,
ਵਿਰਕਾਂ ਦੀ ਛਬ ਹੰਡ ਝਲੀ ਨਾ ਗਈ ਉਹਦੇ ਦਿਲ ਦੇ ਥੰਮ ਡੋਲਾਣੇ ।
ਪਾਵਾਲੀਆਂ ਦੀਆਂ ਖਡੀਆਂ ਵਿੱਚ ਜਾ ਲੁਕਾ ।
ਉੱਤੇ ਲੈ ਕੇ ਉਠਾਂ ਦੇ ਝੁੱਲ ਪਲਾਣੇ ।
ਸਹਾਈ ਸਿੰਘ ਝਾਮਕੇ ਫੜ ਛਿਕਿਆ ਮੇਢੀਆਂ ਤੋਂ ਪਚਾਧੇ ਨੂੰ
ਜਿਉਂ ਨਕੋਲੋਂ ਫੰਧੇ ਉਠ ਅਰੜਾਣੇ ।
ਆਂਹਦਾ ਰੋਸ਼ਨ ਬਾਕਰ ਦਾ, ਖਰਲ ਬੇਗੇ ਕਿਆਂ ਦਾ,
ਟੋਪਿਆਂ ਦੀਆਂ ਭਰ ਲਈਆਂ ਨੀ ਪਾਈਆਂ ।
ਅਮੀਰ ਸਿੰਘਾ ਵਿਰਕਾ, ਕਿਧੂ ਚਾ ਕਢੇ ਨੀ ਰੇਂਢ ਪੁਰਾਣੇ ।

ਅੰਤ ਉਹਨਾਂ ਚੋਰਾਂ ਨੂੰ ਛੱਡਿਆ ਤੇ—ਉਹ ਮਝੀਂ ਮੋੜ ਕਾਪੀ ਤੇ ਕਾਲਪੀ ਦੀ ਰੱਖ ਵਿੱਚ ਵੜ ਗਏ ਤੇ ਪਰਤ ਕਦੇ ਨਾ ਡਿਠੀਆਂ—

ਪ੍ਰੋਫੈਸਰ ਸੇਰ ਸਿੰਘ ਸ਼ੇਰ ਐਮ. ਏ. ਐਮ., ਐਸ. ਸੀ. ਆਪਣੀ ਪ੍ਰਸਿੱਧ ਪੁਸਤਕ "ਬਾਰ ਦੇ ਢੋਲੇ" ਪੰਨਾ 56,57 ਤੇ ਉਪਰੋਕਤ ਢੋਲੇ ਦਾ ਰੂਪਾਂਤਰ ਇਉਂ ਦੇਂਦੇ ਹਨ—

ਕਾਲ ਬੁਲੇਂਦੀ ਏ ਤੇ ਨਾਰਦ ਰੰਗ ਪਛਾਣੇ ।
ਕਾਲ ਲੇਟੀ ਵਿਚ ਮੈਦਾਨ ਦੇ ਜਿਵੇਂ ਰੇਤੂ ਤੇ ਨਾਗ ਅੰਞਾਣੇ ।
ਅਮ੍ਰੀਰ ਸਿੰਘ ਭਿਖੀਕੇ ਨੂੰ ਕਿੜ ਚਰੋਕੀ ਸਾਗ ਚੜ੍ਹਾਈ ਸੁ ਸਾਣੇ ।
ਘੋੜੇ ਕੁਲੇ ਤੇ ਘਤੀ ਸੁ ਕਾਠੀ ਸਿਰ ਤੇ ਸੂਹੇ ਬਾਣੇ ।
ਕਟਕ ਚਾ ਕੀਤੇ ਨੇ ਓਸ ਮੁਤਾਣੇ ।
ਮਾਰ ਲਈ ਨੇ ਮਾਝ ਸਾਰੇ ਕਿਆਂ ਖਰਲਾ ਦੀ ।
ਤਸਿਹ ਮਾਂ ਕਾਠਾਂ ਦੇ ਮੂੰਹ ਕਰਮਾਣੇ ।
ਕਠੇ ਹੋਇ ਨੇ ਕਾਠੀਏ[1] ਕਜਲੇ[2] ਤੇ ਭਰਵਾਣੇ[3]
ਜਗਾਤਣ ਤੋਂ ਪੀਤਾ ਨੇ ਪਾਣੀ ਘੋੜੇ ਵੀ ਜਾ ਹਿਣਕਾਣੇ ।

---

1. ਕਾਠੀਏ —ਇਹ ਉਹਨਾਂ ਸੂਰਵੀਰਾਂ ਦੀ ਅੰਸ ਵਿਚੋਂ ਹਨ ਜਿਨ੍ਹਾਂ ਨੇ ਕਿ 324 ਈ: ਪੁਰਾਤਨ ਸਾਕਲਾ (ਜਿਥੇ ਮੌਜੂਦਾ ਸਾਂਗਲਾ ਹਿਲ ਜ਼ਿ: ਸੇਖੂਪੁਰਾ (ਪੱਛਮੀ ਪੰਜਾਬ) ਆਬਾਦ ਹੈ) ਦੇ ਮੁਕਾਮ ਤੇ ਸਿਕੰਦਰ ਮਹਾਨ ਦਾ ਡਟ ਕੇ ਮੁਕਾਬਲਾ ਕੀਤਾ ਸੀ ਯੂਨਾਨੀ ਲੇਖਕ ਕਰਟੀਯਸ ਅਤੇ ਅਰੀਯਾਨ ਇਹਨਾਂ ਨੂੰ ਕਠਾਇਨਜ਼ ਲਿਖਦੇ ਹਨ । ਇਹ ਸਿੰਧ ਕਿਨਾਰੇ ਭੀ ਆਬਾਦ ਹਨ । ਗੁਜਰਾਤ ਕਾਠੀਆ ਵਾੜ ਇਹਨਾਂ ਦੀ ਹੀ ਰਿਆਸਤ ਸੀ (ਵੇਖੋ ਟਾਡ, ਰਾਜਸਥਾਨ)
2. ਕਜਲੇ : ਪਚਾਧਿਆਂ ਦੀ ਇਕ ਗੋਤ ਜੋ ਵਾਸਤਵ ਵਿੱਚ ਮਨਹਾਸ ਰਾਜਪੂਤਾਂ ਦੀ ਇੱਕ ਸਾਖ ਮੁਸਲਮਾਨ ਰਾਜਪੂਤ ਪ੍ਰਤੀਤ ਹੁੰਦੇ ਹਨ ।
3. ਭਰਵਾਣੇ ਇਹ ਸਿਆਲਾਂ ਦੀ ਇੱਕ ਸ਼ਾਖ ਹੈ ਜੋ ਮਾਹਣੀ ਤੋਂ ਛੇਵੀਂ ਪੀਹੜੀ ਭੈਰੋਂ ਚਲੀ (ਵੇਖੋ ਪੰਜਾਬ ਗਾਜ਼ਟੀਅਰਝੰਗ ਡਿਸਟ੍ਰਿਕਟ ਪੰਨਾ 6 ਤੇ)

ਭੇੜਾ ਪੈ ਗਿਆ ਭਵਾਓ ਬਗਸੀ ਹ ਕਾ[1] ਆਂਹਦਾ ਬਾਹਲਾ,
ਤੇ ਗਿੱਦੜਾਂ ਦੇ ਭਤੇ ਹਾਰ ਗਏ ਨੀ ਆ ਪ੍ਰਾਹੁਣੇ
ਉਥੇ ਝੜ ਪੈ ਗਿਆ ਤਲਵਾਰ ਦਾ,
ਭਰ ਕੇ ਛੁਟੇ ਨੇ ਬੰਦੂਕਾਂ ਤੇ ਗੋਲੀਆਂ ਦੇ ਛਾਣੇ
ਭੇੜਾ ਪੈ ਗਿਆ ਰਹਮੂ ਹੀਮੇ ਦਾ ਜਿਹੜਾ ਲੁੱਕਾ ਉਠਾਂ ਦੇ ਤਕ ਪਲਾਣੇ ।
ਸਹਾਈ ਸਿੰਘ ਝਾਮ ਕੇ ਮੇਢੀਆਂ ਤੋਂ ਧਰੂਹ ਲਿਆ ।
ਅਕੀਦਾ ਕਰੇ ਤਰਲੇ ਤੇ ਮਿਨਤਾਂ ਜਿਵੇਂ ਨਕੇਲੋਂ ਫੱਧੇ ਉਠ ਅਰੜਾਣੇ ।
ਆਂਹਦਾ ਅਜ ਛਡ ਦੇਵੀਂ ਓਏ ਵਿਰਕਾ ।
ਭਲਕੇ ਜਾਵਾਂਗਾ ਛੱਡ ਤੁਹਾਡੇ ਵੀ ਰਾਹਣੇ ।
ਆਂਹਦਾ ਨਾਮਾ ਕਸਾਈ ਖੰਨਾ ਮੁੱਢ ਜਵਾਨ ਦਾ ।
ਰਾਠਾਂ ਨੂੰ ਫਟ ਤਲਵਾਰੀਂ ਦੇ ਗੁਹਣੇ ।
ਰਾਠਾਂ ਨੂੰ ਬੱਲ ਕਤਈ ਨੇ—ਦੁਖ, ਹਡੋਂ ਨਾ ਸਾਹਣੇ ।
ਆਖੀਆ ਨਿਹਾਲ ਆਵਾਣ ਓਏ ਵਿਰਕਾ ਭਰ ਲਈ ਟੋਪੇ ਦੀ ਪਾਈ
ਸਾਥੋਂ ਵੈਰ ਕਿਤਨੇ ਕੁ ਹਾਨੀ ਓਏ ਲਾਹਣੇ ।

ਇਕ ਵੇਰ ਖਰਲਾ ਤੇ ਵਿਰਕਾਂ ਦੀ ਟੱਕਰ ਸ਼ਾਹਕੋਟ ਤੋਂ ਉਤਲੇ ਟੱਟਰ (ਜੰਗਲ) ਵਿਚ ਹੋ ਪਈ ਬਾਬੇ ਅਮੀਰ ਸਿੰਘ ਓਦਣ ਬੜੀ ਤਲਵਾਰ ਚਲਾਈ। ਨਾਮਦਾਰ ਕਸਾਈ ਤੇ ਰਣ ਸਿੰਘ ਮੁਦਵਾਲੀਆ ਵੀ ਸਿਰ ਧੜ ਦੀ ਬਾਜ਼ੀ ਲਾਈ ਬੈਠੇ ਸਨ । ਲੜਦਿਆਂ-2 ਬਾਬੇ ਨੂੰ ਵੱਖੀ ਵਿੱਚ ਇਕ ਕਾਰੀ ਫਟ ਵੱਜਾ । ਗੁਲਾਬ ਸਿੰਘ ਖਾਹਰਾ (ਅਮੀਰ ਸਿੰਘ ਦੇ ਮਾਮੇ ਦਾ ਪੁਤਰ) ਆਪਣੇ ਘੋੜੇ ਤੋਂ ਛਾਲ ਮਾਰ, ਬਾਬੇ ਅਮੀਰ ਸਿੰਘ ਦੇ ਮਗਰ ਘੋੜੇ ਤੇ ਜਾਂ ਬੈਠਾ ਤੇ ਫੱਟ ਨੂੰ ਪੱਗ ਨਾਲ ਬੰਨ੍ਹ ਕੇ ਭਿੱਖੀ ਨੂੰ ਭੱਜ ਚਲਿਆ ਤਾਂ ਬਾਬੇ ਨੇ ਨਾਮਦਾਰ ਤੇ ਰਣ ਸਿੰਘ ਨੂੰ ਵੀ ਭੱਜ ਜਾਣ ਲਈ ਆਖਿਆ—ਉਹਨਾਂ ਆਖਿਆ ਤੂੰ ਜਾਹ ਜੇ ਬਚ ਰਿਹੋਂ ਤਾਂ ਤੂੰ ਸਾਡੇ ਬਦਲੇ ਲਵੇਂਗਾ ਜੇ ਅਸੀਂ ਜਿਉਂਦੇ ਰਹੇ ਤੇ ਤੂੰ ਮਰ ਗਿਉਂ ਤਾ ਸਾਥੋਂ ਤੇਰੇ ਬਦਲੇ ਨਹੀਂ ਲਏ ਜਾਣੇ ।

ਗੁਲਾਬ ਸਿੰਘ ਘੋੜਾ ਉਡਾਈ ਭਿਖੀ ਪੁੱਜਾ, ਫੱਟ ਬੰਨ, (ਜਰਾਹ) ਕੋਲੋਂ ਫੱਟ ਬਨ੍ਹਵਾਇਆ ਤਾਂ ਅਮੀਰ ਸਿੰਘ ਬੇਸੁਰਤ ਸੀ, ਮਗਰੋਂ ਨਾਮਦਾਰ ਤੇ ਰਣ ਸਿੰਘ ਨੇ ਬੜੀ ਵਾਢ ਕੀਤੀ—ਪਰ ਆਪ ਵੀ ਵੀਰ ਗਤੀ ਪਾ ਗਏ । ਕਿਸੇ ਢੱਲਈ ਦੇ ਸ਼ਬਦਾਂ ਵਿਚ—

"ਸਿੰਘ ਨੂੰ ਘੋੜੀ ਚਾ ਚੜ੍ਹਾਇਉਂ ਨੇ ਦੋਵੇਂ ਬਾਲ ਗਏ ਨੀਂ ਕਰ ਹਲਾਲ ਦੀ"

ਜਦੋਂ ਸਰਦਾਰ ਨੂੰ ਹੋਸ਼ ਪਰਤੀ ਤਾਂ ਪੁਛਿਓਂ ਸੂ 'ਨਾਮਦਾਰ ਤੇ ਰਣ ਸਿੰਘ ਕਿਥੇ ਨੇ"—"ਦੋਵੇਂ ਰਾਜ਼ੀ ਬਾਜ਼ੀ ਨੇ ਅਗੋਂ ਉਸ ਨੂੰ ਕੁਝ ਉਤਰ ਨਾ ਦਿੱਤਾ ਗਿਆ—ਉਹਨਾਂ ਦੂਹਾਂ ਸੂਰਮਿਆਂ ਦੀ ਮੌਤ ਦਾ ਪਤਾ ਉਹਨੂੰ ਉਦੋਂ ਹੋਇਆ ਜਦੋਂ ਬਿਲਕੁਲ ਤੰਦਰੁਸਤ ਹੋ ਚੁੱਕਾ ਸੀ । ਤਦੋਂ ਉਸ ਨੇ ਆਪਣੇ ਮਿੱਤਰਾਂ ਦੇ ਬਦਲੇ ਲੈਣ ਦਾ ਪੱਕਾ ਪ੍ਰਣ ਕੀਤਾ ।

ਅਵਾਣਾਂ ਦੀ ਜੜ੍ਹ ਮਾਰਨੀ

ਇਕ ਵਾਰੀ ਭਿਖੀ ਦੀਆਂ ਕੰਮਣਾਣੀਆਂ ਬਾਹਰ ਛੱਪੜ ਤੇ ਕਪੜੇ ਧੋ ਕੇ ਝਾੜੀਆਂ ਉੱਤੇ ਸੁਕਣੇ ਪਾਏ ਹੋਏ ਸਨ । ਕੋਲੋਂ ਲੰਘਦੇ ਕੁੱਛ ਓਪਰੇ ਜਹੇ ਗਭਰੂਆਂ ਨੇ ਇਕ ਝਾੜੀ ਤੋਂ ਬੰਤੇ[2] ਪਿਰਾਣੇ ਦੀ ਮਾਂ ਦਾ ਸੁੱਕਣੇ ਪਿਆ ਤਹਿਮਤ ਖਿੱਚ ਕੇ ਲਾਹ ਲਿਆ ਤੇ ਰਾਹੇ ਪਏ ਵਗੇ। ਮਾਈ ਨੇ ਪੁਛਿਆ ਵੇ ਤੁਸਾਂ ਤਹਿਮਤ ਕਿਉਂ ਲਾਹਿਆ ਏ, ਉਹਨਾਂ ਆਖਿਆ ਸਾਨੂੰ ਚੰਗਾ ਲੱਗਾ ਏ ਤੇ ਅਸ਼ਾਂ ਲਾਹ ਲਿਆ ਹੈ । ਮਾਈ ਨੇ ਪੁਛਿਆ ਵੇ ਮੁੰਡਿਓ ਤੁਸੀਂ ਕਿੱਥੋਂ ਦੇ ਓ? ਤਾਂ ਉਹਨਾਂ ਆਖਿਆ ਅਸੀਂ ਨਿਹਾਲ ਆਵਾਨ ਦੇ ਟੱਬਰ ਵਿਚੋਂ ਹਾਂ । ਉਹ ਤਾਂ ਵਾਂਹਦੂ ਰਹੇ ਤੇ ਮਾਈ ਨੇ ਸਭ ਹਕੀਕਤ ਆਪਣੇ ਪੁਤਰ ਬੰਤੇ ਨੂੰ ਘਰ ਆ ਸੁਣਾਈ ਬੰਤੇ ਉਸੇ ਵੇਲੇ ਬਾਬੇ ਅਮੀਰ ਸਿੰਘ ਨੂੰ ਜਾ ਆਖਿਆ ਲੈ ਓਏ ਸਰਦਾਰਾ ਹੁਣ ਮੈਥੋਂ ਤੇਰੀਆਂ ਮਝੀਂ ਨਹੀਂ ਚੁਗੀਦੀਆਂ ਮੈਂ ਵਹਿਨਾਉਂ ਪਿਆ ਆਪਣੇ ਘਰਾਂ ਨੂੰ, ਅਜ ਮੇਰੀ ਮਾਂ ਦਾ ਤਹਿਮਤ ਨਿਹਾਲ ਕੇ ਆਵਾਣਾਂ ਦੇ ਛੋਹਰ ਸੁਕਣੇ ਪਿਆ ਚਾ ਲੈ ਜਾਂਦੇ ਨੇ ਪਤਾ ਨਹੀਂ

1. ਬਗਸੀਹ ਜਾ ਪਕਸੀਂਹ—ਭੱਟੀ ਰਾਜਪੂਤਾਂ ਦੀ ਇਕ ਸ਼ਾਖ ਹੈ ।
2. ਬੰਤਾ ਪਿਰਾਣਾ, ਇਹ ਮੁਸਲਮਾਨ ਭੱਟੀ ਪਿੰਡੀ ਭੱਟੀਆਂ ਦਾ ਵਾਸੀ ਸਣ ਟੱਬਰਾ ਭਿਖੀ ਆ ਕੇ ਰਹਿੰਦਾ ਤੇ ਬਾਬੇ ਅਮੀਰ ਸਿੰਘ ਦੀਆਂ ਮਝੀਂ ਚਾਰਿਆ ਕਰਦਾ ਸੀ ।

ਭੁਲਕੇ ਕੇ ਕਰਸਨ ? ਬਾਬੇ ਆਖਿਆ ਬੋਤਿਆ ਜੇਰਾ ਕਰ, ਜ਼ਰਾ ਰੱਬ ਦੇ ਰੰਗ ਵੇਖ । ਮੇਰੇ ਹੁੰਦਿਆਂ ਤੂੰ ਭਿਖੀਓਂ ਇੰਝ ਜਾਵੇਂ ਤਾਂ ਮੈਨੂੰ ਰਾਠ ਕਿਸੇ ਨਹੀਂ ਆਖਣਾ ।

ਕੁਛ ਦਿਨ ਲੰਘੇ, ਦਲੇਲੀ ਹੰਜਰਾ ਨੇ ਆ ਸੂਹ ਦਿੱਤੀ ਮਾਹਮੂਵਾਲੀਏ ਪੀਰੇ ਸਪਰਾ ਦੇ ਘਰ ਨਿਹਾਲ ਕੇ ਆਵਾਣਾਂ ਦੀ ਜੰਞ ਢੁੱਕੀ ਹੈ । ਬਾਬਾ,ਅਮੀਰ ਸਿੰਘ ਜੁ ਸਾਮਾ ਕਰਕ ਪਿਆ, ਜਦੋਂ ਜੰਞ ਡੋਲਾ ਲੈ ਕੇ ਪਰਤੀ ਤਾਂ ਰਾਹ ਵਿੱਚ ਸੱਤੇ ਵੀਹਾਂ ਜਾਂਝੀ ਵੱਢ ਘੱਤਿਆ । ਜਦ ਬਾਬਾ ਅਮੀਰ ਸਿੰਘ ਬੰਨੇ (ਵਿਆਂਹਦੜ ਮੁੰਡੇ) ਨੂੰ ਵੱਢਣ ਲੱਗਾ ਤਾਂ ਕੁੜੀ ਨੇ ਡੋਲੇ ਵਿਚੋਂ ਨਿਕਲ ਕੇ ਆਖਿਆ, "ਸਰਦਾਰ ਮੇਰਾ ਬੰਨਾ ਨਾ ਵੱਢੀਂ", ਬਾਬੇ ਆਖਿਆ ਇਹਨਾਂ ਮੇਰੇ ਦੋ ਬੰਨੇ ਵੱਢ ਹੋਏ ਨੇ ਕਿਵੇਂ ਨਾ ਵੱਢਾਂ" ਆਖਦੇ ਨੇ ਜਿਥੇ ਬਾਬੇ ਅਮੀਰ ਸਿੰਘ ਦੇ ਵਾਰ ਨਾਲ ਬੰਨਾ ਵਢਿਆ ਗਿਆ ਉਥੇ ਬੰਨੀ (ਵਿਹਾਂਦੜ ਕੁੜੀ) ਦੀਆਂ ਬਾਂਹਾਂ ਵੀ ਜ਼ਖਮੀ ਹੋ ਗਈਆਂ ।

ਬਾਬਾ ਅਮੀਰ ਸਿੰਘ ਜਦ ਜੰਞ ਵੱਢ ਕੇ ਵਿਹਲਾ ਹੋਇਆ ਤਾਂ ਆਪਣੀ ਉਤਲੀ ਚਾਦਰ ਬੰਨੀ ਵੱਲ ਵਗ੍ਹਾ ਕੇ ਆਖਿਆ ਸੂ, "ਕੁੜੀਏ ਡੋਲੀ ਦੇ ਅੰਦਰ ਜਾ ਕੇ ਆਪਣੀ ਲੁੰਗੀ ਲਾਹ ਕੇ ਬਾਹਰ ਸੁਟ ਦੇ ਤੇ ਆਹ ਚਾਦਰ ਲੱਕ ਬੰਨ੍ਹ ਲੈ । ਜਦੋਂ ਕੁੜੀ ਨੇ ਲੁੰਗੀ ਬਾਹਰ ਸੁਟੀ ਤਾਂ ਬਾਬੇ ਨੇ ਨਫਰ ਨੂੰ ਆਖਿਆ ਚੁਕ ਲਿਆ ਤੇ ਉਹ ਲੁੰਗੀ ਬੋਤੇ ਪਿਰਾਣੇ ਦੀ ਮਾਂ ਨੂੰ ਉਹਦੇ ਤਹਿਮਤ ਬਦਲੇ ਲਿਆ ਕੇ ਦਿੱਤੀ ।

ਦੱਸਦੇ ਨੇ ਲੁੰਗੀ ਲੁਹਾਉਣ ਪਿਛੋਂ ਬਾਬੇ ਨੇ ਡੋਲੇ ਸਮੇਤ ਕੁੜੀ ਚਹੁੰ ਕਹਾਰਾਂ ਅਤੇ ਪੰਜਵੇਂ ਲਾਗੀ (ਮਿਰਾਸੀ) ਨੂੰ ਚੁਕਵਾ ਕੇ ਪੀਰੇ ਸਪਰਾ ਦੇ ਘਰ ਮਾਹਮੂਵਾਲੀ ਵਾਪਸ ਭਿਜਵਾ ਦਿੱਤਾ ਸੀ ।

ਇਹ ਸੀ ਕਿਰਦਾਰ ਉਸ ਦੂਲੇ ਸਰਦਾਰ ਦਾ ਕਿ ਆਪਣੇ ਸੇਵਾਦਾਰ (ਕੰਮੀਂ) ਦੀ ਮਾਂ ਦੇ ਤਹਿਮਤੇ ਦੇ ਬਦਲੇ, ਤਹਿਮਤ ਖੁਹਣ ਵਾਲਿਆਂ ਨੂੰ ਵੱਢਕੇ ਤੇ ਉਹਨਾਂ ਦੀ ਵਿਆਂਹਦੜ ਦੀ ਲੁੰਗੀ ਲਿਆ ਕੇ ਦਿੱਤੀ । ਮਗਰ ਆਪਣੇ ਰਾਠਪੁਣੇ ਨੂੰ ਕਾਇਮ ਰੱਖਦਿਆਂ ਹੋਇਆ ਆਪਣੀ ਸਵਿਤਨ ਵੀ ਬਰਕਰਾਰ ਰੱਖੀ ਕਿਹ ਦੁਸ਼ਮਣ ਦੀ ਬਹੂ ਬੇਟੀ ਵੱਲ ਆਪ ਤਾਂ ਅੱਖ ਮੈਲੀ ਕਰਕੇ ਕਿੱਥੇ ਤਕਣਾਂ ਸੀ, ਦੂਜਿਆਂ ਨੂੰ ਵੀ ਇਸ ਦਾ ਹੌਂਸਲਾ ਨਾ ਪੈਣ ਦਿੱਤਾ ਤੇ ਡੋਲੀ ਕਹਾਰਾਂ ਤੋਂ ਚੁਕਵਾਂ ਕੇ ਕੁੜੀ ਦੇ ਪੇਕੇ ਘਰ ਭਿਜਵਾ ਦਿੱਤੀ ।

ਕਾਸ਼ ਕਦੇ ਅੱਜ ਦੇ ਹਾਕਮ ਵੀ ਕੁਛ ਸਮਝ ਕਰਦੇ ਤਾਂ ਦੇਸ਼ ਵਿਚ ਇਤਨੀ ਤਲਖੀ ਨਾ ਵੱਧਦੀ ।

ਇੱਕ ਢੱਲਈ, ਉਪਰੋਕਤ ਜੰਞ ਵੱਢਣ ਦੇ ਬ੍ਰਿਤਾਂਤ ਨੂੰ ਇਉਂ ਅੰਕਤ ਕਰਦਾ ਹੈ :—

ਕਾਲ ਬੁਲੇਂਦੀ ਏ ਤੇ ਨਾਰਦ ਉਠਿਆ ਈ ਮਾਰ ਦਮਾਮਾ ।
ਅਮੀਰ ਸਿੰਘ ਜੰਮਿਆ ਘਰ ਸਹਾਈ ਸਿੰਘ ਦੇ ਤੇ ਵਜਿਆ ਢੋਲ ਸ਼ਾਦਯਾਨਾ[2] ।
ਸਿੰਘ ਚੜ੍ਹਿਆ ਜਾਂਦਾ ਈ ਜੰਗ ਤੇ ਵਜਿਆ ਤੁਰੀ ਤੇ ਦਮਾਮਾ ।
ਮੁਹਰੇ ਰਣ ਸਿੰਘ ਮੁਦਵਾਲੀਾ, ਸਹਾਈ ਸਿੰਘ ਝਮਕਾ ਤੇ ਜੰਯਤਾਲੇ ਦਾ ਕਸਾਈ ਏ ਨਾਮਾ ।
ਜੰਞ ਆਵਾਨਾ ਦੀ ਜਾ ਰੋਕੀ ਏ ਲਈਆਂ ਰੋਕ ਨੇ ਚਾਰੋਂ ਲਾਹਮਾ ।
ਨਿਹਾਲ ਆਵਾਨ ਆਂਹਦਾ ਅਮੀਰ ਸਿੰਘਾ ! ਜੰਞ ਮਾਰਨੀ ਨਹੀਂ ਕੰਮ ਵਰਯਾਮਾ ।
ਓਦਨ ਕਿੱਥੇ ਸਾਏਂ ਓਏ ਨਿਹਾਲਾ ਜਿਦਨ ਘਲਿਆ ਸਾਈਂ ਲਿਖ ਪ੍ਰਵਾਨਾ ।
ਰਾਹ ਜਾਂਦਿਆਂ ਲਾਹ ਲਓ ਜੇ ਥਿਕੜੇ[3] ਤਾਂ ਮੈਂ ਚੜ੍ਹਿਆ ਕਰਕੇ ਸਾਮਾ ।

(ਦੱਸਦੇ ਨੇ ਬਾਬੇ ਅਮੀਰ ਸਿੰਘ ਦੇ ਜਿਸਮ ਉੱਤੇ ਬਾਈ ਫੱਟਾ ਦੇ ਨਿਸ਼ਾਨ ਸਨ)

---

1. ਮਾਛਣ ਦਾ ਪੁੱਤਰ ਵੀ ਆਵਣਾ ਨੇ ਹੀ ਮਾਰਿਆ ਸੀ ।
2. ਸ਼ਾਦਯਾਨਾ—ਪ੍ਰਸੰਨਤਾ ਦਾ ਢੋਲ ।
3. ਥਿਕੜੇ—ਲੰਹਿਦੀ ਪੰਜਾਬੀ ਵਿਚ ਕਪੜੇ ।

ਰਾਏ ਬਾਕਰ ਨਾਲ ਪੱਗ ਵਟਾਈ

ਭਾਈ ਜੀਵਨ ਸਿੰਘ ਜੀ (ਚੱਕ ਜੈਦ ਵਾਲੇ) ਅਨੁਸਾਰ, ਇੱਕ ਵਾਰੀ ਰਾਏ ਬਾਕਰ[1] ਨੇ ਬਾਬੇ ਅਮੀਰ ਸਿੰਘ ਨੂੰ ਤਾਅਨਾ ਮਾਰਿਆ :—

"ਸਰਦਾਰਾ ਤੂੰ ਰੱਜ ਸਾਨੂੰ ਈ ਉਠ ਪੈਨਾਂ ਏ, ਉਧਰ ਜਸੋ ਦੀਆਂ ਟਾਹਲੀਆਂ ਵਲ ਜਾਂ ਝਨਾਂਉ ਪਾਰ ਕਦੇ ਨਹੀਂ ਜਾਂਦਾ"?

ਸਪਰਾ, ਲਾਲੀ, ਲੱਕ, ਜਾਣ ਤ੍ਰਾਣ ਝਨਾਓਂ ਪਾਰ ਭਿਖੀ ਤੋਂ 140 ਕੋਹ ਸੀ, ਉਥੋਂ ਲਾਲੀ ਲਕਾ ਦੀਆਂ ਸਤ ਵੀਹਾਂ ਡਾਚੀ ਮਾਰ ਲਿਆਂਦੀ ਦੋ ਦੂਹਾਂ ਧਿਰਾਂ ਦਾ, ਪਰਤਦਿਆਂ ਹੋਇਆਂ ਕੱਕੀ ਵਣੋਟੀ[2] ਦੀ ਕੋਲ ਭੇੜਾ ਹੋ ਪਿਆ—ਆਂਹਦੇ ਨੇ ਏਥੇ ਸਤ ਸੌ ਮੁਸਲਮਾਨ ਤੇ ਇੱਕ ਸੌ ਵੀਹ ਸਿੰਘ ਮਰੇ। ਲਾਲੀ ਲੱਕਾ ਦੀਆਂ 120 ਡਾਚੀਆਂ ਅਮੀਰ ਸਿੰਘ ਨੇ ਮਾਰ ਲਿਆਂਦੀਆਂ ਜਦੋਂ ਰਾਏ ਬਾਕਰ ਨੇ ਡਿਠੀਆਂ ਤਾਂ ਅਮੀਰ ਸਿੰਘ ਨਾਲ ਪੱਗ ਵਟਾਈਓ ਸੁ ਤੇ ਸੁਲਹ ਕਰ ਲਈਓ ਸੁ। ਨੂਰ ਮੁਹੰਮਦ (ਪ੍ਰਸਿੱਧ ਨੂਰੀ ਕੌਂਥੋਕਾ)ਨੇ ਢੋਲੀ ਆਖਿਆ :—

ਚੜ੍ਹਿਆ ਬਾਬਾ ਅਮੀਰ ਸਿੰਘ ਕਰ ਲੰਮੀ ਧਾਈ।
ਵਲੇ ਵਾਲੇ[3] ਕੋਲ ਲੱਗ ਗਏ ਨੀ ਮੱਥੇ।
ਕੀਤਾ ਹੁਕਮ ਨਫਰ ਨੂੰ ਕਾਠੀ ਕੁਲੇ ਤੇ ਛੰਡ ਵਗਾਈ।
ਨਾਨਕਾਣਿਓ ਪੀਤੋ ਸੁ ਪਾਣੀ ਗੁਰੂ ਅਗੇ ਸੀਸ ਨਿਵਾਈ।
ਚੜ੍ਹਿਆ ਜਾਂਦਾ ਜੰਗ ਤੇ ਵੇਖੇ ਸਭ ਲੁਕਾਈ।
ਵਲੇ ਵਾਲੇ ਕੋਲ ਲੱਗ ਨੀ ਮੱਥੇ
ਖੜਕਨ ਖੰਡੇ ਸਾਂਗਾਂ ਸੀਸ ਨਿਵਾਈ।
ਅਮੀਰ ਸਿੰਘ ਆਖਿਆ ਨਾਮਦਾਰਾ ਸਹਾਈ ਸਿੰਘਾ,
ਰਣ ਸਿੰਘਾ, ਹਰ ਸਿੰਘਾ ਪਾਖਰਾ[4] ਸ਼ਹੀਦਾਂਆਂ ਭਿਖੀ ਜਾਣ ਦੀ ਵਾਹ ਨਾ ਕਾਈ।
ਰਾਠਾਂ ਮਾਰ ਤਲਵਾਰੀ ਕਟਕ ਚਲਾਏ, ਭਜੇ ਜਾਂਦੇ ਜੋ ਕਡ ਵਖਾਈ,
ਸ਼ਾਹ[5] ਤੋਂ ਡਾਚੀਆਂ ਅਮੀਰ ਸਿੰਘ ਪਾਣੀ ਲਾਹੀਆਂ ਅੱਗੋਂ ਹੋਈ ਖਬਰ ਰਾ ਬਾਕਰ ਨੂੰ ਉਸ ਰੋਟੀ ਆਣ ਪਕਵਾਈ।
ਫਿਰ ਵੈਰਾਂ ਤੋਂ ਹੋਈਆਂ ਖੈਰਾਂ ਪੱਗ ਅਮੀਰ ਸਿੰਘ ਨਾਲ ਵਟਾਈ।

---

1. **ਰਾਏ ਬਾਕਰ**—ਇਸ ਦੇਸ਼ ਧਰੋਹੀ ਦਾ ਸੰਖੇਪ ਵਰਣਨ ਇਉਂ ਹੈ :—

ਖਾਲਸਾ ਰਾਜ ਦੇ ਸਮੇਂ ਬਾਕਰ ਨਾਮ ਦਾ ਇਕ ਭਰਵਾਣਾ (ਭੇਰੋਂ ਵੰਸਜ਼ ਸਿਆਲ) ਜਿਮੀਂਦਾਰ ਪਿੰਡ ਖੀਵਾ ਇਲਾਕਾ ਵਾੜ੍ਹਾ ਦਾ ਰਹਿਣ ਵਾਲਾ ਸੀ। ਉਹ ਮਹਾਰਾਜਾ ਰਣਜੀਤ ਸਿੰਘ ਤੋਂ ਜ਼ਿਲ੍ਹਾ ਝੰਗ ਠੇਕੇ ਤੇ ਲੈ ਲੈਂਦਾ ਅਤੇ ਸਾਰੇ ਇਲਾਕੇ ਤੇ ਬੜੇ ਠਾਠ ਨਾਲ ਹਕੂਮਤ ਕਰਦਾ ਸੀ। ਇਸ ਨੇ ਕਾਫੀ ਉੱਨਤੀ ਕਰ ਲਈ ਅਤੇ ਕਾਫੀ ਧਨ ਇਕੱਠਾ ਕਰ ਲਿਆ।

ਖਾਲਸਾ ਰਾਜ ਦੇ ਪਤਨ ਵੇਲੇ, ਸਿਖ ਫੌਜ ਨੂੰ ਰਾਹ ਦੱਸਣ ਦੇ ਬਹਾਨੇ ਉਹਨਾਂ ਨੂੰ ਦਰਿਆ ਝਨਾਂ ਦੇ ਬੇਲੇ ਵਿਚ ਵਾੜ ਦਿੱਤਾ, ਅਤੇ ਬੇਲੇ ਨੂੰ ਅੱਗ ਲਵਾ ਦਿੱਤੀ। ਉਧਰ ਅੰਗਰੇਜ਼ ਅਧਿਕਾਰੀਆਂ ਨੂੰ ਇਤਲਾਹ ਦੇ ਦਿਤੀ। ਖਾਲਸਾ ਫੌਜ ਅੱਗ ਅਤੇ ਦੁਸ਼ਮਣ ਨੇ ਚਾਰੋਂ ਪਾਸਿਓਂ ਘੇਰ ਲਈ। ਫੌਜ ਕੁਛ ਤਾਂ ਅੱਗ ਨਾਲ ਸੜ ਗਈ ਤੇ ਕੁਛ ਦਰਿਆ ਵਿਚ ਰੁੜ ਕੇ ਖਤਮ ਹੋ ਗਈ।

ਸਿਖ ਫੌਜ ਦਾ ਬਹੁਤ ਸਾਰਾ ਮਾਲ ਅਸਬਾਬ ਰਾਏ ਬਾਕਰ ਦੇ ਹਥ ਆਇਆ। ਉਹ ਸੈਂਕੜੇ ਊਠਾਂ ਅਤੇ ਬਿਅੰਤ ਧਨ ਮਾਲ ਦਾ ਮਾਲਕ ਹੈ। ਪ੍ਰਸਿਧ "ਸਾਹਿਬਾਂ" ਜਿਸ ਦਾ ਮਿਰਜ਼ੇ ਨਾਲ ਪ੍ਰੇਮ ਸੀ, ਇਸੇ ਰਾਏ ਬਾਕਰ ਦੇ ਕਿਸੇ ਪੂਰਵਜ ਦੀ ਧੀ ਸੀ। (ਵੇਖੋ ਪੰਜਾਬ ਕੀ ਸੈਰ, ਪੰਜਾਬੀ ਯੂਨੀਵਰਸਿਟੀ, ਪ੍ਰਕਾਸ਼ਤ ਪੰਨਾ 135-36)

2. ਲਾਇਲਪੁਰੋਂ ਅਗੇ ਅਬਾਸਪੁਰ ਸਟੇਸ਼ਨ ਤੋਂ ਚਾਰ ਮੀਲ ਦੱਖਣ ਪਿੰਡ ਨੌਣੇਵਾਲੀ ਭੂਲੇਰ ਦੇ ਕਲਰ (ਜਿਸ ਨੂੰ ਕੱਕੀ ਸੌਰ) ਵੀ ਸੱਦਦੇ ਹਨ, ਇਕ ਡੂੰਘੀ ਦਾਬ ਕੰਢੇ ਉਚੇ ਟਿੱਬੇ ਤੇ ਇਕ ਕਕਿਆਂ ਪਤਰਾਂ ਅਤੇ ਕੌੜੀਆਂ ਪੀਹਲੂੰ ਵਾਲਾ ਇਕ ਵਣ, ਜਾਲ ਦਾ ਦਰਖਤ ਹੈ। ਜਿਥੋਂ ਪੁਰਾਣੇ ਸਮਿਆਂ ਵਿਚ ਵਿਰਕੋਤ ਦੀ ਹੱਦ ਪਹਾੜ ਵਲ ਪੱਬਰ ਵਾਲੇ ਨੂੰ ਜਾਂਦੀ ਸੀ।

ਜਥੇਦਾਰ ਅਨੋਖ ਸਿੰਘ ਪੁਤਰ ਖੜਕ ਸਿੰਘ ਨਾਵੇਂ ਨੇ ਇਹ ਵਣ ਦਾ ਦਰਖਤ ਅਖੀਂ ਡਿਠਾ ਸੀ। —ਗਿਆਨੀ ਜੀ

3. ਵੱਲੇ ਵਾਲਾ ?
4. ਭੱਜੇ
5. ਪਾਖਰ

ਸ਼ਾਹ[1] ਤੇ ਲਾਇਆ ਅਮੀਰ ਸਿੰਘ ਟੱਪਾ ।
ਉਥੇ ਖੂਹ[2] ਚਲਾਇਆ ਪਾਣੀ ਪੀਂਦੀ ਏ ਕੁਲ ਲੁਕਾਈ,
ਓਸ ਦਿਹਾੜੇ ਤਾਰਿਆ ਅਮੀਰ ਸਿੰਘ ਪਿਉ ਤੇ ਦਾਦਾ ।
ਦੇਸ ਵਿਰਕਾਂ ਰਾਠਾਂ ਨਾਲੋਂ ਹੱਥ ਵਧਾਈ ।

ਵਿਰਕਾਂ ਦਾ ਖਰਲਾਂ ਅਤੇ ਭਟੀਆਂ ਨਾਲ ਕਦੀਮੀ ਵੈਰ ਚਲਿਆ ਆਉਂਦਾ ਹੈ । ਮੌਕਾ ਪੈਣ ਤੇ ਇਕ ਦੂਜੇ ਦਾ ਮਾਲ ਮਾਰ ਲਿਆਉਂਦੇ । ਨਿੱਤ ਝੇੜੇ ਤੇ ਲੜਾਈਆਂ ਪਏ ਰਹਿੰਦੇ । ਬਾਬੇ ਅਮੀਰ ਸਿੰਘ ਨੇ ਸਿਰਕਰਦੇ ਵਿਰਕਾਂ (ਬਛਰਾਵਾਂ) ਸਮੇਤ, ਭਟੀਆਂ ਅਤੇ ਖਰਲਾਂ ਨਾਲ ਸ਼ਾਹਕੋਟ ਪੰਚਾਇਤ ਕੀਤੀ ਜਿਸ ਵਿਚ ਸ਼ਾਹ ਕੋਟ ਹੱਦ ਮੁਕਰੱਰ ਹੋਈ —ਤਿੰਨਾਂ ਧਿਰਾਂ ਨੇ ਆਪੋ ਆਪਣ ਖੂਹ ਇਸ ਤਰ੍ਹਾਂ ਲਗਵਾਏ :—

ਵਿਰਕਾਂ (ਬਛਰਾਂਵਾਂ) ਦਾ ਖੂਹ (ਜਿਸ ਨਾਲ ਬਾਬੇ ਜਾਉ ਅਤੇ ਜੰਪਰ ਦੀ ਅੰਸ ਦਾ ਕੋਈ ਤਅਲਕ ਨਹੀਂ ਸੀ)—ਇਹ ਖੂਹ ਬਾਬੇ ਬਾਘ ਸਿੰਘ ਕੜਯਾਲਘੇ (ਪ੍ਰਸਿੱਧ ਮਰਾਲੀ ਵਾਲੀਆ) ਦੀ ਸਪੁਰਦਗੀ ਵਿਚ ਕੇਵਲ ਬਛਰਾਵਾਂ ਦੀ ਉਗਰਾਹੀ ਨਾਲ ਲੱਗਾ । ਇਥੇ ਮੁਸਲਮਾਨ ਮਜਾਵਰ ਬਿਠਾਇਆ ਗਿਆ ਜੋ ਬਛਰਾਵਾਂ ਤੋਂ ਪਿਤ, ਪਾਈ, ਮੁੰਡੇ ਦੇ ਜਨਮ, ਕੁੜਮਾਈ ਅਤੇ ਜੰਞ ਚੜ੍ਹਨ ਦੇ ਹਰ ਸਮੇਂ ਇੱਕ ਇੱਕ ਰੁਪੱਯਾ ਲੈਂਦਾ ਸੀ ਅਤੇ ਜਦੋਂ ਕੋਈ ਵਿਰਕ ਸ਼ਾਹਕੋਟ ਜਾਂਦਾ ਤਾਂ ਇਹ ਮਜੌਰ ਮੰਜਾ ਬਿਸਤਰਾ ਪ੍ਰਸ਼ਾਦ ਪਾਣੀ ਅਤੇ ਘੋੜੇ ਦੇ ਦਾਣੇ ਪੱਠੇ ਆਦਿ ਦਾ ਪ੍ਰਬੰਧ ਕਰਿਆ ਕਰਦਾ ਸੀ । ਚੋਰੀ ਦੇ ਮੁਤਅਲਕ ਇਹ ਫੈਸਲਾ ਹੋਇਆ ਕਿ ਜਿਸਦੇ ਇਲਾਕੇ ਵਿਚ ਖੁਰਾ ਜਾ ਪਵੇ ਜਾਂ ਤਾਂ ਉਹ ਸਗਵਾਂ ਮਾਲ ਦੇਵੇ ਜਾਂ ਖੁਰਾ ਅਗਾਂਹ ਟੋਰ ਦੇਵੇ । ਬਛਰਾਵਾਂ ਦੀ ਅੰਸ ਸ਼ਾਹ ਕੋਟ ਤੱਕ ਤਿਣੀ ਉਗਰਾਂਹਦੀ ਰਹੀ ਜੋ ਅੰਗਰੇਜ਼ਾਂ ਦੇ ਆਵਨ ਤੇ ਸਮਾਪਤ ਹੋ ਗਈ । ਵਿਰਕਾਂ ਦਾ ਖੂਹ ਸ਼ਾਹ ਕੋਟ ਵਾਲੀ ਪਹਾੜੀ ਦੇ ਚੜ੍ਹਦੇ ਤੇ ਪਹਾੜ ਦੀ ਗੁਠ ਵਿੱਚ ਸੀ । ਖਰਲਾਂ ਦਾ ਖੂਹ ਚੜ੍ਹਦੇ ਤੋਂ ਦੱਖਣ ਦੀ ਗੁਠ ਵਿੱਚ ਸੀ । ਭਟੀਆਂ ਦਾ ਖੂਹ ਪਹਾੜੀ ਤੋਂ ਲਹਿੰਦੇ ਤੇ ਪਹਾੜ ਦੀ ਗੁਠ ਵਿੱਚ । ਅੰਗਰੇਜ਼ਾਂ ਦੇ ਆਵਨ ਤੇ ਇਹ ਹੱਦਾਂ ਸਮਾਪਤ ਹੋ ਗਈਆਂ ਸਨ । ਇਹ ਵਾਰਤਾ 1814 ਤੋਂ ਪਹਿਲਾਂ ਦੀ ਹੈ) ।

ਦੱਸਦੇ ਨੇ ਅਮੀਰ ਸਿੰਘ ਅਜੇ ਛੋਟੀ ਉਮਰ ਦਾ ਹੀ ਸੀ ਕਿ ਭਿਖੀ ਕਮੀਆਂ ਦੀ ਮਝੀ ਮੀਰਾਂਪੁਰੀਏ ਖਰਲਾਂ ਨੇ ਮਾਰ ਲਈਆਂ । ਉਹਨਾਂ ਪਿੰਡ ਆ ਕੇ ਪੁਕਾਰ ਕੀਤੀ । ਵਡੇਰੇ ਕਿਧਰੇ ਬਾਹਰ ਗਏ ਹੋਣ ਕਰਕੇ ਅਮੀਰ ਸਿੰਘ ਆਪਣੇ ਹਾਣੀਆਂ ਨੂੰ ਨਾਲ ਲੈ ਕੇ ਮੀਰਾਂਪੁਰ ਜਾ ਪਿਆ ਤੇ ਖਰਲਾਂ ਦੀਆਂ ਮਝੀਂ ਮਾਰ ਲਿਆਇਆ । ਵਡੇਰਿਆਂ ਦੇ ਆਉਣ ਤੇ ਖਰਲ ਕੰਮੀਆਂ ਦੇ ਡੰਗਰ ਦੇ ਗਏ ਤੇ ਆਪਣੇ ਲੈ ਗਏ ।

ਇਸ ਤਰ੍ਹਾਂ ਦੇ ਕਈ ਕਾਰਨਾਮੇ ਕਰਦਾ ਇਹ ਵਿਰਕ ਗੋਤ ਦਾ ਹੀਰਾ ਸਾਂਦਲਬਾਰ ਦੇ ਆਸਮਾਨ ਤੇ ਚਮਕਿਆ । ਸ਼ੇਖੂਪੁਰੇ ਦੇ ਕਿਲੇ ਤੇ ਕਾਬਜ਼ ਰਿਹਾ ।ਅਖੀਰ ਸਿੱਖ ਰਾਜ ਦੇ ਵੇਲੇ; ਗਿ: ਗਿਆਨ ਸਿੰਘ[3] ਦੇ ਕਥਨ ਅਨੁਸਾਰ, "ਸੰਨ 1808 ਵਿੱਚ ਸ਼ੇਖੂਪੁਰੇ ਦੀ ਪਰਜਾ ਵਲੋਂ ਉਥੋਂ ਦੇ ਹਾਕਮਾਂ, ਅਰਬੇਲ ਸਿੰਘ ਅਤੇ ਅਮੀਰਸਿੰਘ ਦੀਆਂ ਵਧੀਕੀਆਂ ਦੀ ਸ਼ਕਾਇਤ ਪੁਜਨ ਤੇ ਮਹਾਂਰਾਜੇ ਰਣਜੀਤਸਿੰਘ ਨੇ ਕੰਵਰ ਖੜਕਸਿੰਘ ਨੂੰ ਸੈਨਾਪਤੀ ਮੁਕਰਰ ਕਰਕੇ ਗੌਸੇ ਖਾਂ ਅਤੇ ਹੁਕਮਾ ਸਿੰਘ ਚਿਮਨੀ ਨੂੰ ਫੌਜਾਂ ਦੇ ਕੇ ਕਿਲਾ ਸ਼ੇਖੂਪੁਰਾ ਫਤਹਿ ਕਰਨ ਘਲਿਆ । ਅਮੀਰ ਸਿੰਘ ਅਰਬੇਲ ਸਿੰਘ ਬੜੀ ਬਹਾਦਰੀ ਨਾਲ ਪੰਦਰਾਂ ਦਿਨ ਤੱਕ ਲੜਦੇ ਰਹੇ, ਮਗਰ ਕਿਲ੍ਹਾ ਫਤਹਿ ਨਾ ਹੋਇਆ । ਅਖੀਰ ਭੰਗੀਆਂ ਦੀ ਤੋਪ ਲਾਹੌਰੋਂ ਲਿਆ ਕੇ ਪੰਦਰਵੇਂ ਦਿਨ ਵੀਹ ਗੋਲਿਆਂ ਨਾਲ ਦਰਵਾਜ਼ਾ ਭੰਨ ਕੇ ਫੌਜ ਅੰਦਰ ਦਾਖਲ ਹੋਈ ਤੇ ਅਮੀਰ ਸਿੰਘ ਅਰਬੇਲ ਸਿੰਘ ਨੂੰ ਕੈਦ ਕਰ ਲਿਆ ਆਦਿ ਆਦਿ ।

ਕਿੰਤੂ ਇਹ ਵਿਵਰਨ ਨਿਰਾਧਾਰ ਅਤੇ ਭ੍ਰਾਂਤੀਪੂਰਨ ਹੈ । ਪਹਿਲਾਂ ਤਾਂ ਸਾਡੀ ਸੀਨੇ ਬਸੀਨੇ ਚਲੀ ਆਉਂਦੀ ਰਵਾਇਤ ਅਤੇ ਦੂਸਰੇ ਪ੍ਰਸਿੱਧ ਇਤਿਹਾਸਕਾਰ ਸਰ ਲੇਪਲ ਗ੍ਰਿਫਿਨ ਦੀ 1865 ਵਾਲੀ ਲਿਖਤ ਅਨੁਸਾਰ[4] ਕਿਲਾ ਸ਼ੇਖੂਪੁਰਾ ਬਿਲਕੁਲ ਫਤਹਿ ਨਹੀਂ ਹੋਇਆ ਅਤੇ ਨਾ ਹੀ ਭੰਗੀਆਂ ਵਾਲੀ ਤੋਪ ਚਲੀ ਸੀ । ਵਾਸਤਵ ਵਿੱਚ ਜਦੋਂ ਕਿਲ੍ਹਾ ਫਤਿਹ ਹੁੰਦਾ ਨਜ਼ਰੀਂ ਨਾ ਆਇਆ ਤਾਂ ਸਰਦਾਰ ਮਿਤ ਸਿੰਘ ਭੜਾਣੀਆ[5] ਅਤੇ

---

1. ਸ਼ਾਹ—ਮੁਰਾਦ ਕਸਬਾ ਸ਼ਾਹ ਕੋਟ ਤੋਂ ਹੈ—ਜੋ ਸ਼ੇਖੂਪੁਰ ਲਾਇਲਪੁਰ ਸੜਕ ਤੇ ਹੈ ।
2. ਖੂਹ—ਜਥੇਦਾਰ ਅਨੋਖ ਸਿੰਘ ਨਾਵਾਂ (ਕਾਲੋਕੇ) ਦੇ ਕਥਨ ਅਨੁਸਾਰ (ਜਿਵੇਂ ਉਹਨਾਂ ਗਿਆਨੀ ਜੀ ਨੂੰ ਆਪਣੇ ਪਿੰਡ ਬਲ ਵਿੱਚ ਦਸਿਆ ।)
3. ਤ੍ਵਾਰੀਖ ਖਾਲਸਾ (ਰਾਜ ਖਾਲਸਾ ਉਰਦੂ) ਪੰਨਾ 96
4. ਦਿ ਪੰਜਾਬ ਚੀਫਸ (ਪ੍ਰਥਮ ਛਾਪ) ਸ: 1865
5. ਮਿਤ ਸਿੰਘ ਨੁਸਹਿਰੇ ਭੜਾਣੇ ਦਾ ਸੰਧੂ ਸ: ਮਹਾਂ ਸਿੰਘ ਦੀ ਫੌਜ ਵਿੱਚ 1814 ਦੇ ਕਸ਼ਮੀਰ ਯੁਧ ਵਿੱਚ ਵੀਰ ਗਤੀ ਪਾ ਗਿਆ ।

ਸ: ਨਿਹਾਲ ਸਿੰਘ ਅਟਾਰੀਵਾਲੇ ਨੇ ਵਿੱਚ ਪੈ ਕੇ ਸੁਲਹ ਕਰਵਾ ਦਿੱਤੀ । ਬਾਬੇ ਅਮੀਰ ਸਿੰਘ ਨੇ ਕਿਲ੍ਹਾ ਖਾਲੀ ਕਰ ਦਿੱਤਾ, ਜਿਸ ਦੇ ਬਦਲੇ ਖਾਲਸਾ ਸਰਕਾਰ ਨੇ ਆਪ ਜੀ ਦੇ ਪ੍ਰਵਾਰ ਨੂੰ ਪਿੰਡ ਲਸ਼ਕਰੀਪੁਰ[2] ਰਾਵੀ ਕੰਢੇ ਭਿਖੀਓ ਸੱਤਾਂ ਕੋਹ ਦੂਰ ਜਾਗੀਰ ਵਿੱਚ ਦਿੱਤੇ ।

ਮਹਾਰਾਜੇ ਨੇ ਬਾਬੇ ਅਮੀਰ ਸਿੰਘ ਨੂੰ ਅਮਰ ਸਿੰਘ ਮਜੀਠੀਏ ਦੀ ਫੌਜ ਵਿੱਚ ਕੁਮੇਦਾਨੀ ਦਿੱਤੀ ਅਤੇ ਇਸਦੇ ਹਮਾਇਤੀਆਂ ਨੂੰ ਵੀ ਫਰਕੋ ਫਰਕੀ ਨੌਕਰੀਆਂ ਦਿੱਤੀਆਂ । ਕਿਲ੍ਹਾ ਸ਼ੇਖੂਪੁਰਾ ਤੇ ਉਸਦਾ ਇਲਾਕਾ ਮਹਾਰਾਣੀ ਦਾਤਾਰ ਕੌਰ ਪ੍ਰਸਿੱਧ ਨਕਾਇਣ ਨੂੰ ਜਗੀਰ ਵਜੋਂ ਮਿਲਿਆ :—

ਰਾਣੀ ਨਕਾਇਣ ਨੇ ਪੁਰਾਣੀ ਸਾਕਾਦਾਰੀ ਨੂੰ ਅਤੇ ਵਿਰਕਾਂ ਦੀ ਤਾਕਤ ਨੂੰ ਮੁਖ ਰੱਖਦਿਆਂ ਹੋਇਆਂ ਭਿਖੀ ਨਾਲ ਰਿਸ਼ਤੇਦਾਰੀ ਬਣਾਈ ਰੱਖਣੀ ਮੁਨਾਸਿਬ ਸਮਝੀ ਅਤੇ ਆਪਣੀ ਭਤੀਜੀ (ਖਜਾਨ ਸਿੰਘ ਦੀ ਪੁਤਰੀ) ਨੰਦ ਕੌਰ ਦੀ ਸ਼ਾਦੀ ਕਿਸ਼ਨ ਸਿੰਘ ਪੁਤਰ ਹੀਰਾ ਸਿੰਘ ਪੁਤਰ ਅਮੀਰ ਸਿੰਘ ਨਾਲ ਕਰਵਾਈ —ਅਤੇ ਦੂਸਰੀ ਭਤੀਜੀ ਚੰਦ ਕੌਰ (ਪੁਤਰੀ ਖਜਾਨ ਸਿੰਘ) ਦੀ ਸ਼ਾਦੀ ਸੁਜਾਨ ਸਿੰਘ ਵਲਦ ਅਰਬਲ ਸਿੰਘ ਨਾਲ ਸੰਨ 1808 ਤੋਂ 1814 ਈ: ਦੇ ਵਿੱਚ ਕਰਵਾਈ ।

ਇਹਨਾਂ ਦੀਆਂ ਜੰਞਾਂ ਲਸ਼ਕਾਰੀ ਪੁਰੋਂ ਚੜ੍ਹੀਆਂ ਸਨ । ਦੱਸਦੇ ਨੇ ਜਦੋਂ ਨਕਾਇਨ ਨੇ ਮਹਾਰਾਜੇ ਨੂੰ ਰਿਸ਼ਤੇ ਬਾਰੇ ਦਸਿਆ ਤਾਂ ਮਹਾਰਾਜੇ ਨੇ ਆਖਿਆ—ਇਹ ਚੰਗਾ ਨਹੀਂ ਹੋਇਆ —ਮੈਂ ਸ਼ੇਖੂਪੁਰੇ ਦਾ ਕਿਲ੍ਹਾ ਵਿਰਕਾਂ ਤੋਂ ਮਸਾਂ ਖਾਲੀ ਕਰਵਾਇਆ ਸੀ ਜੇ ਫੇਰ ਉਥੇ ਜੰਞਾਂ ਢੁਕੀਆਂ ਤਾਂ ਖਤਰਾ ਪੈਦਾ ਹੋ ਜਾਵੇਗਾ—ਜਿਸਤੇ ਮਹਾਰਾਜੇ ਨੇ ਝਬਰੀਂ ਕੱਚਾ ਕਿਲ੍ਹਾ ਬਨਵਾ ਕੇ ਇਹਨਾਂ ਦੂਹਾਂ ਨੀਗਰਾਂ ਦੀ ਜੰਞਾਂ ਉਥੇ ਸੱਦੀਆਂ ਤੇ ਵਿਆਹ ਹੋਏ ਤੇ ਜੰਞਾਂ ਉਥੋਂ ਹੀ ਵਿਦਿਆ ਹੋਈਆਂ ਇਨ੍ਹਾਂ ਦੂਹਾਂ ਨੀਂਗਰਾਂ ਦੇ ਛੰਦ[3] ਸੁਨਾਣ ਤੇ ਮਹਾਰਾਜੇ ਨੇ ਪੁਰਾਣੀ ਭਿਖੀ ਜੋ ਜ਼ਬਤ ਕਰ ਰੱਖੀ ਸੀ ਵਾਗੁਜ਼ਾਰ ਕਰ ਦਿੱਤੀ ਅਤੇ ਮਹਾਰਾਜੇ ਨੇ ਉਹਨਾਂ ਦੂਹਾਂ ਲੜਕੀਆਂ ਨੂੰ ਦੋ ਪਿੰਡ ਵਜ਼ੀਦੇ ਦਾਜ ਵਿੱਚ ਦਿੱਤੇ । ਧਾਰਾ ਸਿੰਘ[5] ਦਾ ਬਾਪ ਕੇਸਰ ਸਿੰਘ ਵਜੀਦਿਓਂ ਜਗੀਰ ਦੇ ਪੈਸੇ ਲਿਆਉਂਦਾ ਰਿਹਾ ।

ਭਾਈ ਉਜਾਗਰ ਸਿੰਘ ਪੁੱਤਰ ਬਾਰਾ ਸਿੰਘ (ਕਾਲੇਕਾ) ਦਸਦੇ ਸਨ ਕਿ ਮਹਾਰਾਜਾ ਵਿਰਕਾਂ ਨੂੰ ਇਹ ਰਿਸ਼ਤੇ ਦੇ ਕੇ ਖੁਸ਼ ਨਹੀਂ ਸੀ—ਉਹ ਸਮਝਦਾ ਸੀ ਕਿ ਇਹ ਅੱਗੇ ਹੀ ਮਾਰ ਖੋਰੇ ਹਨ—ਤੇ ਜੇ ਇਹਨਾਂ ਨੂੰ ਹੋਰ ਧਨ ਮਾਲ ਜ਼ਿਆਦਾ ਦਿੱਤਾ ਤਾਂ ਇਹ ਹੋਰ ਤਗੜੇ ਹੋ ਜਾਣਗੇ—ਇਸਦਾ ਢੰਗ ਮਿਸ਼ਰ ਬੇਲੀ ਰਾਮ ਨੇ ਸੋਚ ਕੇ ਮਹਾਰਾਜੇ ਦੇ ਕੰਨ ਵਿੱਚ ਦਸਿਆ—ਸੁਣ ਕੇ ਮਹਾਰਾਜੇ ਆਖਿਆ ਚੰਗਾ ਮਿਸ਼ਰ ਜੀ ਫਿਰ ਤੁਸੀਂ ਹੀ ਬੰਦੋਬਸਤ ਕਰੋ ।

---

1. ਸ: ਨਿਹਾਲ ਸਿੰਘ ਅਟਾਰੀ ਵਾਲਾ, ਮਹਾਰਾਜਾ ਦੀ ਫੌਜ ਵਿੱਚ ਸਰਦਾਰ ਸੀ । 1807 ਕਸੂਰ ਫਤਿਹ ਕਰਨ ਉਪਰੰਤ ਇਹ ਕਸੂਰ ਦਾ ਗਵਰਨਰ ਮੁਕੱਰਰ ਹੋਇਆ—
   ਸੰਨ 1817 ਈ: ਵਿੱਚ ਜਦੋਂ, ਮਹਾਰਾਜਾ ਬੀਮਾਰ ਹੋ ਕੇ ਮਰਣਾਸਨ ਹੋ ਗਿਆ ਤਾਂ ਸ: ਨਿਹਾਲ ਸਿੰਘ ਨੇ ਮਹਾਰਾਜੇ ਦੇ ਪਲੰਘ ਕੋਲ ਖੜੇ ਹੋ ਕੇ ਅਰਦਾਸ ਕੀਤੀ "ਹੇ ਸੱਚੇ ਪਾਤਸ਼ਾਹ ਮੇਰੀ ਬਾਕੀ ਦੀ ਆਯੂ ਮਹਾਰਾਜੇ ਨੂੰ ਮਿਲ ਜਾਵੇ ਤੇ ਇਹਨਾਂ ਦੀ ਬਿਮਾਰੀ ਮੈਨੂੰ ਲੱਗ ਜਾਵੇ" ਅਤੇ ਤਿੰਨ ਪ੍ਰਕਰਮਾਂ ਪਲੰਘ ਦੁਆਲੇ ਕਰ ਅਟਾਰੀ ਚਲਾ ਗਿਆ ਸਿੱਖ ਦੀ ਅਰਦਾਸ ਕਬੂਲ ਹੋ ਗਈ । ਮਹਾਰਾਜਾ ਰਾਜ਼ੀ ਹੋ ਗਿਆ ਅਤੇ ਸ: ਨਿਹਾਲ ਸਿੰਘ ਕਈ ਮਹੀਨੇ ਬੀਮਾਰ ਰਹਿ ਕੇ ਸੰਨ 1818 ਈ: ਗੁਰਪੁਰੀ ਸਿਧਾਰ ਗਏ ।
2. **ਲਕਸ਼ਰੀਪੁਰ** : ਇਹ ਨਗਰ, ਇਤਿਹਾਸਕ ਨੇਗਰ ਬੁਰਜ ਕੇ ਤੋਂ ਅੱਗ ਸੀ ਇਥੇ ਇੱਕ ਇਤਿਹਾਸਕ ਗੁਰਦਵਾਰਾ ਭੀ ਹੈ ਸੀ—ਬੁਰਜ ਕੇ ਉਹ ਪ੍ਰਸਿੱਧ ਨਗਰ ਹੈ ਜਿਥੇ ਬਾਬੇ ਬੰਦਾ ਸਿੰਘ ਦੇ ਘਰੋਂ ਮਾਈ ਰਾਮ ਦੇਵੀ ਬਾਬਾ ਜੀ ਦੇ ਕੈਦ ਹੋ ਜਾਣ ਉਪਰੰਤ ਰਹਿੰਦੀ ਸੀ। ਇਥੋਂ ਮਾਈ ਰਾਮ ਦੇਵੀ ਦੇ ਭੇਜੇ ਹੋਏ ਤੁਰਕਾਣੀ ਭੇਸ ਵਿੱਚ ਸਿੰਘ ਦਿੱਲੀ ਗਏ । ਬਾਬੇ ਨੂੰ ਜਦ ਹਾਕਮਾਂ ਨੇ ਹਾਥੀ ਮਗਰ ਘੜੀਸਿਆ ਤਾਂ ਬਾਬਾ ਜੀ ਨੇ ਆਪਣੇ ਪ੍ਰਾਣ ਦਸਮ ਦੁਆਰ ਚੜ੍ਹਾ ਲਏ । ਤੁਰਕਾਂ ਨੇ ਜਦ ਮਰਿਆ ਜਾਣ ਕੇ ਜਮਨਾਂ ਦੇ ਰੇਤੇ ਵਿੱਚ ਸਿਟ ਦਿੱਤਾ ਤਾਂ ਰਾਤ ਨੂੰ ਸੂਹੇ ਸਿੰਘ ਬਾਬੇ ਦਾ ਸਰੀਰ ਚੁਕ ਕੇ ਮੰਜ਼ਲੋਂ ਮੰਜ਼ਲੀ ਬੁਰਜ ਕੇ ਲੈ ਆਏ। ਇਥੇ ਮਾਈ ਰਾਮ ਦੇਵੀ (ਜੋ ਖੁਦ ਇਸ ਵਿਦਿਆ ਵਿਚ ਪ੍ਰਬੀਨ ਸੀ) ਨੇ ਆਪਣੇ ਯੋਗ ਬਲ ਨਾਲ ਬਾਬਾ ਜੀ ਦੇ ਪ੍ਰਾਣ ਦਸਮ ਦੁਆਰਾ ਤੋਂ ਉਤਾਰੇ ਇਥੋਂ ਪਲੀ ਭਾਤ ਸਵਾਸ਼ ਹੋ ਕੇ ਬਾਬਾ ਜੀ ਰਿਆਸੀ (ਜੰਮੂ) ਨੇੜੇ ਜਾ ਟਿੱਕੇ । ਜਿਥੇ 1736 ਈ: ਨੂੰ ਅੰਤਰ ਧਿਆਨ ਹੋ ਗਏ (ਵੇਖੋ ਪੰਥ ਪ੍ਰਕਾਸ਼ ਗਿ: ਗਿਆਨ ਸਿੰਘ)
3. ਪੁਰਾਤਨ ਸਮੇਂ ਵਿੱਚ ਵਿਆਹ ਦੇ ਅਵਸਰ ਤੇ ਵਿਆਂਹਦੜ ਮੁੰਡੇ ਕੋਲੋਂ ਛੰਦ ਸੁਣਨ ਦਾ ਰਿਵਾਜ ਸੀ । ਜਦੋਂ ਰਾਣੀ ਨਕੈਣ ਨੇ ਮੁੰਡਿਆਂ ਤੋਂ ਛੰਦ ਸੁਣਾਨ ਦੀ ਮੰਗ ਕੀਤੀ ਤਾਂ (ਖਿਜਲਾ ਸਿੰਘ ਜੀ ਦੇ ਕਥਨੁਸਾਰ ਕਿਸ਼ਨ ਸਿੰਘ ਜੀ ਨੇ ਇਹ ਛੰਦ ਸੁਣਾਇਆ—

   ਛੰਦ ਪ੍ਰਾਗੇ ਆਵਾਂ ਜਾਵਾਂ ਛੰਦ ਪ੍ਰਾਗੇ ਤਿੱਕੀ ।
   ਅਗਲਾ ਛੰਦ ਮੈਂ ਤਾਂ ਸੁਣਾਵਾਂ ਜੇ ਛਫੇਸ ਦੇਵੇ ਭਿਖੀ ।

   (ਸ: ਜਵਾਲਾ ਸਿੰਘ ਭੜਾਣੀਏ ਇਸਦੇ ਘਰ ਮਹਾਰਾਣੀ ਜਿੰਦਾਂ ਦੀ ਵੱਡੀ ਭੈਣ ਸੀ)

ਮਿਸ਼ਰ ਨੇ ਪ੍ਰਬੰਧ ਕੀਤਾ ਕਿ ਬੁੱਢੀਆਂ ਗਾਵਾਂ ਮੱਝਾਂ ਦਾਜ ਵਿੱਚ ਦੇਣ ਲਈ ਝਬਰਾਂ ਦੇ ਕਿਲ੍ਹੇ ਵਿੱਚ ਭੇਜ ਦਿੱਤੀਆਂ ਤੇ ਉਥੇ ਉਹਨਾਂ ਦੀ ਸੇਵਾ ਟਹਿਲ ਹੋਣ ਲੱਗ ਪਈ ਦਾਣਾਂ ਪਠਾ ਅੰਦਰ ਹੀ ਮਿਲਣ ਲੱਗ ਪਿਆ। ਗਹਿਣਿਆਂ ਵਾਸਤੇ ਅੰਮ੍ਰਿਤਸਰੋਂ ਝੂਠੇ ਬਾਜ਼ਾਰੋਂ ਪਾਜਲ ਗਹਿਣੇ ਉੱਤੇ ਝਾਲ ਫਰਾ ਕੇ ਲੈ ਆਂਦੇ।

ਅਤੇ ਖੁਦਪੁਰ ਦੀਆਂ ਖਡੀਆਂ ਦਾ ਜਿਨਾਂ ਪੁਰਾਣਾ ਰੇਸ਼ਮ ਸੀ ਸਸਤੇ ਭਾ ਖਰੀਦ ਕੇ ਲਾਹੌਰ ਅਤੇ ਲਾਹੌਰੋਂ ਝਬਰੀਂ ਮੰਗਵਾ ਲਿਆ—ਤੇ ਇਹ ਡੰਗਰ ਤੇ ਗਹਿਣਾ, ਲਤਾ ਦਾਜ ਵਿੱਚ ਦੇ ਦਿੱਤਾ —

ਸਿੱਟਾ ਇਹ ਕਿ ਲਸ਼ਕਰੀਪੁਰ ਜਾ ਕੇ ਜਦੋਂ ਉਹਨਾਂ ਘੰੜੀਆਂ ਤੇ ਗਾਈਂ ਮੱਝੀਂ ਨੂੰ ਚੁਗਣ ਛੱਡਿਆ ਉਹ ਆ ਲਗੀਆਂ ਭੁੱਖੀਆਂ ਮਰਨ—ਦੰਦ ਹੋਣ ਤੇ ਚੁਗਣ —ਉਹ ਭੁੱਖ ਨਾਲ ਮਰ ਗਈਆਂ —ਕੁਛ ਦਿਣਾਂ ਪਿੱਛੋਂ ਗਹਿਣੇ ਵੀ ਨਿਖਰ ਆਏ ਤੇ ਕਪੜਾ ਜਿਸਨੂੰ ਵੀ ਦਿੱਤਾ ਉਸੇ ਸ਼ਿਕਾਇਤ ਕੀਤੀ ਇਹ ਤੋ ਪੜਿਆ ਹੋਇਆ ਹੈ —ਜਿਸ ਤੇ ਅਜੇ ਵੀ ਵਿਰਕਾਂ ਵਿੱਚ ਇਹ ਆਮ ਪ੍ਰਚਲਤ ਹੈ ਕਿ ਜੇ ਕਿਸੇ ਨੂੰ 'ਮਾੜਾ' ਕਪੜਾ ਮਿਲੇ ਤਾਂ ਅਗਲਾ ਆਹਦਾ ਹੈ ਉਏ ਆਹ ਕਿਥੋਂ ਖੁਦਪੁਰ ਦਾ ਕਪੜਾ ਆ ਗਿਆ ਹੈ। ਬਾਬੇ ਅਮੀਰ ਸਿੰਘ ਦੇ ਦੋਵੇਂ ਪੁੱਤਰ ਹੀਰਾ ਸਿੰਘ ਅਤੇ ਹਰ ਸਿੰਘ ਜਿਸਨੂੰ ਸਰਕਾਰੀ ਕਾਗ਼ਜ਼ਾਂ ਵਿਚ ਹਰਸਾ ਸਿੰਘ ਕਰਕੇ ਲਿਖਿਆ ਜਾਇਆ ਕਰਦਾ ਸੀ ਖਾਲਸਾ ਫੌਜ ਵਿੱਚ ਕੁਮੇਦਾਨ ਭਰਤੀ ਸਨ ਦੋਵੇਂ ਮੁਲਤਾਨ ਯੁੱਧ ਵਿੱਚ ਸ਼ਾਮਲ ਹੋਏ ਕਿੰਤੂ ਬੀਮਾਰੀ ਕਾਰਨ ਚਲਾਣੇ ਕਰ ਗਏ। ਦੋਹਾਂ ਦਾ ਸਸਕਾਰ ਪਿੰਡ ਭਿਖੀ ਹੋਇਆ।

———

ਭਾਈ ਬਿਜਲਾ ਸਿੰਘ ਜੀ ਨੇ ਮੇਰੇ (ਗਿਆਨੀ ਜੀ) ਦੇ ਪੁੱਛਣ ਤੇ ਦਸਿਆ "ਸੰਨ 1917 ਵਿਚ ਗੁਰਦਵਾਰਾ ਨਨਕਾਣਾ ਸਾਹਿਬ (ਪੱਛਮੀ ਪੰਜਾਬ) ਦੇ ਮਹੰਤ ਨਾਰਾਇਣ ਦਾਸ ਨੇ ਗੁਰਦਵਾਰਾ ਜਨਮ ਅਸਥਾਨ ਵਿਚ ਵੇਸਵਾਵਾਂ ਦਾ ਨਾਚ ਕਰਵਾਇਆ। ਇਹ ਕੁਕਰਮ ਸੁਣ ਕੇ ਮੈਂ ਇਕ ਪੱਤਰ ਲਾਟ ਸਾਹਿਬ ਪੰਜਾਬ ਨੂੰ ਇਸ ਭਾਵ ਦਾ ਲਿਖ ਘਲਿਆ :

ਸ੍ਰੀਮਾਨ ਲਾਟ ਸਾਹਿਬ,

ਸਤਿ ਸ੍ਰੀ ਅਕਾਲ,

ਗੁਰਦਵਾਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਮਹੰਤ ਨਾਰਾਇਣ ਦਾਸ ਨੇ ਜਨਮ ਅਸਥਾਨ ਦੇ ਅੰਦਰ ਵੇਸਵਾਵਾਂ ਦਾ ਨਾਚ ਕਰਵਾਇਆ ਹੈ। ਸਾਡੇ ਸਿਖਾਂ ਦੇ ਦਿਲਾਂ ਨੂੰ ਬਹੁਤ ਦੁਖ ਹੈ। ਇਸ ਦੀ ਪੜਤਾਲ ਕਰਵਾਈ ਜਾਵੇ।

ਦਾਸ

ਫੌਜਾ ਸਿੰਘ ਖਾਲਸਾ

ਪ੍ਰਸਿੱਧ ਬਿਜਲਾ ਸਿੰਘ

ਇਸ ਦਾ ਉੱਤਰ ਲਾਟ ਸਾਹਿਬ ਵਲੋਂ ਆਇਆ :-

"ਸ਼ਾਂਤ ਰਹੋ। ਇਸ ਦੀ ਪੜਤਾਲ ਕਰਵਾਈ ਜਾਵੇਗੀ।" ਇਸ ਨੂੰ ਪੜ੍ਹ ਕੇ ਘਰ ਵਾਲਿਆਂ ਮੈਨੂੰ ਖੂਬ ਤਾੜਨਾ ਲਾਈ ਕਿ ਤੂੰ ਮਹੰਤ ਦੀ ਸ਼ਿਕਾਇਤ ਕਿਉਂ ਕੀਤੀ ਹੈ ਆਦਿ ਆਦਿ।

ਉਹਨੀਂ ਦਿਨੀਂ ਖਰ੍ਹੇ ਸੌਦੇ ਚੂਹੜਕਾਣੇ ਬੜਾ ਭਾਰਾ ਦੀਵਾਨ ਸੀ। ਮੈਂ ਭਾਈ ਮੂਲ ਸਿੰਘ ਜੀ ਗਰਮੂਲਾ ਵਾਲਿਆਂ ਨੂੰ ਸਾਰੀ ਹਕੀਕਤ ਸੁਣਾਈ ਤੇ ਸਰਕਾਰੀ ਲਫਾਫਾ ਵੀ ਹੱਥ ਫੜਾ ਦਿੱਤਾ—ਉਕਤ ਭਾਈ ਸਾਹਿਬ ਨੇ ਮੈਨੂੰ ਜਫੀ ਵਿੱਚ ਲੈ ਲਿਆ—ਫਿਰ ਸੰਗਤ ਵਿੱਚ ਸਟੇਜ ਤੇ ਖੜਾ ਕਰਕੇ ਫੁਰਮਾਇਆ :—

---

1. **ਬਿਜਲਾ ਸਿੰਘ** ਜਨਮ ਨਾਮ ਫੌਜਾ ਸਿੰਘ—ਆਪ ਜੀ ਪਿੰਡ ਭਿੱਖੀ ਦੇ ਜੰਮਪਲ ਰਾਮਗੜ੍ਹੀਏ ਸਿੰਘ ਹਨ। ਗਿਆਨੀ ਜੀ ਨੇ ਆਪ ਜੀ ਦੇ ਦਰਸ਼ਨ ਕਰਨਾਲ ਸ਼ਹਿਰ 9-4-19/7 ਨੂੰ ਉਹਨਾਂ ਦੇ ਨਿਵਾਸ ਅਸਥਾਨ ਤੇ ਕੀਤੇ ਆਪ ਜੀ ਨੇ ਭਿਖੀ ਦੇ ਇਤਿਹਾਸ ਉਤੇ ਕਾਫੀ ਚਾਨਣਾ ਪਾਇਆ। ਆਪ ਜੀ ਦਾ ਸੰਖੇਪ ਕੁਰਸੀ ਨਾਮਾ ਇਉਂ ਹੈ :- ਜੋਧ ਸਿੰਘ ਦਾ ਪੁਤਰ ਦੂਲਾ ਸਿੰਘ ਉਸ ਦਾ ਪੁਤਰ ਫੌਜਾ ਸਿੰਘ (ਬਿਜਲਾ ਸਿੰਘ) ਆਪ ਜੀ ਨੇ ਦਸਿਆਂ ਕਿ ਮੇਰੀ ਦਾਦੀ ਮਹਾਰਾਣੀ ਨਕੈਣ ਦੇ ਅੰਗ ਰਖਸ਼ਕ, ਸੁਜਾਨ ਸਿੰਘ ਦੀ ਪੁੱਤਰੀ ਸੀ ਜੋ ਬਲ੍ਹੜਕਿਆਂ ਦਾ ਵਸਨੀਕ ਸੀ। ਸ: ਕਿਸ਼ਨ ਸਿੰਘ ਨੇ ਮੇਰੀ ਦਾਦੀ ਨੂੰ ਮਹਾਰਾਣੀ ਨਕਾਇਨ ਦੀ ਸੇਵਾ ਵਿੱਚ ਵੇਖ ਕੇ ਮਹਾਰਾਣੀ ਤੋਂ ਮੰਗ ਲੈਣ ਦਾ ਮਨ ਬਣਾ ਲਿਆ। ਮਹਾਰਾਣੀ ਵੀ ਤਾੜ ਗਈ ਉਸ ਨੇ ਮੇਰੀ ਦਾਦੀ ਨੂੰ ਫੁਲ੍ਹਕਾਰੀ ਪੁਚਾ ਦਿੱਤਾ ਤੇ ਝੱਟ ਪੱਟ ਮੇਰੇ ਦਾਦੇ ਨਾਲ ਵਿਆਹ ਦਿੱਤੀ। ਉਹਨਾਂ ਦੇ ਵਕਤ ਦੀ ਇੱਕ ਚਮੜੇ ਦੀ ਮੰਜੀ ਅਤੇ ਇੱਕ ਸੰਜਅ ਸਾਡੇ ਘਰ ਸੀ। ਉਹ ਸੰਜੋਅ ਪਾਕਿਸਤਾਨ ਬਣਣ ਉਪਰੰਤ ਅੰਮ੍ਰਿਤਸਰ ਸਿੱਖ ਅਜਾਇਬ ਘਰ ਵਿੱਚ ਜਮਾਂ ਕਰਵਾ ਦਿੱਤੀ।

ਨੋਟ :—ਆਪ ਜੀ ਦੇ ਦੱਸੇ ਵਰਤਾਂਤ ਥਾਉਂ ਥਾਈਂ ਦਿੱਤੇ ਜਾਣਗੇ ਅਤੇ ਫੋਟੋ ਵੀ ਅੱਗੇ ਦਿੱਤੀ ਜਾਵੇਗੀ।

ਵੇਖੋ ਇਸ ਬੱਚੇ ਦੇ ਦਿਲ ਵਿੱਚ ਵੀ ਮਹੰਤ ਦੇ ਕੁਕਰਮ ਦਾ ਵਿਰੋਧ ਹੈ। ਸਾਨੂੰ ਸਾਰਿਆਂ ਨੂੰ ਰਲ ਮਿਲਕੇ ਕੋਈ ਉਪਰਾਲਾ ਕਰਨਾ ਚਾਹੀਦਾ ਹੈ ਵਗੈਰਾ ਵਗੈਰਾ।

ਸੰਨ 814 ਵਿੱਚ ਅਟਕ ਦੇ ਕਿਲ੍ਹੇ ਤੇ ਮੁਲਖਯੇ ਨੇ ਘੇਰਾ ਪਾ ਲਿਆ--ਜਿਸ ਤੇ ਮਹਾਰਾਜੇ ਨੇ ਲਾਹੌਰੋਂ ਤਾਜ਼ਾ ਦਮ ਫੌਜ ਭੇਜੀ ਜਿਸ ਵਿੱਚ ਬਾਬਾ ਅਮੀਰ ਸਿੰਘ ਜੀ ਵੀ ਸ਼ਾਮਲ ਸਨ—ਕਹਿੰਦੇ ਨੇ ਕਿ ਇਹਨਾਂ ਦਾ ਨਾਮ ਖਾਸ ਤੌਰ ਤੇ ਜਵਾਲਾ ਸਿੰਘ ਭੜਾਣੀਏ (ਜਿਸਦੇ ਕੰਨਾਂ ਤੇ ਬੜੇ ਕਾਲੇ ਕਾਲੇ ਵਾਲ ਹੋਣ ਕਰਕੇ ਕਾਲਿਆਂ ਕੰਨਾਂ ਵਾਲਾ ਕਰਕੇ ਵੀ ਪ੍ਰਸਿੱਧ ਸੀ) ਨੇ ਪੇਸ਼ ਕੀਤਾ ਸੀ।

ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਸਰ ਲੇਪਲ ਗ੍ਰਿਫਿਨ ਅਤੇ ਗਨੇਸ਼ ਦਾਸ ਵਡਹਿਰ (ਕਰਤਾ ਚਾਰ ਬਾਗ ਪੰਜਾਬ) ਦੇ ਅਨੁਸਾਰ ਬੜਾ ਰਾਜ਼ਾ ਹੱਡੀ ਤੇ ਖੜੀ ਲਹੂ ਡੋਹਲਵੀਂ ਲੜਾਈ ਹੋਈ ਜਿਸ ਵਿੱਚ ਬਾਬਾ ਅਮੀਰ ਸਿੰਘ ਜੀ ਵੀਰ ਗਤੀ ਪਾ ਗਏ ਆਪ ਜੀ ਦੀ ਮ੍ਰਿਤਕ ਦਿਹ ਇੱਕ ਹਾਥੀ ਤੇ ਭਿਖੀ ਲਿਆਂਦੀ ਗਈ ਜਿਥੇ ਕਿ ਆਪ ਜੀ ਦਾ ਪੂਰਨ ਮਾਨ ਸਤਿਕਾਰ ਨਾਲ ਸਸਕਾਰ ਹੋਇਆ ਅਤੇ ਆਪ ਜੀ ਦੀ ਸਮਾਧ ਬਣਾਈ ਗਈ ਜੋ ਸੰਨ 1947 ਤਕ ਪੁਰਾਣੀ ਭਿਖੀ ਦੇ ਥਿੜ ਉਤੇ ਕਾਇਮ ਸੀ—

— **ਅਰਬੇਲ ਸਿੰਘ ਜੀ** –ਕਿਲ੍ਹਾ ਸ਼ੇਖੂਪੁਰਾ ਫਤਿਹ ਹੋਣ ਪਿਛੋਂ ਆਪ ਜੀ ਵੀ ਫੌਜ ਖਾਲਸਾ ਵਿੱਚ ਕੁਮੇਦਾਨ ਨਿਯੁਕਤ ਹੋਏ—ਭਾਈ ਬਿਜਲਾ ਸਿੰਘ ਦੇ ਕਥਨਾਨੁਸਾਰ, ਆਪ ਜੀ ਦਾ ਦਿਹਾਂਤ ਵੀ ਸ: ਅਮੀਰ ਸਿੰਘ ਦੇ ਨਾਲ ਹੋਇਆ—ਅਤੇ ਸਸਕਾਰ ਵੀ ਦੋਹਾਂ ਦੇ ਪਿੰਡ ਲਿਆ ਕੇ ਕੀਤੇ ਗਏ।

— **ਲਹਿਣਾ ਸਿੰਘ**—ਇਸ ਦੀ ਸੰਤਾਨ ਪਿੰਡ ਭੱਠਲੀਂ ਰਹਿੰਦੀ ਸੀ ਇਸ ਦੀ ਘਰਵਾਲੀ ਨੂੰ ਨਾਨਕੀ ਵਿਰਸੇ ਵਿੱਚ ਬਾਰਾਂ ਮੁਰੱਬੇ ਭੋਏਂ ਮਿਲੀ ਹੋਈ ਸੀ ਇੰਦਰ ਸਿੰਘ ਬੁਰਯਾਰ (ਭਿਖੀ ਬੁਰਯਾਰਾਂ ਦੇ ਖੂਹ ਵਾਲਾ) ਦੱਸਦਾ ਸੀ ਕਿ ਬਾਬਾ ਲਹਿਣਾ ਸਿੰਘ ਨੇ ਬੜੇ ਅਮੀਰਾਨਾ ਠਾਠ ਨਾਲ ਜ਼ਿੰਦਗੀ ਗੁਜ਼ਾਰੀ ਇਸ ਨੇ ਇੱਕ ਬਕਰਿਆਂ ਦਾ ਟਾਂਗਾ ਬਣਾ ਰਖਿਆ ਸੀ—ਬੜਾ ਸ਼ਾਹ ਖਰਚ ਸਰਦਾਰ ਸੀ। ਨਤੀਜਾ ਉਹੋ ਨਿਕਲਿਆ ਜੋ ਸ਼ਾਹ ਖਰਚ ਅਮੀਰਾਂ ਦਾ ਅਖੀਰ ਹੁੰਦਾ ਹੈ।

— **ਕਿਸ਼ਨ ਸਿੰਘ**—ਇਹ ਬਹਿੜਵਾਲਯੇ ਨਕੱਈ ਸਰਦਾਰ ਘਰ ਰਾਣੀ ਨਕਾਇਨ ਦੀ ਭਤੀਜੀ (ਖਜ਼ਾਨ ਸਿੰਘ ਦੀ ਪੁਤਰੀ) ਨੰਦ ਕੌਰ ਨਾਲ ਵਿਆਹਿਆ ਗਿਆ—ਇਹ ਸਤਲੁਜ ਯੁਧ ਵਿੱਚ ਸ਼ਾਮਲ ਸੀ।

— ਬਾਬਾ ਧਾਰਾ ਸਿੰਘ ਜੀ—ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਵੇਲੇ ਆਪਣੇ ਪਿੰਡ ਦੇ ਜੱਥੇ ਵਿੱਚ ਸ਼ਾਮਲ ਹੋ ਕੇ ਗਏ। ਇਹ ਜਥਾ ਭਾਈ ਮਾਨ ਸਿੰਘ ਹੰਬੋ ਦੀ ਜਥੇਦਾਰੀ ਹੇਠ, ਭਾਈ ਕਰਤਾਰ ਸਿੰਘ ਝਬਰ ਦੀ ਪ੍ਰਧਾਨਗੀ ਹੇਠ ਜਾ ਰਹੇ 2200 ਦੇ ਗਿਆਰਾਂ ਜਥਿਆਂ ਨੂੰ ਨਨਕਾਣੇ ਸਾਹਿਬ ਦੇ ਭੱਠਿਆਂ ਕੋਲ ਜਾ ਕੇ ਰਲਿਆ। ਫੱਗਣ 1922 ਵਿੱਚ ਬਾਬਾ ਧਾਰਾ ਸਿੰਘ ਜੀ ਦੀ ਜਥੇਦਾਰੀ ਹੇਠ 250 ਸਿੰਘਾਂ ਦਾ ਜਥਾ ਅੰਮ੍ਰਿਤਸਰੋਂ ਭਾਈ ਫੇਰੂ ਦੇ ਗੁਰਦਵਾਰੇ ਗਿਆ—ਤੇ ਆਪ ਕਈ ਸਿੰਘਾਂ ਸਮੇਤ ਗ੍ਰਿਫਤਾਰ ਹੋਏ।—ਬਜ਼ੁਰਗਾਂ ਦੀ ਜ਼ਬਾਨੀ ਸੁਣਿਆ ਹੈ ਕਿ ਆਪ ਜੀ ਦਾ ਕੱਦ ਕਾਠ ਚਿਹਰਾ ਮੁਹਰਾ ਅਤੇ ਗੁਣ, ਕਰਮ, ਅਤੇ ਸੁਭਾਉ ਬਾਬਾ ਅਮੀਰ ਸਿੰਘ ਜੀ ਵਰਗਾ ਸੀ। ਪੁਰਾਤਨ ਗੁਰਸਿੱਖਾਂ ਦਾ ਨਮੂਨਾ ਸਨ। ਪੰਥਕ ਮੋਰਚਿਆਂ ਵਿੱਚ ਹਿੱਸਾ ਲੈਣ ਲਈ ਹਮੇਸ਼ਾਂ ਤਤਪਰ ਰਹਿੰਦੇ ਸਨ—

ਦੇਸ਼ ਦੇ ਬਟਵਾਰੇ ਸਮੇਂ ਆਪ ਜੀ ਦੀ ਆਯੂ (1947 ਵਿੱਚ) ਭਾਵੇਂ 100 ਸਾਲ ਤੋਂ ਵੀ ਉਤੇ ਸੀ ਤਾਂ ਭੀ ਪੰਥਕ ਮੋਰਚਿਆਂ ਵਿੱਚ ਤਤਪਰ ਹੋ ਕੇ ਆਖਰੀ ਸਮੇਂ ਤੱਕ ਹਿੱਸਾ ਲੈਂਦੇ ਰਹੇ ਆਪ ਦਾ ਦਿਹਾਂਤ ਪਿੰਡ ਜਲਮਾਣੇ (ਕਰਨਾਲ) ਕਤਕ 1971 ਨੂੰ ਹੋਇਆ।

— **ਤਾਰਾ ਸਿੰਘ** ਆਪ ਜੀ ਦਾ ਪੁਤਰ ਲਾਭ ਸਿੰਘ ਚੀਚੱਕੀਮਲੀਆ ਦੇ ਢਿਲਵਾਂ ਵਲ ਵਿਆਹਿਆ ਹੋਇਆ ਸੀ—ਉਥੇ ਇੱਕ ਕਤਲ ਹੋ ਗਿਆ ਜਿਸ ਵਿੱਚ ਲਾਭ ਸਿੰਘ ਸ਼ਾਮਲ ਸੀ। ਪੁਛ ਪੜਤਾਲ ਹੋਣ ਤੇ ਬਾਬੇ ਤਾਰਾ ਸਿੰਘ ਜੀ ਨੇ ਗੁਰਦਵਾਰੇ ਝੂਠੀ ਸਹੁੰ ਚੁਕੀ। ਅੱਠਵੇਂ ਦਿਨ ਦੋਵੇਂ ਪੁਤਰ ਲਾਭ ਸਿੰਘ, ਕਿਹਰ ਸਿੰਘ ਚੜ੍ਹਾਈ ਕਰ ਘਏ। ਢੇਰੀ ਲਾਵਲਦ ਗਈ।

— ਇੰਦਰ ਸਿੰਘ—ਆਪ ਜੀ ਦਾ ਜਨਮ ਮਹੀਨਾ ਹਾੜ ਸੰਨ 1905 ਵਿੱਚ ਹੋਇਆ—ਨਨਕਾਣੇ ਸਾਹਿਬ ਦੇ 1921 ਵਾਲੇ ਆਪਣੇ ਪਿੰਡ ਦੇ 180 ਸਿੰਘਾਂ ਦੇ ਜਥੇ ਵਿੱਚ ਸ਼ਾਮਲ ਸਨ। ਸੰਨ 1922 ਵਿੱਚ ਜਿਹੜਾ 250 ਸਿੰਘਾਂ ਦਾ ਜਥਾ ਬਾਬੇ ਧਾਰਾ ਸਿੰਘ ਦੀ ਜਥੇਦਾਰੀ ਵਿੱਚ ਅੰਮ੍ਰਿਤਸਰੋਂ ਖੰਡੂਰ ਸਾਹਿਬ ਗਿਆ ਆਪ ਜੀ ਉਸ ਵਿੱਚ ਸ਼ਾਮਲ ਸਨ—ਕਿੰਤੂ ਅੱਠ ਪਹਿਰ ਹਵਾਲਾਤ ਵਿੱਚ ਰਖਣ ਪਿਛੋਂ ਆਪ ਜੀ ਅਤੇ ਅਠ ਹੋਰ ਭੁਜੰਗੀਆਂ ਨੂੰ ਨਾਬਾਲਗ ਜਾਣ ਕੇ ਪੁਲਿਸ ਵਾਲਿਆਂ ਨੇ ਰਿਹਾ ਕਰ ਦਿੱਤਾ—ਦੋਬਾਰਾ 1922 ਮਹੀਨਾ ਫੱਗਣ ਵਿੱਚ ਫਿਰ ਗਏ।

ਮਈ 1955 ਵਿੱਚ ਪੰਜਾਬੀ ਸੂਬੇ ਦੇ ਮੋਰਚੇ ਵੇਲੇ ਗੁਰਦਵਾਰਾ ਮੰਜੀ ਸਾਹਿਬ ਕਰਨਾਲ ਅੱਠਾਂ ਸਿੰਘਾਂ ਦੇ ਪਹਿਲੇ ਜਥੇ ਵਿੱਚ ਗ੍ਰਿਫਤਾਰ ਹੋਏ। ਕਰਨਾਲ ਅਤੇ ਹਿਸਾਰ ਜੇਲ ਵਿੱਚ ਰਹਿਣ ਪਿਛੋਂ ਅੱਸੂ ਦੇ ਮਹੀਨੇ ਰਿਹਾ ਹੋ ਕੇ ਆਏ। 1960 ਵਿੱਚ ਹਾੜ ਦੇ ਮਹੀਨੇ ਜਲਮਾਣੇ ਪਿੰਡ ਤੋਂ ਫੜੇ ਗਏ ਅੱਠ ਹੋਰ ਸਿੰਘਾਂ ਸਮੇਤ ਤਿੰਨ ਮਹੀਨੇ ਫੇਰ ਹਿਸਾਰ ਜੇਲ੍ਹ ਕੈਦ ਕੱਟ ਕੇ ਆਏ।

ਗੁਰਦਵਾਰਾ ਪਾਉਂਟਾ ਸਾਹਿਬ ਨਿਹੰਗ ਸਿੰਘ ਦੇ ਕਤਲ ਹੋਣ ਤੇ ਜੋ ਮੋਰਚਾ ਲੱਗਾ ਉਸ ਵਿੱਚ ਆਪ ਮਾਸਟਰ ਤਾਰਾ ਸਿੰਘ ਪੱਖੀ ਜਥੇ ਵਿੱਚ ਸ਼ਾਮਲ ਹੋਏ। ਜਦੋਂ 10 ਦਿਨ ਪਿਛੋਂ ਨਿਹੰਗ ਬਰੀ ਕੀਤੇ ਗਏ ਤਾਂ ਆਪ ਜੀ ਘਰ ਪਰਤੇ।

ਦਿੱਲੀ ਦੇ ਤਿੰਨਾਂ ਜਲੂਸਾਂ ਅਤੇ ਅੰਮ੍ਰਿਤਸਰ ਦੇ ਜਲੂਸ ਵਿੱਚ ਆਪ ਸ਼ਾਮਲ ਹੁੰਦੇ ਰਹੇ।

ਕੁਰਕਸ਼ੇਤਰ ਦਸਵੇਂ ਪਾਤਸ਼ਾਹ ਦੇ ਗੁਰਦਵਾਰੇ ਦਾ ਦਰਵਾਜਾ ਯੂਨੀਵਰਸਿਟੀ ਵੱਲ ਖੁਲ੍ਹਦਾ ਸੀ ਜਿਸ ਨੂੰ ਸਰਕਾਰੀ ਕਰਮਚਾਰੀ ਬੰਦ ਕਰਨਾ ਚਾਹੁੰਦੇ ਸਨ। ਭਾਈ ਇੰਦਰ ਸਿੰਘ ਜੀ ਨੇ ਅਰਦਾਸਾ ਸੋਧ ਕੇ ਡੀ. ਸੀ. ਕੋਲੋਂ ਲਲਕਾਰ ਕੇ ਦਰਵਾਜ਼ਾ ਖੁਲਵਾਇਆ।

ਗੁਰਮੁਖ ਪਿਆਰੇ ਜਥੇਦਾਰ ਇੰਦਰ ਸਿੰਘ ਜੀ 1972 ਨੂੰ ਚਲਾਣਾ ਕਰ ਗਏ।

(14) **ਸੰਤਾ ਸਿੰਘ**
ਗੁਰਦੀਪ ਸਿੰਘ) ਫਰਕੋਂ ਫਰਕੀ ਕੈਦ ਕੱਟੀ।

ਕੁੰਦਨ ਸਿੰਘ ਨੇ ਤਿੰਨ ਵਾਰ ਦਿੱਲੀ ਜੇਲ੍ਹ ਵਿੱਚ ਕੈਦ ਕੱਟੀ।

(15) **ਪਾਲਾ ਸਿੰਘ**—ਆਪ ਜੀ ਦੇ ਤਿੰਨ ਟੱਬਰ ਇੱਕ ਚੀਮੀ (ਬੈਂਕਿਆਂ ਦੀ) ਇੱਕ ਸੰਧਾਵਾਲੀਆਂ ਦੀ ਅਤੇ ਤੀਜੀ ਕਾਲਾ ਸਿੰਘ ਖਾਹਰੇ ਦੀ ਲੜਕੀ ਸੀ।

(16) **ਨਿਸ਼ਾਨ ਸਿੰਘ ਸਰਪੰਚ** ਜਲਮਾਣਾ ਜ਼ਿਲ੍ਹਾ ਕਰਨਾਲ—ਇਸ ਨੂੰ ਇੰਦਰਾ ਗਾਂਧੀ ਦੇ ਰਾਜ ਵਿਚ ਲੱਗੀ ਐਮਰਜੰਸੀ ਵਿੱਚ ਕੈਦ ਵਿੱਚ ਰਖਿਆ ਗਿਆ। ਇਹਨਾਂ ਦੇ ਨਾਲ ਭਿੱਖੀ ਦੇ ਪੰਜ ਸਿੰਘ ਹੋਰ ਵੀ ਕੈਦ ਰਹੇ।

ਖਾਸ ਨੋਟ :—

ਭਿਖੀ ਕਿਆਂ ਦਾ ਖੂਹ

1. ਭਾਈ ਕਿਜਲਾ ਸਿੰਘ ਭਿੱਖੀ ਦਾ ਕਥਨ ਹੈ ਕਿ ਜਦੋਂ ਰਾਣੀ ਨਕੈਣ ਦੀਆਂ ਭਤੀਜੀਆਂ ਦੀਆਂ ਜੰਞਾਂ ਢੁਕਣੀਆਂ ਸਨ ਤਾ ਰਾਣੀ ਨੇ ਸ: ਜਵਾਲਾ ਸਿੰਘ ਭੜਾਣੀਏ ਨੂੰ ਆਖਿਆ ਕਿ ਥੋੜੇ ਥੋੜੇ ਫਾਸਲੇ ਤੇ ਜਾਂਞੀਆਂ ਲਈ ਛਬੀਲਾਂ ਲਗਵਾ ਦੇਵੇ। ਉਸ ਆਖਿਆ ਵਿਰਕ ਤੇਰੀਆਂ ਛਬੀਲਾਂ ਦਾ ਪਾਣੀ ਕਿਥੇ ਪੀਂਦੇ ਨੇ ਉਹ ਆਪਣੇ ਖੂਹ ਦਾ ਹੀ ਪਾਣੀ ਪੀਣਗੇ। ਇਸ ਗੱਲ ਦਾ ਪਤਾ ਲਗਣ ਤੇ ਵਿਰਕੈਤ ਨੇ ਪਿੰਡ ਵਰਨਾ ਅਤੇ ਭਬਰਾਂ ਦੇ ਵਿਚਕਾਰ ਝਟਪਟ ਖੂਹ ਲਗਵਾਇਆ ਅਤੇ ਉਸ ਦਾ ਪਾਣੀ ਜੰਞਾਂ ਨੇ ਪੀਤਾ ਉਹ ਭਿਖੀਕਿਆਂ ਦਾ ਖੂਹ ਸੱਦਿਆ ਜਾਂਦਾ ਸੀ।

ਪਿਛੋਂ ਆ ਕੇ ਉਸ ਦੇ ਵਸਨੀਕ ਕੁਤੇ ਹੋ ਗਏ। ਪੰਜਾਬ ਵੰਡਾਰੇ ਪਿਛੋਂ ਜਥੇਦਾਰ ਆਲਾ ਸਿੰਘ ਵਰਨ ਸਰਸੇ ਆ ਬੈਠਾ। ਜਿਥੇ ਉਸ ਦਾ ਜ਼ਮੀਨ ਦੀ ਵੰਡ ਬਾਰੇ ਝਗੜਾ ਬਾਬੇ ਪ੍ਰਤਾਪ ਸਿੰਘ ਨਾਲ ਇਉਂ ਹੋ ਗਿਆ ਕਿ ਨਪਾਈ ਵਾਲੀ ਜਰੀਬ ਕਿਸੇ ਛੋਟੀ ਕਰ ਦਿਤੀ ਸੀ।


2) ਮੜਯਾਲ ਖਾਨ ਮਲਕ ਦੇ ਕੋਲ ਕਿਲਾ ਅਮੀਰ ਸਿੰਘ ਮਲੀਯਾ ਕੋਲ ਕਿਲਾ ਸਾਹਿਬ ਸਿੰਘ ਅਤੇ ਡੇਰ ਦੇ ਕੋਢੇ ਕਿਲਾ ਅਰਬੇਲ ਸਿੰਘ ਜੀ ਜਿਥੇ ਇਹਨਾ ਸਰਦਾਰਾਂ ਦੀਆਂ ਮੜੀਂ ਰਖੀਆਂ ਜਾਂਦੀਆਂ ਸਨ।

ਰਿਹਾਇਸ਼ ਜਗੀਰ ਮਿਲਣ ਪਿਛੋਂ ਲਸ਼ਕਰੀਪੁਰ ਹੋ ਗਈ।

3) ਚੌਧਰੀ ਰਾਜ ਰੂਪ ਨੇ ਆਪਣੇ ਨਾਨਕੇ, ਭਜੀਨ ਦੇ ਵਿੱਚ ਪਿੰਡ ਧੀਗਾ ਤੇ ਚੁੰਬਰਾਂ ਵਿਚ ਵਸਾਏ।


4) ਬਾਬੇ ਚੰਦੂ ਨੇ ਆਪਣੇ ਸੰਬੰਧੀ ਚੇਊ ਬੁਟਰੀਂ ਵਸਾਏ। (ਚੌਨਣ ਦੇ ਪੁੱਤਰ ਡਫਰ ਦਾ ਪੁੱਤਰ ਚੰਦੂ)


5) ਬਾਬੇ ਅਮੀਰ ਸਿੰਘ ਨੇ ਪਿੰਡ ਜਿਉਣਪਰਾ ਤੇ ਕੁਦਲਥੀ ਸਹਾਵਾਂ ਨੂੰ ਦਿੱਤ।



ੳ) ਇਹ ਨਕਈਆ ਵਲ ਵਿਆਹਿਆ ਗਿਆ ।

(ਨੋਟ :—ਇਹ ਸ਼ਜਰਾ ਨੰਬਰਦਾਰ ਕਪੂਰ ਸਿੰਘ ਜਲਮਾਨਾ ਨੇ ਦਿੱਤਾ ਹੈ)


ਰਾਜਰੂਪ
ਸਹਾਈ ਸਿੰਘ
ਸਾਹਿਬ ਸਿੰਘ
ਅਰਬੇਲ ਸਿੰਘ
ਦਲ ਸਿੰਘ
ਅਮਰ ਸਿੰਘ
ਜੱਗ ਸਿੰਘ
(ਵੇਖੋ ਸਫਾ 476)
ਖਿਯੂਨ ਸਿੰਘ
X
ਜੀਵਨ ਸਿੰਘ
ਮੂਲਾ ਸਿੰਘ
ਸੰਤਾ ਸਿੰਘ
ਸਾਧੂ ਸਿੰਘ
ਚਤਰ ਸਿੰਘ
ਕੇਹਰ ਸਿੰਘ
ਗੁਰਬਚਨ ਸਿੰਘ
ਮੰਗਲ ਸਿੰਘ
ਬੰਤਾ ਸਿੰਘ
ਸੋਹਣ ਸਿੰਘ
ਤੇਜਾ ਸਿੰਘ
ਮਹਿੰਦਰ ਸਿੰਘ
ਜਗੀਰ ਸਿੰਘ (ਡਾਚਰ)
ਵਜ਼ੀਰ ਸਿੰਘ
ਗੁਰਦਿਆਲ ਸਿੰਘ
ਕਰਤਾਰ ਸਿੰਘ
ਇਕਬਾਲ ਸਿੰਘ
ਅਵਤਾਰ ਸਿੰਘ
ਮਹਿੰਦਰ ਸਿੰਘ
ਸੁੰਦਰ ਸਿੰਘ
ਮਾਨ ਸਿੰਘ
ਸੁਰਤ ਸਿੰਘ
ਧਰਮਪਾਲ ਸਿੰਘ
ਕਪੂਰ ਸਿੰਘ
ਸੰਪੂਰਨ ਸਿੰਘ
ਸ਼ਮਸ਼ੇਰ ਸਿੰਘ
ਗੁਜਰ ਸਿੰਘ
ਕਮੀਰ ਸਿੰਘ
ਹਰਦੇਵ ਸਿੰਘ
ਬਿਕਰਮਜੀਤ ਸਿੰਘ
ਅਮਰਿੰਦਰ ਸਿੰਘ
ਗੁਰਵਿੰਦਰ ਸਿੰਘ
ਨੌਨਿਹਾਲ ਸਿੰਘ
ਜਸਵੰਤ ਸਿੰਘ
ਬਘੇਲ ਸਿੰਘ
ਅਜੀਤ ਸਿੰਘ
ਦਵਿੰਦਰ ਸਿੰਘ
ਮਨਜੀਤ ਸਿੰਘ
ਜਤਿੰਦਰਸਿੰਘ



— ਸੁਜਾਨ ਸਿੰਘ—ਇਸ ਦੇ ਘਰ ਸ. ਖਜਾਨ ਸਿੰਘ ਨਕੱਈ ਦੀ ਦੂਸਰੀ ਲੜਕੀ ਚੰਦ ਕੌਰ ਸੀ।

— ਨਿਧਾਨ ਸਿੰਘ—ਸ: ਸ਼ਾਮ ਸਿੰਘ ਅਟਾਰੀ ਵਾਲੇ ਦਾ ਸਾਥੀ ਖਾਲਸਾ ਫੌਜ ਵਿਚ ਕੁਮੇਦਾਨ ਸੀ, ਸਤਲੁਜ ਯੁਧ ਵੇਲੇ ਇਹ ਲਾਹੌਰ ਸੀ। ਇਹਨਾਂ ਦਾ ਚਲਾਣਾ 1861 ਈ: ਵਿਚ ਹੋਇਆ।

— ਫੌਜਦਾਰ ਸਿੰਘ—ਇਹ ਸਤਲੁਜ ਯੁਧ ਵਿਚ ਸ਼ਾਮਲ ਸੀ।

— ਜੀਵਨ ਸਿੰਘ—ਸਤਲੁਜ ਯੁਧ ਵੇਲੇ ਇਹ ਲਾਹੌਰ ਸੀ।

— ਸਰਧਾ ਸਿੰਘ—ਇਹ ਬੜਾ ਸੂਰਬੀਰ ਜਵਾਨ ਸੀ। ਇਕ ਵਾਰੀ ਪਰਨਾਵੀ (ਲਾਹੌਰੋਂ ਦਖਣ ਇਕ ਪਿੰਡ) ਮੇਲੇ ਤੇ ਲੜਾਈ ਹੋ ਪਈ—ਇਸ ਨੇ ਬੜੇ ਜਵਾਨ ਢਾਹੇ। ਇਸ ਦੀ ਇਕ ਹੀ ਬੀਬੀ ਭਗਵਾਨ ਕੌਰ ਹੀ ਸੀ।

— ਕੁੰਦਨ ਸਿੰਘ—ਚੌ: ਰਾਜ ਰੂਪ ਦੇ ਵੰਸ ਦਾ ਕੁਰਸੀ ਨਾਮਾ ਅਤੇ ਅਧਿਕ ਬਿਰਤਾਂਤ ਇਹਨਾਂ ਦੀ ਜਬਾਨੀ ਹਨ। ਜੋ ਭਾ: ਜੀਵਨ ਸਿੰਘ ਜੀ ਚੱਕ ਜੈਦ ਵਾਲਿਆਂ ਨੇ ਸੰਕਲਤ ਕੀਤੇ।


(ਅ) ਮੈਂ ਪ੍ਰਸਿਧ ਇਤਿਹਾਸਕਾਰ ਸਰ ਲੈਪਲ ਗ੍ਰਿਫਨ ਦੇ ਹਵਾਲੇ ਇਕੱਤ੍ਰ ਕਰਕੇ ਥਾਉਂ ਥਾਈਂ ਦਿੱਤੇ ਹਨ। ਉਕਤ ਇਤਿਹਾਸ ਦੇ ਅਨੁਸਾਰ ਇਹ ਸੰਪੂਰਨ ਪ੍ਰਵਾਰ ਆਖਰੀ ਸਿਖ ਯੁੱਧ (1849 ਈ:) ਵਿਚ ਦੇਸ਼ ਭਗਤ ਫੌਜਾਂ ਨਾਲ ਹੋ ਕੇ ਲੜਿਆ। ਅੰਗਰੇਜ ਦੀ ਜਿਤ ਤੇ ਆਖਰੀ ਦਿਨ ਹਥਿਆਰ ਰਾਵਲਪਿੰਡੀ ਸੁਟੇ। ਜਗੀਰ ਜਬਤ ਹੋ ਗਈ ਅਤੇ ਪੈਨਸਨਾਂ ਫਰਕੋਂ ਫਰਕੀ ਜਾਂਦੀ ਹੋ ਗਈਆਂ। (ਗਿਆਨੀ ਜੀ)

— ਮੰਗਲ ਸਿੰਘ ਪੁੱਤਰ ਚਤਰ ਸਿੰਘ—ਪੰਜਾਬੀ ਸੂਬੇ ਦੇ ਮੋਰਚੇ ਸਮੇਂ ਅੰਬਾਲੇ ਕੈਦ ਕੱਟੀ।

— ਸੁਰਤ ਸਿੰਘ ਪੁੱਤਰ ਮੰਗਲ ਸਿੰਘਨੇ ਪੰਜਾਬੀ ਸੂਬੇ ਦੇ ਮੋਰਚੇ ਸਮੇਂ ਹਿਸਾਰ ਕੈਦ ਕੱਟੀ।


— ਧਰਮਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਨੇ ਪੰਜਾਬੀ ਸੂਬੇ ਦੇ ਮੋਰਚੇ ਵਿਚ ਅੰਬਾਲੇ ਕੈਦ ਕਟੀ।

— ਮੰਗਲ ਸਿੰਘ ਪੁੱਤਰ ਗੁਲਾਬ ਸਿੰਘ ਨੇ 13.4.78 ਵਿਸਾਖੀ ਵਾਲੇ ਦਿਨ ਜਲਮਾਣੇ ਵਿਚ ਮੈਨੂੰ ਦੱਸਿਆ ਕਿ ਸ਼ੇਖੂਪੁਰੇ ਦੇ ਕਿਲੇ ਦੀ ਲੜਾਈ ਵਿਚ ਨਾਮਦਾਰ ਕਸਾਈ ਦੀ ਗੋਲੀ ਸਾਹ ਸਜਾਵਲ ਦੇ ਘੋੜੇ ਦੇ ਗੋਡੇ ਵਿਚ ਵੱਜੀ ਤੇ ਦੂਜੀ ਗੋਲੀ ਬਾਬੇ ਸਹਾਈ ਸਿੰਘ ਨੇ ਚਲਾਈ ਜਿਸ ਨਾਲ ਸਾਹ ਸਜਾਵਲ ਮਾਰਿਆ ਗਿਆ।



1) ਇਹਨਾਂ ਦੋਹਾਂ ਸਜਨਾਂ ਨੇ ਸੰਨ 1947 ਪੰਜਾਬ ਬਟਵਾਰੇ ਉਪਰੰਤ ਹਰਿਆਣੇ ਵਿਚ ਪੰਥਕ ਅਤੇ ਰਾਜਸੀ ਮੋਰਚਿਆਂ ਵਿਚ ਸਾਮਲ ਹੋ ਕੇ ਸੇਵਾ ਕੀਤੀ ਅਤੇ ਕੈਦਾਂ ਵੀ ਕਟੀਆਂ।

2) ਭਾਈ ਗੰਗਾ ਸਿੰਘ ਜੀ 21-2-1921 ਵਾਲੇ ਨਨਕਾਣਾ ਸਾਹਿਬ ਵਾਲੇ ਸਾਕੇ ਦੇ (ਵਿਰਕੋਂਤ) ਖਰਾ ਸੌਦਾ ਬਾਰ ਵਾਲੇ ਗਿਆਰਾਂ ਜਥਿਆਂ ਨਾਲੋਂ ਵਖਰਾ ਆਪਣੇ ਪਿੰਡ ਦੇ 180 ਸਿੰਘਾਂ ਦਾ ਜਥਾ ਲੈ ਕੇ ਚਲੇ। ਜੋ ਫਿਰ ਭਾਈ ਮਾਨ ਸਿੰਘ ਹੰਬੋ ਦੀ ਜਥੇਦਾਰੀ ਹੇਠ ਪ੍ਰਧਾਨ ਜਥੇਦਾਰ ਭਾਈ ਕਰਤਾਰ ਸਿੰਘ ਝੱਬਰ ਵਾਲੇ 11 ਜਥਿਆਂ ਨੂੰ ਨਨਕਾਣਾ ਸਾਹਿਬ ਦੇ ਝਾਂਡਿਆਂ ਕੋਲ ਜਾ ਕੇ ਮਿਲਿਆ।



— ਸੁਜਾਨ ਸਿੰਘ—ਇਸ ਦੇ ਘਰ ਸ. ਖਜਾਨ ਸਿੰਘ ਨਕੱਈ ਦੀ ਦੂਸਰੀ ਲੜਕੀ ਚੰਦ ਕੌਰ ਸੀ ।

— ਨਿਧਾਨ ਸਿੰਘ—ਸ: ਸ਼ਾਮ ਸਿੰਘ ਅਟਾਰੀ ਵਾਲੇ ਦਾ ਸਾਥੀ ਖਾਲਸਾ ਫੌਜ ਵਿਚ ਕੁਮੇਦਾਨ ਸੀ, ਸਤਲੁਜ ਯੁਧ ਵੇਲੇ ਇਹ ਲਾਹੌਰ ਸੀ। ਇਹਨਾਂ ਦਾ ਚਲਾਣਾ 1861 ਈ: ਵਿਚ ਹੋਇਆ ।

— ਫੌਜਦਾਰ ਸਿੰਘ—ਇਹ ਸਤਲੁਜ ਯੁਧ ਵਿਚ ਸ਼ਾਮਲ ਸੀ ।

— ਜੀਵਨ ਸਿੰਘ—ਸਤਲੁਜ ਯੁਧ ਵੇਲੇ ਇਹ ਲਾਹੌਰ ਸ਼ੀ ।

— ਸਰਧਾ ਸਿੰਘ—ਇਹ ਬੜਾ ਸੂਰਬੀਰ ਜਵਾਨ ਸੀ । ਇਕ ਵਾਰੀ ਪਰਨਾਵੀ (ਲਾਹੌਰੋਂ ਦਖਣ ਇਕ ਪਿੰਡ) ਮੇਲੇ ਤੇ ਲੜਾਈ ਹੋ ਪਈ—ਇਸ ਨੇ ਬੜੇ ਜਵਾਨ ਢਾਹੇ । ਇਸ ਦੀ ਇਕ ਹੀ ਬੀਬੀ ਭਗਵਾਨ ਕੌਰ ਹੀ ਸੀ ।

— ਕੁੰਦਨ ਸਿੰਘ—ਚੌ: ਰਾਜ ਰੂਪ ਦੇ ਵੰਸ ਦਾ ਕੁਰਸੀ ਨਾਮਾ ਅਤੇ ਅਧਿਕ ਬਿਰਤਾਂਤ ਇਹਨਾਂ ਦੀ ਜ਼ਬਾਨੀ ਹਨ । ਜੋ ਭਾ: ਜੀਵਨ ਸਿੰਘ ਜੀ ਚੱਕ ਜੋਦ ਵਾਲਿਆਂ ਨੇ ਸੰਕਲਤ ਕੀਤੇ ।


(ਅ) ਮੈਂ ਪ੍ਰਸਿਧ ਇਤਿਹਾਸਕਾਰ ਸਰ ਲੈਪਲ ਗ੍ਰਿਫਨ ਦੇ ਹਵਾਲੇ ਇਕੱਤ੍ਰ ਕਰਕੇ ਥਾਉਂ ਥਾਈਂ ਦਿੱਤੇ ਹਨ। ਉਕਤ ਇਤਿਹਾਸ ਦੇ ਅਨੁਸਾਰ ਇਹ ਸੰਪੂਰਨ ਪ੍ਰਵਾਰ ਆਖਰੀ ਸਿਖ ਯੁੱਧ (1849 ਈ:) ਵਿਚ ਦੇਸ਼ ਭਗਤ ਫੌਜਾਂ ਨਾਲ ਹੋ ਕੇ ਲੜਿਆ । ਅੰਗਰੇਜ਼ ਦੀ ਜਿਤ ਤੇ ਆਖਰੀ ਦਿਨ ਹਥਿਆਰ ਰਾਵਲਪਿੰਡੀ ਸੁਟੇ । ਜਗੀਰ ਜ਼ਬਤ ਹੋ ਗਈ ਅਤੇ ਪੈਨਸ਼ਨਾਂ ਫਰਕੋਂ ਫਰਕੀ ਜਾਂਦੀ ਹੋ ਗਈਆਂ । (ਗਿਆਨੀ ਜੀ)

— ਮੰਗਲ ਸਿੰਘ ਪੁੱਤਰ ਚਤਰ ਸਿੰਘ—ਪੰਜਾਬੀ ਸੂਬੇ ਦੇ ਮੋਰਚੇ ਸਮੇਂ ਅੰਬਾਲੇ ਕੈਦ ਕੱਟੀ ।

— ਸੂਰਤ ਸਿੰਘ ਪੁੱਤਰ ਮੰਗਲ ਸਿੰਘਨੇ ਪੰਜਾਬੀ ਸੂਬੇ ਦੇ ਮੋਰਚੇ ਸਮੇਂ ਹਿਸਾਰ ਕੈਦ ਕੱਟੀ ।

— ਧਰਮਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਨੇ ਪੰਜਾਬੀ ਸੂਬੇ ਦੇ ਮੋਰਚੇ ਵਿਚ ਅੰਬਾਲੇ ਕੈਦ ਕਟੀ ।


— ਮੰਗਲ ਸਿੰਘ ਪੁੱਤਰ ਗੁਲਾਬ ਸਿੰਘ ਨੇ 13.4.78 ਵਿਸਾਖੀ ਵਾਲੇ ਦਿਨ ਜਲਮਾਣੇ ਵਿਚ ਮੈਨੂੰ ਦੱਸਿਆ ਕਿ ਸ਼ੇਖੂਪੁਰੇ ਦੇ ਕਿਲ੍ਹੇ ਦੀ ਲੜਾਈ ਵਿਚ ਨਾਮਦਾਰ ਕਸਾਈ ਦੀ ਗੋਲੀ ਸ਼ਾਹ ਸਜਾਵਲ ਦੇ ਘੋੜੇ ਦੇ ਗੰਡੇ ਵਿਚ ਵੱਜੀ ਤੇ ਦੂਜੀ ਗੋਲੀ ਬਾਬੇ ਸਹਾਈ ਸਿੰਘ ਨੇ ਚਲਾਈ ਜਿਸ ਨਾਲ ਸ਼ਾਹ ਸਜਾਵਲ ਮਾਰਿਆ ਗਿਆ ।



---

1) ਇਹਨਾਂ ਦੋਹਾਂ ਸਜਨਾਂ ਨੇ ਸੰਨ 1947 ਪੰਜਾਬ ਬਟਵਾਰੇ ਉਪਰੰਤ ਹਰਿਆਣੇ ਵਿਚ ਪੰਥਕ ਅਤੇ ਰਾਜਸੀ ਮੋਰਚਿਆਂ ਵਿਚ ਸਾਮਲ ਹੋ ਕੇ ਸੇਵਾ ਕੀਤੀ ਅਤੇ ਕੈਦਾਂ ਵੀ ਕਟੀਆਂ ।

2) ਭਾਈ ਗੰਗਾ ਸਿੰਘ ਜੀ 21-2-1921 ਵਾਲੇ ਨਨਕਾਣਾ ਸਾਹਿਬ ਵਾਲੇ ਸਾਕੇ ਦੇ (ਵਿਰਕੋਂਤ) ਖਰਾ ਸੌਦਾ ਬਾਰ ਵਾਲੇ ਗਿਆਰਾਂ ਜਥਿਆਂ ਨਾਲੋਂ ਵਖਰਾ ਆਪਣੇ ਪਿੰਡ ਦੇ 180 ਸਿੰਘਾਂ ਦਾ ਜਥਾ ਲੈ ਕੇ ਚਲੇ । ਜੋ ਫਿਰ ਭਾਈ ਮਾਨ ਸਿੰਘ ਹੰਬੋਂ ਦੀ ਜਥੇਦਾਰੀ ਹੇਠ ਪ੍ਰਧਾਨ ਜਥੇਦਾਰ ਭਾਈ ਕਰਤਾਰ ਸਿੰਘ ਝੱਬਰ ਵਾਲੇ 11 ਜਥਿਆਂ ਨੂੰ ਨਨਕਾਣਾ ਸਾਹਿਬ ਦੇ ਭੱਠਿਆਂ ਕੋਲ ਜਾ ਕੇ ਮਿਲਿਆ ।



1. ਬਦੋ ਵਲਦ ਸੁਲਤਾਨ ਵਲਦ ਰਾਏ ਗਵਾਲ ਨੇ ਭਿਖੀ ਵਿਚੋਂ ਸੰਨ 1650 ਈ: ਦੇ ਨੇੜੇ ਤੇੜੇ ਉੱਠ ਕੇ ਆਪਣੇ ਨਾਮ ਤੇ ਪਿੰਡ ਬਦੋ ਨੇੜੇ ਨੁਸ਼ਹਿਰਾ ਵਿਰਕਾਂ ਆਬਾਦ ਕੀਤਾ ਸ਼ੱਕ ਹੈ।ਰ ਵੇਖੋ ਥਲੇ ਨੋਟ 6'।

2. ਪ੍ਰੇਮ ਸਿੰਘ ਵਲਦ ਲਖਾ ਸਿੰਘ ਵਲਦ ਹਰ ਸਿੰਘ ਵਲਦ ਦਰਗੋ—ਇਹ ਅੰਗਰੇਜ਼ ਸਮੇਂ ਭਿਖੀ ਦੇ ਜ਼ੈਲਦਾਰ ਸੀ "ਲਾਗਰਾਂ ਦੀ ਭੰਏ" ਦੀ ਵੰਡ ਵਿਚ ਸਮੇਤ ਜਵਾਹਰ ਸਿੰਘ ਮਾਂਗਾ ਸਾਲਸ ਸੀ"।

3. ਸਾਵਲ ਸਿੰਘ ਵਲਦ ਪ੍ਰੇਮ ਸਿੰਘ ਵੱਲ ਜਥੇਦਾਰ ਤੇਜਾ ਸਿੰਘ ਸਮੁੰਦਰੀ ਨੇ ਆਪਣੀ ਭਾਣਜੀ, ਬਾਬਾਂ ਕਿਹਰ ਸਿੰਘ ਪੱਟੀ ਵਾਲੇ ਦੀ ਬੀਬੀ ਗੁਰਬਚਨ ਕੌਰ ਦਾ ਰਿਸ਼ਤਾ ਵਿਰਕ ਕੌਮ ਦੀ ਬੀਰਤਾ ਅਤੇ ਸਾਹਸ ਨਨਕਾਣੇ ਸਾਹਿਬ ਦੇ ਮੋਰਚੇ ਵੇਲੇ 22/2/21 ਨੂੰ ਵੇਖ ਕੇ ਕੀਤਾ—ਅਤੇ ਕੁਝ ਚਿਰ ਪਿਛੋਂ ਜੰਞ ਭਿਖੀਓਂ ਚੜੀ, ਅਤੇ ਤੇਜਾ ਸਿੰਘ ਸਮੁੰਦਰੀ ਦੇ ਘਰ ਚਕ ਜ਼ਿਲਾ ਲਾਇਲਪੁਰ ਵਿਚ ਢੁੱਕੀ।

ਬਾਕੀ ਫੁਟ ਨੋਟ ਅਗਲੇ ਪੰਨੇ ਤੇ


(478 ਦੇ ਫੁੱਟਨੋਟ)


ਦੁਲਚੀ ਪੱਤੀ ਮੁਸੱਦਾ ਸਿੰਘ

4. ਬੰਤਾ ਸਿੰਘ ਪੁਤਰ ਦੇਵਾ ਸਿੰਘ—ਇਕ ਵਾਰ ਜੈਤੋ ਦੇ ਮੋਰਚੇ ਵਿਚ ਅਤੇ ਫਿਰ 1947 ਪੰਜਾਬ ਦੇ ਉਜਾੜੇ ਪਿਛੋਂ ਪੰਜਾਬੀ ਸੂਬੇ ਦੇ ਮੋਰਚੇ ਵਿਚ ਅੰਬਾਲਾ ਜੇਲ੍ਹ ਕੈਦ ਕਟੀ।

5. ਜੰਤਾ ਸਿੰਘ ਪੁਤਰ ਕੇਸਰ ਸਿੰਘ ਨੇ ਕੈਦ ਕਟੀ।


6. ਬਦੋ—ਭਾਈ ਜੀਵਨ ਸਿੰਘ ਜੀ ਦੇ ਪੁਰਾਣੇ ਸ਼ਜਰੇ ਅਨੁਸਾਰ।






1. ਉਤੇ ਲਿਖਤ ਅਨੁਸਾਰ ਕਿਹਰ ਸਿੰਘ ਪੁਤਰ ਨਿਹਾਲ ਸਿੰਘ ਦੇ ਦੋ ਟੱਬਰ ਜਾਪਦੇ ਹਨ । ਇਹ ਲਿਖਤ ਤਲੋਕ[2] ਸਿੰਘ ਨੇ ਸ: ਕਪੂਰ ਸਿੰਘ ਨੰਬਰਦਾਰ ਜ਼ਲਮਾਨਾ ਤੋਂ ਲਿਖਵਾ ਕੇ ਦਿੱਤੀ ਹੈ । —ਭਗਵੰਤ ਸਿੰਘ 'ਆਚਾਰ'

ਭਿੱਖੀ/481




1. ਦਸਿਆ ਜਾਂਦਾ ਹੈ ਕਿ ਬਾਬੇ ਵੇਰੋ ਦੇ ਘਰੋਂ ਮਾਈ ਆਪਣੇ ਪੁਤ੍ਰਾਂ ਦੀ ਰੋਟੀ ਲੈ ਕੇ ਬਾਹਰ ਜਾਂਦੀ ਨੂੰ ਉਸ ਸਮੇਂ ਦਾ ਹਾਕਮ ਸਣੇ ਅਹਿਲਕਾਰਾਂ ਦੇ ਮਿਲ ਗਿਆ—ਉਸ ਆਖਿਆ ਮਾਈ ਭੁਖ ਲਗੀ ਹੈ। ਮਾਈ ਨੇ ਆਖਿਆ ਲਉ ਪੁਤ੍ਰ ਖਾਉ ਤੇ ਉਥੇ ਹੀ ਸਭ ਨੂੰ ਮਕਈ ਦੀ ਰੋਟੀ, ਸਰਹੋਂ ਦੇ ਸਾਗ ਨਾਲ ਲਸੀ ਪਿਆਈ—ਹਾਕਮ ਨੇ ਪੁਛਿਆ ਮਾਈ ਕਿੰਨੇ ਖੂਹਾਂ ਦੀ ਵਾਹੀ ਹੈ ਤਾਂ ਮਾਈ ਨੇ ਆਖਿਆ ਜੀ ਸਿਰਫ ਦੋ ਖੂਹਾਂ ਦੀ —ਉਸ ਹਾਕਮ ਨੇ ਉਸੇ ਵੇਲੇ ਉਹ ਦੋ ਖੂਹ ਮਾਈ ਨੂੰ ਜਾਗੀਰ ਕਰ ਦਿਤੇ। ਮਾਈ ਨੇ ਆਪਣੀ ਅੰਸ ਵਿਚ ਅਗੋਂ ਵਾਸਤੇ ਸ਼ਰਾਬ ਦੀ ਮਨਾਹੀ ਕਰ ਦਿੱਤੀ।

2. ਗੀਡਾ ਸਿੰਘ—ਉਪਰੋਕਤ ਕੁਰਸੀ ਨਾਮਾਂ ਅਤੇ ਬ੍ਰਿਤਾਂਤ ਇਹਨਾਂ ਨੇ ਸੰਪਾਦਕ ਨੂੰ ਪਿੰਡ ਥਕਲ, ਜਿਲਾ ਕੁਰੂਛੇਤਰ ਵਿਚ 16.4.1979 ਨੂੰ ਲਿਖਾਏ (ਆਯੂ 90 ਸਾਲ)।


ਜਲੌਂ ਕੀ ਪਤੀ
ਅੱਤੋ
ਦਿਊਣ
ਭਿਖੀ
ਘੁੰਮਣ
ਪੇਜੋਂ
ਜੱਲੋ......ਬੱਲੋ
ਨਿਹਚਲ
ਕੱਇਰ
ਸਰੂਪ ਸਿੰਘ
ਮੋਹਰ ਸਿੰਘ
ਰਾਮ ਸਿੰਘ
ਸ਼ਾਮ ਸਿੰਘ
(ਵੇਖੋ ਸਫਾ 483 ਤੇ)
ਧਾਰਾ ਸਿੰਘ
ਗੁਰਦਿਤ ਸਿੰਘ
ਹਰੀ ਸਿੰਘ
ਮਾਨ ਸਿੰਘ
ਜਰਨੈਲਸਿੰਘ
ਅਨੂਪਸਿੰਘ
ਦਵਿੰਦਰਸਿੰਘ
ਹਰਜਿੰਦਰਸਿੰਘ
ਹਰਮੀਤ ਸਿੰਘ
ਮਨਦੀਪ ਸਿੰਘ
ਸੰਦੀਪ ਸਿੰਘ
ਟਹਿਲ ਸਿੰਘ
ਗੁਰਨਾਮ ਸਿੰਘ
ਕੁਲਵੰਤਸਿੰਘ
ਜਸਵੰਤਸਿੰਘ
ਸਤਿਨਾਮਸਿੰਘ
ਗੁਰਵਿੰਦਰ ਸਿੰਘ
ਸਤਿੰਦਰ ਸਿੰਘ
ਬਲਵਿੰਦਰ ਸਿੰਘ
ਸਾਹਿਬ ਸਿੰਘ

(ਸਫਾ 482 ਦੀ ਬਾਕੀ)




ਨੋਟ :—ਇਹ ਕੁਰਸੀਨਾਮਾ ਨਵਾਂ ਬਣਾ ਕੇ ਕੁੰਦਨ ਸਿੰਘ ਅਤੇ ਨਿਸ਼ਾਬਰ ਸਿੰਘ 'ਜੱਲੋ ਕੀ ਪੱਤੀ' ਨੇ ਦਿੱਤਾ ਹੈ।

1. ਬਾਬਾ ਪਾਲ ਸਿੰਘ ਦੇ ਵੰਸ਼ਜ :

*ਪਿਆਰਾ ਸਿੰਘ *ਕੁੰਦਨ ਸਿੰਘ *ਸਰਦਾ ਸਿੰਘ *ਅਜੀਤ ਸਿੰਘ	ਪੂਰਨ ਰੂਪੇਨ ਗੁਰਸਿੱਖ ਪ੍ਰੀਵਾਰ

2. ਗੁਰਦੀਪ ਸਿੰਘ ਪੁਤਰ ਲਾਲ ਸਿੰਘ ਇਹਨਾਂ ਸਾਰਿਆਂ ਨੇ 1947 ਪਿਛੋਂ ਪੰਥਕ ਅਤੇ ਰਾਜਸੀ ਮੋਰਚਿਆਂ ਵਿਚ ਭਾਗ ਲਿਆ ਅਤੇ ਵਰਕੋ ਵਰਕੀ ਜੇਹਲ ਯਾਤਰਾਵਾਂ ਕੀਤੀਆਂ। ਖਾਸ ਕਰਕੇ ਸਰਦਾ ਸਿੰਘ ਅਤੇ ਅਜੀਤ ਸਿੰਘ ਨੇ ਦੋ ਦੋ ਸਾਲ ਹਿਸਾਰ ਜੇਹਲ ਵਿਚ ਕੈਦ ਕੱਟੀ।



• ਚੰਨਣ ਨੇ ਆਪਣੀ ਵੱਖਰੀ ਬਸਤੀ ਆਬਾਦ ਕੀਤੀ ਜੋ ਸਮੇਂ ਦੇ ਗੜ ਨਾਲ ਬਰਬਾਦ ਹੋ ਗਈ—ਜੋ ਸੇਖੂਪੁਰੇ ਤੋਂ ਖਾਹਰਿਆਂ ਵਾਲੇ ਨੂੰ ਜਾਂਦੀ ਸੜਕ ਤੇ ਚੰਨਣ ਦਾ ਭਿੜ ਕਰਕੇ ਮਸ਼ਹੂਰ ਹੈ—ਜਿਸ ਉਤੇ 1947 ਤਕ ਬਾਬੇ ਚੰਨਣ ਦਾ ਮੜ੍ਹ ਸੀ।

ਇਸ ਮੜ੍ਹ ਉਤੇ. ਪਿੰਡ ਅਹੱਯੇ ਦੇ ਮਸਲਮਾਨ ਵਿਰਕ ਆਪਣੀਆਂ ਸੱਜ ਵਿਆਹੀਆਂ ਨੂੰਹਾਂ ਨੂੰ ਮੱਥਾ ਟਿਕਾਇਆ ਕਰਦੇ ਸਨ।

ਤਿਮਰ ਲੰਗ ਨੇ 1398 ਈ: ਭਾਰਤ ਤੇ ਹਮਲਾ ਕੀਤਾ। ਉਹ ਖਿਜ਼ਰਖਾਨ ਸੱਯਦ ਨੂੰ ਆਪਣਾ ਵਾਇਸਰਾਇ ਮੁਕਰੱਰ ਕਰ ਗਿਆ—ਮਗਰ ਸਯਦਾਂ ਨੇ ਸੰਨ 1414 ਤੋਂ 1451 ਤਕ ਆਪਣਾ ਰਾਜ ਕਾਇਮ ਕਰ ਲਿਆ—ਇਹਨਾਂ ਸਯਦਾਂ ਨੇ ਜ਼ੁਲਮ ਦੀ ਹੱਦ ਕਰ ਦਿਤੀ—ਖਾਸ ਕਰਕੇ ਹਿੰਦੂਆਂ ਦਾ ਬੁਰਾ ਹਾਲ ਕਰ ਦਿੱਤਾ—

ਸਿਆਣੇ ਦਸਦੇ ਹਨ ਕਿ ਬਾਬੇ ਚੰਨਣ ਨੂੰ ਹਾਕਮਾਂ ਨੇ ਕਿਸੇ ਬਹਾਨੇ ਫੜ ਕੇ, ਗਾਊ ਦੇ ਸਜਰੇ ਚਮੜੇ ਵਿੱਚ ਸਿਊ ਕੇ ਰਾਵੀ ਦੇ ਕੰਢੇ ਸੁਟ ਟੁਰ ਗਏ। ਪਿਛੋਂ ਬਾਬੇ ਚੰਨਣ ਦਾ ਪ੍ਰੋਹਤ ਲਭਦਾ ਆ ਗਿਆ—ਤੇ ਚਮੜੇ ਤੇ ਪਾਣੀ ਪਾਂਦਾ ਰਿਹਾ ਜਿਸ ਨਾਲ ਚਮੜਾ ਸੁੰਕਣ ਨਾ ਦਿਤਾ—ਪ੍ਰੋਹਤ ਨੇ ਇਕ ਮਾਛੀ ਨੂੰ ਆਖ ਟੰਪੇ ਖੁਲਵਾਏ ਤੇ ਬਾਬਾ ਚੰਨਣ ਬਚ ਰਿਹਾ।

(ਫੁੱਟ ਨੋਟ ਚਲਦਾ)

(ਨੋਟ ਚਲਦਾ)

1. ਭੋਇਆ—ਜੀਵਨ ਕਾਲ (1550-1590) ਇਹ ਅਕਬਰ (1542-1605) ਦੇ ਸਮੇਂ ਸਾਦਲਬਾਰ ਦਿਆਂ ਚੌਧਰੀਆਂ ਵਿਚੋਂ ਇਕ ਸੀ । ਇਕ ਵਾਰ ਇਹ ਆਪਣੇ ਇਲਾਕੇ ਦਾ ਲਗਾਨ ਸਰਕਾਰੀ ਖਜ਼ਾਨੇ ਵਿਚ ਜਮਾਂ ਨਾ ਕਰਵਾ ਸਕਿਆ ਜਿਸ ਤੇ ਇਸਨੂੰ ਦਿਲੀ ਕੈਦ ਕਰ ਦਿੱਤਾ ਗਿਆ—ਤੇ ਘੁੰਮਣ ਵੰਸਜ ਚਿੱਜੇ ਨੂੰ ਉਸ ਦੀ ਥਾਂਵੇਂ ਚੌਧਰੀ ਨਿਯੁਕਤ ਕਰ ਦਿਤਾ ।

ਮਿਰਾਸੀਆਂ ਦੇ ਕਥਨ ਅਨੁਸਾਰ ਸੰਨ 1559 ਵਿਚ ਦੀਨੇ ਵਾਸੀ ਧਾੜੀਵਾਲ ਚੌਧਰੀ ਤੋਂ ਮਹਿਰ ਮਿਠੇ ਤੋਂ ਲੜਕੀ ਦਾ ਰਿਸ਼ਤਾ ਮੰਗਿਆ ਉਸ ਨੇ ਆਪਣੇ ਨਾਲ ਦੇ ਚੌਧਰੀਆਂ ਨੂੰ ਪੁਛਿਆ, ਬਾਬਾ ਬੂੜਾ ਕੜਯਾਲ ਇਹ ਗਲ ਨਾ ਮਨਜ਼ੂਰ ਕਹਿ ਕੇ ਉਠ ਕੇ ਟੁਰ ਆਇਆ । ਪਿਛੋਂ ਬਾਕੀ ਚੌਧਰੀਆਂ ਅਕਬਰ ਨੂੰ ਆਖਿਆ ਕਿਸੇ ਰਾਜਪੂਤ ਨੂੰ ਮਿਠੇ ਵੱਲ ਘੱਲ ਦੇ ਤੇ ਫਿਰ ਉਸ ਨੂੰ ਰਾਜ਼ੀ ਕਰਕੇ ਉਸ ਤੋਂ ਜਨਾਨੀ ਲੈ ਲਵੀਂ । ਸਿੱਧਾ ਵਿਆਹ ਤੇਰੇ ਨਾਲ ਨਹੀਂ ਕਰ ਸਕਦੇ ।

ਦਸੱਦੇ ਨੇ ਅਕਬਰ ਨੇ ਰਾ ਭੋਇਆ ਨੂੰ (ਜੋ ਉਸ ਵਕਤ ਦਿੱਲੀ ਕੈਦ ਸੀ) ਮਹਿਰ ਮਿਠੇ ਵਲ ਘੱਲਿਆ, ਮਗਰ ਜਦੋਂ ਵਿਆਹ ਕੇ ਰਾ ਭੋਇਆ ਪਰਤਿਆ ਤਾਂ ਜਨਾਨੀ ਦੇਣੋਂ ਮੁਕਰ ਗਿਆ । ਨਾਲੇ ਉਸ ਮਾਈ, ਭਾਗਭਰੀ ਆਖਿਆ ਮੈਨੂੰ ਮਾਪਿਆਂ ਅਕਬਰ ਨਾਲ ਨਹੀਂ ਰਾ ਭੋਏ ਨਾਲ ਵਿਆਹਿਆ ਹੈ ਮੈਂ ਅਕਬਰ ਘਰ ਨਹੀਂ ਜਾਣਾ । ਅਕਬਰ ਨੇ ਰਾ ਭੋਏ ਨੂੰ ਕੈਦ ਕਰ ਲਿਆ । ਮਾਈ ਭਾਗਭਰੀ ਮੰਜ਼ਲਾਂ ਮਾਰਦੀ ਸਾਦਲ ਬਾਰ ਵਿਚ ਆਈ । ਅਤੇ ਰਾ ਚਿੱਜੇ ਦੇ ਘਰ ਬੈਠ ਗਈ ਅਤੇ ਉਸ ਦੀ ਅੰਸ ਪਿਛੋਂ ਭਿਖੀ ਵਿਚ ਵਧੀ ਫੁੱਲੀ ।

ਉਸ ਵਿਆਹ ਵਿਚ, ਸਾਦਲ ਬਾਰ ਦੇ ਵਿਰਕਾਂ ਵਿਚੋਂ ਜਿਨ੍ਹਾਂ ਨੇ ਭਾਗ ਲਿਆ ਉਹਨਾਂ ਨੂੰ ਢਾਈ ਘਰ ਅਕਬਰੀ ਸੱਦਿਆ ਜਾਂਦਾ ਸੀ । ਉਹ ਸਨ :

ਰਾ ਭੋਇਆ	1 ਘਰ
ਚੌਧਰੀਖਾਨ ਮਲਕ	1 ਘਰ
ਇਕ ਮਾਈ ਕੰਗਰਵਾਲੀ ਦੀ	1/2 ਘਰ

2. ਡਫਰ—ਇਸ ਨੇ ਆਪਣੇ ਨਾਮ ਤੇ ਪਿੰਡ ਵਸਾਇਆ ਜੋ ਬਰਬਾਦ ਹੋ ਗਿਆ, ਉਸ ਦਾ ਥੇਹ ਮੌਜੂਦਾ ਪਿੰਡ ਭਿੱਖੀ ਦੇ ਚੜ੍ਹਦੇ ਪਾਸੇ ਇੱਕ ਮੀਲ ਤੇ ਹੈ । ਡਫਰ ਦੇ ਪੁਤਰ ਚੰਦੂ ਦੀ ਅੰਸ ਦੋ ਪਿੰਡਾਂ ਵਿੱਚ ਮੁਸਲਮਾਨ ਅਤੇ ਪਿੰਡ ਬਾਹੜ ਤੇ ਬਾਹੜੀਆਂ ਵਾਲੇ ਸਿੱਖ ਆਬਾਦ ਸਨ ।

3. ਧੀਰ—ਇਸ ਦੀ ਅੰਸ ਵੀ ਮੁਸਲਮਾਨ ਹੋ ਗਈ ਜੋ ਪਿੰਡ ਧੀਰ ਵਿੱਚ ਵੱਸਦੀ ਸੀ ।

4. ਬਲ੍ਹੜ—ਇਸ ਦਾ ਪਿੰਡ ਬਲ੍ਹੜਕੇ ਸੀ । ਅੰਸ ਮਾਨ ਸਿੰਘ ਆਦਿ ਗੁਮਥਲੇ ਆਬਾਦ ਹਨ ।


5. ਉਭਾ—ਇਸ ਦੇ ਪੁਤਰ ਹਰੀ ਚੰਦ ਅਤੇ ਗੰਡੇ ਨੂੰ ਧਾੜਵੀ ਫੜ ਕੇ ਕਾਬਲ ਲੈ ਗਏ ਤੇ ਮੁਸਲਮਾਨ ਬਣਾ ਲਏ । ਸਮੇਂ ਦੇ ਗੇੜ ਨਾਲ ਜਦੋਂ ਵਾਪਸ ਪਰਤੇ ਤਾਂ ਮੌਜੂਦਾ ਕਸਬਾ ਕਾਲਾ ਸ਼ਾਹ ਕਾਕੂ ਦੇ ਕੋਲ ਡੇਰਾ ਲਾ ਬੈਠੇ । ਉਥੇ ਉਹਨਾਂ ਦੇ ਵੰਸਜ ਅੱਜ ਕਲ੍ਹ ਮੌਜੂਦ ਹਨ ।

8. ਰਪਾਲ—ਇਸ ਦੀ ਅੰਸ ਜੰਡਿਆਲਾ ਗੁਰੂ ਜ਼ਿਲ੍ਹਾ ਅੰਮ੍ਰਿਤਸਰ ਪੱਤੀ ਜੰਗਲਾਂ ਵਿੱਚ ਆਬਾਦ ਹੈ ।

---

1. ਅਕਬਰ ਨੇ ਅੰਬਰ ਦੇ ਰਾਜਾ ਬਿਹਾਰੀ ਮਲ ਦੀ ਪੁਤ੍ਰੀ ਸੰਨ 1561 ਈ. ਵਿਚ ਅਤੇ ਜੋਧਪੁਰ ਦੇ ਰਾਜੇ ਦੀ ਕੰਨਿਆ ਕੁਝ ਚਿਰ ਪਿਛੋਂ ਵਿਆਹੀ । ਹੋ ਸਕਦਾ ਹੈ ਇਹ ਮਾਈ ਭਾਈ ਭਾਗਭਰੀ ਦੀ ਸ਼ਾਦੀ ਸੰਨ 1567 ਤੋਂ ਪਿਛੋਂ ਹੋਈ ਹੋਵੇ । ਕਿਉਂਕਿ ਉਦੋਂ ਹੀ ਅਕਬਰ ਨੇ ਚਤੌੜ ਫ਼ਤਿਹ ਕੀਤਾ ਸੀ ।

ਦਿਉਣ ਦੀ ਅੰਸ ਜੋ ਸਢੌਰਾ ਤਹਿਸੀਲ ਨਰਾਇਣਗੜ੍ਹ ਜ਼ਿਲ੍ਹਾ ਅੰਬਾਲਾ ਵਿੱਚ ਹੈ।




ਨੋਟ :-ਇਹ ਅਦਾਲਤੀ ਸ਼ਜਰੇ ਦੀ ਨਕਲ ਸ: ਰਾਜਿੰਦਰ ਸਿੰਘ ਵਾਸੀ ਸਢੌਰਾ ਪਾਸੋਂ ਭਾਈ ਜੀਵਨ ਸਿੰਘ ਜੀ ਨੇ 8-10-61 ਨੂੰ ਕੀਤੀ।

6-10-77 (ਗਿਆਨੀ ਜੀ)

ਭ੍ਰਿੱਖੀ ਵਾਲੇ ਹੋਰ ਸਿੰਘਾਂ ਨੇ ਕੈਦਾਂ ਕੱਟੀਆਂ

1. 14 ਸਿੰਘਾਂ ਨੇ ਹਿਸਾਰ ਜੇਲ੍ਹ ਵਿੱਚ ਕੈਦ ਕੱਟੀ। ਕਪੂਰ ਸਿੰਘ, ਸਰਧਾ ਸਿੰਘ, ਜਗਤ ਸਿੰਘ, ਅਮਰ ਸਿੰਘ, ਅਮਰੀਕ ਸਿੰਘ. ਸ਼ਿੰਗਾਰਾ ਸਿੰਘ, ਗੁਰਬਚਨ ਸਿੰਘ, ਤਲੋਕ ਸਿੰਘ, ਕਰਨੈਲ ਸਿੰਘ, ਮਾਨ ਸਿੰਘ, ਅਮਰ ਸਿੰਘ, ਕੇਹਰ ਸਿੰਘ,। 2. ਮੁਖ ਮੰਤਰੀ ਬੰਸੀ ਲਾਲ ਨੇ ਜਦ ਕਰਨਾਲ ਸਿੰਘਾਂ ਨਾਲ ਮੋਰਚਾ ਲਾਇਆ ਸੀ, ਉਸ ਮੋਰਚੇ ਵਿੱਚ ਕੁੰਦਨ ਸਿੰਘ ਦੀ ਜਥੇਦਾਰੀ ਵਿਚ ਜਲਮਾਣੇ ਤੋਂ ਕਰਨਾਲ ਜਾ ਕੇ ਗ੍ਰਿਫਤਾਰੀ ਦਿੱਤੀ। 3. ਗੁਰਦੁਆਰਾ ਲਹਿਰ ਵੇਲੇ ਗੁਰੂ ਕੇ ਬਾਗ ਦੇ ਮੋਰਚੇ ਵੇਲੇ ਪੰਜਸ਼ਨੀ ਜਥਾ ਸ੍ਰੀ ਅੰਮ੍ਰਿਤਸਰ ਤੋਂ ਕੈਦ ਕਰਕੇ ਅਟਕ ਜੇਲ੍ਹ ਵਿੱਚ ਲੈ ਗਏ। ਗਿਆਨ ਸਿੰਘ ਹੌਲਦਾਰ ਨੇ ਢਾਈ ਸਾਲ ਕੈਦ ਕੱਟੀ। 4. ਪੰਜਾਬ ਸੂਬੇ ਵੇਲੇ ਪਿਆਰਾ ਸਿੰਘ, ਗੁਰਦੀਪ ਸਿੰਘ ਅਤੇ ਜੀਤ ਸਿੰਘ ਨੇ ਅੰਮ੍ਰਿਤਸਰ ਜੇਲ੍ਹ ਵਿੱਚ ਕੈਦ ਕੱਟੀ। ਕੁੰਦਨ ਸਿੰਘ ਨੇ ਅੰਬਾਲੇ ਜੇਲ੍ਹ ਵਿਚ ਕੈਦ ਕੱਟੀ। ਦੁਬਾਰੇ ਪੰਜਾਬੀ ਸੂਬੇ ਵੇਲੇ ਸਰਧਾ ਸਿੰਘ ਅਤੇ ਗੁਰਦੀਪ ਸਿੰਘ ਨੇ ਦਿੱਲੀ ਜੇਲ੍ਹ ਵਿਚ ਕੈਦ ਕੱਟੀ।



1. ਹੁਕਮ ਸਿੰਘ ਪ੍ਰਸਿਧ "ਕਬਾੜਾ" ਕਿਉਂਕਿ ਇਹ ਬੜਾ ਕੱਬਾ ਸੀ। ਐਥੋਂ ਤਕ ਕਿ ਜਦ ਇਸ ਦੀ ਇਕ ਨੂੰਹ ਸ਼ਮ ਨੂੰ ਦੁੱਧ ਪਾ ਕੇ ਦੇਣ ਲਗਿਆਂ ਉਤੋਂ ਮਲਾਈ ਹਟਾਈ ਤਾਂ ਡਾਂਗ ਮਾਰਕੇ ਨੂੰਹ ਦੀ ਬਾਂਹ ਭੰਨ ਦਿੱਤੀ ਅਖੇ ਦੁੱਧ ਤੇਰੇ ਪਿਓ ਦੀਆਂ ਮੱਝੀਂ ਦਾ ਹੈ—ਮਲਾਈ ਲਾਹੀ ਜਾਨੀ ਏ"।

   ਇਹ ਬੜਾ ਦਲੇਰ ਯੋਧਾ ਸੀ ਜਦੋਂ ਇਸ ਨੇ ਸ਼ਾਹ ਕੋਟ ਸੱਤਾਰ ਖਹਿਲ ਨਾਲ ਜੰਗ ਕੀਤਾ ਤਾਂ ਕਿਸੇ ਢੌਲਈ ਨੇ ਆਖਿਆ :—

   "ਸੁਤੀ ਕਲਾ ਜਗਾਈ ਹੁਕਮ ਸਿੰਘ ਕਬਾੜੇ ਟੁੰਬਕੇ"

   ਇਕ ਵਾਰ 'ਹੁਕਮ ਸਿੰਘ ਕੀਆਂ ਮਝੀ' ਭਜਾ ਕੇ ਚੋਰ ਮਧਰਿਆਂ ਵਾਲੇ ਜਾ ਵੜੇ। ਇਹ ਵੀ ਖੁਰਾ ਲੈ ਕੇ ਜਾ ਅਪੜੇ। ਲੜਾਈ ਸ਼ੁਰੂ ਹੋ ਪਈ ਕਬਾੜੇ ਨੂੰ ਧੌਣ ਤੇ ਤਲਵਾਰ ਵਜੀ ਤੇ ਇਹ ਮਲ੍ਹੇ ਵਿਚ ਡਿਗ ਪਿਆ ਤੇ ਦੁਸ਼ਮਣਾਂ ਦੇ ਹੱਥ ਨਾ ਆਇਆ। ਬਾਕੀ ਦੇ ਮਾਲ ਲੈ ਕੇ ਘਰ ਆ ਗਏ। ਇਹਨੂੰ ਜਦੋਂ ਸੁਰਤ ਆਈ ਤਾਂ ਫਟ ਉਤੇ ਮੁੱਚੀ ਧਰ ਕੇ ਪੱਗ ਨਾਲ ਘੁਟ ਕੇ ਬਧੀ ਤੇ ਘਰ ਆ ਗਿਆ।

2. ਹੀਰਾ ਸਿੰਘ ਜਨਮ 1840 ਚਲਾਣਾ 1920—ਅੱਸੀ ਸਾਲ ਅਯੂ ਭੋਗੀ।
3. ਪ੍ਰਤਾਪ ਸਿੰਘ ਸਰਪੰਚ ਘਰੌਂਡਾ।
4. ਚੜ੍ਹਤ ਸਿੰਘ ਇਸ ਦੀ ਅੰਸ ਮੁਸਲਮਾਨ ਹੈ।
5. (ਉਪਰੋਕਤ ਕੁਰਸੀ ਨਾਮਾ ਅਤੇ ਬ੍ਰਿਤਾਂਤ ਕਪੂਰ ਸਿੰਘ ਦੀ ਜ਼ਬਾਨੀ 12/4/79 ਨੂੰ ਲਿਖੇ।)

1. ਜਹਾਂਗੀਰ ਜਿਸਦਾ ਪਹਿਲਾਂ ਨਾਮ ਸਲੀਮ ਸੀ ਅਤੇ ਜਿਸਨੂੰ ਸਮਰਾਟ ਅਕਬਰ ਲਾਡ ਨਾਲ "ਸ਼ੇਖੂ ਬਾਬਾ" ਆਖਿਆ ਕਰਦਾ ਸੀ ਅਕਬਰ ਦੀ ਹਿੰਦੂਉਂ ਮੁਸਲਮਾਨ ਕੀਤੀ ਰਾਣੀ "ਮਰਯਮ ਜਮਾਨੀ" (ਜੋ ਰਾਜਾ ਬਿਹਾਰੀ ਮੱਲ[1] ਕਛਵਾਹੇ ਦੀ ਪੁਤ੍ਰੀ ਸੀ) ਦੀ ਕੁਖੋਂ ਪੈਦਾ ਹੋਇਆ ਸੀ।

2. ਸਲੀਮ ਕਿਸ਼ੋਰ ਅਵਸਥਾ ਵਿਚ ਅਤਯੰਤ ਦੁਰਬਲ ਸੀ ਜਿਸ ਤੇ ਹਕੀਮਾਂ ਨੇ ਮਸ਼ਵਰਾ ਦਿੱਤਾ ਕਿ ਜਹਾਂਗੀਰ ਨੂੰ ਕਿਸੇ ਸੁਸਥ ਰਾਜਪੂਤਨੀ (ਜਿਸਦਾ ਆਪਣਾ ਬੱਚਾ ਸਲੀਮ ਦਾ ਹਾਣੀ ਹੋਵੇ) ਦਾ ਦੁੱਧ ਪਿਆਇਆ ਜਾਵੇ ਤਾਂ ਇਸ ਦੀ ਸਿਹਤ ਠੀਕ ਹੋਵੇਗੀ—ਇਸ ਤੇ ਅਕਬਰ ਨੇ ਪਿੰਡੀ ਭਟੀਆਂ ਦੇ ਸਰਦਾਰ ਫ਼ਰੀਦਖਾਨ ਭੱਟੀ ਨੂੰ ਆਖਿਆ— ਉਹਦਾ ਪੁਤ੍ਰ ਦੁੱਲਾ ਭੱਟੀ ਸਲੀਮ ਦਾ ਹਾਣੀ ਸੀ। ਫਰੀਦ ਖਾਂ ਦੇ ਘਰੋਂ ਫੁੱਲਰਵਨ ਗੋਤ ਦੀ ਬੜੀ ਜਵਾਨ ਰਾਜਪੂਤਨੀ ਸੀ। ਉਸ ਦਾ ਦੁਧ ਚੁੰਘ ਕੇ ਸਲੀਮ ਤੰਦਰੁਸਤ ਹੋ ਗਿਆ। ਸਲੀਮ ਤੇ ਦੁੱਲਾ ਦੋਵੇਂ ਹਮਸ਼ੀਰ ਬਰਾਦਰ ਸਨ, ਇਸ ਲਈ ਸਲੀਮ ਕੁਮਾਰ ਅਵਸਥਾ ਵਿੱਚ ਮਾਈ ਫੁਲਰਵੰਨ ਅਤੇ ਦੁਲੇ ਭੱਟੀ ਦੇ ਸਨੇਹ ਕਰਕੇ ਸਾਂਦਲਬਾਰ ਵਿੱਚ ਆਇਆ ਕਰਦਾ ਸੀ।

—ਰਾ ਭੱਇਆ ਨੇ ਆਪਣੇ ਨਾਮ ਤੇ ਭੱਇਪੁਰ ਨਾਮੀ ਪਿੰਡ ਵਸਾਇਆ। ਜੋ ਸਮੇਂ ਸਮੇਂ ਆਉਂਦੀਆਂ ਪਛਮੀ ਧਾੜਾਂ ਨੇ ਦਾਹ ਢੇਰੀ ਕੀਤਾ। ਉਸ ਦਾ ਭਗਨਾਵੇਸ਼ ਇੱਕ ਥੇਹ ਦੇ ਰੂਪ ਵਿੱਚ ਮੌਜੂਦਾ ਸ਼ੇਖੂਪੁਰਾ ਤੋਂ ਚੜ੍ਹਦੇ ਤੇ ਦੱਖਣ ਦੀ ਗੁੱਠ ਵਿੱਚ ਇਕ ਮੀਲ ਦੇ ਫਾਸਲੇ ਤੇ ਹੈ। ਇਸ ਥੇਹ ਉਤੇ ਭੱਇਪੁਰੀਆਂ ਦੇ ਦੋ ਘਰ ਵਰਯਾਮ ਸਿੰਘ ਤੇ ਲਾਭ ਸਿੰਘ ਵੱਸਦੇ ਸਨ। ਲਾਭ ਸਿੰਘ ਨੰਬਰਦਾਰ ਗੜ੍ਹੀ ਨਜ਼ੀਰ (ਨਜ਼ਦ ਸਮਾਨਾ ਮੰਡੀ) ਅੱਜ ਕਲ ਰਹਿੰਦਾ ਹੈ।

ਭਿੱਖੀ ਵਿਚ ਅੰਮ੍ਰਿਤ ਪ੍ਰਚਾਰ

ਸੰਨ 1911 ਕਤਕ ਪੂਰਨਮਾਸ਼ੀ ਨਨਕਾਣੇ ਸਾਹਿਬ ਦੇ ਗੁਰਪੁਰਬ ਤੇ ਪੁਜ ਕੇ ਭਿੱਖੀ ਦੇ ਭਾਈ ਮੂਲਾ ਸਿੰਘ ਅਤੇ ਜਵੰਦ ਸਿੰਘ ਆਦਿ ਟੂਰਨੇ ਸਿਰ ਸਜਣਾਂ ਨੇ ਭਾਈ ਮੂਲ ਸਿੰਘ ਜੀ ਦੇ ਨਾਲ ਸਲਾਹ ਕਰਕੇ 14, 15, 16 ਮੱਘਰ ਨੂੰ ਆਪਣੇ ਪਿੰਡ ਦੀਵਾਨ ਕਰਨਾ ਪ੍ਰਵਾਨ ਕੀਤਾ। ਜਿਸਦਾ ਇਸ਼ਤਿਹਾਰ ਭਾਈ ਬਿਜਲਾ ਸਿੰਘ ਜੀ ਅਨੁਸਾਰ ਇਉਂ ਸੀ :—

ਸੁਣੋ ਭਾਈ ਸੱਜਣੋਂ ਸੁਣਾਵਾਂ ਇੱਕ ਤੁਸਾਂ ਗੱਲ,
ਏਥੇ ਕਿਸ ਕਿਸ ਉਪਦੇਸ਼ਕ ਹੈ ਆਵਣਾ।
ਸੰਤ ਗੁਰਬਖਸ਼ ਸਿੰਘ ਆਉਣ ਪਟਿਆਲੇ ਵਾਲੇ,
ਜਿਨ੍ਹਾਂ ਦੇ ਬਚਨ ਦੁਖ ਦੂਰ ਹੈ ਨਸਾਵਣਾ।

ਢਾਡੀਆਂ ਦਾ ਜਥਾ ਆਵੇ ਭਾਈ ਲਾਲ ਸਿੰਘ ਵਾਲਾ,
ਜੋਟੀਦਾਰ ਦੂਜਾ ਨਾਲ ਬਿਸ਼ਨ ਸਿੰਘ ਆਵਣਾ।

ਭਾਈ ਹਰਨਾਮ ਸਿੰਘ ਆਵਣ ਸੰਤਪੁਰੇ ਵਾਲੇ,
ਪੜ੍ਹ ਜਿਨ੍ਹਾਂ ਸ਼ਬਦ ਸਾਰੀ ਸਭਾ ਨੂੰ ਰੀਝਾਵਣਾ।

ਸੰਤ ਸਿੰਘ ਮਾਸਟਰ ਮੂਰਤਾਂ ਵਖਾਵੇ ਆ ਕੇ,
ਵੇਖ ਵੇਖ ਜਿਨ੍ਹਾਂ ਨਸ਼ੇ ਆਪੇ ਛੱਡ ਜਾਵਣਾ।

ਭਾਈ ਹੀਰਾ ਸਿੰਘ ਅਤੇ ਭਾਗ ਸਿੰਘ ਰਾਗੀ ਆਉਣਾ,
ਕੀਰਤਨ ਜਿਨ੍ਹਾਂ ਦਾ ਹੈ ਹੁੰਦਾ ਮਨ ਭਾਵਣਾ।

ਭਾਈ ਮੂਲ ਸਿੰਘ ਜੀ ਆਉਣ ਗਗਮੂਲੇ ਵਾਲੇ,
ਜਿਨ੍ਹਾਂ ਮਨਮਤੀਆਂ ਨੂੰ ਛੰਡ ਕੇ ਵਖਾਵਣਾ।

—0—

1. ਬਿਹਾਰੀ ਮੱਲ ਰਿਆਸਤ ਅੰਬਰ (ਜੈ ਪੁਰ) ਦਾ ਰਾਜਾ ਸੀ।

ਭਾਈ ਸਾਹਿਬ ਭਾਈ ਮੂਲ ਸਿੰਘ ਜੀ ਅਤੇ ਹੋਰ ਪ੍ਰਚਾਰਕ 14 ਮਘਰ ਨੂੰ ਪੁਜ ਗਏ। ਬਾਬਾ ਗੁਰਬਖਸ਼ ਸਿੰਘ ਜੀ ਨੇ ਦੋ ਦਿਨ ਹਿੰਦੂ ਵੇਦਾਂ ਸ਼ਾਸਤਰਾਂ ਦੇ ਹਵਾਲੇ ਦੇ ਕੇ ਗੁਰਮਤਿ ਦੀ ਗੌਰਵਤਾ ਦਰਸਾਈ। ਜਿਸ ਦਾ ਇਤਨਾ ਪ੍ਰਭਾਵ ਪਿਆ ਕਿ 16 ਮਘਰ ਵਾਲੇ ਦਿਨ 81 ਸਿੰਘ ਅਤੇ 33 ਬੀਬੀਆਂ ਨੇ ਅੰਮ੍ਰਿਤਪਾਨ ਕੀਤਾ।

ਤੀਸਰੇ ਸਾਲ 1913 ਵਿੱਚ ਦੀਵਾਨ ਬੜਾ ਭਾਰਾ ਸੀ, ਦੀਵਾਨ ਦੇ ਦੂਸਰੇ ਦਿਨ ਆਸਾ ਦੀ ਵਾਰ ਦੇ ਕੀਰਤਨ ਸਮੇਂ ਇਕ ਬੀਬੀ ਨੇ ਮੁਸਲਮਾਨੇ ਪਹਿਰਾਵੇ ਵਿੱਚ ਆ ਕੇ ਇੱਕ ਦਮੜਾ ਰਖ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ। ਭਾਈ ਮੂਲ ਸਿੰਘ ਜੀ ਦੇ ਪੁਛਣ ਤੇ ਭਾਈ ਜਵੰਦ ਸਿੰਘ ਨੇ ਦੱਸਿਆ ਕਿ ਕੁਝ ਚਿਰ ਹੋਇਆ ਸਾਡਾ ਇਕ ਵਿਰਕ ਭਰਾ ਮੰਗਲ ਸਿੰਘ ਇੱਕ ਪਰਾਧੀ ਪਿਛੇ ਮੁਸਲਮਾਨ ਹੋ ਗਿਆ ਹੈ। ਹੁਣ ਅੱਗੋਂ ਉਹਦੇ ਪੁਤਰ ਧੀਆਂ ਹੋ ਗਏ ਹਨ। ਅਸੀਂ ਦਿਲੋਂ ਔਖੇ ਹਾਂ—ਇਹ ਜਨਾਨੀ ਜਿਹੜੀ ਅੱਜ ਆਈ ਹੈ ਇਸ ਦਾ ਨਾਮ ਰੇਸ਼ਮਾਂ ਹੈ ਤੇ ਮਲੂਕ ਦੇ ਪਿਰੰਕੇ[1] ਖਰਲ ਦੀ ਧੀ ਹੈ— ਇਹ ਦਾ ਪਿਆਰ ਮੰਗਲ ਸਿੰਘ ਪੁਤਰ ਵੀਰ ਸਿੰਘ (ਪੱਤੀ ਸੁਖਾ ਸਿੰਘ) ਨਾਲ ਹੋ ਗਿਆ ਤੇ ਉਹਦੇ ਡੇਰੇ ਤੇ ਰਹਿੰਦੀ ਹੈ—ਅਜੇ ਮੰਗਲ ਸਿੰਘ ਤਾਂ ਕਦੇ ਡੋਲ ਖਲੋਂਦ ਹੈ ਇਹ ਸਗੋਂ ਉਹ ਨੂੰ ਵੀ ਥਮੀਂ ਰੱਖਦੀ ਹੈ ਤੇ ਜਦੋਂ ਮਾਪੇ ਸਮਝਾਵਨ ਵਾਸਤੇ ਆਵਦੇ ਹਨ ਤਾ ਉਹਨਾਂ ਨੂੰ ਵੀ ਸਿੱਖ ਹੋ ਜਾਣ ਵਾਸਤੇ ਪ੍ਰੇਰਦੀ ਹੈ। ਹੁਣ ਇਸ ਦੀ ਮਰਜ਼ੀ ਹੈ ਕਿ ਇਸ ਨੂੰ ਸੰਗਤ ਪੰਗਤ ਵਿੱਚ ਅਭੇਦ ਕੀਤਾ ਜਾਵੇ।

ਰੇਸ਼ਮਾਂ ਨੂੰ ਅਤੇ ਮੰਗਲ ਸਿੰਘ ਨੂੰ ਸੰਗਤ ਦੇ ਰੂਬਰੂ ਪੁਛਿਆ ਗਿਆ ਉਹਨਾਂ ਭਾਈ ਜਵੰਦ ਸਿੰਘ ਦੇ ਬਿਆਨ ਦੀ ਤਾਈਦ ਕੀਤੀ ਤਾਂ ਸੰਗਤ ਨੇ ਜੈਕਾਰੇ ਗਜਾ ਕੇ ਪ੍ਰਵਾਨਗੀ ਦੇ ਦਿੱਤੀ, ਕਿੰਤੂ ਦੋ ਸੱਜਣਾਂ (ਸਾਧੂ ਸਿੰਘ ਤੇ ਦੂਲਾ ਸਿੰਘ) ਦਾ ਮੁਸਲਮਾਨਾਂ ਨਾਲ ਬਹਿਣ ਖਲੋਣ ਹੋਣ ਕਰਕੇ ਮੁਖਾਲਫਤ ਕੀਤੀ ਕਿੰਤੂ ਭਾਈ ਸਾਹਿਬ ਭਾਈ ਮੂਲ ਸਿੰਘ ਜੀ ਨੇ ਉਨ੍ਹਾਂ ਨੂੰ ਯਗ ਉੱਤਰ ਦਿੱਤਾ ਪਰ ਉਸ ਦੇ ਬਾਵਜੂਦ ਉਕਤ ਦੋਵੇਂ ਸੱਜਣ ਪਿਰੰਕੇ ਖਰਲਾਂ ਨੂੰ ਸੱਦ ਲਿਆਏ ਤੇ ਗੱਲਬਾਤ ਸ਼ੁਰੂ ਹੋਈ।

ਦੂਲਾ ਸਿੰਘ —ਬਾਬਾ ਜੀ ਤੁਸੀਂ ਸਾਡੇ ਮਾਪਿਆਂ ਬਜਾ ਹੋ ਤੇ ਮਾਪੇ ਔਲਾਦ ਲਈ ਕੰਡੇ ਨਹੀਂ ਬੀਜਦੇ—ਇਹ ਖਰਲ ਸਾਡੇ ਮੁਸਲਮਾਨ ਭਰਾ ਹਨ। ਜੇ ਤੁਸੀਂ ਰੇਸ਼ਮਾਂ ਨੂੰ ਨਾਲ ਰਲਾਇਆ ਤਾਂ ਬੜਾ ਬਖਾਧ ਵਧੇਗਾ—ਇਹ ਸਾਡੇ ਕੋਲ ਮੇਲਾ ਬਣ ਕੇ ਆਏ ਨੇ ਤੇ ਰੇਸ਼ਮਾਂ ਨੂੰ ਨਾਲ ਲੈ ਜਾਣਾ ਚਾਹੁੰਦੇ ਨੇ। ਤੁਸੀਂ ਵੀ ਸ਼ੁੱਧੀ ਦਾ ਖਿਆਲ ਛੱਡੋ—ਸਾਡੇ ਕੋਲੋਂ ਇਹਨਾਂ ਨੂੰ ਸਖਣਿਆਂ ਨਹੀਂ ਮੋੜਿਆ ਜਾਂਦਾ।

ਭਾ: ਮੂਲ ਸਿੰਘ—ਬੜੀ ਚੰਗੀ ਗੱਲ ਹੈ। ਜੇ ਤੁਸਾਡੇ ਸਬੰਧ ਇਸੇ ਤਰ੍ਹਾਂ ਠੀਕ ਰਹਿੰਦੇ ਹਨ ਤਾਂ ਸਾਨੂੰ ਕੋਈ ਵਾਸਤਾ ਨਹੀਂ। ਪਰ ਇਹ ਵੀ ਦਸੋ ਕਿ ਇਹ ਵੀ ਤੁਸਾਡੇ ਕਹਿਣ ਦੀ ਏਨੀ ਰਵਾਦਾਰੀ ਰਖਦੇ ਨੇ ?

ਖਰਲ —(ਸਾਰੇ ਇੱਕੋ ਵਾਰ) ਕਿਉਂ ਨਹੀਂ ? ਇਹ ਸਾਡੇ ਭਿਰਾ ਹਨ ਇਹ ਅਸਾਥੋਂ ਧੀ ਦਾ ਸਾਕ ਮੰਗਣ ਅਸੀਂ ਦੇਵਣ ਨੂੰ ਤਿਆਰ ਹਾਂ।

ਭਾ: ਮੂਲ ਸਿੰਘ—'ਇਤਨੇ ਦੂਰ ਜਾਵਣ ਦੀ ਲੋੜ ਨਹੀਂ ਮੇਰੀਆਂ ਦੋ ਗੱਲਾਂ ਨੇ ਜੇ ਮਨਜ਼ੂਰ ਕਰੋ ਤਾਂ ਤੁਸੀਂ ਆਪਣੀ ਲੜਕੀ ਲੈ ਜਾਵੋ।

ਖਰਲ —ਹਾਂ ਮੁੜ ਛੇਬ ਕਰੋ, ਦੱਸੋ।

ਭ. ਮੂਲ ਸਿੰਘ—ਅਤਰਾ ਅਰੋੜਾ ਪਿੰਡ ਮਲੂਕ ਵਿੱਚ ਹੱਟੀ ਕਰਦਾ ਸੀ। ਉਹ ਦੀ ਮੁਟਿਆਰ ਧੀ ਮੌਲਵੀ ਨੇ ਪ੍ਰੇਰ ਕੇ ਮੁਸਲਮਾਨੇ ਘਰ ਨਕਾਹ ਦਿੱਤੀ। ਦੂਜਾ ਸਾਡਾ ਵਿਰਕ ਭਰਾ ਮੰਗਲ ਸਿੰਘ ਪਰਾਧੀ ਦੇ ਅੜੇ ਚੜ੍ਹ ਗਿਆ ਤੁਸੀਂ ਉਹਨੂੰ ਫੌਜਦਾਰੀ ਦਾ ਡਰਾਵਾ ਦੇ ਕੇ ਮੁਸਲਮਾਨ ਕਰ ਲਿਆ— ਹੁਣ ਪਿਆਰ ਤੇ ਰਵਾਦਾਰੀ ਦੇ ਨਾਤੇ ਉਹ ਦੋਵੇਂ ਤੁਸੀਂ ਸਾਡੇ ਹਵਾਲੇ ਕਰੋ ਤੇ ਤੁਸੀਂ ਆਪਣੀ ਲੈ ਜਾਵੋ।

ਖਰਲ —(ਦੋ ਕੁ ਜੋਸ਼ੀਲੇ ਜਿਹੇ) ਹੋਖਾਂ ਉਹ ਕਿਵੇਂ ਮੋੜੀਏ ? ਉਹ ਤਾਂ ਸਾਡੇ ਦੀਨ ਦੇ ਸਾਥੀ ਹੋ ਗਏ ਨੇ—ਉਹਨਾਂ ਦਾ ਤਾਂ ਅਸੀਂ ਲੂੰ ਵੀ ਨ ਪੁਟ ਕੇ ਦੇਂਦੇ ਹੋਏ।

ਦੂਲਾ ਸਿੰਘ —(ਉਹਨਾਂ ਖਰਲਾਂ ਦੀ ਗੱਲ ਟੁੱਕ ਕੇ) ਉਇ ਘੱਟਿਓ ਤੇ ਮੁੜ ਸਾਡਾ ਈ ਕੋਈ ਦੀਨ ਨਹੀਂ। ਅਸਾਨੂੰ ਕਾਈ ਚਵਲਾਂ ਲੱਧਾ ਜੇ—ਜਾਓ ਅਸੀਂ ਰੇਸ਼ਮਾਂ ਨਾ ਦੇਂਦੇ ਹੋਏ।

ਅਤੇ ਭਾਈ ਮੂਲ ਸਿੰਘ ਜੀ ਨੂੰ ਆਖਣ ਲੱਗਾ, "ਬਾਬਾ ਜੀ। ਛੇਬ ਕਰੋ ਰਲਾਓ, ਮੰਗਲ ਸਿੰਘ ਤੇ ਰੇਸ਼ਮਾ ਨੂੰ ਸਾਡੇ ਨਾਲ।

---

1. ਸਾਂਦਲ ਨਾਮੀ ਚੂਹੜੇ ਨੇ ਖਰਲਾਂ ਕੋਲੋਂ ਡੰਗਰਾਂ ਦੀ ਤ੍ਰਿਣੀ ਵਿਚ ਸਾਕ ਮੰਗਿਆ। ਖਰਲਾਂ ਨੇ ਗਠਜੋੜ ਕਰਕੇ ਚੂਹੜਿਆਂ ਨੂੰ ਸਣੇ ਜਨਾਨੀਆਂ ਜੰਞ ਸਦਿਆ। ਬੰਦਿਆ ਨੂੰ ਰੋਟੀ ਖਵਾਨ ਦੇ ਪੱਜ ਜਨਾਨੀਆਂ ਤੋਂ ਵਖਰੇ ਛਪਰ ਵਿੱਚ ਬਿਠਾ ਕੇ ਬੰਦਿਆਂ ਨੂੰ ਬਾਰੂਦ ਨਾਲ ਉਡਾ ਦਿੱਤਾ ਤੇ ਜਵਾਨ ਜਵਾਨ ਚੂਹੜੀਆਂ ਦੋ ਕਬੀਲਿਆਂ ਨੇ ਘਰੀਂ ਪਾ ਲਈਆਂ ਉਹਨਾ ਚੂਹੜੀਆਂ ਦੀ ਅੰਸ ਚੂਹੜਕੇ ਸਦੇ ਜਾਂਦੇ ਹਨ ਉਹਨਾਂ ਦੋਹਾਂ ਕਬੀਲਿਆਂ ਨੂੰ ਪਿਰੰਕੇ ਤੇ ਜਾਲਬ ਕੇ ਸੱਦਿਆ ਜਾਂਦਾ ਹੈ।

ਉਥੋਂ ਪਰਤ ਆਪ ਜੀ ਨੇ ਮੰਗਲ ਸਿੰਘ ਨੂੰ ਸੱਦਿਆ। ਉਸ ਨੇ ਖੁਸ਼ੀ ਨਾਲ 20 ਮਣ ਕਣਕ, ਚਾਰ ਚਾਟੀਆਂ ਘਿਉ ਤੇ ਇੱਕ ਬੋਰੀ ਖੰਡ ਅਰਦਾਸ ਕਰਾਈ—ਹਥੋ ਹਥੀਂ ਚੱਕੀਆ ਅਤੇ ਖਰਾਸਾਂ ਤੇ ਆਟਾ ਪੀਠਾ ਗਿਆ—ਬੜਾ ਭਾਰਾ ਲੰਗਰ ਹਇਆ। ਰੇਸ਼ਮਾ ਅਤੇ ਮੰਗਲ ਸਿੰਘ ਨੂੰ ਅੰਮ੍ਰਿਤ ਛਕਾਇਆ ਗਿਆ ਰੇਸ਼ਮਾ ਦਾ ਨਾਮ ਤੇਜ ਕੌਰ ਰਖਿਆ ਗਿਆ ਤੇ ਆਨੰਦ ਕਾਰਜ ਵੀ ਉਥੇ ਹੋ ਗਿਆ।

ਖਾਸ ਨੋਟ :—ਭਿਖੀ ਦੇ ਗੁਰਦਵਾਰੇ ਦੇ ਨਾਮ ਦੋ ਮੁਰਬੇ ਭੋਏਂ ਸੀ—ਉਥੇ ਇਕ ਬ੍ਰਹਮਨ ਠਾਕਰ ਦਾਸ ਨਾਮੀ ਗਰੰਥੀ ਬਣਿਆਂ ਬੈਠਾ ਸੀ ਇਹ ਕਿਸੇ ਗੁਰਮੁਖ ਸਿੰਘ ਨਿਰਮਲੇ ਦਾ ਚਾਟੜਾ ਸੀ। ਹਿੰਦੂਆਂ ਦੇ ਕਾਰਜਾਂ ਵੇਲੇ ਪ੍ਰੋਹਤ ਅਤੇ ਸਿੱਖਾਂ ਦੇ ਕਾਰਜਾ ਵਿੱਚ ਗ੍ਰੰਥੀ ਅਤੇ ਸਭ ਤੋਂ ਜ਼ਿਆਦਾ ਨਿਰਮਲਾ ਸੰਤ ਹੋਣ ਦਾ ਰੁਹਬ ਅਨਪੜ੍ਹ ਜਟਾਂ ਤੇ ਪਾਈ ਰਖਦਾ ਸੀ। ਸਿੰਘ ਸਭਾ ਵਾਲਿਆਂ ਨੂੰ ਇਹ ਭਰਿਸ਼ਟ ਬੁਧੀ ਹੀ ਦਸਿਆ ਕਰਦਾ ਸੀ। ਭਾਈ ਮੂਲ ਸਿੰਘ ਦੇ ਨਾਮ ਨਾਲ ਇਸ ਨੂੰ ਖਾਸ ਚਿੜ੍ਹ ਸੀ। ਇਸ ਵਾਸਤੇ ਇਹ ਭਿੱਖੀ ਵਸੀਆਂ ਨੂੰ ਸਿੰਘ ਸਭੀਆਂ ਤੋਂ ਦੂਰ ਹੀ ਰਖਣ ਦਾ ਚਾਰਾ ਕਰਦਾ ਰਹਿੰਦਾ ਸੀ।

ਭਿਖੀ ਦੀ ਸ਼ੁਧੀ ਦਾ ਮੁਕੰਦਮਾ

ਭਿਖੀ ਨਿਵਾਸੀ ਕੁਛ ਕੱਚੇ ਪਿਲੇ ਸਜਣਾਂ ਨੇ ਮੰਗਲ ਸਿੰਘ ਅਤੇ ਹੋਰ ਅੰਮ੍ਰਿਤਧਾਰੀ ਸਜਨਾਂ ਤੇ ਇਕ ਫੌਜਦਾਰੀ ਦਾ ਮੁਕੱਦਮਾ ਖੜਾ ਕਰ ਦਿਤਾ। ਤਫਤੀਸ਼ ਵਾਸਤੇ ਸ: ਊਧਮ[1] ਸਿੰਘ ਥਾਣੇਦਾਰ ਇੰਚਾਰਜ ਥਾਣਾ ਸੇਖੂਪੁਰਾ ਆਇਆ ਤੇ ਡੇਰਾ ਪਿੰਡ ਖਾਹਰਿਆਂ ਵਾਲੇ ਵਿਚ ਕੀਤਾ।

ਤਫਤੀਸ਼ ਦੇ ਦੋਰਾਨ ਵਿਰੋਧੀ ਧੜੇ ਨੇ ਰੇਸ਼ਮਾ (ਤੇਜ ਕੌਰ) ਦੀ ਸ਼ੁਧੀ ਵਿਰੋਧ ਦਾ ਕਾਰਨ ਦਸੀ।

ਥਾਣੇਦਾਰ : ਸੁਧੀ ਕਿਸ ਨੇ ਕਰਾਈ ਸੀ ਤੇ ਕਦੋਂ ?

ਵਿਰੋਧੀ : ਜੀ ਕੋਈ ਛੇ ਮਹੀਨੇ ਹੋਏ ਭਾਈ ਮੂਲ ਸਿੰਘ ਗੁਰਮੂਲੀਏ ਨੇ ਸ਼ੁਧੀ ਕੀਤੀ ਸੀ।

ਥਾਣੇਦਾਰ : ਕੀਹ ਉਸ ਲੜਕੀ ਨੂੰ ਅੰਮ੍ਰਿਤ ਛਕਾਇਆ ਗਿਆ ਸੀ ?

ਵਿਰੋਧੀ : ਜੀ ਹਾਂ।

ਥਾਣੇਦਾਰ : ਕੀਹ ਅੰਮ੍ਰਿਤ ਪ੍ਰਚਾਰ ਪਿਛੋਂ ਉਸ ਲੜਕੀ ਦੇ ਹਥੀਂ ਵਰਤਾਇਆ ਪ੍ਰਸ਼ਾਦ ਲੋਕਾਂ ਨੇ ਖਾਧਾ ਸੀ ?

ਵਿਰੋਧੀ : ਜੀ ਹਾਂ—ਪਰ ਅਸਾਂ ਨਹੀਂ ਸੀ ਖਾਧਾ। ਇਹ ਲੋਕ ਹੁਣ ਵੀ ਉਸ ਤੋਂ ਲੈ ਕੇ ਖਾਂਦੇ ਨੇ। ਅਸੀਂ ਉਹ ਨੂੰ ਨੇੜੇ ਵੀ ਨਹੀਂ ਲੱਗਣ ਦੇਂਦੇ।

ਥਾਨੇਦਾਰ : (ਗੁੱਸੇ ਨਾਲ ਲਾਲ ਹੋ ਕੇ) ਜਿਨ੍ਹਾਂ ਨੇ ਤੇਜ ਕੌਰ ਤੋਂ ਪ੍ਰਸ਼ਾਦ ਲੈ ਕੇ ਖਾਧਾ ਹੈ ਉਹ ਮੇਰੇ ਸੱਜੇ ਅਤੇ ਜਿਨ੍ਹਾਂ ਨਹੀਂ ਖਾਧਾ ਮੇਰੇ ਖਬੇ ਹੋ ਜਾਵੇ। ਫਿਰ ਉਸ ਨੇ ਖਬੇ ਪਾਸੇ ਵਾਲਿਆਂ ਨੂੰ ਪੁਛਿਆ ਕਿ ਤੁਸੀਂ ਸਿਖ ਹੋ ?

ਵਿਰੋਧੀ : ਜੀ ਹਾਂ।

ਥਾਣੇਦਾਰ : ਨਹੀਂ, ਤੁਸੀਂ ਝੂਠੇ ਅਤੇ ਬੇਈਮਾਨ ਹੋ—ਇਹ ਸਜੇ ਪਾਸੇ ਵਾਲੇ ਥੋਹੜੇ ਨੇ ਤੁਸੀਂ ਬਹੁਤੇ ਹੋ ਤੁਸਾਥੋਂ ਨੁਕਸਿ ਅਮਨ ਦਾ ਡਰ ਹੈ ਇਸ ਲਈ ਹਜ਼ਾਰ ਹਜ਼ਾਰ ਦੀ ਜ਼ਮਾਨਤ ਸਭ ਜਣੇ ਦਿਓ।

ਥਾਣੇਦਾਰ ਦਾ ਪ੍ਰਸਾਦਾ ਜੀਵਨ ਸਿੰਘ ਖਾਹਰੇ ਦੇ ਘਰ ਪੱਕਾ ਹੋਇਆ ਸੀ। ਉਹ ਘੋੜਾ ਭਜਾ ਭਿਖੀ ਪੁਜਾ—ਉਸ ਨੇ ਲੰਬਰਦਾਰ ਦੇ ਰਾਹੀਂ ਮੰਗਲ ਸਿੰਘ ਦੇ ਘਰ ਤਿੰਨ ਸਿੰਘਾਂ ਵਾਸਤੇ ਪ੍ਰਸਾਦਾ ਗੁਰਦਵਾਰੇ ਘਲਾਣ ਵਾਸਤੇ ਆਖਿਆ।

ਤੇਜ਼ ਕੌਰ ਨੇ ਆਂਦਣਾਂ ਗੁਵਾਂਢਣਾਂ ਸਮੇਤ ਝਟ ਪਟ ਪ੍ਰਸਾਦਾ ਤਿਆਰ ਕੀਤਾ ਤੇ ਸਣੇ ਮੰਗਲ ਸਿੰਘ ਲੈ ਕੇ ਗੁਰਦਵਾਰੇ ਪੁੱਜੀ ਅਤੇ ਥਾਣੇਦਾਰ ਨੂੰ ਆਖਿਆ ਬਾਪੂ ਜੀ ਸਤਿ ਸ੍ਰੀ ਅਕਾਲ ਤੇ ਪ੍ਰੇਮ ਨਾਲ ਪ੍ਰਸਾਦਾ ਛਕਾਇਆ।

ਸ: ਊਧਮ ਸਿੰਘ ਨੇ ਪ੍ਰਸੰਨ ਹੋ ਕੇ ਆਖਿਆ :—

> "ਬੇਟੀ ਸੁਣਿਆਂ ਏ ਤੇਰੇ ਘਰ ਲਵੇਰਾ ਆਮਾਂਦਾ ਏ, ਵਾਧੂ ਲੱਸੀ ਗੁਰਦਵਾਰੇ ਦੇ ਜਾਇਆ ਕਰ, ਜੋ ਰਾਹੀ ਪਾਂਧੀ ਦੇ ਕੰਮ ਆ ਜਾਇਆ ਕਰੇ।"

---

1. ਸ: ਊਧਮ ਸਿੰਘ—ਇਹ ਪੂਰਨ ਗੁਰਸਿਖ ਅਫਸਰ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਦੇ ਪ੍ਰਵਾਰ ਵਿਚੋਂ ਸੀ।

ਤੇਜ ਕੌਰ ਨੇ ਸਤਿਬਚਨ ਆਖਿਆ ਤੇ ਗੁਰਮੁਖ ਅਫਸਰ ਦੀ ਆਗਿਆ ਦਾ ਪਾਲਣ ਸਦੀਵ ਕਰਦੀ ਰਹੀ—ਭਿਖੀ ਦੇ ਗੁਰਦਵਾਰੇ ਸਾਰਾ ਪਿੰਡ ਲੱਸੀ ਪਹੁੰਚਾਣ ਲੱਗ ਪਿਆ। ਵਿਰੋਧੀਆਂ ਨੇ ਝਖ ਮਾਰ ਕੇ ਸਰਦਾਰ ਕੋਲੋਂ ਮੁਆਫੀ ਮੰਗੀ। ਫਿਰ ਜਦ ਤੇਜ ਕੌਰ ਦੇ ਘਰ ਪਲੇਠੀ ਦਾ ਲੜਕਾ ਹੋਇਆ ਤਾਂ ਸਾਰੇ ਪਿੰਡ ਨੇ ਇਕਮਿਕ ਹੋ ਕੇ ਮੰਗਲ ਸਿੰਘ ਦੇ ਘਰੋਂ ਪ੍ਰਸ਼ਾਦਾ ਛਕਿਆ ਤੇ ਨਿਉਂਦਰਾ ਵੀ ਰੱਜ ਕੇ ਪਾਇਆ—ਤਿਸ ਪਸ਼ਚਾਤ ਭਾਗ ਭਰੇ ਨਗਰ ਵਿਚ ਗੁਰਮਤਿ ਪ੍ਰਚਾਰ ਵਧਦਾ ਅਤੇ ਵਿਰੋਧ ਘਟਦਾ ਘਟ ਗਿਆ।

ਜਦੋਂ ਤੇਜ ਕੌਰ ਨੂੰ ਪ੍ਰਸ਼ਾਦ ਵਰਤਾਉਣ ਲਈ ਕਿਹਾ ਗਿਆ ਤਾਂ ਕਈ ਜਨਾਨੀਆਂ ਕੰਨੋਂ ਕੰਨੀ ਗੱਲਾਂ ਕਰਨ ਲੱਗੀਆਂ ਕਿ ਭਾਈ ਮੂਲ ਸਿੰਘ ਨੇ ਆਪ ਇਸ ਤੋਂ ਪ੍ਰਸ਼ਾਦ ਨਹੀਂ ਲੈਣਾ। ਇਹ ਗੱਲ ਭਾਈ ਜੀ ਤੱਕ ਵੀ ਪਹੁੰਚੀ ਤਾਂ ਉਹਨਾਂ ਬਹੁਤ ਹੀ ਸਿਆਣੇ ਢੰਗ ਨਾਲ ਠੋਸ ਸਬੂਤ ਦੇ ਕੇ ਇਹੋ ਜਿਹੇ ਸ਼ੰਕਿਆਂ ਦਾ ਨਾਸ ਕੀਤਾ। ਜਦ ਤੇਜ ਕੌਰ (ਰੇਸ਼ਮਾਂ) ਭਾਈ ਜੀ ਨੂੰ ਪ੍ਰਸ਼ਾਦ ਦੇਣ ਲੱਗੀ ਤਾਂ ਉਨਾਂ ਨੇ ਹੱਥ ਕਰਨ ਦੀ ਬਜਾਏ ਆਪਣਾ ਮੂੰਹ ਅੱਡ ਕੇ ਅੱਗੇ ਕਰ ਦਿੱਤਾ ਤਾਂ ਉਸ ਨੇ ਮੂੰਹ ਵਿੱਚ ਪ੍ਰਸ਼ਾਦ ਪਾ ਦਿੱਤਾ। ਇਸ ਘਟਨਾ ਨਾਲ ਸਾਰੇ ਸ਼ੰਕਾਵਾਦੀਆਂ ਦੇ ਸ਼ੰਕਿਆਂ ਦਾ ਜਵਾਬ ਮਿਲ ਗਿਆ।

(ਲੱਖਾ ਸਿੰਘ ਸਰਪੰਚ, ਜਲਮਾਨਾ)

ਜਦ ਭਿੱਖੀ ਨੇ ਸਿੱਖ ਇਤਿਹਾਸ ਦੀ ਯਾਦ ਤਾਜ਼ਾ ਕਰਵਾ ਦਿੱਤੀ :

ਅਭਾਗੇ ਪੰਜਾਬ ਦੇ ਬਟਵਾਰੇ ਵੇਲੇ ਭਾਦਰੋਂ 1947 ਨੂੰ ਚੱਕ ਨੰ: 4 ਅਤੇ 5 ਤਹਿਸੀਲ ਨਨਕਾਣਾ ਸਾਹਿਬ ਦੇ ਰਾਠੌਰ ਸਿੰਘ ਜਦ ਖਰਾ ਸੌਦਾ ਚੂਹੜਕਾਣਾ ਕੈਂਪ ਨੂੰ ਆ ਰਹੇ ਸਨ ਤਾਂ ਪਿੰਡ ਹੋਏ ਕੇ', 'ਬਾਹੂਮਾਨ' ਅਤੇ 'ਜੋਧ' ਆਦਿ ਦੇ ਮੁਸਲਮਾਨਾਂ ਨੇ ਉਹਨਾਂ ਤੇ ਹਮਲਾ ਕਰ ਦਿੱਤਾ—ਕੁਝ ਰਾਠੌਰ ਸਿੰਘ ਮਾਰੇ ਗਏ। ਪੰਜ ਸੱਤ ਲੜਕੀਆਂ, ਪਿੰਡ ਹੋਏ ਕੇ ਦੇ ਜ਼ੈਲਦਾਰ ਹੁਸੈਨ ਅਲੀ ਨੇ ਆਪਣੇ ਕੋਲ ਰਖ ਲਈਆਂ।

ਰਾਠੌਰ ਸਿੰਘਾਂ ਨੇ ਭਿਖੀ ਆ ਕੇ ਸਾਰਾ ਵਾਕਿਆ ਸੁਣਾਇਆ ਜਿਸ ਤੇ ਉਹਨਾਂ ਨੂੰ ਪ੍ਰਸਾਦਿ ਪਾਣੀ ਛਕਾ ਕੇ ਪਿੱਛੋਂ ਢੋਲ ਵਜਾ ਕੇ ਪਿੰਡ ਦੇ ਤਣੀ ਬੰਨ੍ਹ ਦਿਨ ਚੜ੍ਹਦੇ ਨੂੰ ਪਿੰਡ ਬਾਹੂਮਾਨ ਜਾ ਪੁਜੇ। ਪਿੰਡ ਬਾਹੂਮਾਨ ਦੀ ਇੱਕ ਹਾਜਰ ਮਾਈ ਜੋ ਭਿਖੀ ਕਿਆਂ ਦੀ ਚੰਗੀ ਜਾਣੂ ਸੀ) ਪਿੰਡੋ ਬਾਹਰ ਆ ਕੇ ਰਜਵਾਹ ਤੇ ਖਲੋ ਕੇ ਪਲੂ ਫੇਰਿਆ ਤੇ ਦੁਹਾਈ ਦਿਤੀ—ਸਿੰਘਾਂ ਦੇ ਪੁਛਣ ਤੇ ਉਸ ਆਖਿਆ :—

"ਭਰਾਵੋ ਮੈਨੂੰ ਚਾਰ ਪਹਿਰ ਮਾਂਗਵੇ ਦੇ ਦਿਉ ਮੈਂ ਤੁਹਾਡੀਆਂ ਕੁੜੀਆਂ ਤੁਹਾਡੇ ਕੋਲ ਘਲਾ ਦਿਆਂਗੀ। ਜੇ ਤੁਹਾਨੂੰ ਯਕੀਨ ਨਾ ਆਵੇ ਤਾਂ ਤੁਸੀਂ ਮੇਰੀਆ ਦੋ ਜਵਾਨ ਪੋਤਰੀਆਂ ਲੈ ਜਾਵੋ—ਤੁਹਾਡੀਆ ਦੇ ਕੇ ਆਪਣੀਆਂ ਲੈ ਆਵਾਂਗੀ।"

ਭਿਖੀ ਦੇ ਸਾਊ ਸਰਦਾਰਾਂ ਆਖਿਆ :—

"ਮਾਈ ਅਸਾਂ ਤੇਰੀਆਂ ਨਹੀਂ ਲੈ ਜਾਣੀਆਂ, ਇਹ ਵੀ ਸਾਡੀਆਂ ਹਨ ਸਾਨੂੰ ਤੇਰੇ ਤੇ ਯਕੀਨ ਹੈ, ਤੂੰ ਸਾਨੂੰ ਸਾਡੀਆਂ ਮੋੜ ਦੇ ਅਸੀਂ ਹੋਰ ਕੁਛ ਨਹੀਂ ਚਾਹੁੰਦੇ"—ਮਾਈ ਹਾਜਰ ਨੂੰ ਇਹ ਆਖ ਭਿਖੀ ਕੇ ਪਿਛਾਂਹ ਪਰਤ ਆਏ ਤੇ ਬਾਰਾਂ ਵਜਦੇ ਨੂੰ ਮਾਈ ਹਾਜਰ ਨੇ ਉਹੋ ਲੜਕੀਆਂ ਭਿਖੀ ਘਲਵਾ ਦਿਤੀਆਂ– ਜੋ ਉਥੋਂ ਅਗਾਂਹ ਸੱਚੇ ਸੌਦੇ, ਰਾਠੌਰ ਸਿੰਘਾਂ ਦੇ ਹਵਾਲੇ ਕਰ ਦਿੱਤੀਆਂ ਗਈਆਂ।

ਅਗਲੇ ਦਿਨ ਭਿਖੀ ਵਾਸੀ ਸਾਰੇ ਕਾਫਲਾ ਬਣਾ ਕੇ ਖਰੇ ਸੌਦੇ ਕੈਂਪ ਵਿਚ ਆ ਗਏ। ਇਸ ਕਾਰਨਾਮੇ ਤੋਂ ਹੀ ਭਿਖੀ ਨਿਵਾਸ ਸਿੰਘਾਂ ਦੀ ਏਕਤਾ, ਪੰਥਕ ਪਿਆਰ, ਗੈਰਤ ਬੀਰਤਾ ਅਤੇ ਇਲਾਕੇ ਵਿਚਲੇ ਮਾਨ ਸਤਿਕਾਰ ਦਾ ਪਤਾ ਚਲ ਜਾਂਦਾ ਹੈ—ਇਹੋ ਭਵਿਖ ਵਿਚ ਸਾਡੀ ਹੋਵੇਗਾ : –

ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹੋ ਜਿਹੀਆਂ ਕਈ ਹਜਾਰਾਂ ਮਿਸਾਲਾਂ ਜੋ ਸਾਡੀ ਕੌਮ ਹੁਣ ਤੱਕ ਵਿਖਾ ਚੁੱਕੀ ਹੈ ਸਮੇਂ ਦੀ ਰੇਤ ਥਲੇ ਦਬੀਆਂ ਗਈਆਂ ਹਨ—ਐ ਕੌਮ ਦੇ ਨੌ ਨਿਹਾਲੋ, ਯਾਦ ਰਖੋ ਕਿਸੇ ਸਿਆਣੇ ਨੇ ਆਖਿਆ ਹੈ :—

"ਅਸੀਂ[1] ਇਤਿਹਾਸ ਜੀਅ ਰਹੇ ਹਾਂ। ਸਾਡੀਆਂ ਅਜ ਦੀਆਂ ਘਟਨਾਵਾਂ, ਆਉਣ ਵਾਲੇ ਸਮੇਂ ਦਾ ਇਤਿਹਾਸ ਬਣਾਦੀਆਂ ਹਨ। ਇਤਿਹਾਸ ਕੌਮਾ ਦੀ ਆਨ ਸ਼ਾਨ ਦਾ ਦਰਪਨ ਹੁੰਦਾ ਹੈ। ਇਹ ਅਸਲ ਅਰਥਾਂ ਵਿਚ ਕਿਸੇ ਕੌਮ ਦੀ ਜੀਵਨ ਜਾਂਚ ਸਮਰਥਾ ਅਤੇ ਪ੍ਰਾਪਤੀ ਨੂੰ ਪ੍ਰਗਟਾਉਂਦਾ ਹੈ। ਇਤਿਹਾਸ ਵਿਚ ਇਕ ਸਦੀਵੀ ਉਤਸ਼ਾਹ ਦਾ ਸੋਮਾ ਹੁੰਦਾ ਹੈ, ਜਿਸ ਨਾਲ ਉਨਤੀ ਦੇ ਪਾਸੇ ਹੋਰ ਵਧੇਰੇ ਜਤਨ ਉਪਜਦੇ ਹਨ। ਇਸ ਲਈ ਸਾਡੇ ਸਾਰਿਆਂ ਵਾਸਤੇ ਜਰੂਰੀ ਹੈ ਕਿ ਇਤਿਹਾਸ ਨੂੰ ਮਰਨ ਤੋਂ ਅਤੇ ਵਿਗੜਨ ਤੋਂ ਬਚਾਈਏ"—ਅਜੇ ਵੀ ਇਤਿਹਾਸ ਸੰਭਾਲਨ ਦਾ ਮੌਕਿਆ ਹੈ।"

---

1. ਕਿਸੇ ਅਗਿਆਤ ਪੁਸਤਕ ਵਿਚੋਂ।

ਭਿੱਖੀ ਕਿਆਂ ਦੇ ਪਿਆਰ ਦਾ ਨਮੂਨਾ :

ਮੀਆਂ ਕੁਤਬ ਹੁਸੈਨ ਤੇ ਪਿੰਡ ਡਾਕਖਾਨਾ ਮਛਰਾਲਾ ਜ਼ਿਲਾ ਸ਼ੇਖੂਪੁਰਾ (ਪਾਕਿਸਤਾਨ) ਦੀ ਭਿਖੀ ਕਿਆਂ ਵੱਲ 24/12/1956 ਦੀ ਚਿੱਠੀ :—

ਸ੍ਰੀ ਵਾਹਿਗੁਰੂ ਜੀ ਨੂੰ ਯਾਦ ਕਰੀਏ, ਉਹ ਆਸਰਾ ਕੁਲ ਸੰਸਾਰ ਦਾ ਏ ।
ਯਾਦ ਉਸਦੀ ਤੋਂ ਜਿਹੜਾ ਹੋਏ ਗਾਫਲ, ਉਹ ਅੰਤ ਨੂੰ ਬਾਜ਼ੀਆਂ ਹਾਰਦਾ ਏ ।
ਇਸ ਥੀਂ ਬਾਅਦ ਸਲਾਮ ਦੁਆ ਲਿਖਾਂ ਆਇਆ ਦਿਲ ਵਿਚ ਜੋਸ਼ ਪਿਆਰ ਦਾ ਏ ।
ਕੀਤਾ ਦਰਦ ਫਰਾਕ ਨੇ ਚਾਕ ਸੀਨਾ, ਚਲੇ ਵੱਸ ਨ ਕੁਝ ਲਾਚਾਰਦਾ ਏ ।
ਕੁਦਰਤ ਨਾਲ ਨਾ ਜਾਂਵਦੀ ਪੇਸ਼ ਕੋਈ ਕਿਹੜਾ ਉਸ ਅਗੇ ਦਮ ਮਾਰਦਾ ਏ ।
ਹਿਕਮਤ ਰੱਬ ਦੀ ਦਾ ਪਤਾ ਲਗਦਾ ਨਹੀਂ ਕਿਸੇ ਡੋਬਦਾ ਤੇ ਕਿਸੇ ਤਾਰਦਾ ਏ ।
ਪੂਰਨ ਭਗਤ ਜਿਹੇ ਸਾਹਬਜਾਦਿਆਂ ਨੂੰ ਪਕੜ ਖੂਹ ਦੇ ਵਿਚ ਉਤਾਰਦਾ ਏ ॥
ਯਾਦ ਤੁਸਾਂ ਦੀ ਰਹਿ ਹਮੇਸ਼ ਦਿਲ ਵਿਚ, ਭੁੱਲੇ ਵਕਤ ਨਾ ਉਹ ਬਹਾਰ ਦਾ ਏ ।
ਜਦੋਂ ਰਲਕੇ ਖੇਡਦੇ ਹੱਸਦੇ ਸ਼ਾਂ ਨਹੀਂ ਸੀ ਯਾਦ ਵੇਲਾ ਏਸੇ ਕਾਰ ਦਾ ਏ ।
ਘੁਰਾਂ ਵਿਚ ਖੈਰੀਂ ਸੁਖੀ ਵਸਦਿਆਂ ਤੇ ਆਇਆ ਵਕਤ ਅੰਧੇਰ ਗੁਬਾਰ ਦਾ ਏ ।
ਕਰ ਕਰ ਯਾਦ ਵੇਲੇ ਰਲ ਬੈਠਣੇ ਦੇ, ਦਿਲ ਹਾਲ ਹੀ ਹਾਲ ਪੁਕਾਰਦਾ ਏ ।
ਗੁਜ਼ਰ ਬਰਸ ਗਏ, ਹੰਝੂ ਬਰਸ਼ ਰਹੇ ਤਾਰੋ ਤਾਰ ਜਿਉ ਅਬਰਿ-ਬਹਾਰ[1] ਦਾ ਏ ।
ਐਪਰ ਵਸ ਤੋਂ ਗੱਲ ਬੇ ਵੱਸ ਹੋਈ, ਭਾਣਾ ਵਰਤ ਗਿਆ ਸਿਰਜਣਹਾਰ ਦਾ ਏ ।
ਜਾਣੇ ਰਬ ਸੱਚਾ ਕਦੋਂ ਹੋਣ ਮੇਲੇ; ਸਾਡੇ ਦਿਲਾਂ ਵਿਚ ਸ਼ੌਕ ਦੀਦਾਰ ਦਾ ਏ ॥
ਬੰਦਾ ਵੇਖੇ ਮਕਾਨ ਵੈਰਾਨ ਹੋਏ, ਪਿਆ ਰੋਂਵਦਾ ਤੇ ਧਾਹੀਂ ਮਾਰਦਾ ਏ ॥
ਜਿਹੜੀ ਜਾ ਤੇ ਬੈਠਦੇ ਯਾਰ ਆਹੇ, ਕਬਜ਼ਾ ਉਸ ਤੇ ਅੱਜ ਅਗਯਾਰ[2] ਦਾ ਏ ।
ਵਗੀ ਖਿਚਾਂ ਇਹ ਕੁਤਬ ਹੁਸੈਨ ਐਸ਼ੀ, ਸਮਾਂ ਰਿਹਾ ਨਾ ਉਸ ਗੁਲਜ਼ਾਰ[3] ਦਾ ਏ ॥

ਤਥਾ

ਗਿਨ ਗਿਨ ਕੇ ਤਾਂ ਦੱਸਾਂ ਕੀਹ ਯਾਰੋ, ਗੱਲ ਆਂਵਦੀ ਨਹੀਂ ਧਿਆਨ ਦੇ ਵਿਚ ।
ਸਦਮੇਂ[4] ਨਹੀਂ ਜਾਣਾ ਰੋਜ ਹਸ਼ਰ[5] ਤੋੜੀ ਜੋ ਕੁਛ ਗੁਜਰਿਆ ਏਸ ਜਹਾਨ ਦੇ ਵਿਚ ।
ਜਿਨ੍ਹਾਂ ਘਰੋਂ ਨ੍ਹਹੀਂ ਸੀ ਕਦੇ ਪੈਰ ਕਢੇ ਰੁਲਦੇ ਉਹ ਡਿਠੇ ਬੀਆਬਾਨ ਦੇ ਵਿਚ ।
ਰਿਹਾ ਮੂਲ ਪਿਆਰ ਨਾ ਦਿਲਾਂ ਅੰਦਰ, ਕਿਸੇ ਸਿਖ, ਹਿੰਦੂ ਮੁਸਲਮਾਨ ਦੇ ਵਿਚ ।

---

1. ਅਬਰਿ ਬਹਾਰ—ਬਹਾਰ ਦਾ ਮੀਹ ਅਰਥਾਤ ਬਰਖਾ ਰੁਤ ਦਾ ਮੀਹ ।
2. ਅਗਯਾਰ, ਗੈਰ ਦਾ ਬਹੁ ਵਚਨ ਭਾਵ ਨਾਵਾਕਫ ।
3. ਗੁਲਜ਼ਾਰ—ਫੁਲਵਾੜੀ ।
4. ਸਦਮੇਂ – ਭਾਵ ਦੁੱਖ ।
5. ਰੋਜ਼ਿ-ਹਸ਼ਰ—ਕਿਆਮਤ ਅਰਥਾਤ ਪਰਲੋ ਦਾ ਦਿਨ ।

ਬੇਦੋਸ਼ਿਆਂ ਨੂੰ ਪਿਆ ਕਤਲ ਕਰਨਾ, ਰਿਹਾ ਤਰਸ ਹੀ ਨਹੀਂ ਇਨਸਾਨ ਦੇ ਵਿਚ।
ਲੁਟ ਮਾਰ ਉਤੇ ਕਮਰਾਂ ਕੱਸੀਆਂ ਨੇ, ਬੰਦਾ ਰਿਹਾ ਨਾ ਕੋਈ ਈਮਾਨ ਦੇ ਵਿਚ।
ਛਡ ਧਰਮ ਈਮਾਨ ਜਹਾਨ ਸਾਰੇ, ਕੀਤੀ ਕਤਲ ਪਈ ਸਰਿ ਮੈਦਾਨ ਦੇ ਵਿਚ।
ਬੇਗੁਨਾਹ ਤੇ ਦਸਤ ਦਰਾਜ਼[1] ਕਰਨਾ, ਲਿਖਿਆ ਕਦੋਂ ਹੈ ਗਰੰਥ ਕੁਰਾਨ ਦੇ ਵਿਚ।
ਸਾਰੇ ਪੇਟ ਪ੍ਰਸ਼ਤੀਆਂ ਕਰਨ ਖਾਤ੍ਰ ਲਗ ਪਏ ਸਨ ਜ਼ੁਲਮ ਕਮਾਨ ਦੇ ਵਿਚ।
ਓੜਕ ਹਸ਼ਰ ਨੂੰ ਉਹਨਾਂ ਖ੍ਵਾਰ ਹੋਣਾ ਲਗੇ ਜੋ ਜੋ ਏਸ ਧਿਆਨ ਦੇ ਵਿਚ।
ਵਾਰਦਾਤ ਗੁਜ਼ਰੀ ਜਿਹੜੀ ਜਗ ਉਤੇ ਨਹੀਂ ਸੀ ਕਿਸੇ ਦੇ ਵਹਿਮ ਗੁਮਾਨ ਦੇ ਵਿਚ।
ਅਗੇ ਇੰਝ ਜ਼ਮਾਨੇ ਵਿਚ ਨਹੀਂ ਹੋਇਆ ਆਯਾ ਨਜ਼ਰ ਨ ਪੜ੍ਹਨ ਪੜ੍ਹਾਣ ਦੇ ਵਿਚ
ਨ ਰੂਸ ਨ ਮਿਸਰ ਦੇ ਵਿਚ ਗੁਜ਼ਰੀ, ਨ ਰੋਮ ਤੇ ਸ਼ਾਮ ਈਰਾਨ ਦੇ ਵਿਚ।
ਨਾ ਇਹ ਅਰਬ ਇਰਾਕ ਬਗ਼ਦਾਦ ਦੇ ਵਿਚ, ਇੰਝ ਹੋਈ ਨ ਤੁਰਕੀ ਯੂਨਾਨ ਦੇ ਵਿਚ।
ਨਾ ਇਹ ਕਾਬਲ ਕੰਧਾਰ ਦੇ ਵਿਚ ਬੀਤੀ, ਨ ਸੁਣੀ ਅਗੇ ਇੰਗਲਿਸਤਾਨ ਦੇ ਵਿਚ।
ਨਾ ਅਮਰੀਕਾ ਅਫਰੀਕਾ ਨ ਚੀਨ ਅੰਦਰ, ਜਿਹੜੀ ਗੁਜ਼ਰ ਚੁਕੀ ਪਾਕਿਸਤਾਨ ਦੇ ਵਿਚ।
ਛਡੀ ਹਿੰਦੂਆਂ ਵੀ ਕਸਰ ਨਹੀਂ ਸਾਰੇ, ਮੂਲ ਆਪਣੇ ਹਿੰਦੁਸਤਾਨ ਦੇ ਵਿਚ।
ਬੱਚੇ ਛਾਤੀਆਂ ਤੇ ਪਏ ਜ਼ਿਬਹ[2] ਕੀਤੇ, ਆਇਆ ਤਰਸ ਨ ਬੁੱਢੇ ਜਵਾਨ ਦੇ ਵਿਚ।
ਕੁਤਬ ਹੁਸੈਨ ਨ ਮੁੱਕਦਾ ਇਹ ਕਿੱਸਾ, ਹਾਸ਼ਲ ਕੁਛ ਨਾ ਕਲਮ ਚਲਾਣ ਦੇ ਵਿਚ।


ਤਥਾ

ਘਿਨ ਖਤ ਤੇ ਹੋ ਤਿਆਰ ਕਾਸਦ[3], ਚਿਰ ਏਤਨਾ ਕਾਸਨੂੰ ਲਾਇਆ ਏ।
ਮੰਗਲ ਸਿੰਘ ਸਰਦਾਰ ਨੂੰ ਜਾ ਕਹਿਣਾ ਹਿਜਰ[4] ਆਪ ਦੇ ਮਾਰ ਮੁਕਾਇਆ ਏ।
ਸਾਇਆ ਬਾਪ ਦਾ ਉਠਿਆ ਜਦੋਂ ਸਿਰ ਤੋਂ, ਅਸਾਂ ਆਪ ਨੂੰ ਬਾਪ ਬਣਾਇਆ ਏ।
ਉਹਨੂੰ ਰਹਿਣ ਨਾ ਦਿਤਾ ਤਕਦੀਰ ਏਥੇ, ਸਾਨੂੰ ਛੱਡ ਕੇ ਦੂਰ ਸਿਧਾਇਆ ਏ।
ਦੱਸਾਂ ਖੁਹਲ ਕੇ ਕੀਹ ਬਿਆਨ ਯਾਰੋ, ਸੀਨਾ ਸੋਜ਼ ਫਰਾਕ ਨੇ ਤਾਇਆ ਏ।
ਹੁੰਦਾ ਇਸ਼ਕ, ਵਿਯੋਗ ਦਾ ਰੋਗ ਮੰਦਾ, ਕਸਮ ਰੱਬ ਦੀ ਅਸਾਂ ਅਜ਼ਮਾਇਆ ਏ।
ਗੱਲ ਇਸ਼ਕ ਦੀ ਛੇੜਿਆਂ ਮੁਕੱਦੀ ਨਾ; ਇਸ ਲੱਖਾਂ ਨੂੰ ਮਾਰ ਮੁਕਾਇਆ ਏ।
ਐਨ ਇਸ਼ਕ ਨੂੰ ਦੱਸਾਂ ਸੱਚ ਯਾਰੋ ਰਬ ਵਿਚ ਕੁਰਾਨ ਫੁਰਮਾਇਆ ਏ।
ਸੂਰਤ ਸਿੰਘ ਦੀ ਭੁੱਲਦੀ ਨਹੀਂ, ਸੂਰਤ ਨਕਸ਼ ਦਿਲ ਤੇ ਅਸਾਂ ਜਮਾਇਆ ਏ।
ਸੁਹਣਾ ਨਾਮ ਇਕਬਾਲ ਇਕਬਾਲ ਵਾਲਾ, ਸਾਡੇ ਕਾਲਜੇ ਵਿਚ ਸਮਾਇਆ ਏ॥
ਭੁਲੇ ਖ਼ਿਆਲ ਕਪੂਰ, ਸਪੂਰ ਦਾ ਨਾਂ, ਮਾਨ ਸਿੰਘ ਦੀ ਯਾਦ ਸਤਾਇਆ ਏ।
ਸੁੰਦਰ ਸਿੰਘ ਮਹਿੰਦਰ ਵੀ ਯਾਦ ਆਵਨ ਤਾਂਘ ਜਿਨ੍ਹਾਂ ਦੀ ਫੂਕ ਜਲਾਇਆ ਏ।
ਲੱਖ ਵਾਰ ਦਾਅਵਾਤ[5] ਜਸਵੰਤ ਬੀਬੀ, ਸਿਰ ਤੇ ਰਹੀ ਬਾਬਲ ਸੰਦਾ ਸਾਇਆ ਏ।
ਇਹਨਾਂ ਸਾਰਿਆਂ ਦੀ ਖਿਦਮਤ ਵਿਚ ਭਾਈ, ਕੁਤਬ ਹੁਸੈਨ ਸਲਾਮ ਪਹੁੰਚਾਇਆ ਏ।


---

1. ਦਸਤ ਦਰਾਜ ਕਰਨਾ—ਕਿਸੇ ਤੇ ਹੱਥ ਚੁਕਣਾ।
2. ਕਾਸਦ—ਹਰਕਾਰਾ, ਪਰ੍ਹਕਾ ਲੈ ਜਾਣ ਵਾਲਾ।
3. ਜਿਬਹ—ਮੁਸਲਮਾਨੀ ਸ਼ਰਹ ਅਨੁਸਾਰ ਕਿਸੇ ਜੀਵ ਦਾ ਗਲ ਵਢਣਾ।
4. ਹਿਜਰ—ਵਯੋਗ।
5. ਦਾਅਵਾਤ—ਸ਼ਬਦ ਦੁਆ ਦਾ ਬਹੁ ਵਚਨ। ਦੁਆ ਭਾਵ ਅਸੀਸ ਬਹੁ ਵਚਨ ਅਸੀਸਾਂ (ਗਿਆਨੀ ਜੀ)

"ਪੱਤੀ ਜਗਲਾਂ" ਪਿੰਡ ਜੰਡਿਆਲਾ ਗੁਰੂ ਕਾ" (ਜ਼ਿਲ੍ਹਾ ਅੰਮ੍ਰਿਤਸਰ)



a) ਪਿੰਡ ਜੰਡਿਆਲਾ ਗੁਰੂ ਦੇ ਆਦੀ ਵਸਨੀਕ ਹੁੰਦਲ ਜਟ ਸਨ। ਇਸ ਪਿੰਡ ਦਾ ਵਡਿੱਕਾ ਬਾਬਾ ਹਿੰਦਾਲ, ਮਾਈ ਸੁਖੀ ਦੀ ਕੁਖੋਂ ਪਿਤਾ ਗਜ਼ੀਰਾ ਦੇ ਘਰ ਸੰਮਤ 1630 ਬਿ: ਮੁਤਾਬਕ ਸੰਨ 1573ਈ: ਵਿਚ ਪੈਦਾ ਹੋਇਆ। ਭਾਈ ਹਿੰਦਾਲ ਗੁਰੂ ਅਮਰਦਾਸ ਸਾਹਿਬ ਦਾ ਅਨੰਨ ਭਗਤ ਸਿਖ ਹੋਇਆ ਹੈ ਜਿਸਨੂੰ ਗੁਰੂ ਸਾਹਿਬ ਨੇ ਪ੍ਰਚਾਰਕ ਥਾਪ ਕੇ ਮੰਜੀ ਬਖਸ਼ੀ। ਇਹ
(ਨੋਟ ਚਲਦਾ)



(ਪੰਨਾ 494 ਦੇ ਨੋਟ)

ਗੁਰੂ ਕੇ ਲੰਗਰ ਦੀ ਸੇਵਾ ਬੜੇ ਪ੍ਰੇਮ ਨਾਲ ਕਰਦਾ ਅਤੇ ਹਰ ਵੇਲੇ "ਨਿਰੰਜਨ, ਨਿਰੰਜਨ" ਸ਼ਬਦ ਦਾ ਜਾਪ ਜਪਦਾ ਰਹਿੰਦਾ ਸੀ। ਜਿਸ ਕਰਕੇ ਉਸਦੀ ਸੰਪ੍ਰਦਾ ਦਾ ਨਾਮ "ਨਿਰੰਜਨੀਏ" ਪੈ ਗਿਆ।

ਭਾਈ ਹਿੰਦਾਲ ਜੀ ਦਾ ਦਿਹਾਂਤ 1632 ਈ: ਵਿਚ ਹੋਇਆ ॥ ਭਾਈ ਹਿੰਦਾਲ ਦਾ ਪੁੱਤਰ ਬਿਧੀ ਚੰਦ ਵਡਾ ਕੁਕਰਮੀ ਹੋਇਆ। ਉਸਨੇ ਸਤਿਗੁਰੂ ਨਾਨਕ ਦੇਵ ਦੀ ਸਾਖੀ ਬਹੁਤ ਅਸ਼ੁੱਧ ਕਰ ਦਿਤੀ। ਮਨ ਮੰਨੀਆਂ ਗੱਲਾ ਲਿਖਕੇ ਆਪਣੇ ਅਵਗੁਣਾਂ ਨੂੰ ਸਿਖੀ ਦੇ ਨਿਯਮ ਸਾਬਤ ਕਰਨ ਦਾ ਯਤਨ ਕੀਤਾ। ਤਿਸ ਪਸਚਾਤ੍ ਹਰ ਭਗਤ ਵਰਗੇ ਕਈ ਹਿੰਦਾਲੀਏ ਮਹੰਤਾਂ ਨੇ ਸਿਖਾਂ ਦੇ ਵਿਰੁਧ ਲਾਹੌਰ ਦੇ ਜ਼ਾਲਮ ਹਾਕਮਾਂ ਨੂੰ ਅਯੋਗ ਸਹਾਇਤਾ ਦਿੱਤੀ। (ਵੇਖੋ ਮਹਾਨ ਕੋਸ਼)

ਸੰਨ 1573 ਤੋਂ ਪਿਛੋਂ ਅਤੇ 1632 ਈ: ਤੋਂ ਪਹਿਲਾਂ ਇਸ ਪਿੰਡ ਜੰਡਾਲੇ ਵਿਚ ਸ਼ਾਂਦਲ ਬਾਰ ਦੇ ਇਕ ਵਿਰਕ ਘਰਾਨੇ ਦੀ ਸਾਕਾਦਾਰੀ ਸੀ। ਅਕਬਰ ਦੇ ਰਾਜਕਾਲ (ਸੰਨ 1560 ਈ:—1605 ਈ.) ਵਿਚ ਇਸ ਵਿਰਕ ਘਰਾਨੇ ਦੇ ਚੌਧਰੀ ਤੋਂ ਸਰਕਾਰੀ ਮਾਮਲਾ (ਲਗਾਨ) ਖਜ਼ਾਨੇ ਜਮ੍ਹਾਂ ਨਾਂ ਹੋ ਸਕਿਆ ਤਾਂ ਉਸ ਚੌਧਰੀ ਨੂੰ ਕੈਦ ਕਰ ਦਿੱਤਾ ਗਿਆ—ਉਸਦਾ ਬਾਕੀ ਪ੍ਰਵਾਰ ਸਾਂਦਲ ਬਾਰ ਵਿਚੋਂ ਤੀਰਥਾਟਨ ਦੇ ਬਹਾਨੇ, ਰਾਹ ਵਿਚ ਥਾਂਉ ਥਾਂਈ ਮਾੜੇ ਮੋਟੇ ਜੰਗ ਕਰਦੇ, ਉੱਠ ਆਏ ਤੇ ਗੁਰੂ ਕੇ

(ਫੁੱਟ ਨੋਟ ਚਲਦਾ)

ਜੰਡਾਲੇ ਆ ਡੇਰੇ ਲਾਏ। ਇਥੋਂ ਦੇ ਮੁਹਰੀ ਗਾਲਿਬਨ ਬਾਬੇ ਹਿੰਦਾਲ ਨੇ ਇਹਨਾਂ ਵਿਰਕਾਂ ਨੂੰ ਇਥੇ ਵਸਣ ਯੋਗ ਧਰਤੀ ਦਿਤੀ ਤੇ ਉਹ ਇਥੇਂ ਦੇ ਵਸਨੀਕ ਹੋ ਗਏ। ਜੋ ਹੁਣ "ਪੱਤੀ ਜਗਲਾਂ" ਕਰਕੇ ਪ੍ਰਸਿਧ ਹਨ, ਕਿਉਂ ਕਿ ਇਹਨਾਂ ਦੇ ਪੂਰਵਜ ਜੰਗ ਕਰਦੇ ਆਏ ਸਨ ਤੇ ਪਿਛੋਂ ਵੀ ਕਰਦੇ ਕਹਾਉਂਦੇ ਰਹੇ।


1. ਉਭਾ—ਇਹ ਉਪਰੋਕਤ ਵਾਰਤਾ, ਕਈ ਰੂਪ ਦੀਆਂ ਦੰਤ ਕਥਾਵਾਂ ਦਾ ਸਾਰੰਸ਼ ਹੈ ਵਾਸਤਵ ਵਿਚ ਉਹ ਲਗਾਨ ਪਿੰਡ ਕੋਦ ਹੋਣ ਵਾਲਾ ਬਾਬੇ ਦਿਓਣ ਦੇ ਵੰਸ਼ਜ ਰਾਅ ਫੱਤੋ ਦਾ ਪੁਤਰ ਚੌਧਰੀ ਭੰਇਆ (1550-1590) ਸੀ। ਜਿਸਦਾ ਪੱਤਰਾ (ਰਣਸੀਰ ਦਾ ਪੁਤ੍ਰ) ਉਭਾ (1595-1625) ਇਸ ਪਿੰਡ ਦੇ ਵਿਰਕਾਂ (ਪਤੀ ਜੰਗਲਾਂ) ਦਾ ਪੂਰਵਜ ਸਿਧ ਹੁੰਦਾ ਹੈ। ਸੰਪੂਰਨ ਬੰਸਾਵਲੀ ਵਾਸਤੇ ਦਿਉਣ ਵੰਸ਼ ਵੇਖੋ।
2. ਅਮਰ ਸਿੰਘ—ਇਹ ਰੀਟਾਇਰਡ ਥਾਨੇਦਾਰ ਹਨ, ਆਪਣੇ ਵੰਸ (ਬੂਟਾ) ਦਾ ਵੇਰਵਾ ਇਹਨਾਂ ਦੀ ਜਬਾਨੀ 30.4.78 ਨੂੰ ਲਿਖਿਆ।
3. ਤ੍ਰਲੋਚਨ ਸਿੰਘ—ਇਹ ਐਡਵੋਕੇਟ (ਵਕੀਲ) ਹਨ।
4. ਸੁਰਜੀਤ ਸਿੰਘ—ਇਹ ਪੰਜਾਬ ਰੋਡਵੇਜ਼ ਦੇ ਇੰਸਪੈਕਟਰ ਹਨ।
5. ਦੂਲਾ ਸਿੰਘ—ਇਹ ਪੰਜਾਬ ਪੁਲੀਸ ਵਿਚ ਥਾਨੇਦਾਰ ਸਨ।
6. ਹੀਰਾ ਸਿੰਘ ਸਰਦਾਰ ਬਹਾਦਰ—8 ਨੰ: ਰਸਾਲੇ ਵਿਚੋਂ ਆਨਰੇਰੀ ਕਪਤਾਨ ਰੀਟਾਇਰ ਹੋਏ ਅਤੇ ਗਵਰਨਰ ਪੰਜਾਬ ਦੇ ਏ. ਡੀ. ਸ਼ੀ. ਵੀ ਨਿਯੁਕਤ ਰਹੇ।
7. ਹਰਬਖਸ਼ ਸਿੰਘ, ਆਈ. ਪੀ. ਐਸ.—ਵਖੋ ਵਖ ਸੇਵਾਵਾਂ ਤੇ ਨਿਯੁਕਤ ਰਹੇ।
8. ਗੁਰਬਖਸ਼ ਸਿੰਘ ਕਪਤਾਨ 8 ਨੰ: ਰਿਸਾਲਾ 1945 ਬਰਮਾ ਫਰੰਟ ਤੇ ਵੀਰਗਤੀ ਪਾ ਗਏ।
9. ਗੁਰਦੀਪ ਸਿੰਘ ਮੇਜਰ—8 ਨੰ: ਰਿਸਾਲਾ ਵਿਚ ਹਨ।
10. ਚੂਹੜ ਸਿੰਘ—ਅੰਗਰੇਜ਼ੀ ਸਮੇਂ ਆਪਣੇ ਇਲਾਕੇ ਦੇ ਸਭ ਤੋਂ ਪਹਿਲੇ ਜ਼ੈਲਦਾਰ ਹਨ।
11. ਰਲਾ ਸਿੰਘ—ਚੂਹੜ ਸਿੰਘ ਜੀ ਪਿਛੋਂ ਇਹ ਜ਼ੈਲਦਾਰ ਹੋਏ।
12. ਅਜੀਤ ਸਿੰਘ—ਇਹ ਫੌਜ ਵਿਚੋਂ ਰਿਸ਼ਾਲਦਾਰੀ ਪੈਨਸ਼ਨ ਆਏ ਅਤੇ ਤਰਨ ਤਾਰਨ ਤਹਿਸੀਲ ਵਿਚ ਸਬ ਰਜਿਸਟਰਾਰ ਨਿਯੁਕਤ ਰਹੇ।
13. ਸੰਤ ਸਿੰਘ—ਸੁਪ੍ਰਟੰਡੈਂਟ ਪੁਲੀਸ ਰੀਟਾਇਰ ਹੋ ਕੇ ਫਿਰ ਰਿਆਸਤ ਕਪੂਰਥਲਾ ਦੇ ਹੋਮ ਮਨਿਸਟਰ ਨਿਯੁਕਤ ਰਹੇ।
14. ਹਰਬੰਸ ਸਿੰਘ—ਡਾਕਖਾਨਿਆਂ ਦੇ ਪੋਸਟ ਮਾਸਟਰ ਜਨਰਲ ਹੋ ਕੇ ਰੀਟਾਇਰ ਹੋਏ।
15. ਨਿਰੰਜਨ ਸਿੰਘ—ਪੰਜਾਬ ਪੁਲੀਸ ਵਿਚ ਇੰਸਪੈਕਟਰ।
16. ਰਛਪਾਲ ਸਿੰਘ—ਬ੍ਰਿਗੇਡੀਅਰ ਰੀਟਾਇਰਡ।
17. ਜਸਪਾਲ ਸਿੰਘ, ਆਈ. ਏ, ਐਸ.—ਇਹ ਤਰੱਕੀ ਕਰਦੇ ਕਰਦੇ ਜਾਇੰਟ ਸੈਕਰਟਰੀ ਇੰਡਸਟਰੀਜ਼ (ਪੰਜਾਬ) ਲਗੇ ਰਹੇ। ਫਿਰ ਯੂ. ਪੀ. ਐਸ. ਸੀ. ਦੇ ਮੈਂਬਰ ਨਿਯੁਕਤ ਹੋਏ—ਕੁਛ ਸਮਾਂ ਪਹਿਲਾਂ ਸੜਕ ਦੁਰਘਟਨਾ ਕਾਰਨ ਚਲਾਣਾ ਕਰ ਗਏ ਹਨ।
18. ਤੇਜਵੰਤ ਸਿੰਘ—ਡੀ. ਐਸ. ਪੀ ਰੇਲਵੇ ਪ੍ਰੋਟੈਕਸ਼ਨ ਫੋਰਸ।
19. ਮਹਿੰਦਰਪਾਲ ਸਿੰਘ—ਮੁਤਬੰਨਾ, ਦਫੇਦਾਰ ਹਰਚਰਨ ਸਿੰਘ ਕਪੂਰਥਲਾ।
20. ਗੁਰਦੀਪ ਸਿੰਘ—ਸੂਬੇਦਾਰ ਰੀਟਾਇਰਡ
21. ਸੰਗਤ ਸਿੰਘ—ਦਫੇਦਾਰ ਰੀਟਾਇਰਡ।

ਇਹ ਕੁਰਸੀਨਾਵੇਂ ਅਤੇ ਕੁਝ ਹੋਰ ਮਹੱਤਵਪੂਰਨ ਜਾਣਕਾਰੀ ਫੌਜੂ ਸਾਂਹਸੀ ਪੁਤਰ ਰੇਲੂ ਕੋਲੋਂ ਪ੍ਰਾਪਤ ਹੋਈ।

(ਗਿਆਨੀ ਜੀ)—ਜੰਡਿਆਲਾ ਗੁਰੂ 30-4-1978

ਜ਼ਰੂਰੀ ਨੋਟ :-ਜਾਨਕਾਰ ਸੂਤਰਾਂ ਤੋਂ ਗਿਆਤ ਹੋਇਆ ਕਿ ਇਸੇ ਨਗਰ ਦੇ ਕਿਸੇ ਹੋਰ ਗੋਤ ਦੇ ਲੋਕ, ਜਿਨ੍ਹਾਂ ਦਾ ਵਡਿਕਾ ਇਹਨਾਂ ਜਗਲਾਂ ਦਾ ਕਦੇ ਕਾਰਦਾਰ ਹੁੰਦਾ ਸੀ ਅਤੇ ਧੋਖੇ ਨਾਲ ਜ਼ਮੀਨ ਆਪਣੇ ਨਾਮ ਪਰ ਕਰਵਾ ਲਈ ਆਪਣੇ ਆਪ ਨੂੰ ਵਿਰਕ ਦਸਦੇ ਹਨ ਪਰ ਉਹਨਾਂ ਦਾ ਕੋਈ ਸੱਜਣ (ਗਿਆਨੀ ਜੀ ਨੂੰ) ਜੰਡਿਆਲੇ ਨਹੀਂ ਮਿਲ ਸਕਿਆ ਤੇ ਨਾ ਹੀ ਫੌਜੂ ਸਾਂਹਸੀ ਹੀ ਦੱਸ ਸਕਿਆ ਹੈ।

ਸੰਨ 1787 ਵਿਚ ਪਿੰਡ ਭਿੱਖੀ ਜ਼ਿਲਾ ਸ਼ੇਖੂਪੁਰਾ ਵਿਚੋਂ ਨਿਕਲਕੇ ਸਢੌਰਾ ਜ਼ਿਲਾ ਅੰਬਾਲਾ ਵਿਚ ਆਬਾਦ ਹੋਏ ।



ਨੋਟ :—ਇਹ ਸ਼ਜਰਾ ਸ: ਹਰਚਰਨ ਸਿੰਘ ਕੋਲੋਂ ਮਿਲਿਆ ਜੋ ਸਢੌਰੇ ਦੇ ਵਡੇ ਕਿਲੇ ਵਿਚ ਰਹਿੰਦੇ ਹਨ । 9-10-61 ਨੂੰ ਨਕਲ ਕੀਤਾ ।

(ਜੀਵਨ ਸਿੰਘ)

ਭਿੱਖੀ

(ਇਕ ਖਾਸ ਨੋਟ)

ਮਲ੍ਹੀਆਂ ਦੇ ਬਾਰਾਂ ਪਿੰਡਾਂ ਵਿਚੋਂ ਪਿੰਡ ਪੰਜ ਗਰਾਹੀਆਂ ਦੇ ਕੋਲ ਦਾ ਥਿਹ ਬਾਬੇ ਦਿਉਣ ਵਲਦ ਅੱਤੋ ਦਾ ਪਿੰਡ ਅਤੇ ਕਿਲਾ ਸੀ—ਜੋ ਕਿ ਸੰਨ 1427 ਈ: ਦੇ ਨੇੜੇ ਤੇੜੇ ਬਣਿਆ ਸੀ ਅਤੇ ਜਿਸ ਨੂੰ ਤੈਮੂਰ ਦੇ ਸੂਬੇਦਾਰ ਖਿਜ਼ਰ ਖਾਂ ਨੇ ਜਾਂ ਸ਼ੇਖੇ ਖੋਖਰ ਨੇ ਢਾਹ ਢੇਰੀ ਕੀਤਾ ਹੋਵੇ (ਸ਼ੇਖਾਂ ਖੋਖਰ ਤੇ ਉਸ ਦਾ ਪੁੱਤਰ ਜਸਰਥ ਖੋਖਰ ਨੇ ਲਾਹੌਰ ਵਿਚ 1425—1428 ਵਿਚ ਰਾਜ ਕੀਤਾ) ਜਾਂ ਹੋ ਸਕਦਾ ਹੈ ਕਿ ਬਹਿਲੋਲ ਲੋਧੀ ਦੇ ਸਮੇਂ ਜਦ ਰਾਜ ਗਰਦੀ ਹੋਈ ਉਸ ਵਕਤ (1451 ਈ:) ਇਹ ਪਿੰਡ ਤਬਾਹ ਹੋਇਆ ਹੋਵੇ ।

ਦਿਓਣ ਦੀ ਅੰਸ ਕੋਟ ਮਾੜੀ ਤੋਂ ਇਕ ਮੀਲ ਦਖਣ ਨੂੰ ਡੇਰਾ ਲਾ ਬੈਠੇ ਮਗਰ ਇਥੋਂ ਵੀ ਉਠਣਾ ਪਿਆ ਤੇ ਫਿਰ 1487 ਈ: ਦੇ ਨੇੜ ਤੇੜ ਮੌਜੂਦਾ ਪਿੰਡ ਭਿਖੀ ਜ਼ਿਲਾ ਸ਼ੇਖੂਪੁਰਾ ਚੋਂ: ਭਿੱਖੀ ਨੇ ਆਬਾਦ ਕੀਤਾ—ਇਹ ਭੀ ਖਰਲਾਂ ਤੇ ਭੱਟੀਆਂ ਨੇ ਸਾੜ ਦਿੱਤਾ—ਵਿਰਕਾਂ ਦੇ ਹੋਰ ਵੀ ਪਿੰਡ ਇਸ ਸਮੇਂ ਤਬਾਹ ਹੋਏ ਤੇ ਵਿਰਕ ਜੰਗਲਾਂ ਵਿਚ ਡੇਰੇ ਲਾ ਬੈਠੇ—ਅਕਬਰ 1556 ਈ: ਵਿਚ ਤਖਤ ਤੇ ਬੈਠਾ ਉਸ ਨੇ ਭੱਟੀਆਂ ਤੇ ਖਰਲਾਂ ਦੀ ਤਾਕਤ ਨੂੰ ਰੋਕਣ ਲਈ ਵਿਰਕਾਂ ਨੂੰ ਸ਼ਹਿ ਦਿੱਤੀ ਤੇ ਵਿਰਕਾਂ ਨੇ ਫਿਰ ਭੱਟੀਆਂ ਤੇ ਖਰਲਾਂ ਨੂੰ ਚੰਗਾ ਰਗੜਾ ਚਾੜ੍ਹਿਆ । ਔਰੰਗਜ਼ੇਬ ਦੇ ਰਾਜ ਤੱਕ ਵਿਰਕਾਂ ਨੇ ਕਈ ਪਿੰਡ ਆਬਾਦ ਕੀਤੇ ਤੇ ਬਾਰ ਵੱਸ ਪਈ । ਇਸ ਜ਼ਮਾਨੇ ਵਿੱਚ ਵੀ ਬਦੋ ਨੇ ਭਿੱਖੀ ਵਿੱਚੋਂ ਉੱਠ ਆਪਣੇ ਨਾਮ ਤੇ ਬਦੋ ਪਿੰਡ, ਕੜਯਾਲ ਕਲਾਂ ਅਤੇ ਨੁਸ਼ਹਿਰੇ ਵਿਰਕਾਂ ਦੇ ਨੇੜੇ ਆਬਾਦ ਕੀਤਾ ।

ਨੋਟ : ਭੋਇਆ—ਇਹ ਅਕਬਰ ਨਾਲ (1542-1605) ਵਿੱਚ ਹਕੂਮਤ ਵਲੋਂ ਆਪਣੇ ਇਲਾਕੇ ਦਾ ਚੌਧਰੀ ਸੀ । ਇਸ ਨੇ ਭੋਏਪੁਰ ਪਿੰਡ ਆਬਾਦ ਕੀਤਾ ਜੋ ਢਹਿ ਢੇਰੀ ਹੋ ਗਿਆ ਉਸ ਦਾ ਥਿਹ ਮੌਜੂਦਾ ਪਿੰਡ ਸ਼ੇਖੂਪੁਰੇ ਤੋਂ ਚੜ੍ਹਦੇ ਤੇ ਦੱਖਣ ਦੀ ਗੁੱਠ ਵਿੱਚ ਇਕ ਮੀਲ ਦੂਰ ਸੀ, ਜਿਸ ਦੇ ਉਤੇ ਭੋਏਪੁਰੀਏ ਦੇ ਦੋ ਘਰ ਵਰਯਾਮ ਸਿੰਘ ਤੇ ਲਾਭ ਸਿੰਘ ਵੱਸਦੇ ਹਨ । ਲਾਭ ਸਿੰਘ ਲੰਬਰਦਾਰ ਅੱਜਕਲ ਗੜ੍ਹੀ (ਨਜ਼ੀਰ ਸਮਾਣੇ ਮੰਡੀ ਕੋਲ ਰਹਿੰਦਾ ਹੈ)

—0—

ਕੈਪਟਨ ਗੁਰਇਕਬਾਲ ਸਿੰਘ ਵਲੋਂ ਕੁਝ ਫੁੱਟਕਲ ਨੋਟ)

ਵਿਸ਼ਵਾਸ/ਨਿਸ਼ਚੇ ਦਾ ਅਭਾਵ—ਕਿਉਂਕਿ ਧਾਰਮਕ ਪੁਸਤਕਾਂ ਦੇ ਲਿਖਾਰੀ ਸਦੀਵਕਾਲ ੧ਓ ਸਤਿਗੁਰ ਪ੍ਰਸਾਦਿ" ਆਦਿ ਮੰਗਲ ਰੂਪੀ ਸ਼ਬਦ ਵਰਤਿਆ ਕਰਦੇ ਸਨ । ਅਜ ਕਲ ਨਵੀਂ ਰੋਸ਼ਨੀ ਦੇ ਲਿਖਾਰੀ ਆਪਣੇ ਆਪ ਨੂੰ ਗੁਰ ਕ੍ਰਿਪਾ ਦੇ ਪਾਤਰ ਨਾ ਸਮਝਦੇ ਹੋਏ । ਇਹਨਾਂ ਪਵਿਤਰ ਸ਼ਬਦਾਂ ਦੀ ਵਰਤੋਂ ਨਹੀਂ ਕਰਦੇ ।

— **ਸਰਦਾਰ ਗੁਲਾਬ ਸਿੰਘ** ਨੂੰ ਐਮ. ਐਲ. ਸੀ. ਤੋਂ ਗਿਰਾਨ ਵਾਸਤੇ ਚੂਹੜਕਿਆਂ ਬੜਾ ਜੋਰ ਦਿੱਤਾ ਕਿੰਤੂ ਸਰਦਾਰ ਗੁਲਾਬ ਸਿੰਘ 1945 ਤੱਕ ਐਮ. ਐਲ. ਸੀ. ਰਹੇ ਉਸ ਤੋਂ ਪਸ਼ਚਾਤ ਸ: ਸੰਤ ਸਿੰਘ ਲਾਇਲਪੁਰੀ ਨੂੰ ਮੌਕਾ ਮਿਲਿਆ ।

— **ਸਰਦਾਰ ਬਹਾਦਰ ਬੂਟਾ ਸਿੰਘ** ਨੂੰ ਅਸੈਂਬਲੀ ਦੀ ਮੈਂਬਰੀ ਤੋਂ ਹਰਾਉਣ ਲਈ ਮਖਨ ਸਿੰਘ ਨਵਾਂ ਪਿੰਡ, ਬਲਕਾਰ ਸਿੰਘ ਸੱਹਦੇ ਕੋਟੀਆ, ਬਾਬਾ ਹਰਨਾਮ ਸਿੰਘ ਹਕੀਮ ਕੜਯਾਲਯਾ, ਬਾਬਾ ਈਸਰ ਸਿੰਘ ਲੀਲਿਆਂ ਵਾਲੀ ਅਤੇ ਲਾਭ ਸਿੰਘ ਨੇ ਬਹੁਤ ਜ਼ੋਰ ਮਾਰਿਆ। 1945 ਦੀ ਚੋਣ ਵਿਚ ਸ: ਮੰਗਲ ਸਿੰਘ ਮਾਨ ਦਾ ਪੁੱਤਰ ਨੌਨਿਹਾਲ ਸਿੰਘ ਕਾਮਯਾਬ ਹੋਇਆ । (ਸਾਨੂੰ ਏਦਾਂ ਨਹੀਂ ਕਰਨਾ ਚਾਹੀਦਾ)

ਧਰਮੇ ਦਾ ਕਿਲਾ

— ਕਿਹਰ ਸਿੰਘ ਵਿਰਕ (ਭਨੂਜਾ ਸਾਧਾ ਸਿੰਘ ਗੁਰਾਇਆ) ਦਾ ਕਥਨ ਹੈ ਕਿ ਧਰਮੇ ਦਾ ਕਿਲਾ ਘੱਗੇ ਪਿੰਡ ਦੀ ਭੋਂਇ ਵਿਚ ਇਕ ਭਿੜ ਉਤੇ ਸੀ ਜੋ 30 ਏਕੜ ਵਿਚ ਫੈਲਿਆ ਹੋਇਆ ਸੀ । ਧਰਮਾ ਕਿਹਰ ਸਿੰਘ ਤੋਂ ਅਠ ਦਸ ਪੀਹੜੀਆਂ ਉਪਰ ਹੋ ਗੁਜਰਿਆ ਹੈ—ਕਿਹਰ ਸਿੰਘ ਆਪਣੇ ਮਿਰਾਸੀ ਦੀ ਜ਼ਬਾਨੀ ਦਸਦਾ ਹੈ ਕਿ ਇਹ ਭਿੜ ਤਿਮਰ ਲਿੰਗ ਦੇ ਵੇਲੇ ਤਬਾਹ ਹੋਏ ਸ਼ਹਿਰ ਦਾ ਸੀ।

— **ਚੀਮਾ ਭੱਟੀ** ਵਾਸੀ ਚੀਮਿਆਂ ਦਾ ਵਲਗਨ ਨਜਦ ਬਹਾਲੀਕੇ ਆਪਣੇ ਜ਼ਮਾਨੇ ਵਿਚ ਸਿਖਾਂ ਦਾ ਬੜਾ ਹਮਾਇਤੀ ਸੀ । ਇਹ ਬਹਾਦਰ ਕਾਨ ਸਿੰਘ ਟੱਲੋਕਿਆਂ ਦਾ ਸਾਥੀ ਸੀ—ਅਤੇ ਇਹਨਾਂ ਦੋਹਾਂ ਰਲ ਕੇ ਮੁਸਲਮਾਨਾਂ ਕੋਲੋਂ ਖਿਪਵਾਲੀ ਨੇੜਿਓਂ ਮਾਲ ਖੁਥਾ ।

ਨੋਟ :—ਮਹਿਲੀਏ ਜੰਜੂਏਦੀ, ਪੱਤੀ ਵਿਚੋਂ ਸਨ—ਉਸ ਸਮੇਂ ਅਨੋਖ ਸਿੰਘ ਆਸਾ ਸਿੰਘ ਸ਼ੇਰੋ ਕੇ ਭੀ ਸਨ ।

— ਜੰਡਿਆਲੇ ਦਾ ਨਾਮਾ ਕਸਾਈ ਪਠਾਣਾ ਦਾ ਵੱਗ ਚਾਰਦਾ ਹੁੰਦਾ ਸੀ । ਉਹਦੀ ਪਠਾਣਾਂ ਨਾਲ ਵਿਗੜ ਗਈ । ਉਸਨੇ ਵਗ ਤੇ ਦਿਤਾ ਸੋਧੂ ਪੂਰੇ ਆਪਣੇ ਭਣੂਜੇ ਨੂੰ ਤੇ ਪਠਾਨ ਦੀ ਬਹੁਮੁਲੀ ਘੋੜੀ ਜਿਸਦਾ ਨਾਮ ਬਘਿਆੜੀ ਸੀ, ਨਾਮਾ ਕਢ ਕੇ ਵਿਰਕ ਸਰਦਾਰਾਂ ਦੀ ਧਾੜ ਵਿਚ ਜਾ ਰਲਿਆ । ਉਹਨਾਂ ਘੋੜੀ ਕਬੂਲ ਕਰਕੇ ਉਹਨੂੰ ਪਾਸ ਰਖਿਆ ।

— ਮਰਾਲੀ ਕੇ ਬੂਲ ਚੰਦ ਦੇ :

ਭਾਗ ਸਿੰਘ, ਸੋਹਨ ਸਿੰਘ, ਸਾਹਿਬ ਸਿੰਘ ਇਹ ਤਿੰਨੇ ਬੂਲੇ ਦੇ ਪੋਤਰੇ ਨਵਾਬ ਕਪੂਰ ਸਿੰਘ ਦੇ ਜੋੜੀਦਾਰ ਸਨ ।

— 1580—ਪੰਜਾਬ ਦਾ ਸੂਬੇਦਾਰ ਰਾਜਾ ਮਾਨ ਸਿੰਘ ਸੀ ।


— ਮੜਯਾਲਾ ਖਾਨ ਮਲਕ ਕੋਲ, ਅਮੀਰ ਸਿੰਘ ਦਾ ਕਿਲਾ ਸੀ । ਮਲੀਮਾਂ ਕੋਲ ਸਾਹਿਬ ਸਿੰਘ ਦਾ ਅਤੇ ਡੇਕ ਦੇ ਕੰਢੇ ਤੇ ਅਰਬੇਲ ਸਿੰਘ ਦਾ ਕਿਲਾ ਸੀ, ਲਸ਼ਕਰੀਪੁਰ ਵਿਚ ਵਸੇਂ ਸੀ ।

— ਭਿਖੀ ਪੁਰਾਨੀ ਵਿਚ ਮੀਰਾਂ ਬੁਲੇਲ ਸਯਦ ਠਸਕੇ ਮੀਰਾਂ ਜੀ ਵਾਲੀ ਗਦੀ ਤੇ ਜੋ ਜੰਗ ਕਰਦਾ ਕਰਦਾ ਭਿਖੀ ਗਿਆ ਤੇ ਮਰ ਗਿਆ—ਉਸਦੀ ਉਥੇ ਕਬਰ ਹੈ । ਕਹਿੰਦੇ ਨੇ ਕਿ ਰਾਵੀ ਦਰਯਾ ਪੁਰਾਣੀ ਭਿਖੀ ਤੋਂ ਚੜ੍ਹਦੇ ਵਗਦਾ ਹੁੰਦਾ ਸੀ ਹੁਣ ਨਵੀਂ ਭਿਖੀ ਉਸ ਵਾਹ ਤੋਂ ਚੜ੍ਹਦੇ ਸੀ ।

— ਨੂੰਹੇ ਕੇ—ਓਬਰ ਖਰਲ ਦੇ ਭਰਾ ਈਮੇ ਦੇ ਸਾਰੇ ਪੁਤਰ ਮਰ ਗਏ । ਉਸ ਨੇ ਆਪਣੀ ਨੂੰਹਾਂ ਵਿਚੋਂ 22 ਪੁਤ੍ਰ ਜੰਮੇ । ਉਹ ਨੂਹੇ ਕੇ ਸਦਾਂਦੇ ਨੇ ।


— ਕੁੰਦਨ ਸਿੰਘ ਦੀ ਜ਼ਬਾਨੀ

ਭਿਖੀ ਤੋਂ ਦੱਖਣ "ਹੋਏ" ਪਿੰਡ ਦਾ ਅਲੀ ਹੁਸੈਨ ਜ਼ੈਲਦਾਰ ਸੀ । "ਹੋਏ" ਪਿੰਡ ਤੋਂ ਦੋ ਕੋਹ ਭੱਡੇਪੁਰ, ਦੱਖਣ ਚੜ੍ਹਦੇ ਦੀ ਗੁਠ ਵਿਚ ਸੀ । ਭਿਖੀ ਤੋਂ ਅਠ ਕੋਹ ਲਾਂਹਦੇ ਲਾਗਰ ਸਨ, ਵਿਚ ਪਰੌਜ ਵਟੂਆਂ ਦਾ ਸੀ । ਭਿਖੀ ਤੋਂ ਚੜ੍ਹਦੇ ਬਲੂਰ ਕੇ ਚਾਰ ਕੋਹ, ਭਠਲ ਤਿੰਨ ਕੋਹ, ਬਾਹੜੀਆਂ ਵਾਲਾ ਵ ਜੈਤਾ—ਆਬਾ ਤਿਨ ਕੋਹ ਦਖਣ, ਕਾਲੀਆ ਤਿਨ ਕੋਹ—ਕਾਲਪੀ ਤੇ ਕਾਪੀ ਵਿਚ ਸਿੱਖਾਂ ਦੀ ਰਖ ਸੀ—ਜਿਥੋਂ ਅਮੀਰ ਸਿੰਘ ਦੀਆਂ ਮਝੀ ਖਰਲ ਲੈ ਗਏ ਸਨ । ਜੋ ਅਮੀਰ ਸਿੰਘ ਨੇ ਜੜ੍ਹਾਂ ਵਾਲੇ ਕੋਲ ਜਾ ਮਾਰੇ ਸਨ, ਭਿਖੀ ਤੋਂ ਅਟੇ ਸਟੇ 25 ਕੋਹ ਦੂਰ ਸਨ ।



1. ਸ਼ਮੀਰ ਸਿੰਘ, ਬਘੇਲ ਸਿੰਘ } ਇਹ ਦੋਵੇਂ ਭਰਾ ਚਾਰਯਾਰੀ ਰਸਾਲੇ ਵਿੱਚ ਸਨ।

(ਨੋਟ ਚਲਦਾ)



(ਇਹ ਵੇਰਵਾ ਲਖਾ ਸਿੰਘ ਸਰਪੰਚ ਜਲਮਾਨਾ ਨੇ ਦਿੱਤੇ ਹਨ)


---


2. ਜਮਰੌਦ ਕਿਲੇ ਵਿੱਚ ਸ: ਹਰੀ ਸਿੰਘ ਨਲਵਾ ਦੀ ਮੌਤ ਪਿਛੋਂ ਉਸ ਦੀ ਥਾਂ ਕਿਲੇ ਦੀ ਕਮਾਂਡ ਬਾਬਾ ਅਮੀਰ ਸਿੰਘ ਭਿੱਖੀ ਨੇ ਸੰਭਾਲੀ ਸੀ।

3. ਕਿਲੇ ਦੇ ਗੇਟ ਤੇ ਇਕ ਪਾਸੇ ਨਾਂ ਸ: ਹਰੀ ਸਿੰਘ ਨਲਵੇ ਦਾ ਅਤੇ ਇਕ ਪਾਸੇ ਬਾਬਾ ਅਮੀਰ ਸਿੰਘ ਭਿੱਖੀ ਲਿਖਿਆ ਹੋਇਆ ਹੈ। ਇਸ ਦਾ ਅਰਥ ਇਹ ਹੈ ਕਿ ਉਸ ਕਿਲੇ ਦੀ ਫਤਹਿ ਵਿੱਚ ਇਨ੍ਹਾਂ ਦੋਹਾਂ ਜਰਨੈਲਾਂ ਨੇ ਵਾਰੋ ਵਾਰੀ ਯੋਗਦਾਨ ਪਾਇਆ ਅਤੇ ਬਾਬਾ ਅਮੀਰ ਸਿੰਘ ਕਿਉਂਕਿ ਹਰੀ ਸਿੰਘ ਤੋਂ ਬਾਅਦ ਮਾਰੇ ਗਏ ਸਨ ਇਸ ਲਈ ਉਹ ਕਿਲਾ ਫਤਹਿ ਉਨ੍ਹਾਂ ਦੀ ਕਮਾਨ ਹੇਠਾਂ ਹੋਇਆ ਸੀ ਅਤੇ ਉਥੇ ਹੀ ਬਾਬਾ ਅਮੀਰ ਸਿੰਘ ਫੱਟੜ ਹੋ ਕੇ ਉਥੋਂ ਭਿੱਖੀ ਮੜ੍ਹ ਤੇ ਆਏ ਸਨ। 'ਕਾਲੇ ਕੰਨਾਂ ਵਾਲਾ' ਨੇ ਕਿਹਾ ਮਹਾਰਾਜਾ ਤੇਰਾ ਉਹ ਸਰਦਾਰ ਫੱਟੜ ਨਹੀਂ ਹੋਇਆ ਸਗੋਂ ਬਹਾਨਾ ਬਣਾ ਕੇ ਆ ਗਿਆ ਏ। ਇਸ ਤੇ ਮਹਾਰਾਜਾ ਆਪ ਵੇਖਣ ਵਾਸਤੇ ਭਿੱਖੀ ਆਏ ਸਨ। ਇਸ ਤੇ ਬਾਬਾ ਜੀ ਨੇ ਬਹੁਤ ਬੁਰਾ ਮਨਾਇਆ। ਉਹ ਏਨੇ ਵੱਧ ਗੁੱਸੇ ਵਿੱਚ ਹੋ ਗਏ ਕਿ ਜ਼ਖਮਾਂ ਨੂੰ ਕੈਂਸਰ ਹੋ ਗਿਆ ਅਤੇ ਉਸ ਨਾਲ ਹੀ ਮੌਤ ਹੋ ਗਈ।

(ਵੇਖੋ 499)

- ਸ਼ਮੀਰ ਸਿੰਘ
  - ਸ਼ਰਮ ਸਿੰਘ
    - ਹੁਕਮ ਸਿੰਘ
      - ਗੁਰਬਖਸ਼ ਸਿੰਘ
        - ਕਾਬਲ ਸਿੰਘ
          - ਕੁਲਬੀਰ ਸਿੰਘ
    - ਕਾਹਨ ਸਿੰਘ
      - ਜੈਮਲ ਸਿੰਘ
        - ਮਹਿੰਦਰ ਸਿੰਘ
          - ਕਾਲਾ ਸਿੰਘ
            - ਗੁਰਵਿੰਦਰ ਸਿੰਘ
            - ਸਤਵਿੰਦਰ ਸਿੰਘ
            - ਬਲਵਿੰਦਰ ਸਿੰਘ
          - ਕੁਲਵੰਤ ਸਿੰਘ
            - ਹਰਦੀਪ ਸਿੰਘ
            - ਗਗਨਦੀਪ ਸਿੰਘ
      - ਊਧਮ ਸਿੰਘ
        - ਮੋਹਲ ਸਿੰਘ
          - ਅਵਤਾਰ ਸਿੰਘ
          - ਮਖਣ ਸਿੰਘ
          - ਕਿਕਰ ਸਿੰਘ
        - ਲਾਭ ਸਿੰਘ
          - ਸਿੰਘ
          - ਗੁਰਜੀਤ ਸਿੰਘ
    - ਦੂਲਾ ਸਿੰਘ
      - ਹਜਾਰਾ ਸਿੰਘ X
      - ਪਾਲਾ ਸਿੰਘ
        - ਹਰਦਿਆਲ ਸਿੰਘ
          - ਗੁਰਮੇਜ ਸਿੰਘ
          - ਬਲਵਿੰਦਰ ਸਿੰਘ
        - ਅਤਰ ਸਿੰਘ
          - ਹਜ਼ੂਰ ਸਿੰਘ
          - ਨਰਿੰਦਰ ਸਿੰਘ
        - ਸੂਬਾ ਸਿੰਘ
          - ਮਖਣ ਸਿੰਘ
          - ਮੁਖਤਿਆਰ ਸਿੰਘ
        - ਜੰਗਾ ਸਿੰਘ





—ਭਿੱਖੀ ਤੋਂ ਚੀਚੋਕੀ ਮਲੀਆਂ ਨੂੰ ਰੇਲਵੇ ਲਾਈਨ ਜਾਂਦੀ ਸੀ। ਉਸ ਲਾਈਨ ਨਾਲ ਭਿੱਖੀ ਤੋਂ 4 ਕੁ ਮੀਲ ਇਕ ਟਿੱਬੀ ਸੀ। ਉਸ ਨੂੰ ਥੇਹ ਕਹਿਣ ਦੀ ਬਜਾਏ ਨਿੱਕੀ ਹੋਣ ਕਰਕੇ 'ਥੇਹੜੀ' ਕਹਿੰਦੇ ਸੀ। ਉਥੇ ਮੰਗਲ ਸਿੰਘ ਵਲਦ ਚਤਰ ਸਿੰਘ ਤੇ ਬੰਤਾ ਸਿੰਘ ਰਹਿੰਦੇ ਸੀ। ਇਸ ਲਈ ਥੇਹੜੀਏ ਕਿਹਾ ਜਾਣ ਲੱਗਾ।

—ਸ਼ਹਾਬਉਦੀਨ (ਕਾਲੰਕਾ ਵਿਰਕ) ਪਿੰਡ ਝਾਮਕਾ ਦਾ

—ਮੁਹਬਤ ਵਾਹਗਾ—ਪਿੰਡ ਕੜਕਣ ਦਾ ਸੀ।

(ਇਹ ਵੇਰਵਾ ਤੇ ਸ਼ਜਰਾ ਮੰਗਲ ਸਿੰਘ ਪੁਤਰ ਗੁਲਾਬ ਸਿੰਘ ਨੇ ਦਿੱਤਾ ਹੈ)


(ਦਲੀਪ ਸਿੰਘ ਝਾਮਕਾ, ਦੁਤਾਣਾ ਨੇ ਦਸਿਆ)

ਕਿਲਾ ਸ਼ੇਖੂਪੁਰਾ ਤੇ ਹਮਲਾ ਕਰਨ ਸਮੇਂ ਸ਼ਾਹ ਜਮਾਲ ਦੀ ਜਦ ਮੌਤ ਹੋ ਗਈ ਤਾਂ ਫਿਰ ਉਹਦੇ ਸਾਥੀਆਂ ਨੇ ਉਸ ਦੀ ਲਾਸ਼ ਮੰਗੀ। ਪਰ ਬਾਬੇ ਅਮੀਰ ਸਿੰਘ ਨੇ ਆਖਿਆ। ਅਸਾਂ ਕੋਈ ਭੁਖੇ ਨੰਗੇ ਨਹੀਂ, ਅਸੀਂ ਆਪ ਇਸ ਨੂੰ ਦਫਨਾਵਾਂਗੇ, ਕਬਰ ਆਦਿ ਬਣਾਵਾਂਗੇ।


ਸ਼ੇਖੂਪੁਰੇ ਕਿਲੇ ਦੇ ਪਹਾੜ (ਉਤਰ) ਵਾਲੇ ਪਾਸੇ ਕਿਲੇ ਦੀ ਖਾਈ ਤੋਂ ਦੋ ਕੁ ਏਕੜ ਦੂਰ ਸ਼ਾਹ ਜਮਾਲ ਦੀ ਕਬਰ ਉਹਨਾਂ ਨੇ ਬਣਾਈ ਅਤੇ ਪੂਰੀ ਮੁਸਲਮਾਨੀ ਰਸਮਾਂ ਨਾਲ ਉਸ ਨੂੰ ਦਫਨਾਇਆ ਤੇ ਉਸ ਕਬਰ ਦੇ ਨਾਉਂ 8 ਏਕੜ ਜ਼ਮੀਨ ਲਗਵਾਈ।


—ਭਗਵੰਤ ਸਿੰਘ 'ਆਜ਼ਾਦ'

ਭਿੱਖੀ/503




(ਬਦੂਰਤਾ ਵਾਲੇ) ਨੀਸੰਗ
ਨਿਹਾਲ ਸਿੰਘ
ਦਿਆਲ ਸਿੰਘ
ਲਾਭ ਸਿੰਘ
ਗੰਡਾ ਸਿੰਘ
X
ਵਸਾਖਾ ਸਿੰਘ
X
ਹੇਮ ਸਿੰਘ
ਪਰੇਮ ਸਿੰਘ
X
ਵਿਰਮਾ ਸਿੰਘ
ਈਸ਼ਰ ਸਿੰਘ
ਬਖਸ਼ੀਸ਼ ਸਿੰਘ
ਨਿਸ਼ਾਨ ਸਿੰਘ
ਮਾਨ ਸਿੰਘ
ਕਰਤਾਰ ਸਿੰਘ
ਬਲਦੇਵ ਸਿੰਘ
ਸ਼ੇਰ ਸਿੰਘ
ਗੁਰਚਰਨ ਸਿੰਘ
ਅਰੂੜ ਸਿੰਘ
ਲਖਵਿੰਦਰ ਸਿੰਘ
ਹਰਪ੍ਰੀਤ ਸਿੰਘ
ਹਰਦੀਪ ਸਿੰਘ
ਦਵਿੰਦਰ ਸਿੰਘ
ਜਗਿੰਦਰ ਸਿੰਘ
ਸਤਪਾਲ ਸਿੰਘ
ਜਗਜੀਤ ਸਿੰਘ
ਇਕਬਾਲ ਸਿੰਘ
ਜਸਪਾਲ ਸਿੰਘ
ਕਪੂਰ ਸਿੰਘ
ਇੰਦਰਜੀਤ ਸਿੰਘ
ਮਹਿੰਦਰ ਸਿੰਘ
ਜਤਿੰਦਰ ਸਿੰਘ
ਸਾਹਿਬ ਸਿੰਘ
ਗੁਰਇੰਦਰ ਸਿੰਘ
ਉਂਕਾਰ ਸਿੰਘ
ਪ੍ਰਤਾਪ ਸਿੰਘ
ਸੁਖਵਿੰਦਰਸਿੰਘ (ਨੀਸੰਗ)
ਤਵਿੰਦਰਸਿੰਘ
ਇੰਦਰਪਾਲ ਸਿੰਘ
ਬੀਰ ਸਿੰਘ



ਸੀਂਘੜੇ (ਕਰਨਾਲ) ਵਾਲੇ ਹਰਚੰਦੀਆਂ ਦਾ ਕੁਰਸੀਨਾਮਾ
ਸੋਣ———ਬੇਰੋ———ਟੱਲੀ
ਜਥੇਦਾਰ ਹਰਬੰਸ ਸਿੰਘ ਨੇ 21-5-90 ਨੂੰ ਦਿੱਤਾ।
ਆਸਾ
X
ਗੋਪੀ
ਜੋਗਨ
X
ਸੁਦਾਗਰ
ਗੁਜਰ
ਨਾਜਰ
X
ਵਧਾਵਾ ਸਿੰਘ
ਹੇਮ ਸਿੰਘ
ਸੁਬੇਗ ਸਿੰਘ
ਮੰਗਲ ਸਿੰਘ
ਬਹਾਦਰ ਸਿੰਘ
ਸੁੰਦਰ ਸਿੰਘ
(ਸੁੰਨਗਰ ਪਿੰਡ)
ਬਾਲ ਸਿੰਘ
(ਸੀਂਘੜਾ)
ਅਨੋਖ ਸਿੰਘ
ਹਜਾਰਾ ਸਿੰਘ
ਚੜਤ ਸਿੰਘ
ਸੰਪੂਰਨ ਸਿੰਘ
ਲਖਾ ਸਿੰਘ
(ਅਜਮਤਪੁਰ)
ਬਲਕਾਰ ਸਿੰਘ
ਸ਼ੀਸ਼ਾ ਸਿੰਘ
ਪਰਜਾ ਸਿੰਘ
ਹਰਸਾ ਸਿੰਘ
ਦਰਬਾਰਾ ਸਿੰਘ
ਮੁਹਰ ਸਿੰਘ
ਅਵਤਾਰ ਸਿੰਘ
ਵਿਰਸਾ ਸਿੰਘ
ਧਾਰਾ ਸਿੰਘ
ਜਰਨੈਲ ਸਿੰਘ
ਮਲੂਕ ਸਿੰਘ
ਅਮਰੀਕ ਸਿੰਘ
ਵਰਯਾਮ ਸਿੰਘ
ਗੁਰਚਰਨ ਸਿੰਘ
ਅਮੀਰ ਸਿੰਘ
ਗੁਰਨਾਮ ਸਿੰਘ
ਨਵਾਬ ਸਿੰਘ
ਕੁਲਬੀਰ ਸਿੰਘ
ਹਰਦਿਆਲ ਸਿੰਘ
ਜਾਨਪਾਲ ਸਿੰਘ
ਗੁਰਜਿੰਦਰਸਿੰਘ
ਗੁਰਜੰਗ ਸਿੰਘ
ਜਸਬੀਰ ਸਿੰਘ
ਕਰਨੈਲ ਸਿੰਘ
ਅਮਰ ਸਿੰਘ
ਜੀਵਨ ਸਿੰਘ
ਰਾਜਾ ਸਿੰਘ
ਭੁਪਿੰਦਰ ਸਿੰਘ
ਬੂਟਾ ਸਿੰਘ
ਹਰਦੀਪਸਿੰਘ
ਮੁਹਬਤਸਿੰਘ
ਬਲਵਿੰਦਰਸਿੰਘ
ਕੇਹਰ ਸਿੰਘ
ਊਧਮ ਸਿੰਘ
ਅਰਜਨ ਸਿੰਘ
ਪ੍ਰੀਤਮ ਸਿੰਘ
ਹਰਦੀਪ ਸਿੰਘ
ਬੁਧਾ ਸਿੰਘ
ਸੂਰਤ ਸਿੰਘ
ਅਜੈਬ ਸਿੰਘ
ਮਹਿੰਦਰ ਸਿੰਘ
ਕੁਲਵੰਤ ਸਿੰਘ
ਨਰਿੰਜਨ ਸਿੰਘ
ਜਸਪਾਲ ਸਿੰਘ




ਨੋਟ :—ਪ੍ਰੀਤਮ ਸਿੰਘ ਪੁਤਰ ਸਰਾਇਣ ਸਿੰਘ ਨੇ ਨਿਸ਼ਾਨ ਸਿੰਘ ਸਰਪੰਚ ਨਾਲ 'ਅਕਾਲੀ ਮੋਰਚਿਆਂ ਵਿੱਚ ਕੈਦ ਕੱਟੀ ਸੀ। ਇਹ ਕੁਰਸੀਨਾਮਾ ਵੀ ਇਸ ਪ੍ਰੀਤਮ ਸਿੰਘ ਨੇ ਅਤੇ ਖਜ਼ਾਨ ਸਿੰਘ ਪੁਤਰ ਭਾਗ ਨੇ ਤਿਆਰ ਕੀਤਾ ਹੈ।




(ਪਿਛਲੇ ਸਫੇ ਦੀ ਬਾਕੀ)
ਸਰਬ ਸਿੰਘ
ਦੀਦਾਰ ਸਿੰਘ
ਲਾਭ ਸਿੰਘ
ਦੂਲਾ ਸਿੰਘ
X
ਕੇਸਰ ਸਿੰਘ
X
ਤੇਜਾ ਸਿੰਘ
ਸਰਾਇਣ ਸਿੰਘ
ਪ੍ਰੀਤਮ ਸਿੰਘ
ਬਚਿੱਤਰ ਸਿੰਘ
ਭਾਗ ਸਿੰਘ
ਸ਼ੰਗਾਰਾ ਸਿੰਘ
ਕੇਹਰ ਸਿੰਘ
ਹਰਦੀਪ ਸਿੰਘ
ਅੰਮ੍ਰਿਤ ਸਿੰਘ
ਕਾਹਣ ਸਿੰਘ
ਖਜ਼ਾਨ ਸਿੰਘ
ਗੁਰਦਿਆਲਸਿੰਘ
ਅਨੂਪ ਕੌਰ
ਜੋਗਾ ਸਿੰਘ
ਸਾਹਿਬ ਸਿੰਘ
ਯਾਦਵਿੰਦਰ ਸਿੰਘ
ਵਜ਼ੀਰ ਸਿੰਘ
ਕਰਮ ਸਿੰਘ
ਗੁਰਜੰਟ ਸਿੰਘ
ਅਜੀਤ ਸਿੰਘ
ਗੁਰਦੀਪ ਸਿੰਘ
ਜਰਨੈਲ ਸਿੰਘ
ਹਰੀ ਸਿੰਘ
ਪਰਮਿੰਦਰ ਸਿੰਘ
ਜੀਤ ਕੌਰ
ਗੁਰਦੀਪ ਕੌਰ
ਵੀਰ ਕੌਰ
ਪ੍ਰਸਿੰਨ ਕੌਰ
ਬਲਵਿੰਦਰ ਸਿੰਘ
ਪਲਵਿੰਦਰ ਸਿੰਘ
ਸਤਿਨਾਮ ਸਿੰਘ
ਕੁਲਦੀਪ ਸਿੰਘ
ਸੂਬਾ ਸਿੰਘ
ਮਨਜੀਤ ਸਿੰਘ
ਗੁਰਜੀਤ ਸਿੰਘ
ਫੂਲਾ ਸਿੰਘ
ਸਾਵਨ ਸਿੰਘ
ਕਰਤਾਰ ਸਿੰਘ
ਧਾਰਾ ਸਿੰਘ
ਮੋਹਰ ਸਿੰਘ
ਸਰਧਾ ਸਿੰਘ
ਦੀਵਾਨ ਸਿੰਘ
ਸੁੰਦਰ ਸਿੰਘ
ਅਮਰੀਕ ਸਿੰਘ
ਗੁਲਜ਼ਾਰ ਸਿੰਘ
ਲਖਵਿੰਦਰਸਿੰਘ
ਸੂਬਾ ਸਿੰਘ
ਬਲਵਿੰਦਰ ਸਿੰਘ
ਸੁਖਚੈਨ ਸਿੰਘ
ਕੁਲਵਿੰਦਰ ਸਿੰਘ
ਗੁਰਚਰਨ ਸਿੰਘ
ਜਸਵੰਤ ਸਿੰਘ
ਜੋਗਾ ਸਿੰਘ
ਜੰਗੀਰ ਸਿੰਘ
ਕਸ਼ਮੀਰ ਸਿੰਘ
ਜੋਗਿੰਦਰ ਸਿੰਘ
ਮਹਿੰਦਰ ਸਿੰਘ
ਗੁਰਨਾਮਸਿੰਘ
ਸਾਹਿਬ ਸਿੰਘ
ਕਕਾ ਸਿੰਘ
ਲਖਾ ਸਿੰਘ
ਸਤਿਨਾਮ ਸਿੰਘ
ਰੇਸ਼ਮ ਸਿੰਘ
ਰੂਪ ਸਿੰਘ




1. ਸਾਰੇ ਇਲਾਕੇ ਵਿਚ ਮਸ਼ਹੂਰ ਸੀ । ਕਹਿੰਦਾ ਸੀ ਜਿੰਨਾ ਮੇਰਾ ਸੋਟਾ ਮੋਟਾ, ਓਨਾ ਮੇਰਾ ਬੋਲ ਮੋਟਾ । ਇਸ ਨੇ 5 ਸਾਲ ਕੈਦ ਕੱਟੀ ।
2. ਕੇਹਰ ਸਿੰਘ ਨੇ ਵੀ ਅਕਾਲੀ ਮੋਰਚੇ ਵਿੱਚ ਕੈਦ ਕੱਟੀ ।
3. ਮਾਨ ਸਿੰਘ ਖਜਾਨ ਸਿੰਘ ਨੇ ਵੀ ਕੈਦਾਂ ਕੱਟੀਆਂ ਸਨ । ਕੁਰਲ ਕੇ ਹੰਜਰਾ ਜਾਤ ਦੇ ਹਨ ਅਤੇ ਘੰਉ ਕਰਕੇ ਸੱਦੇ ਜਾਂਦੇ ਹਨ ।





(ਜਥੇਦਾਰ ਹਰਬੰਸ ਸਿੰਘ ਨੇ 4/5/91 ਨੂੰ ਦਿੱਤਾ)
ਦਾਊ—ਮੁਰੀਦ—ਰਾਜਾ
ਚੂਹੜ
ਸੈਦ
ਰਾਮ
ਬ੍ਰਹਮਾ
ਜ਼ੈਲਦਾਰ ਅਨੋਖ ਸਿੰਘ
ਜੀਵਨ ਸਿੰਘ
ਵਧਾਵਾ ਸਿੰਘ
ਅਲੀ ਸ਼ੇਰ
ਆਸਾ ਸਿੰਘ ਜ਼ੈਲਦਾਰ
ਸ਼ਰਮ ਸਿੰਘ
ਜਗਤ ਸਿੰਘ
ਗੁਰਬਖਸ਼ ਸਿੰਘ
ਸੁਖਦੇਵ ਸਿੰਘ
ਤਖਤ ਮਲ
ਬਖਤ ਮਲ
ਨਰਾਇਣ ਸਿੰਘ
ਤੇਜਾ ਸਿੰਘ
ਮੰਗਲ ਸਿੰਘ
ਪ੍ਰਤਾਪ ਸਿੰਘ
(ਸਲਾਰੂ)
ਮੋਤਾ ਸਿੰਘ
ਅਮਰ ਸਿੰਘ
ਊਧਮ ਸਿੰਘ
ਹਰਦਿਆਲ ਸਿੰਘ
ਸਤਵੰਤ ਸਿੰਘ
(ਪਕਾ ਖੇੜਾ)
ਰਘਬੀਰ ਸਿੰਘ
ਵੀਰ ਸਿੰਘ
ਸੁਚਾ ਸਿੰਘ
ਸੂਰਤ ਸਿੰਘ
ਸੋਣ
ਸ਼ੇਰੋ
ਟਲਾ
ਪਰਸ ਰਾਮ
ਸਲੇਮ ਸਾਹਾ
ਰਾਇਆ
ਬੁਧ ਸਿੰਘ
ਲਾਲ ਸਿੰਘ
(ਅੱਗੇ ਵੇਖੋ)
ਹੇਮ ਸਿੰਘ
ਫਤਹਿ ਸਿੰਘ
ਬਾਲ ਸਿੰਘ
ਜੈਮਲ ਸਿੰਘ
ਮੋਹਕਮ ਸਿੰਘ
ਜਿਮੀ ਸਿੰਘ
ਵਧਾਵਾ ਸਿੰਘ (ਜ਼ੈਲਦਾਰ)
ਸਾਧਾ ਸਿੰਘ
ਸੁੰਦਰ ਸਿੰਘ
ਖੁਸ਼ਹਾਲਸਿੰਘ
X
ਹਾਕਮਸਿੰਘ
ਈਸ਼ਰਸਿੰਘ
X
ਭਗਵਾਨਸਿੰਘ
ਅਨੂਪ ਸਿੰਘ
X
ਇੰਦਰ ਸਿੰਘ
X
ਧਿਆਨ ਸਿੰਘ
ਅਪਾਰ ਸਿੰਘ
ਗੁਪਾਲ ਸਿੰਘ
ਗੁਰਬਚਨ ਸਿੰਘ
ਗੁਰਚਰਨ ਸਿੰਘ
(ਅਲੀਪੁਰ ਖੇੜਾ)
ਕਪੂਰ ਸਿੰਘ
ਸੁਖਾ ਸਿੰਘ
(ਖਰਕ ਗਾਕੀਆਂ)
ਸੋਲ ਸਿੰਘ
ਹੁਕਮ ਸਿੰਘ
X
ਜਵਾਲਾ ਸਿੰਘ
ਸਰਧਾ ਸਿੰਘ
ਗੁਰਦਿਤ ਸਿੰਘ
ਹਰਸਾਸਿੰਘ
ਜਵੰਦ ਸਿੰਘ
ਬਲਵੰਤ ਸਿੰਘ
ਸੰਤ ਸਿੰਘ
ਹਰਨਾਮ ਸਿੰਘ
ਸੋਹਣ ਸਿੰਘ
ਹੀਰਾ ਸਿੰਘ
ਸਰੈਣ ਸਿੰਘ
ਸੰਪੂਰਨ ਸਿੰਘ
ਰਘਬੀਰ ਸਿੰਘ
ਮਹਿੰਦਰ ਸਿੰਘ
ਦਵਿੰਦਰ ਸਿੰਘ
ਰਾਮ ਸਿੰਘ
ਅਮੀਰ ਸਿੰਘ
ਦਲੀਪ ਸਿੰਘ
ਸੁਚਾ ਸਿੰਘ (ਪ੍ਰਧਾਨ ਰੋੜੀ ਸਾਹਿਬ ਏਮਨਾਬਾਦ)
ਕੁੰਦਨ ਸਿੰਘ
ਹਰਬੰਸਸਿੰਘ
ਜੰਗੀਰਸਿੰਘ
ਸੁਮੁਖ ਸਿੰਘ
ਦਲਜੀਤ ਸਿੰਘ

(ਪਿਛਲੇ ਪੰਨੇ ਤੋਂ ਚਾਲੂ)


- ਰਾਇਆ—ਬੁਧ ਸਿੰਘ
  - ਲਾਲ ਸਿੰਘ
    - ਸ਼ੇਰ ਸਿੰਘ
      - ਕਿਸ਼ਨ ਸਿੰਘ
        - ਅਰੂੜ ਸਿੰਘ
          - ਸੇਵਾ ਸਿੰਘ
            - ਊਧਮ ਸਿੰਘ
              - ਅਮਰ ਸਿੰਘ
              - ਜੰਗੀਰਸਿੰਘ
          - ਸੁਚਾ ਸਿੰਘ
            - ਰਘਬੀਰ ਸਿੰਘ (ਲੁਧਿਆਣਾ)
            - ਸੁਖਵੰਤ ਸਿੰਘ (ਗੁੜਗਾਵਾਂ)
            - ਮੂਲਾ ਸਿੰਘ (ਰਿਟਾ: ਕਰਨਲ)
        - ਮੇਵਾ ਸਿੰਘ
          - ਸਪੂਰਨ ਸਿੰਘ
            - ਸੁਰਜੀਤ ਸਿੰਘ
          - ਸਵਰਨ ਸਿੰਘ
            - ਪ੍ਰਿਥੀ ਸਿੰਘ
      - ਬਾਗਾ ਸਿੰਘ
        - ਗਿਆਨ ਸਿੰਘ
          - ਕਾਲਾ ਸਿੰਘ (ਅਸੰਧ)
            - ਕੁੰਦਨ ਸਿੰਘ
              - ਮਹਿੰਗਾਸਿੰਘ
              - ਗੁਰਨਾਮਸਿੰਘ
              - ਕੇਹਰਸਿੰਘ
            - ਧਾਰਾ ਸਿੰਘ
              - ਹਰਬੰਸ ਸਿੰਘ
              - ਸਵਿੰਦਰ ਸਿੰਘ
            - ਇੰਦਰ ਸਿੰਘ
              - ਰਣਜੀਤਸਿੰਘ
              - ਮਲਕੀਤਸਿੰਘ
            - ਦਵਿੰਦਰ ਸਿੰਘ
              - ਹਰਦੀਪਸਿੰਘ
              - ਬਲਵਿੰਦਰ ਸਿੰਘ
              - ਸਾਹਿਬਸਿੰਘ
          - ਹਜੂਰ ਸਿੰਘ
            - ਅਵਤਾਰ ਸਿੰਘ
            - ਮੋਹਣ ਸਿੰਘ
            - ਸੋਹਣ ਸਿੰਘ
        - ਰਲਾ ਸਿੰਘ
          - ਲਾਭ ਸਿੰਘ
            - ਠੌਂਠਿਹਾਲਸਿੰਘ
          - ਫੌਜਾ ਸਿੰਘ
            - ਮਹਿੰਦਰਸਿੰਘ (ਫਜ਼ੂਪੁਰ)
          - ਗੁਰਬਚਨਸਿੰਘ
            - ਚਰਨਜੀਤਸਿੰਘ




1. ਲਾਭ ਸਿੰਘ ਸਮਸੇ ਦਾ ਨੰਬਰਦਾਰ ਸੀ ਅਤੇ ਬਰਾਦਰੀ ਵਿੱਚ ਵੀ ਚੰਗਾ ਰਸੂਖ ਸੀ।
2. ਕਰਤਾਰ ਸਿੰਘ ਪਿੰਡ ਆਹੂ ਵਿੱਚ ਨੰਬਰਦਾਰ ਅਤੇ ਬੜਾ ਚਿਰ ਸਰਪੰਚੀ ਵੀ ਕੀਤੀ।
3. ਚੂਹੜ ਸਿੰਘ ਜ਼ਿਲ੍ਹਾ ਸ਼ਰੋਮਣੀ ਕਮੇਟੀ ਦਾ ਮੈਂਬਰ ਅਤੇ ਜ਼ਿਲ੍ਹਾ ਕੁਰਕਸ਼ੇਤਰ ਅਕਾਲੀ ਦਲ ਦਾ ਪ੍ਰਧਾਨ ਵੀ ਰਿਹਾ ਹੈ।





* ਜੀਵਨ ਸਿੰਘ ਰਚੰਦ ਵਾਲੇ ਨੇ ਸੰਘਰਸ਼ ਸੰਮਤੀ ਨਾਲ ਕਰਨਾਲ ਜੇਲ੍ਹ ਵਿੱਚ ਕੈਦ ਕੱਟੀ।




ਊਜ਼
ਵਜ਼ੀਰ ਸਿੰਘ
X
ਮਾਹਣਾ ਸਿੰਘ
ਵੀਰ ਸਿੰਘ
ਜੀਤ ਸਿੰਘ
ਜੁਗਾ ਸਿੰਘ
ਹਜੂਰ ਸਿੰਘ
ਰਤਨ ਸਿੰਘ
ਲਾਲ ਸਿੰਘ
ਸ਼ੀਸ਼ਾ ਸਿੰਘ
ਅਨੂਪ ਸਿੰਘ
ਸਾਧਾ ਸਿੰਘ
ਪ੍ਰੀਤਮ ਸਿੰਘ
ਦਰਸ਼ਨ ਸਿੰਘ
ਖੜਕ ਸਿੰਘ
ਲਖਵਿੰਦਰ ਸਿੰਘ
ਤਰਲੋਕ ਸਿੰਘ
ਸੁਖਵੰਤ ਸਿੰਘ
ਸੁਬੇਗ ਸਿੰਘ
ਕਸਤੂਰ ਸਿੰਘ
ਗੁਰਪ੍ਰਤਾਪ ਸਿੰਘ
ਅਜਮੇਰ ਸਿੰਘ
ਸ਼ਮਸ਼ੇਰ ਸਿੰਘ
ਕਿਰਪਾਲ ਸਿੰਘ
ਅਵਤਾਰ ਸਿੰਘ
ਜੀਤ ਸਿੰਘ
ਗੁਰਨਾਮ ਸਿੰਘ
ਦਲਵਿੰਦਰ ਸਿੰਘ
ਗੁਰਦਿਆਲ ਸਿੰਘ
ਕੇਹਰ ਸਿੰਘ
ਹਰਦੇਵਸਿੰਘ
ਗੁਰਮੇਜ ਸਿੰਘ
ਸੁਰਿੰਦਰਸਿੰਘ
ਹਰਜਿੰਦਰਸਿੰਘ
ਭੁਪਿੰਦਰ ਸਿੰਘ
ਰਣਜੀਤ ਸਿੰਘ
ਅਮਰ ਸਿੰਘ
ਦਲੀਪ ਸਿੰਘ
ਹਰਪ੍ਰੀਤ ਸਿੰਘ (ਬੁਢਾ ਖੇੜਾ)
ਜਸਨ ਸਿੰਘ
ਹਰਬੰਸ ਸਿੰਘ
ਸਾਹਿਬ ਸਿੰਘ
ਜਰਨੈਲ ਸਿੰਘ
ਗੁਰਮੁਖ ਸਿੰਘ
ਗੁਗ ਸਿੰਘ
ਕੇਹਰ ਸਿੰਘ

ਪਿੰਡ ਭਦੌੜ ਅਤੇ ਵੱਡੇ ਵਿਰਕਾਂ







ਗੁਰਮੁਖ ਸਿੰਘ ਬੰਧੋ ਕਾ ਕਰਕੇ ਬੜਾ ਮਸ਼ਹੂਰ ਸੀ। ਇਹ ਬੜਾ ਲੜਾਕਾ ਤੇ ਬਹਾਦਰ ਸੀ। ਗੁਰਮੁਖ ਸਿੰਘ ਦਾ ਮੱਝ 'ਗੰਦਲ' ਦਾ ਬੜਾ ਝਗੜਾ ਹੋਇਆ ਤਾਂ ਮੱਝ ਸ: ਗੁਰਮੁਖ ਸਿੰਘ ਦੇ ਘਰ ਚਲੀ ਗਈ। (12/12/1991 ਨੂੰ ਜਥੇਦਾਰ ਜੀ ਨੇ ਦਿੱਤਾ)


ਕੁਰਲ ਕੇ ਠਰੀ (ਕਰਨਾਲ) ਵਾਲੇ ਕੇਹਰ ਸਿੰਘ (ਜਬਾਨੀ ਕੇਹਰ ਸਿੰਘ)

ਮਾਲੋ ਦੀ ਪਤੀ




(ਸ਼ੇਰਗੜ੍ਹ) ਵਰਯਾਮ ਸਿੰਘ (ਸਾਹੋ ਕੀ ਮੱਲੀਆਂ)






ਸਾਉਣ
ਨਾਜਰ
ਸੁਦਾਗਰ
ਗੁੱਪੀ
ਜੁਰਾਨਾ
ਗੁਜਰ
ਆਸਾ
ਮਾਂਗਾ-ਚੂਹੜਕਾਨੇ ਵਾਲੇ
ਨਾਜਰੀਏ
ਧੈਹਲੀਏ
ਇੰਦਰ ਸੈਨ
ਤੇਜਾ ਸਿੰਘ ਬਕਲ
(ਅਤੇ ਬਲੂੱਲ)
ਠਾਕਰੀਏ
ਬਹਾਦਰ ਸਿੰਘ
(ਬਲੂੱਲ)
ਸੁਖਾ ਸਿੰਘ
ਵਧਾਇਆ
ਸਵਾਇਆ
ਝੰਡਾ
ਗੰਡਾ
ਸਿਧੂ ਸਿੰਘ
ਮੂਲ ਰਾਜ
ਚੰਠਿਆਵਾਲੀ
ਕਕਈ
ਪ੍ਰੇਮ ਸਿੰਘ
ਹੇਮ ਸਿੰਘ
ਸ਼ਰਧਾ ਸਿੰਘ
ਬੁੱਧ ਸਿੰਘ
X
ਕੇਸਰ ਸਿੰਘ
ਜੀਵਨ ਸਿੰਘ
ਤਾਰਾ ਸਿੰਘ ਕਾਲਾਸਿੰਘ ਕਰਤਾਰਸਿੰਘ ਰਾਮਸਿੰਘ ਗਿਆਨਸਿੰਘ ਧਿਆਨਸਿੰਘ ਬਿਬਦੇਵਸਿੰਘ
ਨੰਦਾ ਸਿੰਘ
ਲਹਿਣਾ ਸਿੰਘ
ਮੱਲਾ ਸਿੰਘ
ਬਦਨ ਸਿੰਘ
ਉਤਮ ਸਿਘ
ਸੁਚਾ ਸਿੰਘ
ਫਤਹਿ ਸਿੰਘ
ਹੁਕਮ ਸਿੰਘ
ਸਜਣ ਸਿੰਘ
X
ਗੁਲਾਬ ਸਿੰਘ
ਕਰਮ ਸਿੰਘ
ਨਿਹਾਲ ਸਿੰਘ
ਬਹਾਲ ਸਿਘ
ਬਿਸ਼ਨ ਸਿੰਘ
ਖੁਸ਼ਹਾਲ ਸਿੰਘ
ਈਸ਼ਰ ਸਿੰਘ ਫੌਜਾਸਿੰਘ ਹਰਸਾ ਸਿੰਘ ਜਵਾਲਾ ਸਿੰਘ
ਤੇਜਾ ਸਿੰਘ
ਵਸਾਵਾ ਸਿੰਘ
X
ਭਾਗ ਸਿੰਘ
ਬੁਲਾਕਾ ਸਿੰਘ
ਪਰਤਾਪ ਸਿੰਘ
X
ਮੇਵਾ ਸਿੰਘ
ਸਰਦੂਲ ਸਿੰਘ
ਚਤਰ ਸਿੰਘ ਖਾਨ ਸਿੰਘ ਬਹਾਦਰ ਸਿੰਘ
ਮਸਤਾਨਸਿੰਘ ਉਜਾਗਰਸਿੰਘ ਕਿਸ਼ਨ ਸਿੰਘ



1. ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਗੁਰੂ ਕਾ ਬਾਗ ਕੈਦ ਕੱਟੀ ।



(1) ਕੈਦ ਨਨਕਾਣਾ ਸਾਹਿਬ, ਗੁਰੂ ਕਾ ਬਾਗ, ਪੰਜਾ ਸਾਹਿਬ

(2) ਕੈਦ ਜੈਤੋ, ਨਨਕਾਣਾ ਸਾਹਿਬ, ਗੁਰੂ ਕਾ ਬਾਗ

(3) ਜੈਤੋ, ਨਨਕਾਣਾ ਸਾਹਿਬ, ਗੁਰੂ ਕਾ ਬਾਗ, ਅਕਾਲ ਤਖਤ

(4) 1942 ਤੋਂ ਲੈ ਕੇ ਪੰਜਾਬੀ ਸੂਬੇ ਦੇ ਨਾਹਰੇ ਵੇਲੇ ਤੱਕ ਪੰਥਕ ਮੋਰਚਿਆਂ ਅਤੇ ਪੰਥਕ ਕੰਮਾਂ ਵਿਚ ਵਧ ਚੜ ਕੇ ਹਿਸਾ ਲੈਂਦੇ ਅਤੇ ਇਲਾਕੇ ਵਿਚ ਚੰਗੇ ਮੰਨੇ ਜਾਂਦੇ ਹਨ।

ਭਾਈ ਕਰਤਾਰ ਸਿੰਘ ਝੱਬਰ

ਜਨਨੀ ਜਨੇ ਤੇ ਭਗਤ ਜਣ ਕੈ ਦਾਤਾ ਕੈ ਸੂਰ
ਨਹੀ ਤੋਂ ਜਨਨੀ ਬਾਝ ਰਹੁ ਕਾਹਿ ਗਵਾਵੈ ਨੂਰ । (ਤੁਲਸੀਦਾਸ)

ਭਾਈ ਕਰਤਾਰ ਸਿੰਘ ਜੀ ਦਾ ਜਨਮ 1874 ਈ. ਵਿਚ ਸਿਖ ਰਾਜ ਦੇ ਕੁਮੇਦਾਨ ਮੰਗਲ ਸਿੰਘ ਜੀ ਦੇ ਸਪੁਤ੍ਰ ਭਾਈ ਤੇਜਾ ਸਿੰਘ ਦੇ ਘਰ ਹੋਇਆ—ਬਚਪਨ ਤੋਂ ਹੀ ਸੁਭਾਉ ਖਾੜਕੂ, ਬੁੱਧੀ ਤੀਖਣ ਅਤੇ ਸਰੀਰ ਨਿੱਗਰ ਸੀ—ਆਪ ਜੀ ਦੀ ਪਾਲਣਾ ਆਮ ਵਿਰਕ ਮੁੰਡਿਆਂ ਵਾਂਙੂ ਹੀ ਹੋਈ। ਮੰਙੂ ਚਾਰਨੇ, ਦੁਧ ਪੀਣਾ, ਘਿਉ ਖਾਣਾ, ਮੋਟਾ ਪਹਿਨਣਾ ਤੇ ਨਿਗਰ ਸੋਟਾ ਰੱਖਣਾ । ਆਪ ਜੀ ਆਪਣੀ ਢਾਣੀ ਦੇ ਸ਼ੁਰੂ ਤੋਂ ਹੀ ਮੁਹਰੈਲ ਰਹੇ ।

ਜਦੋਂ ਆਪ ਜੀ ਗਭਰੂ ਹੋਏ ਤਾਂ ਵਿਰਕੈਤ ਦੇ ਪੁਰਾਣੇ ਆਮ ਰਿਵਾਜ ਮੁਤਾਬਕ ਆਪ ਜੀ ਦੇ ਕੰਨੀਂ ਬੀਰਬਲੀਆਂ ਪਾਈਆਂ ਗਈਆਂ ਤੇ ਹੋਰ ਚਾਲਾ ਵੀ ਆਮ ਨਵੇਂ ਉਠਦੇ ਮਾਰ ਖੋਰੇ ਨੌਜਵਾਨਾਂ ਵਾਲਾ ਸੀ । ਮਜਲਸਾਂ ਮੇਲਿਆਂ ਅਤੇ ਝਗੜੇ ਝੇੜਿਆਂ ਵਿਚ ਆਪਣੀ ਢਾਣੀ ਦੇ ਮੁਹਰੀ ਦੇ ਤੌਰ ਤੇ "ਕਰਤਾਰੂ ਝੱਬਰ" ਕਰਕੇ ਪ੍ਰਸਿਧ ਸਨ ।

ਸੰਨ 1904 ਈ: ਵਿਚ ਕੂਕਿਆਂ ਨੇ ਪਿੰਡ ਵਰਣਾ ਵਿਚ (ਵਿਚ ਸਦਾ ਵਾਂਗੂ, ਤੱਤ ਖਾਲਸੇ ਦੇ ਅਧ ਵਿਚਕਾਰ) ਜੋੜ ਮੇਲਾ ਰਖਿਆ। ਜਿਸ ਤੇ ਪਿੰਡ ਦੇ ਦੂਸਰੇ ਸਿੰਘਾਂ ਨੇ ਕੂਕਿਆਂ ਦੇ ਮੁਕਾਬਲੇ ਤੇ ਉਹਨਾਂ ਹੀ ਤਾਰੀਖਾ ਵਿਚ ਜੋੜ ਮੇਲਾ ਰਖ ਭਾ: ਸਾ: ਭਾਈ ਮੂਲ ਸਿੰਘ ਨੂੰ ਆਪਣੇ ਪਖ ਦੇ ਪ੍ਰਚਾਰ ਵਾਸਤੇ ਸੱਦ ਘਲਿਆ —ਭਾਈ ਸਾਹਿਬ ਨੇ ਸੁਧੀ ਤੇ ਬੜਾ ਧੜੱਲੇਦਾਰ ਵਿਖਿਆਨ ਦਿੱਤਾ ਜਿਸ ਤੇ ਕੂਕਿਆਂ ਨੇ ਕੁਛ ਅਨਜਾਨ ਗਭਰੂਆਂ ਨੂੰ ਉਕਸਾਇਆ ਕਿ ਵੇਖੋ ਭਾਈ ਮੂਲ ਸਿੰਘ ਸਾਡੇ ਨਾਲ ਹੋਰ ਕੌਮਾਂ ਨੂੰ ਮਿਲਾ ਕੇ ਸਾਡਾ ਹਿੰਦੂ ਧਰਮ ਭਰਿਸਟ ਕਰਨ ਲਗਾ ਹੈ । ਉਹਨਾਂ ਗਭਰੂਆਂ ਵਿਚ ਹੀ ਸਾਡਾ ਅਗੇ ਚਲਕੇ ਪੰਥ ਦਾ, ਹੋਣ ਵਾਲਾ, ਮਹਾਨ ਜਰਨੈਲ ਕਰਤਾਰ ਸਿੰਘ ਝਬਰ ਵੀ ਸ਼ਾਮਿਲ ਸੀ । ਮਸ਼ਵਰਾ ਕਰਦਿਆਂ, ਸਲਾਹ ਪੱਕੀ ਕੀਤੀ ਕਿ ਭਰੇ ਦੀਵਾਨ ਵਿਚ ਬਹਾਦਰ ਸਿੰਘ ਮਲਾਊ ਭਾਈ ਮੂਲ ਸਿੰਘ ਦੀ ਬੇਇਜ਼ਤੀ ਕਰੇ । ਸਾਰੀ ਢਾਣੀ ਦੀਵਾਨ ਵਿਚ ਆ ਕੇ ਬੈਠ ਗਈ। ਭਾਈ ਸਾਹਿਬ ਪਰਚਾਰ ਕਰ ਰਹੇ ਸਨ ਕਿ ਬਹਾਦਰ ਸਿੰਘ ਹਥ ਵਿਚ ਛਿਤਰ ਫੜਕੇ ਭਾਈ ਸਾਹਿਬ ਵਲ ਵਧਿਆ—ਪਰ ਨੇੜ ਪੁਜ ਜਦੋਂ ਉਸ ਨੇ ਭਾਈ ਸਾਹਿਬ ਦੇ ਪੁਰਨੂਰ ਚਿਹਰੇ ਵਲ ਡਿਠਾ ਤੇ ਐਸੀ ਕਲਾ ਵਰਤੀ ਕਿ ਉਹੋ ਛਿਤਰ ਉਸ ਨੇ ਆਪਣੇ ਮੂੰਹ ਤੇ ਮਾਰਿਆ ਤੇ ਉਚੀ ਉਚੀ ਕੂਕਣ ਲਗ ਪਿਆ "ਮੈਂ ਪਾਪੀ, ਮੈਂ ਪਾਪੀ, ਮੈ ਪਾਪੀ ਕੂਕਦੇ-2 ਦੜ ਗਾਟੇ ਬੇਹੋਸ਼ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਡਿਗ ਪਿਆ । ਭਾਈ ਸਾਹਿਬ ਨੇ ਪ੍ਰਚਾਰ ਰੋਕ ਕੇ ਉਸ ਦੇ ਹਥਾਂ ਪੈਰਾਂ ਦੀ ਮਾਲਸ਼ ਕਰਾ ਕੇ ਉਸ ਨੂੰ ਹੋਸ਼ ਵਿਚ ਲਿਆਂਦਾ ਤਾਂ ਪੁਛਣ ਤੇ ਬਹਾਦਰ ਸਿੰਘ ਨੇ ਦਸਿਆ ਕਿ ਜਦ ਮੈਂ ਅਗਾਂਹ ਵਧਿਆ ਤਾਂ ਕਿਸੇ ਅਜਗੈਬੀ ਸ਼ਕਤੀ ਨੇ ਮੇਰਾ ਹਥ ਫੜ ਕੇ ਛਿਤਰ ਮੇਰੇ ਮੂੰਹ ਤੇ ਮਰਵਾਇਆ, ਮੈਂ ਪਾਪੀ, ਪਾਪੀ । ਮੇਰਾ ਗਲ ਘੁਟਿਆ ਗਿਆ ਤੇ ਮੈਂ ਬੇਹੋਸ਼ ਹੋ ਗਿਆ ।

ਇਹ ਸਭ ਨਜ਼ਾਰਾਂ ਤੇ ਵਰਤਾਰਾ ਵੇਖਕੇ ਕਰਤਾਰ ਸਿੰਘ ਝਬਰ, ਭਾਈ ਸਾਹਿਬ ਦਾ ਸ਼ਰਧਾਲੂ ਹੋ ਗਿਆ ਤੇ ਧਰਮ ਸਿਖਿਆ ਲਈ ਖਾਹਸ਼ ਪ੍ਰਗਟ ਕੀਤੀ । ਭਾਈ ਸਾਹਿਬ ਪੂਰਨ ਗੁਰਸਿਖ ਮਹਾਨ ਵਿਅਕਤੀਆਂ ਸਮਾਨ ਵਿਦਿਆ ਦਾਨ ਵਿਚ ਬੜੇ ਦਯਾਲੂ ਸਨ । ਆਪ ਨੇ ਹਾਂ ਕਰ ਦਿੱਤੀ।

ਭਾਈ ਸਾਹਿਬ ਦਸਿਆ ਕਰਦੇ ਸਨ ਕਿ ਅਸੀਂ ਨਵੇਂ ਗੁਰਮੂਲੇ ਬੈਠੇ ਕੁਛ ਦਵਾਈਆਂ ਆਦਿ ਤਿਆਰ ਕਰ ਰਹੇ ਸਾਂ ਕਿ ਨੌਜਵਾਨ

ਕਰਤਾਰ ਸਿੰਘ ਇਕ ਚੂਹੇ ਰੰਗੀ ਜਵਾਨ ਸੁੰਦਰ ਘੋੜੀ ਤੇ ਚੜ੍ਹਿਆ ਆ ਗਿਆ—ਅਸਾਂ ਪੁਛਿਆ ਕਿ ਤੂੰ ਤਾਂ ਪੜ੍ਹਨ ਲਈ ਆਇਆ ਹੈ ਤੇ ਘੋੜੀ ਕਾਹਦੇ ਲਈ ਆਂਦੀ ਆ।

ਕਰਤਾਰ ਸਿੰਘ — ਬਾਬਾ ਜੀ ਇਹ ਤਾਂ ਮੈਂ ਤੁਸਾਡੇ ਲਈ ਦਰਸ਼ਨ ਭੇਟ ਲਿਆਇਆ ਹਾਂ।

ਭਾਈ ਸਾਹਿਬ — ਇਹ ਘੋੜੀ ਤੁਹਾਡੇ ਘਰ ਦੀ ਹੈ।

ਕਰਤਾਰ ਸਿੰਘ — ਨਹੀਂ ਬਾਬਾ ਜੀ ਇਹ ਤਾਂ ਮੈਂ ਅੱਜ ਰਾਤੀਂ ਕੱਢ ਕੇ ਲਈ ਆਉਣਾ।

ਭਾਈ ਸਾਹਿਬ — ਫਿਰ ਝਬ ਕਰ, ਤੇ ਇਹ ਘੋੜੀ ਜਿਥੋਂ ਆਂਦੀ ਆ ਉਥੇ ਮੋੜ ਕੇ ਫੇਰ ਮੇਰੇ ਕੋਲ ਆਵੀਂ। ਅਗਲਾ ਸਬਕ ਮੈਂ ਫੇਰ ਦੱਸਾਂਗਾ।

ਤਿਸ ਉਪਰੰਤ, ਭਾਈ ਕਰਤਾਰ ਸਿੰਘ ਜੀ ਨੂੰ ਆਪ ਜੀ ਦੀ ਸੰਗਤ ਦੀ ਰੰਗਤ ਚੜ੍ਹਦੀ ਗਈ। ਆਪਣੇ ਪਿੰਡ ਵਿੱਚ ਤਿੰਨ ਸਾਲ ਲਗਾਤਾਰ ਜੋੜ ਮੇਲਾ ਕਰਾਉਂਦੇ ਰਹੇ। ਫਿਰ ਝੱਬਰ ਜੀ 1906 ਤੋਂ 1909 ਤੱਕ ਖਾਲਸਾ ਉਪਦੇਸ਼ਕ ਕਾਲਜ ਘਰਜਾਖ ਵਿੱਚੋਂ ਅਤਿ ਉਚ ਸਿਖਿਆ ਪ੍ਰਾਪਤ ਕਰ ਕੇ ਇਕ ਦੁਬੰਗ ਸਿੱਖ ਪ੍ਰਚਾਰਕ ਹੋ ਨਿਬੜੇ। ਅੱਜ ਆਮ ਪ੍ਰਚਾਰਕ ਗੱਲਾਂ ਦਾ ਖਟਿਆ ਖਾਂਦੇ ਹਨ, ਪਰ ਜਦੋਂ ਕੋਈ ਸਰੀਰਕ ਜਾਂ ਮਾਇਕ ਕੁਰਬਾਨੀ ਕਰਨੀ ਪਵੇ ਤਾਂ ਬਹਾਨੇ ਬਾਜ਼ੀਆਂ ਕਰਕੇ ਜਾਂ ਸ਼ਬਦਾਵਲੀਆਂ ਦੇ ਹੇਰ ਫੇਰ ਪਾ ਕੇ ਮੱਛਲੀ ਵਾਂਙੂ ਤਿਲਕ ਜਾਂਦੇ ਹਨ, ਪਰ ਵਾਹ ਸ਼ੇਰ ਮਰਦ ਭਾਈ ਕਰਤਾਰ ਸਿੰਘ ਝੱਬਰ! ਅਗਰ ਪਰਚਾਰ ਕਰਦਿਆਂ ਕਿਸੇ ਖਰੂਦੀ ਨੇ ਦੀਵਾਨ ਵਿੱਚ ਖਲਲ ਪਾਉਣ ਦੀ ਚੇਸ਼ਟਾ ਕੀਤੀ ਤਾਂ ਉਸ ਦੀ ਸੋਧ ਸੁਧਾਈ ਕਰ ਦੇਂਦੇ ਅਤੇ ਜੇ ਲੋੜ ਪੈਂਦੀ ਤਾਂ ਡਾਂਗ ਵਾਹੁਣੋਂ ਵੀ ਫਰਕ ਨਾ ਕਰਦੇ। ਉਦਾਹਰਣ ਵਜੋਂ :—

ਭਾਈ ਤੀਰਥ ਸਿੰਘ ਜੀ ਘਰਜਾਖੀਏ ਦਸਿਆ ਕਰਦੇ ਸਨ ਕਿ ਝੱਬਰ ਜੀ ਭਾਈ ਮੂਲ ਸਿੰਘ ਜੀ ਦੇ ਪ੍ਰਚਾਰ ਤੇ ਪਤੰਗੇ ਵਾਂਙੂ ਆਸ਼ਕ ਸਨ। ਜਿਥੇ ਵੀ ਭਾਈ ਮੂਲ ਸਿੰਘ ਜੀ ਦਾ ਪ੍ਰਚਾਰ ਹੁੰਦਾ ਉਥੇ ਆਪਣੀ ਢਾਣੀ ਲੈ ਕੇ ਪੁੱਜ ਜਾਂਦੇ। ਝੱਬਰ ਜੀ ਦਾ ਉਤੇਜਤ ਸੁਭਾ ਦੇਖ ਕੇ ਭਾਈ ਸਾਹਿਬ ਨੇ ਉਹਨਾਂ (ਝਬਰ ਜੀ) ਤੋਂ ਪ੍ਰਣ ਲਿਆ ਹੋਇਆ ਸੀ ਕਿ ਤੂੰ ਮੈਥੋਂ ਬਗੈਰ ਪੁਛੇ ਬੋਲਣਾ ਜਾਂ ਹੱਥੋਂ ਪਾਈ ਨਹੀਂ ਕਰਨੀ—ਕੋਟਲੀ ਦਾਸੂ ਸਿੰਘ ਜ਼ਿਲਾ ਸਿਆਲਕੋਟ ਵਿਚ 1904 ਅਸੂ ਦੇ ਮਹੀਨੇ ਬਾਬੇ ਸੂਰਜ ਸਿੰਘ ਪਰਚਾਰਕ ਦੇ ਉਦਮ ਨਾਲ ਇਕ ਦੀਵਾਨ ਹੋਇਆ ਜਿਸ ਵਿਚ ਪੰਥ ਦੇ ਵਿਦਵਾਨ ਪ੍ਰਚਾਰਕ ਭਾਈ ਲਾਲ ਸਿੰਘ ਗੁਜਰਾਂਵਾਲਾ ਭਾਈ ਤੀਰਥ ਸਿੰਘ ਜੀ ਘਰਜਾਖੀਏ, ਭਾਈ ਤਖਤ ਸਿੰਘ ਫੀਰੋਜ਼ਪੁਰ, ਭਾਈ ਗੰਡਾ ਸਿੰਘ (ਚਕਤਪੁਰ) ਅਤੇ ਭਾਈ ਮੂਲ ਸਿੰਘ ਗੁਰਮੁਲਾ ਪੁਜੇ ਹੋਏ ਸਨ। ਇਸ ਦੀਵਾਨ ਵਿਚ ਸ: ਗੰਡਾ ਸਿੰਘ ਦੇ ਮੁਸਲਮਾਨੀ ਵਿਚੋਂ ਬਚਿਆਂ ਨੂੰ ਅੰਮ੍ਰਿਤ ਛਕਾ ਅਭੇਦ ਕਰਨਾ ਸੀ—ਝਬਰ ਜੀ ਵੀ ਪੁਜੇ ਹੋਏ ਸਨ।

ਨਿਯਤ ਸਮੇਂ ਸਿਰ ਭਾਈ ਸਾਹਿਬ ਭਾਈ ਮੂਲ ਸਿੰਘ ਜੀ ਦੀਵਾਨ ਵਿਚ ਸੁਧੀ ਦੇ ਬਾਰੇ ਵਿਖਿਆਨ ਦੇ ਰਹੇ ਸਨ ਕਿ ਇਕ ਪਾਸਿਓਂ 50-60 ਕੱਠੇ ਹੋਏ ਮੁਸਲਮਾਨ ਤੇ ਕੁਲਜ਼ ਡਾਂਗਧਾਰੀ ਸਿਖਾਂ ਨੇ ਦੀਵਾਨ ਤੇ ਹੱਲਾ ਬੋਲ ਦਿਤਾ। ਆਖਿਆ ਫੜ ਲਵੋ ਇਹਨਾਂ ਨੂੰ ਜਾਣ ਨਾ ਦਿਉ ਤੇ ਦੀਵਾਨ ਵਿਚ ਦਾਖਲ ਹੋ ਦੋ ਮੁਖੀ ਸਿਖਾਂ ਨੂੰ ਕਾਫੀ ਸਟਾਂ ਮਾਰੀਆਂ—ਹੋਰ ਅੱਗੇ ਵਧ ਕੇ ਆਖਣ ਲਗੇ ਫੜ ਲੋ ਏਸ ਲੰਮੀ ਦਾੜ੍ਹੀ ਵਾਲੇ ਨੂੰ, ਜਦੋਂ ਉਹ ਅਗਾਂਹ ਵਧੇ ਤਾਂ ਭਾਈ ਸਾਹਿਬ ਨੇ ਝਬਰ ਜੀ ਨੂੰ ਸੈਨਤ ਕੀਤੀ। ਗੁਰੂ ਕਾ ਸ਼ੇਰ ਉਠਦਿਆਂ ਸਾਰ ਕਿਸੇ ਨੇੜੇ ਪੁਜੇ ਧਾੜਵੀ ਤੋਂ ਡਾਂਗ ਖੋਹ ਕੇ ਉਸ ਗਾਂਦਵੀ ਧਾੜ ਤੇ ਟੁਟ ਕੇ ਜਾ ਪਿਆ ਤੇ ਅੱਖ ਦੇ ਪਲਕਾਰੇ ਵਿਚ ਅਠਾਰਾਂ ਲਿਟਾ ਦਿੱਤੇ, ਇਹ ਵੇਖ ਬਾਕੀ ਦਿਆਂ ਨੂੰ ਭਜਦਿਆਂ ਨੂੰ ਰਾਹ ਨਾ ਲੱਭਾ—ਮਗਰੋਂ ਦੀਵਾਨ ਦੀ ਕਾਰਵਾਈ ਸੁਖ ਸ਼ਾਂਤੀ ਨਾਲ ਨੇਪਰੇ ਚੜ੍ਹੀ। ਇਹਨਾਂ ਸਿਫਤਾਂ ਕਰਕੇ ਭਾਈ ਤੀਰਥ ਸਿੰਘ ਜੀ ਦੇ ਦਿਲ ਵਿਚ ਝੱਬਰ ਜੀ ਵਾਸਤੇ ਅਥਾਹ ਪਿਆਰ ਅਤੇ ਸਤਿਕਾਰ ਸੀ।

ਸਚਿਆਈ ਅਤੇ ਗੁਰਮਤ ਅਸੂਲਾਂ ਦੀ ਪਾਲਣਾ ਕਰਨਾ ਆਪ ਜੀ ਦਾ ਇਕ ਸ਼ਰਧਾਪੂਰ ਨਿਸ਼ਾਨਾ ਸੀ—1910 ਤੋਂ ਅਗਲੇ ਸਤ ਸਾਲ ਆਪ ਜੀ ਨੇ ਆਪਣਾ ਕੇਂਦਰ ਲਾਹੌਰ ਰਖਿਆ—ਜਿਥੋਂ ਕਿ ਆਪ ਜੀ ਪੰਜਾਬ ਭਰ ਵਿਚ ਅਤੇ ਬਾਹਰੋਂ ਆਏ ਪ੍ਰਚਾਰ-ਸਦਿਆਂ ਤੇ ਬਗੈਰ ਤਨਖਾਹ ਜਾਂ ਇਵਜ਼ਾਨੇ ਦੇ ਜਾ ਕੇ ਆਪਣੇ ਮਹਾਨ ਪ੍ਰਥਮ ਅਧਿਆਪਕ ਭਾ: ਸਾ: ਭਾਈ ਮੂਲ ਸਿੰਘ ਜੀ ਵਾਂਗੂ ਮੁਫਤ ਪ੍ਰਚਾਰ ਕਰਦੇ। ਇਕ ਵੇਰਾਂ ਝਬਰ ਜੀ ਕਿਧਰੇ ਬਾਹਰ ਪ੍ਰਚਾਰ ਦੌਰੇ ਤੇ ਗਏ ਹੋਏ ਸਨ ਮਗਰੋਂ ਸਿੰਘ ਸਭਾ ਦੇ ਪ੍ਰਧਾਨ ਡਾਕਟਰ ਬਲਦੇਵ ਸਿੰਘ[1] ਨੇ ਸਿੰਘ ਸਭਾ ਦੀ ਇਕੱਤਰਤਾ ਸਦਕੇ ਮਤਾ ਪਾਸ ਕਰਵਾ ਲਿਆ ਕਿ ਅੱਗੋਂ ਨੂੰ ਦੀਵਾਨ ਵਿਚ ਸੰਗਤ ਬੈਂਚਾਂ ਤੇ ਬੈਠਿਆ ਕਰੇਗੀ" ਅਤੇ ਲਗਦੇ ਹੱਥ ਕੁਝ ਬੈਂਚ ਮੰਗਵਾ ਕੇ ਗੁਰਦਵਾਰੇ ਦੇ ਹਾਲ ਵਿਚ ਰਖਵਾ

---

1. ਡਾਕਟਰ ਬਲਦੇਵ ਸਿੰਘ—ਇਹ ਸਿਖ ਪੰਥ ਦੇ ਮਹਾਨ ਵਿਦਵਾਨ, ਦਿਗਾਂ ਵਜਈ ਵਕਤਾ, ਸਿਖ ਧਰਮ ਦੇ ਕ੍ਰਾਂਤੀਕਾਰੀ ਲਿਖਾਰੀ ਭਾਈ ਸਾਹਿਬ ਗਿਆਨੀ ਦਿਤ ਸਿੰਘ ਜੀ ਦੇ ਸਪੁਤ੍ਰ ਸਨ। ਜਿਨ੍ਹਾਂ ਨੂੰ ਕਿ ਨਾਭਾਪਤਿ ਟਿਕਾ ਰਿਪੁਦਮਨ ਸਿੰਘ ਨੇ ਆਪਣੇ ਖਰਚੇ ਤੇ ਵਲਾਇਤ ਵਿਦਿਆ ਪ੍ਰਾਪਤੀ ਲਈ ਘੱਲਿਆ।

ਦਿਤੇ । ਵਾਪਸ ਪਰਤਨ ਤੇ ਝੱਬਰ ਜੀ ਨੇ ਡਾਕਟਰ ਬਲਦੇਵ ਸਿੰਘ ਤੋਂ ਸਿੰਘ ਸਭਾ ਵਿਚ ਹੋਰ ਸੰਗਤ ਦੀ ਹਾਜਰੀ ਵਿਚ ਪੁਛਿਆ ;—

ਝੱਬਰ ਜੀ — ਡਾਕਟਰ ਸਾਹਿਬ ਇਹ ਬੈਂਚ ਕਿਉਂ ਰੱਖੇ ਹਨ ?

ਡਾ: ਸਾਹਿਬ — ਸਭਾ ਨੇ ਮਤਾ ਪਾਸ ਕੀਤਾ ਹੈ ਕਿ ਸੰਗਤ ਅਗੋਂ ਨੂੰ ਬੈਂਚਾਂ ਤੇ ਬੈਠਿਆ ਕਰੇਗੀ ।

ਝੱਬਰ ਜੀ — ਸਭਾ ਨੂੰ ਕੋਈ ਇਖਤਿਆਰ ਨਹੀਂ ਕਿ ਉਹ ਧਰਮ ਦੇ ਬੁਨਿਆਦੀ ਅਸੂਲਾਂ ਵਿਚ ਪਰਿਵਰਤਨ ਕਰੇ ।

ਡਾ: ਸਾਹਿਬ — ਸ੍ਰੀ ਮਾਨ ਜੀ ਗੁਰੂ ਵੀਹ ਵਿਸਵੇ ਤੇ ਸੰਗਤ ਇਕੀ ਵਿਸਵੇ ਹੋਣ ਦੇ ਨਾਤੇ ਸੰਗਤ ਨੂੰ ਅਸੂਲ ਵਿਚ ਪ੍ਰਵਰਤਨ ਕਰਣ ਦਾ ਅਧਿਕਾਰ ਹੈ ।

ਝੱਬਰ ਜੀ — ਇਹ ਕੋਈ ਗੁਰਮਤ ਦਾ ਅਸੂਲ ਨਹੀਂ । ਇਹ ਤੁਸਾਡੇ ਪੱਛਮੀ ਤਹਿਜੀਬ ਦੇ ਸ਼ਰਧਾਲੂਆਂ ਦਾ ਆਪਣੀ ਮਤਲਬ ਸਿਧੀ ਲਈ ਪ੍ਰਚਾਰਿਆ ਮਨਘੜਤ ਅਸੂਲ ਹੈ । ਇਹ ਸਤਿਗੁਰੂ ਦਾ ਸਤਿਕਾਰ ਘਟਾਂਦਾ ਹੈ । ਇਸ ਵਾਸਤੇ ਇਹ ਗੁਰਮਤਿ ਅਸੂਲ ਨਹੀਂ ਅਤੇ ਨਾ ਹੀ ਕਿਧਰੇ ਗੁਰਬਾਣੀ ਵਿਚ ਆਇਆ ਹੈ—ਬਹਿਸ ਦੀ ਖਾਤਰ ਜੇ ਤੁਹਾਡੀ ਗੱਲ ਮੰਨ ਲਈਏ, ਤੇ ਤੁਸਾਡੇ ਦੱਸੇ ਅਸੂਲ ਅਧੀਨ ਕੋਈ ਅੰਜਾਨ ਸਿੰਘ ਸਭਾ ਪਾਸ ਕਰ ਦੇਵੇ ਕਿ ਕੇਸ ਰਖਣੇ, ਜਾਂ ਕਛਹਿਰਾ ਪਹਿਨਣਾ, ਅੰਮ੍ਰਿਤ ਛਕਣਾ ਕੋਈ ਜ਼ਰੂਰੀ ਨਹੀਂ ਅਤੇ ਇਸ ਦੀ ਵਰਤੋਂ ਵੀ ਅਰੰਭ ਦੇਵੇ ਤਾਂ ਸਿਖੀ ਕਿਥੇ ਰਹਿ ਜਾਵੇਗੀ ? ਸਤਿਗੁਰਾਂ ਦੇ ਕਾਇਮ ਕੀਤੇ ਅਸੂਲਾਂ ਵਿਚ ਕਿਸੇ ਨੂੰ ਪਰਿਵਰਤਨ ਕਰਨ ਦਾ ਕੋਈ ਅਧਿਕਾਰ ਨਹੀਂ । ਇੱਕ ਘੰਟੇ ਦੀ ਇਸ ਵਿਚਾਰ ਉਪਰੰਤ ਬੈਂਚ ਗੁਰਦਵਾਰੇ ਵਿਚੋਂ ਸਦਾ ਲਈ ਚੁਕੇ ਗਏ ।

ਸਕੂਲ :—ਡਾ: ਸ: ਭਾਈ ਮੂਲ ਸਿੰਘ ਜੀ ਭੰਡੋਹੜ ਦੇ ਅਰੂੜੇ ਜਟ ਕੋਲੋਂ 13 ਕਨਾਲ ਜਮੀਨ ਲੈ ਕੇ ਗੁਰਦਵਾਰਾ ਖਰਾ ਸੌਦਾ ਦੇ ਨੇੜੇ 1913 ਈ: ਵਿਚ ਇਕ ਸਕੂਲ ਖੋਹਲਿਆ । ਸੰਨ 1917 ਵਿਚ ਇਹ ਸਕੂਲ ਡਾ: ਸਾ: ਭਾਈ ਮੂਲ ਸਿੰਘ ਜੀ ਕੋਲੋਂ ਲੈ ਕੇ ਆਪ ਚਲਾਣਾ ਸ਼ੁਰੂ ਕੀਤਾ । 1918 ਵਿਚ ਇਹੋ ਸਕੂਲ ਚੂਹੜਕਾਣਾਂ ਮੰਡੀ ਤਬਦੀਲ ਕੀਤਾ ਗਿਆ । ਜਿਥੇ ਇਹ 1919 ਤੱਕ ਚੂਹੜਕਾਣਾਂ ਮੰਡੀ ਦੀ ਕਮੇਟੀ ਸਮੇਤ ਚਲਾਂਦੇ ਰਹੇ । ਸਾਂਦਲਬਾਰ ਦੇ ਸੁੱਚੇ ਮੋਤੀ ਭਾਈ ਸੁਚਾ ਸਿੰਘ 'ਚੱਕ ਜੰਦ' ਦਾ ਇਸ ਕਮੇਟੀ ਵਿਚ ਵਿਸ਼ੇਸ਼ ਯੋਗਦਾਨ ਰਿਹਾ ।

ਮਾਰਸ਼ਲ ਲਾ :—1914 ਦੇ ਬਜ ਬਜ[1] ਦੇ ਹਾਦਸੇ ਤੋਂ ਪਿਛੋਂ 1919 ਵਿਚ 13 ਅਪਰੈਲ ਵਸਾਖੀ ਵਾਲੇ ਦਿਨ ਰੌਲਟ ਐਕਟਾਂ ਦੀ ਨਿਖੇਧੀ ਕਰਨ ਹਿਤ ਹੋਏ ਜਲਸੇ ਤੇ ਗਵਰਨਰ ਡਾਇਰ ਅਤੇ ਜਨਰਲ ਉਡਵਾਇਰ[3] ਨੇ ਨਿਹਥੇ[4] ਪੰਜਾਬੀਆਂ ਤੇ ਗੋਲੀ ਚਲਾਈ । ਜਿਸ ਤੇ ਪੰਜਾਬ ਭਰ ਵਿਚ ਫਸਾਦ ਹੋ ਗਏ । ਮੰਡੀ ਚੂਹੜਕਾਣਾਂ ਵੀ ਇਸੇ ਲਪੇਟ ਵਿਚ ਆ ਗਿਆ । ਕਈ ਬੇਦੋਸ਼ੇ ਅੰਗਰੇਜੀ ਹਕੂਮਤ ਦੇ ਹੁਕਮ ਨਾਲ ਹਰਾਸਤ ਵਿਚ ਰਖ ਲਏ ਗਏ । ਜਿਨ੍ਹਾਂ ਵਿਚ ਭਾਈ ਕਰਤਾਰ ਸਿੰਘ ਝਬਰ ਤੇ ਤੇਜਾ ਸਿੰਘ ਚੂਹੜਕਾਣਾ ਵੀ ਸਨ ।

29 ਅਪਰੈਲ 1919 ਨੂੰ ਚੂਹੜਕਾਣੇ ਨਹਿਰ ਦੇ ਬੰਗਲੇ ਮਿ: ਬਾਸਵਰਥ ਸਮਿਥ ਸਪੈਸ਼ਲ ਡਿਊਟੀ ਮੈਜਿਸਟਰੇਟ ਦੇ ਪੇਸ਼ ਕੀਤਾ ਗਿਆ ।

---

1. ਬਾਬਾ ਗੁਰਦਿਤ ਸਿੰਘ ਸਰਹਾਲੀ ਦੇ ਉਦਮ ਨਾਲ ਚਲਾਇਆ । ਕੋਮਾਗਾਟਾ ਮਾਰੂ ਜਹਾਜ਼ ਭਾਰਤੀ ਮੁਸਾਫਰਾਂ ਨੂੰ ਲੈ ਕੇ 23 ਮਈ 1914 ਨੂੰ ਵੈਨਕੋਵਰ ਕੈਨੇਡਾ ਪੁਜਾ—ਪਰ ਗੋਰੀ ਸਰਕਾਰ ਨੇ ਕੰਢੇ ਨਾ ਲਗਣ ਦਿਤਾ । ਜਿਸਤੇ ਇਹ ਜਹਾਜ ਆਪਣੇ ਮੁਸਾਫਰਾਂ ਸਮੇਤ ਵਾਪਸ ਪਰਤ ਆਇਆ—ਕਲਕਤੇ ਇਸਨੂੰ ਬਜਬਜ ਘਾਟ ਤੇ ਰੋਕਿਆ ਗਿਆ । ਝੂਠਾ ਬਹਾਨਾ ਘੜ ਕੇ ਅੰਗਰੇਜੀ ਸਰਕਾਰ ਨੇ ਗੋਲੀ ਚਲਾ ਦਿਤੀ ਜਿਸ ਨਾਲ ਕਈ ਸਜਨ ਸ਼ਹੀਦ ਹੋ ਗਏ, ਜੋ ਮੁਸਾਫ਼ਰ ਫੜੇ ਗਏ ਕੋਈ ਫਾਸੀ ਲਗਾ ਤੇ ਕੋਈ ਕਾਲੇ ਪਾਣੀ ਆਦਿ ਵਰਕੋ ਵਰਕੀ ਸਜਾਵਾਂ ਦਿੱਤੀਆਂ ।
2. ਰੌਲਟ ਐਕਟ—ਇਹ ਇਕ ਕਾਲਾ ਕਾਨੂੰਨ ਜੀ ਜਿਸਦੇ ਅਧੀਨ ਕਿਸੇ ਵੀ ਵਿਅਕਤੀ ਨੂੰ ਫੜ ਕੇ ਬਗੈਰ ਮੁਕਦਮਾ ਚਲਾਏ ਦੇ ਜੇਹਲ ਵਿਚ ਬੰਦ ਰਖਿਆ ਜਾ ਸਕਦਾ ਸੀ ।
3. ਜਨਰਲ ਉਡਵਾਇਰ—ਇਕ ਕਟਰ ਪੰਥੀ ਅੰਗਰੇਜ਼ ਸੀ ਜਿਸਨੂੰ ਜਲਿਆਂ ਵਾਲੇ ਬਾਗ ਦੇ ਖੂਨੀ ਸਾਕੇ ਦੇ ਬਦਲੇ ਬੀਰ ਬਹਾਦਰ ਉਧਮ ਸੰਘ ਨੇ ਇੰਗਲੈਂਡ ਜਾ ਕੇ ਗੋਲੀ ਮਾਰੀ ਅਤੇ ਆਪ ਫਾਂਸੀ ਚੜ੍ਹ ਗਿਆ ।
4. ਪਿੰਡ ਬਕਾ ਪੁਰ ਜਿਲਾ ਜਾਲੰਧਰ ਦੇ ਮੌਲਵੀ ਕਰੀਮ ਬਖਸ਼ 1903 ਈ: ਵਿਚ ਖਾਲਸਾ ਦੀਵਾਨ ਭਸੌੜ ਦੇ ਪ੍ਰਬੰਧ ਹੇਠ ਅੰਮ੍ਰਿਤ ਛਕ ਸੁਪਰਵਾਰ ਸਿੰਘ ਸਜ ਗਿਆ—ਉਸਦਾ ਨਾਉਂ ਲਖਮੀਰ ਸਿੰਘ ਰਖਿਆ ਗਿਆ—ਸਿਖੀ ਵਿਚ ਪਰਪੱਕ ਹੋਣ ਲਈ ਲਖਬੀਰ ਸਿੰਘ ਜੀ ਸਪਰਵਾਰ ਅੰਮ੍ਰਿਤਸਰ ਆ ਗਏ । ਇਹਨਾਂ ਦੇ ਚਾਰ ਸਪੁਤ੍ਰ ਸਨ : ਇਹਨਾਂ ਵਿਚੋਂ ਵੱਡੇ ਮਹਿਤਾਬ ਸਿੰਘ ਨੇ ਪੰਜਾਬ ਭਰ ਦੇ ਸ਼ੁਧ ਹੋਏ ਹੋਏ ਅਤੇ ਹੋਰ ਮਜਹਬੀ ਅਤੇ ਰਾਮਦਾਸੀਏ ਸਿਖਾਂ ਨੂੰ ਇਕੱਠੇ ਕਰਕੇ ਨਾਮ ਖਾਲਸਾ ਬਰਾਦਰੀ ਰਖਿਆ ।

ਜਿਥੋਂ ਇਹਨਾਂ ਨੂੰ ਸੈਂਟਰਲ ਜੇਲ੍ਹ ਲਾਹੌਰ ਭੇਜ ਦਿਤਾ ਗਿਆ । ਜਿਥੇ ਤਿੰਨ ਦਿਨ ਦੀ ਫਰਜੀ ਕਾਰਵਾਈ ਉਪਰੰਤ 22 ਮਈ 1919 ਨੂੰ ਫਾਂਸੀ ਦੀ ਸਜਾ ਸੁਣਾਈ ਗਈ ।

1. ਭਾਈ ਕਰਤਾਰ ਸਿੰਘ ਝੱਬਰ
2. ਭਾਈ ਤੇਜਾ ਸਿੰਘ] ਚੂਹੜਕਾਣਾ
3. ਭਾਈ ਕਾਹਨ ਸਿੰਘ]
4. ਜਗੀਰ ਸਿੰਘ
5. ਮੀਆਂ ਮਿਹਰਦੀਨ ਲੁਹਾਰ ਕਾਲੰਕਾ
6. ਮੁਰਦੀਕਾ

ਕੁਛ ਦਿਨਾਂ ਪਿਛੋਂ 30.5.1919 ਨੂੰ ਮੌਤ ਦੀ ਸਜ਼ਾ ਟੁਟ ਕੇ ਕਾਲੇ ਪਾਣੀ ਹੋ ਗਈ ਅਤੇ 7.6.1919 ਇਹਨਾਂ ਨੂੰ ਕਾਲੇ ਪਾਣੀ ਤੋਰ ਦਿੱਤਾ ਗਿਆ ਜੋ ਬਾਦਸ਼ਾਹ ਜਾਰਜ ਪੰਜਵੇਂ ਦੇ ਹੁਕਮ ਨਾਲ 1920 ਵਿਚ ਖਤਮ ਹੋ ਗਈ ।

ਜਿਸ ਦਿਨ ਆਪ ਜੀ ਭਾਰਤ ਪੁਜੇ ਉਸ ਦਿਨ ਕਲਕਤੇ ਵਿਚ ਖਿਲਾਫਤ ਕਮੇਟੀ ਦਾ ਜਲਸਾ ਸੀ । ਇਕ ਦੁਕਾਨ ਤੇ ਕਪੜੇ ਸਵਾਦਿਆਂ ਨੂੰ ਡਾਕਟਰ ਕਿਚਲੂ ਨੇ ਵੇਖ ਲਿਆ ਤੇ ਸਦ ਕੇ ਆਪਣੇ ਨਾਲ ਲੈ ਗਿਆ, ਜਿਥੇ ਖਿਲਾਫਤ ਅਤੇ ਕਾਂਗਰਸੀ ਲੀਡਰਾਂ ਨੇ ਇਹਨਾਂ ਨਾਲ ਰਲਕੇ ਖਾਣਾ ਖਾਧਾ । ਜਿਸ ਤੇ ਕਲਕਤੇ ਦੀ ਪੁਲੀਸ ਨੇ ਇਹਨਾਂ ਨੂੰ ਫੜ ਕੇ ਗਡੀ ਚਾੜ੍ਹ ਕੇ ਨਾਲ ਜ਼ਿਲੇ ਵਾਰ ਇਕ ਇਕ ਸਿਪਾਹੀ ਦੇ ਕੇ ਟੋਰ ਦਿਤਾ । ਝਬਰ ਜੀ 11 ਮਾਰਚ 1920 ਨੂੰ ਆਪਣੇ ਘਰ ਪੁਜੇ ।

ਇਹਨਾਂ 11 ਮਹੀਨਿਆਂ ਦੀ ਕੈਦ ਨੇ ਝਬਰ ਜੀ ਦੇ ਜੀਵਨ ਵਿਚ ਪਲਟਾ ਲਿਆਂਦਾ । ਇਸ ਕੈਦ ਦੇ ਦੌਰਾਨ ਵਿਚ ਆਪ ਜੀ ਨੇ ਰਾਜਸੀ ਪੁਸਤਕਾਂ ਪੜ੍ਹੀਆਂ ਵੀ ਤੇ ਸੁਣੀਆਂ ਵੀ । ਜਿਥੇ ਆਪ ਜੀ ਦਾ ਦ੍ਰਿਸ਼ਟੀਕੋਣ ਪਹਿਲੇ ਨਿਰੋਲ ਧਾਰਮਕ ਸੀ, ਉਥੇ ਹੁਣ ਆਪ ਜੀ ਰਾਜਸੀ ਪਰਚਾਰਕ ਅਤੇ ਲੀਡਰ ਦੀ ਹੈਸੀਅਤ ਵਿਚ ਜਨ ਸਾਧਾਰਨ ਦੀਆਂ ਨਜ਼ਰਾਂ ਵਿਚ ਆਏ ।

ਇਸੇ ਸਾਲ (1920) ਵਿਚ ਹੀ ਗੁਰਦਵਾਰਾ ਬਾਬੇ ਦੀ ਬੇਰ ਸਿਆਲਕੋਟ ਦਾ ਮੋਰਚਾ ਜਿਤਿਆ ਤੇ ਬਾਬੇ ਖੜਕ ਸਿੰਘ ਜੀ ਦੀ ਪ੍ਰਧਾਨਗੀ ਹੇਠ ਕਮੇਟੀ ਬਣਾ ਕੇ ਗੁਰਦਵਾਰੇ ਦਾ ਪ੍ਰਬੰਧ ਪੰਥਕ ਹਥਾਂ ਵਿਚ ਲਿਆਂਦਾ । ਇਸੇ ਸਾਲ 12 ਅਕਤੂਬਰ 1920 ਨੂੰ ਖਾਲਸਾ ਬਰਾਦਰੀ ਜਲੂਸ ਦੀ ਸ਼ਕਲ ਵਿਚ ਪ੍ਰਸ਼ਾਦ ਚੜ੍ਹਾਨ ਸ੍ਰੀ ਹਰਿਮੰਦਰ ਸਾਹਿਬ ਆਏ, ਕਿੰਤੂ ਪੁਜਾਰੀਆਂ ਨੇ ਅਰਦਾਸਾ ਕਰਨ ਤੋਂ ਇਨਕਾਰ ਕਰ ਦਿੱਤਾ । ਇਤਨੇ ਨੂੰ ਭਾਈ ਕਰਤਾਰ ਸਿੰਘ ਝਬਰ ਤੇ ਭਾਈ ਤੇਜਾ ਸਿੰਘ ਭੁਚਰ ਆ ਗਏ । ਸਾਰੀ ਵਾਰਤਾ ਸੁਣ ਕੇ ਝਬਰ ਜੀ ਨੇ ਉਠ ਕੇ ਆਖਿਆ :

ਖਾਲਸਾ ਜੀ : ਇਹ ਹਰਿਮੰਦਰ, ਗੁਰੂ ਰਾਮਦਾਸ ਪਾਤਸ਼ਾਹ ਦਾ ਸਾਜਿਆ ਹੈ—ਜੇ ਕਰ ਪੁਜਾਰੀਆਂ ਦੇ ਵਡੇਰਿਆਂ ਨੇ ਬਨਾਇਆ ਹੈ ਤਾਂ ਜੋ ਮਰਜ਼ੀ ਆਵੇ ਕਰਨ—ਇਹ ਦਰਬਾਰ ਸਤਿਗੁਰੂ ਦਾ ਹੈ ਜਿਸਦਾ ਵਾਰਸ ਪੰਥ ਹੈ, ਅਤੇ ਪੁਜਾਰੀ ਝਾੜੂ ਬਰਦਾਰ ਹਨ । ਦੂਸਰੀ ਗਲ ਕਿਆ ਇਹ ਪੁਜਾਰੀ ਦਸ ਸਕਦੇ ਹਨ ਕਿ ਗੁਰਬਾਣੀ ਵਿਚ ਭਾਈ ਗੁਰਦਾਸ ਜੀ ਦੀ ਜਾਂ ਭਾਈ ਨੰਦ ਲਾਲ ਜੀ ਦੀ ਰਚਨਾ ਵਿਚ ਜਾਂ ਸੂਰਜ ਪ੍ਰਕਾਸ਼ ਵਿਚ ਪੰਥ ਪ੍ਰਕਾਸ਼ ਵਿਚ ਕਿਤੇ ਲਿਖਿਆ ਹੈ ਕਿ ਜਟਾਂ, ਖਤ੍ਰੀਆਂ, ਰਾਮਗੜ੍ਹੀਆਂ ਅਤੇ ਹਿੰਦੂਆਂ ਦਾ ਪ੍ਰਸ਼ਾਦ ਚੜ੍ਹ ਸਕਦਾ ਹੈ ਤੇ ਖਾਲਸਾ ਬਰਾਦਰੀ ਦਾ ਨਹੀਂ ਚੜ੍ਹ ਸਕਦਾ । ਪੁਜਾਰੀ ਨਿਰੁਤਰ ਹੋ ਗਏ ਤੇ ਅਰਦਾਸਾ ਕਰ ਦਿਤਾ ਅਤੇ ਹੁਕਮ ਆਇਆ :—

ਸੋਰਠ ਮ: 3 ਦੁਤੁਕੀ

ਨਿਰਗੁਣਿਆਂ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥ (638)

ਹੁਕਮ ਉਪਰੰਤ ਪ੍ਰਸ਼ਾਦ ਵਰਤੀਣ ਲੱਗਾ ਤਾਂ ਕਈ ਬੈਠੇ ਪੁਜਾਰੀ ਉਠ ਕੇ ਟੁਰ ਗਏ—ਪ੍ਰਸ਼ਾਦ ਨਾ ਲਿਆ—ਸੰਗਤ ਪ੍ਰਸ਼ਾਦ ਲੈ ਕੇ ਅਕਾਲ ਤਖਤ ਸਾਹਿਬ ਆਈ । ਜਦ ਸੰਗਤ ਬਰਾਜਮਾਨ ਹੋ ਗਈ ਤਾਂ ਪੁਜਾਰੀ ਤਖਤ ਸਾਹਿਬ ਸੁੰਞਾ ਛਡ ਕੇ ਜਾ ਚੁਕੇ ਸਨ । ਸੱਦਨ ਤੇ ਵੀ ਪੁਜਾਰੀ ਨਾ ਆਏ ਅਤੇ ਉਸੇ ਦਿਨ ਅਕਾਲ ਤਖਤ ਸਾਹਿਬ ਤੇ ਵੀ ਖਾਲਸੇ ਦਾ ਕਬਜ਼ਾ ਹੋ ਗਿਆ—ਤੇ ਭਾਈ ਤੇਜਾ ਸਿੰਘ ਭੁਚਰ ਜਥੇ ਸਮੇਤ ਆਪੋ ਆਪਣੀ ਡਿਊਟੀ ਤੇ ਤਤਪਰ ਹੋ ਗਏ । ਭੁਚਰ ਜੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਥਾਪੇ ਗਏ ।

ਸ਼ਰੋਮਣੀ ਕਮੇਟੀ ਦਾ ਮੁਢ

14 ਅਕਤੂਬਰ 1920 ਨੂੰ ਸਵੇਰੇ ਸ: ਸੁੰਦਰ ਸਿੰਘ ਰਾਮਗੜ੍ਹੀਆ ਸਰਬਰਾਹ ਸ੍ਰੀ ਦਰਬਾਰ ਸਾਹਿਬ ਆਇਆ ਤੇ ਝਬਰ ਜੀ ਤੇ ਭੁਚਰ ਜੀ ਨੂੰ ਆਖਿਆ ਤੁਸਾਂਨੂੰ ਡਿਪਟੀ ਕਮਿਸ਼ਨਰ ਨੇ ਸਦਿਆ ਹੈ—ਦੁਹਾਂ ਸਿੰਘਾਂ ਨੇ ਉਤਰ ਦਿਤਾ ਕਿ ਗ੍ਰਿਫਤਾਰ ਕਰਕੇ ਲੈ ਜਾਵੇ, ਅਸੀਂ ਆਪਣੇ ਆਪ ਨਹੀਂ ਜਾਂਦੇ, ਉਸ ਨੇ ਉਵੇਂ ਜਾ ਕੇ ਕਹਿ ਦਿਤਾ । ਡੀ. ਸੀ. ਨੇ ਫਿਰ ਉਸਨੂੰ ਘਲਿਆ ਕਿ ਮੈਂ ਕਚਹਿਰੀ ਨਹੀਂ ਆਪਣੇ ਘਰ ਸਦਿਆ ਹੈ ਤਾਂ ਇਹ ਕਝ ਹੋਰ ਸਜਣਾ ਨੂੰ ਨਾਲ ਲੈ ਕੇ ਰਾਮ ਬਾਗ ਡੀ. ਸੀ. ਦੀ ਕੋਠੀ ਗਏ ।

ਅਕਾਲੀ ਦਲ—ਖਰਾ ਸੌਦਾ, ਬਾਰ

ਭਾਈ ਕਰਤਾਰ ਸਿੰਘ ਝੱਬਰ ਨੇ 24 ਦਸੰਬਰ 1920 ਨੂੰ ਜਿਲਾ ਸੇਖੂਪੁਰਾ ਦੇ ਸਿਰ ਕਢਦੇ ਸਿਖਾਂ ਦੀ ਇਕ ਇਕਤ੍ਰਤਾ ਸੱਦੀ ਜਿਸ ਵਿਚ ਅਕਾਲੀ ਜਥਾ ਖਰਾ ਸੌਦਾ ਬਾਰ ਦੀ ਸਥਾਪਨਾ ਕੀਤੀ ਗਈ ਜਿਸ ਦੇ ਜਥੇਦਾਰ ਝਬਰ ਜੀ ਨੂੰ ਹੀ ਨਿਯੁਕਤ ਕੀਤਾ ਗਿਆ ਅਤੇ 27 ਦਸੰਬਰ ਜਥੇ ਦੀ ਇਕਤ੍ਰਤਾ ਖਰੇ ਸੌਦੇ ਗੁਰਦਵਾਰੇ ਸਦੀ ਗਈ ।

ਗੁਰਦੁਆਰਾ ਸੱਚੇ ਸੌਦੇ ਦਾ ਕਬਜ਼ਾ

26 ਦਸੰਬਰ 1920 ਨੂੰ 12 ਵਜੇ 40-50 ਸਿੰਘ ਗੁਰਦਵਾਰਾ ਖਰਾ ਸੌਦਾ ਪੁਜੇ । ਭਾਈ ਦਲੀਪ ਸਿੰਘ ਸਾਹੋਵਾਲੀਯਾ (ਜੋ ਪਿਛੋਂ ਨਨਕਾਣਾ ਸਾਹਿਬ ਸ਼ਹੀਦ ਹੋਏ) ਵੀ ਪੁਜ ਗਏ । ਮਹੰਤ ਨੂੰ ਜਥੇਦਾਰ ਜੀ ਨੇ ਸਦ ਕੇ ਉਸ ਤੋਂ ਕਬਜ਼ਾ ਲਿਖਵਾ ਲਿਆ ਤੇ ਗੁਰਦਵਾਰੇ ਤੋਂ ਬਾਹਰ ਕੱਢ ਦਿਤਾ—ਮਹੰਤ ਨੂੰ ਦਿੱਸ ਪਿਆ ਸੀ ਕਿ ਕਬਜ਼ਾ ਛੱਡਣਾ ਹੀ ਪੈਣਾ ਏ । ਮਹੰਤਣੀ ਈਸ ਕੌਰ ਨੂੰ ਗੁਜ਼ਾਰਾ ਦੇ ਦਿਤਾ ਜੋ ਲੈ ਕੇ ਆਪਣੇ ਘਰ ਭੰਨੰਹਤ ਪਿੰਡ ਚਲੀ ਗਈ ।

ਸ਼ਰੋਮਣੀ ਅਕਾਲੀ ਦਲ ਦਾ ਮੁੱਢ

24 ਜਨਵਰੀ 1921 ਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਵਿਚ ਝੱਬਰ ਨੇ ਪੰਜਾ ਸਾਹਿਬ ਗੁਰਦਵਾਰੇ ਦੇ ਕਬਜ਼ੇ ਦੇ ਹਾਲਾਤ ਸੁਣਾ ਕੇ ਆਖਿਆ ਕਿ ਅਸਾਨੂੰ ਗੁਰਦਵਾਰੇ ਆਜ਼ਾਦ ਕਰਾਉਣ ਵਾਸਤੇ ਇਕ ਜਥਾ ਜਿਸਦਾ ਨਾਮ ਅਕਾਲੀ ਦਲ[1] ਹੋਵੇ ਕਾਇਮ ਕਰਨਾ ਚਾਹੀਦਾ ਹੈ । ਜਿਸ ਦੇ ਦੋ ਸੌ ਸਿੰਘ ਹਰ ਵੇਲੇ ਹੈਡਕਵਾਰਟਰ ਵਿਚ ਰਹਿਣ । ਇਹ ਪੁਰਾਤਨ ਅਕਾਲੀ ਸਿੰਘਾਂ ਵਾਂਗੂ ਬਗੈਰ ਤਨਖਾਹ ਜਾਂ ਮੁਆਵਜ਼ੇ ਦੇ, ਜਿਥੇ ਵੀ ਗੁਰਦਵਾਰਾ ਸੁਧਾਰ ਖਾਤਰ ਜਾਣਾ ਪਵੇਗਾ ਜਾਣਗੇ । ਇਹ ਮਤਾ ਸਰਬ ਸੰਮਤੀ ਨਾਲ ਪਾਸ ਹੋ ਗਿਆ ਅਤੇ ਸ਼ਰੋਮਣੀ ਅਕਾਲੀ ਦਲ ਦੀ ਬੁਨਿਆਦ ਰਖੀ ਗਈ ।

ਗੁਰਦਵਾਰਾ ਸ੍ਰੀ ਤਰਨ ਤਾਰਨ ਦਾ ਕਬਜ਼ਾ

26 ਜਨਵਰੀ 1921 ਨੂੰ ਸ੍ਰੀ ਅਕਾਲ ਤਖਤ ਸਾਹਿਬ ਉਪਰਲੀ ਮੰਜ਼ਲ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਹੋ ਰਹੀ ਸੀ ਅਤੇ ਅਕਾਲ ਤਖਤ ਸਾਹਿਬ ਦੇ ਅਗੇ ਸਜੇ ਦੀਵਾਨ ਵਿਚ ਤਰਨ ਤਾਰਨ ਤੋਂ ਆਏ ਸਿੰਘਾਂ ਨੇ ਉਥੋਂ ਦੇ ਪੁਜਾਰੀਆਂ ਦੇ ਅਤਿਆਚਾਰ ਜੋ ਉਹ ਆਈਆਂ ਸੰਗਤਾਂ ਨਾਲ ਕਰਦੇ ਸਨ ਦਸੇ । ਇਸ ਕਹਾਣੀ ਨੂੰ ਸੁਣਦੇ ਸਾਰ ਦੀਵਾਨ ਵਿਚ ਬੈਠੇ ਸਿੰਘਾਂ ਨੇ ਬਗੈਰ ਕਿਸੇ ਨੂੰ ਪੁਛਣ ਦੇ ਗੁਰਦਵਾਰਾ ਤਰਨ ਤਾਰਨ ਤੇ ਕਬਜ਼ਾ ਕਰਨ ਦਾ ਅਰਦਾਸਾ ਸੋਧ ਦਿਤਾ । ਮੀਟਿੰਗ ਦੀ ਸਮਾਪਤੀ ਤੇ ਜਦੋਂ ਮੈਂਬਰਾਂ ਨੂੰ ਥੱਲੇ ਆ ਕੇ ਅਰਦਾਸੇ ਦਾ ਪਤਾ ਲਗਾ ਤਾਂ ਸਾਰਿਆਂ ਨੇ ਇਸ ਗਲ ਦਾ ਬੁਰਾ ਮਨਾਇਆ । ਝਬਰ ਅਤੇ ਬੂਚਰ ਨੇ ਸਭ ਨੂੰ ਸਮਝਾਇਆ ਕਿ ਚੁਣ ਚੁਪ ਕਰ ਜਾਵੋ; ਅਰਦਾਸਾ ਤਖਤ ਸਾਹਿਬ ਅਗੇ ਹੋਇਆ ਹੈ ਇਸ ਤੇ ਅਮਲ ਕਰਨਾ ਹੀ ਪਵੇਗਾ ਅਤੇ ਦੋਹਾਂ ਜਥੇਦਾਰਾਂ ਤਿਆਰੀ ਆਰੰਭ ਦਿਤੀ । ਝਬਰ ਜੀ ਨੇ ਖਰੇ ਸੌਦੇ ਦੇ ਜਥੇ ਨੂੰ ਸੱਦ ਘਲਿਆ । ਜੋ ਅਗਲੇ ਦਿਨ ਸਵੇਰੇ ਪੁਜ ਗਿਆ ।

28 ਜਨਵਰੀ 1921 ਨੂੰ ਸਵੇਰੇ ਅੰਮ੍ਰਿਤ ਵੇਲੇ ਜਥਾ ਤਰਨ ਤਾਰਨ ਜਾ ਪੁਜਾ ਅਗੋਂ ਪਤਾ ਲਗਾ ਜੋ ਪੁਜਾਰੀਆਂ ਵੀ ਪੂਰੀ ਤਿਆਰੀ ਕੀਤੀ ਹੋਈ ਹੈ । ਜਥੇ ਦੇ ਆਵਣ ਤੇ ਪੁਜਾਰੀ ਤੇਜਾ ਸਿੰਘ ਨੇ ਆਖਿਆ, "ਅਸੀਂ ਇਥੇ ਪੁਜਾਰੀਆਂ ਦੇ ਦੋ ਸੌ ਘਰ ਹਾਂ ਅਤੇ ਅਸੀਂ ਘਟੋ ਘਟ 1000 ਮਨੁਖ ਹਾਂ । ਅਸੀਂ ਜਥੇ ਨੂੰ ਦੱਸਾਂਗੇ ਕਿ ਕਿਵੇਂ ਗੁਰਦਵਾਰੇ ਤੇ ਕਬਜ਼ਾ ਕੀਤਾ ਜਾਂਦਾ ਹੈ ।

ਝੱਬਰ ਨੇ ਆਖਿਆ, "ਅਕਾਲ ਤਖਤ ਸਾਹਿਬ, ਹਰਿਮੰਦਰ ਸਾਹਿਬ ਅਤੇ ਤਰਨਤਾਰਨ ਸਾਹਿਬ ਦਾ ਗੁਰਦਵਾਰਾ ਚੂੰਕਿ ਸਰਕਾਰੀ ਸਰਬਰਾਹ ਦੇ ਥੱਲੇ ਸਨ ਇਸ ਵਾਸਤੇ ਜਦੋਂ ਪਹਿਲੇ ਦੋ ਗੁਰ ਅਸਥਾਨ ਪੰਥ ਦੇ ਕਬਜ਼ੇ ਵਿੱਚ ਆ ਗਏ ਤਾਂ ਤੀਸਰਾ ਵੀ ਪੰਥ ਦੇ ਕਬਜ਼ੇ ਵਿੱਚ ਕਾਨੂੰਨੀ ਤੌਰ ਤੇ ਆ ਚੁੱਕਾ ਹੈ । ਜਥਾ ਤਾਂ ਇਥੋਂ ਲੁਚਿਆਂ ਨੂੰ ਕੱਢਣ ਵਾਸਤੇ ਆਇਆ ਹੈ ਜੋ ਹਿੱਸਾ ਤਾਂ ਗੁਰੂ ਕੀ ਗੋਲਕ ਵਿਚੋਂ ਲੈਂਦੇ ਹਨ ਪਰ ਸ਼ਰਾਬ ਪੀਂਦੇ ਹਨ, ਕੁਠਾ ਖਾਂਦੇ ਹਨ, ਹਜਾਮਤਾਂ ਕਰਵਾਉਂਦੇ, ਰੰਡੀਆਂ ਦੇ ਜਾਂਦੇ ਹਨ, ਆਈਆਂ ਸੰਗਤਾਂ ਦਾ ਤ੍ਰਸਕਾਰ ਕਰਦੇ ਅਤੇ ਉਸ ਤੋਂ ਅੱਗੇ ਲੰਘ ਆਰੀਆ ਸਮਾਜ ਦੇ ਦੁਮਛੱਲੇ ਬਣੇ ਫਿਰਦੇ ਹਨ । ਸਾਡਾ ਗੁਰੂ ਕੇ ਸਿੱਖੀ ਨਾਲ ਕੋਈ ਵਿਰੋਧ ਨਹੀਂ । ਅਸਾਂ ਤਾਂ ਖਰਾਬੀਆਂ ਦੂਰ ਕਰਨ ਆਏ ਹਾਂ ।"

ਇਸੇ ਦੌਰਾਨ ਭਾਈ ਮੋਹਣ ਸਿੰਘ ਜੀ ਵੈਦ ਅਤੇ ਹੋਰ ਸਿਆਣੇ ਸਿਆਣੇ ਬੰਦੇ ਪੁਜਾਰੀਆਂ ਨਾਲ ਸਮਝੌਤੇ ਦੀ ਗੱਲਬਾਤ ਕਰ ਰਹੇ ਸਨ ਕਿੰਤੂ ਪੁਜਾਰੀਆਂ ਨੇ ਆਪਣੇ ਹਾਮੀਆਂ ਨੂੰ ਸੱਦਣ ਵਾਸਤੇ ਪਿੰਡ ਪਿੰਡ ਬੰਦੇ ਭਜਾ ਦਿੱਤੇ । ਜਦੋਂ ਪਿੰਡਾਂ ਵਿੱਚ ਪਤਾ ਲੱਗਾ ਕਿ ਜਥਾ ਆਇਆ ਹੈ ਤਾਂ ਪੁਜਾਰੀਆਂ ਨਾਲ ਕੋਈ ਇੱਕ ਅੱਧਾ ਤੁਰੇ ਤੇ ਜਥੇ ਦੀ ਮਦਦ ਲਈ ਬਾਕੀ ਦਾ ਸਾਰਾ ਪਿੰਡ ਹੀ ਟੁਰੇ । ਤਰਕਾਲਾਂ ਨੂੰ ਛੇ-ਸੱਤ ਹਜ਼ਾਰ ਦੀ ਭੀੜ ਹੋ ਗਈ । ਅਮਰ ਸਿੰਘ

---

1. ਸਿਖ ਰਾਜ ਸਮੇਂ ਅਕਾਲੀ ਫੂਲਾ ਸਿੰਘ ਜੀ ਨੇ ਅਕਾਲ ਰਜਮੰਟ ਖੜੀ ਕੀਤੀ ਸੀ । ਜਿਸ ਦੇ ਅਕਾਲੀ ਸਿੰਘ ਤਨ ਮਨ ਧਨ ਗੁਰੂ ਦਾ ਜਾਣ ਕੇ ਨਿਸ਼ਕਾਮ ਸੇਵਾ ਕਰਦੇ ਸਨ ।

ਡੀ. ਸੀ. ਨੇ ਆਖਿਆ ਸਰਕਾਰ ਦਾ ਕੋਈ ਖਿਆਲ ਗੁਰਦਵਾਰੇ ਤੇ ਕਬਜ਼ਾ ਰਖਣ ਦਾ ਨਹੀਂ। ਤੁਸੀਂ ਕਬਜ਼ਾ ਕਰ ਹੀ ਚੁਕੇ ਹੋ—ਇਸ ਵਾਸਤੇ ਤੁਸੀਂ ਕੋਈ ਆਰਜ਼ੀ ਕਮੇਟੀ ਮੁਕਰਰ ਕਰ ਲਵੋ ਤੇ ਕੰਮ ਚਲਾਵੋ। ਵਡੀ ਕਮੇਟੀ ਬਾਅਦ ਵਿਚ ਬਣਾ ਲੈਣੀ, ਉਸੇ ਵੇਲੇ ਨੌਂ ਮੈਂਬਰਾਂ ਦੀ ਕਮੇਟੀ ਬਣਾਈ ਗਈ ਅਤੇ ਡੀ. ਸੀ. ਨੇ ਗੁਰਦਵਾਰਿਆਂ ਦਾ ਕਬਜ਼ਾ ਖਾਲਸੇ ਨੂੰ ਵਖਰੇ ਕਾਗਜ਼ ਤੇ ਲਿਖ ਦਿਤਾ। ਮੁੱਕਦੀ ਗਲ 14 ਅਕਤੂਬਰ 1920 ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਖਾਲਸੇ ਦੇ ਕਬਜ਼ੇ ਵਿਚ ਆਏ ਅਤੇ ਉਸੇ ਦਿਨ ਸ਼੍ਰੋਮਣੀ ਕਮੇਟੀ ਦਾ ਮੁੱਢ ਬੱਝਾ। ਇਸ ਕਾਮਯਾਬੀ ਦਾ ਸਿਹਰਾ ਭਾਈ ਕਰਤਾਰ ਸਿੰਘ ਝਬਰ ਦੇ ਸਿਰ ਹੈ।

ਸਿਖ ਲੀਗ

ਲਾਹੌਰ ਬਰੈਡਲਾ ਹਾਲ ਵਿਚ ਸਿਖ ਲੀਗ ਦੀ ਮੀਟਿੰਗ ਸੀ। 19 ਅਕਤੂਬਰ 1920 ਨੂੰ ਭਾਈ ਕਰਤਾਰ ਸਿੰਘ ਝਬਰ ਜੀ ਨੇ ਤਕਰੀਰ ਕੀਤੀ ਅਤੇ ਆਖਿਆ :

1) ਸਾਨੂੰ ਆਪਣੀ ਜਥੇਬੰਦੀ ਮਜ਼ਬੂਤ ਕਰਕੇ ਕੌਮ ਅਤੇ ਦੇਸ਼ ਵਾਸਤੇ ਕੁਰਬਾਨੀ ਕਰਨੀ ਚਾਹੀਦੀ ਹੈ।

2) ਅਸਾਂ ਨਾ ਮਿਲਵਰਤਨ ਦਾ ਮਤਾ ਅਜ ਹੀ ਪਾਸ ਕਰਨਾ ਹੈ। ਔਰ ਅਗਰ ਅਸਾਂ ਭਲਕੇ, ਮਿਸਟਰ ਗਾਂਧੀ ਦੀ ਤਕਰੀਰ ਪਿਛੋਂ ਕੀਤਾ ਤਾਂ ਮਿ: ਗਾਂਧੀ ਦੇ ਪਿਛਲਗ ਸਮਝੇ ਜਾਵਾਂਗੇ।

3) ਸਾਨੂੰ ਕਾਂਗਰਸ ਪਾਰਟੀ ਵਿਚ ਉਦੋਂ ਸ਼ਾਮਲ ਹੋਣਾ ਚਾਹੀਦਾ ਹੈ ਜਦੋਂ ਕਾਂਗਰਸ ਸਿਖਾਂ ਦੇ ਹਕੂਕ[1] ਦਾ ਫੈਸਲਾ ਕਰ ਲਵੇ।

ਜਲਸੇ ਦੇ ਗਾਂਧੀ ਭਗਤ ਪ੍ਰਬੰਧਕਾਂ ਨੇ ਇਹਨਾਂ ਵਿਚਾਰਾ ਨੂੰ ਆਏ ਗਏ ਕਰ ਛਡਿਆ। ਤੇ ਅਗਲੇ ਦਿਨ ਮਿ: ਗਾਂਧੀ ਦੀ ਤਕਰੀਰ ਪਿਛੋਂ ਕੇਵਲ ਨਾ ਮਿਲਵਰਤਨ ਦਾ ਮਤਾ ਪਾਸ ਕਰ ਦਿੱਤਾ। 20-10-1920 ਨੂੰ ਮਿ: ਗਾਂਧੀ ਨੇ ਇਕ ਹੋਰ ਗਲ ਆਖੀ "ਮੁਝੇ ਮਾਲੂਮ ਹੂਆ ਹੈ ਕਿ ਕੁਛ ਨੌਜਵਾਨ ਸਿਖ ਗੁਰਦੁਆਰੋਂ ਪਰ ਕਬਜ਼ੇ[2] ਕਰ ਰਹੇ ਹੈ। ਯਿਹ ਠੀਕ ਨਹੀਂ ਹੈ। ਮਹੰਤ ਲੋਗੋਂ ਕੋ ਨਿਕਾਲ ਕਰ ਕਬਜ਼ਾ ਕਰਨਾ ਜਬਰ ਹੈ। ਕਾਂਗਰਸ ਕਾ ਕਾਮ ਕਰਨਾ ਚਾਹੀਏ" ਕਿੰਤੂ ਡਾਕਟਰ ਸੈਫ-ਦੀਨ ਕਿਚਲੂ ਨੇ ਮਿ: ਗਾਂਧੀ ਦੇ ਵਿਚਾਰਾਂ ਦਾ ਖੰਡਨ ਕਰਦਿਆਂ ਹੋਇਆ ਆਖਿਆ :—

"ਮਿਸਟਰ[3] ਗਾਂਧੀ ਕਾ ਯਿਹ ਕਹਿਨਾ ਠੀਕ ਨਹੀਂ ਹੈ ਕਿਉਂਕਿ ਜੋ ਕਾਮ ਹਿੰਦੂਓ ਨੇ ਕਾਂਗਰਸ ਮੇਂ 35 ਸਾਲ ਮੇਂ ਔਰ ਮੁਸਲਿਮ ਲੀਗ ਨੇ 25 ਸਾਲ ਮੇਂ ਨਹੀਂ ਕੀਯਾ ਵੁਹ ਖਾਲਸਾ ਜੀ ਨੇ ਪਾਂਚ ਮਹੀਨੋਂ ਮੇਂ ਕਰ ਦਿਖਾਇਆ ਹੈ।"

ਸ਼੍ਰੋਮਣੀ ਗੁ: ਪ੍ਰ: ਕਮੇਟੀ

ਪਹਿਲੀ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਚੋਣ 15 ਨਵੰਬਰ 1920 ਨੂੰ ਹੋਈ। ਜਿਸਦੇ ਪਹਿਲੇ ਪ੍ਰਧਾਨ ਸ: ਸੁੰਦਰ ਸਿੰਘ ਜੀ ਮਜੀਠੀਆ ਚੁਣੇ ਗਏ। ਇਸ ਕਮੇਟੀ ਦੇ ਹਰ ਇਕ ਮੈਂਬਰ ਦੀ ਸੁਧਾਈ ਸ੍ਰੀ ਅਕਾਲ ਤਖਤ ਸਾਹਿਬ ਕੀਤੇ ਜਾਣ ਪਿਛੋਂ ਕਮੇਟੀ ਵਿਚ ਸ਼ਾਮਲ ਕੀਤਾ ਗਿਆ।

ਗੁਰਦਵਾਰਾ ਪੰਜਾ ਸਾਹਿਬ ਤੇ ਪੰਥ ਦਾ ਕਬਜ਼ਾ

ਸ਼੍ਰੋਮਣੀ ਕਮੇਟੀ ਦੀ ਦੂਸਰੀ ਮੀਟਿੰਗ ਵਿਚ ਖਬਰ ਪੁੱਜੀ ਕਿ ਗੁਰਦਵਾਰਾ ਪੰਜਾ ਸਾਹਿਬ ਦਾ ਮਹੰਤ ਮਿੱਠਾ ਸਿੰਘ ਚਲਾਣਾ ਕਰ ਗਿਆ ਹੈ। ਵਿਚਾਰ ਹੋਈ ਕਿ ਪੰਜਾ ਸਾਹਿਬ ਜਥਾ ਭੇਜਿਆ ਜਾਵੇ। ਭਾਈ ਕਰਤਾਰ ਸਿੰਘ ਝਬਰ ਨੂੰ ਜਥਾ ਦੇ ਕੇ ਭੇਜਿਆ ਗਿਆ ਜਿਨ੍ਹਾਂ ਆਪਣੇ ਸਿਖੀ ਸਿਦਕ, ਬਾਹੂ ਬਲ ਤੇ ਹਿਕਮਤ ਅਮਲੀ ਨਾਲ ਗੁਰਦੁਆਰੇ ਪੰਜਾ ਸਾਹਿਬ ਦਾ ਕਬਜ਼ਾ ਹਾਸਲ ਕੀਤਾ। ਕਤਕ ਪੂਰਨਮਾਸ਼ੀ ਦੇ ਜੋੜ ਮੇਲੇ ਤੇ ਪੋਠੋਹਾਰੀ ਸਜਣਾਂ ਦੀ ਇਕ ਕਮੇਟੀ ਬਣਾ ਕੇ ਗੁਰਦਵਾਰੇ ਦਾ ਪ੍ਰਬੰਧ ਉਹਨਾਂ ਦੇ ਸਪੁਰਦ ਕਰ ਝੱਬਰ ਜੀ ਘਰਾਂ ਨੂੰ ਪਰਤ ਆਏ।

---

1. ਸਿਖ ਹਕੂਕ, ਜੋ ਕਾਂਗਰਸ ਦੇ ਸਾਮਣੇ ਰੱਖੇ ਗਏ :—

   (ੳ) ਕਾਂਗਰਸ ਦੇ ਤਿਰੰਗੇ ਝੰਡੇ ਵਿਚ ਖਾਲਸੇ ਦਾ ਪੀਲਾ ਨਿਸ਼ਾਨ ਸ਼ਾਮਲ ਕੀਤਾ ਜਾਵੇ।

   (ਅ) ਸਿਖਾਂ ਨੂੰ ਇੱਕ ਵਡੀ ਘਟ ਗਿਣਤੀ (Minority) ਕਰਾਰ ਦਿੱਤਾ ਜਾਵੇ।

   (ੲ) ਪੰਜਾਬੀ ਭਾਸ਼ਾ ਦਾ ਖਾਸ ਖਿਆਲ ਰਖਿਆ ਜਾਵੇ।

2. ਗਾਂਧੀ ਨੇ ਪਹਿਲਾਂ ਤਾਂ ਆਪਣੇ ਮਨੋਂ ਬੜਾ ਕੱਦੂ ਵਿਚ ਤੀਰ ਮਾਰਿਆ। ਮਗਰੋਂ ਜਾ ਕੇ ਚਾਬੀਆਂ ਦੇ ਮੋਰਚੇ ਦੀ ਸਫਲਤਾ ਨੂੰ ਅੱਧੀ ਜੰਗ ਆਜ਼ਾਦੀ ਦੀ ਜਿਤ ਦੱਸ ਕੇ ਆਪਣੇ ਇਸ ਥੁਕੇ ਨੂੰ ਚਟਿਆ।

3. ਡਾ: ਕਿਚਲੂ ਸਹੀ ਅਰਥਾਂ ਵਿਚ ਪੰਜਾਬ ਦਾ ਇਕ ਨੈਸ਼ਨਾਲਿਸਟ ਲੀਡਰ ਸੀ। ਜਿਸ ਵਿਚ ਮੂੰਹ ਤੇ ਸੱਚ ਆਖਣ ਦੀ ਜੁਰਅਤ ਸੀ।

ਸ: ਅਮਰ ਸਿੰਘ — ਅੰਮ੍ਰਿਤਸਰ ਜਾਣ ਦੀ ਕੀ ਲੋੜ ਹੈ ਅਸੀਂ ਏਥੇ ਹੀ ਮਹੰਤ ਕੋਲੋਂ ਉਸਦੀ ਲਿਖਤ ਕਰਵਾ ਲੈਂਦੇ ਹਾਂ।

(ਥੋੜੇ ਚਿਰ ਪਿਛੋਂ ਸ: ਅਮਰ ਸਿੰਘ ਮਹੰਤ ਕੋਲੋਂ ਸਾਦਾ ਕੋਰੇ ਕਾਗਜ਼ ਤੇ ਲਿਖਵਾ ਲਿਆਏ ਕਿ ਗੁਰਦੁਆਰਾ ਗੁਰੂ ਕਾ ਬਾਗ ਸ਼ਰੋਮਣੀ ਗੁ: ਪ੍ਰਬੰਧਕ ਕਮੇਟੀ ਹਵਾਲੇ ਕਰਦਾ ਹਾਂ ਅਤੇ ਅਗੋਂ ਨੂੰ ਸ਼ਰੋਮਣੀ ਗੁ: ਪ੍ਰ: ਕਮੇਟੀ ਦੇ ਹੁਕਮ ਅਨੁਸਾਰ ਚਲਾਂਗੇ।

ਭਾ: ਕਰਤਾਰ ਸਿੰਘ— ਸਰਦਾਰ ਜੀ ਇਹ ਕਾਗਜ਼ ਕੱਚਾ ਹੈ। ਦੂਜੇ ਜੇ ਮਹੰਤ ਨੂੰ ਇਕ ਵਾਰੀਂ ਕੱਢਿਆ ਨਾ ਗਿਆ ਤਾਂ ਕਬਜ਼ਾ ਫਿਰ ਇਸੇ ਦਾ ਹੀ ਸਿਧ ਹੋਵੇਗਾ। ਇਸ ਨੂੰ ਘਟੋਂ ਘਟ ਇਕ ਹਫਤਾ ਗੁਰਦਵਾਰੇ ਦੀ ਜ਼ਮੀਨ ਵਿਚੋਂ ਬਾਹਰ ਕਢ ਕਬਜ਼ਾ ਤੋੜਨਾ ਚਾਹੀਦਾ ਹੈ।

ਸ: ਅਮਰ ਸਿੰਘ — (ਬੜੇ ਗੁੱਸੇ ਨਾਲ) ਝਬਰ ਜੀ ਤੁਸੀਂ ਸਾਡੀ ਲੋਕਲ ਆਦਮੀਆਂ ਦੀ ਰੱਤੀ ਪ੍ਰਵਾਹ ਨਹੀਂ ਕਰਦੇ। ਇਹੋ ਜਹੇ ਮਾਮਲਿਆਂ ਦੀ ਜ਼ਿੰਮੇਵਾਰੀ ਤਾਂ ਲੋਕਲ ਆਦਮੀਆਂ ਸਿਰ ਹੁੰਦੀ ਹੈ।

ਭਾ: ਕਰਤਾਰ ਸਿੰਘ— ਸ: ਅਮਰ ਸਿੰਘ ਤੁਸੀਂ ਬੜੀ ਭਾਰੀ ਭੁਲ[1] ਕਰ ਰਹੇ ਹੋ। ਅਸੀਂ ਤੁਹਾਡੇ ਨਾਲ ਝਗੜਾ ਨਹੀਂ ਪਾਂਦੇ ਜਿਵੇਂ ਮਰਜ਼ੀ ਆਵੇ ਕਰੋ। ਪਰ ਇਲਾਕੇ ਦੀਆਂ ਹਾਜ਼ਰ ਸੰਗਤਾਂ ਵਿਚੋਂ, ਚੋਣ ਕਰਕੇ ਇਕ ਕਮੇਟੀ ਬਨਾ ਲਵੋ, ਤੇ ਪ੍ਰਬੰਧ ਉਸ ਨੂੰ ਸੌਂਪ ਦੇਵੋ।

ਕਮੇਟੀ ਚੁਣੀ ਗਈ ਪ੍ਰਬੰਧ ਉਸ ਦੇ ਸਪੁਰਦ ਹੋ ਗਿਆ ਤੇ ਝਬਰ ਜੀ ਜਥੇ ਸਮੇਤ, ਤੀਜੇ ਦਿਨ ਅੰਮ੍ਰਿਤਸਰ ਵਾਪਸ ਆ ਗਏ।

ਨਜ਼ਦੀਕੀ ਹੋਰ ਗੁਰ ਅਸਥਾਨਾਂ ਦੇ ਕਬਜ਼ੇ

7, 8 ਅਤੇ 9 ਫਰਵਰੀ ਨੂੰ ਸੱਚੇ ਸੌਦੇ ਜੋੜ ਮੇਲਾ ਕਰ 10-2-21 ਨੂੰ ਕੋਰ ਬਾਵਾ ਕਿਰਪਾ ਰਾਮ (ਦਰਮਿਆਨ ਚੂਹੜਕਾਣਾ ਤੇ ਪਿੰਡ ਵਰਨ) ਜਾਂ ਕਬਜ਼ਾ ਕੀਤਾ। 11-2-21 ਨੂੰ ਮਾਛੀਕੇ ਅਤੇ 12-2-21 ਨੂੰ ਸ਼ੇਖੂਪੁਰੇ ਗੁਰਦਵਾਰਾ ਰਾਣੀ ਨਕਾਇਨ ਤੇ ਜਾ ਕਬਜ਼ਾ ਕੀਤਾ। 1926 ਵਿਚ ਗੁਰਦਵਾਰਾ ਐਕਟ ਬਣ ਜਾਣ ਤੇ ਇਹ ਤਿੰਨੇ ਗੁਰਦਵਾਰੇ ਉਦਾਸੀਆਂ ਵਾਪਸ ਲੈ ਲਏ।

ਸ੍ਰੀ ਨਨਕਾਣਾ ਸਾਹਿਬ ਤੇ ਕਬਜ਼ਾ

ਫਰਵਰੀ 1921 ਦੇ ਸ਼ੁਰੂ ਵਿਚ ਝਬਰ ਨੇ ਸ਼ਰੋਮਣੀ ਕਮੇਟੀ ਦੇ ਇਜਲਾਸ ਵਿਚ ਬੇਨਤੀ ਕੀਤੀ ਕਿ ਸ੍ਰੀ ਨਨਕਾਣਾ ਸਾਹਿਬ ਦਾ ਮਹੰਤ ਨਰਾਇਣ ਦਾਸ ਅਤਿ ਲੁਚਾ, ਲੁਚਿਆਂ ਦਾ ਸਰਦਾਰ ਅਤੇ ਰਖਿਅਕ ਹੈ - ਉਹ ਆਏ ਗਏ ਯਾਤਰੂਆਂ ਦੀ ਬੇਪਤੀ ਕਰਦਾ ਹੈ, ਇਕ ਸਿੰਧੀ ਅਤੇ ਛੇ ਹੋਰ ਗੁਰਦਵਾਰੇ ਆਈਆਂ ਬੀਬੀਆਂ ਦੀ ਬੇਪਤੀ ਦਾ ਵੇਰਵਾ ਸਵਿਸਥਾਰ ਦਸਿਆ ਅਤੇ ਮੰਗ ਕੀਤੀ ਕਿ ਮੈਂ ਕਮੇਟੀ ਤੋਂ ਨਾ ਪੈਸਾ ਤੇ ਨਾ ਹੀ ਆਦਮੀ ਮੰਗਦਾ ਹਾਂ ਕੇਵਲ ਆਪ ਜੀ ਕੋਲੋਂ ਕਬਜ਼ੇ ਦੀ ਆਗਿਆ ਮੰਗਦਾ ਹਾਂ। ਕੇਵਲ ਆਗਿਆ ਬਖਸ਼ੋ ਹੁਣ ਦੇਰੀ ਦਾ ਵਕਤ ਨਹੀਂ ਰਹਿ ਗਿਆ।

ਸ: ਨਿਹਾਲ ਸਿੰਘ[2] — ਝਬਰ ਜੀ, ਤੁਸੀਂ ਇਕੱਲੇ ਕਿਉਂ ਜਾਵੋ। ਅਸੀਂ ਵੀ ਸਿੰਘ ਹਾਂ। ਇਹ ਸਭ ਦਾ ਸਾਂਝਾ ਕੰਮ ਹੈ। ਅਸੀਂ ਵੀ ਨਾਲ ਚੱਲਾਂਗੇ। ਕਮੇਟੀ ਤਰੀਕਾਂ ਦਾ ਐਲਾਨ ਕਰੇ।

ਕਮੇਟੀ ਨੇ ਕੁਝ ਵਿਚਾਰ ਉਪਰੰਤ 4, 5, ਅਤੇ 6 ਮਾਰਚ 1921 ਨੂੰ ਨਨਕਾਣੇ ਸਾਹਿਬ ਦੇ ਪੰਥਕ ਇਕਠ ਦਾ ਐਲਾਨ ਕੀਤਾ ਅਤੇ ਲੰਗਰ ਆਦਿ ਦੇ ਪ੍ਰਬੰਧ ਲਈ ਇਕ ਕਮੇਟੀ ਹੇਠ ਲਿਖੇ ਸਜਨਾ ਦੀ ਬਣਾਈ ਗਈ:

1) ਸ੍ਰ: ਬੂਟਾ ਸਿੰਘ ਜੀ ਵਕੀਲ ਸੇਖੂਪੁਰਾ
2) ਸ੍ਰ: ਤੇਜਾ ਸਿੰਘ ਸਮੁੰਦਰੀ
3) ਸ੍ਰ: ਬੂਟਾ ਸਿੰਘ ਚੱਕ 204
4) ਸ੍ਰ: ਕਰਤਾਰ ਸਿੰਘ ਝੱਬਰ

---

1. ਸ: ਅਮਰ ਸਿੰਘ ਦਾ ਲਿਆਂਦਾ ਕੱਚਾ ਕਾਗਜ਼ ਝਬਰ ਨੇ ਸ਼ਰੋਮਣੀ ਕਮੇਟੀ ਦੇ ਹਵਾਲੇ ਕੀਤਾ। ਜੋ ਮਗਰੋਂ ਮਹੰਤ ਨੇ 500 ਰੁਪਏ ਕਮੇਟੀ ਦੇ ਕਿਸੇ ਕਰਮਚਾਰੀ ਨੂੰ ਦੇ ਕੇ ਕਢਵਾ ਲਿਆ ਅਤੇ ਸ: ਅਮਰ ਸਿੰਘ ਜੀ ਦੀ ਭੁੱਲ ਦਾ ਸਿਟਾ ਅਤੇ ਝਬਰ ਦੀ ਗੱਲ ਨਾ ਮੰਨਣ ਦਾ ਨਤੀਜਾ ਗੁਰੂ ਕੇ ਬਾਗ ਦੇ ਮੋਰਚੇ ਦੇ ਰੂਪ ਵਿਚ ਨਿਕਲਿਆ। ਜੋ ਪੰਥ ਨੂੰ ਬਹੁਤ ਮਹਿੰਗਾ ਪਿਆ।
2. ਸ: ਨਿਹਾਲ ਸਿੰਘ ਵਾਸੀ ਪਿੰਡ ਸੁਹਾਵੀਆ ਸਰੰਗੀਆ ਜ਼ਿ: ਸਿਆਲਕੋਟ ਦੇ ਸਨ। ਆਪ ਰਿਆਸਤ ਪਟਿਆਲਾ ਵਿਚ ਸੈਸ਼ਨ ਜੱਜ ਰਹਿ ਚੁਕੇ ਸਨ।

ਜਸਵੰਤ ਸਿੰਘ ਝਬਾਲੀਏ ਅਤੇ ਸੂਬੇਦਾਰ ਬਲਵੰਤ ਸਿੰਘ ਵੀ ਆ ਗਏ ਤੇ ਜਥੇ ਦਾ ਡੇਰਾ ਢੱਟੀਆਂ ਵਾਲੇ ਬੁੰਗੇ ਕਰਵਾਇਆ ਗਿਆ।

ਰਹਿਰਾਸ ਦੇ ਪਾਠ ਪਿੱਛੋਂ ਕਿਸੇ ਪੁਜਾਰੀ ਨੇ ਨੇੜੇ ਦੇ ਘਰ ਵਿਚੋਂ ਇਕ ਫਰਸ਼ੀ ਗੋਲਾ ਅੱਗ ਲਗਾ ਕੇ ਗੁਰਦਵਾਰਾ ਨਿਸ਼ਾਨ ਸਾਹਿਬ ਕੋਲ ਸੁੱਟਿਆ, ਜਿਸ ਦਾ ਬੜਾ ਖੜਾਕ ਹੋਇਆ ਅਤੇ ਨਾਲ ਹੀ ਬਾਹਰ ਦੀਵਾਨ ਵਿੱਚ ਸੰਗਤਾਂ ਨੂੰ ਇੱਟਾਂ ਰੋੜੇ ਪੁਜਾਰੀਆਂ ਦੇ ਘਰਾਂ ਵਿਚੋਂ ਵਜਣੇ ਸ਼ੁਰੂ ਹੋ ਗਏ। ਭਾਈ ਟਹਿਲ ਸਿੰਘ[1] ਨੂੰ ਵੀ ਨੱਕ ਤੇ ਇੱਟ ਵੱਜੀ। ਉਧਰੋਂ ਬਹੁਤ ਸਾਰੇ ਪੁਜਾਰੀਆਂ ਨੇ ਆ ਕੇ ਅੰਦਰ ਬੈਠੇ ਅਕਾਲੀਆਂ ਨੂੰ ਡਾਂਗਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਭਾਈ ਹੁਕਮ ਸਿੰਘ ਅਤੇ ਹਜਾਰਾ ਸਿੰਘ ਬਹੁਤ ਜ਼ਖਮੀ ਹੋਏ ਅਤੇ ਸੂਬੇਦਾਰ ਬਲਵੰਤ ਸਿੰਘ ਨੂੰ ਬਾਂਹ ਤੇ ਛਵੀ ਦਾ ਫੱਟ ਲੱਗਾ। ਇਹ ਵੇਖ ਝੱਬਰ ਨੇ ਆਪਣੇ ਜਥੇ ਨੂੰ ਲਲਕਾਰਿਆ, "ਘਰੀਂ ਜਾ ਕੇ ਕੀ ਦੱਸੋਗੇ ਅਸੀਂ ਗੁਰਦੁਆਰਾ ਖੁਹਾ ਆਏ ਹਾਂ। ਅੰਦਰ ਵੜੋ ਤੇ ਮਾਰੋ ਪੁਜਾਰੀ ਜਾਂਦੇ ਪਏ ਜੇ" ਅਤੇ ਖੁਦ ਭੱਜ ਕੇ ਬੁਰਜ ਦੇ ਡਿਓਢਿਓਂ ਪੰਦਰਾਂ-ਸੋਲਾਂ ਡਾਂਗਾਂ ਲਿਆ ਕੇ ਜਥੇ ਦੇ ਹਵਾਲੇ ਕੀਤੀਆਂ। ਬਸ ਲੱਗੇ ਪੁਜਾਰੀ ਡਿੱਗਣ। ਡਿੱਗੇ ਨੂੰ ਸਿੰਘ ਘੜੀਸ ਕੇ ਬਾਹਰ ਲਈ ਆਵਨ ਤੇ ਝੱਬਰ ਉਸ ਦੀਆਂ ਪੱਗ ਨਾਲ ਮੁਸ਼ਕਾਂ ਬੰਨ੍ਹੀ ਜਾਵੇ। ਜਿੰਨੇ ਨਸ ਸਕੇ ਪੁਜਾਰੀ ਨੱਸ ਗਏ ਤੇ ਗੁਰਦਵਾਰੇ ਉਤੇ ਜਥੇ ਨੇ ਪਹਿਰਾ ਲਗਾ ਦਿੱਤਾ।

ਇੱਕ ਘੰਟੇ ਪਿਛੋਂ ਭਾਈ ਮੋਹਣ ਸਿੰਘ ਜੀ ਵੈਦ ਆਏ ਤੇ ਜਥੇ ਦੇ 27 ਫੱਟੜਾਂ ਨੂੰ ਹਸਪਤਾਲ ਲੈ ਗਏ। ਮਗਰੋਂ ਪੁਜਾਰੀ ਭਾਈ ਮੋਹਣ ਸਿੰਘ ਜੀ ਨੂੰ ਨਾਲ ਲੈ ਕੇ ਆਏ ਤੇ ਜ਼ਖਮੀ ਪੁਜਾਰੀਆਂ ਦੀ ਮੰਗ ਕੀਤੀ। ਝੱਬਰ ਨੇ ਆਖਿਆ ਭਾਈ ਮੋਹਣ ਸਿੰਘ ਜੀ! ਪੁਜਾਰੀ ਆਪਣੇ ਜ਼ਖਮੀ ਲੈ ਜਾਣ ਪਰ ਫੇਰ ਇਧਰ ਕਦੀ ਨਾ ਆਵੇ ਤੇ ਅਠਾਰਾਂ ਪੁਜਾਰੀਆਂ ਦੀਆਂ ਮੁਸ਼ਕਾਂ ਖੋਹਲ ਕੇ ਹਵਾਲੇ ਕੀਤੀਆਂ। ਪੁਜਾਰੀ ਆਪਣੇ ਫੱਟੜ ਘਰ ਲੈ ਗਏ।

ਗੁਰਦਵਾਰੇ ਅਤੇ ਨਾਲ ਲਗਦੇ ਹੋਰ ਸਥਾਨਾਂ ਤੇ ਕਬਜ਼ਾ ਹੋ ਗਿਆ। ਅਗਲੇ ਦਿਨ ਸਿੰਘਾਂ ਨੇ ਪੁਜਾਰੀਆਂ ਤੇ ਪਰਚਾ ਦਿੱਤਾ। ਭਾਈ ਹੁਕਮ[2] ਸਿੰਘ ਤੇ ਹਜਾਰਾ ਸਿੰਘ[3] ਅਕਾਲੀ ਫੱਟੜਾਂ ਵਿਚੋਂ ਸ਼ਹੀਦ ਹੋ ਗਏ। ਇਹ ਵੇਖ ਪੁਜਾਰੀ ਵੀ ਪਰਚਾ ਦੇਣ ਥਾਣੇ ਅਪੜੇ ਪਰ ਸਿੰਘਾਂ ਨੇ ਇਤਰਾਜ਼ ਕੀਤਾ ਕਿ ਜੇ ਪੁਜਾਰੀ ਰਾਤੀਂ ਫੱਟੜ ਹੋਏ ਸਨ ਤਾਂ ਹਸਪਤਾਲ ਰਾਤੀਂ ਕਿਉਂ ਨਹੀਂ ਗਏ। ਇਹਨਾਂ ਨੇ ਘਰੀਂ ਫੱਟੜ ਕੀਤੇ ਹਨ ਜਿਸ ਕਰਕੇ ਉਹਨਾਂ ਦਾ ਪਰਚਾ ਦਰਜ ਨਾ ਹੋਇਆ। ਇਹਨਾਂ ਕੁਰਬਾਨੀਆਂ ਉਪਰੰਤ 26 ਜਨਵਰੀ 1921 ਨੂੰ ਸ੍ਰੀ ਤਰਨ ਤਾਰਨ ਸਾਹਿਬ ਖਾਲਸੇ ਦਾ ਸੰਪੂਰਨ ਰੂਪ ਵਿਚ ਕਬਜ਼ਾ ਹੋ ਗਿਆ। ਪੰਦਰਾਂ ਮੈਂਬਰਾਂ ਦੀ ਇਕ ਪ੍ਰਬੰਧਕ ਕਮੇਟੀ ਨਿਯੁਕਤ ਕੀਤੀ ਗਈ ਜਿਸ ਨੇ ਦਰਬਾਰ ਸਾਹਿਬ ਅਤੇ ਲੰਗਰ ਦਾ ਪ੍ਰਬੰਧ ਸੰਭਾਲ ਲਿਆ।

ਗੁਰਦਵਾਰਾ ਗੁਰੂ ਕਾ ਬਾਗ਼ ਤੇ ਪੰਥਕ ਕਬਜ਼ਾ

ਗੁਰਦਵਾਰਾ ਤਰਨ ਤਾਰਨ ਸਾਹਿਬ ਦਾ ਕਬਜ਼ਾ ਸੁਣ ਕੇ ਸਿੱਖ ਸੰਗਤਾਂ ਦੂਰੋਂ ਦੂਰੋਂ ਦਰਸ਼ਨਾਂ ਨੂੰ ਆਵਣ ਲੱਗੀਆਂ। ਉਥੇ ਪਿੰਡ ਘੁਕੇਵਾਲੀ ਆਦਿ ਜਿਲ੍ਹਾ ਅੰਮ੍ਰਿਤਸਰ ਦੇ ਸਿੰਘ ਝੱਬਰ ਜੀ ਪਾਸ ਆਏ (ਇਹ ਪਹਿਲਾਂ ਅੰਮ੍ਰਿਤਸਰ ਵੀ ਇਹਨਾਂ ਨੂੰ ਮਿਲਦੇ ਰਹਿੰਦੇ ਸਨ) ਤੇ ਦਸਿਆ ਕਿ ਗੁਰੂ ਕੇ ਬਾਗ ਦਾ ਮਹੰਤ ਬਹੁਤ ਲੁਚਾ ਹੈ। ਰੰਡੀ ਰੰਨ ਡੇਰੇ ਰੱਖੀ ਹੋਈ ਹੈ. ਆਪ ਵੀ ਸ਼ਰਾਬ ਪੀਂਦਾ ਹੈ ਅਤੇ ਰੰਨ ਵੀ ਪੀਂਦੀ ਹੈ ਉਸ ਨੂੰ ਜ਼ਰੂਰ ਕੱਢਣਾ ਚਾਹੀਦਾ ਹੈ। ਝੱਬਰ ਨੇ ਜਥੇ ਨਾਲ ਸਲਾਹ ਕੀਤੀ ਅਤੇ 31-1-1921 ਨੂੰ ਅੰਮ੍ਰਿਤਸਰੋਂ ਹੋ ਕੇ ਦਿਨ ਦੇ ਚਾਰ ਵਜੇ ਗੁਰੂ ਕੇ ਬਾਗ ਸਰੋਵਰ ਕੰਢੇ ਜਾ ਦੀਵਾਨ ਸਜਾਇਆ। ਇਲਾਕੇ ਵਿਚੋਂ ਕਾਫੀ ਸਿੰਘ ਪੁਜ ਗਏ ਸਨ। ਦੀਵਾਨ ਦੀ ਸਮਾਪਤੀ ਕਰ ਝੱਬਰ ਨੇ ਆਪਣੇ ਜਥੇ ਦੇ ਸਿੰਘਾਂ ਨੂੰ ਆਖਿਆ "ਗੁਰਦੁਆਰੇ ਦੇ ਅਹਾਤੇ ਵਿਚੋਂ ਮਹੰਤ ਦੇ ਸਭ ਆਦਮੀ ਬਾਹਰ ਕੱਢ ਦਿਓ। ਭਲਕੇ ਮਹੰਤ ਨੂੰ ਡੇਰੇ ਵਿਚੋਂ ਬਾਹਰ ਕੱਢਾਂਗੇ, ਹੁਣ ਵਕਤ ਬਹੁਤ ਥੋੜਾ ਹੈ।" ਰਾਤ ਜਥਾ ਕੜਾਕੇ ਹੀ ਰਿਹਾ। ਸਵੇਰੇ ਸੰਗਤਾਂ ਨੇ ਪਿੰਡਾਂ ਵਿੱਚੋਂ ਰਸਦਾਂ ਲਿਆ ਕੇ ਲੰਗਰ ਲਗਾ ਦਿੱਤਾ।

ਮਹੰਤ ਨੇ ਰਾਤੋ ਰਾਤ ਬੰਦਾ ਘਲ ਕੇ ਸ: ਅਮਰ ਸਿੰਘ ਝਬਾਲ ਨੂੰ ਮੰਗਵਾ ਲਿਆ। ਸਵੇਰੇ ਦੀਵਾਨ ਲਗਾ ਤਾਂ ਝਬਰ ਨੇ ਸੰਗਤਾਂ ਪਾਸੋਂ ਮਹੰਤ ਨੂੰ ਕਢਣ ਦੀ ਰਾਏ ਪੁਛੀ ਤਾਂ ਸੰਗਤ ਨੇ ਖੁਸ਼ੀ ਨਾਲ ਪਾਸ ਕੀਤਾ ਕਿ ਮਹੰਤ ਨੂੰ ਕਢ ਦਿੱਤਾ ਜਾਵੇ।

ਸ: ਅਮਰ ਸਿੰਘ — ਜੇ ਮਹੰਤ ਸੁੰਦਰ ਦਾਸ ਤੁਹਾਡਾ ਹੁਕਮ ਹੀ ਮੰਨ ਲਵੇ ਤਾਂ ਫੇਰ ਨਹੀਂ ਕਢਣਾ ਚਾਹੀਦਾ।

ਭਾ: ਕਰਤਾਰ ਸਿੰਘ— ਇਕ ਵਾਰ ਮਹੰਤ ਨੂੰ ਜ਼ਰੂਰ ਕਢ ਦੇਣਾ ਚਾਹੀਦਾ ਹੈ। ਜੇ ਮਹੰਤ ਨੇ ਪੰਥ ਦਾ ਹੁਕਮ ਮੰਨਣਾ ਹੈ ਤਾਂ ਅਕਾਲ ਤਖਤ ਸਾਹਿਬ ਜਾਵੇ, ਉਥੇ ਲਿਖ ਕੇ ਦੇ ਆਵੇ ਤੇ ਸਾਨੂੰ ਗੁ: ਪ੍ਰ: ਕਮੇਟੀ ਵਲੋਂ ਚਿਠੀ ਲਿਆ ਦੇਵੇ ਫੇਰ ਅਸੀਂ ਮਹੰਤ ਨੂੰ ਬੈਠੇ ਰਹਿਣ ਦਿਆਂਗੇ।

---

1. ਭਾਈ ਟਹਿਲ ਸਿੰਘ—ਆਪ ਜੀ ਨਿਜਾਮਪੁਰਾ ਜ਼ਿ: ਸ਼ੇਖੂਪੁਰਾ ਦੇ ਵਸਨੀਕ ਸਨ। ਨਨਕਾਣਾ ਸਾਹਿਬ ਦੇ ਸਾਕੇ ਵਿਚ ਆਪ ਜੀ ਨੇ ਹੀ ਭਾ: ਲਛਮਣ ਸਿੰਘ ਨੂੰ ਅਰਦਾਸਾ ਭੰਗ ਕਰਨ ਤੋਂ ਵਰਜਿਆ ਸੀ ਅਤੇ ਖਿੜੇ ਮੱਥੇ ਸ਼ਹੀਦੀ ਪ੍ਰਾਪਤ ਕੀਤੀ।
2. ਭਾਈ ਹੁਕਮ ਸਿੰਘ—ਵਾਸੀ ਪਿੰਡ ਵਸਾਊਕੋਟ ਜ਼ਿਲਾ ਗੁਰਦਾਸਪੁਰ।
3. ਭਾਈ ਹਜਾਰਾ ਸਿੰਘ—ਵਾਸੀ ਪਿੰਡ ਅਲਦੀਨਪੁਰ ਜ਼ਿ: ਅੰਮ੍ਰਿਤਸਰ।

(ਫੁੱਟਨੋਟ ਚਾਲੂ)

ਸਾਕੇ ਦਾ ਪਿਛੋਕੜ ਢੋਲਾ

ਨਾਰਦ ਕਰੇ ਫੜਕੀਲੀਆਂ;[1] ਕਲ ਆਂਹਦੀ ਏ ਜਿਥੇ ਮੈਂ ਵਰਤਨ
ਲਗ ਪੈਨੀ ਆਂ ਉਥੇ ਨਹੀਂ ਜਾਂਦੀ ਪੇਸ਼ ਤਦਬੀਰ ਨੂੰ ॥ 1 ॥

ਲੱਕੀ ਬੰਹਦੇ ਨੇ ਝੇੜੇ ਘੱਤ ਨਿਕੰਮੇ
ਕਿਸੇ ਨਹੀਂ ਪਟਿਆ ਮੇਰੇ ਘਤੇ ਹੋਏ ਬੰਦ ਜੰਗੀਰ ਨੂੰ ॥ 2 ॥

ਸਿਖਾਂ ਅਕਾਲੀਆਂ ਦੀ ਉਠੀ ਏ ਧਾੜ ਅਜਗੈਬੀ[2]
ਅੱਲਾ ਦਫ਼ਾ ਕਰਸੀ ਏਸ ਟੱਲੇ ਸਰੀਰ ਨੂੰ ॥ ॥

ਸਿਖਾਂ ਤੇ ਸਾਧੂਆਂ ਦਾ ਸੇਰੂ ਚਮਾਟਾ[3]
ਅੱਲਾ ਨੂੰ ਮਾਲਮ ਹੁਣ ਮੁਕਸਨ ਕਿਹੜੇ ਹਾਲ ਅਖ਼ੀਰ ਨੂੰ ।
ਮੁਕੰਦ ਲਾਲ ਠਾਣੇ ਮਾਂਗਟਾ ਵਾਲੇ ਕਤਲ ਕਿਉਂ ਕਰੀਦਾ
ਜੇ ਨਾ ਕਢਦਾ ਗਾਲੀਂ ਤੇ ਨਾ ਕਰੇ ਆ ਤੰਗ ਵਸੀਰ ਨੂੰ ॥ 5 ॥

ਸਿਖ ਦਰਬਾਰ ਵਿਚ ਵੜ ਕੇ ਝੁੱਜ ਨਾ ਜਾਂਦੇ
ਦੁੱਖ ਨਾ ਦੇਂਦੇ ਉਥੇ ਬੈਠੇ ਦੇ ਨਰਾਇਨ ਦਾਸ ਫਕੀਰ ਨੂੰ ॥ 6 ॥

II

ਮਹੰਤ ਦੀ ਸਾਜ਼ਸ਼

ਢੋਲਾ :

ਬਾਵੇ ਘਲੀਆਂ ਨੇ ਤਾਰਾਂ ਪਿੰਡੀਂ, ਖਤ, ਰਵੰਨੇ
ਸੂਫੀਆਂ[4] ਤੇ ਗਿਆ ਈ ਘਤ ਵਹੀਰ ਨੂੰ ॥ 7 ॥

ਸਮਾਇਲ ਬਰਖੇ ਦਾ ਸਦ ਬਹਾਇਆ ਸੂ, ਲਚਕਰ ਦੇ ਵਾਂਗ ਵਕੀਲਾਂ
ਲਿੱਸੀ ਨਹੀਂ ਹੋਣ ਦੇਂਦਾ ਤਕਰੀਰ ਨੂੰ । 8 ॥

ਮੁੜ ਮੰਗੇਰੇ ਸਦ ਬਹਾਏ ਸੂ, ਨਸਲ ਜਿਨ੍ਹਾਂ ਦੀ ਨੂਰ ਸਤਾਰਾ ਉਮਤ ਦੇ ਪੀਰ ਨੂੰ
ਸ਼ਾਹੂ, ਲੰਗਰ ਦਾ, ਪਾਰੋਂ ਲੈ ਆਂਦਾ ਸੂ ਮਾਛੀ ਦੇ ਪੁਤਰ ਕੰਬੀਰ ਨੂੰ ॥ 10 ॥

ਗਾਹਨਾ ਬਹਾਦਰ ਦਾ ਸਦ ਬੁਲਾਇਉ ਸੂ
ਫੇਰ ਸਦਿਆ ਸੂ ਫਤੇ ਦੇ ਪੁਤ੍ਰ ਅੰਬੀਰ ਨੂੰ ॥ 11 ॥

ਹਸਨ ਜਾਅਫਰ ਦਾ ਬੰਦਾ ਘਲ ਬੁਲਾਇਉਸ
ਖੈਰੂ ਖੱਖਰ ਤੇ ਸਾਹੂ ਪਾਵਲੀ ਨੂੰ ਵੀ ਲਿਆ ਸਦ ਅਖ਼ੀਰ ਨੂੰ ॥ 12 ॥

ਗਾਹਣਾਂ ਬਹਾਦਰ ਦਾ ਆਂਹਦਾ ਓਇ ਚਿੜ੍ਹਆਂ[5] ਬਾਵਿਆ
ਹੁਣ ਕੀਤਾ ਈ ਯਾਦ ਜਾਂ ਲੱਗਾ ਈ ਸੇਕ ਸਰੀਰ ਨੂੰ ।। 13 ॥

ਗੁਲੀ ਖਾ ਜਾਂਦੇ ਆਹੇ ਤੰਦੂਰੋਂ
ਕਦੇ ਡਿਠਾ ਨਹੀਂ ਸੀ ਤੇਰੀ ਖੀਰ ਨੂੰ ॥ 14 ॥

---

1. ਫੜਕੀਲੀਆਂ—ਆਪਣੀਆਂ ਵਡਿਆਈਆਂ ।
2. ਅਜਗੈਬੀ—ਨਾ ਡਿੱਠੀ ਨਾ ਸੁਣੀ ਹੋਈ ।
3. ਸੇਰੂ ਚਮਾਟਾ—ਜੰਗਲ ਦੀ ਭਾਸ਼ਾ ਵਿਚ, ਸਿਰ ਧੜ ਦੀ ਬਾਜ਼ੀ ।
4. ਸ਼ਫੀਆਂ—ਮਹੰਤ ਨਰੈਣ ਦਾਸ ਦਾ ਨਿਜੀ ਹਰਕਾਰਾ ।
5. ਚਿੜ੍ਹਆ—ਧਾਮੜਾ, ਪਾਜੀਆ (ਨਿਖੇਧੀ ਦਾ ਬਚਨ ਹੈ)

ਮਹੰਤ ਨਰੈਣ ਦਾਸ ਨੇ, ਆਪਣੇ ਬੰਦੇ, ਮਹੰਤ ਸੁੰਦਰ ਦਾਸ ਅਤੇ ਸਜਦ ਵਾਲੇ ਬਾਵਾ ਹਰੀਦਾਸ ਨੂੰ ਘਰੇ ਸੌਦੇ ਘੱਲ ਝੱਬਰ ਨੂੰ ਨਨਕਾਣਾ ਸਾਹਿਬ ਦੇ ਕਬਜ਼ੇ ਤੋਂ ਰੋਕਣਾ ਚਾਹਿਆ। ਝੱਬਰ ਨੇ ਦੋਹਾਂ ਸਜਣਾਂ ਨੂੰ ਆਖਿਆ, "ਇਹ ਗੱਲ ਕਦਾਚਿਤ ਨਹੀਂ ਹੋ ਸਕਦੀ।" ਮਹੰਤ ਮੇਰੇ ਆਖੇ ਲੱਗੇ, ਗੁਰਦਵਾਰਾ ਪੰਥ ਨੂੰ ਸੌਂਪ ਦੇਵੇ, ਮੈਂ ਉਸਨੂੰ ਚੰਗੀ ਪੈਨਸ਼ਨ ਅਤੇ ਵਡਾ ਮਹਿਲ ਅਤੇ ਮਾਲ ਡੰਗਰ ਦਾ ਤਬੇਲਾ ਦਵਾ ਦਿਆਂਗਾ। ਪਰ ਇਸ ਗਲ ਦਾ ਇਕਰਾਰ ਮਹੰਤ ਖੁਦ ਕਰੇ ਤਾਂ ਮੈਂ ਸ਼ਰੋਮਣੀ ਕਮੇਟੀ ਅਗੇ ਪੇਸ਼ ਕਰਾਂਗਾ।

ਇਸ ਤੋਂ ਪਿਛੋਂ ਝੱਬਰ ਨੂੰ ਸ਼ਰੋਮਣੀ ਕਮੇਟੀ ਦੀ ਇਕਤਰਤਾ ਵਿਚ ਭਾਗ ਲੈਣ ਜਾਂਦੇ ਨੂੰ ਲਾਹੌਰ ਸਟੇਸ਼ਨ ਤੋਂ ਮਹੰਤ ਸੁੰਦਰ ਦਾਸ ਸਦ ਕੇ ਮੇਲ ਰਾਮ ਦੇ ਤਲਾ ਤੇ ਮਹੰਤ ਨਰੈਣ ਦਾਸ ਕੋਲ ਲੈ ਗਿਆ। ਅਧਾ ਘੰਟਾ ਗਲਬਾਤ ਪਿਛੋਂ ਨਰੈਨ ਦਾਸ ਨੇ ਗੁਰਦਵਾਰਾ ਨਨਕਾਨਾ ਸਾਹਿਬ, ਸ਼ਰੋਮਣੀ ਕਮੇਟੀ ਦੇ ਹਵਾਲੇ ਕਰਨਾ ਪ੍ਰਵਾਨ ਕਰ ਲਿਆ। ਝੱਬਰ ਜਦ ਮਹੰਤ ਦੇ ਚੁਬਾਰੇ ਤੋਂ ਥਲੇ ਉਤਰਿਆ ਤੇ ਮਹੰਤ ਦੇ ਦੋ ਆਦਮੀ[1] ਰਾਂਝਾ ਤੇ ਰਿਹਾਣਾ ਬੰਦੂਕਾਂ ਲਈ ਖੜੇ ਸਨ। ਝਬਰ ਜੀ ਆਪਣੇ ਰਾਹ ਪੈ ਗਏ। ਅਗਲੇ ਦਿਨ ਮਹੰਤ ਨਾਲ ਹੋਈ ਗਲਬਾਤ ਝਬਰ ਨੇ ਸ਼ਰੋਮਣੀ ਕਮੇਟੀ ਅਗੇ ਰਖੀ ਜਿਸ ਤੇ ਵਿਚਾਰ ਉਪਰੰਤ ਇਕ ਕਮੇਟੀ ਮਹੰਤ ਨਾਲ ਗਲਬਾਤ ਤੈ ਕਰਨ ਲਈ ਹੇਠ ਲਿਖੇ ਸਜਣਾਂ ਦੀ ਬਨਾਈ ਗਈ ਅਤੇ ਨਿਯਤ ਹੋਇਆ ਕਿ 7, 8, 9 ਫਰਵਰੀ ਨੂੰ ਸਚੇ ਸੌਦੇ ਆ ਕੇ ਮਹੰਤ ਇਸ ਕਮੇਟੀ ਨਾਲ ਗਲਬਾਤ ਕਰੇ।

1) ਬਾਬਾ ਕਿਹਰ ਸਿੰਘ ਪੱਟੀ

2) ਪ੍ਰੋਫੈਸਰ ਜੋਧ ਸਿੰਘ ਖ: ਕਾਲਜ ਅੰਮ੍ਰਿਤਸਰ

3) ਸ੍ਰ: ਬੂਟਾ ਸਿੰਘ ਵਕੀਲ ਸੇਖੂਪੁਰਾ

4) ਸ੍ਰ: ਤੇਜਾ ਸਿੰਘ ਸਮੁੰਦਰੀ

5) ਭਾ: ਕਰਤਾਰ ਸਿੰਘ ਝੱਬਰ

ਮਹੰਤ ਨਰੈਨ ਦਾਸ ਆਪ ਤਾਂ ਨਾ ਆਇਆ। 9-2-21 ਨੂੰ ਸਾਹਿਬ ਸਿੰਘ ਮਾਨ ਨੇ ਸੁਨੇਹਾ ਦਿਤਾ ਕਿ ਤੁਸੀਂ ਮੇਰੇ ਨਾਲ ਗਲਬਾਤ ਕਿਸੇ ਸ਼ਹਿਰ ਕਰੋ। ਜਿਸ ਤੇ 14-2-21 ਨੂੰ ਸ੍ਰ: ਬੂਟਾ ਸਿੰਘ ਦੀ ਕੋਠੀ ਸੇਖੂਪੁਰੇ ਆਵਨ ਵਾਸਤੇ ਮਹੰਤ ਨੂੰ ਆਖਿਆ ਗਿਆ—ਕਿੰਤੂ ਮਹੰਤ ਨਰੈਨ ਦਾਸ ਉਥੇ ਵੀ ਨਾ ਪੁਜਾ। ਰਾਤ ਨੂੰ ਮਹੰਤ ਜੀਵਨ ਦਾਸ (ਸੇਖੂਪੁਰਾ) ਨੇ ਮਹੰਤ ਨਰੈਣ ਦਾਸ ਦਾ ਸੁਨੇਹਾ ਦਿਤਾ ਕਿ ਉਹ ਤੁਸਾਨੂੰ ਭਲਕੇ ਲਾਹੌਰ ਮਿਲੇਗਾ। ਅਗਲੇ ਦਿਨ ਲਾਹੌਰ ਅਖਬਾਰ ਸ਼ੇਰਿ ਪੰਜਾਬ ਦੇ ਦਫਤਰ ਪੁਜ ਜੀਵਨ ਦਾਸ ਰਾਹੀਂ ਮਹੰਤ ਨੂੰ ਉਥੇ ਸਦ ਘਲਿਆ। ਮਹੰਤ ਆਪਣੇ ਰਾਮ ਗਲੀ ਵਾਲੇ ਮਕਾਨ ਵਿਚ ਸੀ ਜਦ ਜੀਵਨ ਦਾਸ ਉਥੇ ਪੁਜਾ ਤਾਂ ਝਬਰ ਦਾ ਸੂਹੀਆ[2] ਇਕਦਮ ਝਬਰ ਕੋਲ ਪੁਜਾ ਤੇ ਮਹੰਤ ਨਰਾਇਨ ਦਾਸ ਦੀ ਗੁਪਤ ਵਿਉਂਤਾਂ ਦਾ ਸਵਿਸਥਾਰ ਵਰਣਨ ਕੀਤਾ ਜੋ ਮਹੰਤ ਨੇ ਅਰਜਨ ਦਾਸ ਬਮਨ ਵਾਲਾ, ਜਗਨ ਨਾਥ ਬਧਿਆ ਵਾਲਾ, ਬਸੰਤ ਦਾਸ ਮਾਣਕ ਵਾਲਾ ਅਤੇ ਹੋਰ ਚਾਰ ਪੰਜ ਮਾਝੇ ਦੇ ਜਟਾਂ ਨਾਲ ਬਣਾਈ ਸੀ "ਕਿ 6 ਮਾਰਚ 1921 ਨੂੰ ਜਦੋਂ ਸਾਰੇ ਸਿਖ ਲੀਡਰਾਂ ਨਾਲ ਮੈਂ ਗੁਰਦਵਾਰਾ ਜਨਮ ਅਸਥਾਨ ਅੰਦਰ ਗਲਬਾਤ ਕਰਨ ਲਗਾਂਗਾ ਤਾਂ ਗੁਰਦੁਆਰੇ ਦਾ ਚੜ੍ਹਦਾ ਦਰਵਾਜ਼ਾ ਬੰਦ ਤੇ ਲਹਿੰਦਾ ਖੁਲਾ ਹੋਵੇਗਾ। ਤੁਸਾਡੇ ਆਦਮੀ ਘੋੜਿਆਂ ਤੇ ਆਵਣ ਤੇ ਘੋੜੇ ਬਾਹਰ ਬੰਨ ਅੰਦਰ ਬੈਠੇ ਸਿਖ ਲੀਡਰਾਂ ਨੂੰ ਕਤਲ ਕਰ ਘੋੜੇ ਭਜਾ ਲੈਜਾਵਨ, ਅਸੀਂ ਰੌਲਾ ਪਾਈ ਜਾਂਵਾਗੇ—ਸੌਦਾ ਡੇਢ ਲਖ ਤੇ ਮੁੱਕਾ ਹੈ। ਸੁਲਹ ਦੀ ਕੋਈ ਗਲ ਨਹੀਂ ਤੁਸੀਂ ਆਪਣਾ ਫਿਕਰ ਕਰੋ। ਝਬਰ ਜੀ, ਤੁਸਾਂਨੂੰ ਤਾਂ ਪਹਿਲਾਂ ਹੀ ਖਤਮ ਕਰਨ ਦੀ ਤਜਵੀਜ਼ ਸੀ ਪਰ ਤੁਸੀਂ ਬਚ ਗਏ। ਤੁਸੀਂ ਆਪਣੇ ਨਾਲ ਦੋ ਸਿੰਘ ਰਖਿਆ ਕਰੋ।" (ਚਾਲੂ ਪੰਨਾ 29 ਤੇ)

---

1. ਰਾਂਝਾ ਤੇ ਰਿਹਾਣਾ ਮਾਛੀ, ਦੋਵੇਂ ਅੰਗ ਰਖਸ਼ਕ ਦੇ ਤੌਰ ਤੇ ਹਮੇਸ਼ਾਂ ਮਹੰਤ ਨਰੈਣ ਦਾਸ ਦੇ ਨਾਲ ਰਿਹਾ ਕਰਦੇ ਸਨ।

2. ਸ: ਅਵਤਾਰ ਸਿੰਘ, ਆਪ ਜੀ ਬਰਾਦਰੀ ਵਿਚੋਂ ਝਬਰ ਜੀ ਦੇ ਭਤੀਜੇ ਲਗਦੇ ਸਨ। ਇਹ ਅਤੇ ਮਹੰਤ ਜੀਵਨ ਦਾਸ ਦੋਵੇਂ ਸ਼ਤਾਬਗੜ੍ਹ (ਸਿਆਲਕੋਟ) ਵਿਆਹੇ ਹੋਣ ਕਰਕੇ ਆਪਸ ਵਿੱਚ ਵਿਸ਼ਵਾਸੀ ਸਨ। ਜਿਸ ਕਰਕੇ ਇਹਨਾਂ ਨੂੰ ਮਹੰਤਾਂ ਦਾ ਨੇੜ ਪ੍ਰਾਪਤ ਸੀ। ਭਾਈ ਕਰਤਾਰ ਸਿੰਘ ਝੱਬਰ ਜੀ ਨੇ ਇਹਨਾਂ ਨੂੰ ਆਪਣੇ ਵਲੋਂ ਸੂਹੀਏ ਦੇ ਤੌਰ ਤੇ ਮਹੰਤਾਂ ਨਾਲ ਰਹਿਣ ਲਈ ਆਖਿਆ ਹੋਇਆ ਸੀ।

3. ਜਿਸ ਦਾ ਅਨੁਮਾਨ ਇਹਨਾਂ ਹੇਠ ਲਿਖਿਆਂ ਸੂਤਰਾਂ ਤੋਂ ਭਲੀ ਪ੍ਰਕਾਰ ਲਗ ਸਕਦਾ ਹੈ:—

1) ਮਹੰਤ ਨਰਾਇਨ ਦਾਸ ਨੇ ਝਬਰ ਜੀ ਦੇ ਰਾਵੀ ਪਾਸੇ ਦੇ ਕੁਛ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਵੀ ਆਪਣੇ ਪਖ ਵਿਚ ਕੀਤਾ ਹੋਇਆ ਸੀ। (ਜ਼ਬਾਨੀ ਸ: ਨਿਸ਼ਾਨ ਸਿੰਘ ਸੰਹਦੇ ਕੋਟੀਆਂ ਹਾਲ ਬਗਵਾੜਾ ਜ਼ਿ: ਨੈਨੀਤਾਲ ਯੂ.ਪੀ.)

2) ਹੇਠ ਦਿਤਾ ਵੇਲਾ ਜ਼ਬਾਨੀ ਸ: ਕਪੂਰ ਸਿੰਘ ਢਿਲੂ ਪੁਤ੍ਰ ਮੂਲਾ ਸਿੰਘ ਹਾਲ ਖਿਦਰਾਬਾਦ ਜ਼ਿ: ਕਰਨਾਲ ਮਹੰਤ ਦੇ ਗੈਰ ਸਿਖਾਂ ਵਿਚ ਰਸੂਖ ਦੀ ਮੂੰਹ ਬੋਲਦੀ ਤਸਵੀਰ ਹੈ। (ਫੁੱਟ ਨੋਟ ਚਲਦਾ)

(ਚਾਲੂ ਪੰਨਾ 26 ਤੋਂ)

ਮਹੰਤ ਨਰਾਇਣ ਦਾਸ ਦਾ ਸੁਨੇਹਾ ਆ ਗਿਆ, ਕਿ ਮੇਰੇ ਕੋਲ ਅਜੇ ਵਕਤ ਨਹੀਂ ਤੇ ਆਪ ਬਾਬੇ ਕਰਤਾਰ ਸਿੰਘ ਬੇਦੀ ਦੀ ਕੋਠੀ ਟੁਰ ਗਿਆ—ਝਬਰ ਨੇ ਸੁਣ ਕੇ ਆਖਿਆ, 'ਚੰਗਾ ਚਵਲ ਸਾਧ ਸਾਡੇ ਪੱਲੇ ਪਿਆ ਹੈ, ਸਾਨੂੰ ਵੀ ਇਸਦੀ ਸਾਜ਼ਸ਼ ਦਾ ਟਾਕਰਾ ਕਰਨ ਲਈ ਬੰਦੋਬਸਤ ਕਰਨਾ ਪਵੇਗਾ।" ਇਕ ਸਜਣ ਨੇ ਪੁਛਿਆ ਹੁਣ ਕੀਹ ਕਰਨਾ ਹੈ ? "ਜਿਹੜਾ ਸਾਡੇ ਨਾਲ ਟੁਰੇ ਗਾ ਉਹਨੂੰ ਦੱਸਾਂਗੇ" ਤੇ ਰਾਤ ਗਡੀ ਚੜ੍ਹ, ਖਰੇ ਸੌਦੇ ਪੁਜੇ। ਜਥੇ ਦੇ ਸਾਰੇ ਸਿੰਘਾਂ ਨੂੰ ਈਚੀ ਬੀਚੀ ਸੁਣਾਈ ਅਤੇ ਅਗਲੀ ਵਿਉਂਤ ਉਹਨਾਂ ਦੇ ਅਗੇ ਇਹ ਰਖੀ :—

ਮਹੰਤ ਨੇ 6 ਮਾਰਚ ਵਾਲੀ ਗਲਬਾਤ ਸਿਰੇ ਨਹੀਂ ਚੜ੍ਹਨ ਦੇਣੀ। ਉਹ 19 ਅਤੇ 20 ਫਰਵਰੀ ਨੂੰ ਮਹੰਤ ਬਾਬੇ ਕਰਤਾਰ ਸਿੰਘ ਬੇਦੀ ਦੀ ਕੋਠੀ ਕਾਨਫਰੰਸ ਕਰ ਰਹੇ ਹਨ ਅਤੇ ਅਸੀਂ 20 ਫਰਵਰੀ ਵਾਲੇ ਦਿਨ ਨਨਕਾਣਾ ਸਾਹਿਬ ਤੇ ਕਬਜ਼ਾ ਕਰ ਲਈਏ। ਜੇ ਮਹੰਤਾਂ ਦੀ ਕਾਨਫਰੰਸ ਚੁਪ ਚਾਪ ਸਿਰੇ ਚੜ੍ਹ ਗਈ ਤਾਂ ਉਹਨਾਂ ਦੀ ਜਥੇਬੰਦੀ ਹੋਰ ਮਜ਼ਬੂਤ ਹੋ ਜਾਵੇਗੀ—ਜਿਸਦਾ ਅਸਰ ਖਲਕਤ ਵਿਚ ਸਾਡੇ ਖਿਲਾਫ ਹੋ ਜਾਵੇਗਾ ਤੇ ਸਾਨੂੰ ਟਾਕਰਾ ਕਰਨਾ ਔਖਾ ਹੋ ਜਾਵੇਗਾ। ਅਕਾਲੀ ਦਲ ਖਰਾ ਸੌਦਾ ਬਾਰ ਦਾ ਜਥਾ 19 ਤਾਰੀਖ ਰਾਤ ਨੂੰ ਚੰਦਰ ਕੋਟ ਦੀ ਝਾਲ ਤੇ ਪੁਜ ਜਾਵੇ। ਜਿਵੇ 12 ਤੋਂ 2 ਵਜੇ ਤਕ ਭਾਈ ਲਛਮਣ ਸਿੰਘ ਧਾਰੋਵਾਲੀਆ ਆਪਣੇ ਜਥੇ ਸਮੇਤ ਪੁਜ ਜਾਵਨਾ। ਜਥਿਆਂ ਦੀ ਵੰਡ ਵਿਉਂਤ ਸਭ ਸਮਝਾ ਦਿਤੀ ਅਤੇ ਇਸ ਗੱਲ ਤੇ ਜ਼ੋਰ ਦਿਤਾ ਕਿ ਗਲ ਆਪਣੇ ਵਿਚ ਹੀ ਰਖਣੀ। ਔਰ ਕਬਜ਼ਾ ਰਾਤ ਬਰਾਤੇ ਕਰਨਾ ਹੈ ਕਿਉਂਕਿ ਦਿਨ ਦੇ ਵਕਤ ਇਹੋ ਜਿਹਾ ਕੰਮ ਕਰਨਾ ਔਖਾ ਹੁੰਦਾ ਹੈ।

ਜਥੇ ਆਪੋ ਆਪਣੇ ਇਲਾਕਿਆਂ ਵਿਚ ਤਿਆਰੀ ਕਰਨ ਵਿਚ ਰੁਝ ਗਏ।" 18 ਫਰਵਰੀ ਨੂੰ ਲਾਇਲਪੁਰ ਤੋਂ ਮਾ: ਤਾਰਾ ਸਿੰਘ ਅਤੇ ਸ: ਤੇਜਾ ਸਿੰਘ ਸਮੁੰਦਰੀ ਦੀ ਤਾਰ ਮਿਲੀ ਕਿ ਸਾਨੂੰ ਚੂਹੜਕਾਣੇ ਸਟੇਸ਼ਨ ਤੇ ਮਿਲੋ। ਝਬਰ ਜੀ ਮਤਲਬ ਸਮਝ ਗਏ। ਆਪ ਤਾਂ ਨਾ ਗਏ ਤੇ ਭਾਈ ਸੁਚਾ ਸਿੰਘ ਚਕ ਜੋਦ ਨੂੰ ਆਪਣੀ ਥਾਵੇਂ ਘਲ ਦਿਤਾ—ਉਕਤ ਦੋਨਾਂ ਮੁਖੀਆਂ ਨੇ ਭਾਈ ਸੁਚਾ ਸਿੰਘ ਜੀ ਨੂੰ ਮਿਲਣ ਤੇ ਆਖਿਆ ਕਿ ਜਥਾ ਨਨਕਾਣੇ ਸਾਹਿਬ ਬਿਲਕੁਲ ਨਾ ਜਾਵੇ।"

19/2/21 ਨੂੰ ਮਹੰਤ ਨਾਰਾਇਨ ਦਾਸ ਦਾ ਜਾਸੂਸ, ਸੰਤੋਖ ਦਾਸ ਖਰੇ ਸੌਦੇ ਫਿਰਦਾ ਫੜ ਕੇ ਕੈਦ ਕਰ ਦਿਤਾ ਗਿਆ—ਕੁਛ ਚਿਰ ਪਿਛੋਂ ਜਸਵੰਤ ਸਿੰਘ ਝਬਾਲੀਆ ਤੇ ਸ: ਦਲੀਪ ਸਿੰਘ ਸਾਹੋਵਾਲੀਆ ਪੁਜ ਗਏ। ਸ: ਜਸਵੰਤ ਸਿੰਘ ਨੇ ਕਿਹਾ ਝਬਰ ਜੀ ਕਮੇਟੀ ਦਾ ਹੁਕਮ ਹੈ ਕਿ ਤੁਸੀਂ ਜਥਾ ਲੈ ਕੇ ਨਨਕਾਣੇ ਸਾਹਿਬ ਨਹੀਂ ਜਾਵੋਗੇ।"

ਝਬਰ ਜੀ : ਸਰਦਾਰ ਜੀ ਤੁਸਾਨੂੰ ਕਮੇਟੀ ਨੇ ਉਕਾ ਨਹੀਂ ਘਲਿਆ ਕਿਉਂਕਿ ਕਮੇਟੀ ਅਜ ਇਕ ਵਜੇ ਮੀਟਿੰਗ ਹੈ। ਜਿਸ ਗੱਡੀ ਤੇ ਤੁਸੀਂ ਆਏ ਹੋ ਉਹ ਸਾਢੇ ਦਸ ਵਜੇ ਲਾਹੌਰੋਂ ਚਲਦੀ ਹੈ। ਤੁਸਾਨੂੰ ਕਮੇਟੀ ਨੇ ਬਿਲਕੁਲ ਨਹੀਂ ਘਲਿਆ।

ਦੋਵੇਂ ਸਰਦਾਰ : ਸਾਨੂੰ ਕਮੇਟੀ ਨੇ ਤਾਂ ਨਹੀਂ ਘਲਿਆ ਪਰ ਪੰਥ ਦੇ ਮੁਖੀ ਸਜਣਾ ਨੇ ਲਾਹੌਰੋਂ ਘੱਲਿਆ ਹੈ।

ਝਬਰ ਜੀ : ਕਿਹੜੇ ਕਿਹੜੇ ਮੁਖੀਆਂ ਨੇ ?

ਦੋਵੇਂ ਸਰਦਾਰ : ਸ: ਤੇਜਾ ਸਿੰਘ ਸਮੁੰਦਰੀ, ਮਾ: ਤਾਰਾ ਸਿੰਘ, ਸ: ਅਮਰ ਸਿੰਘ ਝਬਾਲ ਤੇ ਸ. ਸਰਦੂਲ ਸਿੰਘ ਕਵੀਸ਼ਰ।

ਝਬਰ ਜੀ : ਸਾਡੀ ਤਿਆਰੀ ਬਿਲਕੁਲ ਮੁਕੰਮਲ ਹੋ ਚੁਕੀ ਹੈ ਸਾਡਾ ਨਨਕਾਣਾ ਸਾਹਿਬ ਤੇ ਕਬਜ਼ਾ ਕਰਨ ਦੀ ਪਕੀ ਵਿਉਂਤ ਬਣ ਚੁਕੀ ਹੋਈ ਹੈ ਤੁਸੀਂ ਸਾਡੇ ਕੰਮ ਵਿਚ ਦਖਲ ਨਾ ਦਿਓ ਅਸਾਂ ਕਦੇ ਨਹੀਂ ਟਲਣਾ।

ਅਜੇ ਇਹ ਗਲਾਂ ਹੋ ਹੀ ਰਹੀਆਂ ਸਨ ਕਿ ਲਾਇਲਪੁਰ ਤੋਂ ਸਿੰਘਾਂ ਦਾ ਜਥਾ ਲੈ ਕੇ ਬਾਬਾ ਤੇਜਾ ਸਿੰਘ (ਨੜਾਲੀ ਜ਼ਿ: ਰਾਵਲ ਪਿੰਡੀ) ਪੁਜ ਗਏ। ਉਹਨਾਂ ਆਖਿਆ ਸਾਡਾ ਜਥਾ ਅਰਦਾਸਾ ਸੋਧ ਕੇ ਟੁਰਿਆ ਸੀ ਜੇ ਸ਼ਰੋਮਣੀ ਕਮੇਟੀ ਅੰਮ੍ਰਿਤਸਰੋਂ ਹੁਕਮ ਘਲੇ ਤਾਂ ਜਥਾ ਨਨਕਾਣੇ ਸਾਹਿਬ ਜਾਵੇਗਾ—ਇਹਨਾਂ ਤਿੰਨਾਂ ਸਜਣਾਂ ਨੇ ਜਥੇ ਨੂੰ ਰੋਕਣ ਦੀਆਂ ਦਲੀਲਾਂ ਦਿੱਤੀਆਂ ਪਰ ਝਬਰ ਨਾ ਮੰਨਿਆ। ਓੜਕ ਬਾਬੇ ਤੇਜਾ ਸਿੰਘ ਆਖਿਆ ਝਬਰ ਜੀ ਮੈਂ 60 ਸਿੰਘਾਂ ਦਾ ਜਥੇਦਾਰ ਹਾਂ—ਸਾਡੇ ਸਾਰੇ ਜਥੇ ਦੀ ਰਾਇ ਹੈ ਕਿ ਸ਼ਰੋਮਣੀ ਕਮੇਟੀ ਦੇ ਹੁਕਮ ਬਿਨਾਂ ਨਨਕਾਣੇ ਸਾਹਿਬ ਨਹੀਂ ਜਾਣਾ ਅਗਰ ਤੁਸੀਂ ਜਥੇ ਲੈ ਕੇ ਜਾਉਗੇ ਤਾਂ ਗੁਰੂ ਅਤੇ ਪੰਥ ਤੇ ਦੇਣਦਾਰ ਹੋਵੋਗੇ। ਝਬਰ ਨੇ ਆਖਿਆ ਬਸ ! ਬਸ !! ਖਾਲਸਾ ਜੀ ਤੁਸਾਂ ਓੜਕ ਦੀ ਸਹੁ ਪਾ ਦਿਤੀ ਹੈ।

ਖਰੇ ਸੌਦੇ ਬਾਰ ਦਾ ਤਕਰੀਬਨ 3000 ਦਾ ਜਥਾ ਪ੍ਰਸਾਦ ਛਕ ਨਨਕਾਣੇ ਸਾਹਿਬ ਵਲ ਕੂਚ ਕਰਨ ਨੂੰ ਬਿਲਕੁਲ ਤਿਆਰ ਖੜਾ ਸੀ। ਉਹਨਾਂ ਵਿੱਚੋਂ ਕੁਝ ਸਿੰਘਾਂ ਨੇ ਆਖਿਆ ਝਬਰ ਜੀ ਬਸ ਕਰੋ ਤੇ ਹੁਣ ਉਠੋ। ਝਬਰ ਨੇ ਉਹਨਾਂ ਤਿੰਨਾਂ ਸਿੰਘ ਨੂੰ ਫੇਰ ਆਖਿਆ—ਮੈਂ ਤੁਹਾਨੂੰ ਹੁਣ ਵੀ ਆਖਦਾ ਹਾਂ ਜੇ ਤੁਸੀਂ ਸਾਨੂੰ ਨਾ ਰੋਕੋ ਤਾਂ ਉਥੇ ਸੂਈ ਦਾ ਭੀ ਨੁਕਸਾਨ ਨਹੀਂ ਹੋਵੇਗਾ। ਪਰ ਤੁਸੀਂ ਸਾਨੂੰ ਮਜਬੂਰ ਪਏ ਕਰਦੇ ਹੋ, ਜੇ ਉਥੇ ਕਲ ਕੋਈ ਕਤਲ ਹੋ ਗਏ ਤਾਂ ਕੌਣ ਜ਼ਿੰਮੇਵਾਰ ਹੋਵੇਗਾ।

ਸ: ਜਸਵੰਤ ਸਿੰਘ : ਅਸੀਂ ਪੰਥ ਅਗੇ ਜ਼ਿੰਮੇਵਾਰ ਹੋਵਾਂਗੇ ਜੇ ਤੁਹਾਨੂੰ ਰੋਕ ਰਹੇ ਹਾਂ।

ਝਬਰ : ਚੰਗਾ ਚਲੋ ਸਾਰੇ ਜਥੇ ਦੇ ਰੂ ਬਰੂ ਖੜੇ ਹੋ ਕੇ ਆਖੋ। ਸਰਬੱਤ ਜੱਥੇ ਨੂੰ ਇਕ ਥਾਂ ਇਕਤਰ ਕੀਤਾ ਗਿਆ। ਫਿਰ

(ਫੁੱਟ ਨੋਟ ਚਾਲੂ)

ਬਾਵਾ ਆਂਹਦਾ, ਉਦਿ ਭੰਡਿਉ ਛਡੋ ਖਾ ਰੋਂਦਾ[1] ਪੁਰਾਣੇ
ਬਣਾਉ ਕੁਣਕਾ ਤੇ ਘਤੋ ਬਾਬੇ ਨਾਨਕ ਦੇ ਏਸ ਖਮੀਰ ਨੂੰ ॥ 15 ॥

III

ਜਥੇ ਦਾ ਆਵਣਾਂ ਤੇ ਗਾਂਦਵੀ ਧਾੜ ਦੀ ਭਾਜੜ

ਢੋਲਾ :

ਓਸ ਵੇਲੇ ਸਿਖਾਂ ਅਕ ਲੀਆਂ ਘਤੀਆਂ ਨੇ ਦਰਬਾਰ ਨੂੰ ਝਾਤੀਆ ॥ 16 ॥
ਮੁਸਲੇ ਪਏ ਚੜ੍ਹਦੇ ਨੇ ਅਲਾਣੀਆਂ ਘੋੜੀਆਂ ਤੇ ਮਾਰ ਪਲਾਕੀਆਂ ॥ 17 ॥
ਤ੍ਰੁੱਠੇ ਏਨੇ, ਮੁੜ ਯਾਦ ਨ ਰਹੀਆਂ ਨੇ ਘਤਣੀਆਂ ਕਾਠੀਆਂ ॥ 18 ॥
ਲੇਟਾ ਵਾਲੇ ਧਾਦੜ ਵੀ ਭੰਨੇ ਜਾਂਦੇ ਨੀ, ਕਡ੍ਹੂ ਉਹਨਾਂ ਦੀਆਂ ਨਾ ਜਾਣ ਪਛਾਤੀਆਂ ॥ 19 ॥

ਵਿਸ਼ੇਸ਼ ਨੋਟ

ਵਸੀਰ ਲੜਾਈ ਦੀਆਂ ਹਾਣਤਾ ਖਟ ਨਾ ਜਾਂਦੇ
ਜੇ ਪਚਾ ਲੈਂਦੇ ਬਾਵੇ ਕਿਰਪੇ ਦੀ ਦਾਲ ਨੂੰ ।
ਗਾਹਣਾ ਬਹਾਦਰ ਦਾ ਵੀ ਘੋੜੀ ਧਰੇਂੜੀ ਜਾਂਦਾ ਈ
ਮੁੜ ਨਹੀਂ ਸੁ ਡਿਠਾ ਡਿਗਦੀ ਦਸਤਾਰ ਨੂੰ
ਮਸੇਲਾ ਵੀ ਸਾਵਾ ਧਰੇਂੜੀ ਜਾਂਦਾ, ਮਗਰ ਸਾਹੂ ਆਂਹਦਾ
ਮਠੇਰਾ ਕਰ, ਪਿਆਦਾ ਨਹੀਂ ਮਿਲਦਾ ਅਸਵਾਰ ਨੂੰ
ਮਸੇਲੇ ਆਖਿਆ ਇਹ ਕਲ੍ਹ ਦਾ ਭੁੱਖਾ ਏ,
ਇਹ ਨਹੀਂ ਸਾਂਹਦਾ ਦਥੇਲੇ ਦੇ ਭਾਰ ਨੂੰ,
ਜੇ ਸਿੱਖਾਂ ਦੀ ਧਾੜ ਆਉਂਦੀ ਵੇਖੇਂ ਤਾਂ ਵੜ ਜਾਈਂ,
ਲਾਂਹਦੀ ਲਾਹਮੋਂ ਧੌਲਰ ਦੀ ਗਾਰ ਨੂੰ ।

IV

ਮਹੰਤ ਨੇ ਕਾਤਲਾਂ ਨੂੰ ਵੰਗਾਰਿਆ ਤੇ ਆਪ ਫਰਾਰ ਹੋ ਗਿਆ

ਢੋਲਾ

ਉਸ ਵੇਲੇ ਬਾਵੇ ਕੱਢੀ ਏ ਸਾਵੀ
ਦੇਵੇ ਮੂੰਹ ਤੇ ਪਿਆਰ ਨੂੰ ।
ਆਂਹਦਾ ਤੈਨੂੰ ਨਾਲ ਗੀਝਾਂ ਦੇ ਪਾਲਿਆ,
ਕੈਮ ਰਖਿਆ ਢੇਰ ਪਿਆਰ ਨੂੰ ।
ਜੇਕਰ ਅੱਜ ਕਦੇਂ ਜੁ ਮੰਗੀ ਬਣੀ ਹੋਈ,
ਓੜਕ ਦੀ ਏ ਬਣੀ ਹੋਈ ਏਸ ਵੰਗਾਰ ਨੂੰ ।
ਸਾਵੀ ਟੇਸ਼ਨੋਂ ਛੁੱਟੀ ਤੇ ਪੰਧ ਦੀਆਂ ਛਿਕ ਲਈਆਂ ਸੂ ਤਨਾਵਾਂ
ਮੰਡੀ ਦੇ ਨਿਕਲੀ ਏ ਚੀਰ ਬਾਜ਼ਾਰ ਨੂੰ ।
ਬਾਵਾ ਆਂਹਦਾ ਮਾਰੋ ਤਲਵਾਰੀਂ ਓਇ ਮਾਛੀਓ
ਮੈਂ ਆਉਂਦੀ ਲੈਸਾਂ ਭਲ ਸਰਕਾਰ ਨੂੰ ।
ਮਾਛੀ ਆਖਿਆ ਓਇ ਚਿੜ੍ਹਆ ਬਾਵਿਆ ਵਗਿਆ ਜਾਨਾ ਏਂ
ਅਸੀਂ ਨਹੀਂ ਸਟਦੇ ਤੇਰੇ ਗੰਦੜੀ ਦੇ ਏਸ ਭਾਰ ਨੂੰ ।

ਮੁਕਦਮੇ ਵਿੱਚ

ਓਸ ਵੇਲੇ ਸਮਾਇਲ ਬਰਖੇ ਦੇ ਲਈ ਏ ਵਹਿਦੇ ਮਾਫੀ,
ਪਿਉ ਨੂੰ ਪੱਗ ਬਨ੍ਹਾਈ ਸੂ ਤੇ ਟਿਕਾ ਚਾ ਲਾਇਆ ਸੂ ਵਡਿਕੇ ਰਾਏ ਬੁਲਾਰ ਨੂੰ ।

1. ਰੋਂਦ—ਵੈਰ, ਗੁੱਸੇ ਗਿਲੇ

ਇਕ ਸਿਖ ਡਿਸਟਰਿਕਟ ਐਂਜੀਨਯਰ (ਸੰਧੂ ਸਾਹਿਬ) ਉਸ ਰਾਤ ਨਨਕਾਣਾ ਸਾਹਿਬ ਡਾਕ ਬੰਗਲੇ ਵਿਚ ਉਤਰਿਆ ਹੋਇਆ ਸੀ। ਉਸਨੇ, ਇਸ ਵਾਰਦਾਤ ਦੀ ਸੂਚਨਾ ਮਾਂਗਟਾਂ ਵਾਲੇ ਬੰਗਲੇ ਡਿਪਟੀ ਕਮਿਸ਼ਨਰ ਮਿ: ਕਰੀ ਨੂੰ ਇੱਕ ਦਮ ਪੁਚਾ ਦਿਤੀ। ਉਹ ਇਕ ਥਾਣੇਦਾਰ ਨੂੰ ਨਾਲ ਲੈ ਕੇ ਸਵੇਰੇ ਹੀ ਆ ਗਿਆ। ਅਜੇ ਕੁਛ ਲਾਸਾਂ ਸਾੜਨ ਵਾਲੀਆਂ ਪਈਆਂ ਉਸਨੇ ਵੇਖੀਆਂ। ਪਰ ਆਪਣੇ ਕੋਲ ਪੁਲੀਸ ਦੀ ਥੁੜ ਕਾਰਨ ਉਸਨੇ ਮਹੰਤ ਨੂੰ ਕੁਛ ਨਾ ਆਖਿਆ—ਥਾਣੇਦਾਰ ਨੂੰ ਲਾਸਾਂ ਕੋਲ ਖਲਾਰ ਕੇ ਕਿ ਇਹ ਸਾੜੀਆ ਨਾ ਜਾਵਨ ਆਪ ਸਟੇਸ਼ਨ ਤੇ ਜਾ ਕੇ ਸਰਕਾਰ ਨੂੰ ਹਾਦਸੇ ਦੀ ਸੂਚਨਾ ਤਾਰ ਰਾਹੀਂ ਦੇਣ ਚਲਾ ਗਿਆ। ਜਦੋਂ ਪਰਤ ਕੇ ਆਇਆ ਤਾਂ ਕੇਵਲ ਤਿੰਨ ਲਾਸਾਂ ਬਾਕੀ ਸਨ।

ਮਹੰਤ ਦੀ ਖੋਟੀ ਨੀਅਤ ਤਾੜਕੇ ਭਾਈ ਉਤਮ ਸਿੰਘ ਜੀ ਨੇ ਗੋਲੀ ਗਠਾ ਆਪਣੇ ਘਰ ਜਮ੍ਹਾਂ ਕਰ, ਆਪਣੇ ਘਰ ਦੇ ਉਤੇ ਮੋਰਚਾ ਬਣਾ ਰਖਿਆ ਸੀ ਆਪ ਜੀ ਨੇ ਆਪਣਾ ਬਾਲ ਬੱਚਾ ਨਨਕਾਣਾ ਸਾਹਿਬ ਤੋਂ ਬਾਹਰ ਘੱਲ ਦਿੱਤਾ ਹੋਇਆ ਸੀ। ਗੁਰਦਵਾਰੇ ਵਾਰਦਾਤ ਹੋ ਜਾਵਨ ਤੇ ਆਪ ਜੀ ਨੇ ਆਪਣੇ ਕੋਠੇ ਤੇ ਮੋਰਚੇ ਵਿੱਚ ਬੈਠ ਕੇ ਪੰਥਕ ਮੁਖੀਆਂ ਅਤੇ ਸਰਕਾਰੀ ਅਫਸਰਾਂ ਵੱਲ ਤਾਰਾਂ ਲਿਖ ਕੇ ਸ: ਕਰਮ ਸਿੰਘ ਸਟੇਸ਼ਨ ਮਾਸਟਰ ਨੂੰ ਘੱਲੀਆ ਜੋ ਉਸ ਨੇ ਅਗਾਹ ਤੋਰ ਦਿੱਤੀਆਂ।

ਅਕਾਲੀ ਜੱਥਾ ਖਰਾ ਸੌਦਾ ਬਾਰ ਦੀ ਤਿਆਰੀ

ਐਤਵਾਰ 20-2-1921 ਨੂੰ ਦਸ ਵਜੇ ਦੇ ਕਰੀਬ ਭਾਈ ਧਰਮ ਸਿੰਘ ਆੜ੍ਹਤੀ (ਮੰਡੀ ਚੂਹੜਕਾਣਾ) ਝੱਬਰ ਜੀ ਦੇ ਨਾਮ ਤਾਰ ਲੈ ਕੇ ਆਇਆ। "ਭਾਈ ਦਲੀਪ ਸਿੰਘ ਲਛਮਣ ਸਿੰਘ ਜਥੇ ਸਮੇਤ ਸ਼ਹੀਦ ਹੋ ਚੁੱਕੇ ਹਨ। ਮਹੰਤ ਲਾਸਾਂ ਖੁਰਦ ਬੁਰਦ ਕਰ ਰਿਹਾ ਹੈ ਤੁਸੀਂ ਛੇਤੀ ਪੁਜੋ" ਤਾਰ ਸੁਣਦੇ ਸਾਰ 80-90 ਸਿੰਘ ਗੁਰਦਵਾਰੇ ਸਾਹਮਣੇ ਖੜੇ ਹੋ ਗਏ ਤੇ ਝੱਬਰ ਨੇ ਅਰਦਾਸਾ ਕੀਤਾ "ਹੇ ਸੱਚੇ ਪਾਤਸ਼ਾਹ! ਸਾਡੇ ਭਾਈ ਗੁਰਦਵਾਰਾ ਨਨਕਾਣਾ ਸਾਹਿਬ ਆਜ਼ਾਦ ਕਰਾਉਣ ਗਏ ਸ਼ਹੀਦੀਆ ਪਾ ਗਏ ਹਨ। ਹੁਣ ਤੇਰੇ ਇਹ ਟਹਿਲੀਏ ਗੁਰਦਵਾਰਾ ਨਨਕਾਣਾ ਸਾਹਿਬ ਆਜ਼ਾਦ ਕਰਾਣ ਲਈ ਕਮਰ ਕਸੇ ਕਰਦੇ ਹਨ। ਅੰਗ ਸੰਗ ਹੋ ਕੇ ਫ਼ਤਿਹ ਬਖਸ਼ਣੀ। ਜੇ ਅਸੀਂ ਗੁਰਦਵਾਰਾ ਨਾ ਆਜ਼ਾਦ ਕਰਵਾ ਸਕੀਏ ਤਾਂ ਸਾਨੂੰ ਸਨਮੁਖ ਹੋ ਕੇ ਸ਼ਹੀਦੀਆਂ ਪ੍ਰਾਪਤ ਕਰਨ ਦਾ ਬਲ ਪ੍ਰਦਾਨ ਕਰਨਾ।"

ਅਰਦਾਸੇ ਪਿੱਛੋਂ ਫੈਸਲਾ ਹੋਇਆ ਕਿ ਨੌ ਅਸਵਾਰ ਅਤੇ ਬਾਕੀ ਪੈਦਲ ਸਿੰਘ ਪਿੰਡਾਂ ਵਿੱਚ ਜਾ ਕੇ ਡੌਂਡੀ ਪਿਟਵਾ ਦੇਣ "ਨਨਕਾਣੇ ਸਾਹਿਬ ਵਿੱਚ ਮਹੰਤ ਨੇ ਅਨੇਕਾਂ ਸਿੰਘ ਕਤਲ ਕਰ ਦਿੱਤੇ ਹਨ। ਜੋ ਕੋਈ ਗੁਰੂ ਕਾ ਸਿੱਖ ਹੈ ਤਿਆਰ ਬਰ ਤਿਆਰ ਹੋ, ਜਥੇ ਬਣਾ ਕੇ ਅਜ ਰਾਤੋ ਰਾਤ ਚੰਦਰਕੋਟ ਵਾਲੀ ਝਾਲ ਤੇ ਪੁੱਜੇ, ਖਾਲੀ ਹੱਥ ਨਹੀਂ ਆਵਣਾ।" ਚਾਲੀ ਕੁ ਸਿੰਘ ਕੁਛ ਪੈਦਲ ਬਾਕੀ ਅਸਵਾਰ ਖਰੇ ਸਦੇ ਦੇ ਚਾਰੇ ਪਾਸੇ ਦੇ ਪਿੰਡਾਂ ਵਿਚ ਖਿਲਰ ਗਏ।

ਝੱਬਰ ਬਾਕੀ ਦੇ ਸਿੰਘਾਂ ਨੂੰ ਲੈ ਕੇ ਨਹਿਰ ਗੁਗੇਰਾ ਬ੍ਰਾਂਚ ਕੰਢੇ ਕੰਢੇ ਦਿਲਵਾਂ ਵਾਲੇ ਪੁਲ ਤੋਂ ਪਾਰ ਹੋ ਬੁਟਰੀਂ ਜਾ ਜੱਥ ਨੂੰ ਰਲਾਇਆ। ਉਥੋਂ ਸਿੱਧੇ ਧਰੋਜ ਵਾਲੇ ਬੰਗਲੇ ਪੁੱਜੇ ਉਥੋਂ ਲਾਗਰਾ ਦਾ ਜਥਾ ਰਲ ਪਿਆ। ਬਿਰਧ ਭਾਈ ਸ਼ੇਰ ਸਿੰਘ (ਲਾਗਰ) ਆਯੂ 70 ਬਰਸ ਖਰੇ ਸੌਦੇ ਤੋਂ ਭੀੜੇ, ਬਾਹੜ, ਆਪਣੇ ਪਿੰਡ ਲਾਗਰ, ਟਿਬੀ ਹੰਬੋ ਅਤੇ ਭਿਖੀ ਵਿੱਚ ਖਬਰ ਦੇ ਕੇ 26 ਮੀਲ ਦਾ ਪੈਂਡਾ ਵੱਢ ਜੱਥ ਨੂੰ ਖਿਪਵਾਲੀਂ ਆਣ ਰਲਿਆ—ਇਲਾਕੇ ਦੇ ਜੱਥੇ ਕੀਤੀ ਅੱਠ ਅਨੁਸਾਰ ਚੰਦਰਕੋਟ ਦੀ ਝਾਲ ਤੇ ਇਕੱਤਰ ਹੋਣੇ ਸ਼ੁਰੂ ਹੋ ਗਏ— ਰਾਤ ਦੇ 11 ਵਜੇ ਤੱਕ ਘੱਟ ਵੱਧ 1500 ਸਿੰਘ ਪੁਜ ਚੁੱਕਾ ਸੀ।

ਥੋੜੇ ਚਿਰ ਮਗਰੋਂ ਪਹਾੜ ਵੱਲੋਂ ਨਹਿਰ ਦੇ ਕੰਢੇ ਇਕ ਮੋਟਰ ਆਉਂਦੀ ਦਿੱਸੀ। ਨਹਿਰ ਦੇ ਦੁਪਾਸੀਂ 25, 25 ਸਿੰਘ ਖੜੇ ਕੀਤੇ ਤੇ ਆਖਿਆ ਜਦੋਂ ਮੋਟਰ ਨੇੜੇ ਆਵੇ ਤਾਂ ਰੁਕਵਾਨ ਦੀ ਕੋਸ਼ਿਸ਼ ਕਰਨੀ ਤੇ ਜੇ ਨਾ ਰੋਕਣ ਤਾ ਛਹਵੀਆ ਮਾਰ ਕੇ ਟਾਇਰ ਵਢ ਦੇਣੇ। ਸਵਾਰੀਆਂ ਨੂੰ ਜਥੇਦਾਰ ਕੋਲ ਲੈ ਆਵਣਾਂ ਉਹਨਾਂ ਤੋਂ ਪੰਜਾਹ ਸਿੰਘ ਦੁਰਾਡੇ ਖਲਾਰੇ ਤਾਂ ਜੋ ਲੋੜ ਪੈਣ ਤੇ ਝਬਦੇ ਪੁਜ ਸਕਣ। ਮੋਟਰ ਪੁਜਣ ਤੇ ਵਿਚੋਂ ਮਹੰਤ ਨਾਰਾਇਨ ਦਾਸ ਦਾ ਚਾਚਾ ਗੁਰੂ ਦੇਵਾ ਦਾਸ ਤੇ ਚਾਰ ਹੋਰ ਆਦਮੀ ਬੈਠੇ ਸਨ। ਝੱਬਰ ਨੇ ਸਿੰਘਾਂ ਨੂੰ ਗੁਸੇ ਵਿਚ ਭਰਿਆ ਵੇਖ ਆਖਿਆ ਖਾਲਸਾ ਜੀ ਸਾਡਾ ਇਹਨਾਂ ਨੂੰ ਮਾਰਨਾ ਕੋਈ ਬਹਾਦਰੀ ਨਹੀਂ ਹੈ।

ਹਫੜਾ ਦਫੜੀ ਵਿਚ ਕਾਰ ਵਿਚਲਾ ਇਕ ਮੁਸਾਫ਼ਰ ਭਜ ਗਿਆ—ਝੱਬਰ ਨੂੰ ਸ਼ੱਕ ਹੋਇਆ ਮਤੇ ਕਿਧਰੇ ਉਹ ਨੇੜੇ ਦੇ ਪਿੰਡਾਂ ਵਿਚੋਂ ਆਪਣੇ ਹਮਾਇਤੀ ਬੁਲਾ ਕੇ ਦੇਵਾ ਦਾਸ ਨੂੰ ਛੁਡਾ ਕੇ ਲੈ ਜਾਏ। ਉਸਨੇ ਦੇਵਾ ਦਾਸ ਨੂੰ 20 ਸਿੰਘਾਂ ਦੇ ਸਪੁਰਦ ਕੀਤਾ ਕਿ ਇਸਨੂੰ ਜਥੇ ਤੋਂ ਦੋ ਮੁਰਬੇ ਦੂਰ ਲੈ ਜਾਉ ਪਰ ਤੁਸਾਂ ਉਚੀ ਨਹੀਂ ਬੋਲਣਾ—ਸਿੰਘਾਂ ਨੇ ਦੇਵਾਦਾਸ ਨੂੰ ਇਕ ਵਣ ਥਲੇ ਜਾ ਬਿਠਾਇਆ ਤੇ ਮਨਛਿਟੀ (ਕਪਾਹ ਦੀ ਸੁਕੀਆਂ ਛਿਟੀਆਂ) ਬਾਲ ਕੇ ਸੇਕਣ ਲਗੇ। ਦੇਵਾ ਦਾਸ ਜਾਤਾ ਮੈਨੂੰ ਜਿਉਂਦਾ ਸਾੜਨ ਲਗੇ ਹਨ—ਉਸਨੇ ਇਕ ਸਿੰਘ ਨੂੰ ਸਦ ਕੇ ਆਖਿਆ ਤੁਸੀਂ ਮੈਨੂੰ ਸਾੜੋ ਨਾ ਮੈਨੂੰ ਜਥੇਦਾਰ ਕੋਲ ਲੈ ਚਲੋ ਮੈਂ ਉਸਨੂੰ ਅਠ ਲਖ ਰੁਪੈ ਦਾ ਪਤਾ ਦਸਦਾ ਹਾਂ। ਭਾਈ ਗੁਰਦਿਤ ਸਿੰਘ ਬੁਟਰਾਂ ਵਾਲੇ ਨੇ ਜਦ ਇਹ ਗਲ ਦੱਸੀ ਤਾ ਝੱਬਰ ਆਖਿਆ ਦੇਵਾਦਾਸ ਨੂੰ ਆਖੋ, ਖਾਤਰ ਜਮਾਂ ਰਖੇ ਉਸਨੂੰ ਕੋਈ ਕੁਛ ਨਹੀਂ ਆਖਦਾ। ਐਸ ਵਕਤ ਸਾਨੂੰ ਰੁਪੈ ਦੀ ਲੋੜ ਨਹੀਂ। ਮਹੰਤਾ ਵਾਲੀ ਮੋਟਰ ਵਿਚ ਜਥੇਦਾਰ ਅਨੋਖ ਸਿੰਘ ਨਾਵੀ (ਲਾਗਰ) ਅਰਜਨ ਸਿੰਘ, ਸੁਰੈਣ ਸਿੰਘ, ਸੁਦਾਗਰ ਸਿੰਘ ਨੂੰ ਜੜ੍ਹਾਂ ਵਾਲੇ, ਦੋ ਸਿੰਘਾਂ ਨੂੰ ਚੰਦਰਕੋਟ ਦੀ ਝਾਲ ਤੇ

ਉਪਰੋਕਤ ਤਿੰਨਾਂ ਸਜਣਾਂ ਨੇ ਵਾਰੋ ਵਾਰੀ ਜਥਿਆਂ ਨੂੰ ਨਾ ਜਾਣ ਵਾਸਤੇ ਸਮਝਾਇਆ ਤੇ ਘਾਟੇ ਵਾਧੇ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ। ਬਾਬੇ ਤੇਜਾ ਸਿੰਘ ਅਤੇ ਸ: ਜਸਵੰਤ ਸਿੰਘ ਨੇ ਭਾ: ਦਲੀਪ ਸਿੰਘ ਦੇ ਜ਼ਿੰਮੇ ਲਗਾਇਆ ਕਿ ਉਹ ਦੂਸਰੇ ਜਥਿਆਂ ਨੂੰ ਜਾ ਕੇ ਰੋਕਣ। ਭਾਈ ਦਲੀਪ ਸਿੰਘ ਨੂੰ ਜਥਿਆਂ ਦੇ ਨਾਮ ਝਬਰ ਨੇ ਮਨਾਹੀ ਦੀਆਂ ਚਿਠੀਆਂ ਲਿਖ ਦਿਤੀਆਂ। ਇਹਨਾਂ ਦੇ ਨਾਲ ਇਹ ਸਜਨ ਵੀ ਗਏ :—

ਭਾ: ਵਰਿਆਮ ਸਿੰਘ ਗਰਮੂਲਾ
ਭਾ: ਗੁਰਦਿਤ ਸਿੰਘ ਝੀਂਡਾ
ਭਾ: ਰਾਮ ਸਿੰਘ ਭੰਡਿਆਵਾਲੇ

ਬਾਕੀ ਦੇ ਸਭ ਸਿੰਘਾਂ ਨੂੰ ਘਰੋ ਘਰੀਂ ਜਾਣ ਦੀ ਆਗਿਆ ਝਬਰ ਨੇ ਦੇ ਦਿਤੀ। ਉਪਰੋਕਤ ਚਵਾ ਘੋੜ ਸਵਾਰਾਂ ਨੇ ਬੁੱਟਰ, ਲਾਂਗਰਾ ਅਤੇ ਭਿਖੀ ਦੇ ਜਥੇ ਵਾਪਸ ਕਰ ਦਿਤੇ। ਕਿੰਤੂ ਪੂਰਬ ਵਿਉਂਤ[1] ਅਨੁਸਾਰ ਭਾਈ ਲਛਮਣ ਸਿੰਘ ਜੀ ਧਾਰੋਵਾਲੀ ਵਾਲਿਆਂ ਦਾ ਜਥਾ ਚੰਦਰ ਕੋਟ ਦੀ ਝਾਲ ਤੇ ਨਾ ਮਿਲਿਆ—ਤਾਂ ਇਹ ਪੰਜ ਚਕ (ਚੂਹੜਕਾਣਾ) ਦੇ ਪੁਲ ਤਕ ਵੀ ਗਏ ਪਰ ਭਾਈ ਲਛਮਨ ਸਿੰਘ ਜੀ ਦਾ ਜਥਾ ਉਥੇ ਵੀ ਨਾ ਮਿਲਿਆ—ਉਥੋਂ ਭਾਈ ਰਾਮ ਸਿੰਘ ਨੂੰ ਵਾਪਸ ਚੰਦਰ ਕੋਟ ਦੀ ਝਾਲ ਤੇ ਘਲਕੇ ਬਾਕੀ ਦੇ ਤ੍ਰੈਵੇ ਸਿੰਘ ਨਨਕਾਣੇ ਸਾਹਿਬ ਨੂੰ ਟੁਰ ਗਏ। ਭਾ: ਵਰਯਾਮ ਸਿੰਘ ਅਤੇ ਭਾ: ਗੁਰਦਿਤ ਸਿੰਘ ਤਾਂ ਮੰਡੀ ਵਿੱਚ ਸੁਤੇ ਅਤੇ ਭਾਈ ਦਲੀਪ ਸਿੰਘ ਜੀ, ਸ: ਉਤਮ ਸਿੰਘ ਦੇ ਕਾਰਖਾਨੇ ਪੁਜੇ। ਉਥੇ ਝੱਬਰ ਜੀ ਦੇ ਬਿਜਲਾ[2] ਸਿੰਘ ਨੂੰ ਜਥੇ ਨੂੰ ਰੋਕਣ ਵਾਲੀ ਝੱਬਰ ਦੀ ਚਿਠੀ ਦੇ ਕੇ ਆਖਿਆ ਤੁਸੀਂ ਰੇਲ ਦੇ ਫਾਟਕ ਕੋਲ ਜਾਵੋ ਜੇ ਕੋਈ ਜਥਾ ਮਿਲੇ ਤਾਂ ਚਿਠੀ ਵਖਾ ਕੇ ਜਥਾ ਵਾਪਸ ਕਰ ਦੇਣਾ

ਭਾਈ ਬਿਜਲਾ ਸਿੰਘ ਨੂੰ ਕੋਟ ਵਾਰ[3] ਵਾਲੀ ਸੜਕ ਤੇ ਆਉਂਦਾ ਭਾਈ ਲਛਮਣ ਸਿੰਘ ਜੀ ਦਾ ਜਥਾ ਮਿਲ ਗਿਆ। ਚਿਠੀ ਪੜ੍ਹ ਕੇ ਭਾਈ ਲਛਮਨ ਸਿੰਘ ਜੀ ਨੇ ਜਥਾ ਵਾਪਸ ਮੋੜ ਲਿਆ ਤਾਂ ਭਾਈ ਟਹਿਲ ਸਿੰਘ ਜੀ ਨੇ ਕਿਹਾ ਖਾਲਸਾ ਜੀ ਮੈਂ ਤਾਂ ਨਨਕਾਣੇ ਸਾਹਿਬ ਸ਼ਹੀਦ ਹੋਣ ਵਾਸਤੇ ਘਰੋ ਅਰਦਾਸਾ ਸੋਧ ਕੇ ਟੁਰਿਆ ਸਾਂ. ਤੁਸੀਂ ਜਾਂਦੇ ਹੋ ਤਾਂ ਬੇਸ਼ਕ ਜਾਵੋ ਪਰ ਮੈਂ ਤਾਂ ਨਨਕਾਣੇ ਸਾਹਿਬ ਹੀ ਜਾਵਾਂਗਾ ਤੇ ਕਾਹਲੀ ਕਾਹਲੀ ਉਧਰ ਨੂੰ ਟੁਰ ਪਿਆ। ਗੁਰਦਵਾਰੇ ਵਲ ਚਲੇ ਜਾਣ ਦਾ ਵਰਨਣ ਭਾਈ ਬਿਜਲਾ ਸਿੰਘ ਸ: ਉਤਮ ਸਿੰਘ ਜੀ ਦੇ ਕਾਰਖਾਨੇ ਭਾਈ ਦਲੀਪ ਸਿੰਘ ਜੀ ਨੂੰ ਸੁਣਾ ਰਹੇ ਸਨ ਕਿ ਚਾਹ ਆ ਗਈ। ਪਰ ਇਕ ਦਮ ਗੁਰਦਵਾਰੇ ਵਲੋਂ ਬੰਦੂਕਾਂ ਚਲਣ ਦੀ ਆਵਾਜ਼ ਆਈ। ਭਾਈ ਦਲੀਪ ਸਿੰਘ ਜੀ ਝਟ ਉਠ ਖਲੋਤੇ ਤੇ ਆਖਿਆ "ਬਸ, ਸਿੰਘ ਮਾਰੇ ਗਏ ਚਲੋ ਅਸੀਂ ਵੀ ਚਲੀਏ ਤੇ ਟੁਰ ਪਏ। ਸ: ਉਤਮ ਸਿੰਘ[1] :— ਭਾਈ ਸਾਹਿਬ ਚਾਹ ਤਾਂ ਪੀ ਲਵੋ ?

ਭਾ: ਦਲੀਪ ਸਿੰਘ ਨੇ ਫਿਰ ਇਨਕਾਰ ਕੀਤਾ ਤੇ ਸਣੇ ਬਿਜਲਾ ਸਿੰਘ (ਭਾ: ਵਰਯਾਮ ਸਿੰਘ) ਦੇ ਗੁਰਦਵਾਰੇ ਜਾ ਪੁਜੇ। ਮਹੰਤ ਨੂੰ ਔਂਦਿਆਂ ਵੇਖ ਭਾਈ ਦਲੀਪ ਸਿੰਘ ਨੇ ਆਖਿਆ ਉਇ ਮਹੰਤਾ ਇਹ ਕੀਹ ਕੀਤਾ ਈ। ਮਹੰਤ ਨਰਾਇਨ ਦਾਸ—ਉਇ ਤੂੰ ਭੀ ਅਕਾਲੀ ਹੋ ਗਿਆ ਏਂ ?

ਭਾ: ਦਲੀਪ ਸਿੰਘ—ਹਾਂ।

ਮਹੰਤ ਨਰਾਇਣ ਦਾਸ "ਲੈ ਫੇਰ ਤਗੜਾ ਹੋ ਜਾਹ ਆਈ ਆ" ਤੇ ਆਪਣੇ ਪਸਤੌਲ ਨਾਲ ਫਾਇਰ ਕਰ ਦਿਤਾ। ਗੋਲੀ ਛਾਤੀ ਵਿਚ ਵਜੀ। ਮਹੰਤ ਦੇ ਸਾਥੀ ਬਦਮਾਸ਼ਾ ਨੇ ਦੁਹਾ ਸਿੰਘਾਂ ਨੂੰ ਛਵੀਆਂ ਮਾਰ ਮਾਰ ਸ਼ਹੀਦ ਕਰ ਦਿੱਤਾ। ਸ਼ਹੀਦਾਂ ਦੇ ਸਰੀਰਾਂ ਨੂੰ ਮਿਟੀ ਦਾ ਤੇਲ ਪਾ ਪਾ ਕੇ ਸਾੜਿਆ ਅਤੇ ਭਾਈ ਲਛਮਣ ਸਿੰਘ ਜੀ ਨੂੰ ਜੋ ਸਖਤ ਜ਼ਖਮੀ ਪਰ ਜਿੰਦਾ ਸਨ ਜੰਡ ਨਾਲ ਬੰਨ ਕੇ ਮਿਟੀ ਦਾ ਤੇਲ ਪਾ ਕੇ ਸਾੜਿਆ।

---

1. ਵਿਉਂਤ ਇਹ ਸੀ ਕਿ ਪਹਾੜ ਵਾਲੇ ਪਾਸੇ (ਵਿਰਕੈਤ) ਦੇ ਜਥੇ ਚੰਦਰਕੋਟ ਦੀ ਝਾਲ ਤੇ ਆ ਜਾਣਗੇ ਤੇ ਉਥੇ ਹੀ ਧਾਰੋਵਾਲੀ ਦਾ ਜਥਾ ਵੀ ਨਾਲ ਸ਼ਾਮਲ ਹੋ ਜਾਣ ਤੇ ਸਭ ਜਥੇ ਇਕੱਠੇ ਨਨਕਾਣੇ ਸਾਹਿਬ ਕਬਜ਼ੇ ਵਾਸਤੇ ਚਾਲੇ ਪਾਣਗੇ।

2. ਬਿਜਲਾ ਸਿੰਘ ਪ੍ਰਸਿੱਧ ਨਾਮ ਭਾਈ ਵਰਿਆਮ ਸਿੰਘ ਪਿੰਡ ਭੱਜੀਆਂ ਜ਼ਿਲਾ ਮਿੰਟਗੁਮਰੀ। ਇਹ ਗੁਰਮੁਖ ਗੁਪਤਚਰ ਦੀ ਸੇਵਾ ਨਿਭਾਉਂਦੇ ਸਨ। ਮਹੰਤਾਂ ਦੇ ਕਾਰਨਾਮੇ ਝੱਬਰ ਤੱਕ ਨਨਕਾਣਾ ਸਾਹਿਬ ਤੋਂ ਪਹੁੰਚਾਇਆ ਕਰਦੇ ਸਨ, ਸਾਕੇ ਵਿੱਚ ਆਪ ਵੀ ਸ਼ਹੀਦ ਹੋ ਗਏ।

3. ਕੋਟਵਾਰ—ਅੰਗਰੇਜ਼ੀ ਸ਼ਬਦ "ਕੋਰਟ ਆਫ਼ ਵਾਰਡ" ਦਾ ਪ੍ਰੀਵਰਤਤ ਪੰਜਾਬੀ ਰੂਪ। ਜਦੋਂ ਕੋਈ ਵਡਾ ਅਮੀਰ ਨਾਬਾਲਗ ਔਲਾਦ ਛੱਡ ਕੇ ਮਰ ਜਾਵੇ ਤਾਂ ਸਰਕਾਰ ਉਸ ਦੀ ਜਾਇਦਾਦ ਅਤੇ ਔਲਾਦ ਦੀ ਸੰਭਾਲ ਲਈ ਇੱਕ ਸੰਸਥਾ ਕਾਇਮ ਕਰਦੀ ਜਿਸ ਨੂੰ ਕੋਰਟ ਆਫ਼ ਵਾਰਡ ਆਖਿਆ ਜਾਂਦਾ ਹੈ।

ਆਖਿਆ, "ਝੱਬਰ ਜੀ ਜੱਥੇ ਨੂੰ ਰੋਕ ਦਿਉ, ਅਗੇ ਗੋਰਾ ਫੌਜ ਮਸ਼ੀਨ ਗੰਨਾ ਲਗਾਈ ਬੈਠੀ ਹੈ। ਅੱਗੇ ਨਾ ਜਾਵੋ। 200 ਸਿੰਘ ਅੱਗੇ ਹੀ ਸ਼ਹੀਦ ਹੋ ਚੁੱਕਾ ਹੈ। ਤੁਸੀਂ ਭੀ ਮਾਰੇ ਜਾਵੋਗੇ" ਝੱਬਰ ਨੇ ਆਖਿਆ, "ਸਰਦਾਰ ਬਹਾਦਰ ਹੁਣ ਪਿੱਛਾ ਮੁੜਨ ਦਾ ਵੇਲ ਨਹੀਂ ਜੋ ਕੁਛ ਹੁੰਦਾ ਹੈ ਹੋਣ ਦਿਓ। ਸਾਨੂੰ ਕੁਛ ਨਾ ਆਖੋ ਤੇ ਤੁਸੀਂ ਚਲੇ ਜਾਵੋ" ਇਹ ਸੁਣ ਸਰਦਾਰ ਮਤਾਬ ਸਿੰਘ ਰੁਮਾਲ ਨਾਲ ਅੱਖਾਂ ਪੂੰਝਦਾ ਵਾਪਸ ਪਰਤ ਗਿਆ। ਹੁਣ ਝੱਬਰ ਨੇ ਸਾਰੇ ਜਥੇ ਨੂੰ ਸੰਬੋਧਨ ਕਰਕੇ ਆਖਿਆ :—

ਖਾਲਸਾ ਜੀ ਹੁਣ ਅਸੀਂ ਗੋਲੀ ਦੀ ਮਾਰ ਥੱਲੇ ਆ ਗਏ ਹਾਂ। ਜਿਸ ਦਮ ਗੋਲੀ ਚਲੇ, ਇਕ ਦਮ ਓਧਰ ਨੂੰ ਦੌੜ ਪਵੋ। ਜਿਹੜਾ ਗੋਲੀ ਨਾਲ ਡਿਗ ਪਵੇ, ਉਸਨੂੰ ਪਰਤ ਕੇ ਨਾ ਵੇਖੋ। ਜਿਹੜੇ ਮਰ ਜਾਣਗੇ ਉਹ ਸ਼ਹੀਦ ਅਖਵਾਣਗੇ। ਤੁਸੀਂ ਅਗਾਂਹ ਵਧੀ ਜਾਵੋ ਤੇ ਗੋਰਿਆ ਦੇ ਹੱਥੋਂ ਹਥਿਆਰ ਖੋਹ ਕੇ ਸਭ ਨੂੰ ਖਤਮ ਕਰ ਦਿਓ ਇਕ ਨਾ ਛੱਡੋ ਅਤੇ ਫਿਰ ਗੁਰਦੁਆਰੇ ਚਲੋ। ਝੱਬਰ ਨੇ ਸੀਟੀ ਮਾਰੀ ਜੱਥਾ ਚਲ ਪਿਆ। ਜੱਥਾ ਭੱਠਿਆਂ ਤੋਂ ਅਗਾਂਹ ਲੰਘ ਅਜੇ ਰੇਲ ਦੇ ਫਾਟਕੋ ਪਿੱਛੇ ਹੀ ਸੀ ਕਿ ਸ: ਹਰਬੰਸ ਸਿੰਘ ਅਟਾਰੀ, ਪ੍ਰੋਫੈਸਰ ਜੋਧ ਸਿੰਘ, ਸ: ਲਾਲ ਸਿੰਘ[1] ਸ: ਬ: ਮਤਾਬ ਸਿੰਘ ਸਮੇਤ ਮਿ: ਕਿੰਗ ਕਮਿਸ਼ਨਰ ਲਾਹੌਰ, ਮਿ: ਐਮਰਸ਼ਨ ਡੀ. ਆਈ. ਜੀ. ਪੁਲੀਸ ਲਾਹੌਰ, ਮਿ: ਕੱਰੀ ਡੀ. ਸੀ. ਸੇਖੂਪੁਰਾ ਤੇ ਚੌਥਾ ਕੋਈ ਫੌਜ ਦਾ ਅਫਸਰ ਸੀ। ਇਹਨਾਂ ਨੇ ਰੋਕਣ ਵਾਸਤੇ ਇਸ਼ਾਰਾ ਕੀਤਾ ਪਰ ਜੱਥਾ ਨਾ ਖਲਾਰਿਆ—ਸ: ਲਾਲ ਸਿੰਘ ਨੇ ਅਗੇ ਹੋ ਕੇ ਆਖਿਆ, "ਜਥੇਦਾਰ ਜੀ ਖਲੋ ਕੇ ਸਾਹਿਬ ਦੀ ਗਲ ਤਾਂ ਸੁਣ ਲਵੋ"—ਝੱਬਰ ਨੇ ਸੀਟੀ ਮਾਰ ਜਥਾ ਖਲਾਰ ਦਿੱਤਾ। ਘੋੜੇ ਤੋਂ ਉਤਰ ਸਾਹਮਣੇ ਖਲੋਤੇ ਡੀ. ਸੀ. ਮਿ: ਕਰੀ ਤੋਂ ਪੁਛਿਆ "ਦਸੋ ਸਾਹਿਬ ਬਹਾਦਰ, ਕੀ ਆਖਦੇ ਹੋ ?

ਮਿ: ਕਰੀ	:	"ਜਥੇ ਕੋ ਰੋਕੋ, ਆਗੇ ਸਾਹਿਬ ਫੌਜ ਲੇਕਰ ਖੜਾ ਹੁਆ ਹੈ। ਆਗੇ ਮਤ ਜਾਓ, ਗੋਲੀ ਚਲ ਜਾਵੇਗਾ।"
ਝੱਬਰ	:	ਸਾਹਿਬ ਬਹਾਦਰ ਫਿਰ ਤੁਸੀਂ ਚਲਾਓ ਗੋਲੀ ਤੇ ਫੇਰ ਮੇਰੇ ਜੁਆਨਾ ਦੇ ਚਲਦੀ ਗੋਲੀ ਵਿੱਚ ਹੱਥ ਵੇਖੋ। ਤੁਸਾਡੇ ਕੋਲ 150 ਗੋਰੇ ਹਨ ਤੇ ਮੇਰੇ ਕੋਲ 2200 ਜਵਾਨ ਹਨ।
ਮਿ: ਐਮਰਸਨ	:	ਆਪ ਚਾਹਤੇ ਕਿਆ ਹੈਂ ?
ਝੱਬਰ	:	ਸਾਹਿਬ ਬਹਾਦਰ, ਅਸੀਂ ਤੁਸਾਡੇ ਤੋਂ ਕੁਛ ਨਹੀਂ ਲੈਣਾ ਚਾਹੁੰਦੇ। ਤੁਸਾਂ ਸਾਡੇ ਗੁਰਦਵਾਰੇ ਤੇ ਕਿਉਂ ਕਬਜ਼ਾ ਕੀਤਾ ਹੈ। ਇਹ ਕੋਈ ਮਹਾਰਾਜਾ ਰਣਜੀਤ ਸਿੰਘ ਦਾ ਕਿਲਾ ਤਾਂ ਨਹੀਂ। ਇਹ ਸਾਡਾ ਯੂਰੋ ਸਲਿਮ ਹੈ। ਗੁਰਦਵਾਰੇ ਤੇ ਕਬਜ਼ਾ ਕਰਨ ਦਾ ਤੁਸਾਨੂੰ ਕੋਈ ਅਧਿਕਾਰ ਨਹੀਂ—ਚਾਬੀਆਂ ਦੇ ਦੇਵੋ, ਫੌਜ ਹਟਾ ਲਵੋ। ਨਹੀਂ ਤੇ ਤੁਸੀਂ ਗੋਲੀ ਚਲਾਓ ਅਸੀਂ ਤੁਸਾਡੀ ਗੋਲੀ ਦ ਵੀ ਜੋਰ ਵੇਖ ਲਵਾਂਗੇ। ਅਸਾਂ ਤਾਂ ਗੁਰਦਵਾਰੇ ਪੁੱਜ ਰਹਿਰਾਸ ਦਾ ਪਾਠ ਉਥੇ ਕਰਨ ਦਾ ਅਰਦਾਸਾ ਕੀਤਾ ਹੋਇਆ ਹੈ।
ਡੀ. ਸੀ. ਮਿ: ਕਰੀ	:	"ਆਪ ਗੁਰਦਵਾਰੇ ਕੀ ਚਾਬੀਆਂ ਚਾਹਤੇ ਹੋ ? ਅੱਛਾ ਰਾਤ ਜਥੇ ਕੋ ਠਹਿਰਾਓ, ਸੁਬ੍ਹਾ ਆਪ ਕੋ ਚਾਬੀਆ ਦੇ ਦੀ ਜਾਵੇਂਗੀ।"
ਝੱਬਰ	:	"ਸਾਹਿਬ ਬਹਾਦਰ ! ਆਪ ਕੋ ਇਹ ਬਾਤ ਸਮਝਾਨੇ ਵਾਲਾ ਮੇਰੇ ਪਾਸ ਭੀ ਰਹਿ ਗਿਆ ਹੁਆ ਹੈ। ਆਪ ਕੀ ਮਰਜ਼ੀ ਹੈ ਕਿ ਜਥਾ ਰਾਤ ਭਰ ਸੋਇਆ ਰਹੇ ਅਤੇ ਆਪ ਮਜ਼ੀਦ ਫੌਜ ਮੰਗਾ ਕਰ ਹਮੇ ਘੇਰੇ ਮੇਂ ਲੇ ਲੇਂ। ਹਮਾਰਾ ਮੁਕਾਬਲਾ ਤੋਂ ਮਹੰਤੋਂ ਸੇ ਥਾ ਆਪ ਨੇ ਖਾਹ ਮਖਾਹ ਬੀਚ ਮੇਂ ਆਕਰ ਟਾਂਗ ਅਟਕਾ ਦੀ। ਸਾਡੇ ਗੁਰਦੁਆਰੇ ਤੇ ਤੁਸਾਡਾ ਕਬਜ਼ਾ ਕਰਨ ਦਾ ਕੋਈ ਹੱਕ ਨਹੀਂ। ਬਸ ਯਾ ਤੇ ਚਾਬੀਆ ਦੇ ਦੋ ਯਾ ਗੋਲੀ ਚਲਾਉ"—ਅਤੇ ਪਿੱਛੇ ਮੂੰਹ ਕਰ ਜੱਥੇ ਨੂੰ ਸੰਬੋਧਨ ਕਰਕੇ ਆਖਿਆ :— ਕਿਉਂ ਖਾਲਸਾ ਜੀ ! ਇਹ ਸਾਹਿਬ ਆਖਦੇ ਹਨ, ਤੁਸੀਂ ਚਾਰ ਪਹਿਰ ਰੁਕੋ ਅਸੀਂ ਚਾਬੀਆਂ ਤੁਸਾਨੂੰ ਸਵੇਰੇ ਦਿਆਂਗੇ ?" ਇਹ ਸੁਣ ਇਕ ਗਭਰੂ ਗਿਆਨ ਸਿੰਘ (ਪਿੰਡ ਲਾਗਰ) ਨੇ ਡੰਡੇ ਤੇ ਛਵੀ ਮਾਰਕੇ ਆਖਿਆ, ਇਹ ਚਾਰ ਪਹਿਰ ਆਂਹਦੇ ਨੇ ਅਸੀਂ ਚਾਰ ਮਿੰਟ ਨਹੀਂ ਰੁਕ ਸਕਦੇ" ਸਰਬਤ ਜਥੇ ਨੇ ਆਪਣੇ ਆਪਣੇ ਹਥਿਆਰ ਡੰਡੇ ਤੇ ਮਾਰੇ ਤੇ ਜੈਕਾਰੇ ਛੱਡੇ ਫਿਰ ਝੱਬਰ ਨੇ ਡੀ. ਸੀ. ਨੂੰ ਸੰਬੋਧਨ ਕਰਕੇ ਆਖਿਆ, ਸਾਹਿਬ ਹਟ ਜਾ ਅੱਗੋਂ ਅਗਰ

1. ਸ: ਲਾਲ ਸਿੰਘ ਲਾਹੌਰ, ਲਕੜੀ ਦਾ ਬੜਾ ਵੱਡਾ ਸੌਦਾਗਰ ਅਤੇ ਝੱਬਰ ਜੀ ਦਾ ਬੜਾ ਮਿੱਤਰ ਸੀ।

ਪੁੱਜਣ ਵਾਸਤੇ ਸੂਚਨਾ ਦੇਨ ਲਈ ਭੇਜੇ। ਜੜ੍ਹਾਂ ਵਾਲੇ ਦੋ ਸਿੰਘਾਂ ਨੂੰ ਖਬਰ ਕਰਨ ਗਿਆਂ ਦੇ ਮਗਰ ਪੁਲੀਸ ਲਗ ਗਈ। ਉਥੋਂ ਇਹ ਬੜੀ ਮੁਸ਼ਕਿਲ ਨਾਲ ਭਜ ਭਜਾ ਕੇ ਵਾਪਸ ਚੰਦਰ ਕੋਟ ਪੁਜੇ।

ਨੀਲਿਆਂ ਵਾਲੀ ਕੜਯਾਲ ਵਲੋਂ ਆਉਂਦੇ ਇਕ ਜਥੇ ਨੇ ਇਕ ਬੰਦੇ ਤੇ ਜਨਾਨੀ ਨੂੰ ਸ਼ਕੀ ਜਹੇ ਜਾਣ ਕੇ ਫੜ ਲਿਆਂਦਾ। ਜਦ ਭਾਈ ਕਰਤਾਰ ਸਿੰਘ ਨੇ ਉਸਦੀ ਸੋਧ ਕੀਤੀ ਤਾਂ ਉਹ ਬੰਦਾ ਗੁ: ਜਨਮ ਅਸਥਾਨ ਦਾ ਹਲਵਾਈ ਸੰਤ ਸਿੰਘ ਹੈ। ਅਤੇ ਇਸਦੇ ਸਹੁਰੇ ਪਿੰਡ ਕੋਟਵਾਰ ਹਨ। ਉਸ ਦੀ ਜਨਾਨੀ ਹੈ ਤਾਂ ਕੋਟ[1] ਵਾਰਦੇ ਲਸੀ ਅਤੇ ਪ੍ਰਸ਼ਾਦੇ ਛਕਾਣ ਆਏ ਸਿੰਘਾਂ ਦੇ ਹਵਾਲੇ ਕੀਤਾ ਪਰ ਸੰਤ ਸਿੰਘ ਦੀਆਂ ਮੁਸਕਾ ਬੰਨ੍ਹ ਮਹੰਤ ਦੇਵਾ ਦਾਸ ਦੇ ਨਾਲ ਬਿਠਾ ਦਿਤਾ—ਉਸ ਦੀ ਤਲਾਸੀ ਕਰਨ ਤੇ ਇਕ ਟੀਨ ਦੀ ਸੰਦੂਕੜੀ ਨਿਕਲੀ ਜੋ ਝੱਬਰ ਜੀ ਨੇ ਬਾਬਾ ਕਿਹਰ ਸਿੰਘ[2] ਪਟੀ ਵਾਲਿਆਂ ਦੇ ਹਵਾਲੇ ਕੀਤੀ।

ਉਸੇ ਦਿਨ 21.2.1921 ਨੂੰ ਦਿਨ ਦੇ ਦੋ ਵਜੇ ਜਥੇ ਦੀ ਤਿਆਰੀ ਹੋਈ। ਦਕਾਂ ਨੂੰ ਲਾਗਰਾਂ ਵਾਲੇ ਜਥੇ ਦੇ ਹਵਾਲੇ ਕਰ ਜਥਾ ਚਾਰ ਵਜੇ ਖਿਪਵਾਲੇ[3] ਪੁਜ ਗਿਆ। ਇਥੇ ਹੀ ਭਿਖੀ ਦਾ ਜਥਾ ਵੀ ਆ ਰਲਿਆ—ਇਥੇ ਪੁਜ ਸਾਰੀ ਗਿਣਤੀ ਘਟ ਵਧ ਚਾਰ ਪੰਜ ਹਜਾਰ ਹੋ ਗਈ ਸੀ: ਨਨਕਾਣਾ ਸਾਹਿਬ ਤੋਂ ਸੂਹਾਂ (ਗੁਪਤ ਚਰ) ਘੋੜੇ ਤੇ ਸਮਾਚਾਰ[4] ਲੈ ਆਇਆ ਸੀ। ਇਥੇ ਸਾਰੇ ਜਥੇ ਨੂੰ ਸਬੋਧਨ ਕਰਕੇ ਝਬਰ ਨੇ ਆਖਿਆ :—

"ਖਾਲਸਾ ਜੀ, ਕਲ ਅੱਠ ਵਜੇ ਸ਼ਾਮ ਦਾ ਕਮਿਸ਼ਨਰ 150 ਗੋਰਾ ਫੌਜ ਅਤੇ 6 ਸਿੱਖ ਲੀਡਰਾਂ ਸਮੇਤ ਨਨਕਾਣੇ ਸਾਹਿਬ ਪੁਜਾ ਹੋਇਆ ਹੈ। ਮਹੰਤ ਤੇ ਉਸ ਦੇ ਹੋਰ ਸਾਥੀਆ ਨੂੰ ਹਿਰਾਸਤ ਵਿੱਚ ਲੈ ਕੇ ਲਾਹੌਰ ਭੇਜ ਦਿੱਤਾ ਗਿਆ ਹੈ। ਗੁਰਦਵਾਰੇ ਨੂੰ ਜੰਦਰੇ ਵੱਜੇ ਹਨ ਅਤੇ ਗੋਰਾ ਫੌਜ ਦਾ ਪਹਿਰਾ ਹੈ। ਸਾਡੇ ਸ਼ਹੀਦਾਂ ਦੀਆਂ ਲਾਸ਼ਾਂ ਪਤਾ ਨਹੀਂ ਅੰਦਰ ਕਿਸ ਹਾਲਤ ਵਿੱਚ ਹਨ, ਸੜਕਾਂ ਰਸਤੇ ਸੱਭ ਬੰਦ ਹਨ। ਕਿਸੇ ਸਿੱਖ ਨੂੰ ਗੁਰਦਵਾਰੇ ਨਹੀਂ ਜਾਣ ਦੇਂਦੇ। ਸਾਡਾ ਜਥਾ ਖਰੇ ਸੌਦੇ ਤੋਂ ਗੁਰਦੁਆਰੇ ਦਾ ਕਬਜ਼ਾ ਲੈਣ ਦਾ ਅਰਦਾਸਾ ਸੋਧ ਕੇ ਟੁਰਿਆ ਹੈ। ਸਾਡਾ ਜਥਾ ਇਥੋਂ ਸਿੱਧਾ ਗੁਰਦੁਆਰਾ ਜਨਮ ਅਸਥਾਨ ਨੂੰ ਧਾਈ ਕਰੇਗਾ। ਰਸਤੇ ਵਿੱਚ ਫੌਜ ਨੇ ਸਾਨੂੰ ਰੋਕਣਾ ਹੈ। ਅਸਾਂ ਰੁਕਣਾ ਨਹੀਂ। ਪਤਾ ਨਹੀਂ ਉਥੇ ਪੁਜਿਆਂ ਕੀ ਸਿਟਾ ਨਿਕਲੇ। ਆਹ ਮੈਂ ਇਕ ਲਕੀਰ ਕੱਢੀ ਹੈ, ਜਿਸ ਨੂੰ ਮੌਤ ਮਨਜ਼ੂਰ ਹੈ ਉਹ ਲਕੀਰ ਟਪ ਆਵੇ। ਬਾਕੀ ਦੇ ਸਿੰਘ ਅਤੇ ਬੀਬੀਆਂ ਐਸ ਸਿੱਧੀ ਸੜਕੇ ਗੁਰਦਵਾਰਾ ਕਿਆਰਾ ਸਾਹਿਬ ਚਲੇ ਜਾਵਣ।"

ਤੁਰੰਤ 2200 ਸਿੰਘ ਛਾਲਾਂ ਮਾਰ ਕੇ ਲਕੀਰ ਟੱਪ ਗਏ। ਬਾਕੀ ਦੀਆਂ ਸੰਗਤਾਂ ਵਹੀਰ ਘਤ ਗਈਆਂ। ਝੱਬਰ ਅਜੇ ਜਥੇਬੰਦੀ ਹੀ ਕਰ ਰਿਹਾ ਸੀ ਕਿ ਡਿਪਟੀ ਕਮਿਸ਼ਨਰ ਵਲੋਂ ਝੱਬਰ ਨੂੰ ਹੁਕਮ ਪੁਜਾ "ਮੈਂ ਤੈਨੂੰ ਹੁਕਮ ਦੇਂਦਾ ਹਾਂ ਕਿ ਜਥਾ ਲੈ ਕੇ ਅੱਗੇ ਮਤ ਆਵੇਂ।" ਝੱਬਰ ਨੇ ਹੁਕਮ ਸੁਣ ਕੇ ਕਾਗਜ਼ ਨੂੰ ਪਾੜ ਸੁਟਿਆ ਤੇ ਉਤੇ ਦੱਸ ਛਿਤਰ ਮਾਰੇ ਤੇ ਉਸ ਹੁਕਮ ਲਿਆਵਣ ਵਾਲੇ ਨੂੰ ਆਖਿਆ, "ਡਿਪਟੀ ਕਮਿਸ਼ਨਰ ਨੂੰ ਜਾ ਕੇ ਆਖ ਦੇਵੀਂ ਝੱਬਰ ਕਹਿੰਦਾ ਹੈ ਮੈਂ ਜਥਾ ਲੈ ਕੇ ਆ ਰਿਹਾ ਹਾਂ ਤੂੰ ਜੋ ਤਿਆਰੀ ਕਰਨੀ ਹੈ ਕਰ ਲੈ।

ਝੱਬਰ ਨੇ ਦੋ ਦੋ ਸੌ ਦੇ 11 ਜਥੇ ਤਰਤੀਬ ਵਿਚ ਕਰ ਦਿੱਤੇ ਹਰ ਜਥੇ ਦਾ ਇਕ ਜਥੇਦਾਰ ਆਪਣੇ ਆਪਣੇ ਜਥੇ ਦੇ ਅੱਗੇ ਘੋੜੇ ਤੇ ਸਵਾਰ ਪਿਛੇ ਜਥਾ 25-25 ਦੀਆਂ ਕਤਾਰਾਂ ਵਿਚ ਖੜਾ ਕੀਤਾ ਗਿਆ। ਗਿਆਰਾਂ ਜਥੇਦਾਰਾਂ ਦੇ ਪ੍ਰਧਾਨ ਜਥੇਦਾਰ ਭਾਈ ਕਰਤਾਰ ਸਿੰਘ ਝੱਬਰ ਜੀ ਚੁਣੇ ਗਏ। ਜਥੇ ਨੇ ਚਾਲੇ ਪਾਏ। ਇੱਕ ਇੱਕ ਮੁਰੱਬੇ ਦੀ ਵਿੱਥ ਤੇ ਝੱਬਰ ਸੀਟੀ ਮਾਰਦਾ। ਜਥੇ ਰੁਕ ਕੇ ਜੈਕਾਰਾ ਗਜਾਂਦੇ। ਜਦੋਂ ਜਨਮ ਅਸਥਾਨ ਦੇ ਅੱਧ ਵਿੱਚ ਪਹੁੰਚੇ ਤਾਂ ਸਰਕਾਰੀ ਵਕੀਲ ਮਹਿਤਾਬ ਸਿੰਘ ਵੈਰਾਗ ਨਾਲ ਭਰੇ ਮੂੰਹੋਂ ਗੱਲ ਨਾ ਨਿਕਲੇ ਆ ਮਿਲੇ ਤੇ ਬੜੀ ਕਠਿਨਾਈ ਨਾਲ

---

1. ਕੋਟ ਵਾਰ ਅਤੇ ਮਾਨਾਂ ਵਾਲੇ ਦੀਆਂ ਸੰਗਤਾਂ ਨੇ ਜਥਿਆਂ ਦੀ ਪ੍ਰਸ਼ਾਦ ਪਾਣੀ ਅਤੇ ਭੁਜੇ ਬਾਦਾਮਾਂ (ਛੋਲਿਆਂ) ਨਾਲ ਸੇਵਾ ਕੀਤੀ ਸੀ।
2. ਬਾਬਾ ਕਿਹਰ ਸਿੰਘ ਪੱਟੀ, ਮਾਸਟਰ ਤਾਰਾ ਸਿੰਘ, ਤੇਜਾ ਸਿੰਘ ਸਮੁੰਦਰੀ—ਇਹ ਤਿੰਨੋ ਸਾਂਗਲਾ ਸਟੇਸ਼ਨ ਤੇ ਗੱਡੀ ਤੋਂ ਉਤਰ ਤਾਂਗਿਆਂ ਵਿਚ ਸ਼ਾਹਕੋਟ ਰੇ ਉਥੋਂ ਪੈਦਲ ਜਥੇ ਨੂੰ ਚੰਦਰਕੋਟ ਦੀ ਝਾਲ ਤੇ ਆਨ ਮਿਲੇ। ਸ: ਦਲੀਪ ਸਿੰਘ ਸ਼ਹੀਦ ਦੀ ਭੈਣ ਬੀਬੀ ਭਗਵਾਨ ਕੌਰ ਅਤੇ ਉਹਨਾਂ ਦੀ ਬਰਾਦਰੀ ਬਹਾਲੀਕਿਆਂ ਉਤਰ ਚੰਦਰਕੋਟ ਆ ਮਿਲੇ। ਸ਼ੇਖੂਪੁਰੇ ਤੋਂ ਸ: ਬੂਟਾ ਸਿੰਘ ਅਤੇ ਪ੍ਰੀਤਮ ਸਿੰਘ ਵਕੀਲ ਤਾਂਗਿਆਂ ਤੇ ਪੁੱਜ ਗਏ।
3. ਖਿਪਵਾਲੀ—ਗੁਰਦਵਾਰਾ ਨਨਕਾਣਾ ਸਾਹਿਬ ਦੇ ਮੁਜ਼ਾਰਿਆਂ ਦੀ ਪੁਰਾਣੀ ਵਸਤੀ।
4. ਸਮਾਚਾਰ—ਸਵੇਰੇ ਇੱਕ ਘੋੜ ਸਵਾਰ ਨਨਕਾਣਾ ਸਾਹਿਬ ਗਿਆ। ਉਸ ਨੇ ਦਸ ਵਜੇ ਪਰਤ ਕੇ ਮਹੰਤ ਅਤੇ ਉਸ ਦੇ ਸਾਥੀ ਕਾਤਲਾਂ ਦਾ ਜ਼ੇਰਿ ਹਿਰਾਸਤ ਹੋਣ; ਅਤੇ ਗੁਰਦੁਆਰੇ ਨੂੰ ਤਾਲੇ ਅਤੇ ਫੌਜੀ ਨਾਕਾਬੰਦੀਆਂ ਦਾ ਪਤਾ ਦਿੱਤਾ।

ਅੱਜ ਵਿਰਕਾਂ ਦੀ ਚੜ੍ਹਤਲ ਸਾਮਰਤਖ ਡਿੱਠੀ ਹੈ—ਅੱਜ ਤੁਸਾਂ ਪੰਥ ਦੀ ਰਖ ਵਖਾਈ ਹੈ। ਇਸ ਬਹਾਦਰੀ ਦੇ ਸਿਰੋਪਾਉ ਵਜੋਂ ਮੈਂ ਅੱਜ ਤੁਸਾਨੂੰ ਮਾਝੇ ਦਾ ਡੰਕਾ ਦੇਂਦਾ ਹਾਂ।"

ਬਾਬਾ ਕਿਹਰ ਸਿੰਘ ਜੀ ਨੇ ਉਹ ਸੰਤ ਸਿੰਘ ਹਲਵਾਈ ਵਾਲੀ ਸੰਦੂਕੜੀ ਉਵੇਂ ਜਿਵੇਂ ਝੱਬਰ ਨੂੰ ਫੜਾ ਦਿੱਤੀ ਤੇ ਝੱਬਰ ਨੇ ਅਗੋਂ ਉਹ ਸੰਦੂਕੜੀ ਇਕ ਵਿਸਵਸਤ ਸਿੰਘ[2] ਨੂੰ ਫੜਾ ਦਿੱਤੀ। ਮੰਡੀ ਦੇ ਮੁਖੀਆਂ ਦੀ ਬੇਨਤੀ ਤੇ ਝੱਬਰ ਨੇ ਜਥੇਦਾਰ ਨੂੰ ਆਖ ਕੇ ਜਥਿਆਂ ਨੂੰ ਤਰਤੀਬ ਦੁਆਈ ਤੇ ਫਿਰ ਅੱਗੇ ਆਪ ਤੇ ਪਿੱਛੇ ਇੱਕ ਇੱਕ ਘੋੜ ਸਵਾਰ ਜਥੇਦਾਰ ਦੇ ਪਿੱਛੇ ਦੋ ਦੋ ਸੌ ਦੇ 11 ਜੱਥੇ ਮੋਢਿਆਂ ਤੇ ਛਵੀਆਂ, ਸਫਾ ਜੰਗ ਅਤੇ ਕਿਰਪਾਨਾਂ ਰੱਖੀ ਮੰਡੀ ਵਿੱਚੋਂ ਲੰਘਦਾ ਗੁਰਦੁਆਰਾ ਜਨਮ ਅਸਥਾਨ ਪੁਜਾ ਜਿਸ ਨੂੰ ਵੇਖ ਵੇਖ ਖਾਲਸੇ ਦੇ ਹਿਤੈਸ਼ੀ ਖੁਸ਼ ਅਤੇ ਵਿਰੋਧੀ ਜਰਕ ਰਹੇ ਸਨ!

ਜਥੇ ਨੇ ਗੁਰਦਵਾਰਾ ਜਨਮ ਅਸਥਾਨ ਦੀ ਦਰਸ਼ਨੀ ਡਿਉਢੀ (ਜੋ ਅੰਦਰੋਂ ਬੰਦ ਸੀ) ਦੇ ਅਗੇ ਨਮਸਕਾਰ ਕਰ, ਗੁਰਦਵਾਰਾ ਬਾਲ ਲੀਲਾ ਦੇ ਤਾਲਾਬ ਵਾਲੀਆਂ ਬੋਹੜਾਂ ਥਲੇ ਜਾ ਡੇਰਾ ਕੀਤਾ। ਝੱਬਰ ਨੇ 100 ਸਿੰਘਾਂ ਦਾ ਪਹਿਰਾ ਗੁਰਦੁਆਰੇ ਅਤੇ ਸ਼ਹੀਦਾਂ ਦੀਆਂ ਲਾਸ਼ਾਂ ਦੀ ਰਾਖੀ ਵਾਸਤੇ ਲਗਾ ਦਿਤਾ ਜੋ ਹਰ ਤਿੰਨ ਘੰਟੇ ਪਿਛੋਂ ਬਦਲਿਆ ਜਾਂਦਾ। ਗੁਰਦੁਆਰਾ ਬਾਲ ਲੀਲਾ ਦਾ ਮਹੰਤ ਤੀਰਥ ਸਿੰਘ ਅਤੇ ਕਿਆਰਾ ਸਾਹਿਬ ਵਾਲਾ ਸੰਤ ਸਿੰਘ, ਜਥੇ ਲਈ ਕੁਝ ਪ੍ਰਸ਼ਾਦੇ ਤੇ ਦੁਧ ਲਿਆਏ ਜੋ ਕੇਵਲ ਬ੍ਰਿਧ ਸਿੰਘਾਂ ਨੂੰ ਹੀ ਛਕਾ ਦਿਤਾ ਗਿਆ ਬਾਕੀ ਦੇ ਸਿੰਘਾਂ ਸਮੇਤ ਭਾਈ ਕਰਤਾਰ ਸਿੰਘ ਝੱਬਰ ਵੀ ਕੜਾਕੇ ਹੀ ਰਹੇ।

ਜਨਮ ਅਸਥਾਨ ਬਸਤੀ ਤੋਂ ਛੇਵ ਪਹਿਰ ਰਾਤ ਗਈ ਖੋਹ ਮੋਹੀ ਦੀਆਂ ਸ਼ਕਾਇਤਾਂ ਆਵਨ ਤੇ ਝੱਬਰ ਨੇ ਜਥੇਦਾਰ ਅਨੋਖ ਸਿੰਘ (ਲਾਗਰ) ਦੇ ਅਧੀਨ 400 ਜੁਆਨਾਂ ਦਾ ਪਹਿਰਾ ਪਿੰਡ ਦੇ ਚਾਰ ਚੁਫੇਰੇ 50 ਗਜ਼ ਦੂਰ ਨਿਯੁਕਤ ਕੀਤਾ ਅਤੇ ਤਾਕੀਦ ਕੀਤੀ ਕਿ:—

(i) ਜਥੇ ਦਾ ਕੋਈ ਸਿੰਘ ਬਸਤੀ ਵਿਚ ਨਹੀਂ ਜਾਵੇਗਾ।

(ii) ਜਥੇ ਦੇ ਸਿੰਘ ਸਵੇਰ ਤਕ ਨਾ ਕਿਸੇ ਨੂੰ ਬਾਹਰੋਂ ਬਸਤੀ ਵਿਚ ਜਾਂ ਅੰਦਰੋਂ ਬਾਹਰ ਅਗਲੇ ਹੁਕਮ ਤਕ ਨਹੀਂ ਜਾਣ ਦੇਣਗੇ। ਜਿਸ ਤੇ ਪਿੰਡ ਵਿਚ ਅਮਨ ਹੋ ਗਿਆ—ਰਾਤ ਸਾਢੇ ਦਸ ਵਜੇ ਇਕ ਜਥਾ ਜੜ੍ਹਾਂਵਾਲਿਓਂ ਪੈਦਲ ਚਲ ਕੇ ਪੁਜ ਗਿਆ—ਇਸ ਵਿਚ ਉਹ ਵੀ ਸਿੰਘ ਸ਼ਾਮਲ ਸਨ ਜੋ ਦੁਪਹਿਰੀ ਲਾਹੌਰੋਂ ਆਈ ਗਡੀ ਦੇ ਨਨਕਾਣਾ ਸਾਹਿਬ ਨਾ ਰੁਕਣ ਕਾਰਨ ਜੜ੍ਹਾਂਵਾਲੇ ਜਾ ਉਤਰੇ ਸਨ। ਇਸੇ ਜਥੇ ਨਾਲ ਸ: ਨਾਰਾਇਣ ਸਿੰਘ[3]

---

1. ਅਗਲੇ ਭਲਕ 22-2-1921 ਨੂੰ ਬਾਬਾ ਕੇਹਰ ਸਿੰਘ ਜੀ ਨੇ ਗੁਰਦਵਾਰਾ ਜਨਮ ਅਸਥਾਨ ਦੇ ਦੱਖਣ ਵਾਲੇ ਬੁਰਜ ਕੋਲ ਭਿੱਖੀ ਦੇ ਜ਼ੈਲਦਾਰ ਪ੍ਰੇਮ ਸਿੰਘ ਦੇ ਸਪੁੱਤਰ ਸਾਵਲ ਸਿੰਘ ਵਲ ਸ: ਤੇਜਾ ਸਿੰਘ ਜੀ ਸਮੁੰਦਰੀ ਦੀ ਭਣੇਵੀਂ ਬੀਬੀ ਗੁਰਬਚਨ ਕੌਰ ਦਾ ਰਿਸ਼ਤਾ ਕੀਤਾ ਤਾਂ ਅੱਸੂ ਵਿੱਚ ਵਿਰਕਾਂ ਦੀ ਜੰਞ ਸ: ਤੇਜਾ ਸਿੰਘ ਜੀ ਦੇ ਘਰ ਚੱਕ 40 ਵਿੱਚ ਢੁਕੀ ਤੇ ਆਨੰਦ ਕਾਰਜ ਹੋਇਆ।

   ਗਿਯਾਤ ਰਹੇ ਕਿ ਸ: ਤੇਜਾ ਸਿੰਘ ਜੀ ਸਮੁੰਦਰੀ ਬਾਬਾ ਕੇਹਰ ਸਿੰਘ ਨੂੰ ਆਪਣਾ ਧਰਮ ਪਿਤਾ ਮੰਨਦੇ ਅਤੇ ਸਤਿਕਾਰ ਕਰਦੇ ਸਨ। (ਵੇਖੋ ਜੀਵਨ ਤੇਜਾ ਸਿੰਘ ਸਮੁੰਦਰੀ, ਗੁਰੂ ਨਾਨਕ ਯੂਨੀਵਰਸਿਟੀ ਪ੍ਰਕਾਸ਼ਨ)

2. ਭਾਈ ਬਹਾਦਰ ਸਿੰਘ—ਇਹ ਸੱਜਣ ਗੁਰਦਵਾਰਾ ਤਰਨਤਾਰਨ ਦੇ ਪੰਥਕ ਕਬਜ਼ੇ ਵਿੱਚ ਆਵਨ ਵੇਲੇ ਤੋਂ ਝੱਬਰ ਜੀ ਦਾ ਵਿਸਵਸਤ ਹੋ ਗਿਆ ਅਤੇ ਦੋ ਮਹੀਨੇ ਤੋਂ ਖਰਾ ਸੌਦੇ ਦੇ ਜਥੇ ਵਿੱਚ ਸ਼ਾਮਲ ਤੇ ਬਹੁਤਾ ਝੱਬਰ ਦੇ ਨੇੜੇ ਰਹਿੰਦਾ ਸੀ। ਇਤਬਾਰੀ ਸਮਝ ਝੱਬਰ ਨੇ ਸੰਦੂਕੜੀ ਇਸ ਨੂੰ ਫੜਾ ਦਿੱਤੀ ਸੀ, ਕਿੰਤੂ ਜਦੋਂ ਸੰਤ ਸਿੰਘ ਨੇ ਝੱਬਰ ਜੀ ਕੋਲੋਂ ਸੰਦੂਕੜੀ ਵਿਚਲੇ 2500 ਦੀ ਮੰਗ ਕੀਤੀ ਤਾਂ ਝੱਬਰ ਨੇ ਕਿਹਾ "ਸੰਦੂਕੜੀ ਜ਼ਰੂਰ ਲਈ ਹੈ ਜੋ ਹੁਣੇ ਦੇਂਦੇ ਹਾਂ ਕਿੰਤੂ ਇਹ ਨਹੀਂ ਪਤਾ ਉਸ ਦੇ ਵਿੱਚ ਕੀ ਸੀ।" ਮੈਂ ਖੋਹਲ ਕੇ ਨਹੀਂ ਵੇਖੀ। ਉਹ ਮੈਂ ਇਕ ਸਿੰਘ ਦੀ ਸੌਂਪਣਾ ਵਿੱਚ ਦਿੱਤੀ ਹੋਈ ਹੈ। ਝੱਬਰ ਨੇ ਬਹਾਦਰ ਸਿੰਘ ਦੀ ਭਾਲ ਕੀਤੀ। ਸੰਗਤ ਬੇ-ਹਿਸਾਬ ਸੀ, ਥੋੜੇ ਚਿਰ ਪਿਛੋਂ ਭਾਈ ਹਰੀ ਸਿੰਘ ਗ੍ਰੰਥੀ ਅਤੇ ਭਾਈ ਕਰਮ ਸਿੰਘ ਅਕਾਲੀ ਨੇ ਦਸਿਆ ਕਿ ਆਹ ਖਾਲੀ ਸੰਦੂਕੜੀ ਬਹਾਦਰ ਸਿੰਘ ਦੇ ਗਿਆ ਹੈ। ਪਿਛੋਂ ਪਤਾ ਲਗਾ ਕਿ ਬਹਾਦਰ ਸਿੰਘ ਸਟੇਸ਼ਨ ਤੋਂ ਮਾਲ ਗੱਡੀ ਵਿੱਚ ਚੜ੍ਹ ਗਿਆ ਹੈ। ਪਤਾ ਲੱਗਣ ਤੇ ਝੱਬਰ 7 ਮਾਰਚ 1921 ਨੂੰ ਲਾਇਲਪੁਰ ਗਿਆ। ਉਥੇ ਡਾਕਟਰ ਕਿਸ਼ਨ ਸਿੰਘ ਅਤੇ ਭਾਈ ਤੇਜਾ ਸਿੰਘ (ਨੜਾਲੀ) ਰਾਹੀਂ ਪੁਛ ਭਾਲ ਕਰਨ ਤੇ ਪਤਾ ਲਗਾ ਬਹਾਦਰ ਸਿੰਘ ਘਸੀਟਪੁਰੇ ਦਾ ਸੁਨਿਆਰਾ ਲਾਇਲਪੁਰ ਸਰਾਫੀ ਦੀ ਦੁਕਾਨ ਦੇ ਸਿਲਸਿਲੇ ਵਿੱਚ ਪਰਸੋਂ ਇਥੇ ਆਇਆ ਸੀ ਹੁਣ ਉਸ ਦਾ ਪਤਾਂ ਨਹੀਂ। ਤੁਸੀਂ ਜਾਓ ਅਸੀਂ ਰੁਪਿਆ ਵਾਪਸ ਲੈਣ ਦੀ ਕੋਸ਼ਿਸ਼ ਕਰਾਂਗੇ, ਪ੍ਰੰਤੂ ਕੋਸ਼ਿਸ਼ ਦੇ ਬਾਵਜੂਦ ਵੀ ਬਹਾਦਰ ਸਿੰਘ ਤੋਂ ਕੁਛ ਵਸੂਲ ਨਾ ਹੋਇਆ।

3. ਸ: ਨਾਰਾਇਣ ਸਿੰਘ ਐਮ ਏ. ਆਪ ਖਾਨੇਵਾਲ ਦੇ ਵਸਨੀਕ ਸਨ। ਇਨ੍ਹਾਂ ਦੇ ਅੱਖੀਂ ਡਿਠੇ ਸਮਾਚਾਰ ਇਥੇ ਦਰਜ ਹਨ। ਆਪ ਜੀ ਕਾਫੀ ਚਿਰ ਗੁਰਦੁਆਰਾ ਸਾਹਿਬ ਦੇ ਮੈਨੇਜਰ ਵੀ ਰਹੇ। ਆਪ ਜੀ ਦੀ ਇਕ ਪੁਤਰੀ ਝੱਬਰ ਜੀ ਦੇ ਸਪੁੱਤਰ ਮੇਜਰ ਬਲਦੇਵ ਸਿੰਘ ਦੀ ਧਰਮ ਪਤਨੀ ਹੈ। ਆਪ ਜੀ ਅੱਜ ਕਲ ਸਨੌਰ ਜ਼ਿਲ੍ਹਾ ਪਟਿਆਲਾ ਰਹਿੰਦੇ ਹਨ।

ਤੇਨੂੰ ਕਿਸੇ ਕਤਲ ਕਰ ਦਿੱਤਾ ਤਾਂ ਮੈਂ ਕੋਈ ਜ਼ਿੰਮੇਵਾਰ ਨਹੀਂ ਹੋਵਾਂਗਾ, ਹਟ ਜਾ ਪਿੱਛੇ ਔਰ ਦੂਰ ਹੋ ਜਾ। ਇਹ ਸੁਣ ਮਿ: ਕਰੀ ਦਾ ਰੰਗ ਫਿਕਾ ਪੈ ਗਿਆ ਅਤੇ ਪਿੱਛੇ ਹੱਟਦਾ ਹੋਇਆ ਆਖਣ ਲੱਗਾ "ਸ: ਸਾਹਿਬ ਦੋ ਮਿੰਟ ਰੁਕੋਂ।

ਝੱਬਰ : "ਹਾਂ ਹਮ ਦੋ ਮਿੰਟ ਰੁਕ ਸਕਤੇ ਹੈਂ" ਅਤੇ ਜਥੇ ਨੂੰ ਸ਼ਾਂਤ ਰਹਿਨ ਦਾ ਸੰਕੇਤ ਦਿੱਤਾ।

ਉਧਰ ਝਾੜੀ ਕੋਲ ਖਲੋਤੇ ਸ: ਬ: ਮਤਾਬ ਸਿੰਘ ਅਤੇ ਚਵਾਂ ਅੰਗਰੇਜ਼ ਅਫਸਰਾਂ ਨੇ ਅੰਗਰੇਜ਼ੀ ਵਿੱਚ ਗਲਬਾਤ ਕੀਤੀ। ਫਿਰ ਸ: ਮਤਾਬ ਸਿੰਘ ਨੇ ਆਵਾਜ਼ ਮਾਰੀ "ਝੱਬਰ ਜੀ ਆਓ ਤੁਹਾਨੂੰ ਕਮਿਸ਼ਨਰ ਸਾਹਿਬ ਬੁਲਾਂਦਾ ਹੈ"

ਝੱਬਰ : "ਮੈਂ ਨਹੀਂ ਆਉਂ ਦਾ।"

ਸ: ਮਤਾਬ ਸਿੰਘ : 'ਝੱਬਰ ਜੀ ਆਉ ਸਾਹਿਬ ਬਹਾਦਰ ਕਹਿੰਦਾ ਹੈ ਚਾਬੀਆਂ ਲੈ ਲਵੋ।"

ਝੱਬਰ : ਕਮਿਸ਼ਨਰ ਆਪ ਅਗੇ ਆਵੇ।

ਕਮਿਸ਼ਨਰ : (ਅੱਗੇ ਵੱਧ ਕੇ ਚਾਬੀਆਂ ਝੱਬਰ ਨੂੰ ਦੇਂਦੇ ਹੋਏ ਆਖਿਆਂ) ਆਪ ਜਥੇ ਕੋ ਯਹੀਂ ਠਹਿਰਾਵੇ। ਹਮ ਫੌਜ ਕੋ ਹਟਾ ਲੇਵੇ। ਫਿਰ ਤੁਮਾਰਾ ਜੱਥਾ ਆਗੇ ਆਵੇ"।

ਝੱਬਰ : (ਚਾਬੀਆਂ ਲੈ ਕੇ) "ਬਹੁਤ ਅੱਛਾ ਸਾਹਿਬ ਬਹਾਦਰ।"

ਤਿਸ ਉਪਰੰਤ ਘੋੜੇ ਤੇ ਚੜ੍ਹ ਘੋੜਾ ਉਚੀ ਥਾਵੇਂ ਖਲਾਰ ਝੱਬਰ ਨੇ ਸੀਟੀ ਮਾਰ ਕੇ ਜੱਥੇ ਨੂੰ ਸੰਬੋਧਨ ਕਰਦਿਆਂ ਆਖਿਆ—ਖਾਲਸਾ ਜੀ ਅਸੀਂ ਜੋ ਅਰਦਾਸਾ ਸੱਚੇ ਸੌਦੇ ਤੋਂ ਕਰਕੇ ਟੁਰੇ ਸਾਂ ਸੋ ਗੁਰੂ ਮਹਾਰਾਜ ਨੇ ਪੂਰਾ ਕਰ ਦਿੱਤਾ ਹੈ। ਆਹ ਗੁਰਦਵਾਰੇ ਦੀਆਂ ਚਾਬੀਆਂ ਹਨ। ਮੈਂ ਜਾਂਦਾ ਹਾਂ। ਤੁਸੀਂ ਇਥੇ ਠਹਿਰੋ। ਫੌਜ ਹਟਵਾ ਕੇ ਮੈਂ ਤੁਹਾਨੂੰ ਗੁਰਦਵਾਰੇ ਲੈ ਚਲਦਾ ਹਾਂ।"

ਜਥੇ ਨੇ ਜੈਕਾਰੇ ਛੱਡੇ। ਜੱਥਾ ਤਾਂ ਏਥੇ ਠਹਿਰ ਗਿਆ। ਰੇਲ ਦੇ ਫਾਟਕ ਕੋਲ ਰੇਲ ਦੇ ਡੱਬਿਆਂ ਵਿੱਚ ਅਫਸਰ ਬੈਠੇ ਸਨ। ਝੱਬਰ ਉਥੇ ਪੁਜਾ ਤਾਂ ਕਮਿਸ਼ਨਰ ਕਿੰਗ ਨੇ ਆਖਿਆ "ਤੁਸੀਂ ਗੁਰਦੁਆਰਾ ਨਨਕਾਣਾ ਸਾਹਿਬ ਦੀ ਇਕ ਕਮੇਟੀ ਬਨਾ ਲਵੋ ਅਸੀਂ ਉਸ ਨੂੰ ਗੁਰਦਵਾਰੇ ਦਾ ਕਬਜ਼ਾ ਲਿਖ ਦੇਂਦੇ ਹਾਂ।

ਸ: ਹਰਬੰਸ ਸਿੰਘ ਦੇ ਆਖਣ ਤੇ ਕਿ ਹੋਰ ਕਮੇਟੀ ਦੀ ਕੀ ਜ਼ਰੂਰਤ ਹੈ ਤੁਸੀਂ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਨੂੰ ਹੀ ਕਬਜਾ ਲਿਖ ਦਿਓ' ਤੇ ਕਮਿਸ਼ਨਰ ਕਿੰਗ ਨਾਲ ਝੜਪ ਹੋ ਪਈ। ਹੁਣ ਤਕ ਸ: ਅਮਰ ਸਿੰਘ ਐਡੀਟਰ ਸ਼ੇਰਿ ਪੰਜਾਬ ਸ: ਸੁੰਦਰ ਸਿੰਘ ਰਾਮਗੜ੍ਹੀਆ ਵੀ ਪੁਜ ਚੁਕੇ ਸਨ। ਕੁਛ ਗਲਬਾਤ ਮਗਰੋਂ ਨਨਕਾਣਾ ਸਾਹਿਬ ਕਮੇਟੀ ਇਉਂ ਬਣਾਈ ਗਈ :—

ਸ: ਹਰਬੰਸ ਸਿੰਘ ਅਟਾਰੀ ਪ੍ਰਧਾਨ

ਪ੍ਰਿ: ਜੋਧ ਸਿੰਘ, ਸ: ਅਮਰ ਸਿੰਘ ਅਤੇ ਭਾਈ ਕਰਤਾਰ ਸਿੰਘ ਝੱਬਰ ਮੈਂਬਰ ਅਤੇ ਕਮਿਸ਼ਨਰ ਕਿੰਗ ਨੇ ਕਮੇਟੀ ਨੂੰ ਕਬਜਾ ਲਿਖ ਦਿੱਤਾ। ਦਫਾ 144 ਹਟਾ ਦਿੱਤੀ ਗਈ ਤੇ ਫੌਜ ਨੂੰ ਵੀ ਆਪਣੇ ਕੈਂਪ ਵਿੱਚ ਭੇਜ ਦਿੱਤਾ ਗਿਆ ਜੋ ਰੇਲਵੇ ਲਾਈਨ ਪਾਰ ਸੀ। ਝੱਬਰ ਨੇ ਮੰਡੀ ਦੇ ਹੋਰ ਸਿੰਘਾਂ ਸਮੇਤ ਗੁਰਦਵਾਰੇ ਦਾ ਦੱਖਣੀ ਦਰਵਾਜਾ ਖੋਹਲ ਕੇ ਵੇਖਿਆ। ਅੰਦਰ ਬੜਾ ਦਿਲ ਕੰਬਾਊ ਨਜ਼ਾਰਾ ਸੀ ਸਭ ਸਿੰਘਾਂ ਦੇ ਨੇਤਰ ਸਜਲ ਹੋ ਗਏ। ਝੱਬਰ ਨੇ ਫਿਰ ਦਰਵਾਜਾ ਬੰਦ ਕਰਕੇ ਗੁਜਰਾਂ ਵਾਲਿਓਂ ਆਏ ਡਾਕਟਰ ਮਹਾਂ ਸਿੰਘ[1] ਜੀ ਅਤੇ ਸ: ਈਸ਼ਰ ਸਿੰਘ ਬਜਾਜ ਆਦਿ ਨੂੰ ਪਹਿਰੇ ਤੇ ਖੜੇ ਕਰ, ਆਪ ਜੱਥੇ ਨੂੰ ਲਿਆਵਨ ਵਾਸਤੇ ਚਲਾ ਗਿਆ।

ਜਦ ਝੱਬਰ ਜੱਥਾ ਲਿਆ ਰਿਹਾ ਸੀ ਤਾਂ ਲੋਕੀਂ ਕੋਠਿਆਂ ਤੇ ਚੜ੍ਹ ਕੇ ਵੇਖ ਰਹੇ ਸਨ ਕਿ ਫੌਜ ਨੇ ਸਿੰਘਾਂ ਤੇ ਗੋਲੀ ਚਲਾਣੀ ਹੈ ਪਰ ਜਿਨ੍ਹਾਂ ਸੱਜਣਾ, ਭਾਈ ਉੱਤਮ ਸਿੰਘ ਵਰਗਿਆਂ ਨੂੰ ਹਕੀਕਤ ਦਾ ਪਤਾ ਸੀ ਉਹ ਮੰਡੀ ਵਿੱਚੋਂ ਦੁੱਧ ਮਿੱਠਾ ਇਕੱਠਾ ਕਰ ਜੱਥੇ ਨੂੰ ਛਕਾ ਰਹੇ ਸਨ। ਹੁਣ ਹੋਰ ਵੀ ਕਈ ਲੀਡਰ ਪਹੁੰਚ ਚੁੱਕੇ ਸਨ। ਇਨਾਂ ਸਭ ਬਹੁਤ, ਪ੍ਰਸੰਨ ਗੁਰਮੁਖ 'ਚੋਂ ਗੁਰਮੁਖ ਪਿਆਰੇ ਅਤਿਅੰਤ ਪ੍ਰਤਿਸ਼ਠਤ ਤੇ ਮਹਾਨ ਪੰਥਕ ਆਗੂ ਬਾਬਾ ਕਿਹਰ ਸਿੰਘ ਜੀ ਪੱਟੀ ਨੇ ਝੱਬਰ ਨੂੰ ਜੱਫੀ ਵਿੱਚ ਲੈ ਕੇ ਜੱਥੇ ਨੂੰ ਸੰਬੋਧਨ ਕਰਦਿਆਂ ਆਖਿਆ :—

"ਸ਼ਾਬਾਸ਼ ਬਹਾਦਰੋ! ਅਸੀਂ ਸੁਣਿਆ ਕਰਦੇ ਸਾਂ ਵਿਰਕ ਬਹਾਦਰ ਹੁੰਦੇ ਹਨ। ਪਰ ਅਜ ਤੁਸਾਂ ਸਰਿ ਮੈਦਾਨ ਸੱਚ ਕਰ ਵਿਖਾਇਆ ਹੈ।

---

1. ਡਾਕਟਰ ਮਹਾਂ ਸਿੰਘ ਗੁਜਰਾਂਵਾਲੇ ਸ਼ਹਿਰ ਦੇ ਪ੍ਰਸਿੱਧ ਚਕਿਤਸਕ ਅਤੇ ਮੇਰੇ ਖਾਲਸਾ ਸਕੂਲ ਵਿੱਚ (1925-26) ਸਰੀਰਕ ਵਿਗਿਆਨ ਦੇ ਅਧਿਆਪਕ ਸਨ। (ਗਿਆਨੀ ਜੀ)

ਗੁਰਦਵਾਰਾ ਮਾਲਜੀ ਸਾਹਿਬ

ਗੁਰਦਵਾਰਾ ਮਾਲ ਜੀ ਸਾਹਿਬ ਦਾ ਮਹੰਤ ਜੋ ਸਾਕੇ ਦੇ ਦੌਰਾਨ ਵਾਰ ਬਰਟਨ ਜਾ ਠਹਿਰਿਆ ਸੀ। ਸ: ਉਤਮ ਸਿੰਘ ਦੇ ਡੇਰੇ ਸਿਖ ਲੀਡਰਾਂ ਨੂੰ ਆ ਕੇ ਮਿਲਿਆ ਤੇ ਗੁਰਦਵਾਰਾ ਪੰਥ ਦੇ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ। ਝੱਬਰ ਨੇ ਮਹੰਤ ਕਿਰਪਾ ਰਾਮ ਦੀ ਸਫਾਈ ਦਿਤੀ ਕਿ ਇਸ ਨੇ ਮੈਨੂੰ ਸਾਕੇ ਤੋਂ ਪਹਿਲਾਂ ਲਿਖਤੀ ਰੂਪ ਵਿਚ, ਖਰੇ ਸੌਦੇ ਗੁਰਦਵਾਰੇ ਦੇ ਕਬਜ਼ੇ ਦੀ ਪੇਸ਼ਕਸ਼ ਕੀਤੀ ਸੀ। ਜਿਸਤੇ ਗੁਰਦਵਾਰਾ ਕਮੇਟੀ ਨੇ ਮਹੰਤ ਨੂੰ 1000/- ਮਹੀਨਾ ਪੈਨਸ਼ਨ, 3 ਮੁਰਬੇ ਜ਼ਮੀਨ ਅਤੇ ਮੌਜੂਦਾ ਮਕਾਨ ਅਤੇ ਤਬੇਲਾ ਆਦਿ ਸ਼ਰਤਾਂ ਲਿਖ ਦਿਤੀਆਂ। ਮਹੰਤਣੀ ਇੰਦਰ ਕੌਰ (ਜੋ ਕਿਆਰਾ ਸਾਹਿਬ ਦੇ ਪਤੀਦਾਰ ਮਹੰਤ ਈਸ਼ਰ ਸਿੰਘ ਦੀ ਵਿਧਵਾ ਸੀ ਤੇ ਮਹੰਤ ਕ੍ਰਿਪਾ ਰਾਮ ਦੇ ਘਰ ਰਹਿੰਦੀ ਸੀ) ਨੂੰ 15 ਮੁਰਬੇ ਜ਼ਮੀਨ ਕਮੇਟੀ ਹਵਾਲੇ ਕਰਨ ਬਦਲੇ 100/- ਪੈਨਸ਼ਨ ਸਦਾ ਵਾਸਤੇ ਲਿਖ ਦਿਤੀ —ਮਹੰਤ ਕਿਰਪਾ ਰਾਮ ਅਤੇ ਮਹੰਤਣੀ ਇੰਦਰ ਕੌਰ ਨੂੰ ਇਹ ਪੈਨਸ਼ਨਾਂ ਬਾਕਾਇਦਾ ਮਿਲਦੀਆਂ ਰਹੀਆਂ।

ਸ਼ਾਹਜ਼ਾਦੀ ਸੋਫੀਆਂ[2] ਦਲੀਪ ਸਿੰਘ

ਸ: ਜੁਗਿੰਦਰ ਸਿੰਘ ਰਈਸ ਰਸੂਲਪੁਰੀਏ ਨਾਲ ਸਾਹਜ਼ਾਦੀ ਸੋਫੀਆ ਕਾਰ ਵਿਚ ਨਨਕਾਣੇ ਸਾਹਿਬ ਆਈ। ਉਹਨਾਂ ਨੂੰ ਇਕ ਸਿੰਘ ਨੇ ਸਾਕੇ ਦੀ—ਨਾਵਾਂ ਅਤੇ ਥਾਵਾਂ ਦੀ ਪੂਰੀ ਜਾਣਕਾਰੀ ਦਿਤੀ। ਇਸ ਉਪਰੰਤ ਸ਼ਾਹਜ਼ਾਦੀ ਨੇ ਝੱਬਰ ਨਾਲ ਮੁਲਾਕਾਤ ਕੀਤੀ ਅਤੇ ਆਪਣੀ ਪ੍ਰਸੰਸਾ "ਝੱਬਰ ਸਾਹਿਬ ਬਹੁਤ ਖ਼ੂਬ" ਕਹਿ ਕੇ ਪ੍ਰਗਟ ਕੀਤੀ।

ਬਾਕੀ ਗੁਰਦਵਾਰਿਆਂ ਤੇ ਕਬਜ਼ਾ

ਗੁਰਦਵਾਰਾ ਬਾਲ ਲੀਲਾ, ਕਿਆਰਾ ਸਾਹਿਬ, ਤੰਬੂ ਸਾਹਿਬ ਅਤੇ ਪੱਟੀ ਸਾਹਿਬ ਦੇ ਮਹੰਤਾਂ ਨੇ ਵੀ ਲਿਖਤੀ ਰੂਪ ਵਿਚ ਗੁਰਦਵਾਰਾ ਕਮੇਟੀ ਨਾਲ ਫੈਸਲਾ ਕਰ ਲਿਆ—ਕਮੇਟੀ ਨੇ ਝੱਬਰ ਜੀ ਨੂੰ ਕਬਜ਼ੇ ਲੈਣ ਦਾ ਹੁਕਮ ਦਿਤਾ—ਜਿਸ ਤੇ ਝੱਬਰ ਨੇ ਜਥੇ ਸਮੇਤ ਕਬਜ਼ ਲੈ ਕੇ ਥਾਉਂ ਥਾਈਂ ਸੇਵਾਦਾਰ ਨਿਯੁਕਤ ਕਰ ਦਿਤੇ।

ਰਾਜਸੀ ਨੇਤਾ ਗੁਰਦਵਾਰਾ ਨਨਕਾਣਾ ਸਾਹਿਬ ਵਿਚ

ਮਾਰਚ 1921 ਦੇ ਆਰੰਭ ਵਿਚ ਮਿ: ਗਾਂਧੀ ਅਤੇ ਮੌ: ਸ਼ੌਕਤ ਅਲੀ[3] ਤੇ ਸਮਾਚਾਰ ਸੁਣਨ ਦੀ ਇਛਾ ਪ੍ਰਗਟ ਕੀਤੀ—ਝੱਬਰ ਜੀ ਨੇ ਗੁਰਦਵਾਰਾ ਜਨਮ ਅਸਥਾਨ ਅੰਦਰ ਦੀਵਾਨ ਦੇ ਮੌਕੇ ਤੇ ਸਵਿਸਥਾਰ ਸਮਾਚਾਰ ਸੁਣਾ ਕੇ ਆਖਿਆ ਕਿ "ਗਵਰਨਰ ਸਾਹਿਬ ਕਾਤਲਾਂ ਨੂੰ ਮੁਨਾਸਿਬ ਸਜ਼ਾ ਦੇਣ ਦਾ ਸਾਨੂੰ ਪੂਰਾ ਭਰੋਸਾ ਦੇ ਗਏ ਹਨ।" ਫਿਰ ਮਿਸਟਰ ਗਾਂਧੀ ਦਾ ਸਾਥੀ ਮੌ: ਸ਼ੌਕਤ ਅਲੀ ਬੋਲਿਆ :

ਝੱਬਰ ਸਾਹਿਬ ਮੇਰੇ ਪੁਰਾਣੇ ਦੋਸਤ ਹਨ। ਇਹਨਾਂ ਨੇ ਮਾਰਸ਼ਲ ਲਾ ਦੇ ਜ਼ਮਾਨੇ ਵਿਚ ਅੰਗਰੇਜ਼ ਦੀ ਫਾਂਸੀ ਅਤੇ ਕਾਲਾ ਪਾਣੀ ਵੇਖਿਆ। ਹੁਣ ਇਹ ਅੰਗਰੇਜ਼ ਦੇ ਇਨਸਾਫ ਦੇ ਵਾਹਦੇ ਤੇ ਯਕੀਨ ਰੱਖਦੇ ਹਨ। ਝੱਬਰ ਜੀ! ਤੱਲੇ ਹੋਏ ਦਰਿਆ ਦਾ ਕੀ ਤੱਲਣਾ। ਅੰਗਰੇਜ਼ ਕੀ ਤੇ ਇਨਸਾਫ

---

1. ਭਾ: ਹਜਾਰਾ ਸਿੰਘ, ਭਾ: ਬਚਨ ਸਿੰਘ ਰਾਜਾ ਜੰਗ ਵਾਲੇ ਖਰੇ ਸੌਦੇ ਦੇ ਜਥੇ ਵਿੱਚ 4 ਮਹੀਨੇ ਰਹਿ ਕੇ ਇਕ ਹਫਤੇ ਵਾਸਤੇ ਘਰ ਗਏ ਤਾਂ ਮਹੰਤ ਕਿਰਪਾ ਰਾਮ ਦੇ ਸਾਂਢੂ ਹਰਨਾਮ ਸਿੰਘ ਘਵਿੰਡ ਵਾਲੇ ਨੂੰ ਨਾਲ ਲੈ ਕੇ ਤਿੰਨੇਂ ਜਣੇ ਮਹੰਤ ਕਿਰਪਾ ਰਾਮ ਕੋਲ ਨਨਕਾਣੇ ਸਾਹਿਬ ਆਏ ਤੇ ਜਥੇ ਦੀ ਤਿਆਰੀ ਅਤੇ ਗੁਰਦੁਆਰਿਆਂ ਦੇ ਕਬਜ਼ੇ ਬਾਰੇ ਝਾਨਣਾ ਪਾਇਆ ਤਾਂ ਮਹੰਤ ਨੇ ਉਪਰੋਕਤ ਦੋਹਾਂ ਸਿੰਘਾਂ ਰਾਹੀਂ ਝੱਬਰ ਜੀ ਪਾਸ ਆਪਣੀ ਪੇਸ਼ਕਸ਼ ਲਿਖਤੀ ਰੂਪ ਵਿੱਚ ਭੇਜੀ ਸੀ।

2. ਸ਼ਾਹਜ਼ਾਦੀ ਸੋਫੀਆ (ਮਹਾਰਾਜੇ ਦਲੀਪ ਸਿੰਘ ਦੀ ਪੁਤਰੀ) ਲਾਹੌਰ ਡਾਕਟਰ ਸਦਰਲੈਂਡ ਦੇ ਘਰ ਰਹਿੰਦੀ ਸੀ। ਇਹ ਇੰਗਲਿਸਤਾਨ ਹੀ ਚਲਾਣਾ ਕਰ ਗਈ ਸੀ।

3. ਮੌਲਾਨਾ ਸ਼ੌਕਤ ਅਲੀ, ਮੌਲਾਨਾ ਮੁਹੰਮਦ ਅਲੀ ਦੇ ਛੋਟੇ ਭਾਈ ਸਨ। ਇਹ ਦੋਵੇਂ ਭਰਾ, ਖਲਾਫਤ ਤਹਿਰੀਕ ਦੇ ਸਮੇਂ ਤੋਂ ਪ੍ਰਭਾਵਤ ਅੱਛੇ ਕੱਟੜ ਦੇਸ਼ ਭਗਤ ਸਨ। ਮਿ: ਗਾਂਧੀ ਦਾ ਅੱਛਾ ਸਾਥ ਦਿੱਤਾ। ਮਗਰ ਕੁਛ ਸਮੇਂ ਪਿਛੋਂ ਇਹਨਾਂ ਦੇ ਵਿਚਾਰ ਮੁਸਲਿਮ ਲੀਗ ਦੀ ਵਿਚਾਰਧਾਰਾ ਵਿੱਚ ਪ੍ਰਵਿਰਤ ਹੋ ਗਏ।

ਜੀ ਵੀ ਆਏ ਸਨ। ਇਸ ਤੋਂ ਅਗਲੇ ਬ੍ਰਿਤਾਂਤ ਸਾਰੇ ਉਹਨਾਂ ਦੇ ਅਖੀ ਡਿਠੇ ਤੇ ਖੁਦ ਅੰਕਤ ਕੀਤੇ ਸਨ। ਇਸ ਜਥੇ ਦੇ ਪਿਛੋਂ ਹੋਰ ਵੀ ਕਈ ਜਥੇ ਆਏ। ਦੂਰੋਂ ਨੇੜਿਉਂ ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਗਈ। ਰੇਲ ਗਡੀਆਂ ਜੋ ਅਗੇ ਨਨਕਾਣਾ ਸਾਹਿਬ ਤੋਂ ਸਿਧੀਆਂ ਲੰਘ ਜਾਂਦੀਆਂ ਸਨ ਰੁਕਣੀਆਂ ਸ਼ੁਰੂ ਹੋ ਗਈਆਂ।

ਅਗਲੇ ਦਿਨ 23 ਫਰਵਰੀ 1921 ਨੂੰ ਗਵਰਨਰ ਪੰਜਾਬ ਸਮੇਤ ਸਰਦਾਰ ਸੁੰਦਰ ਸਿੰਘ ਮਜੀਠੀਆ, ਲਾਲਾ ਹਰਿਕਿਸ਼ਨ ਲਾਲ ਅਤੇ ਚੌ: ਸਰਫਜ਼ਲਿ ਹੁਸੈਨ ਨੂੰ ਗੁਰਦੁਆਰੇ ਅੰਦਰ ਲੈ ਜਾ ਕੇ ਦਿਖਾਇਆ ਗਿਆ, ਦਖਣੀ ਦਰਵਾਜ਼ਿਉਂ ਇਹ ਸਭ ਅੰਦਰ ਦਾਖਲ ਹੋਏ। ਜਿਸ ਵਕਤ ਗਵਰਨਰ ਅੰਦਰਲੇ ਥੜੇ ਕੋਲ ਪੁਜਾ ਤਾਂ ਝੱਬਰ ਨੇ ਆਖਿਆ ਸਾਹਿਬ ਬਹਾਦਰ, ਇਥੇ ਬੂਟ ਉਤਾਰ ਕੇ ਉਪਰ ਆ ਕੇ ਵੇਖੋ। ਚੁਨਾਂਚਿ ਗਵਰਨਰ ਨੇ ਬੂਟ ਉਤਾਰ ਕੇ ਥੜੇ ਤੇ ਗਿਆ ਤੇ ਬਾਰਾਦਰੀ ਦਾ ਅੰਦਰਲਾ ਦ੍ਰਿਸ਼ ਡਿਠਾ ਤਾਂ ਅਖਾਂ ਵਿਚੋਂ ਛਮ ਛਮ ਅਥਰੂ ਵਗ ਟੁਰੇ ਤੇ ਪੂੰਝਦਿਆਂ ਪੂੰਝਦਿਆਂ ਰੁਮਾਲ ਭਿਜ ਗਿਆ। ਕੁਝ ਕੁ ਮਨਚਲਿਆਂ ਨੇ ਆਖਣਾ ਸ਼ੁਰੂ ਕੀਤਾ ਕਿ ਇਸ ਸਾਕੇ ਦੇ ਜ਼ਿੰਮੇਵਾਰ ਕਮਿਸ਼ਨਰ ਕਿੰਗ ਅਤੇ ਡੀ. ਸੀ. ਕਕੀ ਹਨੇ ਅਤੇ ਕਿੰਗ, ਕਰੀ ਦਾ ਖੂਬ ਰੌਲ ਪਾਇਆ—ਝੱਬਰ ਨੇ ਰੌਲਾ ਬੰਦ ਕਰਾਉਣ ਦਾ ਬੜਾ ਯਤਨ ਕੀਤਾ ਪਰ ਕਿਥੇ।

ਜਦੋਂ ਗਵਰਨਰ ਗਡੀ ਵਿਚ ਸਵਾਰ ਹੋਣ ਲਗਾ ਤਾਂ ਝੱਬਰ ਨੇ ਦਰਵਾਜ਼ੇ ਕੋਲ ਖਲੋ ਕੇ ਆਖਿਆ।—

ਸਾਹਿਬ ਬਹਾਦਰ, ਆਪ ਇਕ ਨੇਕ ਦਿਲ ਤੇ ਦੂਰ ਅੰਦੇਸ਼ ਹਾਕਮ ਹੋ। ਆਪ ਨੇ ਸਾਡੇ ਨਨਕਾਣੇ ਸਾਹਿਬ ਦੇ ਸ਼ਹੀਦਾਂ ਨਾਲ ਹਮਦਰਦੀ ਕਰ ਕੇ ਸਿੱਖ ਕੌਮ ਨੂੰ ਕਿਰਤਗਯ ਕੀਤਾ ਹੈ।

ਮਿ: ਮਾਈਨਾਰਡ ਸ਼ਾਬਾਸ਼ ! ਸ਼ਾਬਾਸ਼ !! (ਝੱਬਰ ਨੇ ਤਕਰੀਰ ਜਾਰੀ ਰੱਖੀ) ਜੋ ਅੱਗ ਮਿ: ਓਡਵਾਇਰ ਨੇ, ਜਲਿਆਂ ਵਾਲੇ ਬਾਗ ਵਿੱਚ ਬਾਲੀ ਸੀ ਉਸ ਨੂੰ ਆਪ ਸ਼ਾਂਤ ਕਰਨ ਦਾ ਯਤਨ ਕਰ ਰਹੇ ਹੋ। ਅਸੀਂ ਸੁਣਦੇ ਹਾਂ ਕਿ ਹਰਦਵਾਰ ਤੋਂ 4000 ਸਾਧੂ ਆ ਰਹੇ ਹਨ ਕਦੇ ਸੁਣਦੇ ਹਾਂ ਕਿ ਇਲਾਕੇ ਦੇ ਭਟੀ ਗੁਰਦਵਾਰੇ ਤੇ ਕਬਜ਼ਾ ਕਰਨ ਆ ਰਹੇ ਹਨ। ਸਾਡਾ ਦੋ ਸੌ ਸਿੰਘ ਸ਼ਹੀਦ ਹੋ ਗਿਆ ਹੈ ਪਰ ਅਸਾਂ ਕਾਨੂੰਨ ਸ਼ਿਕਨੀ ਨਹੀਂ ਕੀਤੀ। ਅਗਰ ਕਿਸੇ ਨੇ ਹੁਣ ਗੁਰਦਵਾਰੇ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਅਸੀਂ ਸਿੰਘਾਂ ਵਾਲੇ ਹੱਥ ਵਿਖਾ ਦਿਆਂਗੇ।"

ਗਵਰਨਰ ਸੁਣਕੇ ਗੱਡੀ ਅੰਦਰ ਗਿਆ ਤੇ ਉਥੇ ਸਰਦਾਰ ਸੁੰਦਰ ਸਿੰਘ ਨੂੰ ਆਖਿਆ, "ਝੱਬਰ ਨੂੰ ਕਹਿ ਦਿਉ ਕਿ ਅਮਨ ਰੱਖਣ ਦਾ ਮੈਂ ਜ਼ਿੰਮੇਵਾਰ ਹਾਂ—ਕੋਈ ਫਿਕਰ ਨਾ ਕਰੇ। ਜ਼ਰੂਰੀ ਹੋਇਆ ਤਾਂ ਅਸੀਂ ਸਿੱਖ ਫੌਜ ਭੇਜ ਦਿਆਂਗੇ" ਝੱਬਰ ਦੇ ਪਿੱਛੇ ਖਲੋਤਾ ਕੈਪਟਨ ਬੌਰਨ ਸੀ. ਆਈ. ਡੀ. ਕਹਿ ਰਿਹਾ ਸੀ—ਵੇਖੋ ਇਹ ਸ਼ਖਸ ਗਵਰਨਰ ਸਾਹਿਬ ਨੂੰ ਵੀ ਧਮਕਾਂਦਾ ਹੈ। ਇਹ ਕਾਲੇ ਪਾਣੀ ਹੀ ਰਹਿਣ ਦੇ ਕਾਬਲ ਹੈ।"

23.2.1921 ਨੂੰ ਜੰਡ ਦੇ ਚੜ੍ਹਦੇ ਪਾਸੇ ਜਿਥੇ ਮਹੰਤ ਨੇ ਕੁਛ ਲਾਸ਼ਾਂ ਸਾੜੀਆਂ ਸਨ। ਉਥੇ ਹੀ ਸ਼ਹੀਦ ਸਿੰਘਾਂ ਦੀਆਂ ਬਾਕੀ ਲਾਸ਼ਾਂ ਅਤੇ ਖਿਲਰੇ ਪਏ ਕਟੇ ਅੰਗਾਂ ਨੂੰ ਇਕੱਤਰ ਕਰ ਘਿਉ ਦੇ ਪੀਪੇ ਪਾ ਕੇ ਸਸਕਾਰ ਕੀਤਾ। ਅਰਦਾਸਾ ਪ੍ਰੋ: ਜੋਧ ਸਿੰਘ ਜੀ ਨੇ ਕੀਤਾ। ਰਾਤੀ ਪ੍ਰੇਮੀ ਸਿੰਘਾਂ ਨੇ ਬਾਉਲੀ ਵਿੱਚੋਂ ਪਾਣੀ ਕੱਢ ਕੱਢ ਕੇ ਲਹੂ ਲੁਹਾਣ ਫਰਸ਼ ਨੂੰ ਸਾਫ ਕੀਤਾ ਅਤੇ ਅਗਲੇ ਭਲਕ ਸਵੇਰੇ ਪ੍ਰੇਮ ਮੂਰਤੀ ਭਾਈ ਹੀਰਾ ਸਿੰਘ ਜੀ ਫਰੂਕੇ ਵਾਲਿਆਂ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ ਤਿਸ ਉਪਰੰਤ ਕਮੇਟੀ ਨੇ ਵੱਖੋ ਵੱਖ ਥਾਵਾਂ ਤੋਂ ਆਈਆਂ ਤਾਰਾਂ ਸੰਗਤਾਂ ਨੂੰ ਸੁਣਾਈਆਂ ਗਈਆਂ। ਜਦੋਂ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਦੀ ਤਾਰ ਸੁਣਾਈ ਜਾਣ ਲੱਗੀ ਤਾਂ ਸ: ਅਮਰ ਸਿੰਘ ਜੀ ਝਬਾਲੀਏ ਨੇ ਇਤਰਾਜ਼[1] ਕੀਤਾ ਕਿ "ਖਾਲਸਾ ਜੀ ਸਾਨੂੰ ਰਾਜਿਆਂ ਮਹਾਂ ਰਾਜਿਆਂ ਦੀ ਹਮਦਰਦੀ ਦੀ ਕੋਈ ਲੋੜ ਨਹੀਂ। ਇਹੋ ਜਿਹੀਆਂ ਤਾਰਾਂ ਏਥੇ ਨਹੀਂ ਸੁਣਾਉਣੀਆਂ ਚਾਹੀਦੀਆਂ।" ਝੱਬਰ ਨੇ ਕਿਹਾ, ਇਹ ਕੀ ਅਸੂਲ ਹੈ? ਇਕ ਸਿੱਖ ਰਾਜਾ ਹੈ। ਮਨ ਨੂੰ ਨੀਵਾਂ ਕਰਦੇ ਹੋਏ ਸ਼ਹੀਦਾਂ ਨਾਲ ਅਤੇ ਪੰਥ ਨਾਲ ਹਮਦਰਦੀ ਹੈ ਤਾਂ ਇਹ ਵੀ ਕੇਹੜੋ ਗੁਨਾਹ ਹੈ? ਤਾਰ ਪੜੀ ਜਾਏ।"

ਤਾਰ ਪੜ੍ਹੀ ਗਈ ਜਿਸ ਦਾ ਭਾਵ ਸੀ ਕਿ ਕਮੇਟੀ ਸ਼ਹੀਦਾਂ ਦੇ ਪਰਵਾਰਾਂ ਦੀ ਫਹਿਰਿਸ਼ਤ ਬਣਾ ਕੇ ਘੱਲੇ ਮਹਾਰਾਜਾ ਪਟਿਆਲਾ ਉਹਨਾਂ ਸ਼ਹੀਦਾਂ ਦੇ ਪ੍ਰਵਾਰਾਂ ਦੀਆਂ ਪੈਨਸ਼ਨਾਂ ਲਗਾ ਦੇਵੇਗਾ।

---

1. ਇਹ ਕਾਂਗਰਸ ਅਸਰ ਹੇਠ ਆਏ ਲੀਡਰ ਸਿੱਖ ਮਹਾਰਾਜਿਆਂ ਦੀਆਂ ਤਾਂ ਹਮਦਰਦੀ ਦੀਆਂ ਤਾਰਾਂ ਪੜ੍ਹਨ ਤੇ ਵੀ ਇਤਰਾਜ਼ ਕਰਦੇ ਹਨ, ਕਿੰਤੂ ਮਿਸਟਰ ਗਾਂਧੀ ਜਹੇ ਗੁਰਨਿੰਦਕ ਨੂੰ ਗੁਰਦਵਾਰਿਆਂ ਵਿੱਚ ਉਚੇਚੇ ਸੱਦੇ ਦੇ ਕੇ ਉਸ ਦੀਆਂ ਤਕਰੀਰਾਂ ਕਰਵਾਉਂਦੇ ਸਨ। ਪਤਾ ਨਹੀਂ ਕਿਉਂ ਜਿਸ ਸਖਸ਼ ਨੂੰ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਦਾ ਗਿਆਨ ਨਹੀਂ, ਜਿਸ ਨੂੰ ਸਿੱਖ ਇਤਿਹਾਸ ਦੀ ਵਾਕਫੀ ਨਹੀਂ। ਜੋ ਦਸਮ ਪਾਤਸ਼ਾਹ ਨੂੰ ਇੱਕ ਗੁਮਰਾਹ ਦੇਸ਼ ਭਗਤ ਆਖਣ ਦੀ ਗੁਸਤਾਖੀ ਕਰਦਾ ਹੈ। ਸਾਡੇ ਕਾਂਗਰਸੀ ਸਿੱਖ ਉਸ ਨੂੰ ਸਿਰ ਤੇ ਚੁੱਕੀ ਫਿਰਦੇ ਸਨ।

ਅਤੇ ਬਾਬਾ ਖੜਕ ਸਿੰਘ ਜੀ ਸਿਆਲਕੋਟ ਨਾ ਆਏ। ਸ: ਸ਼ਿਵਦੇਵ ਸਿੰਘ ਅਤੇ ਸ: ਹਰਬੰਸ ਸਿੰਘ ਚੀਫ ਖਾਲਸਾ ਦੀਵਾਨ ਵਲੋਂ ਭਾਈ ਤੇਜਾ ਸਿੰਘ ਚੂਹੜ ਅਤੇ ਭਾਈ ਕਰਤਾਰ ਸਿੰਘ ਜੀ ਝੱਬਰ ਅਕਾਲੀਆਂ ਵਲੋਂ ਅਤੇ ਸ: ਬ: ਮਹਿਤਾਬ ਸਿੰਘ ਸਰਕਾਰੀ ਵਕੀਲ ਹਾਜ਼ਰ ਸਨ।

ਗਵਰਨਰ ਵਲੋਂ ਮਿ: ਮਾਈਨਾਰਡ ਹੋਮ ਮੈਂਬਰ, ਸਰ ਸੁੰਦਰ ਸਿੰਘ ਮਜੀਠਾ, ਲਾ: ਹਰਕਿਸ਼ਨ ਲਾਲ ਅਤੇ ਮੀਆਂ ਸਰ ਫਜ਼ਲਿ ਹੁਸੈਨ ਵਜ਼ੀਰ ਆਏ ਹੋਏ ਸਨ।

ਸਰਕਾਰ ਵਲੋਂ ਪੁਛ ਹੋਈ, "ਤੁਸੀਂ ਗੁਰਦਵਾਰਿਆਂ ਤੇ ਇਸ ਤਰ੍ਹਾਂ ਕਬਜ਼ੇ ਕਿਉਂ ਕਰਦੇ ਹੋ ? ਕਾਨੂੰਨ ਅਨੁਸਾਰ ਦਾਅਵੇ ਕਰ ਕੇ ਲਵੋ।"

ਸ: ਬ: ਮਹਿਤਾਬ ਸਿੰਘ : ਐਸਾ ਕੋਈ ਕਾਨੂੰਨ ਹੈ ਨਹੀਂ।

ਮਿ: ਮਾਨੀਨਾਰਡ : ਅਗੋਂ ਲਈ ਤੁਸੀਂ ਕਿਸੇ ਗੁਰਦੁਆਰੇ ਤੇ ਕਬਜ਼ਾ ਮਤ ਕਰੋ ਅਤੇ ਹੋਰਨਾਂ ਨੂੰ ਵੀ ਐਸਾ ਕਰਨ ਤੋਂ ਵਰਜ ਦਿਓ।

ਝੱਬਰ : ਤੁਸੀਂ ਸਰਕਾਰ ਵਲੋਂ ਨਵਾਂ ਗੁਰਦਵਾਰਾ ਕਾਨੂੰਨ ਬਣਾਉਣ ਦਾ ਐਲਾਨ ਕਰ ਦਿਓ, ਅਸੀਂ ਕਬਜ਼ੇ ਕਰਨ ਤੋਂ ਰੋਕਣ ਦਾ ਐਲਾਨ ਕਰ ਦੇਂਦੇ ਹਾਂ।

ਲਾਲਾ ਹਰਕਿਸਨ ਲਾਲ : ਤੁਹਾਨੂੰ ਹਿੰਦੂ ਉਦਾਸੀ ਤੇ ਨਿਰਮਲਿਆਂ ਦੇ ਗੁਰਦੁਆਰਿਆਂ ਤੇ ਕਬਜ਼ੇ ਕਰਨ ਦਾ ਸਰਕਾਰ ਕਾਨੂੰਨ ਕਿਵੇਂ ਬਣਾ ਦੇਵੇ ?"

ਝੱਬਰ : "ਗੁਰਦੁਆਰੇ, ਉਦਾਸੀਆਂ ਅਤੇ ਨਿਰਮਲਿਆਂ ਦੀ ਕੋਈ ਜੱਦੀ ਜਾਇਦਾਦ ਨਹੀਂ। ਇਹ ਖਾਲਸਾ ਪੰਥ ਦੀ ਸਾਂਝੀ ਮਲਕੀਅਤ ਹੈ।"

ਡੇਢ ਘੰਟੇ ਦੀ ਬਹਿਸ ਉਪਰੰਤ ਮਿ: ਮਾਈਨਾਰਡ ਨੇ ਇਕ ਐਲਾਨ ਲਿਖਿਆ ਕਿ ਕੋਈ ਜਥਾ ਕਿਸੇ ਗੁਰਦੁਆਰੇ ਤੇ ਕਬਜ਼ਾ ਨਹੀਂ ਕਰੇਗਾ ਅਤੇ ਨਾਲ ਹੀ ਛੇ ਇੰਚ ਤੋਂ ਵੱਡਾ ਸਫਾ ਜੰਗ ਰੱਖਣ ਦੀ ਮਨਾਹੀ ਵੀ ਕਰ ਦਿੱਤੀ।

ਅਕਾਲੀਆ ਦੀਆਂ ਗ੍ਰਿਫਤਾਰੀਆਂ

11 ਮਾਰਚ 1921 ਨੂੰ ਨਨਕਾਣਾ ਸਾਹਿਬ ਤੋਂ ਡਿਪਟੀ ਕਮਿਸ਼ਨਰ ਨੇ ਜਦ ਗ੍ਰਿਫਤਾਰ ਕੀਤਾ ਤਾਂ ਸਿੰਘ ਬਹੁਤ ਇਕੱਠੇ ਹੋ ਗਏ। ਝੱਬਰ ਨੇ ਸਿੰਘਾਂ ਨੂੰ ਉਚੀ ਸਾਰੀ ਆਖਿਆ, "ਖਾਲਸਾ ਜੀ ਤੁਸਾਂ ਜੋਸ਼ ਵਿੱਚ ਨਹੀਂ ਆਵਣਾ। ਹੁਣ ਸਾਡਾ ਮੋਰਚਾ ਪੰਜਾਬ ਸਰਕਾਰ ਨਾਲ ਹੈ। ਗੁਰਦੁਆਰੇ

(538 ਦਾ ਬਾਕੀ ਫੁੱਟਨੋਟ)

ਕਈ ਸਿੰਘਾਂ ਤੇ ਉਥੇ ਮੁਕਦਮੇ ਬਣੇ, ਕਈਆਂ ਭਾਰਤ ਆ ਕੇ ਫਾਂਸੀ ਦੇ ਰਸੇ ਚੁੰਮੇ ਤੇ ਕਈ ਕਾਲੇ ਪਾਣੀ ਜੇਲ੍ਹ ਵਿੱਚ ਜਾ ਬੈਠੇ। ਇਸ ਮਹੌਦੇ ਦਾ ਹਿੰਦੂਆਂ ਤੇ ਸਿਆਸੀ ਅਸਰ ਕੀ ਸੀ, ਉਸ ਦਾ ਅੰਦਾਜ਼ਾ 1919 ਵਿਚ ਭਾਈ ਕਰਤਾਰ ਸਿੰਘ ਜੀ ਦੇ ਇਤੇ ਤੱਥਾਂ ਤੋਂ ਲਗ ਸਕਦਾ ਹੈ, "ਕਾਲੇ ਪਾਣੀ ਜੇਲ ਵਿਚ ਕੁਲ 130 ਰਾਜਸੀ ਕੈਦੀ ਸਨ, ਜਿਸ ਵਿਚੋਂ ਮੁਸਲਮਾਨ ਕੇਵਲ 2, ਹਿੰਦੂ 28 ਅਤੇ ਸਿੱਖ 100 ਸਨ ਜਦ ਕਿ ਜਨਸੰਖਿਆ ਵਿਚ ਮੁਸਲਮਾਨ 9 ਕਰੋੜ, ਹਿੰਦੂ 30 ਕਰੋੜ ਤੇ ਸਿਖ ਕੇਵਲ ਅੱਧਾ ਕਰੋੜ ਸਨ।

ਜਦੋਂ ਇਸ ਦੀ ਹੋਰ ਕਿਧਰੇ ਦਾਲ ਨਾ ਗਲਦੀ ਤਾਂ ਇਸ ਨੇ ਡੀ.ਏ.ਵੀ. ਕਾਲਜ ਦੇ ਮੁੰਡਿਆਂ ਨੂੰ ਔਤੋਂ ਲਾਇਆ। ਉਥੇ ਇਹ ਮਾਸੂਮ ਗਭਰੂਆਂ ਨੂੰ ਅੱਗੇ ਲਾਉਣ ਵਿਚ ਸਫਲ ਹੋ ਗਿਆ। ਇਕ ਵਿਖਾਵੇ ਦੌਰਾਨ ਇਸ ਅਖੌਤੀ ਸ਼ੇਰਿ-ਪੰਜਾਬ ਨੂੰ ਖਬਰੇ ਪੁਲਿਸ ਕਪਤਾਨ ਸਾਂਡਰਸ ਦਾ ਡੰਡਾ ਵਜਾ ਵੀ ਕਿ ਨਹੀਂ ਪਰ ਇਹ ਧਰਤੀ ਤੇ ਡਿਗ ਪਿਆ ਤੇ ਹਸਪਤਾਲ ਜਾ ਕੇ ਇਹਦੇ ਪ੍ਰਾਣ ਪੰਖੇਰੂ ਹੋ ਗਏ। ਇਸ ਦੀ ਸਿੱਖ ਦੁਸ਼ਮਣੀ ਉਦੋਂ ਹੀ ਜ਼ਾਹਿਰ ਹੋ ਗਈ ਸੀ ਜਦੋਂ ਲਾਹੌਰ ਬਰੇਡਲਾ ਹਾਲ ਵਿਚ ਤਕਰੀਰ ਕਰਨ ਆਵਨ ਤੋਂ ਪਹਿਲਾਂ ਇਸ ਨੇ ਅਕਾਲੀਆਂ ਦੇ ਗੁਰਦਵਾਰਿਆਂ ਤੇ ਕਬਜ਼ਾ ਕਰਨ ਦੇ ਖਿਲਾਫ ਮਿ: ਗਾਂਧੀ ਦੇ ਕੰਨ ਭਰੇ ਸਨ। ਦੂਸਰਾ ਇਹ ਕਿ 1927 ਵਿਚ ਵਾਪਰੇ ਨਨਕਾਣਾ ਸਾਹਿਬ ਦੇ ਸਾਕੇ ਦੀ ਸਾਜ਼ਿਸ਼ ਵਿਚ ਮਹੰਤ ਨਾਰਾਇਣ ਦਾਸ ਦੀ ਮਦਦ ਆਪਣੇ ਅਖਬਾਰ "ਗੁਰੂ ਘੰਟਾਲ" ਰਾਹੀਂ ਕਰਨ ਖਾਤਰ ਇਸ ਨੇ ਮਹੰਤ ਪਾਸੋਂ 3000 ਰੁਪਏ ਲਏ ਸਨ। ਇਹਨਾਂ ਦੰਨਾ, ਗੁਰੂ ਚੇਲੇ ਦੀ ਫਿਰਤੀ ਵੇਖੋ। ਅੱਜ ਉਸੇ ਨਨਕਾਣਾ ਸਾਹਿਬ ਦੇ ਗੁਰਦਵਾਰੇ ਵਿਚ ਖਾਲਸੇ ਦੀਆਂ ਸਿਫਤਾਂ ਕਰਦੇ ਹਨ।

ਕੀ"। ਫਿਰ ਮਿਸਟਰ ਗਾਂਧੀ[1] ਉਠੇ—ਇਕ ਘੰਟਾ ਤਕਰੀਰ ਕੀਤੀ। ਖਾਲਸਾ ਜੀ ਦੀ ਬੜੀ ਸਿਫਤ ਕੀਤੀ ਅਤੇ ਆਖਿਆ "ਹੁਣ ਹਿੰਦੁਸਤਾਨ ਦੀ ਆਜ਼ਾਦੀ ਤਾਂ ਖਾਲਸਾ ਜੀ ਦੇ ਹੱਥ ਹੈ। ਨਨਕਾਣੇ ਸਾਹਿਬ ਦੇ ਸ਼ਹੀਦਾਂ ਦੇ ਇਸ ਮੁਕਦਮੇ ਵਿਚ, ਅੰਗਰੇਜ਼ਾਂ ਦੇ ਨਾਲ ਨਾਮਿਲਵਰਤਣ ਕਰਨਾ ਚਾਹੀਦਾ ਹੈ ਤਾਂ ਇਸੇ ਕੰਮ ਲਈ ਦੂਰ ਤੋਂ ਆਇਆ ਹਾਂ। ਮੈਨੂੰ ਪੂਰਾ ਯਕੀਨ ਹੈ ਕਿ ਖਾਲਸਾ ਜੀ ਮੇਰੀ ਇਸ ਅਰਜ਼ਦਾਸ਼ਤ ਨੂੰ ਮਨਜ਼ੂਰ ਕਰੇਗਾ।"

ਇਕ ਦਿਨ ਲਾਲਾ ਲਾਜਪਤ ਰਾਏ[2] ਵੀ ਆਇਆ। ਖਾਲਸਾ ਜੀ ਨੂੰ ਬਹੁਤ ਵਡਿਆਇਆ ਫੁਲਾਇਆ ਅਤੇ ਮਿ: ਗਾਂਧੀ ਦੇ ਪ੍ਰੋਗਰਾਮ ਤੇ ਚਲਣ ਦੀ ਤਾਕੀਦ ਕੀਤੀ। ਇਸ ਤੋਂ ਉਪਰੰਤ ਮਾਰਚ 1921 ਵਿਚ, ਸਾਕੇ ਤੋਂ ਪਹਿਲਾਂ ਕੀਤੇ ਐਲਾਨ ਦੇ ਅਨੁਸਾਰ ਮੀਟਿੰਗ ਮਹੰਤ ਨਾਰਾਇਣ ਦਾਸ ਦੀ ਬੈਠਕ ਵਿੱਚ ਹੋਈ ਜਿਸ ਵਿੱਚ ਅਤਿਅੰਤ ਘੱਟ ਮੈਂਬਰ ਆਏ। ਮਗਰ ਮਾਸਟਰ ਮੋਤਾ ਸਿੰਘ ਜੀ ਰਾਜਸੀ ਮਫਰੂਰ ਹੁੰਦਿਆਂ ਹੋਇਆਂ ਵੀ ਪੁਜ ਗਏ ਅਤੇ ਸ਼ਹੀਦਾਂ ਦੇ ਮੁਕੱਦਮੇ ਸਮੇਂ ਸਰਕਾਰ ਨਾਲ ਨਾ-ਮਿਲਵਰਤੋਂ ਦਾ ਮਤ ਪੇਸ਼ ਕਰਕੇ ਤਾਈਦ ਵੀ ਕਰਵਾ ਲਈ। ਸ: ਹਰਬੰਸ ਸਿੰਘ ਅਟਾਰੀ ਪ੍ਰੋ: ਜੋਧ ਸਿੰਘ ਅਤੇ ਝੱਬਰ ਨੇ ਇਸਦਾ ਵਿਰੋਧ ਕੀਤਾ। ਇਹਨਾਂ ਨੇ ਬਹੁਤ ਸਮਝਾਇਆ। ਪਰ ਨਵੇਂ ਨਵੇਂ ਕਾਂਗਰਸ ਅਸਰ ਹੇਠ ਆਏ ਸਿਖ ਲੀਡਰ ਨਾ ਮੰਨੇ। ਮਤਾ ਪਾਸ ਹੋ ਗਿਆ ਤੇ ਨਕਲਾਂ ਤਾਰਾਂ ਰਾਹੀਂ ਸਰਕਾਰ ਨੂੰ ਥਾਉਂ ਥਾਈਂ ਭੇਜੀਆਂ ਗਈਆਂ। ਇਸ ਮਤੇ ਨੂੰ ਫਲਸਰੂਪ ਖਾਲਸੇ ਤੇ ਹੋਰ ਬਿਪਤਾ ਆਣ ਪਈ।

8 ਮਾਰਚ 1921 ਨੂੰ ਗਵਰਨਰ ਨੇ ਪੰਜਾਬ ਦੇ ਸਿੱਖ ਲੀਡਰਾਂ ਦੀ ਇਕ ਕਾਨਫਰੰਸ ਸਦੀ। ਜਿਸ ਵਿੱਚ ਸ: ਹਰਚੰਦ ਸਿੰਘ ਲਾਇਲਪੁਰੀ

---

1. ਪਾਠਕ ਜੀ ਜ਼ਰਾ ਧਿਆਨ ਦਿਉ। ਇਹ ਉਹ ਮਿਸਟਰ ਗਾਂਧੀ ਹੈ ਜੋ 20-10-1919 ਨੂੰ ਬਰੈਡਲਾ ਹਾਲ (ਲਾਹੌਰ) ਸਿੱਖ ਲੀਗ ਦੀ ਮੀਟਿੰਗ ਵਿੱਚ ਆਖਦਾ ਸੀ, "ਮੁਝੇ ਮਾਲੂਮ ਹੁਆ ਹੈ ਕਿ ਕੁਛ ਨੌਜਵਾਨ ਸਿੱਖ ਗੁਰਦਵਾਰੋਂ ਪਰ ਕਬਜ਼ੇ ਕਰ ਰਹੇ ਹੈਂ ਯਹ ਠੀਕ ਨਹੀਂ ਹੈ। ਮਹੰਤ ਲੋਗੋਂ ਕੋ ਨਿਕਾਲ ਕਰ ਕਬਜ਼ਾ ਕਰਨਾ ਜਬਰ ਹੈ। ਕਾਂਗਰਸ ਕਾ ਕਾਮ ਕਰਨਾ ਚਾਹੀਏ।" ਔਰ ਇਸ ਦੀਵਾਨ ਵਿਚ ਖਾਲਸੇ ਦੀ ਸਿਫਤ ਕਰਦਾ ਹੈ ਤੇ ਮਸ਼ਵਰੇ ਦੇਂਦਾ ਹੈ। ਇਸ ਭਦਰ ਪੁਰਸ਼ ਨੂੰ ਮਹਾਤਮਾ ਕਹਿਣਾ ਸਜਦਾ ਨਹੀਂ ਕਿਉਂਕਿ ਮਹਾਤਮਾ ਲੋਕਾਂ ਦੀ ਦ੍ਰਿਸ਼ਟੀ ਵਿਚ ਸਭ ਕੋਈ ਬਰਾਬਰ ਹੁੰਦਾ ਹੈ। ਕਿੰਤੂ ਮਿ: ਗਾਂਧੀ ਨੂੰ ਖਾਲਸੇ ਨਾਲ ਦਵੈਤ ਸੀ। ਜਿਸ ਦਾ ਸਬੂਤ (ੳ) ਡਾਕਟਰ ਅੰਬੇਦਕਰ ਨੂੰ ਸਿੱਖ ਧਰਮ ਧਾਰਨ ਕਰਨ ਤੋਂ ਮੁਕਰਾ ਦੇਣਾ, ਜਦ ਕਿ ਉਹ ਅੰਮ੍ਰਿਤਸਰ ਸਿੱਖ ਜਲਸੇ ਵਿਚ ਧਰਮ ਪ੍ਰਵਰਤਨ ਲਈ ਰਾਜ਼ੀ ਹੋ ਚੁੱਕਾ ਸੀ। (ਅ) ਜਦ ਵੀ ਮਿ: ਗਾਂਧੀ ਬਟਵਾਰੇ ਦੇ ਦਿਨਾਂ ਵਿਚ ਆਪਣੀ ਸ਼ਾਮ ਦੀ ਪ੍ਰਾਥਨਾ ਵਿਚ ਲੋਕਾਂ ਨੂੰ ਸਿਖਿਆ ਦੇਂਦਾ ਤਾਂ ਕਹਿੰਦਾ "ਮੈਂ ਆਪਣੇ ਹਿੰਦੂ ਭਾਈਓਂ ਕੋ ਯਹ ਕਹਿਤਾ ਹੂੰ ....ਮੈਂ ਆਪਣੇ ਮੁਸਲਿਸ ਭਾਈਓਂ ਕੋ ਯਹ ਕਹਿਤਾ ਹੂੰ ...ਔਰ ਮੈਂ ਸਿੱਖੋਂ ਕੋ ਕਹਿਤਾ ਹੂੰ ਕਿ ਵੁਹ ਤਲਵਾਰ ਕੋ.....। ਅਰਥਾਤ ਇਹ ਕਾਂਗਰਸੀਆਂ ਦਾ ਵਡਾ, ਬਾਕੀ ਦੀ ਚੁਰਾਸੀ ਨੂੰ ਤਾਂ "ਭਾਈ" ਸਮਝਦਾ ਹੈ ਪਰ ਖਾਲਸੇ ਨਾਲ ਇਤਨਾ ਵਿਤਕਰਾ ਹੈ ਕਿ ਉਸ ਨੇ ਬਜਾਏ "ਭਾਈ" ਦੇ ਸਿਰਫ "ਸ਼ਿਖ" ਹੀ ਦਸਦਾ ਹੈ। (ੲ) ਮਿ: ਗਾਂਧੀ ਦੇਸ਼ ਵਿਭਾਜਨ ਤੋਂ ਪਹਿਲਾ ਕਿਹਾ ਕਰਦਾ ਸੀ "ਪਾਕਿਤਸਾਨ ਮੇਰੀ ਲਾਸ਼ ਪਰ ਬਣੇਗਾ।" ਮਗਰ ਪਾਕਿਸਤਾਨ ਇਸ ਦੇ ਜਿਉਂਦੇ ਮੜ੍ਹੇ ਤੇ ਬਣਿਆ ਤੇ ਜਦੋਂ ਸ: ਸੰਤ ਸਿੰਘ ਲਾਇਲਪੁਰੀ ਪ੍ਰਸਿੱਧ ਕਾਂਗਰਸੀ ਨੇਤਾ ਨੇ ਬਿਰਲੇ ਭਵਨ ਵਿੱਚ ਇਸ ਨੂੰ ਪੰਜਾਬੀਆਂ ਦੇ ਦੁਖੜੇ ਦਸ ਕੇ ਮਦਦ ਕਰਨ ਵਾਸਤੇ ਆਖਿਆ ਤਾਂ ਬਜਾਏ ਸ਼ਰਮਸਾਰ ਹੋਣ ਦੇ ਸਗੋਂ ਗੁੱਸੇ ਵਿਚ ਲਾਲ-ਪੀਲਾ ਹੋ ਕੇ ਉਕਤ ਸਰਦਾਰ ਦਾ ਅਪਮਾਨ ਕੀਤਾ। ਉਦੋਂ ਮਹਾਤਮਾਈ ਕਿਥੇ ਸੀ। ਗਿਆਨੀ ਜੀ ਆਪਣੇ ਵਿਚਾਰ ਛੱਡ, ਅੱਜ ਕਲ੍ਹ ਜੋ ਚਰਚਾ ਮਿ: ਗਾਂਧੀ ਦੇ ਦੋ ਕੁਮਾਰੀਆਂ ਦੇ ਮੋਢਿਆਂ ਤੇ ਹੱਥ ਰਖ ਕੇ ਤੇ ਉਹਨਾਂ ਦੇ ਨਾਲ ਹੀ ਰਾਤ ਨੂੰ ਲੇਟਣ ਬਾਰੇ ਚਲਦੀ ਰਹੀ ਹੈ। ਉਸ ਵਲ ਅਤੇ ਭਾਰਤ ਦੇ ਰਹਿ ਚੁੱਕੇ ਵਾਇਸਰਾਏ ਲਾਰਡ ਵੇਵਲ (WAVEL) ਦੇ ਇਸ ਕਥਨ ਵੱਲ ਦਿਵਾਉਣਾ ਕਾਫੀ ਸਮਝਦਾ ਹੈ, ਜਦ ਉਹ VICEROYS' JOURNAL, LONDON 1973 Page 238 ਪਰ ਲਿਖਦਾ ਹੈ :—

"He (GANDHI) is a Very tough politician and NOT a SANT".

ਇਸ ਤੇ ਵੀ ਅਗਰ ਸਾਡੇ ਕਾਂਗਰਸੀ ਭਰਾ ਉਸ ਮਹੋਦੇ ਨੂੰ ਆਪਣਾ "ਰਾਸ਼ਟਰ ਪਿਤਾ" ਮੰਨਦੇ ਹੋਵਣ ਤਾਂ ਉਹਨਾਂ ਨੂੰ ਮੁਬਾਰਕ— ਖਾਲਸਾ ਉਸ ਨੂੰ ਇਕ ਰਾਜਸੀ ਨੇਤਾ ਤੋਂ ਵੱਧ ਕੁਛ ਨਹੀਂ ਸਮਝਦਾ।

2. ਲਾਲਾ ਲਾਜਪਤ ਰਾਏ—ਇਹ ਭੱਦਰ ਪੁਰਸ਼ ਕੱਟੜ ਆਰੀਆ ਸਮਾਜੀ, ਦੂਜਿਆਂ ਦੇ ਮੋਢਿਆਂ ਤੇ ਰਖ ਕੇ ਬੰਦੂਕ ਚਲਾਉਣ ਵਿੱਚ ਸਿਧ ਹਸਤ ਰਾਜਸੀ ਨੇਤਾ ਸੀ। ਜਿਸ ਨੂੰ ਆਰੀਆ ਸਮਾਜੀ ਪ੍ਰੈਸ ਨੇ "ਸ਼ੇਰਿ ਪੰਜਾਬ" ਦੀ ਉਪਾਧੀ ਦੇਣ ਦਾ ਅਸਫਲ ਯਤਨ ਕੀਤਾ ਜਦਕਿ ਇਹ ਆਪ ਅਮਰੀਕਾ ਜਾ ਕੇ ਸਣੇ ਹਰਦਿਆਲ ਦੇ ਭੋਲੇ ਭਾਲੇ ਸਿੱਖਾਂ ਵਿਚ ਬਗਾਵਤ ਦੀ ਅੱਗ ਫੈਲਾ ਕੇ ਦੇਸ਼ ਪਰਤ ਆਇਆ

(ਫੁੱਟ ਨੋਟ ਚਲਦਾ)

5) ਭਾਈ ਲਾਹੌਰਾ ਸਿੰਘ, ਲਾਲ ਸਿੰਘ, ਉਜਾਗਰ ਸਿੰਘ ਵਕੀਲ ਬਰੀ।

6) ਭਾਈ ਉਤਮ ਸਿੰਘ ਨਨਕਾਣਾ ਸਾਹਿਬ ਦਾ ਪੁਲੀਸ ਵਲੋਂ ਚਾਲਾਣ ਪੇਸ਼ ਨਹੀਂ ਸੀ।

7) ਭਾਈ ਕਰਤਾਰ ਸਿੰਘ ਝੱਬਰ ਨੂੰ 18 ਸਾਲ ਕੈਦ ਸੁਣਾ ਕੇ ਜੱਜ ਮਿ: ਕਿਊ ਨੇ ਆਖਿਆ :—

"ਕਰਤਾਰ ਸਿੰਘ ਝੱਬਰ ਦੇ ਖਿਲਾਫ ਮਿਸਲਾਂ ਤਾਂ ਅਜੇ ਹੋਰ ਵੀ ਹੈਣ ਨੇ, ਕੈਦ ਬਹੁਤ ਲੰਮੀ ਹੋ ਗਈ ਹੈ, ਮੈਨੂੰ ਬਹੁਤ ਅਫਸੋਸ ਹੈ।" ਜਿਸ ਤੇ ਝੱਬਰ ਨੇ ਆਖਿਆ "ਕਿਊ ਸਾਹਿਬ ਤੁਹਾਨੂੰ ਅਫਸੋਸ ਕਰਨ ਦੀ ਲੋੜ ਨਹੀਂ। ਮੈਂ ਇਸ ਨੂੰ ਕੈਦ ਨਹੀਂ ਸਮਝਦਾ। ਮੈਂ ਕੋਈ ਜੁਰਮ ਨਹੀਂ ਕੀਤਾ, ਮੈਂ ਤਾਂ ਕੌਮ ਦੀ ਸੇਵਾ ਕੀਤੀ ਹੈ। ਮੈਨੂੰ ਲੰਬੀ ਕੈਦ ਦਾ ਫਖਰ ਹੈ ਕਿ ਮੈਂ ਪੰਥ ਦੀ ਸਭ ਤੋਂ ਜ਼ਿਆਦਾ ਸੇਵਾ ਕੀਤੀ ਹੈ। ਤੁਸੀਂ ਅਫਸੋਸ ਬਿਲਕੁਲ ਨਾ ਕਰੋ।"

ਇਸ ਤੋਂ ਪਿਛੋਂ ਤਰਨਤਾਰਨ ਦੇ ਕਬਜ਼ੇ ਵੇਲੇ ਹੋਏ ਝਗੜੇ ਦਾ ਮੁਕਦਮਾ ਚਲਿਆ। ਝੱਬਰ ਨੇ ਸੱਚਾ ਸੱਚਾ ਬਿਆਨ ਦਿੱਤਾ। ਇਸ ਵਿਚ ਕੇਵਲ ਸੂਬੇਦਾਰ ਬਲਵੰਤ ਸਿੰਘ ਨੂੰ ਹੀ ਸਜ਼ਾ ਹੋਈ ਜਾਂ ਪੁਜਾਰੀਆਂ ਨੂੰ, ਬਾਕੀ ਦੇ ਅਕਾਲੀ ਬਰੀ ਹੋ ਗਏ। ਝੱਬਰ ਤੇ ਭੂਚਰ ਨੂੰ ਮੋਂਟਗੁਮਰੀ ਜੇਲ ਵਿਚ ਰਖ ਬਾਕੀ ਨੂੰ ਮੀਆਂਵਾਲੀ ਜੇਲ ਭੇਜ ਦਿੱਤਾ। ਇਹਨਾਂ ਦੇ ਕੈਦ ਹੋ ਜਾਣ ਪਿਛੋਂ ਕਿਸੇ ਜਥੇ ਨੇ ਵੀ ਕਿਧਰੇ ਕੋਈ ਕਬਜ਼ਾ ਨਾ ਕੀਤਾ। ਲੀਡਰ ਆਪ ਆਪਣੇ ਘਰੀਂ ਬੈਠ ਗਏ। ਮਾਨੋ ਅਕਾਲੀ ਲਹਿਰ ਖਤਮ ਹੋ ਗਈ ਸੀ।

ਛੇ ਕੁ ਮਹੀਨੇ ਪਿਛੋਂ ਇਕ ਦਿਨ ਝੱਬਰ ਤੇ ਭੂਚਰ ਨੂੰ ਸ: ਸੇਵਾ ਰਾਮ ਸਿੰਘ, ਸ: ਦਸੌਂਧਾ ਸਿੰਘ ਅਤੇ ਸ: ਅਮਰ ਸਿੰਘ ਐਡੀਟਰ ਸ਼ੇਰਿ ਪੰਜਾਬ ਨੇ ਮਿਲ ਕੇ ਆਖਿਆ ਕਿ ਸਰਕਾਰ ਅਕਾਲੀਆਂ ਨੂੰ ਇਸ ਸ਼ਰਤ ਤੇ ਰਿਹਾ ਕਰਦੀ ਹੈ ਕਿ ਬਾਹਰ ਆ ਕੇ ਕਿਸੇ ਗੁਰਦੁਆਰੇ ਤੇ ਕਬਜ਼ਾ ਨਾ ਕਰਨ ਔਰ ਨੇਕ ਚਲਣ ਰਹਿਣ। ਤੁਸੀਂ ਸ਼ਰਤਾਂ ਕਬੂਲ ਕਰਕੇ ਬਾਹਰ ਆ ਜਾਵੋ। ਝੱਬਰ ਤੇ ਭੂਚਰ ਨੇ ਸਾਫ ਇਨਕਾਰ ਕਰ ਦਿੱਤਾ ਜਿਸ ਤੇ ਇਹਨਾ ਲੀਡਰਾਂ ਨੇ ਸਮਝਾਇਆ "ਤੁਸੀਂ ਨਿਕੰਮਾ ਹਠ ਨਾ ਕਰੋ। ਹੁਣ ਤੇ ਕਬਜ਼ੇ ਕਰਨ ਦੀ ਵੀ ਲੋੜ ਨਹੀਂ ਰਹਿ ਜਾਣੀ। ਗੁਰਦੁਆਰਾ ਕਮੇਟੀ ਨੇ ਵੀ ਪਾਸ ਕਰ ਦਿੱਤਾ ਹੈ ਕਿ ਕੋਈ ਕਬਜ਼ਾ ਨਹੀਂ ਕੀਤਾ ਜਾਵੇਗਾ। ਔਰ ਅਗੋਂ ਵਾਸਤੇ ਗੁਰਦੁਆਰਾ ਕਾਨੂੰਨ ਬਣ ਰਿਹਾ ਹੈ। ਤੁਹਾਡੇ ਕੈਦ ਹੋ ਜਾਣ ਪਿਛੋਂ ਕੰਮ ਠਪ ਹੋ ਗਿਆ ਹੈ, ਫਿਰ ਸ: ਜੋਗਿੰਦਰ ਸਿੰਘ ਨੇ ਝੱਬਰ ਨੂੰ ਟੈਲੀਫੋਨ ਤੇ ਆਖਿਆ ਹਾਲੇ ਤੁਸੀਂ ਇਨਕਾਰ ਨਾ ਕਰੋ। ਸ਼ਰਤਾਂ ਮੰਨ ਕੇ ਬਾਹਰ ਆ ਜਾਵੋ। ਅਸੀਂ ਥੋੜ੍ਹੇ ਚਿਰ ਪਿਛੋਂ ਸ਼ਰਤਾਂ ਵੀ ਹਟਾ ਲਵਾਂਗੇ।"

ਝੱਬਰ ਤੇ ਭੂਚਰ ਨੇ ਸਲਾਹ ਕੀਤੀ ਸੋਚਿਆ ਕਿ ਬਾਹਰ ਤਾਂ ਕੰਮ ਠਪ ਪਿਆ ਹੈ। ਅਸੀਂ ਸ਼ਰਤਾਂ ਮੰਨ ਕੇ ਬਾਹਰ ਨਿਕਲ ਫਿਰ ਤੋੜ ਦਿਆਂਗੇ—ਮਹਾਤਮਾ ਤਿਲਕ ਜੀ ਵੀ ਤਾਂ ਇਵੇਂ ਕੀਤਾ ਕਰਦੇ ਸਨ। ਜਿਸ ਤੇ ਇਹ ਦੋਵੇਂ, ਲੀਡਰਾਂ ਦੀ ਗਲ ਮੰਨ ਬਾਹਰ ਆ ਗਏ ਅਤੇ ਸ੍ਰੀ ਅੰਮ੍ਰਿਤਸਰ ਕਮੇਟੀ ਵਿਚ ਜਾ ਹਾਜ਼ਰ ਹੋਏ। ਉਥੇ ਇਹਨਾਂ ਦੋਹਾਂ ਦੀ ਬਾਬਾ ਖੜਕ ਸਿੰਘ ਜੀ ਅਤੇ ਗਿਆਨੀ ਸ਼ੇਰ ਸਿੰਘ ਨਾਲ ਚੰਗੀ ਝਪਟ ਹੋ ਪਈ "ਕਿ ਤੁਸੀਂ ਸ਼ਰਤਾਂ ਮੰਨ ਕੇ ਰਿਹਾਈ ਕਿਉਂ ਪ੍ਰਵਾਨ ਕੀਤੀ" ਜਿਸ ਤੇ ਇਹਨਾਂ ਦੋਹਾਂ ਆਖਿਆ "ਤੁਸੀਂ ਸਾਡੇ ਮਗਰੋਂ ਕਿਹੜੀ ਖੁਹਣ ਖੁਥੀ ਹੈ ਚੁਪ ਕਰਕੇ ਘਰੀ ਜਾ ਬੈਠੇ। ਤੁਸਾਂ ਤਾਂ ਅਕਾਲੀ ਲਹਿਰ ਹੀ ਖਤਮ ਕਰ ਦਿਤੀ ਹੈ" ਜਿਸਦੇ ਫਲਸਰੂਪ ਬਾਬਾ ਖੜਕ ਸਿੰਘ ਨੇ ਗੁਰਦੁਆਰਾ "ਤੇਜਾ" ਜਿ: ਗੁਰਦਾਸਪੁਰ ਅਤੇ ਗੁਰਦੁਆਰਾ ਹੱਟੀਆਂ ਤੇ ਕਬਜ਼ਾ ਕੀਤਾ।

ਮੁਕਤਾ		ਬੰਗਾਲੋਂ	ਬਲ (ਪਾਲਾ ਸਿੰਘ ਥਾਣੇਦਾਰ)
ਚੱਕ ਗੁਰਦਾਸ	ਉਸਮਾਨਪੁਰ ਸਮਾਣਾ	ਚੂਹੜ ਕਾਣਾ	ਪਕਾ ਖੇੜਾ
ਬਲੜਕੇ, ਕਾਮੋਕੇ	ਗੁਮਥਲਾ		ਮਰਦਾਰ ਖੇੜਾ
ਮੁਦਾਰ	ਉਸਮਾਨਪੁਰ	ਬੰਧੰਕੇ	ਇਫਦਪੁਰਾ
ਮਾੜੀ ਠਾਕਰ	ਮਲਕਪੁਰ (ਸਚਾ ਸੌਦਾ)	ਦੋਬੁਰਜੀ	ਨਿਜ਼ਾਮਾਬਾਦ
	(ਹਰਿਆਣਾ)	ਗਰਮੂਲਾ, ਫਿਲੌਰੇ	ਭਾਗਵਾ (ਨਜ਼ਦ ਚੰਡੀਗੜ੍ਹ)
ਬਾਹੜ	ਰਾਜੌਂਦ	ਕੜਯਾਲ ਦਾ ਪੰਡਤ ਲਧਾ	ਰਾਜੌਂਦ
ਭਾਮਕੇ	ਦੁੜਾਣਾ	ਮਸੰਦਾ	ਸੋਂਬੜਾ (ਤਰਾਵੜੀ)
ਬਲੜਕੇ	ਗੁਮਥਲਾ	ਸਮਸੇ	ਪਧਾਣਾ
ਭਾਲਕੇ	ਟਾਊਂਠਾ (ਕੈਥਲ)	ਕੁਠਿਆਣਾ	ਲੱਖਮੜੀ
ਕਸੰਕੇ	ਠਰੂਆ		

ਦੇ ਸਾਹਮਣੇ ਡਟ ਜਾਵੋ । ਪੁਲੀਸ ਨੂੰ ਗੁਰਦੁਆਰੇ ਅੰਦਰ ਨਹੀਂ ਜਾਣ ਦੇਣਾ । ਗੁਰਦੁਆਰੇ ਦਾ ਕਬਜਾ ਕਿਸੇ ਹਾਲਤ ਵਿੱਚ ਨਹੀਂ ਛੱਡਣਾ।" ਉਸ ਤੋਂ ਪਿਛੋਂ ਸ: ਉਤਮ ਸਿੰਘ ਅਤੇ ਭਾਈ ਲੱਖਾ ਸਿੰਘ (ਕੁਰਲ ਕੇ) ਨੂੰ ਵੀ ਗ੍ਰਿਫਤਾਰ ਕੀਤਾ ਗਿਆ ।

12 ਮਾਰਚ 1921 ਨੂੰ ਇਹਨਾਂ ਨੂੰ 6 ਵਜੇ ਸਪੈਸ਼ਲ ਗੱਡੀ ਰਾਹੀਂ ਲਾਹੌਰ ਪੁਚਾਇਆ ਗਿਆ । ਉਥੇ ਦੋ ਅੰਗਰੇਜ਼ ਅਫਸਰਾਂ ਨੇ ਝੱਬਰ ਨੂੰ ਪੁਛਿਆ :—

"ਤੁਮ ਨੇ ਕਿਸ ਕੇ ਹੁਕਮ ਸੇ ਗੁਰਦੁਆਰੋਂ ਪਰ ਕਬਜ਼ਾ ਕੀਆ ।"

ਝੱਬਰ, "ਮੈਂ ਖਾਲਸੇ ਦਾ ਪ੍ਰਧਾਨ ਜਥੇਦਾਰ ਹਾਂ, ਮੈਨੂੰ ਪੰਥ ਵਲੋਂ ਇਖਤਿਆਰ ਮਿਲੇ ਹੋਏ ਹਨ । ਮੈਂ ਉਹਨਾਂ ਅਧੀਨ ਖੁਦ ਕਬਜ਼ੇ ਕੀਤੇ ਹਨ ।

ਅਫਸਰ ਸੁਣ ਕੇ ਚੁਪ ਹੋ ਗਏ ਤੇ ਇਹਨਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਵਿੱਚ ਭੇਜ ਦਿੱਤਾ । ਜਿਥੇ ਅਗਲੇ ਭਲਕ ਭਾਈ ਲੱਖਾ ਸਿੰਘ[1] (ਕੁਲਰ ਕੇ) ਮਲਵਈ ਜਥੇ (ਜੋ ਗੁਰਦੁਆਰਾ ਕਿਆਰਾ ਸਾਹਿਬ ਸੇਵਾ ਕਰਦਾ ਸੀ) ਸਮੇਤ ਆ ਪੁਜੇ । ਭਾਈ ਲਾਹੌਰਾ ਸਿੰਘ ਮਾਨਕ ਤੋਂ, ਭਾਈ ਤਾਰਾ ਸਿੰਘ ਠੇਠਰ ਸਾਥੀਆਂ ਸਮੇਤ ਪਕੜੇ ਆਏ । ਭਾਈ ਤੇਜਾ ਸਿੰਘ ਭੁਚਰ ਜਮਰੌਦ ਗੁਰਦੁਆਰੇ ਦੇ ਕਬਜ਼ੇ ਦੇ ਸਬੰਧ ਵਿੱਚ ਪਸ਼ੌਰੋਂ ਪਕੜੇ ਹੋਏ ਆ ਗਏ ।

ਇਕੱਲੇ ਝੱਬਰ ਉਤੇ ਨਨਕਾਣਾ ਸਾਹਿਬ ਦੇ ਕਬਜ਼ੇ ਦੇ ਸਬੰਧ ਵਿੱਚ ਮਿ: ਬੱਰਨ ਕਪਤਾਨ ਸੀ. ਆਈ. ਡੀ. ਨੇ 33 ਚਾਲਾਣ ਕਰਵਾਏ। ਇਹਨਾਂ ਸਾਰਿਆਂ ਦੇ ਮੁਕਦਮੇ ਸੁਣਨ ਵਾਸਤੇ ਖਾਸ ਅਦਾਲਤ ਦੇ ਸੈਸ਼ਨ ਜੱਜ ਮਿਸਟਰ ਕਿਊ[2] ਮੁਕਰਰ ਹੋਏ । ਪੰਥ ਵਿੱਚ ਹੁਣ ਉਹ ਰਾਜਸੀ ਨੇਤਾ ਵੀ ਅੱਗੇ ਆਉਣੇ ਸ਼ੁਰੂ ਹੋ ਗਏ । ਜਿਹੜੇ ਗੁਰਦਵਾਰਿਆਂ ਤੇ ਕਬਜ਼ੇ ਕਰਨੋਂ ਰੋਕਿਆ ਕਰਦੇ ਸੀ, ਹੁਣ ਉਹ ਰਾਜਸੀ ਨੇਤਾ ਕਾਂਗਰਸ ਦੇ ਨਾ-ਮਿਲਵਰਤਣ ਦੀ ਲਹਿਰ ਦਾ ਆਰੰਭ ਇਹਨਾਂ ਮੁਕਦਮਿਆਂ ਤੋਂ ਕਰਨਾ ਚਾਹੁੰਦੇ ਸਨ । ਚੀਫ਼ ਖਾਲਸਾ ਦੀਵਾਨ ਅਤੇ ਸ: ਬ: ਮਹਿਤਾਬ ਸਿੰਘ ਮਿਲਵਰਤਨ ਕਰਨ ਦੇ ਹੱਕ ਵਿੱਚ ਸਨ । ਪਿਛੋਂ ਇਹਨਾਂ ਦੋਹਾਂ ਪਾਰਟੀਆਂ ਨੇ ਫੈਸਲਾ ਕੀਤਾ ਕਿ ਜਿਨ੍ਹਾਂ ਤੇ ਮੁਕਦਮੇ ਹਨ ਉਹਨਾਂ ਨੂੰ ਜੇਲ੍ਹ ਵਿੱਚ ਪੁੱਛਿਆ ਜਾਵੇ ਕਿ ਉਹ ਕੀ ਕਰਨਾ ਚਾਹੁੰਦੇ ਹਨ । ਚੁਨਾਂਚਿ ਜਦੋਂ ਇਹਨਾਂ ਜੇਲ੍ਹਵਾਸੀਆਂ ਨੂੰ ਪੁਛਿਆ ਤਾਂ ਸ: ਲਾਲ ਸਿੰਘ[3] ਅਤੇ ਸ: ਉਜਾਗਰ ਸਿੰਘ[4] ਵਕੀਲ (ਨੁਸ਼ਹਿਰਾ ਭੜਾਣਾ) ਨੇ 25 ਕੈਦੀ ਸਿੰਘਾਂ ਵਲੋਂ ਆਖਿਆ ਜਿਵੇਂ ਝੱਬਰ ਆਖੇਗਾ ਸਾਨੂੰ ਮਨਜ਼ੂਰ ਹੈ । ਤਦ ਝੱਬਰ ਨੇ ਸਾਰਿਆਂ ਅੰਦਰਲੇ ਕੈਦੀਆਂ ਦੇ ਸਾਹਮਣੇ ਬਾਹਰੋਂ ਆਏ ਸੱਜਣਾਂ ਨੂੰ ਬੇਨਤੀ ਕੀਤੀ :—

ਗੁਰਦੁਆਰਾ ਲਹਿਰ ਇਕ ਧਾਰਮਕ ਵਿਸ਼ਾ ਹੈ । ਸਾਡਾ ਮੋਰਚਾ ਸਰਕਾਰ ਪੰਜਾਬ ਨਾਲ ਪੁਲੀਟੀਕਲ ਰੂਪ ਵਿਚ ਨਹੀਂ ਅਤੇ ਨਾ ਹੀ ਇਹ ਸਿੱਖ, ਹਿੰਦੂ, ਮੁਸਲਿਮ ਸਵਾਲ ਹੈ । ਇਹ ਸਿਖਾਂ ਦਾ ਨਿਰੋਲ ਧਾਰਮਕ ਮਾਮਲਾ ਹੈ । ਇਸ ਨੂੰ ਰਾਜਸੀ ਰੰਗਤ ਨਹੀਂ ਦੇਣੀ ਚਾਹੀਦੀ। ਅਸੀਂ ਸੱਚੇ ਸੱਚੇ ਬਿਆਨ ਦਿਆਂਗੇ ਅਤੇ ਇਹ ਵੀ ਆਖਾਂਗੇ ਕਿ ਬਾਹਰ ਆ ਕੇ ਅਸੀਂ ਬਾਕੀ ਗੁਰਦਵਾਰਿਆਂ ਤੇ ਭੀ ਕਬਜ਼ੇ ਕਰਾਂਗੇ । ਨਾ-ਮਿਲਵਰਤਣ ਨੂੰ ਅਸੀਂ ਨਹੀਂ ਅਪਣਾਉਣਾ ਚਾਹੁੰਦੇ ।

ਕਾਂਗਰਸੀਏ ਨਿਰਾਸ਼ ਹੋ ਕੇ ਟੁਰ ਗਏ । ਮੁਕਦਮੇ ਛੇ ਮਹੀਨੇ ਚਲਦੇ ਰਹੇ ਤੇ ਫੈਸਲਾ ਇਹ ਹੋਇਆ :—

1) ਭਾਈ ਲੱਖਾ ਸਿੰਘ ਕੈਦ 2 ਸਾਲ
2) ਭਾਈ ਤੇਜਾ ਸਿੰਘ ਭੁਚਰ 9 ਸਾਲ
3) ਭਾਈ ਤਾਰਾ ਸਿੰਘ ਠੇਠਰ 11 ਸਾਲ
4) ਮਲਵਈ ਜਥੇ ਦੇ ਸਿੰਘਾਂ ਨੂੰ 2-2 ਸਾਲ

---

1. ਭਾਈ ਲੱਖਾ ਸਿੰਘ ਜੀ ਵਾਸੀ ਕੁਰਲ ਕੇ ਨਜ਼ਦ ਸ਼ੇਖੂਪੁਰ (ਪ੍ਰਸਿੱਧ ਘਨ੍ਹੂੰ) ਇਲਾਕੇ ਵਿਚ ਆਪਣੇ ਸਮੇਂ ਦੇ ਪ੍ਰਭਾਵਸ਼ਾਲੀ ਪ੍ਰਤਿਭਾ ਵਾਲੇ ਅਕਾਲੀ ਸਨ ।
2. ਮਿ: ਜੇ. ਈ. ਕਿਊ—ਇਸ ਸਖਸ਼ ਵਿਚ ਜੱਜਾਂ ਵਾਲੀ ਨਿਰਪੇਖਤਾ ਅਤੇ ਨਿਰਲੇਪਤਾ ਦਾ ਕੋਈ ਅੰਸ਼ ਨਹੀਂ ਸੀ । ਇਹ ਅਕਾਲੀ ਲਹਿਰ ਦਾ ਕੱਟੜ ਵਿਰੋਧੀ ਸੀ, ਜਿਸ ਨੇ ਕੁਚਲਣ ਲਈ ਕਾਨੂੰਨ ਵਿੱਚ ਦਿੱਤੀ ਆਖਰੀ ਸਜਾ ਦੇ ਕੇ ਅੰਗਰੇਜ਼ ਰਾਜ ਦੀ ਰਖਿਆ ਵਿਚ ਆਪਣਾ ਹਿਸਾ ਪਾਇਆ । ਇਸ ਨੇ ਅੰਗਰੇਜ਼ ਦੇ ਇਨਸਾਫ ਦੇ ਢੰਗ ਨੂੰ ਸਗੋਂ ਨੰਗਾ ਕਰ ਵਖਾਇਆ ।
3. ਸ: ਲਾਲ ਸਿੰਘ—ਇਹ ਲਾਹੌਰ ਨਿਵਾਸੀ, ਲਕੜੀ ਦੇ ਪ੍ਰਸਿੱਧ ਸੌਦਾਗਰ ਸਨ ।
4. ਸ: ਉਜਾਗਰ ਸਿੰਘ ਵਕੀਲ ਨੁਸ਼ਹਿਰਾ ਭੜਾਣਾ ਨਿਵਾਸੀ ਸਨ ਅਤੇ ਗੁਰਦੁਆਰਾ ਮਾਣਕ ਦੇ ਕਬਜ਼ੇ ਦੇ ਸਬੰਧ ਵਿਚ ਫੜੇ ਗਏ ਸਨ ।

ਚਲੋ" ਜਿਸ ਤੇ ਸਭ ਜੱਥੇ ਬੈਠ ਗਏ । ਔਰ ਅੱਗੇ ਟੁਰਨੋਂ ਇਨਕਾਰ ਕਰ ਦਿੱਤਾ । ਪੁਲਿਸ ਅਫਸਰ ਨੇ ਸਿਪਾਹੀਆਂ ਨੂੰ ਸਖਤੀ ਕਰਨ ਵਾਸਤੇ ਆਖਿਆ, ਉਹਨਾਂ ਜਵਾਬ ਦਿਤਾ ਕਿ ਇਹ ਕੈਦੀ ਹਨ । ਅਸੀਂ ਇਹਨਾਂ ਨੂੰ ਕੁਛ ਨਹੀਂ ਕਹਾਂਗੇ । ਹਾਂ ਅਗਰ ਕੋਈ ਭਜੇਗਾ ਤਾਂ ਅਸੀਂ ਉਸਨੂੰ ਫੜਾਂਗੇ । ਡੀ.ਐਸ.ਪੀ. (ਮੁਸਲਮਾਨ) ਨੇ ਅੰਗਰੇਜ਼ ਐਸ.ਪੀ. ਨੂੰ ਆਖਿਆ ਅਜਮਾਇਆ ਹੋਇਆਂ ਦਾ ਕੀਹ ਅਜਮਾਣਾ ਹੈ । ਇਹਨਾਂ ਨਾਲ ਕੋਈ ਸਖਤੀ ਨਹੀਂ ਚਲ ਸਕਣੀ। ਫਿਰ ਐਸ.ਪੀ. ਤਾਂ ਸਟੇਸ਼ਨ ਅੰਦਰ ਚਲਾ ਗਿਆ । ਡੀ. ਐਸ. ਪੀ. ਤੇ ਹੋਰ ਹਮਦਰਦੀਆਂ ਦੇ ਆਖੇ ਜਥਾ ਉਠ ਕੇ ਟੁਰ ਪਿਆ ਤੇ ਅਟਕ ਕੈਂਪ ਜੇਲ ਵਿਚ ਜਾ ਦਾਖਲ ਹੋਇਆ ।

ਜੇਲ ਵਿਚ ਸਖਤੀ ਅਤੇ ਕਰਮਚਾਰੀਆਂ ਦੇ ਹਥਕੰਡੇ

ਜੇਲ੍ਹ ਅੰਦਰ ਜਥੇਦਾਰ ਮਾਨ ਸਿੰਘ ਨੂੰ ਪੰਜ ਸਾਲ ਕੈਦ ਅਤੇ ਤਿੰਨ ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ, ਬਾਕੀ ਦੇ ਜਥੇ ਨੂੰ ਪੰਜ ਪੰਜ ਸਾਲ ਕੈਦ ਅਤੇ ਪੰਜ ਪੰਜ ਸੌ ਰੁਪਏ ਜੁਰਮਾਨਾ ਹੋਇਆ । ਫਿਰ ਸਖਤੀ ਦਾ ਦੌਰ ਚਲਿਆ । ਜਥੇਦਾਰ ਮਾਨ ਸਿੰਘ ਜੀ ਨੂੰ ਪੰਦਰਾਂ ਦਿਨ ਪੁਠਾ ਲਟਕਾਂਦੇ ਰਹੇ ਕਿ ਇਹ ਮੁਆਫੀ ਮੰਗ ਲੈਣ ਤਾਂ ਬਾਕੀ ਦੇ ਸਾਰੇ ਸਿੰਘ ਮੁਆਫੀ ਮੰਗ ਲੈਣਗੇ । ਜਥੇਦਾਰ ਹੰਬੋ ਨੇ ਨਾ ਮੁਆਫੀ ਮੰਗਣੀ ਸੀ ਤੇ ਨਾ ਮੰਗੀ ਹੀ ।

ਜੇਲ੍ਹ ਕਰਮਚਾਰੀਆਂ ਨੇ ਹੁਣ ਇਕ ਛੜਯੰਤਰ ਰਚਿਆ ਜਥੇਦਾਰ ਹੰਬੋ ਨੂੰ ਲੈ ਜਾ ਕੇ ਕਿਸੇ ਹੋਰ ਕੋਠੀ ਵਿਚ ਅਕਾਲੀਆਂ ਦੀ ਨਜ਼ਰੋਂ ਬਚਾ ਕੇ ਬੰਦ ਕਰ ਦੇਂਦੇ ਤੇ ਇਕ ਹੋਰ ਅੰਦਰ ਮਿਟੀ ਦੀ ਅਤੇ ਭੌਹ ਆਦਿ ਦੀ ਭਰੀ ਬੋਰੀ ਤੇ ਡਾਂਗਾਂ ਮਾਰਦੇ ਤੇ ਇਕ ਹੋਰ ਕਰਮਚਾਰੀ ਰੌਲਾ ਪਾਂਦਾ ਹਾਏ ਉਇ ਨਾ ਮਾਰੋ ਮੈਂ ਮੁਆਫੀ ਮੰਗ ਲੈਂਦਾ ਹਾਂ—ਮੈਨੂੰ ਛਡ ਦਿਉ ਆਦਿ ਆਦਿ। ਜਿਸਨੂੰ ਅਕਾਲੀ ਕੈਦੀ ਭਲੀ ਭਾਂਤ ਸੁਣ ਸਕਦੇ ਸਨ । ਫਿਰ ਕਰਮਚਾਰੀ ਆ ਕੇ ਆਖਦੇ ਕਿ ਜਥੇਦਾਰ ਹੰਬੋ ਨੇ ਮੁਆਫੀ ਮੰਗ ਲਈ ਹੈ, ਤੁਸੀਂ ਦਸੋ ਕੌਣ ਕੌਣ ਮੁਆਫੀ ਮੰਗਦਾ ਹੈ । ਮਗਰ ਜੇਲ੍ਹ ਡਾਕਟਰ ਪ੍ਰੇਮ ਨਾਥ, ਖਾਲਸ ਨੂੰ ਕਰਮਚਾਰੀਆਂ ਦੇ ਆਵਨ ਤੋਂ ਪਹਿਲਾਂ ਦਸ ਜਾਂਦਾ ਸੀ ਕਿ ਜਥੇਦਾਰ ਨੂੰ ਦੂਰ ਬੰਦ ਕੀਤਾ ਹੋਇਆ ਹੈ । ਮੁਆਫੀ ਕੋਈ ਨਹੀਂ ਮੰਗੀ । ਅਗ ਅਕਾਲੀ ਕਿਹੜੇ ਏਨੇ ਕੱਚ ਸਨ ਜੋ ਮੰਨ ਜਾਂਦੇ ਦੂਸਰੇ ਗੁਰਮੁਖ ਪਿਆਰੇ ਡਾਕਟਰ ਪ੍ਰੇਮ ਨਾਥ ਦਾ ਸੰਦੇਸ਼ਾ ਸੋਨੇ ਤੇ ਸੁਹਾਗੇ ਦਾ ਕੰਮ ਕਰ ਜਾਂਦਾ ਜਦੋਂ ਜੇਲ੍ਹ ਕਰਮਚਾਰੀਆਂ ਦਾ ਇਹ ਛੜਯੰਤਰ ਵੀ ਅਸਫਲ ਹੀ ਰਿਹਾ ਤਾਂ ਕੁਝ ਦਿਨ ਪਿਛੋਂ ਜਥੇਦਾਰ ਨੂੰ ਟਾਟ ਵਰਦੀ ਲਾ ਕੇ ਦੂਰ ਬੰਦ ਕਰ ਦਿਤਾ ਤੇ ਆ ਕੇ ਅਕਾਲੀਆਂ ਨੂੰ ਦਰੋਗਾ ਕਹਿਣ ਲਗਾ ਜਥੇਦਾਰ ਤਾਂ ਮੁਆਫੀ ਮੰਗ ਕੇ ਚਲਾ ਗਿਆ ਹੈ। ਤੁਸੀਂ ਐਵੇਂ ਕਿਉਂ ਜ਼ਿਦ ਕਰਦੇ ਹੋ । ਮਾਫੀਆਂ ਮੰਗੋ ਤੇ ਘਰਾਂ ਨੂੰ ਜਾਵੋ । ਪਰ ਇਥੇ ਵੀ ਡਾਕਟਰ ਪ੍ਰੇਮ ਨਾਥ ਦਾ ਸੁਨੇਹਾ ਦਰੋਗੇ ਤੋਂ ਅਗਦੀ ਪੁਜ ਚੁਕਾ ਹੋਇਆ ਸੀ ਤੇ ਅਕਾਲੀ ਸਗੋਂ ਦਰੋਗੇ ਨੂੰ ਟਿਚਕਰਾਂ ਕਰਦੇ ਸਨ ।

ਇਕ ਵਾਰੀ ਜਥੇਦਾਰ ਨੂੰ ਬੈਂਤ ਮਾਰਨ ਵਾਸਤੇ ਟਿਕ ਟਿਕੀ ਲਿਆ ਕੇ ਅਕਾਲੀ ਕੈਦੀਆਂ ਦੇ ਸਾਹਮਣੇ ਮੈਦਾਨ ਵਿਚ ਰਖ ਦਿਤੀ ਅਤੇ ਜਥੇਦਾਰ ਨੂੰ ਵੀ ਲੈ ਆਏ । ਡੀ. ਸੀ., ਜੇਲ੍ਹ ਸੁਪਰਨਟੈਂਡੈਂਟ, ਦਾਰੋਗਾ ਆਦਿ ਵੀ ਆ ਗਏ । ਉਸ ਵੇਲੇ ਜਥੇਦਾਰ ਦਰਸ਼ਨ ਸਿੰਘ ਫੇਰੂਮਾਨ, ਜਥੇਦਾਰ ਵਰਯਾਮ ਸਿੰਘ ਲਾਹੌਰ ਅਤੇ ਜਥੇਦਾਰ ਨਾਹਰ ਸਿੰਘ ਸਮੇਤ 1636 ਅਕਾਲੀ ਕੈਦੀ ਵੀ ਵੇਖ ਰਹੇ ਸਨ । ਅਜੇ ਕਰਮਚਾਰੀਆਂ ਨੇ ਬੈਂਤ ਮਾਰਨ ਦੀ ਤਿਆਰੀ ਹੀ ਕੀਤੀ ਸੀ ਕਿ ਅੱਖ ਦੇ ਫੋਰ ਵਿਚ 1636 ਕੈਦੀ ਅਕਾਲੀਆਂ ਨੇ ਆਪਣੇ ਤੰਬੂਆਂ ਦੇ ਬਾਂਸ ਖਿਚ ਕੇ ਆਖਿਆ—ਅਸੀਂ ਮਰ ਜਾਵਾਂਗੇ, ਪਰ ਆਪਣੇ ਜਥੇਦਾਰ ਨੂੰ ਹਥ ਨਹੀਂ ਲਾਉਣ ਦਿਆਂਗੇ । ਇਹ ਕਾਰਾ ਵੇਖ ਹਾਕਮ ਯਰਕ ਗਏ ਤੇ ਜਥੇਦਾਰ ਨੂੰ ਕੁਛ ਨਾ ਆਖਿਆ ।

ਅਟਕ ਕੈਂਪ ਜੇਲ[1] ਤੋਂ ਮੁਲਤਾਨ ਸੈਂਟਰਲ ਜੇਲ ਵਿਚ ਬਦਲ ਦਿਤਾ ਜਿਥੇ ਹਰ ਇਕ ਨੂੰ ਟਾਟ ਵਰਦੀ ਲਾਈ ਜਾਂਦੀ ਅਤੇ 18-18 ਸੇਰ ਅਨਾਜ ਪੀਹਣ ਵਾਸਤੇ ਦਿਤਾ ਜਾਂਦਾ । ਅਜੇ ਹੋਰਨਾਂ ਨੂੰ ਤਾਂ ਪਿਹਾਈ ਮੁਆਫ ਵੀ ਹੋ ਜਾਂਦੀ ਪਰ ਜਥੇਦਾਰਾਂ ਅਤੇ ਆਗੂਆਂ ਨੂੰ ਯਰਕਾਣ ਵਾਸਤੇ ਸਖਤੀ ਵਰਤੀ ਜਾਂਦੀ ਸੀ —ਕੁਛ ਚਿਰ ਪਿਛੋਂ ਸਭ ਨੂੰ ਮੁਲਤਾਨ ਜੇਲ ਵਿਚੋਂ ਰਿਹਾ ਕਰ ਦਿਤਾ ਗਿਆ ।

ਗੁਰਦਵਾਰਾ ਜੈਤੋ ਦਾ ਮੋਰਚਾ

ਜੈਤੋ ਦੇ ਮੋਰਚੇ ਵਾਸਤੇ ਜਥੇਦਾਰ ਮਾਨ ਸਿੰਘ ਹੰਬੋ 800 ਸਿੰਘਾਂ ਦਾ ਜਥਾ ਨਨਕਾਣਾ ਸਾਹਿਬ ਤੋਂ ਲੈ ਕੇ ਚਲੇ । ਇਸ ਜਥੇ ਵਿਚ ਨਾਰਾਇਣ ਸਿੰਘ ਪੰਚ ਵਾਸੀ ਫਲਰਵੰਨ, ਗੁਰਦਿਆਲ ਸਿੰਘ ਪੁਤ੍ਰ ਵਸਨ ਸਿੰਘ ਚੂਹੜਕਾਣਾ, ਭਾਈ ਧਰਮ ਸਿੰਘ ਆੜਤੀ ਚੂਹੜਕਾਣਾ ਮੰਡੀ ਭਾਈ ਤੇਜਾ ਸਿੰਘ ਪੁਤ੍ਰ ਸੰਤਾ ਸਿੰਘ ਵਾਸੀ ਫਲਰਵਨ ਅਤੇ ਭਾਈ ਕੁੰਦਨ ਸਿੰਘ ਭਿਖੀ, ਅਨੋਖ ਸਿੰਘ ਵੜੈਚ ਵਾਸੀ ਗਿਲਵਾਲਾ ਸੂਰਣ ਸਿੰਘ ਲਾਗਰ ਤੇ ਬਹਾਦਰ ਸਿੰਘ ਲਾਗਰ ਆਦਿ ਸਜਣ ਸ਼ਾਮਲ ਸਨ । ਇਹਨਾਂ ਨੂੰ ਅੰਮ੍ਰਿਤਸਰ ਕਈ ਦਿਲੜ ਪੰਥੀਆਂ (ਕਾਂਗਰਸੀਆਂ ਆਦਿ) ਨੇ ਰੋਕਿਆ ।

---

1. ਅਟਕ ਜੇਲ ਵਿਚ ਜਥੇਦਾਰ ਮਾਨ ਸਿੰਘ ਹੰਬੋ ਦੇ ਹਥੀਂ ਇਕ ਪਿਪਲ ਦਾ ਤੇ ਇਕ ਬੋਹੜ ਦਾ ਦਰਖਤ ਲਗਵਾਇਆ ਗਿਆ ਸੀ । ਜੋ ਅਜੇ ਵੀ ਖੜੇ ਤੇ ਬਹੁਤ ਵਡੇ ਵਡੇ ਦਸੇ ਜਾਂਦੇ ਹਨ ।

ਜਥੇਦਾਰ ਮਾਨ ਸਿੰਘ ਪ੍ਰਸਿਧ "ਹੰਬੋ"

ਆਪ ਜੀ ਦਾ ਜਨਮ ਨਗਰ ਫਲਰਵੰਨ ਜਿ: ਸੇਖੂਪੁਰਾ (ਪਛਮੀ ਪੰਜਾਬ) ਸੀ ਮਗਰ ਆਪ ਜੀ ਦੀ ਜਮੀਨ ਟਿਬੀ ਹੰਬੋ ਹੋਣ ਕਰਕੇ ਆਪ ਜੀ ਨੇ ਉਥੇ ਰਿਹਾਇਸ਼ ਜਾ ਕੀਤੀ ਤੇ "ਹੰਬੋ" ਉਪਨਾਮ ਹੋਇਆ। ਆਪ ਜੀ ਦਾ ਜਨਮ ਅਟੇ ਸਟੇ 1872[1] ਈ: ਦਸਿਆ ਜਾਂਦਾ ਹੈ। ਕਿਸ਼ੋਰ ਅਵਸਥਾ ਵਿਚ ਹੀ ਆਪ ਜੀ ਨੇ ਧਰਮ ਸਿਖਿਆ ਵਲ ਰੁਚੀ ਵਿਖਾਈ। ਦੇਵਨੇਤ ਭਾਈ ਸਾਹਿਬ ਭਾਈ ਮੂਲ ਸਿੰਘ ਜੀ ਗਰਮੂਲਾ ਨੇ ਨਗਰ ਫਲਰਵੰਨਾ ਦੇ ਪ੍ਰੇਮੀਆਂ ਨਾਲ ਰਲ ਕੇ ਸਿੱਖ ਧਰਮ ਦਾ ਪ੍ਰਚਾਰ ਆਰੰਭਿਆ ਜਿਸ ਵਿਚ ਆਪ ਜੀ ਵੀ ਸ਼ਾਮਲ ਹੋ ਗਏ।

ਸੰਨ 1906-07 ਈ: ਵਿਚ ਕੜਯਾਲ ਸਿਖਾਂਵਾਲੀ, ਦੇ ਲੰਬਰਦਾਰ ਬਾਬਾ ਵੀਰ ਸਿੰਘ ਜੀ ਦੀ ਪ੍ਰੇਰਨਾ ਨਾਲ ਸ: ਚੰਦਾ ਸਿੰਘ ਭਿੰਡਰ ਜਦ ਦੀ ਮੁਸਲਮਾਨੀ ਸੁਆਣੀ ਦੀਆਂ ਧੀਆਂ ਅਤੇ ਬਾਕੀ ਪ੍ਰਵਾਰ ਦੀ ਸੁਧੀ ਵੇਲੇ ਆਪ ਜੀ ਭਾਈ ਮੂਲ ਸਿੰਘ ਦੇ ਜਥੇ ਸਮੇਤ ਸ਼ਾਮਿਲ ਸਨ ਅਤੇ ਸ: ਚੰਦਾ ਸਿੰਘ ਦੀ ਵਡੀ ਪੁਤ੍ਰੀ ਸੰਤ ਕੌਰ ਦਾ ਆਨੰਦ ਕਾਰਜ ਸ: ਬੁਲਾਕਾ ਸਿੰਘ[2] ਪੁਤ੍ਰ ਭਾਈ ਗੁਰਦਿਤ ਸਿੰਘ ਕੜਯਾਲ ਬਾਗਾਂ ਵਾਲਾ ਨਿਵਾਸੀ ਨਾਲ ਉਕਤ ਭਾਈ ਮੂਲ ਸਿੰਘ ਜੀ ਦੇ ਜਥੇ ਰਾਹੀਂ ਸੰਪੰਨ ਹੋਇਆ।

ਇਸ ਉਪਰੰਤ ਆਪ ਜੀ ਜਿਥੇ ਅਛੀ ਖਾਸੀ ਜ਼ਮੀਨ ਜਾਇਦਾਦ ਦੇ ਮਾਲਕ ਸਨ ਉਥੇ ਉਕਤ ਭਾਈ ਮੂਲ ਸਿੰਘ ਸਾਹਿਬ ਦੀ ਸੰਗਤ ਨਾਲ ਗੁਰਸਿੱਖੀ ਦੀ ਰੰਗਤ ਵਿਚ ਰੰਗੇ ਗਏ ਅਤੇ ਇਕ ਦਬੰਗ ਪ੍ਰਚਾਰਕ ਹੋ ਨਿਬੜੇ। ਆਪ ਜੀ ਪੂਰਨ ਗੁਰਸਿਖ, ਰਹਿਣੀ ਬਹਿਣੀ, ਕਥਨੀ ਅਤੇ ਕਰਨੀ ਦੇ ਸੂਰੇ ਪੁਰਾਤਨ ਗੁਰਸਿਖੀ ਦਾ ਨਮੂਨਾ ਸਨ। ਆਪ ਜੀ ਦਾ ਜੀਵਨ ਸੰਘਰਸ਼ਮਈ ਰਿਹਾ ਹੈ ਜਿਸਦਾ ਮੋਟਾ ਮੋਟਾ ਬ੍ਰਿਤਾਤ ਇਉਂ ਹੈ :—

1) ਆਪ ਜੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਅਤੇ ਆਪ ਜੀ ਚਾਬੀਆਂ ਦੇ ਮੋਰਚੇ ਵਿਚ ਸ਼ਾਮਲ ਸਨ।

2) ਆਪ ਜੀ ਨੇ ਖਰਾ ਸੌਦਾ ਬਾਰ ਦੇ ਅਕਾਲੀ ਜਥਿਆਂ ਦੀ ਅਗਵਾਈ ਕੀਤੀ :—

(ੳ) ਖਰਾ ਸੌਦਾ ਬਾਰ ਤੋਂ 750 ਸਿੰਘਾਂ ਦਾ ਜਥਾ ਲੈ ਕੇ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਸ਼ਾਮਲ ਹੋਏ।

(ਅ) ਤਿਸ ਪਸ਼ਚਾਤ 16 ਦਿਨ ਗੁਰੂ ਕੇ ਬਾਗ਼ ਦਾ ਮੋਰਚਾ ਚਲਾਇਆ।

(ੲ) ਫਿਰ 125 ਸਿੰਘਾਂ ਦਾ ਜਥਾ ਲੈ ਕੇ ਗੁਰੂ ਕੇ ਬਾਗ ਗਏ ਅਤੇ ਜਥੇ ਸਮੇਤ ਕੈਦ ਕੀਤੇ ਗਏ। ਉਦੋਂ ਉਥੇ ਇਕ ਵਰਕ ਥਾਣੇਦਾਰ ਨੇ ਇਹਨਾਂ ਦੀ ਬੜੀ ਤਰਫ਼ਦਾਰੀ ਕੀਤੀ—ਇਹ ਜਦੋਂ ਜੇਲ ਵਲ ਟੁਰਨ ਲਗੇ ਤਾਂ ਅੰਮ੍ਰਿਤਸਰ ਆਪਣੇ ਇਲਾਕੇ ਦੀਆਂ ਬੇਅੰਤ ਸੰਗਤਾਂ ਪੁਜੀਆਂ ਹੋਈਆਂ ਸਨ —ਉਹਨਾਂ ਵਿਚੋਂ ਜਾਤਰੀ ਵਾਲੇ ਚੇਤ ਸਿੰਘ ਦੇ ਪੁਤਰ ਬਖਾ ਸਿੰਘ, ਭਗਤ ਸਿੰਘ, ਮੰਗਲ ਸਿੰਘ ਅਤੇ ਵਰਯਾਮ ਸਿੰਘ ਆਦਿ ਨੇ ਆਖਿਆ "ਜਥੇਦਾਰਾ, ਇਹ ਨਾ ਸਮਝੀ ਕਿ ਤੂੰ ਇਕਲਾ ਹੀ ਚਲਿਆ ਹੈਂ ਤੇਰੇ ਪਿਛੋਂ ਅਸੀਂ ਫੇਰ ਸਾਡੇ ਪੁੱਤਰ ਫੇਰ ਸਾਡੇ ਪੋਤਰੇ ਵੀ ਮਗਰੇ ਆਏ ਖੜੇ ਨੇ ਤੂੰ ਬਿਲਕੁਲ ਫਿਕਰ ਨਾ ਕਰੀਂ।"

ਇਸ ਜੱਥੇ ਨੂੰ ਵੀ ਫੌਜੀ ਸਿੰਘਾਂ ਦੇ ਜੱਥੇ ਨਾਲ, ਅਟਕ ਨੂੰ ਗੱਡੀ ਚਾੜ੍ਹ ਦਿੱਤਾ ਗਿਆ। ਜਦ ਗੱਡੀ ਪੰਜਾ ਸਾਹਿਬ[3] ਜਾ ਕੇ ਇਕ ਦਮ ਆਪੇ ਆਪ ਅਟਕ ਸਟੇਸ਼ਨ ਤੋਂ ਜੱਥੇ ਟੁਰਕੇ ਕੈਂਪ ਨੂੰ ਜਾ ਰਹੇ ਸਨ ਕਿ ਕਿਸੇ ਪੁਲਸ ਅਫਸਰ ਨੇ ਇੱਕ ਜਥੇਦਾਰ ਨੂੰ ਰੰਗੀ ਮਾਰ ਕੇ ਆਖਿਆ, "ਜਲਦੀ ਜਲਦੀ

---

1. ਗਿਆਨੀ ਜੀ ਨੇ ਆਪ ਜੀ ਦੇ ਦਰਸ਼ਨ ਪਿੰਡ ਮਹਿਮਲ (ਜ਼ਿ: ਕਰਨਾਲ) 4/6/79 ਨੂੰ ਕੀਤੇ। ਆਪ ਜੀ ਦੇ ਦੰਦ ਅਤੇ ਦਾੜ੍ਹ ਬਿਲਕੁਲ ਸੰਪੂਰਨ ਪਰ ਸਿਰ ਦੇ ਕੇਸ ਮੂਲੋਂ ਝੜ ਚੁਕੇ ਸਨ। ਅੱਖਾਂ ਤੇ ਐਨਕ ਲਗਾਉਂਦੇ ਸਨ। ਕੰਨ ਠੀਕ ਸੁਣਦੇ ਸਨ। ਬੋਲ ਜਬ੍ਹੇ ਵਾਲਾ। ਪ੍ਰਸ਼ਾਦ ਪਾਣੀ ਸੁਭਾਵਕ ਛਕਦੇ ਅਤੇ ਨਿਤਨੇਮ ਪੂਰਾ ਕਰਦੇ ਸਨ।

2. ਭਾਈ ਬਲਾਕਾ ਸਿੰਘ—ਇਹ ਗਿਆਨੀ ਜੀ ਦੇ ਸਤਿਕਾਰਯੋਗ ਭਾਇਆ ਜੀ ਸਨ। ਆਪ ਜੀ ਨੇ 1904 ਤੋਂ 1920 ਤਕ ਰਸਾਲੇ ਵਿਚ ਨੌਕਰੀ ਕੀਤੀ ਸੀ ਅਤੇ ਪੈਨਸ਼ਨ ਪਾਈ। ਆਪ ਜੀ ਦਾ ਦਿਹਾਂਤ ਦਿੱਲੀ ਵਿਚ ਹੋਇਆ।

3. ਪੰਜਾ ਸਾਹਿਬ ਦੀਆ ਸੰਗਤਾਂ ਨੇ ਸਟੇਸ਼ਨ ਮਾਸਟਰ ਨੂੰ ਗੱਡੀ ਰੋਕਣ ਵਾਸਤੇ ਬੇਨਤੀ ਕੀਤੀ। ਉਸ ਨੇ ਸਰਕਾਰੀ ਹੁਕਮ ਦਸ ਕੇ ਮਜਬੂਰੀ ਜ਼ਾਹਿਰ ਕੀਤੀ। ਫਿਰ ਸਿੰਘਾਂ ਨੇ ਗੁਰਦੁਆਰੇ ਜਾ ਕੇ ਹੁਕਮ ਲਿਆ ਤਾਂ ਹੁਕਮ ਆਇਆ, "**ਤਨ ਮਨ ਧਨ ਸਭ ਸਉਪ ਗੁਰ ਕਉ ਹੁਕਮ ਮੰਨੀਐ ਪਾਈਐ**"। ਉਥੇ ਹੀ ਖਾਲਸੇ ਨੇ ਗੱਡੀ ਅੱਗੇ ਲੰਮੇ ਪੈ ਕੇ ਗੱਡੀ ਰੋਕਣ ਦਾ ਮਤਾ ਪਕਾਇਆ। ਜਦੋਂ ਗੱਡੀ ਆਉਂਦੀ ਡਿੱਠੀ ਤਾ ਸਿੰਘ ਅੱਗੇ ਲੰਮੇ ਪੈ ਗਏ। ਜਿਸ ਤੇ ਭਾਈ ਪ੍ਰਤਾਪ ਸਿੰਘ, ਕਰਮ ਸਿੰਘ ਸ਼ਹੀਦ ਹੋ ਗਏ ਅੋਰ ਗੱਡੀ ਆਪੇ ਰੁਕ ਗਈ। ਗੱਡੀ ਅੰਦਰਲੇ ਫੌਜੀ ਸਿੰਘ ਅਤੇ ਦੂਸਰੇ ਅਕਾਲੀ ਸਿੰਘਾਂ ਨੇ ਪ੍ਰਸ਼ਾਦ ਛਕਣ ਤੋਂ ਖਿਮਾ ਮੰਗੀ ਪਰ ਸੰਗਤਾਂ ਨੇ ਸ਼ਹੀਦਾਂ ਨੂੰ ਮੰਜਿਆਂ ਤੇ ਪਾ ਕੇ ਗੱਡੀ ਦੇ ਚੁਫੇਰੇ ਫਿਰਾ ਕੇ ਆਖਿਆ। ਖਾਲਸਾ ਜੀ ਤੁਸੀਂ ਪ੍ਰਸ਼ਾਦ ਨਹੀਂ ਛਕੋਗੇ ਤਾਂ ਸਿੰਘਾਂ ਦੀ ਸ਼ਹੀਦੀ ਨਿਸਫਲ ਜਾਵੇਗੀ। ਫਿਰ ਸਿੰਘਾਂ ਨੇ ਪ੍ਰਸ਼ਾਦ ਛਕਿਆ ਤੇ ਗੱਡੀ ਅਟਕ ਨੂੰ ਟੋਰੀ ਗਈ।

ਜਥੇ ਦੇ ਰੋਕਣ ਵਾਸਤੇ ਜਦੋਂ ਸਟੇਸ਼ਨ ਸਟਾਫ ਨਾ ਪੁਜਿਆ ਤਾਂ ਸਾਰਿਆਂ ਪੰਜਾ ਸਾਹਿਬ ਗੁਰਦਵਾਰੇ ਜਾ ਕੇ ਹੁਕਮ ਲਿਆ ਤਾਂ ਵਾਕ ਆਇਆ "ਤਨ ਮਨ ਧਨ ਸੌਂਪ ਗੁਰ ਕਉ ਹੁਕਮ ਪਾਈਏ ਮੰਨੀਐ" ਫੇਰ ਆ ਕੇ ਸ਼ਹੀਦੀ ਦੀ ਤਿਆਰੀ ਕੀਤੀ।

ਫੇਰ ਸਾਨੂੰ ਫੌਜੀਆਂ ਦੇ ਜਥੇ ਸਮੇਤ ਅਟਕ ਨੂੰ ਟੋਰ ਦਿੱਤਾ ਜਦੋਂ ਰਾਹ ਵਿੱਚ ਪੰਜੇ ਸਾਹਿਬ ਸ਼ਹੀਦਾਂ ਨੇ ਗੱਡੀ ਰੋਕ ਕੇ ਜਥੇ ਦੇ ਸਿੰਘਾਂ ਪ੍ਰਸ਼ਾਦ ਪਾਣੀ ਛਕਾਇਆ ਫਿਰ ਜੱਥਾ ਅਟਕ ਭੇਜਿਆ ਗਿਆ।

ਅਟਕ ਸਟੇਸ਼ਨ ਤੇ ਆਖਿਆ ਕਿ ਟੁਰ ਕੇ ਚੱਲੋ ਕਿਸੇ ਪੁਲਸੀਏ ਨੇ ਫੌਜੀਆਂ ਦੇ ਜਥੇਦਾਰ ਨੂੰ ਢਿਮ ਮਾਰੀ ਕਿ ਜਲਦੀ ਟੁਰੋ। ਜਿਸ ਕਰਕੇ ਸਾਰਾ ਜਥਾ ਬੈਠ ਗਿਆ ਕਿ ਅਸੀਂ ਨਹੀਂ ਜਾਂਦੇ ਅਤੇ ਪੁਲੀਸ ਵਾਲਿਆਂ ਨੇ ਆਖਿਆ ਅਸਾਂ ਇਨ੍ਹਾਂ ਨੂੰ ਕੁਝ ਨਹੀਂ ਆਖਣਾ ਜੇ ਗੋਲੀ ਚਲੇਗੀ ਤਾਂ ਫਰਾਰ ਹੋਣ ਵਾਸਤੇ ਖਾਲਸਾ ਗਿਆ ਹੀ ਨਹੀਂ ਸੀ। ਐਸ. ਪੀ. ਅੰਗਰੇਜ਼ ਅਫਸਰ ਭਜ ਕੇ ਸਟੇਸ਼ਨ ਦੇ ਅੰਦਰ ਜਾ ਵੜਿਆ। ਡੀ. ਐਸ. ਪੀ. ਨੇ ਆਖਿਆ, ਅਜ਼ਮਾਏ ਹੋਇਆਂ ਨੂੰ ਕੀ ਅਜ਼ਮਾਣਾ। ਇਹਨਾਂ ਨਾਲ ਕੋਈ ਸਖਤੀ ਨਹੀਂ ਹੋ ਸਕਦੀ। ਅੰਗਰੇਜ਼ ਨੇ ਫੇਰ ਆਖਿਆ। ਪਈ ਤੁਸੀਂ ਹੁਣ ਚਲੋ ਫਿਰ ਨਾਲਦਿਆਂ ਹਮਦਰਦੀਆਂ ਵੀ ਆਖਿਆ ਤਾਂ ਜਥੇ ਤੁਰ ਕੇ ਕਿਲੇ ਅੰਦਰ ਚਲੇ ਗਏ। ਜਿਥੇ ਜਥੇਦਾਰ ਮਾਨ ਸਿੰਘ ਨੂੰ ਪੰਜ ਸਾਲ ਕੈਦ ਤੇ ਤਿੰਨ ਹਜ਼ਾਰ ਜੁਰਮਾਨਾ ਬਾਕੀ ਦੇ ਸਭ ਸਿੰਘਾਂ ਨੂੰ ਪੰਜ-ਪੰਜ ਸਾਲ ਕੈਦ ਅਤੇ 5—5 ਰੁਪਏ ਸੋ ਜੁਰਮਾਨਾ ਹੋਇਆ।

ਇਹਨਾਂ ਨੂੰ ਮੁਆਫੀ ਮੰਗਾਣ ਖਾਤਰ ਪੁੱਠਾ ਪੰਦਰਾਂ ਦਿਨ ਟੰਗਦੇ ਰਹੇ—ਪਰ ਜਥੇਦਾਰ ਮੁਆਫੀ ਨਾ ਮੰਗੀ। ਫਿਰ ਜੇਹਲ ਵਾਲਿਆਂ ਨੇ ਇੱਕ ਸੂਹੀ ਸਾਜ਼ਸ਼ ਬੋਰੀਆਂ ਕੁਟ ਕੁਟ ਕੇ ਮੁਆਫੀਆਂ ਮੰਗਾਣੀਆਂ ਚਾਹੀਆਂ। ਪਰ ਉਹ ਵੀ ਕਾਮਯਾਬ ਨਾ ਹੋਈ।

ਇਕ ਵਾਰੀ ਟਾਟ ਵਰਦੀ ਲਾ ਕੇ ਦੂਰ ਬੰਦ ਕਰ ਦਿੱਤਾ ਕਿ ਜਥੇਦਾਰ ਮੁਆਫੀ ਮੰਗ ਕੇ ਚਲਾ ਗਿਆ ਹੈ। ਮਗਰ ਡਾ: ਪ੍ਰੇਮ ਨਾਥ ਨੇ ਖਾਲਸੇ ਨੂੰ ਇਤਲਾਹ ਦੇ ਦਿੱਤੀ ਕਿ ਜਥੇਦਾਰ ਨੂੰ ਦੂਰ ਬੰਦ ਕਰ ਦਿੱਤਾ ਗਿਆ ਹੈ ਮੁਆਫੀ ਨਹੀਂ ਮੰਗੀ।

ਇਕ ਦਿਨ ਬੈਂਤ ਮਾਰਨ ਲਈ ਟਿਕ ਟਿਕੀ ਲਿਆ ਕੇ ਰੱਖ ਦਿੱਤੀ। ਡੀ. ਸੀ. ਦਰੋਗਾ ਤੇ ਸੁਪਰਡੰਟ ਸਭ ਇਕੱਠੇ ਹੋ ਗਏ। 1636 ਅਕਾਲੀ ਵੇਖ ਰਹੇ ਸਨ। ਜਥੇਦਾਰ ਨੂੰ ਵੀ ਬੈਂਤਾਂ ਦੀ ਸਜ਼ਾ ਦੇਣ ਲਈ ਲੈ ਆਂਦਾ। ਉਸ ਵੇਲੇ ਦਰਸ਼ਨ ਸਿੰਘ ਫੇਰੂਮਾਨ, ਵਰਯਾਮ ਸਿੰਘ ਜਥੇਦਾਰ ਲਾਹੌਰ ਤੇ, ਨਾਹਰ ਸਿੰਘ ਹਾਜ਼ਰ ਸਨ। 1636 ਸਿੰਘਾਂ ਨੇ ਆਪਣੇ ਤੰਬੂ ਢਾਹ ਕੇ ਬਾਂਸ ਖਿਚ ਕੇ ਖੜੇ ਗਏ ਕਿ ਅਸਾਂ ਜਥੇਦਾਰ ਨੂੰ ਹੱਥ ਨਹੀਂ ਲਾਣ ਦੇਣਾ। ਅਸੀਂ ਮਰ ਜਾਵਾਂਗੇ ਪਰ ਹੱਥ ਨਹੀਂ ਲਗਾਣ ਦੇਣਾ। ਹਾਕਮ ਜਰਕ ਗਏ।

ਜਥੇਦਾਰ ਕੋਲੋਂ ਅਟਕ ਕਿਲੇ ਵਿੱਚ ਇੱਕ ਬੋਹੜ ਤੇ ਪਿਪਲ ਲਗਵਾਇਆ ਜੋ ਅਜ ਬੜੇ ਵੱਡੇ ਹੋਏ ਖੜੇ ਹਨ।

ਅਟਕ ਤੋਂ ਮੁਲਤਾਨ ਜੇਹਲ ਲੈ ਆਏ। ਜਿਥੇ ਸਾਰੇ ਜੱਥੇ ਨੂੰ (1636) ਨੂੰ 18-18 ਸੇਰ ਪੀਸਣਾ ਮਿਲਦਾ ਸੀ ਅਤੇ ਟਾਟ ਵਰਦੀ ਲਾਉਂਦੇ ਸਨ। ਜਥੇਦਾਰਾਂ ਤੇ ਆਗੂਆਂ ਨੂੰ ਖਾਸ ਕਰਕੇ (ਬਾਕੀਆਂ ਨੂੰ ਛੱਡ ਵੀ ਦੇਂਦੇ ਸਨ ਤਾਂ ਕਿ ਆਗੂ ਜਰਕ ਜਾਣ)। ਮੁਲਤਾਨ ਜੇਹਲ ਵਿਚੋਂ ਰਿਹਾ ਕਰ ਦਿੱਤਾ।

ਜੈਤੋ ਦੇ ਮੋਰਚੇ ਲਈ ਨਨਕਾਣਾ ਸਾਹਿਬ ਤੋਂ 800 ਦਾ ਜਥਾ ਲੈ ਕੇ ਅੰਮ੍ਰਿਤਸਰ ਪੁਜੇ। ਜਥੇ ਨਾਲ ਨਰੈਣ ਸਿੰਘ ਪੰਥ, ਗੁਰਦਿਆਲ ਸਿੰਘ ਪੁੱਤਰ ਵਸਨ ਸਿੰਘ ਚੂਹੜਕਾਣਾ। ਧਰਮ ਸਿੰਘ ਆੜ੍ਹਤੀ ਚੂਹੜਕਾਣਾ, ਤੇਜਾ ਸਿੰਘ ਪੁੱਤਰ ਸੰਤਾ ਸਿੰਘ ਫਲਰਵੰਨ ਕੁੰਦਨ ਸਿੰਘ ਭਿਖੀ, ਅਨੋਖ ਸਿੰਘ ਵੜੈਚ ਗਿਲਵਾਲਾ (ਜਿਸ ਨੂੰ ਅੰਧਰਾਤਾ ਹੋ ਗਿਆ ਸੀ) ਸੋਹਨ ਸਿੰਘ ਲਾਗਰ ਤੇ ਬਹਾਦਰ ਸਿੰਘ ਲਾਗਰ ਇਹ ਸਭ ਜਥੇ ਦੇ ਨਾਲ ਸਨ। ਇਹਨਾਂ ਨੂੰ ਅੰਮ੍ਰਿਤਸਰ ਕਾਂਗਰਸੀਆਂ ਨੇ ਰੋਕਿਆ।

ਜਥਾ ਅੰਮ੍ਰਿਤਸਰ ਰੋਕ ਲਿਆ ਗਿਆ ਤੇ ਥੋੜੇ ਥੋੜੇ ਸਿੰਘ ਭੇਜਦੇ ਰਹੇ। ਜਥੇਦਾਰ ਫੇਰ ਨਨਕਾਣਾ ਸਾਹਿਬ ਤੋਂ 500 ਦਾ ਜੱਥਾ ਪੈਦਲ ਲੈ ਕੇ ਅੰਮ੍ਰਿਤਸਰ ਆਏ। ਫਿਰ ਅੰਮ੍ਰਿਤਸਰੋਂ 500 ਦਾ ਜਥਾ ਲੈ ਕੇ ਜੈਤੋ ਡੇਢ ਮਹੀਨੇ ਵਿੱਚ ਪੁਜੇ।

ਜੈਤੋ ਪੁਜ ਜਥੇਦਾਰ ਨੂੰ ਵੱਖ ਕਰਕੇ ਬਾਕੀਆਂ ਨੂੰ ਆਖਿਆ ਗੱਡੀ ਵਿੱਚ ਬੈਠੋ—ਮਗਰ ਜਥਾ ਬੈਠਾ ਗਿਆ ਤੇ ਆਖਿਆ ਜਦ ਤੱਕ ਜਥੇਦਾਰ ਨਹੀਂ ਆਉਂਦਾ ਅਸੀਂ ਗੱਡੀ ਨਹੀਂ ਚੜ੍ਹਨਾ। ਜਦੋਂ ਜਥੇਦਾਰ ਆਇਆ ਤਾਂ ਜੱਥਾ ਗੱਡੀ ਵਿੱਚ ਚੜਿਆ। ਨਾਭੇ ਪੁੱਜ ਬਾਕੀ ਜਥਾ ਬੀੜ ਵਿੱਚ ਭੇਜ ਦਿੱਤਾ ਤੇ ਜਥੇ ਨੂੰ ਕਾਰਖਾਸ ਵਿੱਚ ਲੈ ਗਏ। ਜਿਥੇ ਕਈ ਸਖਤੀਆਂ ਕੀਤੀਆਂ ਅਤੇ ਅਦਾਲਤ ਵਿੱਚ ਪੇਸ਼ ਕਰਦੇ ਰਹੇ। ਜਿਥੇ ਇਹਨਾਂ ਨੂੰ ਢਾਈ ਸਾਲ ਕੈਦ ਅਤੇ 500 ਰੁਪਏ ਜੁਰਮਾਨਾ ਹੋਇਆ। ਬਾਕੀ ਜਥੇ ਨੂੰ ਕੋਈ ਕੈਦ ਨਹੀਂ ਹੋਈ। ਵੈਸੇ ਚੋਰ ਹਰਾਸਤ ਰਖਿਆ। 13 ਮਹੀਨੇ ਬਾਦ ਸਭ ਨੂੰ ਰਿਹਾ ਕਰ ਦਿੱਤਾ ਤੇ ਵਾਪਸ ਆਉਂਦਿਆਂ ਹੋਇਆਂ ਸਾਰੇ ਜਥਿਆਂ ਦਾ ਪ੍ਰਧਾਨ ਜਥੇਦਾਰ ਥਾਪਿਆ ਗਿਆ ਤੇ ਪੰਥ ਨੇ ਬੜਾ ਸਨਮਾਨ ਕੀਤਾ ਜਿਸਦਾ ਸਬੂਤ ਤਰਨਤਾਰਨ ਤੇ ਅੰਮ੍ਰਿਤਸਰ ਤਕ ਨਿਕਲੇ ਜਲੂਸ ਤੋਂ ਪਤਾ ਲੱਗਦਾ ਹੈ।

ਭਸਕੇ ਦਾ ਮੋਰਚਾ : ਇਸ ਵਾਰੀ 100 ਦਾ ਜਥਾ ਲੈ ਕੇ ਅੰਮ੍ਰਿਤਸਰ ਤੋਂ ਪੈਦਲ ਬਟਾਲੇ ਕਲਾਨੌਰ ਆਦਿ ਤੋਂ ਹੁੰਦੇ ਹੋਏ ਸਿਆਲਕੋਟ ਪੁੱਜੇ। ਰਸਤੇ ਵਿੱਚ ਪਤਾ ਲੱਗਾ ਕਿ ਜਥੇਦਾਰ ਦਾ ਇਕਲੌਤਾ ਬੇਟਾ ਗੁਜ਼ਰ ਗਿਆ ਹੈ। ਬਾਕੀ ਸਿੰਘਾਂ ਨੇ ਜਥੇਦਾਰ ਨੂੰ ਵਾਪਸ ਪਰਤ ਜਾਣ ਲਈ

ਅਕਾਲ ਤਖਤ ਸਾਹਿਬ ਤੋਂ ਇਸ ਜਥੇ ਵਿਚੋਂ ਸਿੰਘ ਲੈ ਕੇ ਦੂਜੇ ਜਥਿਆਂ ਨਾਲ ਭੇਜੇ ਜਾਣ ਲਗੇ ਤਚ ਫਿਰ ਜਥੇਦਾਰ ਮਾਨ ਸਿੰਘ ਨਨਕਾਣੇ ਸਾਹਿਬ ਤੋਂ 500 ਦਾ ਜਥਾ ਪੈਦਲ ਲੈ ਕੇ ਅੰਮ੍ਰਿਤਸਰ ਪੁਜਾ। ਇਸ ਜਥੇ ਨੂੰ ਲੈ ਕੇ ਜਥੇਦਾਰ ਪੈਦਲ ਹੀ 45 ਦਿਨਾਂ ਵਿਚ ਜੈਤੋਂ ਪੁਜਾ— ਇਥੇ ਪੁਲਿਸ ਨੇ ਜਥੇਦਾਰ ਨੂੰ ਵਖ ਕਰਕੇ ਬਾਕੀ ਦੇ ਜਥੇ ਨੂੰ ਗਡੀ ਵਿਚ ਸਵਾਰ ਹੋਣ ਵਾਸਤੇ ਆਖਿਆ— ਜਥਾ ਇਕ ਦਮ ਧਰਨਾ ਮਾਰ ਕੇ ਬੈਠ ਗਿਆ ਕਿ ਸਾਡਾ ਜਥੇਦਾਰ ਆਵੇਗਾ ਤਾਂ ਗਡੀ ਚੜਾਂਗੇ ਨਹੀਂ ਤਾਂ ਬੈਠੇ ਹਾਂ—ਉੜਕ ਝਖ ਮਾਰਕੇ, ਹਾਕਮ ਜਥੇਦਾਰ ਨੂੰ ਲਿਆਏ ਜਥੇਦਾਰ ਗਡੀ ਵਿਚ ਚੜਿਆ ਤਾਂ ਜਥਾ ਵੀ ਗਡੀ ਵਿਚ ਬੈਠਾ ਤੇ ਗਡੀ ਨਾਭੇ ਪੁਜੀ।

ਨਾਭੇ ਵਿਚ ਜਥੇਦਾਰ ਨੂੰ ਤਾਂ ਕਾਰਖਾਸ[1] ਵਿਚ ਤੇ ਬਾਕੀ ਜਥੇ ਨੂੰ ਬੀੜ ਵਿਚ ਭੇਜ ਦਿਤਾ। ਕਾਰਖਾਸ ਵਿਚ ਜਥੇਦਾਰ ਨੂੰ ਅਦਾਲਤ ਨੇ ਢਾਈ ਸਾਲ ਕੈਦ ਅਤੇ 500/- ਜੁਰਮਾਨਾ ਹੋਇਆ—ਬਾਕੀ ਜਥੇ ਨੂੰ ਨਾ ਕੋਈ ਜੁਰਮਾਨਾ ਸੀ ਤੇ ਨਾ ਕੋਈ ਕੈਦ। ਐਵੇਂ ਸਿਰਫ ਕੰਡਿਆਂ ਵਾਲੀ ਤਾਰ ਦੇ ਜੰਗਲੇ ਅੰਦਰ ਡਕਿਆ ਹੋਇਆ ਸੀ। 13 ਮਹੀਨੇ ਬਾਅਦ ਸਭ ਨੂੰ ਰਿਹਾ ਕਰ ਦਿੱਤਾ ਗਿਆ। ਵਾਪਸ ਅੰਮ੍ਰਿਤਸਰ ਨੂੰ ਪਰਤਦਿਆਂ ਜਥੇਦਾਰ ਮਾਨ ਸਿੰਘ ਹੰਬੋ ਨੂੰ ਸਾਰੇ ਜਥਿਆਂ ਦਾ ਪ੍ਰਧਾਨ ਜਥੇਦਾਰ ਥਾਪਿਆ ਗਿਆ। ਪੰਥ ਨੇ ਬੜਾ ਸਨਮਾਨ ਬਖਸ਼ਿਆ। ਜਿਸ ਦਾ ਅੰਦਾਜਾ ਉਸ ਜਲੂਸ ਤੋਂ ਲੱਗ ਸਕਦਾ ਹੈ ਜੋ ਤਰਨ ਤਾਰਨ ਤੋਂ ਲੱਗ ਕੇ ਅੰਮ੍ਰਿਤਸਰ ਤੱਕ ਲੰਬਾ ਸੀ।

ਡਸਕੇ ਦਾ ਮੋਰਚਾ : ਡਸਕਾ ਜਿਲਾ ਸਿਆਲਕੋਟ ਵਿੱਚ ਕੁੱਝ ਮਨਮਤੀ ਅਤੇ ਸ਼ਰਾਰਤੀ ਲੋਕ ਗੁਰਦੁਆਰੇ ਦਾ ਅਪਮਾਨ ਕਰਦੇ ਸਨ। ਜਿਸ ਤੇ ਬਾਬਾ ਖੜਕ ਸਿੰਘ ਜੀ ਨੇ ਮੋਰਚਾ ਲੱਗਾ ਦਿੱਤਾ। ਇੱਕ ਜੱਥਾ ਭਾਈ ਮਾਨ ਸਿੰਘ ਹੰਬੋ ਦੀ ਜਥੇਦਾਰੀ ਹੇਠ ਬਟਾਲਾ ਕਲਾਨੌਰ ਥਾਣੀ ਸਿਆਲਕੋਟ ਪੁੱਜਾ। ਰਸਤੇ ਵਿੱਚ ਖਬਰ ਪੁੱਜੀ ਕਿ ਜਥੇਦਾਰ ਹੰਬੋਂ ਦਾ ਇੱਕੋ ਇੱਕ ਭਣੇਵਾ ਚਲਾਣੇ ਕਰ ਗਿਆ ਹੈ। ਬਾਕੀ ਦੇ ਸਿੰਘਾਂ ਨੇ ਜਥੇਦਾਰ ਨੂੰ ਘਰ ਪਰਤ ਜਾਵਣ ਵਾਸਤੇ ਸਲਾਹ ਦਿੱਤੀ, ਮਗਰ ਜਥੇਦਾਰ ਨਾ ਮੰਨਿਆ ਤੇ ਜਥਾ ਲੈ ਕੇ ਡਸਕੇ ਨੂੰ ਤੁਰ ਪਿਆ।

ਰਸਤੇ ਵਿੱਚ ਜਥੇ ਨੂੰ ਪਤਾ ਲੱਗਾ ਕਿ ਪੁਲਿਸ ਕੇਵਲ ਜਥੇਦਾਰ ਨੂੰ ਹੀ ਫੜਨਾ ਚਾਹੁੰਦੀ ਹੈ। ਇਸ ਵਾਸਤੇ ਜਥਾ ਪਾਣੀਆਂ ਵਿਚੋਂ ਦੀ ਹੁੰਦਾ ਹੋਇਆ ਰਾਹੋਂ ਕਰਾਹੇ ਜਾਂਦਾ ਜਾਂਦਾ ਡਸਕੇ ਵਿੱਚ ਵੜ ਗਿਆ। ਜਦ ਪੁਲਿਸ ਜਥੇਦਾਰ ਹੰਬੋ ਨੂੰ ਫੜਨ ਲੱਗੀ ਤਾਂ ਜਥੇਦਾਰ ਛਾਲ ਮਾਰ ਕੇ ਇੱਕ ਨੇੜੇ ਦੇ ਕੋਠੇ ਤੇ ਚੜ੍ਹ ਫਟਾ ਫਟ ਗੁਰਦਵਾਰੇ ਜਾ ਉਤਰਿਆ। ਪੁਲਿਸ ਵਾਲੇ ਬਿਟਰ ਬਿਟਰ ਝਾਕਦੇ ਰਹੇ। ਜਥੇਦਾਰ, ਆਪਣਾ ਗੁਰਦਵਾਰੇ ਪੁਜਣ ਦਾ ਪ੍ਰਣ ਪੂਰਾ ਕਰ ਗੁਰਦਵਾਰੇ ਅੰਦਰੋਂ ਹੋ ਕੇ ਬਾਹਰ ਜਥੇ ਵਿੱਚ ਆ ਸ਼ਾਮਲ ਹੋਇਆ।

ਜਥੇ ਨੂੰ ਕੈਦ ਕਰਕੇ ਮੁਲਤਾਨ ਜੇਲ੍ਹ ਭੇਜ ਦਿੱਤਾ ਗਿਆ। ਜਿੱਥੇ ਜਥੇਦਾਰ ਹੰਬੋ ਨੂੰ ਢਾਈ ਸਾਲ ਕੈਦ ਅਤੇ 500 ਰੁਪਿਆ ਜੁਰਮਾਨਾ ਹੋਇਆ। ਬਾਕੀ ਜਥੇ ਨੂੰ 2—2 ਸਾਲ ਕੈਦ ਹੋਈ। ਇਥੋਂ ਦਾ ਦਰੋਗਾ ਸਿੰਘਾਂ ਦੀ ਬੜੀ ਮਦਦ ਕਰਦਾ ਮਗਰ ਸਿੰਘ ਫਿਰ ਵੀ ਮੁਸਲਾ ਮੁਸਲ ਆਖ ਕੇ ਉਸਦਾ ਤ੍ਰਿਸਕਾਰ ਕਰਦੇ। ਜਦੋਂ ਪਤਾ ਲੱਗਾ ਕਿ ਇਹ ਸਯਦ ਬੁਧੂ ਸ਼ਾਹ ਦਾ ਪੜ-ਪੋਤਰਾ ਹੈ ਤਾਂ ਸਭ ਨੇ ਉਸ ਤੋਂ ਮੁਆਫੀ ਮੰਗੀ ਤੇ ਅੱਗੋਂ ਨੂੰ ਆਦਰ ਸਤਿਕਾਰ ਕਰਨਾ ਸ਼ੁਰੂ ਕਰ ਦਿੱਤਾ। ਫਿਰ ਪਿੱਛੋਂ ਸਭ ਨੂੰ ਮੁਲਤਾਨ ਜੇਲ ਤੋਂ ਰਿਹਾ ਕਰ ਦਿੱਤਾ ਗਿਆ।

ਜਥੇਦਾਰ ਮਾਨ ਸਿੰਘ ਹੰਬੋ

ਜਨਮ 1872

ਸਿੱਖੀ ਖਾਨਦਾਨੀ ਸੀ—ਫਿਰ ਭਾਈ ਮੂਲ ਸਿੰਘ ਦੀ ਸੰਗਤ ਹੋਈ। ਫਿਰ ਅੰਮ੍ਰਿਤ ਛਕਾਣਾ ਸ਼ੁਰੂ ਕੀਤਾ।

ਜਥਾ ਬਣਿਆ ਸਿੱਖਾਂ ਵਾਲੀ ਅੰਮ੍ਰਿਤ ਪ੍ਰਚਾਰ ਕੀਤਾ।

(1) ਚਾਬੀਆਂ ਦਾ ਮੋਰਚਾ

(2) ਗੁਰੂ ਕਾ ਬਾਗ 750 ਸਿੰਘ ਖਰੇ ਸੌਦੇ ਤੋਂ ਲੈ ਕੇ ਗਏ।

(3) ਗੁਰੂ ਕੇ ਬਾਗ ਦਾ ਮੋਰਚਾ 16 ਦਿਨ ਚਲਾਇਆ। ਭਿਖੀ ਦਾ ਠਾਣੇਦਾਰ ਸੀ ਉਸ ਨੇ ਬੱਚੀ ਕੱਲ ਸਿਫਤ ਕੀਤੀ।

ਪਿਸ਼ਰਾਨ ਚੇਤ ਸਿੰਘ ਜਤਈ, ਬਖਾ ਸਿੰਘ, ਭਗਤ ਸਿੰਘ, ਮੰਗਲ ਸਿੰਘ, ਵਰਯਾਮ ਸਿੰਘ ਨੇ ਸਾਨੂੰ ਆਖਿਆ, ਜਥੇਦਾਰ ਤੇਰੇ ਪਿਛੇ ਅਸੀਂ ਆਵਾਂਗੇ। ਸਾਡੇ ਪੁੱਤਰ ਫੇਰ ਪੋਤਰੇ ਆਵਣਗੇ।

---

1. ਕਾਰਖਾਸ—ਦੇਸੀ ਰਿਆਸਤਾਂ ਵਿਚ ਇਕ ਖਾਸ ਕੈਦਖਾਨਾ ਹੁੰਦਾ ਸੀ ਜਿਥੇ ਦੋਸ਼ੀਆਂ ਨੂੰ ਅਤਿਅੰਤ ਦੁਖਦਾਈ ਕਸ਼ਟ ਦਿਤੇ ਜਾਂਦੇ ਸਨ ਅਤੇ ਕੀਤੇ ਤੇ ਅਣਕੀਤੇ ਦੋਸ਼ ਕਬੂਲ ਕਰਵਾਏ ਜਾਂਦੇ ਸਨ।

ਪੰਜਾਬੀ ਸੂਬੇ ਦਾ ਮੋਰਚਾ

ਇਸ ਸੰਬੰਧ ਵਿਚ ਜਥੇਦਾਰ ਮਾਨ ਸਿੰਘ ਹੰਬੋ ਨੇ ਬਾਦਲ, ਗੁਰਬਖਸ਼ੀਸ ਸਿੰਘ, ਗੁਰਰਾਜ ਸਿੰਘ ਬਾਦਲ, ਰਾਜਾ ਨਰਿੰਦਰ ਸਿੰਘ ਨਾਭਾ, ਸ਼੍ਰੋਮਣੀ ਕਮੇਟੀ ਦੇ ਸਿੰਘ ਅਤੇ ਅਕਾਲੀ ਐਮ. ਐਲ. ਏ, ਸਭ ਪਕੜ ਕੇ ਜੇਹਲ ਵਿੱਚ ਭੇਜ ਦਿਤੇ ਗਏ—ਹਿਸਾਰ ਜੇਹਲ ਦੇ ਅਕਾਲੀ ਜਥੇਦਾਰ ਨੂੰ ਆਪਣਾ ਪ੍ਰਧਾਨ ਜਥੇਦਾਰ ਚੁਣ ਲਿਆ।

ਹਰਿਆਣਾ ਦੇ ਉਸ ਵਕਤ ਦੇ ਕਾਂਗਰਸ ਪ੍ਰਧਾਨ ਬਖਸ਼ਾ ਸਿੰਘ ਨਾਵਾਂ ਅਤੇ ਇਲਾਕਾ ਐਮ. ਐਲ. ਏ. ਸ੍ਰੀਮਤੀ ਪ੍ਰਸਿੰਨੀ ਨੇ ਐਲਾਨ ਕੀਤਾ ਕਿ ਹਰਿਆਣੇ ਵਿਚ ਮੋਰਚਾ ਨਹੀਂ ਲਗ ਸਕੇਗਾ।

ਮੈਂ ਆਪਣੇ ਭਣੇਵੇਂ ਦੀ ਜੰਞ ਵਿੱਚ ਨਾਭੇ ਗਿਆ ਉਥੇ ਗਿ: ਕਰਤਾਰ ਸਿੰਘ ਨੂੰ ਗੁਰਦਿਆਲ ਸਿੰਘ ਵਕੀਲ ਨੇ ਪੁਛਿਆ ਸੁਣਾਉ ਗਿਆਨੀ ਜੀ ਹੁਣ ਮੋਰਚੇ ਦਾ ਕੀ ਬਣੇਗਾ।

ਗਿਆਨੀ ਕਰਤਾਰ ਸਿੰਘ (ਕਾਂਗਰਸੀ ਹੋ ਚੁਕਾ ਸੀ) ਨੇ ਆਖਿਆ ਜੇ ਪੰਥ ਵਾਗ ਫੜੇ ਤਾਂ ਕੁਝ ਬਣ ਸਕੇਗਾ। ਮੈਂ ਆਖਿਆ ਗਿਆਨੀ ਜੀ ਅਜੇ ਤਾਂ ਪੰਥ ਦਾ ਟੁਕਰ ਤੁਸਾਡੇ ਦੰਦਾਂ ਵਿਚ ਫਾਥਾ ਹੈ ਤੁਸੀਂ ਵੀ ਪੰਥ ਨੂੰ ਵੰਗਾਰਨ ਲਗ ਪਏ ਹੋ।

ਗਿਆਨੀ ਨੇ ਜਾ ਕੇ ਕੈਰੋਂ ਨੂੰ ਆਖਿਆ ਜਥੇਦਾਰ ਮਾਨ ਸਿੰਘ ਦਾ ਪੁਤਰ ਹਜ਼ਾਰ ਆਦਮੀਆਂ ਦਾ ਜਥਾ ਲੈ ਕੇ ਦਿਲੀ ਜਾ ਰਿਹਾ ਹੈ। ਪੁਲੀਸ ਮੈਨੂੰ ਫੜਨ ਵਾਸਤੇ ਆ ਗਈ ਤੇ ਮੈਂ ਖਰਠਾਲ ਗੁਰਦੁਵਾਰੇ ਮੰਜੀ ਸਾਹਿਬ ਚਲਾ ਗਿਆ—ਮੇਰੇ ਘਰ ਦਾ ਸਭ ਮਾਲ ਅਸਬਾਬ ਡੰਗਰ ਵਛਾ ਜ਼ਬਤ ਕਰ ਲਿਆ ਗਿਆ ਹੈ ਅਤੇ ਝੋਨੇ ਦੀਆਂ ਨਾਲਾਂ ਪੁਟ ਦਿੱਤੀਆਂ ਹਨ।

ਮੈਂ, ਅਵਤਾਰ ਸਿੰਘ ਖਾਲਸਾ, ਹਰਬੰਸ ਸਿੰਘ ਮੁਖੀ, ਕਿਹਰ ਸਿੰਘ ਹੰਬੋਂ, ਕਿਹਰ ਸਿੰਘ ਕੁਰਲਕਾ, ਲੱਖਾ ਸਿੰਘ ਕੁਰਲਕਾ ਅਜੀਤ ਸਿੰਘ ਬੇਦੀ, ਮੰਗਲ ਸਿੰਘ, ਦਰਬਾਰਾ ਸਿੰਘ ਕਾਲੰਕਾ ਨੇ ਮੋਰਚਾ ਸ਼ੁਰੂ ਕਰ ਦਿਤਾ।

ਮੈਂ ਇਕਲਾ ਮੋਰਚਾ ਚਲਾਂਦਾ ਰਿਹਾ ਇਹ ਮੇਰੇ ਸਾਥੀ ਲੇ ਲੈ ਕੇ ਜਾਂਦੇ—ਢਾਈ ਮਹੀਨੇ ਪਿਛੋਂ ਮੈਂ 600 ਦਾ ਜਥਾ ਲੈ ਕੇ ਗਿਆ—ਪਿਛੋਂ ਇੰਦਰ ਸਿੰਘ ਭਿਖੀ ਤੇ ਬਲਕਾਰ ਸਿੰਘ ਬਰਾਲੀਕੇ ਨੂੰ ਡਿਕਟੇਟਰ ਬਣਾਇਆ ਜਿਥੇ ਸਾਨੂੰ ਫਰਕੋ ਫਰਕੀ ਕੈਦ ਸੁਣਾਈ ਗਈ ਤੇ ਅੰਬਾਲੇ ਜੇਹਲ ਘਲਿਆ ਗਿਆ—ਮਗਰੋਂ ਪੂਰੇ ਇਲਾਕੇ ਨੇ ਬੜੇ ਜ਼ੋਰ ਨਾਲ ਮੋਰਚਾ ਚਲਾਇਆ ਤੇ ਕਾਮਯਾਬੀ ਹੋਈ।

ਜਥੇਦਾਰ ਮਾਨ ਸਿੰਘ 10 ਸਾਲ ਐਮ. ਐਲ. ਏ. ਰਿਹਾ ਤੇ Jail ਸੁਧਾਰ ਕਮੇਟੀ ਦੇ ਮੈਂਬਰ ਰਹੇ ਅਤੇ ਮੁੜ ਵਸਾਊ ਕਮੇਟੀ ਦੇ ਪ੍ਰਧਾਨ ਸਨ।

ਅਕਾਲੀ ਲਹਿਰ ਦੇ ਸਮਾਂ ਤੋਂ ਲੈ 1956 ਤੱਕ ਮੈਂਬਰ ਸ਼੍ਰੋਮਣੀ ਕਮੇਟੀ ਐਧਰ ਆ ਕੇ Distt. Board ਦੇ ਮੈਂਬਰ ਰਹੇ। ਸੇਖੂਪੁਰ Village Committee ਦੇ ਮੈਂਬਰ ਰਹੇ।

ਅਕਾਲੀ ਲਹਿਰ ਤੋਂ ਪਾਕਿਸਤਾਨ ਦੇ ਬਣਣ ਤੱਕ ਅਕਾਲੀ ਦਲ ਦੇ ਪ੍ਰਧਾਨ ਰਹੇ।

ਲ ਜ਼ਮੀ ਤਾਲੀਮ ਬਾਲ ਸਾਨ ਦੇ ਮੈਂਬਰ ਰਹੇ।

ਜਦੋਂ ਅਕਾਲੀ ਐਮ. ਐਲ ਏ. ਮਾਸਟਰ ਜੀ ਦੇ ਕਾਂਗਰਸ ਵਿਚ ਸ਼ਾਮਲ ਹੋਣ ਲਈ ਆਖਿਆ ਤਾਂ ਸਭ ਹੋ ਗਏ। ਪਿਛੋਂ ਫਿਰ ਜਦੋਂ ਮਾਸਟਰ ਜੀ ਕਾਂਗਰਸ ਨੂੰ ਛੱਡਣ ਵਾਸਤੇ ਆਖਿਆ ਤਾਂ ਕੇਵਲ ਜਥੇਦਾਰ ਹੰਬੋ ਅਤੇ ਇਕ ਹੋਰ ਅਕਾਲੀ ਐਮ. ਐਲ. ਏ. ਵਾਪਸ ਆਏ। ਭੀਮ ਸੈਨ ਸੱਚਰ ਨੇ ਇਹਨਾਂ ਨੂੰ ਅਸਤੀਫਾ ਦੇਣ ਤੋਂ ਰੋਕਣ ਦੀ ਚੇਸ਼ਟਾ ਕੀਤੀ ਪਰ ਹੰਬੋ ਨਾ ਮੰਨਿਆ ਫਿਰ ਜਦੋਂ ਲੁਧਿਆਣੇ ਅਕਾਲੀ ਕਾਨਫਰੰਸ ਹੋਈ ਤਾਂ ਮਾਸਟਰ ਜੀ ਨੇ ਝੰਡਾ ਲਹਿਰਾਣ ਦੀ ਰਸਮ ਹੰਬੋਂ ਕੋਲੋਂ ਕਾਰਵਾਈ।

ਪਾਕਿਸਤਾਨ
ਲੀਡਰਾਂ ਦਾ ਵਿਰਕਾਂ ਨਾਲ ਵਖੇਵਾਂ

ਪਾਕਿਸਤਾਨ ਬਣਣ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਨੇ 50 ਲੱਖ ਰੁਪੈ ਦੀ ਅਪੀਲ ਕੀਤੀ—ਜਿਸ ਨਾਲ ਹਥਿਆਰ ਤੇ ਜੀਪਾਂ ਖਰੀਦੀਆਂ ਅਤੇ ਗੁਰਦਵਾਰਿਆਂ ਦੇ ਬਚਾਅ ਵਾਸਤੇ ਵੰਡੀਆਂ ਜਾਣੀਆਂ ਸਨ— ਉਸ ਵਾਸਤੇ ਜਥੇਦਾਰ ਹੰਬੋ ਨੇ ਇਲਾਕੇ ਵਿਚੋਂ, ਅਨ-ਸਰਦਾਰ, ਆਪਣੇ ਕੋਲੋਂ ਅਤੇ ਬਰਾਦਰੀ ਕੋਲੋਂ ਇਕ ਲਖ ਰੁਪਏ ਐਮ੍ਰਿਤਸਰ ਪੁਚਾਇਆ—ਪਟਿਆਲੇ ਤੋਂ ਹਥਿਆਰ ਆਏ ਜਥੇਦਾਰ ਹੰਬੋਂ ਸਮੇਤ ਆਪਣੇ ਸਪੁਤ੍ਰ ਅਵਤਾਰ ਸਿੰਘ ਦੇ ਕਿਹਰ ਸਿੰਘ ਕੁਰਲਕਾ, ਅਲਬੇਲ ਸਿੰਘ ਪੁਤ੍ਰ ਸੁਦਾਗਰ ਸਿੰਘ ਕਿਹਰ ਸਿੰਘ ਪੁਤ੍ਰ ਮਸਤਾਨ ਸਿੰਘ ਅਤੇ ਨਰਿੰਦਰ ਸਿੰਘ ਪੁਤ੍ਰ ਸ਼ੇਰ ਸਿੰਘ ਨੇ ਜਥੇਦਾਰ ਊਧਮ ਸਿੰਘ ਨਾਗੋਕੇ ਨੂੰ ਹਥਿਆਰਾਂ ਵਾਸਤੇ ਆਖਿਆ ਮਗਰ ਉਹ ਟਾਲੇ ਮਾਰਦਾ ਰਿਹਾ ਇਕ ਦਿਨ ਜਥੇਦਾਰ ਦੇ ਸਾਥੀ ਕਿਰਪਾਨਾਂ ਖਿਚ ਕੇ ਨਾਗੋਕੇ

ਆਖਿਆ ਪਰ ਜਥੇਦਾਰ ਨਾ ਮੁੜਿਆ । ਸਿਆਲਕੋਟ ਨੇੜੇ ਪੁੱਜਾ ਤਾਂ ਪਤਾ ਲੱਗਾ ਪੁਲੀਸ ਜਥੇਦਾਰ ਨੂੰ ਹੀ ਫੜਨਾ ਚਾਹੁੰਦੀ ਹੈ—ਜਥਾ ਪਾਣੀਆਂ ਵਿਚੋਂ ਹੋ ਕੇ ਸ਼ਹਿਰ ਵਿਚ ਪੁਜ ਗਿਆ । ਪੁਲਸ ਜਥੇਦਾਰ ਨੂੰ ਗ੍ਰਿਫਤਾਰ ਕਰਨ ਲਗੀ ਤਾਂ ਇਹ ਮਾਰ ਕੇ ਛਾਲ ਕੋਠੇ ਤੇ ਚੜ੍ਹ ਗਿਆ ਤੇ ਗੁਰਦੁਆਰਿਓਂ ਹੋ ਕੇ ਬਾਹਰ ਜਥੇ ਵਿਚ ਆ ਰਲਿਆ ।

ਜਥੇ ਨੂੰ ਮੁਲਤਾਨ ਜੇਲ ਭੇਜ ਦਿਤਾ ਜਿਥੇ ਜਥੇਦਾਰ ਨੂੰ ਢਾਈ ਸਾਲ ਕੈਦ ਅਤੇ 500 ਰੁਪਏ ਜੁਰਮਾਨਾ ਅਤੇ ਬਾਕੀ ਦਿਆਂ ਨੂੰ 2-2 ਸਾਲ ਕੈਦ ਹੋਈ । ਇਥੇ ਜੇਲ ਦਾ ਦਰੋਗਾ ਸਯਦ ਬੁਧੂਸ਼ਾਹ ਦਾ ਪੜਪੋਤ੍ਰਾ ਸੀ —ਜੋ ਸਭ ਤਰਾਂ ਸਿੰਘਾਂ ਦੀ ਮਦਦ ਕਰਦਾ ਸੀ—ਪਰ ਸਿੰਘ ਉਸ ਦਾ ਅਨਾਦਰ ਕਰਦੇ ਸਨ—ਜਦੋਂ ਸਿੰਘਾਂ ਨੂੰ ਪਤਾ ਲਗਾ ਤਾਂ ਫਿਰ ਉਸ ਤੋਂ ਮਾਫੀ ਮੰਗੀ ।

ਜੰਡਿਆਲਾ ਸ਼ੇਰ ਖਾਂ
ਮੋਰਚਾ—ਝਟਕਾ

ਗੁਰਬਚਨ ਸਿੰਘ ਪੁੱਤਰ ਸੁੰਦਰ ਸਿੰਘ (ਹਾਲ ਬਲੋਣਾਂ, ਚਾਲਾਣ 7 ਸਿੰਘਾਂ ਦਾ) ਸ਼ਿੰਗਾਰਾ ਸਿੰਘ, ਬਾਲ ਸਿੰਘ ਅਤੇ ਹੋਰ ।

ਡਿਪਟੀ ਕਮਿਸ਼ਨਰ ਨੂਰ ਮੁਹੰਮਦ ਨੇ ਪ੍ਰਧਾਨ ਜਥੇਦਾਰ ਭਾਈ ਮਾਨ ਸਿੰਘ ਹੰਬੋ ਨੂੰ ਸੱਦ ਕੇ ਆਖਿਆ । ਸਿੱਖਾਂ ਨੇ ਮੁਰਗੀ ਮਾਰੀ ਹੈ ਤਾਂ ਮੁਸਲਮਾਨ ਉਥੇ ਗਾਂ ਵੱਢਣਗੇ । ਜਥੇਦਾਰ ਨੇ ਆਖਿਆ ਤੁਸੀਂ ਗਾਂ ਉਥੇ ਵਡੋ ਜੇ ਅਸੀਂ ਤੇਰੀ ਕੋਠੀ ਸੂਰ ਵਢਾਂਗਾ—ਇਸ ਤਰ੍ਹਾਂ ਹੈ ਤਾਂ ਇਸੇ ਤਰ੍ਹਾਂ ਹੀ ਸਹੀ ।

ਸਿੰਘਾਂ ਤੇ ਪਿੰਡ ਦੇ ਮੁਸਲਮਾਨ ਟੁੱਟ ਕੇ ਪੈ ਗਏ ਤੇ ਸਿੰਘ ਪਿੱਛਾਂ ਹੱਟਣ ਲੱਗੇ ਤਾਂ ਉਧਰੋਂ ਕੜਯਾਲ ਦਾ ਜਥਿਆ ਗਿਆ—ਤਾਂ ਜਥੇਦਾਰ ਨੇ ਕੜਯਲਾਯਾ ਨੂੰ ਲਲਕਾਰਯਾ ਹਡਾ ਭਾਈ ਕੜਯਾਲਯੋ ਹੁਣ ਇਹ ਜਾਣ ਨਾਂ—ਬੱਸ .....ਕੜਯਾਲਯੇ ਡਾਂਗੀ ਡਹਿ ਪਏ ਤੇ ਮੁਸਲਮਾਨਾਂ ਨੂੰ ਕੁਟ ਕੁਟ ਕੇ ਪਿੰਡ ਵਿੱਚ ਵਾੜ ਦਿੱਤਾ ਤੇ ਅੱਠ ਮੁਸਲਮਾਨ ਮਾਰੇ ਇਕ ਨਾਈ ਕਾਲੋਕਾ ਭੁਲੇਖੇ ਨਾਲ ਮਾਰਿਆ ਗਿਆ ।

ਫਿਰ ਅੱਠਾਂ ਕੜਯਾਲੀਆਂ ਦੇ ਚਾਲਾਣ ਹੋਏ ਤੇ ਫੜੇ ਗਏ । ਜਥੇਦਾਰ ਨੇ ਆਪਣੇ ਦੋ ਮਹਿਰੇ ਆਪਣੇ ਖਰਚ ਤੇ ਸ਼ੇਖੂਪੁਰ ਉਹਨਾਂ ਹਵਾਲਾਤੀਆਂ ਦੀ ਸੇਵਾ ਲਈ ਘੱਲ ਦਿੱਤੇ— ਜੋ ਉਹਨਾਂ ਦੀ ਸੇਵਾ ਕਰਦੇ, ਮੁਕਦਮਾ ਚਲਿਆ ।

ਫਿਰ ਨੂਰ ਮੁਹੰਮਦ ਨੇ ਜਗਜੀਤ ਸਿੰਘ ਮਾਨ ਵਰਗੇ ਸਰਦਾਰਾਂ ਰਾਹੀਂ ਜਥੇਦਾਰ ਨਾਲ ਸੁਲਾਹ ਕਰ ਲਈ ਤੇ ਮੁਕਦਮਾ ਖਾਰਜ ਹੋ ਗਿਆ—ਇਹ ਫਤਿਹ ਗੁਰੂ ਮਹਾਰਾਜ ਨੇ ਜਥੇਦਾਰ ਮਾਨ ਸਿੰਘ ਹੰਬੋ ਨੂੰ ਬਖਸ਼ੀ ਅਤੇ ਜਿੱਤ ਦਾ ਸਿਹਰਾਂ ਕੜਯਾਲ ਦੇ ਸਿਰ ਰਿਹਾ ।

ਜਥੇਦਾਰ ਦੀ ਬੰਸੀ ਲਾਲ ਨਾਲ ਮੁਲਾਕਾਤ

1975 ਦੇ ਨੇੜੇ ਇਕ ਡੈਪੂਟੇਸ਼ਨ ਜਥੇਦਾਰ ਦੀ ਪ੍ਰਧਾਨਗੀ ਹੇਠ ਕਝ ਮੰਗਾਂ ਲੈ ਕੇ ਵਜ਼ੀਰ ਭਜਨ ਲਾਲ ਦੇ ਰਾਹੀਂ ਬੰਸੀ ਲਾਲ ਕੋਲ ਗਏ— ਅੰਦਰ ਬੈਠਦਿਆਂ ਸਾਰ ਬੰਸੀ ਲਾਲ ਨੇ ਆਖਿਆ "ਗੁੰਡੇ ਇਕਠੇ ਹੋ ਕੇ ਮੇਰਾ ਵਕਤ ਖਰਾਬ ਕਰਨੇ ਕੇ ਲੀਏ ਆ ਜਾਤੇ ਹੈ"

ਜਥੇਦਾਰ ਨੇ ਉਠ ਕੇ ਆਖਿਆ ।

ਗੁੰਡਾ ਤੂੰ, ਤੇਰਾ ਪਿਉ ਤੇਰਾ ਦਾਦਾ "ਉਠੋ ਭਾਈ ਚਲੀਏ ।"

ਬੰਸੀ ਲਾਲ—"ਪੁਲੀਸ ਕੋ ਬੁਲਾਓ"

ਜਥੇਦਾਰ—"ਬੁਲਾ ਪੁਲੀਸ ਨੂੰ, ਅਸਾਂ ਭਲਾ ਕਦੇ ਪੁਲੀਸ ਡਿਠੀ ਨਹੀਂ ਆਓ ਭਾਈ ਚਲੀਏ ।"

ਇਸ ਡੈਪੂਟੇਸਨ ਵਿਚ ਹੀ ਕਰਤਾਰ ਸਿੰਘ ਟੱਕਰ, ਜ: ਉਜਾਗਰ ਸਿੰਘ ਉਲਫਤ ਅਤੇ ਹੋਰ ਕਈ ਸਜਣ ਅੰਬਾਲੇ ਕਾਲਜ ਦੇ ਪ੍ਰਿੰਸੀਪਲ ਸਮੇਤ ਸਨ ।

ਇਹ ਟੁਰ ਪਏ, ਮਗਰੋਂ ਭਜਨ ਲਾਲ ਆ ਕੇ ਪੈਰੀਂ ਪੈ ਕੇ ਤੇ ਮਨਾਂ ਕੇ ਫਿਰ ਲੈ ਗਿਆ —ਪਰ ਇਹ ਡੈਪੂਟੇਸ਼ਨ ਬੈਠਾ ਨਾਂ—ਜਥੇਦਾਰ ਨੇ ਆਖਿਆ ਮੈਂ ਐਸ. ਕੇ. ਗਵਰਨਰ ਸਰ ਸੁੰਦਰ ਸਿੰਘ ਮਜੀਠ, ਸਰ ਫਜ਼ਲ ਹੁਸੈਨ, ਸਰ ਸਿਕੰਦਰ, ਸਰ ਖਿਜਰ ਹਯਾਤ ਅਤੇ ਮਹਾਰਾਜਾ ਪਟਿਆਲਾ ਆਦਿ ਨਾਲ ਮੁਲਾਕਾਤਾਂ ਕਰਦਾ ਰਿਹਾ ਹਾਂ ਪਰ ਤੇਰੇ ਵਰਗਾ ਕਰਖਤ ਤੇ ਬਦ-ਦਿਮਾਗ ਅਜ ਤਕ ਮੈਂ ਨਹੀਂ ਡਿਠਾ ।

ਬੰਸੀ ਲਾਲ ਬਿਟਰ ਬਿਟਰ ਵੇਖਦਾ ਰਿਹਾ । ਇਹ ਆਪਣੀਆਂ ਮੰਗਾਂ ਦਸ ਕੇ ਵਾਪਸ ਆ ਗਏ ।

ਬੰਸੀ ਲਾਲ ਨੇ ਗਿ: ਜ਼ੈਲ ਸਿੰਘ ਨੂੰ ਆਖਿਆ ਤੈਨੂੰ ਅਕਾਲੀ ਤੰਗ ਕਰਦੇ ਹਨ । ਅਗਰ ਹਰਿਆਣੇ ਵਿਚ ਹੋਵਣ ਤਾਂ ਮੈਂ ਸਿਧੇ ਕਰ ਦਿਆਂ— ਪੰਥ ਨੇ ਚੈਲੰਜ ਮੰਨਜ਼ੂਰ ਕਰ ਲਿਆ ਤੇ ਕਰਨਾਲ ਕਾਨਫਰੰਸ ਹੋਈ—ਬੜੇ ਸਿੰਘ ਫੜੇ ਗਏ—ਉਥੇ ਕਾਨਫਰੰਸ: ਵਿਚ ਕਰਤਾਰ ਸਿੰਘ ਟੱਕਰ ਨੇ ਭਰੇ ਦੀਵਾਨ ਵਿਚ ਉਪਰੋਕਤ ਵਾਰਤਾ ਸੁਣਾਈ—ਲਛਮਨ ਸਿੰਘ ਗਿਲ ।



ਜ: ਕਰਤਾਰ ਸਿੰਘ ਝੱਬਰ

ਜਾਊ—ਮੁਕਟ—ਪਿਰਥੀ

(ਆਜੀ) ਆਹਰਾ[1]

ਯਰੀ

ਰਹੀ ਮੀਰ ਮੌਜ ਦਰਯਾ ਮਿਰਾਸੀ
ਪਿੰਡ ਵਰਨ ਦੇ ਆਧਾਰ ਤੇ

ਲੀਹ

ਝੱਬਰ

ਸਾਗਰ[2] ਸਿੰਙੀ ? ਦੇਊਤੀ

ਡਲਾ ਮਲਾ 0

ਲਾਲ ਚੰਦ ਬਾਲ ਚੰਦ ਅਲੀ ਸ਼ੇਰ ਸਾਗਰ ਕੀ ਪਤੀ ਵਿਚੋਂ[4] ਗੰਪੀਕੇ 0

ਸ ਵਨ ਗੁਰਬਚਨ ਸਿੰਘ

ਹਰਿਦਾਸ[6] ਲਾਭ ਸਿੰਘ ਬੂਟਾ ਸਿੰਘ ਫਤਿਹ ਸਿੰਘ

ਮੰਗਲ ਸਿੰਘ[7] ਸੰਤਾ ਸਿੰਘ ਹਜ਼ਾਰਾ ਸਿੰਘ ਦਯਾ ਸਿੰਘ

ਤੇਜਾ ਸਿੰਘ ਅਜੀਤ ਸਿੰਘ ਕਰਪਾਲ ਸਿੰਘ

ਮਿਹਰ ਸਿੰਘ ਸਵਰਨ ਸਿੰਘ ? ਠੰਪਾਲ ਸਿੰਘ[9]

ਕਰਤਾਰ ਸਿੰਘ ਝੱਬਰ[8]

ਇੰਦਰ ਸਿੰਘ ਬਲਦੇਵ ਸਿੰਘ[5] ਕੁਲਦੀਪ ਸਿੰਘ ਪ੍ਰਥੀਪਾਲ ਸਿੰਘ

ਰਾਜਦੀਪ ਸਿੰਘ[12] ਬ੍ਰਜਦੀਪ ਸਿੰਘ[13] ਸਰਬਦੀਪ ਸਿੰਘ[14]

ਵਰਯਾਮ ਸਿੰਘ[15] ਸ਼ਿੰਗਾਰਾ ਸਿੰਘ

ਫੌਜਾ ਸਿੰਘ ਸੰਤੋਖ ਸਿੰਘ ਤਰਲੋਕ ਸਿੰਘ ਹਜ਼ੂਰ ਸਿੰਘ

ਬਲਬੀਰ ਸਿੰਘ ਨਿਰਮਲ ਸਿੰਘ 0 0 ਬਲਕਾਰ ਸਿੰਘ ਗੁਲਜ਼ਾਰ ਸਿੰਘ ਬਲਵੰਤ ਸਿੰਘ ਜਗਤਾਰਸਿੰਘ

ਜਗੀਰ ਸਿੰਘ ਗੁਰਬਚਨ ਸਿੰਘ ਕੇਹਰ ਸਿੰਘ ਕਰਨੈਲ ਸਿੰਘ ਮੋਹਰ ਸਿੰਘ

ਨਥਾ ਸਿੰਘ 0 ਕਰਨੈਲ ਸਿੰਘ 0 0 0 0

ਜੰਗਾ ਸਿੰਘ ਸੁਖਾ ਸਿੰਘ ਨਿਸ਼ਾਨ ਸਿੰਘ ਗੁਮਾਨ ਸਿੰਘ ਕਸ਼ਮੀਰ ਸਿੰਘ

(ਫੁਟਨੋਟ ਅੱਗੇ ਵੇਖੋ)

ਦੇ ਮਗਰ ਪੈ ਗਏ । ਉਹ ਭਜ ਕੇ ਅੰਦਰ ਵੜ ਬੂਹਾ ਮਾਰ ਬੈਠਾ—ਥੋੜੇ ਚਿਰ ਪਿਛੋਂ ਬਾਹਰ ਨਿਕਲ ਜਥੇਦਾਰ ਨੂੰ ਕਲਾਵੇ ਵਿਚ ਲੈ ਕੇ ਆਖਣ ਲਗਾ ਤੁਸੀਂ ਐਵੇਂ ਕਾਹਲੇ ਪੈ ਗਏ ਹੋ ਮੇਰੀ ਗਲ ਹੀ ਨਹੀਂ ਸੁਣਦੇ । ਤੁਸੀਂ ਵਿਰਕ ਬੜੇ ਬਹਾਦਰ ਹੋ । ਤੁਸਾਨੂੰ ਹਥਿਆਰਾਂ ਦੀ ਕਿਹੜੀ ਪ੍ਰਵਾਹ ਹੈ। ਅਸੀਂ ਮਜਬੂਰ ਹਾਂ ਤੁਸਾਂਨੂੰ ਕੁਝ ਨਹੀਂ ਦੇ ਸਕਦੇ । ਇਹ ਸੁਣ ਸਾਰੇ ਖਾਲੀ ਹਥੀਂ ਵਾਪਸ ਆ ਗਏ ।

(2) ਵਿਰਕਾਂ ਵਾਸਤੇ ਜਿਲਾ ਫਿਰੋਜ਼ਪੁਰ ਤੇ ਕਪੂਰਥਲਾ ਰੀਜਰਵ ਕੀਤਾ ਗਿਆ । ਤਸੀਲਾ—ਇਹ ਹਰਿਆਣੇ ਦਾ ਇਲਾਕਾ ਤਾਂ ਵਿਰਕੇਤ ਨੇ ਧਕੇ ਨਾਲ ਆ ਮਲਿਆ (ਇਹ ਲਾਇਲਪੁਰ ਲਈ ਰਾਖਵਾਂ ਸੀ) ।

(3) ਭਾਸ਼ਨ :—ਈਸ਼ਰ ਸਿੰਘ ਮਝੈਲ ਨੇ ਕਰਨਾਲ ਵਿਚ ਆਖਿਆ ਅਜ ਵਿਰਕੇਤ ਹਰਿਆਣੇ ਵਿਚ ਆਬਾਦ ਹੈ—ਅਤੇ ਹੋਰ ਵੀ ਬਹੁਤ ਕੁਝ ਚਾਹੁੰਦੇ ਹਨ ਜਦੋਂ ਇਹ ਏਧਰ ਆਏ ਸਨ ਅਗਰ ਰਾਵੀ ਕੰਢੇ ਖਲਾਰ ਆਉਣ ਲਗਿਆਂ ਇਹਨਾਂ ਤੋਂ ਪੁਛਿਆ ਜਾਂਦਾ ਤੁਸਾਂਨੂੰ ਕੀ ਕੁਝ ਚਾਹੀਦਾ ਹੈ ਤਾਂ ਇਹਨਾਂ ਕਹਿਣਾ ਸੀ ਸਾਨੂੰ ਭਾਰਤ ਆਵਣ ਦਿਉ ਅਸੀਂ ਕੁਝ ਨਹੀਂ ਮੰਗਦੇ—ਦੂਜੇ ਜਦੋਂ ਮੈਂ ਨਨਕਾਣ ਜਾਇਆ ਕਰਦਾ ਸੀ ਤਾਂ ਮੈਨੂੰ ਚਿੱਟਕ ਹੀ ਚਿਟਕ ਚੁਫੇਰੇ ਦਿਸਿਆ ਕਰਦੀ ਸੀ—ਹੁਣ ਹਰਿਆਣੇ ਵਿਚ ਇਹਨਾਂ ਨੂੰ ਚੰਗੀ ਉਪਜਾਊ ਧਰਤੀ ਮਿਲ ਗਈ ਹੈ ਆਦਿ ਆਦਿ। ਤਦ ਫਿਰ ਜਥੇਦਾਰ ਹੰਬੋਂ ਨੇ ਉਤ੍ਰ ਦਿਤਾ—ਜਥੇਦਾਰਾ ਅਸੀਂ ਕੋਈ ਭੁਖੇ ਬੰਗਾਲੀ ਨਹੀਂ ਸਾਂ, ਅਸੀਂ ਜ਼ਾਇਦਾਦ ਛਡ ਕੇ ਆਏ ਹਾਂ—ਉਹ ਲਈਆਂ ਹਨ ਅਤੇ ਲਵਾਂਗੇ ਵੀ ਦੂਜਾ ਜਿਹੜੀ ਤੈਨੂੰ ਚਿਟਕ ਦਿਸਦੀ ਉਥੇ ਸਾਡੀ ਕਪਾਹ 25-25 ਮਨ ਕਿਲੇ ਦੀ ਝੜਦੀ ਸੀ ਜਿਸਦੀ ਚਿਟਕ ਤੈਨੂੰ ਪੈਂਦੀ ਸੀ।

ਜਥੇਦਾਰ ਹੰਬੋ ਨਨਕਾਣਾ ਸਾਹਿਬ ਤੇ ਸਚਾ ਸ਼ੌਦਾ ਦੇ ਇੰਚਾਰਜ ਸਨ । ਇਹ ਐਮ. ਐਲ. ਏ., ਸ਼ਰੋਮਣੀ ਕਮੇਟੀ ਦੇ ਮੈਂਬਰ, ਜਿਲਾ ਅਕਾਲੀ ਦਲ ਦੇ ਪ੍ਰਧਾਨ, ਸਚਾ ਸੌਦਾ ਕਮੇਟੀ ਦੇ ਵੀ ਪ੍ਰਧਾਨ ਸਨ। ਦਾਬਾ ਸਿੰਘ ਦੇ ਨੇੜੇ ਗੋਬਿੰਦਗੜ ਆਦਿ ਮਜ਼ਹਬੀ ਸਿੰਘ ਦੇ ਪਿੰਡ ਸਨ। ਗੋਬਿੰਦਗੜ ਤੇ ਮੁਸਲਮਾਨਾਂ ਨੇ ਹਮਲਾ ਕਰ ਦਿਤਾ। ਮਜ਼ਹਬੀ ਸਿੰਘਾਂ ਨੇ ਉਹਨਾਂ ਨੂੰ ਮਾਰ ਮਾਰ ਕਤਲ ਕਰ ਦਿਤਾ ਤੇ ਬਾਕੀ ਭਜਾ ਦਿਤੇ—ਮੁਸਲਮਾਨਾਂ ਦੀ ਮਦਦ ਲਈ ਪੁਲੀਸ ਭਾਰੀ ਤਾਦਾਦ ਵਿਚ ਪੁਜ ਗਈ—ਉਥੇ ਫਿਰ ਲੜਾਈ ਸ਼ੁਰੂ ਹੋ ਗਈ—ਜਦੋਂ ਗਲ ਹਦ ਤੋਂ ਵਧ ਗਈ ਤਾਂ ਡੀ. ਸੀ. ਨੇ ਐਸ. ਪੀ. ਦੇ ਰਾਹੀਂ ਜਥੇਦਾਰ ਹੰਬੋ ਨੂੰ ਨਨਕਾਣੇ ਸਾਹਿਬ ਤੋਂ ਸੇਖੂਪੁਰੇ ਬੁਲਾਇਆ—ਡੀ. ਸੀ., ਐਸ. ਪੀ., ਡੀ. ਐਸ. ਪੀ., ਆਈ. ਜੀ. ਕੁਰਬਾਨ ਅਲੀ ਤੇ ਇਕ ਅੰਗਰੇਜ਼ ਕਰਨਲ ਜਥੇਦਾਰ ਹੰਬੋਂ ਨੂੰ ਲੈ ਕੇ ਗੋਬਿੰਦਗੜ ਪੁਜੇ ।

ਜਥੇਦਾਰ ਉਹਨਾਂ ਨੂੰ ਇੱਕ ਮੀਲ ਪਿੱਛੇ ਛੱਡ ਕੇ ਆਪ ਇਕਲਾ ਗੋਬਿੰਦਗੜ੍ਹ ਗਿਆ—ਤੇ ਸਿੰਘਾਂ ਨੂੰ ਆਖਿਆ ਮੈਨੂੰ ਅਫਸਰਾਂ ਨੇ ਤੁਹਾਡੇ ਕੋਲੋਂ ਹਥਿਆਰ ਦੇ ਦੇਣ ਵਾਸਤੇ ਭੇਜਿਆ ਹੈ ਮਗਰ ਤੁਸਾਂ ਹਥਿਆਰ ਮੂਲੋਂ ਨਹੀਂ ਦੇਣੇ । ਭਾਵੇਂ ਮੈਂ ਆਖਿਆ ਤੁਸਾਂ ਇਹੋ ਆਖਣਾ ਹੈ ਸਾਡੇ ਵਾਸਤੇ ਹਿੰਦੁਸਤਾਨੀ ਮਿਲਟਰੀ ਆਵੇ ਅਸੀਂ ਵਾਪਸ ਭਾਰਤ ਚਲੇ ਜਾਵਾਂਗੇ—ਇਹ ਮਤਾ ਪੱਕਾ ਕੇ ਜਥੇਦਾਰ ਉਹਨਾਂ ਸਾਰੇ ਅਫਸਰਾਂ ਨੂੰ ਲੈਣ ਗਿਆ ਜਦੋਂ ਉਹ ਆਏ ਤਾਂ ਉਨਾਂ ਨੇ ਆਖਿਆ ਤੁਸੀਂ ਹਥਿਆਰ ਦੇ ਦਿਓ। ਸਿੰਘਾਂ ਆਖਿਆ ਅਸੀਂ ਹਥਿਆਰ ਨਹੀਂ ਦਿਆਂਗਾ ਭਾਵੇਂ ਸਾਡਾ ਬੱਚਾ ਬੱਚਾ ਮਰ ਜਾਵੇ। ਤੁਸੀਂ ਇਥੇ ਕੈਂਪ ਬਣਾ ਦਿਉ ਅਸੀਂ ਕਿਸੇ ਨੂੰ ਕੁਝ ਨਹੀਂ ਕਹਿੰਦੇ । ਭਾਰਤੀ ਮਿਲਟਰੀ ਆਵੇ ਤੇ ਸਾਨੂੰ ਲੈ ਜਾਵੇ । ਅਫਸਰ ਮੰਨ ਗਏ ਤੇ ਉਹ ਮਜ਼ਹਬੀ ਸਿੰਘ ਆਪਣੇ ਬਚਿਆਂ ਨੂੰ ਤੇ ਸਾਮਾਨ ਲੈ ਕੇ ਭਾਰਤ ਆ ਗਏ ।

ਨਾਨਕਾਣੇ ਸਾਹਿਬ ਤੋਂ ਜਥੇਦਾਰ ਅੰਮ੍ਰਿਤਸਰ ਟਰੱਕ ਲੈਣ ਵਾਸਤੇ ਗਿਆ ਖਾਨ ਬਹਾਦਰ ਰੌਸ਼ਨਦੀਨ ਐਮ. ਐਲ. ਏ. ਪ੍ਰਧਾਨ ਡੀ. ਬੀ. ਪ੍ਰਧਾਨ ਮੁ: ਲੀਗ ਨਾਲ ਸਾਡਾ ਵੈਰ ਸੀ ਅਸੀਂ ਉਸ ਨੂੰ ਮਾਰਨ ਗਏ ਪਰ ਉਹ ਬਚ ਗਿਆ—ਉਸ ਨੇ ਮੁਸਲਮ ਲੀਗੀਆਂ ਨੂੰ ਆਖਿਆ ਤੁਸੀਂ ਜਥੇਦਾਰ ਹੰਬੋਂ ਨੂੰ ਮਾਰ ਦਿਓ ਮੈਂ ਇੱਕ ਲੱਖ ਰੁ: ਦਿਆਂਗੇ—ਵਾਪਸ ਆਵਣ ਤੇ ਹਿਤੈਸ਼ੀਆਂ ਦੇ ਆਖਣ ਤੇ ਜਥੇਦਾਰ ਸ: ਸੁੰਦਰ ਸਿੰਘ ਬੁਟਰ ਦੇ ਟਰੱਕ ਵਿੱਚ ਮੂੰਹ ਸਿਰ ਵਲੇਟ ਕੇ ਬੈਠਾ ਗਿਆ ਜਦੋਂ ਸ਼ੇਖੂਪੁਰੇ ਤਲਾਸ਼ੀ ਹੋਈ ਤਾਂ ਉਹਨੇ ਪੁਛਿਆ ਇਹ ਕੌਣ ਹੈ ਸੁੰਦਰ ਸਿੰਘ ਨੇ ਆਖਿਆ ਸਾਡਾ ਵਡੇਰਾ ਹੈ—ਪੁਲੀਸ ਟੁਰ ਗਈ ਤੇ ਇਹ ਰਾਜ਼ੀ-ਬਾਜ਼ੀ ਭਾਰਤ ਪੁਜ ਗਏ ।

ਡਾਕੂਆਂ ਦਾ ਮੁਕਾਬਲਾ

ਨਾਨਕਾਣੇ ਸ਼ਹਿਰ ਦੇ ਵਿਚੋਂ ਕਾਇਮ ਭੜਿਆਰ ਐਮ. ਐਲ. ਏ. (ਰੌਸ਼ਨ ਅਲੀ ਹੰਬੋਂ ਦਾ ਕੁੜਮ) ਆਪਣੇ ਰਾਖਵਿਆਂ ਚੋਰਾਂ ਤੋਂ ਡਾਕੇ ਮਰਵਾਂਦਾ ਸੀ—ਸ: ਗੁਰਬਖਸ਼ ਸਿੰਘ ਨੇ ਚੋਰੀ ਦੇ ਡਰ ਦੇ ਮਾਰਿਆ ਕਪਾਹ ਦਾ ਕਾਰਖਾਨਾ ਬੰਦ ਕਰ ਦਿੱਤਾ—ਜਥੇਦਾਰ ਹੰਬੋਂ ਨੇ ਪੁਛਿਆ ਤਾਂ ਕਹਿਣ ਲੱਗਾ ਕਾਇਮ ਭੜਿਆਰ ਚੋਰੀ ਕਰਵਾ ਦੇਂਦਾ ਹੈ—ਜੇ ਤੁਸੀਂ ਹਿੱਸੇਦਾਰ ਰਲੋਂ ਤਾਂ ਮੈਂ ਕਾਰਖਾਨਾ ਚਲਾ ਦੇਂਦਾ ਹਾਂ—ਇਹਨਾਂ ਆਖਿਆ ਠੀਕ ਹੈ—ਕਾਰਖਾਨਾ ਚਲਿਆ ਤੇ ਚੋਰੀ ਸ਼ੁਰੂ ਹੋ ਗਈ ਚੋਰ ਕਪਾਹ ਪੰਡਾਂ ਬੰਨ ਬੰਨ ਲੈ ਜਾਣ । ਜਥੇਦਾਰ ਨੇ ਅਵਤਾਰ ਸਿੰਘ, ਦਿਆਲ ਸਿੰਘ ਪੁੱਤਰ ਰੋਜਾ ਸਿੰਘ (ਬਾਦਲਕਾ) ਜਰਨੈਲ ਸਿੰਘ ਪੁੱਤਰ ਸੁਦਾਗਰ ਸਿੰਘ ਅਤੇ ਨਰਿੰਦਰ ਸਿੰਘ ਪੁੱਤਰ ਸ਼ੇਰ ਸਿੰਘ ਇਕ ਦਿਨ ਪਹਿਰੇ ਤੇ ਬੈਠੇ ਸਨ ਤਾਂ ਡਾਕੂ ਆ ਗਏ ਉਥੇ ਟਾਕਰਾ ਹੋ ਪਿਆ—ਮੇਰੇ ਟਾਕਰੇ ਤੇ ਕਾਇਮ ਦਾ ਨਾਮੀਂ ਕੁਲਥੇਬਾਜ਼ ਮਿਹਰ ਆ ਗਿਆ ਮੈਂ ਜੋੜੇ ਕੇ ਡਾਂਗ ਉਹਦੇ ਸਿਰ ਵਿੱਚ ਮਾਰੀ। ਉਹ ਡਿੱਗ ਕੇ ਫੇਰ ਉਠਿਆ ਮੈਂ ਦੂਜੀ ਮਾਰੀ ਬੱਸ ਚਿੱਤ ਹੋ ਗਿਆ । ਨਰਿੰਦਰ ਸਿੰਘ ਤੇ ਟਾਕਰੇ ਤੇ ਗਾਮਾ ਆਇਆ, ਨਰਿੰਦਰ ਸਿੰਘ ਨੇ ਕਿਰਪਾਨ ਮਾਰ ਕੇ ਮਥਿਓਂ ਲੱਗ ਕੇ ਜਬਾੜੇ ਤੱਕ ਉਸ ਦਾ ਮੂੰਹ ਵੱਢ ਦਿੱਤਾ ਉਹ ਵੀ ਚਿੱਤ ਕੀਤਾ ਦਿਆਲ ਸਿੰਘ ਨੇ ਵਲੀਯੇ ਨੂੰ ਡਾਂਗ ਨਾਲ ਡੇਗ ਦਿੱਤਾ ਤੇ ਚੌਥਾ ਜਰਨੈਲ ਸਿੰਘ ਨੇ ਦਾਹ ਕਢਿਆ ਪਰ ਆਪ ਵੀ ਫਟੜ ਹੋ ਗਿਆ ।

ਧਰਮੇ ਦਾ ਕਿਲਾ

ਝੱਬਰ ?
?
0
0
0
0
ਮਖਨ
|
ਸ਼ਮੀਰ ਸਿੰਘ
|
ਸੁੰਦਰ ਸਿੰਘ

ਕਿਹਰ ਸਿੰਘ ਦੀ ਜ਼ਬਾਨੀ ਹੈ ਕਿ ਸਾਡੀ 30 ਘੁਮਾਂ ਜ਼ਮੀਨ ਵਿਚ ਭਿੜ ਸੀ ਉਸ ਉਤੇ ਸਾਡੇ ਵਡਿਆਂ ਦੇ ਮਕਾਨ ਕਿਲੇ ਦੀ ਹਵੇਲੀ ਵਿਚ ਸਨ—ਇਸ ਦਾ ਪੁਰਾਤਨੀ ਨਾਮ ਧਰਮੇ ਦਾ ਕਿਲਾ ਸੀ ਸਾਡੇ ਵੱਡੇ ਦਸਿਆ ਕਰਦੇ ਸਨ ਕਿ ਅਸੀਂ ਝੱਬਰਾਂ ਮਿਲਦੇ ਹਾਂ। ਪਤਾ ਨਹੀਂ ਅੱਜ ਕਲ ਕਿੱਥੇ ਹਨ।

—0—0—

ਪਿੰਡ ਸਾਹੋ ਕੀ ਮਲੀਆਂ
|
0
|
0
|
0
|
0
|
ਕਨੲ੍ਹੀ
|
ਲਾਲ ਸਿੰਘ
|
ਸੋਹਨ ਸਿੰਘ
|
ਚੌ: ਬੇਲਾ
|
ਜਵਾਲ ਸਿੰਘ — ਆਲਾ ਸਿੰਘ — ਮੇਹਰ ਸਿੰਘ — ਬਾਲ ਸਿੰਘ


ਜਵਾਲ ਸਿੰਘ
|
ਬਹਾਦਰ ਸਿੰਘ
|
ਫੂਲਾ ਸਿੰਘ
ਬਲਵੰਤ ਸਿੰਘ—ਹਾਲ ਨੀਸਿੰਗ ਦੀ ਜ਼ੁਬਾਨੀ

1. ਆਹਰਾ—ਇਸਦਾ ਮੜ੍ਹ ਪਿੰਡ ਘੰਗੇ (ਜ਼ਿਲਾ ਗੁਜਰਾਂਵਾਲਾ) ਦੀ ਜ਼ਮੀਨ ਵਿੱਚ ਸੀ—ਇਸਦੇ ਨਾਮ ਤੇ 900 ਏਕੜ ਭੌਂਇ ਬ੍ਰਾਹਮਣਾਂ ਦੇ ਕਬਜ਼ੇ ਵਿੱਚ ਸੀ—(ਜ਼ਬਾਨੀ ਭਾ: ਕਰਤਾਰ ਸਿਘ ਝੱਬਰ ਅਤੇ ਕੇਹਰ ਸਿੰਘ ਘੰਗਾ ਨਿਵਾਸੀ)
2. (a) ਸਾਗਰ, ਜਦੋਂ ਗਜਿਆਣੇ ਵਿਚੋਂ ਭੱਟੀਆਂ ਨੂੰ ਵਿਰਕੋਤ ਨੇ ਰਲ ਕੇ ਕੱਢ ਦਿੱਤਾ ਤਾਂ ਉਹ ਝੱਬਰਾਂ ਦੀ ਜੂਹ ਵਿੱਚ ਆਣ ਬੈਠੇ ਪਤਾ ਲੱਗਣ ਤੇ ਸਾਗਰ ਇਕੱਲਾ ਹੀ ਭੱਟੀਆਂ ਨੂੰ ਉਠਾਣ ਚਲਾ ਗਿਆ। ਭੱਟੀਆਂ ਇਕੱਲਾ ਵੇਖ ਕੇ ਮਾਰ ਦਿੱਤਾ ਤੇ ਝੱਬਰਾਂ ਦੇ ਆਉਂਦੇ ਕਰਦਿਆਂ ਨੂੰ ਭੱਟੀ ਉਥੋਂ ਪੱਤਰੇ ਵਾਚ ਗਏ। (ਜ਼ੁਬਾਨੀ ਰੰਗਾ ਸਿੰਘ[1] ਈਸ਼ਰ ਕਾ ਉਮਰ 80 ਸਾਲ ਸਫੈਦੋਂ ਮੰਗੇ।

   (b) ਇਸੇ ਤੋਂ ਸਾਗਰ ਦੀ ਪਤੀ ਚਲੀ।
3. ਭਾਈ ਕਰਤਾਰ ਸਿੰਘ ਪ੍ਰਸਿਧ ਝੱਬਰ, ਜਨਮ 1874, ਅਕਾਲੀ ਲਹਿਰ ਦੇ ਮਸ਼ਹੂਰ ਘਲਾਟਘੇ ਅਤੇ ਪੰਥਕ ਮੋਰਚਿਆਂ ਦੇ ਅਜਿਤ ਜਰਨੈਲ। 2-2-1957 ਨੂੰ ਆਯੂ 83 ਦੀ ਸੀ।
4. ਭਾਈ ਇੰਦਰ ਸਿੰਘ ਜੀ—ਇਹ ਭਾਈ ਜੀਵਨ ਸਿੰਘ ਚਕ ਜੈਦ (ਕਰਤਾ ਵਿਰਕ ਇਤਿਹਾਸ) ਦੇ ਸਹਿਪਾਠੀ ਸਨ।
5. ਮੇਜਰ ਬਲਦੇਵ ਸਿੰਘ I O.M (ਰੀਟਾਇਰਡ) ਆਪਣੇ ਪਿਤਾ ਵਾਕੁ ਇਕ ਸੂਰਮੇ ਅਤੇ ਦਲੇਰ ਫੌਜੀ ਅਫਸਰ ਰਹੇ ਹਨ। ਆਪ ਜੀ ਨੇ ਬਹਾਦਰੀ ਦੇ ਕੰਮ ਕੀਤੇ। ਅੰਗਰੇਜ਼ਾਂ ਆਪ ਦੀ ਪ੍ਰਸੰਸਾ ਵਜੋਂ I O.M ਦਾ ਤਮਗਾ ਦਿਤਾ। ਆਪ ਜੀ ਵੀ ਗੁਜਰਾਂਵਾਲੇ ਸਕੂਲ ਵਿਚ ਜੂਨੀਅਰ ਕਲਾਸਾਂ ਵਿਚ ਸਨ ਜਦ ਗਿਆਨੀ ਜੀ ਉਥੇ ਮੈਟਰਿਕ ਕਰ ਰਹੇ ਸਨ (1925/26)।
6. ਚੌਧਰੀ ਹਰਿਦਾਸ—ਇਹ ਆਪਣੇ ਸਮੇਂ ਦੀ ਪੰਚਾਇਤ ਦਾ ਚੌਧਰੀ ਸੀ।
7. ਬਾਬਾ ਮੰਗਲ ਸਿੰਘ—ਆਪ ਜੀ 18 ਸਾਲ ਦੀ ਆਯੂ ਵਿਚ ਹੀ ਮਹਾਰਾਜਾ ਰਣਜੀਤ ਸਿੰਘ ਨੇ ਭਰਤੀ ਕਰਕੇ ਕੁਮੇਦਾਨੀ ਦਿਤੀ— ਆਪ ਜੀ ਦੀ ਇਕ ਸਪੁਤਰੀ ਬੀਬੀ ਰਾਜ ਕੌਰ, ਕੰਵਰ ਸ਼ੇਰ ਸਿੰਘ ਦੇ ਸਪੁਤ੍ਰ ਕੰਵਰ ਸ਼ਿਵਦੇਵ ਸਿੰਘ (ਪ੍ਰਸਿਧ ਦੇਵਾ ਸਿੰਘ ਦਲ ਵਿਆਹੀ ਗਈ।
8. ਬਾਬਾ ਦਯਾ ਸਿੰਘ ਜੀ ਫੌਜ ਵਿਚੋਂ ਸੂਬੇਦਾਰੀ ਪੈਨਸ਼ਨ ਆਏ।
9. ਸ: ਨੈਪਾਲ ਸਿੰਘ ਜੀ ਜ਼ੈਲਦਾਰ ਹਨ—1947 ਪਿਛੋਂ ਆਪ ਜੀ ਦਾ ਪ੍ਰਵਾਰ ਦਸੂਹੇ ਆ ਟਿਕਿਆ। ਆਪ ਜੀ ਨੇ ਸੰਨ 1976 ਵਿਚ ਚਲਾਣਾ ਕੀਤਾ।
10. ਸ: ਕੁਲਦੀਪ ਸਿੰਘ—ਇਹ ਆਈ. ਏ. ਐਸ. ਕੇਡਰ ਦੇ ਅਫਸਰ ਸਨ, ਆਪਣੀ ਨੌਕਰੀ ਦੇ ਦੌਰਾਨ ਡਿਪਟੀ ਕਮਿਸ਼ਨਰ ਕਈ ਥਾਈਂ ਰਹੇ। ਫਿਰ ਆਪ ਜੀ ਯੂ. ਪੀ. ਐਸ. ਸੀ. ਦੇ ਚੇਅਰਮੈਨ ਦੇ ਤੌਰ ਤੇ ਰਿਟਾਇਰ ਹੋਏ। ਅਜ ਕਲ ਆਪ ਆਪਣੀ ਕੋਠੀ ਪਿੰਡ ਖੁਰਲਾ ਕਿੰਗਰਾ ਨਜ਼ਦ ਜਲੰਧਰ ਰਹਿੰਦੇ ਹਨ।
11. ਪ੍ਰਿਥੀਪਾਲ ਸਿੰਘ—ਇਹ ਫੌਜ ਵਿਚੋਂ ਲੈਫਟੀਨੈਂਟ ਕਰਨਲ ਦੀ ਪੈਨਸ਼ਨ ਤੇ ਰਿਟਾਇਰ ਹੋਏ। ਆਪ ਜੀ ਅਕਸਰ ਜਲੰਧਰ ਹੀ ਰਹਿੰਦੇ ਹਨ।
12. ਰਾਜਦੀਪ ਸਿੰਘ—ਫੌਜ ਵਿਚ ਲੈਫਟੀਨੈਂਟ ਕਰਨਲ ਹਨ।
13. ਬ੍ਰਜਦੀਪ ਸਿੰਘ—ਇਹ ਹਵਾਈ ਸੈਨਾ ਵਿਚ ਫਲਾਈਟ ਲੈਫਟੀਨੈਂਟ ਹਨ।
14. ਸਰਬਦੀਪ ਸਿੰਘ—ਇਹ ਪੰਜਾਬ ਪੁਲਿਸ ਵਿਚ ਡੀ. ਐਸ. ਪੀ. ਹਨ।
15. ਹਵਲਦਾਰ ਵਰਯਾਮ ਸਿੰਘ 56 ਸਿਖ ਰਜਮੈਂਟ ਵਿਚੋਂ ਪੈਨਸ਼ਨ ਆਏ ਸਨ। ਆਪ ਜੀ ਨੇ ਕਰਤਾਰਪੁਰ ਜ਼ਿਲਾ ਜਲੰਧਰ ਮਹੀਨਾ ਅਕਤੂਬਰ 1947 ਨੂੰ ਚਲਾਣੇ ਕੀਤੇ।

---


1. ਇਨ੍ਹਾਂ ਨੇ ਇਕ ਲੋਕੁਰਤੀ ਵੀ ਦਸੀ ਸੀ ਜੋ ਨਿੰਦਾਜਨਕ ਹੋਣ ਕਰਕੇ ਲਿਖੀ ਨਹੀਂ ਗਈ।



---


1. ਇਹ ਕੰਟੀ ਫੱਕਰ ਵੰਸ਼ 1730 ਈ: ਦੇ ਏੜ ਗੇੜ ਪਿੰਡ ਤੁੜਭਪੁਰਾ ਜ਼ਿਲ੍ਹਾ ਅੰਬਾਲਾ ਵਿਚ ਜਾ ਵੱਸਿਆ।
2. ਅਰੂੜ ਸਿੰਘ ਨੰਬਰਦਾਰ—ਇਹ ਕੁਰਸੀਨਾਮਾ ਇਹਨਾਂ ਦੀ ਜ਼ਬਾਨੀ ਹੈ। ਇਹ ਸਾਰਾ ਪ੍ਰੀਵਾਰ ਬਖ਼ਸ਼ੀ ਸਦਵਾਉਂਦਾ ਹੈ।

(ਪਿੰਡ ਝੱਕਰ) ਮੌਜੂਦਾ ਤੁਗਲਪੁਰਾ ਜ਼ਿ: ਅੰਬਾਲਾ



ਮਲੀਠ

ਘੋਖਰ ਕੀ ਮਲੀਆਂ—



---

1. ਸੁੱਚਾ ਸਿੰਘ—ਇਹ ਕੁਰਸੀਨਾਮਾ ਇਹਨਾਂ ਦੀ ਜ਼ਬਾਨੀ ਹੈ।

ਜਾਉ ਪੁਤ੍ਰ ਮਲੀਠ ਦੀ ਅੰਸ ਇਹਨਾਂ ਬਾਰਾਂ ਮਲੀਆਂ[1] ਨਾਮੀ ਪਿੰਡਾਂ ਵਿਚ ਰਹਿੰਦੀ ਸੀ ।

1. ਵੱਡੀਆਂ ਮਲੀਆਂ (ਚਬੂਤਰੇ ਵਾਲੀਆਂ ਮਲੀਆਂ)
2. ਖੇਰੋ ਕੀ ਮਲੀਆਂ
3. ਘੱਲਣ ਕੀ ਮਲੀਆਂ
4. ਖੋਖਰ ਕੀ ਮਲੀਆਂ
5. ਲਧੇ ਕੀ ਮਲੀਆਂ
6. ਮੌਜੇ ਕੀ ਮਲੀਆਂ
7. ਦਾਉ ਕੀ ਮਲੀਆਂ
8. ਚੀਚੋਂ ਕੀ ਮਲੀਆਂ
9. ਸਾਹੋ ਕੀ ਮਲੀਆਂ
10. ਬੰਦੇਛ ਥੰਬਾਂ ਵਾਲੀ ਦੇ ਨਾਨਕੀ ਵਿਰਸਾ ।
11. ਕਿਆਮਪੁਰ—ਇਥੇ ਖੋਖਰ ਸਨ ।
12. ਧੀਰ ਦਾ—ਹੁਣ ਡੋਗਰ ਆਬਾਦ ਸਨ ।

—0—0—

ਪਿੰਡ ਮਲੀਆਂ ਚਬੂਤਰੇ ਵਾਲੀਆਂ

ਇਥੋਂ ਦਾ ਚੌਧਰੀ ਨਿਹਾਲ ਕੌਮ ਵਿਰਕ 80 ਪਿੰਡਾਂ ਦਾ ਜ਼ੈਲਦਾਰ ਸੀ ਔਨਰੇਰੀ ਮੈਜਿਸਟਰੇਟ ਵੀ ਸੀ । ਇਸ ਨੇ ਲੜਕੀਆਂ ਦੇ ਨਾਮ ਜ਼ਮੀਨ ਨਾ ਲਗਣ ਦਾ ਕਾਨੂੰਨ ਪਾਸ ਕਰਵਾਇਆ ਸੀ । ਇਸ ਦੀ ਅੰਸ ਨਹੀਂ ਚਲੀ—ਇਕੋ ਲੜਕੀ ਸੀ ਜੋ ਸ: ਕ੍ਰਿਪਾਲ ਸਿੰਘ ਮਾਨ ਪਿੰਡ ਮਾਨਾਂਵਾਲਾ ਦੇ ਲੜਕੇ ਕਪੂਰ ਸਿੰਘ ਨਾਲ ਵਿਆਹੀ ਸੀ । ਚੌਧਰੀ ਸੱਠ ਮੁਰਬੇ ਦਾ ਮਾਲਿਕ ਸੀ—ਨੰਦ ਲਾਲ, ਮੁਨਸ਼ੀ ਸ: ਰਛਪਾਲ ਸਿੰਘ ਵਕੀਲ ਦਾ, ਇਸੇ ਪਿੰਡ ਦਾ ਸੀ ।


ਚੌਧਰੀ ਨਿਹਾਲ ਜੀਵਨ ਕਾਲ (ਅਨੁਮਾਨਤ) 1900/1930 ਈ:)


---

1. ਪੰਜਾਬ ਗਜ਼ਟਰੀਯਰ ਗੁਜਰਾਂਵਾਲਾ ਡਿਸਟ੍ਰਿਕਟ 1883-84 ਦੇ ਅਨੁਸਾਰ ਇਹਨਾਂ ਪਿੰਡਾਂ ਵਿੱਚ ਮਲ੍ਹੀ ਗੋਤ ਦੇ ਜੱਟ ਆਬਾਦ ਸਨ—ਇਹਨਾਂ ਮਲ੍ਹੀਆਂ ਦਾ ਉਥਾਨ ਕੇਂਦਰ ਮੁਲਤਾਨ (ਮਲ੍ਹੀ ਅਸਥਾਨ) ਸੀ । ਇਹਨਾਂ ਦੇ ਪੂਰਵਜ ਸੂਰਜ ਦੀ ਪੂਜਾ ਕਰਦੇ ਸਨ—ਮੁਲਤਾਨ ਵਿੱਚ ਸੂਰਜ ਦਾ ਪ੍ਰਸਿੱਧ ਮੰਦਰ ਸੀ ।

ਮਲ੍ਹੀਆਂ ਨੂੰ ਹੰਜਰਾਂਵਾ ਨੇ ਆਕੇ ਇਥੋਂ ਕਢਿਆ ਜੋ ਕੁਛ ਤਾਂ ਝਨਾਂ ਵਲ ਜਾ ਵਸੇ ਕੁਝ ਮੁਲਤਾਨ ਨੂੰ ਨਿਕਲ ਗਏ—ਫਿਰ ਵਿਰਕਾਂ ਨੇ ਆ ਕੇ ਹੰਜਰਾਵਾਂ ਨੂੰ ਇਥੋਂ ਕਢਿਆ ਜੋ ਮਲ੍ਹੀਆਂ ਦੇ ਮਗਰੇ ਮਗਰ ਝਨਾਂ ਨੂੰ ਨਿਕਲ ਗਏ ਕੁਝ ਥੋੜੇ ਬਹੁਤ ਸ਼ੇਖੂਪੁਰੇ ਦੇ ਠੇੜੇ ਰਹਿ ਗਏ ।

ਮਲ੍ਹੀ ਅਜੇ ਤਹਿਸੀਲ ਸ਼ਾਹਦਰਾ ਅਤੇ ਜ਼ਿਲਾ ਸਿਆਲਕੋਟ ਵਿੱਚ ਟਾਂਵੇਂ ਟਾਵੇਂ ਪਿੰਡਾਂ ਵਿੱਚ ਸਨ, ਜੋ 1947 ਪਿੱਛੋਂ ਭਾਰਤ ਆ ਗਏ । (ਗਿਆਨੀ ਜੀ)





ਦਰਗਾਹ ਸਿੰਘ

ਪਰਧਾਨ ਸਿੰਘ

ਦਯਾ ਸਿੰਘ — ਦਯਾਲ ਸਿੰਘ — ਦੇਵਾ ਸਿੰਘ × — ਦਲ ਸਿੰਘ ×

ਜਵੰਦ ਸਿੰਘ × — ਲਹਿਣਾ ਸਿੰਘ

ਹੁਕਮ ਸਿੰਘ

ਅਮਰ ਸਿੰਘ × — ਮੰਗਲ ਸਿੰਘ

ਖੁਸ਼ਾਲ ਸਿੰਘ × — ਕਰਤਾਰ ਸਿੰਘ ×

ਨਿਸ਼ਾਨ ਸਿੰਘ[3] — ਵਰਯਾਮ ਸਿੰਘ — ਗਯਾਨ ਸਿੰਘ — ਬਾਲ ਸਿੰਘ — ਮੂਲਾ ਸਿੰਘ — ਫੂਲਾ ਸਿੰਘ — ਸ਼ਾਮ ਸਿੰਘ — ਰਾਮ ਸਿੰਘ

ਰਜਵੰਤ ਸਿੰਘ — ਅਨੋਖ ਸਿੰਘ — ਜਗੀਰ ਸਿੰਘ — ਕਪੂਰ ਸਿੰਘ

(..................ਅਸੰਧ...................)

ਅਰਜਨ ਸਿੰਘ — ਦਰਸ਼ਨ ਸਿੰਘ
(ਕਿਛਾ ਜ਼ਿ: ਨੈਨੀਤਾਲ ਯੂ.ਪੀ.)

ਜਰਨੈਲ ਸਿੰਘ — ਕਰਨੈਲ ਸਿੰਘ — ਉਜਾਗਰ ਸਿੰਘ
(......... ਲਖਮੀਰਪੁਰ ਯੂ. ਪੀ....., ...)

ਦਲੀਪ ਸਿੰਘ — ਮਾਨਸਿੰਘ — ਚਤਰਸਿੰਘ — ਗੁਰਬਖਸ਼ਸਿੰਘ — ਭਗਤਸਿੰਘ — ਪਾਲਾ ਸਿੰਘ
(... .... ਅਸੰਧ ....)

ਸੁਰੈਨ ਸਿੰਘ — ਜੈਮਲ ਸਿੰਘ — ਸ਼ੀਸ਼ਾ ਸਿੰਘ — ਸੰਤਾ ਸਿੰਘ
(...............................ਅਸੰਧ....................................) (ਫੁਟ ਨੋਟ ਔਗੇ)

ਸ਼ੇਰ ਦਿਲ ਸਿੱਖ ਮੇਜਰ

12 ਫਰੰਟੀਅਰ ਫੋਰਸ ਰਜਮੰਟ ਦੇ ਮੇਜਰ ਹਰਬੰਸ ਸਿੰਘ ਵਿਰਕ ਨੇ ਬਰਮਾਂ ਵਿੱਚ ਮਕਤੀਲਾ ਦੇ ਦੱਖਣ ਵੱਲ ਸਦਾਂਗ ਪਿੰਡ ਤੇ ਕੀਤੇ ਗਏ ਸਫਲਤਾ ਪੂਰਵਕ ਹਮਲਿਆਂ ਦੀ ਅਗਵਾਈ ਕਰਕੇ ਡੀ. ਐਸ. ਓ. ਪ੍ਰਾਪਤ ਕਰ ਲਿਆ ਹੈ। ਆਪ ਜ਼ਿਲਾ ਸ਼ੇਖੂਪੁਰਾ ਵਿੱਚ ਪਿੰਡ ਚੂਹੜਕਾਣਾ ਦੇ ਵਸਨੀਕ ਜੱਟ ਹਨ ਸਰਕਾਰੀ ਇਤਲਾਹ ਵਿੱਚ ਲਿਖਿਆ ਹੈ, "ਇਹ ਜਿੱਤ ਕੇਵਲ ਇਸ ਸ਼ੇਰਦਿਲ ਅਫਸਰ ਦੀ ਦਲੇਰੀ ਤੇ ਪਹਿਲ ਦੇ ਪਰਤਾਪ ਹੀ ਪ੍ਰਾਪਤ ਹੋਈ ਹੈ।"

ਅਸਲੀ ਵਾਰਦਾਤ ਇਹ ਹੈ ਕਿ ਸਦਾਂਗ ਪਿੰਡ ਵਿੱਚ ਇੱਕ ਤਗੜੀ ਜਪਾਨੀ ਫੌਜ ਦੀ ਦਸ ਪੈਂਦੀ ਸੀ ਜੋ ਮਸ਼ੀਨਗਨਾਂ ਤੇ ਮੋਰਟਰਾ ਨਾਲ ਲੈਸ ਸੀ। ਸੋ ਉਸ ਪਿੰਡ ਤੇ ਹਮਲਾ ਕੀਤਾ ਗਿਆ। ਹਮਲੇ ਵਿੱਚ ਮੇਜਰ ਹਰਬੰਸ ਸਿੰਘ ਵਿਰਕ ਆਪਣੀ ਕੰਪਨੀ ਦੀ ਕਮਾਨ ਕਰ ਰਹੇ ਸਨ। ਆਪ ਆਪਣੇ ਜੁਆਨਾਂ ਨੂੰ ਪਿੰਡ ਵਿੱਚ ਕਾਫੀ ਦੂਰ ਤੀਕ ਲੈ ਗਏ ਅਤੇ ਜਦ ਕਈਆਂ ਪਾਸਿਓਂ ਤੋਂ ਆ ਰਹੇ ਫੈਰਾਂ ਕਾਰਨ ਆਪ ਨੂੰ ਰੁਕਣਾ ਪਿਆ ਤਾਂ ਵੀ ਆਪ ਨੇ ਇੱਕ ਥਾ ਪੱਕੀ ਤਰ੍ਹਾਂ ਪੈਰ ਜਮਾਈ ਰੱਖੇ।

ਮੇਜਰ ਵਿਰਕ ਨੇ ਨਿਸ਼ਚਾ ਕੀਤਾ ਹੋਇਆ ਸੀ ਕਿ ਦੁਸ਼ਮਣ ਨੂੰ ਪਿੰਡ ਵਿੱਚ ਹੀ ਤਬਾਹ ਕਰ ਦੇਣਾ ਹੈ। ਸੋ ਉਹਨਾਂ ਨੇ ਦੋ ਪਲਾਟੂਨਾਂ ਨੂੰ ਨਵੇਂ ਹਮਲੇ ਲਈ ਸਾਹ ਦੁਆਉਣ ਲਈ ਵਿਹਲਿਆਂ ਕਰ ਦਿੱਤਾ। ਫੇਰ ਆਪ ਨੇ ਆਪਣੇ ਜੁਆਨਾਂ ਨੂੰ ਜਥੇਬੰਦ ਕਰਕੇ ਜੈਕਾਰਾ ਲਾਇਆ ਅਤੇ ਦੁਸ਼ਮਣ ਦੇ ਮੋਰਚੇ ਦੇ ਵਿਚਕਾਰ ਜਾ ਹੱਲਾ ਬੋਲਿਆ। ਛੇਤੀ ਹੀ ਮਗਰੋਂ ਦੁਸ਼ਮਣ ਦਾ ਇਹ ਮੋਰਚਾ ਸਰ ਹੋ ਗਿਆ। ਇਸ ਤੋਂ ਬਾਅਦ ਆਪ ਨੇ ਇਕ ਹੋਰ ਹਮਲੇ ਵਿਚ ਆਪਣੇ ਜੁਆਨਾਂ ਦੀ ਅਗਵਾਈ ਕੀਤੀ ਤੇ ਦੁਸ਼ਮਣ ਵਿੱਚ ਭਾਜੜ ਪਾ ਦਿੱਤੀ। ਜਪਾਨੀਆਂ ਦੇ ਦਿਲ ਟੁਟ ਗਏ। ਉਤੋਂ ਰਹਿੰਦੀ ਖੂੰਹਦੀ ਕਸਰ ਸਾਡੇ ਟੈਂਕਾਂ ਨੇ ਪੂਰੀ ਕਰ ਦਿੱਤੀ। ਉਹਨਾਂ ਨਠੇ ਜਾਂਦੇ ਜਪਾਨੀਆਂ ਦਾ ਪਿੱਛਾ ਕੀਤਾ ਤੇ ਜਿਹੜਾ ਵੀ ਹੱਥ ਆਇਆ ਉਹਦੀਆਂ ਫੱਕੀਆਂ ਉਡਾ ਦਿੱਤੀਆਂ।


ਇਸ ਕਾਰਵਾਈ ਵਿੱਚ 100 ਨਾਲੋਂ ਵੱਧ ਜਪਾਨੀ ਮਾਰੇ ਗਏ ਅਤੇ ਜੋ ਸਮਾਨ ਸਾਡੇ ਹੱਥ ਆਇਆ ਉਸ ਵਿੱਚ 75 ਮਿਲੀ ਮੀਟਰ ਦੀਆਂ 2 ਤੋਪਾਂ, ਦੋ ਮੋਰਟਰ ਤੇ ਹੋਰ ਬਹੁਤ ਸਾਰੇ ਛੋਟੇ ਛੋਟੇ ਹਥਿਆਰ ਸ਼ਾਮਲ ਹਨ। ਸਾਡਾ ਜਾਨੀ ਨੁਕਸਾਨ ਬਹੁਤ ਘੱਟ ਹੋਇਆ।

(ਪੰਨਾ 558 ਦੀ ਬਾਕੀ)

ਤਾਂ ਭਾਈ ਤੇਜਾ ਸਿੰਘ (ਹੁੰਦਲ ਜੱਟ) ਡੇਰੇ ਦਾ ਸੇਵਕ ਕਿਸ਼ੋਰ ਅਵਸਥਾ ਭੱਜ ਕੇ ਚੂਹੜਕਾਣੇ ਆ ਗਏ ਤੇ ਨਗਰ ਦੇ ਗੁਰਦਵਾਰੇ ਟਿਕ ਗਏ । ਆਪ ਜੀ ਪਿੰਡ ਢਾਬ ਦੇ ਕੰਢੇ ਮੂੰਜੀ ਬੀਜ ਕੇ, ਉਸਦੀ ਆਮਦਨ ਨਾਲ ਗੁਰਦਵਾਰੇ ਵਿੱਚ ਆਏ ਗਏ ਦੀ ਸੇਵਾ ਕਰਦੇ। ਪਿੰਡ ਫੁਲਰਵੰਨਾਂ ਦੀ ਨਵੀਂ ਆਬਾਦੀ ਹੋਈ ਤਾਂ ਆਪ ਜੀ ਉਥੋਂ ਦੇ ਗੁਰਦਵਾਰੇ ਦੀ ਸੇਵਾ ਸੰਭਾਲ ਲਈ ਚਲੇ ਗਏ, ਆਪ ਜੀ ਦੇ ਸਪੁਤਰ ਭਾਈ ਕਰਤਾਰ ਸਿੰਘ ਜੀ ਗੁਰੂ ਘਰ ਦੇ ਪ੍ਰਸਿੱਧ ਕੀਰਤਨੀਏ ਤੇ ਪ੍ਰਚਾਰਕ ਹੋ ਗੁਜ਼ਰੇ ਹਨ ਇਸ ਪ੍ਰੀਵਾਰ ਨੂੰ ਭਾਈ ਮੂਲ ਸਿੰਘ ਗਰਮੂਲਾਂ ਦੀ ਸੁਭਾਗ ਸੰਗਤ ਪ੍ਰਾਪਤ ਰਹੀ।

ਇਸ ਨਗਰ ਨੂੰ ਹੀ ਸੁਭਾਗ ਪ੍ਰਾਪਤ ਸੀ ਕਿ ਇਲਾਕੇ ਭਰ ਵਿੱਚ ਸਭ ਤੋਂ ਪਹਿਲਾਂ ਖਾਲਸਾ ਸਕੂਲ, ਗੁਰਮੁਖ ਪਿਆਰੇ ਭਾਈ ਮੂਲ ਸਿੰਘ ਜੀ ਦੇ ਪ੍ਰਬੰਧ ਹੇਠ ਚਾਲੂ ਕੀਤਾ ਗਿਆ । ਜੋ ਕਈ ਕਾਰਨਾਂ ਕਰਕੇ ਭਾਈ ਕਰਤਾਰ ਸਿੰਘ ਜੀ ਝੱਬਰ ਅਤੇ ਭਾਈ ਤੇਜਾ ਸਿੰਘ ਜੀ ਚੂਹੜਕਾਣਾ ਦੇ ਹੱਥ ਚਲਾ ਗਿਆ—ਜੋ ਉਹਨਾਂ ਦੀ ਜੇਲ੍ਹ ਯਾਤਰਾ ਸਮੇਂ ਉਕਾ ਬੰਦ ਹੋ ਗਿਆ—ਸ਼ੋਕ ! ਮਹਾਂ ਸ਼ੋਕ ॥

ਸਾਡੇ ਸਿੱਖਾਂ ਵਿੱਚ ਇਹ ਇਕ ਇਤਿਹਾਸਕ ਤਰੁੱਟੀ ਹੈ ਕਿ ਸਿੱਖ ਮਾਰਾਂ ਮਾਰਨ, ਕੁਰਬਾਨੀ ਕਰਨ, ਆਪਣੇ ਇਰਾਦੇ ਵਿੱਚ ਕਾਮਯਾਬੀ ਪ੍ਰਾਪਤ ਕਰਨ ਵਿੱਚ ਬੇਮਿਸਾਲ ਹੈ ਮਗਰ ਹਾਸਲ ਕੀਤੀ ਕਾਮਯਾਬੀ ਨੂੰ ਚਾਲੂ ਰੱਖਣਾ ਤੇ ਉਸ ਤੋਂ ਫਾਇਦਾ ਉਠਾਣਾ ਸਾਨੂੰ ਸਿੱਖਾਂ ਨੂੰ ਨਹੀਂ ਆਉਂਦਾ । ਸਾਡੀਆਂ ਮਾਰਾਂ ਮਾਰੀਆਂ ਦੂਸਰੇ ਖਾਂਦੇ ਹਨ ਤੇ ਨਾਲੇ ਸਾਨੂੰ ਘੂਰਦੇ ਹਨ । ਅਸੀਂ ਬੇਵਸ ਹੋਏ ਉਹਨਾਂ ਨੂੰ ਖਾਦਿਆਂ ਅੱਖਾਂ ਮੀਟ ਦਿਲ ਵਿੱਚ ਝੂਰਨ ਤੋਂ ਸਿਵਾ ਹੋਰ ਕੁਛ ਨਹੀਂ ਕਰਦੇ । ਇਹ ਅਟਲ ਸਚਾਈ ਹੈ (ਗਿਆਨੀ ਜੀ)



1. ਭਾਈ ਜਗਤ ਸਿੰਘ ਜੀ ਨਿਹੰਗ ਦੱਸਦੇ ਸਨ ਕਿ ਸਾਡੇ ਬਜ਼ੁਰਗਾਂ ਦਾ ਮਾਲ ਮੌਜੂਦਾ ਡਿਊਢੀ ਵੜੈਚਾਂ ਨਵਦ ਢਾਬਾਂ ਜਿ ਨੇ ਮਾਰਕੇ, ਜਲਾਦ ਖਾਂ ਭੱਟੀ ਦੀ ਅਗਵਾਈ ਹੇਠ ਭਜਾ ਲਿਆ—ਖੋਜੀ, ਖੁਰਾ ਸ਼ਾਹਕੋਟ ਲੈ ਅਪੜੇ, ਉਥੇ ਵਿਰਲਾਂ ਦਸ ਵਜੇ ਭਾਰੀ ਲੜਾਈ ਵਿੱਚ ਪਾਂਡੋਂ ਦੇ ਠਾਕਰ ਨੇ ਜਲਾਦ ਖਾਂ ਦਾ ਸਿਰ ਵਢਿਆ—ਉਸ ਲੜਾਈ ਦੀ ਵਾਰ ਦਾ ਇਕ ਬੰ

ਮਾਰੀ ਤੇਗ ਜਲਾਦ ਨੂੰ ਪਾਂਡੋਂ ਦੇ ਠਾਕਰ

(ਪੰਨਾ 557 ਦੇ ਫੁਟ ਨੋਟ)

---

1. ਸਾਬੋ—ਇਸ ਦੀ ਅੰਸ ਪਿੰਡ ਭਨੋਹੜ ਨਜ਼ਦ ਚੂਹੜਕਾਣਾ ਵੱਸਦੀ ਸੀ, ਜੋ 1947 ਦੇ ਦੇਸ਼ ਬਟਵਾਰੇ ਉਪਰੰਤ ਅਧਿਕਤਰ ਨਗਰ ਅਸੰਧ ਜ਼ਿਲਾ ਕਰਨਾਲ ਜਾਂ ਉਸਦੇ ਆਲੇ ਦੁਆਲੇ ਆਬਾਦ ਹੈ।

———

ਭਨੋਹੜ, ਸੰਗਯਾ ਦਾ ਕਾਰਨ ਇਉਂ ਪ੍ਰਤੀਤ ਹੁੰਦਾ ਹੈ, ਜੋ ਤੈਮੂਰ (1398) ਦੇ ਹਮਲੇ ਸਮੇਂ ਭਠਨੇਰ ਤੋਂ ਭੁੱਠਲ ਜ਼ਿਮੀਂਦਾਰ ਉਠ ਕੇ ਪੁਰਾਣੇ ਥੇਹ (ਜੋ ਵਰਤਮਾਨ ਪਿੰਡ ਤੋਂ ਨਹਿਰੋਂ ਪਾਰ ਲਹਿੰਦੇ ਪਾਸੇ ਇਕ ਮੀਲ ਦੀ ਵਿਥ ਤੇ, ਰੇਲ ਦੀ ਲਾਈਨੋਂ ਪਹਾੜ ਵੱਲ ਹੈ) ਵਾਲੇ ਥਾਂ ਤੇ ਆ ਕੇ ਆਬਾਦ ਹੋ ਗਏ। ਜਿਸਦਾ ਨਾਮ ਭਨੋਹੜ ਸੀ। ਜਿਸਦਾ ਪ੍ਰੰਵਰਤਤ ਰੂਪ ਭਨੋਹੜ ਵਰਤਮਾਨ ਹੈ। ਪੰਦਰਵੀਂ/16ਵੀਂ ਸਦੀ ਵਿੱਚ ਵਿਰਕਾਂ ਨੇ ਆ ਕੇ ਭਠਲਾਂ ਨੂੰ ਕੱਢ ਕੇ ਆਪ ਕਬਜ਼ਾ ਜਮਾ ਲਿਆ— ਭੁੱਠਲ ਇਥੋਂ ਉਠ ਕੇ ਨਨਕਾਣਾ ਸਾਹਿਬ ਵਲ ਜਾ ਵੱਸੇ।

ਪੁਰਾਣਾ ਪਿੰਡ ਭੱਟੀਆਂ ਨੇ ਸਾੜ ਦਿੱਤਾ —ਜਿਸ ਤੇ ਦੁਬਾਰਾ ਪਿੰਡ ਵਰਤਮਾਨ ਥਾਂ ਤੇ ਆਬਾਦ ਹੋਇਆ—ਗੁਰਦਵਾਰਾ ਸੱਚਾ ਸੌਦਾ ਇਸੇ ਨਗਰ ਭਨੋਹੜ ਦੀ ਜ਼ਮੀਨ ਵਿੱਚ ਹੈ। ਚੂਹੜਕਾਣੇ ਦੀ ਹੱਦ ਨਾਲ ਲੱਗਦੀ ਹੈ।

ਇਸਨੇ ਭੰਡੋੜ ਨਾਮ ਦਾ ਪਿੰਡ ਵਸਾਇਆ ਜੋ ਸੰਨ 1398 ਈ: ਵਿੱਚ ਤਿਮਰ ਲਿੰਗ ਦੇ ਧਾੜਵੀਆਂ ਨੇ ਸਾੜ ਛਡਿਆ—ਇਹ ਪਿੰਡ, ਮੌਜੂਦਾ ਪਿੰਡ ਦੇ ਲਹਿੰਦੇ ਨਹਿਰੋ, ਰੇਲਵੇ ਲਾਈਨ ਦੇ ਪਹਾੜ ਵਲ ਸੀ। ਇਸਦਾ ਥੇਹ ਮੌਜੂਦਾ ਪਿੰਡ ਦੂਜੀ ਥਾਵੇਂ ਵਸਿਆ ਹੈ। ਜਥੇਦਾਰ ਅਨੋਖ ਸਿੰਘ ਜੀ (ਨਾਂਵਾਂ) ਦਸਦੇ ਹਨ ਕਿ ਪੁਰਾਣੇ ਵਕਤਾਂ ਵਿੱਚ ਜਦ ਕਦੇ ਝਨਾਂ ਵਲੋਂ ਧਾੜ ਆਉਂਦੀ ਤਾਂ ਭੰਡੋੜ ਵਾਸੀ ਤਲਵਰੀਏ ਚੂਹੜਕਾਣੀਆਂ ਦੀ ਮਦਦ ਤੇ ਆ ਜਾਂਦੇ ਤੇ ਹਕਿਆਂ ਦੇ ਹਕੇ ਖਾਲੀ ਕਰ ਦਿਆ ਕਰਦੇ। ਇਕ ਵੇਰ ਅਛੋਪਲੇ ਹੀ ਧਾੜ ਭੰਡੋੜ ਤੇ ਪੈ ਗਈ ਚੂਹੜਕਾਣੀਆਂ ਸਮਝਿਆ ਸਾਡੇ ਤੇ ਪਈ ਹੈ—ਉਹਨਾ ਕੋਠੇ ਦੇ ਦਰਵਾਜ਼ੇ ਬੰਦ ਕਰ ਲਏ—ਚੂਹੜਕਾਣਾ ਬਚ ਗਿਆ ਪਰ ਭੰਡੋੜ ਉਜੜ ਪੁਜੜ ਗਿਆ।

2. ਇਹਨਾਂ ਦੇ ਵਡਕੇ ਨੇ ਜਦ ਛੇਵੀਂ ਪਾਤਸ਼ਾਹੀ 1626 ਈ: ਈਸ਼ਰ ਕਿਆ ਤੋਂ ਹੁੰਦੇ ਆਏ ਤਾਂ ਬੇਨਤੀ ਕੀਤੀ ਪਾਤਸ਼ਾਹ ਮੈਨੂੰ ਸੰਤਾਨ ਦੀ ਦਾਤ ਬਖਸ਼ੋ ਮੈਂ ਆਪਣੀ ਸੰਤਾਨ ਤੁਹਾਡੇ ਅਣਵਿਧ ਸਿੱਖ ਬਣਾਵਾਂਗਾਂ—ਸੰਤਾਨ ਵਧੀ—ਜੋ ਨਿਹੰਗ ਸਦਾਂਦੇ ਹਨ। ਜੋ ਪਿੰਡੀ ਭੱਟੀਆਂ ਵਿੱਚ ਹੁੰਦਾ ਹੋਇਆ ਡੇਰਾ ਜਾਤ ਨੂੰ ਜਾਂਦਾ ਸੀ। ਇਹ ਨਗਰ ਬਿਲਕੁਲ ਉਸ ਦੇ ਕੰਢੇ ਤੇ ਆਬਾਦ ਇਹ ਬੜਾ ਮੁਕਾਮੀ ਨਗਰ ਸੀ, ਅਤੇ ਇਸਦੀਆਂ ਕਈ ਪੱਤੀਆਂ ਸਨ—ਪਿੰਡ ਦੇ ਲਹਿੰਦੇ ਪਾਸੇ ਗੁਰਦਵਾਰਾ ਖਰਾ ਸੌਦਾ (ਸਚਾ ਸੌਦਾ) ਸੀ। ਜੋ ਕਿ ਇਸੇ ਨਗਰ ਦੇ ਬਾਬੇ ਰਾਏ ਦੇ ਉਦਮ ਨਾਲ (1580/1600) ਵਿਰਕੋਤ ਵਿਚੋਂ ਉਗਰਾਹੀ ਕਰਕੇ ਬਣਾਇਆ ਗਿਆ ਸੀ। ਭਾਈ ਜੀਵਨ ਸਿੰਘ ਜੀ ਦੇ ਕਥਨ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ, ਕਸ਼ਮੀਰੋਂ ਪਰਤਦੇ ਹੋਏ ਹਾਫ਼ਿਜ਼ਾਬਾਦੋਂ ਤੇ ਈਂਗਰਵਾਲੀ (ਈਸ਼ਰ ਕਿਆਂ) ਵਿਚੋਂ ਹੁੰਦੇ ਹੋਏ ਸੰਨ 1626 ਈ: ਵਿੱਚ ਸਚੇ ਸੌਦੇ ਦੇ ਦਰਸ਼ਨ ਕਰਨ ਵਾਸਤੇ ਆਏ।


ਇਸ ਨਗਰ ਨੇ ਵਸ ਲਗਦਿਆਂ ਕਦੇ ਕਿਸੇ ਦੀ ਈਨ ਨਹੀਂ ਸੀ ਮੰਨੀ। ਸਿੱਖ ਰਾਜ ਦੇ ਪਿਛੋਂ ਜਦੋਂ ਅੰਗਰੇਜ਼ਾਂ ਦਾ ਪੂਰਾ ਤਸੱਲਤ ਪੰਜਾਬ ਤੇ ਹੋ ਗਿਆ ਤਾਂ ਭੀ ਇਸ ਨਗਰ ਨੇ ਅੰਦਰੋਂ ਨਾਮਿਲਵਰਤਨ ਹੀ ਰਖਿਆ ਇਥੋਂ ਤਕ ਕਿ ਸੰਨ 1901 ਵਿਚ ਅੰਗਰੇਜ਼ਾਂ ਨੇ ਸਕੀਮ ਬਣਾਈ ਕਿ ਚੂਹੜਕਾਣੇ ਨੂੰ ਜ਼ਿਲੇ ਦਾ ਸਦਰ ਮੁਕਾਮ ਮੰਡੀ ਅਤੇ ਰੇਲਵੇ ਸਟੇਸ਼ਨ ਬਣਾਇਆ ਜਾਵੇ ਕਿਨ੍ਹੂੰ ਨਗਰ ਵਾਸੀਆਂ ਨੇ ਜ਼ਮੀਨ ਦੇਣ ਤੋਂ ਇਨਕਾਰ ਕਰ ਦਿਤਾ। ਫਿਰ ਵੀ ਮੰਡੀ ਅਤੇ ਸਟੇਸ਼ਨ ਚੂਹੜਕਾਣੇ ਦੇ ਨਾਮ ਤੇ ਬਣਾਇਆ ਗਿਆ। ਜ਼ਮੀਨ ਮੁਰੀਦ ਕਿਆਂ ਦੀ ਸੀ ਚੂਹੜਕਾਣੇ ਦੀ ਨਹੀਂ ਸੀ।

ਮੁਲਤਾਨ ਦੇ ਬਹਾਦਰ ਗਵਰਨਰ ਮੂਲਰਾਜ ਦਾ ਨਾਮੀ ਜਰਨੈਲ ਬੁਧ ਸਿੰਘ ਇਸ ਨਗਰ ਦਾ ਜਮਪਲ ਸੀ ਜਿਸ ਦਾ ਨਾਮੀਂ ਪੁਤਰ ਬਾਲ ਸਿੰਘ ਖਾਲਸਾ ਰਾਜ ਦੇ ਵੇਲੇ ਤੋਪਖਾਨੇ ਦਾ ਕਰਨੈਲ ਸੀ। ਸਿਖ ਰਾਜ ਤੋਂ ਮਗਰੋਂ ਇਸ ਘਰਾਨੇ ਨੇ ਅੰਗਰੇਜ਼ਾਂ ਦੀ ਨੌਕਰੀ ਕਰ ਲਈ ਸੰਨ 1857 ਦੇ ਗਦਰ ਵੇਲੇ ਮਦਦ ਦੇਣ ਕਾਰਨ ਜਾਗੀਰਾਂ ਆਦਿ ਹਾਸਲ ਕੀਤੀਆਂ।

ਇਸੇ ਨਗਰ ਨੇ ਪ੍ਰਸਿੱਧ ਕ੍ਰਾਂਤੀਕਾਰੀ ਨੇਤਾ ਭਾਈ ਤੇਜਾ ਸਿੰਘ ਨੂੰ ਜਨਮ ਦਿੱਤਾ ਸੰਨ 1919 ਵਿੱਚ ਮਾਰਸ਼ਲ ਲਾਅ ਲੱਗਾ ਤਾਂ ਇਸ ਨਗਰ ਦੇ ਸੂਰਮਿਆਂ ਨੇ ਭਾਈ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਰੇਲਵੇ ਸਟੇਸ਼ਨ ਲੁਟਿਆ, ਸਾੜਿਆ-ਰੇਲ ਦੀ ਲਾਈਨ ਉਖੇੜ ਕੇ ਕਾਨੂੰਨ ਦੀਆਂ ਧੱਜੀਆਂ ਉਡਾ ਦਿੱਤੀਆਂ।

ਇਸੇ ਨਗਰ ਨੂੰ ਫਖਰ ਹਾਸਲ ਹੈ ਕਿ ਡੋਗਰਾ ਗਰਦੀ ਮਈ ਸੰਨ 1844 ਈ: ਨੂੰ ਜਦ ਬਾਬਾ ਬੀਰ ਸਿੰਘ ਨੌਰੰਗਾਬਾਦ ਸ਼ਹੀਦ ਹੋਏ

ਪਿੰਡ ਮੁਰੀਦ ਕੇ



---

1. ਮੁਰੀਦ —'ਇਸ ਨੇ ਆਪਣੇ ਨਾਮ ਤੇ ਪਿੰਡ ਮੁਰੀਦ ਕੇ ਵਸਾਇਆ ਜੋ ਸੰਨ 1490 ਈ: ਬਾਬਰ ਦੇ ਵੇਲੇ ਬਰਬਾਦ ਹੋਇਆ ਪ੍ਰਤੀਤ ਹੁੰਦਾ ਹੈ। ਜਿਸਦਾ ਭਗਨਾਵੇਸ਼ ਮੌਜੂਦਾ ਬੰਗਲਾ ਨਹਿਰ ਚੂਹੜਕਾਣਾ ਤੋਂ ਇੱਕ ਮੀਲ ਛਿੱਪਦੇ ਪਾਸੇ ਸੀ। ਦੁਬਾਰਾ ਇਹ ਪਿੰਡ ਮੌਜੂਦਾ ਚੂਹੜਕਾਣਾ ਮੰਡੀ ਤੋਂ ਦੋ ਮੀਲ ਪਹਾੜ ਵੱਲ ਅ ਬਾਦ ਸੀ।

2. ਮੁਰੀਦ ਦੇ ਪੁਤਰ ਰਾਜੇ ਨੇ ਆਪਣੇ ਨਾਮ ਤੇ ਖੂਹ ਵਸਾਇਆ ਜੋ ਚੂਹੜਕਾਣਾ ਪਿੰਡ ਤੋਂ ਇਕ ਮੀਲ ਦੱਖਣ ਦਿਸ਼ਾ ਸੀ।

3. ਮੁਰੀਦ ਦੇ ਪੁਤਰ ਕਸੋ ਨੇ ਪਿੰਡ ਕਸੋਕੇ ਨਜ਼ਦ ਹਾਫਿਜ਼ਾਬਾਦ ਵਸਾਇਆ।


4. ਬਾਬਾ ਗਹਿਣਾ ਸਿੰਘ, ਇਹ ਖਾਲਾਸ ਰਾਜ ਵੇਲੇ ਸਤਲੁਜ ਯੁੱਧ ਵਿੱਚ ਸ਼ਾਮਲ ਰਿਹਾ।

5. ਭਾਈ ਜਗਤ ਸਿੰਘ ਪੱਕੇ ਅਕਾਲੀ ਹਨ। ਪੰਥਕ ਅਤੇ ਜਨਤਕ ਕਾਰਜਾਂ ਵਿੱਚ ਵਧ ਚੜ੍ਹ ਕੇ ਭਾਗ ਲੈਂਦੇ ਹਨ।

6. 1919 ਵਿੱਚ ਸ: ਜਗੀਰ ਸਿੰਘ, ਨੇ ਮਾਰਸ਼ਲ ਲਾ ਵੇਲੇ ਚੂਹੜਕਾਣਾ ਸਟੇਸ਼ਨ ਲੁੱਟਿਆ। ਕਾਲੇ ਪਾਣੀ ਦੀ ਸਜ਼ਾ ਹੋਈ—ਉਥੋਂ ਰਿਹਾਅ ਹੋਣ ਤੇ ਫੇਰ ਅੰਗਰੇਜ਼ਾਂ ਦੀ ਮੁਖਾਲਫਤ ਵਿੱਚ ਤਕਰੀਰ ਕਰਨ ਤੇ ਸਮੇਤ ਭਾਈ ਜਗਤ ਸਿੰਘ (3) ਦੋ ਵਾਈ ਸਾਲ ਕੈਦ ਹੋਈ। ਅਕਾਲੀ ਮੋਰਚਿਆਂ ਦੇ ਵੇਲੇ ਜੈਤੋ ਦੇ ਮੋਰਚੇ ਵਿੱਚ ਕੈਦ ਹੋਇਆ—ਜਿਥੇ ਇਹ ਰਾਤੀਂ ਆਪਣੀ ਤਾਰਾਂ ਵੀ ਜਿਹਲ ਵਿਚੋਂ ਟੱਪ ਕੇ 8 ਮੀਲ ਦੂਜੀ ਜੇਹਲ ਵਿੱਚ ਛੇ ਜਥੇਦਾਰਾਂ ਨੂੰ ਮਿਲ ਕੇ ਖਬਰ ਸੂਰਤ ਲੈ ਕੇ ਰਾਤੋਂ ਰਾਤ ਵਾਪਸ ਆ ਜਾਂਦਾ ਸੀ। ਰਿਹਾਅ ਹੋਣ ਤੇ ਪੰਜ ਸੌ ਦਾ ਜਥੇਦਾਰ ਬਣ ਕੇ ਮੰਡੀ ਚੂਹੜਕਾਣਾ ਆਇਆ—

   ਇਕ ਵਾਰੀ ਲੰਬਰਦਾਰ ਨੇ ਖਬਰ ਦਿੱਤੀ ਕਿ ਇਹਦੇ ਘਰ ਚੰਗੀ ਦੀ ਮੱਝ ਹੈ। ਥਾਣੇਦਾਰ (ਚੂਹੜਕਾਣਾ) ਰਾਤੀਂ ਦਸ ਵਜੇ ਛਾਪਾ ਮਾਰਿਆ ਇਹਨੇ ਗੰਡਾਸੇ ਮਾਰ ਕੇ ਭਜਾ ਦਿੱਤਾ। ਪੁਲੀਸ ਦੀ ਬੇਇਜ਼ਤੀ ਬਹੁਤ ਕੀਤਾ ਕਰਦਾ ਸੀ।


   ਜ਼ਬਾਨੀ ਸ: ਭਗਤ ਸਿੰਘ ਤੇ ਚਤ੍ਰਤ ਸਿੰਘ ਪਿੰਡ ਚੱਕ ਮੁਰੀਦੇ ਜਲਮਾਣਾ। 16/4/78।



---


1. ਮੂਲਾ ਸਿੰਘ ਸੂਬੇਦਾਰ ਵੀ: ਸੀ: ਆਪ ਜੀ ਪਿੰਡ ਹਰਦੋ ਬੰਧੋਕੇ ਵਿੱਚ ਸੰਨ 1888 ਈ: ਵਿੱਚ ਪੈਦਾ ਹੋਏ। ਅਤੇ ਚੂਹੜਕਾਣੇ ਸਕੂਲ ਵਿਚੋਂ ਸੱਤਵੀਂ ਪਾਸ ਕਰਕੇ ਸੰਨ 1906 ਈ: ਨੂੰ 12 ਫਰੰਟੀਅਰ ਫੋਰਸ (SIKH) ਰੈਜਮੈਂਟ ਵਿੱਚ ਭਰਤੀ ਹੋਏ। ਆਪ ਜੀ ਪ੍ਰਥਮ ਵਿਸ਼ਵ ਯੁੱਧ ਵਿੱਚ ਸ਼ਾਮਲ ਹੋਏ ਜਿਥੇ ਆਪ ਜੀ ਨੂੰ ਜ਼ਖਮੀ ਹੋਣ ਦੇ ਬਾਵਜੂਦ ਅਦੁਤੀ ਬਹਾਦਰੀ ਵਿਖਾਣ ਤੇ ਵਿਕਟੋਰਯਾ ਕਰਾਸ ਪ੍ਰਾਪਤ ਹੋਇਆ—ਆਪ ਜੀ ਹਸਪਤਾਲੋਂ ਰਾਜ਼ੀ ਹੋ ਕੇ ਘਰ ਛੁਟੀ ਆਏ। ਪਿਛੋ ਕਿਸੇ ਛੋਟੇ ਅਫਸਰ ਨੂੰ ਇਹਨਾਂ ਤੋਂ ਉਤੇ ਤਰੱਕੀ ਦੇ ਦਿੱਤੀ। ਇਹਨਾਂ ਨੌਕਰੀ ਕਰਨ ਤੋਂ ਜਵਾਬ ਦੇ ਦਿੱਤਾ—ਮਗਰੋਂ ਕਈ ਵਾਰੀ ਵਾਇਸਰਾਏ ਦੇ ਸੱਦੇ ਤੇ ਜਾਂਦੇ ਰਹੇ। ਮਗਰ ਦੁਬਾਰਾ ਨੌਕਰੀ ਨਹੀਂ ਕਬੂਲੀ। ਫਿਰ ਆਪ ਜੀ 13 ਸਾਲ ਗੁਰਦਵਾਰਾ ਖਰਾ ਸੌਦਾ ਦੇ ਮੁਖ ਪ੍ਰਬੰਧਕ ਰਹੇ ਅਤੇ ਗੁਰਦਵਾਰੇ ਦੀ ਜਾਇਦਾਦ ਵਿੱਚ ਵਾਧਾ ਕੀਤਾ। ਆਪ ਜੀ ਦੋ ਸਾਲ ਡਿਸਟ੍ਰਿਕਟ ਬੋਰਡ ਸ਼ੇਖ਼ੂਪੁਰਾ ਦੇ ਅਤੇ 6 ਸਾਲ ਡਿਸਟਰਿਕਟ ਸੋਲਜਰਜ਼ ਬੋਰਡ ਦੇ ਮੈਂਬਰ ਰਹੇ—1936 ਵਿੱਚ ਵਿਰਕੋਂ ਨੇ ਆਪ ਜੀ ਨੂੰ ਅਸੈਂਬਲੀ ਵਿੱਚ ਭੇਜਣਾ ਚਾਹਿਆ ਮਗਰ ਆਪ ਨੇ ਪ੍ਰਵਾਨ ਨਾ ਕੀਤਾ। ਦੇਸ਼ ਬਟਵਾਰੇ ਪਿਛੋਂ ਆਪ ਜੀ ਬਸਤੀ ਸ਼ੇਖ ਜਲੰਧਰ ਠਹਿਰੇ—ਫਿਰ ਬੰਦਰਾਲਾ ਜਿਲਾ ਕਰਨਾਲ ਵਿੱਚ ਆ ਗਏ। ਆਪ ਜੀ ਦਾ ਦਿਹਾਂਤ 16 ਅਪਰੈਲ 1968 ਨੂੰ ਹੋਇਆ।
2. ਗੁਰਸਾਗਰ ਸਿੰਘ ਐਫ. ਏ. ਹੈੱਡ ਕਲਰਕ ਹਨ।
3. ਜਸਵਿੰਦਰਪਾਲ ਸਿੰਘ—ਮੁਲਾਜ਼ਮ ਏਅਰ ਫੋਰਸ।
4. ਪਲਜਿੰਦਰ ਸਿੰਘ ਬੀ. ਏ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਮੁਲਾਜ਼ਮ ਹੈ।
5. ਸਵਰਨ ਸੁਖਵਿੰਦਰਜੀਤ ਸਿੰਘ ਬੀ. ਏ. ਮੁਲਾਜ਼ਮ ਪੰਜਾਬ ਐਗਰੋ ਇੰਟਰਡਿਸਟਰੀ।

ਡੇਰਾ ਨਗਾਹ ਕਾ




1. ਬ੍ਰਹਮ ਦੀ ਅੰਸ਼ ਪਿੰਡ ਚੂਹੜਕਾਣੇ ਵਿੱਚ ਦਾਦਾ ਪੋਤਰੇ ਸੱਦੀ ਜਾਂਦੀ ਸੀ।
2. ਇਸ ਨੇ ਨਗਾਹ ਕਾ ਡੇਰਾ ਬਾਬੇ ਰਾਜੇ ਦੇ ਖੂਹ ਤੇ ਵਸਾਇਆ।

ਪਿੰਡ ਮੁਰੀਦਕੇ




* ਇਹਨਾਂ ਨੂੰ ਸਿਆਲਕੋਟਂ ਛਿਆਦਾ ਤੇ ਪਿੰਡ ਦਾ ਚੌਥਾ ਹਿਸਾ ਦਿਤਾ। ਵਡਿਆਂ ਦਾ ਪਤਾ ਨਹੀਂ।

1. ਇਹ ਜੰਗੀਰ ਸਿੰਘ (5) ਦੇ ਨਾਲ ਮਾਰਸਲ ਲਾਅ ਵਿਚ ਕੈਦ ਹੋਇਆ। (ਭਗਤ ਸਿੰਘ)
2. ਜਬਾਨੀ ਚੜ੍ਹਤ ਸਿੰਘ ਭਗਤ ਸਿੰਘ।



ਪਿੰਡ ਕੱਕੀ

ਜ਼ਬਾਨੀ ਭਾਈ ਮਾਨ ਸਿੰਘ ਪੁਤਰ ਕਿਸ਼ਨ ਸਿੰਘ



(ਸਮੂਹ ਪ੍ਰੀਵਾਰ ਬਲੌਣੇ ਜ਼ਿਲ੍ਹਾ ਕਰਨਾਲ ਵਿਚ ਹੈ)

1. ਚੌਧਰੀ ਅਲੀ ਸ਼ੇਰ ਦਾ ਜੀਵਨ ਕਾਲ 1560 ਈ: ਦੇ ਪੇਟੇ ਬਣਦਾ ਹੈ ਭਾਈ ਜੀਵਨ ਸਿੰਘ ਜੀ ਦੀ ਖੋਜ ਅਨੁਸਾਰ, "ਮੀਆਂ ਅਲੀ ਇੱਕ ਮੁਸਲਮਾਨ ਪੀਰ ਜਾਂ ਫਕੀਰ ਸੀ । ਇਸ ਦੇ ਪਿੰਡ ਦਾ ਨਾਮ ਵੀ ਮੀਆਂ ਅਲੀ ਹੈ । ਇਸ ਦੇ ਮੁਰੀਦਾ ਨੇ ਉਧੋ ਨਗਰੀ ਉਜਾੜ ਕੇ ਇਹ ਪਿੰਡ ਵਸਾਇਆ ਸੀ" ਇਸ ਥਾਂ ਤੇ ਮੀਆਂ ਅਲੀ ਦਾ ਰੌਜ਼ਾ ਬਣਿਆ ਹੋਇਆ ਹੈ—ਪੁਰਾਣੇ ਵਕਤਾਂ ਵਿੱਚ ਮੀਆਂ ਅਲੀ ਦੀ ਬੜੀ ਮਾਨਤਾ ਸੀ । ਇਸਦੇ ਹਿੰਦੂ ਜਾਂ ਮੁਸਲਮਾਨ ਸੇਵਕ ਦੇ ਘਰ ਪਲੇਠੀ ਦੇ ਮੁੰਡੇ ਦਾ ਨਾਮ ਅਲੀ ਸ਼ੇਰ ਰਖਣ ਦਾ ਰਿਵਾਜ ਸੀ—ਵਿਰਕਾਂ ਵਿਚ ਪੰਜ ਛੇ ਅਲੀ ਸ਼ੇਰ ਹੋਏ ਹਨ ਜਿਹਨਾਂ ਦੀ ਅੰਸ ਹਿੰਦੂ ਤੇ ਫਿਰ ਸਿੱਖ ਸਜ ਗਈ ।"

ਕਿੰਤੂ ਇਸ ਉਪਰੋਕਤ ਕਥਨ ਨਾਲ ਸਾਡਾ ਇਤਿਹਾਸਕ ਅਤੇ ਸਦਾਚਾਰਕ ਪੱਖ ਜੋੜ ਨਹੀਂ ਖਾਂਦਾ—ਇਸ ਥਿਹ ਤੇ ਬੈਠਣ ਵਾਲਾ ਮੀਆਂ ਅਲੀ ਸਦਵਾਂਦਾ ਹੋਵੇ) ਸੀ ਜੋ ਊਧਾ ਨਗਰੀ ਵੈਰਾਨ ਹੋਣ ਤੋਂ ਪਿਛੋਂ ਆਪਣੇ ਵਡਕੇ ਦਾ ਥਾਂ ਸਮਝਕੇ ਆ ਬੈਠਾ ਹੋਵੇ । ਇਹ ਚੂੰਕਿ ਵਿਰਕਾਂ ਨੂੰ ਬਰਾਦਰੀਓਂ ਨੇੜੇ ਸੀ ਇਸ ਵਾਸਤੇ, ਭਲਾ ਲੋਕ ਫਕੀਰ ਸਮਝਕੇ ਇਸ ਦੀ ਮਾਨਤਾ ਕਰਨ ਲਗ ਪਏ ਹੋਵਨਗੇ । ਵਰਨਾਂ ਵਿਰਕਾਂ ਜਹੀ ਅਣਖੀ ਗੋਤ, ਕਿਵੇਂ ਕਿਸੇ ਦੁਸ਼ਮਨ ਦੀ (ਖਾਸ ਕਰਕੇ ਜਿਸਨੇ ਵਿਰਕ ਦੇ ਭਰਾ ਧਰੰਗੜ ਦੀ ਅੰਸ ਦਾ ਵਿਨਾਸ਼ ਕੀਤਾ ਹੋਵੇ) ਕਿਵੇਂ ਮਾਨਤਾ ਕਰ ਸਕਦੀ ਸੀ । ਭਾਵੇਂ ਉਹ ਕਿਤਨਾ ਵੀ ਵਡਾ ਵਲੀਅਲਾ ਕਿਉਂ ਨਾ ਹੁੰਦਾ ।

ਇਸ ਦਾ ਦੂਸਰਾ ਸਬਬ ਹੈ ਸਖੀ ਸਰਵਰ, ਅਰਥਾਤ ਸੁਲਤਾਨ, ਜਿਸਦੇ ਹੋਰ ਵੀ ਕਈ ਨਾਮ, ਨਗਾਹੇ ਵਾਲਾਂ, ਲਾਲਾ ਵਾਲ ਆਦਿ ਹਨ) ਦੇ ਮੁਸਲੱਕੇ ਪ੍ਰਚਾਰ ਦਾ ਅਸਰ, ਜੋ ਕਿ ਤੇਰ੍ਹਵੀਂ ਸਦੀ ਤੋਂ ਸ਼ੁਰੂ ਹੋ ਚੁੱਕਾ ਹੋਇਆ ਸੀ । ਜਿਸ ਦਾ ਮੋਟਾ ਮੋਟਾ ਪ੍ਰਚਾਰ ਇਉਂ ਸੀ (1) ਵੀਰਵਾਰ ਦੀ ਰਾਤ ਮੰਜੀ ਤੇ ਨਹੀਂ ਸੌਣਾ (2) ਹਲਾਲੀ (ਕੁਠਾ ਮਾਸ) ਕਸਾਈ ਤੋਂ ਲੈ ਕੇ ਖਾਣਾ (3) ਹਰ ਇਕ ਕੰਮ ਕਰਨ ਲਗਿਆਂ ਦਰੂਦ ਆਪ ਪੜ੍ਹਨਾ ਜਾਂ ਮਲਾਂ ਕੋਲੋਂ ਪੜ੍ਹਵਾਣਾਂ (4) ਸੇਖਾਂ (ਭਿਰਾਈਆਂ) ਦਾ ਸਤਿਕਾਰ ਕਰਨਾ (5) ਹਰ ਸਾਲ ਸੰਗ ਨਾਲ ਨਗਾਹੇ ਜਾਣਾ, ਉਂਞ ਭਾਵੇਂ ਰਹੋ ਤੁਸੀਂ ਹਿੰਦੂ ਹੀ "ਭਲਾ ਮੁਸਲਮਾਨ ਹੋਣ ਵਿਚ ਕਸਰ ਕਿਹੜੀ ਰਹਿ ਗਈ ।

ਮੁਸਲਕੇ ਨਾਮ ਨਿਰੇ ਵਿਰਕਾਂ ਵਿਚ ਹੀ ਨਹੀਂ ਸਨ, ਹੋਰਨਾਂ ਗੋਤਾਂ ਵਿਚ ਵੀ ਇਹ ਪ੍ਰਵਿਰਤੀ ਸੀ ਇਤਿਹਾਸ ਗਵਾਹ ਹੈ ਕਿ ਛੇਵੇਂ ਸਤਿਗੁਰ ਅਨਿੰਨ ਸੇਵਕ, ਢਿਲੋਂ ਗੋਤ ਦੇ ਸਰਦਾਰ, ਝਬਾਲ ਦੇ ਚੌਧਰੀ ਦਾ ਨਾਮ ਬਾਬਾ ਲੰਗਾਹ ਸੀ । ਉਸ ਦੇ ਪਿਤਾ ਦੇ ਨਾਮ ਚੌਧਰੀ ਅਬਲ ਖੈਰ ਸੀ ਅਤੇ ਬੇਟੀ ਦਾ ਨਾਮ ਬੀਬੀ ਉਮਰੀ ਸੀ ਅਤੇ ਪੁੱਤਰ ਦਾ ਨਾਉਂ ਸਿਕੰਦਰ ਸੀ ਇਹ ਤਾਂ ਸਤਿਗੁਰੂ ਨਾਨਕ ਦੀ ਮਿਹਰ ਸਦਕਾ ਹਿੰਦ ਬਚ ਗਈ ।

ਇਤਿਹਾਸਕ ਭੁਲੇਖਾ

ਨਗਰ ਚੂਹੜਕਾਣਾ ਬਾਰੇ

ਜਨਮ ਸ ਖੀ (ਭਾਈ ਬਾਲੇ ਵਾਲੀ) ਵਿੱਚ ਵਰਣਨ ਹੈ ਕਿ ਗੁਰੂ ਨਾਨਕ ਸਾਹਿਬ ਜਦ ਬਾਰਾਂ ਸਾਲਾਂ ਦੇ ਹੋਏ ਤਾਂ (1481 ਈ:) ਬਾਲੇ ਸੰਧੂ ਸਮੇਤ ਚੂਹੜਕ ਣਿਓਂ ਸੌਦਾ ਖਰੀਦਣ ਲਈ ਗਏ। ਆਦਿ ਆਦਿ ਕਿੰਤੂ ਜਦ ਅਸੀਂ ਜਾਊ ਵੰਸ਼ਜ ਚੂਹੜਾ ਦਾ ਕੁਰਸੀ ਨਾਮਾ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਜਾਊ ਵੰਸ਼ਜ ਚੂਹੜ ਦਾ ਪਿੰਡ ਵਸਣਾ ਤੇ ਕੂਜਾ ਚੂਹੜ ਛੱਡ ਉਹਦੇ ਦਾਦੇ ਮੁਰੀਦ ਦਾ ਜੀਵਨ ਕਾਲ 1490 ਈ: ਦੇ ਅੱਗੇ ਪਿੱਛੇ ਬਣਦਾ ਹੈ। ਹਾਂ ਇਹ ਹੋ ਸਕਦਾ ਹੈ ਕਿ ਉਸਦੇ (ਚੂਹੜ ਦੇ) ਬਾਪ ਰਾਜੇ ਨੇ ਭਾਵੇਂ ਆਪਣਾ ਖੂਹ, ਜੋ ਪਿੰਡ ਚੂਹੜਕਾਣੇ ਤੋਂ ਇਕ ਮੀਲ ਦੱਖਣ ਤੇ ਲਹਿੰਦੇ ਦੀ ਗੁਠ ਵਿੱਚ ਸੀ, ਭਾਵੇਂ ਆਬਾਦ ਕਰ ਲਿਆ ਹੋਵੇ।

ਪਿੰਡ ਭੰਡੋੜ, ਜਿਸਦੀ ਜ਼ਮੀਨ ਵਿੱਚ ਗੁਰਦਵਾਰਾ ਖਰਾ ਸੌਦਾ ਸੀ। 1460 ਤੱਕ ਆਬਾਦ ਹੋ ਚੁੱਕਾ ਸੀ। ਜਾਂ ਫਿਰ ਪਿੰਡ ਮੁਰੀਦ ਕੇ ਜੋ ਖਰੇ ਸੌਦੇ ਤੋਂ ਕੇਵਲ ਦੋ ਮੀਲ ਸੀ ਵੀ ਆਬਾਦ ਹੋ ਚੁਕਾ ਸੀ ਜਾਂ ਫਿਰ ਪਿੰਡ ਵਰਨ ਬਹੁਤ ਪੁਰਾਣਾ (1025/50 ਈ: ਵਿੱਚ) ਸੰਭਵਤ ਸਥਾਪਤ ਸੀ ਅਤੇ ਮੌਜੂਦਾ ਸਚੇ ਸੌਦੇ ਦੇ ਸਥਾਨ ਤੋਂ ਕੇਵਲ ਚਾਰ ਮੀਲ ਦੂਰ ਸੀ। ਇਥੋਂ ਤਾਂ ਭਾਵੇਂ ਰਸਦ ਲੈ ਆਂਦੀ ਹੋਵੇ ਮਗਰ ਚੂਹੜਕਾਣੇ ਨਗਰ ਦਾ 1520/50 ਈ: ਤੱਕ ਨਾ ਥਿਹ ਵੀ ਨਹੀਂ ਸੀ।

II. ਸੰਗਯ ਚੂਹੜਕਾਣਾ ਪ੍ਰਤਿ ਭੁਖੇਲਾ

ਸੰਪਾਦਕ ਨੂੰ ਡਾਕਰ (ਜ਼ਿਲਾ ਕਰਨਾਲ ਨਿਵਾਸੀ ਬਲਵੰਤ ਸਿੰਘ ਪੁਤਰ ਗੁਰਬਚਨ ਸਿੰਘ ਪੋਤਰਾ ਭਾਈ ਸਚਾ ਸਿੰਘ (ਚਕ ਜੋਦ) ਨੂੰ ਦਸਿਆ ਕਿ ਮੈਂ ਇਕ ਢਾਡੀ ਤੋਂ ਸੁਣਿਆ ਸੀ ਕਿ ਫਿਰੋਜ਼ਸ਼ਾਹ ਤੁਗਲਕ ਨੇ ਬਾਰ ਦੇ ਚੌਧਰੀਆਂ ਤੋਂ ਲੜਕੀ ਦਾ ਡੋਲਾ ਮੰਗਿਆ—ਚੌਧਰੀਆਂ ਆਖਿਆ ਭਲਕੇ ਸਲਾਹ ਕਰਕੇ ਦਸਾਂਗੇ—ਚੂਹੜ ਵੀ ਉਹਨਾਂ ਚੌਧਰੀਆਂ ਵਿੱਚ ਸੀ—ਉਹ ਅਗਲੇ ਭਲਕ ਦਰਬਾਰ ਵਿੱਚ ਨਾ ਗਿਆ—ਫਿਰੋਜ਼ ਤੁਗਲਕ ਨੇ ਆਖਿਆ—ਉਹ ਕਾਣਾ ਹੋ ਗਿਆ ਹੈ। ਵਾਹ! ਵਿਚਾਰ ਹੈ ਕਿ ਫਿਰੋਜ਼ ਤੁਗਲਕ ਦਾ ਸ਼ਾਸਨ ਕਾਲ 1351/88 ਈ: ਸੀ—ਅਤੇ ਚੂਹੜ ਛੱਡ ਉਹਦਾ ਪੜਦਾਦਾ ਗੁਝ 1430 ਈ: ਦੇ ਏੜ ਗੇੜ ਹੋਇਆ ਹੈ।

ਪ੍ਰਮਰਪ੍ਰਾਗਤ ਤੱਥ ਇਹ ਹੈ ਕਿ ਬਾਬੇ ਚੂਹੜ ਦੇ ਘਰ ਅੰਸ ਨਹੀਂ ਸੀ ਹੁੰਦੀ—ਉਸਨੇ ਮੀਏਂ ਅਲੀ ਕੋਲੋਂ ਦੁਆ ਕਰਵਾਈ—ਪਰ ਮੀਏ ਅਲੀ ਨੇ ਪਹਿਲਾਂ ਪੁਤਰ ਆਪਣੇ ਬਾਲਕਾਂ ਬਨਾਣ ਵਾਸਤੇ ਸ਼ਰਤ ਰੱਖੀ—ਜੋ ਬਾਬੇ ਚੂਹੜ ਨੇ ਪ੍ਰਵਾਨ ਕਰ ਲਈ ਜਦੋਂ ਬਾਬੇ ਚੂਹੜ ਦੇ ਘਰ ਅਲੀ ਸ਼ੇਰ ਪੁਤਰ ਵੱਡਾ ਹੋਇਆ ਤਾਂ ਉਸਨੇ ਮੀਏਂ ਅਲੀ ਦੇ ਮੰਗਣ ਤੇ ਇਨਕਾਰ ਕਰ ਦਿੱਤਾ—ਜਿਸ ਤੇ ਮੀਏਂ ਅਲੀ ਨੇ ਆਖਿਆ ਚੂਹੜ ਕਾਣਾ ਹੋ ਗਿਆ ਹੈ, ਤਦੋਂ ਤੋਂ ਸੰਗਯਾ ਚੂਹੜਕਾਣਾ ਹੋਈ।

ਈਸ਼ਰ ਨੇ ਆਪਣਾ ਪਿੰਡ ਢੀਂਗਰਵਾਲੀ ਵਸਾਇਆ। ਭਾਈ ਜੀਵਨ ਸਿੰਘ ਦੀ ਖੋਜ ਅਨੁਸਾਰ ਸੰਨ 1626 ਈ: ਗੁਰੂ ਹਰਿਗੋਬਿੰਦ ਸਾਹਿਬ ਹਾਫ਼ਿਜ਼ਾਬਾਦੋਂ ਹੁੰਦੇ ਹੋਏ 'ਇਥੇ ਆ ਕੇ ਬਿਰਾਜੇ ਸਨ ਇਸ ਪਵਿਤਰ ਸਥਾਨ ਦੀ ਤਲਾਸ਼ ਕਰਕੇ, ਬਾਬਾ ਹਰਨਾਮ ਸਿੰਘ ਨੌਸ਼ਹਿਰੇ ਵਾਲਿਆਂ ਦੇ ਉਦਮ ਨਾਲ ਆਲੀਸ਼ਾਨ ਗੁਰਦਵਾਰਾ ਬਣਾਇਆ ਗਿਆ—ਜ਼ਮੀਨ ਸਤ ਕਨਾਲ ਭਾਈ ਟਹਿਲ ਸਿੰਘ ਚੀਮਾਂ ਚੱਕ ਜੋਦ ਵਾਲਿਆਂ ਦੇ ਮਾਮੇ, ਭਾਈ ਸੰਤਾ ਸਿੰਘ ਜੀ ਅਰਦਾਸ ਕਰਾਈ—ਜਿਸਦੀ ਅੰਸ਼ ਕੇਵਲ ਬੀਬੀ ਮਾਨ ਕੌਰ ਸੀ।

ਕੱਟ ਸੋਂ'ਹਦਾ

0

0

0

0

0

ਰਾਮ ਸਿੰਘ

|

ਲਛਮਣ ਸਿੰਘ

|


ਸਰਧਾ ਸਿੰਘ

|


ਗੰਡਾ ਸਿੰਘ


ਵਰਯਾਮ ਸਿੰਘ ਸੂਬੇਦਾਰ ਦੀ ਜ਼ਬਾਨੀ ਕਿ ਮਲਾ ਸਿੰਘ ਦੀ ਲੜਕੀ ਸੰਤ ਕੌਰ ਸੋਹਣ ਸਿੰਘ ਦਿਲੂ ਗਾਜ਼ੀ ਕਕੇ ਵੱਲ ਵਿਆਹੀ ਹੋਈ ਸੀ । ਮਲਾ ਸਿੰਘ ਦੇ ਚਲਾਣੇ ਉਪਰੰਤ ਉਸਦੀ ਸਾਰੀ ਜ਼ਮੀਨ ਲੜਕੀ ਦੇ ਨਾਮ ਸਰਕਾਰ ਲਗਾਣ ਲੱਗੀ—ਮਗਰ ਚੂਹੜ ਕੇ ਸਾਰੇ ਵਿਰਕਾਂ ਇੱਕਠੇ ਹੋਕੇ ਮਸ਼ਵਰਾ ਕੀਤਾ ਕਿ ਜ਼ਮੀਨ ਧੀਆਂ ਦੇ ਨਾਂ ਤੇ ਨਹੀਂ ਜਾਣੀ ਚਾਹੀਦੀ ।

ਫਿਰ ਗਿਆਨ ਸਿੰਘ, ਖਜ਼ਾਨ ਸਿੰਘ, ਅਨੋਖ ਸਿੰਘ, ਹਰਨਾਮ ਸਿੰਘ ਧਿਸਰਾਨ, ਜਗਤ ਸਿੰਘ ਵ ਸੂਬੇਦਾਰ ਵਰਯਾਮ ਸਿੰਘ ਜਿਹੇ ਪਤਵੰਤਿਆਂ ਦੇ ਬਿਆਨ ਤੇ ਜ਼ਮੀਨ ਤੇ ਲੜਕੀਆਂ ਦਾ ਹੱਕ ਟੁਟਾ ।




ਪਿੰਡ ਕੱਕੀ







1. ਗੁਜਰ ਦੇ ਪਿੰਡ ਦਾ ਨਾਮ ਰਿਚੰਦ ਸੀ ।
2. ਨਾਜਰ ਦਾ ਪਿੰਡ ਮਾਂਗਾ ਨਜ਼ਦ ਚੂਹੜਕਾਣਾ ਸੀ ।
3. ਸੁਦਾਗਰ ਦਾ ਪਿੰਡ ਕੋਟ ਸੌਂਹਦਾ ਸੀ । ਕਹਿੰਦੇ ਨੇ ਕਿ ਇਸ ਪਿੰਡ ਵਿਚ ਦੂਲੂ ਜਟ ਕਦੀਮੀ ਆਬਾਦ ਸਨ । ਬਾਬੇ ਸੁਦਾਗਰ ਕਿਆਂ ਦੇ ਘੱੜਿਆਂ ਦੇ ਚੁਗਣ ਤੋਂ ਝੜਪ ਹੋ ਪਈ । ਜਿਸ ਵਿਚ ਦੂਲੂਆਂ ਦੇ 120 ਬੰਦੇ ਮਾਰੇ ਗਏ । ਜਿਸ ਕਰਕੇ ਉਹ ਪਿੰਡ ਛਡ ਕੇ ਅਗਾਂਹ ਵਾਂਹਦੇ ਰਹੇ । ਬਾਬੇ ਸੁਦਾਗਰ ਨੇ ਖਾਲੀ ਪਿੰਡ ਤੇ ਕਬਜ਼ਾ ਕਰਕੇ ਪਿੰਡ ਦਾ ਨਾਮ ਆਪਣੇ ਪੁਤਰ ਦੇ ਨਾਮ ਤੇ ਕੋਟ ਸੌਂਧਾ ਰਖਿਆ ।

ਇਉਂ ਪ੍ਰਤੀਤ ਹੁੰਦਾ ਹੈ ਕਿ ਦੂਲੂ ਜਟ ਇਥੋਂ ਨਿਕਲ ਕੇ ਚੰਨਯੋਟ ਜਾ ਵਸੇ ਕਿਉਂਕਿ 1806 ਈ. ਵਿਚ ਚਨਯੋਟ ਦਾ ਕਿਲਾ, ਸ. ਕਰਮ ਸਿੰਘ ਦੇ ਪੁਤਰ ਜਸਾ ਸਿੰਘ ਦੂਲੂ ਤੋਂ ਖਾਲੀ ਕਰਵਾਇਆ ਸੀ । (ਵੇਖੋ ਸ਼ੀਤਲ ਕ੍ਰਿਤ 'ਸ਼ੇਰਿ ਪੰਜਾਬ ਤੇ ਸਿੱਖ ਰਾਜ ਪੰਨਾ 65-66)


ਜਾਊਣ
(ਪਿੰਡ ਮਾਂਗਾ ਨਜ਼ਦ ਚੂਹੜਕਾਣਾ ਜ਼ਿ: ਸ਼ੇਖੂਪੁਰਾ, ਪੱਛਮੀ)
(ਆਸਾ)
(ਗੋਪੀ)
(ਜੱਗਣਾ)
(ਸੁਦਾਗਰ)
(ਗੁਜਰ)
ਨਾਜਰ
ਸੂਬਾ ਸਿੰਘ
ਪ੍ਰਧਾਨ ਸਿੰਘ
ਗੁਰਮੁਖ ਸਿੰਘ
ਬਾਘ ਸਿੰਘ
ਬਿਸ਼ਨ ਸਿੰਘ
(ਵੇਖੋ ਪੰਨਾ 570)
ਜਵੰਦ ਸਿੰਘ
ਮੰਗਲ ਸਿੰਘ
ਬਾਲ ਸਿੰਘ
ਸੁੰਦਰ ਸਿੰਘ
ਕੇਸਰ ਸਿੰਘ
ਮਸਤਾਨ ਸਿੰਘ
ਦੀਸ਼ਰ ਸਿੰਘ
ਮੂਲਾ ਸਿੰਘ
ਅਤਰ ਸਿੰਘ
ਅਰਜਨ ਸਿੰਘ
ਲਾਭ ਸਿੰਘ
ਸਾਵਲ ਸਿੰਘ
ਤਾਰਾ ਸਿੰਘ
ਕਪੂਰ ਸਿੰਘ
ਇੰਦਰ ਸਿੰਘ
ਤਾਰਾ ਸਿੰਘ
ਜੁਗਿੰਦਰ ਸਿੰਘ
ਗੁਰਬਖ਼ਸ਼ ਸਿੰਘ
ਕਰਮ ਸਿੰਘ
ਹਰਨਾਮ ਸਿੰਘ
ਗੁਪਾਲ ਸਿੰਘ
ਭਗਤ ਸਿੰਘ
ਅਰੂੜ ਸਿੰਘ
ਸੋਹਣ ਸਿੰਘ
ਤਲੋਕ ਸਿੰਘ
ਜਸਵੰਤ ਸਿੰਘ
ਅਮਰਜੀਤ ਸਿੰਘ
ਬਲਕਾਰ ਸਿੰਘ
ਫੂਲਾ ਸਿੰਘ
ਨਿਸ਼ਾਨ ਸਿੰਘ
ਜੁਗਿੰਦਰ ਸਿੰਘ
ਜਰਨੈਲ ਸਿੰਘ
ਕਰਤਾਰ ਸਿੰਘ
ਗੁਰਮੇਜ ਸਿੰਘ
ਮੋਹਨ ਸਿੰਘ
ਪ੍ਰੀਤਮ ਸਿੰਘ
ਲਖਾ ਸਿੰਘ
ਹਰਬੰਸ ਸਿੰਘ
ਪੂਰਨ ਸਿੰਘ
ਜੀਤ ਸਿੰਘ




1. ਬਾਬਾ ਹੇਮ ਸਿੰਘ—ਇਸ ਨੇ ਸਭ ਤੋਂ ਪਹਿਲਾਂ ਹਰਿਚੰਦ ਵਾਲੀ ਟਿਬੀ ਮੱਲੀ, ਜਿਥੇ ਪਿੰਡ ਰਿਚੰਦ ਬੱਝਾ।
2. ਸਾਧਾ ਸਿੰਘ ਪੁਤਰ ਬਲਵੰਤ ਸਿੰਘ ਨੇ ਸੁਧਾਈ ਕਰਵਾਈ (ਅਸੰਧ) 8/5/78



1. ਬਾਬਾ ਜਵਾਹਰ ਸਿੰਘ ਜੀ—ਆਪਣੇ ਸਮੇਂ ਵਿਚ ਵਿਰਕੋਂ ਦੀਆਂ ਪੰਚਾਇਤਾਂ ਵਿਚ ਸ਼ਾਮਲ ਕੀਤੇ ਜਾਂਦੇ ਸਨ ਅਤੇ ਇਹਨਾਂ ਦਾ ਕੀਤਾ ਫੈਸਲਾ ਕੋਈ ਰੱਦ ਨਹੀਂ ਸੀ ਕਰਦਾ। ਪਿੰਡ ਲਾਗਰਾਂ ਦੀ ਜ਼ਮੀਨ ਦੀ ਵੰਡ ਆਪ ਜੀ ਨੇ ਅਤੇ ਬਾਬਾ ਪ੍ਰੇਮ ਸਿੰਘ ਭਿੱਖੀ ਨੇ ਕੀਤੀ ਸੀ।

2. ਕਰਤਾਰ ਸਿੰਘ ਨੇ ਕਿਸਾਨ ਸੰਘਰਸ਼ ਸੰਮਤੀ ਵਿਚ ਡੇਢ ਮਹੀਨਾ ਕਰਨਾਲ ਜੇਹਲ ਵਿਚ ਰਹੇ।


ਬਿਸਨ ਸਿੰਘ (ਮਾਂਗੇ ਵਾਲੇ)
(ਜ਼ਬਾਨੀ ਕੇਹਰ ਸਿੰਘ ਬਾਲੂ ਵਾਲੇ)
(ਜੀਖੜ ਪਿੰਡ ਵਿਚ)
ਲਧਾ ਸਿੰਘ
ਜਵਾਹਰ ਸਿੰਘ
ਦੇਵਾ ਸਿੰਘ
ਮੇਵਾ ਸਿੰਘ
ਸੇਵਾ ਸਿੰਘ
ਸੰਤਾ ਸਿੰਘ
(......ਵੇਖੋ ਪੰਨਾ 571.....)
ਹਰਨਾਮ ਸਿੰਘ
(ਵੇਖੋ ਪੰਨਾ 571)
ਟਹਿਲ ਸਿੰਘ
ਗੁਰਦਿਤ ਸਿੰਘ
ਠਾਕਰ ਸਿੰਘ
ਜਗਜੀਤ ਸਿੰਘ
ਨਿਸ਼ਾਨ ਸਿੰਘ
ਸੁਖਾ ਸਿੰਘ
ਕੁੰਦਨ ਸਿੰਘ
ਬਲਕਾਰ ਸਿੰਘ
ਅਵਤਾਰ ਸਿੰਘ
ਲਖਾ ਸਿੰਘ
ਪਤਾ ਨਹੀਂ
ਗੁਰਲਾਲ ਸਿੰਘ
ਮੰਗਲਦੀਪ ਸਿੰਘ
ਸ਼ੇਰ ਸਿੰਘ
ਵਸਾਵਾ ਸਿੰਘ
ਫੌਜਾ ਸਿੰਘ
ਜਗਤ ਸਿੰਘ
ਸੁਬੇਗ ਸਿੰਘ
ਗੰਗਾ ਸਿੰਘ
ਚਤਰ ਸਿੰਘ
ਆਸਾ ਸਿੰਘ
ਸਾਧਾ ਸਿੰਘ
ਬੂਟਾ ਸਿੰਘ
ਜਸਪਾਲ ਸਿੰਘ ਵਕੀਲ
ਬਲਜੀਤ ਸਿੰਘ
ਬਲਵਿੰਦਰ ਸਿੰਘ
ਲਖਾ ਸਿੰਘ
ਰਜਿੰਦਰ ਸਿੰਘ
ਲਖਵੀਰ ਸਿੰਘ
ਜੈਮਲ ਸਿੰਘ
ਹਰਭਜਨ ਸਿੰਘ
ਪਾਲਮ ਸਿੰਘ
ਗੁਲਾਬ ਸਿੰਘ
ਬਲਦੇਵ ਸਿੰਘ
ਰਾਣਾ ਪ੍ਰਤਾਪ ਸਿੰਘ
ਹਰਿੰਦਰ ਸਿੰਘ
ਸਿਮਰਤਪਾਲ ਸਿੰਘ
ਰਿੰਪਾ ਸਿੰਘ
ਅਵਤਾਰ ਸਿੰਘ
ਨਿਸ਼ਾਨ ਸਿੰਘ
ਮਹਿੰਦਰ ਸਿੰਘ
ਗੁਰਇੰਦਰ ਸਿੰਘ
ਵਰਿੰਦਰ ਸਿੰਘ
ਨਰਿੰਦਰ ਸਿੰਘ
ਕੇਹਰ ਸਿੰਘ
ਕਸ਼ਮੀਰ ਸਿੰਘ
ਬਖਾ ਸਿੰਘ
ਜਗਬੀਰ ਸਿਘ
ਸੁਖਾ ਸਿੰਘ
ਮਾਨ ਸਿੰਘ
ਚੂਹੜ ਸਿੰਘ
ਕਾਬਲ ਸਿੰਘ
ਰੇਸ਼ਮ ਸਿੰਘ
ਸਾਹਿਬ ਸਿੰਘ
ਫੂਲਾ ਸਿੰਘ
ਸ਼ੇਰ ਸਿੰਘ
ਗੁਰਮੁਖ ਸਿੰਘ
ਸ਼ਮੀਰ ਸਿੰਘ
ਅਤਵਿੰਦਰ ਸਿੰਘ
ਦੀਦਾਰ ਸਿੰਘ
ਅਮੀਰ ਸਿੰਘ
ਹਰਪਾਲ ਸਿੰਘ
ਗੁਰਲਾਲ ਸਿੰਘ

ਤੋਂ ਮਾਮਲੇ ਖਾਤਰ ਆਏ, ਬਾਬੇ ਰੂਪ ਸਿੰਘ ਨੂੰ ਜਦੋਂ ਪਤਾ ਲਗਾ ਤਾਂ ਉਹਨਾਂ ਆਪਣੇ ਕਾਮਿਆਂ ਨੂੰ ਆਖਿਆ ਕਿ ਦਫੇਦਾਰ ਤੇ ਪਿਆਦਿਆਂ ਦੀਆਂ ਲਤਾਂ ਭੰਨ ਦਿਉ ਤੇ ਜਾਨ ਤੋਂ ਨਾ ਮਾਰਨਾ। ਕਾਮਿਆਂ ਨੇ ਟਾਹਲੀ ਵਾਲੇ ਖੂਹ ਦੇ ਰਾਹ ਵਿਚ ਤਿੰਨਾਂ ਉਪਰੋਕਤ ਪੁਲਸੀਆਂ ਦੀਆਂ ਲਤਾਂ ਭੰਨ ਦਿਤੀਆਂ ਤੇ ਆਪ ਬਾਬਾ ਜਿਉਂ ਘੋੜੀ ਤੇ ਚੜਿਆ ਤੇ ਗੁਜਰਾਂ ਵਾਲੇ ਡੀ. ਸੀ. ਦੇ ਜਾ ਪੇਸ਼ ਹੋਇਆ, "ਅਖੇ ਪਿਆਦੇ ਮੇਰੇ ਕਾਮਿਆਂ ਦੀ ਹਥੀਂ ਪਏ ਨੇ ਤੇ ਮਾਰ ਕੁਟਾਈ ਹੋਈ ਹੈ ਉਹਨਾਂ ਪਰਚਾ ਮੇਰੇ ਤੇ ਦੇਣਾ ਹੈ ਮੈਂ ਘਰ ਨਹੀਂ ਸੀ ਮੇਰਾ ਅਸਤੀਫਾ ਲੈ ਲਵੋ।" (ਬਾਬੇ ਨੂੰ ਬਸਾਲਾ[1], ਗੁਜਰਾਤ ਦੇ ਵਾਕਿਆ ਦਾ ਸਾਰਾ ਪਤਾ ਸੀ) ਡੀ. ਸੀ. ਨੇ ਅਸਤੀਫਾ ਨਾ ਲਿਆ— ਤੇ ਬਾਬਾ ਰੂਪ ਸਿੰਘ ਕਮਿਸ਼ਨਰ ਨੂੰ ਸਿਆਲਕੋਟ ਜਾ ਮਿਲਿਆ ਤੇ ਵਾਕਿਆ ਬਿਆਨ ਕੀਤਾ ਅਤੇ ਦਸਿਆ ਕਿ ਡੀ. ਸੀ. ਨੇ ਅਸਤੀਫਾ ਮਨਜ਼ੂਰ ਨਹੀਂ ਕੀਤਾ ਲਿਹਾਜ਼ਾ ਮੈਂ ਤੇਰੇ ਕੋਲ ਆਇਆ ਹਾਂ ਕਮਿਸ਼ਨਰ ਨੇ ਹਾਫਜ਼ਾਬਾਦ ਹੁਕਮ ਘਲਿਆ ਕਿ ਜਦ ਤਕ ਮੈਂ ਤਫਤੀਸ਼ ਨਾ ਕਰ ਲਵਾਂ ਲੰਬਰਦਾਰ ਰੂਪ ਸਿੰਘ ਨਾਲ ਕੋਈ ਕਾਰਵਾਈ ਨਾ ਕੀਤੀ ਜਾਵੇ।

ਤਫਤੀਸ਼ ਤੇ ਸਾਬਤ ਹੋਇਆ ਕਿ ਨੰਬਰਦਾਰ ਘਰ ਨਹੀਂ ਸੀ ਤੇ ਵਾਕਿਆ ਕਾਮਿਆਂ ਨਾਲ ਹੋਇਆ ਸੀ, ਬਹਾਉਲ ਹਕ ਜ਼ੈਲਦਾਰ ਖਾਨਕਾਹ ਡੋਗਰਾਂ ਦੇ ਬਾਪ ਨੇ ਵੀ ਸਫਾਈ ਦਿਤੀ—ਮਾਮਲਾ ਰਫਾ ਦਫਾ ਹੋ ਗਿਆ ਤੇ ਬਾਬਾ ਅਮਰੀਕ ਸਿੰਘ ਸਰਬਰਾਹ ਲੰਬਰਦਾਰ ਹੋਇਆ।

ਗੁਰਦੁਆਰਾ ਕੋਰ[2] ਸਾਹਿਬ ਦੇ ਉਦਾਸੀ ਮਹੰਤ ਨੂੰ ਸੰਧੇ ਕੋਟੀਆਂ ਨੇ ਦੋ ਸੌ ਘੁਮਾਂ ਭੁਏ ਲੰਗਰ ਵਾਸਤੇ ਦਿਤੀ ਹੋਈ ਸੀ। ਇਕ ਵਾਰੀ ਮਹੰਤ ਨੇ ਲੰਗਰ ਕਰਵਾਇਆ ਤੇ ਵਿਰਕੇਤ ਕਠੀ ਹੋਈ—ਗੱਲਾਂ ਗੱਲਾਂ ਵਿਚ ਪੁਰਾਣੇ ਵਕਤਾਂ ਦਾ ਜ਼ਿਕਰ ਚਲ ਪਿਆ ਤਾ ਬਾਬੇ ਰੂਪ ਸਿੰਘ ਨੇ ਆਖਿਆ ਵੇਖੋ ਸਾਡੇ ਨਾਲ ਇਤਨੀ ਹੋ ਗਈ ਕਿ ਸਾਡਾ ਰਾਜ ਖੁਸ ਗਿਆ। ਸਾਡਾ 500 ਚੋਣਵਾਂ ਜਵਾਨ[3] ਗੁੰਮ ਕਰਕੇ ਲਾਹੌਰ ਮਾਰ ਦਿਤਾ ਗਿਆ— ਤੇ ਸਾਡੇ ਭਰਾ ਭੱਜ ਭੱਜ ਕੇ ਭਰਤੀ ਹੁੰਦੇ ਫਿਰਦੇ ਹਨ। ਇਹ ਇਸ਼ਾਰਾ ਰਾਏ ਕੋਟ ਪਤੀ ਬਾਬੇ ਬੁਧ ਸਿੰਘ ਦੇ ਪ੍ਰਵਾਰ ਵਲ ਸੀ।

ਵਿਰਕ, ਅਸਲ ਵਿਚ ਅੰਗਰੇਜ਼ ਦੇ ਨਾਲ ਦਿਲੋਂ ਮਿਲਵਰਤਨ ਨਹੀ ਸਨ ਕਰਦੇ। ਜਿਸਦੀ ਮਿਸਾਲ ਪਿੰਡ ਚੂਹੜਕਾਣੇ ਨੇ ਸੰਨ 1901 ਵਿਚ ਪੇਸ਼ ਕੀਤੀ[4] ਜਦੋਂ ਰੇਲ ਦੇ ਸਟੇਸ਼ਨ ਤੇ ਮੰਡੀ ਵਾਸਤੇ ਜਗਾ ਮੰਗੀ ਤਾ ਚੂਹੜਕਾਣੀਆਂ ਨਾਹ ਦਿਤੀ ਸੋ ਮੰਡੀ ਤੇ ਸਟੇਸ਼ਨ ਮੁਰੀਦਕਿਆਂ ਦੀ ਭੋਂਇ ਵਿਚ ਬਣਿਆ ਮਗਰ ਨਾਮ ਚੂਹੜਕਾਣਾ ਹੀ ਰਖਿਆ ਗਿਆ।

— ਤੇਜਾ ਸਿੰਘ ਚੂਹੜਕਾਣਾ "ਤਿੰਨ ਧੰਨ ਜਣੇ ਦੀ ਮਾਂਉ ਆਇ ਸਫਲ ਸੇ"

ਇਹਨਾਂ ਦਾ ਜਨਮ 1882 ਵਿਚ ਬਾ: ਪ੍ਰਤਾਪ ਸਿੰਘ ਦੇ ਘਰ ਮਾਈ ਦਿਲਵ (ਪੇਕਾ ਪਿੰਡ ਅਲਦਿਤਾ ਜ਼ਿਲਾ ਗੁਜਰਾਂ ਵਾਲ) ਦੀ ਕੁਖੋਂ ਹੋਇਆ। ਬਾ: ਪ੍ਰਤਾਪ ਸਿੰਘ ਨੂੰ ਫੌਜੀ ਪੈਨਸ਼ਨਰ ਹੋਣ ਦੇ ਨਾਤੇ ਜ਼ਿਲਾ ਲਾਇਲਪੁਰ ਤਹਸੀਲ ਸਮੁੰਦਰੀ ਵਿਚ ਮੁਰਬੇ ਮਿਲੇ ਹੋਏ ਸਨ। ਇਹ ਜਦੋਂ ਗਭਰਾਟ ਤਾਂ ਪਿਤਾ ਜੀ ਨੇ ਇਹਨਾਂ ਨੂੰ ਮੁਰਬਿਆਂ ਦੇ ਪ੍ਰਬੰਧ ਵਾਸਤੇ ਸਮੁੰਦਰੀ ਭੇਜ ਦਿਤਾ। ਏਥੇ ਨੇੜੇ ਪ੍ਰਸਿਧ ਪੰਥਕ ਆਗੂ ਭਾਈ ਤੇਜਾ ਸਿੰਘ ਸਮੁੰਦਰੀ ਦੀ ਇਹਨਾਂ ਨਾਲ ਵੱਟ ਸਾਂਝੀ ਸੀ।

ਭਾਈ ਤੇਜਾ ਸਿੰਘ ਜੀ ਦੀ ਗੈਰ ਹਾਜ਼ਰੀ ਵਿਚ ਚੋਰਾਂ ਇਹਨਾ ਦੀ ਮਝ ਚੁਰਾ ਲਈ ਤੇ ਭਾਈ ਤੇਜਾ ਸਿੰਘ ਸਮੁੰਦਰੀ ਦਾ ਢੱਗਾ ਵੀ ਲੈ ਗਏ। ਪਤਾ ਲਗਣ ਤੇ ਇਹਨਾਂ ਭਾਲ ਕਰਕੇ ਦਿਨਾਂ ਵਿਚ ਹੀ ਆਪਣੀ ਮੱਝ ਘਰ ਲੈ ਆਦੀ। ਸਮੁੰਦਰੀ ਜੀ ਨੂੰ ਜਦੋਂ

---

1. ਬਸਲਾ ਨਾਮ ਪਿੰਡ ਝਨਾਓਂ ਪਾਰ ਜ਼ਿਲ੍ਹਾ ਗੁਜਰਾਤ ਵਿਚ ਸੀ। ਸਿੱਖ ਰਾਜ ਪਿਛੋਂ ਅੰਗਰੇਜ਼ਾਂ ਦੇ ਤਹਿਸੀਲਦਾਰ ਨੇ ਪਿੰਡ ਤੋਂ ਤੋਂ ਮਾਮਲਾ ਉਗਰਾਹਣ ਲਈ ਤਅਦੀ ਦਿਤੀ ਤਾਂ ਪਿੰਡ ਵਾਲਿਆਂ ਨੇ ਤਹਿਸੀਲਦਾਰ ਮਾਰ ਦਿੱਤਾ। ਜਿਸ ਤੇ ਅੰਗਰੇਜ਼ਾਂ ਨੇ ਪਿੰਡ ਦੇ ਚਾਰ ਮੁਖੀਏ ਫੜ ਕੇ ਫਾਹੇ ਟੰਗ ਦਿੱਤੇ ਤੇ ਲਾਸ਼ਾਂ ਪਿੰਡ ਦੇ ਚੁਵੀਂ ਪਾਸੀਂ ਲਟਕਾ ਦਿੱਤੀਆਂ ਕਿ ਲੋਕਾਂ ਨੂੰ ਇਬਰਤ ਹੋ ਜਾਵੇ।

2. ਇਹ ਗੁਰਦੁਆਰਾ ਉਦਾਸੀ ਸਾਧਾਂ ਦਾ ਡੇਰਾ ਸੀ ਜੋ ਕਿ ਵਰਨਾਂ ਅਤੇ ਪਿੰਡ ਚੂਹੜਕਾਣੇ ਦੇ ਵਿਚਕਾਰ ਟਿੱਬਿਆਂ ਵਿੱਚ ਸੀ। ਨਹਿਰ ਦੇ ਆਵਣ ਤੋਂ ਪਹਿਲਾਂ ਇਸ ਇਲਾਕੇ ਵਿਚ ਵਰਨਾਂ ਅਤੇ ਚੂਹੜਕਾਣੇ ਦੇ ਵਿਚਕਾਰ ਹੋਰ ਕਿਧਰੇ ਨਹੀਂ, ਪਾਂਧੀਆਂ ਨੂੰ ਅੰਨ-ਪਾਣੀ ਇਥੇ ਹੀ ਮਿਲਿਆ ਕਰਦਾ ਸੀ। ਸਾਧੂ ਗਾਈਂ ਆਮ ਪਾਲਿਆ ਕਰਦੇ ਸਨ। ਰਾਤ ਠਹਿਰਣ ਵਾਲੇ ਨੂੰ ਦੁਧ ਵੀ ਦਿੱਤਾ ਜਾਂਦਾ ਸੀ।

3. ਸੰਨ 1860 ਵਿਚ ਲੰਬਰਦਾਰਾਂ ਤੇ ਜ਼ੈਲਦਾਰਾਂ ਦੀਆਂ ਰਿਪੋਰਟਾਂ ਤੇ ਵਿਰਕਾਂ ਦੇ 500 ਚੋਣਵੇਂ ਜਵਾਨ ਅੰਗਰੇਜ਼ਾਂ ਨੇ ਤਹਿਤ ਬਿਠਾਣ ਵਾਸਤੇ ਲਾਹੌਰ ਲਿਜਾ ਕੇ ਗੁੰਮ ਕਰਕੇ ਮਾਰ ਦਿੱਤੇ ਸਨ।

4. ਦੂਜੀ ਮਿਸਾਲ 1919 ਵਿਚ ਮਾਰਸ਼ਲ ਲਾਅ ਵੇਲੇ ਦਿੱਤੀ।

— ਬਾਬਾ ਸੌਂਧਾ ਸਿੰਘ ਨੇ ਦਸਮੇਸ਼ ਪਾਤਸ਼ਾਹ ਤੋਂ ਅੰਮ੍ਰਿਤ ਛਕਿਆ।

— ਇਹ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਸਵਾਰ ਸਨ। ਬਹਾਦਰੀ ਇਹਨਾਂ ਨੂੰ ਵਿਰਸੇ ਵਿੱਚ ਮਿਲੀ ਹੋਈ ਸੀ। 1823 ਈ: ਦੇ ਨੇੜੇ ਤੇੜੇ ਦੀ ਗੱਲ ਹੈ ਕਿ ਇਹਨਾਂ ਦੀ ਟੋਲੀ ਨੂੰ ਹੁਕਮ ਹੋਇਆ ਕਿ ਕੀਲੀ ਨਾਮ ਕਿਲੇ ਦਾ ਦਰਵਾਜ਼ਾ ਲੱਭੋ—ਇਹ ਫਰੰਟੀਅਰ ਵਿੱਚ ਬੜਾ ਮਜ਼ਬੂਤ ਕਿਲਾ ਸੀ। ਗਾਰਦ (ਟੋਲੀ) ਵਾਲੇ ਸੱਤ ਦਿਨ ਫਿਰ ਫਿਰ ਕੇ ਤੰਗ ਆ ਗਏ। ਅੱਠਵੇਂ ਦਿਨ ਇੱਕ ਬੁੱਢਾ ਪਠਾਣ ਤੇ ਇੱਕ ਮੁੰਡਾ ਘਾਹ ਖੋਤਰਦੇ ਮਿਲੇ—ਉਹਨਾਂ ਤੋਂ ਕੀਲੀ ਦਾ ਦਰਵਾਜ਼ਾ ਪੁਛਿਆ ਤਾਂ ਬੁੱਢੇ ਆਖਿਆ ਮੈਂ ਦੱਸਦਾ ਹਾਂ ਜੇ ਇਸ ਮੁੰਡੇ ਨੂੰ ਖਤਮ ਕਰ ਦਿਉ ਤਾਂ ਗਾਰਦ ਦੇ ਆਦਮੀ ਮੁੰਡੇ ਨੂੰ ਪਰਾਂ ਲੈ ਗਏ ਤੇ ਮਾਰ ਦਿੱਤਾ।

ਜਦ ਬੁੱਢੇ ਨੂੰ ਫਿਰ ਪੁਛਿਆ ਤਾਂ ਉਸ ਆਖਿਆ, ਹੁਣ ਮੇਰਾ ਫਿਕਰ ਉਕਾ ਮੁਕ ਗਿਆ ਹੈ। ਇਹ ਮੁੰਡਾ ਮੇਰੇ ਇਕੋ ਇਕ ਮਰ ਚੁਕੇ ਪੁਤ੍ਰ ਦਾ ਇਕੋ ਪੁਤਰ ਸੀ—ਉਹ ਵੀ ਮਰ ਗਿਆ ਹੈ—ਹੁਣ ਤੁਹਾਨੂੰ ਕੀਲੀ ਦਾ ਰਾਹ ਦੱਸਣ ਵਾਲ ਕੋਈ ਨਹੀਂ ਤੇ ਮੈਂ ਤੁਹਾਨੂੰ ਦਸਦਾ ਨਹੀਂ, ਭਾਵੇਂ ਤੁਸੀਂ ਮੈਨੂੰ ਮਾਰ ਛੱਡੋ। ਮੈਂ ਪੋਤਰਾ ਇਸ ਲਈ ਮਰਵਾ ਦਿੱਤਾ ਸੀ ਕਿ ਮਤੇ ਕਿਧਰੇ ਡਰ ਕੇ ਤੁਸਾਂ ਨੂੰ ਕੀਲੀ ਦਾ ਰਸਤਾ ਨਾ ਦਸ ਦੇਵੇ। ਬਾਕੀ ਗਾਰਦ ਵਾਲਿਆਂ ਆਖਿਆ ਬੁਢੇ ਨੂੰ ਵੀ ਮਾਰ ਦਿਤਾ ਜਾਵੇ। ਬਾਬੇ ਰੂਪ ਸਿੰਘ ਆਖਿਆ, 'ਇਹ ਬਹਾਦਰ ਹੈ ਇਸਨੂੰ ਨਹੀਂ ਮਾਰਨਾ" ਤੇ ਛਡ ਦਿਤਾ—ਇਹ ਸਮਾਚਾਰ ਮਹਾਰਾਜੇ ਕੋਲ ਪੁਜਾ ਤਾਂ ਮਹਾਰਾਜੇ ਨੇ ਆਖਿਆ, "ਬਹਾਦਰ ਦੀ ਕਦਰ ਬਹਾਦਰ ਹੀ ਜਾਣਦਾ ਹੈ, ਰੂਪ ਸਿੰਘ ਨੇ ਬਿਲਕੁਲ ਠੀਕ ਕੀਤਾ ਹੈ।" ਸਿਖ ਰਾਜ ਦੀਆਂ ਅੰਤਲੀਆਂ ਅੰਗਰੇਜ਼ਾਂ ਨਾਲ ਸਾਰੀਆਂ ਲੜਾਈਆਂ ਵਿਚ ਬਾਬਾ ਰੂਪ ਸਿੰਘ ਜੀ ਨੇ ਭਾਗ ਲਿਆ—ਪ੍ਰਸਿਧ ਕ੍ਰਾਂਤੀਕਾਰੀ ਬਾਬਾ ਮਹਾਰਾਜ ਸਿੰਘ ਜੀ ਮੂਲਰਾਜ ਦੀ ਮਦਦ ਵਾਸਤੇ ਅਤੇ ਸ: ਸ਼ੇਰ ਸਿੰਘ ਅਟਾਰੀ ਵਾਲੇ ਨੂੰ ਉਸਦੇ ਖਿਲਾਫ਼ ਰੋਕਣ ਵਾਸਤੇ ਜਦੋਂ ਮੁਲਤਾਨ ਨੂੰ ਗਏ ਤਾਂ ਆਪ ਜੀ ਜੰਡਿਆਲੇ ਸ਼ੇਰ ਖਾਂ ਤੋਂ ਹੋ ਕੇ ਭਾਰਾ ਸਾਮਾਨ ਕੜਯਾਲ ਕਲਾਂ ਵਿਚ ਛਡ ਸੌਂਧੇ ਦੇ ਕੋਟ ਨੂੰ ਚਲੇ ਗਏ ਜਿਥੇ ਬਾਕੀ ਦਾ ਵੀ ਭਾਰਾ ਸਾਮਾਨ ਛਡ ਦਿਤਾ ਤੇ ਉਥੋਂ ਫਿਰ ਹੌਲੇ ਭਾਰ ਹੋ ਕੇ ਆਪ ਨੇ ਅਗਾਂਹ ਨੂੰ ਚਾਲੇ ਪਾਏ। ਆਪ ਜੀ ਦੇ ਮਗਰ ਅੰਗਰੇਜ਼ਾਂ ਨੇ ਧੌਂਸ ਭੇਜੀ ਕਿ ਜਿਉਂਦਾ ਪਕੜ ਲਿਆ ਜਾਵੇ ਅਤੇ ਜਿਹੜਾ ਪਿੰਡ ਭਾਈ ਸਾਹਿਬ ਨੂੰ ਪਨਾਹ ਜਾਂ ਮਦਦ ਦੇਵੇ ਉਸ ਨੂੰ ਸਾੜ ਦਿਤਾ ਜਾਵੇ।

ਕਈ ਇਤਿਹਾਸਕਾਰਾਂ ਦਾ ਇਹ ਖਿਆਲ ਕਿ ਬਾਬਾ ਮਹਾਰਾਜ ਸਿੰਘ ਨੇ ਪਹਿਲੋਂ ਆਪਣਾ ਕੁਝ ਸਾਮਾਨ ਜੰਡਿਆਲੇ[1] ਤੇ ਫਿਰ ਖ਼ਾਨਕਾਹ ਡੋਗਰਾਂ ਰਖਿਆ, ਉਕਾ ਗ਼ਲਤ ਹੈ ਕਿਉਂਕਿ ਇਕ ਤਾਂ ਇਹਨੀਂ ਦੋਹੀਂ ਥਾਈਂ ਅਧਿਕ ਮੁਸਲਮਾਨ ਵਸੋਂ ਸੀ ਤੇ ਦੂਸਰੇ, ਸੰਪਾਦਕ ਦੇ ਬਜ਼ੁਰਗ ਦਸਿਆ ਕਰਦੇ ਸਨ ਕਿ ਬਾਬਾ ਮਹਾਰਾਜ ਸਿੰਘ ਜੀ ਇਥੇ ਸਾਡੇ ਨਗਰ ਕੜਯਾਲ ਆਏ ਸਨ, ਜਿਸ ਕਰਕੇ ਸਾਡਾ ਨਗਰ ਤੇ ਝੱਬਰ ਗੋਰਿਆਂ ਨੇ ਸਾੜੇ ਸਨ। ਇਸ ਗਲ ਦੀ ਪੁਸ਼ਟੀ ਗਣੇਸ਼ ਦਾਸ ਵਡਿਹਰਾ ਆਪਣੀ ਬਦਨਾਮ ਕ੍ਰਿਤ ਚਾਰਬਾਗ਼ ਪੰਜਾਬ ਦੇ, ਪੰਨਾ 387 ਤੇ ਇਉਂ ਕਰਦਾ ਹੈ।

ਰੈਜ਼ੀਡੈਂਟ ਨੂੰ ਬੜਾ ਗੁਸਾ ਆਇਆ ਤੇ ਜਿਨ੍ਹਾਂ ਪਿੰਡਾਂ ਵਿਚੋਂ ਉਹ (ਭਾਈ ਮਹਾਰਾਜ ਸਿੰਘ ਜੀ) ਲੰਘੇ ਮਸਲਨ ਕੜਯਾਲ ਤੇ ਝਬਰ, ਇਹਨਾਂ ਨੂੰ ਅਗ ਲਾ ਕੇ ਸਾੜ ਦਿਤਾ ਗਿਆ ਅਤੇ ਪਰਜਾ ਦਾ ਬੜਾ ਮੰਦਾ ਹਾਲ ਕੀਤਾ" ਜਦ 1849 ਵਿਚ ਪੰਜਾਬ ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਤਾਂ ਹੌਲੀ ਹੌਲੀ ਲੋਕ ਥਾਈਂ ਥਾਈਂ ਬਹਿ ਗਏ। ਤਹਿਤ ਬਹਿੰਦਾ ਗਿਆ। 1857 ਵਿਚ ਦੇਸ਼ ਭਰ ਵਿਚ ਗਦਰ ਮਚ ਗਿਆ ਮਗਰ ਪੰਜਾਬ ਵਿਚ ਅਮਨ ਹੀ ਰਿਹਾ ਸਿਰਫ਼ ਸਿਆਲਾ ਅੰਗਰੇਜ਼ਾਂ ਨੇ ਪੁਰਾਣੇ ਸਿਖ ਫ਼ੌਜੀਆਂ ਨੂੰ ਰਸਾਲੇ ਵਿਚ ਭਰਤੀ ਕਰਨਾ ਸ਼ੁਰੂ ਕਰ ਦਿਤਾ। ਚੂਹੜਾਣੀਆਂ ਰਾਏ ਕੀ ਪਤੀ ਬੁਧ ਸਿੰਘ ਦੇ ਤਿੰਨ ਪੁਤ੍ਰ ਤੇ ਦੋ ਪੋਤਰੇ ਭਰਤੀ ਹੋ ਗਏ। ਉਨ੍ਹਾਂ ਦੀ ਵੇਖੋ ਵੇਖੀ ਹੋਰ ਵੀ ਭਰਤੀ ਹੋ ਗਏ। ਮਗਰ ਬਾਬਾ ਰੂਪ ਸਿੰਘ ਭਰਤੀ ਨਾ ਹੋਇਆ। 1865 ਵਿਚ ਬਾਬੇ ਨੂੰ ਲੰਬਰਦਾਰੀ ਮਿਲੀ ਪਰ ਉਦੋਂ ਮਾਮਲਾ ਬੜਾ ਔਖਾ ਉਘਰਦਾ ਹੁੰਦਾ ਸੀ। ਘਿਉ ਰੁਪੈ ਦਾ ਪੰਜ ਸੇਰ, ਜਵਾਰ ਦੋ ਰੁਪੈ ਦੀ ਮਾਣੀ (ਦਸ ਮਣ) ਵਿਕਦੀ ਸੀ ਤੇ ਮਾਮਲੇ ਦੀ ਉਗਰਾਹੀ ਵਾਸਤੇ ਲੰਬਰਦਾਰਾਂ ਤੇ ਬੜੀ ਸਖਤੀ ਕੀਤੀ ਜਾਂਦੀ ਸੀ। ਐਥੋਂ ਤਕ ਕਿ ਕਈ ਨੰਬਰਦਾਰਾਂ ਦੇ ਨਲਾਂ (ਗੁਪਤ ਅੰਗਾਂ) ਨਾਲ ਕੀੜਿਆਂ ਭਰੀ ਟਿੰਡ ਬੰਨ ਕੇ ਦੁਖੀ ਕੀਤਾ ਜਾਂਦਾ ਔਰ ਅਗਰ ਕੋਈ ਅੰਗਰੇਜ਼ ਵਲ ਉਚੀ ਅਖ ਕਰਕੇ ਵੇਖਦਾ ਤਾਂ ਅੰਗਰੇਜ਼ ਕਹਿੰਦਾ, "ਕੁਤੇ ਮਖੀ, ਆਖ ਨੀਚੀ ਕਰੋ ਹਮਾਰੀ ਤਰਫ ਮਤ ਦੇਖੋ।"

ਇਕ ਵਾਰਾਂ ਦਾ ਜ਼ਿਕਰ ਹੈ ਇਕ ਪੂਰਬੀਆ, ਸ਼ਾਹ ਕਾਲਾ ਸਾਢੇ ਛੇ ਫੁਟ ਉਚਾ ਦਫੇਦਾਰ ਤੇ ਦੋ ਪਿਆਦੇ ਖ਼ਾਨਗਾਹ ਡੋਗਰਾਂ[2]

---

1. ਜੰਡਿਆਲਾ ਸ਼ੇਰ ਖਾਨ ਦੇ ਵਾਸੀ ਪਠਾਣਾਂ ਨੇ ਤਾਂ ਸਗੋਂ ਮੁਖਬਰੀ ਕੀਤੀ ਸੀ ਕਿ ਭਾਈ ਮਹਾਂਰਾਜ ਸਿੰਘ ਕੜਯਾਲ ਤੇ ਝੱਬਰੋਂ ਗਿਆ ਹੈ।
2. ਉਦੋਂ ਕਮਿਸ਼ਨਰੀ ਸਿਆਲਕੋਟ, ਜ਼ਿਲ੍ਹਾ ਗੁਜਰਾਂਵਾਲਾ, ਤਹਿਸੀਲ ਹਾਫਜ਼ਾਬਾਦ ਅਤੇ ਥਾਣਾ ਖ਼ਾਨਕਾਹ ਡੋਗਰਾਂ ਹੋਇਆ ਕਰਦਾ ਸੀ। ਅਨੋਖ ਸਿੰਘ ਸ਼ੇਰੋਕਾ ਜ਼ੈਲਦਾਰ ਸੀ।

ਜੀ ਨੇ ਹਿਫਾਜ਼ਤੀ ਪੁਲਸ ਗਾਰਦ ਦੇ ਇੰਚਾਰਜ ਨੂੰ ਆਖਿਆ ਮੇਰੇ ਪੈਰ ਵਿਚ ਰੱੜ ਖੁਭਣ ਕਰਕੇ ਦਰਦ ਹੁੰਦੀ ਹੈ ਤੇ ਮੈਂ ਤੁਸਾਡੇ ਨਾਲ ਛੇਤੀ ਛੇਤੀ ਨਹੀਂ ਚਲ ਸਕਦਾ, ਤੁਸੀਂ ਸਟੇਸ਼ਨ ਨੂੰ ਚਲੋ ਤੇ ਮੈਂ ਹੌਲੀ ਹੌਲੀ ਪੁਜ ਜਾਵਾਂਗਾ.. ਪੁਲਸੀਆ ਮੰਨ ਗਿਆ ਤੇ ਆਪ ਪਿਛਾਂਹ ਹੌਲੀ ਹੌਲੀ ਤੁਰਨ ਲਗ ਪਏ ਤੇ ਅੱਖ ਬਚਾ ਕੇ ਖਲਾਫਤ ਪੰਡਾਲ ਵਿੱਚ ਪੁੱਜ ਕੇ ਕਾਲੇ ਪਾਣੀ ਦੇ ਦੇਸ਼ ਭਗਤਾਂ ਉਤੇ ਹੋ ਰਿਹਾ ਅਤਿਆਚਾਰ ਦਾ ਲਿਖਤੀ ਖਰੜਾ ਡਾਕਟਰ ਕਿਚਲੂ ਦੇ ਹੱਥ ਵਿੱਚ ਦੇ ਦਿੱਤਾ ਅਤੇ ਜ਼ਬਾਨੀ ਗੱਲਬਾਤ ਸਮਝਾ, ਅੱਖ ਦੇ ਫੋਰ ਵਿੱਚ ਟਰਾਮ ਤੇ ਚੜ੍ਹ ਇਕਰਾਰ ਮੁਜਬ ਰੇਲਵੇ ਸਟੇਸ਼ਨ ਤੇ ਪੁਜ ਗਏ। ਜਦੋਂ ਉਹ ਖਰੜਾ ਜਦ ਡਾਕਟਰ ਕਿਚਲੂ ਨੇ ਅਖਬਾਰਾਂ ਵਿਚ ਪ੍ਰਕਾਸ਼ਤ ਕਰਵਾਇਆ ਤਾਂ ਲੰਡਨ ਤਕ ਅੰਗਰੇਜ਼ ਹਕੂਮਤ ਪਰੇਸ਼ਾਨ ਹੋ ਗਈ।

ਭਾਈ ਤੇਜਾ ਸਿੰਘ ਜੀ ਸਿਆਸਤ ਦੇ ਨਾਲ ਨਾਲ ਧਾਰਮਕ ਮਾਮਲਿਆਂ ਵਿਚ ਵੀ ਬਰਾਬਰ ਹਿਸਾ ਲੈਂਦੇ ਰਹੇ.. ਜੈਸਾ ਕਿ 10, 11, ਅਤੇ 12 ਅਕਤੂਬਰ 1920 ਨੂੰ ਜਲਿਆਂ ਵਾਲੇ ਬਾਗ ਅੰਮ੍ਰਿਤਸਰ ਵਿਖੇ ਖਾਲਸਾ ਬਰਾਦਰੀ (ਅਖੌਤੀ, ਰਵਿਦਾਸੀਏ, ਮਜ਼ਹਬੀ, ਰਹਿਤੀਏ ਆਦਿ) ਦਾ ਦੀਵਾਨ ਸਜਿਆ ਜੋ ਕਿ ਇਹਨਾਂ ਉਤੇ ਦਰਬਾਰ ਸਾਹਿਬ ਵਿਚ ਆਵਣ ਤੇ ਲਗੀ ਪਾਬੰਦੀ ਦੇ ਪ੍ਰੋਟੈਸਟ ਵਜੋਂ ਸੀ। 12/10/20 ਨੂੰ ਖਾਲਸਾ ਬਰਾਦਰੀ ਦੇ ਦਸ ਬਾਰਾਂ ਸੱਜਣ ਕੜਾਹ ਪ੍ਰਸਾਦ ਲੈ ਕੇ ਜਲਿਆਂ ਵਾਲੇ ਬਾਗ ਤੋਂ ਦਰਬਾਰ ਸਾਹਿਬ ਵਲ ਆ ਰਹੇ ਸਨ, ਕਿ ਐਨ ਉਸੇ ਮੌਕੇ ਤੇ ਹੇਠ ਲਿਖੇ ਜਥੇਦਾਰ ਆਪਣੇ ਜਥੇ ਲੈ ਕੇ ਆਣ ਪਹੁੰਚੇ :—

1) ਭਾਈ ਕਰਤਾਰ ਸਿੰਘ ਝਬਰ, ਖਾਲਸਾ ਦੀਵਾਨ ਖਰਾ ਸੌਦਾ ਬਾਰ
2) ਭਾਈ ਤੇਜਾ ਸਿੰਘ, ਚੂਹੜਕਾਣਾ ਖਾਲਸਾ ਦੀਵਾਨ ਖਰਾ ਸੌਦਾ ਬਾਰ
3) ਭਾਈ ਪਿਆਰਾ ਸਿੰਘ, ਚੂਹੜਕਾਣਾ ਖਾਲਸਾ ਦੀਵਾਨ ਖਰਾ ਸੌਦਾ ਬਾਰ
4) ਤੇਜਾ ਸਿੰਘ ਭੂਚਰ ਜਿਲਾ ਲਾਹੌਰ

ਜਦੋਂ ਇਹ ਸਾਰਾ ਜਲੂਸ ਹਰਿਮੰਦਰ ਸਾਹਿਬ ਅਪੜਿਆ ਤਾਂ ਪੁਜਾਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਛੱਡ ਕੇ ਭਜ ਗਏ। ਉਦੋਂ ਤੋਂ ਖਾਲਸਾ ਬਰਾਦਰੀ ਦੀ ਰੋਕ ਸਮਾਪਤ ਹੋ ਗਈ। ਅਕਾਲ ਤਖਤ ਤੇ ਹਰਿਮੰਦਰ ਸਾਹਿਬ ਪੁਜਾਰੀਆਂ ਤੋਂ ਮੁਕਤ ਹੋ ਪੰਥਕ ਪ੍ਰਬੰਧ ਵਿਚ ਆ ਗਏ।

ਪੰਥਕ ਪ੍ਰਬੰਧ ਵਿਚ ਸਭ ਤੋਂ ਪਹਿਲੀ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਦਾ 17/6/23 ਨੂੰ ਟੱਕ ਲਾਣ ਵਾਲੇ ਪੰਜਾਂ ਪਿਆਰਿਆਂ (1) ਬਾ: ਸ਼ਾਮ ਸਿੰਘ ਅਡਣ ਸ਼ਾਹੀ ਅੰਮ੍ਰਿਤਸਰ (2) ਸ: ਬ: ਮਤਾਬ ਸਿੰਘ (3) ਭਾਈ ਤੇਜਾ ਸਿੰਘ ਚੂਹੜਕਾਣਾ (4) ਸੋਢੀ ਪ੍ਰੀਤਮ ਸਿੰਘ ਅਨੰਦਪੁਰ ਸਾਹਿਬ (5) ਬਾਬਾ ਗੁਲਾਬ ਸਿੰਘ ਜੀ ਘੋਲੀਆ ਆਦਿ ਨਾਲ ਸ਼ਾਮਲ ਹੋਣ ਦਾ ਸੁਭਾਗ ਆਪ ਜੀ ਨੂੰ ਪ੍ਰਾਪਤ ਹੋਇਆ।

ਆਪ ਜੀ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ। ਜਦ ਸਤੰਬਰ 1923 ਵਿਚ ਜੈਤੋ ਦੇ ਮੋਰਚੇ ਕਾਰਨ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਖਿਲਾਫ਼ ਕਾਨੂੰਨ ਕਰਾਰ ਦੇ ਦਿਤਾ ਗਿਆ ਤੇ ਮੁਕਦਮਾ ਚਲਾਇਆ ਗਿਆ ਤਾਂ ਆਪ ਜੀ ਵੀ ਨਾਲ ਸ਼ਾਮਲ ਸਨ।

1924 ਦੇ ਉਪਰੰਤ ਆਪ ਜੀ ਸਿਆਸਤ ਵਿਚ ਵਿਚਰਨ ਲਗ ਪਏ ਇਉਂ ਪ੍ਰਤੀਤ ਹੁੰਦਾ ਸੀ ਕਿ ਕੁਝ ਕਮਿਊਨਿਸਟ ਵਿਚਾਰਧਾਰਾ ਦੇ ਹੋ ਗਏ ਸਨ ਜਿਸਦਾ ਪਰਦਰਸ਼ਨ ਕਿ ਉਹਨਾਂ ਨੇ ਸੰਪਾਦਕ ਦੇ ਨਗਰ ਕੜਯਾਲ ਬਾਗਾਂ ਵਾਲੇ ਦੇ ਸਾਲਾਨਾ ਹੋਲੇ ਮਹੱਲੇ ਦੇ ਜੋੜ ਮੇਲੇ ਤੇ ਕੀਤਾ। ਮਗਰ ਫਿਰ ਆਪ ਜੀ ਪੱਕੇ ਕਾਂਗਰਸੀ ਹੋ ਗਏ ਤੇ ਕਈ ਵਾਰੀ ਸਿਆਸੀ ਕੈਦਾਂ ਤੇ ਜੁਰਮਾਨੇ ਭੁਗਤਦੇ ਰਹੇ। 1947 ਵਿਚ ਜਦੋਂ ਪੰਜਾਬ ਦਾ ਬਟਵਾਰਾ ਹੋਇਆ ਤਾਂ ਜ਼ਿਲਾ ਸ਼ੇਖੂਪੁਰੇ ਦੇ ਅਫਸਰਾਂ ਨੇ ਚੂਹੜਕਾਣਾ ਮੰਡੀ ਨੂੰ ਕੈਂਪ ਬਾਣਉਣ ਦੀ ਤਜਵੀਜ਼ ਕੀਤੀ ਜਿਸ ਨਾਲ ਕੇਵਲ ਮੰਡੀ ਦੀ ਜਨਤਾ ਨੂੰ ਹੀ ਸਹੂਲਤ ਹੁੰਦੀ ਸੀ ਤੇ ਬਾਕੀ ਸਾਰਾ ਇਲਾਕਾ ਔਖਾ ਰਹਿੰਦਾ। ਇਸ ਵਾਸਤੇ, ਆਪ ਜੀ ਨੇ ਸਨੇ ਸ: ਨਿਸ਼ਾਨ ਸਿੰਘ ਸੌਂਧੇਕੰਟੀਏ[1] ਦੇ, ਚੂਹੜਕਾਣੇ ਪਾਦਰੀ ਦੀ ਕੋਠੀ ਤੇ ਡੀ ਸੀ. ਮਿਸਟਰ ਡਿਜਨੀ ਤੇ ਡਾਕਟਰ ਲਹਿਣਾ ਸਿੰਘ ਕਾਂਗਰਸੀ ਨੂੰ ਮਿਲਕੇ ਕੈਂਪ ਗੁਰਦੁਆਰਾ ਖਰਾ ਸੌਦਾ (ਚੂਹੜਕਾਣਾ) ਬਣਵਾ ਦਿਤਾ ਜਿਸ ਨਾਲ ਪੇਂਡੂ ਖਲਕਤ ਨੂੰ ਬਹੁਤ ਸਹੂਲਤਾਂ ਹੋ ਗਈਆਂ।

ਸ੍ਰ: ਨਿਸ਼ਾਨ ਸਿੰਘ ਦਸਦੇ ਹਨ ਕਿ ਚੂਹੜਕਾਣੇ ਕੈਂਪ ਦਾ ਕਾਫਲਾ ਪਾਕਿਸਤਾਨੀ ਹਾਕਮਾਂ ਨੇ ਕਾਫੀ ਦਿਨ ਬਿਨਾਂ ਵਜਾ ਲੰਡੇ ਹੈਡ ਤੇ ਰੋਕ ਰਖਿਆ ਤੇ ਤੰਗ ਕੀਤਾ। ਇਕ ਦਿਨ ਭਾਈ ਤੇਜਾ ਸਿੰਘ ਨੇ ਇਕ ਭਾਰਤੀ ਫੌਜੀ ਅਫਸਰ ਦੇ ਹਥ ਚਿਠੀ ਦਿਤੀ ਤੇ ਉਸਨੂੰ ਪਕੀ

---

1. ਨਿਸ਼ਾਨ ਸਿੰਘ ਸਪੁਤਰ ਬਲਕਾਰ ਸਿੰਘ ਸੌਂਧੇਕੰਟੀਆਂ ਹਾਲ ਬਿਗਵਾੜਾ (ਰੁਦਰਪੁਰ) ਜ਼ਿਲ੍ਹਾ ਨੈਨੀਤਾਲ।

ਮੱਝ ਦੇ ਆਵਣ ਦਾ ਪਤਾ ਲਗਾ ਤਾਂ ਇਹਨਾਂ ਨੂੰ ਆ ਕੇ ਢੱਗੇ ਬਾਰੇ ਆਖਿਆ ਜੋ ਦਿਨਾਂ ਵਿਚ ਹੀ ਇਹਨਾਂ ਮੋੜ ਲਿਆਂਦਾ ਥ ਉਦੋਂ ਤੋਂ ਦੋਵੇਂ ਸਰਨਾਂਵੀਏ ਪੱਗਵਟ ਭਰਾ ਬਣ ਗਏ" ਤੇ ਮੇਲ ਮੁਲਾਕਾਤ ਵਧ ਗਿਆ।

ਸੰਨ 1914 ਵਿਚ ਦਿੱਲੀ ਦਾ ਪਨਰ ਨਿਰਮਾਨ ਹੋ ਰਿਹਾ ਸੀ ਤੇ ਸਰਕਾਰ ਪੁਰਾਣੀਆਂ ਸੜਕਾਂ ਨੂੰ ਸਿਧੀਆਂ ਕਰਨ ਵਾਸਤੇ ਕਈ ਮਕਾਨਾਂ ਨੂੰ ਗਿਰਾ ਰਹੀ ਸੀ। ਚਨਾਂਚਿ ਗੁਰਦਵਾਰਾ ਰਕਾਬ ਗੰਜ ਦੀ ਦੀਵਾਰ ਵੀ ਗਿਰਾ ਦਿੱਤੀ ਗਈ ਜਿਸ ਕਾਰਨ ਸਿਖ ਪੰਥ ਵਿਚ ਕਾਫੀ ਬਚੈਨੀ ਪੈਦਾ ਹੋ ਗਈ। ਸਮੁੰਦਰੀ ਜੀ ਨੇ ਸ: ਸੰਪੂਰਨ ਸਿੰਘ ਲਾਇਲਪੁਰੀ ਨਾਲ ਸਲਾਹ ਕਰਕੇ ਭਾਈ ਤੇਜਾ ਸਿੰਘ ਜੀ ਨੂੰ ਮਾਸਟਰ ਅਮਰ ਸਿੰਘ ਬੀ. ਏ. ਨਾਲ ਦਿੱਲੀਓਂ ਅਸਲ ਹਾਲਾਤ ਦਾ ਪਤਾ ਕਰਨ ਘਲਿਆ। ਦਿੱਲੀ ਪੁਜ ਕੇ ਜਦ ਭਾਈ ਤੇਜਾ ਸਿੰਘ ਨੇ ਗੁਰਦਵਾਰੇ ਦੀ ਕੰਧ ਢਠੀ ਵੇਖੀ ਤਾਂ ਇਹਨਾਂ ਦਾ ਖ਼ੂਨ ਖੌਲ ਗਿਆ ਇਹਨਾਂ ਮਾਸਟਰ ਅਮਰ ਸਿੰਘ ਨੂੰ ਆਖਿਆ, "ਮੈਥੋਂ ਇਹ ਅਨਰਥ ਨਹੀਂ ਸਹਾਰਿਆ ਜਾਂਦਾ ਤੂੰ ਵਾਪਸ ਭੱਜ ਜਾ ਤੇ ਸਾਰੀ ਗੱਲ ਦੱਸ ਦੇਵੀਂ" ਇਤਨਾ ਆਖ ਡਾਂਗ ਲੈ ਕੇ ਕੁਦ ਪਏ, ਜੋ ਕੋਈ ਮਜ਼ਦੂਰ ਮਿਸਤ੍ਰੀ ਸਾਹਮਣੇ ਆਇਆ ਸਭ ਲੰਮੇ ਪਾ ਦਿਤੇ, ਕਈ ਤਾਂ ਡਰਦੇ ਮਾਰੇ ਆਪ ਹੀ ਲੰਮੇ ਪੈ ਗਏ, ਕੋਈ ਭੱਜ ਗਏ ਕੋਈ ਲੁਕ ਗਏ ਤੇ ਇਹਨਾਂ ਨੂੰ ਪੁਲਿਸ ਨੇ ਫੜ ਕੇ ਹਵਾਲਾਤ ਵਿਚ ਬੰਦ ਕਰ ਦਿਤਾ। ਮੁਕਦਮਾ ਚਲਿਆ, ਸਮੁੰਦਰੀ ਜੀ ਤੇ ਸ: ਸੰਪੂਰਨ ਸਿੰਘ ਹਰ ਪੇਸ਼ੀ ਤੇ ਦਿੱਲੀ ਪੁਜਦੇ ਰਹੇ ਅਤੇ ਕਈ ਰਿਆਇਤਾਂ ਕਰਵਾ ਦਿਤੀਆਂ। ਇਹਨਾਂ ਨੂੰ ਤਿੰਨ ਮਹੀਨੇ ਕੈਦ ਹੋਈ। ਜਿਸਦਾ ਇਹ ਗੁਣ ਹੋਇਆ ਕਿ ਇਹ ਗੁਰੂ ਕਾ ਲਾਲ ਕੈਦ ਦੇ ਸਮੇਂ ਵਿਚ ਗੁਰਮੁਖੀ ਪੜ੍ਹ ਗਿਆ ਤੇ ਗੁਰਸਿੱਖੀ ਦੀ ਰੰਗਤ ਵਿਚ ਗੂੜਾ ਰੰਗਿਆ ਗਿਆ।

ਭਾਈ ਜੀ ਜਦੋਂ ਰਿਹਾ ਹੋ ਕੇ ਆਏ ਤਾਂ ਖਾਲਸੇ ਵਿਚ ਸਿੰਘ ਸਭਾ ਲਹਿਰ ਜ਼ੋਰਾਂ ਤੇ ਸੀ। ਸਮੁੰਦਰੀ ਜੀ ਅਤੇ ਸ: ਹਰਚੰਦ ਸਿੰਘ ਇਲਾਕਾ ਲਾਇਲਪੁਰ ਦੇ ਮੋਢੀਆਂ ਵਿਚੋਂ ਸਨ। ਇਹਨਾਂ ਦੇ ਪ੍ਰਭਾਵ ਥਲੇ ਲਾਇਲਪੁਰ ਵਿਚ ਇਕ ਖਾਲਸਾ ਕਾਲਜ ਖੋਲ੍ਹਣ ਦਾ ਮਤਾ ਪ੍ਰਵਾਨ ਹੋ ਗਿਆ।

ਸ. ਹਰਚੰਦ ਸਿੰਘ ਨੇ ਜ਼ਮੀਨ ਦਿਤੀ ਸਮੁੰਦਰੀ ਜੀ ਹੋਰ ਪ੍ਰਬੰਧ ਕਰਨ ਲਗ ਗਏ ਤੇ ਭਾਈ ਤੇਜਾ ਸਿੰਘ ਜੀ ਨੇ ਕਪਾਹ ਦੀਆਂ ਛਿਟੀਆਂ (ਮਨ ਛਿੱਟੀ) ਦੇ ਛਪਰ ਬਨ੍ਹ ਕੇ ਖੜੇ ਕਰਵਾ ਦਿਤੇ। ਮਾਸਟਰ ਤਾਰਾ (ਜੋ ਪਿਛੋਂ ਪ੍ਰਸਿਧ ਪੰਥਕ ਆਗੂ ਬਣੇ) ਅਤੇ ਮਾਸਟਰ ਹਰੀ ਸਿੰਘ ਜੀ ਪੰਦਰਾਂ, ਪੰਦਰਾਂ ਰੁਪੈ ਮਹੀਨਾ ਤੇ ਅਧਿਆਪਕ ਰਖੇ ਗਏ ਅਤੇ ਹੌਲੀ ਹੌਲੀ ਖਾਲਸਾ ਕਾਲਜ ਲਾਇਲਪੁਰ ਮੁਕੰਮਲ ਹੋ ਗਿਆ। ਸਿੰਘ ਸਭਾ ਲਹਿਰ ਅੰਦਰ ਆਪ ਜੀ ਇਲਾਕਾ ਖਰਾ ਸੌਦਾ ਬਾਰ ਦੇ ਮੋਢੀ ਪ੍ਰਚਾਰਕ ਭਾਈ ਸਾਹਿਬ ਭਾਈ ਮੂਲ ਸਿੰਘ ਜੀ ਗਰਮੂਲਾ ਅਤੇ ਉਨ੍ਹਾਂ ਦੇ ਸਯਗ ਸੇਵਕ ਭਾ: ਕਰਤਾਰ ਸਿੰਘ ਝੱਬਰ, ਭਾਈ ਸੁਚਾ ਸਿੰਘ ਚੱਕ ਜੰਦ, ਭਾਈ ਲਖਾ ਸਿੰਘ ਔਲਖ ਆਦਿ ਨਾਲ ਰਲ ਕੇ ਗੁਰਮਤ ਪ੍ਰਚਾਰ ਵਿਚ ਪ੍ਰਵਿਰਤ ਹੋ ਗਏ।

1919 ਦੇ ਆਰੰਭ ਤਕ ਭਾਰਤ ਵਿਚ ਰਾਜ ਭਗਤੀ ਦਾ ਭੋਗ ਪੈ ਗਿਆ ਅਤੇ ਦੇਸ਼ ਭਗਤੀ ਦਾ ਆਰੰਭ ਹੋ ਗਿਆ। ਜਲਿਆਂ ਵਾਲਾ ਬਾਗ (ਸ਼ਿੰਗਾਰਾ ਸਿੰਘ ਸਮੇਤ ਸਮਨਤ ਸੀ) ਦਾ ਗੋਲੀ ਕਾਂਡ ਅਤੇ ਰੌਲਟ ਐਕਟ ਦਾ ਪ੍ਰਣਾਮ ਮਾਰਸ਼ਲ ਲਾਅ ਦੇ ਰੂਪ ਵਿਚ ਪ੍ਰਗਟਿਆ, ਜਿਸ ਨੇ ਕਿ ਪੂਰੇ ਭਾਰਤ ਵਰਸ਼ ਦੀ ਜਨਤਾ ਤੇ ਲੰਡਨ ਤਕ ਦੀ ਗੋਰਾ ਸਰਕਾਰ ਨੂੰ ਝੰਜੋੜ ਕੇ ਰਖ ਦਿਤਾ.. ਚੁਨਾਂਚਿ ਇਲਾਕਾ ਬਾਰ ਦੇ ਸਰਗਰਮ ਆਗੂ ਭਾਈ ਕਰਤਾਰ ਸਿੰਘ ਝਬਰ ਦੀ ਅਗਵਾਈ ਹੇਠ, ਭਾਈ ਤੇਜਾ ਸਿੰਘ ਚੂਹੜਕਾਣਾ (2) ਕਾਹਣ ਸਿੰਘ (ਦਾਦਾ ਪੂਤ੍ਰਾ) ਚੂਹੜਕਾਣਾ (3) ਜੰਗੀਰ ਸਿੰਘ ਮੁਰੀਦਕਾ (4) ਮਾਹਣਾਂ ਸਿੰਘ, ਨੌਖਰੀਆ (5) ਕਾਲੋਕਿਆਂ ਦਾ ਲੁਹਾਰ ਮਹਰਦੀਨ, ਸ਼ਿੰਗਾਰਾ ਸਿੰਘ[1] ਔਲਖ ਪੁਤ੍ਰ ਸ਼ੇਰ ਸਿੰਘ ਔਲਖ (ਭਾ: ਤੇਜਾ ਸਿੰਘ ਦਾ ਸਾਲਾ) ਅਤੇ ਰਾਉ ਮਿਰਾਸੀ ਪਿੰਡ ਚੂਹੜਕਾਣਾ ਇਹਨਾ ਉਪ੍ਰਕਤ ਸਾਰਿਆਂ ਤੇ ਰੇਲਵੇ ਸਟੇਸ਼ਨ ਚੂਹੜਕਾਣਾ ਲੁਟਣ, ਸਾੜਣ ਅਤੇ ਰੇਲਵੇ ਲਾਈਨ ਪੁਟਣ ਆਦਿ ਦਾ ਦੋਸ਼ ਲਗਾ ਕੇ ਫੌਜੀ ਕਾਨੂੰਨ ਅਧੀਨ ਮੌਤ ਦੀ ਸਜ਼ਾ ਹੋ ਗਈ।

ਇਸ ਮਸ਼ਹੂਰ ਮੁਕਦਮੇ ਦੀ ਪੈਰਵੀ ਪੰਡਤ ਮੋਤੀ ਲਾਲ ਨਹਿਰੂ ਨੇ ਕੀਤੀ, ਤੇ ਮੌਤ ਦੀ ਸਜ਼ਾ ਟੁਟ ਕੇ ਕਾਲੇ ਪਾਣੀ ਹੋ ਗਈ। ਡੇਢ ਸਾਲ ਕਾਲੇ ਪਾਣੀ ਦੀ ਸਜ਼ਾ ਭੁਗਤਣ ਉਪਰੰਤ ਅੰਗਰੇਜ਼ ਸਰਕਾਰ ਨੇ ਇਹਨਾਂ ਨੂੰ ਗੈਰ ਮਸ਼ਰੂਤ ਤੌਰ ਤੇ ਰਿਹਾ ਕਰ ਦਿਤਾ। ਜਦੋਂ ਕਲਕੱਤੇ ਉੱਤਰੇ ਤਾਂ ਡਾਕਟਰ ਕਿਚਲੂ ਦੀ ਅਗਵਾਈ ਵਿਚ ਖਿਲਾਫਤ ਲਹਿਰ ਜ਼ੋਰਾਂ ਤੇ ਚਲ ਰਹੀ ਸੀ। ਭਾਈ ਤੇਜਾ ਸਿੰਘ

---

1. ਇਹ ਭਾਈ ਤੇਜਾ ਸਿੰਘ ਦਾ ਸਕਾ ਸਾਲਾ ਸੀ। ਇਹ 1919 ਤੇ 1947 ਦੇਸ਼ ਵੰਡ ਤੱਕ ਮਫਰੂਰ ਰਿਹਾ। ਇਹਨਾਂ ਦਾ ਘਰ ਘਾਟ ਸਭ ਜ਼ਬਤ ਹੋ ਚੁੱਕਾ ਸੀ। ਦੇਸ਼ ਦੀ ਵੰਡ ਪਿਛੋਂ ਸ: ਪ੍ਰਤਾਪ ਸਿੰਘ ਕੈਰੋਂ ਨੂੰ ਆਖ ਕੇ ਭਾਈ ਤੇਜਾ ਸਿੰਘ ਜੀ ਨੇ ਇਹਨਾਂ ਨੂੰ ਪੈਨਸ਼ਨ ਲਵਾਈ ਜੋ ਅਖੀਰ ਤੱਕ ਮਿਲਦੀ ਰਹੀ। (ਗਿਆਨੀ ਜੀ)

ਜੀ ਨੇ ਹਿਫਾਜਤੀ ਪੁਲਸ ਗਾਰਦ ਦੇ ਇੰਚਾਰਜ ਨੂੰ ਆਖਿਆ ਮੇਰੇ ਪੈਰ ਵਿਚ ਰੰਤ ਖੁਭਣ ਕਰਕੇ ਦਰਦ ਹੁੰਦੀ ਹੈ ਤੇ ਮੈਂ ਤੁਸਾਂਡੇ ਨਾਲ ਛੇਤੀ ਛੇਤੀ ਨਹੀਂ ਚਲ ਸਕਦਾ, ਤੁਸੀਂ ਸਟੇਸ਼ਨ ਨੂੰ ਚਲੋ ਤੇ ਮੈਂ ਹੌਲੀ ਹੌਲੀ ਪੁਜ ਜਾਵਾਂਗਾ.. ਪੁਲਸੀਆ ਮੰਨ ਗਿਆ ਤੇ ਆਪ ਪਿਛਾਂਹ ਹੌਲੀ ਹੌਲੀ ਤੁਰਨ ਲਗ ਪਏ ਤੇ ਅੱਖ ਬਚਾ ਕੇ ਖਲਾਫਤ ਪੰਡਾਲ ਵਿੱਚ ਪੁੱਜ ਕੇ ਕਾਲੇ ਪਾਣੀ ਦੇ ਦੇਸ਼ ਭਗਤਾਂ ਉਤੇ ਹੋ ਰਿਹਾ ਅਤਿਆਚਾਰ ਦਾ ਲਿਖਤੀ ਖਰੜਾ ਡਾਕਟਰ ਕਿਚਲੂ ਦੇ ਹੱਥ ਵਿੱਚ ਦੇ ਦਿੱਤਾ ਅਤੇ ਜ਼ਬਾਨੀ ਗੱਲਬਾਤ ਸਮਝਾ, ਅੱਖ ਦੇ ਫੋਰ ਵਿੱਚ ਟਰਾਮ ਤੇ ਚੜ੍ਹ ਇਕਰਾਰ ਮੁਜਬ ਰੇਲਵੇ ਸਟੇਸ਼ਨ ਤੇ ਪੁਜ ਗਏ। ਜਦੋਂ ਉਹ ਖਰੜਾ ਜਦ ਡਾਕਟਰ ਕਿਚਲੂ ਨੇ ਅਖਬਾਰਾਂ ਵਿਚ ਪ੍ਰਕਾਸ਼ਤ ਕਰਵਾਇਆ ਤਾਂ ਲੰਡਨ ਤਕ ਅੰਗਰੇਜ਼ ਹਕੂਮਤ ਪਰੇਸ਼ਾਨ ਹੋ ਗਈ।

ਭਾਈ ਤੇਜਾ ਸਿੰਘ ਜੀ ਸਿਆਸਤ ਦੇ ਨਾਲ ਨਾਲ ਧਾਰਮਕ ਮਾਮਲਿਆਂ ਵਿਚ ਵੀ ਬਰਾਬਰ ਹਿਸਾ ਲੈਂਦੇ ਰਹੇ.. ਜੈਸਾ ਕਿ 10, 11, ਅਤੇ 12 ਅਕਤੂਬਰ 1920 ਨੂੰ ਜਲਿਆਂ ਵਾਲੇ ਬਾਗ ਅੰਮ੍ਰਿਤਸਰ ਵਿਖੇ ਖਾਲਸਾ ਬਰਾਦਰੀ (ਅਛੂਤੀ, ਰਵਿਦਾਸੀਏ, ਮਜਹਬੀ, ਰਹਿਤੀਏ ਆਦਿ) ਦਾ ਦੀਵਾਨ ਸਜਿਆ ਜੋ ਕਿ ਇਹਨਾਂ ਉਤੇ ਦਰਬਾਰ ਸਾਹਿਬ ਵਿਚ ਆਵਣ ਤੇ ਲਗੀ ਪਾਬੰਦੀ ਦੇ ਪ੍ਰੋਟੈਸਟ ਵਜੋਂ ਸੀ। 12/10/20 ਨੂੰ ਖਾਲਸਾ ਬਰਾਦਰੀ ਦੇ ਦਸ ਬਾਰਾਂ ਸੱਜਣ ਕੜਾਹ ਪ੍ਰਸ਼ਾਦ ਲੈ ਕੇ ਜਲਿਆਂ ਵਾਲੇ ਬਾਗ ਤੋਂ ਦਰਬਾਰ ਸਾਹਿਬ ਵਲ ਆ ਰਹੇ ਸਨ, ਕਿ ਐਨ ਉਸੇ ਮੌਕੇ ਤੇ ਹੇਠ ਲਿਖੇ ਜਥੇਦਾਰ ਆਪਣੇ ਜਥੇ ਲੈ ਕੇ ਆਣ ਪਹੁੰਚੇ :—

1) ਭਾਈ ਕਰਤਾਰ ਸਿੰਘ ਝਬਰ, ਖਾਲਸਾ ਦੀਵਾਨ ਖਰਾ ਸੌਦਾ ਬਾਰ
2) ਭਾਈ ਤੇਜਾ ਸਿੰਘ, ਚੂਹੜਕਾਣਾ ਖਾਲਸਾ ਦੀਵਾਨ ਖਰਾ ਸੌਦਾ ਬਾਰ
3) ਭਾਈ ਪਿਆਰਾ ਸਿੰਘ, ਚੂਹੜਕਾਣਾ ਖਾਲਸਾ ਦੀਵਾਨ ਖਰਾ ਸੌਦਾ ਬਾਰ
4) ਤੇਜਾ ਸਿੰਘ ਭੁਚਰ ਜਿਲਾ ਲਾਹੌਰ

ਜਦੋਂ ਇਹ ਸਾਰਾ ਜਲੂਸ ਹਰਿਮੰਦਰ ਸਾਹਿਬ ਅਪੜਿਆ ਤਾਂ ਪੁਜਾਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਛੱਡ ਕੇ ਭਜ ਗਏ। ਉਦੋਂ ਤੋਂ ਖਾਲਸਾ ਬਰਾਦਰੀ ਦੀ ਰੋਕ ਸਮਾਪਤ ਹੋ ਗਈ। ਅਕਾਲ ਤਖਤ ਤੇ ਹਰਿਮੰਦਰ ਸਾਹਿਬ ਪੁਜਾਰੀਆਂ ਤੋਂ ਮੁਕਤ ਹੋ ਪੰਥਕ ਪ੍ਰਬੰਧ ਵਿਚ ਆ ਗਏ।

ਪੰਥਕ ਪ੍ਰਬੰਧ ਵਿਚ ਸਭ ਤੋਂ ਪਹਿਲੀ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਦਾ 17/6/23 ਨੂੰ ਟੱਕ ਲਾਣ ਵਾਲੇ ਪੰਜਾਂ ਪਿਆਰਿਆਂ (1) ਬਾ: ਸ਼ਾਮ ਸਿੰਘ ਅੜਣ ਸ਼ਾਹੀ ਅੰਮ੍ਰਿਤਸਰ (2) ਸ: ਬ: ਮਤਾਬ ਸਿੰਘ (3) ਭਾਈ ਤੇਜਾ ਸਿੰਘ ਚੂਹੜਕਾਣਾ (4) ਸੌਦੀ ਪ੍ਰੀਤਮ ਸਿੰਘ ਅਨੰਦਪੁਰ ਸਾਹਿਬ (5) ਬਾਬਾ ਗੁਲਾਬ ਸਿੰਘ ਜੀ ਘੱਲੀਆ ਆਦਿ ਨਾਲ ਸ਼ਾਮਲ ਹੋਣ ਦਾ ਸੁਭਾਗ ਆਪ ਜੀ ਨੂੰ ਪ੍ਰਾਪਤ ਹੋਇਆ।

ਆਪ ਜੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ। ਜਦ ਮਤੰਬਰ 1923 ਵਿਚ ਜੈਤੋਂ ਦੇ ਮੋਰਚੇ ਕਾਰਨ ਸਰਕਾਰ ਨੇ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਖਿਲਾਫ਼ ਕਾਨੂੰਨ ਕਰਾਰ ਦੇ ਦਿਤਾ ਗਿਆ ਤੇ ਮੁਕਦਮਾ ਚਲਾਇਆ ਗਿਆ ਤਾਂ ਆਪ ਜੀ ਵੀ ਨਾਲ ਸ਼ਾਮਲ ਸਨ।

1924 ਦੇ ਉਪਰੰਤ ਆਪ ਜੀ ਸਿਆਸਤ ਵਿਚ ਵਿਚਰਨ ਲਗ ਪਏ ਇਉਂ ਪ੍ਰਤੀਤ ਹੁੰਦਾ ਸੀ ਕਿ ਕੁਝ ਕਮਿਊਨਿਸਟ ਵਿਚਾਰਧਾਰਾ ਦੇ ਹੋ ਗਏ ਸਨ ਜਿਸਦਾ ਪਰਦਰਸ਼ਨ ਕਿ ਉਹਨਾਂ ਨੇ ਸੰਪਾਦਕ ਦੇ ਨਗਰ ਕਤਯਾਲ ਬਾਗਾਂ ਵਾਲੇ ਦੇ ਸਾਲਾਨਾ ਹੋਲੇ ਮਹੱਲੇ ਦੇ ਜੋੜ ਮੇਲੇ ਤੇ ਕੀਤਾ। ਮਗਰ ਫਿਰ ਆਪ ਜੀ ਪੱਕੇ ਕਾਂਗਰਸੀ ਹੋ ਗਏ ਤੇ ਕਈ ਵਾਰੀ ਸਿਆਸੀ ਕੈਦਾਂ ਤੇ ਜੁਰਮਾਨੇ ਭੁਗਤਦੇ ਰਹੇ। 1947 ਵਿਚ ਜਦੋਂ ਪੰਜਾਬ ਦਾ ਬਟਵਾਰਾ ਹੋਇਆ ਤਾਂ ਜ਼ਿਲਾ ਸ਼ੇਖੂਪੁਰੇ ਦੇ ਅਫਸਰਾਂ ਨੇ ਚੂਹੜਕਾਣਾ ਮੰਡੀ ਨੂੰ ਕੈਂਪ ਬਾਣਉਣ ਦੀ ਤਜਵੀਜ਼ ਕੀਤੀ ਜਿਸ ਨਾਲ ਕੇਵਲ ਮੰਡੀ ਦੀ ਜਨਤਾ ਨੂੰ ਹੀ ਸਹੂਲਤ ਹੁੰਦੀ ਸੀ ਤੇ ਬਾਕੀ ਸਾਰਾ ਇਲਾਕਾ ਔਖਾ ਰਹਿੰਦਾ। ਇਸ ਵਾਸਤੇ, ਆਪ ਜੀ ਨੇ ਸਨੇ ਸ: ਨਿਸ਼ਾਨ ਸਿੰਘ ਸੌਂਧੇਕੰਟੀਏ[1] ਦੇ, ਚੂਹੜਕਾਣੇ ਪਾਦਰੀ ਦੀ ਕੋਠੀ ਤੇ ਡੀ ਸੀ. ਮਿਸਟਰ ਡਿਜਨੀ ਤੇ ਡਾਕਟਰ ਲਹਿਣਾ ਸਿੰਘ ਕਾਂਗਰਸੀ ਨੂੰ ਮਿਲਕੇ ਕੈਂਪ ਗੁਰਦੁਆਰਾ ਖਰਾ ਸੌਦਾ (ਚੂਹੜਕਾਣਾ) ਬਣਵਾ ਦਿਤਾ ਜਿਸ ਨਾਲ ਪੇਂਡੂ ਖਲਕਤ ਨੂੰ ਬਹੁਤ ਸਹੂਲਤਾਂ ਹੋ ਗਈਆਂ।

ਸ: ਨਿਸ਼ਾਨ ਸਿੰਘ ਦਸਦੇ ਹਨ ਕਿ ਚੂਹੜਕਾਣੇ ਕੈਂਪ ਦਾ ਕਾਫਲਾ ਪਾਕਿਸਤਾਨੀ ਹਾਕਮਾਂ ਨ ਕਾਫੀ ਦਿਨ ਬਿਨਾਂ ਵਜ੍ਹਾ ਬਲੱਕੇ ਹੈਡ ਤੇ ਰੋਕ ਰਖਿਆ ਤੇ ਤੰਗ ਕੀਤਾ। ਇਕ ਦਿਨ ਭਾਈ ਤੇਜਾ ਸਿੰਘ ਨੇ ਇਕ ਭਾਰਤੀ ਫੌਜੀ ਅਫਸਰ ਦੇ ਹਥ ਚਿਠੀ ਦਿਤੀ ਤੇ ਉਸਨੂੰ ਪਕੀ

---

1. ਨਿਸ਼ਾਨ ਸਿੰਘ ਸਪੁਤਰ ਬਲਕਾਰ ਸਿੰਘ ਸੌਂਧੇਕੰਟੀਆਂ ਹਾਲ ਬਿਗਵਾੜਾ (ਰੁਦਰਪੁਰ) ਜ਼ਿਲ੍ਹਾ ਨੈਨੀਤਾਲ।

ਮੱਝ ਦੇ ਆਵਣ ਦਾ ਪਤਾ ਲਗਾ ਤਾਂ ਇਹਨਾਂ ਨੂੰ ਆ ਕੇ ਵੱਗੇ ਬਾਰੇ ਆਖਿਆ ਜੋ ਦਿਨਾਂ ਵਿਚ ਹੀ ਇਹਨਾਂ ਮੋੜ ਲਿਆਂਦਾ ਸੀ। ਉਦੋਂ ਤੋਂ ਦੋਵੇਂ ਸਰਨਾਂਵੀਂਏ ਪੱਗਵਟ ਭਰਾ ਬਣ ਗਏ" ਤੇ ਮੇਲ ਮੁਲਾਕਾਤ ਵਧ ਗਿਆ।

ਸੰਨ 1914 ਵਿਚ ਦਿੱਲੀ ਦਾ ਪੁਨਰ ਨਿਰਮਾਨ ਹੋ ਰਿਹਾ ਸੀ ਤੇ ਸਰਕਾਰ ਪੁਰਾਣੀਆਂ ਸੜਕਾਂ ਨੂੰ ਸਿਧੀਆਂ ਕਰਨ ਵਾਸਤੇ ਕਈ ਮਕਾਨਾਂ ਨੂੰ ਗਿਰਾ ਰਹੀ ਸੀ। ਚਨਾਂਚਿ ਗੁਰਦਵਾਰਾ ਰਕਾਬ ਗੰਜ ਦੀ ਦੀਵਾਰ ਵੀ ਗਿਰਾ ਦਿੱਤੀ ਗਈ ਜਿਸ ਕਾਰਨ ਸਿਖ ਪੰਥ ਵਿਚ ਕਾਫੀ ਬਚੈਨੀ ਪੈਦਾ ਹੋ ਗਈ। ਸਮੁੰਦਰੀ ਜੀ ਨੇ ਸ: ਸੰਪੂਰਨ ਸਿੰਘ ਲਾਇਲਪੁਰੀ ਨਾਲ ਸਲਾਹ ਕਰਕੇ ਭਾਈ ਤੇਜਾ ਸਿੰਘ ਜੀ ਨੂੰ ਮਾਸਟਰ ਅਮਰ ਸਿੰਘ ਬੀ. ਏ. ਨਾਲ ਦਿੱਲੀਓਂ ਅਸਲ ਹਾਲਾਤ ਦਾ ਪਤਾ ਕਰਨ ਘਲਿਆ। ਦਿੱਲੀ ਪੁਜ ਕੇ ਜਦ ਭਾਈ ਤੇਜਾ ਸਿੰਘ ਨੇ ਗੁਰਦਵਾਰੇ ਦੀ ਕੰਧ ਢਠੀ ਵੇਖੀ ਤਾਂ ਇਹਨਾਂ ਦਾ ਖੂਨ ਖੌਲ ਗਿਆ ਇਹਨਾਂ ਮਾਸਟਰ ਅਮਰ ਸਿੰਘ ਨੂੰ ਆਖਿਆ, "ਮੈਥੋਂ ਇਹ ਅਨਰਥ ਨਹੀਂ ਸਹਾਰਿਆ ਜਾਂਦਾ ਤੂੰ ਵਾਪਸ ਭੱਜ ਜਾ ਤੇ ਸਾਰੀ ਗੱਲ ਦੱਸ ਦੇਵੀਂ" ਇਤਨਾ ਆਖ ਡਾਗ ਲੈ ਕੇ ਕੁਦ ਪਏ, ਜੋ ਕੋਈ ਮਜ਼ਦੂਰ ਮਿਸਤ੍ਰੀ ਸਾਹਮਣੇ ਆਇਆ ਸਭ ਲੰਮੇ ਪਾ ਦਿਤੇ, ਕਈ ਤਾਂ ਡਰਦੇ ਮਾਰੇ ਆਪ ਹੀ ਲੰਮੇ ਪੈ ਗਏ, ਕੋਈ ਭੱਜ ਗਏ ਕੋਈ ਲੁਕ ਗਏ ਤੇ ਇਹਨਾਂ ਨੂੰ ਪੁਲਿਸ ਨੇ ਫੜ ਕੇ ਹਵਾਲਾਤ ਵਿਚ ਬੰਦ ਕਰ ਦਿਤਾ। ਮੁਕਦਮਾ ਚਲਿਆ, ਸਮੁੰਦਰੀ ਜੀ ਤੇ ਸ: ਸੰਪੂਰਨ ਸਿੰਘ ਹਰ ਪੇਸ਼ੀ ਤੇ ਦਿੱਲੀ ਪੁਜਦੇ ਰਹੇ ਅਤੇ ਕਈ ਰਿਆਇਤਾਂ ਕਰਵਾ ਦਿਤੀਆਂ। ਇਹਨਾਂ ਨੂੰ ਤਿੰਨ ਮਹੀਨੇ ਕੈਦ ਹੋਈ। ਜਿਸਦਾ ਇਹ ਗੁਣ ਹੋਇਆ ਕਿ ਇਹ ਗੁਰੂ ਕਾ ਲਾਲ ਕੈਦ ਦੇ ਸਮੇਂ ਵਿਚ ਗੁਰਮੁਖੀ ਪੜ ਗਿਆ ਤੇ ਗੁਰਸਿੱਖੀ ਦੀ ਰੰਗਤ ਵਿਚ ਗੂੜਾ ਰੰਗਿਆ ਗਿਆ।

ਭਾਈ ਜੀ ਜਦੋਂ ਰਿਹਾ ਹੋ ਕੇ ਆਏ ਤਾਂ ਖਾਲਸੇ ਵਿਚ ਸਿੰਘ ਸਭਾ ਲਹਿਰ ਜ਼ੋਰਾਂ ਤੇ ਸੀ। ਸਮੁੰਦਰੀ ਜੀ ਅਤੇ ਸ: ਹਰਚੰਦ ਸਿੰਘ ਇਲਾਕਾ ਲਾਇਲਪੁਰ ਦੇ ਮੋਢੀਆਂ ਵਿਚੋਂ ਸਨ। ਇਹਨਾਂ ਦੇ ਪ੍ਰਭਾਵ ਥਲੇ ਲਾਇਲਪੁਰ ਵਿਚ ਇਕ ਖਾਲਸਾ ਕਾਲਜ ਖੋਹਲਣ ਦਾ ਮਤਾ ਪ੍ਰਵਾਨ ਹੋ ਗਿਆ।

ਸ. ਹਰਚੰਦ ਸਿੰਘ ਨੇ ਜ਼ਮੀਨ ਦਿਤੀ ਸਮੁੰਦਰੀ ਜੀ ਹੋਰ ਪ੍ਰਬੰਧ ਕਰਨ ਲਗ ਗਏ ਤੇ ਭਾਈ ਤੇਜਾ ਸਿੰਘ ਜੀ ਨੇ ਕਪਾਹ ਦੀਆਂ ਛਿਟੀਆਂ (ਮਨ ਛਿੱਟੀ) ਦੇ ਛਪਰ ਬਨ੍ਹ ਕੇ ਖੜੇ ਕਰਵਾ ਦਿਤੇ। ਮਾਸਟਰ ਤਾਰਾ (ਜੋ ਪਿਛੋਂ ਪ੍ਰਸਿਧ ਪੰਥਕ ਆਗੂ ਬਣੇ) ਅਤੇ ਮਾਸਟਰ ਹਰੀ ਸਿੰਘ ਜੀ ਪੰਦਰਾਂ ਪੰਦਰਾਂ ਰੁਪੈ ਮਹੀਨਾ ਤੇ ਅਧਿਆਪਕ ਰਖੇ ਗਏ ਅਤੇ ਹੌਲੀ ਹੌਲੀ ਖਾਲਸਾ ਕਾਲਜ ਲਾਇਲਪੁਰ ਮੁਕੰਮਲ ਹੋ ਗਿਆ। ਸਿੰਘ ਸਭਾ ਲਹਿਰ ਅੰਦਰ ਆਪ ਜੀ ਇਲਾਕਾ ਖਰਾ ਸੌਦਾ ਬਾਰ ਦੇ ਮੋਢੀ ਪ੍ਰਚਾਰਕ ਭਾਈ ਸਾਹਿਬ ਭਾਈ ਮੂਲ ਸਿੰਘ ਜੀ ਗਰਮੂਲਾ ਅਤੇ ਉਨ੍ਹਾਂ ਦੇ ਸਯੋਗ ਸੇਵਕ ਭਾ: ਕਰਤਾਰ ਸਿੰਘ ਝੱਬਰ, ਭਾਈ ਸੁਚਾ ਸਿੰਘ ਚੱਕ ਜੋਦ, ਭਾਈ ਲਖਾ ਸਿੰਘ ਔਲਖ ਆਦਿ ਨਾਲ ਰਲ ਕੇ ਗੁਰਮਤ ਪ੍ਰਚਾਰ ਵਿਚ ਪ੍ਰਵਿਰਤ ਹੋ ਗਏ।

1919 ਦੇ ਆਰੰਭ ਤਕ ਭਾਰਤ ਵਿਚ ਰਾਜ ਭਗਤੀ ਦਾ ਭੋਗ ਪੈ ਗਿਆ ਅਤੇ ਦੇਸ਼ ਭਗਤੀ ਦਾ ਆਰੰਭ ਹੋ ਗਿਆ। ਜਲਿਆਂ ਵਾਲਾ ਬਾਗ਼ (ਸ਼ਿੰਗਾਰਾ ਸਿੰਘ ਸਮੇਤ ਸਮਨਤ ਸੀ) ਦਾ ਗੋਲੀ ਕਾਂਡ ਅਤੇ ਰੌਲਟ ਐਕਟ ਦਾ ਪ੍ਰਣਾਮ ਮਾਰਸ਼ਲ ਲਾਅ ਦੇ ਰੂਪ ਵਿਚ ਪ੍ਰਗਟਿਆ, ਜਿਸ ਨੇ ਕਿ ਪੂਰੇ ਭਾਰਤ ਵਰਸ਼ ਦੀ ਜਨਤਾ ਤੇ ਲੰਡਨ ਤਕ ਦੀ ਗੋਰਾ ਸਰਕਾਰ ਨੂੰ ਝੰਜੋੜ ਕੇ ਰਖ ਦਿਤਾ.. ਚੁਨਾਂਚਿ ਇਲਾਕਾ ਬਾਰ ਦੇ ਸਰਗਰਮ ਆਗੂ ਭਾਈ ਕਰਤਾਰ ਸਿੰਘ ਝਬਰ ਦੀ ਅਗਵਾਈ ਹੇਠ, ਭਾਈ ਤੇਜਾ ਸਿੰਘ ਚੂਹੜਕਾਣਾ (2) ਕਾਹਣ ਸਿੰਘ (ਦਾਦਾ ਪੁੱਤਾ) ਚੂਹੜਕਾਣਾ (3) ਜੰਗੀਰ ਸਿੰਘ ਮੁਰੀਦਕਾ (4) ਮਾਹਣਾਂ ਸਿੰਘ, ਨੱਖਰੀਆ (5) ਕਾਲੋਕਿਆਂ ਦਾ ਲੁਹਾਰ ਮਹਰਦੀਨ, ਸ਼ਿੰਗਾਰਾ ਸਿੰਘ[1] ਔਲਖ ਪੁਤ੍ਰ ਸ਼ੇਰ ਸਿੰਘ ਔਲਖ (ਭਾ: ਤੇਜਾ ਸਿੰਘ ਦਾ ਸਾਲਾ) ਅਤੇ ਰਾਉ ਮਿਰਾਸੀ ਪਿੰਡ ਚੂਹੜਕਾਣਾ ਇਹਨਾ ਉਪ੍ਰਕਤ ਸਾਰਿਆਂ ਤੇ ਰੇਲਵੇ ਸਟੇਸ਼ਨ ਚੂਹੜਕਾਣਾ ਲੁਟਣ, ਸਾੜਣ ਅਤੇ ਰੇਲਵੇ ਲਾਈਨ ਪੁਟਣ ਆਦਿ ਦਾ ਦੋਸ਼ ਲਗਾ ਕੇ ਫੌਜੀ ਕਾਨੂੰਨ ਅਧੀਨ ਮੌਤ ਦੀ ਸਜ਼ਾ ਹੋ ਗਈ।

ਇਸ ਮਸ਼ਹੂਰ ਮੁਕਦਮੇ ਦੀ ਪੈਰਵੀ ਪੰਡਤ ਮੋਤੀ ਲਾਲ ਨਹਿਰੂ ਨੇ ਕੀਤੀ, ਤੇ ਮੌਤ ਦੀ ਸਜ਼ਾ ਟੁਟ ਕੇ ਕਾਲੇ ਪਾਣੀ ਹੋ ਗਈ। ਡੇਢ ਸਾਲ ਕਾਲੇ ਪਾਣੀ ਦੀ ਸਜ਼ਾ ਭੁਗਤਣ ਉਪਰੰਤ ਅੰਗਰੇਜ਼ ਸਰਕਾਰ ਨੇ ਇਹਨਾਂ ਨੂੰ ਗੈਰ ਮਸ਼ਰੂਤ ਤੌਰ ਤੇ ਰਿਹਾ ਕਰ ਦਿਤਾ। ਜਦੋਂ ਕਲਕੱਤੇ ਉੱਤਰੇ ਤਾਂ ਡਾਕਟਰ ਕਿਚਲੂ ਦੀ ਅਗਵਾਈ ਵਿਚ ਖਿਲਾਫਤ ਲਹਿਰ ਜ਼ੋਰਾਂ ਤੇ ਚਲ ਰਹੀ ਸੀ। ਭਾਈ ਤੇਜਾ ਸਿੰਘ

1. ਇਹ ਭਾਈ ਤੇਜਾ ਸਿੰਘ ਦਾ ਸਕਾ ਸਾਲਾ ਸੀ। ਇਹ 1919 ਤੇ 1947 ਦੇਸ਼ ਵੰਡ ਤੱਕ ਮਫ਼ਰੂਰ ਰਿਹਾ। ਇਹਨਾਂ ਦਾ ਘਰ ਘਾਟ ਸਭ ਜ਼ਬਤ ਹੋ ਚੁੱਕਾ ਸੀ। ਦੇਸ਼ ਦੀ ਵੰਡ ਪਿਛੋਂ ਸ: ਪ੍ਰਤਾਪ ਸਿੰਘ ਕੈਰੋਂ ਨੂੰ ਆਖ ਕੇ ਭਾਈ ਤੇਜਾ ਸਿੰਘ ਜੀ ਨੇ ਇਹਨਾਂ ਨੂੰ ਪੈਨਸ਼ਨ ਲਵਾਈ ਜੋ ਅਖੀਰ ਤੱਕ ਮਿਲਦੀ ਰਹੀ। (ਗਿਆਨੀ ਜੀ)

ਇਸ ਤਰ੍ਹਾਂ ਦੇਸ਼ ਅਤੇ ਕੌਮ ਦੀ ਸੇਵਾ ਕਰਦਾ ਇਹ ਵਿਰਕ ਜੱਟ, ਚੂਹੜਕਾਣੇ ਦਾ ਰੌਸ਼ਨ ਚਰਾਗ, ਪੂਰਨ ਗੁਰਸਿਖ, ਬਸਤੀ ਅਲੀਪੁਰ ਮੰਗੇ, ਆਪਣੇ ਪ੍ਰਵਾਰ ਵਿਚ ਮਿਤੀ 22.2.74 ਨੂੰ ਸਵੇਰੇ ਅੱਠ ਵਜੇ ਗੁਰ ਗੰਦ ਸਮਾ ਗਿਆ—"ਗੁਰਮੁਖ ਜਨਮ ਸਵਾਰ ਦਰਗਹ ਚਲਿਆ" ਨਿਸ਼ਾਨ ਸੀ।

ਭਟੀਆਂ ਨਾਲ ਖਹਿਬੜ (ਬਾਬੇ ਚੂਹੜਕਿਆਂ ਨਾਲ)

ਅਬਦਾਲੀ ਦੇ ਪੰਜਵੇਂ ਹਮਲੇ (1759-61) ਦੀ ਗਲ ਹੈ ਕਿ ਬਾਬੇ ਚੂਹੜਕਿਆਂ (ਸੱਧੋਕੋਟ, ਸ਼ੇਰੇਕੇ, ਹਰਚੰਦ ਆਦਿ ਪਿੰਡਾਂ) ਦੇ ਛੇ ਵੀਹਾਂ ਵੱਡ ਵੱਛੀਆ ਗਾਜੀ ਕੇ ਗਜਿਆਣੇ ਵਾਲੇ ਭੱਟੀਆਂ ਨੇ ਧੱਕੇ ਨਾਲ ਖੋਹ, ਵਢ ਖਾਧੇ" ਜਦੋਂ ਪਰ੍ਹੇ ਬਣ ਕੇ, ਬਾਬੇ ਚੂਹੜ ਕੇ ਪੁਛਣ ਗਏ ਤਾਂ ਉਹਨਾਂ (ਭਟੀਆਂ) ਦੇ ਗਭਰੂ ਮੁੰਡਿਆਂ ਮਸ਼ਕਰੀ ਨਾਲ ਆਖਿਆ, "ਉਹ ਵੱਛੇ ਵੱਛੀਆਂ ਤੇ ਹੁਣ ਸਾਡੇ 'ਢਿੱਡਾਂ ਵਿੱਚ ਪਏ ਬੋਲਦੇ ਨੇ"। ਇਹ ਸਾਰੀ ਪਰ੍ਹੇ ਭਰੀ ਪੀਤੀ ਵਾਪਸ ਆ ਗਈ ਤੇ ਆਉਂਦੇ ਸਾਰ ਕੜਯਾਲ ਕਾਲੋਕੇ ਤੇ ਭਿਖੀਕਿਆਂ ਦਾ ਕੱਠ ਕਰਕੇ, ਜੁੜ ਕੇ ਜੋ ਪਏ ਤੇ ਗਜਿਆਣੇ ਦੇ ਭੱਟੀਆਂ ਦੀ ਗਭੇ ਵਢ ਕਰ ਸ਼ਾਮ ਨੂੰ ਘਰੀਂ ਪਰਤ ਆਏ।

ਢੋਅ ਇਸ ਤਰ੍ਹਾਂ ਢੁਕਾ ਕਿ ਗਜਿਆਣੇ ਦੇ ਭਟੀਆਂ ਦੀਆਂ ਦੋ ਪਤੀਆ ਇਕ ਜਿਨ੍ਹਾਂ ਵਿਚੋਂ ਸੰਨਤਾ ਜ਼ੈਲਦਾਰ 1947 ਤਕ ਸੀ ਤੇ ਦੂਜੀ ਸੁਲਤਾਨ ਕਿਆਂ ਦੀ) ਵਿਚ ਚੰਗੀ ਤਗੜੀ ਦੁਸ਼ਮਣੀ ਸੀ। ਸਨੱਤੇ ਦਾ ਵਡਕਾ ਇਖਲਾਸਨਾਮ ਕਾਬਲ ਪਠਾਣ ਸੱਦਣ ਗਿਆ ਕਿ ਸ਼ਰੀਕਾਂ (ਸੁਲਤਾਨ ਕਿਆਂ) ਕੋਲੋਂ ਬਦਲਾ ਲਵਾਂਗਾ—ਪਰ, ਮਗਰੋਂ ਵਿਰਕਾਂ ਨੇ ਦੋਹਾਂ ਧਿਰਾਂ ਦਾ ਸਫਾਇਆ ਕਰ ਛਡਿਆ - ਜਦੋਂ ਉਹ ਕਾਬਲੋਂ ਧਾੜ ਲੈ ਕੇ ਆਇਆ ਤਾਂ ਅਗੋਂ ਮਾ ਨੇ ਆਖਿਆ ਸੂ ਸ਼ਰੀਕ ਤੇ ਨਿਬੜ ਗਏ ਨੀ ਹੁਣ ਵਿਰਕਾਂ ਨਾਲ ਹੱਥ ਕਰੇ ਤਾਂ ਗਲ ਬਣਦੀ ਏ।

ਭਟੀ ਅਗਲੇ ਦਿਨ ਧਾੜ ਲੈ ਕੇ ਚੂਹੜਕਾਣੇ ਤੇ ਆ ਪਏ। ਸਬੱਬ ਨਾਲ ਚੂਹੜ ਕੇ ਉਸ ਦਿਨ ਕਿਧਰੇ ਧਾੜੇ ਤੇ ਗਏ ਹੋਏ ਸਨ ਤੇ ਪਿੰਡ ਵਿਚ ਸਿਰਫ ਕਮੀਨੀ ਕਾਂਦੂ ਜਾਂ ਬਚੇ, ਤੇ ਬੁਢੀਆਂ ਹੀ ਸਨ। ਪਿੰਡ ਦੇ ਕਮੀਆਂ, ਧਾੜ ਦੇ ਅਪੜਦੇ ਕਰਦੇ ਨੂੰ ਮੋਰਚੇ ਮੱਲ ਲਏ। ਧਾੜ ਪਿੰਡ ਦੀ ਲਹਿੰਦੀ ਤਰਫ ਸ਼ੇਰ ਕਿਆਂ ਦੀ ਪਤੀ ਤੇ ਪਈ ਪਿੰਡ ਦੇ ਕਮੀਆਂ ਨੇ ਐਸਾ ਡੱਟ ਕੇ ਟਾਕਰਾ ਕੀਤਾ ਕਿ ਵਿਚਕਾਰਲੀ ਗਲੀ (ਜਿਹੜੀ ਕਿ ਤਿਨਾਂ ਪਤੀਆਂ ਸਾਉਣ, ਸ਼ੇਰੇ ਤੇ ਟੱਲੇ ਕਿਆਂ ਨੂੰ ਨਖੇੜਦੀ ਸੀ) ਤੋਂ ਅਗਾਂਹ ਦੋਹਾ ਪਤੀਆਂ ਵੱਲ ਧਾੜ ਨੂੰ ਵਧਣ ਨਾ ਦਿੱਤਾ—ਥਕ ਹਾਰ ਕੇ ਧਾੜਵੀ ਕਫ ਸ਼ੇਰੇਕਿਆਂ ਨੂੰ ਲੁਟ ਕੇ ਤੇ ਸ਼ੇਰੇ ਕੇ ਬਾਲੇ ਨੂੰ, ਪ੍ਰਤਾਪ ਸਿੰਘ ਕਾਲਕੇ ਨੂੰ ਬਾਹਰੋਂ ਡੰਗਰ ਚਾਰਦਿਆਂ ਨੂੰ ਫੜ ਕੇ ਲੈ ਗਏ।

ਜਦੋਂ ਪਿੰਡ ਦੇ ਸੂਰਮਿਆਂ ਆ ਕੇ ਇਹ ਕਾਰਾ ਡਿੱਠਾ ਤਾਂ ਇਕਦਮ ਵਰਕੋਤ ਨੂੰ ਸਦਾ ਦਿੱਤਾ ਜਿਨ੍ਹਾਂ ਢਿਲ ਨਾ ਕੀਤੀ ਤੇ ਇਕ ਦਮ ਸੰਚੜ ਕੇ ਭੱਟੀਆਂ ਤੇ ਪਠਾਣਾਂ ਦੀ ਗਾਂਢਵੀ ਧਾੜ ਨੂੰ ਝਨਾਓਂ ਉਰਾਂ ਹੀ ਘੇਰ ਲਿਆ ਤੇ ਟਿਕਾਵੀਂ ਮਾਰ ਮਾਰੀ ਪਰ ਧਾੜਵੀ ਦੋਵੇਂ ਢਕਾ ਸਫਲਤਾ ਨਾਲ ਲੁਕਾ ਕੇ ਨਿਕਲ ਗਏ। ਆਪਸੀ ਭਟੀਆਂ ਤੇ ਵਿਰਕਾਂ ਦਾ ਮਾਰਾ ਧਾੜਾ ਜੋਰਾਂ ਤੇ ਹੁੰਦਾ ਗਿਆ—ਪਰ ਗਜਿਆਣੇ ਦੀ ਗਭੇ ਵਾਢ ਪਿਛੋਂ ਭਟੀਆਂ ਤੇ ਹੈਬੱ ਪੈ ਚੁਕਾ ਹੋਇਆ ਸੀ—ਅਖੀਰ ਸਿੱਖ ਰਾਜ ਦਾ ਸਮਾਂ ਆ ਪੁੱਜਾ ਤੇ ਭਟੀਆਂ ਨੂੰ ਸੁਝ ਗਿਆ ਵਿਰਕਾਂ ਹੁਣ ਸਾਨੂੰ ਛਡਣਾ ਨਹੀਂ। ਇਹ ਜੁੜ ਬਣ ਕੇ ਮਹਾਰਾਜੇ ਰਣਜੀਤ ਸਿੰਘ ਕੋਲ (1807 ਈ:) ਗਏ ਪਈ ਅਸੀਂ ਤੇਰੀ ਬਰਾਦਰੀ ਹਾਂ ਤੇ ਸਾਨੂੰ ਵਿਰਕ ਤੰਗ ਕਰਦੇ ਹਨ। ਤੂੰ ਸਾਡੀ ਕੁਝ ਮਦਦ ਕਰ—ਮਹਾਂਰਾਜੇ ਨੇ ਵਿਰਕਾਂ ਦੀ ਪੰਚੈਤ ਤੋਂ ਪੁਛ ਕੀਤੀ ਉਹਨਾਂ ਠੋਕ ਕੇ ਜਵਾਬ ਦਿਤਾ ਕਿ ਇਕ ਤਾਂ ਇਹਨਾਂ ਸਾਡੇ ਵੱਛੇ ਖਾਧੇ ਨੇ ਤੇ ਦੂਜਾ ਇਹਨਾਂ ਚੂਹੜਕਿਆਂ ਤੇ ਧਾੜਾ ਮਾਰਿਆ ਤੇ ਢਕਾਂ ਬਧੀਆਂ ਨੇ। ਇਕ ਦਾ ਬਦਲਾ ਅਸਾਂ ਲੈ ਲਿਆ ਹੈ ਤੇ ਦੂਜਾ ਲੈਣਾ ਹੈ।

ਭਟੀਆਂ ਨੇ ਮਹਾਰਾਜੇ ਕੋਲ ਆਪਣੀ ਤਕਸੀਰ ਮੰਨੀ ਤੇ ਅਗੋਂ ਨੂੰ ਸੁਲਹ ਸਫਾਈ ਨਾਲ ਰਹਿਣ ਦਾ ਇਕਰਾਰ ਕੀਤਾ—ਜਿਸ ਤੇ ਮਹਾਰਾਜੇ ਨੇ ਕਕੜਾਂ ਤੇ ਈਸ਼ਰ ਕਿਆਂ ਦੇ ਲਹਿੰਦੇ ਵਾਲਾ ਭਿੜ ਤਕ ਭੱਟੀਆਂ ਦੀ ਹੱਦ ਬਧੀ ਪਿਛੋਂ ਭੱਟੀ ਵਿਰਕੋਤ ਵਲ ਫੇਰ ਨਾ ਵਧੇ। ਕੁਝ ਚਿਰ ਪਾ ਕੇ ਗਜਿਆਣੇ ਆਵਾਣਾ ਵਾਲੀ ਅਤੇ ਪੀਰੇ ਦੇ ਪਿੰਡ ਵਾਲਿਆਂ ਪੰਚਾਇਤ ਰਾਹੀਂ ਵਿਰਕੋਤ ਨਾਲ ਪਿੰਡ ਹਰਿਚੰਦ ਵਿਚ ਮੁਆਹਿਦਾ ਕੀਤਾ ਕਿ ਨਾ ਅਸੀਂ ਤੁਸਾਡੇ ਤੇ ਹਮਲਾ ਕਰਾਂਗੇ ਤੇ ਨਾ ਕਿਸੇ ਨੂੰ ਕਰਨ ਦਿਆਂਗੇ ਤੇ ਅਗੋਂ ਤੋਂ ਦੋਵੇਂ ਧਿਰਾਂ ਚੰਗੇ ਗਵਾਂਢੀ ਬਣ ਕੇ ਰਹਾਂਗੇ। ਵਿਰਕੋਤ ਨੇ ਇਸ ਗਲ ਨੂੰ ਪ੍ਰਵਾਨ ਕੀਤਾ ਤੇ ਇਹ ਮੁਆਹਿਦਾ ਪਾਕਿਸਤਾਨ ਬਣਨ ਤਕ ਅਸਲੀ ਅਰਥਾਂ ਵਿਚ ਕਾਇਮ ਰਿਹਾ।

ਬਾਲੇਕੇ

ਅਹਿਮਦ ਸ਼ਾਹ ਅਬਦਾਲੀ ਦੇ ਪੰਜਵੇਂ ਹਮਲੇ ਸੰਨ 1761 ਈ: ਦੀ ਗਲ ਹੈ ਵਿਰਕਾਂ ਨੇ ਗਾਜੀ ਕੇ ਗਜਆਣੇ ਦੀ ਗੱਭੇ ਵਾਢ ਕੀਤੀ (ਵੇਖੋ ਭੱਟੀਆਂ ਦੀ ਖਹਿਬੜ) ਭਾਈ ਜੀਵਨ ਸਿੰਘ ਜੀ ਦੇ ਕਥਨ ਅਨੁਸਾਰ, ਇਖਲਾਸ ਨਾਮ ਜਿਹੜੀ ਧਾੜ ਪਠਾਣਾਂ ਦੀ ਸ਼ਰੀਕਾਂ ਨੂੰ ਮਾਰਨ ਲਈ ਲਿਆਇਆ ਸੀ ਉਹ ਚੂਹੜਕਾਣੇ ਲੁੱਟਣ ਆ ਪਈ। ਲੁਟ ਮਗਰੋਂ ਉਹ ਸ਼ੇਰੇਕੇ ਬਾਲੇ ਨੂੰ ਤੇ ਪ੍ਰਤਾਪ ਸਿੰਘ ਕਾਲੋਕੇ ਨੂੰ ਡੰਗਰ ਚਾਰਦਿਆਂ ਨੂੰ ਫੜ ਕੇ ਲੈ ਗਏ।

'ਕੀਤੀ ਕਿ ਕਲ ਸਰਦਾਰ ਪਟੇਲ ਨੇ ਅੰਮ੍ਰਿਤਸਰ ਆਉਣਾ ਹੈ, ਉਹ ਜਦੋਂ ਸਟੇਜ ਤੇ ਆਵੇ ਤਾਂ ਚਿਠੀ ਉਸਦੇ ਹੱਥ ਵਿਚ ਦੇਣੀ। ਉਸ ਫੌਜੀ ਨੇ ਜਦ ਚਿੱਠੀ ਸਰਦਾਰ ਪਟੇਲ ਦੇ ਹਥ ਫੜਾਈ ਤਾਂ ਉਸਨੇ ਇਕ ਦਮ ਪਾਕਿਸਤਾਨ ਸਰਕਾਰ ਨੂੰ ਰੇਡੀਉ ਤੇ ਗਲਬਾਤ ਰਾਹੀਂ ਕੰਨ ਕਰ ਦਿਤੇ ਕਿ ਜੇ ਤੁਸਾਂ ਸਾਡੇ ਕਾਫਲੇ ਨੂੰ ਹੋਰ ਤੰਗੀ ਦਿੱਤੀ ਤਾਂ ਇਸ ਦਾ ਸਿਟਾ ਚੰਗਾ ਨਹੀਂ ਨਿਕਲੇਗਾ। ਅਗਲੇ ਦਿਨ ਪਾਕਿਸਤਾਨੀ ਹਾਕਮ ਭੱਜੇ ਆਏ ਤੇ ਆਖਣ ਸਾਨੂੰ ਦਸੋ ਤੇਜਾ ਸਿੰਘ ਕਿਹੜਾ ਹੈ। ਮਗਰ ਸਿਆਣੇ ਸਿਆਣੇ ਮਨੁਖਾਂ ਨੇ ਆਖਿਆ ਤੁਸੀ 'ਸਿਰਾਜ ਖਰਲ (1) ਸਾਦਿਕ ਹੁਸੈਨ ਖਰਲ ਆਧੀਆਂ ਵਾਲਾ (2) ਅਤੇ ਮਖਣੀ ਭਟੀ (ਪ੍ਰਸਿਧ ਅੰਨਾ) (3) ਨੂੰ ਲੈ ਆਵੋ, ਅਸੀਂ ਤੇਜਾ ਸਿੰਘ ਵਖਾਂਦਿਆਂ। ਅਗਲੇ ਦਿਨ ਉਹ ਤਿੰਨੇਂ ਭਲੇ ਮਾਨਸ ਆ ਗਏ। ਭਾਈ ਤੇਜਾ ਸਿੰਘ ਨੇ ਅਫਸਰਾਂ ਨੂੰ ਲੀਗੀਆ ਦੀਆਂ ਵਧੀਕੀਆਂ ਦਸੀਆਂ ਤੇ ਕਾਫਲੇ ਦੀ ਖਲਾਸੀ ਹੋਈ। ਫਿਰ ਕਾਫਲਾ ਬੇਰੋਕ ਚਲਦਾ ਆਇਆ।

ਫਿਰ ਕਾਫਲਾ ਸਹੀ ਸਲਾਮਤ ਭਾਰਤ ਪੁਜ ਗਿਆ—ਭਾਈ ਤੇਜਾ ਸਿੰਘ ਜੀ ਭਾਰਤ ਆ ਕੇ ਮੋਗੇ, ਬਸਤ ਅਲੀਪੁਰ ਜਿਲਾ ਫਰੀਦਕੋਟ ਆਬਾਦ ਹੋ ਗਏ ਜਿਥੇ ਕਿ ਆਪ ਜੀ ਨੂੰ ਸਿਆਸੀ ਪੀੜਤ ਦੇ ਤੌਰ ਤੇ ਪੈਨਸ਼ਨ ਮਿਲਣ ਲਗੀ, ਜੋ ਆਪ ਜੀ ਨੂੰ ਅਖ਼ੀਰ ਤਕ ਮਿਲਦੀ ਰਹੀ?

ਭਾਈ ਤੇਜਾ ਸਿੰਘ ਜੀ ਵਿਚ ਨਿਧੜਕਤਾ, ਸਚਾਈ ਅਤੇ ਸਹਿਨਸ਼ੀਲਤਾ ਤਿੰਨ ਵਡੇ ਭਾਰੀ ਗੁਣ ਪੂਰਨ ਗੁਰਸਿਖਾਂ ਵਾਲੇ ਸਨ ਉਹਨਾਂ ਦੇ ਜੇਠੇ ਸਪੁਤ੍ਰ ਭਾਈ ਗਿਆਨ ਸਿੰਘ ਜੀ ਦਸਦੇ ਸਨ ਕਿ ਸੰਨ 1948/49 ਦੀ ਗਲ ਹੈ ਕਿ ਅਸੀਂ ਦੋਨੋਂ ਭਾਈ, ਆਪਣੇ ਪਿਤਾ ਜੀ (ਭਾਈ ਤੇਜਾ ਸਿੰਘ) ਨਾਲ ਸ਼ਹਿਰ ਮੋਗੇ ਨੂੰ ਕਿਸੇ ਕੰਮ ਸਵੇਰੇ ਸਵੇਰੇ ਜਾ ਰਹੇ ਸਾਂ, ਕਿ ਰਸਤੇ ਵਿਚ ਕੁਝ ਪੁਲਸੀਏ ਰਾਹ ਜਾਂਦੀਆਂ ਲੜਕੀਆਂ ਨਾਲ ਬਦਤਮੀਜ਼ੀ ਕਰਦੇ ਵੇਖ ਪਿਤਾ ਜੀ ਨੇ ਉਹਨਾਂ ਨੂੰ ਤਾੜਨਾ ਕੀਤੀ—ਜਿਸ ਤੇ ਪੁਲਸੀਏ ਸਗੋਂ ਔਖੇ ਹੋ ਕੇ ਆਖਣ ਲਗੇ, ਚਲੋ ਠਾਣੇ। ਅਸੀਂ ਤਿੰਨੋਂ ਜਣੇ ਠਾਣੇ ਆ ਗਏ।


ਸਬਬ ਨਾਲ, ਐਸ. ਡੀ. ਐਮ. ਮੋਗਾ ਪੰਡਤ ਨਹਿਰੂ ਦਾ ਪੀ. ਏ. ਜੋ ਕਿਸੇ ਆਪਣੇ ਰਿਸ਼ਤੇਦਾਰ ਦੇ ਕੰਮ ਆਇਆ ਹੋਇਆ ਸੀ ਜਦ ਉਸ ਭਲੇ ਪੁਰਸ਼ (ਪੀ ਏ.) ਨੇ ਪਿਤਾ ਜੀ ਨੂੰ ਠਾਣੇ ਅੰਦਰ ਡਿਠਾ ਤੇ ਹੈਰਾਨ ਹੋ ਕੇ ਕਾਰਨ ਪੁਛਿਆ ਤਾਂ ਪਿਤਾ ਜੀ ਨੇ ਸਾਫ਼ ਸਾਫ਼ ਦਿਤਾ ਤਾਂ ਉਸਨੇ ਐਸ. ਡੀ. ਐਮ. ਦੇ ਸਾਹਮਣੇ ਥਾਨੇਦਾਰ ਨੂੰ ਆਖਿਆ, "ਇਹ ਭਾਈ ਤੇਜਾ ਸਿੰਘ ਉਹ ਸ਼ਖਸ ਹੈ ਕਿ ਜਿਸਨੂੰ ਪੰਡਤ ਜਵਾਹਰ ਲਾਲ ਸਦਦਾ ਹੈ ਤੇ ਇਹ ਨਹੀਂ ਜਾਂਦਾ ਔਰ ਤੇਰੇ ਸਿਪਾਹੀਆਂ ਦੀ ਇਤਨੀ ਹਿੰਮਤ ਹੈ ਕਿ ਉਹਨੂੰ ਪੁਤਰਾ ਸਮੇਤ ਬੇਕਸੂਰੇ ਨੂੰ ਠਾਣੇ ਲਿਆ ਖੜਾ ਕੀਤਾ ਹੈ, ਅਗਰ ਨੌਕਰੀ ਕਰਨੀ ਹੈ ਤਾਂ ਤੁਸਾਂਨੂੰ ਰਵਈਆ ਬਦਲਣਾ ਪਵੇਗਾ। ਠਾਣਦਾਰ ਮਾਫੀਆਂ ਮੰਗੀ ਜਾਵੇ ਤੇ ਆਖੇ ਦਸੋ ਉਹ ਕਿਹੜੇ ਸਿਪਾਹੀ ਹਨ ਭਾਵੇਂ ਉਹ ਖੜ ਤੇ ਉਥੇ ਹੀ ਸਨ ਪਰ ਪਿਤਾ ਜੀ ਨੇ ਕਿਹਾ ਉਹ ਇਥੇ ਨਜ਼ਰ ਨਹੀਂ ਆਂਵਦੇ ਕਿਉਂਕਿ ਜੇ ਉਹਨਾਂ ਵਲ ਇਸ਼ਾਰਾ ਕਰ ਦੇਂਦੇ ਤਾਂ ਨੌਕਰੀਓਂ ਜਵਾਬ ਹੋ ਜਾਣਾ ਤੇ ਉਹਨਾਂ ਦਾ ਬਾਲੀ ਬਚਾ ਬਦਅਸੀਸਾਂ ਦੇਂਦਾ।

ਭਾਰਤ ਆ ਕੇ ਭਾਈ ਤੇਜਾ ਸਿੰਘ ਨੇ ਆਪਣੇ ਗੁਰਸਿਖੀ ਆਤਮ ਸਨਮਾਨ ਦਾ ਸਬੂਤ ਉਜਾਗਰ ਰੂਪ ਵਿਚ ਉਦੋਂ ਦਿਤਾ ਜਦੋਂ ਪੰਡਤ ਨਹਿਰੂ ਨੇ ਆਪਜੀ ਨੂੰ ਦਿਲੀ ਆਪਣੀ ਕੋਠੀ ਸਦਿਆ, ਜਾਣਕਾਰ ਦਸਦੇ ਹਨ ਕਿ ਪੰਡਤ ਜੀ ਦੀ ਕੋਠੀ ਤੇ ਮਿਲਣ ਵਾਲਿਆ ਦੀ ਭੀੜ ਲਗੀ ਹੋਈ ਸੀ। ਭਾਈ ਜੀ ਨੇ ਆਪਣੀ ਚਿਟ (ਨਾਮ ਪਤੇ ਵਾਲੀ) ਚਪੜਾਸੀ ਹਥ ਅੰਦਰ ਘਲੀ ਤਾਂ ਪੰਡਤ ਨਹਿਰੂ ਇਕ ਦਮ ਬਾਹਰ ਆ ਗਏ ਤੇ ਭਾਈ ਜੀ ਨੂੰ ਗਲਵਕੜੀ ਵਿਚ ਲੈ ਕੇ ਅੰਦਰ ਚਲੇ ਗਏ—ਬਾਕੀ ਦੁਨੀਆਂ ਹੈਰਾਨ ਖੜੀ ਕਿ ਇਕ ਸਾਦੇ ਜਿਹੇ ਸਿਖ ਦਾ ਇਤਨਾ ਸਨਮਾਨ? ਪੰਡਤ ਨਹਿਰੂ ਨੇ ਬਾਕੀ ਉਸ ਦਿਨ ਦਾ ਸਾਰਾ ਕੰਮ ਸਥਿਗਤ ਕਰ ਦਿਤਾ ਬਚਨ ਬਿਲਾਸ ਹੁੰਦੇ ਰਹੇ।

ਰਾਤ ਦੇ ਖਾਣੇ ਪਿਛੋਂ ਪੰਡਤ ਜੀ ਨੇ ਆਪਣੀ ਕੋਠੀ ਵਿਚ ਬਸੇਰਾ ਕਰਨ ਵਾਸਤੇ ਆਖਿਆ ਤਾਂ ਭਾਈ ਜੀ ਨੇ ਆਖਿਆ, ਪੰਛੀ ਤੇ ਦਰਵੇਸ਼ ਬੰਦ ਥਾਵਾਂ ਤੇ ਨਹੀਂ ਰਹਿੰਦੇ, ਕਿਸੇ ਖੁਲੀ ਥਾਂਵੇਂ ਡੇਰਾ ਕਰਾਂਗੇ ਫਿਰ ਪੰਡਤ ਜੀ ਨੇ ਕੋਈ ਮਾਇਕ ਸਹਾਇਤਾ ਦੇਣ ਵਾਸਤੇ ਆਖਿਆ ਤਾਂ ਬੋਲੇ, "ਪੰਡਤ ਜੀ ਕਿਸੇ ਸ਼ਰਨਾਰਥੀ ਨੂੰ ਦਿਆ ਜੇ, ਸਾਡੇ ਵਾਸਤੇ ਬਜ਼ੁਰਗਾਂ ਦੀ ਛਡੀ ਹੋਈ ਜਾਇਦਾਦ ਬਹੁਤ ਹੈ" ਇਤਨਾ ਕਹਿ ਕੇ ਸ਼ੇਰ ਮਰਦ ਬਾਹਰ ਆ ਗਿਆ ਤੇ ਕਦੇ ਕਦਾਈਂ ਪੰਡਿਤ ਜੀ ਦੇ ਸੱਦਣ ਤੇ ਮਿਲਣ ਖਾਤਰ ਚਲੇ ਜਾਇਆ ਕਰਦੇ ਪਰ ਮੰਗਿਆ ਕਦੇ ਕੁਛ ਨਹੀਂ।

ਭਾਈ ਤੇਜਾ ਸਿੰਘ ਜੀ ਨੂੰ ਹੁਣ ਹੋਰ ਕੋਈ ਝਮੇਲਾ ਨਹੀਂ ਰਹਿ ਗਿਆ ਸੀ। ਇਸ ਵਾਸਤੇ ਆਪ ਜੀ ਨੇ ਦਸਮੇਸ਼ ਜਨਨੀ ਸ੍ਰੀ ਮਾਤਾ ਗੁਜਰੀ ਜੀ ਦੇ ਨਾਮ ਤੇ ਲੜਕੀਆਂ ਦਾ ਇਕ ਖਾਲਸਾ ਕਾਲਜ ਬਨਾਣ ਦਾ ਉਦਮ ਕੀਤਾ, ਜਿਸ ਵਾਸਤੇ ਆਪ ਜੀ ਨੇ ਮਹਾਰਾਜਾ ਪਟਿਆਲਾ, ਹੋਰ ਅਮੀਰ ਸਿਖ ਘਰਾਣਿਆਂ ਅਤੇ ਪੰਡਤ ਨਹਿਰੂ ਤੋਂ ਮਾਇਕ ਸਹਾਇਤਾ ਲੈ ਕੇ ਕਾਲਜ ਉਸਾਰ ਕੇ ਚਲਾ ਕੇ ਮੌਜੂਦਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿਤਾ।


ਜਾਣਕਾਰ ਸੂਤਰਾਂ ਤੋਂ ਪਤਾ ਚਲਦਾ ਹੈ ਕਿ ਮਸ਼ਹੂਰ ਕਮਿਉਨਿਸਟ ਨੇਤਾ ਕਾਮਰੇਡ ਤੇਜਾ ਸਿੰਘ ਸੁਤੰਤਰ ਪਾਰਟੀ ਦੇ ਕਿਸੇ ਅਪਰਾਧ ਕਰਮ ਕਰਨ ਤੇ ਪੁਲੀਸ ਇਹਨਾਂ ਦੇ ਮਗਰ ਤਲਾਸ਼ ਵਿਚ ਲਗ ਗਈ। ਜਿਸ ਤੇ 1952/53 ਵਿਚ ਇਸ ਪਾਰਟੀ ਦੇ ਕੁਝ ਬੰਦੇ ਫੜੇ ਗਏ ਤੇ ਤੇਜਾ ਸਿੰਘ ਸੁਤੰਤਰ ਫਰਾਰ ਹੋ ਗਿਆ—ਕੁਝ ਚਿਰ ਪਿਛੋਂ ਭਾਈ ਤੇਜਾ ਸਿੰਘ ਜੀ ਨੇ ਪੰਡਤ ਨਹਿਰੂ ਨੂੰ ਆਖਕੇ ਇਹ ਮਾਮਲਾ ਰਫਾ ਦਫਾ ਕਰਵਾਇਆ—ਤੇ ਤੇਜਾ ਸਿੰਘ ਸੁਤੰਤਰ ਦੀ ਮਫਰੂਰੀ ਵੀ ਮੁਆਫ਼ ਕਰਵਾ ਦਿਤੀ।



* ਉਪਰੋਕਤ ਬੰਸਾਵਲੀ ਭਾਈ ਕਾਲਾ ਸਿੰਘ ਪੁਤਰ ਮੱਖਣ ਸਿੰਘ ਦੀ ਜ਼ਬਾਨੀ ਹੈ । (ਫੁੱਟ ਨੋਟ ਅਗਲੇ ਪੇਜ ਤੇ ਵੇਖੋ)

ਜਦੋਂ ਇਹ ਦੋਵੇਂ ਕੈਦੀ ਕਾਬਲ ਅਪੜੇ ਤਦੋਂ ਉਥੇ ਜੰਡਿਆਲੇ ਸ਼ੇਰ ਖਾਂ ਦੀ ਇਕ ਬ੍ਰਹਿਮਣੀ ਰਹਿੰਦੀ ਸੀ ਜਿਸ ਨੂੰ ਕਈ ਸਾਲ ਪਹਿਲ੍ਹ ਜਰਵਾਣੇ ਫੜ ਕੇ ਲੈ ਗਏ ਹੋਏ ਸਨ ਤੇ ਉਥੇ ਉਸ ਦੇ ਗਭਰੂ ਪੁਤਰ ਸਨ। ਉਸ ਨੇ, ਬਾਲੇ ਤੇ ਪ੍ਰਤਾਪ ਸਿੰਘ ਨੂੰ ਮਿਲ ਕੇ ਪੁਛਿਆ ਕਿ ਤੁਸੀਂ ਮੁਸਲਮਾਨ ਹੋ ਕੇ ਇਥੇ ਰਹਿਣਾ ਪਸੰਦ ਕਰਦੇ ਹੋ ਕਿ ਘਰੀਂ ਪਰਤਨਾ ਚਾਹੁੰਦੇ ਹੋ ਇਹਨਾਂ ਘਰ ਪਰਤਨ ਦੀ ਇਛਾ ਪ੍ਰਗਟ ਕੀਤੀ ਤਾਂ ਉਸ ਬ੍ਰਹਿਮਣੀ ਨੇ ਆਪਣੇ ਪੁਤ੍ਰਾਂ ਨੂੰ ਕੁਰਾਨ ਦੀ ਕਸਮ ਚੁਕਾ ਕੇ ਆਖਿਆ ਕਿ ਇਹ ਦੋਵੇਂ ਤੁਸਾਡੇ ਮਾਮੇ ਲਗਦੇ ਹਨ, ਤੁਸੀਂ ਇਹਨਾਂ ਦੋਹਾਂ ਨੂੰ ਪੰਜਾਬ ਇਹਨਾਂ ਦੇ ਘਰੀਂ ਅਪੜਾ ਦਿਉ। ਉਹਦੇ ਪੁਤ੍ਰ ਇਹਨਾਂ ਦੁਹਾਂ ਨੂੰ ਛੁਪਦੇ ਲੁਕਾਂਦੇ ਪੰਜਾਬ ਛਡ ਗਏ।

ਵਾਪਸ ਆਵਨ ਤੇ ਭਰਾਵਾਂ ਬਾਬੇ ਬਾਲੇ ਨੂੰ ਨਾਲ ਰਲਾਣ ਵਾਸਤੇ ਗੁਰਦਵਾਰੇ ਖਰੇ ਸੌਦੇ ਲੰਗਰ ਤਿਆਰ ਕਰਵਾਇਆ—ਜਦੋਂ ਸਾਰੀ ਬਰਾਦਰੀ ਨਾਲ ਬੈਠ ਕੇ ਖਾਣ ਲੱਗੀ ਤਾਂ ਬ੍ਰਹਮਣਾਂ ਦੀ ਸਿਖੌਤ ਤੇ ਕਿਸੇ ਕਰਮਸੜੇ ਕਮ ਅਕਲੇ ਨੇ ਬੋਲੀ ਮਾਰੀ "ਹੁਣ ਤੁਸੀਂ ਦਗੀ ਖਾਣੇ ਨਾਲ ਰਲ ਕੇ ਦਗੀ ਖਾਣੇ ਬਣ ਜਾਓ"—ਬਸ ਉਰ ਸਾਰਾ ਲੰਗਰ ਕੀਤਾ ਕਤਰਿਆ ਕਿਸੇ ਨਾ ਖਾਧਾ ਤੇ ਬਾਲਾ ਮੁਸਲਮਾਨ ਹੀ ਰਿਹਾ। ਉਸਨੇ ਆਪਣੀ ਪਹਿਲੀ ਘਰਵਾਲੀ ਨੂੰ ਅਪਨਾਣਾ ਚਾਹਿਆ ਪਰ ਉਸ ਭਾਗਵਾਨ ਮਾਈ ਨੇ ਆਖਿਆ ਮੈਨੂੰ ਰਬ ਦੇ ਘਰੋਂ ਆਸ ਹੈ—ਤੁਸੀਂ ਕੁਝ ਦਿਨ ਵੇਖੋਂ। ਸਮਾਂ ਪਾ ਕੇ ਮਾਈ ਦੇ ਘਰ ਬਾਬਾ ਸੁਰਜਣ ਸਿੰਘ ਪੈਦਾ ਹੋਇਆ ਜਿਸਦੀ ਅੰਸ਼ ਅਜ ਕਲ ਜਿਲਾ ਕਰਨਾਲ ਵਿਚ ਆਬਾਦ ਹੈ। ਬਾਬੇ ਬਾਲੇ ਦੇ ਦੂਜੇ ਪ੍ਰਵਾਰ ਵਿਚ ਬਾਬਾ ਮਤਾਬ ਹੋਇਆ—ਜਿਸਦੀ ਅੰਸ਼ ਪਿੰਡ ਸੇਰੋਂਕੇ ਪਾਕਿਸਤਾਨ ਵਿਚ ਆਬਾਦ ਹੈ। ਭਾਈ ਸਰਾਇਣ ਸਿੰਘ (ਪੁਤ੍ਰ ਕਿਸਨ ਸਿੰਘ ਨਾਨ ਬਿਗਵਾੜਾ, ਰੁਦਰਪੁਰ ਜਿਲਾ ਨੈਨੀਤਾਲ) ਦਸਦੇ ਸਨ ਕਿ ਬਾਲੇ ਕੀ ਮੁਸਲਮਾਨ ਟਾਬਰੀ ਦਾ ਸਿਖਾਂ ਦੇ ਨਾਲ ਇਤਨਾ ਪ੍ਰੇਮ ਸੀ ਕਿ ਜਦੋਂ ਪਾਕਿਸਤਾਨ ਬਣਨ ਤੇ ਅਸੀਂ ਘਰਾਂ ਵਿਚੋਂ ਨਿਕਲੇ ਤਾਂ ਉਹ ਢਾਹੀ ਮਾਰ ਮਾਰ ਕੇ ਰੋਂਦੇ ਸਨ ਤੇ ਆਖਣ ਸਾਨੂੰ ਨਾਲ ਲੈ ਚਲੋ—ਕੋਈ ਚਾਰਾ ਨਹੀਂ ਸੀ ਅਸੀਂ ਵੀ ਰੋਂਦੇ ਨਿਕਲ ਆਏ—ਕਿਸੇ ਮੂਰਖ ਦੀ ਮੂਰਖਤਾਈ ਦਾ ਫਲ ਆਉਣ ਵਾਲੀਆਂ ਨਸਲਾਂ ਨੂੰ ਭੋਗਣਾ ਪੈ ਰਿਹਾ ਹੈ।



1. ਬਾਬਾ ਸ਼ਾਮ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਏਨੇ ਚੰਗੇ ਸ਼ਾਹ ਸਵਾਰ ਸਨ ਕਿ ਮਹਾਰਾਜੇ ਨੇ ਪ੍ਰਸੰਨ ਹੋ ਕੇ ਇਕ ਸੁਨਹਿਰੀ ਕਾਠੀ ਇਨਾਮ ਵਜੋਂ ਦਿਤੀ। ਇਹਨਾਂ ਨੂੰ ਬਾਜ਼ ਵਾਲਾ ਵੀ ਸਦਿਆ ਜਾਂਦਾ ਸੀ।
2. ਬਾਬਾ ਬਾਲ ਸਿੰਘ ਜੀ ਅੰਗਰੇਜ਼ਾਂ ਦੀ ਫੌਜ ਵਿਚ ਸੂਬੇਦਾਰ ਮੇਜਰ ਸਨ ਆਪ ਜੀ ਨੌਕਰੀ ਦੇ ਦੌਰਾਨ ਫਰੰਟੀਅਰ ਵਿਚ ਵੀਰ ਗਤੀ ਪਾ ਗਏ।
3. ਸ: ਬਲਕਾਰ ਸਿੰਘ ਜੀ ਸਿਗਨਲ ਕੋਰ ਵਿਚੋਂ ਨਾਇਬ ਸੂਬੇਦਾਰੀ ਪੈਨਸ਼ਨ ਆਏ। ਉਪਰੋਕਤ ਕੁਰਸੀਨਾਮਾ ਅਤੇ ਬ੍ਰਿਤਾਂਤ ਆਪ ਜੀ ਨੇ ਅਸੰਧ 17,11.78 ਨੂੰ ਲਿਖਵਾਇਆ।

ਸ਼ੇਰੋਕਿਆਂ ਤੇ ਟਲੇਕਿਆਂ ਦਾ ਵੈਰ

ਸਿੱਖ ਰਾਜ ਦੇ ਵੇਲੇ ਟਲੇ ਕਿਆਂ ਦਾ ਕੋਈ ਫੌਜੀ ਸਰਦਾਰ ਕੋਠੇ ਤੇ ਕੰਘਾ ਕਰ ਰਿਹਾ ਸੀ ਕਿ ਸ਼ੇਰੋ ਕਿਆਂ ਗੋਲੀ ਮਾਰ ਕੇ ਮਾਰ ਦਿੱਤਾ। ਟਲੇ ਕਿਆਂ ਦੀ ਧਾੜ ਭਾਰੀ ਸੀ, ਜਿਸ ਤੋਂ ਡਰਦੇ ਮਾਰੇ ਸ਼ੇਰੋ ਕੇ ਨਨਕਾਣੇ ਸਾਹਿਬ ਦੀ ਜੂਹ ਵਿੱਚ ਜਾ ਬੈਠੇ। ਉਥੇ ਬਾਬੇ ਝੰਡਾ ਦਾਸ ਉਦਾਸੀ, ਮਹੰਤ ਨਨਕਾਣਾ ਸਾਹਿਬ ਨੇ ਉਹਨਾਂ ਨੂੰ ਧਰਵਾਸਾ ਦਿੱਤਾ ਕਿ ਬਾਹਰੋਂ ਆ ਕੇ ਤੁਹਾਡਾ ਕੋਈ ਵੀ ਨੁਕਸਾਨ ਨਾ ਕਰ ਸਕੇਗਾ ਅਤੇ ਤਾੜਨਾ ਕੀਤੀ ਕਿ ਜੇ ਤੁਸੀਂ ਇਥੋਂ ਉਠ ਕੇ ਧਾੜਾਂ ਮਾਰੋਗੇ ਤਾਂ ਤੁਸਾਡਾ ਜਾਨੀ ਤੇ ਮਾਲੀ ਨੁਕਸਾਨ ਹੋਵੇਗਾ।

ਕੁਝ ਚਿਰ ਪਾ ਕੇ, ਸ਼ੇਰੋ ਕੇ ਜਿਉਂ ਉਠੇ ਤੇ ਝਨਾਂ ਤੋਂ ਚਠਿਆਂ ਦਾ ਮਾਲ ਜਾ ਮਾਰਿਆ। ਪਰਤਦਿਆਂ ਹੋਇਆਂ ਦਾ ਪਤਾ ਟਲੇ ਕਿਆਂ ਨੂੰ ਲਗ ਗਿਆ। ਦੋਹਾਂ ਧਿਰਾਂ ਦਾ ਟਾਕਰਾ ਚੂਹੜੀ ਵਾਲੀ ਡੱਲ[1] ਕੋਲ ਹੋ ਪਿਆ, ਜਿਸ ਵਿਚ ਸ਼ੇਰੋ ਕਿਆਂ ਤਿੰਨ ਸਿਰ ਕਢਵੇਂ ਤਲਵਾਰੀਏ......ਸਿੰਘ ......ਸਿੰਘ, ... ਸਿੰਘ ਮਾਰੇ ਗਏ ਤੇ ਬਾਬਾ ਮੇਘ ਸਿੰਘ[12] ਫੱਟੜ ਹੋ ਗਿਆ। ਬਾਬੇ ਮੇਘ ਸਿੰਘ ਨੂੰ ਕੋਈ ਪਤਾ ਨਹੀਂ ਸੀ ਕਿ ਮੇਰੇ ਤਿੰਨ ਸਾਥੀ ਮਾਰੇ ਗਏ ਨੇ। ਉਸ ਦੇ ਫੱਟ ਸੀਤੇ ਗਏ। ਪੰਜਵੇਂ ਦਿਨ ਕਿਸੇ ਮੂੰਹੋਂ ਉਹਨਾਂ ਦੀ ਮੌਤ ਦਾ ਪਤਾ ਲੱਗਣ ਤੇ ਬਾਬੇ ਦੇ ਫੱਟ ਖੁਲ੍ਹ ਗਏ ਤੇ ਬਾਬਾ ਮੇਘ ਸਿੰਘ ਚਲਾਣਾ ਕਰ ਗਿਆ।

ਜਦੋਂ ਇਹ ਖਹਿਬੜ ਬਹੁਤੀ ਵਧ ਗਈ ਤਾਂ ਕੰਵਰ ਖੜਕ ਸਿੰਘ ਦੋਹਾਂ ਧਿਰਾਂ ਦੀ ਸੁਲਾਹ ਕਰਵਾਉਣ ਵਾਸਤੇ ਆਇਆ ਪਰੰਤੂ ਬਾਬੇ ਗੁਲਾਬ ਸਿੰਘ ਨੇ ਆਖਿਆ ਸਾਡੇ ਬਹੁਤੇ ਮਾਰੇ ਗਏ ਨੇ ਅਸੀਂ ਅਜੇ ਸੁਲਹ ਨਹੀਂ ਕਰਨੀ। ਜਦੋਂ ਸਾਵੇਂ ਹੋ ਜਾਵਾਂਗੇ ਤਾਂ ਵੇਖੀ ਜਾਵੇਗੀ। ਬਾਬੇ ਗੁਲਾਬ ਸਿੰਘ ਨੇ ਨਨਕਾਣੇ ਸਾਹਿਬ ਤੋਂ ਉਠ ਮੀਰਾਂਪੁਰ ਝੰਗੜ ਜਾ ਡੇਰੇ ਲਾਏ। ਟੱਲੇ ਕਿਆਂ ਮਸ਼ਵਰਾ ਕਰ ਕੇ ਉਥੇ ਜਾ ਪਏ। ਸ਼ੇਰੋ ਕਿਆਂ ਡੱਟ ਕੇ ਮੁਕਾਬਲਾ ਕੀਤਾ ਤੇ ਟੱਲੇ ਕੇ ਬਾਬਾ ਅਨੋਖ ਸਿੰਘ ਤੇ ਚਾਰ ਉਸ ਦੇ ਸਾਥੀ ਮਰਵਾ ਕੇ ਭਾਜ ਖਾ ਪਰਤੇ। ਇਕ ਸਾਲ ਪਿਛੋਂ ਕੰਵਰ ਖੜਕ ਸਿੰਘ ਨੇ ਚੂਹੜਕਾਣੇ ਆ ਕੇ ਸੁਲਾਹ ਕਰਵਾ ਦਿੱਤੀ।

ਜਵਾਨੀ ਵਿਚ ਬਾਬਾ ਗੁਲਾਬ ਸਿੰਘ ਮੰਨਿਆ ਹੋਇਆ ਤਲਵਾਰੀਆ, ਭਜਨੀਕ ਅਤੇ ਨੇਕ ਸੀ, ਇਹਨਾਂ ਦਾ ਬਚਨ ਸਤ ਹੋ ਜਾਇਆ ਕਰਦਾ ਸੀ। ਕਹਿੰਦੇ ਨੇ ਇਕ ਵਾਰੀ ਧਾੜੇ ਤੇ ਗਏ ਪਾਣੀ ਹਥੋਂ ਜਵਾਨ ਤੰਗ ਹੋ ਗਏ। ਆਖਣ ਲੱਗੇ ਇਸ ਡੱਲ ਵਿਚੋਂ ਪਾਣੀ ਕਢ ਲਵੋ। ਫੌਜ ਨੇ ਡੱਲ ਵਿਚ ਬੋਕਾ ਸੁਟਿਆ ਤਾਂ ਪਾਣੀ ਦਾ ਭਰਿਆ ਨਿਕਲਿਆ ਜੋ ਜਵਾਨਾਂ ਰਜ ਰਜ ਪੀਤਾ।

ਪਹਲੀਆਂ ਵਿੱਚ ਸ਼ੇਰੋ ਕਿਧਰੋਂ ਗੁਜਰਾਂ ਵਾਲੇ ਵਲੋਂ ਮਾਲ ਮਾਰ ਕੇ ਲਿਆਏ ਤੇ ਮੁਰੀਦ ਕਿਆਂ ਵਾਲੀ ਕੱਚੀ ਗੜ੍ਹੀ ਵਿਚ ਆਣ ਠਹਿਰੇ। ਟਲੇ ਕਿਆਂ ਨੂੰ ਪਤਾ ਲੱਗਾ ਤਾਂ ਉਹਨਾਂ ਗੜ੍ਹੀ ਨੂੰ ਆਣ ਘੇਰਾ ਘਤਿਆ। ਦਸਦੇ ਨੇ ਬਾਬੇ ਗੁਲਾਬ ਸਿੰਘ ਜਦੋਂ ਡਿਠਾ ਕਿ ਇਕੱਠ ਗੜ੍ਹੀ ਦੇ ਦਰਵਾਜ਼ੇ ਹੋ ਰਿਹਾ ਹੈ ਤਾਂ ਕਾਲੀ ਬਿਹਾਨ ਤੇ ਕਾਠੀ ਪੁਆ ਕੇ ਤਲਵਾਰ ਖਿਚ ਬਾਬਾ ਗੜ੍ਹੀਓਂ ਬਾਹਰ ਟਲੇ ਕਿਆਂ ਤੇ ਜਾ ਪਿਆ ਤੇ ਵੱਢਦਾ ਵੱਢਦਾ ਪਾਰ ਨਿਕਲ ਗਿਆ। ਇਤਨੇ ਨੂੰ ਟਲੇ ਕੇ ਸੰਭਲ ਗਏ ਦਰਵਾਜਾ ਛੱਡ ਬਾਬੇ ਵੱਲ ਝੁਕੇ ਬਾਬੇ ਨੇ ਫੇਰ ਬਿਹਾਨ ਨੂੰ ਪਰਤਾਇਆ ਤੇ ਟਲੇ ਕਿਆਂ ਦੇ ਆਹੂ ਲਾਹੁੰਦਾ ਗੜ੍ਹੀ ਦੇ ਅੰਦਰ ਆ ਵੜਿਆ। ਟਲੇ ਕੇ ਆਪਣੇ ਆਪਣਾ ਚੋਖਾ ਨੁਕਸਾਨ ਕਰਾ ਕੇ ਪਿਛਾਂਹ ਪਰਤ ਗਏ।

(1) ਵਡੇਰੇ ਦੱਸਦੇ ਹੁੰਦੇ ਸਨ ਕਿ ਉਲਜੇਰੇ ਕਿਆਂ ਆ ਕੇ ਦਸਿਆ ਕਿ ਖਰਲ ਜਸੋ ਦੀ ਟਾਹਲੀ ਪੁੱਟਣ ਲੱਗੇ ਹੋਏ ਹਨ, ਪਈ ਇਹ ਵਿਰਕਾਂ ਦੀ ਯਾਦ ਬਾਕੀ ਨਾ ਰਹਿ ਜਾਏ। ਬਾਬੇ ਗੁਲਾਬ ਸਿੰਘ ਨੇ ਆਪਣੇ ਜਥੇ ਨਾਲ ਜਾ ਕੇ ਖਰਲਾਂ ਨੂੰ ਮਾਰ ਭਜਾਇਆ ਤੇ ਉਹਨਾਂ ਦੀ ਪੁਟੀ ਪੁਟਾਈ ਤੇ ਮੋਛੇ ਕੀਤੀ ਟਾਹਲੀ ਪਿੰਡ ਚੂਹੜਕਾਣੇ ਲਿਆ ਸੁਟੀ। ਇਸ ਦੇ ਦੋ ਵੱਡੇ ਦਰਵਾਜ਼ੇ ਪਿੰਡ ਚੂਹੜਕਾਣੇ ਦੇ ਕੋਟ ਵਿਚ ਬਣਵਾ ਕੇ ਲਗਾਏ ਗਏ। ਜਿਨ੍ਹਾਂ ਦੀਆਂ ਚੁਗਾਠਾਂ ਪਾਕਿਸਤਾਨ ਬਣਨ ਵੇਲੇ (1947) ਤੱਕ ਨਿਸ਼ਾਨ ਬਾਕੀ ਸਨ। ਬਾਬਾ ਗੁਲਾਬ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਸਮਕਾਲੀ ਸੀ।

(2) ਰੂਪ ਸਿੰਘ — ਇਸ ਸੂਰਮੇ ਭਟੀਆਂ ਨਾਲ ਬੜੇ ਯੁੱਧ ਕੀਤੇ ਸਨ।

(3) ਆਸਾ ਸਿੰਘ — ਇਹ ਸਫੈਦਪੋਸ਼ ਸਨ।

(4) ਸੋਹਣ ਸਿੰਘ — ਇਹ ਜ਼ੈਲਦਾਰ ਸਨ, ਪਾਕਿਸਤਾਨੋਂ ਆ ਕੇ ਇਹਨਾਂ ਆਪਣੀ ਵਸੋਂ ਬਹੇੜੀ ਜ਼ਿਲ੍ਹਾ ਬਰੇਲੀ ਕੋਲ ਫਾਰਮ ਤੇ ਰਖੀ ਤੇ 1977 ਵਿਚ ਚਲਾਣਾ ਕੀਤਾ।

---

1. ਚੂਹੜੀ ਦੀ ਡਲ — ਇਸ ਨਾਮ ਦਾ ਥਾਂ ਮਾਨਾਂਵਾਲਿਓਂ ਸ਼ਾਹਕੋਟ ਜਾਣ ਵਾਲੀ ਸੜਕ ਤੇ ਦੋ ਮੀਲ ਪਹਾੜ ਪਾਸੇ, ਸ: ਸਵਿੰਦਰ ਸਿੰਘ ਪੁਤਰ ਸ: ਜੁਗਿੰਦਰ ਸਿੰਘ ਮਾਨ ਦੀ ਭੋਂਇ ਵਿੱਚ ਸੀ (ਜ਼ਬਾਨੀ ਕਪੂਰ ਸਿੰਘ ਝਾਬੇ ਕਾ ਕਾਲੇਕਾ)

1. ਇਹਨਾਂ ਨੂੰ ਸੁਪਨ ਅਵਸਥਾ ਵਿਚ ਗੁਰੂ ਨਾਨਕ ਦੇਵ ਜੀ ਦਰਸਨ ਦੇ ਹੋਏ। ਸਾਰੀ ਵਿਰਕੈਤ ਤੋਂ ਉਗਰਾਹੀ ਕਰਕੇ ਗੁਰਦਵਾਰਾ ਖਰਾ ਸੌਦਾ ਦਾ ਮੰਦਰ ਅਤੇ ਤਾਲਾਬ ਬਣਵਾਇਆ।

2. ਦੀਵਾਨ ਮੂਲ ਰਾਜ ਮੁਲਤਾਨ, ਦੀ ਫੌਜ ਵਿਚ ਨਾਮੀ ਸਰਦਾਰ ਸੀ। ਇਸ ਦੇ ਸਾਥੀ ਸ: ਰਾਏ ਸਿੰਘ ਨੇ ਆਪਣੇ ਨਾਮ ਤੇ ਕਿਲਾ ਰਾਏ ਸਿੰਘ ਵਸਾਇਆ। ਉਸਨੇ ਸ: ਬੁਧ ਸਿੰਘ ਨੂੰ ਆਖਿਆ ਮੇਰੇ ਕੋਲ 1100 ਘੁਮਾਂ ਭੋਇ ਹੈ।

3. ਇਹ ਵੀ ਆਪਣੇ ਪਿਤਾ ਅਤੇ ਭਾਈ ਸਮੇਤ ਹਡਸਨ ਹਾਰਸ ਵਿਚ ਦਫੇਦਾਰ ਭਰਤੀ ਹੋਏ। ਰਾਮ ਗੰਗਾ (ਮੁਰਾਦਾਬਾਦ) ਦੀ ਲੜਾਈ ਵਿਚ ਟੰਗ ਟੁਟ ਗਈ—ਜੋ ਕੱਟ ਦਿਤੀ ਗਈ। ਇਹਨਾਂ ਨੂੰ 7/8 = ਮਾਹਵਾਰ ਪੈਨਸ਼ਨ ਹੋਈ।

4. ਬਾਲ ਸਿੰਘ, ਸਰਦਾਰ ਬਹਾਦਰ, ਆਰਡਰ ਆਫ਼ ਮੈਰਿਟ ਕਲਾਸ II ਜਗੀਰਦਾਰ ਅਤੇ ਆਨਰੇਰੀ ਕਪਤਾਨ। ਇਹ ਖਾਲਸਾ ਫੌਜ ਵਿਚ ਤੋਪਖਾਨੇ ਦੇ ਕਰਨੈਲ ਸਨ। ਸੰਨ 1857 ਵਿਚ ਅੰਗਰੇਜ਼ਾਂ ਦੇ ਨਵੇਂ ਖੜੇ ਕੀਤੇ ਰਸਾਲੇ ਹਡਸਨ ਹਾਰਸ ਵਿਚ ਰਿਸਾਲਦਾਰ ਭਰਤੀ ਹੋ ਗਏ। ਆਪਣੇ ਭਰਾ ਅਤੇ ਦੋ ਭਤੀਜੇ ਵੀ ਦਫੇਦਾਰ ਭਰਤੀ ਕਰਵਾਏ।

ਸ: ਬਾਲ ਸਿੰਘ ਬੜਾ ਦਲੇਰ ਸੀ। ਸੰਨ 1848 ਈ: ਜਦੋਂ ਰਾਜਾ ਸ਼ੇਰ ਸਿੰਘ ਨੂੰ ਅੰਗਰੇਜ਼ਾਂ ਨੇ ਮੁਲਤਾਨ ਦੀਵਾਨ ਸਾਵਨ ਮੱਲ ਦੇ ਖਿਲਾਫ਼ ਫੌਜ ਦੇ ਕੇ ਘਲਿਆ ਤਾਂ ਸ: ਬਾਲ ਸਿੰਘ ਦਾ ਤੋਪਖਾਨਾ ਵੀ ਨਾਲ ਸੀ। ਅੰਦਰਖਾਨੇ ਖਾਲਸਾ ਫੌਜ ਦੀਵਾਨ ਨਾਲ ਲੜਨਾ ਨਹੀਂ ਸੀ ਚਾਹੁੰਦੀ—ਜਦੋਂ ਸ: ਬਾਲ ਸਿੰਘ ਨੂੰ ਤੋਪਾਂ ਚਲਾਉਣ ਦਾ ਹੁਕਮ ਹੋਇਆ ਤਾਂ ਇਸਨੇ ਖਾਲੀ ਤੋੜੇ ਦਾਗਣੇ ਸ਼ੁਰੂ ਕਰ ਦਿਤੇ—ਗੋਲਾ ਇਕ ਵੀ ਨਾ ਚਲਾਇਆ।

ਫਿਰ ਸੰਨ 1849 ਵਿਚ ਗੁਜਰਾਤ ਦੀ ਲੜਾਈ ਸਮੇਂ ਇਸਨੇ ਐਸੀ ਯੋਗਤਾ ਨਾਲ ਤੋਪਾਂ ਚਲਵਾਈਆਂ ਕਿ ਅੰਗਰੇਜ਼ੀ ਤੋਪਾਂ ਦੇ ਧੁਰੇ ਉਡਾ ਦਿਤੇ। (ਵੇਖੋ ਸ: ਕਰਮ ਸਿੰਘ ਕ੍ਰਿਤ ਇਤਿਹਾਸਕ ਖੋਜ ਪੰਨਾ 334)। ਸ: ਬਾਲ ਸਿੰਘ ਦੀ ਬਹਾਦਰੀ ਦਾ ਜ਼ਿਕਰ ਕਰਦਿਆਂ ਹੋਇਆਂ ਮੇਜਰ ਪਲੇਸ਼ਿਅਰ, ਆਪਣੀ ਅੰਬਾਲਾ ਛਾਉਣੀ ਤੋਂ ਲਿਖੀ ਪਤ੍ਰਕਾ ਮਿਤੀ 28 ਜੁਲਾਈ 1864 ਵਿਚ ਇਸ ਤਰ੍ਹਾਂ ਕਰਦਾ ਹੈ :

ਇਸ ਦਲੇਰ ਤੇ ਬਹਾਦਰ ਸਿਪਾਹੀ (ਰਿ: ਬਾਲ ਸਿੰਘ) ਦੀ ਕਦਰ ਜੋ ਮੇਰੇ ਦਿਲ ਵਿਚ ਹੈ ਉਹ ਮੈਂ ਲਿਖ ਕੇ ਛਡ ਜਾਣਾ ਚਾਹੁੰਦਾ ਹਾਂ ਇਹ (ਸਰਦਾਰ) ਜਦੋਂ ਵੀ ਲੜਿਆ ਭਾਵੇਂ ਚੇਲਿਆਂ ਵਾਲੇ (ਗੁਜਰਾਤ) 1849 ਵਿਚ ਸਾਡੇ ਖਿਲਾਫ਼ ਅਤੇ ਭਾਵੇਂ ਸਾਡੇ ਵਲੋਂ ਹੋ ਕੇ ਲਖਨਊ ਨੂੰ ਬਚਾਉਣ ਅਤੇ ਦਿਲੀ ਨੂੰ ਫੁੜਾਨ ਵਾਸਤੇ ਸੰਨ 1857 ਵਿਚ, ਇਹ ਬੜੀ ਬੀਰਤਾ ਨਾਲ ਲੜਿਆ ਅਤੇ ਹਰ ਥਾਂ ਨਾਮਣਾ ਖਟਦਾ ਰਿਹਾ।

5. ਜੀਵਨ ਸਿੰਘ, ਇਹ ਬੰਗਾਲ ਲਾਨਸਰਜ਼ ਵਿਚ ਜਮਾਂਦਾਰ ਭਰਤੀ ਹੋਏ ਅਤੇ ਕਾਬਲ ਦੀ ਲੜਾਈ ਵਿਚ ਵੀਰ ਗਤੀ ਪਾ ਗਏ।

6. ਅਨੋਖ ਸਿੰਘ—ਇਹ ਚੂਹੜਕਾਣੇ ਦੇ ਜ਼ੈਲਦਾਰ ਸਨ।


7. ਆਸਾ ਸਿੰਘ ਆਪਣੇ ਪਿਤਾ ਪਿਛੋਂ ਜ਼ੈਲਦਾਰ ਹੋਏ।

8. ਜਗਤ ਸਿੰਘ, ਇਹ ਵੀ ਬੰਗਾਲ ਲਾਨਸਰਜ਼ ਵਿਚ ਜਮਾਂਦਾਰ ਭਰਤੀ ਹੋਏ ਤੇ 1901 ਵਿਚ ਪੈਨਸ਼ਨ ਆਏ।


9. ਗੁਰਬਖਸ਼ ਸਿੰਘ ਇਹ ਵੀ 14-6-89 ਨੂੰ ਫੌਜ ਵਿਚ ਜਮਾਂਦਾਰ ਭਰਤੀ ਹੋਏ।

10. ਸ਼ਿਬਦੇਵ ਸਿੰਘ—ਇਹ ਸਫੈਦ ਪੋਸ਼ ਸਨ।

11. ਕਰਮ ਸਿੰਘ ਇਹ 1915-27 ਤਕ ਪਿੰਡ ਸ਼ੇਰੇਕਿਆਂ ਦੇ ਲੰਬਰਦਾਰ ਰਹੇ। ਪਹਿਲਾਂ ਇਹ ਫੌਜ ਵਿਚ ਦਫੇਦਾਰ ਸਨ।



(ਇਸ ਪੇਜ਼ ਦੇ ਨੋਟ 583-84 ਤੇ ਵੇਖੋ)



---

1. ਸੁਚਾ ਸਿੰਘ—ਇਹ, ਕਾਫ਼ੀ ਅਰਸਾ, ਗੁਰਦਵਾਰਾ ਰੋੜੀ ਸਾਹਿਬ (ਏਮਨਾਬਾਦ) ਦੇ ਮੁਖ ਪ੍ਰਬੰਧਕ ਰਹੇ। ਇਹਨਾ ਦੇ ਵੰਸ਼ਜ ਅਜ ਕਲ ਗਰੌਂਡੇ ਹਨ। (ਗਿਆਨੀ ਜੀ)

2. ਰਘਬੀਰ ਸਿੰਘ – ਇਹ ਮਹਿਕਮਾ ਜਰਾਇਤ ਵਿਚ ਇੰਸਪੈਕਟਰ ਹਨ।

3. ਜਸਬੀਰ ਸਿੰਘ—ਇਹ ਮਹਿਕਮਾ ਆਬਕਾਰੀ ਵਿਚ ਇੰਸਪੈਕਟਰ ਹਨ।

4. ਮੂਲਾ ਸਿੰਘ—ਇਹ ਫੌਜ ਵਿਚ ਕਰਨਲ ਸਨ।

5. ਕੁੰਦਨ ਸਿੰਘ—ਇਹ ਨਵਾਂ, ਕੁਰਸੀਨਾਮਾ ਅਤੇ ਵਾਕਫ਼ੀ ਭਰੀਆਂ ਟੂਕਾਂ ਇਹਨਾਂ ਨੇ ਅਸੰਧ ਜ਼ਿਲਾ ਕਰਨਾਲ 18.4.78 ਨੂੰ ਲਿਖਵਾਈਆ।

ਟੋਲੇ ਕੀ ਪੱਤੀ

1. ਸਾਉਲ ਸਿੰਘ ਕੁਮੇਦਾਨ ਹੋਇਆ ਜਿਸ ਨੇ ਸਭ ਤੋਂ ਪਹਿਲੇ ਵਡੀ ਹਵੇਲੀ ਬਣਵਾਈ ਸੀ।

2. ਸ਼ੋਭਾ ਸਿੰਘ ਸਰਦਾਰ ਨੂੰ ਸੋਨੇ ਦੀ ਕਾਠੀ ਮਿਲੀ ਸੀ।

12. ਸਰਦੂਲ ਸਿੰਘ ਇਹ 29.1.27 ਨੂੰ ਪਿੰਡ ਕਿਲਾ ਰਾਏ ਸਿੰਘ ਦੇ ਲੰਬਰਦਾਰ ਅਤੇ 19.10.29 ਨੂੰ ਪਿੰਡ ਸੇਰੋਂਕਿਆਂ ਦੇ ਸਰਬਰਾਹ ਲੰਬਰਦਾਰ ਰਹੇ। ਇਹਨਾਂ ਦੀ ਮੌਤ ਅਧਰੰਗ ਕਾਰਨ ਪਿੰਡ ਮੋਹਣਪੁਰ (ਨਜ਼ਦ ਸ਼ਾਹਬਾਦ—ਕਰਨਾਲ) ਵਿਚ ਹੋਈ। ਇਹਨਾਂ ਦੀ ਦੋ ਟਬਰਾਂ ਵਿਚੋਂ ਸੰਤਾਨ ਮੋਹਨਪੁਰ ਆਬਾਦ ਹੈ।

13. ਵਸਾਵਾ ਸਿੰਘ—ਆਪ ਕਿਲਾ ਰਾਏ ਸਿੰਘ ਜ਼ੈਲਦਾਰ ਸਨ।


14. ਹਾਕਮ ਸਿੰਘ—ਆਪਣੇ ਪਿਤਾ ਦੀ ਥਾਵੇਂ ਜ਼ੈਲਦਾਰ ਹੋਏ।


15. ਈਸ਼ਰ ਸਿੰਘ—ਇਹ ਫੌਜ ਵਿਚ ਰਿਸਾਲਦਾਰ ਸਨ।


16. ਇਹ ਵੀ ਆਪਣੇ ਪਿਤਾ ਨਾਲ ਹਡਸਨ ਹਾਰਸ ਵਿਚ ਦਫੇਦਾਰ ਭਰਤੀ ਹੋਏ। ਨੌਕਰੀ ਦੇ ਦੌਰਾਨ ਹੀ ਕਾਲਵਾਸ ਹੋ ਗਏ। (ਪੇਜ ਨੰ: 585 ਤੇ ਨੋਟ 5—ਕੁੰਦਨ ਸਿੰਘ ਇਹਨਾਂ ਨੂੰ ਸਵੀਕਾਰ ਨਹੀਂ ਕਰਦਾ)


ਸੁਜਾਨ ਸਿੰਘ ਜੀ ਨੂੰ ਪ੍ਰਵਾਨ ਨਹੀਂ ਕਰਦੇ। (ਸ਼ਾਇਦ ਇਹ ਨਿਸੰਤਾਨ ਹੋਵਨ) ਮਗਰ ਇਹਨਾਂ ਦਾ ਜਿਕਰ ਸਰਕਾਰੀ ਸਨਦਾਂ ਅਤੇ ਚਿੱਠੀ ਪੱਤਰ (See F/4 appendix) ਵਿਚ ਪਾਇਆ ਜਾਂਦਾ ਹੈ—ਗਿਆਨੀ ਜੀ ਇਥੇ ਕੁੰਦਨ ਸਿੰਘ ਜੀ ਨਾਲ ਸਹਿਮਤ ਨਹੀਂ।


17. ਜਵੰਦ ਸਿੰਘ—ਫੌਜ ਵਿਚੋਂ ਦਫੇਦਾਰੀ ਪੈਨਸ਼ਨ ਆਏ।



ਬਖਤਮਲ—ਟੱਲਾ—ਤਾਤਾਰ
ਨੰਤ
ਪਿਰਾਣਾ
ਤਾਰਾ
ਵਿਘਾਮਲ
ਕੰਕਲ
ਰਾਮ
ਬਾਘਾ
ਜਿਮੀਦਾਰ
ਨਿਧਾਨ
ਦੀਦਾਰ
ਮਾਹੀ
ਦਰਗਾਹੀ
ਸਾਹਿਬਦਿਤਾ
?
ਨਗਾਹੀ
ਸੁਹੇਲ ਸਿੰਘ
ਮੁਹਕਮ ਸਿੰਘ
X
ਮਲਾ ਸਿੰਘ
ਦੂਲਾ ਸਿੰਘ
(ਅਗਲਾ ਪੰਨਾ)
ਦੇਵਾ ਸਿੰਘ
ਧਿਆਨ ਸਿੰਘ
ਗਯਾਨ ਸਿੰਘ
ਬੁਲਾਕਾ ਸਿੰਘ
ਚੰਗਾ ਸਿੰਘ
ਝੰਡਾ ਸਿੰਘ
X
ਮੰਗਲ ਸਿੰਘ
ਹਜਾਰਾ ਸਿੰਘ
(ਸੁਤਰਾਣਾ)
ਲਾਲ ਸਿੰਘ
ਨਰਾਇਨ ਸਿੰਘ
ਰਾਜਾ ਸਿੰਘ
ਭਾਗ ਸਿੰਘ
ਆਸਾ ਸਿੰਘ
ਬੰਤਾ ਸਿੰਘ
ਦਲੀਪ ਸਿੰਘ
ਦਾਨ ਸਿੰਘ
ਨਰੰਗਸਿੰਘ
ਬਲਕਾਰਸਿੰਘ
ਨਰੰਗ ਸਿੰਘ
ਕਰਤਾਰ ਸਿੰਘ
X
ਦਰਬਾਰਾ ਸਿੰਘ
ਸੁੱਚਾ ਸਿੰਘ
ਸੂਬਾ ਸਿੰਘ
ਸੋਹਨ ਸਿੰਘ
ਅਨੋਖ ਸਿੰਘ
ਬਰਯਾਮਸਿੰਘ
ਜੈਮਲ ਸਿੰਘ
ਮੋਹਨ ਸਿੰਘ
ਚਤਰ ਸਿੰਘ
ਕਿਸ਼ਨ ਸਿੰਘ
ਤੇਜਾ ਸਿੰਘ
ਬਾਜਾ ਸਿੰਘ
ਮੇਘ ਸਿੰਘ
ਅਵਤਾਰ ਸਿੰਘ
ਸੰਪੂਰਨ ਸਿੰਘ
ਬੂਟਾ ਸਿੰਘ
ਕਪੂਰ ਸਿੰਘ
ਜਰਨੈਲ ਸਿੰਘ
ਸੁਲਖਣ ਸਿੰਘ
ਜੀਵਨ ਸਿੰਘ
ਭਗਵਾਨ ਸਿੰਘ
ਪਾਲਾ ਸਿੰਘ
ਮਹਿੰਦਰ ਸਿੰਘ
ਜੋਗਿੰਦਰ ਸਿੰਘ
ਅਮਰੀਕ ਸਿੰਘ
ਰਛਪਾਲ ਸਿੰਘ
ਮੋਹਰ ਸਿੰਘ
ਫੂਲਾ ਸਿੰਘ
ਹਜੂਰ ਸਿੰਘ
ਮੂਲਾ ਸਿੰਘ
ਗੁਰਮੁਖ ਸਿੰਘ
ਸਤਨਾਮ ਸਿੰਘ
ਫਤਿਹਸਿੰਘ
ਦਲੇਰਸਿੰਘ
ਸ਼ੇਰ ਸਿੰਘ



ਨਰੈਨ ਸਿੰਘ
ਆਸਾ ਸਿੰਘ
ਬੰਤਾ ਸਿੰਘ
ਦਲੀਪ ਸਿੰਘ
ਦਰਬਾਰਾ ਸਿੰਘ
ਗੁਰਨਾਮ ਸਿੰਘ
ਇਕਬਾਲ ਸਿੰਘ
ਸਤਨਾਮ ਸਿੰਘ
ਹਰਨਾਮ ਸਿੰਘ
ਨਿਰਮਲ ਸਿੰਘ
ਪਰਮਜੀਤ ਸਿੰਘ
ਸੋਭਾਗ ਸਿੰਘ
ਸਵਰਨ ਸਿੰਘ
ਕਾਲਾ ਸਿੰਘ
ਜਗੀਰ ਸਿੰਘ
ਸ਼ੀਸ਼ਾ ਸਿੰਘ
ਸਵਿੰਦਰ ਸਿੰਘ
ਜੀਤ ਸਿੰਘ
ਸੁਖਾ ਸਿੰਘ
ਬਲਵਿੰਦਰ ਸਿੰਘ
(ਯੂ. ਪੀ.)
ਜੁਗਿੰਦਰ ਸਿੰਘ
ਵਜਿੰਦਰ ਸਿੰਘ



ਮਾਹੀ ਦਾ ਸੁਹੇਲ ਸਿੰਘ ਦਾ ਦੂਲਾ ਸਿੰਘ
ਨਿਹਾਲ ਸਿੰਘ
ਭਾਲ ਸਿੰਘ
ਸਰਦਾਰ ਸਿੰਘ
ਫੌਜਾ ਸਿੰਘ
ਸਾਵਲ ਸਿੰਘ
X
ਪਿਆਰਾ ਸਿੰਘ
ਬਖਸ਼ੀਸ਼ ਸਿੰਘ
ਆਲਾ ਸਿੰਘ
ਅਰੂੜ ਸਿੰਘ
ਖੜਕ ਸਿੰਘ
ਦਲੀਪ ਸਿੰਘ
X
ਮੁਹਰ ਸਿੰਘ
X
ਸਦਾਗਰ ਸਿੰਘ
X
ਕਰਨੈਲ ਸਿੰਘ
ਸੁਰਜਨ ਸਿੰਘ
ਦਯਾਲ ਸਿੰਘ
ਸਬੇਗ ਸਿੰਘ
ਜੋਗਾ ਸਿੰਘ
ਸ਼ੰਭਾ ਸਿੰਘ
ਪ੍ਰਤਾਪ ਸਿੰਘ
X
ਬਾਗਾ ਸਿੰਘ
X
ਖੁਸ਼ਾਲ ਸਿੰਘ
X
ਕਿਹਰ ਸਿੰਘ
X
ਸੁਹਾਵਾ ਸਿੰਘ
ਗੁਰਬਚਨ ਸਿੰਘ
ਅਨੋਖ ਸਿੰਘ
ਬੂਟਾ ਸਿੰਘ
ਗੁਰਮੇਜ ਸਿੰਘ


ਮਾਹੀ ਦਾ ਸੁਹੇਲ ਸਿੰਘ ਦਾ ਦੂਲਾ ਸਿੰਘ
ਮਿਹਰ ਸਿੰਘ
ਦਯਾ ਸਿੰਘ
ਵੀਰਸਿੰਘ
ਨਿਹਾਲਸਿੰਘ
ਬਾਲਸਿੰਘ
(ਅਗਲੇ ਪੰਨੇ ਤੇ)
ਈਸ਼ਰ ਸਿੰਘ
ਕਰਮ ਸਿੰਘ
ਮੁਹਨ ਸਿੰਘ
ਕਰਤਾਰ ਸਿੰਘ
ਸੁਹਨ ਸੰਘ
ਮਹਿਲ ਸਿੰਘ
ਟਹਿਲ ਸਿੰਘ
ਇੰਦਰ ਸਿੰਘ
ਕੁੰਦਨ ਸਿੰਘ
ਤਖਤ ਸਿੰਘ
X
ਜੀਵਨ ਸਿੰਘ
ਦਲ ਸਿੰਘ
ਸੁੰਦਰ ਸਿੰਘ
ਲਾਭ ਸਿੰਘ
ਦਾਨ ਸਿੰਘ
ਮਲੂਕ ਸਿੰਘ
ਭਗਤ ਸਿੰਘ
ਰਾਧਾ ਸਿੰਘ
ਨਿਸ਼ਾਨ ਸਿੰਘ
ਮੂਲਾ ਸਿੰਘ
ਬਲਕਾਰ ਸਿੰਘ
X
ਸਾਧਾ ਸਿੰਘ
ਵਸਣ ਸਿੰਘ
ਚੂਹੜ ਸਿੰਘ
ਵਿਰਸਾ ਸਿੰਘ
ਜੁਗਿੰਦਰ ਸਿੰਘ
ਅਵਤਾਰ ਸਿੰਘ
ਭਾਨ ਸਿੰਘ
ਨਾਨਕ ਸਿੰਘ
ਕਪੂਰ ਸਿੰਘ
ਰੰਜੀਤ ਸਿੰਘ
X
ਉਜਾਗਰ ਸਿੰਘ
X
ਨਾਜਰ ਸਿੰਘ
ਬਹੁੜ ਸਿੰਘ
ਸੰਗਤ ਸਿੰਘ
ਮੀਹਾਂ ਸਿੰਘ
ਪਾਲ ਸਿੰਘ
ਕਾਲਾ ਸਿੰਘ
ਮਨਸਾ ਸਿੰਘ
X
ਗਜਨ ਸਿੰਘ
X
ਹਰਨਾਮ ਸਿੰਘ
ਸੰਤ ਸਿੰਘ
ਜੁਗਿੰਦਰ ਸਿੰਘ
ਪ੍ਰਤਾਪ ਸਿੰਘ
ਬਲਵੰਤ ਸਿੰਘ
ਪੂਜਾ ਸਿੰਘ
X
ਧਾਰਾ ਸਿੰਘ
X
ਚਤਰ ਸਿੰਘ
X
ਮਖਨ ਸਿੰਘ
X
ਗੁਜਰ ਸਿੰਘ
ਚੰਨਣ ਸਿੰਘ
ਸੇਵਾ ਸਿੰਘ
ਮੇਵਾ ਸਿੰਘ
ਮਹਿੰਦਰ ਸਿੰਘ
ਤਰਲੋਕ ਸਿੰਘ
ਗੁਰਦੀਪ ਸਿੰਘ
ਸੰਤੋਖ ਸਿੰਘ
ਤਾਰਾ ਸਿੰਘ
ਧਾਰਾ ਸਿੰਘ



ਬਾਘੇ ਦਾ ਦਰਗਾਹੀ
ਰਣ ਸਿੰਘ
ਅਤਰ ਸਿੰਘ
ਵਚਨ ਸਿੰਘ
ਸੁਰਜਨ ਸਿੰਘ
ਅਰਜਨ ਸਿੰਘ
ਸਾਜਾਦਾ ਸਿੰਘ
ਸੁਚੇਤ ਸਿੰਘ
ਰਤਨਸਿੰਘ
(.......... ਅੱਗੇ ਵੇਖੋ .... (
ਖੁਸ਼ਾਲ ਸਿੰਘ
ਜੀਵਨ ਸਿੰਘ
ਜੁਆਲਾ ਸਿੰਘ
ਵੀਰ ਸਿੰਘ
ਕਾਲਾ ਸਿੰਘ
ਸਾਧਾ ਸਿੰਘ
X
ਲਾਭ ਸਿੰਘ
ਉਜਾਗਰ ਸਿੰਘ
ਮਨਸਾ ਸਿੰਘ
ਪੰਜਾਬ ਸਿੰਘ
X
ਬਹਾਲ ਸਿੰਘ
ਹਰਨਾਮ ਸਿੰਘ
ਰਾਧਾ ਸਿੰਘ
ਕਸ਼ਮੀਰ ਸਿੰਘ
ਬੁਢਾ ਸਿੰਘ
ਕ੍ਰਿਪਾਲ ਸਿੰਘ
ਸੇਵਾ ਸਿੰਘ
ਮੇਵਾ ਸਿੰਘ
ਮਹਿੰਗਾ ਸਿੰਘ
ਮਨਜ਼ੂਰ ਸਿੰਘ
ਸਦਾ ਸਿੰਘ
ਬਾਦਲ ਸਿੰਘ
ਅਮਰੀਕ ਸਿੰਘ
ਜਰਨੈਲ ਸਿੰਘ
ਕਰਨੈਲ ਸਿੰਘ
ਬਘੇਲ ਸਿੰਘ
ਵਸਾਖਾ ਸਿੰਘ
ਮਲੂਕ ਸਿੰਘ
ਮਹਿਲ ਸਿੰਘ
ਗੁਲਾਬ ਸਿੰਘ
ਮੰਗਲ ਸਿੰਘ
ਧਾਵਾ ਸਿੰਘ
ਮੋਹਨ ਸਿੰਘ
ਸੋਹਨ ਸਿੰਘ
ਮਾਹਣਾ ਸਿੰਘ
ਦਲ ਸਿੰਘ
ਦਲੀਪ ਸਿੰਘ
ਖਜਾਨ ਸਿੰਘ
ਸਾਵਲ ਸਿੰਘ
ਧਰਮ ਸਿੰਘ
ਭਾਗ ਸਿੰਘ
ਜੈ ਸਿੰਘ
ਵਸਨ ਸਿੰਘ
ਲਾਲ ਸਿੰਘ
ਆਲਾ ਸਿੰਘ
ਸਾਵਨ ਸਿੰਘ
ਚੰਦਾ ਸਿੰਘ
ਫੌਜਾ ਸਿੰਘ
ਤੇਜਾ ਸਿੰਘ


ਬਾਘੇ ਦਾ ਦਰਗਾਹੀ
ਨਾਰੂ
ਰਣ ਸਿੰਘ
(ਵੇਖੋ ਸਫ਼ਾ 591 ਤੇ)
ਜੱਸਾ ਸਿੰਘ
(ਵੇਖੋ ਸਫ਼ਾ 594 ਤੇ)
ਲਖਾ ਸਿੰਘ
ਸੁਲਖਨ ਸਿੰਘ
X
ਕੇਸਰਾ ਸਿੰਘ
ਹੀਰਾ ਸਿੰਘ
ਲਧਾ ਸਿੰਘ
ਸੋਂਧਾ ਸਿੰਘ
ਬੁਲਾਕਾ ਸਿੰਘ
×
ਮਾਹਣਾ ਸਿੰਘ
×
ਦਲੀਪ ਸਿੰਘ
ਇੰਦਰ ਸਿੰਘ
ਗੁਰਮੁਖ ਸਿੰਘ
ਜਸਵੰਤ ਸਿੰਘ
(ਉਰਫ ਬਾਵਾ ਸਿੰਘ)
ਅਤਾਰ ਸਿੰਘ
ਕੁਲਵੰਤ ਸਿੰਘ
ਅਨੋਖ ਸਿੰਘ
ਕੰਧਾਰਾ ਸਿੰਘ
ਚੈਨ ਸਿੰਘ
ਗੁਰਬਚਨ ਸਿੰਘ
ਸੁਖਾ ਸਿੰਘ
ਭੁਪਿੰਦਰ ਸਿੰਘ
ਰੰਗ ਸਿੰਘ
ਪਾਲ ਸਿੰਘ
ਭਾਨ ਸਿੰਘ
ਸ਼ਾਮ ਸਿੰਘ
ਸੋਹਣ ਸਿੰਘ
ਸੁੰਦਰ ਸਿੰਘ
×
ਦਰਬਾਰਾ ਸਿੰਘ
ਸਰਦਾਰਾ ਸਿੰਘ
ਸ਼ਿੰਗਾਰਾ ਸਿੰਘ
ਅਵਤਾਰ ਸਿੰਘ
ਉਜਾਗਰ ਸਿੰਘ
ਚਤਰ ਸਿੰਘ
ਬਾਜਾ ਸਿੰਘ
ਸੂਬਾ ਸਿੰਘ
ਹਰਸਾ ਸਿੰਘ
ਕਰਤਾਰ ਸਿੰਘ
ਜੈਮਲਸਿੰਘ
ਜਰਨੈਲਸਿੰਘ
ਸਾਹਿਬਸਿੰਘ
ਕਰਨੈਲਸਿੰਘ
ਬਲਕਾਰ ਸਿੰਘ
ਜੀਤ ਸਿੰਘ
ਦਲਬੀਰ ਸਿੰਘ
ਬੂਟਾ ਸਿੰਘ
ਮਹਿੰਦਰ ਸਿੰਘ
ਸੁਖਾ ਸਿੰਘ
ਮਨਸਾ ਸਿੰਘ
ਮੇਘ ਸਿੰਘ
ਮਖਨ ਸਿੰਘ
ਟੇਕ ਸਿੰਘ
×
ਮਾਨ ਸਿੰਘ
ਟਹਿਲ ਸਿੰਘ
ਗਹਿਲ ਸਿੰਘ
ਮਹਿਲਸਿੰਘ
ਨਿਧਾਨਸਿੰਘ
ਨਥਾ ਸਿੰਘ
ਗੁਜਰ ਸਿੰਘ
ਸ਼ੀਸ਼ਾ ਸਿੰਘ
ਨੌਨਿਹਾਲ ਸਿੰਘ
ਗੁਰਦਿਆਲ ਸਿੰਘ
ਸ਼ੇਰ ਸਿੰਘ
ਦਲਬੀਰ ਸਿੰਘ
ਗਹਿਣਾ ਸਿੰਘ
ਵਿਰਸਾ ਸਿੰਘ
×
ਨਰੈਣ ਸਿੰਘ
×
ਬਦਨ ਸਿੰਘ
ਬਘੇਲ ਸਿੰਘ
ਧਾਰਾ ਸਿੰਘ
×
ਚਤਰ ਸਿੰਘ
ਹਰਨਾਮ ਸਿੰਘ
ਵਜਿੰਦਰ ਸਿੰਘ
ਕਰਤਾਰ ਸਿੰਘ
ਨਿਸ਼ਾਨ ਸਿੰਘ
(ਹਾਲ ਹਾਬੜੀ)



ਰਣ ਸਿੰਘ
ਵਤਨਸਿੰਘ ਸੁਰਜਨਸਿੰਘ ਅਰਜਨਸਿੰਘ ਸੁਜਾਣਸਿੰਘ
(.................ਪਿਛੇ ਵੇਖੋ....................)
ਸੁਚੇਤ ਸਿੰਘ
X
ਰਤਨ ਸਿੰਘ
ਪ੍ਰਤਾਪ ਸਿੰਘ
ਸ਼ੇਰ ਸਿੰਘ
ਜਗਤ ਸਿੰਘ
ਬਹਾਦਰ ਸਿੰਘ (ਗੜਾ)
ਸ਼ਿੰਗਾਰਾ ਸਿੰਘ
ਅਨੂਪ ਸਿੰਘ
ਭਗਤ ਸਿੰਘ
ਕਰਮ ਸਿੰਘ
ਖੇਮ ਸਿੰਘ
ਸਾਵਨ ਸਿੰਘ
ਦਾਨ ਸਿੰਘ
ਜਰਨੈਲ ਸਿੰਘ
ਪਿਆਰਾ ਸਿੰਘ
ਆਸਾ ਸਿੰਘ
ਸਾਹਿਬ ਸਿੰਘ
ਪੂਰਨ ਸਿੰਘ
ਪਾਲਾ ਸਿੰਘ
ਟਹਿਲ ਸਿੰਘ
ਅਵਤਾਰ ਸਿੰਘ
ਮਹਿੰਦਰ ਸਿੰਘ
ਪੂਰਨ ਸਿੰਘ
ਬਲਕਾਰ ਸਿੰਘ
ਸਤਨਾਮ ਸਿੰਘ
ਲਸ਼ਕਰ ਸਿੰਘ
ਬਲਿਹਾਰ ਸਿੰਘ
(ਰਤਕ)
ਸ਼ਰਮ ਸਿੰਘ
ਵਜਿੰਦਰ ਸਿੰਘ
ਵਰਯਾਮ ਸਿੰਘ
ਦਯਾਲ ਸਿੰਘ
ਬੱਘਾ ਸਿੰਘ
ਮਾਨ ਸਿੰਘ
X
ਅਮਰ ਸਿੰਘ
ਮਹਿੰਗਾ ਸਿੰਘ
ਪਾਰਾ ਸਿੰਘ
ਨਿਸ਼ਾਬਰ ਸਿੰਘ
ਬਹਾਲ ਸਿੰਘ
ਹਰਸਾ ਸਿੰਘ
ਬੂਟਾ ਸਿੰਘ
ਦਲੀਪ ਸਿੰਘ
ਗੁਜਰ ਸਿੰਘ
X
ਚੂਹੜ ਸਿੰਘ
ਟਹਿਲ ਸਿੰਘ
ਸ਼ੀਸ਼ਾ ਸਿੰਘ
ਜਗੀਰ ਸਿੰਘ
ਬਾਜਾ ਸਿੰਘ
ਜਰਨੈਲਸਿੰਘ
ਖੜਕ ਸਿੰਘ
ਕਿਹਰ ਸਿੰਘ
ਬੰਤਾ ਸਿੰਘ
ਕਸ਼ਮੀਰ ਸਿੰਘ
ਚੰਨਣ ਸਿੰਘ
ਬਚਨ ਸਿੰਘ
ਗੁਰਮੁਖ ਸਿੰਘ
ਕਰਤਾਰ ਸਿੰਘ
ਬਲਕਾਰਸਿੰਘ
ਸਰੂਪ ਸਿੰਘ
ਹਰਨਾਮ ਸਿੰਘ
ਕਪੂਰ ਸਿੰਘ
X
ਨਰਾਇਣ ਸਿੰਘ
X
ਮਲੂਕ ਸਿੰਘ
ਦਲਬੀਰ ਸਿੰਘ
ਸੁਖਾ ਸਿੰਘ
ਅਮਰੀਕ ਸਿੰਘ
ਕਸ਼ਮੀਰ ਸਿੰਘ


ਰਣ ਸਿੰਘ
ਅਤਰ ਸਿੰਘ
ਵਚਨ ਸਿੰਘ
ਸੁਰਜਨ ਸਿੰਘ
(...........ਪਿਛੇ ਵੇਖੋ.... .....)
ਅਰਜਨ ਸਿੰਘ
ਸਜਾਦਾ ਸਿੰਘ
ਸੁਚੇਤ ਸਿੰਘ
ਰਤਨ ਸਿੰਘ
(.... ਅੱਗੇ ਵੇਖੋ . . ..)
ਝੰਡਾ ਸਿੰਘ
ਊਧਮ ਸਿੰਘ
ਸੁਹਾਵਾ ਸਿੰਘ
ਹਜੂਰ ਸਿੰਘ
ਕਰਨੈਲ ਸਿੰਘ
ਜਰਨੈਲ ਸਿੰਘ
ਪਾਲਾ ਸਿੰਘ
ਬਲਕਾਰ ਸਿੰਘ
ਅਵਤਾਰ ਸਿੰਘ
ਗੁਰਮੁਖ ਸਿੰਘ
ਸੁਰਿੰਦਰ ਸਿੰਘ
ਜੁਗਿੰਦਰ ਸਿੰਘ
ਸੂਰਤ ਸਿੰਘ
ਕਾਲਾ ਸਿੰਘ
ਮੁਹਬਤ ਸਿੰਘ
ਮਹਿਲ ਸਿੰਘ
ਈਸ਼ਰ ਸਿੰਘ
ਕੰਧਾਰਾ ਸਿੰਘ
ਗਹਿਣਾ ਸਿੰਘ
ਸੋਹਣ ਸਿੰਘ
ਫ਼ਤਿਹ ਸਿੰਘ
ਚਤਰ ਸਿੰਘ[1]
ਖੜਕ ਸਿੰਘ
ਦੇਵਾ ਸਿੰਘ
ਮੋਹਰ ਸਿੰਘ
ਸੂਬਾ ਸਿੰਘ
ਜੈਮਲ ਸਿੰਘ
ਬਲਕਾਰ ਸਿੰਘ
(ਰਤਕ)
ਦੀਦਾਰ ਸਿੰਘ
ਕਾਲਾ ਸਿੰਘ

1. ਗਾਮੇ ਕਾ ਵਾੜਾ



1. ਕਿਸੇ ਕਾਰਨ ਭਟੀਆ ਨਾਲ ਲੜਾਈ ਹੋਣ ਤੇ ਭਟੀਆ ਦਾ ਬੰਦਾ ਮਰ ਗਿਆ ਤੇ ਖੁਰਾ ਪਿੰਡ ਨੌਖਰ ਆ ਪਿਆ। ਜਿਸ ਤੇ ਭਟੀਆ ਮਹਾਰਾਜੇ ਕੋਲ ਫਰਿਆਦ ਕੀਤੀ। ਮਹਾਰਾਜੇ ਨੇ ਇਕ ਹਜ਼ਾਰ ਰੁਪੈ ਦਾ ਡੰਨ ਸਜਨ ਸਿੰਘ ਨੂੰ ਲਾਇਆ ਜੋ ਉਹ ਤਾਰ ਨਾ ਸਕਿਆ। ਅਹਿਦਯੇ ਉਹ ਨੂੰ ਕਾਠ ਮਾਰ ਕੇ ਲਾਹੌਰ ਲੈ ਗਏ। ਉਸ ਦੇ ਪੁੱਤਰ ਉਤਮ ਸਿੰਘ ਨੇ ਬ੍ਰਾਦਰੀ ਤੋਂ ਉਗਰਾਹੀ ਕਰਕੇ ਰੁਪੈ ਤਾਰ ਕੇ ਸਜਨ ਸਿੰਘ ਨੂੰ ਛੁਡਾ ਆਂਦਾ।
2. ਇਸ ਦੀ ਅੰਸ਼ ਪਿੰਡ ਠਰੀ ਥਾਨਾ ਅਸੰਧ ਜ਼ਿਲਾ ਕਰਨਾਲ ਵਿਚ ਹੈ।



1. ਉਪਰੋਕਤ ਸ਼ਜਰਾ ਜਬਾਨੀ ਜਸਬੀਰ ਸਿੰਘ ਗਾਮੇ ਕਾ ਵਾੜਾ ਅਸੰਧ। ਗਿਆਨੀ ਜੀ 17-4-78

ਨਾਰਦ ਖਲਾ ਏ ਲਏ ਤਵਾਰ ਨੂੰ ॥
ਗਾਈਂ ਨੱਖਰ ਦੀਆਂ ਛਿੜਨ ਲਗੀਆਂ ।
ਭੰਨ ਕੇ ਮੁੜਨ ਆ ਸਾਂਦਲ ਬਾਰ ਨੂੰ ।

ਚੜ੍ਹੇ ਪੱਤਰੇ ਉੱਬਰ ਖਰਲ ਦੇ
ਗਾਈ ਨੱਖਰ ਕੀਆਂ ਮਾਰ ਲਈਆਂ ਨੇ ।

ਰਾ ਰੋਸ਼ਨ ਆਂਹਦਾ ਮਾਰੋ ਹੁਣ ਸੋਈ ਟਲੇ ਕੀਆਂ
ਤੋਲੇ ਚੂਹੜਕਾਣੇ ਦੇ ਭਾਰ ਨੂੰ

ਰਾਹੀਆ, ਰਾਹ ਲੰਘਦਿਆ ਜਾਂਦਾ ਮੇਰਾ ਸਲਾਮ ਲੈ ਜਾਈ ।

ਦਿਤੀ ਜਾਈ ਰਣ ਸਿੰਘ ਸਜਨ ਸਿੰਘ ਸਰਦਾਰ ਨੂੰ
ਕਲ ਤੇ ਨਾਰਦ ਦੇ ਢੇਰ ਤਨਾਜ਼ੇ ਨੇ ਮੂੰਹੋਂ ਸਚੋ ਸੁਖਨਾ ਆਖਿਆ ਨੇ ।

ਕਲ ਜਾਂ ਆਂਹਦੀ ਨਾਰਦਾ ਤੂੰ ਜੋ ਖਰਲਾਂ ਨੂੰ ਘਟ ਬਨਾਈਨਾ ਏਂ ।

ਮੈਂ ਜੋ ਪੱਤਰੇ ਉੱਬਰ ਖਰਲ ਦੇ ਚਾੜ੍ਹੇ ਨੇ,
ਗਾਈ ਨੱਖਰ ਦੀਆਂ ਮਾਰ ਲਈਆਂ ਨੇ ।

ਖਲੋ ਕੁੰਦਿਆਂ ਵਿਚ ਵਛੜੇ ਟਰਾਂਦੇ ਨੇ ।
ਨਾਰਦ ਆਹਦਾ ਮੈਂ ਜਮੀਅਤ ਸਿੰਘ ਨੂੰ ਲਾਈ ਮਹਿੰਦੀ ਏ
ਬਧੇ ਨੇ ਵਰ੍ਹੇ ਦੇ ਗਾਨੇ ਆਖਿਆ ਪੁਤਰਾ ਵਿਰਕ ਦਿਆ
ਹੁਣ ਬੰਨ ਗਾਨੇ ਤੇ ਢੋ ਖਾਨੇ
ਤਕ ਕੇ ਜਕੋਲਿਆਂ ਨੇ ਹੋਣੀ ਚਾ ਚਾਈ ਏ ।
ਵਸੋਂ ਬਨਨ ਲਮੇ ਪਏ ਨੇ ਖਰਲਾ ਦੇ ਲਾਹਮ ਨੂੰ ।
ਚੜ੍ਹੇ ਨੇ ਵਿਰਕ ਮਾਲ ਭਕ ਕਿਆਂ ਦਾ ਮਾਰ ਲਿਆਂਦਾ ਨੇ—
ਕਲ ਪਈ ਆਂਹਦੀ ਨਾਰਦਾ ਜੇ ਤੋਲ ਖਰਲਾ ਦਾ ਪੁਛੇਂ
ਲਏ ਵਿਰਕਾਂ ਨੂੰ ਨੇੜੇ ਪਏ ਵਸੇਂਦੇ ਨੇ
ਜਸੋ ਤੇ ਜੋ ਦੋ ਖੂਹ ਲਵਾਏ ਨੇ ਕਦੋਂ ਸੱਕਾ ਪੀਵਿਆ ਨੇ ।
ਤੇ ਨਾਰਦ ਪਿਆ ਆਂਹਦਾ ਜੇ ਤੋਲ ਵਿਰਕਾ ਦਾ ਹੌਲਾ ਹੁੰਦਾ
ਤਾਂ ਕਾਵਾਂ ਆਪਣਿਆਂ ਨੂੰ ਪੁਛ ਲੈ ਖੁਡੀਏ ਕਿਉਂ ਜਾਂ ਖੂਹ ਖਟਿਓ ਨੇ ।


ਜੇ ਤੋਲ ਵਿਰਕਾਂ ਦਾ ਹੌਲਾ ਹੁੰਦਾ
ਤਾਂ ਕਾਵਾਂ ਆਪਣਿਆਂ ਨੂੰ ਪੁਛ ਲੈ ਔਹ ਡਲ ਮਢਿਆਣੇ ਦੀ ਏ ।

ਉਹ ਡੌਕਾ ਕਿਉਂ ਜਾ ਕੀਤੀਓ ਨੇ,
ਤੇ ਹੁਣ ਜੋ ਬਾਜੀ ਆਹ ਸੋਲਾ ਸਾਰਦੀ ਲਗੀ ਖੜੀ ਏ ।

ਵੇਖ ਸਾਰੇ ਪਾਸੇ ਉਲਟ ਜਾਂਦੇ ਨੇ ਕਰਮਾਂ ਦੀ ਲਾਹਮ ਨੂੰ ।

ਨੋਟ ;—ਇਹ ਢੋਲਾ ਨਾ ਮੁਕੰਮਲ ਹੈ—ਫਿਰ ਲਿਖਣਾ ਹੈ ।

(ਵੇਖੋ 595 ਦੀ ਬਾਕੀ)



---

1. ਇਹ ਬੜੇ ਧਾਹਣੇ ਵਾਲਾ ਮਰਦ, ਪੰਚਾਇਤਾਂ ਦਾ ਕਰੂ ਤੇ ਬੜਾ ਸਿਖੀ ਪਿਆਰ ਵਾਲਾ ਪਰ ਕਦੇ ਕਦੇ ਗੱਲ ਵਗਾੜ ਵੀ ਕਰ ਜਾਂਦਾ ਸੀ।

X. ਜੈਮਲ ਸਿੰਘ ਪੁਤ੍ਰ ਲਹਿਣਾ ਸਿੰਘ

XI. ਸ਼ਿੰਗਾਰਾ ਸਿੰਘ ,,

ਇਸ ਭਾਰੀ ਮੁਕਦਮੇ ਦਾ ਫੈਸਲਾ 7 ਕਤਕ 1935 ਨੂੰ ਹੋਇਆ ਜਿਸ ਵਿਚ ਉਪਰੋਕਤ ਨੰ: I, II, III, IV, VII, IX ਅਤੇ X ਨੂੰ ਫਾਂਸੀ ਦੀ ਸਜਾ ਹੋਈ । ਨੰ V, VI, VII ਅਤੇ XI ਨੂੰ ਕਾਲੇ ਪਾਣੀ ਭੇਜਿਆ ਗਿਆ ਜਿਨ੍ਹਾਂ ਵਿਚੋਂ ਅੰਡੇਮਾਨ ਟਾਪੂ (ਕਾਲਾ ਪਾਣੀ ਜੇਹਲ) 1940/1945 ਦੀ ਜੰਗ ਵਿਚ ਜਾਪਾਨੀਆਂ ਹਥ ਆਵਣ ਤੇ ਤਿੰਨ ਜਣੇ ਤਾਂ ਉਹਨਾਂ ਦੀ ਸਖਤੀ ਕਾਰਨ ਉਥੇ ਹੀ ਮਰ ਗਏ । ਕੇਵਲ ਉਪਰੋਕਤ ਨੰ: VII ਝੰਡਾ ਸਿੰਘ ਬਚਿਆ ਰਿਹਾ—ਜਿਸਨੂੰ 1945 ਵਿਚ ਲੜਾਈ ਜਿੱਤਣ ਦੀ ਖੁਸ਼ੀ ਵਿਚ ਅੰਗਰੇਜ਼ਾਂ ਨੇ ਰਿਹਾ ਕਰ ਦਿਤਾ—ਜੋ ਅਜ ਕਲ ਪਿੰਡ ਠਰੀ ਜ਼ਿਲਾ ਕਰਨਾਲ ਵਿਚ ਰਹਿੰਦਾ ਹੈ ।

ਜਿਵੇਂ ਵਿਰਕ ਲੜਨ ਮਰਨ ਵਿਚ ਅਣਖੀਲੇ ਹਨ ਤਿਵੇਂ ਪੰਚੈਤ ਵਿਚ ਨਿਆਂ ਕਰਨ ਅਤੇ ਫਿਰ ਉਸ ਫੈਸਲੇ ਨੂੰ ਰਬੀ ਹੁਕਮ ਸਮਝ ਕੇ ਸਿਰ ਮਥੇ ਤੇ ਮੰਨਣ ਅਤੇ ਉਸ ਨੂੰ ਪਾਲਣ ਵਿਚ ਵੀ ਬੇਮਿਸਾਲ ਬਹਾਦਰ ਹਨ । ਜਿਸ ਦੀ ਜਿਉਂਦੀ ਮਿਸਾਲ ਅਜ ਵੀ ਨਗਰ ਜਾਤ੍ਰੀ ਦੇ ਸਿਖ ਵਿਰਕ ਜਟ ਪੇਸ਼ ਕਰ ਰਹੇ ਹਨ । ਗਲ ਇਸਤਰ੍ਹਾਂ ਹੋਈ :—

ਅਭਾਗੇ ਪੰਜਾਬ ਦੀ ਦੁਖਾਂਤ ਰੂਪ ਵੰਡ ਤੋਂ ਪਹਿਲਾਂ ਸਾਵਨ 1947 ਵਿਚ ਲੰਬਰਦਾਰ ਧਾਰਾ ਸਿੰਘ ਪੁਤ੍ਰ ਮਾਹਣਾ ਸਿੰਘ, ਹਰਬੰਤ ਸਿੰਘ ਪੁਤ੍ਰ ਕਾਲਾ ਸਿੰਘ, ਭਗਤ ਬਲਕਾਰ ਸਿੰਘ ਪੁਤ੍ਰ ਮੰਗਲ ਸਿੰਘ ਇਕਠੇ ਹੋ ਕੇ ਭਾਈ ਬਲਵੰਤ ਸਿੰਘ ਪੁਤ੍ਰ ਪਾਲ ਸਿੰਘ ਤੇ ਬਹਾਦਰ ਸਿੰਘ ਦਾ ਬਖਸ਼ਿਸ਼ ਸੰਧਾ ਸਿੰਘ ਪੁਤ੍ਰ ਲਖਾ ਸਿੰਘ, ਕਾਲਾ ਸਿੰਘ ਪੁਤ੍ਰ ਗਰਜਾ ਸਿੰਘ ਤੇ ਹੋਰ ਪਤਵੰਤੇ ਸਜਨ ਸਮੇਤ ਬੈਠ ਕੇ ਆਪਸੀ ਪੰਚੈਤੀ ਫੈਸਲਾ ਕੀਤਾ :

ਕਿ ਅਜ ਤੋਂ ਲੈ ਕੇ ਦੋਵੇਂ ਧਿਰਾਂ ਆਪਣੀ ਪੁਰਾਣੀ ਰੰਜਸ਼, ਸਮੂਲਚੀ ਖਤਮ ਕਰਦੇ ਹਨ । ਅਗੋਂ ਨੂੰ, ਸਦੀਵ ਲਈ ਭਰਾਵਾਂ ਵਾਂਗ ਵਰਤਾਰਾ ਰਖਣਗੇ । ਕੋਈ ਕਿਧਰੇ ਜਾਏ ਆਵੇ ਕਿਸੇ ਕਿਸਮ ਦੀ ਰੋਕ ਰੁਕਾਵਟ ਦੁਹਾਂ ਧਿਰਾਂ ਵਲੋਂ ਮੂਲ ਨਾ ਹੋਵੇਗੀ ।"

ਇਸ ਉਪਰੋਕਤ ਫੈਸਲੇ ਨੂੰ ਦੁਹਾਂ ਧਿਰਾਂ ਨੇ ਸਿਰ ਮਥੇ ਪ੍ਰਵਾਨ ਕੀਤਾ, ਤੇ ਅਜ ਤਕ ਉਸਨੂੰ ਵਿਰਕਾਂ ਵਾਂਗੂ ਪਾਲ ਕੇ ਵਖਾਇਆ ।

II

ਪਿੰਡ ਜਾਤਰੀ ਵਾਲਿਆਂ ਦੀ ਪੰਥਕ ਸੇਵਾ

(ੳ) ਮੋਰਚਾ ਗੁਰੂ ਕਾ ਬਾਗ



ਭਾਈ ਬਲਵੰਤ ਸਿੰਘ

ਭਾਈ ਬਲਵੰਤ ਸਿੰਘ (54) ਵਲਦ ਪਾਲ ਸਿੰਘ, ਭਾਈ ਸਰਦਾਰਾ ਸਿੰਘ ਵਲਦ ਬਾਲ ਸਿੰਘ ਅਤੇ ਇਕ ਭਾਈ ਜੀਵਨ ਸਿੰਘ (ਸੁਨਿਆਰਾਂ) ਇਹਨਾਂ ਤਿੰਨਾਂ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਭਾਗ ਲਿਆ ।

ਦੂਸਰੇ ਜਥੇ ਵਿਚ ਉਕਤ ਭਾਈ ਸਰਦਾਰਾ ਸਿੰਘ ਪੁਤ੍ਰ ਬਾਲ ਸਿੰਘ ਅਤੇ ਕਾਲਾ ਸਿੰਘ ਪੁਤ੍ਰ ਵੀਰ ਸਿੰਘ ਨੇ ਭਾਗ ਲਿਆ ਅਤੇ ਢਾਈ ਢਾਈ ਸਾਲ ਦੀ ਕੈਦ ਕੈਮਲਪੁਰ ਜਿਹਲ ਵਿਚ ਕਟੀ ।

ਇਸੇ ਮੋਰਚੇ ਵਿਚ ਮਘਰ ਦੇ ਮਹੀਨੇ, ਭਾਈ ਬਲਵੰਤਾ ਸਿੰਘ ਦੇ ਛੋਟੇ ਵੀਰ ਭਾਈ ਬੁਜਰ ਸਿੰਘ ਤੇ ਵਸਨ ਸਿੰਘ ਵਲਦ ਸੁੰਦਰ ਸਿੰਘ ਨੇ ਭਾਗ ਲਿਆ ਤੇ ਨੌਂ, ਨੌਂ ਮਹੀਨੇ ਕੈਦ ਭੋਗੀ ।

(ਅ) ਮੋਰਚਾ ਗੰਗਸਰ (ਜੈਤੋ)

ਭਾਈ ਸੁਚਾ ਸਿੰਘ ਚਕ ਚੰਦ ਦੇ ਪ੍ਰਚਾਰ ਦੇ ਅਸਰ ਥੱਲੇ 25 ਸਿੰਘਾਂ ਸਮੇਤ ਭਾਈ ਬਲਵੰਤ ਸਿੰਘ ਸਮੇਤ, ਭਾਈ ਦੂਲਾ ਸਿੰਘ ਜੋ ਭਿਖੀ ਦੀ ਜਥੇਦਾਰੀ ਵਿਚ ਅੰਮ੍ਰਿਤਸਰੋਂ ਰਵਾਨਾ ਹੋ ਗਿਆ—ਮੁਕਤਸਰੋਂ ਹੁੰਦਾ ਹੋਇਆ ਜਥਾ, ਪਿੰਡ ਮਲਣ ਪੁਜਾ ਤਾਂ ਪੁਲੀਸ ਨੇ ਕੇਵਲ ਭਾਈ ਬਲਵੰਤ ਸਿੰਘ ਨੂੰ ਫੜ ਲਿਆ ਅਤੇ ਛੇ ਮਹੀਨੇ ਦੀ ਕੈਦ ਸੁਣਾ ਕੇ ਮੁਲਤਾਨ ਜਿਹਲ ਭੇਜ ਦਿਤਾ ।

ਪਿੰਡ ਜਾਤ੍ਰੀ ਪੁਰਾਣੀ ਅਤੇ ਨਵੀਂ

ਇਹਨਾ ਦੁਹਾਂ ਪਿੰਡਾਂ ਦੀ ਜ਼ਮੀਨ ਦਾ ਰਕਬਾ ਵਾਹ ਵਾਹ ਸੀ। ਇਹਨਾਂ ਵਿਚ ਬਾਘੇ ਦੇ ਤਿੰਨ ਪੁਤ੍ਰਾਂ ਮਾਹੀ, ਦਰਗਾਹੀ ਤੇ ਸਾਹਿ ਦਿਤੇ ਦੀ ਅੰਸ਼ ਵਸਦੀ ਸੀ—ਇਹਨਾਂ ਪਿੰਡਾਂ ਦੀ ਧਰਤੀ ਬੜੀ ਉਪਜਾਊ ਸੀ। ਵਿਰਕ ਵੈਸੇ ਵੀ ਮਾਲ ਡੰਗਰ ਨਾਲ ਬਹੁਤ ਹਿਤ ਰਖਦੇ ਹਨ—ਪ੍ਰੰਤੂ ਇਹਨਾਂ ਪਿੰਡਾਂ ਵਿਚ ਮਝੀਂ ਗਾਈਂ ਦੀ ਅਧਿਕਤਾ ਸੀ ਜਿਸ ਕਰਕੇ ਦੁਧ, ਘਿਉ, ਆਦਿਕ ਵਾਫਰ ਹੁੰਦਾ ਸੀ ਤੇ ਇਥੋਂ ਦੇ ਵਸਨੀਕ ਬੜੇ ਸੁਹਣੇ, ਖੁਲ ਦਿਲੇ ਤੇ ਕਦਾਵਰ ਜੁਆਨ ਹੁੰਦੇ ਸਨ। ਮਾਰਾਂ ਧਾੜਾਂ ਦੂਰ ਦੂਰ ਤੱਕ ਜਾ ਕੇ ਕਰ ਆਇਆ ਕਰਦੇ ਸਨ।

ਆਪੋ ਵਿਚ ਜਾਭਰੂ ਅਕਸਰ ਡਾਂਗ ਸੋਟਾ ਕਰ ਲੈਂਦੇ ਪਰ ਵਡੇਰੇ ਸਮਝਾ ਬੁਝਾ ਦੇਂਦੇ ਤੇ ਲੰਮਾ ਝਗੜਾ ਕਦੇ ਨਾ ਵਧਦਾ। ਪਰ੍ਹੇ ਪੰਚਾਇਤਾਂ ਕਰੂ ਅਤੇ ਮਾੜੇ ਕਮਜ਼ੋਰ ਦੇ ਅੰਗਪਾਲ ਹੋਇਆ ਕਰਦੇ ਸਨ।

ਜਾਤ੍ਰੀ ਦੇ ਕਤਲ

ਕੁਦਰਤ ਕਰਤਾਰ ਦੀ ਇਸ ਸੁਖੀ ਵਸਦੇ ਪਿੰਡ ਵਿਚ ਇੱਕ ਨਿੱਕੀ ਜਿਹੀ ਚੰਗਿਆੜੀ ਧੁਖ ਉਠੀ। ਪਿੰਡ ਦੀ ਡੰਡ ਕਨਾਲ ਸ਼ਾਮਲਾਤ ਥਾਂ ਵਿਚ ਨਿਹਾਲ ਸਿੰਘ ਦੇ ਪੁੱਤਰ ਸੁਹਾਵਾ ਸਿੰਘ ਨੇ ਆਪਣੇ ਆਪ ਬਿਨਾ ਬਰਾਦਰੀ ਨੂੰ ਪੁਛਣ ਦੇ ਘਰ ਬਨਾ ਲਏ। ਜਿਸ ਤੇ ਲਹਿਣਾ ਸਿੰਘ ਕੇ ਧੜੇ ਨੇ ਮੰਗ ਕੀਤੀ ਕਿ ਉਕਤ ਸੁਹਾਵਾ ਸਿੰਘ ਜ਼ਮੀਨ ਖਾਲੀ ਕਰ ਦੇਵੇ।


ਸੁਹਾਵਾ ਸਿੰਘ ਦੇ ਧੜੇ ਨੇ ਦੁਗਣੀ ਨਹਿਰੀ ਵਗਦੀ ਜਮੀਨ ਦੇਣ ਦੀ ਇਛਾ ਪ੍ਰਗਟ ਕੀਤੀ ਪਰੰਤੂ ਲਹਿਣਾ ਸਿੰਘ ਨੇ ਇਨਕਾਰ ਕਰਦਿਆਂ ਆਖਿਆ ਕਦੇ ਜ਼ਮੀਨ ਤੇ ਜਨਾਨੀ ਵੀ ਕਿਸੇ ਵਟਾਈ ਹੈ। (ਇਹ ਹੋਣੀ ਸੀ—ਇਸੇ ਮੂਹੋਂ ਕਢੇ ਵਾਕ ਨੇ ਕਈ ਘਰ ਮੂਧੇ ਕਰ ਦਿਤੇ) ਜ਼ਮੀਨ ਤਾਂ ਆਮ ਵਟਦੀ ਹੈ। ਅਕਬਰ ਦੇ ਜ਼ਮਾਨੇ ਵਿਚ ਕਾਂਗੜੇ ਦੇ ਮਹਿਰ ਮਿਠੇ (ਧਾਲੀਵਾਲ) ਨੇ ਆਪਣੀ ਪੁਤ੍ਰੀ ਬੀਬੀ ਗੌਰੀ ਦੀ ਸ਼ਾਦੀ ਚੌਧਰੀ ਚਤਰੇ ਗਿਲ ਧਮੋਟ (ਜਿਲਾ ਪਟਿਆਲਾ) ਵਾਲੇ ਦੇ ਪੁਤ੍ਰ ਰਾਜ ਰੂਪ ਨਾਲ ਕੀਤੀ ਅਤੇ ਦਾਜ ਵਿਚ ਜੋ ਭੋਂਇ ਦਿਤੀ, ਉਹ ਚੌਧਰੀ ਚਤਰਾ ਵਟਾਦਾ ਵਟਾਦਾ ਆਪਣੇ ਪਿੰਡ ਧਮੋਟ (50 ਮੀਲ) ਤਕ ਲੈ ਗਿਆ—ਉਹ ਪਿੰਡ ਗੌਰੀ ਵਾਲਾ ਅਜੇ ਤਕ ਧਮੋਟ ਦੇ ਚੌਧਰੀਆਂ ਦੇ ਕਬਜ਼ੇ ਵਿਚ ਹੈ।

ਇਹ ਗਲ ਲਹਿਣਾ ਸਿੰਘ ਦੇ ਵਸ ਦੀ ਵੀ ਨਹੀਂ ਸੀ ਇਹ ਸਭ ਕੁਝ ਹੋਣੀ ਉਸ ਤੋਂ ਕਰਵਾ ਰਹੀ ਸੀ। ਸੁਹਾਵਾ ਸਿੰਘ ਦਾ ਧੜਾ ਜਿਸਦਾ ਆਗੂ ਭਾਈ ਬਲਵੰਤ ਸਿੰਘ ਇਹ ਟਕੇ ਵਰਗਾ ਜਵਾਬ ਲੈ ਕੇ ਵਾਪਸ ਆ ਗਿਆ।

ਸਤਵੀਂ ਭਾਦਰੋਂ ਸੰਨ 1934 ਈ: ਵਾਲੇ ਦਿਨ ਸੁਹਾਵਾ ਸਿੰਘ ਦਾ ਪੁਤ੍ਰ ਬੂਟਾ ਸਿੰਘ ਲਹਿਣਾ ਸਿੰਘ ਕਿਆਂ ਖੇਤਾਂ ਨਾਲ ਲਗਦੇ ਆਪਣੇ ਖੇਤਾ ਵਿਚ ਡੰਗਰ ਚਾਰ ਰਿਹਾ ਸੀ। ਉਸਨੂੰ ਲਹਿਣਾ ਸਿੰਘ ਦੇ ਆਦਮੀ (ਜੋ ਮਾਝਿਉਂ ਕਰਾਏ ਤੇ ਆਂਦੇ ਹੋਏ ਸਨ) ਮਾਰਨ ਪਏ—ਉਸਨੂੰ ਬਚਾਨ ਹਿਤ ਸੁਹਾਵਾ ਸਿੰਘ ਦੇ ਧੜੇ ਦੇ ਸਰਦਾਰਾ ਸਿੰਘ ਦੇ ਪੁਤ੍ਰ ਦਲੀਪ ਸਿੰਘ ਮੁਹਰ ਸਿੰਘ ਸੁਦਾਗਰ ਸਿੰਘ ਅਤੇ ਫੌਜਾ ਸਿੰਘ ਦਾ ਬਖਸ਼ੀਸ ਸਿੰਘ ਅਤੇ ਧਾੜ ਸਿੰਘ ਦਾ ਗੁਜਰ ਸਿੰਘ ਅਗੜ ਪਿਛੜ ਇਕਲਾ ਇਕਲਾ ਔਂਦੇ ਗਏ ਅਤੇ ਲਹਿਣਾ ਸਿਘ ਕੇ ਉਹਨਾਂ ਨੂੰ ਕਤਲ ਕਰਕੇ ਧਤ੍ਰਾ ਵਾਚ ਗਏ। ਉਪਰੋਕਤ ਬੂਟਾ ਸਿੰਘ ਜ਼ਖਮੀ ਹੋ ਕੇ ਡਿਗ ਪਿਆ ਤੇ ਘੇਸ ਮਾਰ ਕੇ ਪਿਆ ਰਹਿਣ ਕਰਕੇ ਬਚ ਗਿਆ, ਵਰਨਾਂ ਉਹ ਕਾਤਲ ਘੁਟ ਇਹਦਾ ਵੀ ਭਰ ਜਾਂਦੇ।

ਇਸ ਮੁਕਦਮਾ ਕਤਲ ਵਿਚ, ਮਕਤੂਲਾਂ ਦੇ ਵਾਰਸਾਂ ਨੇ ਲਹਿਣਾ ਸਿੰਘ ਦੇ ਸਾਥੀ ਮਝੈਲ ਕਾਤਲਾਂ ਦੇ ਨਾਮ ਲਖਾਣੇ ਚਾਹੇ ਮਗਰ ਥਾਨੇਦਾਰ ਨੇ ਆਖਿਆ ਜੇ ਤੁਸੀਂ ਬਾਹਰ ਦੇ ਬੰਦੇ ਲਖਾਉਗੇ ਤਾਂ ਉਹ ਸਾਫ ਬਰੀ ਹੋ ਜਾਵਣਗੇ। ਜਿਸ ਤੇ ਫਿਰ ਹੇਠ ਲਿਖੇ ਯਾਰਾਂ ਬੰਦਿਆਂ ਤੇ ਮੁਕਦਮਾ ਚੱਲਿਆ।

I. ਚਤਰ ਸਿੰਘ ਪੁਤ੍ਰ ਲਹਿਣਾ ਸਿੰਘ
II. ਚੂਹੜ ਸਿੰਘ ਪੁਤ੍ਰ ਵਰਯਾਮ ਸਿੰਘ
III. ਮਹਿੰਗਾ ਸਿੰਘ ਪੁਤ੍ਰ ਮੰਗਲ ਸਿੰਘ
IV. ਕੱਕਾ ਸਿੰਘ ”
V. ਦਲੀਪ ਸਿੰਘ ”
VI. ਸੰਤਾ ਸਿੰਘ ਪੁਤ੍ਰ ਮਾਨ ਸਿੰਘ
VII. ਬੰਤਾ ਸਿੰਘ ”
VIII. ਕਰਤਾਰ ਸਿੰਘ ਪੁਤ੍ਰ ਮਾਹਣਾ ਸਿੰਘ
IX. ਹਜ਼ਾਰਾ ਸਿੰਘ



1. ਜਮੀਅਤ ਸਿੰਘ—ਆਪਣੇ ਸਮੇਂ ਵਿੱਚ ਮਾਰਾਂ ਧਾੜਾਂ ਦਾ ਮੋਹਰੀ ਹੋਇਆ ਕਰਦਾ ਸੀ ਅਤੇ ਪਾਣੀਪਤ ਲੜਿਆ ਸੀ।

ਇਸੇ ਮੋਰਚੇ ਦੇ ਦੂਜੇ ਜਥੇ ਵਿਚ ਜੋ ਨਨਕਾਣੇ ਸਾਹਬੋਂ ਤਿਆਰ ਹੋ ਕੇ ਚਲਿਆ ਉਸ ਵਿਚ ਭਾਈ ਕਾਲਾ ਸਿੰਘ ਪੁਤ੍ਰ ਵੀਰ ਸਿੰਘ, ਦਲੀਪ ਸਿੰਘ ਪੁਤ੍ਰ ਸਰਦਾਰਾ ਸਿੰਘ ਸ਼ਾਮਲ ਹੋਏ ਅਤੇ ਨਾਭੇ ਜਿਹਲ ਵਿਚ ਡੇਢ ਡੇਢ ਸਾਲ ਕੈਦ ਕੱਟੀ।

(ੲ) ਮੋਰਚਾ ਡਸਕਾ

ਡਸਕੇ ਵਿਚ ਖੰਡਤ ਹੋਏ ਅਖੰਡ ਪਾਠ ਨੂੰ ਜਾਰੀ ਕਰਨ ਵਾਸਤੇ ਜੋ 100 ਸਿੰਘਾਂ ਦਾ ਜਥਾ ਭਾਈ ਮਾਨ ਸਿੰਘ ਹੰਬੋਂ ਦੀ ਜਥੇਦਾਰੀ ਥਲੇ ਗਿਆ—ਉਸ ਵਿਚ ਭਾਈ ਬਲਵੰਤ ਸਿੰਘ (54) ਭਾਈ ਆਲਾ ਸਿੰਘ ਪੁਤ੍ਰ ਫੌਜਾ ਸਿੰਘ ਅਤੇ ਭਾਈ ਬੂਟਾ ਸਿੰਘ ਪੁਤ੍ਰ ਵਰਯਾਮ ਸਿੰਘ ਸ਼ਾਮਲ ਹੋਏ। ਹਰ ਇਕ ਨੂੰ 500/- ਜੁਰਮਾਨਾ ਤੇ 6 ਮਹੀਨੇ ਦੀ ਕੈਦ ਹੋਈ—ਜੋ ਇਹਨਾਂ ਨੇ ਸਿਆਲਕੋਟ ਜਿਹਲ ਵਿਚ ਭੋਗੀ।

ਰਾਜਸੀ ਸੇਵਾ

(ੳ) ਨਵੇਂ ਬੰਦੋਬਸਤ ਬਾਰੇ ਅੰਦੋਲਨ ਸ਼ੁਰੂ ਹੋਇਆ ਤਾਂ 25 ਸਿੰਘਾਂ ਦੇ ਜਥੇ ਵਿਚ ਭਾਈ ਬਲਵੰਤ ਸਿੰਘ (54) ਅਤੇ ਚਤਰ ਸਿੰਘ ਪੁੱਤਰ ਮੀਹਾਂ ਸਿੰਘ ਸ਼ਾਮਲ ਹੋਏ ਅਤੇ ਛੇ ਛੇ ਮਹੀਨੇ ਕੈਦ ਕੱਟੀ।


(ਅ) ਮੋਰਚਾ ਮੋਘਿਆਂ

ਪਿੰਡ ਹਰਸੇ ਛੀਨੇ ਜ਼ਿਲਾ ਅੰਮ੍ਰਿਤਸਰ ਵਿਚ ਸਰਕਾਰ ਅੰਗਰੇਜ਼ੀ ਨੇ ਪਾਣੀ ਦੇ ਮੋਘੇ ਛੋਟੇ ਕਰਨ ਦਾ ਹੁਕਮ ਦੇ ਦਿੱਤਾ। ਜ਼ਿਮੀਦਾਰ ਵੱਡੇ ਕਰਵਾਉਣਾ ਚਾਹੁੰਦੇ ਸਨ। ਅੰਦੋਲਨ ਸ਼ੁਰੂ ਹੋ ਗਿਆ। ਉਸ ਵਿਚ ਤਲੋਕ ਸਿੰਘ ਪੁੱਤਰ ਬਲਵੰਤ ਸਿੰਘ, ਸੇਵਾ ਸਿੰਘ, ਪੁੱਤਰ ਗੁਜਰ ਸਿੰਘ, ਸੁਦਾਗਰ ਸਿੰਘ, ਪੁੱਤਰ ਮੀਹਾ ਸਿੰਘ, ਗੁਪਾਲ ਸਿੰਘ ਪੁੱਤਰ ਸੇਵਾ ਸਿੰਘ ਤੇ ਚੂਹੜ ਸਿੰਘ ਪੁੱਤਰ ਪਰਜਾ ਸਿੰਘ ਸ਼ਾਮਲ ਹੋਏ। ਲਾਹੌਰ ਸੈਂਟਰਲ ਜ਼ਿਹਲ ਵਿਚੋਂ ਮੋਰਚਾ ਸਫਲ ਹੋਣ ਤੇ ਵਾਪਸ ਆਏ।


(ੲ) ਪੰਜਾਬੀ ਸੂਬਾ

ਇਸ ਮੋਰਚੇ ਵਿਚ ਡਾ: ਚੰਨਣ ਸਿੰਘ ਪੁੱਤਰ ਗੁਜਰ ਸਿੰਘ ਨੇ ਰਾਮ ਨਗਰ, ਕਾਸ਼ੀਪੁਰ ਜ਼ਿਲਾ ਨੈਨੀਤਾਲ ਤੋਂ ਲਗਕੇ ਤੋੜ ਖਟੇਮੇ ਤਕ ਪ੍ਰਚਾਰ ਕਰਕੇ 300 ਸਿੰਘ ਦਿੱਲੀ ਮੋਰਚੇ ਵਿਚ ਭਿਜਵਾਏ। ਜਿਸ ਤੇ ਆਪ ਜੀ ਦੇ ਵਾਰੰਟ ਗ੍ਰਿਫਤਾਰੀ ਜਾਰੀ ਹੋ ਗਏ ਤਾਂ ਭੀ ਆਪ ਜੀ 15 ਅਗਸਤ 1960 ਨੂੰ ਜੱਥਾ ਲੈ ਕੇ ਗੁਰਦਵਾਰਾ ਸੀਸ ਗੰਜ ਸਾਹਿਬ ਦਿੱਲੀ ਜਾ ਹਾਜ਼ਰ ਹੋਏ। ਉਸੇ ਦਿਨ ਕੈਦ ਹੋ ਗਏ। ਜਨਵਰੀ 1961 ਵਿਚ ਰਿਹਾ ਹੋ ਕੇ ਘਰ ਵਾਪਸ ਆਏ।

ਗਿਆਨੀ, ਉਕਤ ਡਾਕਟਰ ਚੰਨਣ ਸਿੰਘ ਦਾ ਅਤਿ ਧੰਨਵਾਦੀ ਹੈ ਜਿਨ੍ਹਾਂ ਦੇ ਮੇਹਨਤ ਨਾਲ ਪਿੰਡ ਜਾੜ੍ਹੀ ਆਦਿ ਦੇ ਕੁਰਸੀ ਨਾਵੇਂ ਅਤੇ ਹੋਰ ਇਤਿਹਾਸਕ ਮਸਾਲਾ ਹੱਥ ਆਇਆ।



1. ਸਰੈਣ ਸਿੰਘ—ਅਮੀਰ ਵਲਦ ਨਗਾਹੀਆਂ ਦੇ ਪ੍ਰਵਾਰ ਦਾ ਕੁਰਸੀ ਨਾਮਾ 8/5/78 ਨੂੰ ਪਿੰਡ ਝੀਂਡਾ ਵਿਚ ਲਿਖਵਾਇਆ ਜ਼ਿਲਾ ਕਰਨਾਲ



1. ਆਲਾ ਸਿੰਘ—ਇਹ ਪੰਚਾਇਤਾਂ ਵਿਚ ਅਕਸਰ ਸਦਿਆ ਜਾਂਦਾ ਸੀ । ਜਵਾਹਰ ਸਿੰਘ ਮਾਂਗਾ ਅਤੇ ਜਵੰਦ ਸਿੰਘ ਸ਼ੇਰੋਕੇ ਦਾ ਜੋਟੀਦਾਰ ਸੀ ।
2. ਅਰਵੇਲ ਸਿੰਘ—ਸੱਜਣ ਸਿੰਘ ਵਲਦ ਠਗਾਹੀਏ ਦੇ ਪ੍ਰਵਾਰ ਦਾ ਕੁਰਸੀਨਾਮਾ, ਇਸ ਨੇ 8-5-78 ਨੂੰ ਪਿੰਡ ਨਵਾਂ ਝੀਂਡਾ ਵਿਚ ਲਿਖਵਾਇਆ ।

(ਵੇਖੋ ਫੁਟ ਨੋਟ ਪੰਨਾ 604 ਦੇ)

ਪਿੰਡ ਫਲਰਵੰਨ ਨਜ਼ਦ ਰੇਲਵੇ ਸਟੇਸ਼ਨ ਅਤੇ ਪਿੰਡ ਬਹਾਲੀਕੇ ਦੇ ਹੈ। ਇਹ ਥਾਂ ਆਬਾਦੀ ਤੋਂ ਪਹਿਲਾਂ ਟਿਬੀ ਫੁਲਰਵੰਨਾਂ ਕਰ ਕੇ ਮਸ਼ਹੂਰ ਸੀ ਫੁਲਰਵੰਨ ਸਰੋਏ ਗੋਤ ਦੇ ਜੱਟਾਂ ਦੀ ਇਕ ਮੂਹੀ ਹੈ। ਹੋ ਸਕਦਾ ਹੈ ਕਿ ਪੁਰਾਤਨ ਸਮਿਆਂ ਵਿਚ ਫੁਲਰਵੰਨ ਸਰੋਏ ਜੱਟਾਂ ਕਦੇ ਇਥੇ ਨਿਵਾਸ ਕੀਤਾ ਹੋਵੇ। ਦੁੱਲੇ ਭੱਟੀ ਦੀ ਮਾਂ ਦੀ ਗੋਤ ਵੀ ਫੁੱਲਰਵੰਨ ਦੱਸੀ ਜਾਂਦੀ ਹੈ।

ਨਵੀਂ ਆਬਾਦੀ ਹੋਣ ਤੇ ਭਾਈ ਮੂਲ ਸਿੰਘ ਜੀ ਗਰਮੂਲਾ ਨੇ ਇਥੋਂ ਦੇ ਸਿੰਘਾਂ ਦੇ ਉਦਮ ਨਾਲ ਗੁਰਮਤ ਪ੍ਰਚਾਰ ਆਰੰਭਿਆ। ਉਹਨਾਂ ਗੁਰਮੁਖ ਸੱਜਣਾਂ ਦੇ ਨਾਮ (ਜ਼ਬਾਨੀ ਭਾਈ ਸੁਚਾ ਸਿੰਘ ਚੱਕ ਜੈਦ) ਇਹ ਹਨ :

1. ਭਾਈ ਤੇਜਾ ਸਿੰਘ (ਉਰਫ ਤਾਇਆ) ਪੁੱਤਰ ਬਾਬਾ ਮੰਗਲ ਸਿੰਘ
2. ਭ ਈ ਤੇਜਾ ਸਿੰਘ ਨਿਹੰਗ ਪੁੱਤਰ ਸੰਤਾ ਸਿੰਘ
3. ਭਾਈ ਵਸਣ ਸਿੰਘ ਪੁੱਤਰ ਬਾਬਾ ਚੇਤ ਸਿੰਘ
4. ਝੰਡਾ ਸਿੰਘ ਵੜੈਚ ਪੁੱਤਰ ਭਾਈ ਕੇਸਰ ਸਿੰਘ
5. ਸੁਚਾ ਸਿੰਘ
6. ਮੰਗਲ ਸਿੰਘ ਪੁੱਤਰ ਸਾਵਲ ਸਿੰਘ
7. ਭਾਈ ਮਾਨ ਸਿੰਘ ਹੰਬੋ

ਭਾਈ ਨਰੈਣ ਸਿੰਘ ਗਰੰਥੀ ਕਹਿੰਦੇ ਨੇ ਇਹਨਾਂ ਦੇ ਪਿਤਾ ਜੀ ਡੋਗਰਾ ਗਰਦੀ ਵੇਲੇ ਵਡਾਲਾ ਹੁੰਦਲਾ (ਜ਼ਿਲਾ ਅੰਮ੍ਰਿਤਸਰ) ਤੋਂ ਬਾਬਾ ਬੀਰ ਸਿੰਘ ਨੌਰੰਗਾਬਾਦ ਦੇ ਡੇਰੇ ਵਿਚ ਸੇਵਾਦਾਰ ਸਨ। ਜਦੋਂ ਬਾਬਾ ਜੀ ਦਾ ਡੇਰਾ ਡੋਗਰਿਆਂ ਨੇ ਤਬਾਹ ਕੀਤਾ ਤਾਂ ਆਪ ਜੀ ਉਥੋਂ ਬਚ ਕੇ ਨਿਕਲ ਗਏ ਅਤੇ ਪਿੰਡ ਚੂਹੜਕਾਣੇ ਦੇ ਗੁਰਦਵਾਰੇ ਵਿਚ ਆ ਟਿਕੇ। ਇਥੇ ਆਪ ਜੀ ਨੇ ਪੂਰਨ ਸਿਦਕਵਾਨ ਸਿੰਘਾਂ ਦਾ ਨਮੂਨਾ ਪੇਸ਼ ਕੀਤਾ। ਆਪ ਜੀ ਪਿੰਡ ਦੀ ਦਾਬ ਦੇ ਕੰਢੇ ਮੂੰਜੀ ਬੀਜ ਦੇ ਜਦ ਤਿਆਰ ਹੋ ਜਾਂਦੀ ਤਾਂ ਗੁਰਦਵਾਰੇ ਆਈਆਂ ਸੰਗਤਾਂ ਨੂੰ ਛਕਾ ਛੱਡਦੇ। ਫਿਰ ਤਿੰਨ੍ਹਾਂ ਦੇ ਸਪੁਤਰ ਭਾਈ ਨਰੈਣ ਸਿੰਘ ਜੀ ਪਿੰਡ ਫੁਲਰਵੰਨ ਦੇ ਗੁਰਦੁਆਰੇ ਵਿਚ ਗ੍ਰੰਥੀ ਦੀ ਸੇਵਾ ਨਿਭਾਉਂਦੇ ਰਹੇ। ਗਿਆਨੀ ਜੀ ਨੂੰ ਉਨ੍ਹਾਂ ਦੇ ਸੁਭਾਗ ਦਰਸ਼ਨ ਨਸੀਬ ਹੋਏ। ਆਪ ਜੀ ਦੇ ਸਪੁੱਤਰ ਭਾਈ ਕਰਤਾਰ ਸਿੰਘ ਜੀ ਇਲਾਕਾ ਬਾਰ ਦੇ ਪ੍ਰਸਿੱਧ ਅਤੇ ਪ੍ਰਬੁੱਧ ਰਾਗੀ ਹੋ ਗੁਜ਼ਰੇ ਹਨ। ਉਕਤ ਭਾਈ ਨਰੈਣ ਸਿੰਘ ਜੀ ਕੀਰਤਨ ਦੇ ਸਮੇਂ ਕੌਂਸੀਆ ਵਜਾਇਆ ਕਰਦੇ ਸਨ। ਭਾਈ ਕਰਤਾਰ ਸਿੰਘ ਜੀ ਦੇ ਛੋਟੇ ਭਾਈ ਦਰਬਾਰਾ ਸਿੰਘ ਜੀ ਯੂ.ਪੀ. ਪੁਲਿਸ ਵਿਚੋਂ ਸੇਵਾ ਮੁਕਤ ਹੋ ਕੇ ਅੱਜ ਕਲ੍ਹ ਪਿੰਡ ਝਿਲ (ਨਜ਼ਦ ਦੂਖ ਨਿਵਾਰਣ) ਪਟਿਆਲਾ ਵਿਚ ਰਹਿੰਦੇ ਹਨ। ਭਾਈ ਕਰਤਾਰ ਸਿੰਘ ਜੀ ਦਾ ਸਪੁੱਤਰ ਜ਼ਿਲ੍ਹਾ ਬਰੇਲੀ ਰਹਿੰਦਾ ਹੈ।

2. ਇਸ ਪਿੰਡ ਵਿਚੋਂ ਉਠ ਕੇ ਬਾਬੇ ਪ੍ਰਤਾਪ ਸਿੰਘ ਦਾ ਪ੍ਰੀਵਾਰ ਪੰਜ ਚੱਕ ਚੂਹੜਕਾਣੇ ਮੁਰੱਬਿਆਂ ਤੇ ਜਾ ਵਸਿਆ।


3. ਇਸ ਪ੍ਰੀਵਾਰ ਵਿਚੋਂ ਪੁਰਾਤਨ ਗੁਰਸਿਖੀ ਦਾ ਨਮੂਨਾ ਭਾਈ ਸੁਲਤਾਨ ਸਿੰਘ ਜੀ ਹਾਲ ਬਿਗਵਾੜਾ (ਰੁਦਰਪੁਰ) ਜ਼ਿਲ੍ਹਾ ਨੈਨੀਤਾਲ ਰਹਿੰਦੇ ਹਨ। ਆਪ ਜੀ ਨੇ ਅਕਾਲੀ ਲਹਿਰ ਅਤੇ ਕਾਂਗਰਸ ਅੰਦੋਲਨ ਵਿਚ ਜੇਲ੍ਹਾਂ ਕੱਟੀਆਂ। ਅਕਾਲੀ ਜਥਾ ਖਰਾ ਸੌਦਾ ਦੇ ਜਥੇਦਾਰ ਰਹੇ। ਫਿਰ ਜਦ ਆਪ ਜੀ ਨੂੰ ਖਰਾ ਸੌਦਾ ਦਾ ਮੈਨੇਜਰ ਨਿਯੁਕਤ ਕੀਤਾ ਗਿਆ ਤਾਂ ਗੁਰਦਵਾਰਾ ਕਮੇਟੀ 1300 ਦੀ ਕਰਜ਼ਾਈ ਸੀ। ਜਦ ਆਪ ਜੀ ਪਾਕਿਸਤਾਨ ਆਏ ਤਾਂ ਗੁਰਦਵਾਰੇ ਦੇ 14000/- ਰੁਪੈ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਜਮਾਂ ਕਰਵਾਏ।

4. ਬਾਬੇ ਮੇਹਰ ਸਿੰਘ ਜੀ ਦਾ ਪ੍ਰਵਾਰ ਪ੍ਰਦੇਸ਼ ਹਾਂਗਕਾਂਗ ਟਾਪੂ ਵਿਚ ਆਪਣਾ ਕਾਰੋਬਾਰ ਕਰਦਾ ਹੈ—ਇਧਰ ਘਟ ਵਧ ਹੀ ਫੇਰਾ ਮਾਰਦੇ ਹਨ।


ਪਿੰਡ ਝੁੱਲਰਵੰਨ

ਇਸ ਨਗਰ ਵਿੱਚ ਤਾਤਾਰ ਦੇ ਦੋ ਪੁੱਤਰ ਤਾਰਾ ਅਤੇ ਪਿਰਾਣੇ ਦੀ ਅੰਸ਼ ਆਬਾਦ ਸੀ। ਇਹ ਦੋਵੇਂ ਮਾਵੇਂ ਸਕੇ ਭਰਾ ਸਨ। ਤਾਰਾ ਦੀ ਅੰਸ਼ ਲਹਿੰਦੀ ਪਤੀ ਅਤੇ ਪਿਰਾਣੇ ਦੀ ਅੰਸ਼ ਚੜ੍ਹਦੀ ਪਤੀ ਵਿੱਚ ਵਸਦੀ ਸੀ। ਪਿੰਡ ਕੌਂਤਿਆਂਵਾਲੀ ਵਿਚ ਵੀ ਤਾਰੇ ਦੀ ਅੰਸ਼ ਆਬਾਦ ਸੀ।


ਉਪਰੋਕਤ ਆਬਾਦੀ ਹੋਣ ਪਸ਼ਚਾਤ ਪਿੰਡ ਚੂਹੜਕਾਣੇ ਵਿਚੋਂ ਆਕੇ ਬਾਬੇ ਪਿਰਾਣੇ ਦੀ ਅੰਸ਼ ਆਬਾਦ ਹੋਈ। ਜਿਸ ਨੂੰ ਨਵਿਆਂ ਦੀ ਪੱਤੀ ਸਦਿਆ ਜਾਂਦਾ ਸੀ।



(ਇਸ ਪੇਜ਼ ਦੇ ਫੁੱਟਨੋਟ 605 ਸਫ਼ੇ ਤੇ ਵੇਖੋ)



1. ਬਲਵੰਤ ਸਿੰਘ ਧਾਰਮਕ ਕਵੀ ਸੀ। ਤਰਜਬਾਰ ਦੇ ਢੋਲੇ ਸੁਣਾਦਾ ਸੀ।



(1) ਜਥੇਦਾਰ ਮਾਨ ਸਿੰਘ ਪ੍ਰਸਿਧ ਹੰਬੋ ਸੰਖੇਪ ਜੀਵਨ ਵਾਸਤੇ ਪਿਛੇ ਵੇਖੋ ।


ਜਥੇਦਾਰ ਮਾਨ ਸਿੰਘ ਹੰਬੋ

ਆਪ ਜੀ ਦੇ ਸਪੁੱਤਰ :—

1. ਸ: ਅਵਤਾਰ ਸਿੰਘ, ਸਿਖ ਇਤਿਹਾਸ ਦੀ ਕੇਵਲ ਵਾਕਫੀਅਤ ਚੰਗੀ ਰਖਦੇ ਹਨ । ਆਪ ਜੀ ਦੇ ਸਮਾਚਾਰ ਜਥੇਦਾਰ ਮਾਨ ਸਿੰਘ ਹੰਬੋ ਨਾਲ ਸੰਬੰਧਤ ਹੋਣ ਕਰਕੇ ਉਥੇ ਦਿਤੇ ਗਏ ਹਨ ।

2. ਲੈਫਟੀਨੈਂਟ ਕਰਨਲ ਕਪੂਰ ਸਿੰਘ—ਆਪ ਹੁਣ ਪੈਨਸ਼ਨ ਤੇ ਹਨ ਅਤੇ ਕਰਨਲ ਨਿਵਾਸ ਰਖਦੇ ਹਨ ।

3. ਰਣਜੀਤ ਸਿੰਘ ਜੀ ਪਹਿਲੋਂ ਡਿਸਟ੍ਰਿਕਟ ਅਟਾਰਨੀ ਕਰਨਾਲ ਸਨ । ਅਜ ਕਲ ਕੇਵਲ ਵਕਾਲਤ ਕਰਦੇ ਹਨ ।


4. ਜਥੇਦਾਰ ਹੰਬੋ ਦੀ ਇਕ ਪੁੱਤਰੀ ਜਲੰਧਰ ਵਕੀਲ ਹੈ ।

(2) ਸ: ਭਗਵਾਨ ਸਿੰਘ ਛਲਰਵੰਨੀ ਹੀ ਰਹਿੰਦੇ ਸਨ ਇਹਨਾਂ ਦੇ ਸਪੁੱਤਰ :—

1. ਸ: ਗੁਰਦਿਆਲ ਸਿੰਘ ਵਕੀਲ ਅੱਜ ਕਲ ਕੈਂਥਲ ਹਨ ।

2. ਸ: ਗੁਰਲਾਲ ਸਿੰਘ ਪੈਨਸ਼ਨਰ ਸੂਬੇਦਾਰ ਮੇਜਰ ਹਨ ।

3. ਸ: ਕਰਮ ਸਿੰਘ ਅਵਕਾਸ਼ ਪ੍ਰਾਪਤ ਕਪਤਾਨ ਹਨ । ਇਕ ਦੁਰਘਟਨਾ ਵਿਚ ਸ: ਹਰੀ ਵਕੀਲ ਮਾਰਿਆ ਗਿਆ ਸੀ ।





1. ਪਿਰਾਣਾ ਸਿੰਘ —ਤਾਰਾ ਸਿੰਘ ਆਪਣੇ ਸਾਥੀਆਂ ਸਮੇਤ ਕਿਧਰੇ ਧਾੜੇ ਘੋੜੇ ਮਾਰਨ ਗਿਆ। ਇਕਲਾ ਚਠਿਆਂ ਫੜਕੇ ਬੰਦ ਕਰ ਲਿਆ। ਨਾਲ ਦਿਆਂ ਆਕੇ ਚੂਹੜਕਾਣੇ ਖਬਰ ਦਿਤੀ। ਬਾਬਾ ਪਿਰਾਣਾ ਸਿੰਘ ਆਪਣੇ ਪੁੱਤਰਾਂ ਅਤੇ ਸਾਥੀਆਂ ਸਮੇਤ ਜਾਕੇ ਕੰਧ ਪਾੜ, ਬਾਬੇ ਤਾਰਾ ਸਿੰਘ ਨੂੰ ਆਖਿਆ ਬਾਹਰ ਆ ਜਾ। ਪਰ ਉਸ ਪਾੜ ਵਿਚੋਂ ਬਾਹਰ ਆਉਣੋਂ ਇਨਕਾਰ ਕਰ ਦਿਤਾ। ਕਿ ਇਹ ਕੋਈ ਮਰਦਾਨਗੀ ਨਹੀਂ। ਮੈਂ ਕਿਲੇ ਦੇ ਬੂਹੇ ਥਾਣੀ ਬਾਹਰ ਨਿਕਲਾਂਗਾ। ਦਰਵਾਜਾ (ਕੋਠੜੀ ਦਾ) ਤੋੜ ਕੁਛ ਤਾਂ ਤਾਰਾ ਸਿੰਘ ਦੇ ਨਾਲ ਅੰਦਰੋਂ ਦਰਵਾਜੇ ਵਲ ਗਏ ਤੇ ਕੁਛ ਬਾਹਰੋਂ ਬਾਹਰੋਂ ਆਏ ਤੇ ਲੜਦਿਆਂ ਲੜਦਿਆਂ ਬਾਹਰ ਨਿਕਲ ਘੋੜੇ ਭਜਾ ਕੇ ਲੈ ਗਏ। ਪਿੰਡ ਮੰਦਵਾਲੀ ਲੰਘ, ਰਾਹੇ ਜਾਂਦਿਆਂ ਭੁੱਖ ਲਗੀ ਤਾਂ ਆਜੜੀ ਤੋਂ ਬਕਰਾ ਖੋਹ ਭੁਨ ਖਾਧਾ ਤੇ ਸੌਂ ਗਏ। ਪਿਛੋਂ ਫੜਨ ਵਾਸਤੇ ਧਾੜ ਆਈ। ਇਹ ਨਾ ਲੱਭੇ। ਪਰਤੇ ਜਾਂਦਿਆਂ ਨੂੰ ਆਜੜੀ ਨੇ ਪੁਛਨ ਤੇ ਦਸਿਆ। ਔਹ ਰੁਖਾਂ ਵਿਚ ਮੇਰਾ ਬਕਰਾ ਖਾਈ ਸੁਤੇ ਪਏ ਨੇ। ਧਾੜ ਆ ਪਈ। ਬਾਬੇ ਪਿਰਾਣੇ ਦੇ ਸੱਤ ਪੁੱਤਰ ਉਥੇ ਵੀਰ ਗਤੀ ਪਾ ਗਏ। ਬਾਕੀ ਦੇ ਬੱਚ ਕੇ ਘਰ ਆ ਗਏ।


2. ਬਾਬਾ ਸਾਵਲ ਸਿੰਘ—ਸੰਨ 1850 ਵਿੱਚ ਗਵਰਨਰ ਜਨਰਲ ਦੇ ਹੁਕਮ ਨਾਲ ਅੰਗਰੇਜਾਂ ਨੇ ਵਿਰਕਾਂ ਦੇ ਪਿੰਡ ਫੂਕਣੇ ਸ਼ੁਰੂ ਕਰ ਦਿਤੇ ਕਿਉਂਕਿ ਇਕ ਤਾਂ ਬਾਬਾ ਮਹਾਰਾਜ ਸਿੰਘ ਇਧਰ ਆਇਆ ਤੇ ਜੰਡਿਆਲੇ ਸ਼ੇਰ ਖਾਂ ਦੇ ਪਠਾਣਾਂ ਨੇ

(ਬਾਕੀ ਫੁੱਟ ਨੋਟ ਅਗੇ ਵੇਖੋ)

(ਨਿਖੜੇ ਪਰਵਾਰ)


ਤਾਤਾਰ
ਤਾਰਾ ਸਿੰਘ
ਪੰਜਾਬ ਸਿੰਘ
?
ਗੁਰਬਖਸ਼ ਸਿੰਘ
?


?
ਜਵਾਹਰ ਸਿੰਘ
ਖੁਸ਼ਾਲ ਸਿੰਘ
ਆਲਾ ਸਿੰਘ
ਈਸ਼ਰ ਸਿੰਘ
ਮਾਨ ਸਿੰਘ
ਗੰਗਾ ਸਿੰਘ
ਸੁਚਾ ਸਿੰਘ
ਸਾਵਲ ਸਿੰਘ
ਤਰਨ ਸਿੰਘ
(ਅਸੰਧ)


?
ਖਜ਼ਾਨ ਸਿੰਘ
ਨੰਦ ਸਿੰਘ
X
ਈਸ਼ਰ ਸਿੰਘ
ਭਗਵਾਨ ਸਿੰਘ
ਹਰਨਾਮ ਸਿੰਘ
ਪਿਆਰਾ ਸਿੰਘ
ਮਹਿੰਦਰ ਸਿੰਘ
ਜਸਵੰਤ ਸਿੰਘ
ਤਖਤ ਸਿੰਘ
X
ਜਗਤ ਸਿੰਘ
ਹਜਾਰਾ ਸਿੰਘ
ਸੁਰੈਣ ਸਿੰਘ
ਜਵਾਹਰ ਸਿੰਘ
ਰਣ ਸਿੰਘ
ਹਰਬੰਸ ਸਿੰਘ
X
ਕਰਤਾਰ ਸਿੰਘ
ਸਾਦੂਲ ਸਿੰਘ
ਕਪੂਰ ਸਿੰਘ
ਬਲਕਾਰ ਸਿੰਘ

1966 ਨੂੰ 58 ਸਾਲ ਦੀ ਆਯੂ ਵਿਚ ਆਪ ਦਿਲ ਦੀ ਬੀਮਾਰੀ ਕਾਰਨ ਇਕ ਦੋ ਮਹੀਨੇ ਬੀਮਾਰ ਰਹਿਣ ਪਿਛੋਂ ਚਲਾਣਾ ਕਰ ਗਏ। ਆਪ ਦੇ ਨਮਿੱਤ ਰਖੇ ਪਾਠ ਦੇ ਭੋਗ ਉਤੇ ਭਾਰੀ ਸਾਧ ਸੰਗਤ ਇੱਕਠੀ ਹੋਈ। ਇਨ੍ਹਾਂ ਵਿਚ ਪੰਜਾਬ ਦੇ ਮੁਖ ਮੰਤਰੀ ਸ੍ਰੀ ਰਾਮ ਕ੍ਰਿਸ਼ਨ, ਲੋਕ ਸਭਾ ਦੇ ਸਪੀਕਰ ਸਰਦਾਰ ਹੁਕਮ ਸਿੰਘ, ਰੇਲਵੇ ਬੋਰਡ ਦੇ ਚੇਅਰਮੈਨ ਸਰਦਾਰ ਕਰਨੈਲ ਸਿੰਘ, ਸਰਦਾਰ ਦਰਬਾਰਾ ਸਿੰਘ ਅਤੇ ਗੁਰਮੀਤ ਸਿੰਘ ਵਜ਼ੀਰ ਪੰਜਾਬ ਤੇ ਕਈ ਐਮ.ਪੀ. ਅਤੇ ਐਮ.ਐਲ.ਏ. ਸ਼ਾਮਲ ਹੋਏ।

ਆਪ ਦੀ ਸ਼ਾਦੀ ਸ਼ੇਖੂਪੁਰੇ ਜ਼ਿਲੇ ਵਿਚ ਪਿੰਡ ਸਿਖਾਂਵਾਲੀ ਸਰਦਾਰ ਭਾਗ ਸਿੰਘ ਭਿੰਡਰ ਦੀ ਲੜਕੀ ਦਲੀਪ ਕੌਰ ਨਾਲ ਹੋਈ ਸੀ। ਚਲਾਣੇ ਸਮੇਂ ਆਪ ਦੇ ਚਾਰ ਲੜਕੇ ਅਤੇ ਲੜਕੀਆਂ ਸਨ। ਸਭ ਤੋਂ ਵੱਡੀ ਲੜਕੀ ਅਮਰਜੀਤ ਕੌਰ ਹੈ ਜਿਹੜੀ ਡਾ: ਹਰਜੀਤ ਸਿੰਘ ਪ੍ਰੋਫੈਸਰ ਆਫ ਮੈਡੀਸਨ, ਰਾਜਿੰਦਰਾ ਕਾਲਜ ਪਟਿਆਲਾ ਨਾਲ ਵਿਆਹੀ ਹੋਈ ਹੈ। ਉਸ ਤੋਂ ਛੋਟਾ ਲੜਕਾ ਜਸਬੀਰ ਸਿੰਘ ਵਕਾਲਤ ਪਾਸ ਸੀ ਪਰ ਆਪ ਦੇ ਚਲਾਣ ਦੇ ਕੁਝ ਹੀ ਮਹੀਨੇ ਪਿਛੋਂ ਇਕ ਕਾਰ ਹਾਦਸੇ ਵਿਚ ਸੁਰਗਵਾਸ ਹੋ ਗਿਆ। ਉਸ ਤੋਂ ਛੋਟਾ ਲੜਕਾ ਸੁਖਬੀਰ ਸਿੰਘ ਇੰਜੀਨਿਅਰ ਹੈ ਜੋ ਪਿਛਲੇ ਵੀਹ ਸਾਲ ਤੋਂ ਅਮਰੀਕਾ ਵਿਚ ਹੈ ਅਤੇ ਉਥੇ ਅਮਰੀਕਨ ਲੜਕੀ ਨਾਲ ਹੀ ਵਿਆਹਿਆ ਹੈ। ਉਸ ਤੋਂ ਛੋਟਾ ਲੜਕਾ ਹਰਿੰਦਰਬੀਰ ਸਿੰਘ ਫੌਜ ਵਿਚ ਮੇਜਰ ਹੈ। ਉਸ ਤੋਂ ਛੋਟੀ ਲੜਕੀ ਇੰਦਰਜੀਤ ਕੌਰ ਵੀ ਆਪਣੇ ਪਤੀ ਨਾਲ ਅਮਰੀਕਾ ਵਿਚ ਰਹਿੰਦੀ ਹੈ। ਉਸ ਤੋਂ ਛੋਟਾ ਲੜਕਾ ਗੁਰਿੰਦਰਬੀਰ ਸਿੰਘ ਵੀ ਅਮਰੀਕਾ ਵਿਚ ਹੈ।

4. ਕੁਲਵੰਤ ਸਿੰਘ ਵਿਰਕ



ਆਪ ਸਰਦਾਰ ਦਰਬਾਰਾ ਸਿੰਘ ਦੇ ਤੀਸਰੇ ਥਾਂ ਛੋਟੇ ਭਾਈ ਹਨ। ਆਪ ਦਾ ਜਨਮ 1920 ਵਿਚ ਹੋਇਆ। ਪਹਿਲਾਂ ਆਪਣੇ ਭਾਈ ਸਾਹਿਬ ਕੋਲ ਸ਼ੇਖੂਪੁਰੇ ਤੋਂ ਮੈਟਰਿਕ ਪਾਸ ਕੀਤੀ। ਫਿਰ ਐਫ ਸੀ. ਕਾਲਜ ਲਾਹੌਰ ਤੋਂ ਬੀ.ਏ. ਅਤੇ ਖਾਲਸਾ ਕਾਲਜ ਤੋਂ 1942 ਵਿਚ ਐਮ. ਏ ਪਾਸ ਕੀਤੀ। ਫਿਰ ਫੌਜ ਵਿਚ ਲਫਟੈਣ ਭਰਤੀ ਹੋ ਗਏ। ਫੌਜ ਵਿਚੋਂ ਹਟ ਕੇ ਆਪ ਦੇਸ ਦੀ ਵੰਡ ਤੋਂ ਪਿਛੋਂ ਪੰਜਾਬ ਸਰਕਾਰ ਵਲੋਂ ਸ਼ੇਖੂਪੁਰੇ ਜ਼ਿਲੇ ਵਿਚ ਜ਼ਿਲਾ ਲੋਕਾਨ ਅਫਸਰ ਲਗ ਗਏ। ਇਥੇ ਆਪ ਦਾ ਕੰਮ ਪਿਛੇ ਰਹਿ ਗਈਆਂ ਹਿੰਦੂ ਸਿਖ ਲੜਕੀਆਂ ਅਤੇ ਫਸੇ ਹੋਏ ਹਿੰਦੂ ਸਿੱਖ ਟੱਬਰਾਂ ਨੂੰ ਲੱਭ ਕੇ ਭਾਰਤ ਪਹੁੰਚਾਣਾ ਸੀ। ਇਸ ਪਿਛੋਂ ਆਪ ਲੋਕ ਸਪਰਕ ਅਫਸਰ ਬਣ ਕੇ ਜਲੰਧਰ ਫੀਰੋਜ਼ਪੁਰ ਅੰਬਾਲੇ ਆਦਿ ਸੇਵਾ ਕਰਦੇ ਰਹੇ। ਫਿਰ ਭਾਰਤ ਸਰਕਾਰ ਵਿਚ ਸੂਚਨਾ ਅਫਸਰ ਬਣ ਗਏ। ਪਿਛਲੇ ਸਤ ਸਾਲਾਂ ਤੋਂ ਆਪ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਚ ਜਾਇੰਟ ਡਾਇਰੈਕਟਰ ਹਨ।

ਆਪ ਪੰਜਾਬੀ ਵਿਚ ਕਹਾਣੀਆਂ ਲਿਖਦੇ ਹਨ ਅਤੇ ਬਹੁਤੀ ਪਰਸਿਧੀ ਆਪ ਨੂੰ ਇਕ ਲੇਖਕ ਦੇ ਤੌਰ ਤੇ ਹੀ ਮਿਲੀ ਹੈ। ਆਪ ਦੇ ਲੇਖ ਅਤੇ ਕਹਾਣੀਆਂ ਭਾਰਤ ਦੇ ਚੰਗੇ ਤੋਂ ਚੰਗੇ ਅਖਬਾਰਾਂ ਵਿਚ ਛਪ ਚੁਕੇ ਹਨ। ਆਪ ਦੀਆਂ ਕਿਰਤਾਂ ਨੂੰ ਬਹੁਤ ਸਾਰੀਆਂ ਯੂਨੀਵਰਸਿਟੀਆਂ ਵਿਚ ਬੀ. ਏ., ਐਮ. ਏ. ਗਿਆਨੀ ਆਦਿ ਪ੍ਰੀਖਿਆਵਾਂ ਦੇ ਕੋਰਸਾਂ ਵਿਚ ਲਾਇਆ ਜਾਂਦਾ ਹੈ। 1968 ਵਿਚ ਆਪ ਨੂੰ ਭਾਰਤ ਦਾ ਸਭ ਤੋਂ ਉਤਮ ਸਰਕਾਰੀ ਇਨਾਮ, ਜਿਸ ਨੂੰ ਸਾਹਿਤ ਅਕਾਡਮੀ ਅਵਾਰਡ ਕਹਿੰਦੇ ਹਨ, ਰਾਸ਼ਟਰਪਤੀ ਡਾ: ਜ਼ਾਕਿਰ ਹੁਸੈਨ ਦੇ ਹਥੋਂ ਮਿਲਿਆ। ਇਸ ਤੋਂ ਪਹਿਲਾਂ ਇਹ ਇਨਾਮ ਕਿਸੇ ਵੀ ਜੱਟ ਲੇਖਕ ਨੂੰ ਨਹੀਂ ਸੀ ਮਿਲਿਆ। ਕੇਵਲ ਗੈਰ ਜਟ ਲੇਖਕਾਂ ਜਿਵੇਂ ਭਾਈ ਵੀਰ ਸਿੰਘ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ ਆਦਿ ਨੂੰ ਮਿਲਿਆ ਸੀ। ਵਿਰਕਾਂ ਵਰਗੀ ਘਟ ਪੜ੍ਹੀ ਲਿਖੀ ਕੌਮ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਨੇ ਸਾਹਿਤ ਦੇ ਪਿੜ ਅੰਦਰ ਸਭ ਕੌਮਾਂ ਤੋਂ ਪਹਿਲੇ ਲਈ। ਆਪ ਦੀਆਂ ਬਹੁਤ ਸਾਰੀਆਂ ਕਹਾਣੀਆਂ ਰੂਸੀ ਬੋਲੀ ਵਿਚ ਅਨੁਵਾਦ ਹੋ ਕੇ ਉਸ ਦੇਸ਼ ਵਿਚ ਇਕ ਪੁਸਤਕ ਦੀ ਸ਼ਕਲ ਵਿਚ ਛਪੀਆਂ ਹਨ। ਬਹੁਤ ਸਾਰੀਆਂ ਕਹਾਣੀਆਂ ਅੰਗਰੇਜ਼ੀ, ਹਿੰਦੀ ਆਦਿ ਬੋਲੀਆਂ ਵਿਚ ਵੀ ਛਪੀਆਂ ਹਨ।

ਆਪ ਦੀ ਸ਼ਾਦੀ ਹੱਡੀਆਂ ਅਤੇ ਜੋੜਾਂ ਦੇ ਪ੍ਰਸਿੱਧ ਡਾਕਟਰ ਕਰਮ ਸਿੰਘ ਗਰੇਵਾਲ ਦੀ ਸਭ ਤੋਂ ਵੱਡੀ ਲੜਕੀ ਹਰਬੰਸ ਕੌਰ ਨਾਲ ਹੋਈ। ਆਪ ਦੀਆਂ ਤਿੰਨ ਲੜਕੀਆਂ ਅਤੇ ਦੋ ਲੜਕੇ ਹਨ। ਵੱਡੀ ਲੜਕੀ ਕੈਨੇਡਾ ਵਿਚ ਵਿਆਹੀ ਹੋਈ ਹੈ। ਉਸ ਤੋਂ ਛੋਟਾ ਲੜਕਾ ਸਟੇਟ ਬੈਂਕ ਵਿਚ ਅਫਸਰ ਹੈ।

(ਪਿਛਲੇ ਪੰਨੇ ਦਾ ਫੁੱਟ ਨੋਟ ਚਲਦਾ)

ਚੁਗਲੀ ਮਾਰੀ ਸੀ ਤੇ ਦੂਸਰੇ ਸਾਰੇ ਵਿਰਕ 1849 ਦੀ ਆਖਰੀ ਸਿਖ ਲੜਾਈ ਵਿਚ ਤਣੀ ਬਨ੍ਹ ਸ਼ਾਮਲ ਹੋਏ ਸਨ। ਅਤੇ ਅੰਗਰੇਜ਼ਾਂ ਆਪਣਾ ਤਸੱਲਤ ਜਮਾਣ ਵਾਸਤੇ ਪਿੰਡ ਫੂਕਣੇ ਸ਼ੁਰੂ ਕਰ ਦਿਤੇ। ਬਾਬੇ ਸਾਵਣ ਸਿੰਘ ਨੇ ਆਪਣੇ ਨਾਲ ਪੰਡਤ ਲਖਾ ਸਿੰਘ ਸਮੇਤ 11 ਹੋਰ ਸਾਥੀ ਲੈ ਕੇ ਗਵਰਨਰ ਪੰਜਾਬ ਨਾਲ ਜਾ ਮੁਲਾਕਾਤ ਕੀਤੀ ਤਾਂ ਗਵਰਨਰ ਨੇ ਆਖਿਆ ਅੱਗ ਤਾਂ ਸਰਕਾਰ ਹਿੰਦ ਦੇ ਹੁਕਮ ਅਨੁਸਾਰ ਜਰੂਰ ਲਗੇਗੀ। ਪਰ ਤੁਸੀਂ ਅਗ ਬੁਝਾਣ ਦਾ ਸਾਮਾਨ ਕਰੀ ਰੱਖੋ। ਅੱਗੇ ਅੱਗੇ ਅੱਗ ਲੱਗਦੀ ਜਾਵੇ, ਤੁਸੀਂ ਮਗਰੇ ਮਗਰ ਬੁਝਾਈ ਜਾਵਿਆ ਜੇ। ਚੁਨਾਂਚੇ ਇਸੇ ਤਰ੍ਹਾਂ ਹੋਇਆ। ਤੇ ਪਿੰਡ ਬਚ ਗਿਆ। ਮਿਰਾਸੀਆਂ ਸਿਠ ਜੋੜੀ :—

ਬਬਰ, ਝਬਰ ਗੋਰਿਆਂ ਸਾੜੇ, ਮੁਢ ਸੜੀ ਕੜਯਾਲ,
ਰੂਹੜਕਾਣਾ ਬੜਾ ਸਿਆਣਾ ਨੌਖਰ ਦਾ ਕੀ ਹਾਲ।


3. ਦਰਬਾਰਾ ਸਿੰਘ


ਸ: ਦਰਬਾਰਾ ਸਿੰਘ


ਸ੍ਰ: ਦਰਬਾਰਾ ਸਿੰਘ ਸਪੁਤਰ ਸ੍ਰ: ਆਸਾ ਸਿੰਘ ਪਿੰਡ ਫੁਲਰਵਾਨ 1908 ਵਿਚ ਪੈਦਾ ਹੋਏ। ਮਾਤਾ ਦਾ ਨਾਮ ਈਸ਼ਰ ਕੌਰ ਸੀ ਅਤੇ ਉਹ ਵੜੈਚਕੇ ਚਠਿਆਂ ਦੀ ਧੀ ਸੀ। ਆਪ ਨੇ ਖਾਲਸਾ ਹਾਈ ਸਕੂਲ ਸਾਂਗਲਾ ਤੋਂ ਮੈਟਰਿਕ ਪਾਸ ਕੀਤੀ ਅਤੇ ਖਾਲਸਾ ਕਾਲਜ ਗੁਜਰਾਂਵਾਲਾ ਤੋਂ ਐਫ. ਏ. ਫਿਰ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਏ. ਪਾਸ ਕਰਕੇ ਆਪ 1928 ਵਿਚ ਨਨਕਾਣਾ ਸਾਹਿਬ ਦੇ ਗੁਰਦਵਾਰਿਆਂ ਦੇ ਅਸਿਸਟੈਂਟ ਮੈਨੇਜਰ ਲਗ ਗਏ। ਦੋ ਸਾਲ ਪਿਛੋਂ ਆਪ ਨੇ ਉਥੋਂ ਨੌਕਰੀ ਛੱਡ ਕੇ ਲਾਹੌਰ ਵਕਾਲਤ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। 1932 ਵਿੱਚ ਆਪ ਨੇ ਸ਼ੇਖੂਪੁਰੇ ਵਿਚ ਵਕਾਲਤ ਕਰਨੀ ਸ਼ੁਰੂ ਕੀਤੀ। ਇਸ ਕੰਮ ਵਿਚ ਆਪ ਨੂੰ ਬਹੁਤ ਛੇਤੀ ਸਫਲਤਾ ਪ੍ਰਾਪਤ ਹੋਈ ਅਤੇ ਦੋ ਤਿੰਨ ਸਾਲਾਂ ਵਿਚ ਹੀ ਆਪ ਦਾ ਨਾਂ ਜ਼ਿਲੇ ਦੇ ਤਿੰਨ ਚਾਰ ਵਡੇ ਵਕੀਲਾਂ ਵਿਚ ਲਿਆ ਜਾਣ ਲਗਾ। ਹਰ ਆਏ ਗਏ ਨੂੰ ਆਪ ਆਪਣੇ ਘਰ ਠਹਿਰਾਉਂਦੇ ਅਤੇ ਪ੍ਰਸ਼ਾਦ ਪਾਣੀ ਛਕਾਉਂਦੇ ਅਤੇ ਮੰਜੀ ਬਿਸਤਰਾ ਦੇਂਦੇ। ਵਕਾਲਤ ਦੇ ਪਹਿਲੇ ਸਾਲ ਹੀ ਆਪ ਡਿਸਟ੍ਰਿਕਟ ਬੋਰਡ ਸੇਖੂਪੁਰਾ ਦੇ ਮੈਂਬਰ ਬਣ ਗਏ ਅਤੇ ਇਲਾਕਾ ਛੱਡਣ ਤੀਕ ਮੈਂਬਰ ਬਣਦੇ ਰਹੇ। ਆਉਣ ਵੇਲੇ ਆਪ ਇਸ ਦੇ ਵਾਈਸ ਪ੍ਰੈਜ਼ੀਡੈਂਟ ਸਨ। ਆਪਣੇ ਉਦਮ ਨਾਲ ਆਪ ਨੇ ਸ਼ੇਖੂਪੁਰੇ ਸ਼ਹਿਰ ਵਿਚ ਖਾਲਸਾ ਹਾਈ ਸਕੂਲ ਖੁਲਵਾਇਆ ਜਿਥੇ ਸਿਖ ਬਚਿਆਂ ਨੂੰ ਹੋਰ ਵਿਦਿਆ ਦੇ ਨਾਲ ਧਾਰਮਕ ਵਿਦਿਆ ਵੀ ਮਿਲਦੀ ਸੀ।

ਦੇਸ਼ ਦੀ ਵੰਡ ਵੇਲੇ ਆਪ ਨੇ ਵਿਰਕਾਂ ਦਾ ਇਲਾਕਾ ਸਮੇਤ ਨਨਕਾਣੇ ਸਾਹਿਬ ਦੇ ਹਿੰਦੁਸਤਾਨ ਵਿਚ ਲਿਆਉਣ ਲਈ ਬੜੇ ਜਤਨ ਕੀਤੇ। ਇਕ ਕਮੇਟੀ ਬਣਾਈ ਗਈ ਜਿਸ ਵਿਚ ਸਰਦਾਰ ਹੁਕਮ ਸਿੰਘ, ਗਿ: ਕਰਤਾਰ ਸਿੰਘ, ਗੁਰਭਜਨ ਸਿੰਘ ਸ਼ੇਰੇਕੋਟ ਤੇ ਕੁਝ ਮਾਣ ਸਰਦਾਰ ਮੈਂਬਰ ਸਨ। ਉਸ ਦੀਆਂ ਕਈ ਮੀਟਿੰਗਾਂ ਸ੍ਰਦਾਰ ਦਰਬਾਰਾ ਸਿੰਘ ਦੀ ਕੋਠੀ ਵਿਖੇ ਹੋਈਆਂ ਪਰ ਫੈਸਲਾ ਤਾਂ ਅੰਗਰੇਜ਼ਾਂ ਦੇ ਹੱਥ ਵਿਚ ਸੀ।

ਵੰਡ ਤੋਂ ਪਿਛੋਂ ਆਪ ਬਹੁਤੇ ਵਿਰਕਾਂ ਵਾਂਗ ਕਰਨਾਲ ਆ ਗਏ ਅਤੇ ਮੁਢਲੇ ਮਹੀਨਿਆਂ ਵਿਚ ਕਲੇਮਾਂ ਦੇ ਅਸਿਸਟੈਂਟ ਰਜਿਸਟਰਾਰ ਲਗੇ ਰਹੇ। ਆਏ ਟੱਬਰਾਂ ਨੂੰ ਜ਼ਮੀਨ ਅਤੇ ਮਕਾਨ ਦਵਾਣ ਵਿਚ ਬੜੀ ਸਹਾਇਤਾ ਕੀਤੀ। ਕੁਝ ਮਹੀਨੇ ਨੌਕਰੀ ਕਰਨ ਪਿਛੋਂ ਆਪ ਨੇ ਵਕਾਲਤ ਸ਼ੁਰੂ ਕਰ ਦਿਤੀ। 1948 ਵਿਚ ਆਪ ਰੀਜਨਲ ਟਰਾਂਸਪੋਰਟ ਅਥਾਰਟੀ ਅੰਬਾਲਾ ਦੇ ਚੇਅਰਮੈਨ ਥਾਪੇ ਗਏ, ਜਿਸ ਪਦ ਉਤੇ ਪਹਿਲਾਂ ਕਮਿਸ਼ਨਰ ਅੰਬਾਲਾ ਕੰਮ ਕਰਦੇ ਹੁੰਦੇ ਸੀ। ਜਦੋਂ ਪਾਣੀਪਤ ਖੰਡ ਦੀ ਮਿਲ ਬਣੀ ਤਾਂ ਆਪ ਉਸ ਦੇ ਡਾਇਰੈਕਟਰ ਬਣਾਏ ਗਏ। ਪੰਜਾਬ ਸਰਕਾਰ ਵਿਚ ਆਪ ਦਾ ਬੜਾ ਰਸੂਖ ਸੀ ਜਿਸ ਦਾ ਆਮ ਵਿਰਕਾਂ ਨੂੰ ਬੜਾ ਫਾਇਦਾ ਸੀ। ਕਚਹਿਰੀ ਦੇ ਨੇੜੇ ਆਪ ਨੇ ਵਡੀ ਸਾਰੀ ਕੋਠੀ ਪਾ ਲਈ ਜਿਥੇ ਵਡੇ ਲੋਕ ਅਤੇ ਆਮ ਲੋਕ ਵੀ ਆਰਾਮ ਨਾਲ ਠਹਿਰ ਸਕਦੇ ਸਨ ਕਰਨਾਲ ਵਿਚ ਆਪਣੀ ਪਰਧਾਨਗੀ ਹੇਠ ਆਪ ਨੇ ਖਾਲਸਾ ਹਾਈ ਸਕੂਲ ਚਾਲੂ ਕੀਤਾ। 23 ਅਪਰੈਲ,



1. ਵਿਘਾਮਲ—ਇਸਦੇ ਵੰਸ਼ਜ ਬੰਗਾਲੇ ਪ੍ਰਸਿਧ ਹਨ ।
2. ਭਗਤ ਸਿੰਘ 3. ਖੁਸ਼ਾਲ ਸਿੰਘ—ਇਹ ਦੋਵੇਂ ਘੋੜ ਚੜ੍ਹਿਆਂ ਵਿਚ ਨੌਕਰ ਸਨ । ਘੋੜਿਆ ਤੇ ਸਵਾਰੀ ਦੇ ਚੰਗੇ ਕਰਤੱਵ ਵਿਖਾਊਣ ਕਰਕੇ ਬੰਗ.ਾਕੇ ਸੰਗਿਆ ਹੋ ਗਈ ।
4. ਜਵਾਲਾ ਸਿੰਘ 5. ਕੇਸਰ ਸਿੰਘ—ਸਿਖ ਰਾਜ ਦੇ ਅੰਤ ਅਤੇ ਅੰਗਰੇਜ਼ਾਂ ਦੇ ਆਵਨ ਤੇ, ਚਾਵਾ ਨਾਮ ਦਾ ਮੁਸਲਮਾਨ ਵਟੂ ਨੀਲੀ (ਬਿਆਸ) ਤੇ ਕਿਸ਼ੇ ਪਰਕਲੀ ਨਾਮ ਦੇ ਵਡੇ ਅੰਗਰੇਜ਼ ਅਫਸਰ ਨੂੰ ਕਤਲ ਕਰਕੇ ਇਹਨਾਂ ਕੋਲ ਆ ਰਿਹਾ । ਸਰਕਾਰ ਨੇ ਬੜਾ ਜ਼ੋਰ ਮਾਰਿਆ, ਇਹਨਾਂ ਦਾ ਮਾਲ ਡੰਗਰ ਵੀ ਕੁਰਕ ਕੀਤਾ, ਮਗਰ ਇਹਨਾਂ ਚਾਵੇ ਵਟੂ ਦੀਆਂ ਬਾਹੀ ਅੰਗਰੇਜ਼ ਨੂੰ ਨਾ ਦਿਤੀਆਂ—ਓੜਕ ਉਹਦੇ ਵਾਰਸ ਆ ਕੇ ਲੈ ਗਏ ।
6, ਭਾਈ ਫਤਿਹ ਸਿੰਘ—ਖਰਾ ਸੌਦਾ ਬਾਰ ਦੇ ਸਿਰ ਕੱਢ ਅਕਾਲੀ ਸਨ ।



1. ਲਾਭ ਸਿੰਘ (ਪ੍ਰਸਿਧ ਡੰਗਾ)—ਇਹ ਗੁਰਮੁਖ ਪਿਛੋਂ ਆ ਕੇ ਰਾਜਸੀ ਵਿਚਾਰ ਦੇ ਧਾਰਨੀ ਹੋ ਗਏ ਸਨ।

2. ਕਰਤਾਰ ਸਿੰਘ—ਨਵਿਆਂ ਦੀ ਪਤੀ ਦਾ ਕੁਰਸੀ ਨਾਮਾ ਇਹਨਾਂ ਨੇ ਦਿਤਾ।

ਉਪਰੋਕਤ ਸਜਰਾ ਚੜ੍ਹਦੀ ਪਤੀ ਜਬਾਨੀ ਭੈਣ ਕੇਸਰ ਕੌਰ ਸੁਪਤਨੀ ਭਾਈ ਪੂਰਨ ਸਿੰਘ ਰੰਧਾਵਾ ਅਤੇ ਨਵਿਆਂ ਦੀ ਪਤੀ ਜਬਾਨੀ ਕਰਤਾਰ ਸਿੰਘ 2 ਹਾਲ ਕਾਂਸ਼ੀਪੁਰ ਯੂ. ਪੀ. ਅਤੇ ਪੁਸ਼ਟੀ ਕੀਤੀ। ਉਪਰੋਕਤ ਬੀਬੀ ਕੇਸਰ ਕੌਰ ਜੀ ਨੇ 13-9-77 (ਸਰਵਰ ਨਗਰ ਜ਼ਿ: ਰਾਮਪੁਰ)

(ਵੇਖੋ ਫੁਟ ਨੋਟ ਪੰਨਾ 611 ਦੇ)

5. ਮੰਗਲ ਸਿੰਘ—ਇਹ ਗੁਰਮਤ ਪ੍ਰਚਾਰ ਵਿਚ ਉਤਮ ਭਾਗ ਲੈਂਦੇ ਸਨ।

6. ਤੇਜਾ ਸਿੰਘ (ਪ੍ਰਸਿੱਧ ਤਾਇਆ) —ਇਹ ਗੁਰਮਤ ਪ੍ਰਚਾਰ ਵਿਚ ਉਤਮ ਭਾਗ ਲੈਂਦੇ ਸਨ।

7. ਦਰਬਾਰਾ ਸਿੰਘ (ਪ੍ਰਸਿਧ ਨਿਹੰਗ)—ਇਹ ਗੁਰਮਤ ਪ੍ਰਚਾਰ ਵਿਚ ਉਤਮ ਭਾਗ ਲੈਂਦੇ ਸਨ।

8. ਲਾਭ ਸਿੰਘ (ਪ੍ਰਸਿਧ ਡੰਗਾ)—ਇਹ ਗੁਰਮੁਖ ਪਿਛੋਂ ਆ ਕੇ ਰਾਜਸੀ ਵਿਚਾਰ ਦੇ ਧਾਰਨੀ ਹੋ ਗਏ ਸਨ।

ਕੱਕਲ[1]

ਭਾਗ ਸਿੰਘ — ਰੈਗਾ (ਅਗਲੇ ਪੰਨੇ ਤੇ ਵੇਖੋ)

ਮਾਹੀ ਸਿੰਘ

ਚੌ: ਬਹਾਲੀ

ਨਾਥਾ ਸਿੰਘ (............ਹੇਠਾਂ ਵੇਖੋ ....) — ਚੌ: ਹੁਕਮਾ — ਹਾਕਮ ਸਿੰਘ — ਸ਼ਮੀਰ ਸਿੰਘ ×

ਨਿਹਾਲ ਸਿੰਘ — ਚੌ: ਖੁਸ਼ਾਲ[7]

ਕਾਲਾ ਸਿੰਘ — ਨੌਨਿਹਾਲ ਸਿੰਘ

ਜਵੰਦ ਸਿੰਘ[2] — ਅਮਰ ਸਿੰਘ — ਤਰਲੋਕ ਸਿੰਘ (ਗੁ: ਨਾਨਕਪੁਰਾ ਨੈਣੀਤਾਲ) — ਸਾਹਿਬ ਸਿੰਘ — ਗੁਰਮੁਖ ਸਿੰਘ — ਜਸਪਾਲ ਸਿੰਘ — ਪ੍ਰਿਤਪਾਲ ਸਿੰਘ (ਬਾਕੀ ਚਾਰੋਂ ਹਾਲ ਸੀਂਘੜਾ ਕਰਨਾਲ)

ਹਰਦੀਪ ਸਿੰਘ ਗੁਰਚਰਨਸਿੰਘ ਹਰਬੰਸਸਿੰਘ
(ਤਿੰਨੇ ਭਰਾ ਹਾਲ ਸੀਂਘੜਾ)

ਰੁਦਰਪੁਰ (ਯੂ ਪੀ.)


ਇਕਬਾਲ ਸਿੰਘ[3] — ਜਸਵੰਤ ਸਿੰਘ — ਅਜਿੰਦਰ ਸਿੰਘ — ਹਰਭਜਨ ਸਿੰਘ


ਮਨਜੀਤਸਿੰਘ ਦਲਜੀਤਸਿੰਘ[4] ਕੁਲਦੀਪਸਿੰਘ — ਅਜੀਤਸਿੰਘ ਕੰਵਲਜੀਤਸਿੰਘ ਸਿਮਰਜੀਤਸਿੰਘ — ਰਮਨਜੀਤਸਿੰਘ ਕੁਲਜੀਤ ਸਿੰਘ

ਹਰਪਵਨਸਿੰਘ ਸਿਕੰਦਰਸਿੰਘ ਬ੍ਰਿਜਪਾਲਸਿੰਘ

ਸਰਬਜੀਤ ਸਿੰਘ ਹਰਜੀਤ ਸਿੰਘ[5] ਸੁਖਰਾਜ ਸਿੰਘ

ਮਨਦੀਪ ਸਿੰਘ





1. ਮਲਾ ਸਿੰਘ 2. ਚੇਤ ਸਿੰਘ—ਇਹ ਦੋਵੇਂ ਅੰਗਰੇਜ਼ੀ ਫੌਜ ਵਿਚ ਨੌਕਰ ਸਨ ।

3. ਬਾਲ ਸਿੰਘ—ਇਹ ਸੱਪਾਂ ਦੇ ਮਾਂਦਰੀ ਅਤੇ ਸਾਧੂ ਬ੍ਰਿਤੀ ਦੇ ਮਾਲਕ ਸਨ ।

4. ਗੁਰਦੀਪ ਸਿੰਘ—ਇਹ 1975-76 ਦੀ ਐਮਰਜੰਸੀ ਸਮੇਂ ਛੇ ਮਹੀਨੇ ਪਟਿਆਲੇ ਕੈਦ ਰਹੇ ।


5. ਪਾਲਾ ਸਿੰਘ—ਜਨਮ 1913 ਈ. ਖ਼ਾਲਸਾ ਕਾਲਜ ਗੁਜਰਾਂਵਾਲਾ ਤੋਂ ਐਫ਼.ਏ. ਪਾਸ ਕਰ ਪੰਜਾਬ ਪੁਲੀਸ ਵਿਚ ਸਿਪਾਹੀ ਭਰਤੀ ਹੋਏ । ਛੇਤੀ ਹੀ ਹਵਲਦਾਰ ਅਤੇ ਉਸ ਤੋਂ ਮਗਰੋਂ ਏ. ਐਸ. ਆਈ. ਹੋ ਗਏ । ਸ: ਪ੍ਰਤਾਪ ਸਿੰਘ ਕੈਰੋਂ ਦੇ ਸਮੇਂ ਹਚਾਰਾ ਸਿੰਘ (ਬੋਂਕਾ ਚੀਮਿਆਂ) ਵਾਲੇ ਕਤਲ (ਜਿਸ ਵਿਚ ਇਹਨਾਂ ਦਾ ਕੋਈ ਹੱਥ ਨਹੀਂ ਸੀ) ਵਿਚ, ਹੋਰ ਪੁਲੀਸ ਅਫਸਰਾਂ ਸਮੇਤ ਇਹਨਾਂ ਨੂੰ ਵੀ ਧਰ ਲਿਆ ਗਿਆ । ਜਿਸ ਵਿਚੋਂ ਬੜੇ ਸੰਘਰਸ਼ ਨਾਲ ਬਰੀ ਹੋ ਗਏ ਅਤੇ 1971 ਵਿਚ ਬਤੌਰ ਪੁਲੀਸ ਇੰਸਪੈਕਟਰ ਰੀਟਾਇਰ ਹੋਏ । ਅਜਕਲ ਆਪਣੇ ਪਿੰਡ ਬਲ ਜ਼ਿਲਾ ਜੀਂਦ ਰਹਿੰਦੇ ਹਨ ।

6. ਪ੍ਰੀਤਮ ਸਿੰਘ—1962 ਵਿਚ ਥਲ ਸੈਨਾ ਕਮਿਸ਼ਨ ਡੇਹਰਾਦੂਨ ਤੋਂ ਪ੍ਰਾਪਤ ਕੀਤਾ । 1965 ਦੀ ਭਾਰਤ ਪਾਕਿਸਤਾਨ ਜੰਗ ਵਿਚ ਸਿਆਲਕੋਟ ਸੈਕਟਰ ਅੰਦਰ ਜੰਗੀ ਕੈਦੀ ਹੋਏ ਅਤੇ ਅਖੀਰਲੇ ਬੈਚ ਵਿਚ ਰਿਹਾ ਹੋਏ । ਆਪ ਦਾ ਰੈਂਕ ਮੇਜਰ ਸੀ ਅਤੇ ਆਪ 6 ਮਰਹਟਾ ਇਨਫੈਂਟਰੀ ਵਿਚ ਨੌਕਰੀ ਦੇ ਦੌਰਾਨ 26 ਸਾਲ ਦੀ ਆਯੂ ਵਿਚ 13.3.68 ਨੂੰ ਨਾਗਾਲੈਂਡ ਵਿਚ ਵੀਰਗਤੀ ਪਾ ਗਏ ।

7. ਭਗਵੰਤ ਸਿੰਘ—ਅਮਰੀਕਾ ਵਿਚ ਮੁਲਾਜ਼ਮਤ ਕਰਦੇ ਹਨ ।

8. ਜੁਗਿੰਦਰ ਸਿੰਘ ਸਬ-ਇੰਸਪੈਕਟਰ ਪੁਲਿਸ ਚੰਡੀਗੜ

9. ਸੁਰਿੰਦਰਜੀਤ ਸਿੰਘ ਸਬ ਇੰਸਪੈਕਟਰ ਪੁਲਿਸ ਦਿਲੀ



ਰਘਬੀਰ ਸਿੰਘ 350-ਐਲ, ਮਾਡਲ ਟਾਊਨ, ਲੁਧਿਆਣਾ।

(ਫੁੱਟਨੋਟ 615 ਪੇਜ ਦੇ)

1. ਕੰਕਲ—ਕੰਕਲ ਵਲਦ ਟੱਲਾ ਦੀ ਅੰਸ਼ ਬਹਾਲੀ ਕੇ ਨਗਰ ਵਿਚ ਰਹਿੰਦੀ ਸੀ ਜੋ ਕਿ ਇਸਦੇ ਪੜਪੋਤੇ ਚੌ: ਬਹਾਲੀ ਦੇ ਨਾਮ ਤੇ ਆਬਾਦ ਹੋਇਆ। ਬਹਾਲੀਕੇ ਰੇਲਵੇ ਸਟੇਸ਼ਨ ਵੀ ਹੈ। ਪੰਜਾਬ ਦੇ ਵੰਡਾਰੇ ਉਪਰੰਤ ਬਾਬੇ ਕੰਕਲ ਦੇ ਵੰਸ਼ਜ ਵੱਖ-ਵੱਖਰੀ ਥਾਈਂ ਬੈਠੇ ਹਨ।
2. ਸ: ਜਵੰਦ ਸਿੰਘ ਕਿਸੇ ਜ਼ਮਾਨੇ ਵਿਚ ਸਿਰਕੱਢ ਕਾਂਗਰਸੀ ਵਰਕਰ ਸਨ। ਇਹਨਾਂ ਨੇ ਉਦਮ ਕਰਕੇ ਆਪਣੇ ਪਿੰਡ ਬਹਾਲੀਕੇ ਵਿਚ 1930-31 ਵਿਚ ਕਾਂਗਰਸ ਜਲਸਾ ਕਰਵਾਇਆ। ਕਈ ਵਾਰੀ ਜੇਲ੍ਹ ਯਾਤਰਾ ਕੀਤੀ। ਅੱਜ ਕਲ ਆਪਣੀ ਸੰਤਾਨ ਸਮੇਤ ਪਿੰਡ ਗੁ: ਨਾਨਕਪੁਰਾ (ਨਜ਼ਦ ਗਦਰਪੁਰ) ਜ਼ਿਲਾ ਨੈਨੀਤਾਲ ਰਹਿੰਦੇ ਹਨ।
3. ਸ: ਇਕਬਾਲ ਸਿੰਘ —ਇਹ ਇਕ ਅੱਛਾ ਅਗਾਂਹ ਵਧੂ ਕਾਰ-ਵਿਹਾਰ ਵਿਚ ਸਿਆਣਾ ਅਤੇ ਨੀਤੀ ਨਿਪੁੰਨ ਕਿਸਾਨ ਹੈ। ਇਸ ਨੇ ਬਾਕੀ ਦੇ ਭਰਾਵਾਂ ਨਾਲੋਂ ਆਪਣਾ ਵੱਖਰਾ ਚੰਗਾ ਤਗੜਾ ਫਾਰਮ ਰੁਦਰਪੁਰ ਦੇ ਨੇੜੇ (ਜਿਲ੍ਹਾ ਰਾਮਪੁਰ ਵਿਚ) ਬਣਾਇਆ ਹੈ।
4. ਦਲਜੀਤ ਸਿੰਘ—ਇੰਡੀਅਨ ਏਅਰ ਲਾਈਨਜ਼ ਵਿਚ ਪਾਈਲਟ ਹੈ।
5. ਹਰਜੀਤ ਸਿੰਘ ਫੌਜ ਵਿਚ ਕੈਪਟਨ ਹੈ।
6. ਬਾਬਾ ਨਾਥਾ ਸਿੰਘ - ਆਪਣੀ ਬਹਾਦਰੀ ਸਮਝ ਕੇ ਮਹਾਰਾਜਾ ਗੁਲਾਬ ਸਿੰਘ (ਜੰਮੂ ਕਸ਼ਮੀਰ) ਹਰ ਸਾਲ ਜੰਮੂ ਸੱਦ ਕੇ ਮੁਲਾਕਾਤ ਕੀਤਾ ਕਰਦਾ ਸੀ। ਜੋ ਜੀਵਨ ਪ੍ਰਯੰਤ ਜਾਰੀ ਰਿਹਾ।
7. ਚੌਧਰੀ ਖੁਸ਼ਾਲ 8. ਅਨੂਪ ਸਿੰਘ - ਇਹਨਾਂ ਦੋਹਾਂ ਨੂੰ ਮਹਾਂਰਾਜਾ ਗੁਲਾਬ ਸਿੰਘ ਦੀ ਮੰਗ ਤੇ ਭਰਤੀ ਕਰਵਾਉਣ ਵਾਸਤੇ ਬਾਬਾ ਨਾਥਾ ਸਿੰਘ ਜੀ ਜੰਮੂ ਛੱਡ ਆਏ। ਮਗਰ ਉਥੋਂ ਦਾ ਬੰਦੀ ਜੀਵਨ ਇਹਨਾਂ ਦੋਹਾਂ ਚਾਚੇ-ਭਤੀਜੇ ਨੂੰ ਪਸੰਦ ਨਾ ਆਇਆ ਤੇ ਰਾਤੀਂ ਉਥੋਂ ਭੱਜ ਕੇ ਘਰ ਆ ਗਏ।


ਦਸਦੇ ਹਨ ਕਿ ਬਾਬਾ ਅਨੂਪ ਸਿੰਘ, ਜਦੋਂ ਖਾਨਗਾਹ ਡੋਗਰਾ ਦੇ ਮੇਲੇ ਤੇ ਜਾਂਦਾ ਤਾਂ ਝਨਾਂ ਦੇ ਮੁਸਲਮਾਨ ਖਲ੍ਹਾਰ-ਖਲ੍ਹਾਰ ਕੇ ਜੁਆਨ ਦੇ ਦਰਸ਼ਨ ਕਰਿਆ ਕਰਦੇ ਸਨ। ਇਕ ਵਾਰ ਇਕ ਪਰਾਧੇ ਆਖਿਆ, ਸਰਦਾਰ ਇਕ ਗੱਲ ਆਖਾਂ ਜੇ ਗੁਸਾ ਨਾ ਕਰੇਂ ਤਾਂ। ਬਾਬੇ ਆਖਿਆ, ਆਖ ਮੈਂ ਗੁੱਸਾ ਨਹੀਂ ਕਰਦਾ।

ਪਰਾਧਾ—ਮੁੜ ਮਾਂ ਨੇ ਹੋਰ ਤਾਂ ਤੇਰੇ ਵਰਗਾ ਨਹੀਂ ਜੰਮਿਆ ਹੋਣਾ।


ਬਾਬੇ ਹੱਸ ਕੇ ਆਖਿਆ—ਆਹੋ, ਮੈਂ ਮਾਪਿਆਂ ਦਾ ਇਕੱਲਾ ਹੀ ਹਾਂ।

(ਪਿੰਡ ਠੱਟਾ ਟੇਕ ਸਿੰਘ (ਨਜ਼ਦ ਹਾਫ਼ਿਜ਼ਾਬਾਦ)


(ਇਹ ਪ੍ਰਸਿੱਧ ਟੱਲੇ ਕੀ ਪੱਤੀ ਚੂਹੜਕਾਣੇ ਵਿਚੋਂ ਹਨ)



ਪਿੰਡ ਢਿੱਲਵ (ਨਜ਼ਦ ਨੌਖਰ)



ਨੋਟ।—ਸਦਾ ਮਲ ਭਸੀਨ ਦੀ ਪੱਤੀ ਓਠੀਆ ਵਿਚੋਂ ਉਠ ਕੇ ਆਇਆ।



1. ਟੇਕ ਸਿੰਘ—ਇਹ ਹਨ ਤਾਂ ਚੂਹੜਕਾਣੀਏ ਪਰ ਇਹ ਨਹੀਂ ਪਤਾ ਕਿ ਸਾਉਨ, ਸ਼ੇਰੋ ਜਾਂ ਟੱਲੇ ਕੀ ਪਤੀ ਵਿਚੋਂ ਕਿਸ ਦੇ ਦੇ ਵੰਸ਼ਜ ਹਨ। ਇਹਨਾਂ ਦੇ ਵੱਡਕਿਆਂ ਨੇ ਇਕ ਬੜੀ ਵੱਡੀ ਹਵੇਲੀ ਪਿੰਡ ਚੂਹੜਕਾਣੇ ਵਿਚ 140 ਬੂਹਾਠਾਂ ਵਾਲੀ ਬਣਵਾਈ ਦੱਸੀ ਜਾਂਦੀ ਹੈ, ਜਿਸ ਕਰ ਕੇ ਮਹਿਲਕੇ ਪ੍ਰਸਿੱਧ ਹੋਏ।

2. ਰਾਇ ਸਿੰਘ 3. ਪੰਜਾਬ ਸਿੰਘ ਇਹ ਦੋਵੇਂ ਸਿੱਖ ਮਿਸਲਾਂ ਵਿਚ ਸ਼ਾਮਲ ਰਹੇ।

4. ਹੀਰਾ ਸਿੰਘ 5. ਜਵਾਹਰ ਸਿੰਘ—ਇਹ ਦੋਵੇਂ ਸਤਲੁਜ ਵਾਲੇ ਸਿੱਖ ਯੁੱਧ ਵਿਚ ਸ਼ਾਮਲ ਸਨ।

6. ਹਜ਼ਾਰਾ ਸਿੰਘ—ਉਪਰੋਕਤ ਕੁਰਸੀਨਾਮਾ ਤੇ ਬ੍ਰਿਤਾਂਤ ਇਸ ਦੀ ਜ਼ਬਾਨੀ ਹੈ।

— ਈਸ਼ਰ (ਅਨੁਮਾਨਤ ਕਾਲ (1560 ਈ:) ਨੇ ਆਪਣਾ ਵਖਰਾ ਪਿੰਡ ਢੀਂਗਰਵਾਲੀ ਗਜਯਾਣੇ ਦੇ ਨੇੜੇ ਵਸਾਇਆ। ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਹਾਫ਼ਿਜ਼ਾਬਾਦੋਂ ਨਨਕਾਣੇ ਨੂੰ ਜਾਂਦੇ ਹੋਏ ਸੰਨ 1626 ਈ ਨੂੰ ਢੀਂਗਰਵਾਲੀ ਠਹਿਰੇ। ਬਹੁਤ ਚਿਰ ਪਿਛੋਂ ਇਸ ਪਿੰਡ ਦਾ ਨਾਮ ਈਸ਼ਰਕੇ ਪਿਆ—ਇਥੇ ਛੇਵੀਂ ਪਾਤੀਂ ਪਾਤਸ਼ਾਹੀ ਦੀ ਸਮਰਤੀ ਵਿਚ ਗੁਰਦਵਾਰਾ ਵੀ ਸੀ।

1. ਬਾਬੇ ਮਜੇ ਨੇ ਇਕੱਲਿਆਂ ਸ਼ੇਰਨੀ ਮਾਰੀ ਸੀ।

2. ਬਾਬਾ ਚੰਦਾ ਸਿੰਘ ਮਹਾਰਾਜਾ ਰੰਜੀਤ ਸਿੰਘ ਦੇ ਤੋਸ਼ੇ ਖਾਨੇ ਦੇ ਹਾਕਮ ਸਨ। ਜਦ ਅੰਗਰੇਜ਼ਾਂ ਜ਼ਬਰਦਸਤੀ ਕਬਜ਼ਾ ਕਰਨਾ ਚਾਹਿਆ ਤਾਂ ਇਹ ਕੁੰਜੀਆਂ ਸੁਟ ਕੇ ਘਰ ਆ ਗਏ।

3. ਸੁੰਦਰ ਸਿੰਘ ਪ੍ਰਸਿਧ "ਪਹਾੜਕਾ"—ਇਹ ਉਪਰੋਕਤ ਕੁਰਸੀਨਾਮਾ ਬਹੁਤਾ ਆਪ ਜੀ ਦੀ ਜ਼ਬਾਨੀ ਹੈ। ਹਾਲ ਪਿੰਡ ਰੁਹੜ ਨਜ਼ਦ ਅਸੰਧ।

4. ਸੁਜਾਨਾ, ਰਜਾਦਾ ਤੇ ਮਤਾਬਾ,
ਇਹਨਾਂ ਦੀ ਅੰਸ ਸਫੇਦੋਂ ਅਤੇ ਨਿਮਨਾਬਾਦ ਹੈ।

5. ਦੀਵਾਨ ਸਿੰਘ ਜੀ—ਆਪ ਜੀ ਅਕਾਲੀ ਫੂਲਾ ਸਿੰਘ ਜੀ ਦੇ ਜੰੜੀਦਾਰਾਂ ਵਿਚੋਂ ਸਨ। ਪੁਰਾਣੇ ਗਜਯਾਨੇ ਤੋਂ ਕਢੇ ਹੋਏ ਭਟੀ ਨਵੇਂ ਗਜਯਾਨੇ ਵਿਚ ਵਸਦੇ ਸਨ। ਉਹਨਾਂ ਵਿਚੋਂ ਕਾਹਮੇ ਕੇ ਭਟੀ ਈਸਰਕਿਆਂ ਦਾ ਜਾਨੀ ਅਤੇ ਮਾਲੀ ਨੁਕਸਾਨ ਅਕਸਰ ਕਰਦੇ ਰਹਿੰਦੇ। ਇਕ ਵਾਰੀ ਬਾਬਾ ਦੀਵਾਨ ਸਿੰਘ ਜੀ ਜਥੇ ਤੋਂ ਛੁਟੀ ਲੈ ਕੇ ਘਰ ਆਏ ਤਾਂ ਭਟੀਆਂ ਦੇ ਖਰੂਦ ਦਾ ਪਤਾ ਲਗਾ। ਆਪ ਜੀ ਨੇ ਇਕ ਇਕ ਕਰਕੇ ਭਟੀਆਂ ਦੇ ਸਤ ਸਿਰ ਵੱਢੇ। ਭਟੀਆਂ ਨੂੰ ਵੀ ਕੰਨ ਹੋ ਗਏ। ਉਸ ਸਮੇਂ ਪਿੰਡ ਕੱਕੜਾ ਦੇ ਮੰਗੂ ਗੋਲੇ (ਗਿੱਲਾਂ ਦੇ ਮਿਰਾਸੀ) ਨੇ ਬਾ: ਦੀਵਾਨ ਸਿੰਘ ਦੀ ਸਿਠ ਜੋੜੀ :—

ਦੀਵਾਨ ਸਿੰਘ ਜਦ ਸੂਰਮਾ ਘੋੜੇ ਤੇ ਚੜ੍ਹਦਾ।
ਗੁਰੂ ਨਾਨਕ ਨੂੰ ਸਿਮਰ ਕੇ ਹਥ ਨੇਜਾ ਫੜਦਾ।
ਉਹ ਸਿਰ ਲੈ ਜਾਂਦਾ ਵਢ ਕੇ ਡਰ ਜਰਾ ਨਾ ਕਰਦਾ।
ਪੈਰੀਂ ਪੈ ਜਾਓ ਉਸਦੀ ਨਹੀਂ ਮੌਤੋਂ ਡਰਦਾ।


ਭਟੀਆਂ ਨੇ ਜਦੋਂ ਇਹ ਸਿਠ ਸੁਣੀ ਤਾਂ ਕਾਹਮੇਂ ਦੇ ਪੁਤਰ ਕੰਬੋਰ ਤੇ ਬਖਸ਼ੇ ਨੇ ਆਪਣੀ ਬ੍ਰਾਦਰੀ ਸਮੇਤ ਬਾਬੇ ਦੀਵਾਨ ਸਿੰਘ ਦੀ ਪੈਰੀਂ ਪੈ ਕੇ ਸੁਲਹ ਕੀਤੀ। ਉਸਤੋਂ ਪਿਛੋਂ ਭਟੀ ਖਰੂਦ ਕਰਨੋਂ ਉਕੇ ਬੰਦ ਹੋ ਗਏ ਤੇ ਪੰਜਾਬ ਦੇ ਬਟਵਾਰੇ (1947) ਤਕ ਵਿਰਕਾਂ ਨਾਲ ਭਈਚਾਰਾ ਕਾਇਮ ਰਖਿਆ :—

ਬਾਬਾ ਦੀਵਾਨ ਸਿੰਘ ਜੀ ਨੁਸ਼ਹਿਰੇ ਦੀ ਲੜਾਈ ਵਿਚ 14 ਮਾਰਚ ਸੰਨ 1823 ਨੂੰ ਜਦ ਅਕਾਲੀ ਫੂਲਾ ਸਿੰਘ ਜੀ ਸ਼ਹੀਦ ਹੋਏ (ਵੇਖੋ ਅਕਾਲੀ ਫੂਲਾ ਸਿੰਘ ਕ੍ਰਿਤ ਬਾਬਾ ਪ੍ਰੇਮ ਸਿੰਘ ਪੰਨਾ 105 ਦਾ ਨੋਟ) ਤਾਂ ਨਾਲ ਹੀ ਸ਼ਹੀਦ ਹੋਏ ਦਸੀਂਦੇ ਹਨ।


6. ਖਲੀਲ ਦੀ ਅੰਸ "ਤੋਤੇ' ਕਰਕੇ ਪ੍ਰਸਿਧ ਸੀ ਹੁਣ ਪਿੰਡ ਖਰਕੜੇ ਆਬਾਦ ਹਨ।

7. ਖਿਦਰ ਦੀ ਅੰਸ ਮੁਸਲਮਾਨ ਹੋ ਗਈ। ਜੋ ਸਿਖ ਰਾਜ ਵੇਲੇ ਸਰਗੋਧੇ ਨੂੰ ਪ੍ਰਸਥਾਨ ਕਰ ਗਈ।

8. ਇਹ ਉਪਰੋਕਤ ਬ੍ਰਤਾਂਤ ਅਤੇ ਕੁਛ ਕੁਰਸੀ ਨਾਮਾ ਗੁਰਮੁਖ ਪਯਾਰੇ ਭਾਈ ਸੰਤਾ ਸਿੰਘ ਦੀ ਜ਼ਬਾਨੀ ਹੈ — ਇਹਨਾਂ ਦੀ ਭੈਣ ਪ੍ਰੇਮ ਕੌਰ ਚੱਕ ਜੋਦ ਨੰ: 16 ਦੇ ਟਹਿਲ ਸਿੰਘ ਚੀਮੇ ਦੀ ਮਾਤਾ ਸੀ। ਜੋ ਆਪਣੇ ਸਮੇਂ ਵਿਚ ਇਕ ਪੂਰਨ ਰਹਿਤ ਵਾਨ ਸਿਦਕੀ ਗੁਰਸਿੱਖ ਮਾਤਾ ਸਨ। ਪਿੰਡ ਦੀਆਂ ਹੋਰ ਬੀਬੀਆਂ ਨੂੰ ਵੀ ਸਿੱਖੀ ਚਲਣ ਅਤੇ ਸਿੱਖ ਧਰਮ ਦੀ ਸਿਖਿਆ ਪਰਦਾਨ ਕਰਿਆ ਕਰਦੇ ਸਨ—ਭਾਈ ਟਹਿਲ ਸਿੰਘ ਜੀ ਖੁਦ ਬੜੇ ਵਿਸ਼ਵਾਸੀ ਗੁਰਸਿੱਖ ਸਨ। ਆਪ ਜੀ ਰਿਸ਼ਤੇ-ਦਾਰੀਆਂ ਵਿਚੋਂ ਗਿਆਨੀ ਜੀ ਦੇ ਚਾਚਾ ਲਗਦੇ ਸਨ। ਆਪ ਜੀ ਨੇ ਅਕਾਲੀ ਲਹਰ ਸਮੇਂ ਕੈਦ ਕਟੀ। ਆਪ ਜੀ ਦੇ ਘਰੋਂ ਮੱਕੀ ਪਿੰਡ ਦੀ ਵਿਰਕ ਸੀ—ਇਹਨਾਂ ਦੰਪਤੀ ਦੀ ਅੰਸ ਬੜੀ ਹੋਨਹਾਰ ਤੇ ਸੁਲੱਗ ਸੀ। ਇਹਨਾਂ ਦਾ ਜੇਠਾ


(ਪਿੰਡ ਈਸ਼ਰ ਕੇ)
ਸਦੋ
ਈਸ਼ਰ
ਨਿਹੰਗ
ਉਗੂ
ਖਲੀਲ[6]
ਖਿਦਰ[7]
ਕੁੰਦਲ[10]
(ਅੱਗੇ ਵੇਖੋ)
ਮੰਢ
ਭਗਤ
ਉਭਾ
ਮਰਾਦਾ
ਖਮਰਯਾ
ਧਰਮ ਸਿੰਘ
ਪਹਾੜ
ਸੇਵਾ
ਜੀਵਾ
ਸੁਚਾਨਾ[4]
ਰਜਾਦਾ[4]
ਮਤਾਬਾ[4]
ਸੁਖਾ
ਗੁਰਯਾ
ਪਾਂਡੋ
ਬੂਟਾ ਸਿੰਘ
ਮਹਾਂ ਸਿੰਘ
ਭਾਗਾ
ਸੁਜਾਨਾ
ਲਾਲਾ
ਸਾਹਨਪਾਲ
ਜਸਪਾਲ
ਮੰਗਲ ਸਿੰਘ
ਖੜਕਸਿੰਘ
ਪਿਆਰਾਸਿੰਘ
ਸੁਖੂ
ਵਸਾਵਾ
ਆਸਾਸਿੰਘ
(ਨਿਮਨਾਬਾਦ)
ਸੂਜਾ
ਸੁਜਾਨ
ਖਾਨਾ
ਦੁਲਚੀ
ਮਾਹੀ ਸਿੰਘ
ਲਹਿਣਾ ਸਿੰਘ
ਸੰਤ ਸਿੰਘ
ਰਜਿੰਦਰ ਸਿੰਘ
ਰਾਮ ਸਿੰਘ
ਦੀਵਾਨ ਸਿੰਘ[5]
ਵਧਾਵਾ ਸਿੰਘ
ਗੰਡਾ ਸਿੰਘ
ਸ਼ਾਮ ਸਿੰਘ
ਫਤਿਹਸਿੰਘ
ਪ੍ਰੇਮ ਸਿੰਘ
ਸ਼ਰਮ ਸਿੰਘ
ਜਵੰਦ ਸਿੰਘ
ਅਮੀਰ ਸਿੰਘ
ਕਰਮ ਸਿੰਘ
X
ਅਤਰ ਸਿੰਘ
X
ਰੰਗ ਸਿੰਘ
X
ਬੁਲਾਕਾ ਸਿੰਘ
ਸੰਤਾ ਸਿੰਘ[9]
ਨਿਹਾਲ ਕੌਰ
ਮਾਨ ਸਿੰਘ
ਨਿਧਾਨ ਸਿੰਘ
ਨਿਸ਼ਾਨ ਸਿੰਘ
ਲਾਖੀ
ਵਸਾਖੀ
ਮਜਾ[1]
ਮੇਘਾ
ਮੀਹਾਂ ਸਿੰਘ
ਗੁਰਮੁਖ ਸਿੰਘ
ਚੰਦਾ ਸਿੰਘ[3]
ਸ਼ਮੀਰ ਸਿੰਘ
X
ਨਵਾਹ ਸਿੰਘ
ਸ਼ਰਮ ਸਿੰਘ
ਮੁਹਕਮ ਸਿੰਘ
ਸੁਲਖਣਸਿੰਘ
ਉਜਾਗਰ ਸਿੰਘ
ਸੁੰਦਰ ਸਿੰਘ[2]
ਲਧਾ ਸਿੰਘ
ਦੂਲਾ ਸਿੰਘ
ਸੁਰਾਇਨ ਸਿੰਘ
ਕਪੂਰ ਸਿੰਘ
ਜੈਮਲ ਸਿੰਘ
ਹਜ਼ੂਰ ਸਿੰਘ
ਸ਼ੀਸ਼ਾ ਸਿੰਘ
ਕਰਨੈਲ ਸਿੰਘ
ਅਮਰ ਸਿੰਘ[8]
ਕਾਲਾ ਸਿੰਘ
ਮਸਤਾਨ ਸਿੰਘ
ਨਿਸ਼ਾਨ ਸਿੰਘ
ਸਤਿਨਾਮ ਸਿੰਘ
ਮਨਜ਼ੂਰ ਸਿੰਘ

(ਫੁੱਟਨੋਟ ਅੱਗੇ ਵੇਖੋ)


ਪਿੰਡ ਵਿਰਕ ਤਹਿਸੀਲ ਜਗਰਾਓਂ ਜ਼ਿਲ੍ਹਾ ਲੁਧਿਆਣਾ)
(ਮੁਤਾਬਕ ਬੰਦੋਬਸਤ ਸੰਨ 1881 ਈ:)
(ਕੁੰਦਲ ਕੀ ਪੱਤੀ)
ਕੁੰਦਲ
ਦਾਨਾ
ਤਾਨਾ
ਮਾਨਾ
(ਅੱਗੇ ਵੇਖੋ)
(ਪੱਤੀ ਦਾਨਾ ਚੱਹਾ)
ਚੱਹਾ
ਸੂਰਤੀਆ
ਅਮਤੀਕਾ
ਜੀਤਾ
ਹੀਰਾ
ਬੰਤੂ
ਤਲਕਾ
ਆਲਾ
ਬਾਘਾ
ਬੀਰੂ
ਬੂੜਾ
ਅਰੂੜਾ
ਕਾਕੂ
ਹਮੀਰਾ
ਭੂਪਾ
ਰੂਪਾ
ਵਸਾਵਾ
ਸਾਹਿਬ ਰਾਏ
ਲਖਮੀਰ
ਰਲਾ
ਰਤਨਾ
ਜੋਧਾ
ਸੰਤੂ
ਸਰਦੂਲਾ
ਹੀਰਾ
?
ਜੈਮਲ ਸਿੰਘ
ਰਾਮ ਦਿੱਤਾ
ਨੰਦਾ
ਖੁਸ਼ਾਲਾ
ਨਿਹਾਲਾ
ਘੁੱਦੂ
ਕੇਸਰ
ਖੜਕਾ
ਰਾਜਾ ਰਾਮ
ਖਜ਼ਾਨਾ
ਗੁਰਮੁਖ
ਮਲੂਕਾ
ਕਾਹਨਾ
ਹਜ਼ਾਰਾ
ਰਲਾ
ਪੰਜਾਬਾ
ਬੂਟਾ
ਮੰਗੂ
ਫੇਜ਼ੂ
ਤੇਜੂ
ਦੀਵਾਨ
ਹਾਕਮ
ਹਮੀਰਾ
ਜਵਾਹਰ
ਸਾਹਿਬਾ
ਖੜਕਾ
ਇੰਦਰ
ਰੂਲਯਾ
ਹਜ਼ਾਰਾ
ਪਾਖਰ
ਦੀਦਾਰਾ
ਫੂਲਾ
ਹਜ਼ਾਰਾ
ਬਿਸ਼ਨਾ
ਵਸਾਖੀ
ਕੇਸਰ
ਸ਼ੇਰੂ
ਅਰਜਨ
ਸੁਰਜਨ
ਹੁਕਮਾ
ਸਮੰਦਾ
ਖਜ਼ਾਨ
ਭੂਪਾ
ਕਾਹਨਾ
ਮਾਲਾ
ਬਘੇਲਾ
ਬਿਸ਼ਨ
ਦੂਲਾ
ਸਰਦਾਰਾ
ਦੇਵਾ
ਗਾਹਣਾ
ਅਤਰਾ
?
ਮਲਾ
ਫੂਲਾ
ਬੇਲਾ
ਨੰਦਾ
ਫੂਲਾ
ਸੁਰਮੁਖ
ਰਾਮਦਿਤਾ
ਨਾਹਰ
ਭਾਮਾ
ਮੰਗਲ
ਜੈਮਲ
ਫੱਤਾ

ਸਪੁੱਤ੍ਰ ਤ੍ਰਲੋਚਨ ਸਿੰਘ, ਅੱਛਾ ਵਿਦਵਾਨ, ਖਾਲਸਾ ਸਕੂਲ ਧਨੌਲੇ ਦਾ ਹੈਡ ਮਾਸਟਰ ਸੀ। ਦੂਜੇ ਦੋ ਅੱਛੀਆਂ ਨੌਕਰੀਆਂ ਤੇ ਹਨ। ਇਕ ਘਰ ਵਾਹੀ ਜੋਤੀ ਅਤੇ ਮਾਤਾ ਪਿਤਾ ਦੀ ਸੰਭਾਲ ਕਰਦਾ ਹੈ।

ਇਹਨਾਂ ਚੀਮਿਆਂ ਦੇ ਚਾਰ ਘਰ ਡ੍ਰਿਗੜੀ ਜ਼ਿ: ਸਿਆਲਕੋਟ ਵਿਚੋਂ ਨਵੀਂ ਆਬਾਦੀ (1892 ਈ) ਵਿਚ ਚਕ ਨੰ: 16 ਚੱਕ ਜੰਦ ਵਿਚ ਆਬਾਦ ਹੋਏ।

ਸਾਹਿਬ ਛੇਵੇਂ ਪਾਤਸ਼ਾਹ ਸੰਨ 1626 ਈ: ਨੂੰ ਜਦੋਂ ਹਾਫਿਜਾਬਾਦੋਂ ਹੁੰਦੇ ਹੋਏ ਸਾਂਦਲਬਾਰ ਦੀ ਧਰਤ ਪਵਿਤ੍ਰ ਕਰਦੇ ਜਾਂਦੇ, ਨਨਕਾਣੇ ਸਾਹਿਬ ਨੂੰ ਜਾ ਰਹੇ ਸਨ ਤਾਂ ਇਸ਼ਰਕੇ (ਉਦੋਂ ਢੀਂਗਰਵਾਲੀ) ਦੀ ਸੰਗਤ ਨੇ ਅਪਣੇ ਪਿੰਡ ਇਕ ਰਾਤ ਠਹਿਰਾ ਲਿਆ ਤੇ ਸੇਵਾ ਟਹਿਲ ਕਰ ਆਪਣਾ ਜਨਮ ਸੰਵਾਰਿਆ। ਉਸ ਅਵਸਰ ਦੀ ਯਾਦਗਾਰ ਵਿਚ ਜੋ ਗੁਰਦਵਾਰਾ ਨਵੀਂ ਆਬਾਦੀ ਵੇਲੇ ਬਣਿਆ, ਉਸ ਦੀ ਸੱਤ ਕਨਾਲ ਭੌਂਇ ਉਕਤ ਭਾਈ ਸੰਤਾ ਸਿੰਘ ਜੀ ਨੇ ਗੁਰੂ ਲੇਖੇ ਲਵਾਈ। "ਆਪ ਜੀ ਨਿਸੰਤਾਨ ਕੇਵਲ ਇਕ ਲੜਕੀ ਲਛਮੀ ਨਾਮੇ ਪਿੰਡ ਚੁਗਾਮੇ (ਨਜਦ ਅਸੰਧ) ਵਿਆਹੀ ਹੋਈ ਸੀ।"

9. ਭਾਈ ਅਮਰ ਸਿੰਘ, ਆਪ ਜੀ ਫੌਜੀ ਪੈਨਸ਼ਨਰ ਸਨ। ਆਪ ਜੀ ਨੇ ਅਕਾਲੀ ਜਥਾ ਖਰਾ ਸੌਦਾ ਬਾਰ ਵਿਚ ਸ਼ਾਮਲ ਹੋਕੇ ਕਈ ਮੋਰਚਿਆਂ ਵਿਚ ਜਾਂਦੇ ਰਹੇ। ਆਪ ਜੀ ਦੀ ਪੈਨਸ਼ਨ ਜ਼ਬਤ ਹੋ ਗਈ। ਮਗਰ ਫ਼ਿਰ ਵੀ ਆਪ ਅਕਾਲੀ ਲਹਿਰ ਸਮੇਂ ਭਾਗ ਲੈਂਦੇ ਰਹੇ। ਅਜਕਲ ਪਿੰਡ ਬਹੁਲੀ ਜ਼ਿਲਾ ਜੀਂਦ ਵਿਚ ਆਬਾਦ ਹਨ।

10. ਕੁੰਦਲ ਵਲਦ ਈਸ਼ਰ ਨੇ ਆਪਣਾ ਵਖਰਾ ਪਿੰਡ ਵਿਰਕ ਤਹਿਸੀਲ ਜਗਰਾਵਾਂ ਜ਼ਿਲਾ ਲੁਧਿਆਣਾ ਅਨੁਮਾਨ 1600/10 ਈਸਵੀ ਵਿਚ ਆਬਾਦ ਕੀਤਾ। ਇਸ ਦੀ ਆਬਾਦੀ ਬਾਰੇ ਭਾਈ ਕਿਸ਼ਨ ਸਿੰਘ ਜੀ ਪੱਤੀ ਹਮੀਰਾ ਨਿਵਾਸੀ ਨੇ ਗਿਆਨੀ ਜੀ ਨੂੰ ਦਸਿਆ ਜਿਸ ਦਾ ਸਾਰ ਇਉਂ ਹੈ :—

ਬਾਬੇ ਕੁੰਦਲ ਨੇ ਈਸ਼ਰਕਿਆਂ ਜ਼ਿਲਾ ਸੇਖੂਪੁਰਾ, ਪੱਛਮੀ ਪੰਜਾਬ ਤੋਂ ਆ ਕੇ ਇਸ ਪਿੰਡ ਡੇਰਾ ਕੀਤਾ। ਬਾਬਾ ਕੁੰਦਲ ਘਿਉ ਦਾ ਵਪਾਰ ਊਠਾਂ ਉਤੇ ਕੀਤਾ ਕਰਦਾ ਸੀ। ਜਦ ਬਾਬੇ ਕੁੰਦਲ ਨੇ ਇਥੇ ਪੱਕਾ ਡੇਰਾ ਕਰ ਲਿਆ ਤਾਂ ਇਸ ਪਿੰਡ ਦੇ ਦੇਊ ਜੱਟ (ਆਦਿ ਵਸਨੀਕਾਂ) ਨੇ ਇਹ ਪਿੰਡ ਛਡ ਆਪਣੇ ਡੇਰੇ ਰਾਉਕੀ ਜਾ ਲਗਾਏ ਅਤੇ ਬਾਬੇ ਕੁੰਦਲ ਦਾ ਡੇਰਾ ਸਦਾ ਲਈ ਇਥੇ ਪੱਕਾ ਹੋ ਗਿਆ।


14-2-1988 ਨੂੰ ਜਥੇਦਾਰ ਹਰਬੰਸ ਸਿੰਘ ਡਾਚਰਵਾਲਾ ਯੂ. ਪੀ. ਜ਼ਿਲਾ ਮੁਰਾਦਾਬਾਦ ਵਿਰਕਾਂ ਦਾ ਪਤਾ ਕਰਨ ਗਏ ਤਾਂ ਵਿਰਕਾਂ ਦਾ ਕੋਈ ਘਰ ਨਹੀ ਨਹੀਂ ਮਿਲਿਆ। ਉਥੇ ਜੁਏਆ, ਗਜਰੌਲਾ, ਠਾਚਰਾਂਵਾਲ ਜੋ ਜੀ. ਟੀ. ਰੋਡ ਤੇ ਆਬਾਦ ਹਨ। ਉਥੋਂ ਅੱਟਰ ਸਿੱਖ ਕਾਲਜ ਨਾਰੰਗ ਵਾਲੇ ਦੇ ਪ੍ਰਿੰਸੀਪਲ ਸਰਦਾਰ ਜੀਵਨ ਸਿੰਘ ਨੂੰ ਮਿਲਿਆ। ਜੋ ਢੰਹਲੂ ਗੋਤ ਦਾ ਸੀ। ਉਸ ਤੋਂ ਪੁੱਛਣ ਤੇ ਪਤਾ ਲੱਗਾ ਕਿ ਜ਼ਿਲਾ ਮੇਰਠ ਵਿਚ ਤਕਰੀਬਨ 100 ਪਿੰਡ ਪੁਰਾਣੇ ਸਿੰਘਾਂ ਦੇ ਹਨ, ਜਿਹਨਾਂ ਦੀ ਗੋਤ—ਚੱਠੇ, ਚੀਮੇ, ਵੜੈਚ ਅਤੇ ਗੁਜਰ ਸਿੰਘ ਵੀ ਹਨ। ਇਸੇ ਤਰ੍ਹਾਂ ਜ਼ਿਲਾ ਮੁਰਾਦਾਬਾਦ ਵਿਚ ਜਏ ਅਤੇ ਗਜਰੌਲੇ ਜਾ ਕੇ ਸਿੰਘਾਂ ਨੂੰ ਮਿਲਿਆ ਤਾਂ ਪਤਾ ਲਗਾ ਮੁਰਾਦਾਬਾਦ ਵਿੱਚ ਕੋਈ 400 ਪਿੰਡ ਸਿੰਘਾਂ ਦੇ ਹਨ ਜੋ (ਪਛਾਂਦੇ) ਪਿਛੋਂ ਆਏ ਹਨ। ਅਖਵਾਂਦੇ ਹਨ ਜਿਨ੍ਹਾਂ ਵਿਚ ਚਾਹਲ, ਸਰਾ, ਸਿੱਧੂ, ਨਾਗਰੇ, ਵੜੈਚ, ਚੱਠੇ, ਚੀਮੇ, ਬਾਸੀ ਸੰਧੂ ਅਤੇ ਅਨੇਕਾਂ ਜ਼ਾਤਾਂ ਹਨ ਅਤੇ ਪੂਰਨ ਸਿੰਘ ਹਨ। ਨਗਰਾਂ ਵਿੱਚ ਚੰਗੇ ਸੋਹਣੇ ਗੁਰਦਵਾਰੇ ਬਣਾਏ ਹੋਏ ਹਨ। ਗੁਰੂ ਗਰੰਥ ਸਾਹਿਬ ਵਿਚ ਵਿਸ਼ਵਾਸ਼ ਰਖਦੇ ਹਨ ਅਤੇ ਕੋਈ 300 ਸਾਲ ਹੋ ਗਏ ਹਨ ਇਹਨਾਂ ਨੂੰ ਆਬਾਦ ਹੋਇਆਂ ਨੂੰ। ਗੁਰੂ ਤੇਗ ਬਹਾਦਰ ਸਾਹਿਬ ਦੇ ਨਾਲ ਆਏ ਸਨ ਜੋ ਸ਼ਹੀਦੀਆਂ ਨਾ ਪਾ ਸਕੇ ਤੇ ਯੂ. ਪੀ. ਵਿਚ ਆ ਕੇ ਡੇਰੇ ਲਾ ਲਏ।

ਆਪਣੀ ਚੰਗੀ ਜ਼ਿੰਦਗੀ ਬਸਰ ਕਰ ਰਹੇ ਹਨ। ਉਹਨਾਂ ਦਾ ਚੰਗਾ ਸਿੰਘਾਂ ਵਾਲਾ ਦਬ-ਦਬਾ ਹੈ ਅਤੇ ਜਾਟਾਂ ਨਾਲ ਰਿਸ਼ਤੇਦਾਰੀ ਚਲਦੀ ਹੈ। ਸਮੇਂ ਸਮੇਂ ਜੋ ਅਕਾਲੀ ਆਪਣੀਆਂ ਜਾਇਜ਼ ਮੰਗਾਂ ਵਾਸਤੇ ਮੋਰਚੇ ਲਗਾਏ ਹਨ। ਉਸ ਵਿਚ ਪੂਰੀ ਦਿਲਚਸਪੀ ਨਾਲ ਹਰ ਹੁਕਮ ਨੂੰ ਮੰਨਦੇ ਹਨ। ਤਨ-ਮਨ-ਧਨ ਨਾਲ ਸੇਵਾ ਕਰਦੇ ਹਨ ਅਤੇ ਇਹਨਾਂ ਦੇ ਧਰਮ ਪਰਚਾਰ ਵਾਸਤੇ ਸ਼੍ਰੋਮਣੀ ਕਮੇਟੀ ਨੇ ਯੂ. ਪੀ. ਸਿੱਖ ਮਿਸ਼ਨ ਹਾਪੜ ਸਥਾਪਤ ਕੀਤਾ ਹੈ ਜੋ ਧਰਮ ਪਰਚਾਰ ਕਰਦਾ ਹੈ ਅਤੇ ਜੱਟ ਸਿੱਖਾਂ ਨੇ ਕਾਫੀ ਟਰੱਕ ਬਣਾਏ ਹਨ ਅਤੇ ਯੂਨੀਅਨ ਦੇ ਪ੍ਰਧਾਨ ਵੀ ਸਿੰਘ ਹਨ ਅਤੇ ਜੋਏ, ਗਜਰੌਲੇ ਦੁਕਾਨਾਂ ਵੀ ਬਣਾਈਆਂ ਹਨ ਅਤੇ ਚੰਗੇ ਕਾਰੋਬਾਰ ਚਲਾਂਦੇ ਹਨ।



(ਵੇਖੋ ਫੁੱਟ ਨੋਟ ਅਗਲੇ ਪੇਜ ਤੇ)

(a) ਇਹ ਸੰਪੂਰਨ ਕੁਰਸੀਨਾਮਾ ਸਿਵਾਏ 1, 2 ਅਤੇ 4 ਅਰ 5 ਦੇ ਥੱਲੇ ਦਿੱਤੇ ਨਾਵਾਂ ਦੇ, ਚੱਕ ਜੈਦ ਦੇ ਮਿਰਾਸੀ ਬਰਕਤ ਵਲਦ ਮੌਲਾ ਦਾਦਾ ਦੇ ਰਜਿਸਟਰ ਤੋਂ ਭਾਈ ਜੀਵਨ ਸਿੰਘ ਜੀ ਚੱਕ ਜੈਦ ਨਿਵਾਸੀ ਨੇ ਖੁਦ ਨਕਲ ਕੀਤੇ।

b) ਬਾਬਾ ਪਿਰਾਣਾ—ਇਸਦਾ ਪਿੰਡ ਮੁਕਤਾ ਸੀ ਅਤੇ ਇਹ ਗੁਰੂ ਰਾਮਦਾਸ ਜੀ ਦੇ ਸਮੇਂ ਹੋਇਆ ਇਸ ਨੇ ਸਰੋਵਰ ਦੀ ਸੇਵਾ ਕੀਤੀ ਇਸ ਦੇ ਪ੍ਰੇਮ ਦੇ ਖਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਚੱਕ ਰਾਮਦਾਸ ਵਿਚ ਦਰਸ਼ਨ ਦੇਣ ਵਾਸਤੇ ਆਏ (ਵੇਖੋ ਮਹਾਨ ਕੋਸ਼) (ਇਸ ਦੀ ਅੰਸ਼ ਵਿਹਕ ਬਾਵੇ ਸਦਾਂਦੇ ਹਨ) ਇਹ ਸਤਿਗੁਰੂ ਪੰਚਮ ਪਾਤਸ਼ਾਹ ਦੇ ਅਨਿੰਨਯ ਆਤਮ ਗਿਆਨੀ ਸਿੱਖ ਹੋਏ ਹਨ। ਆਪ ਜੀ ਨੇ ਸਰੋਵਰ ਵਿੱਚ ਸੇਵਾ ਘਾਲੀ ਪੰਚਮ ਪਾਤਸ਼ਾਹ ਆਪ ਨੂੰ ਦਰਸ਼ਨ ਦੇ ਕੇ ਨਿਹਾਲ ਕਰਨ ਲਈ ਚੱਕ ਰਾਮਦਾਸ (ਜ਼ਿਲਾ ਗੁਜਰਾਂਵਾਲਾਂ) ਆਏ।

ਬਾਬਾ ਪਿਰਾਣਾਂ ਜੀ ਛੇਵੀਂ ਪਾਤਸ਼ਾਹੀ ਨਾਲ ਗਵਾਲੀਅਰ ਸੇਵਾ ਵਿੱਚ ਰਹੇ ਅਤੇ ਪਿੱਛੋਂ ਯੁੱਧਾਂ ਜੰਗਾਂ ਵਿੱਚ ਸ਼ਾਮਲ ਵੀ ਰਹੇ ਸਨ।

1. ਇਸ ਦੀ ਅੰਸ ਪਿੰਡ ਅਮੋਕੇ ਵਿੱਚ ਵਸਦੀ ਸੀ।

2. ਇਸ ਦੀ ਅੰਸ ਪਿੰਡ ਮਿਰਜੇ ਵਿੱਚ ਵੱਸਦੀ ਸੀ। ਇਹ ਦੋਵੇਂ ਨਾਮ ਅਤੇ ਵਾਕਫੀਅਤ ਜ਼ੁਬਾਨੀ ਸ: ਕੱਕਾ ਸਿੰਘ ਨਿਵਾਸੀ ਅਮੋਕੇ ਦੀ ਹੈ।

3. ਇਹ ਅਕਬਰ ਦੇ ਸਮੇਂ ਸਾਂਦਲਬਾਰ ਦਾ ਇੱਕ ਚੌਧਰੀ ਸੀ। ਹੇਠ ਲਿਖਿਆ ਵਿਵਰਣ ਜ਼ੁਬਾਨੀ ਭਾਈ ਸੁੱਚਾ ਸਿੰਘ[6] ਪ੍ਰਸਿੱਧ ਚੱਕਰਵਾਲਾ ਨਿਵਾਸੀ ਚੱਕ ਗੁਰਦਾਸ (ਨਜ਼ਦ ਜੰਡਿਆਲਾ ਸ਼ੇਰ ਖਾਂ) ਦੀ ਹੈ।


4. ਇਸ ਦੀ ਅੰਸ਼ ਪਿੰਡ ਚੱਕ ਰਾਮ ਦਾਸ (ਨਜ਼ਦ ਏਮਨਾਬਾਦ) ਸੀ।

5. ਇਸ ਨੇ ਆਪਣੇ ਨਾਮ ਤੇ ਪਿੰਡ ਚੱਕ ਗੁਰਦਾਸ ਵਸਾਇਆ ਜਿੱਥੇ ਉਸ ਦੀ ਅੰਸ ਵੱਸਦੀ ਸੀ।


6. ਭਾਈ ਸੁੱਚਾ ਸਿੰਘ ਜੀ ਪ੍ਰਸਿੱਧ ਚੱਕਰਵਾਲੇ, ਨਨਕਾਣਾ ਸਾਹਿਬ ਨੂੰ, ਭਾਈ ਕਰਤਾਰ ਸਿੰਘ ਝੱਬਰ ਦੇ ਪ੍ਰਧਾਨ ਜਥੇਦਾਰੀ ਹੇਠ ਗਏ 2200 ਸਿੰਘਾਂ ਦੇ ਨਾਲ ਸਾਮਿਲ ਸਨ। ਉਸ ਤੋਂ ਪਿੱਛੋਂ ਅਕਾਲੀ ਦਲ ਖਰਾ ਸੌਦਾ ਬਾਰ ਵਿਚ ਸੇਵਾ ਕਰਦੇ ਰਹੇ ਅਤੇ ਹਰ ਪੰਥਕ ਮੋਰਚੇ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ। ਹਾਲ ਪਿੰਡ ਸਮਾਣਪੁਰਾ ਜਿਲਾ ਪਟਿਆਲਾ ਆਬਾਦ ਹਨ।


ਭਾਈ ਕੱਕਾ ਸਿੰਘ ਜੀ ਅੰਮੋਕੇ ਨਿਵਾਸੀ ਦਸਦੇ ਹਨ ਕਿ ਪਿੰਡ ਗੋਪੇਰਾ ਬਾਬਲ ਅਤੇ ਮਿਰਜੇ ਦੇ ਵਿਚਕਾਰ ਥਿੜ ਜਿੰਦਾ ਜਲਾਲ ਨਾਮ ਸੀ। ਦਸਦੇ ਹਨ ਕਿ ਇਥੇ ਕਦੇ 140 ਕੋਹਲੂ ਤੇਲ ਵਾਲੇ ਵਗਦੇ ਹੁੰਦੇ ਸਨ। ਉਥੋਂ ਦੇ ਮਨਹਾਸ ਚੌਧਰੀ ਦੀ ਅੰਸ਼ ਦਿੱਲੀ ਦੇ ਨੇੜੇ ਸੱਤਾਂ ਪਿੰਡਾਂ ਵਿੱਚ ਆਬਾਦ ਹੈ ਅਤੇ ਮਿਨਹਾਸ ਸਦਾਂਦੀ ਹੈ।

ਪਿਉਂਤ ਮਿਰਜੇਵਾ



ਪਿਉਂਤ (ਕਰਨਾਲ)





(ਫੁੱਟ ਨੋਟ ਅਗਲੇ ਪੇਜ ਤੇ ਵੇਖੋ)

ਪਿੰਡ ਮਿਰਜਾ


ਜ਼ੈਲਦਾਰੀ ਪਿੰਡ ਤਤਲੇ (ਹਕੀਮ ਹੈਦਰ ਅਲੀ ਵਾਲੇ) ਦੀ। ਜ਼ਬਾਨੀ ਸ: ਸਾਵਲ ਸਿੰਘ ਤਤਲਾ ਪੁੱਤਰ ਸੁੰਦਰ ਸਿੰਘ ਹਾਲ ਬਲੌਣਾਂ ਜ਼ਿਲਾ ਕਰਨਾਲ।

ਸਾਡੇ ਦੋ ਵਡਕੇ ਰਾਮ ਸਿੰਘ ਸ਼ਾਮ ਸਿੰਘ ਪਿਸਰਾਨ ਸ: ਬਘੇਲ ਸਿੰਘ 1845 ਦੀ ਲੜਾਈ ਵਿੱਚ ਸਭਰਾਵੀ[1] ਸ: ਸ਼ਾਮ ਸਿੰਘ ਅਟਾਰੀ ਦੇ ਹਮਰਾਹ ਲੜਦੇ ਸ਼ਹੀਦ ਹੋ ਗਏ। ਬਾਕੀ ਦੋ ਭਰਾ ਚੌ: ਗੋਰਾ ਤੇ ਵਚਨ ਸਿੰਘ ਰਹਿ ਗਏ। ਇਕ ਦਿਨ ਚੌ. ਗੋਰੇ ਨੇ ਛੋਟੇ ਭਰਾ ਵਚਨ ਸਿੰਘ ਨੂੰ ਆਖਿਆ ਜਾ ਮੇਰੇ ਹੁੱਕੇ ਵਿਚ ਅੱਗ ਰੱਖ ਲਿਆ। ਜਿਸ ਤੇ ਵਚਨ ਸਿੰਘ ਨੇ ਤੈਸ਼ ਵਿੱਚ ਆਕੇ ਸੋਟੀ ਮਾਰ ਹੁੱਕੇ ਦੀ ਟੋਪੀ ਹੀ ਭੰਨ ਘੱਤੀ। ਚੌ: ਗੋਰੇ ਨੂੰ ਵੀ ਗੁੱਸਾ ਆਇਆ ਉਸ ਨੇ ਆਪਣੀ 25 ਮੁਰਬੇ ਜ਼ਮੀਨ ਆਪਣੀਆਂ ਤਿੰਨ ਧੀਆਂ ਵਿਚ ਇਸ ਤਰ੍ਹਾਂ ਵੰਡ ਦਿੱਤੀ :—

ਤਿੰਨ ਮੁਰਬੇ ਵਰਨਾਂ ਵਾਲੀ ਨੂੰ

ਤਿੰਨ ਮੁਰਬੇ ਨੰਦ ਪੁਰ ਵਾਲੀ ਨੂੰ।

19 ਮੁਰਬੇ ਮਿਰਜੇ ਵਾਲੀ ਨੂੰ—ਮਿਰਜੇ ਦਾ ਚੌਧਰੀ ਹੇਮਾਂ ਫਿਰ ਸਾਡੇ ਪਿੰਡ ਹੀ ਆ ਗਿਆ ਉਸ ਦਾ ਕੁਰਸੀਨਾਮਾ ਇਸ ਤਰਾਂ ਹੈ :—



1. ਫੌਜਾ ਸਿੰਘ—ਪਿੰਡ ਖਾਨ ਮੁਸਲਮਾਨ ਨਜ਼ਦ ਨੌਸ਼ਹਿਰਾ ਵਿਰਕਾਂ ਦੇ ਲਾਲ ਖਾਨ ਜ਼ੈਲਦਾਰ ਦੇ ਮਰਨ ਤੇ 1920 ਈ: ਵਿੱਚ ਜ਼ੈਲਦਾਰੀ ਪ੍ਰਾਪਤ ਹੋਈ। ਬਲੌਣਾਂ 164-1979.

(ਫੁੱਟਨੋਟ ਪੰਨਾ 663 ਦੇ)

1. ਤਖਤ ਸਿੰਘ ਜੀ—ਮਹਾਰਜਾ ਰਣਜੀਤ ਸਿੰਘ ਦੇ ਸਮਕਾਲੀ ਸਨ। ਅੰਗਰੇਜ਼ ਰਾਜ ਵੇਲੇ 40 ਪਿੰਡਾਂ ਦੀ ਜ਼ੈਲਦਾਰੀ ਅਤੇ ਅਦਾਲਤ ਕਰਦੇ ਰਹੇ। ਬੀਮਾਰ ਹੋ ਕੇ ਚਲਾਣਾ ਕੀਤਾ।
2. ਗੁਰਦਿੱਤ ਸਿੰਘ 40 ਪਿੰਡਾਂ ਦੀ ਜ਼ੈਲਦਾਰੀ ਅੰਗਰੇਜ਼ ਰਾਜ ਵਿਚ ਕੀਤੀ।
3. ਬਲਵੰਤ ਸਿੰਘ—ਪਿਉਂਦ ਜ਼ਿ: ਕਰਨਾਲ। ਇਹ ਸ਼ਜਰਾ ਅਤੇ ਹਵਾਲੇ ਇਹਨਾਂ ਦੀ ਜ਼ਬਾਨੀ ਹਨ।
4. ਤੇਜਾ ਸਿੰਘ ਜੀ—ਆਪਣੇ ਵਕਤਾਂ ਦੇ ਪ੍ਰਭਾਵਸ਼ਾਲੀ ਅਕਾਲੀ ਸਨ। ਸ੍ਰੀ ਨਨਕਾਣਾ ਸਾਹਿਬ ਦੇ ਮੋਰਚੇ ਵਿਚ ਆਪ ਭਾਈ ਕਰਤਾਰ ਸਿੰਘ ਝੱਬਰ ਦੀ ਪ੍ਰਧਾਨ ਜਥੇਦਾਰੀ ਥੱਲੇ ਇਕ ਜਥੇ ਦੇ ਜਥੇਦਾਰ ਸਨ। ਲਗਾਨ ਦੇ ਮੋਰਚੇ ਵਿਚ ਕੈਦ ਕੱਟੀ। ਚਲਾਣੇ ਕਰ ਚੁਕੇ ਹਨ।
5. ਕਾਹਨ ਸਿੰਘ 6. ਸਾਵਲ ਸਿੰਘ—ਇਹਨਾਂ ਦੇ ਪਰਿਵਾਰ ਦੀ ਜਾਣਕਾਰੀ ਦਰਬਾਰਾ ਸਿੰਘ[7] ਨੇ 8/5/78 ਨੂੰ ਦਿਤੀ।
7. ਦਰਬਾਰਾ ਸਿੰਘ, ਹਾਲ ਵਾਸੀ ਪਿੰਡ ਰੌਹੜ ਜਿਲਾ ਜੀਂਦ।

(ਪਿੰਡ ਅੰਮੋਕੇ)

?
?
?
?
ਲਾਖੀ ਚੰਦ


?
ਮਨਸਾ ਰਾਮ
ਬੁਲਾਕੀ
ਖੜਕ ਸਿੰਘ — ਕਰਤਾਰ ਸਿੰਘ
ਅਰੂੜ ਸਿੰਘ — ਅਨੋਖਸਿੰਘ, ਤ੍ਰਿਲੋਕਸਿੰਘ, ਸੁੱਚਾ ਸਿੰਘ

ਸੁਆਇਆ
ਜਾਤਰੀ
ਮੋਹਕਮ ਸਿੰਘ — ਸੁੰਦਰ ਸਿੰਘ[2]
ਝੰਡਾ ਸਿੰਘ — ਗੰਡਾ ਸਿੰਘ[1] — ਕੱਕਾ ਸਿੰਘ — ਨਾਜ਼ਰ ਸਿੰਘ[4]

ਲਾਖੀ ਚੰਦ — ਸ਼ਰਮ ਸਿੰਘ, ਬੇਲਾ ਸਿੰਘ

ਸ਼ਰਮ ਸਿੰਘ — ਸੁੰਦਰ ਸਿੰਘ, ਸਾਵਨ ਸਿੰਘ, ਕਰਮ ਸਿੰਘ
ਸਾਵਨ ਸਿੰਘ — ਵੈਂਜਾ ਸਿੰਘ — ਬੂਟਾ ਸਿੰਘ
ਕਰਮ ਸਿੰਘ — ਬੰਤਾ ਸਿੰਘ
ਸੁੰਦਰ ਸਿੰਘ — ਉਜਾਗਰ ਸਿੰਘ, ਪਿਆਰਾ ਸਿੰਘ, ਹਜ਼ਾਰਾ ਸਿੰਘ


ਬੇਲਾ ਸਿੰਘ — ਗਣਪਤਿ, ਸਾਵਨ ਸਿੰਘ, ਈਸ਼ਰ ਸਿੰਘ
ਗਣਪਤਿ — ਲਹਿਣਾ ਸਿੰਘ — ਮੰਗਲ ਸਿੰਘ — ਜੀਤ ਸਿੰਘ
ਸਾਵਨ ਸਿੰਘ — ਗਿਆਨ ਸਿੰਘ[3]



1. ਗੰਡਾ ਸਿੰਘ, ਸੰਨ 1919 ਈ: ਜਦੋਂ ਮਾਰਸ਼ਲ ਲਾਅ ਲੱਗਣ ਤੇ ਚੂਹੜਕਾਣੇ (ਪੱਛਮੀ ਪੰਜਾਬ) ਦਾ ਸਟੇਸ਼ਨ ਸਾੜਿਆ, ਲੁੱਟਿਆ ਗਿਆ ਅਤੇ ਰੇਲ ਦੀ ਲਾਈਨ ਪੁੱਟੀ ਗਈ ਤਾਂ ਇਹ ਬਲਵਾਈਆਂ ਦੇ ਨਾਲ ਸ਼ਾਮਲ ਸੀ। ਪੁਲੀਸ ਦੀ ਕਰੜੀ ਨਿਗਰਾਨੀ ਦੇ ਬਾਵਜੂਦ ਵੀ ਇਹ ਫਰਾਰ ਹੀ ਰਿਹਾ ਤੇ ਫੜਿਆ ਨਹੀਂ ਸੀ ਗਿਆ।

2. ਸੁੰਦਰ ਸਿੰਘ, ਇਹ ਸੰਨ 1924 ਦੇ ਜੈਤੋਂ ਦੇ ਮੋਰਚੇ ਵਿੱਚ ਢਾਈ ਸਾਲ ਕੈਦ ਰਿਹਾ।

3. ਗਿਆਨ ਸਿੰਘ | ਇਹ ਦੋਵੇਂ ਸੱਜਣ ਮੁਖ ਮੈਤਰੀ ਬੰਸੀ ਲਾਲ ਦੇ ਸਮੇਂ ਲਗੇ ਸ਼ਹਿਰੀ ਆਜ਼ਾਦੀ ਦੇ ਮੋਰਚੇ ਵਿੱਚ ਦੋ-ਦੋ
4. ਨਾਜ਼ਰ ਸਿੰਘ | ਮਹੀਨੇ ਅੰਬਾਲਾ ਜੇਲ ਵਿਚ ਕੈਦ ਰਹੇ।




1. ਇਸ ਦੇ ਨਾਮ ਤੇ ਪਿੰਡ ਪੂੰਜ ਵੱਸਿਆ। ਸਿੱਖ ਰਾਜ ਵੇਲੇ ਇਥੇ ਮਹਾਰਾਜੇ ਦੀਆਂ ਮੱਝਾਂ ਚੁਗਿਆ ਕਰਦੀਆਂ ਸਨ। ਜਿਨ੍ਹਾਂ ਦੇ ਛੇੜੂ ਵੱਟੂ ਮੁਸਲਮਾਨ ਇਥੇ ਆਬਾਦ ਹੋ ਗਏ ਤੇ ਪੂੰਜ ਦੀ ਅੰਸ ਲਾਹਮੋਂ ਹੋ ਗਈ। ਅੱਜ ਕੱਲ ਇਸ ਨੂੰ ਪੂੰਜ ਵੱਟੂਆਂ ਕਰ ਕੇ ਸੱਦਿਆ ਜਾਂਦਾ ਹੈ।


2. ਇਸ ਦੀ ਅੰਸ ਪਿੰਡ ਮਾੜੀ ਠਾਕਰਾਂ ਵਿਚ ਆਬਾਦ ਹੈ।

3. ਇਸ ਨੇ ਆਪਣੇ ਨਾਮ ਤੇ ਚਾਂਦੀ ਕਾ ਵਲਗਣ ਨਾਮ ਪਿੰਡ ਆਬਾਦ ਕੀਤਾ, ਜੋ ਭਿੱਖੀ ਦੇ ਨੇੜੇ ਹੈ।


ਪਿੰਡ ਕੁਠਿਆਲਾ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਅਤੇ ਹੁਣ ਪਿੰਡ ਲਖਮੜੀ ਨੇੜੇ ਸ਼ਾਹਬਾਦ ਵਾਲੇ

ਜੌਹਰ ਵੰਸ਼






1. ਅਮਰੀਕ ਸਿੰਘ ਐਸ. ਪੀ. ਪੁਲਿਸ ਰਿਟਾਇਰ ਹੋਇਆ ।
2. ਅਦੀਰਾਜ ਸਿੰਘ ਕਨੇਡਾ ਪੱਕਾ ਹੀ ਉਥੇ ਹੈ।
3. ਜਗਜੀਤ ਸਿੰਘ ਮੈਂਬਰ ਸ਼ਰੋਮਣੀ ਕਮੇਟੀ 20 ਸਾਲ
4. ਸੰਤ ਪ੍ਰਕਾਸ਼ ਸਿੰਘ ਏਅਰ ਫੋਰਸ ਵਿਚ ਗਰੁਪ ਕੈਪਟਨ


ਜਵਾਲਾ ਸਿੰਘ
ਸੁੰਦਰ ਸਿੰਘ
ਰਛਪਾਲ ਸਿੰਘ
ਇਕਬਾਲ ਸਿੰਘ
ਕਰਤਾਰ ਸਿੰਘ
ਗੁਰਚਰਨਸਿੰਘ
ਕਪੂਰ'ਸਿੰਘ
ਅਮਰਸਿੰਘ
ਜਗਜੀਤ'ਸਿੰਘ
ਸੁਰਿੰਦਰਸਿੰਘ
ਅਵਤਾਰ ਸਿੰਘ
ਗੁਰਬਚਨ ਸਿੰਘ
ਸਤਪਾਲ ਸਿੰਘ
ਗੁਰਦੇਵ ਸਿੰਘ
ਨਰਿੰਦਰ ਸਿੰਘ
ਭੁਪਿੰਦਰ ਸਿੰਘ
ਸ਼ਮਸ਼ੇਰ ਸਿੰਘ
ਜਸਪਾਲ ਸਿੰਘ
ਜਾਨਪਾਲ ਸਿੰਘ
ਤ·ਜਬੀਰ ਸਿੰਘ
ਗੁਰਵਿੰਦਰ ਸਿੰਘ
ਸਤਇੰਦਰ ਪਾਲ ਸਿੰਘ
ਰਣਦੀਪ ਸਿੰਘ
ਨਵਾਇਤ ਸਿੰਘ
ਦੱਤਿੰਦਰਦੀਪ ਸਿੰਘ

ਤ੍ਰਿਗੜੀ ਵਿਰਕਾਂ (ਜ਼ਿਲ੍ਹਾ ਸਿਆਲਕੋਟ)

(ਨਜ਼ਦ ਜਾਮਕੇ ਚੀਮੇ) ਜੋਪਰ ?



1- ਬਾਬਾ ਸੁਜਾਨ ਸਿੰਘ ਸਭ ਤੋਂ ਪਹਿਲੇ..... ਤੋਂ ਉਠਕੇ ਤ੍ਰਿਗੜੀ ਵਿਰਕਾਂ ਵਿੱਚ ਆਬਾਦ ਹੋਇਆ। ਇੱਥੇ ਉਸਦੀ ਸਮਾਧ ਹੈ।

2. ਰਾਮ ਮੋਹਨ ਸਿੰਘ—ਇਹਨਾਂ ਦੀ ਜ਼ਮੀਨ ਅਤੇ ਰਿਹਾਇਸ਼ ਨਾਭਾ ਸ਼ਹਿਰ ਵਿੱਚ ਹੈ।

3. ਇਹਨਾਂ ਸ਼ੇਖੂਪੁਰੇ ਵਿੱਚ ਵਕਾਲਤ ਸ਼ੁਰੂ ਕੀਤੀ ਫਿਰ 1947 ਨੂੰ ਕਰਨਾਲ ਆ ਰਹੇ।

4. ਹਵਾਈ ਸੈਨਾ ਵਿੱਚ ਅਫਸਰ ਹੈ।

5. ਯੂ. ਪੀ. ਜ਼ਿਲਾ ਰਾਮਪੁਰ ਵਿੱਚ ਤਗੜੇ ਫਾਰਮਰ ਹਨ।

6. ਪੁਲਿਸ ਵਿੱਚ ਇੰਸਪੈਕਟਰ ਹਨ।



ਅਮਰੀਕ ਸਿੰਘ ਅਕਬਰੀਆ

ਜਾਉ ? ਵਸਤਪਾਲ ? (ਸ਼ੱਕ ਹੈ)

0

ਚੌ: ਪ੍ਰਧਾਨਾ (ਪਿੰਡ ਮਿਹਲੱਵਾਲ ਨਜ਼ਦ ਏਮਨਾਬਾਦ ਹੁਣ ਡੇਰਾ ਫਤਿਹਗੜ੍ਹ ਪਿੰਡ ਡਾਚਰ ਜ਼ਿ: ਕਰਨਾਲ)

ਹਵੇਲਾ ਸਿੰਘ[1]



---

1. ਹਵੇਲਾ ਸਿੰਘ—ਅਨੁਮਾਨ ਹੈ ਕਿ ਆਪ ਜੀ ਨੇ ਸ੍ਰੀ ਦਸਮੇਸ਼ ਜੀ ਦੇ ਸਮੇਂ ਅੰਮ੍ਰਿਤ ਛਕਿਆ।
2. ਦਿਆਲ ਸਿੰਘ—ਆਪ ਜੀ ਦੇ ਘਰ ਪੂਰਨ ਸਿੱਖੀ ਚੱਲਣ ਹੈ। ਚਾਰੇ ਬੱਚੇ ਘਰੋਂ ਬਾਹਰੋਂ ਇੱਕਠੇ ਹਨ। ਇਹ ਕਾਰ ਵਿਹਾਰ ਵਿੱਚ ਵੀ ਬਾਣੀ ਨਹੀਂ ਵਿਸਾਰਦੇ। ਇਹਨਾਂ ਦੀ ਮਾਈ ਪੱਕੀ ਨਿਤਨੇਮਣ ਹੈ।
3. ਅਮਰੀਕ ਸਿੰਘ—ਬੰਸੀ ਲਾਲ ਸਮੇਂ ਲੱਗੇ ਕਿਸਾਨ ਮੋਰਚੇ ਵਿੱਚ ਕੈਦ ਕੱਟੀ।
4. ਗੰਡਾ ਸਿੰਘ—ਇਹ ਸਿੱਖ ਰਾਜ ਸਮੇਂ ਘੋੜ ਚੜ੍ਹਿਆਂ ਵਿੱਚ ਸਨ।

ਨਿਖੜੇ ਹੋਏ ਵਿਰਕ ਪਿੰਡ ਅਤੇ ਪਰਿਵਾਰ

1. ਜਗਤਪੁਰਾ ਜ਼ਿਲ੍ਹਾ ਅੰਮ੍ਰਿਤਸਰ। 2. ਬਾਗੜੀਆਂ ਜ਼ਿਲ੍ਹਾ ਅੰਮ੍ਰਿਤਸਰ। 3. ਕੋਕਲਪੁਰਾ ਜ਼ਿਲ੍ਹਾ ਗੁਰਦਾਸਪੁਰ 4. ਜੰਡਿਆਲਾ ਗੁਰੂ ਕਾ ਜ਼ਿਲ੍ਹਾ ਅੰਮ੍ਰਿਤਸਰ। 5. ਸੈਫ਼ਲਾਬਾਦ ਜ਼ਿਲ੍ਹਾ ਕਪੂਰਥਲਾ।


ਪਿੰਡ ਸੈਫ਼ੁਲਾਬਾਦ (ਜ਼ਿਲ੍ਹਾ ਕਪੂਰਥਲਾ) ਭਾਈ ਕਾਬਲ ਸਿੰਘ ਦੁਕਾਨਦਾਰ ਨਾਲ ਪੱਤਰ ਵਿਹਾਰ

ਨੋਟ :—ਇਹ ਨਗਰ ਨਿਵਾਸੀ ਪਿਛੋਂ ਸਾਂਦਲਬਾਰ ਵਿਚੋਂ ਨਵਾਬ ਸੈਫ਼ੁਲਾ ਖਾਨ ਦੇ ਵੇਲੇ ਉਸ ਦੇ ਨਗਰ ਵਿਚ ਆ ਕੇ ਆਬਾਦ ਹੋਏ।


ਪਿੰਡ ਬਾਗੜੀਆਂ ਵਾਲੇ ਅਤੇ ਪਿੰਡ ਮੰਡ ਜ਼ਿਲ੍ਹਾ ਜਲੰਧਰ ਵਾਲੇ ਪਿੰਡ ਸੈਫ਼ਲਾਬਾਦੋਂ ਹੀ ਨਿਕਲ ਕੇ ਵੱਸੇ ਹਨ।

ਸੈਫ਼ਲਾਬਾਦ ਪਿੰਡ ਮੰਡ ਜ਼ਿਲ੍ਹਾ ਜਲੰਧਰ

ਨੋਟ :—ਇਸ ਪਿੰਡ ਦੇ ਵਸਨੀਕ ਵਿਰਕਾਂ ਦਾ ਪਿੱਛਾ ਸੈਫ਼ਲਾਬਾਦ ਦਾ ਹੈ—ਇਥੇ ਇਹ ਮਾਈ ਹੁਕਮਾਂ "ਮੰਡ" ਦੀ ਅੰਸ ਨਾਨਕੀ ਢੇਰੀ ਤੇ ਬੈਠੇ ਹਨ।




ਪਿੰਡ ਕੋਕਲਪੁਰ[1] ਜ਼ਿਲ੍ਹਾ ਗੁਰਦਾਸਪੁਰ




1. ਇਹ ਪਿੰਡ ਕੋਕਲ ਦੀ ਅੰਸ਼ ਬਹਾਲੀ ਕਿਆਂ ਵਿਚੋਂ ਪ੍ਰਤੀਤ ਹੁੰਦਾ ਹੈ ਜਿਸਦੀ ਖੋਜ ਜਾਰੀ ਹੈ।
2. ਮੋਹਣ ਸਿੰਘ—ਇਹ ਗਵਰਨਮੈਂਟ ਕਾਲਜ ਕਾਲਾ ਅਫ਼ਗਾਨਾ ਵਿਚ ਪ੍ਰੋਫੈਸਰ ਹਨ—ਉਪਰੋਕਤ ਸ਼ਜਰੇ ਦੀ ਜਾਣਕਾਰੀ ਇਹਨਾਂ ਤੋਂ ਹੀ ਪ੍ਰਾਪਤ ਹੋਈ ਸੀ।

ਪਿੰਡ ਬਾਗੜੀਆ, ਤਹਿਸੀਲ ਤਰਨਤਾਰਨ, ਜ਼ਿ: ਅੰਮ੍ਰਿਤਸਰ

ਇਸ ਨਗਰ ਦੇ ਵਿਰਕਾਂ ਦਾ ਪਿਛਾ ਪਿੰਡ ਸੈਫਲਾਬਾਦ ਜ਼ਿ: ਕਪੂਰਥਲਾ ਹੈ।



(ਪਿੰਡ ਜਗਤਪੁਰ ਅੰਮ੍ਰਿਤਸਰ)



1. ਭਾਗ ਸਿੰਘ—ਖਿਆਲ ਹੈ ਕਿ ਸੈਫਲਾਬਾਦੋਂ ਆ ਕੇ ਇਹਨਾਂ ਨੇ ਪਿੰਡ ਬਾਗੜੀਆਂ ਵਿੱਚ ਰਿਹਾਇਸ਼ ਕੀਤੀ।
2. ਇੰਦਰ ਸਿੰਘ—ਆਪ ਜੀ ਪਹਿਲੇ ਵਿਸ਼ਵ ਯੁੱਧ (1914-1919) ਵਿੱਚ 56 ਸਿੱਖ ਪਲਟਨ ਨਾਲ ਸ਼ਾਮਿਲ ਰਹੇ। ਅਵਿਕਾਸ਼ ਪ੍ਰਾਪਤੀ ਪਿਛੋਂ ਆਪ ਜੀ ਨੇ ਸਕੂਲ ਮਾਸਟਰੀ ਕੀਤੀ।
3. ਭਗਤ ਸਿੰਘ 4. ਜਗਤ ਸਿੰਘ—ਇਹ ਦੋਨੋਂ ਭਾਈ ਵੀ ਆਪਣੇ ਵੱਡੇ ਭਾਈ ਇੰਦਰ ਸਿੰਘ (2) ਨਾਲ ਵਿਸ਼ਵ ਯੁੱਧ ਵਿੱਚ ਸ਼ਾਮਿਲ ਰਹੇ।
5. ਆਤਮਾ ਸਿੰਘ—ਇਹ ਸ਼ਜਰਾ ਅਤੇ ਜਾਣਕਾਰੀ ਇਹਨਾਂ ਦੀ ਜ਼ਬਾਨੀ 1/5/1978 ਨੂੰ ਪ੍ਰਾਪਤ ਹੋਈ।
6. ਕੁਲਵੰਤ ਸਿੰਘ—ਇਹ ਭਾਰਤੀ ਥਲ ਸੈਨਾ ਵਿੱਚ ਲੈਫਟੀਨੈਂਟ ਕਰਨਲ ਹਨ।
7. ਹਰਵੰਤ ਸਿੰਘ—ਇਹਨਾਂ ਨੂੰ ਫੌਜ ਵਿੱਚ ਸ਼ਾਰਟ ਸਰਵਿਸ ਕਮਿਸ਼ਨ ਮਿਲਿਆ—ਅਵਿਕਾਸ਼ ਪ੍ਰਾਪਤੀ ਤੇ ਖੇਤੀਬਾੜੀ ਇੰਸਪੈਕਟਰ ਲੱਗੇ ਹਨ।

(ਇਹ ਚਿੱਠੀ ਗਿਆਨੀ ਰਘਬੀਰ ਸਿੰਘ ਜਗਤਪੁਰ, ਅੰਮ੍ਰਿਤਸਰ ਨੇ ਕੇਪਟਨ ਗੁਰਇਕਬਾਲ ਸਿੰਘ ਗਿਆਨੀ ਨੂੰ ਭੇਜੀ । ਪਤਾ ਨਹੀਂ ਕਦੋਂ ?)

ੴ ਸਤਿਗੁਰ ਪ੍ਰਸਾਦਿ ॥

ਗਿਆਨੀ ਰਘਬੀਰ ਸਿੰਘ
ਜਗਤਪੁਰ ਜ਼ਿਲਾ ਅੰਮ੍ਰਿਤਸਰ ।


ਮੇਰੇ ਪਿੰਡ ਜਗਤਪੁਰ ਜਿ: ਅੰਮ੍ਰਿਤਸਰ ਜੀ ਵਿਚ 'ਟਾਲੀ ਸਾਹਿਬ' ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦਾ ਪਾਵਨ ਅਸਥਾਨ ਵਿਦਮਾਨ ਸੀ । ਜਿਸ ਸਮੇਂ ਅਸੀਂ ਵੀਹ ਪੰਜੀ ਬਾਲਕ ਬਾਵਾ ਹਰੀਦਾਸ ਜੀ ਉਦਾਸੀਨ ਕੋਲੋਂ ਗੁਰਮੁਖੀ ਪੜ੍ਹਿਆ ਕਰਦੇ ਸਾਂ ਤਾਂ ਉਸ ਸਮੇਂ ਪਿੱਪਲ ਤੇ ਟਾਹਲੀ ਦੇ ਦੋਵੇਂ ਦਰਖਤ ਇਕ ਪੱਕੇ ਥੜ੍ਹੇ ਵਿਚ ਸਨ । ਟਾਹਲੀ ਦਾ ਪੇੜ ਬ੍ਰਿਧ ਹੋ ਕੇ ਸੁੱਕਾ ਹੋਇਆ ਸੀ ਮੈਂ ਵੀ ਦੇਖਿਆ ਹੈ ।

ਮੇਰੇ ਪਿਤਾ ਸ੍ਰ: ਤੇਗਾ ਸਿੰਘ ਜੀ ਦਫੇਦਾਰ, ਤੇਜਾ ਸਿੰਘ ਤਾਇਆ ਜੀ ਤੇ ਹੋਰ ਪਤਵੰਤੇ ਬਜ਼ੁਰਗ ਸਿੰਘ ਦਸਦੇ ਸਨ ਉਹਨੇ ਜਦੋਂ ਅਸੀਂ ਛੋਟੀ ਉਮਰ ਵਿਚ ਸਾਂ ਸਾਡੀਆਂ ਮਾਵਾਂ ਆਖਦੀਆਂ ਹੁੰਦੀਆਂ ਸਨ ਕਿ ਜਾਉ ਮਾਈ ਟਾਲੀ ਜਾਕੇ ਖੇਡੋ ਤੇ ਮਿਸਰੀ ਖਾਉ । ਪਿੰਡ ਦੇ ਬਹੁਤ ਸਾਰੇ ਮੁੰਡੇ ਕੁੜੀਆਂ ਅਸੀਂ ਮਾਈ ਟਾਲੀ ਥੱਲੇ ਖੇਡਦੇ ਹੁੰਦੇ ਸਾਂ ਤੇ ਟਾਲੀ ਦੇ ਪਤਿਆਂ ਨਾਲੋਂ ਮਿਸਰੀ ਕਣਕ ਦੇ ਦਾਣਿਆਂ ਵਰਗੀ ਉਤੋਂ ਡਿਗਦੀ ਤਾਂ ਅਸੀਂ ਖਾਇਆ ਕਰਦੇ ਸਾਂ । ਉਸ ਸਮੇਂ ਗੁਰਦੁਆਰਾ ਟਾਹਲੀ ਸਾਹਿਬ ਜੀ ਦਾ ਮਹੰਤ ਬਾਬਾ ਹਰੀਦਾਸ ਉਦਾਸੀਨ ਸੰਤ ਜੋ ਬੜਾ ਤੇਜਸਵੀ ਸਾਧੂ ਸੀ । ਚੰਗਾ ਵੈਦ ਤੇ ਸ਼ਸਤ੍ਰ ਵਿਦਿਆ ਦਾ ਧਨੀ ਸੀ । ਸਵੇਰੇ ਪਿੰਡ ਵਿਚ ਆਟੇ ਦਾ ਗਜਾ ਕਰਨ ਜਾਂਦਾ ਤੇ ਦਵਾਈਆਂ ਨਾਲ ਜੇਬਾਂ ਭਰੀਆਂ ਹੁੰਦੀਆਂ ਨਾਲੇ ਘਰਾਂ ਤੋਂ ਆਟੇ ਦਾ ਗਜਾ ਕਰਕੇ ਲੈ ਆਉਂਦਾ ਨਾਲੇ ਲੋੜਵੰਦਾਂ ਨੂੰ ਦਵਾਈਆਂ ਦੇ ਆਉਂਦਾ ਸੀ । ਪਿੰਡ ਦੇ ਹਿੰਦੂ, ਮੁਸਲਮਾਨ, ਚੂਹੜੇ ਗੁਰਦੁਆਰੇ ਜਾ ਕੇ ਲੋੜ ਅਨੁਸਾਰ ਦਵਾਈ ਲੈ ਆਉਂਦੇ । ਕਈ ਮਰੀਜ਼ਾਂ ਨੂੰ ਬਾਬਾ ਜੀ ਦੁਧ ਵੀ ਦੇ ਦਿਆ ਕਰਦੇ ਸਨ । ਦੁਪਿਹਰੇ ਇਕ ਬੁਢੜੀ ਜਿਹੀ ਸਾਧਨੀ ਘਰਾਂ ਤੋਂ ਪ੍ਰਸ਼ਾਦੇ ਲੈ ਆਇਆ ਕਰਦੀ ਸੀ ਤੇ ਗੁਰੂ ਕਾ ਲੰਗਰ ਚਲਦਾ । ਦਿਨੇ ਸੰਤ ਜੀ ਸਾਨੂੰ ਗੁਰਮੁਖੀ ਪੜ੍ਹਾਇਆ ਕਰਦੇ ਸਨ । ਅਸੀਂ ਵੀਹ ਪੰਜੀ ਵਿਦਿਆਰਥੀ ਛੋਟੀ ਉਮਰ ਵਿਚ ਹੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠੀ ਤੇ ਜਾਪ ਸਾਹਿਬ ਸਮੇਤ ਪੰਜਾਂ ਬਾਣੀਆਂ ਦੇ ਕੰਠਹਾਰ ਨਿਤ ਨੇਮੀ ਸੀ ।


ਅਸਾਂ ਇਕ ਗੱਲ ਬਾਬਾ ਜੀ ਵਿਚ ਕਈ ਵਾਰੀ ਵੇਖੀ ਜਦੋਂ ਕਿ ਸਾਧਨੀ ਆਖਦੀ ਬਾਬਾ ਜੀ ਦੇ ਮੁਸਾਫਰ ਆ ਗਏ ਹਨ । ਮੇਰੇ ਕੋਲ ਪ੍ਰਸਾਦੇ ਤਾਂ ਬਹੁਤ ਪਏ ਹਨ ਪਰ ਦਾਲ ਸਬਜੀ ਨਹੀਂ ਹੈ ਕਾਹਦੇ ਨਾਲ ਦੇਵਾਂ ਤਾਂ ਬਾਬਾ ਜੀ ਕੜਕਵੀਂ ਆਵਾਜ਼ ਨਾਲ ਆਖਦੇ, ਓ ਸਾਧਨੀਏ ਤੇਰੇ ਅੰਦਰ ਖੰਡ ਪਈ ਹੈ, ਘਿਉ ਪਿਆ ਹੈ, ਉਹ ਕਿਹੜੇ ਜਵਾਈ ਵਾਸਤੇ ਰਖਿਆ ਈ । ਦਸ ਤੇਰਾ ਜਵਾਈ ਹੈ ਕੋਈ ? ਸੰਤਣੀ ਚੁਪ । ਸੰਤੀ ਜੀ ਫਿਰ ਗਰਜਵੀਂ ਆਵਾਜ਼ ਨਾਲ ਆਖਦੇ ਸਾਧਨੀਏ ਸਾਧਾਂ ਦੇ ਜਵਾਈ ਮੁਸਾਫਰ ਹੀ ਹੁੰਦੇ ਹਨ । ਪਾ ਜਵਾਈਆਂ ਨੂੰ ਖੰਡ ਘਿਉ । ਮਾਤਾ ਸੰਤਣੀ ਜੀ ਮਿਠੀ ਸੁਰ ਨਾਲ ਉਤਰ ਦੇ ਕਰਕੇ, ਸਤਿਬਚਨ ਜੀ । ਫੌਰਨ ਘਿਉ ਗਰਮ ਕਰਕੇ ਵਿਚ ਖੰਡ ਮਿਲਾਕੇ ਮੁਸਾਫਰਾਂ ਨੂੰ ਜਾ ਪਰੋਸਦੇ । ਕੁਝ ਦੇਰ ਮਗਰੋਂ ਬਾਬਾ ਜੀ ਫਿਰ ਬੋਲਦੇ ਓ ਸਾਧਨੀਏ ਜਵਾਈਆਂ ਨੇ ਪ੍ਰਸ਼ਾਦ ਛਕ ਲਿਆ ਹੈ । ਸੰਤਨੀ ਕਹੇ ਜੀ ਛਕਾਇਆ ਹੈ ਤਾਂ ਫਿਰ ਜਵਾਈਆਂ ਨੂੰ ਗਰਮ ਗਰਮ ਦੁਧ ਵੀ ਪਿਲਾ । ਇਹਨਾਂ ਨੇ ਪੈਂਡਾ ਕਰਨਾ ਹੈ ਤਾਂ ਮਾਤਾ ਜੀ ਛੰਨਿਆਂ ਵਿਚ ਦੁਧ ਪਾ ਕੇ ਮੁਸਾਫਰਾਂ ਨੂੰ ਛਕਾ ਦੇਂਦੇ ਤੇ ਛਕਣ ਵਾਲੇ ਸੰਤ ਜੀ ਮਹਾਂਰਾਜ ਜੀ ਦਾ ਅਤੇ ਪਿੰਡ ਦਾ ਜਸ ਕਰਦੇ ਜਾਂਦੇ ।

ਬਾਬਾ ਹਰੀ ਦਾਸ ਜੀ ਜਦੋਂ ਪਿੰਡ ਵਿਚ ਜਾਂਦੇ ਤਾਂ ਅਗੋਂ ਹਰ ਕੌਮ ਦੇ ਵੱਡੇ ਛੋਟੇ ਆਦਮੀ ਜੋੜਾ ਉਤਾਰ, ਦੋ ਹੱਥ ਜੋੜ ਕੇ ਖੜੇ ਹੋ ਜਾਇਆ ਕਰਦੇ ਸਨ ਕਿ ਬਾਬਾ ਜੀ ਆ ਰਹੇ ਹਨ । ਸੰਤਾਂ ਦਾ ਪਿੰਡ ਵਿਚ ਬੜਾ ਸਤਿਕਾਰ ਸੀ ਤੇ ਸੰਤ ਵੀ ਪੂਰਾ ਸੰਤ ਸੀ । ਇਹਨਾਂ ਦੀ ਸੰਗਤ ਕਰਕੇ ਕਈ ਲੜਕੇ ਜਿਹਨਾਂ ਵਿਚੋਂ ਮੈਂ ਵੀ ਹਾਂ ਪ੍ਰਚਾਰਕ ਤੇ ਚੰਗੇ ਗਰੰਥੀ ਤਿਆਰ ਹੋਏ ।

ਪਿੰਡ ਜਗਤਪੁਰਾ[1] ਜਿਲਾ ਅੰਮ੍ਰਿਤਸਰ ਦੇ ਵਸਨੀਕ ਵਿਰਕਾਂ ਨੂੰ ਨਵੀਂ ਆਬਾਦੀ ਵੇਲੇ ਜ਼ਮੀਨਾਂ ਜ਼ਿਲ੍ਹਾ ਲਾਇਲਪੁਰ (ਪੱਛਮੀ ਪੰਜਾਬ) ਵਿੱਚ ਮਿਲੀਆਂ ਸਨ। 1947 ਦੇ ਦੇਸ਼ ਵਿਭਾਜਨ ਉਪਰੰਤ ਇਹ ਸਾਰੇ, ਪਿੰਡ ਧਾਰੜ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਆਬਾਦ ਹੋਏ।




1. ਪਿੰਡ ਜਗਤਪੁਰਾ ਕਿਸ ਮੂੰਹੀ ਨਾਲ ਮਿਲਦਾ ਹੈ ? ਵਿਚਾਰ ਗੋਚਰ ਹੈ।




1. ਗੁਰਪਾਲ ਸਿੰਘ—ਪਿੰਡ ਦੇ ਨੰਬਰਦਾਰ ਹਨ ।

ਪਿੰਡ ਜਗਤਪੁਰਾ (ਹਾਲ ਧਾਰੜ)

- ਲੱਲਾ
  - ਲੱਖਾ
    - ਮੱਸਾ
      - ਅਮਰੀਕਾ
        - ਮਿਲਖੀ
          - ਹੁਕਮ ਸਿੰਘ (ਅੱਗੇ ਵੇਖੋ)
          - ਕੌਰ ਸਿੰਘ
            - ਅਮੀਰ ਸਿੰਘ
              - ਲਹਿਣਾ ਸਿੰਘ
                - ਤੇਜਾ ਸਿੰਘ
                  - ਸਰਪ੍ਰਤਾਪ ਸਿੰਘ
                  - ਹਰਪ੍ਰਤਾਪ ਸਿੰਘ
                  - ਗੁਰਪ੍ਰਤਾਪ ਸਿੰਘ
                - ਬਘੇਲ ਸਿੰਘ
                  - ਗੁਰਦਿਆਲ ਸਿੰਘ
                  - ਹਰਦਿਆਲ ਸਿੰਘ
                - ਧਰਮ ਸਿੰਘ
                  - ਪੂਰਨ ਸਿੰਘ
              - ਗੁਰਮੁਖ ਸਿੰਘ
                - ਸੁਦਾਗਰ ਸਿੰਘ X
                - ਬਹਾਦਰ ਸਿੰਘ X
                - ਦੇਵਾ ਸਿੰਘ
                  - ਬੰਤਾ ਸਿੰਘ
                  - ਲਾਭ ਸਿੰਘ
                  - ਰਤਨ ਸਿੰਘ
                  - ਗਿਆਨ ਸਿੰਘ
              - ਕੇਸਰ ਸਿੰਘ
                - ਗੰਗਾ ਸਿੰਘ
              - ਸੁਰਮੁਖ ਸਿੰਘ
                - ਸੋਹਣ ਸਿੰਘ
                - ਕਾਲਾ ਸਿੰਘ[1] X
            - ਵਜੀਰ ਸਿੰਘ
              - ਜਵਾਹਰ ਸਿੰਘ
          - ਦੇਵਾ ਸਿੰਘ
            - ਰੂਪ ਸਿੰਘ
        - ਮੱਖਣ ਸਿੰਘ
          - ਮੰਨਾ ਸਿੰਘ
            - ਫਤਿਹ ਸਿੰਘ
            - ਰਤਨ ਸਿੰਘ
        - ਦੁਲਚੀ
          - ਵਸਾਵਾ ਸਿੰਘ
            - ਦੂੰਨਾ
            - ਵਰਿਆਮ ਸਿੰਘ
              - 0
                - ਗੇਜਾ ਸਿੰਘ


(ਫੁਟ ਨੋਟ ਅਗਲੇ ਸਫੇ ਤੇ ਵੇਖੋ)



(ਵੇਖੋ 677 ਸਫੇ ਦੇ ਫੁਟ ਨੋਟ)

1. ਕਾਲਾ ਸਿੰਘ—ਇਸ ਨੇ ਅਤੇ ਚੰਨਣ ਸਿੰਘ ਸਪੁੱਤਰ ਬਲ ਸਿੰਘ ਪਿੰਡ ਬੂੜ ਚੰਦ ਜ਼ਿਲਾ ਲਾਹੌਰ (ਪੱਛਮੀ ਪੰਜਾਬ) ਨਾਲ ਰਲ ਕੇ ਆਪਣੇ ਪਿੰਡ ਦੇ ਜ਼ੈਲਦਾਰ.......... ਸਿੰਘ ਨੂੰ ਦਿਨ ਦੀਵੀਂ ਕਤਲ ਕਰਕੇ ਫਰਾਰ ਹੋ ਗਏ। ਇਹ ਬੜਾ ਚਿਰ ਮਫਰੂਰ ਰਹੇ। ਫਿਰ ਇਹਨਾਂ ਨੇ ਕੁਛ ਹੋਰ ਸੰਗੀਆਂ ਸਾਥੀਆਂ ਨਾਲ ਮਿਲ ਕੇ ਵੱਲਾ ਰੇਲਵੇ ਪੁਲ ਤੇ ਲੱਗੀ ਗਾਰਦ ਕੋਲੋਂ ਹਥਿਆਰ ਖੋਹਣ ਦਾ ਮਨਸੂਬਾ ਬਣਾਇਆ। ਉਹ ਮਨਸੂਬਾ ਕਾਮਯਾਬ ਨਾ ਹੋਇਆ—ਇਹ ਸਾਰੇ ਭੱਜ ਗਏ। ਮਗਰ ਪੁਲਿਸ ਲੱਗ ਗਈ। ਇਹ ਸਾਰੇ ਬੇੜੀ ਵਿੱਚ ਬੈਠ ਕੇ ਦਰਿਆ ਪਾਰ ਕਰ ਗਏ। ਪੁਲਿਸ ਪਿੱਛੇ ਰਹਿ ਗਈ। ਇਹ ਲੁਕਦੇ ਛਿਪਦੇ ਕਿਸੇ ਪਿੰਡ ਦੇ ਗੁਰਦੁਵਾਰੇ ਜਾ ਪੁੱਜੇ ਅਤੇ ਗ੍ਰੰਥੀ ਨੂੰ ਪ੍ਰਸ਼ਾਦ ਪਾਣੀ ਵਾਸਤੇ ਆਖਿਆ।

ਉਕਤ ਗਰੰਥੀ ਇਹਨਾਂ ਨੂੰ ਤਾੜ ਗਿਆ ਅਤੇ ਪ੍ਰਸ਼ਾਦ ਪਾਣੀ ਦੇ ਬਹਾਨੇ ਥਾਣੇ ਇਤਲਾਹ ਭਿਜਵਾ ਦਿਤੀ ਜਿਥੋਂ ਕਿ ਇਹ ਸਾਰੇ ਫੜੇ ਗਏ। ਜਿਨ੍ਹਾਂ ਦੇ ਨਾਮ ਹਨ :—

1. ਕਾਲਾ ਸਿੰਘ ਵਿਰਕ—ਪਿੰਡ ਜਗਤਪੁਰਾ ਜਿਲਾ ਅੰਮ੍ਰਿਤਸਰ।
2. ਚੰਨਣ ਸਿੰਘ ਪੁੱਤਰ ਬੱਲ ਸਿੰਘ ਪਿੰਡ ਬੂੜ ਚੰਦ ਜ਼ਿਲਾ ਲਾਹੌਰ।
3. ਹਰਨਾਮ ਸਿੰਘ ਪਿੰਡ ਠੱਠੀ ਖਾਰਾ ਜ਼ਿਲਾ ਅਮ੍ਰਿਤਸਰ।
4. ਆਤਮਾ ਸਿੰਘ ਪਿੰਡ ਠੱਠੀ ਖਾਰਾ ਜ਼ਿਲਾ ਅੰਮ੍ਰਿਤਸਰ।
5. ਬੰਤਾ ਸਿੰਘ ਪੁੱਤਰ ਬੂਟਾ ਸਿੰਘ ਪਿੰਡ ਸੰਗਵਾਲ ਜ਼ਿਲਾ ਜਲੰਧਰ।

ਇਹਨਾਂ ਨੂੰ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ। ਇਹ ਘਟਨਾ 1924 ਦੇ ਨੇੜੇ ਤੇੜੇ ਦੀ ਹੈ।

ਇਤਿਹਾਸ ਦਾ ਮਹੱਤਵ

ਕੌਣ ਨਹੀਂ ਜਾਣਦਾ ਕਿ ਇਤਿਹਾਸ ਕੌਮੀ ਸਰੀਰ ਵਿਚ ਰੂਹ ਦੇ ਸਮਾਨ ਹੁੰਦਾ ਹੈ। ਜੇ ਸਰੀਰ ਤੋਂ ਰੂਹ ਵੱਖ ਕਰ ਲਈਏ ਤਾਂ ਸਰੀਰ ਨੂੰ ਮੁਰਦਾ ਕਹੀਦਾ ਹੈ। ਰੂਹ ਤੋਂ ਬਿਨਾਂ ਜਿਵੇਂ ਤਨ ਕੁਛ ਨਹੀਂ ਕਰ ਸਕਦਾ ਤਿਵੇਂ ਹੀ ਕੌਮੀ ਇਤਿਹਾਸ ਦੀ ਸੰਭਾਲ ਦੇ ਬਿਨਾਂ ਕੌਮਾਂ ਆਪਣੀ ਮੌਤ ਆਪ ਹੀ ਮਰ ਜਾਂਦੀਆਂ ਹਨ ਅਤੇ ਆਪਣੇ ਨਾਮ ਨਿਸ਼ਾਨ ਨੂੰ ਸਦਾ ਲਈ ਮਿਟਾ ਜਾਂਦੀਆਂ ਹਨ। ਇਸ ਲਈ ਜੀਵਤ ਕੌਮਾਂ ਆਪਣੇ ਇਤਿਹਾਸ ਦੀ ਨਿੱਕੀ ਤੋਂ ਨਿੱਕੀ ਘਟਨਾਂ ਨੂੰ ਵੀ ਬਹੁਮੁਲਾ ਜਾਣ ਕੇ ਉਸ ਨੂੰ ਸੁਰਖਿਅਤ ਰਖਣ ਲਈ ਦਿਨ ਰਾਤ ਯਤਨ ਕਰਦੀਆਂ ਹਨ। ਆਪੋ ਆਪਣੇ ਇਤਿਹਾਸ ਤੇ ਸਭ ਨੂੰ ਮਾਣ ਹੈ।

ਫ਼ੱਬਰ ਵਰਗੇ ਮਰਦ

ਸ਼ੇਰਦਿਲ ਮਰਦ ਕੌਮ ਅਤੇ ਦੇਸ਼ ਦੀ ਜਿੰਦ ਜਾਨ ਹੁੰਦੇ ਹਨ। ਉਹਨਾਂ ਦਾ ਕੌਮੀ ਪਿਆਰ ਉਹਨਾਂ ਅੰਦਰ ਇਕ ਜੀਵਨ ਸਤਾ ਭਰ ਦੇਂਦਾ ਹੈ। ਜੋ ਨਾਸ਼ ਰਹਿਤ ਤੇ ਸਦਾਜੀਵੀ ਹੁੰਦੀ ਹੈ। ਉਹਨਾਂ ਦਾ ਹਰ ਕੰਮ ਕਿਸੇ ਪਰਉਪਕਾਰ ਤੱਥ ਕੌਮ ਦੇ ਭਲੇ ਲਈ ਹੁੰਦਾ ਹੈ। ਜਿਸ ਵਿਚ ਕੋਈ ਜਾਤੀ ਗਰਜ਼ ਨਹੀਂ ਹੁੰਦੀ। ਇਹੋ ਕਾਰਨ ਹੈ ਕਿ ਉਹਨਾਂ ਦਾ ਮਨ ਦੁੱਖ ਸੁੱਖ ਝੱਲਣ ਲਈ ਬਲਵਾਨ ਹੋ ਜਾਂਦਾ ਹੈ ਫਿਰ ਉਹ ਦੁਖ ਨੂੰ ਦੁਖ ਨਹੀਂ ਜਾਣਦੇ। ਬਲਕਿ ਦੁਖ ਪ੍ਰਤੀ ਉਹਨਾਂ ਦਾ ਇਹ ਵਿਸ਼ਵਾਸ ਕਿ ਇਸ ਨੇ ਸਦਾ ਨਹੀਂ ਰਹਿਣਾ, ਉਹਨਾਂ ਨੂੰ ਨਿਰਭੈ ਰਖਦਾ ਹੈ।

ਵਰਨਾਂ ਦੀਆ ਰੀਤਾਂ (ਜ਼ਬਾਨੀ ਮੌਜਦਰਯਾ ਮਿਰਾਸੀ ਵਰਨਾਂ ਦਾ)

ਬਾਰਾਂ ਸਾਲਾਂ ਪਿਛੋਂ ਵਰਨਾਂ ਦੇ ਮੁੰਡਿਆਂ ਦੀਆਂ ਰੀਤਾਂ ਸਤੋ ਪੀਰ ਦੇ ਮੜ੍ਹ ਤੇ ਜਾ ਕੇ ਹੁੰਦੀਆਂ, ਜਿਸਤੇ ਹਰ ਬੱਚੇ ਪਿਛੇ ਤਿੰਨ ਬਕਰਿਆਂ ਦੀ ਬਲੀ ਅਤੇ ਸ਼ਰਾਬ ਦੇਂਦੇ ਹਨ।

ਢੋਲਾ

ਜ਼ਬਾਨੀ ਗਹਿਲ ਸਿੰਘ ਨੌਖਰੀਆਂ ਹਾਲ ਜਲਮਾਣਾ

ਕਲ ਆਂਹਦੀ ਏ ਨਾਰਦਾ ਮੇਰੀ ਸਮਝੀ ਗਲ ਬਿਆਨ ਦੀ
ਆਦਮ ਜੂਨ ਦੇ ਵਿਚ ਪੈਦਾ ਹੋਈ ਕੀਤੀਆਂ ਐਸ ਜਹਾਨ ਦੀ
ਗੋਰਖ ਰੰਗਿਆਂ ਨੂੰ ਫੜ ਕੇ ਹਵਾਲਾਟੇ ਸਟਿਆ।
ਸਿਰ ਤਿਮਰਲੰਗ ਦੇ ਬਧੀ ਏ ਪਗ ਇਸਲਾਮ ਦੀ
ਰਾਜੇ ਰੂਪ ਚੰਦ ਨੂੰ ਵੇਦ ਪੜ੍ਹਾਏ ਨੇ ਫੌਜ ਹਲਾਲ ਕਰਾ ਛਡੀ ਹਿੰਦੁਸਤਾਨ ਦੀ
ਕਲਾਨੌਰ ਤੇ ਭੇੜ ਚਗੁਤਿਆਂ ਦਾ ਦਾਰਾ ਤੇ ਔਰੰਗ ਦੋਵੇਂ ਭਰਾ
ਮਾਰਨ ਤਲਵਾਰੀ ਤਟੀ ਸਾਡੇ ਈਸਾਨ ਦੀ
ਪਾਣੀਪਤ ਸਿੰਘ ਮੈਂ ਲੜਾਏ ਨੇ ਫਤਿਹ ਦਿਤੀ ਏ ਲਿਖ ਮੈਦਾਨ ਦੀ।


ਹੁਣ ਮੇਰੀ ਤਕ ਜੰਡਿਅਲੇ ਦੀ ਏ ਨਾਰਦਾ ਮਨ ਤੇ ਰੀਝ ਇਸਲਾਮ ਦੀ
ਘਰ ਸਾਬਾਜ ਖਾਂ ਦੇ ਅਮੀਰ ਜੰਮਿਆ
ਕਰਸੀ ਦਰਬਾਰੋਂ ਚਿਠੀ ਰੋਜ਼ ਇਨਾਮ ਦੀ
ਕਸ਼ਮੀਰੀ ਭਗੂ ਤੇ ਅਮੀਰ ਖਾਂ ਦੋਵੇਂ ਬੋਲੋ ਬੋਲੀ ਨੇ ਕਲ ਆਂਹਦੀ ਏ ਨਾਰਦਾ
ਹੁਣ ਤੇ ਬੋਲੀ ਫੁਟੇ ਨੇ ਮੇਰੇ ਬਾਰੇ ਰੱਜੀ ਖੁਲੀ ਏ ਤਾਮ ਦੀ
ਕਸ਼ਮੀਰੀ ਨੇ ਬਾਂਹ ਵਿਰਕ ਦੀ, ਪੁਤਰ ਮੱਖਨ ਸਿੰਘ ਦਾ, ਪੋਤਰਾ ਜ਼ਮੀਅਤ ਸਿੰਘ ਦਾ
ਬਣੀਆਂ ਭੀੜਾਂ ਕੋਠੀ ਡੋਲ ਨ ਜਾਤਾ ਖਾਨ ਦੀ
ਕਲ ਪਈ ਆਂਹਦੀ ਏ ਨਾਰਦਾ ਇਹਨਾਂ ਦੁਹਾਂ ਦੀ ਸਿਫਤ ਸੁਣ
ਜਿਵੇਂ ਮਾਝੇ ਦੀ ਜੋੜੀ ਸੰਤ ਸਿੰਘ ਆਸਲ ਤੇ ਘੰਮੇ ਮਾਨ ਦੀ।
ਨੂਰੀ ਪਿਆ ਆਂਹਦਾ ਕੁਲ ਤੇ ਸਾਫਾ, ਸਾਜ ਗੋਲੀਆਂ ਵਾਲਾ।
ਉਹ ਦੁਨਾਲੀ ਸਿਰਹਾਣੇ ਪਈ ਰਹਿ ਜਾਣੀ ਏ
ਜਿਵੇਂ ਸਾਰੰਗ ਜਜ ਦੇ ਬਧੇ ਰਹਿ ਗਏ ਲਾਲ ਕਲੀਆਂ ਦੇ ਸਿਹਰੇ।

(ਇਹ ਨਾ ਮੁਕੰਮਲ ਹੈ)

ਸੰਧੂਆਂ ਤੇ ਬਾਜਵਿਆਂ ਨੇ ਰਲ ਕੇ ਬਾਬੇ ਬਾਲੇ ਨੂੰ ਘੁਚਲੀ ਵਿਚੋਂ ਉਠਾ ਦਿਤਾ ਤੇ ਬਾਬੇ ਬਾਲੇ ਨੇ ਆਪਣਾ ਨਵਾਂ ਪਿੰਡ ਬਲੋ ਕੇ ਆਬਾਦ ਕੀਤਾ। ਸੰਧੂ ਤੇ ਬਾਜਵੇ ਇਥੇ ਵੀ ਆ ਪਏ। ਫਿਰ ਬੜੀ ਭਾਰੀ ਲੜਾਈ ਹੋਈ। ਵਰਨਾਂ ਵਾਲਿਆਂ ਨੇ ਬਾਬੇ ਬਾਲੇ ਦੀ ਮਦਦ ਕੀਤੀ—ਬਾਜਵਿਆਂ ਤੇ ਸੰਧੂਆਂ ਨੂੰ ਬੜੀ ਤਕੜੀ ਹਾਰ ਕੀਤੀ। ਸੰਧੂ ਉਦੋਂ ਤੋਂ ਬਾਜੀਗਰ ਹੋ ਗਏ ਦੱਸੀਂਦੇ ਹਨ।

ਪਿੰਡ ਕੜਯਾਲ

ਡਿਹਰਾ ਸਾਹਿਬ ਦੇ ਉਦਾਸੀਨ ਗੱਦੀ ਨਸ਼ੀਨ (ਬਾਬਾ ਸ੍ਰੀ ਚੰਦ ਜੀ)	ਠਾਕਰ ਦਵਾਰੇ ਦੇ ਬੈਰਾਗੀ ਗਦੀ ਨਸ਼ੀਨ
ਹਰੀ ਚੰਦ	ਕਲਿਆਨ ਦਾਸ
ਮਿਹਰ ਚੰਦ	ਧਿਆਨ ਦਾਸ
ਭਗਤ ਭਗਵਾਨ	ਸੰਪੂਰਨ ਦਾਸ
ਨਰੈਨ ਦਾਸ	ਮਿਹਰ ਦਾਸ
ਵਾਸ ਦਿਓ	ਨਿਰਮਲ ਦਾਸ
ਜੋਗ ਦਾਸ	ਬਿਸ਼ੰਭਰ ਦਾਸ
ਨਾਨਕ ਚੰਦ	ਪ੍ਰਸ਼ੋਤਮ ਦਾਸ
ਹਰੀ ਦਾਸ	ਸੰਤ ਰੇਣ
ਬਸੰਤ ਦਾਸ	ਬਦਰੀ ਦਾਸ
ਸੰਤ ਰੇਣ	ਘਨਸ਼ਾਮ ਦਾਸ



ਪੁਰਾਣੇ ਵਕਤਾਂ ਦੇ ਕਈ ਭਿੜ ਪਏ ਹਨ ਜਿਵੇਂ ਕਿ ਘੁਮਣ ਦਾ ਭਿੜ, ਡਫਰ ਦਾ ਭਿੜ, ਰਾ ਭੱਏ ਦਾ ਭਿੜ, ਭਿਖੀ ਦਾ ਭਿੜ, ਕੜਯਾਲ ਦਾ ਭਿੜ।

ਸਤਿਗੁਰੂ ਨਾਨਕ

1541 ਬਿ: (1484 ਈ:) ਨੂੰ ਸਚਾ ਸੌਦਾ ਕੀਤਾ। ਆਯੂ 15 ਸਾਲ (18 ਨਹੀਂ)

1554 ਬਿ. (1488 ਈ:) ਨੂੰ ਵਿਵਾਹ।

1551 ,, (1496 ") ਨੂੰ ਜਨਮ ਸ੍ਰੀ ਚੰਦ ਦਾ।

1553 ,, (1498 ") ਨੂੰ ਜਨਮ ਲਖਮੀ ਦਾਸ।

1544 ,, (1487 ") ਨੂੰ ਸੁਲਤਾਨਪੁਰ ਗਏ।

1. ਜੰਮੂ ਲੋਚਨ 600 ਈਸਵੀ ਵਿਚ ਕਨੌਜੋ ਆਇਆ। (ਗਲਤ ਹੈ)

2. ਬਾਬਾ ਬਾਲਾ ਕੁਤਬਦੀਨ ਅਤੇ ਮੁਹੰਮਦ ਗੌਰੀ ਦੇ ਵੇਲੇ ਸਾਂਦਲਬਾਰ ਦਾ ਚੌਧਰੀ ਸੀ।

3. ਮਾਲੋ ਦਾ ਪਿੰਡ ਮੁਹੰਮਦ ਸਾਹ ਬਾਦਸ਼ਾਹ ਦੇ ਵੇਲੇ ਸੰਮਤ 1787 ਬਿ: (1730 ਈ:) ਵਿਚ ਬਰਬਾਦ ਹੋਇਆ। ਮਾਲਯਾ ਨਾ ਮਿਲਣਾਂ ਤੇ ਲੋਕਾਂ ਦਾ ਸਿੰਘ ਸਜ ਜਾਣਾ।

ਅਤੇ

ਕਰਨ	ਦਿਓਨ	ਵਿੰਨ	ਜਸਾ	ਡਲਾਂ	ਔਨ	ਭੀਮਾ
ਪਿੰਡ ਕੜਯਾਲ	ਭਿਖੀ	ਗਰਮੂਲਾ	ਮੁਦਾਰ	ਚਾਚੱਕੇ	ਜੈਤਾ	ਮਕੀ ਪੁਕਾਨੀ (ਜਿਸ ਵਿਚ ਪਿਛੋਂ ਨੱਤੇ ਦੀ ਅੰਸ ਵਧੀ)


ਗਿੱਲ

ਇਹ ਰਾਘੰਬੰਸੀ ਵਰਯਾਹ ਰਾਜਪੂਤਾਂ ਦੀ ਸਾਖ ਹਨ। ਅੰਗਰੇਜ਼ ਲਿਖਾਰੀ ਦਸਦੇ ਹਨ ਕਿ ਜੱਟਾਂ ਦਾ ਇਹ ਬਹੁਤ ਵਡਾ ਗੋਤ, ਲਾਹੌਰ ਅਤੇ ਫਿਰੋਜ਼ਪੁਰ ਜ਼ਿਲਿਆਂ ਵਿਚ ਆਬਾਦ ਸੀ। ਦਰਿਆ ਸਤਲੁਜ ਅਤੇ ਬਿਆਸ ਦੇ ਨਾਲ ਨਾਲ ਫਿਰ ਪਹਾੜ ਦੇ ਨਾਲ ਦੂਰ ਸਿਆਲਕੋਟ ਤਕ ਗਿੱਲ ਗੋਤ ਦੇ ਲੋਕ ਵਸਦੇ ਸਨ। ਜ਼ਿਲਾ ਅੰਮ੍ਰਿਤਸਰ ਵਿਚ ਵੀ ਗਿਲਾਂ ਦੀ ਕਾਫੀ ਵਸੋਂ ਸੀ।

ਪਿਰਥੀਪਤ ਰਾਜਾ ਸੀ—ਜਿਸਦੀ ਰਾਜਧਾਨੀ ਗੜਪਬਲਾ ਸੀ। ਇਹ ਰਾਜਾ ਵਰਯਾਹ ਗੋਤ ਦਾ ਰਾਜਾ ਰਾਜਪੂਤ ਸੀ। ਇਹਦੇ ਘਰ ਤਿੰਨ ਰਾਣੀਆਂ ਰਾਜਪੂਤ ਗੋਤ ਦੀਆਂ ਸਨ। ਜਿਨਾਂ ਵਿਚੋਂ ਓਲਾਦ ਨਹੀਂ ਸੀ। ਇਸ ਕਰਕੇ ਰਾਜੇ ਪਿਰਥੀਪਤ ਨੇ ਚੌਥੀ ਸ਼ਾਦੀ ਭੁਲਰ ਗੋਤ ਦੀ ਜਟ ਰਾਣੀ ਨਾਲ ਸ਼ਾਦੀ ਕਰ ਲਈ। ਜਿਸ ਦੇ ਘਰ ਲੜਕਾ ਪੈਦਾ ਹੋਇਆ ਪਰ ਪਹਿਲੀਆਂ ਤਿੰਨ ਰਾਣੀਆਂ ਨੇ ਉਠਵਾ ਲਿਆ। ਰਾਣੀ ਦੇ ਪਾਸ ਕਪੜਿਆਂ ਵਿਚ ਪੱਥਰ ਲਪੇਟ ਕੇ ਰੱਖ ਦਿਤਾ ਅਤੇ ਜਨਮ ਲਿਆ ਬੱਚਾ ਉਠਵਾ ਲਿਆ। ਇਹ ਸਭ ਕੁਝ ਦਾਈਆਂ ਦੀ ਸਾਜ਼ਿਸ਼ ਨਾਲ ਹੋਇਆ। ਅਸਲ ਬੱਚੇ ਨੂੰ ਜੰਗਲ ਵਿਚ ਸੁਟਵਾ ਦਿਤਾ ਤੇ ਇਹ ਗੱਲ ਮਸ਼ਹੂਰ ਕਰ ਦਿੱਤੀ ਕਿ ਰਾਣੀ ਨੇ ਪੱਥਰ ਨੂੰ ਜਨਮ ਦਿਤਾ ਹੈ। ਉਸ ਦਿਨ ਰਾਜਾ ਸਵੇਰੇ ਬਾਹਰ ਸ਼ਿਕਾਰ ਤੇ ਗਿਆ ਹੋਇਆ ਸੀ। ਵਾਪਸ ਆਉਂਦਿਆਂ ਜੰਗਲ ਵਿਚ ਸ਼ੇਰ ਨਜ਼ਰ ਆਇਆ—ਰਾਜੇ ਤੇ ਸ਼ਿਕਾਰੀਆਂ ਜਦੋਂ ਅਗਾਂਹ ਹੋ ਵੇਖਿਆ ਤਾ ਸ਼ੇਰ ਦੇ ਕੋਲ ਇਕ ਛੋਟਾ ਜਿਹਾ ਬਾਲਕ ਪਿਆ ਹੈ। ਰਾਜੇ ਨੇ ਹੁਕਮ ਦਿਤਾ ਕਿ ਇਸ ਬੱਚੇ ਨੂੰ ਉਠਾ ਲਵੋ ਜਦ ਸ਼ਿਕਾਰੀ ਅਗਾਂਹ ਹੋਏ ਤਾਂ ਸ਼ੇਰ ਜੰਗਲ ਵਲ ਚਲਾ ਗਿਆ। ਰਾਜੇ ਨੇ ਕਿਹਾ ਕਿ ਬੱਚਾ ਪ੍ਰਕਰਮੀ ਜੀਵ ਹੈ। ਜਿਸ ਦੀ ਸ਼ੇਰ ਰਖਵਾਲੀ ਕਰ ਰਿਹਾ ਸੀ। ਇਸ ਨੂੰ ਰਾਜ ਮਹਿਲ ਵਿਚ ਲੈ ਚਲੋ। ਜਦ ਮਹਿਲ ਵਿਚ ਇਹ ਖਬਰ ਹੋਈ ਤਾ ਰਾਜੇ ਨੂੰ ਜਾਸੂਸਾਂ ਦੱਸ ਦਿੱਤਾ ਕਿ ਇਹ ਲੜਕਾ ਤੁਹਾਡਾ ਹੀ ਹੈ। ਇਸਨੂੰ ਪਹਿਲੀਆਂ ਤਿੰਨ ਰਾਣੀਆਂ ਨੇ ਧੋਖੇ ਨਾਲ ਜੰਗਲ ਵਿਚ ਸੁਟਵਾ ਕੇ ਰਾਣੀ ਦੇ ਨਾਲ ਪੋਤੜਿਆਂ ਵਿਚ ਪਥਰ ਲਪੇਟ ਕੇ ਦਾਈਆਂ ਪਾਸੋਂ ਰਖਵਾ ਦਿਤਾ ਸੀ। ਰਾਜਾ ਬੜਾ ਖੁਸ਼ ਹੋਇਆ ਤੇ ਲੜਕੇ ਦੀ ਦੇਖਭਾਲ ਬੜੇ ਸ਼ਾਹੀ ਠਾਠ ਨਾਲ ਹੋਣ ਲਗ ਪਈ। ਲੜਕੇ ਦਾ ਨਾਮ ਰਖਣ ਸਮੇਂ ਰਾਜੇ ਨੇ ਕਿਹਾ ਕਿ ਇਸ ਲੜਕੇ ਦੀ ਰਖਵਾਲੀ ਸ਼ੇਰ ਕਰ ਰਿਹਾ ਸੀ ਤੇ ਜਿਥੇ ਇਹ ਬੱਚਾ ਪਿਆ ਸੀ, ਉਹ ਜਗ੍ਹਾ ਗਿੱਲੀ ਸੀ। ਇਸ ਕਰਕੇ ਇਸ ਬੱਚੇ ਦਾ ਨਾਂ "ਸ਼ੇਰਗਿਲ" ਰੱਖ ਦਿਉ। ਜਿਸ ਕਰਕੇ ਸ਼ੇਰਗਿਲ ਮਸ਼ਹੂਰ ਹੋ ਗਿਆ। ਦਰਅਸਲ ਪਿਰਥੀ ਪਤ ਰਾਜਾ ਵਰਯਾਹ ਰਾਜਪੂਤ (ਰਘੂਬੰਸੀ) ਕੁਲ ਦਾ ਰਾਜਾ ਸੀ ਅਤੇ ਜਿਸ ਦਾ ਲੜਕਾ ਸ਼ੇਰਗਿਲ ਭੁਲਰ ਗੋਤ ਦੇ ਜਾਟ ਦਾ ਦੋਹਤਾ ਸੀ। ਸ਼ੇਰਗਿਲ ਦੇ ਬਾਰਾਂ ਲੜਕੇ ਸਨ। ਜਿਨ੍ਹਾਂ ਦੇ ਨਾਂ ਤੇ ਬਾਰਾਂ ਮੂਹੀਆਂ ਬਨ ਰਖੀਆਂ, ਜਿਹਨਾਂ ਦੇ ਨਾਂ ਇਹ ਹਨ। 1. ਸੁਭਨੂ 2. ਚਜ 3. ਡਲੋਚੂ 4. ਕੋਜਤੋਆ 5. ਫਜ 6. ਜਿਊਨਾ 7. ਬਾਹੁਰਾ 8. ਵਧਨ 9. ਛੋਲੀ 10. ਮੱਖਾ 11. ਰਾਜੀ 12. ਸ਼ਾਹੀ। ਇਹਨਾਂ ਬਾਰਾਂ ਮੂਹੀਆ ਦੇ ਲੋਕ ਦਰਅਸਲ ਵਰਯਾਹ ਰਾਜਪੂਤ ਗੋਤ ਵਾਲੇ ਹੀ ਰਾਜਾ ਪਿਰਥੀਪਤ ਰਘੂਬੰਸੀ ਦੀ ਔਲਾਦ ਹੈ ਜੋ ਕਿ ਲਾਹੌਰ, ਅੰਮ੍ਰਿਤਸਰ, ਫਿਰੋਜ਼ਪੁਰ, ਗੁਰਦਾਸਪੁਰ, ਬਿਆਸ ਸਤਲੁਜ, ਰਾਵੀ ਦੇ ਇਲਾਕੇ ਵਿਚ ਪਹਾੜ ਦੀ ਹਦ ਤੋਂ ਲੈ ਕੇ ਬਠਿੰਡਾ, ਸੰਗਰੂਰ, ਪਟਿਆਲਾ, ਨਾਭਾ, ਜੀਂਦ, ਮਾਲੇਰਕੋਟਲਾ, ਲੁਧਿਆਣਾ, ਜਲੰਧਰ, ਹੁਸ਼ਿਆਰਪੁਰ, ਸਿਆਲਕੋਟ, ਗੁਜਰਾਂ ਵਾਲਾ ਸ਼ੇਖੂਪੁਰਾ ਵਿਚ ਵੱਸ ਗਏ। ਇਸ ਤੋਂ ਸਾਬਤ ਹੁੰਦਾ ਹੈ ਕਿ ਲਵ ਅਤੇ ਕੁਸ਼ ਦੀ ਲੜਾਈ ਜੋ ਕਿ ਲਾਹੌਰ ਤੇ ਕਸੂਰ ਦੇ ਇਲਾਕੇ ਵਿਚ ਲੜੀ ਗਈ ਸੀ। ਇਸ ਤੋਂ ਬਾਅਦ ਇਹ ਬਚੇ ਹੋਏ ਲੋਕ ਇਸ ਇਲਾਕੇ ਵਿਚ ਵੱਸ ਗਏ ਤੇ ਏਥੇ ਹੀ ਆਬਾਦ ਹੋ ਗਏ। ਜਿਸ ਤਰ੍ਹਾਂ ਕਿ ਲਵ ਦੀ ਵੰਸ਼ ਕਰਾਂ—ਸਿਧੂ—ਪਨੂੰ ਹਨ ਤੇ ਕਸ਼ੂ ਦੀ ਔਲਾਦ ਔਲਖ—ਗਿਲ (ਸ਼ੇਰ ਗਿਲ)—ਚਾਹਲ—ਢਿਲੂ

ਹਨ । ਇਹ ਸੱਤੇ ਗੋਤਾਂ ਪੰਜਾਬ ਵਿਚ ਮਿਲਦੀਆਂ ਹਨ । ਜਿਨ੍ਹਾਂ ਨਾਲ ਸਾਰੀਆਂ ਰਾਜਪੂਤ ਤੇ ਜਾਟ ਗੋਤਾਂ ਸਾਂਝ ਰਖਦੀਆਂ ਹਨ ਜੋ ਕਿ ਬਾਅਦ ਵਿਚ ਆਪਣੇ ਵਡੇਰਿਆਂ ਦੇ ਨਾਂ ਤੇ ਪ੍ਰਸਿੱਧ ਗੋਤਾਂ ਬਣ ਗਈਆਂ । ਦਰਅਸਲ ਰਾਜਪੂਤ ਤੇ ਜਾਟ ਦੋਵੇਂ ਜਾਤਾਂ ਅਸਲ ਵਿਚ (ਰਘੂਬੰਸੀ) ਹਨ । ਇਹ ਸਤ ਵਡੀਆਂ ਗੋਤਾਂ ਹੀ ਅਸਲ ਵਿਚ ਸਭ ਰਾਜਪੂਤ ਤੇ ਜਾਟਾਂ ਦੇ ਖਾਨਦਾਨਾਂ ਦੀ ਬੁਨਿਆਦ ਹਨ ਜੋ ਕਿ ਔਲਖ—ਗਿੱਲ (ਸ਼ੇਰਗਿਲ) ਚਾਹਲ—ਢਿਲੂ ਕਸ਼ੂ ਦੀ ਔਲ ਦ ਹਨ ਤੇ ਕੰਗ—ਸਿਧੂ—ਪਨੂ ਲਵ ਦੀ ਔਲਾਦ ਹਨ। ਮੁਕੰਮਲ ਹਾਲਾਤ ਦੇ ਵਾਸਤੇ ਵੇਖੋ "ਪੰਜਾਬ ਚੀਫ਼ਸ" ਪੰਨਾ 352—353" ਜੋ ਕਿ ਇਕ ਅੰਗਰੇਜ਼ ਇਤਿਹਾਸਕਾਰ ਦੀ ਬਣੀ ਹੋਈ ਹੈ । ਜਿਸ ਦਾ.ਨਾਂ "ਸਰ ਗਰੀਫ਼ਨ" ਹੈ । ਜਿਹੜੀ ਅਜਕਲ ਵਡੀਆਂ ਲਾਇਬਰੇਰੀਆਂ ਵਿਚ ਅਤੇ ਸਰਕਾਰੀ ਲਾਇਬਰੇਰੀਆਂ ਵਿਚ ਮਿਲ ਜਾਂਦੀਆਂ ਹੈ ।


(ਸ਼ਜਰਾ ਨਸਬ ਗਿੱਲ ਗੋਤ)



ਇਉਂ ਵੀ ਦਸਿਆ ਜਾਂਦਾ ਹੈ ਕਿ ਵਰਯਾਹ ਰਾਜਪੂਤ ਰਾਜਾ ਬਿਨੈ ਪਾਲ ਦਾ ਗਜ਼ਨੀ ਦਾ ਆਖਰੀ ਭਾਰਤੀ ਰਾਜਾ ਸੀ। ਇਸ ਨੇ ਭੱਟੀਆਂ ਨੂੰ ਕਢਕੇ ਮਾਲਵੇ ਦੇ ਇਲਾਕੇ ਤੇ ਕਬਜ਼ਾ ਕੀਤਾ। ਇਸ ਦੇ ਚਾਰ ਪੁੱਤਰ ਦਸੇ ਹਨ :—ਪਟਗਾ, ਸਾਧਤ, ਖਾਲਾ ਅਤੇ ਮੋਤ।

ਦੇਸੀ ਇਤਿਹਾਸਕਾਰ ਦਸਦੇ ਹਨ ਕਿ ਵਿਕ੍ਰਮਾਦਿਤ ਦੇ ਵੰਸ਼ਜ ਵਰਯਾਹ ਰਾਜਪੂਤ ਰਾਜੇ ਵਿਨੈਪਾਲ ਨੇ ਸੰਨ 655 ਈ: ਵਿਚ ਕਿਲਾ ਬਿਕਰਤ, ਅਰਥਾਤ ਬਠਿੰਡਾ ਸਤਲੁਜ ਦੇ ਕੰਢੇ ਤੇ ਵਸਾਕੇ ਆਪਣਾ ਰਾਜ ਭਟਨੇਰ, ਮਲਵਾ ਅਤੇ ਪਸ਼ੌਰ[2] ਤੱਕ ਸਥਾਪਤ ਕੀਤਾ ਜੋ ਸੰਨ 1010 ਈ: ਤਕ ਸਥਾਪਤ ਰਿਹਾ। ਲਾਹੌਰ ਪ੍ਰਮੁੱਖ ਰਾਜਧਾਨੀ ਸੀ ਬੰਸਾਵਲੀ ਇਸ ਤਰ੍ਹਾਂ ਹੈ :—

ਬਿਕ੍ਰਮਾਜੀਤ
(25 ਪੁਸ਼ਤਾਂ ਪਿੱਛੋਂ)
ਵਰਯਾਹ (ਵਰਗ ਦਾ ਪੁੱਤਰ)
ਤਾਸਕਮਾਸ
ਅਜੈਪਾਲ
ਅਭੈਪਾਲ
ਵਿਨੈਪਾਲ (655 ਈ:)
ਲਖਣਪਾਲ
ਰਤਨਪਾਲ
ਨਯਪਾਲ
ਨੈਣਪਾਲ
ਵਿਜੈਪਾਲ



ਗਣਪਾਲ
ਗਿਲਪਾਲ

ਰਾਜਾ ਵਿਨੈਪਾਲ ਤੋਂ ਪੰਜਵੇਂ ਰਾਜਾ ਜਸਪਾਲ ਨੇ ਆਪਣੇ ਛੋਟੇ ਭਾਈ ਸਲਪਾਲ ਨੂੰ ਸਿਆਲ ਕੋਟ ਦਾ ਰਾਜ ਦਿੱਤਾ, ਜਦੋਂ ਕਿ 939 ਈ: ਵਿਚ ਅਰਬਾਂ ਨੇ ਰੂਸ ਤੇ ਹਮਲਾ ਕਰ ਦਿੱਤਾ। ਜਿਸ ਵਿਚ ਅਮਾਮ ਅਲੀ ਅਲਹਕ ਅਰਬ ਜਰਨੈਲ ਮਾਰਿਆ ਗਿਆ ਤੇ ਅਰਬਾਂ ਨੂੰ ਭਾਜ ਪੈ ਗਈ।

ਸੰਨ 953 ਈ: ਵਿਚ ਸਬੁਕਤਗੀਨ ਦੇ ਹਮਲੇ ਵੇਲੇ ਸਲਪਾਲ ਪਹਾੜਾਂ ਨੂੰ ਭਜ ਗਿਆ। ਪਤਾ ਲਗਣ ਤੇ ਰਾਜਾ ਜਸਪਾਲ ਬਠਿੰਡੇ ਤੋਂ ਲੈ ਕੇ, ਸਬੁਕਤਗੀਨ ਦੇ ਮਗਰ ਚਲਾ ਗਿਆ। ਇਥੋਂ ਤੱਕ ਪਿਛਾ ਕੀਤਾ ਕਿ ਸੁਲਤਾਨ ਨੂੰ ਗਜ਼ਨੀ ਦੇ ਕਿਲੇ ਵਿਚ ਜਾ ਘੇਰਿਆ। ਉਹਦੀ ਕਿਸਮਤ ਚੰਗੀ ਠੰਡ ਦਾ ਮੌਸਮ ਆ ਗਿਆ ਤੇ ਭਾਰਤੀ ਫੌਜ ਘੇਰਾ ਚੁਕ ਪਰਤ ਆਈ।

(ਚਾਰ ਬਾਗ ਪੰਜਾਬ (ਫਾਰਸੀ ਕ੍ਰਿਤ) ਗਣੇਸ਼ ਦਾਸ ਵਡੇਹਰਾ)

ਸੰਨ 1001 ਈ: ਵਿਚ ਮਹਿਮੂਦ ਗਜ਼ਨਵੀ ਨੇ ਭਾਰਤ ਦੇ ਕੁਝ ਹਿੱਸਿਆਂ ਤੇ ਹਮਲਾ ਕੀਤਾ—ਕਿੰਤੂ ਜਦ ਉਸ ਨੇ ਦੁਬਾਰਾ ਨਵਾਂ ਹਮਲਾ ਕੀਤਾ ਤਾਂ ਸੂਰਮੇ ਰਾਜਾ ਜਸਪਾਲ ਨੇ ਉਸ ਨੂੰ ਪਸ਼ਾਵਰ ਹੀ ਜਾ ਰੋਕਿਆ। ਬੜੀ ਡਟਵੀਂ ਲੜਾਈ ਹੋਈ। ਰਾਜਾ ਲੜਦਾ ਵੀਰ ਗਤੀ ਪਾ ਗਿਆ। ਫੌਜ ਵਿਚ ਭਾਜੜ ਪੈ ਗਈ। ਕਹਿੰਦੇ ਨੇ ਰਾਜੇ ਦੇ ਗਲ ਦੀ ਮੋਤੀਆਂ ਦੀ ਮਾਲਾ ਦੀ ਹੀ ਕੀਮਤ ਇਕ ਲੱਖ ਅੱਸੀ ਹਜ਼ਾਰ ਦੀਨਾਰ ਪਈ ਸੀ। ਬਾਕੀ ਦੇ ਸਾਜ ਸਾਮਾਨ ਦੀ ਕੀਮਤ ਦਾ ਕਹਿਣਾ ਹੀ ਕੀ ਹੈ। ਰਾਜੇ ਜਸਪਾਲ ਦੇ ਮਗਰੋਂ ਉਸ ਦਾ ਪੁਤਰ ਅਨੰਦਪਾਲ ਲਾਹੌਰ ਦੇ ਤਖਤ ਤੇ ਬੈਠਾ।

ਇਸ ਵੰਸ਼[1] ਦੇ ਨੌਵੇਂ ਰਾਜੇ ਗਣਪਾਲ ਦਾ ਬ੍ਰਹਮਣ ਵਜ਼ੀਰ ਰਤਨ ਪਾਲ ਮੂਲ ਨਾਥ ਚੌਹਾਨ ਸਮੇਤ ਬਗਦਾਦ ਦਾ ਮੁਸਲਮਾਨ ਹੋਇਆ—ਦੋਵੇਂ ਰਤਨ ਹਾਜੀ ਅਤੇ ਨੂਰ ਮੁਹੰਮਦ ਹਾਜੀ ਬਣੇ। ਰੌਸ਼ਨ ਅਲੀ ਜਰਨੈਲ ਨੂੰ ਨਾਲ ਲੈ ਕੇ ਭਟਨੇਰ ਅਤੇ ਬਠਿੰਡੇ ਰਾਜ ਦੀਆਂ ਜੜਾਂ ਖੋਖਲੀਆਂ ਕੀਤੀਆਂ—ਰਤਨ ਹਾਜੀ ਕਾਲੂ ਨਾਥ ਜੋਗੀ ਕੋਲੋਂ ਹਾਰ ਖਾ ਗਿਆ—ਮਗਰ ਜਾਂਦਾ ਜਾਂਦਾ, ਗਿਲ ਪਾਲ ਦੇ ਛੋਟੇ ਭਾਈ ਨੂੰ ਉਕਸਾ ਕੇ ਉਹਦੇ ਨਾਲ ਲੜਾ ਦਿਤਾ, ਜਿਸਤੇ ਗਿਲਪਾਲ ਬਠਿੰਡੇ ਦਾ ਰਾਜ ਛਡ ਕੇ ਆਪਣੇ ਪੁਤਰਾਂ ਸਮੇਤ ਸਤਿਲੁਜ ਬਿਆਸ ਦੇ ਨਾਲ ਨਾਲ ਅਗੋਂ ਪਹਾੜ ਦੀ ਕੰਢੀ ਸਿਆਲਕੋਟ ਤਕ ਜਾ ਵਸਿਆ। ਇਸਦੇ ਨੌਂ ਪੁਤ੍ਰਾਂ ਦੀਆ ਨੌਂ ਮੂਹੀਆਂ ਹਨ। ਯਥਾ—ਲਧਾਈ, ਝੱਲੀ, ਸਰਪ, ਬੇਰ, ਨਾਗ ਆਦਿ ਆਦਿ।

---

1. ਰਤਨਪਾਲ ਨੂੰ ਪਟਰਾਣੀ ਨਾਲ ਮਿਲਕੇ ਖੜਯੰਤ੍ਰ ਰਚਨ ਕਾਰਨ ਰਾਜੇ ਗਣਪਾਲ ਨੇ ਜੁਤੀਆਂ ਮਾਰਕੇ ਕੱਢ ਦਿੱਤਾ ਸੀ। ਜਿਸ ਕਰਕੇ ਉਸਨੇ ਇਸ ਰਾਜ ਨੂੰ ਤਬਾਹ ਕਰਨ ਦਾ ਪ੍ਰਣ ਕੀਤਾ– ਰਾਜੇ ਗਣਪਾਲ (ਪ੍ਰਥਵੀ ਪਤ) ਦਾ ਬਠਿੰਡੇ ਤੋਂ ਰਾਜ ਨਸ਼ਟ ਹੋਣ ਤੋਂ ਪਿਛੋਂ ਰਤਨ ਹਾਜੀ ਆਪਣੀ ਦਰਗਾਹ ਬਣਾ ਕੇ ਰਹਿਣ ਲਗਾ। ਇਹ ਬੜਾ ਚੇਟਕੀ ਹੋ ਗਿਆ – ਮਗਰ ਕਾਲੂ ਨਾਥ ਸਿਧ ਕੋਲੋਂ ਹਾਰ ਗਿਆ ਅਤੇ ਫਿਰ ਹਿੰਦੂ ਹੋ ਗਿਆ। ਇਸਦਾ ਚੇਲਾ ਰਤਨ ਨਾਥ ਬਠਿੰਡਾ ਛੱਡ ਮਹਿਲਾਂ ਵਾਲੇ ਦੀ ਢਾਬ ਤੇ ਜਾ ਰਿਹਾ। ਉਸ ਸਮੇਂ ਇਸ ਥਾਂ ਨੂੰ ਰਤਨਾਸਰ ਆਖਦੇ ਸਨ। ਇਥੇ ਪਿਛੋਂ ਕਾਲੂ ਨਾਥ ਨੇ ਆ ਕੇ ਨਥਾਣਾ ਵਸਾਇਆ।

ਰਤਨ ਹਾਜੀ ਦੇ ਇਕ ਪੜਚੇਲੇ ਸੁਲਤਾਨ ਨਾਥ ਨੂੰ 1500 ਈ: ਵਿਚ ਸਿੱਖ ਬਣਾਇਆ।

ਮੁਸਲਮਾਨੀ ਰਾਜ ਸਮੇਂ ਗਿਲਾਂ ਦੀ ਦੋ ਥਾਈਂ ਮੋਗੇ ਅਤੇ ਪਾਇਲ ਦੇ ਇਲਾਕਿਆਂ ਵਿੱਚ ਚੌਧਰ ਸੀ। ਪਾਇਲ ਦੇ ਇਲਾਕੇ ਵਿੱਚ ਧਮੋਟ ਵਾਲੇ ਚੌਧਰੀ ਮਸ਼ਹੂਰ ਹਨ। ਕਹਿੰਦੇ ਹਨ ਬਾਰ੍ਹਵੀਂ ਸਦੀ ਦੇ ਆਰੰਭ ਵਿੱਚ, ਰਾਜੇ ਗਿੱਲ ਪਾਲ ਦੇ ਪੁੱਤਰ ਰਾਏ ਭਲੀ ਦੀ ਅੰਸ਼ ਨੇ ਇਥੇ ਆ ਕੇ ਪਾਇਲ ਨੂੰ ਕੇਂਦਰ ਬਣਾ ਕੇ ਚੋਮੋਂ ਨਾਮੇ ਪਿੰਡ ਵਸਾਇਆ ਤੇ ਚੌਧਰ ਕਾਇਮ ਕੀਤੀ। ਰਾਏ ਮੱਖੇ ਦਾ ਵੱਡਾ ਪੁੱਤਰ ਹਰਪਾਲ ਚੌਧਰੀ ਹੋਇਆ ਤੇ ਉਸ ਦੇ ਵੱਡੇ ਪੁੱਤਰ ਸਹਿਜੇ ਨੇ ਸਿਹੌੜਾ ਅਤੇ ਛੋਟੇ ਤ੍ਰਿਹਣ ਨੇ ਧਮੋਟ ਵਸਾਇਆ।

ਇਸੇ ਵੰਸ ਦੇ ਚੌਧਰੀ ਚਤਰੇ ਦਾ ਪੁੱਤਰ ਰਾਜਰੂਪਾ ਕਾਂਗੜ ਵਾਲੇ ਮਹਿਰ ਮਿੱਠੇ ਧਾੜੀਵਾਲ ਦੀ ਪੋਤਰੀ ਬੀਬੀ ਗੌਰੀ ਨਾਲ ਵਿਆਹਿਆ ਗਿਆ। ਜਿਹੜੀ ਜ਼ਮੀਨ ਬੀਬੀ ਗੌਰੀ ਨੂੰ ਦਾਜ ਵਿੱਚ ਦਿੱਤੀ ਸੀ ਉਹ ਕਾਂਗੜ ਤੋਂ ਬਦਲਾ ਕੇ ਮਹਿਰ ਮਿਠੇ ਨੇ 50 ਕੋਹਾਂ ਤੇ ਧਮੋਟ ਪਹੁੰਚਾ ਦਿੱਤੀ। ਉਹ ਹੁਣ ਤੱਕ ਧਮੋਟ ਵਾਲੇ ਚੌਧਰੀਆਂ ਦੇ ਕਬਜ਼ੇ ਵਿੱਚ ਗੌਰੀ ਵਾਲਾ ਨਾਮ ਛੋਟਾ ਜਿਹਾ ਪਿੰਡ ਹੈ।

ਇਥੋਂ ਦੇ ਵਸਨੀਕ ਬਾਬਾ ਸੁਖਾ ਸਿੰਘ ਜੀ ਨੇ, ਚੈਨ ਖਾਨ ਸੂਬਾ ਸਰਹਿੰਦ ਕੋਲੋਂ, ਪੰਡਤ ਰਾਮ ਕਿਸ਼ਨ ਦੀ ਜਨਾਨੀ ਸਾਵਤ੍ਰੀ ਜੰਗ ਕਰਕੇ ਛੁਡਾਈ—ਮਗੋਂ ਆਪ 500 ਸੂਰਬੀਰਾਂ ਸਮੇਤ ਸੱਠ ਸਾਲ ਦੀ ਉਮਰ ਵਿਚ ਸ਼ਹੀਦੀ ਪ੍ਰਾਪਤ ਹੋਏ। ਇਸੇ ਨਗਰ ਦੇ ਬਾਬਾ ਮੱਲਾ ਸਿੰਘ ਜੀ ਨੇ ਲਾਹੌਰੋਂ ਦਿੱਲੀ ਨੂੰ ਜਾਂਦੇ ਸਿੰਘਾਂ ਦੇ ਸਿਰਾਂ ਦੇ ਅੱਸੀ ਗੱਡੇ ਸ਼ਾਹੀ ਫੌਜ ਤੋਂ ਖੋਹ ਕੇ ਸੰਸਕਾਰ ਕੀਤੇ ਆਪ ਮਗਰੋਂ ਜੰਗ ਵਿਚ ਸ਼ਹੀਦ ਹੋ ਗਏ। ਇਹਨਾਂ ਦੋਹਾਂ ਗੁਰਮੁਖਾਂ ਦੀ ਸੰਤਾਨ ਧਮੋਟ ਨਗਰ ਵਿੱਚ ਹੈ।

ਮਜੀਠੇ ਵਾਲੇ ਸ਼ੇਰ ਗਿੱਲ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਿਦਕੀ ਸੇਵਕ ਭਾਈ ਖੁਸ਼ਾਲੀ ਜੀ ਦੀ ਅੰਸ ਹਨ। ਕਹਿੰਦੇ ਹਨ, ਕੀਰਤਪੁਰ ਸਾਹਿਬ ਮਹਾਰਾਜ ਨੇ ਭਾਈ ਜੀ ਨੂੰ ਆਖਿਆ ਕਿ ਸੰਗਤਾਂ ਆਉਣ ਵਾਲੀਆਂ ਹਨ ਛੱਪਰ ਤਿਆਰ ਕਰੋ। ਭਾਈ ਜੀ ਆਪੇ ਹੀ ਜਾ ਕੇ ਪੰਨੀ ਤੇ ਸਰ ਵੱਢਨ ਲੱਗ ਗਏ। ਫਿਰ ਆਪੇ ਹੀ ਵਾਣ ਵੱਟ ਕੇ ਛੱਪਰ ਬੰਨ੍ਹ ਦਿੱਤੇ। ਕੁਝ ਪੰਨੀ ਅਤੇ ਸਰ ਵੱਢਣ ਨਾਲ ਕੁਝ ਮੁੰਝ ਕੁਟ ਵਾਣ ਵੱਟਣ ਕਾਰਣ ਅਤੇ ਫਿਰ ਛੱਪਰ ਬੰਨ੍ਹਣ ਲਗਿਆਂ ਭਾਈ ਜੀ ਦੀਆਂ ਉਂਗਲਾਂ ਵਿਚੋਂ ਲਹੂ ਵਗ ਵਗ ਕੇ ਛੱਪਰਾਂ ਦੇ ਬੰਦਾਂ ਤੇ ਲੱਗਦਾ ਗਿਆ। ਇਕ ਦਿਨ ਮਹਾਰਾਜ ਛੱਪਰ ਵੇਖਣ ਆਏ ਤਾਂ ਸਿੱਖਾਂ ਦੇ ਬ੍ਰਿਤਾਂਤ ਸੁਣਾਨ ਤੇ ਆਖਿਆ, "ਭਾਈ ਖੁਸ਼ਾਲੀ ਨਿਹਾਲ, ਭਾਈ ਖੁਸ਼ਾਲੀ ਵਰ ਮੰਗ।" ਭਾਈ ਜੀ ਨੇ ਅਰਜ਼ ਕੀਤੀ, "ਪਾਤਸ਼ਾਹ ਮੈਂ ਵਰ ਦੇ ਲਾਇਕ ਕੋਈ ਕੰਮ ਨਹੀਂ ਕੀਤਾ। ਮੇਰਾ ਸਰੀਰ ਕੱਚਾ ਪਿਲਾ ਹੈ ਜੋ ਲਹੂ ਟਪਕਿਆ ਹੈ।" ਮਹਾਰਾਜ ਨੇ ਫੁਰਮਾਇਆ, "ਭਾਈ ਖੁਸ਼ਾਲੀ ਤੈਨੂੰ ਪਰਮ ਪਦ ਬਖਸ਼ਿਆ। ਤੇਰੀ ਕੁਲ ਵਿਚ ਬੜੇ ਪੱਕੇ ਸੂਰਬੀਰ ਸਰਦਾਰ ਹੋਣਗੇ"

ਇਸੇ ਕੁਲ ਦੇ ਸੂਰਬੀਰ ਸ: ਅਮਰ ਸਿੰਘ ਹੋਇਆ ਹੈ ਜਿਸਦੇ ਦਰਖਤਾਂ ਤੇ ਕੜਾਹਿਆਂ ਵਿੱਚ ਮਾਰੇ ਹੋਏ ਤੀਰ ਕਈ ਪੁਰਾਤਨ ਸਿੰਘਾਂ ਨੇ ਵੇਖੇ ਹਨ। ਬੀਰ ਬਹਾਦਰ, ਦੇਸਾ ਸਿੰਘ, ਸਿੱਖ ਰਾਜ ਦਾ ਭਾਰੀ ਜਰਨੈਲ, ਨਿਆਏ ਰੱਖਿਅਕ ਅਤੇ ਪ੍ਰਬੰਧਕ ਸੀ। ਉਸ ਦਾ ਸੁਯੋਗ ਸਪੁੱਤਰ ਲਹਿਣਾ ਸਿੰਘ ਸਿੱਖ ਰਾਜ ਦਾ ਬੜਾ ਭਾਰਾ ਇੰਜੀਨੀਅਰ, ਖਾਸ ਕਰਕੇ ਤੋਪਖਾਨੇ ਦਾ ਅਤੇ ਕਈ ਭਾਸ਼ਾਵਾਂ ਦਾ ਸਰਬੋਤਮ ਗਿਆਤਾ ਸੀ। ਅੰਗਰੇਜ਼ੀ ਰਾਜ ਸਮੇਂ ਸਰ ਸੁੰਦਰ ਸਿੰਘ ਮਜੀਠੇ ਨੇ ਸਿੱਖ ਕੌਮ ਦੀ ਬੇਮਿਸਾਲ ਸੇਵਾ ਕੀਤੀ ਅਤੇ ਦੇਸ਼ ਪੰਜਾਬ ਦਾ ਮਹਾਨ ਸਪੂਤ ਹੋਵਣ ਦਾ ਨਾਮਣਾ ਖੱਟ ਗਿਆ। ਵਰਤਮਾਨ ਕਾਲ ਵਿੱਚ ਸਰਦਾਰ ਸੁਰਜੀਤ ਸਿੰਘ ਮਜੀਠੀਆ, ਆਪਣੇ ਵਡਾਰੂਆਂ ਦੀਆਂ ਪੈੜਾਂ ਤੇ ਚੱਲਣ ਦਾ ਯਤਨ ਤਾਂ ਕਰਦੇ ਹਨ, ਪਰ ਕੁਝ ਆਧੁਨਿਕ ਸਭਿਅਤਾ ਦੀ ਚੱਕਾ ਚੌਂਦ ਅਤੇ ਮੌਜੂਦਾ ਸਿਆਸਤ ਦੀਆਂ ਭੁੱਲ ਭੁਲਈਆਂ ਕਾਰਨ ਪੰਥ ਅਤੇ ਦੇਸ਼ ਵਿਚ ਉਘਾ ਨਾਮਣਾ ਨਹੀਂ ਨਹੀਂ ਖੱਟ ਸਕੇ।

ਸਾਂਦਲਬਾਰ ਵਿੱਚ ਗਿੱਲਾਂ ਦਾ ਕੇਵਲ ਇੱਕ ਪਿੰਡ ਕੱਕੜ ਗਿੱਲ ਕਰਕੇ ਪ੍ਰਸਿੱਧ ਸੀ। ਜਿੱਥੋਂ ਤੱਕ ਮੈਨੂੰ ਗਿਆਤ ਹੈ। ਇਥੋਂ ਦੇ ਕਾਫ਼ੀ ਵਸਨੀਕ ਸੰਨ 1910 ਦੇ ਅੱਗੇ ਪਿਛੇ ਤੱਕ ਮੋਨੇ ਹੀ ਸਨ। ਨਵੀਂ ਪਨੀਰੀ ਨੇ ਬਾਰ ਆਬਾਦ ਹੋਵਨ ਤੇ ਸਿੱਖੀ ਧਾਰਨ ਕੀਤੀ। ਇਹ ਨਗਰ ਪੁਰਾਣੀ ਆਬਾਦੀ ਦਾ ਹੈ।

ਪਿੰਡ ਕੱਕੜ (ਨਜ਼ਦ ਖਾਨਕਾਹ ਡੋਗਰਾਂ)

ਬਾਬਰ ਸੰਨ 1530 ਈ: ਵਿਚ ਮਰ ਗਿਆ। ਮਗਰੋਂ ਹਮਾਯੂੰ ਰਾਜ ਨਾ ਸੰਭਾਲ ਸਕਿਆ, ਜਿਸ ਤੇ ਮੁਸਲਮਾਨ ਹਿੰਦੂਆਂ ਤੇ ਸਖਤੀ ਕਰਨ ਲੱਗ ਪਏ। ਆਪਣਾ ਧਰਮ ਬਚਾਉਣ ਖਾਤਰ ਪਿੰਡ ਕੱਕੜ ਗਿੱਲ (ਜੋ ਲਾਹੌਰ ਤੋਂ ਫ਼ਤਿਹਗੜ੍ਹ ਚੂੜੀਆਂ ਜਾਣ ਵਾਲੀ ਸੜਕ ਤੇ ਆਬਾਦ ਸੀ) ਵਿਚੋਂ ਬਾਬਾ ਉਠਿਆ ਅਤੇ ਵਿਰਕ ਤਪੇ, ਸਾਂਦਲਬਾਰ ਵਿਚ ਆ ਵਸਿਆ ਤੇ ਆਪਣ ਨਵੇਂ ਬਣੇ ਨਗਰ ਦਾ ਨਾਮ ਆਪਣੇ ਪੂਰਵਜੀ ਪਿੰਡ ਕੱਕੜਾਂ ਦੇ ਨਾਮ ਤੇ ਕੱਕੜ ਹੀ ਰੱਖਿਆ। ਜੋ ਸੰਨ 1530 ਦੇ ਨੇੜੇ ਤੇੜੇ ਬਾਬੇ ਬੁੱਢੇ ਨੇ ਕੱਕੜ ਗਿੱਲ ਜ਼ਿਲ੍ਹਾ ਅੰਮ੍ਰਿਤਸਰ ਨੇ ਵਸਾਇਆ ਸੀ।

ਕੱਕੜਾਂ ਵਿੱਚ ਇਕ ਬੜੇ ਮਹਾਨ ਪੁਰਸ਼ ਸਰਦਾਰ ਊਧਮ ਸਿੰਘ ਹੋ ਗੁਜਰੇ ਹਨ। ਬੜੇ ਧਰਮਾਤਮਾ, ਮਿਠ ਬੋਲੇ, ਮਿਰਦੁਲ ਸੁਭਾਅ ਅਤੇ ਹਰਮਨ ਪਿਆਰੇ ਗੁਰਸਿੱਖ ਸਨ। ਜਦ ਤੱਕ ਆਪ ਜੀਵਤ ਰਹੇ ਸਦਾਵਰਤ ਚਾਲੂ ਰਖਿਆ। ਹਰ ਕਿਸੇ ਨੂੰ ਰੋਟੀ, ਸੌਣ ਵਾਸਤੇ ਬਿਸਤਰਾ ਅਤੇ

...ਨੂੰ ਤੂੜੀ ਦਾਣਾ ਮਿਲਦਾ ਰਿਹਾ । ਖਾਲਸ ਅਨਪੜ੍ਹ ਜੱਟ ਹੋਵਨ ਤੇ ਵੀ ਸਤਯਪ੍ਰਿਯ, ਗਰੀਬ ਰਖਿਅਕ ਅਤੇ ਅੰਗ ਪਾਲਕ ਸਨ ਉਹਨਾਂ ਦੇ ...ਕਾਲ ਵਿਚ ਉਹਨਾਂ ਦੇ ਦਰਵਾਜ਼ੇ ਤੋਂ ਕਦੇ ਕੋਈ ਖਾਲੀ ਨਹੀਂ ਸੀ ਗਿਆ । ਗੋਯਾ ਉਹ, ਭਾਵਰਸਾਮ੍ਰਿਤ ਦੇ ਇਸ ਸੂਯੇ ਦੀ ਜਿਊਂਦੀ ...ਦੀ ਮੂਰਤ ਸਨ :—

ਸੂਯਾ

ਫਲ ਭੂਰ ਭਏ ਤਰ ਭੂਮ ਲਟੇ
ਅਰਥੀ ਨਹਿ ਲੇਵਨ ਮੇਂ ਦੁਖ ਪਾਵੈ ।[1]

ਨਵ ਨੂਤਨ ਨੀਰ ਭਰੇ ਬਦਰਾ
ਲਟ ਭੂਮ ਵਿਖੇ ਜਲ ਧਾਰ ਬਹਾਵੈਂ ।[2]

ਨਰ ਉਤਮ ਸੰਪਤ ਪਾਏ ਭਲੇ
ਤਜ ਉਧਰਤਾ ਉਪਕਾਰ ਕਮਾਵੈਂ ।[3]

ਗੁਣ ਨੀਰ ਫਲੰ ਧਨ ਦਾਨ ਕਰੇ
ਸੁਖ ਸੰਪਤ ਔ ਜਗ ਮੈ ਸੁਖ ਪਾਵੈ ।[4]

ਕਹਿੰਦੇ ਹਨ ਕਿ ਇਕ ਵੇਰਾਂ ਪਿੰਡ ਦੇ ਤੇਲੀਆਂ ਨੇ ਆਕੇ ਅਰਜ਼ ਕੀਤੀ ਕਿ ਤੁਸਾਡਾ ਛੋਟਾ ਲੜਕਾ ਜਗੀਰ ਸਿੰਘ ਕੁਝ ਨਜਾਇਜ਼ ਹਰਕਤਾਂ ...ਦਾ ਹੈ। ਕਹਿਣ ਲਗੇ "ਅਛਾ ਮੈਨੂੰ ਪੁੱਛ ਲੈਣ ਦਿਉ ।" ਤੁਸੀਂ ਪਰਸੋਂ ਆਵਿਆ ਜੇ : ਉਸੇ ਦਿਨ ਸ਼ਾਮ ਲੜਕਾ ਪੁਛਣ ਤੇ ਮੁਕਰ ਗਿਆ। ...ਦਾਰ ਨੇ ਉਸਨੂੰ ਸਮਝਾਇਆ ਕਿ ਵੇਖ ਇਹ ਗਰੀਬ ਸਾਡੇ ਆਸਰੇ ਬੈਠੇ ਹਨ । ਸਾਡਾ ਕੰਮ ਇਹਨਾਂ ਨੂੰ ਤੰਗ ਕਰਨਾ ਨਹੀਂ ਸਗੋਂ ਇਹਨਾਂ ਦੀ ...ਤ ਆਬਰੂ ਦੇ ਅਸੀਂ ਰਾਖੇ ਹਾਂ। ਵੇਖ ! ਜੇ 'ਪਛੇ ਤੈਥੋਂ ਕੋਈ ਭੁਲ ਹੋ ਗਈ ਹੈ ਤਾਂ ਅਗੋਂ ਨੂੰ ਨਹੀਂ ਕਰਨੀ। ਜੇ ਕੀਤੀ ਏ ਤਾਂ ਆਪਣੇ ...ਤੇ ਦਾ ਫਲ ਪਾਵੇਂਗਾ । ਮੇਰਾ ਕੋਈ ਜ਼ਿਮਾ ਨਹੀਂ ਹੋਵੇਗਾ ।"

ਲੜਕੇ ਨੇ ਉਸ ਵੇਲੇ ਪਿਤਾ ਦੀ ਨਸੀਹਤ ਨੂੰ ਸਵੀਕਾਰ ਕੀਤਾ ਅਤੇ ਚਲਾ ਗਿਆ। ਮਗਰ, ਭਰਥਰੀ ਦੇ ਕਥਨ "ਭੋਗੀ ਬੂੰਦ ਭੰਗ ਮਨ ...ਨ ਤਜੇ ਧਲ" ਦਾ ਦ੍ਰਿਸ਼ਟਾਂਤ, ਬਣ ਫਿਰ ਆਪਣੀ ਕੁਚਾਲੇ ਲਗ ਗਿਆ । ਤੀਸਰੇ ਦਿਨ ਉਹ ਫਰਿਆਦੀ ਫਿਰ ਆਏ ਤਾਂ ਸਰਦਾਰ ਨੇ ਪੁਛਿਆ ...ਭਾਈ ਉਹ ਹਟ ਗਿਆ ਹੈ ਕਿ ਨਹੀਂ ?"

...ਆਦੀ — "ਜੀ ਨਹੀਂ ਹਟਿਆ"

...ਉਤਮ ਸਿੰਘ — "ਜਾਉ ਤੁਸਾਨੂੰ ਖੁਲ੍ਹ ਹੈ । ਤੁਸੀਂ ਜੋ ਚਿਤ ਵਿਚ ਆਵੇ ਉਸ ਨਾਲ ਸਲੂਕ ਕਰੋ। ਮੇਰਾ ਤੁਸਾਡਾ ਬਚਨ ਹੋਇਆ। ਮੈਂ ਤੁਸਾਡੇ ਖਿਲਾਫ਼ ਕੋਈ ਕਾਰਵਾਈ ਨਹੀਂ ਕਰਾਂਗਾ । ਅਗਰ ਕੋਈ ਹੋਰ ਕਰੇਗਾ ਤਾਂ ਮੈਂ ਤੁਸਾਡੇ ਨਾਲ ਹੋਵਾਂਗਾ।"

ਤੇਲੀ (ਫਰਿਆਦੀ) ਵਡੇ ਸਰਦਾਰ ਦੀ ਸਲਾਹ ਮੰਨ ਘਰ ਚਲੇ ਗਏ ਤੇ ਆਪਣੇ ਬੰਦਿਆਂ ਨਾਲ ਸਲਾਹ ਮਸ਼ਵਰਾ ਕਰਕੇ ਥੜੇ ਤੇ ਬਹਿ ਗਏ। ...ਜਾਣੇ ਮੁੰਡੇ ਨੂੰ ਥੜੇ ਦਾ ਪਤਾ ਸੀ ਜਾਂ ਨਹੀਂ ਮਗਰ ਉਹਨੂੰ ਇਤਨਾ ਪਤਾ ਸੀ ਕਿ ਇਹ ਵਡੇ ਸਰਦਾਰ ਕੋਲ ਮੇਰੀ ਸ਼ਿਕਾਇਤ ਦੇਰ ਕਰਕੇ ਆਏ ...ਨ। ਪਿਤਾ ਦਾ ਭੈ ਦਿਲੋਂ ਦੂਰ ਕਰਕੇ ਆਪਣੀ ਮੰਦ ਵਾਸਨਾਂ ਦੀ ਤ੍ਰਿਪਤੀ ਲਈ ਨਿਸੰਗ ਹੋ ਤੁਰ ਪਿਆ।

ਗੁਰਵਾਕ ਹੈ,

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ।' (1376)

---

1. ਫਲੀ ਭੂਤ ਹੋਇਆ ਤਰਵਰ, (ਦਰਖਤ) ਧਰਤੀ ਵਲ ਝੁਕਦਾ ਹੈ ਕਿ ਲੋੜਵੰਦ ਫਲ ਹਾਸਲ ਕਰਨ ਲਈ ਔਖਾ ਨਾ ਹੋਵੇ।
2. ਸਜਰੇ ਜਲ ਨਾਲ ਭਰੇ ਹੋਏ ਬਦਲ ਧਰਤੀ ਉਤੇ ਜਲ ਵਰਸਾਂਦੇ ਹਨ।
3. ਉਤਮ ਮਨੁਖ ਧੰਨ, ਧਾਣ, ਸੰਪਤਿ ਨੂੰ ਪਾ, ਹੰਕਾਰ ਨੂੰ ਭਲੀ ਭਾਂਤ ਤਜ ਕੇ ਉਪਕਾਰ ਕਮਾਂਦੇ ਹਨ।
4. ਉਸ ਉਤਮ ਪੁਰਸ਼ ਨੂੰ, ਜਿਹੜਾ, ਪਾਣੀ, ਫਲ ਅਤੇ ਧਨ ਆਦਿ ਦਾਨ ਕਰਦਾ ਹੈ, ਸੁਖ ਸੰਪਦਾ ਦਾ ਵਾਧਾ ਅਤੇ ਜਗ ਦੀ ਸੋਭਾ ਪ੍ਰਾਪਤ ਹੁੰਦੀ ਹੈ।

ਅਗੇ ਜਾਂਦਿਆਂ ਨੂੰ ਉਹ ਤਿਆਰ ਬੈਠੇ ਸਨ। ਅਤੇ ਭਰਥ ਹੀ ਜੀ ਦੇ ਕਹਿਣ ਵਾਂਙ :—

ਦੀਪ ਮਹਿ ਪਤੰਗ ਪਰੈ ਜਰੈ ਨ ਪ੍ਰਤਾਪ ਜਾਨੈ
ਮੀਨ ਸੁ ਅਗਯਾਨ ਭਖੇ ਕੁੰਡੀ ਮਿਲ ਮਾਸਕੋਂ ।[1]

ਗਜ, ਗਜੀ ਹੇਤ ਪਰੋ ਖਾਤ, ਖਾਤ ਅੰਕਸਕੋ,
ਰਾਗ ਮਹਿ ਕੁਰੰਗ ਰਾਗ ਹਰੈ ਨਿਜ ਸ਼ਾਸ ਕੋ ।[2]

ਪੰਕਜ ਕੀ ਗੰਧ ਬੀਚ, ਨੀਚ ਭ੍ਰਿੰਗ ਮੀਚ ਗਹੈ,
ਇਤਿਆਦ ਅਗਰ ਨਾਸ ਕਰੈ ਨਿਜ ਸੁਾਸ ਕੋ ।[3]

ਅਹੋ ਹਾਸ ਮਗਨ ਮਹਾ ਮੋਹ ਕੋ ਪ੍ਰਤਾਪ ਲਾਹਾ,
ਸੁਭ ਅਸ਼ੁਭ ਜਾਨੋਂ ਪੈ ਨਾ ਹਾਨੋਂ ਭੋਗ ਆਸ ਕੋ ।[4]

ਧਾਹਰੂਆਂ ਨੇ ਔਂਦੇ ਨੂੰ ਬੋਚ ਲਿਆ ਤੇ ਕਿੱਕਰ ਨਾਲ ਟੰਗ ਕੇ ਫਾਹੇ ਦੇ ਦਿਤਾ। ਭਰਾਵਾਂ ਨੂੰ ਅਗਲੇ ਦਿਨ ਪਤਾ ਲੱਗਾ। ਲਾਸ਼ ਲਾਹ ਕੇ ਸੰਸਕਾਰ ਕਰ ਛਡਿਆ।

ਜਾਗੋ ਵਾਲੀਏ ਬੰਤਾ ਸਿੰਘ ਸੁਰਾ ਦੀ ਲੜਕੀ ਜਗੀਰ ਸਿੰਘ ਨੂੰ ਵਿਆਹੀ ਹੋਈ ਸੀ। ਉਸ ਨੇ ਵਿਰਸਾ ਸਿੰਘ ਬੁੰਨਾ (ਈਸਰਕੇ) ਤ੍ਰਲੋਕ ਸਿੰਘ ਸੁਹੰਦੇ ਕੋਟਵਾਲਾ ਅਤੇ ਵਰਯਾਮੂ ਖਰਲ ਪੁਤਰ ਬਿਰਾਜ (ਬੁਰਾਲਾ) ਨੂੰ ਨਾਲ ਲੈ ਕੇ ਜਗੀਰ ਸਿੰਘ ਦੇ ਕਾਤਲ ਤੇਲੀ ਨੂੰ ਕੁਰਲ ਕਿਆਂ ਵਿਚੋਂ ਜਾ ਚੁਕਿਆ ਅਤੇ ਫਿਰ ਕਤਲ ਕਰ ਦਿਤਾ। ਮੁਕੱਦਮਾ ਸ਼ਹਾਦਤਾਂ ਬਗੈਰ ਚਲ ਨਾ ਸਕਿਆ। ਇਹ ਵਾਕਿਆ ਤਕਰੀਬਨ ਸੰਨ 1923 ਜਾਂ 1924 ਦੇ ਨੇੜੇ ਤੇੜੇ ਦਾ ਹੈ।

ਇਸੇ ਨਗਰ ਇਸੇ ਗੋਤ ਦਾ ਇਕ ਸ: ਅਮਰ ਸਿੰਘ ਕਾਂਗਰਸੀ ਹੈ। ਜਿਸ ਨੂੰ ਕਾਂਗਰਸ ਲਹਿਰ ਸਮੇਂ ਕੈਦ ਕੱਟਣ ਬਦਲੇ ਸਰਕਾਰੋਂ ਪੈਨਸ਼ਨ ਮਿਲਦੀ ਹੈ। ਪਿੰਡ ਕੱਕੜਾਂ ਦੇ ਬਹੁਤ ਸਾਰੇ ਘਰ ਡਾਚਰ ਜ਼ਿਲਾ ਕਰਨਾਲ ਵਿਚ ਆਬਾਦ ਹਨ। ਅਮਰ ਸਿੰਘ ਜੀ ਨੇ ਜ਼ਮੀਨ ਅਤੇ ਘਰਾਂ ਦੀ ਤਕਸੀਮ ਵੇਲੇ ਨਗਰ ਵਾਸੀਆਂ ਦੀ ਬੜੀ ਸੇਵਾ ਕੀਤੀ। ਇਹਨਾਂ ਨੇ ਪਟਵਾਰੀ ਦੇ ਕਾਗ਼ਜ਼ਾਤ ਵਿਚੋਂ ਨੰ: ਮਕਾਨ ਅਤੇ ਮਾਲਕਾਨ ਦੇ ਨਾਮ ਆਪਣੀ ਕਾਪੀ ਵਿਚ ਉਤਾਰ ਲਏ ਤਾਂ ਕਿ ਨਗਰ ਵਾਸੀਆਂ ਨੂੰ ਕੋਈ ਔਖ ਨਾ ਹੋਵੇ।


---

1. ਜਿਸ ਤਰ੍ਹਾਂ ਪਤੰਗਾ ਦੀਵੇ ਦੇ ਸੁਭਾਅ ਨੂੰ ਨਹੀਂ ਜਾਣਦਾ ਤੇ ਦੀਵੇ ਉਤੇ ਡਿਗਕੇ ਸੜ ਮਰਦਾ ਹੈ ਅਤੇ ਮੱਛੀ ਅਗਿਆਨਤਾਵਸ ਲੋਭ ਰਤ ਹੋ ਕੁੰਡੀ ਵਾਲੇ ਮਾਸ ਨੂੰ ਖਾ ਕੇ ਆਪਣੀ ਹਤਿਆ ਕਰਵਾ ਲੈਂਦੀ ਹੈ।

2. ਹਾਥੀ ਹਥਨੀ ਦੇ ਮੋਹ ਪਿਛੇ ਖਡੇ ਵਿਚ ਡਿਗਦਾ ਹੈ ਤੇ ਆਯੂ ਪ੍ਰਯੰਤ ਸਿਰ ਵਿਚ ਅੰਕੁਸ਼ ਖਾਂਦਾ ਹੈ। ਰਾਗ ਪਿਛੇ ਮਸਤ ਹੋਇਆ ਹਰਨ, (ਵ੍ਯਾਧ ਦੇ ਜਾਲ ਵਿਚ ਫਸ) ਆਪਣੇ ਸੁਾਸ (ਪ੍ਰਾਣ) ਗੁਆ ਬੈਠਦਾ ਹੈ।

3. ਅਗਿਯਾਨੀ ਮਨੁਖ ਇਸੇ ਤਰ੍ਹਾਂ ਆਪਣੇ ਸੁਾਸਾਂ ਦਾ ਨਾਸ ਕਰਦਾ ਹੈ ਜਿਵੇਂ ਨੀਚ ਭੰਵਰਾ ਸੁਗੰਧੀ ਪਿਛੇ ਕੰਵਲ ਫੁਲ ਵਿਚ ਫਸਕੇ ਮਰਦਾ ਹੈ।

4. ਕਿਤਨੇ ਵਸਚਰਜ ਦੀ ਗੱਲ ਹੈ ਕਿ ਮੈਂ ਮੋਹ ਦੇ ਵੱਡੇ ਪ੍ਰਤਾਪ ਨੂੰ ਜਾਣਦਾ ਹੋਇਆ, ਚੰਗੇ ਮੰਦੇ ਦੀ ਸਾਰ ਰਖਦਾ ਹੋਇਆ ਵੀ ਆਪਣੇ ਭੋਗ ਦੀ ਇਛਿਆ ਨੂੰ ਖੈ (ਨਾਸ) ਨਾ ਕਰ ਸਕਿਆ।



ਮੁਲਤਾਨ

ਸਾਂਦਲਬਾਰ ਦੇ ਪੱਛਮ ਵੱਲ ਮੁਲਤਾਨ ਸ਼ਹਿਰ ਲਾਹੌਰ ਤੋਂ 207 ਅਤੇ ਕਰਾਚੀ ਤੋਂ 548 ਮੀਲ ਦੂਰ ਹੈ। ਕਈ ਵਿਚਾਰਵਾਨ ਇਸਦਾ ...ਸ਼ਨ 'ਮੂਲ ਤ੍ਰਾਣ'' ਕਰਦੇ ਹਨ ਕਿ ਪੂਰਬ ਕਾਲ ਵਿਚ ਜਿਥੇ ਭਗਤ ਦੀ ਤ੍ਰਾਣ ਅਰਥਾਤ ਰਖਯਾ ਹੋਈ ਹੋਵੇ। ਪ੍ਰਹਿਲਾਦ ਭਗਤ ਦੀ ਕਥਾ ਵਲ ...ਤ ਹੈ। ਦੀਰਘ ਦ੍ਰਿਸ਼ਟੀ ਨਾਲ ਵੇਖਿਆਂ ਸ਼ੰਕਾ ਉਲਟ ਹੈ ਕਿ ਫਿਰ ਭਗਤ ਦੀ ਰਖਯਾ ਹੋਣ ਤੋਂ ਪੂਰਬ ਇਸ ਸ਼ਹਿਰ ਦਾ ਕੀ ਨਾਮ ਸੀ?

ਪੁਰਾਣਕ ਪੱਖ ਤੋਂ ਵਿਚਾਰਿਆਂ ਇਸ ਦਾ ਨਾਮ ਮਨੂ ਦੇ ਸਤਵੇਂ ਪੁਤਰ ਕਸ਼ਯਪ ਦੇ ਨਾਮ ਤੇ ਕਸ਼ਯਪਪੁਰਾ ਸੀ। ਪ੍ਰਹਿਲਾਦ ਦਾ ਪਿਤਾ ...ਣਯਕਸ਼ਯਪ, ਕਸ਼ਯਪ ਦਾ, ਦਿਤੀ ਦੇ ਉਦਰੋਂ ਪੁੱਤਰ ਸੀ। ਦਿਤੀ ਰਾਜੇ ਦਖਸ਼ ਦੀ ਧੀ ਦਸੀ ਜਾਂਦੀ ਹੈ। ਇਸਦਾ ਇਤਿਹਾਸਕ ਸਬੂਤ ਹੈ ਕਿ ...ਾ (ਗੁਸਤਾਸਪ, ਸ਼ਾਹ ਈਰਾਨ 521—485 ਪੂਰਵ ਈਸਾ) ਨੇ ਸਿੰਧ ਉਤੇ ਕਬਜ਼ਾ ਕੀਤਾ ਤਾਂ ਉਸ ਦੇ ਇਤਿਹਾਸਕਾਰਾਂ ਨੇ ਇਸ ਦਾ ਨਾਮ ...ਪਾਪੂਰੋਸ ਅਥਵਾ ਕਸਯਸਪੁਰਾ ਵਰਣਨ ਕੀਤਾ। ਟੋਲੇਮੀ ਨੇ ਕਸਪੇਰੀਆ ਲਿਖਿਆ।

ਜਦੋਂ ਸਿਕੰਦਰ ਮਹਾਨ ਨੇ 325 ਪੂਰਵ ਈਸਾ ਇਸ ਤੇ ਹਮਲਾ ਕੀਤਾ ਤਾਂ ਇਥੋਂ ਦੇ ਸੂਰਬੀਰ ਮਲੀ ਵਸਨੀਕਾਂ ਨੇ ਉਸ ਦੀ ਸੈਨਾ ਦੇ ਖੂਬ ...ਦੰਦ ਖਟੇ ਕੀਤੇ। ਬੜੇ ਘਮਸਾਨ ਦਾ ਯੁੱਧ ਹੋਇਆ। ਐਥੋਂ ਤਕ ਕਿ ਸਿਕੰਦਰ ਖੁਦ ਵੀ ਜ਼ਖਮੀ ਹੋ ਗਿਆ। ਜਿਸ ਦੇ ਫਲਸਰੂਪ ਉਸ ਨੇ ਗੁੱਸਾ ...ਕੇ ਸ਼ਹਿਰ ਲੁਟ ਪੁਟ ਕੇ ਬਰਬਾਦ ਕਰ ਦਿਤਾ। ਸਿਕੰਦਰ ਦੇ ਇਤਿਹਾਸਕਾਰ ਇਸਨੂੰ "ਮੌਲੂਸਤਾ" ਕਰਕੇ ਲਿਖਦੇ ਹਨ ਅਤੇ ਕਹਿੰਦੇ ਹਨ ਕਿ ...ਸ਼ ਅਤੇ ਆਲੇ ਦੁਆਲੇ ਦੇ ਇਲਾਕੇ ਵਿਚ "ਮਲੀ" ਸੂਰਬੀਰ ਵੱਸਦੇ ਹਨ। ਇਥੋਂ ਸਿੱਧ ਹੋਇਆ ਕਿ ਮੁਲਤਾਨ ਨਾਮ ਸੰਨ 485—325 ਪੂਰਵ ...ਸਾ ਕਾਲ ਵਿਚ ਪਿਆ।

1. ਮੁਲਤਾਨ ਨੂੰ ਪਹਿਲਾਂ ਕਸ਼ਿਅਪਪੁਰ, ਫਿਰ ਹੰਸ ਪੁਰ, ਫਿਰ ਬਗ ਪੁਰ, ਫਿਰ ਸਾਂਬ ਪੁਰ, ਫਿਰ ਮੂਲਸਥਾਨ ਆਖਿਆ ਜਾਣ ਲਗਾ। (ਅਲਹਿੰਦ ਪੰਨਾ 203 ਉਤਪਲ ਸੰਘਿਤਾ ਦੇ ਆਧਾਰ ਤੇ।

ਮਲ੍ਹੀ ਪ੍ਰਮਾਰ ਵੰਸੀ ਰਾਜਪੂਤ ਹਨ ਅਤੇ ਆਦਿ ਕਾਲ ਵਿਚ ਇਹਨਾਂ ਦੇ ਵਡਾਰੂ ਸੂਰਜ ਉਪਾਸਨਾ ਕੀਤਾ ਕਰਦੇ ਸਨ। ਮੁਲਤਾਨ ਸ਼ਹਿਰ ਦੇ ਵਿਚਕਾਰ ਸੂਰਜ[1] ਦਾ ਇਕ ਬੜਾ ਪੁਰਾਤਨ ਤੇ ਪ੍ਰਸਿੱਧ ਮੰਦਰ ਸੀ। ਮੂਰਤੀ ਲਕੜ ਦੀ ਕਿੰਤੂ ਲਾਲ ਚਮੜੇ ਵਿਚ ਮੜ੍ਹੀ ਹੋਈ ਹੁੰਦੀ ਸੀ। ਜਿਸ ਦੀਆਂ ਅੱਖਾਂ ਦੀ ਥਾਵੇਂ ਦੋ ਲਾਲ ਅਤੇ ਸੀਸ ਪਰ ਸੋਨੇ ਦਾ ਤਾਜ ਹੋਇਆ ਕਰਦਾ ਸੀ। ਮੂਰਤੀ ਤਖਤ ਤੇ ਸੁਭਾਇਮਾਨ ਹੁੰਦੀ ਸੀ। ਮੰਦਰ ਦਾ ਚੜ੍ਹਾਵਾ ਸਾਰਾ ਹਕੂਮਤ ਲੈ ਲੈਂਦੀ। ਮਗਰ ਪਿਛੇ ਆਕੇ ਮੰਦਰ ਢਾਹ ਕੇ ਮਸੀਤ ਖੜੀ ਕਰ ਦਿੱਤੀ ਗਈ।

ਸੰਨ 976 ਈ: ਤੋਂ 1193 ਈ: ਤਕ ਮੁਲਤਾਨ ਦਾ ਇਤਿਹਾਸ ਗੁੰਮ ਸੁੰਮ ਹੈ। ਸੰਨ 1193 ਵਿਚ ਮੁਹੰਮਦ ਗੌਰੀ ਨੇ ਮੁਲਤਾਨ ਤਬਾਹ ਕੀਤਾ। ਇਥੋਂ ਦੀ ਹਕੂਮਤ ਫਿਰ ਨਾਸਰੁਦੀਨ ਦੇ ਹੱਥ ਆਈ ਤੇ 170 ਸਾਲ ਮੁਲਤਾਨ ਦਿੱਲੀ ਦਾ ਸੂਬਾ ਰਿਹਾ। ਤਿਮਰਲੰਗ, ਦੇ (1398 ਈ:) ਹਮਲੇ ਪਿਛੋਂ, ਮੁਲਤਾਨ ਅਫਗਾਨਾ ਥਲੇ ਸੁਤੰਤਰ ਰਿਹਾ। ਸੰਨ 1526 ਈ: ਵਿਚ ਬਾਬਰ ਨੇ ਮੁਲਤਾਨ ਕਬਜੇ ਕੀਤਾ, ਕਿੰਤੂ ਪੱਕੇ ਤੌਰ ਤੇ ਮੁਗਲਾਂ ਦੇ ਕਬਜ਼ੇ ਸੰਨ 1555 ਈ: ਵਿਚ ਅਕਬਰ ਦੇ ਵੇਲੇ ਆਇਆ। ਸੰਨ 1378 ਵਿਚ ਨਾਦਰਸ਼ਾਹ ਨੇ ਜਿਤਿਆ ਪਿਛੋਂ ਫਿਰ ਸੌਂਦੇ ਜਈ ਅਫ਼ਗਾਨਾਂ ਦੇ ਕਬਜੇ ਰਿਹਾ ਜਦ ਕਿ ਸੰਨ 1818 ਈ: ਨੂੰ ਸਿਖ ਰਾਜ ਵਿਚ ਸ਼ਾਮਿਲ ਕੀਤਾ ਗਿਆ। ਸ਼ੇਰੇ ਪੰਜਾਬ ਪਿਛੋਂ ਅੰਗਰੇਜਾਂ ਨੇ ਜਦੋਂ ਆਪਣੇ ਰਾਜਸੀ ਹਥਕੰਡਿਆਂ ਨਾਲ ਪੰਜਾਬ ਸੰਨ 1849 ਵਿਚ ਆਪਣੇ ਕਬਜ਼ੇ ਕੀਤਾ ਤਾਂ ਮੁਲਤਾਨ ਵੀ ਉਹਨਾਂ ਦੇ ਹਥ ਆਇਆ।

ਸਿਆਲਕੋਟ

ਚਾਰ ਬਾਗ ਪੰਜਾਬੀ ਵਿਚ ਦਿੱਤੀ ਕਾਲ ਗਣਨਾ (Chronology) ਅਨੁਸਾਰ ਪਹਿਲੀ ਵਾਰ ਸਿਆਲਕੋਟ 2501 ਪੂ: ਈ: ਪਾਂਡਵਾਂ ਦੇ ਵਡੇਰੇ ਰਾਜਾ ਸੁਲ[2] ਨੇ ਵਸਾਇਆ। ਰਾਜੇ ਸੁਲ ਦੇ ਮਹਾਂਭਾਰਤ ਯੁਧ ਵਿਚ ਵੀਰਗਤੀ ਪਾ ਜਾਵਣ ਪਿਛੋਂ ਪੂਰੇ ਮਦਰ ਦੇਸ਼ (ਪੰਜਾਬ) ਦਾ ਰਾਜ ਉਸ ਦੀ ਵੰਸ ਦੇ ਹਥ ਰਿਹਾ। ਪਸ਼ਚਾਤ ਜਦੋਂ ਜੰਮੂ ਦੇ ਰਾਜੇ ਕੁਲ ਪ੍ਰਕਾਸ਼ ਨੇ ਬਗਾਵਤ ਖੜੀ ਕੀਤੀ ਤਾਂ ਰਾਜੇ ਜਨਮੇਜੇ ਨੇ ਆਕੇ ਬਗਾਵਤ ਦਬਾ ਦਿਤੀ ਤੇ ਪੰਜਾਬ ਆਪਣੇ ਰਾਜ ਨਾਲ ਸ਼ਾਮਲ ਕਰ ਲਿਆ ਤੇ ਉਸ ਤੋਂ ਪਿਛੋਂ ਪਾਂਡਵਾਂ ਦੇ ਵਜ਼ੀਰ, ਪਸਰੋਦੇ ਦੀ ਸੱਲ੍ਹਾਂ ਪੁਸ਼ਤਾਂ ਨੇ ਰੱਜ ਕੇ ਰਾਜ ਕੀਤਾ।

ਇਸ ਬੰਸ ਦਾ ਆਖਰੀ ਰਾਜਾ ਬੁਧ ਮਲ ਨਤਾ ਨਸ਼ਈ ਸੀ। ਇਸ ਤੋਂ ਜੰਮੂ ਦੇ ਰਾਜੇ ਨੇ ਸਿਆਲਕੋਟ ਖੋਹ ਕੇ ਆਪਣੇ ਰਾਜ ਵਿਚ ਸ਼ਾਮਲ ਕੀਤਾ। ਇਸ ਦੀ ਵੰਸ ਦਾ ਰਾਜਾ ਬ੍ਰਹਮ ਪ੍ਰਕਾਸ਼ ਗੱਦੀ ਤੇ ਸੀ ਜਦੋਂ ਸੰਨ 805 ਪੂ: ਈ: ਚੰਦਰ ਭਾਗਾ ਅਤੇ ਸਤਲੁਜ ਦਰਿਆਵਾਂ ਦਾ ਦਰਮਿਆਨੀ ਰਕਬਾ ਵਡੇ ਹੜ ਦੇ ਪਾਣੀ ਨਾਲ ਕਈ ਸਾਲ ਭਰਿਆ ਰਿਹਾ।

ਸੰਨ 805 ਪੂ: ਈ ਤੇ 200 ਸਾਲ ਤਕ ਇਲਾਕਾ ਵਿਰਾਨ ਰਿਹਾ ਤੇ ਸਿਕੰਦਰ ਮਹਾਨ (325 ਪੂਰਵ ਈਸਾ) ਤਕ ਕਈ ਰਾਜੇ ਆਦੇ ਜਾਂਦੇ ਰਹੇ। ਅਖੀਰ ਸੰਨ 57 ਈ: ਵਿਚ ਰਾਜੇ ਬਿਕਰਮਾਜੀਤ ਆਇਆ। ਉਸ ਤੋਂ ਪਿਛੋਂ ਸੰਨ 88 ਈ: ਵਿਚ ਰਾਜੇ ਸ ਲਬਾਹਿਨ ਨੇ ਕਬਜਾ ਕੀਤਾ ਤੇ 89 ਈ: ਵਿਚ ਸ਼ਹਿਰ ਨਵੇਂ ਸਿਰਿਉਂ ਬਣਵਾਇਆ। ਉਸ ਦੇ ਪਿਛੋਂ ਉਸ ਦਾ (ਰਾਣੀ ਲੂਣਾਂ ਦੀ ਕੁਖੋਂ) ਪੁਤਰ ਰਸਾਲੂ ਸਿਆਲਕੋਟ ਦਾ ਦਾ ਰਾਜਾ ਹੋਇਆ। ਜਿਸ ਦਾ ਰਾਣੀ ਕੋਕਲਾ ਅਤੇ ਰਾਜੇ ਹੋਡੀ ਆਦਿ ਦੇ ਨਾਵਾਂ ਨਾਲ ਸੰਬੰਧਤ ਕਿਸਾ ਆਮ ਮਸ਼ਹੂਰ ਹੈ।

ਸੰਨ 520 ਈ: ਵਿਚ ਰਾਜੇ ਗਜ[3] ਦੇ ਪੁੱਤਰ ਰਾਜਾ ਸਾਲਬਾਹਨ ਨੇ ਆਪਣੇ ਪ੍ਰਵਾਰ ਸਮੇਤ ਸਿਆਲਕੋਟ ਆ ਮਲਿਆ। ਉਸ ਦੇ ਵੱਡੇ ਪੁੱਤਰ

---

1. ਸ਼ਾਂਬ, (ਜਾਂਬਵਤੀ ਦੇ ਉਦਰੋਂ ਕ੍ਰਿਸ਼ਨ ਜੀ ਦੇ ਪੁਤਰ) ਨੂੰ ਦੁਰਬਾਸਾ ਰਿਖੀ ਦੇ ਸ਼ਰਾਪ ਕਾਰਨ ਕੋੜ੍ਹ ਹੋ ਗਿਆ। ਉਹ ਦੁਆਰਕਾ ਤੋਂ ਆ ਕੇ ਮਦਰ ਦੇਸ਼, ਚੰਦਰ ਭਾਗਾ ਦੇ ਕੰਢੇ ਤੇ ਸੂਰਜ ਦੀ ਤਪੱਸਿਆ ਕਰਨ ਲਗ ਪਿਆ। ਉਸ ਦਾ ਕੁਸ਼ਟ ਦੂਰ ਹੋ ਗਿਆ ਤਾਂ ਉਸਨੇ ਚੰਦ੍ਰ ਭਾਗਾ ਦੇ ਕੰਢੇ ਇਹ ਮੰਦਰ ਬਣਵਾਇਆ। ਸੰਨ 650 ਈ: ਵਿਚ ਮੁਲਤਾਨ ਚੱਚ ਬ੍ਰਾਹਮਨ ਸਿੰਧਾ ਦੇ ਸ਼ਾਸਕ ਨੇ ਫਤਹਿ ਕੀਤਾ। 714 ਵਿਚ ਮੁਹੰਮਦ ਬਿਨ ਕਾਸਮ ਦੇ ਵਲੇ ਵੀ ਮੰਦਰ ਠੀਕ ਸੀ। ਕਿੰਤੂ 976 ਈ: ਵਿਚ ਮੰਦਰ ਅਤੇ ਮੂਰਤੀ ਨਸ਼ਟ ਕਰ ਦਿਤੇ ਗਏ। ਮੌਜੂਦਾ ਮੰਦਰ ਅੰਗਰੇਜ਼ਾਂ ਦੇ ਸ਼ਾਸਨ ਕਾਲ ਵਿਚ ਬਣਿਆ। (ਗਆਨੀ ਜੀ)
2. ਪ੍ਰੰਤੂ ਮਾਲਵਾ ਇਤਿਹਾਸ ਦੀ ਭੂਮਿਕਾ ਪੰਨਾ 55 ਦੀ ਟੂਕ ਵਿੱਚ ਪੰ: ਕਰਤਾਰ ਸਿੰਘ ਦਾਖਾ ਲਿਖਦੇ ਹਨ "ਦੁਆਪਰ ਦੇ ਅੰਤ ਵਿਚ ਵਿੱਚ ਬਿਕਰਮਾਦਿਤਯ ਤੋਂ 3112 ਸਾਲ ਪਹਿਲਾਂ 'ਸੁਲਯ" ਰਾਜੇ ਨੇ ਪਹਿਲੀ ਵਾਰ ਸਿਆਲਕੋਟ ਵਸਾਇਆ। ਜੋ ਮਹਾਂਭਾਰਤ ਯੁੱਧ ਜੁੱਝਿਆ" ਅਰਥਾਤ ਸਾਕਾ ਸੰਮਤ, ਸੰਨ 78 ਈ: ਨੂੰ ਜਾਰੀ ਹੋਇਆ ਤਾਂ ਤੇ ਸਿਆਲਕੋਟ (3112-78) 3034 ਪੂ: ਈਸਵੀ ਆਬਾਦ ਹੋਇਆ।
3. ਯਦੂ ਬੰਸੀ ਰਾਜਾ ਗਜ ਨੇ ਪੰਜਵੀਂ ਸਦੀ ਈ: ਵਿੱਚ ਗਜਨੀ ਸ਼ਹਿਰ ਦੀ ਨੀਂਹ ਰੱਖੀ। ਤੁਰਕਾਂ ਦੇ ਹਮਲੇ ਛੇਵੀਂ ਸਦੀ ਦੇ ਅਖੀਰ ਤੇ ਹੋਣ ਸ਼ੁਰੂ ਹੋਏ ਸਾਲਬਾਹਨ ਨੇ ਗਜਨੀ ਛੱਡੀ।

ਬੁਲੰਦ (ਬਲਬੰਦ) ਨੇ ਗਜਨੀ ਤੇ 610 ਈ: ਵਿਚ ਫ਼ਿਰ ਜਾ ਕਬਜ਼ਾ ਕੀਤਾ। ਸੰਨ 643 ਈ: ਵਿਚ ਜੰਮੂ ਦੇ ਰਾਜੇ ਨੇ ਸਿਆਲਕੋਟ ਤੇ ਕਬਜ਼ਾ ਕਰ ਲਿਆ। ਉਧਰ ਸੰਨ 650 ਈ: ਵਿੱਚ ਨਵੇਂ-ਨਵੇਂ ਮੁਸਲਮਾਨੀ ਜੋਸ਼ ਵਿਚ ਮੁਸਲਮਾਨਾਂ ਨੇ ਗਜ਼ਨੀ ਤੇ ਹਮਲਾ ਕੀਤਾ। ਬਲਬੰਦ ਚੂੰਕਿ ਬੁੱਢਾ ਹੋ ਚੁੱਕਾ ਸੀ, ਜਿਆਦਾ ਚਿਰ ਨਾ ਅੜ ਸਕਿਆ ਤੇ ਮੁਸਲਮਾਨ ਹੋ ਕੇ ਆਪਣਾ ਰਾਜ ਬਚਾ ਲਿਆ।

ਵਰਯਾਹ ਰਾਜਪੂਤ ਰਾਜੇ ਬਿਨੇ ਪਾਲ ਨੇ ਕਿਲ੍ਹਾ ਬਠਿੰਡਾ ਸੰਨ 655 ਈ: ਵਿੱਚ ਬਣਾਇਆ ਤੇ ਆਪਣਾ ਰਾਜ ਭਟਨੇਰ ਮਾਲਵਾ ਤੇ ਸਰਹਿੰਦ ਤੋਂ ਲੈ ਕੇ ਮੁਲਤਾਨੋਂ ਲਮਗਾਨ ਤੱਕ ਕਾਇਮ ਕੀਤਾ। ਉਦੋਂ ਤੋਂ ਸਿਆਲਕੋਟ ਇਹਨਾਂ ਵਰਯਾਹ ਰਾਜਪੂਤ (ਬਿਕ੍ਰਮਾਦਿਤ ਦੀ ਅੰਸ਼) ਕੋਲ ਰਿਹਾ। ਕਹਿੰਦੇ ਨੇ ਕਿ ਸੰਨ 970 ਈ: ਵਿੱਚ, ਅਮਾਮ ਅਲੀ ਅਲਹੱਕ, ਅਰਬ ਤੋਂ ਕਾਫਰਾਂ ਨਾਲ ਜਹਾਦ ਕਰਨ ਦੇ ਚਾਉ ਵਿੱਚ ਸਿਆਲਕੋਟ ਆ ਨਿਕਲਿਆ, ਇਥੇ ਤਦੋਂ ਰਾਜਾ ਸਾਹਨਪਾਲ ਰਾਜ ਕਰਦਾ ਸੀ, ਲੜਾਈ ਵਿੱਚ ਅਮਾਮ ਮਾਰਿਆ ਗਿਆ। ਇਸ ਦਾ ਕਸਾਸ (ਖ਼ੂਨ ਦੇ ਬਦਲੇ ਖ਼ੂਨ) ਲੈਣ ਵਾਸਤੇ ਸੰਨ 981-82 ਵਿੱਚ ਸਬੁਕਤਗੀਨ ਗਜ਼ਨੀ ਤੋਂ ਚੜ੍ਹ ਕੇ ਆਇਆ ਤੇ ਸਿਆਲਕੋਟ ਵਿੱਚ ਕਤਲਾਮ ਕੀਤੀ ਅਤੇ ਕਿਲ੍ਹਾ ਤੇ ਸ਼ਹਿਰ ਬਰਬਾਦ ਕਰ ਦਿੱਤੇ। ਰਾਜਾ ਸਾਹਨਪਾਲ ਜੰਮੂ ਦੇ ਪਹਾੜਾਂ ਵੱਲ ਭੱਜ ਗਿਆ। ਰਾਜੇ ਜੈ ਪਾਲ ਨੂੰ ਲੱਗਾ ਤੇ ਉਹ ਲਸ਼ਕਰ ਲੈ ਕੇ ਸਬੁਕਤਗੀਨ ਦੇ ਨਗਰ ਜਾ ਵੜਿਆ ਸੋਂਚਤ ਗਿਆ। ਅਖੀਰ ਉਸਨੂੰ ਗਜ਼ਨੀ ਦੇ ਕਿਲੇ ਵਿੱਚ ਵਾੜ ਕੇ ਵਾਪਸ ਪਰਤਿਆ, ਕਿਉਂਕਿ ਠੰਡਾ ਦਾ ਮੌਸਮ ਆ ਗਿਆ ਸੀ। ਸਾਹਨਪਾਲ ਫੇਰ ਸਿਆਲਕੋਟ ਆ ਗਿਆ।

ਸੰਨ 1001 ਵਿੱਚ ਜਦੋਂ ਮਹਿਮੂਦ ਗਜ਼ਨਵੀ ਸਿੰਧ ਟੱਪਿਆ ਤਾਂ ਲਾਹੌਰ ਦਾ ਰਾਜੇ ਪਾਲ ਜੈ ਪਾਲ ਉਸ ਨੂੰ ਅੱਗੋਂ ਜਾ ਟਕਰਿਆ। ਰਾਜਾ ਤਾਂ ਵੀਰਗਤੀ ਪਾ ਗਿਆ ਪਰ ਮਹਿਮੂਦ ਉਸ ਹਮਲੇ ਲੁੱਟ ਦਾ ਮਾਲ ਲੈ ਕੇ ਪਿੱਛਾਂ ਪਰਤ ਗਿਆ।

ਮਹਿਮੂਦ ਗਜ਼ਨਵੀ ਦੇ ਸਮਿਆਂ (1001 ਈ:) ਤੋਂ ਪਿਛੋਂ ਫਿਰ ਇਹ ਸ਼ਹਿਰ ਅਕਸਰ ਮੁਸਲਮਾਨੀ ਹਕੂਮਤ ਥੱਲੇ ਰਿਹਾ। ਜਦੋਂ ਮੁਗਲ ਰਾਜ ਦੇ ਥੰਮ ਥਿੜਕੇ ਤਾਂ ਇਸ ਤੇ ਫਿਰ ਪੁਰਾਣੇ ਹਿੰਦੂ ਰਾਜਿਆਂ ਨੇ ਆਣ ਹੱਕ ਜਮਾਏ। ਅੰਤ ਸੰਨ 1786[1] ਵਿੱਚ ਖਾਲਿਸਆਂ ਦੀ ਭੰਗੀ ਮਿਸਲ ਦੇ ਕਬਜ਼ੇ ਵਿੱਚ ਆਇਆ ਕਿੰਤੂ[1] 1808[2] ਈ: ਵਿੱਚ ਦੀਵਾਨ ਮੋਹਕਮ ਚੰਦ ਨੇ ਭੰਗੀਆਂ ਤੋਂ ਛੁਡਵਾ ਕੇ ਮਹਾਰਾਜੇ ਰਣਜੀਤ ਸਿੰਘ[3] ਦੀ ਰਿਆਸਤ ਵਿੱਚ ਸ਼ਾਮਿਲ ਕੀਤਾ। ਉਸ ਤੋਂ ਪਿੱਛੋਂ ਫਿਰ ਅੰਗਰੇਜ਼ਾਂ ਦੇ ਕਬਜ਼ੇ ਵਿੱਚ 1947 ਤੱਕ ਰਿਹਾ। ਸੰਨ 1857 ਦੇ ਗਦਰ ਵੇਲੇ ਇਥੋਂ ਦੀਆਂ ਹਿੰਦੁਸਤਾਨੀ ਪਲਟਣਾਂ ਨੇ ਬਗਾਵਤ ਕਰ ਦਿੱਤੀ। ਸਾਰੇ ਯੂਰਪੀਨ ਸਲਵਾਨ ਦੇ ਕਿਲੇ ਵਿੱਚ ਘੇਰੇ ਗਏ, ਬਾਗੀਆਂ ਨੇ ਖਜ਼ਾਨਾ ਲੁੱਟ ਲਿਆ ਕਈ ਯੂਰਪੀਨ ਕਤਲ ਕੀਤੇ ਉਹ ਸਾਰੇ ਗੋਰਿਆਂ ਦੇ ਕਬਰਸਤਾਨ ਵਿੱਚ ਦੱਬੇ ਗਏ। ਵਿਦਰੋਹੀ ਕਾਫੀ ਦਿਨ ਤੱਕ ਇਲਕੇ ਤੇ ਕਾਬਜ਼ ਰਿਹੇ।

ਇਹ ਸ਼ਹਿਰ ਵਜ਼ੀਰਾਬਾਦੋਂ 28 ਮੀਲ ਚੜ੍ਹਦੇ ਪਾਸੇ ਹੈ। ਬੜਾ ਭਾਰੀ ਵਪਾਰਕ ਕੇਂਦਰ ਹੈ। ਛਾਉਣੀ ਬਹੁਤ ਵੱਡੀ ਹੈ। ਇਥੇ ਰਾਜੇ ਸਲਵਾਨ ਦਾ ਠਾਕਰ ਦਵਾਰਾ ਹੈ। ਅਮਾਮ ਅਲੀ ਅਲ ਹੱਕ ਦਾ ਮਜ਼ਾਰ ਹੈ। ਇਥੇ ਗੁਰੂ ਨਾਨਕ ਸਾਹਿਬ ਦੀ ਯਾਦ ਵਿੱਚ ਇਕ ਗੁਰਦਵਾਰਾ ਬੇਰ ਸਾਹਿਬ ਹੈ ਅਤੇ ਦੂਸਰਾ ਬਾਵਲੀ ਸਾਹਿਬ ਜੋ ਮੂਲੇ ਚੋਣੇ ਦੇ ਘਰ ਬਣਾਈ ਗਈ ਸੀ। ਪੁਰਾਣੇ ਸਮਿਆਂ ਵਿੱਚ ਸਿਆਲਕੋਟ ਦਾ ਕਾਗਜ਼ ਬੜਾ ਮਸ਼ਹੂਰ ਹੁੰਦਾ ਸੀ। ਕਸ਼ਮੀਰੀ ਕਾਗਜ਼ ਤੋਂ ਦੂਜੇ ਦਰਜੇ ਤੇ ਹੁੰਦਾ ਸੀ। ਇਸ ਸ਼ਹਿਰ ਦੀ ਪੁਰਾਤਨਤਾ ਬਾਰੇ ਅਖਬਾਰ ਪ੍ਰਭਾਤ ਦਿਨਾਕ 19/8/1959.

ਮਲ੍ਹੀ

ਇਹ ਪ੍ਰਮਾਰ ਬੰਸੀ ਰਾਜਪੂਤ ਹਨ। ਈਸਾ ਤੋਂ 1500 ਸਾਲ ਪੂਰਵ ਇਹ ਬੜੀ ਭਾਰੀ ਸੰਖਯਾ ਵਿੱਚ ਬ੍ਰਹਮ ਵਰਤ ਵਿੱਚ ਰਹਿੰਦੇ ਸਨ। ਦੂਸਰੀਆਂ, ਕੌਮਾਂ ਰਿਛੀਕ ਬਾਹੀਕ ਅਤੇ ਮੂਰ ਆਦ ਦੇ ਮੁਕਾਬਲੇ ਵਿੱਚ ਅਧਿਕ ਹੋਣ ਕਾਰਨ ਇਸ ਦੇਸ਼ ਦਾ ਨਾਮ ਮਲੋਈ ਅਰਥਾਤ ਮਾਲਵਾ ਦੇਸ਼ ਪੈ ਗਿਆ। ਇਹ ਬੜੇ ਲੜਾਕੇ ਤੇ ਜੋਧੇ ਸਨ। ਇਹਨਾਂ ਦੀ ਇਕ ਸ਼ਾਖ ਦੱਖਣ ਵੱਲ ਆਬੂ ਪ੍ਰਬਤ ਅਚਲਗੜ੍ਹ (ਵਰਤਮਾਨ ਸਰੋਹੀ) ਵਿੱਚ ਨਿਵਾਸ ਕਰਦੀ ਸੀ, ਜਿਨ੍ਹਾਂ ਵਿਚੋਂ ਪ੍ਰਤਾਪੀ ਸਮਰਾਟ ਬਿਕ੍ਰਮਾਦਿਤ ਹੋਇਆ। ਇਸੇ ਸਾਖ ਨੇ ਜੈਪੁਰ ਰਾਜ ਅੰਦਰ ਕਰਕੋਟ ਨਗਰ ਵਿੱਚ ਆਪਣੀ ਪ੍ਰਭੁਤਾ ਜਮਾਈ ਜਿਥੋਂ ਕਿ ਇਹਨਾਂ ਦੇ ਪਹਿਲੀ ਸਦੀ ਪੂਰਵ ਸਿੱਕੇ ਮਿਲੇ ਹਨ। ਇਹਨਾਂ ਦੀ ਇੱਕ ਸ਼ਾਖ ਮਦਰ ਦੇਸ਼ ਅੰਦਰ ਪੰਚ ਨਦ, ਖਹਿਰੂੜ ਮੁਲਤਾਨ ਅਤੇ ਸਾਂਦਲਬਾਰ[3] ਵਿੱਚ ਆਬਾਦ ਸੀ। 326 ਪੂਰਬ ਈਸਾ ਸਿਕੰਦਰ, ਕੰਦਾਬਲ ਤੋਂ ਹੋ ਕੇ ਜਦ ਮੁਲਤਾਨ ਨੂੰ ਆਇਆ ਤਾਂ ਮੁਲਤਾਨ ਦੇ ਮਲ੍ਹੀਆਂ ਨੇ ਬੜਾ ਜ਼ਬਰਦਸਤ

---

1. The Land of Five Rivers by D. Ross. PP, 151. ਮਗਰ ਤ੍ਵਾਰੀਖ ਖਾਲਸਾ ਗਿ: ਗਿਆਨ ਸਿੰਘ ਦੇ ਅਨੁਸਾਰ ਕਬਜ਼ਾ 1803 ਬਿ ਅਰਥਾਤ 1746 ਨੂੰ ਹੋਇਆ।
2. ਚਾਰ ਬਾਗ਼ ਪੰਨਾ 149.
3. ਮਾਲਵਾ ਇਤਿਹਾਸ ਭਾਗ 1 ਦੀ ਪੰਡਤ ਕਰਤਾਰ ਸਿੰਘ ਦਾਖਾ ਸਾਹਿਤਯਾਚਾਰਯਾ ਲਿਖਤ ਭੂਮਿਕਾ ਪੰਨਾ 14 ਤੇ 15 ਦੇ ਆਧਾਰ ਤੇ।

ਟਾਕਰਾ ਕੀਤਾ, ਜਿਸ ਤੇ ਸਿਕੰਦਰ ਨੂੰ ਪਤਾ ਲੱਗਿਆ ਗਿਆ ਕਿ ਭਾਰਤ ਵਿੱਚ ਵੀ ਸੂਰਮੇ ਰਹਿੰਦੇ ਹਨ।

ਸਿਕੰਦਰ ਦੀ ਜਿੱਤ ਪਿੱਛੋਂ ਮਲ੍ਹੀਆਂ ਦੇ ਇੱਕ ਸੌ ਚੌਧਰੀਆਂ ਨੇ ਸਿਕੰਦਰ ਨਾਲ ਮੁਲਾਕਾਤ ਵੇਲੇ ਉਸ ਨੂੰ ਦਸਿਆ ਕਿ "ਅਸੀਂ ਹਜ਼ਾਰ ਬਰਸ ਤੋਂ ਪਹਿਲਾਂ ਸਮੂੰਹ ਭਾਰਤ ਵਿੱਚ ਸੁਤੰਤਰਤਾ ਅਤੇ ਪ੍ਰਭੁਤਾ ਦਾ ਸੁਖ ਭੋਗ ਰਹੇ ਸੀ"।

ਸਾਂਦਲਬਾਰ ਵਿੱਚ ਪੁਰਾਣੇ ਵਕਤਾਂ ਅੰਦਰ ਮਲ੍ਹੀਆਂ ਦੇ ਕਈ ਪਿੰਡ ਸਨ। ਜਿਹਾਕਿ ਬਦੋ ਮਲ੍ਹੀ, ਚੀਚੋਂ ਕੀ ਮਲ੍ਹੀਆਂ, ਦਾਓ ਕੀ ਮਲ੍ਹੀਆ ਆਦਿ। ਇਹਨਾਂ ਪ੍ਰਾਤਨ ਮਲ੍ਹੀ ਵਸਨੀਕਾਂ ਨੂੰ ਹੰਜਰਾ ਗੋਤ ਦੇ ਜੱਟਾਂ ਨੇ ਇਹਨਾਂ ਪਿੰਡਾਂ ਵਿੱਚੋਂ ਉਠਾ ਕੇ ਇਲਾਕਾ ਖੁਦ ਮੱਲ ਲਿਆ ਤੇ ਮਲ੍ਹੀ ਲੱਕ ਥਲੇ ਲੰਮੇ (ਝੰਗ-ਮੁਲਤਾਨ) ਨੂੰ ਵੱਧ ਗਏ।

ਮਲ੍ਹੀ ਧਾਰ ਉਜੈਨ, ਮਧਯ ਪ੍ਰਦੇਸ਼ ਆਦਿ ਵੱਲ ਵੀ ਵੱਧ ਗਏ ਸੀ ਜਿਸ ਕਰਕੇ ਉਸ ਨੂੰ ਵੀ ਮਾਲਵਾ ਹੀ ਕਿਹਾ ਜਾਂਦਾ ਹੈ। ਉਥੇ ਪ੍ਰਤਾਪੀ ਰਾਜੇ ਮਹਿੰਦਰਾ ਦਿੱਤ ਪ੍ਰਮਾਰ (ਗੰਧਰਬ ਸੈਨ ਦੇ ਸਪੁੱਤਰ) ਨੇ ਮਲ੍ਹੀਆਂ ਦਾ ਨਾਮ ਉੱਚਾ ਕੀਤਾ।[1] ਮਲ੍ਹੀ ਗੋਤ ਜੀਂਦ ਅਤੇ ਸਿਆਲਕੋਟ ਵਿੱਚ ਅਧਿਕ ਸੀ। ਸਿਆਲਕਟ ਮਲ੍ਹੀ, ਸਰੋਹੇ ਰਾਜਪੂਤ ਕਹਾਂਦੇ ਹਨ। ਉਹਨਾਂ ਦਾ ਕਥਨ ਹੈ ਕਿ ਉਹਨਾਂ ਦਾ ਵੱਡਕਾ ਮਲ੍ਹੀ ਆਪਣੇ ਸੱਤਾਂ ਪੁੱਤਰਾਂ ਅਤੇ ਮਾਲ ਡੰਗਰ ਸਮੇਤ ਇਥੇ ਆ ਕੇ ਆਬਾਦ ਹੋਇਆ ਤੇ ਉਥੋਂ ਮਲ੍ਹੀਆਂ ਦੀਆਂ ਸੱਤ ਮੂੰਹੀਆਂ ਚੱਲੀਆਂ। ਤਿੰਨ ਪੁਸ਼ਤਾਂ ਤੱਕ ਇਹ ਆਪਣੇ ਢੋਰ ਡੰਗਰ ਚਾਰਦੇ ਰਹੇ ਮਲ੍ਹੀ ਦੀ ਚੌਥੀ ਪੁਸ਼ਤੇ, ਮਿਲਾਬਤ ਨੇ ਕਸੂਰ ਕੋਲ ਅਰਰਕ ਪਿੰਡ ਵਸਾਇਆ। ਮਲ੍ਹੀ ਅੰਮ੍ਰਿਤਸਰ ਜ਼ਿਲੇ ਵਿੱਚ ਵੀ ਹਨ। ਕਹਿੰਦੇ ਨੇ ਹੁਮਾਯੂੰ ਦੇ ਵੇਲੇ (1540-1555 ਈ:) ਵਰਸੀ ਮਲ੍ਹੀ ਦਾ ਪੁੱਤਰ ਨਾਰੰਗ ਗੁਜਰਾਂਵਾਲੇ ਦੇ ਜ਼ਿਲੇ ਦੇ ਵਿਰਕਾਂ ਵੱਲ ਵਿਆਹਿਆ ਗਿਆ ਤੇ ਦਾਜ ਵਿੱਚ ਮਿਲੀ ਜ਼ਮੀਨ ਤੇ ਉਥੇ ਹੀ ਆਬਾਦ ਹੋ ਗਿਆ। ਇਹਨਾਂ ਦੇ ਕੁਝ ਰੀਤ ਰਿਵਾਜ ਗੁਰਾਹਿਆ ਵਾਲੇ ਹਨ[2]।

ਇਕ ਵਾਰਤਾ ਹੋਰ ਵੀ ਹੈ। ਉਸ ਦੇ ਆਧਾਰ ਤੇ ਇਹ ਚੰਦਰਬੰਸੀ ਮੰਨੇ ਜਾਂਦੇ ਹਨ। ਕਹਿੰਦੇ ਨੇ ਕਿ ਇਹ ਰਾਜੇ ਸਰੋਏ ਦੀ ਅੰਸ਼ ਹਨ। ਉਹ ਦਾ ਇਕ ਮਲ੍ਹੀ ਨਾਮ ਦਾ ਵੰਸ਼ਜ ਦਿੱਲੀਓਂ ਆ ਕੇ ਤਿੰਨ ਪੁਸ਼ਤਾਂ ਤੱਕ ਆਪਣੇ ਪੁੱਤਰਾਂ ਸਮੇਤ ਕਸੂਰ ਦੇ ਨੇੜੇ ਆਪਣ ਢੋਰ ਡੰਗਰ ਸਾਂਭਦੇ ਰਹੇ। ਪਿਛੋਂ ਫਿਰ ਉਥੇ ਠਹਿਰੇ ਆਬਾਦ ਹੋ ਗਏ ਤੇ ਕੁਛ ਉਹਨਾਂ ਵਿਚੋਂ ਸਿਆਲਕੋਟ ਆ ਕੇ ਵੱਸ ਗਏ।[3]

ਮਲ੍ਹੀਆਂ ਦੇ ਪਿੰਡ

(ਜ਼ਬਾਨੀ ਨਿਸ਼ਾਨ ਸਿੰਘ ਪੁੱਤਰ ਬਹਾਦਰ ਸਿੰਘ ਮਲ੍ਹੀ ਵਾਸੀ ਪੰਜਗਰਾਈਆ ਜ਼ਿ: ਗੁਜਰਾਂਵਾਲਾ ਪੱਛਮੀ ਪੰਜਾਬ ਹਾਲ ਭਵਾਨੀ ਗੜ੍ਹ (ਵੱਡੇ ਮੀਰਾਂਆਣੇ) ਪਤੀ ਢੰਡੀਆਂ ਜ਼ਿਲਾ ਸੰਗਰੂਰ)

ੳ 1) ਪੰਜ ਗਰਾਈਆਂ 2) ਢੱਲਾ 3) ਗੋਬਿੰਦਪੁਰਾ 4) ਕੋਟ ਮਾੜੀ 5) ਗਜਾਦਾ 6) ਚੱਕ ਚੌਧਰੀ 7) ਡੱਗਰਾਂਵਾਲਾ 8) ਭੁੰਡ 9) ਗੱਗਾ 10) ਗੱਦਾਵਲਾ 11) ਕਾਮੋ ਮਲ੍ਹੀ 12) ਸਰੋਂ ਜਾਂਗੇ

ਅ) ਉਪਰੋਕਤ ਨਿਸ਼ਾਨ ਸਿੰਘ ਜੀ ਦੱਸਦੇ ਸਨ ਕਿ:—


ਪੰਡਿਤ ਝੰਡਾ ਰਾਮ (ਹਾਲ ਅੰਬਾਲਾ ਸ਼ਹਿਰ ਜਿਸ ਦੇ ਪੁੱਤਰ ਸੁੰਦਰ ਦਾਸ ਮੱਝਾਂ ਦੀ ਡੇਅਰੀ ਬਨਾਈ ਹੋਈ ਹੈ) ਦੱਸਿਆ ਕਰਦਾ ਸੀ ਕਿ ਮਦਨ ਦੇ ਚੱਕ ਵਾਲਾ ਭਿਤ ਪੰਜ ਗਰਾਹੀਆਂ ਦੀ ਭੋਇ ਵਿੱਚ ਸੀ। ਏਥੇ ਕਦੇ ਬਾਬਾ ਦਿਉਣ ('ਭੱਖੀ ਕਿਆਂ ਦਾ ਵਡਕਾ') ਵੱਸਦਾ ਹੁੰਦਾ ਸੀ। ਉਸ ਨੇ ਇਹ ਉਪਰੋਕਤ 12 ਪਿੰਡ ਮਲ੍ਹੀਆਂ ਦੇ ਆਪਣੀ ਪੁੱਤਰੀ ਨੂੰ ਦਾਜ ਵਜੋਂ ਦਿੱਤੇ ਸਨ।

ੲ) ਪਿੰਡ ਪੰਜ ਗਰਾਹੀਆਂ ਦੀ ਸ਼ਾਮ ਲਾਟ ਵਿੱਚ ਇਕ ਕੱਚੀ ਗੜ੍ਹੀ ਦੇ ਨਿਸ਼ਾਨ 1947 ਤੱਕ ਮੌਜੂਦ ਸਨ, ਜਿਸ ਵਿੱਚ ਕਦੇ ਸਿੱਖਾਂ ਦੇ ਜੱਥੇ ਰਿਹਾ ਕਰਦੇ ਤੇ ਮਾਰਾ ਧਾੜਾ ਕੀਤਾ ਕਰਦੇ ਸਨ। ਇਹਨਾਂ ਹੱਥੋਂ ਡਰਦੇ ਪੰਜ ਗੁਰਾਹੀਆਂ ਵਾਲੇ ਹੋਰਨੀ ਥਾਈਂ ਜਾ ਆਬਾਦ ਹੋਏ।

---

1. ਮਾਲਵਾ ਇਤਿਹਾਸ ਦੀ ਭੂਮਿਕਾ ਵਿਚੋਂ।
2. ਪੰਜਾਬ ਟਰਾਈਬਜ਼ ਐਂਡ ਕਾਸਟਸ ਪੰਨਾ 63,
3. ਦਿ ਸਿਆਲਕੋਟ ਪੈਮਫਲਿਟ 1863.

ਮਲ੍ਹੀਆਂ ਦਾ ਕੁਰਸੀਨਾਮਾ (ਪਿੰਡ ਮਾੜੀ ਕੰਟ ਦੀ ਅੰਸ)



ਔਲਖ (ਸੂਰਜ ਬੰਸੀ)

ਕੁਰਸੀਨਾਮਾਂ ਰਾਮ ਚੰਦਰ ਜੀ
|
ਕਸੂ
|
ਧੌਲ
|
ਰਾਘੋ
|
ਉਦੇ ਰੂਪ
|
ਪੂਰਾ
|
ਮਜੰਗ
|
ਮਰਖੰਭ
|
ਗੋਏ
|
ਮੰਡਲ
|
ਧਨੀਚ
|
ਔਲਖ

ਔਲਖਾਂ ਦਾ ਸਾਂਦਲਬਾਰ ਵਿੱਚ ਕੇਵਲ ਇੱਕ ਪਿੰਡ ਔਲਖ ਨਾਮ ਦਾ ਸੀ। ਮਾਝੇ ਵਿੱਚ ਇਹਨਾ ਦੇ ਬਾਰਾਂ ਪਿੰਡ ਹਨ। ਉਪ੍ਰੋਕਤ ਬੰਸਾਵਲੀ ਅਨੁਸਾਰ ਇਹ ਸੂਰਜਵੰਸੀ ਰਾਜਪੂਤ ਹਨ, ਪਰ ਪੰਜਾਬ ਟ੍ਰਾਈਬਜ਼ ਐਂਡ ਕਾਸਟਸ ਦੇ ਅਨੁਸਾਰ ਇਹ ਰਾਜਾ ਲੂਈਲਾਕ ਦੀ ਅੰਬ ਚੰਦਰ ਬੰਸੀ ਸ਼ੇਖੂਆਂ ਤੇ ਦੇਊਆਂ ਨੂੰ ਨੇੜਿਉਂ ਹਨ, ਜਿਨ੍ਹਾਂ ਨਾਲ ਕਿ ਇਹ ਵਿਆਹ ਸਾਦੀ ਨਹੀਂ ਕਰਦੇ।

ਮਹਾਰਾਜੇ ਰਣਜੀਤ ਸਿੰਘ ਦੀ ਰਾਣੀ ਅਤੇ ਕੰਵਰ ਦਲੀਪ ਸਿੰਘ ਦੀ ਮਾਤਾ ਰਾਣੀ ਜਿੰਦ ਕੌਰ ਸਰਦਾਰ ਮੰਨਾ ਸਿੰਘ ਔਲਖ ਦੀ ਪੁੱਤਰੀ ਸੀ ਜੋ ਕਿ ਪਿੰਡ ਚਾਹੜ ਜ਼ਿਲਾ ਸਿਆਲਕੋਟ ਦਾ ਵਸਨੀਕ ਸੀ। ਅੰਗਰੇਜ਼ਾਂ ਨੇ ਰਾਣੀ ਜਿੰਦ ਕੌਰ ਨੂੰ ਪਹਿਲਾਂ ਸ਼ੇਖੂਪੁਰੇ ਦੇ ਕਿਲੇ ਵਿੱਚ ਕੈਦ ਕੀਤਾ, ਫਿਰ 19 ਅਗਸਤ 1849 ਨੂੰ ਕਿਲ੍ਹਾ ਚੁਨਾਰ ਯੂ: ਪੀ: (ਜ਼ਿਲਾ ਮਿਰਜ਼ਾਪੁਰ) ਵਿੱਚ, ਜਿਥੋਂ ਉਹ ਫਕੀਰੀ ਭੇਸ ਵਿੱਚ ਨਿਕਲ ਨੇਪਾਲ ਚਲੀ ਗਈ। ਸੰਨ 1861 ਵਿੱਚ ਮਹਾਰਾਣੀ ਕੰਵਰ ਦਲੀਪ ਸਿੰਘ ਨੂੰ ਮਿਲਣ ਲਈ ਇੰਗਲੈਂਡ ਗਈ। ਜਿਥੇ ਸਨ 1863 ਵਿੱਚ ਦਿਹਾਂਤ ਹੋ ਗਿਆ। ਸਰੀਰ ਦਾ ਸਸਕਾਰ ਨਾਸਕ ਕੀਤਾ ਗਿਆ।

ਛੀਨਾ

ਇਹ ਯਦੂ ਵੰਸ਼ੀ ਰਾਜਪੂਤ, ਰਾਜੇ ਸਲਵਾਨ ਦੇ ਪੁੱਤਰ ਛੀਨੇ ਦੀ ਅੰਸ਼ ਹਨ। ਸੰਨ 520 ਈ: ਵਿੱਚ ਰਾਜਾ ਸਲਵਾਨ ਆਪਣੇ ਸੋਲਾਂ ਪੁੱਤਰਾਂ ਸਮੇਤ ਗਜ਼ਨੀ ਛੱਡ ਕੇ ਸਿਆਲਕੋਟ ਆਇਆ ਇਸ ਦੇ ਪੁੱਤਰ ਅੱਡ ਅੱਡ ਇਲਾਕੇ ਮੱਲ ਕੇ ਬੈਠ ਗਏ। ਰਾਏ ਛੀਨਾ ਦੁਆਬਾ ਬਾਰੀ ਵਿੱਚ ਆਬਾਦ ਹੋਇਆ। ਮਗਰੋਂ ਇਸ ਦੀ ਅੰਸ਼ ਕੁਛ ਲਮੇ ਨੂੰ ਵੱਧ ਗਈ ਜਿਹੜੇ ਕਿ ਮੁਲਤਾਨੋਂ ਅਗਾਂਹ ਡੇਹਰਾ ਖਾਨ ਤੱਕ ਚਲੇ ਗਏ ਅਤੇ ਕੁਛ ਪਾਕ ਪਟਨ ਵੱਲ ਵੱਧ ਗਏ ਜਿਥੇ ਕਿ ਇਹਨਾਂ ਦੇ ਤਿੰਨ ਵੱਖ ਵੱਖ ਘਰਾਨੇ ਤਾਰੇਕੇ, ਮਹਿਰਮਕੇ ਅਤੇ ਖਾਨੇ ਕੇ ਕਰਕੇ ਸਦੀਂਦੇ ਹਨ। ਇਹ ਸਭ ਮੁਸਲਮਾਨ ਹੋ ਗਏ।

ਛੀਨਾ ਰਾਏ ਦੇ ਕਛ ਵੰਸ਼ਜ, ਅੰਮ੍ਰਿਤਸਰ ਅਤੇ ਥੋੜੇ ਜਿਹੇ ਸਿਆਲਕੋਟ ਜਾ ਆਬਾਦ ਹੋਏ। ਅਕਸਰ ਲੋਕ ਇਹਨਾਂ ਨੂੰ ਚੀਮੇ ਨਾਲ ਖਲਤ ਮਲਤ ਕਰਦੇ ਹਨ। ਸੰਨ 1883 ਦੀ ਜਨਗਣਨਾ (ਮਰਦਮ ਸ਼ੁਮਾਰੀ) ਵਿੱਚ ਸਰ ਡੈਨਜ਼ਲ ਇਬਟਸਨ ਨੂੰ ਵੀ ਇਹ ਭੁਲੇਖਾ ਲੱਗਾ ਦਿੱਸਦਾ ਹੈ।

ਛੀਨਿਆਂ ਵਿਚੋਂ ਛੇਵੇਂ ਗੁਰੂ ਨਾਨਕ, ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ, ਗੁਰਮੁਖ ਪਿਆਰੇ ਪੂਰਨ ਗੁਰਸਿੱਖ ਭਾਈ ਬਿਧੀ ਚੰਦ ਜੀ ਹੋਏ ਹਨ, ਜਿਨਾਂ ਬਾਰੇ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ। ਪਿੰਡ ਸੁਰ ਸਿੰਘ (ਜੋ ਕਦੇ ਜ਼ਿਲ੍ਹਾ ਲਾਹੌਰ ਵਿੱਚ ਹੋਇਆ ਕਰਦਾ ਸੀ) ਜ਼ਿਲ੍ਹਾ ਅੰਮ੍ਰਿਤਸਰ ਦੇ ਛੀਨਾ ਗੋਤ ਦੇ ਚੌ: ਭਿੱਖੀ ਦਾ ਪੋਤਰਾ ਤੇ ਵੱਸਣ ਦਾ ਪੁੱਤਰ ਬਿਧੀ ਚੰਦ ਬੜਾ ਕਦਾਵਰ, ਸੁੰਦਰ ਅਤੇ ਦਲੇਰ ਜਵਾਨ ਸੀ। ਇਸ ਦੇ ਨਾਨਕੇ ਸਰਹਾਲੀ ਸਨ, ਜਿਸ ਕਰਕੇ ਇਹਨੂੰ ਵੱਡੇ ਵੱਡੇ ਧਾੜਵੀਆਂ ਦੀ ਸੰਗਤ ਹੁੰਦੀ ਰਹੀ ਤੇ ਇਹ ਆਪ ਵੀ ਇਸੇ ਕੰਮ ਵਿੱਚ ਪ੍ਰਵਿਰਤਤ ਹੋ ਗਿਆ।

ਦੇਵਨੇਤ, ਇਹਨੂੰ ਗੁਰੂ ਸੁਆਰੇ ਭਾਈ ਅਦਲੀ[1] ਜੀ ਦੀ ਸੰਗਤ ਹੋਣ ਉਪਰੰਤ ਭਾਈ ਬਿਧੀ ਚੰਦ ਦਾ ਜੀਵਨ ਪਲਟਾ ਖਾ ਗਿਆ। ਪਿਛਲੇ ਕੁਕਰਮਾਂ ਦਾ ਪਛਤਾਵਾ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਬਣਿਆ ਅਤੇ ਕਰਨੀ ਵਾਲੇ ਸਿੱਖਾਂ ਵਿੱਚ ਇਸ ਦੀ ਗਿਣਤੀ ਹੋਈ।

ਕਾਬਲੀ ਸਿੱਖਾਂ ਦੇ ਗੁਰੂ ਭੇਟ ਨਮਿਤ ਆਂਦੇ ਘੋੜੇ ਲਾਹੌਰ ਦੇ ਹਾਕਮ ਨੇ ਜਬਰੀ ਖੋਹ ਲਏ ਸਨ, ਉਹਨਾਂ ਨੂੰ ਚਤਰਾਈ ਨਾਲ ਭਾਈ ਬਿਧੀ ਚੰਦ ਕੱਢ ਲਿਆਇਆ। ਛੇਵੇਂ ਸਤਿਗੁਰਾਂ ਦੇ ਜੋ ਸ਼ਾਹੀ ਸੈਨਾ ਨਾਲ ਜੰਗ ਹੋਏ ਉਹਨਾਂ ਵਿੱਚ ਬਿਧੀ ਚੰਦ ਨੇ ਵੱਡੀ ਵੀਰਤਾ ਵਿਖਾਈ ਧਰਮ ਪ੍ਰਚਾਰ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ।

ਕੀਰਤਪੁਰ ਨਿਵਾਸੀ ਭਾਈ ਬੁਢਣ ਸ਼ਾਹ[2] ਤੇ ਉਸ ਦੇ ਸੇਵਕ ਸੁੰਦਰ ਸ਼ਾਹ[3] ਨਾਲ ਭਾਈ ਬਿਧੀ ਚੰਦ ਦਾ ਗੂੜ੍ਹਾ ਪ੍ਰੇਮ ਸੀ। ਦੋਨਾਂ ਦਾ ਦਿਹਾਂਤ। ਭਾਦਰੋਂ ਸੁਦੀ 3 ਸੰਮਤ 1695 ਬਿ: ਨੂੰ ਹੋਇਆ ਭਾਈ ਬਿਧੀ ਚੰਦ ਜੀ ਦਾ ਅੰਗੀਠਾ ਹੈ ਅਤੇ ਸਾਈਂ ਸੁੰਦਰ ਸ਼ਾਹ ਦੀ ਕਬਰ ਸਸਰਾਵੀਂ ਭਾਈ ਬਿਧੀ ਚੰਦ ਜੀ ਦੇ ਭਤੀਜੇ ਭਾਈ ਲਾਲ ਸਿੰਘ ਜੀ (ਸਪੁੱਤਰ ਉਧੀ ਚੰਦ) ਨੇ ਸਸਰਾਵਾਂ ਤੋਂ ਭਭੂਤੀ ਲਿਆ ਕੇ ਇਕ ਸਮਾਧ ਸੁਰ ਸਿੰਘ ਵਿੱਚ ਵੀ ਬਣਾ ਦਿੱਤੀ ਸੀ।

ਛੀਨੇ ਨਾਮ ਦਾ ਇਕ ਨਗਰ ਖਾਨਕਾਹ ਡੋਗਰਾਂ ਦੇ ਨੇੜੇ ਬਾਰ ਵਿੱਚ ਹੈ ਸੀ, ਮਗਰ ਉਥੇ ਵਿਰਕ ਜੱਟਾਂ ਦੀ ਆਬਾਦੀ ਸੀ। ਇਉਂ ਪ੍ਰਤੀਤ ਹੁੰਦਾ ਹੈ ਕਿ ਇਸ ਨਗਰ ਦੇ ਆਦੀ ਵਾਸੀ ਤਾਂ ਛੀਨੇ ਗੋਤ ਦੇ ਜੱਟ ਹੋਵਨ, ਜਿਨ੍ਹਾਂ ਦੇ ਕਿਸ ਕਾਰਨ ਨਗਰ ਖਾਲੀ ਕਰ ਜਾਵਨ ਤੇ ਇਥੇ ਪਿਛੋਂ ਕਸੋਕਿਆਂ ਦੇ ਵਿਰਕ ਜੱਟ ਆਕੇ ਆਬਾਦ ਹੋ ਗਏ ਹੋਵਨ। ਵੈਸੇ ਇਸ ਪਿੰਡ ਵਿੱਚ ਬੜੇ ਬੜੇ ਵੱਡੇ ਨਾਮਰਸੀਏ ਗੁਰਸਿੱਖ ਹੋਏ ਹਨ ਜਿਨ੍ਹਾਂ ਵਿਚੋਂ ਪਿੰਡ ਕਨਕਪੁਰ ਜ਼ਿਲਾ ਨੈਨੀਤਾਲ ਵਿੱਖ ਜੋਗੀ ਸਾਧੂ ਸਿੰਘ ਗਆਨੀ ਟਹਿਲ ਸਿੰਘ ਅਤੇ ਪਹਿਲਵਾਨ ਵਸਾਖਾ ਸਿੰਘ ਜੀ ਚੰਗੀ ਬਿਰਤੀ ਵਾਲੇ ਨਾਮਰਸੀਏ ਗੁਰਮੁੱਖ ਗੁਰਸਿੱਖ ਹਨ।

---

1. ਪਿੰਡ ਭੋਣੀ (ਵਰਤਮਾਨ ਨਾਉਂ ਚੱਕ੍ਹਾ) ਜ਼ਿਲ੍ਹਾ ਅੰਮ੍ਰਿਤਸਰ ਦਾ ਵਸਨੀਕ ਸਤਿਗੁਰੂ ਰਾਮਦਾਸ ਜੀ ਦਾ ਆਤਮ ਗਯਾਨੀ ਸਿੱਖ।

2. ਕੀਰਤਪੁਰ ਪਾਸ ਰਹਿਣ ਵਾਲਾ ਇੱਕ ਚਿਰਜੀਵੀ ਸਾਧੂ ਸੀ। ਜਦ ਗੁਰੂ ਨਾਨਕ ਦੇਵ ਇਸ ਦੇ ਡੇਰੇ ਆਏ ਤਾਂ ਇਸ ਨੇ ਬਕਰੀਆਂ ਦਾ ਦੁੱਧ ਭੇਟ ਕੀਤਾ। ਸਤਿਗੁਰੂ ਨੇ ਫਰਮਾਇਆ ਫੇਰ ਲਵਾਂਗੇ। ਸੰਮਤ 1683 ਬਿ: ਵਿੱਚ ਗੁਰੂ ਹਰਿਗੋਬਿੰਦ ਜੀ ਦੇ ਹੁਕਮ ਨਾਲ ਸ੍ਰੀ ਬਾਬਾ ਗੁਰਦਿੱਤਾ ਨੇ ਉਸ ਨੂੰ ਗੁਰੂ ਨਾਨਕ ਦਾ ਰੂਪ ਧਾਰ ਕੇ ਫ਼ਕੀਰ ਤੋਂ ਦੁੱਧ ਲਿਆ। ਬੁਢਣ ਸ਼ਾਹ ਦੀ ਕਬਰ ਕੀਰਤਪੁਰ ਪਾਸ ਵਿਦਮਾਨ ਹੈ।

3. ਕੀਰਤਪੁਰ ਨਿਵਾਸੀ ਸਾਈਂ ਬੁਢਣ ਸ਼ਾਹ ਦਾ ਸੇਵਕ, ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਸਾਦਿਕ ਅਤੇ ਭਾਈ ਬਿਧੀ ਚੰਦ ਦਾ ਮਿੱਤਰ ਸੀ। ਇਹ ਸਸਰਾਵਾਂ ਅਤੇ ਛੇਉ ਨਗਰ (ਅਜੁਧਿਆ ਤੋਂ 18 ਕੋਹ ਦੱਖਣ ਪੂਰਵ ਗੋਮਤੀ ਕਨਾਰੇ) ਆਪਣੇ ਮੁਰੀਦਾਂ ਪਾਸ ਰਿਹਾ ਕਰਦਾ ਸੀ। ਭਾਈ ਚੰਦ ਜੀ ਅਤੇ ਇਸ ਦਾ ਦੇਹਾਂਤ ਇੱਕਠਾ ਸਸਰਾਵੀਂ ਹੋਇਆ। ਜਿਥੇ ਭਾਈ ਜੀ ਦਾ ਅੰਗੀਠਾ ਅਤੇ ਸਾਂਈ ਦੀ ਕਬਰ ਹੈ।

ਸੁਰਾਅ ਗੋਤ ਦਾ ਕੁਰਸੀਨਾਮਾ

ਸੁਰਾਅ
|
ਬੰਧੋ
|
ਜੌਨਾ
|
ਆਦੋ
|
ਕਾਲੂ
|
ਗੁਜਰ ਸਿੰਘ
|
ਦੀਵਾਨ ਸਿੰਘ
|
ਰਣ ਸਿੰਘ
|
ਫੂਲਾ ਸਿੰਘ
|
ਬੁਧ ਸਿੰਘ
|
ਸ਼ਿੰਗਾਰਾ ਸਿੰਘ ਦੀ ਜ਼ਬਾਨੀ

ਸਾਂਦਲਬਾਰ ਵਿੱਚ ਗੀਦੀ ਅਤੇ ਗਦਾਰ ਆਏ

ਇਸ ਭਾਗੋ ਭਰੇ ਪੁਰਾਤਨ ਜੰਬੂ ਦ੍ਵੀਪ, ਮਹਾਂਭਾਰਤ ਦੇ ਮੱਦਰ ਦੇਸ਼, ਤੁੰਗਣੀ ਵਿੱਚ ਵਰਣਤ ਟਾਕਾ ਦੇਸ਼ ਗੁਰੂ ਨਾਨਕ ਦੀ ਪਿਆਰੀ ਬਾਰ ਅਤੇ ਨਾਦਰ ਤੇ ਅਬਦਾਲੀ ਦੇ ਹੱਲਿਆਂ ਵੇਲੇ ਦੀ ਪ੍ਰਸਿੱਧ ਸਾਂਦਲਬਾਰ ਵਿੱਚ ਆਦਿ ਕਾਲ ਤੋਂ ਸੂਰਮੇ, ਮਾਰਖੋਰੇ, ਭਗਤ, ਜਗਤ, ਤਾਰਕ, ਵਿਦਵਾਨ, ਗੁਣਵਾਨ, ਸੌਦਾਗਰ ਅਤੇ ਹੱਥੀਂ, ਦਸਾਂ ਨਹੁੰਆਂ ਦੀ ਕਾਰ ਕਰਨ ਵਾਲੇ ਕਮਾਊ ਪੁੱਤਰਾਂ ਦਾ ਦੇਸ਼ ਸੀ, ਮਗਰ ਇੱਥੇ ਗੀਦੀ ਪੁਰਸ਼ ਦਾ ਵਸੇਬਾ ਤਾਂ ਕਿਧਰੇ ਰਹੇ ਕਦੇ ਨਾਉਂ ਤੱਕ ਨਹੀਂ ਸੁਣਿਆ ਸੀ ।

ਆਹ ! ਮੇਰੇ ਇਸ ਸੁੰਦਰ ਦੇਸ਼, ਸਾਂਦਲਬਾਰ ਦੇ ਮੰਦੇ ਭਾਗ, ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਵਿੱਚ ਭੁੱਖਾ ਮਰਦਾ, ਏਕਰੀ ਪਿੰਡ ਪਰਗਣਾ ਸਰਧਣਾ ਜ਼ਿਲ੍ਹਾ ਮੇਰਠ ਦਾ ਬ੍ਰਾਹਮਣ ਖੁਸ਼ਾਲਾ[1] ਕੇਵਲ 5/- ਮਹੀਨੇ ਤੇ ਸੰਨ 1807 ਈ: ਨੂੰ ਧੋਕਲ ਸਿੰਹੁ ਦੀ ਪਲਟਣ ਵਿੱਚ ਭਰਤੀ ਹੋ ਗਿਆ । ਇਹ ਸੋਹਣਾ ਜਵਾਨ ਸੀ । ਮਹਾਰਾਜੇ ਨੇ ਇਸ ਨੂੰ ਪਾਹੁਲ ਛਕਾ, ਖੁਸ਼ਾਲ ਸਿੰਘ ਕਰ ਕੇ ਆਪ ਨੇ ਬਾਡੀ ਗਾਰਡ (ਅੰਗ ਰੱਖਸ਼ਕ) ਵਿੱਚ ਰੱਖ ਲਿਆ ਇਹ ਬ੍ਰਹਮਣ ਹੋਣ ਕਰ ਕੇ ਚਰਬ ਤੇਜ਼ੀ ਤਿੱਖੀ ਜ਼ਬਾਨ ਤੇ ਸੀ ਹੀ, ਇਹ ਮਹਾਰਾਜੇ ਦੇ ਅੰਦਰ ਧੱਸਦਾ ਚਲਾ ਗਿਆ । ਕਿੱਥੇ ਖੁਸ਼ਾਲਾ, ਸ਼ਪਾਹਟਾ ਤੇ ਕਿੱਥੇ ਜਮਾਦਰ ਖੁਸ਼ਾਲ ਸਿੰਘ ਬਣ ਗਿਆ ਤੇ ਫਰ ਡਿਉਢੀ ਵਾਲਾ ਬਣ ਗਿਆ । ਭਾਵ ਕਿ ਸ਼ਾਹੀ ਮਹਿਲਾਂ ਵਿੱਚ ਉਸ ਦੀ ਆਗਿਆ ਤੋਂ ਬਿਨ੍ਹਾਂ ਕੀੜੀ ਆ ਜਾ ਨਹੀਂ ਸੀ ਸਕਦਾ ।

ਇਹ ਮਹੁਰੇ ਦੀ ਵੇਲ ਸਿੱਖ ਰਾਜ ਵਿੱਚ ਖੂਬ ਫੈਲੀ ਖੁਸ਼ਾਲੇ[2] ਨੇ ਆਪਣੇ ਪੁੱਤਰ ਰਾਮ ਦਿਆਲ ਨੂੰ ਰਾਮ ਸਿੰਘ ਬਣਾਇਆ ਅਤੇ ਆਪਣੇ ਭਤੀਜੇ ਤੇਜੂ (ਨਿਧੇ ਮਿਸ਼ਰ ਦੇ ਪੁੱਤਰ) ਨੂੰ ਅੰਮ੍ਰਿਤ ਛਕਾ ਤੇਜ ਸਿੰਘ ਬਣਾਇਆ ਅਤੇ ਆਪਣੇ ਰਸੂਖ ਨਾਲ ਪੁੱਤਰ ਨੂੰ ਤਾਂ ਕੰਵਰ ਖੜਕ ਸਿੰਘ ਦਾ

---

1. ਮਹਾਨ ਕੋਸ਼ ਵਿੱਚ ਇਸ ਦੇ ਪਿਤਾ ਦਾ ਨਾਮ ਹਰਗੋਬਿੰਦ ਗੌੜ ਬ੍ਰਹਮਣ ਦੱਸਿਆ ਹੈ ।
2. ਜਮਾਂਦਾਰ ਖੁਸ਼ਾਲ ਸਿੰਘ ਨੂੰ 1817 ਵਿੱਚ ਇਸ ਦੀਆਂ ਭੁਲਾਂ ਕਰ ਕੇ ਜਮਾਂਦਾਰੀ ਤੋਂ ਹਟਾ ਦਿੱਤਾ । ਧਿਆਨ ਸਿੰਘ ਡੋਗਰਾ ਡਿਉਢੀ ਵਾਲਾ ਬਣਿਆ—ਮਹਾਰਾਜੇ ਨੇ ਖੁਸ਼ਾਲ ਸਿੰਘ ਨੂੰ 50, 000 ਰੁਪੈ ਜੁਰਮਾਨਾ ਵੀ ਕੀਤਾ—ਕੁਝ ਚਿਰ ਮਗਰੋਂ ਉਸ ਨੂੰ ਮੁਆਫ ਕਰ ਕੇ ਸੇਵਾ ਤੇ ਬਹਾਲ ਕੀਤਾ । ਇਸ ਦਾ ਦਿਹਾਂਤ 1844 ਵਿੱਚ ਹੋਇਆ ।

ਮੁਸਾਹਿਬ ਲਗਵਾਇਆ ਜੋ ਭਯਾ ਰਾਮ ਸਿੰਘ[1] ਕਰ ਕੇ ਸੱਦਿਆ ਜਾਂਦਾ ਸੀ ਅਤੇ ਤੇਜ ਸਿੰਘ ਨੂੰ ਕੰਵਰ ਖੜਕ ਸਿੰਘ ਦੀਆਂ ਫੌਜਾਂ ਦਾ ਜਰਨੈਲ ਬਣਵਾ ਦਿੱਤਾ। 30 ਅਪਰੈਲ 1837 ਵਿੱਚ ਜਦੋਂ ਜਨਰਲ ਹਰੀ ਸਿੰਘ ਨਲਵਾ ਸ਼ਹੀਦ ਹੋਇਆ ਤਾਂ ਕੁਝ ਅਰਸੇ ਵਾਸਤੇ ਇਸੇ ਤੇਜ ਸਿੰਘ ਨੂੰ ਮਹਾਂਰਾਜੇ ਨੇ ਪਿਸ਼ੌਰ ਦਾ ਗਵਰਨਰ ਥਾਪਿਆ। ਇਸ ਦੀ ਥਾਵੇਂ ਫਿਰ ਜਨਰਲ ਅਬੂਤਬੇਲਾ (ਐਵੀਟੇਬਲ) ਪਿਸ਼ਾਵਰ ਦਾ ਗਵਰਨਰ ਬਣਿਆ।

ਇਹਨਾਂ ਮਿਸਰਾਂ ਦਾ ਹੀ ਇਕ ਭਾਈ ਬੰਦ ਮਿਸ਼ਰ ਜਸਾ ਮੱਲ ਦਾ ਪੁੱਤਰ ਲਾਲ ਸਿੰਘ ਮਹਾਂਰਾਜੇ ਦਲੀਪ ਸਿੰਘ ਦਾ ਵਜ਼ੀਰ ਸੰਨ 1845 ਵਿੱਚ ਮੁਕਰਰ ਹੋਇਆ ਅਤੇ ਸਿੱਖ ਰਾਜ ਦੇ ਨਾਸ ਦਾ ਕਾਰਨ ਹੋਇਆ। ਉਪਰੋਕਤ ਤੇਜ ਸਿੰਘ ਸੰਨ 1845 ਵਿੱਚ ਰਾਜਗੀ ਦੇ ਖਿਤਾਬ ਨਾਲ ਸਿੱਖ ਫੌਜਾਂ ਦਾ ਕਮਾਂਡਰ-ਇਨ-ਚੀਫ ਮੁਕਰਰ ਹੋਇਆ। ਤੇਜ ਸਿੰਘ ਤੇ ਲਾਲ ਸਿੰਘ ਦੋਵੇਂ ਅੰਦਰਖਾਤੇ ਅੰਗਰੇਜ਼ਾਂ ਦੇ ਨਾਲ ਮਿਲੇ ਹੋਏ ਸਨ ਇਹਨਾਂ ਨੇ ਖਾਲਸਾ ਫੌਜਾਂ ਨੂੰ ਚੁਕ ਚੁਕਾ ਕੇ 1845 ਈ: ਨੂੰ ਅੰਗਰੇਜ਼ਾਂ ਤੇ ਹਮਲਾ ਕਰਵਾ ਦਿੱਤਾ।

ਗਿਆਨੀ ਗਿਆਨ ਸਿੰਘ ਨੇ ਸੱਚ ਲਿਖਿਆ ਹੈ :—

ਕਾਲ ਬਾਗੜੋਂ ਉਪਜੇ ਤੇ ਬੁਰਾ ਬਾਹਮਣ ਤੇ ਹੋਇ।

ਇਹਨਾਂ ਦੋਹਾਂ ਬ੍ਰਾਹਮਣ ਜ਼ਾਦਿਆ ਨੇ ਆਪਣੀ ਗਦਾਰੀ ਅਤੇ ਸ਼ਰਮਨਾਕ ਕਰਤੂਤ ਕਰਕੇ ਜਿੱਤੀ ਹੋਈ ਬਾਜ਼ੀ ਹਾਰੀ ਜਿਵੇਂ ਕਿ ਦੋ ਸੁਪਰਸਿੱਧ ਅੰਗਰੇਜ਼ ਇਤਿਹਾਸਕਾਰਾਂ ਨੇ ਇਉਂ ਵਰਨਣ ਕੀਤਾ ਹੈ :—

1. ਮੇਜਰ ਕਾਰਮਾਈਕਲ ਸਮਿਥ ਆਪਣੀ ਅੰਗਰੇਜ਼ੀ ਪੁਸਤਕ The Reigning Family of Lahore (ਦਿ ਰੇ-ਨਿੰਗ ਫੈਮਿਲੀ ਆਫ਼ ਲਾਹੌਰ) ਦੇ ਪੰਨਾ 175-6 ਤੇ ਲਿਖਦਾ ਹੈ :—

ਇਸ ਮੌਕੇ ਤੇ ਸ: ਤੇਜ ਸਿੰਘ ਫਿਰੋਜ਼ਪੁਰ ਕੈਂਪ ਤੋਂ ਪੰਜੀ ਤੀਹ ਹਜ਼ਾਰ ਤਾਜ਼ਾ ਦਮ ਫੌਜ ਲੈ ਕੇ, ਸ਼ ਡੀ ਪਹਿਲੇ ਦੀ ਥੱਕੀ ਹਾਰੀ ਬਿਲਕੁਲ ਹਮਲਾ ਕਰਨ ਦੇ ਨਾਕਾਬਲ ਫੌਜ ਦੇ ਸਾਹਮਣੇ ਆ ਗਿਆ। ਅੰਗਰੇਜ਼ਾਂ ਦੀ ਖੁਸ਼ਕਿਸਮਤੀ ਕਿ ਇਤਨੀ ਭਾਰੀ ਸਿੱਖ ਰੀਜ਼ਰਵ ਫੌਜ ਉਹਨਾਂ ਤੇ ਹਮਲਾ ਕਰਨ ਦੀ ਬਜਾਏ ਵਾਪਸ ਪਰਤ ਗਈ। ਅੰਗਰੇਜ਼ਾਂ ਨੂੰ ਉਦੋਂ ਹੌਂਸਲਾ ਹੋ ਗਿਆ ਜਦੋਂ ਕਿ ਸਿੱਖ ਫੌਜ ਬਗੈਰ ਇਕ ਵੀ ਗੋਲੀ ਚਲਾਏ ਦੇ ਵਾਪਸ ਆਪਣੇ ਹਾਰੇ ਹੋਏ ਸਾਥੀਆਂ ਨਾਲ ਸਤਲੁਜ ਨੂੰ ਪਰਤ ਗਈ। ਅੰਗਰੇਜ਼ੀ ਫੌਜ ਬਗੈਰ ਝਗੜੇ ਦੇ ਸਿੱਖਾਂ ਦੀ ਮੋਰਚਾਬੰਦੀ ਅਤੇ ਤੋਪਾਂ ਵਾਲੇ ਫਿਰੋਜ਼ਪੁਰ ਸ਼ਹਿਰ ਦੇ ਕੈਂਪ ਤੇ ਕਾਬਜ਼ ਹੋ ਗਈ।

ਰਾਜਾ ਲਾਲ ਸਿੰਘ ਜੋ ਭਗੌੜਿਆਂ ਵਿਚੋਂ ਸਭ ਤੋਂ ਮੂਹਰੇ ਸੀ, ਸ: ਰਣਜੋਧ ਸਿੰਘ ਦੇ ਡੇਰੇ ਫਿਲੌਰ ਜਾ ਵੜਿਆ। ਜਿਥੋਂ ਕਿ ਉਹ ਕਾਹਲੀ ਨਾਲ ਭੱਜ ਕੇ ਸ੍ਰੀ ਅੰਮ੍ਰਿਤਸਰ ਜਾ ਲੁਕਿਆ।

2. ਕੰਨਿਘਮ[2] ਲਿਖਦਾ ਹੈ ਕਿ ਖਾਲਸੇ ਦੀ ਤਿਆਰ ਬਰ ਤਿਆਰ ਫੌਜ ਨੂੰ ਜਦ ਭੁੱਖੀ ਤੇ ਥੱਕੀ ਟੁਟੀ ਗੋਰਾ ਫੌਜ ਨੇ ਆਪਣੇ ਵੱਲ ਵੱਧਦਿਆਂ ਡਿੱਠਾ ਤਾਂ ਸਮਝੇ ਕਿ ਅੱਜ ਅਸਾਡੀ ਅਜਾਈਂ ਮੌਤ ਹੈ ਤੇ ਉਹਨਾਂ ਨੂੰ ਯਕੀਨ ਹੋ ਗਿਆ ਕਿ ਅੱਜ ਸਾਨੂੰ ਨਿਰਾਸ਼ਾਜਨਕ ਹਾਰ ਹੋਵਗੀ। ਇਸ ਹਮਲਾਵਰ ਫੌਜ ਦਾ ਮੋਹਰੀ ਤੇਜ ਸਿੰਘ ਸੀ। ਉਸ ਨੂੰ ਉਸ ਦੇ ਪ੍ਰਮ ਸੁਨੇਹੀ ਤੇ ਜੋਸ਼ੀਲੇ ਜਵਾਨਾਂ ਨੇ ਸਲਾਹ ਦਿੱਤੀ ਕਿ ਦੁਸ਼ਮਣ ਤੇ ਹੱਲਾ ਪਰ੍ਹ ਵਟਾਲੇ ਕੀਤਾ ਜਾਵੇ, ਕਿਤੂ ਉਸ ਦਾ ਮੰਤਵ ਇਸ ਨਿੱਡਰ ਖਾਲਸਾ ਫੌਜ ਨੂੰ ਹਰਾਨਾ ਅਤੇ ਖੇਰੂੰ ਖੇਰੂੰ ਕਰਨਾ ਸੀ ਅਤੇ ਉਤਨਾ ਚਿਰ ਢਿੱਲ ਕਰੀ ਗਿਆ ਜਦ ਤੱਕ ਕਿ ਲਾਲ ਸਿੰਘ ਦੀ ਫੌਜ ਨੂੰ ਹਰ ਥਾਂ ਤੋਂ ਭਾਜੜ ਨਾ ਪੈ ਗਈ ਅਤੇ ਜੇਤੂ ਫੌਜ ਆਪਣੇ ਝੰਡੇ ਕੋਲ ਫੇਰ ਇੱਕਠੀ ਹੋ ਕੇ ਆਪਣ ਆਪ ਨੂੰ ਫਿਰ ਤਿਆਰ ਕਰ ਲਿਆ। ਐਨ ਅਖੀਰਲੇ ਪਲ ਵਿੱਚ ਤੇਜ ਸਿੰਘ ਨੇ ਐਵੇਂ ਝੂਠਾ ਜਿਹਾ ਹੱਲਾ ਵੀ ਕੀਤਾ ਅਤੇ ਪਲ ਭਰ ਪਿਛੋਂ ਪਹਿਲੇ ਮਿਥੇ ਹਏ ਮਨਸੂਬੇ ਅਨੁਸਾਰ, ਮਾਤਹਿਤਾ ਨੂੰ ਬਗੈਰ ਕੋਈ ਹੁਕਮ ਦਿੱਤੇ ਪਿਛੇ ਨੂੰ ਭੱਜ ਵਗਿਆ, ਜਦਕਿ ਅੰਗਰੇਜ਼ਾਂ ਕੋਲ ਨਾ ਗੋਲਾ ਬਾਰੂਦ ਹੀ ਸੀ ਨਾ ਲੜਣ ਜੋਗੀ ਫੌਜ ਹੀ ਸੀ। ਅਗਰ ਖਾਲਸਾ ਫੌਜ ਮਾੜਾ ਜਿਹਾ ਵੀ ਹੱਲਾ ਕਰ ਦਿੰਦੀ ਤਾਂ ਕੋਈ ਤਾਕਤ ਅੰਗਰੇਜ਼ੀ ਫੌਜ ਦਾ ਖਾਤਮਾ ਨਹੀਂ ਸੀ ਰੋਕ ਸਕਦੀ।

ਇਹਨਾਂ ਕੌਮ ਦੁਸ਼ਮਣ ਦੇਸ਼ ਧਰੋਹੀ ਗੀਦੀਆਂ ਨਾਲ ਅੰਗਰੇਜ਼ਾਂ ਨੇ ਅਗਾਂਹ ਕੀ ਸਲੂਕ ਕੀਤਾ ਲੋ ਸੁਣੋ :—

ਅੰਗਰੇਜ਼ਾਂ ਨੇ ਸਤਲੁਜ ਦੀ ਲੜਾਈ ਪਿਛੋਂ, ਪਹਿਲਾ ਅਹਿਦ ਨਾਮਾ ਮਾਰਚ 1846 ਵਿੱਚ ਕੀਤਾ ਜਿਸ ਨਾਲ ਪੰਜਾਬੀਆਂ ਦੀ ਅੱਧ-

1. ਨਕਈ ਮਿਸਲ ਦਾ ਇਲਾਕਾ ਜ਼ਬਤ ਕਰ ਕੇ ਕੰਵਰ ਖੜਕ ਸਿੰਘ ਨੂੰ ਜਾਗੀਰ ਵਿੱਚ ਦਿੱਤਾ। ਭਯਾ ਰਾਮ ਸਿੰਘ ਪ੍ਰਬੰਧ ਨਾ ਕਰ ਸਕਿਆ। ਮਹਾਂਰਾਜੇ ਨੇ ਨਜ਼ਰਬੰਦ ਕਰ ਕੇ 5,00,000 ਰੁਪੈ ਜੁਰਮਾਨਾ ਕੀਤਾ। ਜਿਸ ਨੂੰ 27.8.1817 ਨੂੰ ਰਿਹਾ ਕਰ ਕੇ ਰਾਮਗੜ੍ਹੀਆਂ ਦੇ ਇਲਾਕੇ ਦਾ ਨਾਜ਼ਮ ਥਾਪਿਆ।

History of The Sikhs Pages 301—309.

ਪਚਧੀ ਆਜ਼ਾਦੀ ਖੁਸ ਗਈ। ਅਜੇ ਇਸ ਅਹਿਦਨਾਮੇ ਦੀ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਇੱਕ ਹੋਰ ਅਹਿਦਨਾਮਾ ਲਾਹੌਰ ਦਰਬਾਰ ਤੇ ਠੋਸ ਕੇ ਕਿਸੇ ਨਾ ਕਿਸੇ ਢੰਗ ਨਾਲ ਛੇਤੀ ਤੋਂ ਛੇਤੀ ਪੰਜਾਬ ਨੂੰ ਹੜਪ ਕਰਨਾ ਚਾਹੁੰਦਾ ਸੀ ਸੋ ਇਸ ਉਸਤਾਦੀ ਤਰੀਕੇ ਨਾਲ ਰੰਗ ਦੇਣ ਵਾਸਤੇ ਉਹ ਬਹਾਨੇ ਭਾਲਣ ਲੱਗਾ ਜੋ ਲਾਹੌਰ ਦਰਬਾਰ ਵਿਚੋਂ ਉਸ ਨੂੰ ਸਹਿਜੇ ਹੀ ਮਿਲ ਗਿਆ।

ਗੱਲ ਇਸ ਤਰ੍ਹਾਂ ਬਣੀ ਕਿ ਸਤਲੁਜ ਦੀ ਲੜਾਈ ਪਿਛੋਂ ਗੁਲਾਬ ਸਿੰਹੁ ਡੋਗਰੇ ਨੇ ਅੰਦਰੋਂ ਅੰਦਰੀ ਅੰਗਰੇਜ਼ਾਂ ਨਾਲ ਕਸ਼ਮੀਰ ਦਾ ਸੌਦਾ ਕਰ ਲਿਆ। ਕਿਉਂਕਿ ਮਹਾਂਰਾਜਾ ਦੀ ਮੌਤ ਪਿਛੋਂ ਇਸ ਦਾ ਅੰਗਰੇਜ਼ਾਂ ਨਾਲ ਅੰਦਰਖਾਤੇ ਗੂੜ੍ਹ ਸੀ। ਉਧਰ ਮਿਸਰ ਲਾਲ ਸਿੰਹੁ ਨੂੰ ਵੀ ਅੰਗਰੇਜ਼ ਮਾਲਕਾਂ ਤੋਂ ਦੇਸ਼ ਧਰੋਹੀ ਬਦਲੇ ਬੜੀਆਂ ਬੜੀਆਂ ਆਸਾਂ ਸਨ। ਮਗਰ ਜਦੋਂ ਉਸ ਨੂੰ ਗੁਲਾਬ ਸਿੰਘ ਦੀ ਗਦਾਰੀ ਬਦਲੇ ਅੰਗਰੇਜ਼ਾਂ ਵੱਲੋਂ ਕਸ਼ਮੀਰ ਦੇ ਇਨਾਮ ਦਾ ਪਤਾ ਲੱਗਾ ਤਾਂ ਉਹ ਅੰਦਰੋਂ ਸੜ ਬਲ ਗਿਆ ਤੇ ਅੰਗਰਜ਼ਾਂ ਨੂੰ ਕੁਛ ਮੰਦਾ ਚੰਗਾ ਵੀ ਆਖਿਆ। ਅੰਦਰੋਂ ਅੰਦਰੀ ਲਾਲ ਸਿੰਘ ਨੇ, ਗਵਰਨਰ ਕਸ਼ਮੀਰ ਸ਼ੇਖ ਇਮਾਮ ਦੀਨ ਨਾਲ ਗੰਢ ਤਰੁਪ ਕੀਤੀ ਕਿ ਉਹ ਕਸ਼ਮੀਰ ਗੁਲਾਬ ਸਿੰਘ ਦੇ ਹਵਾਲੇ ਨਾ ਕਰੇ ਸ਼ੇਖ ਇਮਾਮ ਦੀਨ ਵੀ ਮੰਨ ਗਿਆ। ਮਗਰ ਜਦੋਂ ਗਵਰਨਰ ਜਨਰਲ ਨੇ ਗੋਰਾ ਫੌਜ ਨੂੰ ਕਸ਼ਮੀਰ ਵੱਲ ਜਾਣ ਦਾ ਹੁਕਮ ਦਿੱਤਾ ਤਾਂ ਸ਼ੇਖ ਇਮਾਮ ਦੀਨ ਲਾਹੌਰ ਭਜਾ ਆਇਆ ਤੇ ਕਸ਼ਮੀਰ ਦਾ ਦਖਲ ਦੇਣਾ ਸਵੀਕਾਰ ਕੀਤਾ ਅਤੇ ਨਾਲ ਹੀ ਲਾਲ ਸਿੰਘ ਦੀਆਂ ਸਕੀਮਾਂ ਦਾ ਵੀ ਭੰਡਾ ਫੋੜ ਦਿੱਤਾ।

ਬਸ ਬਹਾਨਾ ਹੱਥ ਆ ਗਿਆ ਦੂਸਰਾ ਅਹਿਦਨਾਮਾ 10 ਸਤੰਬਰ 1846 ਨੂੰ ਲਿਖਿਆ ਗਿਆ। ਜਿਸ ਦਵਾਰਾ ਅੰਗਰੇਜ਼ੀ ਫ਼ੌਜ ਤੇ ਸਰਕਾਰ ਮਹਾਰਾਜਾ ਦਲੀਪ ਸਿੰਘ ਦੀ ਸਰਪਰਸਤੀ ਵਾਸਤੇ ਸਾਲ ਹੋਰ ਰਹਿ ਸਕਦੀ ਸੀ। ਇਸਦਾ ਦੇਸ਼ਵਾਸੀਆਂ ਤੇ ਜੋ ਅਸਰ ਪਿਆ ਉਹ ਅਕਥਨੀਯ ਹੈ ਮਗਰ ਦੇਸ਼ ਧਰੋਹੀ ਗੀਦੀ ਲਾਲ ਸਿੰਹੁ ਨੂੰ 1849 ਵਿੱਚ ਕੈਦ ਕਰਕੇ ਪਹਿਲਾ ਆਗਰੇ ਫਿਰ, ਦੇਹਰਾਦੂਨ ਘਲਿਆ ਗਿਆ। ਜਿਥੇ ਇਹ 1866 ਈ: ਵਿੱਚ ਮਰ ਗਿਆ। ਇਸ ਦੇ ਵੰਸ਼ਜ ਦੇਹਰਾਦੂਨ ਵੱਸਦੇ ਹਨ। ਇਤਨੇ ਵੱਡੇ ਦੇਸ਼ ਧਰੋਹੀ ਲਈ ਇਹ ਸਜਾ ਬਹੁਤ ਘੱਟ ਸੀ।

ਸਭ ਤੋਂ ਵੱਡੇ ਦੇਸ਼ ਧਰੋਹੀ, ਕੁਲ ਕਲੰਕੀ ਪਾਬੰਰ ਗੀਦੀ ਤੇਜ ਸਿੰਹੁੰ ਜਿਸ ਨੂੰ ਖਾਲਸਾ ਫੌਜ ਦਾ ਕਮਾਂਡਰ-ਇਨ-ਚੀਫ਼ ਹੋਣ ਦੀ ਵੀ ਸ਼ਰਮ ਨਾ ਆਈ। ਫੀਰੋਜ਼ਸ਼ਾਹ (ਫੇਰੂ ਸ਼ਹਿਰ) ਦੇ ਮੋਰਚੇ ਵਿਚੋਂ ਦੁਸ਼ਮਣ ਦੇ ਨਾਲ ਰਲ ਕੇ ਫੌਜ ਦਾ ਨਾਸ ਕਰਵਾ ਕੇ ਆਪ ਪਿੱਠ ਦੇ ਕੇ ਜੋ ਭੱਜਾ ਤਾਂ ਫਲੌਰ ਆ ਲੁਕਿਆ। ਇਸ ਸੇਵਾ ਦੇ ਬਦਲੇ ਇਸ ਕੁਲ ਕਲੰਕੀ ਨੂੰ, ਇਸ ਦੇ ਅੰਗਰੇਜ਼ ਮਾਲਕਾਂ ਨੇ ਸੰਨ 1849 ਦੇ ਪਿਛੋਂ, 1,20,000 ਦੀ ਜਾਗੀਰ 180 ਪਿੰਡ, ਜ਼ਿਲਾ ਲਾਹੌਰ, ਅੰਮ੍ਰਿਤਸਰ ਸਿਆਲਕੋਟ ਅਤੇ ਸ਼ੇਖੂਪੁਰੇ ਵਿਚ ਦਿਤੇ। ਬਦਕਿਸਮਤੀ ਨੂੰ ਇਸ ਨੂੰ ਸ਼ੇਖੂਪੁਰੇ ਦੀ ਰਾਜਗੀ ਦਾ ਖਿਤਾਬ ਅਤੇ ਰਾਣੀ ਨਕੈਨ ਦੇ ਮਹਿਲ ਅਤੇ ਬਾਰਾਦਰੀ ਵੀ ਦਿਤੇ ਗਏ। ਸ਼ੇਖੂਪੁਰੇ ਦੇ ਨੇੜ ਇਸਨੂੰ ਭਦਰੂ ਛਾਪਾ, ਮਾਪਾ ਅਤੇ ਚਕ ਹਰਨ ਮਨਾਰਾ ਆਦਿ ਮਿਲੇ ਹੋਏ ਸਨ। ਇਹਨਾਂ ਚਕਾਂ ਵਿਚ ਵਿਰਕਾਂ ਤੋਂ ਡਰਦਾ ਮਾਰਿਆ ਅਵਲ ਤਾਂ ਕੋਈ ਮੁਜਾਰਾ ਹੀ ਨਹੀਂ ਸੀ ਟਿਕਦਾ, ਜੇ ਟਿਕਦਾ ਵੀ ਸੀ ਤਾ ਕਮਾ ਕੇ ਇਥੋਂ ਉਹ ਕੁਝ ਨਹੀਂ ਸੀ ਲਿਜਾਂਦਾ। ਗਵਾਂਢੀ ਰਣੀਕੇ, ਕੁਠਲਕੇ ਮਾਛੀ ਕੇ ਤੇ ਕਾਲੇ ਕੇ ਉਸਦਾ ਭਾਰ ਹੌਲਾ ਕਰਨ ਲਈ ਡੰਗਰ ਇਹਨਾ ਚੱਕਾਂ ਵਿਚ ਹੀ ਚੁਗਾਇਆ ਕਰਦੇ ਸਨ।

ਇਸ ਅਸਲੀ ਤੇ ਸਭ ਤੋਂ ਵਡੇ ਦੇਸ਼ ਧਰੋਹੀ ਨ ਜਾਂਦੀ ਵਾਰੀ ਅਖੀਰ ਮੂੰਹ ਕਾਲਖ ਦਾ ਟਿਕਾ ਇਹ ਖਟਿਆ ਕਿ ਅੰਗਰੇਜ਼ਾਂ ਦੀ ਪੁਛ ਤੇ ਜਦੋਂ ਸੰਨ 1860 ਵਿਚ ਸਿੱਖ ਰਾਜ ਨਾਲ ਸਨੇਹ ਰੱਖਣ ਵਾਲੇ ਪੁਰਾਣੇ ਸਿੱਖਾਂ ਦੇ ਨਾਮ ਪੁਛੇ ਤਾਂ ਇਸ ਪਾਪੀ ਨੇ ਕਈਆਂ ਦੇ ਨਾਮ ਦਸੇ, ਕਿਉਂਕਿ ਉਹ ਹਮੇਸ਼ਾਂ ਇਹਨੂੰ ਮੂੰਹ ਤੇ ਫਿਟਕਾਂ ਪਾਇਆ ਕਰਦੇ ਸਨ। ਤਦੋਂ 1860 ਵਿਚ ਜਿਲਾ ਸਿਆਲਕੋਟ, ਗੁਜਰਾਂਵਾਲਾ ਆਦਿ ਦੇ 500 ਸਿਰਕਢਵੇਂ ਸਿੱਖ ਫੜਕੇ ਅੰਗਰੇਜ਼ਾਂ ਨੇ ਲਾਹੌਰ ਗੁੰਬਦ ਅੰਦਰ ਬੰਦ ਕਰਕੇ ਮਾਰ ਦਿਤੇ ਸਨ।

ਇਹ ਨਮਕ ਹਰਾਮ ਅਕ੍ਰਿਤਘਣ ਇਸ ਦੁਨੀਆਂ ਤੋਂ ਆਪਣਾ ਕਾਲਾ ਮੂੰਹ ਲੈ ਕੇ ਸੰਨ 1862 ਵਿਚ ਸਦਾ ਲਈ ਕੂਚ ਕਰ ਗਿਆ ਤੇ ਧਰਤੀ ਦਾ ਭਾਰ ਹੌਲਾ ਕਰ ਗਿਆ।

ਇਹੋ ਜਿਹਿਆਂ ਲਈ ਇਕ ਕਿੱਸਾਕਾਰ ਦੀ ਲਾਈਨ ਹੈ :—

ਇਹੋ ਜਿਹੇ ਮਕਾਰਾਂ ਨੇ ਰਲ ਮਿਲ ਕੇ ਸੀ ਲਾਹੌਰ ਦਰਬਾਰ ਉਜਾੜਿਆ ਜੀ।

ਅਤੇ ਅੱਜ ਮੇਰੇ ਜਿਹੇ ਕੌਮ ਵਾਸਤੇ ਦਰਦਾਂ ਵਿੰਨੇ ਕਲਮ ਘਸੀਟੀਏ ਵੀ ਤਾਂ ਹੀ ਕੁਰਲਾਉਂਦੇ ਹਨ ਕਿ ਮਹਾਂਰਾਜਾ ਰਣਜੀਤ ਸਿੰਘ

ਆਪਣੀ ਹਥੀਂ ਜੇ ਗੰਦ ਵਿਚ ਰੋਲ ਜਾਂਦਾ, ਲਾਲੂ, ਤੇਜੂ ਜਿਹੇ ਕੁਤੜੇ ਗਦਾਰਾਂ ਦੇ ਫੁੱਲ।
ਜੀਂਦੇ ਜੀਅ ਜੇ ਪੈਰਾਂ ਹੇਠ ਮਲ ਜਾਂਦਾ, ਧਿਆਨੂੰ ਗੰਦੜੇ ਜਿਹੇ ਮਿੱਤਰ ਮਾਰਾਂ ਦੇ ਫੁੱਲ।

(ਤਾਂ)

ਫੇਰੂ, ਮੁਦਕੀ ਮੈਦਾਨਾਂ ਵਿਚ ਨਾ ਰੁਲਦੇ, ਅਣਖੀ, ਸਿਦਕੀ ਤੇ ਸੂਰੇ ਸਰਦਾਰਾਂ ਦੇ ਫੁੱਲ।
ਜਿੰਦਾਂ ਅਤੇ ਦਲੀਪ ਦੇ ਤੜਫਦੇ ਨਾ, ਰਲਣ ਲਈ ਵਿਚ ਪੰਜਾਬੀ ਹਜ਼ਾਰਾਂ ਦੇ ਫੁੱਲ।

ਨੋਟ ।—ਗਿਆਨੀ ਜੀ ਵਲੋਂ ਲਿਖਿਆ ਹੋਇਆ ਇਹ ਚੈਪਟਰ ਅਤੇ ਮੇਰੇ ਵਲੋਂ ਲਿਖੀਆਂ ਕਵਿਤਾ ਦੀਆਂ ਇਹ ਲਾਈਨਾਂ ਇਸ ਲਈ ਜ਼ਰੂਰੀ ਹਨ ਕਿ ਕੌਮ ਅਜੇ ਵੀ ਘੋਰ ਸੰਕਟ ਵਿਚ ਪਈ ਹੋਈ ਹੈ। ਇਸ ਸੰਕਟ ਲਈ ਜ਼ੁੰਮੇਵਾਰ ਸਮੇਂ ਸਮੇਂ ਆਉਂਦੀਆਂ ਸਰਕਾਰਾਂ ਤਾਂ ਹਨ ਹੀ, ਕਿਉਂ ਜੋ ਸਰਕਾਰਾਂ ਤਾਂ ਆਪਣੀ ਕੁਰਸੀ ਲਈ, ਤਖਤ ਲਈ, ਰਯੱਤਾਂ (ਲੋਕਾਂ) ਨਾਲ ਕਈ ਕੁਝ ਕਰਦੀਆਂ ਹੀ ਆਈਆਂ ਹਨ, ਪਰ ਇਸ ਘੋਰ ਸੰਕਟ ਲਈ ਗਦਾਰਾਂ ਦੀ ਵੀ ਬਹੁਤ ਵੱਡੀ ਜ਼ੁੰਮੇਵਾਰੀ ਰਹੀ ਹੈ।

ਜੋ ਬਾਲ ਬਾਲ ਕੇ ਕੌਮ ਨੂੰ ਭੱਠੀਆਂ ਵਿਚ, ਲੋਹਾ ਤਪਦਾ ਤਾਂ ਆਪ ਵਿਕਦੇ ਰਹੇ।

— — — —

ਨਿੱਕੇ ਮੋਟੇ ਤਾਂ ਆਪਣੇ ਮੁਫਾਦ ਦੇ ਲਈ, ਕਿੰਨੀ ਕੌਮ ਨੂੰ ਹੀ ਗਹਿਣੇ ਧਰਦੇ ਰਹੇ।

— — — —

ਕਿਥੇ ਗਈ ਦਾਤਾ ਕਈਆਂ ਲੀਡਰਾਂ 'ਚੋਂ ਜ਼ਮੀਰ ਜੋ ਕਪੂਰ ਨਵਾਬ ਦੀ ਸੀ।
ਜੋ ਪਦਵੀਆਂ ਲਈ ਲਾਲਾਂ ਸੁਟਦੇ ਰਹੇ, ਉਸ ਕੀਤੀ ਨਾ ਪਰਵਾਹ ਖਿਤਾਬ ਦੀ ਸੀ।
ਇਨ੍ਹਾਂ ਦਹਾਕਿਆਂ ਵਿਚ,
ਕਦੇ ਡਰਦੀ ਰਹੀ, ਕਦੇ ਵਿਕਦੀ ਰਹੀ, ਉਦੋਂ ਨਾ ਇਹ ਅਣਖ ਪੰਜਾਬ ਦੀ ਸੀ।

— — — —


ਇਸ ਪੰਥ ਨੂੰ ਨਾ ਕੋਈ ਜਿੱਤ ਸਕੇ, ਸਾਹਵੇਂ ਕਿਡੀ ਚਾਹੇ ਵੱਡੀ ਸਰਕਾਰ ਆ ਜਾਏ।
ਇਕ ਸ਼ਰਤ ਪਰ ਨਾਲ ਇਹ ਹੈ ਬੀਬਾ, ਇਹਦੇ ਵਿਚ ਨਾ ਕੋਈ ਗਦਾਰ ਆ ਜਾਏ।
ਤੇ ਜੇ ਗਦਾਰਾਂ ਨੂੰ ਕਰਦਾ ਇਹ ਸਾਫ ਰਹੇ, ਕੋਈ ਸੂਰਤ ਨਹੀਂ ਏਸ ਨੂੰ ਹਾਰ ਆ ਜਾਏ।

ਭਗਵੰਤ ਸਿੰਘ 'ਆਜ਼ਾਦ'

ਰਾਏ ਸਿੱਖ

ਇਹ ਪੰਜਾਬ ਦੇ ਦਰਿਆਵਾਂ ਦੇ ਕਾਂਢਿਆਂ ਵਿੱਚ ਆਮ ਕਰ ਕੇ ਰਹਿੰਦੇ ਸਨ, ਇਹ ਕਾਸ਼ਤਕਾਰੀ ਅਤੇ ਸ਼ਿਕਾਰ ਕਰ ਕੇ ਆਪਣੀ ਉਪਜੀਵਕਾ ਕਰਿਆ ਕਰਦੇ ਸਨ। ਇਹਨਾਂ ਵਿੱਚੋਂ ਜਥੇਦਾਰ ਭਾਈ ਬੂਟਾ ਸਿੰਘ ਜੀ ਚੱਕ 204 ਜ਼ਿਲ੍ਹਾ ਲਾਇਲਪੁਰ ਬੜੇ ਉੱਘੇ ਪੰਥ ਸੇਵਕ ਹੋ ਗੁਜ਼ਰੇ ਹਨ, ਜਿਨ੍ਹਾਂ ਦਾ ਜ਼ਿਕਰ ਸ: ਨਰੈਣ ਸਿੰਘ ਬੈਰਿਸਟਰ ਸਾਬਕਾ ਮੈਨੇਜਰ ਨਨਕਾਣਾ ਸਾਹਿਬ ਨੇ ਆਪਣੀ ਪੁਸਤਕ ਅਕਾਲੀ ਮੋਰਚੇ ਤੇ ਝੱਬਰ ਵਿੱਚ ਕੀਤਾ ਹੈ।

ਰਾਏ ਸਿੱਖ ਅਸਲ ਵਿੱਚ ਚੰਦਰ ਬੰਸੀ, ਭੱਟੀ ਰਾਜਪੂਤ ਹਨ। ਜੈਸਾ ਕਿ ਕਈ ਵਡੇਰਿਆਂ ਦੇ ਮੂੰਹੋਂ ਸੁਣਿਆ ਹੈ ਕਿ ਈਸੇ ਕੇ ਭੱਟੀ (ਰਾਏ ਬੁਲਾਰ ਦੀ ਅੰਸ ਵਿੱਚੋਂ) ਇਹਨਾਂ ਰਾਏ ਸਿੱਖਾਂ ਨੂੰ ਦਾਦਕੇ ਅਰਥਾਤ ਆਪਣੀ ਬਹਾਦਰੀ ਕਰਕੇ ਮੰਨਦੇ ਸਨ ਇਹਨਾਂ ਬਜ਼ੁਰਗਾਂ ਵਿੱਚੋਂ ਇੱਕ ਭਾਈ ਬੇਲਾ ਸਿੰਘ ਜੀ ਕਿਰਾਲੀਵਾਲਾ ਰਾਹਣਾ, ਚੱਕ ਨੰ: 69 ਤਹਿਸ਼ੀਲ ਚੂਣੀਆਂ ਜ਼ਿਲ੍ਹਾ ਲਾਹੌਰ ਦੇ ਹਨ। (ਹਾਲ ਬਰਖੇੜੀ ਡਾ: ਬੁਖੰਡੀ ਤਹਿਸੀਲ ਕਾਸ਼ੀਪੁਰ ਜ਼ਿਲ੍ਹਾ ਨੈਨੀਤਾਲ) ਉਹਨਾਂ ਦਾ ਹੇਠ ਲਿਖਿਆ ਬੰਸਾਵਲੀਨਾਮਾ ਮਿਲਦਾ ਹੈ :—



ਭਾਈ ਬੇਲਾ ਸਿੰਘ ਜੀ ਦੱਸਦੇ ਹਨ ਕਿ ਸਾਡੇ ਮਿਰਾਸੀ ਸਾਨੂੰ ਕਰਨਾਨੇ ਭੱਟੀ ਦੱਸਿਆ ਕਰਦੇ ਸਨ ਜੋ ਠੀਕ ਪ੍ਰਤੀਤ ਹੁੰਦਾ ਹੈ ਕਿਉਂਕਿ ਆਈਨਾ-ਇ-ਬਰਾੜ ਦੇ ਅਨੁਸਾਰ ਚੰਦਰ ਬੰਸ ਬੰਸਾਵਲੀਨਾਮੇ ਵਿਚ

ਰਾਜਾ ਗਜ
|
ਸਾਲ ਬਾਹਨ
|
ਬਲ ਬੰਦ
|
ਭਾਤੀ ਰਾਓ
|
ਅਭਿ ਰਾਓ
|
ਕਰਨ ਰਾਓ

ਇਸ ਦੀ ਅੰਸ ਵਿਚੋਂ ਰਾਏ ਸਿੱਖ ਭੱਟੀ ਰਾਜਪੂਤ ਹੋਣਾ ਮੰਨਦੇ ਹਨ। ਇਹ ਤੱਥ ਅਤੇ ਹੋਰ ਖੋਜ ਦਾ ਮੁਥਾਜ ਹੈ ਭਾਈ ਬੇਲਾ ਸਿੰਘ ਜੀ ਕੋਸ਼ਿਸ਼ ਕਰ ਰਹੇ ਹਨ ਕਿ ਉਹ ਆਪਣਾ ਬੰਸਾਵਲੀਨਾਮਾ ਮੁਕੰਮਲ ਕਰਨ ਵਿੱਚ ਮੇਰੀ ਸਹਾਇਤਾ ਕਰਨ। (ਭਾਈ ਬੇਲਾ ਸਿੰਘ ਦੀ ਫੋਟੋ ਅੱਗੇ ਵੇਖੋ)

ਵੜਾਇਚ

ਮਾਲਵਾ ਇਤਿਹਾਸ ਦੀ ਭੂਮਿਕਾ ਪੰਨਾ 57 ਪੈਰਾ ਤਿੰਨ ਵਿੱਚ ਪੰਡਿਤ ਕਰਤਾਰ ਸਿੰਘ ਦਾਖਾ ਲਿਖਦੇ ਹਨ :—

(ਸਾਲਿਬਾਹਨ ਦਾ) ਚੌਧਵਾਂ ਪੁੱਤਰ ਵੜਾਇਚ ਸਿਆਲਕੋਟ ਤੋਂ ਆਪਣੇ ਭਾਈ ਜਗਸ਼ਵਾਈ ਕੋਲ ਜਾਣ ਲਈ ਸਿੱਧਾ ਗੜ੍ਹ ਗਜਨੀ (ਖੰਬਾਇਤ, ਗੁਜਰਾਤ ਕਾਠੀਆਵਾੜ) ਦੀ ਸੇਧ ਰੱਖ ਕੇ ਆਉਂਦਾ ਹੋਇਆ (ਵਰਤਮਾਨ) ਮੁਰੀਦਕੇ ਰੇਲਵੇ ਸਟੇਸ਼ਨ ਤੋਂ ਤਿੰਨ ਮੀਲ ਉੱਤਰ ਨੂੰ 'ਆਧੀਜਾਂ' ਗ੍ਰਾਮ ਵਸਾਉ ਦੇ ਸਾਰ ਪਰਲੋਕ ਸਿਧਾਰ ਗਿਆ। ਇਹ ਨਾਉਂ ਉਸ ਨੇ ਇਸ ਲਈ ਰੱਖਿਆ, ਉਸ ਦੇ ਜਾਣੇ ਇਹ ਥਾਉਂ ਮਾਰਵਾੜ ਦੀ ਗੜ੍ਹ ਗਜ਼ਨੀ ਅਤੇ ਪਡੋਕੇ ਦੀ ਗਜ਼ਨੀ[1] ਦੇ ਲੱਗਪੱਗ ਅੱਧ ਵਿੱਚ ਸੀ। ਇਸ ਦੇ ਪਿਛੋਂ ਇਸ ਦੀ ਸੰਤਾਨ ਦੇ ਪ੍ਰਧਾਨ ਖੇੜੇ (ਨਗਰ) ਕਾਲਾ ਖਤਾਈ ਤੇ ਵੜਾਇਚਾਂ ਦੀ ਡਿਉਢੀ ਆਦਿ (ਜ਼ਿਲਾ ਗੁਜਰਾਂਵਾਲੇ ਵਿੱਚ) ਹੋਏ।

ਪੱਛਮੀ ਲੇਖਕਾਂ[2] ਦੇ ਅਨੁਸਾਰ ਇਕ ਰਵਾਇਤ ਹੈ ਕਿ ਇਹਨਾਂ ਦਾ ਵਡਕਾ ਢੁਡੀ ਨਾਮ ਦਾ ਇੱਕ ਜੱਟ ਸੀ ਜੋ ਮਹਿਮੂਦ ਗਜਨਵੀ ਦੇ ਨਾਲ 1001 ਈ: ਦੇ ਨੇੜੇ ਤੇੜੇ ਆ ਗੁਜਰਾਤ ਵਿਚ ਆਬਾਦ ਹੋ ਗਿਆ ਜਿਥੇ ਕਿ ਉਹ ਦੀ ਅੰਸ ਬਹੁਤ ਵੱਧੀ ਤੇ ਅਸਲੀ ਵਸਨੀਕ ਗੁਜਰਾਂ ਨੂੰ ਕੱਢ ਕੇ ਆਪ ਕਾਬਜ਼ ਹੁੰਦੇ ਗਏ। ਇਕੋ ਹੋਰ ਕਹਾਣੀ ਇਸ ਤਰ੍ਹਾਂ ਹੈ ਕਿ ਇਹਨਾਂ ਦਾ ਵੱਡਾ ਇੱਕ ਸੂਰਜਬੰਸੀ ਰਾਜਪੂਤ ਸੀ ਜੋ ਗਜ਼ਨੀ ਤੋਂ ਆ ਕੇ ਗੁਜਰਾਤ ਦੇ ਇਲਾਕੇ ਵਿੱਚ ਆਬਾਦ ਹੋਇਆ। ਤੀਸਰੀ ਕਹਾਣੀ ਅਨੁਸਾਰ ਇਹਨਾਂ ਦਾ ਵੱਡਾ ਰਾਜਾ ਕਰਨ ਕਿਸਰਾ ਨਗਰ ਤੋਂ ਦਿੱਲੀ ਗਿਆ ਤੇ ਬਾਦਸ਼ਾਹ ਜਲਾਲੁਦੀਨ ਫਿਰੋਜ਼ (ਸ਼ਾਹ) ਖਲਜੀ (1290-6) ਨੇ ਇਸ ਨੂੰ ਹਿਸਾਰ ਵਿੱਚ ਆਬਾਦ ਕੀਤਾ, ਜਿਥੋਂ ਕਿ 500 ਸਾਲ ਹੋਇਆ ਇਹ ਦੇ ਵੰਸ਼ਜ ਜ਼ਿਲ੍ਹਾ ਗੁਜਰਾਂਵਾਲਾ ਵਿੱਚ ਆ ਕੇ ਆਬਾਦ ਹੋ ਗਏ।

ਕਿੰਤੂ ਇੱਕ ਹੋਰ ਵਿਸ਼ਵਸਨੀਯ ਸੂਤਰ[3] ਦੇ ਅਨੁਸਾਰ ਗਿਆਨੀ ਜੀ ਦਾ ਪੱਕਾ ਵਿਚਾਰ ਹੈ ਕਿ ਵੜੈਚ ਰਾਜੇ ਸਲਵਾਨ ਦਾ ਪੋਤਰਾ ਰਾਜੇ ਬੁਲੰਦ ਦਾ ਛੇਵਾਂ ਪੁੱਤਰ ਤੇ ਭਾਈ ਰਾਓ (ਭੱਟੀ ਗੋਤ ਦੇ ਵੱਡਕੇ) ਦਾ ਭਾਈ ਸੀ ਜਿਸ ਨੂੰ ਕਿ ਕਈ ਇਤਿਹਾਸਕਾਰਾਂ ਨੇ ਭਜੜੈਚ ਅਤੇ ਕਈਆਂ ਨੇ ਬਰਾਇਚ ਕਰ ਕੇ ਲਿਖਿਆ ਹੈ ਇਸ ਦਾ ਕਾਲ ਅਟੇ ਸਟੇ 683 ਈ: ਬਣਦਾ ਹੈ ਜਦੋਂ ਕਿ ਭਾਟੀ ਰਾਓ ਸਿਆਲਕੋਟ ਦੇ ਤਖਤ ਤੇ ਬੈਠਾ ਤੇ ਉਸ ਦੇ ਦੂਜੇ ਭਾਈ ਵੱਖ ਵੱਖਰੀਆਂ ਥਾਵਾਂ ਤੇ ਕਾਬਜ਼ ਹੋ ਗਏ ਤਾਂ ਹੋ ਸਕਦਾ ਕਿ ਵੜੈਚ ਨੇ ਗੁਜਰਾਤ ਵਿੱਚ ਆਪਣੇ ਪੈਰ ਜਮਾ ਲਏ ਹੋਣ, ਕਿਉਂਕਿ ਪੁਰਾਣੀ ਜਣ ਗਣਨਾ[4] (1881) ਅਨੁਸਾਰ ਸੰਪੂਰਨ ਪੰਜਾਬ ਵਿੱਚ ਵੜਾਇਚਾਂ ਦੀ ਕੁਲ ਗਿਣਤੀ 64,235 ਸੀ। ਜਿਸ ਵਿਚੋਂ ਜ਼ਿਲ੍ਹਾ ਗੁਜਰਾਤ ਇਕਲੇ ਵਿੱਚ

---

1. ਜਨਰਲ ਕਨਿੰਘਮ ਦੇ ਅਨੁਸਾਰ ਇਹ ਗਜ਼ਨੀ ਰਾਵਲ ਪਿੰਡੀ ਦੇ ਆਸ ਪਾਸ ਸੀ।
2. A Glassory of Tribes & Cates of the Punjab. Vol III Pages 485-6.
3. 'ਰਾਜਪੁਤਾਨੇ ਦਾ ਇਤਿਹਾਸ' ਜਿਲਦ 1 ਪੰਨਾ 645-50।
4. "Punjab Castes" By. Sir. Denzil Ibbetson.

35,253, ਜ਼ਿਲ੍ਹਾ ਗੁਜਰਾਂਵਾਲਾ 10,783 ਜ਼ਿਲ੍ਹਾ ਸਿਆਲਕੋਟ, 5,789 ਅਤੇ ਬਾਕੀ ਪੰਜਾਬ ਅਤੇ ਦੇਸੀ ਰਿਆਸਤਾਂ ਵਿੱਚ ਕੇਵਲ 11410 ਸਨ ।

ਸਾਂਦਲਬਾਰ ਵਿੱਚ ਇਹ 41 ਪਿੰਡਾਂ ਵਿਚ ਰਹਿੰਦੇ ਦਸੇ ਜਾਂਦੇ ਸਨ, ਜਿਨ੍ਹਾਂ ਵਿੱਚ ਮਸ਼ਹੂਰ ਰੂੜਯਾਲਾ, ਮੜ੍ਹਯਾਲਾ, ਘਰਜਾਖ, ਗੋਂਦਲਾਂਵਾਲਾ ਤੇ ਡਿਉਢੀ ਭਖਿੜਯਾਲੀ ਸਨ । ਸਿੱਖ ਰਾਜ ਵਿੱਚ ਇਸ ਗੋਤ ਨੇ ਕੁਛ ਪ੍ਰਭਤਾ ਪਾਈ ਸੀ ਜਿਸ ਦਾ ਹਾਲ "ਪੰਜਾਬ ਚੀਫ਼ਸ" (ਅੰਗਰੇਜ਼ੀ) ਦੇ ਪੰਨਾ 409 ਤੇ ਦਿੱਤਾ ਹੋਇਆ ਹੈ । ਸ: ਗੁਰਬਖਸ਼ ਸਿੰਘ ਵੜੈਚ ਮਾਝੇ ਦੇ ਚੱਲਾ ਨਾਮੀ ਪਿੰਡ ਵਿੱਚ ਉਠ ਕੇ 1780 ਵਿੱਚ ਵਜ਼ੀਰਬਾਦ ਅਤੇ ਨਾਲ ਦੇ ਇਲਾਕੇ ਦੇ 50 ਕੁ ਪਿੰਡਾਂ ਤੇ ਕਾਬਜ਼ ਹੋ ਗਿਆ ।

ਸ: ਧਰਮ ਸਿੰਘ ਵੜੈਚ ਨੇ 1848 ਵਾਲੀ ਗੁਜਰਾਤ ਦੀ ਲੜਾਈ ਵਿੱਚ ਬਾਗੀ ਹੋ ਕੇ ਅੰਗਰੇਜ਼ਾਂ ਦੇ ਖਿਲਾਫ਼ ਲੜਾਈ ਵਿੱਚ ਹਿੱਸਾ ਲਿਆ । ਪਿਛੋਂ ਅੰਗਰੇਜ਼ਾਂ ਨੇ ਇਸ ਦੇਸ਼ ਭਗਤ ਸਰਦਾਰ ਦੀ ਜਾਗੀਰ ਜ਼ਬਤ ਕਰ ਲਈ ।

ਇਹ ਮਹਾਨ ਗੋਤੇ ਦੇ ਪੁਰਾਤਨ ਸੂਰਬੀਰਾਂ ਦੇ ਹਾਲ ਸਾਡੀ ਗਣਗਹਿਲੀ ਕਰ ਕੇ ਵਕਤ ਦੀ ਰੇਤ ਥੱਲੇ ਦੱਬੇ ਗਏ ਹਨ । ਵਰਤਮਾਨ ਸਮੇਂ ਦੇ ਇੱਕ ਸੂਰਮੇ ਦਾ ਸਮਾਚਾਰ ਸ: ਨਿਸ਼ਾਨ ਸਿੰਘ ਸੰਧੇ ਕੋਟਯੋ (ਹਾਲ ਬਿਗਵਾੜਾ, ਕੁਦਰਪੁਰ ਜ਼ਿਲਾ ਨੈਨੀਤਾਲ) ਦੀ ਰਾਹੀਂ ਇਉਂ ਪੁਜਾ ਹੈ :—

ਜ਼ਿਲਾ ਗੁਜ਼ਰਾਂਵਾਲੇ ਦੇ ਪਿੰਡ ਭਖੜਿਆਲੀ ਦੇ ਚਾਰ ਦਾਦੇ ਪੋਤਰੇ ਭਰਾ, ਧਰਮ ਸਿੰਘ ਤੇ ਕਰਮ ਸਿੰਘ, ਵਰਆਮ ਸਿੰਘ ਅਤੇ ਅਨੋਖ ਸਿੰਘ ਵੜੈਚ, ਨਵੀਂ ਆਬਾਦੀ ਗਿੱਲਵਾਲੀ ਨਜ਼ਦ ਗੁਰਮੂਲਾ ਜ਼ਿਲਾ ਸ਼ੇਖ਼ੂਪੁਰਾ ਵਿੱਚ ਆਬਾਦ ਸਨ ।


ਸੰਨ 1922 ਵਿਚ ਗੁਰੂ ਕੇ ਬਾਗ ਦਾ ਮੋਰਚਾ ਲੱਗਾ । ਧਰਮ ਬੀਰ ਭਾਈ ਅਨੋਖ ਸਿੰਘ ਜੀ ਜੱਥੇ ਨਾਲ ਸ਼ਾਮਲ ਹੋ ਗਏ, ਜਿਥੇ ਭਾਰੀ ਮਾਰ ਕੁਟਾਈ ਤੋਂ ਪਿੱਛੋਂ ਸਾਰੇ ਜੱਥੇ ਸਮੇਤ ਇਹਨਾਂ ਨੂੰ ਜੇਹਲ ਦੀ ਕਾਲ ਕੋਠੜੀ ਵਿੱਚ ਬੰਦ ਕਰ ਦਿੱਤਾ ਗਿਆ । ਇੱਥੇ ਜ਼ੁਲਮ ਦੀ ਹੱਦ ਤੋੜ ਦਿੱਤੀ ਗਈ । ਕਿਸੇ ਮੁਖਬਰ ਨੇ ਕਿਹਾ ਕਿ ਜੇਕਰ ਭਾਈ ਅਨੋਖ ਸਿੰਘ ਤੋਂ ਮੁਆਫ਼ੀ ਮੰਗਾਈ ਜਾ ਸਕੇ ਤਾਂ ਸਾਰਾ ਜਥਾ ਮੁਆਫ਼ੀ ਮੰਗ ਲਵੇਗਾ ।

ਹੁਣ ਭਾਈ ਜੀ ਤੇ ਹੋਰ ਸਖਤੀ ਹੋਣ ਲੱਗੀ ਰਾਤੀਂ ਇਹਨਾਂ ਦੀਆਂ ਬਾਹੀਆਂ ਪਿੱਠ ਪਿੱਛੇ ਬੰਨ ਕੇ ਤੇ ਛੱਤ ਨਾਲ ਲਟਕਾ ਦਿੱਤਾ ਜਾਂਦਾ । ਦਿਨੇ ਖੁਲ੍ਹਾ ਛੱਡ ਦਿੱਤਾ ਜਾਂਦਾ । ਰਾਤੀਂ ਜਦੋਂ ਭਾਈ ਜੀ ਨੂੰ ਲਟਕਾਇਆ ਜਾਂਦਾ ਤਾਂ ਦਿਲ ਵਿੱਚ ਵਿਚਾਰ ਕਰਦੇ ਸਵੇਰੇ ਮੁਆਫ਼ੀ ਮੰਗ ਲਵਾਂਗਾ ਮਗਰ ਸਵੇਰੇ ਜਦ ਪਾਠ ਕਰਦੇ ਤਾਂ ਮਨ ਵਿੱਚ ਪੂਰਨ ਸਥਿਰਤਾ ਹੁੰਦੀ ਤੇ ਮੁਆਫ਼ੀ ਮੰਗਣ ਦੀ ਚਾਹ ਦੂਰ ਭਜ ਜਾਂਦੀ । ਇਸ ਤਸੀਹੇ ਦਾ ਇਹਨਾਂ ਦੀ ਸਿਹਤ ਇਤਨਾ ਅਸਰ ਪਿਆ ਕਿ, ਨਿਰੰਤਰ ਧੌਣ ਦੇ ਪੱਠਿਆਂ ਤੇ ਭਾਰ ਪੈਣ ਕਰਕੇ ਆਪ ਜੀ ਦੇ ਦੋਵੇਂ ਨੇਤਰ ਜੋਤ ਰਹਿਤ ਹੋ ਗਏ ਪਰ ਗੁਰੂ ਕੇ ਲਾਲ ਨੇ ਸਿਦਕ ਨਾ ਹਾਰਿਆ । ਆਖਿਰ ਜਦ ਸਮਾਂ ਪਾ ਕੇ ਰਿਹਾਈ ਹੋਈ । ਘਰ ਪਰਤੇ, ਚੰਗੀ ਖੁਰਾਕ ਖਾਧੀ ਧੌਣ ਦੇ ਪੱਠਿਆਂ ਦੀ ਮਾਲਿਸ਼ ਕਰਵਾਈ ਤਾਂ ਗੁਰੂ ਕ੍ਰਿਪਾ ਨਾਲ ਨੈਣਾਂ ਦੀ ਜੋਤ ਪਰਤ ਆਈ ।

ਇਹਨਾਂ ਦੇ ਵੰਸ਼ਜ ਵਰਤਮਾਨ, ਪੂੰਡਰੀ ਜ਼ਿਲ੍ਹਾ ਕਰਨਾਲ ਵਿਚ ਆਬਾਦ ਹਨ ।

ਬਜਰਾ ਹੇਜਰਾਵਾ (ਸ਼ੇਖ਼ੂਪੁਰੀਆਂ ਦਾ)

ਉਪਰਲੀ ਪੀੜ੍ਹੀ ਦਾ ਪਤਾ ਨਹੀਂ। ਇਹਨਾਂ ਦੇ ਵਡਕੇ ਦਾ ਨਾਮ ਸਧਾਰ ਸੀ (ਗਨੇਸ਼ਦਾਸ ਵਡਹਿਰਾ ਕ੍ਰਿਤ ਚਾਰ ਬਾਗ ਪੰਨਾ 272)



ਚੰਧੜ

ਇਹ ਤੂਰ ਰਾਜਪੂਤ ਹਨ, ਇਹਨਾਂ ਦੇ ਮਿਰਾਸੀ ਦੇ ਕਥਨ ਅਨੁਸਾਰ ਇਹਨਾਂ ਦੇ ਵੱਡਕੇ ਮੁਹੰਮਦ ਗੌਰੀ ਦੇ ਸੰਨ 1193 ਵਿੱਚ ਦਿੱਲੀ ਫਤਿਹ ਕਰਨ ਉਪਰੰਤ, ਰਾਜਸਥਾਨ ਵਿੱਚੋਂ ਨਿਕਲ ਕੇ ਬਹਾਵਲ ਪੁਰ ਦੇ ਇਲਾਕੇ ਵਿੱਚ ਆ ਬੈਠੇ। ਜਿਥੇ ਕਿ ਉੱਚ ਸ਼ਰੀਫ਼ ਦੇ ਪੀਰ ਸ਼ੇਰ ਸ਼ਾਹ ਨੇ ਇਨ੍ਹਾਂ ਨੂੰ ਮੁਸਲਮਾਨ ਬਣਾਇਆ। ਉਥੋਂ ਉੱਠ ਕੇ ਇਹ ਰਾਵੀ ਅਤੇ ਚਨਾਬ ਦੇ ਕਾਛਿਆਂ ਦੇ ਨਾਲ ਨਾਲ ਲਾਹੌਰ ਅਤੇ ਸਿਆਲ ਕੋਟ ਵੱਲ ਵੱਧਦੇ ਚਲੇ ਗਏ। ਅੰਗਰੇਜ਼ਾਂ ਦੇ ਵਿਚਾਰ ਵਿੱਚ ਇਹ ਚੰਗੇ ਵਾਹੀ ਦੇ ਕਰੂ ਅਤੇ ਡੰਗਰ ਚੋਰ ਦੀ ਚੰਗੀ ਘੱਟ ਕਰਦੇ ਸਨ।

ਸਾਂਦਲਬਾਰ ਦੇ ਚੰਧੜਾਂ ਨੇ ਆਪਣਾ ਪਹਿਲਾ ਰਹਿਣਾ ਖੁਰੜਿਆ ਵਾਲੇ ਦੇ ਦੱਖਣ ਪੱਛਮ ਦੀ ਗੁਫਾ ਢਾਬਾ ਨਾਮੇ ਥਾਂ ਤੇ ਬਣਾਇਆ ਹੈ ਫਿਰ ਉਥੋਂ ਅਗਾਂਹ ਹਾਫ਼ਿਜ਼ਾਬਾਦ ਵੱਲ ਨੂੰ ਵੱਧ ਗਏ। ਅਵਾਣ ਵਾਲੇ ਦੇ ਲੂਣ, ਚੰਧੜਾਂ ਨੇ 1883 ਦੀ ਜਣ ਗਣਨਾ (ਮਰਦਮ ਸ਼ੁਮਾਰੀ) ਵਿੱਚ ਦੱਸਿਆ ਕਿ ਉਹਨਾਂ ਨੂੰ ਰਹਿੰਦਿਆਂ ਸੱਤ ਸਦੀਆਂ ਬੀਤ ਗਈਆਂ ਹਨ ਜੋ ਕਿ ਬਿਲਕੁਲ ਮੁਹੰਮਦ ਗੌਰੀ ਦੇ ਹਮਲੇ ਦਾ ਸਮਾਂ ਬਣਦਾ ਹੈ। ਚੰਧੜ ਅੱਗੋਂ ਹੇਠ ਦੱਸੇ ਕਬੀਲਿਆਂ ਵਿੱਚ ਵੰਡੇ ਹੋਏ ਹਨ। ਯਥਾ —

1. ਰਾਜੇਕੇ 2. ਕਾਮੋਕੇ 3. ਜੱਪੇ 4. ਲੂਣ 5. ਪਾਜੀਕੇ 6. ਦੇਉਕੇ 7: ਬੱਲਨਕੇ 8. ਸਾਜੋਕੇ 9. ਮਾਹਣੀਕੇ।

ਚੰਧੜਾਂ ਦਾ ਕੁਰਸੀਨਾਮਾ ਇਉਂ ਹੈ :—

ਪਾਂਡੂ
|
ਗਾਰਜ਼ਨ
|
ਬਾਤੀਸਰ
|
ਮਾਡਲੀਕ
|
ਤੰਵਰ
|
ਅਨਕ
|
ਜੰਧ
|
ਰਾਜਾ ਰਵੀਲਨ
|
ਚੰਧੜ

ਚੰਧੜਾਂ ਦੇ ਮਿਰਾਸੀ ਦੀ ਹੇਠ ਲਿਖੀ ਵਾਰ ਵੀ ਰੌਚਕ ਹੈ :—

ਦਾਤਾਰ[1] ਅੱਗੇ ਮੀਰ ਬ੍ਰਹਮ[2] ਪੜ੍ਹ ਵਿਚਾਰ ਸੁਣਾਇਆ ਏ ।
ਤੂਰ ਫਿਰ ਤਵਾਨਾ ਹੋਇਆ ਜਿਸ ਕੁਲ ਤਾਰਾ ਪਾਇਆ ਨੇ ।
ਰਾਜਾ ਖੂਬ ਭਲਾ ਰਵੀਲਾਨ ਜਿਸ ਦਿੱਲੀ ਕੋਟ ਬਣਾਇਆ ਨੇ ।
ਦਿੱਲੀ ਕੋਟ ਬਧਾ ਨੇ ਕੈਸਾ ਜੋ ਖੁਤਬਾ ਸਰ ਪੜ੍ਹਾਇਆ ਨੇ ।
ਦੂਆ ਜੋ ਮੈਦਾਨ ਦਿਤੋ ਨੇ । ਚੰਧੜ ਨਾਮ ਧਰਾਇਆ ਨੇ ।
ਧਰੇ ਨਾਮ ਤੇ ਵਧੇ ਅਗੋਂ, ਅਲਾ ਨਬੀ ਧਿਆਇਆ ਨੇ ।
ਹਾਕਮ ਆ ਹਕੂਮਤ ਕੀਤੀ ਮੁਲਕ ਸਾਰਾ ਕਣਕਾਇਆ ਨੇ ।
ਛੱਤੀ, ਪੈਂਤੀ ਤੇ ਲੂਣਾ ਕੇ ਦਮੜਾ ਘਰੀ ਢੁਆਇਆ ਨੇ ।
ਬੰਨ੍ਹੀ ਹਾਠ ਨਕੋਦਰ ਲੈ ਜਾ ਦਿਨਯਰ ਦੇਸ਼ ਨਵਾਇਆ ਨੇ ।
ਪਹਿਲੇ ਜਾ ਗਜਯਾਣੇ ਬੈਠੇ ਫਿਰ ਲਾਹੌਰ ਪਹੁੰਚਾਇਆ ਨੇ ।
ਖਰਲਾਂ[3] ਨਾਲ ਪਿਆ ਜਦ ਝਗੜਾ ਤਖਤੋਂ[4] ਖਰਲ ਹਟਾਇਆ ਨੇ ।
ਮੋਚਾ ਦੇ ਚਨਯੰਦ ਲਿਉ ਨੇ ਚੌਰ ਚੰਗੇਰਾ ਲਾਇਆ ਨੇ ।
ਮਾਲਕ ਮਛੋ ਖਾਨ ਕਠੇ ਨੇ ਰਗੜਾ ਰੋਕ ਰਲਾਇਆ ਨੇ ।
ਉਰਾਰ ਪਾਰ ਹੁਕਮ ਚੰਧੜ ਦਾ ਸਿਆਲਾਂ ਦੀਆਂ ਕੁੜੀਆਂ ਬੇੜੀ ਚਾੜ੍ਹ ਚਿਕਾਈਆ ਨੇ ।
ਅਜੁਣ, ਚਾਉ,[5] ਸੁਲਤਾਨ[6] ਵਗੇ ਡਾਗਰ ਰਾਹ ਘਤਾਇਆ ਨੇ ।
ਵਿਝੜ[7] ਵਿਜੇ[8] ਬਾਨ ਚਾਏ ਸਿਰ ਛੜਕੇ ਨਬੀ ਝੁਲਾਇਆ ਨੇ ।
ਹੰਝੀ[8] ਨਦੀ ਚਿੱਤਰੰਗ[9] ਵੱਸਾਏ ਬਖਰਾ ਪੂਰਾ ਪਾਇਆ ਨੇ ।
ਜੱਪਿਆਂ[10] ਨੇ ਵੀ ਰੁਤਬਾ ਚੋਖਾ ਦਫਤਰ ਵਾਲੇ ਕਰਾਇਆ ਨੇ ।

---

1. ਦਾਤੇ ਅਗੇ 2. ਮਿਰਾਸੀ ਦਾ ਨਾਮ 3. 4. ਅਤੇ 5. ਧਾੜਵੀਆਂ ਦੇ ਨਾਮ 6. ਅਤੇ 7. ਚੰਧੜ ਗਭਰੂਆਂ ਦੇ ਨਾਮ 8. ਚੰਧੜ ਵਡਕਾ 9. ਨਦੀ ਦਾ ਨਾਮ 10. ਚੰਧੜਾਂ ਦਾ ਇਕ ਕਬੀਲਾ ।

ਡੋਗ ਲਿਆ ਨੇ ਬੁਲਘਾਨ[1] ਘਲੋਚ ਮਾਰ ਢਲੋਚ ਭਜਾਇਆ ਨੇ ।
ਚੁਲੇ ਤੇ ਹਲ ਵੰਡੀ ਨੇ ਸਫੜ ਆ ਸਾਰ ਗਰਾਹੀ ਖਾਇਆ ਨੇ ।
ਮਿਰਜ਼ਾ ਧੀਰ ਹੋਇਆ ਕੁਰੇੜਾ[2] ਬਗਾ ਸ਼ੀਂਹ ਚਿਰਾਇਆ ਨੇ ।
ਨਿਠਰ[3] ਕਾਲੂ[4] ਡਲੂ[5] ਮਲੂ[6] ਮੈਂ ਗਾਵਾ ਜੋੜੋਂ ਤੱਖਤ ਮਚਾਇਆ ਨੇ ।
ਜਿੱਥੇ ਸੁੱਤ ਸ਼ਹੀਦ ਕੱਠੇ ਹੋਏ ਉਥੇ ਦੁੱਧ ਪਿਆਇਆ ਨੇ ।
ਇਸ ਕੁਲ ਤੇ ਦਾਤਾ, ਨੂਰਾ[7] ਗਾਹਣਾ[8] ਜਾਨੀ[9] ਵਾਚੂ[10] ।
ਇਬਰਾਹੀਮ[11] ਹਕਾਨੀ ਜਸ ਮੀਰ ਬਰਹਮ ਗਾਇਆ ਨੇ ।

ਦੱਸਦੇ ਨੇ ਰਾਜੇ ਕੇ ਚੰਧੜਾਂ ਨੂੰ ਖੁਰੜਿਆਂ ਵਾਲੀ ਦੇ ਨੇੜੇ ਇੱਕ ਪਾਲਤੂ ਹਾਥੀ ਟੱਕਰ ਗਿਆ ਤੇ ਉਹਨਾਂ ਨੇ ਫੜ ਕੇ ਖੂਹੇ ਜੋਤ ਦਿੱਤਾ । ਮਿਰਾਸੀ ਨੇ ਸਿਠ ਜੋੜ ਸੁਣਾਈ ।

ਮਲਕ ਦਾਦੂ[2] ਬਾਂਹ ਚਾਈ ।
ਇੰਦ੍ਰ ਰਾਜਾ ਰਿਸ ਆਏ ।
ਵਸ ਬਦਲ ਕਾਲਿਆ ।
ਹਾਥੀ ਲਿਆ ਕੇ ਖਸ ਮਹਾਵਤ ਏ ਮਾਰਿਆ ।
ਹਾਥੀ ਅਕਬਰ ਬਾਦਸ਼ਾਹ ਦੇ
ਇਥੇ ਖਾਂਦੇ ਧਾਮਨ ਲਾਹੌਰ ਕਮਾਂਦ
ਰਾਜੂ ਕੇ ਰਾਜੋਕੇ[13] ਦੇ ਸੁੰਢ ਵੱਢ ਕੇ ਖੂਹ ਜੁਤੇ ਦਾਂਦ ।

ਇਸ ਚੰਧੜ ਗੋਤ ਦੇ ਹੋਰਨਾਂ ਇਲਾਕਿਆਂ ਵਿਚ ਵੀ ਭਾਵੇਂ ਪਿੰਡ ਹੋਣਗੇ, ਮਗਰ ਇਸ ਸਾਂਦਲਬਾਰ ਵਿਚ ਇਹਨਾਂ ਦੇ ਇਹ ਪਿੰਡ ਇਸ ਦਾ ਪੂਰਾ ਵੇਰਵਾ ਸਨ :—1) ਚੰਧੜ 2) ਖੁਰੜਿਆਂਵਾਲਾ 3) ? 4) ? 5) ?

ਜਗਤ ਪ੍ਰਸਿੱਧ ਕਿੱਸਾ ਮਿਰਜ਼ਾ-ਸਾਹਿਬਾਂ ਦੀ ਨਾਇਕਾ ਸਾਹਿਬਾ ਦਰਅਸਲ ਚੰਧੜ ਗੋਤ ਦੇ ਗਭਰੂ ਤਾਹਿਰ ਨਾਮ ਦੀ ਮੰਗੇਤਰ ਸੀ। ਖਰਲਾਂ ਦੇ ਬ੍ਰਿਤਾਂਤ ਵਿਚ ਦਿੱਤਾ ਜਾਵੇਗਾ। ਨਾਇਕ (ਮਿਰਜ਼ਾ) ਖਰਲ ਸੀ । ਇਸ ਗੋਤ ਵਿਚ ਅਧਿਕਤਾ ਮੁਸਲਮਾਨਾਂ ਦੀ ਹੈ ਜਿਹਾ ਕਿ ਉਪਰ ਜ਼ਿਕਰ ਆ ਚੁਕਿਆ ਹੈ, ਮਗਰ ਕੁਝ ਮੋਨੇ (ਹਿੰਦੂ) ਅਤੇ ਵਿਰਲੇ ਵਿਰਲੇ ਸਿੱਖ ਘਰਾਨੇ ਵੀ ਹਨ ।

ਇਸ ਚੰਧੜ ਗੋਤ ਨੂੰ ਚਾਰ ਚੰਨ ਲਗਾਉਣ ਵਾਲਾ ਇਕ ਐਸਾ ਗੁਰਮੁਖ ਚੰਧੜ ਪਿੰਡ ਦੇ ਭਾਈ ਵਸਾਵਾ ਸਿੰਘ ਦੇ ਗੁਰਮੁਖ ਸਿੰਘ ਨਾਮ ਜਨਮਿਆ, ਜਿਸ ਦਾ ਨਾਮ ਸਿੱਖ ਜਗਤ ਵਿਚ ਚਾਨਣ ਮੁਨਾਰੇ ਦਾ ਕੰਮ ਦੇ ਰਿਹਾ ਹੈ । ਮਹਾਂਪੁਰਸ਼ ਭਾਈ ਵਸਾਵਾ ਸਿੰਘ ਜੀ ਸਿੱਖ ਰਾਜ ਦੇ ਸਮੇਂ ਮਹਾਰਾਜਾ ਸ਼ੇਰ ਸਿੰਘ ਦੀ ਸੇਵਾ ਵਿਚ ਸਨ, ਜਦੋਂ ਸਿੱਖ ਰਾਜ ਦਾ ਸੂਰਜ ਡੁਬ ਗਿਆ ਤਾਂ ਆਪ ਮਹਾਰਾਜਾ ਨਿਹਾਲ ਸਿੰਘ ਕਪੂਰਥਲਾ ਦੇ ਨਿੱਜੀ ਸੇਵਾਦਾਰ ਹੋ ਗਏ । ਜਿਥੇ ਸੰਨ 1840 ਦੇ ਅਪ੍ਰੈਲ ਵਿਚ ਗੁਰਮੁਖ ਪਿਆਰੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਦਾ ਜਨਮ ਹੋਇਆ ।

ਚੰਧੜ ਗੋਤ ਦਾ ਹੀਰਾ
ਭਾਈ ਗੁਰਮੁਖ ਸਿੰਘ

ਭਾਈ ਗੁਰਮੁਖ ਸਿੰਘ ਜੀ ਦੇ ਪਿਤਾ ਸ: ਵਸਾਵਾ ਸਿੰਘ ਚੰਧੜ ਜੱਟ, ਜਿਨ੍ਹਾਂ ਦਾ ਪਿਛਾ ਪਿੰਡ ਚੰਧੜ ਜ਼ਿਲ੍ਹਾ ਗੁਜਰਾਂਵਾਲਾ ਸੀ । ਖਾਲਸਾ ਰਾਜ ਸਮੇਂ ਇਹ ਮਹਾਂਰਾਜਾ ਸ਼ੇਰ ਸਿੰਘ ਦੇ ਨੌਕਰ ਸਨ ਅੰਗ੍ਰੇਜ਼ੀ ਰਾਜ ਵਿੱਚ ਸ: ਵਸਾਵਾ ਸਿੰਘ ਮਹਾਂਰਾਜਾ ਨਿਹਾਲ ਸਿੰਘ ਕਪੂਰਥਲ ਦੇ ਨਿੱਜੀ ਸੇਵਾਦਾਰ ਬਣੇ । ਭਾਈ ਗੁਰਮੁੱਖ ਸਿੰਘ ਦਾ ਜਨਮ ਕਪੂਰਥਲੇ ਅਪ੍ਰੈਲ ਸੰਨ 1849 ਈ: ਨੂੰ ਹੋਇਆ । ਕੰਵਰ ਬਿਕਰਮ ਸਿੰਘ ਨਾਮ ਬਾਣੀ ਦੇ ਰੰਗੀਏ,

---

1. ਬਲੌਚ ਦਾ ਨਾਮ 2. ਗਭਰੂ 3, 4, 5, 6, ਨਾਮ ਚੰਧੜਾਂ ਦੇ 7, 8, 9, 10 ਤੇ 11 ਦਾਨੀ ਤੇ ਵੱਡੇ ਚੰਧੜਾਂ ਦੇ ਨਾਮ 12. ਰਾਜੇ ਕੇ ਚੰਧੜਾ ਸਰਦਾਰ 13. ਰਾਜੂ ਦੇ ਵੰਸ਼ਜ ਰਾਜ ਕੇ ।

ਵਿਦਵਾਨ ਅਤੇ ਕਾਵਯ ਦੇ ਮਾਹਰ ਸਨ। ਉਹਨਾਂ ਦੀ ਭਾਈ ਵਸਾਵਾ ਸਿੰਘ ਉੱਤੇ ਅਪਾਰ ਕ੍ਰਿਪਾ ਦ੍ਰਿਸ਼ਟੀ ਸੀ। ਜਿਸ ਕਰ ਕੇ ਕੰਵਰ ਸਾਹਿਬ ਨੇ ਭਾਈ ਗੁਰਮੁੱਖ ਸਿੰਘ ਦੀ ਪਾਲਣਾ, ਪੜ੍ਹਾਉਣ ਅਤੇ ਪੰਥਕ ਸੇਵਾ ਯੋਗ ਬਨਾਉਣ ਦੀ ਜ਼ਿਮੇਂਵਾਰੀ ਆਪਣ ਉਪਰ ਲੈ ਲਈ।

ਭਾਈ ਗੁਰਮੁੱਖ ਸਿੰਘ ਜੀ ਨੇ ਪਹਿਲੀ ਵਿੱਦਿਆ ਕਪੂਰਥਲੇ ਪ੍ਰਾਪਤ ਕੀਤੀ। ਉੱਚੀ ਵਿੱਦਿਆ ਵਾਸਤੇ ਲਾਹੌਰ ਕਾਲਜ ਵਿੱਚ ਦਾਖਲ ਹੋਏ। ਉਹਨਾਂ ਹੀ ਦਿਨਾਂ ਵਿੱਚ ਸਿੰਘ ਸਭਾ ਕਾਇਮ ਹੋਈ ਜਿਸ ਵਿੱਚ ਕੰਵਰ ਬਿਕਰਮ ਸਿੰਘ ਆਪ ਵੀ ਸ਼ਾਮਲ ਹੁੰਦੇ ਤੇ ਗੁਰਮੁੱਖ ਸਿੰਘ ਜੀ ਨੂੰ ਨਾਲ ਲੈ ਜਾਇਆ ਕਰਦੇ। ਇਥੋਂ ਆਪ ਜੀ ਨੂੰ ਗੁਰਮਤਿ ਪ੍ਰਚਾਰ ਦੀ ਲੱਗਨ ਲੱਗੀ। ਬੀ.ਏ. ਦੀ ਪੜ੍ਹਾਈ ਵਿੱਚ ਛੱਡ ਕੇ ਆਪ ਜੀ ਸਿੰਘ ਸਭਾ ਦੇ ਮੋਢੀਆਂ ਨਾਲ ਆ ਮਿਲੇ। ਕੰਵਰ ਬਿਕ੍ਰਮ ਸਿੰਘ ਵੀ ਇਹੋ ਚਾਹੁੰਦੇ ਸਨ ਆਪਣਾ ਆਸ਼ਾ ਪੂਰਨ ਹੋਇਆ ਵੇਖ ਅਕਾਲ ਪੁਰਖ ਦਾ ਧੰਨਵਾਦ ਕੀਤਾ।

ਭਾਈ ਗੁਰਮੁਖ ਸਿੰਘ ਜੀ ਚਿੱਤਰਕਲਾਂ ਵਿੱਚੋਂ ਇਥੋਂ ਤੱਕ ਪ੍ਰਵੀਨ ਸਨ ਕਿ ਉਹਨਾਂ ਦੇ ਹੱਥ ਦੀ ਬਣੀ ਹੋਈ ਆਪਣੀ ਹੀ ਤਸਵੀਰ ਵੇਖ ਕੇ ਉਦੋਂ ਦਾ ਐਜੂਕੇਸ਼ਨ ਡਾਇਰੈਕਟਰ ਮਿਸਟਰ ਪੀਅਰਸਨ ਇਤਨਾ ਪ੍ਰਭਾਵਤ ਹੋਇਆ ਕਿ ਉਹ ਭਾਈ ਜੀ ਨੂੰ ਰੁੜਕੀ ਇੰਜੀਨਿਅਰ ਦੀ ਪੜ੍ਹਾਈ ਲਈ ਭੇਜਣ ਨੂੰ ਤੱਤਪਰ ਹੋ ਗਿਆ। ਮਗਰ ਭਾਈ ਸਾਹਿਬ ਨੂੰ ਤਾਂ ਲਗਨ ਗੁਰਮਤਿ ਪ੍ਰਚਾਰ ਦੀ ਸੀ ਉਹਨਾਂ ਰੁੜਕੀ ਜਾਣਾ ਨਾ ਮੰਨਿਆ।

ਕੰਵਰ ਸਾਹਿਬ ਨੇ ਕਾਨੂੰਨ ਪੜ੍ਹਨ ਦੀ ਪ੍ਰੇਰਨਾ ਕੀਤੀ ਮਗਰ ਉਹਨਾਂ ਨੇ ਸਤਿਕਾਰ ਸਾਹਿਤ ਸਿਰ ਫੇਰ ਦਿੱਤਾ ਮਗਰ ਗੁਰਮਤਿ ਪ੍ਰਚਾਰ ਰੁਚੀਆਂ ਹੋਰ ਤੇਜ਼ ਕਰ ਦਿੱਤੀਆਂ ਸੰਨ 1876 ਵਿੱਚ ਆਪ ਜੀ ਨੇ ਗੁਰਮਤਿ ਖੰਜੀਆਂ ਕੋਲ ਇਹ ਵਿਚਾਰ ਪੇਸ਼ ਕੀਤੇ।

1. ਪੰਜਾਬੀ ਬੋਲੀ ਵਿੱਚ ਸਿੱਖ ਸਾਹਿਤ ਪੈਦਾ ਕਰਨਾ।
2. ਸਿੱਖਾਂ ਦੀ ਧਾਰਮਕ ਅਤੇ ਵਿਵਹਾਰਕ ਵਿਦਿਯਾ ਦਾ ਪ੍ਰਬੰਧ।
3. ਅਨਮਤਾਂ ਵਿੱਚ ਰਲੇ ਜਾਂ ਅਨਮਤਾਂ ਵਿਚੋਂ ਆਏ ਸਿੱਖਾਂ ਨੂੰ ਪੂਰਨ ਗੁਰਸਿੱਖ ਬਨਾਉਣਾ।
4. ਵਕਤ ਦੀ ਹਕੂਮਤ ਨਾਲ ਮਿਲ ਕੇ ਸਾਰੇ ਕਾਰਜ ਸਾਰਨੇ। ਇਸ ਭਾਵ ਦਾ ਇਕ ਪੱਤਰ ਭਾਈ ਜੀ ਨੇ 1894 ਵਿੱਚ ਮਹਾਰਾਜਾ ਕਪੂਰਥਲਾ ਨੂੰ ਵੀ ਲਿਖਿਆ। ਭਾਈ ਸਾਹਿਬ ਦੇ ਵਿਚਾਰ ਉਸ ਸਮੇਂ ਦੀ ਨੀਤੀ ਅਨੁਸਾਰ ਸਨ।

ਪਹਿਲਾ ਕੰਮ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਨੂੰ ਪੁਨਰ ਸਥਾਪਤ ਕੀਤਾ। ਜਿਸ ਕਰ ਕੇ ਅੱਜ ਸਾਰੇ ਭਾਰਤ ਨਹੀਂ ਸਗੋਂ ਸੰਸਾਰ ਭਰ ਵਿੱਚ ਸਭਾਵਾਂ ਕਾਇਮ ਹਨ। ਸਿੰਘ ਸਭਾ ਲਾਹੌਰ ਸੰਨ 1879 ਵਿੱਚ ਸਥਾਪਤ ਹੋਈ।

ਆਪ ਜੀ ਬੜੇ ਪੱਕੇ ਕੱਟੜ ਗੁਰਸਿੱਖ ਸਨ ਇਹ ਆਪ ਜੀ ਦੀ ਹੀ ਹਿੰਮਤ ਸੀ ਜਿਨ੍ਹਾਂ ਨੇ ਕਿ ਬਾਬਾ ਖੇਮ ਸਿੰਘ ਬੇਦੀ ਜੈਸੀ ਮਸ਼ਹੂਰ ਹਸਤੀ ਦੀ ਮੁਖਾਲਫ਼ਤ ਕੀਤੀ ਕਿਉਂਕਿ ਬਾਬਾ ਜੀ ਇੱਕ ਤਾਂ ਜਨੇਊ, ਪਹਿਨਿਆ ਕਰਦੇ ਸਨ ਤੇ ਦੂਸਰੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਗੱਦਾ ਲਾ ਕੇ ਬੈਠਿਆ ਕਰਦੇ ਸਨ।

ਬੇਦੀ ਸਾਹਿਬ ਦਾ ਰਸੂਖ ਇਥੋਂ ਤਕ ਸੀ ਕਿ ਉਹਨਾਂ ਨੇ ਰਾਜਾ ਬਿਕਰਮ ਸਿੰਘ ਫਰੀਦਕੋਟ ਨੂੰ ਵੀ ਆਪਣਾ ਪਖੀ ਬਣਾ ਲਿਆ। ਭਾਈ ਗੁਰਮੁਖ ਸਿੰਘ ਜੀ ਨੇ ਆਪਣੇ ਰਸਾਲੇ ਸੁਧਾਰਕ ਵਿਚ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਵਿਚ ਹੁੰਦੀਆਂ ਕੁਰੀਤੀਆਂ ਅਤੇ ਪਰਕਰਮਾ ਵਿਚ ਹੁੰਦੀ ਬੁਤ ਪ੍ਰਸਤੀ ਦਾ ਚੰਗੀ ਤਰ੍ਹਾਂ ਭਾਂਡਾ ਫੋੜ ਕੀਤਾ ਤਾਂ ਦਰਬਾਰ ਸਾਹਿਬ ਦੇ ਪ੍ਰਬੰਧਕ ਆਪੇ ਤੋਂ ਬਾਹਰ ਹੋ ਗਏ। ਐਥੋਂ ਤੱਕ ਕਿ ਉਹਨਾਂ ਦੇ ਖਿਲਾਫ ਅੰਮ੍ਰਿਤਸਰ ਦੀਵਾਨ ਦਾ ਇਜਲਾਸ ਫਰੀਦਕੋਟ ਬੁਲਾ ਕੇ ਭਾਈ ਸਾਹਿਬ ਦੇ ਖਿਲਾਫ ਮਤਾ ਪਾਸ ਕਰ ਦਿੱਤਾ ਅਤੇ ਫੈਸਲੇ ਦੀ ਪੁੱਤ੍ਰਤਾ ਜਨਰਲ ਸਭਾ ਅੰਮ੍ਰਿਤਸਰ ਤੋਂ ਕਰਵਾ ਕੇ ਇਕ ਐਲਾਨ ਪ੍ਰਕਾਸ਼ਤ ਕੀਤਾ ਕਿ ਪ੍ਰੋਫੈਸਰ ਗੁਰਮੁਖ ਸਿੰਘ ਨੂੰ ਪੰਥ ਵਿਚੋਂ ਖਾਰਜ ਕਰ ਦਿੱਤਾ ਗਿਆ ਹੈ। ਐਲਾਨ ਤੇ ਦਸਤਖਤ ਕਰਨ ਵਾਲੇ ਹੇਠ ਲਿਖੇ ਭਦਰ ਪੁਰਸ਼ ਸਨ :—

(1) ਦਰਬਾਰ ਸਾਹਿਬ ਦਾ ਹੈੱਡ ਪੁਜਾਰੀ।

(2) ਸ: ਕਾਹਨ ਸਿੰਘ ਮਜੀਠੀਆ

(3) ਗਿਆਨੀ ਸਰਦੂਲ ਸਿੰਘ

(4) ਡਾਕਟਰ ਚਰਨ ਸਿੰਘ

ਇਹਨਾਂ ਤੋਂ ਇਲਾਵਾ ਹੋਰ ਵੀ ਸੱਜਣ ਸਨ।

ਕਿਤਨੇ ਦੁੱਖ ਦੀ ਗੱਲ ਹੈ ਕਿ ਜਿਹੜੇ ਵਿਦਵਾਨ ਪੰਥ ਦਰੋਹੀਆਂ ਨਾਲ ਟੱਕਰ ਲੈ ਰਹੇ ਸਨ, ਜਿਹਨਾਂ ਆਪਣਾ ਜੀਵਨ ਹੀ ਪੰਥਕ [illegible] ਅਰਪਣ ਕਰ ਦਿੱਤਾ ਸੀ, ਉਸ ਨੂੰ ਆਪੇ ਬਣੇ ਪੰਥਕ ਚੋਧਰੀ ਆਪਣੇ ਨਿੱਜੀ ਸਵਾਰਥਾਂ ਕਰਕੇ ਆਪਣੇ ਗੁੱਸੇ ਦਾ ਨਿਸ਼ਾਨਾ ਬਣਾ ਰਹੇ

ਸਨ ਅਤੇ ਉਹਨਾਂ ਪੰਥ ਦੇ ਅਮਰ ਅਤੇ ਅਮਿਟ ਮਰਜੀਵੜਿਆਂ ਨੂੰ ਸੇਵਾ ਦੇ ਮੈਦਾਨ ਵਿਚੋਂ ਕੱਢਣ ਦਾ ਕੋਝਾ ਯਤਨ ਕਰ ਰਹੇ ਸਨ। ਐਥੇ ਹੀ ਬਸ ਨਹੀਂ ਸਗੋਂ ਅਕਾਲ ਤਖਤ ਸਾਹਿਬ ਤੋਂ ਨਿਮਾਂਤਕ ਹੁਕਮਨਾਮਾ ਭੀ ਜਾਰੀ ਕਰਵਾ ਦਿੱਤਾ :—

ਸ੍ਰੀ ਅਕਾਲ ਸਹਾਇ ।
ਤਖਤ ਅਕਾਲ ਬੁੰਗਾ ਸਾਹਿਬ

ੴ ਸਤਿਗੁਰ ਪ੍ਰਸਾਦਿ ।

ਸ੍ਰੀ ਅਕਾਲ ਸਹਾਇ।
ਸ੍ਰੀ ਦਰਬਾਰ ਸਾਹਿਬ

ਹਮ ਜੁਮਲੇ ਸਿੰਘਾਨ ਪੁਜਾਰੀਆਨ ਤਖਤ ਸ੍ਰੀ ਅਕਾਲ ਬੁੰਗਾ ਜੀ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਵ ਬਾਬਾ ਅਟਲ ਰਾਇ ਸਾਹਿਬ ਵ ਝੰਡਾ ਬੁੰਗਾ ਸਾਹਿਬ ਵ ਸ਼ਹੀਦ ਬੁੰਗਾ ਸਾਹਿਬ ਜੀ ਮੁਲਾਹਜਾਏ ਕਾਰਵਾਈ ਗੁਰਮੁਖ ਸਿੰਘ ਸਕੱਤਰ ਕਾ ਕੀਆ। ਮਾਲੂਮ ਹੂਆ ਕਿ ਇਸ ਸ਼ਖਸ ਨੇ ਚੰਦ ਜਗ੍ਹਾ ਬਰਖਿਲਾਫ਼ ਗੁਰੂ ਇਸ਼ਟ ਕੇ ਤੌਹੀਨ ਗੁਰੂ ਗ੍ਰੰਥ ਸਾਹਿਬ ਵ ਗੁਰੂ ਅੰਸ਼ ਵ ਗੁਰਬਾਣੀ ਕੇ ਤਹਿਰੀਰ ਵ ਤਕਰੀਰ ਕੀਆ ਹੈ। ਜਿਸ ਸੇ ਸਾਬਤ ਹੋਤਾ ਹੈ ਕਿ ਉਸ ਕਾ ਏਤਕਾਦ ਸਿਖੀ ਧਰਮ ਸੇ ਬਿਲਕੁਲ ਬਰਖਿਲਾਫ਼ ਹੈ ਇਸ ਵਾਸਤੇ ਹਮ ਤਮਾਮ ਪੁਜਾਰੀਆਨ ਵ ਗ੍ਰੰਥੀਅਨ ਸ੍ਰੀ ਗੁਰਦਵਾਰਾ ਹਾਇ ਮਮਦੂਹ ਸੇ ਅਲਿਹਦਾ ਕੀਆ ਗਿਆ ਹੈ। ਗੁਰਦੁਆਰਾ ਹਾਇ ਮੌਸੂਫ਼ ਮੇਂ ਉਸ ਕੀ ਅਰਦਾਸ ਨਾ ਹੋਗੀ ਵ ਬਰਤਾਓ ਨਾ ਹੋਗਾ ॥ ਤਮਾਮ ਸਿੰਘਾਨ ਕੋ ਵਾਜਿਆ ਰਹੇ ਕਿ ਕੋਈ ਸਖਸ਼ ਉਸ ਕਾ ਪੈਰੋਕਾਰ ਨਾ ਹੋ। ਜੋ ਸਖਸ਼ ਉਸ ਕੀ ਪੈਰਵੀ ਕਰੇਗਾ ਵੋ ਭੀ ਬੇਮੁਖ ਔਰ ਲਾਇਕ ਤਨਖਾਹ ਪੰਥ ਕੇ ਸਮਝਾ ਜਾਏਗਾ ਔਰ ਵੈਸਾ ਹੀ ਸਲੂਕ ਉਸ ਕੇ ਸਾਥ ਕੀਆ ਜਾਏਗਾ।

ਫਕਤ ਤਾਰੀਖ ਸਤਵੀਂ ਮਾਹ ਚੇਤ ਸੰਮਤ 418 ਗੁਰੂ ਨਾਨਸ਼ਾਹੀ ਵ ਮੁਤਾਬਿਕ 18 ਮਾਰਚ ਸੰਨ 1887 ਈ: ਦਸਤਖਤ ਹਾਜ਼ਰੀਨ ਸਿੰਘਾਨ ਔਹਦੇਦਾਰਾਨ ਵ ਗ੍ਰੰਥੀਆਨ।

— — — — — — —

ਇਸ ਹੁਕਮਨਾਮੇ ਤੋਂ ਆਮ ਸਿੱਖ ਜਨਤਾ ਨੇ ਸਮਝਿਆ ਕਿ ਜ਼ਰੂਰ ਪ੍ਰੋ: ਗੁਰਮੁਖ ਸਿੰਘ ਦਾ ਕਸੂਰ ਹੋਵੇਗਾ। ਅਕਾਲ-ਤਖਤ ਸਾਹਿਬ ਦੇ ਹੁਕਮਨਾਮੇ ਦਾ ਪੰਥ ਵਿਚ ਮੁਢੋਂ ਹੀ ਬੜਾ ਸਤਿਕਾਰ ਸੀ। ਇਸ ਕਰਕੇ ਇਹ ਗੁਰਮੁਖ ਸਿੰਘ ਜੀ ਤੇ ਸੱਭ ਤੋਂ ਵੱਡਾ ਵਾਰ ਸੀ। ਉਹਨਾਂ ਨੇ ਆਪਣੀ ਨਿਰਦੋਸ਼ਤਾ ਪ੍ਰਗਟ ਕਰਨ ਲਈ ਬੜਾ ਯਤਨ ਕੀਤਾ ਪ੍ਰੰਤੂ ਉਹਨਾਂ ਦੀ ਆਵਾਜ਼ ਦੀ ਕੋਈ ਪ੍ਰਵਾਹ ਨਾ ਕੀਤੀ ਗਈ।

ਇਸੇ ਸਾਲ ਵਿਸਾਖ ਦੇ ਦਿਨ ਖਾਲਸਾ ਦੀਵਾਨ ਲਾਹੌਰ ਦਾ ਇਕੱਠ ਲਾ: ਬਾਸ਼ੀ ਰਾਮ ਦੇ ਘਰ ਅਤੇ ਅੰਮ੍ਰਿਤਸਰ ਦੀਵਾਨ ਦਾ ਬੁੰਗਾ ਗਿਆਨੀਆਂ ਵਿਚ ਹੋਇਆ। ਅਗਲੇ ਦਿਨ ਇੱਕ ਸਿੰਘ ਨੇ ਅੱਠ ਸਫੇ ਦਾ ਇਕ ਟਰੈਕਟ ਵੰਡਿਆ, ਜਿਸ ਵਿਚ ਅੰਮਿਤਸਰ ਦੀਵਾਨ ਦੇ ਪ੍ਰਬੰਧਕਾਂ ਵਿਰੁੱਧ ਲਗਾਏ 40 ਦੋਸ਼ਾਂ ਵਿਚੋਂ ਕੁਝ ਕੁ ਥਲੇ ਦਿੱਤੇ ਜਾਂਦੇ ਹਨ :—

(2) ਖਾਲਸਾ ਦੀਵਾਨ ਦੀ ਕਾਰਵਾਈ ਕਮੇਟੀ ਹੱਥ ਕਿਉਂ ਨਹੀਂ ਦਿੱਤੀ। ਆਪਾ ਧਾਪੀ ਕਿਉਂ ਕੀਤੀ ਜਾਂਦੀ ਹੈ ?

(6) ਜੋ ਸ਼ਖਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਤਕੀਆ (ਗਦੇਲਾ) ਲਗਾ ਕੇ ਬੈਠਦਾ ਹੈ, ਉਸਨੂੰ ਕੀ ਬਬੇਕ ਲਗਾਣਾ ਚਾਹੀਦਾ ਹੈ।

(7) ਜੋ ਸ਼ਖਸ ਦਸਾਂ ਪਾਤਸ਼ਾਹੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਿਨਾਂ ਬਾਰ੍ਹਵੀਂ, ਤੇਰ੍ਹਵੀਂ ਤੇ ਚੌਧਵੀਂ ਪਾਤਸ਼ਾਹੀ ਮੂੰਹੋਂ ਜਾਂ ਛੰਦਾਂ ਪਾਸੋਂ ਅਖਾਵੇ ਉਸ ਨੂੰ ਖਾਲਸੇ ਦੀ ਤਰਫੋਂ ਕੀ ਦੰਡ ਲਗਣਾ ਚਾਹੀਦਾ ਹੈ ?

(8) ਖਾਲਸਾ ਦੀਵਾਨ ਵਿਚ ਹੋ ਕੇ ਜਿਹੜਾ ਜਨੇਊ ਪਾਵੇ ਉਸ ਨੂੰ ਖਾਲਸਾ ਕੀ ਬਬੇਕ ਲਗਾ ਸਕਦਾ ਹੈ ?

(9) ਜੋ ਸ਼ਖਸ ਦਾਹੜੀ ਨੂੰ ਵਸਮੇ ਆਦਿਕ ਰੰਗ ਨਾਲ ਰੰਗੇ ਉਸਨੂੰ ਖਾਲਸਾ ਦੀਵਾਨ ਵਿਚੋਂ ਖਾਰਜ ਕਰਨਾ ਚਾਹੀਦਾ ਹੈ ਕਿ ਨਹੀਂ।

(10) ਜੋ ਸ਼ਖਸ ਕਿਸੇ ਤਖਤ ਜਾਂ ਗੁਰਦੁਆਰੇ ਦਾ ਮਹੰਤ ਹੋ ਕੇ ਪਥਰਾਂ ਦੇ ਸਾਹਮਣੇ ਟੰਨ-ਟੰਨ-ਪੂੰ-ਪੂੰ ਕਰਕੇ ਪੂਜਾ ਕਰੇ ਉਸਨੂੰ ਖਾਲਸਾ ਪੰਥ ਵਿਚ ਸਮਝਣਾ ਚਾਹੀਏ ਜਾਂ ਖਾਰਜ।

(ਇਹ ਟਰੈਕਟ ਫਿਰ 1944 ਵਿਚ ਛਪਿਆ)

ਪ੍ਰੋਫੈਸਰ ਗੁਰਮੁਖ ਸਿੰਘ ਜੀ ਤੋਂ ਪਿਛੋਂ ਗਿਆਨੀ ਦਿੱਤ ਸਿੰਘ ਜੀ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਅਤੇ ਇਕ ਗਰੀਬ ਸਿੱਖ ਨੂੰ ਤੰਗ ਕਰਨ ਲਈ ਮੁਕਦਮੇਬਾਜ਼ੀ ਦਾ ਜਾਲ ਵਛਾਇਆ ਗਿਆ।

ਪ੍ਰੋਫੈਸਰ ਗੁਰਮੁਖ ਸਿੰਘ ਨੇ ਜੀ ਓਰੀਐਂਟਲ ਕਾਲਜ ਲਾਹੌਰ ਵਿਚ ਮੁਲਾਜ਼ਮਤ ਕਰ ਲਈ। ਆਪ ਪੰਜਾਬੀ ਦੇ ਪਹਿਲੇ ਵਾਰਤਕ ਲਿਖਾਰੀਆਂ ਵਿਚੋਂ ਸਨ। ਆਪ ਜੀ ਨੇ ਸਮੇਂ ਸਮੇਂ ਹੇਠ ਲਿਖ ਪੱਤਰ 1880 ਵਿਚ ਖਾਲਸਾ ਪ੍ਰੈਸ ਸਥਾਪਤ ਕਰਨ ਪਿਛੋਂ ਕੱਢੇ :—

ਵਿਦਿਆਰਕ 1880

ਸੁਧਾਰਕ 1881

ਖਾਲਸਾ ਗਜ਼ਟ 1885 ਅਤੇ ਖਾਲਸਾ ਅਖਬਾਰ ਪੰਜਾਬੀ 1885 ਵਿਚ ਚਾਲੂ ਕਰ ਕੇ ਪੰਜਾਬੀ ਦੀ ਪਤ੍ਰ ਕਲਾ ਨੂੰ ਜਨਮ ਦਿੱਤਾ। 24 ਸਿਤੰਬਰ 1918 ਨੂੰ ਆਪ ਜੀ ਦਾ ਦਿਹਾਂਤ ਸ੍ਰੀਨਗਰ ਨਾਮੇ ਬੰਗਲੇ ਵਿਚ ਕੰਡਾ ਘਾਟ (ਰਿਆਸਤ ਪਟਿਆਲਾ) ਵਿਚ ਹੋਇਆ।

(ਮਾ: ਇ: ਭਾਗ 3, ਪੰਨਾ 1073)

ਸਾਂਦਲਬਾਰ ਦਾ ਅਦੁੱਤੀ ਸ਼ਹੀਦ

ਪਿੰਡ ਅਕਾਲਗੜ੍ਹ ਜ਼ਿਲ੍ਹਾ ਗੁਜਰਾਂਵਾਲਾ (ਹੁਣ ਪਾਕਿਸਤਾਨ ਦੇ ਜਮ ਪਲ ਭਾਈ ਪ੍ਰਤਾਪ ਸਿੰਘ ਸਪੁੱਤਰ ਭਾਈ ਸਰੂਪ ਸਿੰਘ (ਮਾਤਾ ਪ੍ਰੇਮ ਕੌਰ) ਦਾ ਆਨੰਦ ਕਾਰਜ ਸੰਨ 1918 ਵਿਚ ਲੋਹੀਆਂਵਾਲਾ ਨਿਵਾਸੀ ਭਾਈ ਕਪੂਰ ਸਿੰਘ ਦੀ ਸਪੁੱਤਰੀ ਬੀਬੀ ਹਰਨਾਮ ਕੌਰ ਨਾਲ ਹੋਇਆ। ਭਾਈ ਪ੍ਰਤਾਪ ਸਿੰਘ ਜੀ ਗੁਰਦਵਾਰਾ ਪੰਜਾ ਸਾਹਿਬ (ਹਸਨ ਅਬਦਾਲ) ਵਿਚ ਖਜ਼ਾਨਚੀ ਦੀ ਸੇਵਾ ਤੇ ਨਿਯੁਕਤ ਸਨ।

ਗੁਰੂ ਕੇ ਬਾਗ ਦੇ ਮੋਰਚੇ ਵਿਚ ਭਾਗ ਲੈਣ ਵਾਲੇ ਫੌਜੀ ਪੈਨਸ਼ਨਰ ਕੈਦੀਆਂ ਦੀ ਭਰੀ ਹੋਈ ਗੱਡੀ ਅਟਕ ਨੂੰ ਭੇਜੀ ਜਾ ਰਹੀ ਸੀ। ਗੁਰਦਵਾਰਾ ਪੰਜਾ ਸਾਹਿਬ ਦੇ ਸੇਵਕਾਂ ਨੇ ਕੈਦੀਆਂ ਨੂੰ ਪ੍ਰਸ਼ਾਦ ਪਾਣੀ ਛਕਾਉਣ ਵਾਸਤੇ, ਸਟੇਸ਼ਨ ਮਾਸਟਰ ਹਸਨ ਅਬਦਾਲ ਨੂੰ ਬੇਨਤੀ ਕੀਤੀ ਕਿ 31 ਅਕਤੂਬਰ 1923 ਨੂੰ ਕੈਦੀਆਂ ਦੀ ਗੱਡੀ ਨੂੰ ਸਟੇਸਨ ਤੇ ਰੋਕਿਆ ਜਾਵੇ। ਕਿੰਤੂ ਫਰੰਗੀ ਸਰਕਾਰ ਦੇ ਕਰਮਚਾਰੀਆਂ ਨੇ ਨਾਂਹ ਕਰ ਦਿੱਤੀ।

ਨੀਯਤ ਦਿਨ ਨੂੰ ਭਾਈ ਪ੍ਰਤਾਪ ਸਿੰਘ ਤੇ ਉਹਨਾਂ ਦਾ ਸਾਥੀ ਭਾਈ ਕਰਮ ਸਿੰਘ ਅਤੇ ਹੋਰ ਅਨੇਕਾਂ ਮਾਈ ਭਾਈ ਗੁਰਦਵਾਰੇ ਤੋਂ ਪ੍ਰਸ਼ਾਦ ਪਾਨੀ ਲੈ ਕੇ ਸਵੇਰ ਸਾਰ ਹੀ ਸਟੇਸ਼ਨ ਤੇ ਆ ਗਏ ਅਤੇ ਰੇਲਵੇ ਲਾਈਨ ਤੇ ਧਰਨਾ ਮਾਰ ਬੈਠੇ। ਜਦ ਗੁਰੂ ਕੇ ਦੇ ਬਾਗ ਕੈਦੀਆ ਦੀ ਸਪੈਸ਼ਲ ਆਈ ਤਾਂ ਭਾਈ ਕਰਮ ਸਿੰਘ ਤਾਂ ਉਥੇ ਹੀ ਸ਼ਹੀਦ ਹੋ ਗਏ ਅਤੇ ਭਾਈ ਪ੍ਰਤਾਪ ਸਿੰਘ ਜੀ ਨੂੰ ਗੱਡੀ ਦੇ ਰੁਕਣ[1] ਤੇ ਸਖਤ ਜ਼ਖਮੀ ਹਾਲਤ ਵਿਚ ਥੱਲਿਓਂ ਕਢਿਆ ਗਿਆ। ਜਦ ਆਪ ਜੀ ਨੂੰ ਹਸਪਤਾਲ ਦਵਾਈ ਦਾਰੂ ਵਾਸਤੇ ਸੰਗਤ ਪ੍ਰਬੰਧ ਕਰਨ ਲੱਗੀ ਤਾਂ ਆਪ ਜੀ ਨੇ ਫੁਰਮਾਇਆ :—

ਮੇਰੀ ਦਵਾਈ ਹੋ ਚੁੱਕੀ ਹੈ। ਇਸ ਵੇਲੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮੈਨੂੰ ਦਰਸ਼ਨ ਹੋ ਰਹੇ ਹਨ। ਹਜ਼ੂਰ ਦੇ ਬਸਤਰ ਲਹੂ ਨਾਲ ਲਿਬੜੇ ਹੋਏ ਹਨ। ਆਪ ਜੀ ਮੈਨੂੰ ਆਪਣੇ ਚਰਨਾਂ ਵਿਚ ਲੈ ਜਾ ਰਹੇ ਹਨ।

ਫਿਰ ਆਪ ਜੀ ਦੀ ਧਰਮ ਪਤਨੀ ਸ੍ਰੀਮਤੀ ਹਰਨਾਮ ਕੌਰ ਜੀ ਨੇ ਸ਼ਹੀਦ ਜੀ ਨੂੰ ਪੁੱਛਿਆ, 'ਮੇਰਾ ਕੀ ਬਣੇਗਾ ?' ਤਾਂ ਸ਼ਹੀਦ ਜੀ ਨੇ ਫੁਰਮਾਇਆ, "ਤੇਰਾ ਪੰਥ ਰਾਖਾ—ਮੇਰੇ ਪਿਛੋਂ ਰੋਣਾ ਨਹੀਂ।" ਆਪ ਜੀ ਨੇ ਗੁਰਦਵਾਰਾ ਪੰਜਾ ਸਾਹਿਬ ਦੇ ਅੰਦਰ ਪ੍ਰਾਣ ਤਿਆਗ ਦਿੱਤੇ। ਆਪ ਜੀ ਦਾ ਸਸਕਾਰ ਸਿੱਖ, ਹਿੰਦੂਆਂ ਅਤੇ ਮੁਸਲਮਾਨਾਂ ਨੇ ਬੜੇ ਸਤਿਕਾਰ ਨਾਲ ਰਾਵਲਪਿੰਡੀ ਵਿਚ ਕੀਤਾ।

ਸ਼ਹੀਦ ਜੀ ਦੇ ਚਲਾਣੇ ਦੇ ਅੱਠ ਮਹੀਨੇ ਪਿਛੋਂ ਆਪ ਜੀ ਦੇ ਘਰ, ਬੀਬੀ ਹਰਨਾਮ ਕੌਰ ਦੀ ਕੁਖੋਂ ਬੀਬੀ ਜੁਗਿੰਦਰ ਕੌਰ ਨੇ ਜਨਮ ਲਿਆ। ਮੁਟਿਆਰ ਹੋਣ ਤੇ ਉਸ ਦੀ ਸ਼ਾਦੀ ਗੁਰਮੁਖ ਪਿਆਰੇ ਭਾਈ ਸੰਪੂਰਨ ਸਿਘ ਸਪੁਤਰ ਭਾਈ ਇੰਦਰ ਸਿੰਘ ਨਿਵਾਸੀ ਪਿੰਡ ਡੋਗਰਾਂਵਾਲਾ ਜ਼ਿਲ੍ਹਾ ਗੁਜਰਾਂਵਾਲਾ ਨਾਲ ਹੋਇਆ। ਇਸ ਬੀਬੀ ਦੇ ਚਾਰ ਸਪੁੱਤਰ ਸ: ਅਮਰਜੀਤ ਸਿੰਘ, ਸਵਰਨਜੀਤ ਸਿੰਘ, ਜਸਵੰਤ ਸਿੰਘ ਤੇ ਹਰਿੰਦਰਪਾਲ ਜੀ ਹਨ ਜੋ ਚਾਰੇ ਹੀ ਅੱਛੇ ਅਹੁਦਿਆਂ ਤੇ ਹਨ। ਸ੍ਰੀਮਤੀ ਹਰਨਾਮ ਕੌਰ ਜੀ ਆਪਣੀ ਸੁਪਤਨੀ ਦੇ ਪ੍ਰੀਵਾਰ ਸਮੇਤ ਲਾਜਪਤ ਨਗਰ ਦਿੱਲੀ ਵਿਚ ਨਿਵਾਸ ਰੱਖਦੇ ਹਨ।

ਮੁਖ ਮੰਤਰੀ ਪੰਜਾਬ ਗਿਆਨੀ ਜ਼ੈਲ ਸਿੰਘ ਨੇ ਬੀਬੀ ਜੀ ਨੂੰ 500/- ਰੁਪੈ ਦੀ ਥੈਲੀ ਭੇਂਟ ਕੀਤੀ ਅਤੇ 300/- ਰੁਪੈ ਮਾਸਕ ਪੈਨਸ਼ਨ ਮਨਜ਼ੂਰ ਕੀਤੀ ਅਤੇ ਹੋਰ ਬੀਮਾਰੀ ਦੀ ਹਾਲਤ ਵਿਚ ਆਪ ਜੀ ਦਾ ਸਭ ਖ਼ਰਚਾ ਵੀ ਪੰਜਾਬ ਸਰਕਾਰ ਨੇ ਦੇਣਾ ਪ੍ਰਵਾਨ ਕੀਤਾ। (31-10-76 ਤੋਂ)

(ਅਕਾਲੀ ਪਤ੍ਰਿਕਾ 31-10-76)

---

1. ਮੁਸਲਮਾਨ ਡਰਾਈਵਰ ਨੇ ਗੱਡੀ ਨੂੰ ਰੋਕਣ ਵਾਸਤੇ ਬਰੇਕ ਨਹੀਂ ਸੀ ਵਰਤੀ। ਤਫਤੀਸ਼ੀ ਕਮੇਟੀ ਸਾਹਮਣੇ ਉਸ ਨੇ ਬਿਆਨ ਦਿੱਤਾ ਸੀ, "ਕਿ ਮੈਂ ਸਰਕਾਰੀ ਹੁਕਮ ਦੇ ਅਨੁਸਾਰ ਗੱਡੀ ਨਹੀਂ ਰੋਕੀ। ਲੇਕਿਨ ਗੱਡੀ ਆਪਣੇ ਆਪ ਰੁਕ ਗਈ, ਮੈਂ ਨਹੀਂ ਜਾਣਦਾ ਕਿਉਂ ਤੇ ਕਿਵੇਂ ?"


ਕੁਰਸੀਨਾਮਾ ਪੰਨੂੰ (ਸੂਰਜ ਬੰਸੀ)

ਰਾਮ ਚੰਦਰ ਜੀ
|
ਲਊ
|
ਪ੍ਰੀਛਤ
|
ਤਲੋਚਰ
|
ਸ਼ਾਹ
|
ਅਚਰਜ
|
ਧਨੀਚ
|
ਪੰਨੂੰ


ਸਾਂਦਲਬਾਰ ਵਿਚ ਪੰਨੂੰ ਗੋਤ ਦੇ ਟਾਂਵੇਂ ਟਾਂਵੇਂ ਇਕ ਦੋ ਪਿੰਡ ਸਨ। ਨਨਕਾਣਾ ਸਾਹਿਬ ਦੇ ਗੁਰਦਵਾਰਾ ਕਿਆਰਾ ਸਾਹਿਬ ਦਾ ਮਹੰਤ ਬਾਵਾ ਸੰਤਾ ਸਿੰਘ ਪੰਨੂੰ ਸੀ ਅਤੇ ਕੁਝ ਪੰਨੂੰ ਨਵੀਂ ਆਬਾਦੀ ਪਿੰਡ ਇੱਟਾਂਵਾਲੀ ਵਿਚ ਸਨ। ਜ਼ਿਲ੍ਹਾ ਅੰਮ੍ਰਿਤਸਰ ਵਿਚ ਇਹਨਾਂ ਦੇ ਬਹੁਤ ਪਿੰਡ ਹਨ। ਇਹਨਾਂ ਦੇ ਵਡਿਕੇ ਬਾਬਾ ਰਾਮ ਰਾਏ ਦੀ ਮਾਨਤਾ ਕੀਤਾ ਕਰਦੇ ਸਨ। ਪੰਨੂੰਆਂ ਦਾ ਤੇ ਸਿਰਹਾਲੀ ਦੇ ਸੰਧੂਆਂ ਦਾ ਪੁਰਾਣੇ ਸਮਿਆਂ ਵਿਚ ਕੋਈ ਆਪੋ ਵਿਚ ਝਗੜਾ ਵੀ ਹੋ ਗਿਆ ਸੀ। ਜਿਸ ਕਰ ਕੇ ਇਹਨਾਂ ਦਾ ਕਾਫੀ ਚਿਰ ਤੱਕ ਵੈਰ ਬਣਿਆ ਰਿਹਾ।


ਪੰਜਾਬ ਟ੍ਰਾਈਬਜ਼ ਐਂਡ ਕਾਸਟਸ ਦਾ ਕਰਤਾ ਇਹਨਾਂ ਨੂੰ ਔਲਖਾਂ ਨਾਲ ਤੁਲਨਾ ਦੇਂਦਾ ਹੈ, ਮਗਰ ਵਿਚਾਰ ਗਲਤ ਪ੍ਰਤੀਤ ਹੁੰਦਾ ਹੈ।

ਲੜੀ ਮਿਲਾਉਣ ਲਈ ਪੰਨਾ 571 ਤੋਂ ਚਾਲੂ ਅਮਰ ਸਿੰਘ ਦੀ ਔਲਾਦ (ਅਸੰਧ ਵਾਲੇ)




ਪੰਨਾ 571 ਤੋਂ ਚਾਲੂ ਇੰਦਰ ਸਿੰਘ ਦੀ ਔਲਾਦ (ਅਸੰਧ ਵਾਲੇ)







ਪੰਨਾ 571 ਤੋਂ ਚਾਲੂ ਹੀਰਾ ਸਿੰਘ ਦੀ ਔਲਾਦ (ਮਾਂਗਾ) (ਅਸੰਧ)



ਪੰਨਾ 571 ਤੋਂ ਚਾਲੂ ਤੇਜਾ ਸਿੰਘ ਦੀ ਔਲਾਦ (ਮਾਂਗਾ) (ਅਸੰਧ)



ਪੰਨਾ 571 ਤੋਂ ਚਾਲੂ ਜਵਾਹਰ ਸਿੰਘ ਦੀ ਔਲਾਦ





ਜਗਜੀਤ ਸਿੰਘ ਮਾਂਗਾ (ਅਸੰਧ)

ਜਗਜੀਤ ਸਿੰਘ ਦਾ ਜਨਮ 1934 ਈ: ਪਿੰਡ ਮਾਂਗਾ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਵਿਚ ਹੋਇਆ। ਦੇਸ਼ ਦੀ ਵੰਡ ਪਿਛੋਂ ਅਸੰਧ (ਕਰਨਾਲ) ਵਿਚ ਅਲਾਟਮੈਂਟ ਹੋਈ।

1987 ਈ: ਵਿਚ ਮਿਉਂਸਪਲ ਕਮੇਟੀ ਦੇ ਮੈਂਬਰ ਅਤੇ 1990 ਈ: ਵਿਚ ਸਰਬ ਸੰਮਤੀ ਨਾਲ ਪ੍ਰਧਾਨ ਬਣੇ।

ਇਹਨਾਂ ਦਾ ਲੜਕਾ ਗੁਰਲਾਲ ਸਿੰਘ ਅਸੰਧ ਮਾਰਕੀਟ ਕਮੇਟੀ ਦਾ ਮੈਂਬਰ ਹੈ। ਵਿਰਕ ਇਤਿਹਾਸ ਲਈ ਉਗਰਾਹੀ ਲਗਨ ਨਾਲ ਕੀਤੀ ਅਤੇ ਆਪਣੇ ਕੋਲੋਂ ਪੰਜ ਹਜ਼ਾਰ ਰੁਪਏ ਦਿੱਤੇ।

(ਕੁਰਸੀਨਾਮਾ ਪੰਨਾ 570 ਤੇ ਪੜ੍ਹੋ)

ਪਿੰਡ ਸ਼ੇਰ ਮਾਜਰਾ, ਨੇੜੇ ਪਟਿਆਲਾ ਵਿਚ ਫੁਲਟਵੰਨ ਦਾ ਇਕ ਪ੍ਰੀਵਾਰ ਹੈ। ਇਹਨਾਂ ਦਾ ਹੇਠ ਲਿਖਿਆ ਏਨਾ ਕੁ ਕੁਰਸੀਨਾਮਾ ਉਨ੍ਹਾਂ ਦਾ ਇਕ ਲੜਕਾ ਲਿਖਵਾ ਗਿਆ ਸੀ।



ਸਰਦਾਰ ਬਹਾਦਰ ਬੂਟਾ ਸਿੰਘ ਕੜਯਾਲ
—(ਕਰਨਾਲ)—
ਜੀਵਨ ਦਾ ਵੇਰਵਾ ਪੰਨਾ 392 ਤੇ ਪੜ੍ਹੋ

0
0
|
ਸਾਵਨ ਸਿੰਘ
|
ਪਾਞਾ ਸਿੰਘ
|
ਜਰਨੈਲ ਸਿੰਘ
|
ਦਰਸ਼ਨ ਸਿੰਘ
|
ਗੁਰਸੰਦੀਪ ਸਿੰਘ



ਸ: ਜੰਗੀਰ ਸਿੰਘ ਗਾਜ਼ੀ (ਸ਼ਾਹਬਾਦ)

ਜੰਗੀਰ ਸਿੰਘ ਵਿਰਕ ਪੁਤਰ ਸ: ਕਾਲਾ ਸਿੰਘ ਪੁੱਤਰ ਸ: ਸੰਟ ਸਿੰਘ ਪਿੰਡ ਗਾਜ਼ੀ ਮੁਨਾਰੇ ਵਾਲੀ ਜ਼ਿਲ੍ਹਾ ਸ਼ੇਖੂਪੁਰਾ ਪਾਕਿਸਤਾਨ ਹੁਣ ਸ਼ਾਹਬਾਦ ਮਾਰਕੰਡਾ।


ਮੈਂ ਸੰਨ 1930 ਵਿਚ ਦੱਸਵੀਂ ਜਮਾਤ ਵਿਚ ਪੜ੍ਹਦਾ ਸਾਂ, ਪੜ੍ਹਾਈ ਵਿਚ ਹੀ ਛੱਡ ਕੇ ਮੈਂ ਕਾਂਗਰਸ ਦੀ ਲਹਿਰ ਵਿਚ ਸ਼ਾਮਲ ਹੋ ਗਿਆ। ਸਾਡੇ ਦਾਦਾ ਸ: ਸੰਟ ਸਿੰਘ ਨੰਬਰਦਾਰ ਸਨ। ਉਹਨਾਂ ਦੀ ਨੰਬਰਦਾਰੀ ਛਡਵਾਈ। ਪਿੰਡ ਵਿਚ ਇਕ ਹੋਰ ਨੰਬਰਦਾਰ ਜੀਉਣ ਸਿੰਘ ਸੀ, ਉਸ ਦੀ ਵੀ ਨੰਬਰਦਾਰੀ ਛਡਵਾਈ। ਸਰਕਾਰੀ ਮਾਮਲਾ ਰੋਕਣ ਤੇ 6 ਮਹੀਨੇ ਦੀ ਕੈਦ ਹੋ ਗਈ। ਲਾਹੌਰ ਦੀ ਜੇਲ੍ਹ ਵਿਚ ਸਾਨੂੰ ਲੈ ਗਏ। ਲਾਹੌਰ ਦੀ ਜੇਲ੍ਹ ਤੋਂ ਬਦਲ ਕੇ ਫਿਰ ਸਾਨੂੰ ਲਾਇਲਪੁਰ ਜੇਲ੍ਹ ਵਿਚ ਲੈ ਗਏ।

ਕਿਸਾਨ ਮੂਵਮੈਂਟ 1939 ਵਿਚ ਹਿੱਸਾ ਲਿਆ। ਉਸ ਵਿਚ 9 ਮਹੀਨੇ ਦੀ ਕੈਦ ਹੋਈ ਅਤੇ ਰਾਵਲਪਿੰਡੀ ਜੇਲ ਵਿਚ ਭੇਜਿਆ, ਜਿਥੇ ਸਾਨੂੰ ਬਾਬਾ ਸੋਹਣ ਸਿੰਘ ਭੱਕਨਾ, ਬਾਬਾ ਪ੍ਰਿਥੀ ਸਿੰਘ ਆਜ਼ਾਦ ਅਤੇ ਬਾਬਾ ਮੰਗਲ ਸਿੰਘ ਕਪੂਰ ਨਾਲ ਰਖਿਆ ਗਿਆ। ਭੁਪਿੰਦਰ ਸਿੰਘ ਮਾਨ ਅਤੇ ਲਾਭ ਸਿੰਘ ਡੋਰਾ ਵੀ ਇਸੇ ਜੇਲ ਵਿਚ ਸਾਡੇ ਨਾਲ ਰਹੇ। ਲਾਭ ਸਿੰਘ ਡੋਰਾ ਨੇ ਅੰਗਰੇਜ਼ਾਂ ਦੇ ਵਿਰੁਧ ਬਹੁਤ ਦੋਹਲੇ ਲਿਖੇ ਅਤੇ ਬੋਲੇ।

ਅਸੀਂ ਅੰਗਰੇਜ਼ ਗੌਰਮਿੰਟ ਦੇ ਖਿਲਾਫ ਮੀਟਿੰਗਾਂ ਕਰਦੇ ਸਾਂ ਅਤੇ ਬੋਲਦੇ ਸਾਂ ਜਿਸ ਕਰਕੇ ਮੇਰੇ ਘਰ ਰਾਤ ਨੂੰ ਛਾਪਾ ਮਾਰ ਕੇ ਮੈਨੂੰ ਗ੍ਰਿਫਤਾਰ ਕਰ ਲਿਆ ਅਤੇ ਤਿੰਨ ਮਹੀਨੇ ਲਈ ਸ਼ੇਖੂਪੁਰੇ ਥਾਣੇ ਵਿਚ ਨਜ਼ਰਬੰਦ ਰਖਿਆ।

ਜ਼ਿਲ੍ਹਾ ਸ਼ੇਖੂਪੁਰੇ ਦੇ ਡੀ.ਸੀ. ਦਾ ਝੰਡਾ ਸਾੜ ਕੇ ਤਿਰੰਗਾ ਝੰਡਾ ਲਹਿਰਾਇਆ। ਇਸ ਕੰਮ ਵਿਚ ਮੇਰੇ ਨਾਲ ਗਿਆਨ ਚੰਦ ਆੜ੍ਹਤੀ ਦਾ ਲੜਕਾ ਅਤੇ ਬੰਤਾ ਸਿੰਘ ਧਾਹਰਾ ਸਨ। ਸਾਡੇ ਉਤੇ ਮੁਕਦਮਾ ਚਲਾਇਆ ਗਿਆ, ਜਿਸ ਵਿਚ ਸੱਤ ਸਾਲ ਦੀ ਕੈਦ ਹੋਈ। ਭਾਰਤ ਆਜ਼ਾਦ ਹੋਣ ਤੇ ਸਾਡਾ ਸਾਰਾ ਪਰਿਵਾਰ ਸ਼ਾਹਬਾਦ ਆ ਗਿਆ।

ਜੰਗੀਰ ਸਿੰਘ ਵਿਰਕ



1. ਕਸ਼ਮੀਰ ਸਿੰਘ 1967 ਈ: ਵਿਚ ਅਮਰੀਕਾ ਚਲਾ ਗਿਆ ਸੀ। ਬੜੀ ਮਿਹਨਤ ਕੀਤੀ ਅਤੇ ਕਾਲਟੈਕਸ ਕੰਪਨੀ ਵਿਚ ਰਿਸਰਚ ਇੰਜਨੀਅਰ ਹੈ। ਪਤਾ ਲਗਾ ਹੈ ਕਿ ਇਸ ਨੇ ਆਪਣੇ ਚਾਚੇ ਦਰਸ਼ਨ ਸਿੰਘ ਨੂੰ ਤਿੰਨ ਕੁ ਸਾਲ ਪਹਿਲਾਂ ਦਸ ਹਜ਼ਾਰ ਰੁਪਏ ਇਸ ਇਤਿਹਾਸ ਨੂੰ ਛਪਵਾਉਣ ਵਿਚ ਸਹਿਯੋਗ ਵਜੋਂ ਭੇਜੇ ਸਨ ਅਤੇ ਦਰਸ਼ਨ ਸਿੰਘ ਨੇ ਦਸ ਹਜ਼ਾਰ ਰੁਪਏ ਆਪਣੇ ਕੋਲੋਂ ਵੀ ਦੇਣ ਲਈ ਕਹੇ। ਜਥੇਦਾਰ ਹਰਬੰਸ ਸਿੰਘ ਨੂੰ ਵੀ ਕਿਹਾ ਅਤੇ ਭਗਵੰਤ ਸਿੰਘ ਆਜ਼ਾਦ ਨੂੰ ਪਟਿਆਲੇ ਕੋਠੀ ਨੰ: 41 ਵਿਚ ਕਿਹਾ। ਪਰ ਅੱਜ 712 ਪੰਨੇ ਛਪ ਚੁੱਕੇ ਹਨ ਪਰ ਅਜੇ ਤਕ ਇਹ ਰਕਮ ਕਈ ਇਕਰਾਰਾਂ ਦੇ ਪਿਛੋਂ ਵੀ ਨਹੀਂ ਪਹੁੰਚੀ। (ਪੈਸੇ ਨਾ ਮਿਲਣ ਦਾ ਗਿਲਾ ਸ਼ਾਇਦ ਨਾ ਹੀ ਹੋਵੇ, ਕਿਉਂਕਿ ਕੋਈ ਜ਼ਰੂਰੀ ਨਹੀਂ ਕਿ ਕੌਮ ਦਾ ਹਰ ਬੰਦਾ ਹੀ ਪੈਸੇ ਦੇਵੇ, ਪਰ ਇਸ ਤਰਾਂ ਲਾਰੇ ਲਾ ਕੇ ਟਾਇਆ ਦਿਊ ਰੁਕਾਵਟ ਦਾ ਗਿਲਾ ਜ਼ਰੂਰ ਹੈ। ਏਨੇ ਵਡੇ ਉਪਰਾਲੇ ਵਿਚ ਜੇ ਸ਼ਾਬਾਸ਼ ਨਾ ਵੀ ਕਹੀ ਜਾਏ ਤਾਂ ਕੋਈ ਗੱਲ ਨਹੀਂ, ਪਰ ਹੌਂਸਲਾ ਢਾਹੂ ਕੰਮ ਤੇ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਕੌਮ ਦੀ ਭਲਾਈ ਵਾਸਤੇ ਹੀ ਸਹੀ।)

2. ਸ਼ਮੀਰ ਸਿੰਘ 1975 ਈ. ਵਿਚ ਅਮਰੀਕਾ ਗਿਆ। ਬਹੁਤ ਮਿਹਨਤ ਕੀਤੀ ਅਤੇ ਹਥਿਆਰਾਂ ਦੀ ਇਕ ਬੜੀ ਵੱਡੀ ਕੰਪਨੀ ਦਾ ਡਾਇਰੈਕਟਰ ਹੈ।

3. ਵਿਰਸਾ ਸਿੰਘ (ਜਥੇਦਾਰ ਹਰਬੰਸ ਸਿੰਘ ਦੀ ਇਕ ਹੋਰ ਲਿਖਤ ਅਨੁਸਾਰ ਵੀਰ ਸਿੰਘ) ਵੈਸਟ ਜਰਮਨੀ ਵਿਚ ਹੈ।

- ਪੀਲੀ ਭੀਤ ਸ਼ਹਿਰ (ਯੂ. ਪੀ.) ਵਿਚ ਵਰਨਾਂ ਦਾ ਇਕ ਘਰ ਸੰਤੋਖ ਸਿੰਘ ਦੇ ਨਾਂ ਤੇ ਬਹੁਤ ਮਸ਼ਹੂਰ ਹੈ। 1984 ਈ: ਵਿਚ ਜਦ ਸ਼ਹਿਰ ਅਤੇ ਗੁਰਦੁਆਰੇ ਨੂੰ ਅੱਗਾਂ ਲਾਈਆਂ ਗਈਆਂ ਤਾਂ ਇਸ ਪ੍ਰਵਾਰ ਨੇ ਮੂਹਰੇ ਹੋ ਕੇ ਹੋਰਾਂ ਨੂੰ ਨਾਲ ਲੈ ਕੇ ਤਕੜਾ ਮੁਕਾਬਲਾ ਕੀਤਾ ਤੇ ਗੁਰਦੁਆਰੇ ਅਤੇ ਸਿਖਾਂ ਦੀਆਂ ਲਖਾਂ ਦੀਆਂ ਜਾਇਦਾਦਾਂ ਸੜਣ ਤੋਂ ਬਚਾਈਆਂ।
- ਯੂ. ਪੀ. ਮੱਧ ਪ੍ਰਦੇਸ਼ ਦੇ ਭਿਆਨਕ ਜਾਨਵਰਾਂ ਵਾਲੇ ਜੰਗਲਾਂ ਨੂੰ ਆਬਾਦ ਕਰ ਕੇ ਉਥੇ ਬਾਗਾਂ ਵਾਂਗੂ ਬਹਾਰਾਂ ਬਣਾਉਣ ਵਿਚ ਦੂਜੇ ਵੀਰਾਂ ਦੇ ਨਾਲ ਵਿਰਕਾਂ ਦਾ ਬੜਾ ਮੁੱਖ ਯੋਗਦਾਨ ਹੈ। ਵਿਰਕਾਂ ਨੇ ਉਥੇ ਬਹੁਤ ਲੰਮੇ ਚੌੜੇ ਸਿਲਸਲੇ ਖੇਤੀ ਅਤੇ ਵਪਾਰ ਵਿਚ ਵੀ ਬਣਾ ਰਖੇ ਹਏ ਹਨ।
- ਸ੍ਰ: ਚਰਨਜੀਤ ਸਿੰਘ ਵਿਰਕ ਹਲਕਾ ਮਝੌਲਾ ਜਿਲਾ ਪੀਲੀ ਭੀਤ ਤੋਂ ਐਮ. ਐਲ. ਏ. ਰਹਿ ਚੁੱਕਾ ਹੈ। ਲੋਕਾਂ ਦੇ ਕਢੀ ਕੰਮ ਆਉਣ ਵਾਲਾ ਸੱਜਣ ਹੈ।

ਸਾਂਦਲਬਾਰ ਦੀ ਇਕ ਇਤਿਹਾਸਕ ਯਾਦ

31-8-89 ਦੀ ਪੰਜਾਬੀ ਟ੍ਰਿਬਿਊਨ ਵਿਚ ਚਾਚਾ ਚੰਡੀਗੜ੍ਹੀਆ (ਸ: ਗੁਰਨਾਮ ਸਿੰਘ ਤੀਰ) ਲਿਖਦੇ ਹਨ :—

ਪੰਜਾਬੀਆਂ ਦੀ "ਸ਼ਾਂਤਮਈ"

ਪ੍ਰਕਾਸ਼ ਸਿੰਘ ਬਾਦਲ ਕਿਹਾ ਕਰਦੇ ਸਨ - 'ਜੇ ਪੰਜਾਬ ਵਿਚ ਕਿਸੇ ਨੇ ਲੀਡਰੀ ਕਰਨੀ ਹੋਵੇ ਤਾਂ ਉਸ ਨੂੰ ਇਕ ਹੱਥ ਆਪਣੀ ਪੱਗ ਨੂੰ ਤੇ ਦੂਜਾ ਹੱਥ ਕ੍ਰਿਪਾਨ ਨੂੰ ਪਾ ਕੇ ਕੰਮ ਚਲਾਉਣਾ ਪੈਂਦਾ ਹੈ।"

ਜਦੋਂ ਸ੍ਰੀ ਸੁਭਾਸ਼ ਚੰਦਰ ਬੋਸ ਸਰਬ ਹਿੰਦ ਕਾਂਗਰਸ ਪਾਰਟੀ ਦੇ ਪ੍ਰਧਾਨ ਚੁਣੇ ਗਏ, ਉਹ ਅਕਾਲੀ ਨੇਤਾਵਾਂ ਦਾ ਧੰਨਵਾਦ ਕਰਨ ਲਈ ਛੇਵੀਂ ਸਰਬ ਹਿੰਦ ਅਕਾਲੀ ਕਾਨਫਰੰਸ ਵਿਚ ਗੁਜਰਾਂਵਾਲਾ ਪੁੱਜੇ। ਇਕ ਵੱਖਰੇ ਕੈਂਪ ਵਿਚ 7-8 ਸਿਰਕੱਢ ਅਕਾਲੀ ਨੇਤਾ ਉਨ੍ਹਾਂ ਦਾ ਸਵਾਗਤ ਕਰਨ ਲਈ ਜੁੜ ਬੈਠੇ। ਇਹਨਾਂ ਵਿਚ ਮਾਸਟਰ ਤਾਰਾ ਸਿੰਘ, ਮੰਗਲ ਸਿੰਘ, ਬਾਵਾ ਹਰਿਕ੍ਰਿਸ਼ਨ ਸਿੰਘ, ਬਸੰਤ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ ਅਤੇ ਜਥੇਦਾਰ ਚੰਨਣ ਸਿੰਘ ਰਾੜਾ ਆਦਿ ਸਨ।

ਸ੍ਰੀ ਸੁਭਾਸ਼ ਚੰਦਰ ਬੋਸ ਨੇ ਕਿਹਾ : "ਪਿਆਰੇ ਖਾਲਸਾ ਜੀ, ਤੁਹਾਡੀ ਸਹਾਇਤਾ ਨਾਲ ਮੈਂ ਸਰਬ ਹਿੰਦ ਕਾਂਗਰਸ ਪਾਰਟੀ ਦਾ ਪ੍ਰਧਾਨ ਬਣ ਗਿਆ ਹਾਂ। ਮਹਾਤਮਾ ਗਾਂਧੀ ਦੇ ਉਮੀਦਵਾਰ ਪਟਾ ਭਾਈ ਸਤਿਆ ਰਮਈਆ ਹਾਰ ਗਏ। ਜਦੋਂ ਮੈਂ ਮਹਾਤਮਾ ਗਾਂਧੀ ਜੀ ਨੂੰ ਮਿਲਿਆ ਤਾਂ ਉਨ੍ਹਾਂ ਸਾਡੇ 'ਤੇ ਇਕ ਇਤਰਾਜ਼ ਕੀਤਾ ਕਿ ਅਸੀਂ ਬੰਗਾਲੀ ਤੇ ਪੰਜਾਬੀ ਲੋਕ ਪੂਰੀ ਤਰ੍ਹਾਂ ਸ਼ਾਂਤਮਈ ਵਿਚ ਵਿਸ਼ਵਾਸ ਨਹੀਂ ਰੱਖਦੇ। ਸਾਨੂੰ ਹਰ ਮੁਮਕਿਨ ਕੋਸ਼ਿਸ਼ ਕਰਕੇ ਸ਼ਾਂਤ ਰਹਿਣਾ ਚਾਹੀਦਾ ਹੈ।" ਅਕਾਲੀਆਂ ਵਲੋਂ ਬੋਲਦਿਆਂ ਜਥੇਦਾਰ ਚੰਨਣ ਸਿੰਘ ਰਾੜਾ ਨੇ ਕਿਹਾ—"ਬਾਬੂ ਜੀ ਸ਼ਾਂਤਮਈ ਤਾਂ ਠੀਕ ਹੈ ਪਰ ਘਸੁੰਨ-ਮੁੱਕੀ ਦੀ ਤਾਂ ਆਗਿਆ ਹੋਣੀ ਚਾਹੀਦੀ ਹੈ।" ਸੁਭਾਸ਼ ਚੰਦਰ ਬੋਸ ਨੂੰ ਜਦੋਂ ਘਸੁੰਨ-ਮੁੱਕੀ ਦੀ ਸਮਝ ਪਈ ਤਾਂ ਖਿੜ-ਖਿੜਾ ਕੇ ਹੱਸ ਪਏ। ਕਹਿਣ ਲੱਗੇ—"ਘਸੁੰਨ-ਮੁੱਕੀ ਤਾਂ ਠੀਕ ਹੈ ਪਰ ਇਹ ਵੀ ਸ਼ਾਂਤਮਈ ਢੰਗ ਨਾਲ ਚਲਣੀ ਚਾਹੀਦੀ ਹੈ।"

ਪੰਜਾਬ ਵਿਚ ਅੱਜ ਕੱਲ੍ਹ ਕਾਂਗਰਸੀਆਂ ਅਤੇ ਅਕਾਲੀਆਂ ਦੀਆਂ ਆਪਣੀਆਂ ਮੀਟਿੰਗਾਂ ਵਿਚ ਜੋ ਘਸੁੰਨ-ਮੁੱਕੀ ਚਲਦੀ ਹੈ, ਉਹ ਉਸੀ "ਸ਼ਾਂਤਮਈ ਨੀਤੀ" ਦਾ ਪ੍ਰੋਗਰਾਮ ਹੀ ਸਮਝਣਾ ਚਾਹੀਦਾ ਹੈ।

ਸਾਂਦਲਬਾਰ ਦੇ ਕੁਝ ਪਹਿਲਵਾਨ

(1) ਗੁੰਗਾ ਪਹਿਲਵਾਨ —ਪਿੰਡ ਸੰਭੜਵਾਲ ਦੇ ਕੋਲ, ਜ਼ਿਲ੍ਹਾ ਸਿਆਲਕੋਟ (2) ਰਹੀਮ—ਗੁਜਰਾਂਵਾਲਾ

(3) ਕੇਸਰ ਸਿੰਘ ਚੀਮਾ—ਗੋਜਰਾ (ਲਾਇਲਪੁਰ) (4) ਸੋਹਣ ਸਿੰਘ ਕਮੋ—(ੜਹੌੜ੍ਹ) ਲਾਇਲਪੁਰ

ਸ: ਦਰਗਾਹ ਸਿੰਘ ਦੇ ਭੋਗ ਤੇ


ਪਿੰਡ ਬਾਗਾਂਵਾਲੀ ਕੜਯਾਲ ਜ਼ਿਲ੍ਹਾ ਸ਼ੇਖੂਪੁਰਾ (ਸਾਂਦਲਬਾਰ) ਪਾਕਿਸਤਾਨ ਅਤੇ ਦੇਸ਼ ਵੰਡ ਤੋਂ ਪਿਛੋਂ ਪਿੰਡ ਸ਼ੇਖੂਪੁਰਾ ਜ਼ਿਲ੍ਹਾ ਕਰਨਾਲ ਦੇ ਸ: ਦਰਗਾਹ ਸਿੰਘ ਬਹੁਤ ਹੀ ਦਾਨਾਅ ਪੁਰਸ਼ ਸਨ। ਚੱਖੇ ਇਲਾਕੇ ਤੇ ਬਰਾਦਰੀ ਵਿਚ ਉਹਨਾਂ ਦਾ ਬਹੁਤ ਹੀ ਚੰਗਾ ਆਦਰ-ਮਾਣ ਰਹਿੰਦਾ ਰਿਹਾ ਹੈ। ਇਹ ਜ਼ਿੰਦਗੀ ਦੇ ਆਚਾਰ ਵਿਹਾਰ ਬਾਰੇ ਉਹਨਾਂ ਦੀ ਚੰਗੀ ਚੋਖੀ ਸੂਝ ਬੂਝ ਕਰਕੇ ਸੀ। ਉਹਨਾਂ ਦੀ ਸੁਚੱਜੀ ਜੀਵਨ ਜਾਚ ਪ੍ਰਤੀ ਆਦਰ ਵਜੋਂ ਮੇਰੇ ਦਿਲੋਂ ਇਹ ਲਾਈਨਾਂ ਨਿਕਲੀਆਂ ਹਨ : ਪਾਠਕ ਸੱਜਣ ਜਾਣ ਸਕਣ ਕਿ ਏਨੇ ਸੁਲਝੇ ਹੋਏ ਬਜ਼ੁਰਗ ਵੀ ਸਾਂਦਲਬਾਰ ਵਿਚ ਹੋ ਚੁੱਕੇ ਹਨ।

ਸਾਂਦਲਬਾਰ ਗੁਲਜ਼ਾਰ ਪੰਜਾਬ ਅੰਦਰ, ਖਿੜੇ ਵੰਨ-ਸੁ-ਵੰਨੇ ਕਈ ਬਾਗ ਸੁੰਦਰ।
ਪੰਛੀ ਰੰਗ-ਬਿਰੰਗੇ ਕਈ ਚਹਿਕਦੇ ਸਨ, ਗਾਵਨ ਖਿੜੀ ਬਸੰਤ ਵਿਚ ਰਾਗ ਸੁੰਦਰ।

ਸਾਂਦਲਬਾਰ ਵਿਚ ਰੰਧਾਵਾ ਗੋਤ

ਇਸ ਗੋਤ ਦਾ ਮੁੱਢ ਪਿੰਡ ਪਖੋਂ ਕੇ (ਗੁਰਦਾਸਪੁਰ) ਹੈ । ਏਥੇ ਤਿੰਨ ਪ੍ਰਵਾਰਾਂ ਦੇ ਮੁਖੀ ਬੱਠੂ, ਮਲੰਹ, ਮੱਤ੍ਰ ਤੇ ਸਨ । ਕੁਝ ਚਿਰ ਪਿਛੋਂ ਇਹਨਾਂ ਦੀ ਕੁਝ ਔਲਾਦ ਪਿੰਡ ਵਹੀਲਾਂ (ਗੁਰਦਾਸਪੁਰ) ਵਿਚ ਚਲੇ ਗਏ । ਫਿਰ ਬੱਠੂ ਦੀ ਔਲਾਦ ਪਿੰਡ ਦਰ ਗਾਮਦਾਸ (ਗੁਜਰਾਂ ਵਾਲਾ) ਚਲੇ ਗਏ ਅਤੇ ਫਿਰ ਅਤਰ ਸਿੰਘ, ਸ਼ਰਮ ਸਿੰਘ, ਮੇਘ ਸਿੰਘ ਪਿੰਡ ਬਖਾਪੁਰ (ਗੁਜਰਾਂਵਾਲਾ) ਵਿਚ ਆਬਾਦ ਹੋਏ ।

ਅਜਿੱਤਾ ਰੰਧਾਵਾ



ਅਜਿੱਤਾ ਦਾ ਗੁਰੂ ਨਾਨਕ ਸ਼ਾਹਿਬ ਨਾਲ ਮੇਲ ਹੋਇਆ, ਜਿਸ ਦਾ ਜਿਕਰ ਜਨਮ ਸਾਖੀ ਵਿਚ 'ਗੋਸ਼ਟ ਅਜਿੱਤਾ ਰੰਧਾਵਾ' ਵਿਚ ਹੈ । ਜਦੋਂ ਗੁਰੂ ਸਾਹਿਬ ਨੇ ਕਰਤਾਰਪੁਰ ਆਬਾਦ ਕੀਤਾ ਉਸ ਵਕਤ ਉਨ੍ਹਾਂ ਦਾ ਪ੍ਰਵਾਰ, ਮਾਤਾ ਸੁਲੱਖਣੀ ਜੀ, ਬਾਬਾ ਸ੍ਰੀ ਚੰਦ ਅਤੇ ਲਖਮੀ ਚੰਦ ਪਖੋ ਕੇ ਪਿੰਡ ਵਿਚ ਅਜਿੱਤਾ ਰੰਧਾਵਾ ਦੇ ਕੋਲ ਰਹਿੰਦੇ ਸੀ । ਉਥੋਂ ਗੁਰੂ ਜੀ ਨੇ ਆਪਣਾ ਪ੍ਰਵਾਰ ਕਰਤਾਰਪੁਰ ਮੰਗਵਾਇਆ । ਕਰਤਾਰਪੁਰ ਵਿਚ ਹੀ ਗੁਰੂ ਸਾਹਿਬ ਨੇ ਸ੍ਰੀ ਗੁਰੂ ਅੰਗਦ ਦੇਵ ਨੂੰ ਗੁਰਿਆਈ ਦਾ ਟਿੱਕਾ ਲਾ ਕੇ ਖੰਡੂਰ ਸਾਹਿਬ ਘਲਿਆ ।

—0—

ਬਾਬਾ ਬੁੱਢਾ ਜੀ (ਰੰਧਾਵਾ)

ਇਨ੍ਹਾਂ ਦਾ ਜਨਮ ਬਾਬਾ ਸੱਘਾ ਦੇ ਘਰ ਮਾਤਾ ਗੌਰਾਂ ਦੀ ਕੁਖੋਂ ਪਿੰਡ ਕਥੂ ਨੰਗਲ (ਅਮ੍ਰਿਤਸਰ) ਵਿਚ ਹੋਇਆ । ਨਾਂ ਬੂੜਾ ਸੀ । ਗੁਰੂ ਨਾਨਕ ਜੀ ਨਾਲ ਮੇਲ ਹੋਇਆ ਤਾਂ ਉਨ੍ਹਾਂ ਬੁੱਢਾ ਦਾ ਵਰ ਦਿਤਾ । ਹੌਲੀ ਹੌਲੀ ਬਾਬਾ ਬੁੱਢਾ ਜੀ ਦੇ ਨਾਂ ਨਾਲ ਮਸ਼ਹੂਰ ਹੋਏ ਅਤੇ ਗੁਰੂ ਜੀ ਦੇ ਕੋਲ ਹੀ ਰਹਿਣ ਲੱਗੇ । ਭਗਤੀ ਵੀ ਕਰਦੇ ਰਹਿੰਦੇ । ਗੁਰੂ ਅੰਗਦ ਦੇਵ ਜੀ ਨੂੰ ਤਿਲਕ ਇਹਨਾਂ ਦੇ ਹਥੋਂ ਹੀ ਲਵਾਇਆ ਗਿਆ । ਇਹਨਾਂ ਨੂੰ ਅਜਿਹੀ ਬਖਸ਼ਿਸ਼ ਹੋਈ ਕਿ ਗੁਰੂ ਘਰ ਦਾ ਗੱਦੀ ਦਾ ਟਿਕਾ ਇਹ ਤੇ ਇਹਨਾਂ ਦਾ ਪ੍ਰਵਾਰ ਹੀ ਲਾਉਂਦਾ ਰਿਹਾ । ਸ੍ਰੀ ਗੁਰੂ ਹਰਿਗੋਬਿੰਦ ਤਕ ਟਿਕਾ ਬਾਬਾ ਬੁੱਢਾ ਜੀ ਹੀ ਲਾਉਂਦੇ ਰਹੇ । ਗੁਰੂ ਹਰਿ ਰਾਏ, ਗੁਰੂ ਹਰਿ ਕ੍ਰਿਸ਼ਨ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਬਾਬਾ ਬੁੱਢਾ ਜੀ ਦੇ ਪੋਤ੍ਰੇ ਬਾਬਾ ਗੁਰਦਿਤਾ ਰੰਧਾਵਾ ਨੇ ਟਿੱਕਾ ਲਾਇਆ । ਗੁਰੂ ਗੋਬਿੰਦ ਸਿੰਘ ਪ੍ਰਤੀ ਇਹ ਰਸਮ ਰਾਮ ਕੌਰਕੰਵਰ (ਰੰਧਾਵਾ) ਉਰਫ ਗੁਰਬਖਸ਼ ਸਿੰਘ ਨੇ ਨਿਭਾਈ ।

ਬਾਬਾ ਬੁੱਢਾ ਜੀ ਅਖੀਰ ਉਮਰ ਵਿਚ ਪਿੰਡ ਰਾਮਦਾਸ (ਅਮ੍ਰਿਤਸਰ) ਵਿਚ ਜਾ ਵਸੇ ਅਤੇ ਉਥੇ ਹੀ ਪ੍ਰਾਣ ਤਿਆਗੇ । ਗੁਰੂ ਹਰ ਗੋਬਿੰਦ ਜੀ ਨੇ ਆਪਣੇ ਹਥੀਂ ਬਾਬਾ ਜੀ ਦਾ ਉਥੇ ਹੀ ਸਸਕਾਰ ਕੀਤਾ । ਆਪ ਪੂਰਨ ਬ੍ਰਹਮ ਗਿਆਨੀ ਹੋਏ ਹਨ ।

—0—

ਪਿੰਡ ਬਖਾਪੁਰ (ਗੁਜਰਾਂ ਵਾਲਾ) ਵਿਚ ਸ੍ਰ: ਕਰਮ ਸਿੰਘ ਨੰਬਰਦਾਰ ਪਤਵੰਤੇ ਮਸ਼ਹੂਰ ਸਜਨ ਹੋਏ ਹਨ ਜਿਨ੍ਹਾਂ ਨੇ ਇਲਾਕੇ ਅਤੇ ਖਾਨਦਾਨ ਦੀ ਭਲਾਈ ਲਈ ਬਹੁਤ ਕੰਮ ਕੀਤੇ । ਅਠ ਦਸ ਆਦਮੀਆਂ ਨੂੰ ਜ਼ਿਲਾ ਸਰਗੋਧਾ ਵਿਚ ਘੋੜੀ ਪਾਲ ਕੇ ਮੁਰੱਬੇ ਦਿਵਾਏ । ਆਪਣਾ ਖਾਨਦਾਨ ਚਕ ਨੰ: 96 ਉਤਰੀ ਵਿਚ ਆਬਾਦ ਕੀਤਾ । ਉਥੋਂ ਹੀ ਸੁਰਜੀਤ ਸਿੰਘ ਪੁਤਰ ਗੰਡਾ ਸਿੰਘ ਨੂੰ ਭਾਈ ਫੇਰੂ ਦੇ ਮੋਰਚੇ ਵਿਚ 6 ਮਹੀਨੇ ਸਜ਼ਾ ਹੋਈ । 1911 ਈ: ਵਿਚ ਜਾਰਜ ਪੰਜਮ ਹਿੰਦੁਸਤਾਨ ਆਇਆ ਤਾਂ ਦੇਸ਼ ਦੇ ਸਭ ਰਾਜੇ ਮਹਾਰਾਜਿਆਂ ਨਾਲ ਸ੍ਰ: ਕਰਮ ਸਿੰਘ ਵੀ ਉਸ ਉਤਸਵ ਵਿਚ ਸ਼ਾਮਲ ਸੀ । ਬਾਅਦ ਵਿਚ ਇਸ ਖਾਨਦਾਨ ਵਿਚ ਮੋਹਰ ਸਿੰਘ, ਪੂਰਨ ਸਿੰਘ ਅਤੇ ਕਰਮ ਸਿੰਘ ਦਾ ਪੋਤਾ ਸਾਧੂ ਸਿੰਘ ਨੰਬਰਦਾਰ ਸਰਕਰਦਾ ਵਿਅਕਤੀ ਹਨ । ਪਾਕਿਸਤਾਨ ਤੋਂ ਆ ਕੇ ਇਹ ਪ੍ਰਵਾਰ ਪਿੰਡ ਸਿਆਣਾ ਸਯਦਾਂ (ਕੁਰੂਕਸ਼ੇਤਰ) ਵਿਚ ਹੈ । ਇਸ ਪਿੰਡ ਵਿਚ ਅੱਜ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦਾ ਜੋੜਾ ਹੈ । ਜਦ ਹਰਿਆਣਾ ਵਿਚ ਸਮਾਜ ਸੁਧਾਰ ਲਹਿਰ ਚੱਲੀ ਤਾਂ ਸਾਧੂ ਸਿੰਘ ਨੰਬਰਦਾਰ ਪੰਜ ਮੁਖੀਆਂ ਵਿਚੋਂ ਸੀ । ਉਹਨਾਂ ਦੇ ਪ੍ਰਲੋਕ ਸੁਧਾਰ ਜਾਣ ਪਿਛੋਂ ਹੁਣ ਉਹਨਾਂ ਦਾ ਪੁੱਤਰ ਕੇਹਰ ਸਿੰਘ ਨੰਬਰਦਾਰ ਹੈ ।

ਬਾਗਾਂਵਾਲੀ ਕੜਯਾਲ ਉਸ ਬਾਗ਼ ਅੰਦਰ, ਮੰਗਲ ਸਿੰਘ ਦਾ ਇਕ ਖਿੜਿਆ ਬਾਗ਼ ਸੁੰਦਰ।
ਮਨੋਂ ਤ੍ਰੁਠਿਆ ਤੇ ਮਾਲਕ ਮਿਹਰ ਕੀਤੀ, ਉਸ ਬਾਗ਼ ਵਿਚ ਛੋਹਿਆ ਇਕ ਰਾਗ ਸੁੰਦਰ।

ਬੂਟਾ ਆਪ ਦਰਗਾਹ 'ਚੋਂ ਘਲਿਆ ਸੂ, ਏਸੇ ਲਈ ਦਰਗਾਹ ਸਿੰਘ ਨਾਂ ਹੈ ਸੀ।
ਪਲਦਾ, ਫੂਲਦਾ ਤੇ ਫਲਦਾ ਰਿਹਾ ਜਦ ਤੱਕ, ਰਿਹਾ ਦੇਂਵਦਾ ਠੰਡੀ ਜਿਹੀ ਛਾਂ ਹੈ ਸੀ।


ਰਿਹਾ ਕੰਡਿਆਂ ਸੰਗ ਵੀ ਫੁੱਲ ਬਣ ਕੇ, ਉਹਦੇ ਕੋਲ ਖੁਸ਼ਬੋ ਗੁਲਾਬ ਵਾਲੀ।
ਕੰਡੇ ਆਪਣੇ ਆਪ ਮੂੰਹ ਮੋੜ ਲੈਂਦੇ, ਆਬ ਤੱਕਦੇ ਜਾਂ ਉਹਦੀ ਤਾਬ ਵਾਲੀ।

ਪਰ ਫੱਗਣ ਤਿੰਨ ਸੰਮਤ 2017 ਨੂੰ, ਸਾਢੇ ਨੌਂ ਦਾ ਵਕਤ ਜਦ ਮੁੱਕ ਗਿਆ।
ਰਿਹਾ ਦਰਸ਼ਨ ਅਭਿਲਾਸ਼ੀ ਚਕੋਰ ਵਿਹੰਦਾ, ਚੰਨ ਸਦਾ ਲਈ ਬਦਲੀਂ ਲੁੱਕ ਗਿਆ।

ਇਹ ਪ੍ਰਵਾਰ ਹਰਬੰਸ, ਗੁਰਚਰਨ ਸਿੰਘ ਦੇ, ਜੁਗੋਂ ਜੁੱਗ ਉਹਦੇ ਕਾਇਮ ਨਿਸ਼ਾਨ ਰਖੀਂ।
ਯਾਦ ਕਦੇ 'ਆਜ਼ਾਦ' ਨੂੰ ਭੁੱਲਣੀ ਨਹੀਂ, ਉਹਦੀ ਰੂਹ ਨੂੰ ਸ਼ਾਂਤੀ ਪ੍ਰਦਾਨ ਰੱਖੀਂ।

—ਭਗਵੰਤ ਸਿੰਘ 'ਆਜ਼ਾਦ'


ਪਿੰਡ ਮੜਿਯਾਲਾ ਵਿਰਕਾਂ (ਸ਼ੇਖੂਪੁਰਾ ਪਾਕਿਸਤਾਨ) ਸ਼ਹਿਰ ਦੇ ਬਿਲਕੁਲ ਨਾਲ ਲਗਦਾ ਪਿੰਡ ਸੀ। ਹੁਣ ਇਹ ਪ੍ਰਵਾਰ ਪਿੰਡ ਸੌਂਕੜਾ ਜ਼ਿਲ੍ਹਾ ਕਰਨਾਲ ਵਿਚ ਹਨ।




1. ਪੰਜਾਬੀ ਮੋਰਚੇ ਅਤੇ ਹੋਰ ਮੋਰਚਿਆਂ ਵਿਚ ਵੀ ਗਏ। ਪੰਜਾਬੀ ਮੋਰਚੇ ਵਿਚ ਜੀਤ ਸਿੰਘ, ਗੁਰਚਰਨ ਸਿੰਘ, ਦਲਜੀਤ ਸਿੰਘ ਫੂਲਾ ਸਿੰਘ, ਕਰਨੈਲ ਸਿੰਘ, ਲਾਭ ਸਿੰਘ ਸੌਂਕੜ ਵਾਲੇ ਵੀ ਮੇਰੇ ਨਾਲ ਗਏ।

ਜਥੇਦਾਰ ਖੜਕ ਸਿੰਘ ਮੜਯਾਲੀਆ

(ਪਿਛਲੇ ਪੰਨੇ ਤੋਂ ਚਾਲੂ)





(ਅੱਗੇ ਵੇਖੋ)



ਚੱਕ ਰਾਮ ਦਾਸ (ਗੁਜਰਾਂਵਾਲਾ)
ਬੱਠੂ
ਭਾਗ ਮੱਲ
ਬਾਗ ਮੱਲ
ਅਤਰ ਸਿੰਘ
ਸ਼ਰਮ ਸਿੰਘ
ਮੇਘ ਸਿੰਘ
(..............ਅੱਗੇ ਵੇਖੋ.,.........)
ਖੁਸ਼ਹਾਲ ਸਿੰਘ
ਦਿਲਬਾਗ ਸਿੰਘ
ਨੱਥਾ ਸਿੰਘ
ਫੌਜਾ ਸਿੰਘ
ਮਾਹਨਾ ਸਿੰਘ
ਚੂਹੜ ਸਿੰਘ
ਸੰਤ ਸਿੰਘ
ਰਛਪਾਲ ਸਿੰਘ
ਦੀਵਾਨ ਸਿੰਘ
ਬੁੱਢਾ ਸਿੰਘ
ਬੂਟਾ ਸਿੰਘ
ਗੁਰਬਚਨ ਸਿੰਘ
ਖਜਾਨ ਸਿੰਘ
ਤਾਰਾ ਸਿੰਘ
ਕਰਤਾਰ ਸਿੰਘ
ਮੰਗਲ ਸਿੰਘ
X
ਗੁਰਚਰਨ ਸਿੰਘ
ਪੂਰਨ ਸਿੰਘ
ਅਮਰੀਕ ਸਿੰਘ
ਸੁਰਜੀਤ ਸਿੰਘ
ਦਲੀਪ ਸਿੰਘ
ਸੰਤੋਖ ਸਿੰਘ
ਬਲਕਾਰ ਸਿੰਘ
ਸੁੰਦਰ ਸਿੰਘ
ਸੋਹਨ ਸਿੰਘ
ਤੇਜਾ ਸਿੰਘ
ਦਿਆਲ ਸਿੰਘ
ਅਵਤਾਰਸਿੰਘ
ਪ੍ਰੀਤਮਸਿੰਘ
ਦਰਸ਼ਨ ਸਿੰਘ
ਰਘਬੀਰ ਸਿੰਘ
ਜੰਗੀਰ ਸਿੰਘ
ਗੁਰਦੀਪ ਸਿੰਘ
ਜੋਗਿੰਦਰ ਸਿੰਘ
ਬਲਦੇਵ ਸਿੰਘ


(ਪੰਨਾ 715 ਦੀ ਬਾਕੀ)


ਨਰਾਇਣ ਸਿੰਘ
ਕਪੂਰ ਸਿੰਘ
ਮੁਚਾ ਸਿੰਘ
ਕੁੰਦਨ ਸਿੰਘ
X
ਗੁਰਚਰਨ ਸਿੰਘ
ਪਾਲ ਸਿੰਘ
X
ਗੁਰਬਚਨ ਸਿੰਘ
ਖਜਾਨ ਸਿੰਘ
ਮਹਿੰਦਰ ਸਿੰਘ
ਕਪੂਰ ਸਿੰਘ
ਬਚਿਤਰ ਸਿੰਘ
ਭੁਪਿੰਦਰ ਸਿੰਘ
ਕੁਲਜਿੰਦਰ ਸਿੰਘ
ਦਵਿੰਦਰ ਸਿੰਘ
ਗੁਰਤੇਜ ਸਿੰਘ
ਗੁਰਜੰਟ ਸਿੰਘ
ਸਾਹਿਬ ਸਿੰਘ
ਮਾਲਾ ਸਿੰਘ
ਕੁਲਦੀਪ ਸਿੰਘ
ਗੁਰਜੀਤ ਸਿੰਘ
ਹਰਵਿੰਦਰ ਸਿੰਘ


ਸ਼ਰਮ ਸਿੰਘ ਪੁਤਰ ਭਾਗ ਮੱਲ
ਹੇਮ ਸਿੰਘ
ਦੂਸੌਂਦਾ ਸਿੰਘ
ਕੇਸਰ ਸਿੰਘ
ਜੈਮਲ ਸਿੰਘ
ਸ਼ੇਰ ਸਿੰਘ
ਸੰਤ ਸਿੰਘ
ਖੜਕ ਸਿੰਘ
ਬੁਢਾ ਸਿੰਘ
ਸੁੰਦਰ ਸਿੰਘ
ਇੰਦਰ ਸਿੰਘ
X
ਅਨੋਖ ਸਿੰਘ
ਸੱਜਨ ਸਿੰਘ
ਬਲ ਸਿੰਘ
ਦਿਆਲ ਸਿੰਘ
ਤੇਜਾ ਸਿੰਘ
ਜੰਗੀਰ ਸਿੰਘ
ਵਰਿਆਮ ਸਿੰਘ
ਬਚਨ ਸਿੰਘ
ਗੁਰਦੇਵ ਸਿੰਘ
ਜੋਗਿੰਦਰ ਸਿੰਘ
ਬੁਢਾ ਸਿੰਘ
ਸੁਧਾ ਸਿੰਘ
ਲੱਧਾ ਸਿੰਘ
ਅਮਰੀਕਸਿੰਘ
ਸੁਰਜੀਤਸਿੰਘ
ਬਲਕਾਰਸਿੰਘ
ਮਹਿੰਦਰਸਿੰਘ
ਗੰਡਾ ਸਿੰਘ
ਚੇਠ ਸਿੰਘ
ਜੋਗਿੰਦਰਸਿੰਘ
ਆਸਾਸਿੰਘ
ਜੀਤਸਿੰਘ
ਮਹਿੰਦਰਸਿੰਘ
ਮੱਖਣ ਸਿੰਘ
ਗੰਗਾ ਸਿੰਘ
ਮੋਤਾ ਸਿੰਘ
ਕਸਮੀਰ ਸਿੰਘ
ਅਮਰ ਸਿੰਘ
ਸਿਵ ਸਿੰਘ
ਰਾਮ ਸਿੰਘ
ਪੂਰਨ ਸਿੰਘ
ਸ਼ਾਮ ਸਿੰਘ
ਬਦਨ ਸਿੰਘ
ਅਮਰ ਸਿੰਘ
ਤੇਜਾ ਸਿੰਘ
ਜੰਗੀਰ ਸਿੰਘ
ਕਸ਼ਮੀਰ ਸਿੰਘ
ਲਖਵਿੰਦਰ ਸਿੰਘ
ਗੁਰਬਾਜਸਿੰਘ
ਸੁਰਜੀਤ ਸਿੰਘ
ਗੁਰਬਚਨ ਸਿੰਘ
ਬਲਵਿੰਦਰ ਸਿੰਘ
ਅੰਮ੍ਰਿਤਪਾਲ ਸਿੰਘ
ਬਲਰਾਜ ਸਿੰਘ
ਮਨਜੀਤ ਸਿੰਘ
ਗੁਰਪ੍ਰੀਤ ਸਿੰਘ
ਚਰਨਜੀਤ ਸਿੰਘ
ਸਵਰਨ ਸਿੰਘ
ਕੁਲਦੀਪ ਸਿੰਘ
ਨਛਤਰ ਸਿੰਘ
ਭਗਤ ਸਿੰਘ
X
ਹਰਬੰਸ ਸਿੰਘ
ਪ੍ਰਕਾਸ਼ ਸਿੰਘ
ਕੁਲਵੰਤ ਸਿੰਘ
ਗੁਰਬਚਨਸਿੰਘ
ਭਜਨ ਸਿੰਘ
ਕਰਮਜੀਤ ਸਿੰਘ

—ਬਾਜਵਾ—

ਬਾਜਵਾ ਖਾਨਦਾਨ ਬਜਵਾਤ (ਕਸ਼ਮੀਰ) ਤੋਂ ਆ ਕੇ ਆਬਾਦ ਹੋਏ । ਮੰਗਾ ਦੇ ਸੱਤ ਪੁੱਤਰ ਸਨ । ਸਭ ਤੋਂ ਵੱਡੇ ਨਾਰੋਂ ਨੇ ਨਾਰੋਵਾਲ ਪਿੰਡ ਵਸਾਇਆ ।



ਨਾਰੋਵਾਲ ਦੀਆਂ ਚਾਰ ਪੱਤੀਆਂ ਸਨ

1. ਪੱਤੀ ਰਸਾਲਦਾਰਾਂ 2. ਪੱਤੀ ਹੇਵਾਂ 3. ਪੱਤੀ ਜਮਣੀਆਂ 4. ਪੱਤੀ ਵਟਸਾਲੀਆਂ

ਪੱਤੀ ਰਸਾਲਦਾਰਾਂ

ਨਾਰੋਂ

ਫਤਹਿ ਸਿੰਘ

ਬੂਟਾ ਸਿੰਘ ਵਸਾਵਾ ਸਿੰਘ X ਵਸਾਖਾ ਸਿੰਘ

ਸੰਤ ਸਿੰਘ

ਗਰਦਿਤ ਸਿੰਘ X ਮਿਤ ਸਿੰਘ ਸਾਹਿਬ ਸਿੰਘ ਰਾਮ ਸਿੰਘ ਖਜਾਨ ਸਿੰਘ

ਬੁਢਾ ਸਿੰਘ ਸ਼ਿਵਦੇਵ ਸਿੰਘ ਦਰਸ਼ਨ ਸਿੰਘ ਠਕਾ ਸਿੰਘ

ਹਰਭਜਨ ਸਿੰਘ ਅਮਰਜੀਤ ਸਿੰਘ ਸਰਬਜੀਤ ਸਿੰਘ ਰਤਨ ਸਿੰਘ, ਜਸਵੰਤ ਸਿੰਘ ਜੋਗਿੰਦਰਸਿੰਘ ਗੁਰਨਾਮਸਿੰਘ

ਨਿਰਮਲ ਸਿੰਘ ਦਲਜੀਤ ਸਿੰਘ ਹਰਪਾਲ ਸਿੰਘ ਸੁਖਪਾਲ ਸਿੰਘ ਦਵਿੰਦਰ ਸਿੰਘ ਸੁਰਜੀਤ ਸਿੰਘ

ਸੁੰਦਰ ਸਿੰਘ ਬਸੰਤ ਸਿੰਘ ਮਘਰ ਸਿੰਘ


ਗੁਰਚਰਨ ਸਿੰਘ ਇਕਬਾਲ ਸਿੰਘ ਦਲੀਪ ਸਿੰਘ ਇੰਦਰ ਸਿੰਘ ਭਗਵਾਨ ਸਿੰਘ ਗੋਪਾਲ ਸਿੰਘ ਖੁਸ਼ਹਾਲ ਸਿੰਘ

ਹੀਰਾ ਸਿੰਘ

ਜਸਬੀਰ ਸਿੰਘ ਬਲਬੀਰ ਸਿੰਘ ਸਰਦਾਰ ਸਿੰਘ ਕਰਤਾਰ ਸਿੰਘ


ਗੁਰਬਖਸ਼ ਸਿੰਘ ਗੁਰਦਿਆਲ ਸਿੰਘ ਕ੍ਰਿਪਾਲ ਸਿੰਘ ਬਲਵੰਤ ਸਿੰਘ ਗੁਰਬਚਨ ਸਿੰਘ

ਗੁਲਜ਼ਾਰ ਸਿੰਘ



ਮੇਘ ਸਿੰਘ ਪੁਤਰ ਭਾਗ ਮੱਲ
ਮੂਲਾ ਸਿੰਘ
ਮੱਜਾ ਸਿੰਘ
ਜੋਧ ਸਿੰਘ
ਕਾਨ੍ਹ ਸਿੰਘ
ਬੂਟਾ ਸਿੰਘ
X
ਅਰੂੜ ਸਿੰਘ
ਨੌਰੰਗ ਸਿੰਘ
ਵਰਿੰਦਰ ਸਿੰਘ
ਬਲਵੰਤ ਸਿੰਘ
ਬਾਜ ਸਿੰਘ
ਜੰਗੀਰ ਸਿੰਘ
ਬਲਕਾਰ ਸਿੰਘ
ਮਹਿੰਦਰ ਸਿੰਘ
ਜੀਤ ਸਿੰਘ
ਕਪੂਰ ਸਿੰਘ
ਕਿਰਪਾਲ ਸਿੰਘ
ਕਾਬਲ ਸਿੰਘ
ਨਰਿੰਦਰ ਸਿੰਘ
ਮਨਜੀਤ ਸਿੰਘ
ਕੁਲਦੀਪ ਸਿੰਘ
ਬਲਜੀਤ ਸਿੰਘ
ਬਿਸ਼ਨ ਸਿੰਘ
ਜਵਾਲਾ ਸਿੰਘ
ਗੁਜਰ ਸਿੰਘ
ਚੰਦਾ ਸਿੰਘ
ਸੋਹਨ ਸਿੰਘ
X
ਭਾਨ ਸਿੰਘ
X
ਮਘਰ ਸਿੰਘ
ਕਰਤਾਰ ਸਿੰਘ
ਅਵਤਾਰ ਸਿੰਘ
X
ਸਵਰਨ ਸਿੰਘ
ਹਰਬੰਸ ਸਿੰਘ
ਅਮਰ ਸਿੰਘ
ਦਲੀਪ ਸਿੰਘ
ਰਘਬੀਰ ਸਿੰਘ
ਭਜਨ ਸਿੰਘ
ਦਰਸ਼ਨ ਸਿੰਘ
ਰਜਿੰਦਰ ਸਿੰਘ
ਬਲਜਿੰਦਰ ਸਿੰਘ
ਭੂਪਿੰਦਰਸਿੰਘ
ਸੁਖਵਿੰਦਰਸਿੰਘ
ਲਖਵੰਤਸਿੰਘ
ਗੁਰਦਵ ਸਿੰਘ
ਪ੍ਰਗਟ ਸਿੰਘ
ਸਰਨਜੀਤ ਸਿੰਘ
ਕੁਲਵੰਤ ਸਿੰਘ
ਜੈਮਲ ਸਿੰਘ
ਜਸਵੰਤ ਸਿੰਘ
ਬਿਕਰਮਜੀਤਸਿੰਘ
ਦਿਲਬਾਗਸਿੰਘ
ਯਾਦਵਿੰਦਰਸਿੰਘ
ਅਮਨਦੀਪ ਸਿੰਘ
ਇੰਦਰਜੀਤ ਸਿੰਘ
ਅੰਗਰੇਜ਼ ਸਿੰਘ
ਖੁਸ਼ਵੰਤ ਸਿੰਘ
ਗੁਰਵਿੰਦਰ ਸਿੰਘ
ਜਤਿੰਦਰ ਸਿੰਘ

ਕੜਯਾਲੀਏ ਪਿੰਡ ਜਲਮਾਣਾ (ਕਰਨਾਲ)


- ਦੇਸ ਰਾਜ
  - ਮੇਹਰ ਸਿੰਘ
    - ਮਹਿਤਾਬ ਸਿੰਘ
      - ਜਵਾਲਾ ਸਿੰਘ
        - ਉਜਾਗਰ ਸਿੰਘ
          - ਫੌਜਾ ਸਿੰਘ
            - ਗੁਰਦੇਵ ਸਿਘ
              - ਸਰਨਾਮ ਸਿੰਘ
              - ਸਤਿਨਾਮਸਿੰਘ
              - ਬਾਜਾ ਸਿੰਘ
              - ਤਰਲੋਕ ਸਿੰਘ
          - ਪ੍ਰੀਤਮ ਸਿੰਘ
            - ਕਸ਼ਮੀਰ ਸਿੰਘ
              - ਮੱਖਣ ਸਿੰਘ
              - ਭੋਜਾ ਸਿੰਘ
              - ਸ਼ੇਰਸਿੰਘ
          - ਦਲੀਪ ਸਿੰਘ
            - ਸੇਵਾ ਸਿੰਘ
              - ਗੁਰਵਿੰਦਰ ਸਿੰਘ
              - ਦਲਜਿੰਦਰ ਸਿੰਘ
            - ਰਘਬੀਰ ਸਿੰਘ
            - ਬਲਬੀਰਸਿੰਘ
            - ਸੁਖਵੰਤ ਸਿੰਘ
          - ਅਮੀਰ ਸਿੰਘ
            - ਜੋਗਾ ਸਿੰਘ
            - ਬਲਿਹਾਰ ਸਿੰਘ
            - ਗੁਲਜ਼ਾਰ ਸਿੰਘ
          - ਜੰਗੀਰ ਸਿੰਘ
            - ਇੰਦਰ ਸਿੰਘ
              - ਗੁਰਜੰਟ ਸਿੰਘ
              - ਜਸਵੰਤ ਸਿੰਘ
            - ਅਮਰਜੀਤਸਿੰਘ
          - ਗੁਰਨਾਮ ਸਿੰਘ
            - ਕਾਬਲ ਸਿੰਘ
              - ਦਲੇਰ ਸਿੰਘ
            - ਟਹਿਲ ਸਿੰਘ
            - ਜੋਗਿੰਦਰਸਿੰਘ
        - ਕਿਸ਼ਨ ਸਿੰਘ
          - ਗੁਰਬਚਨ ਸਿੰਘ
            - ਕ੍ਰਿਪਾਲ ਸਿੰਘ
              - ਨਿਸ਼ਾਬਰ ਸਿੰਘ
              - ਮੇਜਰ ਸਿੰਘ
              - ਨਾਹਰ ਸਿੰਘ
            - ਦਿਆਲ ਸਿੰਘ
              - ਮੁਖਤਿਆਰਸਿੰਘ
                - ਪ੍ਰਗਟ ਸਿੰਘ
              - ਗੁਰਵਿੰਦਰਸਿੰਘ
            - ਸੁਖਵੰਤ ਸਿੰਘ
              - ਅਮਨਦੀਪਸਿੰਘ
              - ਬਿਕਰਮਜੀਤ ਸਿੰਘ




ਪੱਤੀ ਹੇਵਾਂ



ਪੱਤੀ ਵਰਸਾਲੀਆਂ



ਚੱਕ ਜੋਦ ਨੰ: 16 (ਸ਼ੇਖੂਪੁਰਾ) ਹੁਣ ਪਿੰਡ ਗੋਬਿੰਦਗੜ੍ਹ ਡਾਚਰ (ਕਰਨਾਲ) ਦਾ ਇਕ ਕੁਰਸੀਨਾਵਾਂ



ਜਥੇਦਾਰ ਲਛਮਨ ਸਿੰਘ ਸ਼ਹੀਦ ਦੀ ਜੀਵਨੀ ਤੇ ਸ਼ਹਾਦਤ

ਆਪ ਜੀ ਦਾ ਜਨਮ ਪਿੰਡ ਧਾਰੋਵਾਲੀ ਜਿਲਾ ਗੁਰਦਾਸਪੁਰ ਵਿਖੇ 1885 ਵਿਚ ਹੋਇਆ। ਆਪ ਦੇ ਪਿਤਾ ਦਾ ਨਾਮ ਸ: ਮਿਹਰ ਸਿੰਘ ਅਤੇ ਮਾਤਾ ਦਾ ਨਾ ਹਰਕੌਰ ਸੀ। ਜਥੇਦਾਰ ਲਛਮਣ ਸਿੰਘ ਦੇ ਪਿਤਾ ਜੀ ਪਹਿਲਾਂ ਫੌਜ ਵਿਚ ਭਰਤੀ ਸਨ। ਫਿਰ ਪੁਲਸ ਵਿਚ ਹੋ ਗਏ। ਆਪ ਨੂੰ ਪੰਜ ਮੁਰੱਬੇ ਜਮੀਨ ਪਿੰਡ ਧਾਰੋਵਾਲੀ ਚਕ ਨੰਬਰ 33 ਜਿਲਾ ਸ਼ੇਖੂਪੁਰਾ ਵਿਚ ਮਿਲੀ ਹੋਈ ਸੀ।

ਆਪ ਜੀ ਦੇ ਪਿਤਾ ਸਿੰਘ ਸਭਾ ਲਹਿਰ ਦੇ ਬੜੇ ਹਮਾਇਤੀ ਸਨ। ਲਛਮਣ ਸਿੰਘ ਵਿਚ ਸਿਖੀ ਸਪਿਰਟ ਬਹੁਤ ਸੀ। ਸਿਖੀ ਦੇ ਪਰਚਾਰ ਵਿਚ ਬਹੁਤ ਲਗਨ ਸੀ ਤੇ ਆਪ ਇਲਾਕੇ ਵਿਚ ਹੋਣ ਵਾਲੇ ਦੀਵਾਨਾਂ ਵਿਚ ਸ਼ਬਦ ਕੀਰਤਨ ਕੀਰਿਆ ਕਰਦੇ ਸਨ। ਆਪ ਨੇ ਆਪਣੇ ਪਿੰਡ ਵਿਚ ਪ੍ਰਇਮਰੀ ਖਾਲਸਾ ਸਕੂਲ ਖੋਹਲਿਆ ਜਿਥੇ ਬਚਿਆਂ ਨੂੰ ਧਾਰਮਿਕ ਸਿਖਿਆ ਜ਼ਰੂਰੀ ਪੜਾਈ ਜਾਂਦੀ ਸੀ। ਹਰ ਵਿਦਿਆਰਥੀ ਨੂੰ ਆਪਣੇ ਆਪਣੇ ਕੋਠੇ ਤੇ ਬੈਠ ਕੇ ਉਚੀ ਉਚੀ ਸਰਲ ਆਵਾਜ਼ ਵਿਚ ਰਹਿਰਾਸ ਦਾ ਪਾਠ ਕਰਨਾ ਪੈਂਦਾ ਸੀ। ਕੁਝ ਚਿਰ ਪਿਛੋਂ ਕੰਨਿਆ ਪਾਠਸ਼ਾਲਾ ਵੀ ਖੋਹਲ ਦਿਤੀ ਗਈ ਜਿਹੜੀ ਪਿਛੋਂ ਕੰਨਿਆ ਖਾਲਸਾ ਮਿਡਲ ਸਕੂਲ ਬਣ ਗਈ। ਇਸੇ ਸਕੂਲ ਦਾ ਸਦਕਾ 1920 ਵਿਚ ਪਿੰਡ ਧਾਰੋਵਾਲੀ ਜਿਲਾ ਸ਼ੇਖੂਪੁਰਾ ਵਿਖੇ ਚੌਥੀ ਸਿਖ ਇਸਤਰੀ ਕਾਨਫਰੰਸ ਸਫਲਤਾ ਸਹਿਤ ਹੋਈ।

ਸਿਖ ਲੀਗ ਲਾਹੌਰ ਦੇ ਜਲਸਿਆਂ ਵਿਚ ਆਪ ਸ਼ਾਮਲ ਹੁੰਦੇ ਸਨ। ਆਪ ਨੇ ਆਪਣੇ ਪਿੰਡ ਧਾਰੋਵਾਲੀ ਚਕ ਨੰਬਰ 33 ਜਿਲਾ ਸ਼ੇਖੂਪੁਰਾ ਵਿਚ ਪਹਿਲੀ ਰਾਜਸੀ (Political) ਕਾਨਫਰੰਸ 1920 ਵਿਚ ਕੀਤੀ। ਇਸ ਦੇ ਪ੍ਰਧਾਨ ਡਾ: ਸੈਫਉਲਦੀਨ ਕਿਚਲੂ ਸਨ। ਇਹ ਕਾਨਫਰੰਸ ਇਤਨੀ ਵਡੀ ਸੀ ਕਿ ਪਿੰਡ ਦੇ ਸਾਰੇ ਖੂਹਾਂ ਦੇ ਪਾਣੀ ਵੀ ਮੁੱਕ ਗਏ। ਇਸ ਦੇ ਖਰਚੇ ਨੂੰ ਪੂਰਾ ਕਰਨ ਲਈ ਆਪ ਨੇ ਆਪਣਾ ਅੱਧਾ ਮੁਰਬਾ ਜ਼ਮੀਨ 6000/- ਰੁਪਏ ਵਿਚ ਗਹਿਣੇ ਪਾ ਦਿਤੀ। ਇਸ ਕਾਨਫਰੰਸ ਵਿਚ ਨਾ ਮਿਲਵਰਤਣ ਦਾ ਮਤਾ ਪਾਸ ਕੀਤਾ ਗਿਆ ਅਤੇ ਮਹੰਤ ਨਰਾਇਣ ਦਾਸ ਨਨਕਾਣਾ ਸਾਹਿਬ ਦੀ ਕਰਤੂਤਾਂ ਤੋਂ ਵੀ ਪਰਦਾ ਚੁਕਿਆ ਗਿਆ।

ਜਥੇਦਾਰ ਲਛਮਣ ਸਿੰਘ ਜੀ 22 ਸਿੰਘ ਸਿੰਘਣੀਆਂ ਸਮੇਤ 19 ਫਰਵਰੀ 1921 ਨੂੰ ਰਾਤ ਦੇ ਸਾਢੇ 8 ਵਜੇ ਆਪਣੇ ਪਿੰਡ ਧਾਰੋਵਾਲੀ ਚਕ ਨੰਬਰ 33 ਤੋਂ ਸ੍ਰੀ ਗੁਰੂ ਗਰੰਥ ਸਾਹਿਬ ਦੇ ਹਜੂਰ ਅਰਦਾਸਾ ਸੋਧ ਕੇ ਤੇ ਹੁਕਮ ਲੈ ਕੇ ਠਿਚਾਮਪੁਰਾ ਦੇਵਾ ਸਿੰਘ ਵਾਲੇ ਨੂੰ ਤੁਰੇ। ਇਥੇ ਇਹਨਾਂ ਨਾਲ ਸ: ਟਹਿਲ ਸਿੰਘ ਨਿਜਾਮਪੁਰ ਆਪਣੇ ਸਾਥੀਆਂ ਸਮੇਤ ਮਿਲੇ ਅਤੇ ਰਾਤ ਦੇ ਠੀਕ 10 ਵਜੇ ਸਾਰੇ ਸਿੰਘ ਕੂਚ ਕਰਕੇ ਜਣਮਣੇ, ਕੰਟਲਾ, ਕਾਹਲਵਾਂ, ਕਾਵਾਂਵਾਲੀ ਤੇ ਭੋਲੇ ਚਕ ਤੋਂ ਹੁੰਦੇ ਹੋਏ ਮੋਹਲਣ ਦੇ ਬੰਗਲੇ ਪਹੁੰਚੇ ਜਿਥੋਂ ਨਨਕਾਣਾ ਸਾਹਿਬ 6 ਮੀਲ ਦੀ ਵਿਥ ਤੇ ਸੀ।

ਰਸਤੇ ਵਿਚ ਸਿੰਘ ਥਾਉਂ ਥਾਈਂ ਜਥੇ ਨਾਲ ਰਲਦੇ ਗਏ। ਜਥੇਦਾਰ ਲਛਮਣ ਸਿੰਘ ਦਾ ਜਥਾ ਕਰਤਾਰ ਸਿੰਘ ਝਬਰ ਦੇ ਜਥੇ ਨਾਲ ਚੰਦਰ ਕੋਟ ਦੀ ਝਾਲ ਤੇ ਮਿਲਣਾ ਸੀ।

ਇਥੇ ਹੀ ਜਥੇਦਾਰ ਲਛਮਣ ਸਿੰਘ ਦੀ ਧਰਮ ਪਤਨੀ ਇੰਦਰ ਕੌਰ ਅਤੇ ਹੋਰ ਬੀਬੀਆਂ ਜੋ ਜਥੇ ਨਾਲ ਸ਼ੁਰੂ ਤੋਂ ਆਈਆਂ ਸਨ ਨੂੰ ਭਾਈ ਹੁਕਮ ਸਿੰਘ ਧਾਰੋਵਾਲੀ ਨਾਲ ਗੁਰਦੁਆਰਾ ਤੰਬੂ ਸਾਹਿਬ ਵਲ ਭੇਜ ਦਿਤਾ।

ਹੁਣ ਜਥਾ ਅਗੇ ਵਧਣ ਲਗਾ ਤਾਂ ਪੰਥ (ਮਾਸਟਰ ਤਾਰਾ ਸਿੰਘ ਤੇ ਤੇਜਾ ਸਿੰਘ ਸਮੁੰਦਰੀ ਦੇ ਫੈਸਲੇ ਅਨੁਸਾਰ) ਵਲੋਂ ਜਥੇ ਨੂੰ ਰੋਕਣ ਵਾਲੇ ਪਹੁੰਚ ਗਏ। ਇਸ ਵੇਲੇ ਤਕ ਬਾਕੀ ਸਾਰੇ ਜਥੇ ਰੋਕੇ ਜਾ ਚੁਕੇ ਸਨ। ਇਸ ਤਰ੍ਹਾਂ ਪੰਜ ਹਜਾਰ ਦੀ ਸ਼ਕਲ ਵਿਚ ਜਾਣ ਵਾਲਾ ਜਥਾ ਕੇਵਲ 150 ਦੇ ਲਗਪਗ ਸੀ। 20 ਜਨਵਰੀ 1921 ਨੂੰ ਅਮ੍ਰਿਤ ਵੇਲੇ ਮਹੰਤ ਦੇ ਬਦਮਾਸ਼ਾਂ ਨੇ ਸਾਰੇ ਸਿੰਘ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤੇ।

3 ਮਾਰਚ 1821 ਨੂੰ ਮਹਾਤਮਾ ਗਾਂਧੀ ਨਨਕਾਨਾ ਸਾਹਿਬ ਗਏ ਤੇ ਇਹਨਾਂ ਸ਼ਹੀਦਾਂ ਸਬੰਧੀ ਸ਼ਰਧਾ ਦੇ ਫੁਲ ਇਕ ਇਕਠ ਨੂੰ ਭੇਂਟ ਕੀਤੇ।

ਜਥੇਦਾਰ ਲਛਮਣ ਸਿੰਘ ਦੀ ਸ਼ਹੀਦੀ ਸਦਕਾ ਸਿਖ ਧਰਮ ਦੇ ਸਾਰੇ ਗੁਰਦੁਆਰੇ ਮਹੰਤਾਂ ਪਾਸੋਂ ਛੁੜਵਾ ਲਏ ਗਏ।

ਸ੍ਰ: ਸੰਗਤ ਸਿੰਘ ਧਾਰੋਵਾਲੀ 1936 ਤਕ ਸ਼੍ਰੋਮਣੀ ਕਮੇਟੀ ਦਾ ਮੈਂਬਰ ਰਿਹਾ ਤੇ 1936 ਤੋਂ 1947 ਤਕ ਜਥੇਦਾਰ ਪਰੀਤਮ ਸਿੰਘ ਸ਼੍ਰੋਮਣੀ ਕਮੇਟੀ ਦਾ ਮੈਂਬਰ ਰਿਹਾ।

ਗੁਰਬਖਸ਼ ਸਿੰਘ ਪੁਤਰ ਭਗਵੰਤ ਸਿੰਘ ਪਿੰਡ ਬਲਾਕੀ ਚੌਕ (ਲਾਇਲਪੁਰ)

ਸ਼ਹੀਦ ਲਛਮਣ ਸਿੰਘ ਜੀ ਦੇ ਪਰਿਵਾਰ ਵਿਚੋਂ ਜਥੇਦਾਰ ਬਖਸ਼ੀਸ਼ ਸਿੰਘ ਧਾਰੋਵਾਲੀ ਪੁਤਰ ਸ੍ਰ: ਕੁਲਦੀਪ ਸਿੰਘ ਪੁਤਰ ਸ੍ਰ: ਅਮਰਾਉ ਸਿੰਘ ਧਾਰੋਵਾਲੀ ਨੇ ਮੌਜੂਦਾ ਕਾਂਗਰਸ ਹਕੂਮਤ ਦੇ ਖਿਲਾਫ ਅਕਾਲੀ ਐਜੀਟੇਸ਼ਨ ਦੇ ਦੌਰਾਨ 7 ਵਾਰ ਜੇਲ ਯਾਤਰਾ ਕੀਤੀ ਹੈ। ਪਹਿਲੀ ਵਾਰ ਅਕਾਲੀ ਦਲ ਵਲੋਂ ਸਿਵਲ ਨਾ-ਫੁਰਮਾਨੀ ਦੇ ਪ੍ਰੋਗਰਾਮ ਦੌਰਾਨ 15 ਦਿਨ ਗੁਰਦਾਸਪੁਰ ਜੇਲ ਕੱਟੀ। ਇਸ ਤੋਂ ਪਿਛੋਂ ਸਿਖਾਂ ਦੀ ਧਾਰਮਿਕ, ਆਰਥਿਕ ਅਤੇ ਸਮਾਜਿਕ ਅਜ਼ਾਦੀ ਦੀ ਖਾਤਰ ਅਕਾਲੀ ਦਲ ਵਲੋਂ ਜੋ ਧਰਮ ਯੁੱਧ ਮੋਰਚਾ ਲਾਇਆ ਗਿਆ ਸੀ ਉਸ ਵਿਚ 3 ਮਹੀਨੇ ਗੁਰਦਾਸਪੁਰ ਜੇਲ ਕੱਟੀ, 15

ਜਥੇਦਾਰ ਅਵਤਾਰ ਸਿੰਘ ਜ਼ਾਤਰੀ ਹੁਣ ਪਿੰਡ ਰਤਕ (ਅਸੰਧ)




ਜਥੇ: ਅਵਤਾਰ ਸਿੰਘ

ਜਥੇਦਾਰ ਅਵਤਾਰ ਸਿੰਘ ਪੁਤਰ ਸ: ਮੇਹਰ ਸਿੰਘ ਨੂੰ ਸਿਖ ਇਤਿਹਾਸ ਬਾਰੇ ਬਹੁਤ ਜਾਣਕਾਰੀ ਹੈ। ਪੰਥਕ ਵਿਚਾਰਾਂ ਨਾਲ ਭਰਪੂਰ ਹੈ। ਹਰ ਪੰਥਕ ਸੰਘਰਸ਼ ਵਿਚ ਵਧ ਚੜ ਕੇ ਯੋਗਦਾਨ ਪਾਉਂਦਾ ਹੈ। ਕਈ ਵਾਰ ਜੇਲ੍ਹ ਗਿਆ ਹੈ। ਏਸ਼ਿਆਈ ਖੇਡਾਂ ਵੇਲੇ, ਧਰਮ ਯੁੱਧ ਮੋਰਚੇ ਵਿਚ, ਇੰਦਰਾ ਗਾਂਧੀ ਦੇ ਕਤਲ ਸਮੇਂ, 1972 ਈ: ਵਾਲੇ ਕਿਸਾਨ ਮੋਰਚੇ ਵਿਚ ਕੈਦਾਂ ਕੱਟੀਆਂ।

ਦੋ ਸਾਲ ਗੁਰਦੁਆਰਾ ਯਾਦਗਾਰ ਸਚਾ ਸੌਦਾ ਕਮੇਟੀ ਦੇ ਪ੍ਰਧਾਨ ਰਹੇ। ਪਿੰਡ ਦੇ ਸਰਪੰਚ ਰਹੇ। ਹਰਿਆਣਾ ਵਿਚ ਸਮਾਜ ਸੁਧਾਰ ਲਹਿਰ ਵਿਚ ਮੁਖੀ ਆਗੂਆਂ ਵਿਚ ਰਹੇ। ਸਾਦਲਬਾਰ ਦੇ ਇਸ ਇਤਿਹਾਸ ਨੂੰ ਛਪਵਾਉਣ ਵਾਸਤੇ ਬਹੁਤ ਮੇਹਨਤ ਤੇ ਲਗਣ ਨਾਲ ਉਗਰਾਹੀ ਕਰਵਾਈ।

ਪੱਤੀ ਨੰਬਰਦਾਰਾਂ

(ਨਾਰੂ ਕੇ) (ਲੜੀ ਜੋੜਨ ਲਈ ਪੰਨਾ 594 ਦੇਖੋ)



ਜਥੇਦਾਰ ਰਘਬੀਰ ਸਿੰਘ (ਜ਼ਾਤਰੀ ਵਾਲਾ) ਹੁਣ ਠਰੀ (ਕਰਨਾਲ)




ਜਥੇ: ਰਘਬੀਰ ਸਿੰਘ

ਜਥੇਦਾਰ ਰਘਬੀਰ ਸਿੰਘ ਕੌਮ ਦੇ ਕੰਮਾਂ ਵਿਚ ਦਿਲਚਸਪੀ ਨਾਲ ਹਿਸਾ ਲੈਂਦੇ ਰਹੇ ਹਨ 1982 ਵਿਚ ਏਸ਼ਿਆਈ ਖੇਡਾਂ ਸਮੇਂ ਜੇਲ੍ਹ ਕਰਨਾਲ ਅੰਦਰ ਰਹੇ। ਪੰਜਾਬ ਦੇ ਵਰਤਮਾਨ ਘਲੂਘਾਰੇ ਸਮੇਂ 11 ਦਿਨ ਅੰਦਰ ਰਹੇ, ਕਰਨਾਲ ਮੰਜੀ ਸਾਹਿਬ ਗੁਰਦੁਆਰੇ ਦੇ ਝਗੜੇ ਵੇਲੇ ਮਾਰ ਕੁਟਾਈ ਹੋਈ। ਜਥੇ: ਹਰਬੰਸ ਸਿੰਘ ਨਾਲ ਡੇਢ ਮਹੀਨਾ ਅੰਬਾਲਾ ਸੈਂਟਰਲ ਜੇਲ੍ਹ ਦੀ ਕੈਦ ਕੱਟੀ ਕੁਰੂਕਸ਼ਤਰ ਦੇ ਕੁੰਭ ਦੇ ਮੇਲੇ ਸਮੇਂ ਹਫਤਾ ਅੰਦਰ ਰਹੇ। ਇਸ ਤਰਾਂ ਪੰਥ ਨਾਲ ਪ੍ਰੇਮ ਰਖਦੇ ਰਹੇ ਹਨ। 6 ਸਾਲ ਅਕਾਲੀ ਦਲ ਦੇ ਜ਼ਿਲਾ ਕਰਨਾਲ ਦੇ ਪ੍ਰਧਾਨ ਰਹੇ ਹਨ।

ਕੁਝ ਚਿਰ ਥਾਣੇ ਵਿਚ ਹਰ ਰੋਜ਼ ਹਾਜ਼ਰੀ ਲਈ ਮਜਬੂਰ ਕੀਤਾ ਗਿਆ। ਪੁਲੀਸ ਨੇ ਕਿਹਾ ਕਿ ਲਿਖ ਦੇ ਕਿ ਹਰ ਰੋਜ਼ ਹਾਜ਼ਰੀ ਲਵਾਵਾਂਗਾ, ਪਰ ਲਿਖ ਕੇ ਨਾ ਦਿਤਾ ਤਾਂ ਪੁਲੀਸ ਨੇ ਅੰਦਰ ਡਕ ਦਿਤਾ।

ਵਿਰਕ ਇਤਿਹਾਸ ਦੀ ਉਗਰਾਹੀ ਆਪਣੇ ਪਿੰਡ ਠਰੀ ਅਤੇ ਜਥੇਦਾਰ ਹਰਬੰਸ ਸਿੰਘ ਨਾਲ ਕਈ ਮਹੀਨੇ ਕੀਤੀ ਬੜੀ ਕੁਰਬਾਨੀ ਅਤੇ ਤਿਆਗ ਵਾਲੇ ਸਿੰਘ ਹਨ। ਗੁਰਦਵਾਰਾ ਸੱਚਾ ਸੌਦਾ ਦੇ ਕਈ ਸਾਲ ਮੈਂਬਰ ਰਹੇ। (ਕੁਰਸੀਨਾਮਾ ਪੰਨਾ 595 ਤੇ)

ਧਾਰੋਵਾਲੀ ਸ਼ਹੀਦ ਲਛਮਣ ਸਿੰਘ ਨਨਕਾਣਾ ਸਾਹਿਬ ਗੁਲਾਬ ਸਿੰਘ (ਰੰਧਾਵਾ ਪਰਿਵਾਰ)



1, ਸ: ਈਸ਼ਰ ਸਿੰਘ ਜੀ ਨਨਕਾਣਾ ਸਾਹਿਬ ਦੇ ਜਥੇ ਵਿਚ ਸ਼ਹੀਦ ਹੋਏ।

ਦਿਨ ਸੈਂਟਰਲ ਜੇਲ ਅੰਮ੍ਰਿਤਸਰ ਕੱਟੀ। ਇਸ ਤੋਂ ਪਿਛੋਂ ਕੇਂਦਰ ਸਰਕਾਰ ਨੇ ਅੰਦੋਲਨ ਤੋਂ ਭੈ-ਭੀਤ ਹੋ ਕੇ ਬਲਿਊ ਸਟਾਰ ਕਰਵਾ ਦਿਤਾ। ਜਿਸ ਵਿਚ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਪ੍ਰੋਕਤ ਕੈਦਾਂ ਦੇ ਦੌਰਾਨ ਪਿੰਡ ਵਿਚੋਂ ਸੰਤਾ ਸਿੰਘ ਪੁੱਤਰ ਨਰੰਗ ਸਿੰਘ, ਸੋਹਨ ਸਿੰਘ ਪੁੱਤਰ ਭਗਵਾਨ ਸਿੰਘ, ਹਰਭਜਨ ਸਿੰਘ ਪੁਤਰ ਭਗਵਾਨ ਸਿੰਘ, ਦਿਵਾਨ ਸਿੰਘ ਪੁਤਰ ਮੰਗਲ ਸਿੰਘ, ਲਖਵਿੰਦਰ ਸਿੰਘ ਪੁਤਰ ਗੁਰਦਿਆਲ ਸਿੰਘ, ਜਸਵੰਤ ਸਿੰਘ ਪੁਤਰ ਗਿਆਨ ਸਿੰਘ ਅਤੇ ਸੁਲੱਖਣ ਸਿੰਘ ਪੁਤਰ ਸੋਹਨ ਸਿੰਘ ਨੇ ਜੇਹਲਾਂ ਕੱਟੀਆਂ ਹਨ

ਨੋਟ : ਜਥਾ ਪਹੁੰਚਣ ਦੀ ਤਾਰੀਖ ਕਿਵੇਂ ਬਦਲੀ

ਸਰਦਾਰਾ ਸਿੰਘ ਬਲਾਕੀ ਚੱਕ ਵਾਲਾ ਮਹੰਤ ਕੋਲ ਨੌਕਰ ਸੀ। ਉਸ ਨੂੰ ਮਹੰਤ ਨੇ ਆਪਣੇ ਵਿਸ਼ਵਾਸ ਵਿਚ ਲੈ ਕੇ ਵਿਉਂਤ ਬਣਾਈ, ਧੋਖਾ ਕਰਨ ਦੀ ਅਤੇ ਧਾਰੋਵਾਲੀ ਲਛਮਣ ਸਿੰਘ ਕੋਲ ਭੇਜਿਆ। ਉਹ ਸਾਈਕਲ ਤੇ ਗਿਆ ਤੇ ਸਵੇਰੇ ਸਵੇਰੇ ਕੁਝ ਬੰਦੇ ਧੂੰਆਂ ਸੇਕ ਰਹੇ ਸਨ। ਉਨ੍ਹਾਂ ਨੂੰ ਪੁਛਦਾ ਹੈ ਕਿ ਲਛਮਣ ਸਿੰਘ ਨੂੰ ਮਿਲਣਾ ਹੈ। ਲਛਮਣ ਸਿੰਘ ਬੋਲਿਆ ਕਿ ਦੱਸ ਕੀ ਕਹਿਣਾ ਏ। ਮੈਂ ਹੀ ਹਾਂ। ਸਰਦਾਰਾ ਸਿੰਘ ਨੇ ਕਿਹਾ ਕਿ ਇਕੱਲੇ ਨੂੰ ਗੱਲ ਕਹਿਣੀ ਹੈ। ਧੂੰਏਂ ਤੋਂ ਦੰਵੇਂ ਚਲੇ ਗਏ ਤੇ ਉਸ ਕਿਹਾ, "ਮੈਂ ਨੌਕਰ ਤਾਂ ਭਾਵੇਂ ਮਹੰਤ ਦਾ ਹਾਂ, ਪਰ ਸਿੱਖ ਹੋਣ ਕਰ ਕੇ ਤੁਹਾਡੇ ਨਾਲ ਹਮਦਰਦੀ ਕਰਕੇ ਆਇਆ ਹਾਂ। ਜੇ ਮਿਥੀ ਤਾਰੀਖ ਨੂੰ ਜਥਾ ਲਿਆਉਗੇ ਤਾਂ ਬਹੁਤ ਖਤਰਾ ਹੈ, ਉਦੋਂ ਨੂੰ ਮਹੰਤ ਨੇ ਬਹੁਤ ਬਦਮਾਸ਼ ਲੜਾਈ ਲਈ ਇਕੱਠੇ ਕਰ ਲੈਣੇ ਹਨ। ਹੁਣ ਅਜੇ ਜ਼ਿਆਦਾ ਖਤਰਾ ਨਹੀਂ। ਹਥਿਆਰ ਵੀ ਸਾਰੇ ਇਕ ਕਮਰੇ ਵਿਚ ਜਦਰੇ ਅੰਦਰ ਹਨ ਤੇ ਚਾਬੀ ਮੇਰੇ ਕੋਲ ਹੈ। ਤੁਸੀਂ ਗੁਰਦਵਾਰੇ ਤੇ ਕਬਜ਼ਾ ਕਰ ਸਕਦੇ ਹੋ। ਭਾਵੇਂ ਥੋੜੇ ਬੰਦਿਆਂ ਦਾ ਜਥਾ ਹੀ ਲੈ ਆਉ।

ਇਸ ਸਭ ਗੱਲ ਵਿਚ ਦੋ ਚਾਲਾਂ ਸਨ ਤੇ ਇਹ ਚਾਲ ਵਿਚ ਆ ਗਏ। ਮਹੰਤ ਦੀ ਚਾਲ ਇਹ ਸੀ ਕਿ ਜਥੇ ਸਾਰੇ ਇਕੱਠੇ ਹੋ ਕੇ ਨਾ ਆਉਣ। ਥੋੜ੍ਹੇ ਥੋੜ੍ਹੇ ਆਉਣ ਤੇ ਮਾਰ ਦਈਏ। ਦੂਜੀ ਲਛਮਣ ਸਿੰਘ ਤੋਂ ਉਸ ਨੂੰ ਬਹੁਤ ਖਤਰਾ ਸੀ। ਉਸ ਨੂੰ ਜ਼ਰੂਰ ਮਕਾਉਣਾ ਚਾਹੁੰਦਾ।

ਪੜ੍ਹਦਾ ਸਾਂ। ਮੇਰੇ ਪਿੰਡ ਦੇ ਮਾਸਟਰ ਬਿਸ਼ਨ ਸਿੰਘ ਭੀ ਉਥੇ ਪੜ੍ਹਾਉਂਦੇ ਸੀ। ਉਹਨਾਂ ਦਾ ਵੱਡਾ ਭਰਾ ਹੁਕਮ ਵੀ ਸ਼ਹੀਦ ਹੋਇਆ ਸੀ। ਉਹਨਾਂ ਦਾ ਲੜਕਾ ਸੰਪੂਰਨ ਸਿੰਘ ਅਤੇ ਸਾਬਕਾ ਮਨਿਸਟਰ ਸ: ਆਤਮਾ ਸਿੰਘ ਜੀ ਭੀ ਮੇਰੇ ਨਾਲ 9ਵੀਂ ਤੇ 10ਵੀਂ ਸ਼ਰੇਣੀ ਵਿਚ ਪੜ੍ਹਦੇ ਰਹੇ। ਮੈਂ ਉੱਤਮ ਸਿੰਘ ਕਪਾਹ ਦੇ ਕਾਰਖਾਨੇ ਵਾਲੇ ਤੋਂ, ਇਕ ਮਹੰਤ (ਘਰ ਗੁ: ਬਾਲ ਲੀਲਾ ਕੋਲ ਸੀ) ਜਿਸ ਨੇ ਸਿੰਘਾਂ ਵੱਲ ਗਵਾਹੀ ਦਿੱਤੀ ਅਤੇ ਕਈ ਮੁਸਲਮਾਨਾਂ ਤੋਂ ਸਾਕੇ ਬਾਰੇ ਪੁਛਗਿਛ ਕਰਦਾ ਰਿਹਾ। ਮਾਸਟਰ ਬਿਸਨ ਸਿੰਘ ਨੇ ਭੀ ਪਹਿਲਾਂ ਸਭ ਪੁੱਛਿਆ ਹੋਇਆ ਸੀ, ਉਸ ਨੇ ਵੀ ਸਾਨੂੰ ਦਸਿਆ। ਸਾਡੇ ਪਿੰਡ ਧਨੂੰਆਣੇ ਤੋਂ ਭਾਈ ਸੁੰਦਰ ਸਿੰਘ ਭੀ 13 ਸਿੰਘਾਂ ਦਾ ਜਥਾ ਲੈ ਕੇ ਗਿਆ ਸੀ ਅਤੇ ਭਾਈ ਲਛਮਣ ਸਿੰਘ ਦੇ ਜਥੇ ਨੂੰ ਜਾ ਕੇ ਮਿਲਿਆ। ਮਾਸਟਰ ਬਿਸ਼ਨ ਸਿੰਘ ਦਾ ਵੱਡਾ ਭਰਾ ਹੁਕਮ ਸਿੰਘ ਭੀ ਇਸ ਸਾਕੇ ਵਿਚ ਸ਼ਹੀਦ ਹੋਇਆ।

ਮਿਤੀ 4/1/1990

ਆਪ ਦਾ ਦਾਸ :
ਸ: ਪ੍ਰੀਤਮ ਸਿੰਘ 'ਹੁੰਦਲ'
ਪਿੰਡ ਧੁੜਿਆਲ, ਡਾ: ਸਾਦੋਂਬਾਦ
ਵਾ: ਆਦਪੁਰ ਦੁਆਬਾ ਜ਼ਿਲ੍ਹਾ ਜਲੰਧਰ (ਪੰਜਾਬ)

ਕਾਪੀ ਭੇਜੀ ਗਈ :
ਸ: ਸੁਖਜੀਤ ਸਿੰਘ ਜੀ
ਪਿੰਡ ਕਹੀਰਾਂ, ਤਹਿ: ਨਵਾਂ ਸ਼ਹਿਰ, ਜ਼ਿਲ੍ਹਾ ਜ਼ਲੰਧਰ

(ਹੁੰਦਲ ਸਾਹਿਬ ਵਲੋਂ ਹੀ ਇਕ ਹੋਰ ਚਿੱਠੀ)

ਸ: ਸਾਹਿਬ ਭਗਵੰਤ ਸਿੰਘ ਜੀ,

ਧੁੜਿਆਲ
2/10/1992

ਸਤਿ ਸ੍ਰੀ ਅਕਾਲ,

ਬੇਨਤੀ ਹੈ ਕਿ ਆਪ ਦਾ ਪੱਤਰ ਮੈਨੂੰ ਅੱਜ ਮਿਲਿਆ। ਮੈਂ ਸ਼ਹੀਦੀ ਸਾਕਾ ਨਨਕਾਣੇ ਸਾਹਿਬ ਬਾਰੇ 'ਗੁਰਦੁਆਰਾ ਗਜ਼ਟ' 4/1977 ਪੰਨਾ 31, 32 ਤੇ ਅਤੇ 'ਗੁਰਮਤਿ ਪ੍ਰਕਾਸ਼' 2/1986 ਪੰਨਾ 89, 90, 91, ਤੇ ਛਪਵਾਇਆ ਸੀ। ਇਸ ਤੋਂ ਬਾਅਦ 'ਧਰਮ ਪ੍ਰਚਾਰ ਕਮੇਟੀ' ਸ਼ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਸ਼ਰੋਮਣੀ ਗੁ: ਪ੍ਰ: ਕਮੇਟੀ ਨੂੰ ਭੀ ਸ਼ਹੀਦੀ ਸਾਕਾ ਦਿੱਤਾ ਸੀ। ਪ੍ਰਿੰਸੀਪਲ ਸਤਬੀਰ ਸਿੰਘ ਪਟਿਆਲਾ ਨੂੰ ਵੀ ਸ਼ਹੀਦੀ ਸਾਕਾ ਭੇਜਿਆ। ਸ: ਅਜੀਤ ਸਿੰਘ ਸੁਲਤਾਨਪੁਰ ਲੱਧੀ ਨੂੰ ਵੀ ਸਾਕਾ ਭੇਜਿਆ ਸੀ।

ਇਹ ਸਾਕਾ 10 ਫੱਗਣ 1977 ਬਿਕਰਮੀ, 20 ਫਰਵਰੀ 1921 ਈਸਵੀ ਦਿਨ ਐਤਵਾਰ ਨੂੰ ਸਿੰਘ ਸ਼ਹੀਦ ਹੋਏ। ਸਾਡੇ ਪਿੰਡ ਧਨੂੰਆਣਾ ਚੱਕ ਨੰ: 91 ਰ: ਬ: ਤਹਿਸੀਲ ਜੜਾਂਵਾਲਾ ਜ਼ਿਲ੍ਹਾ ਲਾਇਲਪੁਰ ਤੋਂ 13 ਸਿੰਘ ਸ਼ਹੀਦ ਹੋਏ। ਇਹਨਾਂ ਵਿਚ ਚਾਰ ਦੂਜੇ ਪਿੰਡਾਂ ਤੋਂ ਪਰੌਣੇ ਆਏ ਹੋਏ ਸਨ।

ਸ: ਗੁਰਬਖਸ਼ ਸਿੰਘ ਸ਼ਮਸ਼ੇਰ ਪਿੰਡ ਝਬਾਲ ਨੇ ਹਰ ਸ਼ਹੀਦ ਸਿੰਘ ਦੀ ਜੀਵਨੀ ਪਿੰਡ ਵਾਲਿਆਂ ਨੂੰ ਪੁਛ ਕੇ ਲਿਖੀ। ਸਾਡੇ ਪਿੰਡ ਮੇਰੇ ਤਾਏ ਸ: ਗੰਗਾ ਸਿੰਘ ਤੋਂ ਪੁਛਿਆ। ਉਸ ਦੀ ਕਿਤਾਬ ਨਨਕਾਣਾ ਸਾਹਿਬ ਦੀ ਕਮੇਟੀ ਨੇ ਸ਼ਹੀਦ ਸਿੰਘਾਂ ਦਾ ਜੀਵਨ ਛਾਪਿਆ, 1938 ਈ: ਨੂੰ। ਇਸ ਵਿਚ ਸ਼ਹੀਦੀ 20-2-1921 ਨੂੰ ਲਿਖੀ ਹੋਈ ਹੈ। ਕਮੇਟੀ ਨੇ ਇਹ ਪੁਸਤਕਾਂ ਹਰ ਇਕ ਸ਼ਹੀਦ ਪ੍ਰਵਾਰ ਨੂੰ ਦਿੱਤੀਆਂ। ਮੇਰੇ ਕਹਿਣ ਤੇ ਮੀਤ ਸਕੱਤਰ ਧਰਮ ਪ੍ਰਚਾਰ ਕਮੇਟੀ ਨੇ ਸ਼ਹੀਦੀ ਜੀਵਨ ਦੀ ਪੁਸਤਕ ਇਕ ਸ਼ਹੀਦ ਪ੍ਰਵਾਰ ਤੋਂ ਲਈ ਤਾਂ ਕਿ ਛਪਵਾਈ ਜਾ ਸਕੇ। ਮੈਂ 25-9-92 ਨੂੰ ਅੰਮ੍ਰਿਤਸਰ ਗਿਆ ਤੇ ਮੀਤ ਸਕੱਤਰ ਧਰਮ ਪ੍ਰਚਾਰ ਕਮੇਟੀ ਨੂੰ ਉਸ ਪੁਸਤਕ ਦੇ ਬਾਰੇ ਪੁਛਿਆ ਕਿ 'ਸ਼ਹੀਦੀ ਜੀਵਨ' ਪੁਸਤਕ ਛਪਵਾਈ ਹੈ। ਉਸ ਨੇ ਕਿਹਾ ਕਿ ਇਹ ਪੁਸਤਕ ਵਡੀ ਸੀ, ਇਸ ਲਈ ਇਜਾਜ਼ਤ ਨਹੀਂ ਮਿਲੀ।

1. ਪੁਸਤਕ, ਗੁ: ਸੁਧਾਰ, ਅਰਥਾਤ 'ਅਕਾਲੀ ਲਹਿਰ', ਲੇਖਕ : ਗਿ: ਪ੍ਰਤਾਪ ਸਿੰਘ ਪੰਨਾ 103, ਇਹ ਸ਼ਹੀਦੀ ਸਾਕਾ 20-2-1921 ਨੂੰ ਹੋਇਆ।

2. ਸ਼ਹੀਦੀ ਜੀਵਨ (ਨਨਕਾਣਾ ਸਾਹਿਬ) ਦੀ ਪੁਸਤਕ ਵਿਚ ਵੀ 20-2-1921 ਹੈ।

ਹੁਣ ਸ਼ਰੋਮਣੀ ਗੁ: ਪ੍ਰ: ਕਮੇਟੀ ਨੇ "ਐਲਬਮ ਕੇਂਦਰੀ ਸਿੱਖ ਅਜਾਇਬ ਘਰ" ਛਪਵਾਇਆ ਹੈ, ਜਿਸ ਵਿਚ 76 ਪੰਨੇ ਤੇ ਸ਼ਹੀਦੀ ਸਾਕਾ 21-2-1921 ਛਾਪਿਆ ਹੋਇਆ ਹੈ। ਜੋ ਬਿਲਕੁਲ ਗਲਤ ਹੈ।

ਜੇ ਕੋਈ ਗਲਤੀ ਹੋਵੇ ਤਾਂ ਮਾਫ਼ ਕਰਨਾ ਜੀ।
ਸਰਬੱਤ ਨੂੰ ਫਤਹਿ।
ਆਪ ਦਾ ਦਾਸ :
ਹੋ: ਪ੍ਰੀਤਮ ਸਿੰਘ ਹੁੰਦਲ
ਪਿੰਡ ਧੁੜਿਆਲ, ਡਾ: ਸਾਦੋਂਬਾਦ
ਵਾ: ਆਦਮਪੁਰ ਦੁਆਬਾ, ਜ਼ਿਲ੍ਹਾ ਜਲੰਧਰ

ਨਨਕਾਣਾ ਸਾਹਿਬ ਦੇ ਸਾਕੇ ਬਾਰੇ ਕੁਝ ਸ਼ੁਧੀਆਂ ਅਸ਼ੁਧੀਆਂ

ਸੇਵਾ ਵਿਖੇ,

ਜਥੇਦਾਰ ਹਰਬੰਸ ਸਿੰਘ ਜੀ ਡਾਚਰ,
ਪਿੰਡ ਤੇ ਡਾ: ਜਲਮਾਨਾ, ਜ਼ਿਲ੍ਹਾ ਕਰਨਾਲ।

ਵਾਹਿਗੁਰੂ ਜੀ ਕਾ ਖਾਲਸਾ ।
ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਬੇਨਤੀ ਹੈ ਕਿ "ਸ਼ਰੋਮਣੀ ਗੁਰਦਵਾਰਾ ਪ੍ਰਬੰਧ ਕਮੇਟੀ" ਅਤੇ "ਧਰਮ ਪ੍ਰਚਾਰ ਕਮੇਟੀ", "ਗੁਰਦਵਾਰਾ ਗਜ਼ਟ" ਅਤੇ "ਗੁਰਮਤਿ ਪ੍ਰਕਾਸ਼" ਰਸਾਲਿਆਂ ਵਿਚ ਸ਼ਹੀਦੀ ਸਾਕਾ ਨਨਕਾਣਾ ਸਾਹਿਬ ਬਿਲਕੁਲ ਗਲਤ ਛਾਪਦੇ ਹਨ । ਮੈਂ ਗੁ: ਗਜ਼ਟ 4/1977 ਪੰਨਾ 31, 32 ਵਿਚ, 'ਗੁਰਮਤਿ ਪ੍ਰਕਾਸ਼' 2/1986 ਪੰਨਾ 89, 90, 91 ਤੇ ਛਪਵਾਇਆ, ਪਰ ਫੇਰ ਵੀ ਠੀਕ ਨਹੀਂ ਛਾਪਦੇ। ਮੈਂ 2/11/1989 ਨੂੰ 'ਧਰਮ ਪ੍ਰਚਾਰ' ਕਮੇਟੀ ਦੇ ਦਫਤਰ ਗਿਆ ਅਤੇ ਉਹਨਾਂ ਨੂੰ ਇਸ ਬਾਰੇ ਦੱਸਿਆ । ਉਹਨਾਂ ਨੇ ਕਿਹਾ ਹੁਣ ਫੇਰ ਸਾਕਾ ਭੇਜੋ ਅਸੀਂ ਹੋਰਨਾਂ ਦੇ ਗਲਤ ਨਹੀਂ ਛਾਪਾਂਗੇ । ਮੈਂ ਉਹਨਾਂ ਦੀਆਂ ਗਲਤੀਆਂ ਇਸ ਤਰ੍ਹਾਂ ਦਸੀਆਂ ਅਤੇ ਉਹਨਾਂ ਨੂੰ ਰਜਿਸਟਰਡ ਲੈਟਰ ਨੰ: 2729, 2730, 2/1/1990 ਭੇਜੀਆਂ ।

1. **ਗੁਰਮਤਿ ਪ੍ਰਕਾਸ਼**—2/1974 ਪੰਨਾ 44, 45 ਲੇਖਕ ਗਿ: ਅਮਰ ਸਿੰਘ, ਅੰਮ੍ਰਿਤਸਰ । 20 ਫਰਵਰੀ ਨੂੰ ਰਾਤ ਸਾਂਗਲਾ ਸਟੇਸ਼ਨ ਤੋਂ ਭਾਈ ਲਛਮਣ ਸਿੰਘ ਜਥਾ ਲੈ ਕੇ ਸ੍ਰੀ ਨਨਕਾਣਾ ਸਾਹਿਬ ਪੁਜਾ । ਗੋਲੀ ਦੀ ਆਵਾਜ਼ ਸੁਣ ਕੇ ਭਾਈ ਦਲੀਪ ਸਿੰਘ ਘਰੋਂ ਦੌੜਿਆ । ਭਾਈ ਦਲੀਪ ਸਿੰਘ ਨੂੰ ਇਕ ਜੰਡ ਨਾਲ ਤੇ ਦੂਜੇ ਜੰਡ ਨਾਲ ਭਾਈ ਲਛਮਣ ਸਿੰਘ ਨੂੰ ਬੰਨ੍ਹ ਕੇ ਸ਼ਹੀਦ ਕੀਤਾ । (ਇਹ ਗ਼ਲਤ ਹੈ)

2. **ਗੁਰਮਤਿ ਪ੍ਰਕਾਸ਼**—2/1978 ਪੰਨਾ 82, ਲੇਖਕ ਚਰਨ ਸਿੰਘ ਗਿੱਲ, ਐਮ ਏ. ਭੱਟਛ। 22/2/1921 ਨੂੰ ਸਵੇਰੇ ਛੇ ਵਜੇ ਇਹ ਜਥਾ ਅੰਦਰ ਦਾਖਲ ਹੋਇਆ । (ਇਹ ਗ਼ਲਤ ਹੈ)

3. **ਗੁ: ਗਜ਼ਟ**—2/1980 ਪੰਨਾ 25, ਲੇਖਕ ਮਨਜੀਤ ਸਿੰਘ ਪਸਰੀਚਾ, ਐਮ.ਏ. ਚੰਡੀਗੜ੍ਹ । ਭਾਈ ਕਰਤਾਰ ਸਿੰਘ ਝੱਬਰ ਚੰਦਰ ਕੋਟ ਦੀ ਝਾਲ ਤੇ ਪੁੱਜਾ । (ਇਹ ਗ਼ਲਤ ਹੈ)

4. **ਗੁ: ਗਜ਼ਟ**—2/1984 ਪੰਨਾ 61, ਲੇਖਕ ਗੁਰਬਚਨ ਸਿੰਘ ਮਾਹੀਆ, ਖੇਮਕਰਨ । ਭਾਈ ਕਰਤਾਰ ਸਿੰਘ ਝੱਬਰ ਚੰਦਰਕੋਟ ਦੀ ਝਾਲ ਤੇ ਪੁੱਜਾ । (ਇਹ ਗ਼ਲਤ ਹੈ)

5. **ਗੁ: ਗਜ਼ਟ**—2/1982 ਪੰਨਾ 38, ਲੇਖਕ ਮਨਜੀਤ ਸਿੰਘ ਪਸਰੀਚਾ ਐਮ.ਏ. ਚੰਡੀਗੜ੍ਹ। 19/2/1921 ਨੂੰ ਭਾਈ ਕਰਤਾਰ ਸਿੰਘ ਝੱਬਰ ਚੰਦਰਕੋਟ ਦੀ ਝਾਲ ਤੇ ਪੁੱਜੇ । (ਇਹ ਗਲਤ ਹੈ)

6. **ਗੁਰਮਤਿ ਪ੍ਰਕਾਸ਼** —2/1983 ਪੰਨਾ 74, ਲੇਖਕ ਮਨਜੀਤ ਸਿੰਘ ਪਸਰੀਚਾ ਭਾਈ ਕਰਤਾਰ ਸਿੰਘ ਝੱਬਰ ਚੰਦਰਕੋਟ ਦੀ ਝਾਲ ਤੇ ਪੁੱਜਾ । (ਇਹ ਗ਼ਲਤ ਹੈ)

ਪੰਨਾ 3, ਸੰਪਾਦਕ ਸ: ਵਰਿਆਮ ਸਿੰਘ ਜੀ। 21/2/1921 ਨੂੰ ਸ਼ਹੀਦੀ ਸਾਕਾ ਨਨਕਾਣਾ ਸਾਹਿਬ । (ਇਹ ਗ਼ਲਤ ਇਹ ਹੈ)

7. **ਗੁਰਮਤਿ ਪ੍ਰਕਾਸ਼**—2/1985 ਪੰਨਾ 38, ਅਤੇ **ਗੁ: ਗਜ਼ਟ** 2/1989 ਪੰਨਾ 96, ਲੇਖਕ ਕੁਲਦੀਪ ਸਿੰਘ ਹਉਰਾ 21/2/1921 ਨੂੰ ਜਥੇ ਨੂੰ ਨਨਕਾਣਾ ਸਾਹਿਬ ਤੋਂ ਚਲੇ ਜਾਣ ਨੂੰ ਕਿਹਾ (ਇਹ ਗ਼ਲਤ ਹੈ)

8. **ਗੁ: ਗਜ਼ਟ**—2/1986 ਪੰਨਾ 31, ਲੇਖਕ ਪ੍ਰੋ: ਲਾਭ ਸਿੰਘ, ਮਹੰਤ ਨਰੈਣ ਦਾਸ ਉਸ ਸਮੇਂ ਗੁ: ਸਾਹਿਬ ਦੇ ਮਹਿਮਾਨਖਾਨੇ ਉਪਰ ਚੁਬਾਰੇ ਵਿਚ ਮੌਜੂਦ ਸੀ। (ਇਹ ਗ਼ਲਤ ਹੈ)

ਮਹੰਤ ਨੇ ਸਿੱਖ ਸਨਾਤਨ ਧਰਮ ਦੀ ਮੀਟਿੰਗ ਤੇ ਲਾਹੌਰ ਜਾਣਾ ਸੀ । ਉਹ ਸਟੇਸ਼ਨ ਤੇ ਸੀ ।


9. **ਗੁ: ਗਜ਼ਟ**—4/1987 ਪੰਨਾ 26, ਲੇਖਕ ਪ੍ਰੋ: ਜੋਗਿੰਦਰ ਸਿੰਘ ਮੈਂਬਰ ਪ੍ਰਬੰਧਕ ਕਮੇਟੀ ਦਿੱਲੀ । ਭਾਈ ਕਰਤਾਰ ਸਿੰਘ ਝੱਬਰ ਭੀ ਸ਼ਹੀਦ ਹੋਇਆ । (ਇਹ ਗ਼ਲਤ ਹੈ)

ਇਨ੍ਹਾਂ ਗਲਤੀਆਂ ਬਾਰੇ ਮੈਂ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪਕੱਤਰ ਅਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਨੂੰ ਲਿਖਿਆ ਅਤੇ ਸਾਕੇ ਬਾਰੇ ਵੀ ਲਿਖਿਆ । ਮੇਰਾ ਇਹ ਲੇਖ ਛੇ ਸਫ਼ਿਆਂ ਵਿਚ ਹੈ । ਉਨ੍ਹਾਂ ਨੂੰ ਮੈਂ ਕਿਹਾ ਕਿ ਮੈਂ ਗੁਰੂ ਨਾਨਕ ਸਕੂਲ ਨਨਕਾਣਾ ਸਾਹਿਬ ਵਿਚ

ਅਮਰ ਸਿੰਘ ਕੱਕੜ (ਗਿੱਲ) ਪਿੰਡ ਡਾਚਰ ਜ਼ਿਲਾ ਕਰਨਾਲ (ਲੜੀ ਜੋੜਨ ਲਈ ਪੰਨਾ 681 ਵੇਖੋ)

ਮੈਂ 1928 ਵਿਚ ਮੈਟਰਿਕ ਪਾਸ ਕਰਕੇ ਪੜਾਈ ਛੱਡ ਬੈਠਾ ਅਤੇ ਆਪਣੀ ਖੇਤੀ ਕਰਨ ਲੱਗ ਪਿਆ। ਮੈਂ ਪੜਾਈ ਪਰਾਇਮਰੀ ਪਿੰਡ ਅਤੇ ਮੈਟਰਿਕ ਚੂਹੜਕਾਨਾ ਮੰਡੀ ਤੋਂ ਕੀਤਾ ਸੀ। ਪੜਨ ਸਮੇਂ ਹੀ ਮੇਰੇ ਅੰਦਰ ਵਤਨ ਦੀ ਤੜਪ ਪੈਦਾ ਹੋਈ ਕਿਉਂਕਿ ਜਦੋਂ ਜੈਤੋ ਦਾ ਮੋਰਚਾ ਚਲਦਾ ਸੀ, ਮੈਂ ਚੂਹੜਕਾਨੇ ਮੰਡੀ ਪੜਦਾ ਸਾਂ। ਸਾਡੇ ਇਲਾਕੇ ਦੇ ਅਕਾਲੀ ਸਿੰਘ ਜਿਹੜੇ ਮੋਰਚੇ ਵਿਚ ਗਏ ਸਨ। ਉਹ ਰਿਹਾ ਹੋ ਕੇ ਸਚੇ ਸੌਦੇ ਗੁਰਦਵਾਰੇ ਆਏ ਸਨ। ਰੇਲਵੇ ਸਟੇਸ਼ਨ ਤੋਂ ਉਤਰਕੇ ਜਦੋਂ ਉਹ ਜੱਥਾ ਪੈਦਲ ਪੰਜ-ਪੰਜ ਦੇ ਗਰੁੱਪਾਂ ਵਿੱਚ ਜਾ ਰਿਹਾ ਸੀ। ਸਾਡੇ ਸਕੂਲ ਅੱਗੋਂ ਲੰਘਿਆ ਸੀ। ਸਕੂਲ ਦੇ ਮੁੰਡੇ ਜੱਥੇ ਨੂੰ ਵੇਖਣ ਲਈ ਬਾਹਰ ਨਿਕਲ ਆਏ। ਮੇਰੇ ਅੰਦਰ ਉਸ ਟਾਇਮ ਖਿਆਲ ਆਇਆ ਕਿ ਇਹਨਾਂ ਸਿੰਘਾਂ ਨੂੰ ਕਿਉਂ ਜੇਲਾਂ ਵਿੱਚ ਕੈਦ ਕੀਤਾ। ਪਤਾ ਲਗਾ ਕਿ ਜੈਤੋ ਦੇ ਗੁਰਦੁਵਾਰੇ ਵਿੱਚ ਸਿੱਖਾਂ ਨੇ ਅਖੰਡ ਪਾਠ ਰੱਖਿਆ ਸੀ ਜੋ ਕਿ ਅੰਗਰੇਜ ਸਰਕਾਰ ਨੇ ਭੋਗ ਤੋਂ ਪਹਿਲਾਂ ਹੀ ਖੰਡਨ ਕਰ ਦਿੱਤਾ ਸੀ ਤਾਂ ਕਿ ਸਿੱਖ ਆਗੂ ਭੋਗ ਸਮੇਂ ਸਰਕਾਰ ਦੇ ਖਿਲਾਫ ਤਕਰੀਰਾਂ ਨਾ ਕਰ ਸਕਣ। ਪਰ ਉਲਟਾ ਅਖੰਡ ਪਾਠ ਭੰਗ ਹੋਣ ਕਰਕੇ ਸਿੱਖ ਕੌਮ ਵਿੱਚ ਬੜਾ ਰੋਹ (ਜੋਸ਼) ਪੈਦਾ ਹੋਇਆ। ਜਿਸ ਕਾਰਨ ਇਹ ਮੋਰਚਾ ਲੱਗਾ। ਸਾਡੇ ਜ਼ਿਲੇ ਵਿਚੋਂ ਵੀ ਅਕਾਲੀ ਜੱਥਾ ਉਸ ਮੋਰਚੇ ਵਿੱਚ ਕੈਦ ਹੋਇਆ ਇਸ ਮੋਰਚੇ ਵਿੱਚ ਸਾਡੇ ਇਲਾਕੇ ਦੇ ਉਸ ਲੀਡਰ ਬਾਬਾ ਸੁੱਚਾ ਸਿੰਘ ਜੈਚਕ (ਸੁੱਚਾਮੋਤੀ) ਜਥੇਦਾਰ ਕਰਤਾਰ ਸਿੰਘ ਝੱਬਰ ਨਿਧੜਕ ਜਰਨੈਲ। ਭਾਈ ਮੂਲ ਸਿੰਘ ਗੁਰਮੂਲਾ, ਵਰਯਾਮ ਸਿੰਘ ਗੁਰਮੂਲਾ ਤੇ ਸੁਚਾ ਸਿੰਘ ਗੁਰਦਾਸ ਚੱਕ, ਅਨੋਖ ਸਿੰਘ ਲਾਗਰ, ਲੱਖਾ ਸਿੰਘ ਗਾਜ਼ੀ ਮੁਨਾਰਾ ਤੇ ਹੋਰ 200 ਦੇ ਕਰੀਬ ਸਿੰਘ ਜਥੇ ਵਿਚ ਗਏ ਤੇ ਕੈਦ ਹੋਏ। ਇਸ ਬੇਇਨਸਾਫ਼ੀ ਨੂੰ ਵੇਖਕੇ ਮੇਰੇ ਅੰਦਰ ਵੀ ਜਜ਼ਬਾਤ ਉਭਰੇ ਤੇ ਅੰਗਰੇਜ਼ ਸਰਕਾਰ ਦੇ ਖਿਲਾਫ ਨਫ਼ਰਤ ਪੈਦਾ ਹੋਈ। ਉਸ ਤੋਂ ਬਾਅਦ 1932 ਵਿੱਚ 'ਨਾ-ਮਿਲਵਰਤਨ' ਲਹਿਰ ਵਿਚ ਸਤਿਆਗ੍ਰਹਿ ਹੋਇਆ, ਜਿਸ ਵਿਚ ਮੈਂ ਵੀ ਸ਼ਾਮਲ ਸਾਂ। ਵਿਦੇਸ਼ੀ ਮਾਲ ਦਾ ਬਾਈਕਾਟ ਕੀਤਾ ਗਿਆ। ਵਿਦੇਸ਼ੀ ਮਾਲ ਦੀ ਹੋਲੀ ਜਲਾਈ ਗਈ, ਜਿਸ ਕਾਰਨ ਸਾਡੇ ਜ਼ਿਲ੍ਹੇ ਵਿਚੋਂ ਗ੍ਰਿਫਤਾਰੀਆਂ ਹੋਈਆਂ ਜਿਹਨਾਂ ਵਿਚ ਮੈਂ ਵੀ ਸ਼ਾਮਲ ਸਾਂ। ਛੇ-ਛੇ ਮਹੀਨੇ ਦੀ ਸਜ਼ਾ ਹੋਈ ਤੇ ਸ਼ੇਖੂਪੁਰੇ ਜੇਲ ਵਿੱਚ ਬੰਦ ਕਰ ਦਿੱਤਾ ਤੇ ਬਾਹਰ ਅੰਗਰੇਜ਼ ਸਰਕਾਰ ਦੇ ਖਿਲਾਫ ਚਲ ਰਹੇ ਅੰਦੋਲਨ ਵਿਚ ਸ਼ਾਮਲ ਹੋ ਗਿਆ। ਮੇਰੀ ਇਕ ਗ੍ਰਿਫਤਾਰੀ 1932 ਵਿੱਚ ਨਾ-ਮਿਲਵਰਤਨ ਲਹਿਰ ਵਿੱਚ ਹੋਈ ਸੀ, ਜਿਸ ਵਿੱਚ ਮੈਨੂੰ ਆਪਣੇ ਸਾਥੀਆਂ ਨਾਲ ਛੇ ਮਹੀਨੇ ਦੀ ਸਜਾ ਹੋਈ। ਇਹ ਕੁਝ ਸ਼ੇਖੂਪੁਰਾ ਜੇਲ੍ਹ ਵਿੱਚ ਤੇ ਕੁਝ ਸੈਂਟਰਲ ਜੇਲ੍ਹ ਲਾਹੌਰ ਵਿੱਚ ਕੱਟੀ ਸੀ। ਬਾਅਦ ਵਿੱਚ ਰਿਹਾਅ ਕਰ ਦਿੱਤਾ ਗਿਆ। ਇਹ ਮੇਰੀ ਪਹਿਲੀ ਜੇਲ੍ਹ ਯਾਤਰਾ ਸੀ। ਏਸ ਦੌਰਾਨ 1939 ਵਿੱਚ ਜ਼ਿਲ੍ਹਾ ਲਾਹੌਰ, ਗੁਰਦਾਸਪੁਰ ਤੇ ਅੰਮ੍ਰਿਤਸਰ ਵਿੱਚ ਬੰਦੋਬਸਤ ਅਗਜ਼ੀ ਹੋਇਆ ਜਿਸ ਦੀ ਵਜ੍ਹਾ ਕਰਕੇ ਸਰਕਾਰ ਨੇ ਕੁਝ ਜ਼ਮੀਨ ਦੀ ਕਟੌਤੀ ਕੀਤੀ ਤੇ ਮਾਲੀਆ ਵਧਾ ਦਿੱਤਾ। ਜਿਸ ਕਰਕੇ ਇਸ ਦੇ ਖਿਲਾਫ਼ 'ਕਿਸਾਨ ਮੋਰਚਾ' ਲੱਗ ਗਿਆ।

ਕਿਸਾਨ 'ਸਤਿਆਗ੍ਰਹਿ' ਕਰਨ ਲਈ ਜਥੇ ਪੰਜਾਬ ਅਸੰਬਲੀ ਅੱਗੇ ਜਾ ਕੇ ਸਤਿਆਗ੍ਰਹਿ ਕਰਨ ਲੱਗੇ ਤੇ ਕਿਸਾਨਾ ਦੀਆਂ ਗ੍ਰਿਫਤਾਰੀਆਂ ਹੋਣ ਲੱਗ ਪਈਆਂ। ਸਾਡੇ ਜ਼ਿਲ੍ਹਾ ਸ਼ੇਖੂਪੁਰਾ ਵਿਚ ਵੀ ਇਕ ਸੌ ਦੇ ਕਰੀਬ ਜਥਾ ਲਾਹੌਰ ਗਿਆ। ਜਿਸ ਵਿੱਚ ਮੈਂ ਤੇ ਮੇਰੇ ਸਾਥੀ ਸਰਦਾਰ ਤੇਜਾ ਸਿੰਘ ਚੂਹੜਕਾਣਾ, ਮਹਰਤ ਸਿੰਘ, ਜੰਗੀਰ ਸਿੰਘ ਕੋਟ ਸੁਹੰਦਾ, ਅਨੋਖ ਸਿੰਘ, ਕਿਰਪਾਲ ਸਿੰਘ ਤੇ ਮੈਂ ਕੱਕੜ ਗਿੱਲ, ਨਿਸ਼ਾਨ ਸਿੰਘ ਨਵਾਂ ਪਿੰਡ, ਉਜਾਗਰ ਸਿੰਘ ਮਹਿਲੀਏ, ਹਯਾਤ ਮੁਹੰਦਮ ਕਾਲੇਕਾ, ਜੰਗੀਰ ਸਿੰਘ ਗਾਜ਼ੀ ਮੁਨਾਰਾ ਤੇ ਸਾਦਕ ਅਬੀਆਂ ਤੋਂ ਇਲਾਵਾ ਇਕ ਸੌ ਦੇ ਕਰੀਬ ਆਦਮੀ ਸ਼ਾਮਲ ਸਨ। ਜਿਨ੍ਹਾਂ ਨੂੰ ਇਕ-ਇਕ ਸਾਲ ਕੈਦ ਲਾਹੌਰ ਦੀ ਅਦਾਲਤ ਤੋਂ ਹੋਈ। ਕੁਝ ਆਦਮੀ ਤਾਂ ਸੈਂਟਰਲ ਜੇਲ੍ਹ ਭੇਜ ਦਿੱਤੇ ਛੋਟੀ ਉਮਰ ਦੇ ਆਦਮੀ ਬੋਸਟਲ ਜੇਲ੍ਹ ਭੇਜ ਦਿੱਤੇ। ਪੰਦਰਾਂ ਦਿਨ ਸੈਂਟਰਲ ਜੇਲ ਵਿੱਚ ਰਹਿਣ ਬਾਅਦ 600 ਕੈਦੀ ਰਾਵਲਪਿੰਡੀ ਭੇਜ ਦਿੱਤੇ। ਜਿਥੋਂ ਛੇ ਮਹੀਨੇ ਬਾਅਦ ਰਿਹਾਅ ਕਰ ਦਿੱਤੇ ਗਏ। ਇਹਨਾਂ ਦਿਨਾਂ ਵਿੱਚ ਅੰਗਰੇਜ਼ ਸਰਕਾਰ ਦੇ ਖਿਲਾਫ ਪਰਾਪੇਗੰਡਾ ਵੀ ਚਲ ਰਿਹਾ ਸੀ। ਜਿਹੜਾ ਕਿ ਜਲਸੇ ਜਲੂਸ ਤੇ ਕਾਨਫਰੰਸਾਂ ਰਾਹੀਂ ਸੀ ਤੇ ਖੁਫੀਆ ਅਖਬਾਰਾਂ ਰਾਹੀਂ ਹੋ ਰਿਹਾ ਸੀ। ਮੇਰੇ ਜ਼ਿੰਮੇ ਵੀ ਇਕ ਖੁਫੀਆ ਅਖਬਾਰ ਦੀ ਡਿਊਟੀ ਲਾਈ ਗਈ ਸੀ। ਜਿਸਦਾ ਨਾਂ "ਲਾਲ ਝੰਡਾ" ਸੀ। ਇਸ ਕੰਮ ਲਈ ਕੋਈ ਦਸ ਪੰਦਰਾਂ ਆਦਮੀ ਕੰਮ ਕਰਦੇ ਸੀ। ਜਿਨ੍ਹਾਂ ਵਿੱਚ ਜੰਗੀਰ ਸਿੰਘ ਕੋਟ ਸੁਹਦੇ, ਹਯਾਤ ਮੁਹੰਮਦ ਕਾਲੇਕੇ, ਟਹਲ ਸਿੰਘ ਬਟਰ, ਗੁਰਦਿਆਲ ਸਿੰਘ, ਪਿਆਰਾ ਸਿੰਘ, ਲਾਲ ਸਿੰਘ "ਕੌਵਰ" ਭੋਊਰ ਕੋਟਲੀ ਤੇ ਮੁਜ਼ਫਰ ਹੁਸੈਨ ਸਾਂਗਲਾ ਹਿਲ, ਨਰੰਜਨ ਸਿੰਘ ਸੈਨੀ ਚਾਰ ਚੱਕ ਸ਼ਾਮਲ ਸਨ। ਮੇਰਾ ਉਰਦੂ ਦਾ ਹੈਂਡ ਰਾਈਟਰ ਬਹੁਤ ਅੱਛਾ ਸੀ। ਮੇਰੇ ਜ਼ਿੰਮੇ ਕਤਾਬਤ ਦਾ ਕੰਮ ਸੀ। ਇਹ ਅਖਬਾਰ 1947 ਤੱਕ ਖੁਫੀਆ ਤੌਰ ਤੇ ਨਿਕਲਦੀ ਸੀ। ਹੁਣ ਇਹ ਅਖਬਾਰ ਪ੍ਰੈਸ ਦੀ ਅਜ਼ਾਦੀ ਕਾਰਨ ਜਲੰਧਰ ਤੋਂ ਆਜ਼ਦਾਨਾ ਤੌਰ ਤੇ ਛਪਦੀ ਹੈ। ਏਸੇ ਦੌਰਾਨ ਸਾਡੇ ਅਖਬਾਰੀ ਗਰੁਪ ਨੂੰ ਪਲਸ ਨੇ ਗ੍ਰਿਫਤਾਰ ਕਰ ਲਿਆ। ਪਰ ਮੈਂ ਗ੍ਰਿਫਤਾਰ ਨਾ ਹੋ ਸਕਿਆ ਤੇ ਇਕ ਸਾਲ ਮਫਰੂਰ ਰਿਹਾ ਇਕ ਸਾਲ ਬਾਅਦ ਗ੍ਰਿਫਤਾਰ ਹੋ ਗਿਆ ਤੇ ਥਾਨਾ ਸਿਟੀ ਸ਼ੇਖੂਪੁਰਾ ਵਿਚ ਦੋ ਮਹੀਨੇ ਬੰਦ ਰਿਹਾ ਤੇ ਬਾਅਦ ਵਿਚ ਲਾਹੌਰ ਸ਼ਾਹੀ ਕਿਲੇ ਵਿੱਚ ਖੁਫੀਆ ਪੁਲਸ ਲੈ ਗਈ ਦੋ ਮਹੀਨੇ ਕਾਫੀ ਪੁੱਛ ਗਿੱਛ ਕਰਕੇ ਬਾਅਦ ਪਿੰਡ ਵਿੱਚ ਨਜ਼ਰਬੰਦ ਕਰ ਦਿੱਤਾ। ਇਸ ਤੋਂ ਪਹਿਲਾਂ ਸਾਕਾ ਨਨਕਾਣਾ ਸਾਹਿਬ, ਮੋਰਚਾ ਗੁਰੂ ਕਾ ਬਾਗ, ਜਲਿਆਂ ਵਾਲੇ ਬਾਗ ਦਾ ਸਾਕਾ, ਮੋਰਚਾ ਜੈਤੋ, ਪੰਜਾ ਸਾਹਿਬ ਦਾ ਸਾਕਾ, "ਨਾ ਮਿਲਵਰਤਨ" ਲਹਿਰ ਸਾਡੇ ਇਲਾਕੇ ਸੇਖੂਪੁਰਾ, ਗੁਜਰਾਂਵਾਲਾ, ਲਾਇਲਪੁਰ ਦੇ "ਬਾਰ"—(ਸਾਂਦਲਬਾਰ) ਜਾਂ "ਕਰਾਨਾਬਾਰ" (ਦੂਲੇ ਭੱਟੀ ਦੀ ਬਾਰ) ਜਿਹੜੇ ਕਿ



1. ਸ: ਪਾਰਾ ਸਿੰਘ ਨੇ ਭਾਰਤ ਛੱਡੋ ਅੰਦੋਲਨ ਵਿਚ ਸਿਆਲਕੋਟ ਜੇਲ ਵਿਚ ਕੈਦ ਕੱਟੀ ਅਤੇ ਜੁਰਮਾਨਾ ਵੀ ਦੇਣਾ ਪਿਆ।

ਮੰਦਰ, ਮਕਬਰੇ ਸਨ । ਜਿਨ੍ਹਾਂ ਵਿੱਚ ਗੁਰਦਆਰਾ ਨਨਕਾਣਾ ਸਾਹਿਬ ਸੱਚਾ ਸੌਦਾ । ਗੁਰਦੁਆਰਾ ਛੇਵੀਂ ਪਾਤਸ਼ਾਹੀ ਹਾਫਜ਼ਬਾਦ, ਗੁਰਦੁਆਰਾ ਪਿਪਲੀ ਸਾਹਿਬ ਜਾਗੋਵਾਲਾ, ਗੁਰਦੁਆਰਾ ਛੇਵੀਂ ਪਾਤਸ਼ਾਹੀ ਭਾਈ ਕੇ ਮਟੂ, ਗੁਰਦੁਆਰਾ ਬਾਬਾ ਪਤਾਸਾ ਸਿਘ ਗੁਜਰਾਂਵਾਲਾ, ਗੁਰਦੁਆਰਾ ਛੇਵੀਂ ਪਾਤਸ਼ਾਹੀ ਮਝੂਚਕ, ਡੇਰਾ ਬਾਬਾ ਕਿਰਪਾ ਰਾਮ ਕੋਰ ਸਾਹਿਬ ਬਦੋਕੇ । ਮਕਬਰਾ ਹਾਜੀ ਦਿਵਾਨ ਖਾਨਕਾਹ ਡੋਗਰੇ ।

ਇਸ ਇਲਾਕੇ ਵਿਚ ਕਈ ਇਤਿਹਾਸਕ ਅਸਥਾਨ ਵੀ ਹਨ । ਜਿਵੇਂ ਕਿ ਕਿਲਾ ਸ਼ੇਖੂਪੁਰਾ, ਹਰਨ ਮੁਨਾਰ ਜਿਨ੍ਹਾਂ ਨੂੰ ਜਹਾਂਗੀਰ ਮੁਗਲ ਬਾਦਸ਼ਾਹ ਨੇ ਬਨਵਾਇਆ ਸੀ । ਕੱਚਾ ਕਿਲਾ ਨਿਕਾਇਨ ਭਬਰ ਜਿਸ ਵਿੱਚ ਮਹਾਰਾਜਾ ਰਣਜੀਤ ਸਿਘ ਦੀ ਰਾਣੀ ਮਹਾਰਾਣੀ ਨਿਕਾਇਨ ਦੇ ਨਾਂ ਤੇ ਬਨਾਇਆ ਗਿਆ ਸੀ । ਇੱਕ ਹੋਰ ਕਿਲਾ 'ਅਕਾਲਗੜ' ਜੋ ਕਿ ਅੱਜ ਕਲ ਰੇਲਵੇ ਸਟੇਸ਼ਨ ਹੈ, ਹੋਰ 2 ਕਿਲੇ, ਕਿਲਾ ਮੀਹਾ ਸਿੰਘ ਤੇ ਕਿਲਾ ਦੀਦਾਰ ਸਿੰਘ ਇਹ ਕਿਲੇ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਏ ਸਨ । ਇਹ ਜ਼ਿਲ ਗੁਜਰਾਂਵਾਲੇ ਵਿੱਚ ਸਨ । ਹੋਰ ਮਕਬਰੇ ਜਿਵੇਂ ਕਿ

(ਹੜਾ ਦੇ ਪਾਣੀ ਨਾਲ ਲਿਖਾਈ ਖਰਾਬ ਹੋਣ ਕਾਰਣ ਕੁਝ ਮੈਟਰ ਛੱਪ ਨਹੀਂ ਸਕਿਆ ।)

ਬਾਜਵੇ

(ਸ੍ਰ: ਹਜੂਰ ਸਿੰਘ ਬਾਜਵਾ, ਪਿੰਡ ਅਧੋਈ ਨੇੜੇ ਬਰਾੜਾ, ਜ਼ਿਲ੍ਹਾ ਅੰਬਾਲਾ ਨੇ ਇਹ ਚਿਠੀ ਭੇਜੀ) ।

ਬਜੁਰਗਾਂ ਤੋਂ ਸੁਣਿਆ ਹੋਇਆ ਹੈ ਕਿ ਸਾਡੇ ਵਡੇਰੇ ਰਾਜਸਥਾਨ ਭਟੀ ਰਾਜਪੂਤਾਂ ਦੀ ਰਿਆਸਤ ਜੈਸਲਮੇਰ ਰਿਆਸਤ 'ਚੋਂ ਉਠ ਕੇ ਏਧਰ ਪਜਾਬ ਵੱਲ ਆਏ ਸਨ । ਇਸ ਤੱਥ ਵਿਚ ਸਚਾਈ ਇਸ ਲਈ ਵੀ ਮੰਨੀ ਜਾਂਦੀ ਹੈ ਕਿਉਂਕਿ ਇਹ ਇਲਾਕਾ ਰੇਤਲਾ ਥਲ ਸੀ ਅਤੇ ਕਾਲ ਪੈਂਦੇ ਹੀ ਰਹਿੰਦੇ ਸੀ । ਏਥੋਂ ਤੱਕ ਕਿ ਪੀਣ ਵਾਲਾ ਪਾਣੀ ਵੀ ਪੀਣ-ਯੋਗ ਨਹੀਂ ਸੀ । ਨਾ ਫਸਲ ਅਤੇ ਨਾ ਪਾਣੀ, ਤਾਂ ਲੋਕਾਂ ਇਥੋਂ ਨਿਕਲਣਾ ਹੀ ਹੁੰਦਾ ਹੈ । ਕਈ ਗੋਤਾਂ ਪੰਜਾਬ ਨੂੰ ਆ ਗਈਆਂ । ਪਾਣੀ ਵੀ ਚੰਗੇ ਤੇ ਫ਼ਸਲਾਂ ਵੀ ਚੰਗੀਆਂ । ਹੋਰ ਗੋਤਾਂ ਦੇ ਨਾਲ ਬਾਜਵਾ ਗੋਤ ਦੇ ਬਜੁਰਗ ਵੀ ਜ਼ਿਲਾ ਸਿਆਲ-ਕੋਟ ਅਤੇ ਗੁਜਰਾਂਵਾਲੇ ਵਿਚ ਆ ਵੱਸੇ ਅਤੇ ਕੁਝ ਸਮੇਂ ਪਿਛੋਂ ਖੇਤੀ ਕਰਦੇ ਕਰਦੇ ਜਾਟ/ਜਟ ਅਖਵਾਉਣ ਲੱਗੇ ।

ਕਿਹਾ ਜਾਂਦਾ ਹੈ ਕਿ ਬਾਜਵਾ ਗੋਤ ਦੇ ਚਾਰ ਬਜੁਰਗ ਇਕ ਸਾਈਂ ਫਕੀਰ ਦੀ ਦੁਆ ਨਾਲ ਹੋਏ । ਉਹਨਾਂ ਦੇ ਨਾਂ, ਮਾਨਕ, ਮਾਂਗਾ, ਨਾਰ ਸਿੰਘ ਅਤੇ ਨਰਾਇਣ ਸਨ ।

1. ਬਾਬਾ ਮਾਨਕ ਨੇ ਤਹਿਸੀਲ ਨਾਰੋਵਾਲ ਵਿਚ ਪਿੰਡ ਮਾਨਕ ਵਸਾਇਆ । ਇਸ ਦੀ ਔਲਾਦ ਇਸ ਦੇ ਆਲੇ ਦੁਆਲੇ ਦੇ ਪਿੰਡਾ ਵਿਚ ਸੀ ।

2. ਬਾਬਾ ਮਾਂਗਾ ਨੇ ਕਸਬਾ ਮਾਂਗਾ ਵਸਾਇਆ । ਜੋ ਪਿਛੋਂ ਕਿਸੇ ਕਾਰਨ ਢਹਿ ਢੇਰੀ ਹੋ ਗਿਆ ਤੇ ਇਕ ਪਿੰਡ ਪਲਵਾਨਾ ਵਸ ਗਿਆ । ਇਸ ਦੀ ਔਲਾਦ ਅਗਾਂਹ ਹੋਰ ਪਿੰਡ ਵਸਾਉਂਦੀ ਗਈ । ਇਹ ਵੇਰਵਾ ਲਿਖਣ ਵਾਲਾ ਵੀ ਏਸੇ ਬਜੁਰਗ ਦੀ ਔਲਾਦ ਹੈ ।

3. ਬਾਬਾ ਨਾਰ ਸਿੰਘ ਨੇ ਕਸਬਾ ਨਾਰੋਵਾਲ ਤੇ ਹੋਰ ਪਿੰਡ ਵੀ ਵਸਾਏ ਜਿਵੇਂ ਮਸ਼ਹੂਰ ਪਿੰਡ ਸੈਦੋ ਕੇ, ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਪਿਛੋਂ ਡੋਗਰਿਆਂ ਦੀ ਬੁਰਛਾਗਰਦੀ ਵਿਚ ਸਭ ਤੋਂ ਪਹਿਲਾਂ ਕਤਲ ਹੋਣ ਵਾਲਿਆ ਵਿਚ ਚੇਤ ਸਿੰਘ ਵੀ ਏਸੇ ਪਿੰਡ ਸੈਦੋਵਾਲ ਦਾ ਨਿਵਾਸੀ ਸੀ ।


4. ਬਾਬਾ ਨਰਾਇਣ ਦੀ ਔਲਾਦ ਚਵਿੰਡਾ, ਹਰਦੋਗੁਟਾ, ਪਠਾਵਾਲੀ ਵਿਚ ਸੀ ।

ਜੰਮੂ ਦੀ ਰਿਆਸਤ ਵਿਚ ਬਜਵਾਤ ਦੇ ਇਲਾਕੇ ਵਿਚ ਵੀ ਬਾਜਵੇ ਹੈ ਸਨ ।


ਇਸ ਇਲਾਕੇ ਦੇ ਨਾਂ ਹਨ। ਅਪਣੇ ਸਮੇਂ ਵਿੱਚ ਪੁਕਾਰੇ ਜਾਂਦੇ ਰਹੇ, ਵਿੱਚ ਬਹੁਤ ਜਾਗਰਤ ਆਈ। ਇਸ ਇਲਾਕੇ ਵਿੱਚ ਬਹੁਤ ਹੀ ਅਗੇ ਵਧੂ
ਲੀਡਰ ਪੈਦਾ ਹੋ ਗਏ ਜਿਨ੍ਹਾਂ ਦੇ ਨਾਂ ਉਸ ਸਮੇਂ ਦੇ ਉੱਘੇ ਆਗੂਆਂ ਵਿੱਚ ਲਏ ਜਾ ਸਕਦੇ ਹਨ। ਉਹਨਾਂ ਦੇ ਨਾਂ ਹਨ ਭਾਈ ਮੂਲ ਸਿੰਘ ਗੁਰਮੂਲਾ ਜੋ
ਕਿ ਮਹਾਨ ਇਤਿਹਾਸਕਾਰ, ਧਰਮ ਪ੍ਰਚਾਰ ਤੇ ਚੱਟੀ ਦੇ ਹਕੀਮ ਵੀ ਸਨ। ਜਿਨ੍ਹਾਂ ਨੇ 'ਮੂਲ ਹਿਕਮਤ' ਗਰੰਥ ਤਿਆਰ ਕੀਤਾ। ਜਿਹੜਾ ਬੜਾ ਮਸ਼ਹੂਰ
ਹਿਕਮਤ ਦਾ ਗਰੰਥ ਹੈ। ਇਸ ਤੋਂ ਬਾਅਦ ਭਾਈ ਸੁਚਾ ਸਿੰਘ ਜੋਚੱਕ (ਸੁੱਚਾ ਮੱਤੀ) ਧਰਮ ਪ੍ਰਚਾਰਕ ਮਸ਼ਹੂਰ ਅਕਾਲੀ ਲੀਡਰ ਸਨ ਤੇ ਜਥੇਦਾਰ
ਕਰਤਾਰ ਸਿੰਘ 'ਝੱਬਰ' ਨਧੱੜਕ ਲੀਡਰ ਕੁੰਜੀਆਂ ਦੇ ਮੋਰਚੇ ਦੇ 'ਹੀਰੋ' ਭਾਈ ਅਨੋਖ ਸਿੰਘ ਲਾਗਰ, ਜਥੇਦਾਰ ਮਾਨ ਸਿੰਘ ਹੰਬੋ ਐਮ. ਐਲ. ਏ.,
ਸੁੱਚਾ ਸਿੰਘ ਚੱਕ ਗੁਰਦਾਸ, ਲੱਖਾ ਸਿੰਘ ਗਾਜ਼ੀ ਮੁਨਾਰਾ, ਭਾਈ ਕੇਸਰ ਸਿੰਘ ਮਾਛੀਕੇ, ਕੇਸਰ ਸਿੰਘ ਸਮਰਾ, ਉਤਾਰ ਸਿੰਘ ਐਡਵਕੇਟ ਗੁਜਰਾਂਵਾਲਾ,
ਸ: ਦਰਬਾਰਾ ਸਿੰਘ ਐਡਵੋਕੇਟ ਸ਼ੇਖੂਪੁਰਾ, ਸ: ਲਛਮਨ ਸਿੰਘ ਧਾਰੋਵਾਲੀ ਤੇ ਦਲੀਪ ਸਿੰਘ ਸਾਹੋਵਾਲਾ 'ਸਹੀਦ ਸਾਕਾ ਨਨਕਾਨਾ ਸਾਹਿਬ', ਬਾਬਾ
ਖੜਕ ਸਿੰਘ 'ਬੇਤਾਜ ਬਾਦਸਾਹ' ਸਿਆਲਕੋਟ, ਸ: ਤੇਜਾ ਸਿੰਘ ਚੂਹੜਕਾਨਾ, ਸੰਤ ਸਿੰਘ ਕਿੜਿਆਲ, ਸ: ਹਰੀ ਸਿੰਘ ਐਡਵੋਕੇਟ, ਸ: ਬਹਾਦਰ
ਬੂਟਾ ਸਿੰਘ ਗੁਜਰਾਂਵਾਲਾ ਕੜਆਲੀਆ, ਵਰਿਆਮ ਸਿੰਘ ਗਰਮੂਲਾ ਇਹ ਸਾਰੇ ਦੇ ਸਾਰੇ ਉੱਘੇ ਮਹਾਂਪੁਰਸ਼ ਇਲਾਕਾ (ਬਾਰ) ਜਾਂ "ਸਾਂਦਲਬਾਰ",
"ਕਰਾਨਾਬ" ਜਾਂ ਫਿਰ ਦੁੱਲੇ ਭੱਟੀ ਦੀ ਬਾਰ ਵੀ ਅਖਵਾਂਦਾ ਸੀ ਜੋ ਕਿ ਜ਼ਿਲਾ ਸ਼ੇਖੂਪੁਰਾ, ਗੁਜਰਾਂਵਾਲਾ, ਲਾਇਲਪੁਰ, ਝੰਗ ਤੇ ਜਿਹਲਮ, ਸਿਆਲਕੋਟ
ਦੇ ਇਲਾਕਿਆਂ ਤੇ ਅਧਾਰਧ ਸੀ ਦੇ ਉੱਘੇ ਨਾਮਵਰ ਤੇ ਮਹਾਨ ਸ਼ਖਸੀਅਤਾਂ ਸਨ। ਇਸ ਤੋਂ ਪਹਿਲਾਂ ਇਸ ਇਲਾਕੇ ਵਿਚ ਬੜੇ ਮਹਾਨ ਯੋਧੇ ਹੋਏ ਹਨ।
ਜਿਨ੍ਹਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਉਹਨਾਂ ਦੇ ਪਿਤਾ ਸ: ਮਹਾਂ ਸਿੰਘ, ਨਵਾਬ ਕਪੂਰ ਸਿੰਘ, ਸ: ਅਮਰ ਸਿੰਘ, ਕਿਮੀ ਸਰਦਾਰ, ਬਾਬਾ ਉਧਮ
ਸਿੰਘ ਕਕੜ ਗਿੱਲ ਜਿਨ੍ਹਾਂ ਦਾ "ਸਾਂਦਲਬਾਰ" ਚਲਦਾ ਸੀ, ਮਹਾਨ ਦਾਨੀ ਸਨ। ਦੂਲਾ ਭੱਟੀ ਪਿੰਡੀ ਭੱਟੀਆਂ ਜਿਸ ਦੇ ਨਾਂ ਤੇ ਇਸ ਇਲਾਕੇ ਨੂੰ
"ਦੂਲੇ ਭਟੀ ਦੀ ਬਾਰ" ਵੀ ਆਖਿਆ ਜਾਂਦਾ ਰਿਹਾ ਹੈ। ਏਸੇ ਇਲਾਕੇ ਦੀਆਂ ਮਸ਼ਹੂਰ ਹਸਤੀਆਂ ਹੋਈਆਂ ਹਨ। ਇਸ ਇਲਾਕ ਨੇ ਸ਼ਾਇਰ ਵੀ ਪੈਦਾ
ਕੀਤੇ ਹਨ। ਜਿਹੜੇ ਕਿ ਜੰਡਿਆਲੇ ਜਿਸ ਨੂੰ ਸ਼ੇਰ ਖਾਨ ਪਠਾਨ ਨੇ ਵਸਾਇਆ ਦੇ ਪੀਰ ਵਾਰਸ ਸ਼ਾਹ ਕਰਤਾ "ਹੀਰ ਵਾਰਸਸ਼ਾਹ"—ਕਾਲੀਦਾਸ
ਕਰਤਾ "ਪੂਰਨ ਭਗਤ", "ਬਾਰਾਂ ਮਾਹ", "ਰੂਪ ਬਸੰਤ" ਤੇ ਹੋਰ ਕਈ ਪੁਸਤਕਾਂ ਦੇ ਕਰਤਾ ਗੁਜਰਾਂ ਵਾਲਾ ਦੇ ਧਾਰਮਿਕ ਤੌਰ ਤੇ ਇਸ ਇਲਾਕੇ ਵਿਚ
ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਮਹਾਨ ਉਤਾ ਹੋਏ ਹਨ। ਬਦੋਕੇ ਗੁਸਾਇਆਂ ਵਿੱਚ ਸਵਾਮੀ ਰਾਮਾਨੰਦ ਜੀ ਅਤੇ ਅਜਨੇਵਾਲੇ ਵਿੱਚ ਗੁਰੂ
ਅੰਬਰ ਪਹੁੰਚ ਵਾਲੇ ਮਹਾਨ ਮੁਦਾ ਰਸੀਦਾ ਬਜ਼ੁਰਗ ਹੋਏ ਹਨ।

ਇਹ ਇਲਾਕਾ ਇਸ ਕਰਕੇ ਗੁੰਮਨਾਮ ਰਿਹਾ ਹੈ ਕਿ ਇਸ ਇਲਾਕੇ ਵਿੱਚ ਕੋਈ ਇਤਿਹਾਸਕ ਨਹੀਂ ਹੋਇਆ। ਜਿਹੜਾ ਇਸ ਇਲਾਕੇ
ਦੇ ਇਤਿਹਾਸ ਬਾਰੇ ਕੁਝ ਲਿਖ ਜਾਂਦਾ, ਜਿਹੜਾ ਕਿ ਅੱਜ ਸਮੇਂ ਵਿਚ ਸਾਡੇ ਕੰਮ ਆਉਂਦਾ। ਭੂਗੋਲ ਵੱਲ ਵੇਖੀਏ ਤਾਂ ਇਹ ਪੰਜਾਬ ਛੇ ਦਰਿਆਵਾਂ
ਦੀ ਧਰਤੀ ਹੈ। ਸਿੰਧ, ਜਿਹਲਮ, ਚਨਾਬ, ਰਾਵੀ, ਬਿਆਸ ਤੇ ਸਤਲੁਜ ਹਨ। ਸਿੰਧ ਤੇ ਜਿਹਲਮ ਦੇ ਦਰਮਿਆਨੀ ਇਲਾਕੇ ਨੂੰ ਸਿੰਧ ਸਾਗਰ
ਕਿਹਾ ਜਾਂਦ ਹੈ। ਜਿਹਲਮ ਤੇ ਚਨਾਬ ਦੇ ਦਰਮਿਆਨੀ ਇਲਾਕੇ ਨੂੰ 'ਚਜ' ਕਿਹਾ ਜਾਂਦਾ ਹੈ। ਚਨਾਬ ਤੇ ਰਾਵੀ ਦੇ ਦਰਮਿਆਨੀ ਇਲਾਕ ਨੂੰ 'ਰਚਨਾ'
ਕਿਹਾ ਜਾਂਦਾ ਹੈ। ਰਾਵੀ ਬਿਆਸ ਦੇ ਦਰਮਿਆਨੀ ਇਲਾਕੇ ਨੂੰ 'ਧਾਰੀ' ਕਿਹਾ ਜਾਂਦਾ ਹੈ। ਬਿਆਸ ਤੇ ਸਤਲੁਜ ਦੇ ਦਰਮਿਆਨੀ ਇਲਾਕੇ ਨੂੰ ਬਿਸਤ
ਜਲੰਧਰ ਕਿਹਾ ਜਾਂਦਾ ਹੈ। ਇਸ ਨੂੰ 'ਦੂਲੇ ਭੱਟੀ ਦੀ ਬਾਰ' ਵੀ ਆਖਿਆ ਜਾਂਦਾ ਰਿਹਾ ਹੈ / ਇਸ ਇਲਾਕੇ ਨੂੰ 'ਬਾਰ' ਦੇ ਨਾਲ ਕਿਹਾ ਜਾਂਦਾ ਰਿਹਾ
ਹੈ ਕਿਉਂਕਿ ਇਹ ਇਲਾਕਾ ਜ਼ਿਆਦਾਤਰ ਜੰਗਲੀ ਸੀ ਇਸ ਇਲਾਕੇ ਦੇ ਲੋਕ ਖੇਤੀ ਘੱਟ ਤੇ ਮੱਝਾਂ, ਗਾਵਾਂ ਜ਼ਿਆਦਾ ਰੱਖਦੇ ਸਨ। ਜਿਸ ਕਰਕੇ ਇਸ
ਨੂੰ ਬਾਰ (ਜੰਗਲ) ਕਰਕੇ ਕਿਹਾ ਜਾਂਦਾ ਰਿਹਾ ਹੈ। ਇਸ ਇਲਾਕੇ ਵਿੱਚ ਕਰਾਨੇ ਵਾਲੀ ਪਹਾੜੀ ਤੇ ਭਰਤਰੀ ਜੋਗੀ ਤੇ ਉਸ ਦੇ ਨਾਲ ਸਾਂਦਲੀਆਂ
ਰਿਸ਼ੀ ਵੀ ਰਹਿੰਦਾ ਸੀ। ਜਿਸ ਕਰਕੇ ਇਸ ਇਲਾਕੇ ਨੂੰ "ਸਾਂਦਲਬਾਰ" ਕਿਹਾ ਜਾਂਦਾ ਸੀ। ਇਸ ਪਹਾੜੀ ਨੂੰ ਅੱਜ ਤੱਕ ਭਰਤਰੀ ਦਾ ਟਿਲਾ ਵੀ ਕਿਹਾ
ਜਾਂਦਾ ਹੈ। ਇਸ ਇਲਾਕੇ ਦੀ ਇਕ ਪੁਰਾਨਕ ਇਤਿਹਾਸ ਨਾਲ ਲੱਗਦੀ ਗੱਲ ਹੈ ਕਿ ਇਸ ਇਲਾਕੇ ਵਿੱਚ ਇਕ ਪੁਰਾਣਾ ਤੇ ਮਸ਼ਹੂਰ ਨਗਰ ਅਜਨੇਆ
ਵਾਲਾ ਹੈ ਜਿਹੜੀ ਰਾਜੇ 'ਅਜ' ਦੀ ਰਾਜਧਾਨੀ ਸੀ ਇਸ ਨਗਰ ਵਿਚ ਅੰਬਰ ਗੁਰੂ ਪਹੁੰਚ ਵਾਲਾ ਮਹਾਂਪੁਰਸ਼ ਹੋਇਆ ਹੈ। ਜਿਸਦਾ ਨਗਰ ਵਿਚ ਬੜੀ
ਭਾਈ ਗੱਦੀ "ਸੁੱਖ ਸਾਗਰ" ਹੈ ਤੇ ਸੰਤਾਂ ਦਾ ਡੇਰਾ ਅਖਵਾਂਦਾ ਹੈ। ਉਥੇ ਡੇਰੇ ਵਿਚ ਇਕ ਗਰੰਥ ਪਇਆ ਹੋਇਆ ਸੀ। ਜਿਹੜਾ ਪੁਰਾਤਨ ਹਿੰਦੀ
ਵਿਚ ਸੀ। ਮੈਂ ਅਪਣੀ ਅੱਖੀਂ ਉਹ ਗਰੰਥ ਵੇਖਿਆ ਹੈ। ਜਿਸ ਵਿਚ ਇਸ ਇਲਾਕੇ ਬਾਰੇ ਕਾਫ਼ੀ ਲਿਖਿਆ ਹੋਇਆ ਸੀ। ਉਹਨਾ ਦਿਨਾਂ ਵਿੱਚ ਮੈਂ
ਹਿੰਦੀ ਨਹੀਂ ਸਾਂ ਜਾਣਦਾ। ਡੇਰੇ ਦੇ ਸੰਤਾਂ ਪਾਸੋਂ ਕੁਝ ਹਿੱਸੇ ਸੁਣੇ ਸਨ। ਪਰ ਬਦਕਿਸਮਤੀ ਕਰਕੇ 1947 ਵਿਚ ਉਹ ਗਰੰਥ ਇਧਰ ਨਹੀਂ ਆ
ਸਕਿਆ। ਰਾਵੀ ਤੇ ਬਰਾਜਮਾਨ ਸੰਤ ਉਥੇ ਹੀ ਮਾਰਿਆ ਗਿਆ ਸੀ। ਇਸ ਲਈ ਉਹ ਗਰੰਥ ਨਹੀਂ ਆ ਸਕਿਆ। ਉਸ ਗਰੰਥ ਵਿਚ ਇਤਿਹਾਸ
ਬਾਰੇ ਬਹੁਤ ਕੁਝ ਲਿਖਿਆ ਹੋਇਆ ਸੀ।

ਇਸ ਇਲਾਕੇ ਵਿੱਚ ਹੋਰ ਕਾਫ਼ੀ ਸੰਤ ਮਹਾਤਮਾ ਓਲੀਆ ਪੀਰ ਹੋਏ ਹਨ। ਜਿਨ੍ਹਾਂ ਵਿੱਚ 'ਸ਼ਾਹ ਰਹਿਮਾ ਭੜੀ' ਤੇ ਸ਼ਾਹ ਜਿਉਨਾ
ਕੱਕੜ ਗਿੱਲ-ਪੀਰ ਹਯਾਤ ਸ਼ਾਹ ਜੰਡਿਆਲਾ, ਸ਼ੇਰ ਖਾਂ, ਪੀਰ ਬਹਾਰ ਸ਼ਾਹ ਸ਼ੇਖੂਪੁਰਾ ਹੋਏ ਹਨ। ਇਸ ਇਲਾਕੇ ਵਿੱਚ ਬੜੇ ਮਸ਼ਹੂਰ ਗੁਰਦੁਆਰੇ,


ਜਵੰਦ ਸਿੰਘ
(ਸੇਰੋ ਕਾ ਧੂ.ਪੀ. ਬਗਵਾੜਾ)
ਆਸਾ ਸਿੰਘ
ਨੱਥਾ ਸਿੰਘ
ਵਧਾਵਾ ਸਿੰਘ
(ਪੰਨਾ 734 ਤੇ ਵੇਖੋ)
ਸੋਹਨ ਸਿੰਘ
ਲਾਭ ਸਿੰਘ
ਕੱਕਾ ਸਿੰਘ
X
ਮਾਹਾਨਾ ਸਿੰਘ
ਅਵਤਾਰ ਸਿੰਘ
ਕਸ਼ਮੀਰ ਸਿੰਘ
ਦਵਿੰਦਰ ਸਿੰਘ
ਰਾਜਪਾਲ ਸਿੰਘ
ਨਿਰਮਲਪਾਲ ਸਿੰਘ
ਗੁਰਨਾਮ ਸਿੰਘ
ਕੁਲਬੀਰ ਸਿੰਘ
ਭਰਪੂਰਸਿੰਘ
ਆਲਮਸਿੰਘ
ਗੁਰਮੁਖਸਿੰਘ
ਸੁਦਾਗਰ ਸਿੰਘ
ਮਲੂਕ ਸਿੰਘ
ਕਾਲਾ ਸਿੰਘ
ਦਲੀਪ ਸਿੰਘ
ਬੰਤਾ ਸਿੰਘ
ਕਸ਼ਮੀਰ ਸਿੰਘ
ਸਤਨਾਮ ਸਿੰਘ
ਬੂਟਾ ਸਿੰਘ
ਹਜੂਰ ਸਿੰਘ
ਬਖਸ਼ੀਸ਼ ਸਿੰਘ
ਕੁਲਵੰਤਸਿੰਘ
ਸੁਦਰਸ਼ਨਸਿਘ
ਮਨਜੀਤ ਸਿੰਘ
ਜਸਵੰਤ ਸਿੰਘ
ਰਘਬੀਰ ਸਿੰਘ
ਅਮੀਰ ਸਿੰਘ
ਸ਼ਿਵਤਾਰ ਸਿੰਘ
ਕਰਨਬੀਰ ਸਿਘ
ਜਸਬੀਰ ਸਿੰਘ
ਅਮਰਦੀਪ ਸਿੰਘ
ਲੱਖਾ ਸਿੰਘ
ਜੰਗੀਰ ਸਿੰਘ
ਵੀਰ ਸਿੰਘ
ਤਰਲੋਕ ਸਿੰਘ
ਗੁਰਬਖਸ਼ ਸਿੰਘ
ਜਸਵੰਤ ਸਿੰਘ
ਬਾਜਾ ਸਿੰਘ
ਸੁਖਬੀਰ ਸਿੰਘ
ਅਮੀਰਸਿੰਘ
ਮੁਹੱਬਤਸਿਘ
ਕੇਹਰ ਸਿੰਘ
ਦਰਸ਼ਨਸਿੰਘ
ਜੱਜ ਸਿਘ

ਪਿੰਡ ਝੀਂਡੇ ਦੇ ਬਾਲੂ ਵਾਲੇ ਬਹਾਲੀ ਕਾ ਬਲੌਂਨਾ ਵਾਲੇ ਬਲਕਾਰ ਸਿੰਘ ਜਾਂ ਪਿੰਡ ਬਲ ਦੀਦਾਰ ਸਿੰਘ ਬਹਾਲੀਕਾ।



1. ਪਾਕਿਸਤਾਨ ਵਿਚ ਹਰਸੇ ਛੀਨੇ ਪੁਰੀਆਂ ਦੇ ਮੋਰਚੇ ਵਿਚ ਕੈਦ ਕਟੀ।
2. ਹਰਬਸ ਸਿੰਘ ਨੇ ਧਰਮ ਯੁਧ ਮੋਰਚੇ ਵਿਚ ਕੈਦ ਕਟੀ।
3. ਕਰਨੈਲ ਸਿਘ ਨੇ ਧਰਮ ਯੁਧ ਮੋਰਚੇ ਵਿਚ ਕੈਦ ਕਟੀ।

ਸ਼ੇਰ ਸਿੰਘ (ਪਿੰਡ ਰਾਜਲਾ) (ਸ਼ਾਹਬਾਦ ਗਾਜ਼ੀ ਵਾਲੇ)

ਵੀਰ ਸਿੰਘ ਦਲੀਪ ਸਿੰਘ ਸੰਤਾ ਸਿੰਘ

ਕੇਹਰ ਸਿੰਘ (ਮੰਡਵੀ)

ਵਰਿਆਮ ਸਿੰਘ ਪਾਲ ਸਿੰਘ ਸ਼ੀਸ਼ਾ ਸਿੰਘ ਮਲੂਕ ਸਿੰਘ

ਦਰਸ਼ਨ ਸਿੰਘ ਮੋਹਲ ਸਿੰਘ

ਬਿੱਲਾ ਸਿੰਘ

ਸੋਣ ਸਿੰਘ

ਕਾਲਾ ਸਿੰਘ (ਸ਼ਾਹਬਾਦ)

ਜੰਗੀਰ ਸਿੰਘ[1] ਬਾਰਾ ਸਿੰਘ ਤੇਜਾ ਸਿੰਘ ਫੌਜਾ ਸਿੰਘ ਰਾਜਾ ਸਿੰਘ

ਪਰਤਾਪ ਸਿੰਘ

ਕੁਲਦੀਪ ਸਿੰਘ ਕੁਲਵੰਤ ਸਿੰਘ ਸਤਵੰਤ ਸਿੰਘ

X

ਸਾਧਾ ਸਿੰਘ ਮੋਹਨ ਸਿੰਘ ਸੋਹਨ ਸਿੰਘ


ਖਜਾਨ ਸਿੰਘ ਸਿਮਰਨ ਸਿੰਘ

ਬਲਕਾਰ ਸਿੰਘ ਜੁਗਿੰਦਰ ਸਿੰਘ ਝਿਰਮਲ ਸਿੰਘ ਬਲਬੀਰ ਸਿੰਘ


ਬਲਵੰਤ ਸਿੰਘ ਬਲਿਹਾਰ ਸਿਘ ਪਰਮਜੀਤ ਸਿੰਘ ਸੰਤੋਖ ਸਿਘ ਅਵਤਾਰ ਸਿੰਘ ਜਗਜੀਤ ਸਿੰਘ ਮਹਿੰਦਰ ਸਿੰਘ

---

1. ਜੰਗੀਰ ਸਿੰਘ ਨੇ ਅਜ਼ਾਦੀ ਦੀ ਜੰਗ ਵਿਚ ਕਈ ਵਾਰ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਕਦਾਂ ਕੱਟੀਆਂ।


ਵਧਾਵਾ ਸਿੰਘ
ਚਤਰ ਸਿੰਘ
ਅਨੋਖ ਸਿੰਘ
ਸਰੈਣ ਸਿੰਘ
ਹਰਨਾਮ ਸਿੰਘ
ਸੁਚਾ ਸਿੰਘ
ਸੁਰਜੀਤ ਸਿੰਘ
ਸਵਿੰਦਰ ਸਿੰਘ
ਅਮਰੀਕ ਸਿੰਘ
ਮਹਿੰਦਰਸਿੰਘ
ਜੁਗਿੰਦਰਸਿੰਘ
ਸਾਹਿਬ ਸਿੰਘ
ਪ੍ਰਿਤਪਾਲ ਸਿੰਘ
ਧਨਵੀਰ ਸਿੰਘ
ਅਨੰਤ ਸਿੰਘ
ਰੇਸ਼ਮ ਸਿੰਘ
ਨਿਰਵੈਰ ਸਿੰਘ
ਪਰਗਟ ਸਿੰਘ
ਬਲਰਾਮਸਿੰਘ
ਬਲਰਾਜਸਿੰਘ
ਹਰਦਿਆਲ ਸਿੰਘ
ਹਰਦੇਵ ਸਿੰਘ
ਧਾਰਾ ਸਿੰਘ
ਗੁਰਬਚਨ ਸਿੰਘ
ਪਿਆਰਾ ਸਿੰਘ
ਸ਼ੇਰ ਸਿੰਘ
ਬਲਜੀਤ ਸਿੰਘ
ਜਗਜੀਤ ਸਿੰਘ
ਵਿਕਰਜੀਤ ਸਿੰਘ
ਮਨਪ੍ਰੀਤ ਸਿੰਘ
ਸਨਦੀਪ ਸਿੰਘ
ਗੁਰਮੇਜ ਸਿੰਘ
ਦਲਜੀਤ ਸਿੰਘ
ਵਰਿੰਦਰ ਸਿੰਘ
ਨਵਦੀਪ ਸਿੰਘ
ਅਜੇ ਪਾਲ ਸਿੰਘ


ਬਾਬਾ ਬੁਢਾ (ਪੱਤੀ ਜੀਊਨ ਕੀ) (ਇਹ ਕੁਰਸੀਨਾਮਾ ਪਿੰਡ ਕੱਕੜਾਂ ਦਾ ਹੈ)



1. ਸ਼ਾਹਾ ਜਿਊਨਾ ਇਸ ਨੂੰ ਪੀਰ ਵੀ ਆਖਦੇ ਸਨ ਜੋ ਮੁਸਲਮਾਨ ਹੋ ਗਿਆ ਸੀ, ਇਸ ਦੀ ਕਬਰ ਤੇ ਆਏ ਸਾਲ ਮੇਲਾ ਲਗਦਾ ਸੀ। ਵਿਸਾਖੀ ਤੇ ਦਾਰਾ ਸ਼ਕੋਹ ਨੂੰ ਕੋਹੜ ਲੱਗ ਗਿਆ ਸੀ। ਉਹ ਇਸ ਦੀ ਕਬਰ ਤੇ ਸਜਦਾ ਕਰਨ ਆਇਆ ਤਾਂ ਉਸ ਦਾ ਕੋਹੜ ਹੱਟ ਗਿਆ ਤਾਂ ਉਸ ਨੇ ਢੇਰੀ ਦੇ ਨਾਮ 120 ਰੁਪਏ ਦੀ ਜੰਗੀਰ ਲਗਾਈ। ਜੋ ਤਹਿਸੀਲ ਤੋਂ ਕੱਕੜਾਂ ਦੇ ਨੰਬਰਦਾਰ ਰੁਪੇ ਲੈ ਕੇ ਰਸੀਦ ਦਿੰਦਾ ਸੀ, ਜੋ ਰੁਪੇ ਇਸ ਦੇ ਮੇਲੇ ਤੇ ਖਰਚ ਕੀਤੇ ਜਾਂਦੇ ਸਨ। ਜੋ ਮਨੁਖ ਇਸ ਦੀ ਕਬਰ ਤੇ ਆਸ ਕਰ ਕੇ ਆਉਂਦਾ ਸੀ ਉਸ ਦੀ ਆਸ ਪੂਰੀ ਹੁੰਦੀ ਸੀ।


ਕੰਬੋਜ ਜਾਤ ਦਾ ਵੇਰਵਾ (ਸ਼ਹੀਦੀ ਜੀਵਨ ਕੰਬੋਜਾਂ ਦਾ, ਸਾਕਾ ਨਨਕਾਣਾ ਸਾਹਿਬ, ਕਿਤਾਬ ਪੰਨਾ 280)

ਇਹਨਾਂ ਦਾ ਨਕਾਸ ਪਹਿਲਾਂ ਗੁਜਰਾਤ ਦੇਸ਼ ਦੀ ਕਾਂਬੀ ਨਗਰੀ ਤੋਂ ਹੋਇਆ। ਜਿਸ ਕਰ ਕੇ ਇਹਨਾਂ ਨੂੰ ਕੰਬੋਜ ਕਹਿੰਦੇ ਹਨ। ਮਹਾਨ ਕੋਸ਼ ਪੰਨਾ 1066 ਅਨੁਸਾਰ ਇਹਨਾਂ ਦੇ ਸ਼ਹਿਨਸ਼ਾਹ ਕੰਬੋਜੀਆ ਨੇ ਮਿਸਰ ਉਤੇ ਧਾਵਾ ਕਰਕੇ ਅਫਰੀਕ ਫਰਾਊਨ ਨੂੰ ਹਾਰ ਦਿਤੀ ਸੀ। ਕੰਬੋਜੀ ਰਾਜ ਸਬੰਧੀ ਪੁਰਾਤਨ ਹਿੰਦੂ ਗਰੰਥਾਂ ਵਿਚ ਹਾਲ ਮਿਲਦਾ ਹੈ। ਕੰਬੋਜਾਂ ਨੇ ਵਿਸ਼ਵਾ ਮਿੱਤਰ ਅਤੇ ਵਸ਼ਿਸਟ ਦੇ ਵਿਚਕਾਰ ਹੋਣ ਵਾਲੀ ਜੰਗ ਵਿਚ ਹਿੱਸਾ ਲਿਆ। ਇਹ ਕੋਮ 3002 ਈਸਵੀ ਦਾ ਲਿਖਦਾ ਹੈ ਸਾਰੇ ਉਤਰੀ ਭਾਰਤ ਤੇ ਕਬਜਾ ਕੀਤਾ ਸੀ, ਪਿਛੋਂ ਹੀ ਕੋਮ ਨੇ ਹਮਲਾ ਕਰਕੇ ਪਛਮੀ ਹਿੰਦੂਸਤਾਨ ਵਿਚ ਖੂਨ ਦਾ ਹੜ ਵਹਾਉਣ ਪਿਛੋਂ ਉਸ ਸਮੇਂ ਕੰਬੋਜਾਂ ਦੀ ਹਿੰਦੂਸਤਾਨੀ ਸਲਤਨਤ ਬਰਬਾਦ ਹੋ ਗਈ। ਇਸੇ ਸਮੇਂ ਕੁਝ ਕੰਬੋਜ ਬਰ੍ਹਮਾਂ ਅਤੇ ਜਜ਼ੀਰਾ ਨੁਮਾ ਹਿੰਦ-ਚੀਨ ਵਿਚ ਰਾਜ ਕਾਇਮ ਕਰ ਚੁਕੇ ਸਨ। ਇਸ ਸਮੇਂ ਦੀ ਸੁੰਦਰ ਇਮਾਰਤ ਅੰਗਰ-ਵਰਟ ਦਾ ਮੰਦਰ ਸੀ ਜੋ 1092 ਈਸਵੀ ਨੂੰ ਸ਼ਹਾਬੁਦੀਨ ਗੋਰੀ ਨੇ ਹਮਲਾ ਕਰਕੇ ਥਾਨੇਸਰ ਦੇ ਮੈਦਾਨ ਵਿਚ ਪ੍ਰਿਥਵੀ ਰਾਜ ਨੂੰ ਹਰਾ ਦਿਤਾ ਤਾਂ ਰਾਜਾ ਦਮੋਦਰ ਦੀ ਕਮਾਨ ਥਲੇ ਕੰਬੋਜ ਸ਼ਾਮਲ ਸਨ। ਇਸ ਲੜਾਈ ਵਿਚ ਦਮੋਦਰ ਮਾਰਿਆ ਗਿਆ। ਮਖਦੂਮ ਸ਼ੇਖ ਸਮਾਹਾ ਉਲ ਦੀਨ ਮੁਲਤਾਨੀ ਕੰਬੋਜ ਕੋਮ ਵਿਚੋਂ ਚੰਗੇ ਜੀਵਨ ਵਾਲੇ ਸਤਪੁਰਸ਼ ਹੋਏ ਹਨ। ਸਿਕੰਦਰ ਲੋਧੀ ਇਹਨਾਂ ਦਾ ਮੁਰੀਦ ਸੀ। ਲਾਹੌਰੀ ਕੰਬੋਜਾਂ ਵਿਚ ਸ਼ੇਖ ਸ਼ਮਸ-ਉਲ-ਦੀਨ ਚੋਟੀ ਦੇ ਵਿਦਵਾਨ ਹੋਏ ਹਨ। ਪਿਛਲੀ ਅਦਮ ਗਾਂਜਤੀ ਅਨੁਸਾਰ ਕੰਬੋਜ ਪੰਜਾਬ ਵਿਚ ਦੋ ਲੱਖ ਚਾਲੀ ਹਜ਼ਾਰ ਸਨ ਜਿਨ੍ਹਾਂ ਵਿਚੋਂ 43 ਫੀਸਦੀ ਸਿੱਖ, 15 ਫੀਸਦੀ, ਹਿੰਦੂ, 42 ਫੀਸਦੀ ਮੁਸਲਮਾਨ ਸਨ। ਸਤਾਰਵੀਂ ਸਦੀ ਵਿਚ ਸਿੱਖ ਕੋਮ ਵੱਧਣ ਲੱਗੀ। ਜਦ ਗੁਰੂ ਗੋਬਿੰਦ ਸਿੰਘ ਨਾਲ ਮੁਗਲ ਹਕੂਮਤ ਨੇ ਲੜਾਈ ਸ਼ੁਰੂ ਕੀਤੀ ਉਸ ਵਕਤ ਗੁਰੂ ਜੀ ਦੀ ਜੰਗ ਵਿਚ ਭਾਈ ਮਾਹੀ ਸਿੰਘ ਕੰਬੋਜ ਨੇ ਬਹਾਦਰੀ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਜਦ ਤਲਵੰਡੀ ਸਾਬੋ ਕਮਰਕੱਸਾ ਖੋਲ੍ਹਿਆ ਤਾਂ ਭਾਈ ਮਾਹੀ ਸਿੰਘ ਕੰਬੋਜ ਪਟਿਆਲੇ ਵਾਲੇ ਨੂੰ ਗੁਰੂ ਜੀ ਨੇ ਆਪ ਲਿਖ ਕੇ ਭਾਈ ਮਾਹੀ ਸਿੰਘ ਨੂੰ ਦਿੱਤੀ ਉਹ ਚਿੱਠੀ ਜੀਵਨ ਸ਼ਹੀਦੀ ਸਾਕਾ ਨਨਕਾਣਾ ਸਾਹਿਬ ਪੰਨਾ 244 ਤੇ ਦਰਜ ਹੈ। ਗੁਰੂ ਜੀ ਨੇ ਸਿੱਖਾਂ ਨੂੰ ਭਾਈ ਮਾਹੀ ਸਿੰਘ ਦਸਵੰਦ ਬਾਰੇ ਹੁਕਮ ਕੀਤਾ। ਭਾਈ ਮਾਹੀ ਸਿੰਘ ਨੇ ਮਦਨ ਖਾਂ ਗਵਾਲੀਅਰ ਵਾਲੇ ਨੂੰ ਜੰਗ ਵਿਚ ਮਾਰ ਦਿੱਤਾ ਤਾਂ ਗੁਰੂ ਜੀ ਨੇ ਬਖਸ਼ਿਸ਼ ਕੀਤੀ।


ਬਾਬਾ ਬੁਢਾ
ਹਰੀਆ
ਈਨਮਲ
ਰਾਣਾ
ਈਸਰ
ਬਢਾਈ
ਅੱਤਰੀ
ਸ਼ਮੀਰਾ
ਮਲਾ
ਕਿਸਰਾ
ਗੁਰਾਂਦਿਤਾ
ਸਦਾ ਸਿੰਘ
ਸੁੰਦਰ ਸਿੰਘ
ਵਧਾਵਾ ਸਿੰਘ
X
ਪਾਲ ਸਿੰਘ
ਵਸਨ ਸਿੰਘ
ਖੁਸ਼ਹਾਲ ਸਿੰਘ
ਪਿਆਰਾ ਸਿੰਘ
ਉਜਾਗਰ ਸਿੰਘ
ਜੈਮਲ ਸਿੰਘ
ਹਜ਼ਾਰਾ ਸਿੰਘ
ਸ਼ਿੰਗਾਰਾ ਸਿੰਘ
ਫੌਜਾ ਸਿੰਘ
ਇੰਦਰਸਿੰਘ
ਕੁੰਦਨ ਸਿੰਘ
ਸ਼ਿਵਾ ਸਿੰਘ
ਜਗੀਰ ਸਿੰਘ
ਬਲਕਾਰ ਸਿੰਘ
ਅਮਰ ਸਿੰਘ
ਦਲੀਪ ਸਿੰਘ
ਸੁਬੇਗ ਸਿੰਘ
X
ਮੋਹਰ ਸਿੰਘ
ਸੁਖਾ ਸਿੰਘ
ਬਖਾ ਸਿੰਘ
ਗੁਰਚਰਨ ਸਿੰਘ
ਮੇਵਾ ਸਿੰਘ
ਸਰੈਣ ਸਿੰਘ
ਤਰਲੋਕ ਸਿੰਘ
ਤਰਸੇਮ ਸਿੰਘ
ਦਲਜੀਤ ਸਿੰਘ
ਲੱਖਾ ਸਿੰਘ
ਅਜੀਤਸਿੰਘ
ਹਰਦੇਵਸਿੰਘ
ਸਾਹਿਬਸਿੰਘ
ਗੁਰਚਰਨਸਿੰਘ
ਸੁਲੱਖਣਸਿੰਘ
ਖੜਕ ਸਿੰਘ
ਖਜਾਨ ਸਿੰਘ
ਮਖਣਸਿੰਘ
ਲਾਲਸਿੰਘ
X
ਜਥੇ: ਵਸਾਖਾਸਿੰਘ
ਕੁੰਦਨ ਸਿੰਘ
ਗੁਰਬਾਜ ਸਿੰਘ
ਗੁਰਲਾਲ ਸਿੰਘ
ਕਪੂਰਸਿੰਘ
ਅਮਰਸਿੰਘ
ਵੀਰਸਿੰਘ
ਸੁਬੇਗ ਸਿੰਘ
ਕਰਨੈਲ ਸਿੰਘ
ਕਿਸ਼ਨ ਸਿੰਘ
ਧਿਆਨਸਿੰਘ
ਜੋਗਾ ਸਿੰਘ
ਕੰਧਾਰਾ ਸਿੰਘ
ਜਰਨੈਲ ਸਿੰਘ
ਟਹਿਲ ਸਿੰਘ
ਸੁਦਾਗਰ ਸਿੰਘ
ਲਧਾ ਸਿੰਘ
ਲਧਾ
ਬਦਾਹਰ ਸਿੰਘ
ਨਬਾਬਰ ਸਿੰਘ
ਸ਼ਾਨ ਸਿੰਘ
ਪਿਆਰਾ ਸਿੰਘ
ਸਾਹਿਬ ਸਿੰਘ
ਵਿਰਸਾ ਸਿੰਘ
ਫੂਲਾ ਸਿੰਘ
ਕੇਹਰ ਸਿੰਘ
ਸਾਧਾ ਸਿੰਘ
ਅਵਤਾਰ ਸਿੰਘ
ਗੁਰਚਰਨ ਸਿੰਘ
ਭਜਨ ਸਿੰਘ
ਸਤਨਾਮ ਸਿੰਘ
ਬਲਿਹਾਰ ਸਿੰਘ
ਗੁਰ ਮ ਸਿੰਘ
ਜੰਗੀਰ ਸਿੰਘ
ਵਜੀਰ ਸਿੰਘ
ਹਰਨਾਮ ਸਿੰਘ
ਰਘਬੀਰ ਸਿੰਘ
ਗੁਰਬਾਜ ਸਿੰਘ
ਕਸ਼ਮੀਰ ਸਿੰਘ



ਅਮਰ ਸਿੰਘ (ਗਿੱਲ) ਕੱਕੜ
(ਜੀਵਨ ਹਾਲ ਪੰਨਾ 729 ਤੇ ਵੇਖੋ)



---

1. ਕੱਕੜਾਂ ਦਾ ਬਾਬਾ ਊਧਮ ਸਿੰਘ ਹੋਇਆ ਜੋ ਬੜਾ ਦਾਨੀ ਸੀ । ਇਸ ਦੇ ਆਪਣੇ ਪਿੰਡ ਦੇ ਕੋਲੋਂ ਵੱਡੀ ਨਹਿਰ ਲੰਘਦੀ ਸੀ । ਜਿਸ ਨੇ ਉਪਰ ਆਪਣੀ ਜ਼ਮੀਨ ਦੇ ਪਾਸ ਦਿਨ ਰਾਤ ਲੰਗਰ ਚਲਦਾ ਸੀ ਅਤੇ ਗਰਮੀਆਂ ਦੇ ਦਿਨਾਂ ਨੂੰ ਹਰ ਰੋਜ਼ ਖੰਡ ਦੀ ਬੋਰੀ ਲੱਸੀ ਅਤੇ ਸ਼ਰਬਤ ਪਿਲਾਉਂਦਾ ਸੀ । ਬਹੁਤ ਆਦਮੀ ਤਨਖਾਹਦਾਰ ਰੱਖੇ ਹੋਏ ਸਨ । ਇਲਾਕੇ ਵਿਚ ਬਾਬਾ ਦਾਨੀ ਕਰ ਕੇ ਮੰਨਿਆ ਜਾਂਦਾ ਸੀ, ਬੜਾ ਭਗਤ ਸੀ । ਦੂਰ-ਦੂਰ ਤੱਕ ਬਾਬੇ ਨੇ ਕੱਕੜਾਂ ਦਾ ਨਾਮ ਉਚਾ ਕੀਤਾ ਸੀ । ਕੱਕੜ ਬਾਬੇ ਵਾਲੇ ਸੱਦੇ ਜਾਂਦੇ ਸਨ।

ਇਕ ਹੀਰਾ ਵਿਰਕ

ਡਾ. ਦੇਵਿੰਦਰ ਸਿੰਘ ਵਿਰਕ (ਪਿੰਡ ਸਾਹੋ ਕੀ ਮਲੀਆਂ ਜ਼ਿਲ੍ਹਾ ਸੇਖੂਪੁਰਾ) ਹੁਣ ਪਟਿਆਲਾ ਸ਼ਹਿਰ ਵਿਚ ਰਹਿਦੇ ਹਨ। ਆਪ ਨੇ Homoepathic ਦੇ ਡਾਕਟਰ ਚਾਰ ਸਾਲ ਦਾ D.M.S. Course West Bengal State Faculty of Homoeopathy, Calcutta ਤੋਂ ਕੀਤਾ। ਫਿਰ ਉਸੇ ਕਾਲਜ ਤੋਂ Midwifery ਤੇ Gynaecology ਦੀ Post-Gradute Traing ਕੀਤੀ। ਉਸ ਤੋਂ ਬਾਅਦ ਫਿਰ House Surgeon ਤੇ Registrar Calcutta Homoeopathic Medical Collage ਤੇ Hosipatels ਲੱਗੇ ਰਹੇ। ਇਹ ਕਾਲਜ Homoeopathic ਦਾ ਭਾਰਤ ਦਾ ਸਭ ਤੋਂ ਪਹਿਲਾ ਉੱਚੇ ਪੱਧਰ ਦਾ ਕਾਲਜ ਹੈ, ਅੱਜ ਕੱਲ ਇਹ Indian Institute of Homoeopathic Physician ਦੇ Vice President ਹਨ ਜਿਹੜੀ National ਪੱਧਰ ਤੇ Qualified ਡਾਕਟਰਾਂ ਦੀ ਸੰਸਥਾ ਹੈ। Punjab State Homoeopathic Advisory ਦੇ ਮੈਂਬਰ ਤੋਂ ਪਹਿਲਾਂ Punjab State Homoeopathic Council ਦੇ Member ਰਹੇ ਹਨ।


ਡਾ: ਦੇਵਿੰਦਰ ਸਿੰਘ ਵਿਰਕ

ਸ਼ੁਰੂ ਤੋਂ ਖੇਡਾਂ ਵਿਚ ਹਿਸਾ ਲੈਂਦੇ ਰਹੇ ਹਨ। (Wrestling, Football, Yoga, Weightlifting ਅਤੇ Gymnastics) 1974 ਵਿਚ Yoga Fedration of India ਬਣੀ। ਉਸ ਦੇ ਹੁਣ ਤੱਕ Vice President ਹਨ। 1962 ਤੋਂ ਹੁਣ ਤੱਕ Punjab Weightlifiting Association ਦੇ Hony. Secy. ਹਨ।


1973 ਵਿਚ ਭਾਰਤ ਵਲੋਂ IRAN ਵਿਚ ਹੋਏ International Weightlifting Coaching Clinical Attend ਕੀਤਾ।


1988 ਵਿਚ India ਦੀ Team ਦੇ Leader ਬਣ ਕੇ MALTA ਗਏ ਤੇ India Weightlifting Championship ਜਿੱਤੀ।

Weightlifting ਦੇ International Class I refree ਹਨ।

1974 ਵਿਚ Punjab Yoga Association ਬਣੀ ਤੇ ਉਸ ਦੇ ਹੁਣ ਤੱਕ Hony. Secy. ਹਨ।


ਅੱਜ ਕੱਲ ਪਟਿਆਲੇ ਸ਼ੇਰਾਂ ਵਾਲਾ ਗੇਟ ਇਨ੍ਹਾਂ ਦੀ ਡਾਕਟਰੀ ਦੀ ਦੁਕਾਨ ਹੈ ਤੇ ਆਪਣੇ ਘਰ YOGA ਦਾ ਅਤੇ Weightlifting ਦਾ Centre ਬਣਾਇਆ ਹੋਇਆ ਹੈ ਜਿਥੇ 60 ਬੱਚੇ Training ਲੈਂਦੇ ਹਨ।


ਮੋਮਨ ਕੀ ਪੱਤੀ
ਕੱਕੜਾਂ ਦਾ ਕੁਰਸੀਨਾਮਾ
ਪੱਤੀ ਸਾਹੂ ਕੀ
ਭਾਗਾ
ਲਖਾ ਸਿੰਘ
ਝੰਡਾ
ਕੌਟੂ
ਬਾਹਲੀ ਸਿੰਘ
ਸਜਾਦਾ ਸਿੰਘ
ਰਜਾਦਾ ਸਿੰਘ
ਤੇਗਾ ਸਿੰਘ
X
ਕਾਹਨਾ
ਹੀਰਾ ਸਿੰਘ
ਕਾਲਾ ਸਿੰਘ
ਮਾਨ ਸਿੰਘ
ਕਰਤਾਰ ਸਿੰਘ
ਚੜਤ ਸਿੰਘ
ਖੜਕ ਸਿੰਘ
ਬੇਲਾ ਸਿੰਘ
ਸਵੇਹਲ ਸਿੰਘ
X
ਸਾਧਾ ਸਿੰਘ
ਪਾਲ ਸਿੰਘ
ਜਾਨਪਾਲ ਸਿੰਘ
ਬਲਕਾਰਸਿੰਘ
ਇਕਬਾਲਸਿੰਘ
ਅਮੀਰਸਿੰਘ
ਮਾਲਕ ਸਿੰਘ
ਗੁਰਦਿਆਲ ਸਿੰਘ
ਰਾਮ ਪ੍ਰਤਾਪ ਸਿੰਘ
ਸੁੰਦਰ ਸਿੰਘ
X
ਜਗਤ ਸਿੰਘ
ਵੀਰ ਸਿੰਘ
ਗੁਰਬਚਨ ਸਿੰਘ
ਹਰਬੰਸ ਸਿੰਘ
ਜਰਨੈਲ ਸਿੰਘ
ਕਰਨੈਲ ਸਿੰਘ
ਟਹਿਲ ਸਿੰਘ
ਮਹਿਲ ਸਿੰਘ
ਕਾਬਲ ਸਿੰਘ
ਬਲਵਿੰਦਰ ਸਿੰਘ
ਸੁਖਵਿੰਦਰ ਸਿੰਘ
ਗੁਰਲਾਲ ਸਿੰਘ
ਸਾਹਿਬ ਸਿੰਘ
ਅੰਗਰੇਜ ਸਿੰਘ
ਜਸਬੀਰ ਸਿੰਘ
ਭਜਨ ਸਿੰਘ
ਰਘਬੀਰ ਸਿੰਘ
ਕਸ਼ਮੀਰ ਸਿੰਘ
ਬਲਕਾਰ ਸਿੰਘ
ਅਵਤਾਰ ਸਿੰਘ
ਸਤਨਾਮ ਸਿੰਘ
ਗੁਰਨਾਮ ਸਿੰਘ
ਜਸਬੀਰ ਸਿੰਘ
X
ਮਸਤਾਨਸਿੰਘ
X
ਚਰਨਜੀਤ ਸਿੰਘ
ਤਰਸੇਮਸਿੰਘ
ਅਮਰਜੀਤਸਿੰਘ
ਸਵਰਨ ਸਿੰਘ
ਕਰਨਜੀਤ ਸਿੰਘ
X
ਬਲਜੀਤ ਸਿੰਘ
ਮਨਜੀਤ ਸਿੰਘ





1. ਸ: ਜਗੀਰ ਸਿੰਘ ਦਾ ਪੂਰਾ ਜੀਵਨ ਹਾਲ ਅੱਗੇ ਪੜ੍ਹੋ ।


ਸ਼ੱਜਰਾ ਕੋਟ ਸੋਂਹਦਾ ਤਹਿ: ਤੇ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਹੁਣ ਪਿੰਡ ਹਾਬੜੀ ਜ਼ਿਲ੍ਹਾ ਕੁਰਕਸ਼ੇਤਰ




(ਚਲਦਾ 743 ਤੋਂ)


ਜੋਹ ਸਿੰਘ
ਗੁਰਦਿਆਲ ਸਿੰਘ
ਲਾਲ ਸਿੰਘ
ਗੰਡਾ ਸਿਘ
(ਅੱਗੇ ਵੇਖੋ)
ਨਿਹਾਲ ਸਿੰਘ
ਜਵਾਲਾ ਸਿੰਘ
ਖੁਸਹਾਲ ਸਿੰਘ
ਈਸ਼ਰ ਸਿੰਘ
ਮੀਂਹਾ ਸਿੰਘ
ਕਰਤਾਰ ਸਿੰਘ
ਵਿਰਸਾ ਸਿੰਘ
ਜੋਵਾਹਰ ਸਿੰਘ
ਚੇਤ ਸਿੰਘ
ਉਜਾਗਰ ਸਿੰਘ
ਸੌਦਾਗਰ ਸਿੰਘ
ਅਨੋਖ ਸਿੰਘ
ਕਰਨੈਲ ਸਿੰਘ
ਫੂਲਾ ਸਿੰਘ
ਮੂਲਾ ਸਿੰਘ
ਸ਼ਰਧਾ ਸਿੰਘ
ਨਿਸ਼ਾਨ ਸਿੰਘ
ਅਜੀਤ ਸਿੰਘ
ਸੇਵਾ ਸਿੰਘ
ਹਰਮੇਜ ਸਿੰਘ
ਕੁਲਵੰਤਸਿੰਘ
ਸੋਹਨ ਸਿੰਘ
ਖਜਾਨ ਸਿੰਘ
ਬਲਕਾਰ ਸਿੰਘ
ਜੈਮਲ ਸਿੰਘ
ਹਰੀਸਿੰਘ
ਕ੍ਰਿਪਾਲ ਸਿੰਘ
ਬੂਟਾ ਸਿੰਘ
ਸਵਿੰਦਰ ਸਿੰਘ
ਨਥਾ ਸਿੰਘ
ਅਰਜਨ ਸਿੰਘ
ਸੰਤੋਖ ਸਿੰਘ
ਚੰਨਣਸਿੰਘ
ਗੋਪਾਲ ਸਿੰਘ
ਪੂਰਨ ਸਿੰਘ
ਸਰੈਣ ਸਿੰਘ
ਨਰਾਇਣ ਸਿੰਘ
ਗੇਹਲ ਸਿੰਘ
ਹਜੂਰ ਸਿੰਘ
ਦਲੀਪ ਸਿੰਘ
ਕੇਹਰ ਸਿੰਘ
ਅਵਤਾਰ ਸਿੰਘ
ਨਰਿੰਦਰ ਸਿੰਘ


ਟਹਿਲ ਸਿੰਘ
ਜੈਮਲ ਸਿੰਘ
ਖੜਕ ਸਿੰਘ
ਅਮਰੀਕ ਸਿਘ
ਹਰਦਿਤ ਸਿੰਘ
ਭਾਗ ਸਿੰਘ
ਸੁਚਾ ਸਿੰਘ
ਸਵਰਨ ਸਿੰਘ
ਇਕਬਾਲ ਸਿੰਘ
ਗੁਰਬਚਨ ਸਿੰਘ
ਪ੍ਰੀਤਮ ਸਿੰਘ
ਸਾਹਿਬ ਸਿੰਘ
ਰਛਪਾਲ ਸਿੰਘ
ਗੁਰਬਾਜ ਸਿੰਘ
ਗੁਰਚਰਨ ਸਿੰਘ
ਗੁਰਮੁਖ ਸਿੰਘ
ਬਲਬੀਰ ਸਿੰਘ
ਮੇਜਰ ਸਿੰਘ
ਜਸਵੰਤ ਸਿੰਘ
ਜੋਰਾਵਰ ਸਿੰਘ
ਕਰਮਜੀਤ ਸਿੰਘ
ਪ੍ਰਮਜੀਤ ਸਿੰਘ
ਇੰਦਰਜੀਤ ਸਿੰਘ
ਸੁਖਜੀਤ ਸਿੰਘ
ਹਰਜਿੰਦਰ ਸਿੰਘ
ਸੁਖਜਿੰਦਰ ਸਿੰਘ
ਸੈਨਾ ਸਿੰਘ
ਸੇਵਾ ਸਿੰਘ
ਸੰਤੋਖ ਸਿੰਘ
ਕਰਤਾਰ ਸਿੰਘ
ਦਰਬਾਰਾ ਸਿੰਘ
ਲਾਭ ਸਿੰਘ
ਲਾਲ ਸਿੰਘ
ਅਜੈਬ ਸਿੰਘ
ਰਜਿੰਦਰਸਿੰਘ
ਅਮਰ ਸਿੰਘ
ਮੋਹਰ ਸਿੰਘ
ਭਗਤ ਸਿੰਘ
ਜੀਤ ਸਿੰਘ
ਗੁਰਮੀਤ ਸਿੰਘ
ਜੋਗਿੰਦਰ ਸਿੰਘ



(ਚਲਦਾ)
ਗੰਡਾ ਸਿੰਘ
ਹੀਰਾ ਸਿੰਘ
ਜਗਤ ਸਿਘ
ਲਹਿਣਾ ਸਿੰਘ
ਸ਼ੇਰ ਸਿੰਘ
ਮੰਗਲ ਸਿੰਘ
(ਅਗੇ ਵੇਖੋ)
ਸੰਤ ਸਿੰਘ
ਤੇਜਾ ਸਿੰਘ
ਜਰਨੈਲ ਸਿੰਘ
ਹਜਾਰਾ ਸਿੰਘ
ਰਛਪਾਲ ਸਿੰਘ
ਇਕਬਾਲ ਸਿੰਘ
ਸੁਰਿੰਦਰ ਸਿੰਘ
ਗੁਰਦੀਪ ਸਿੰਘ
ਅਜੀਤ ਸਿੰਘ
ਅਨਾਇਤ ਸਿੰਘ
ਸੂਰਤ ਸਿੰਘ
ਸ਼ਿੰਗਾਰਾ ਸਿੰਘ
ਤਖਤ ਸਿੰਘ
ਕਰਤਾਰ ਸਿੰਘ
ਰਾਮ ਸਿੰਘ
ਵਧਾਵਾ ਸਿੰਘ
ਇੰਦਰਜੀਤ ਸਿੰਘ
ਨਵਾਬ ਸਿੰਘ
ਕੁਲਵੰਤ ਸਿੰਘ
ਗੁਰਮੀਤ ਸਿੰਘ
ਗਿਆਨ ਸਿੰਘ
ਦਰਦਪਾਲ ਸਿੰਘ
ਸੁਖਪਾਲਸਿਘ
ਹਰਜੀਤ ਸਿੰਘ
ਨਵਦੀਪ ਸਿੰਘ
ਅਜਮੇਰ ਸਿੰਘ
ਹਰਜੀਤ ਸਿੰਘ
ਹਰਦੇਵ ਸਿੰਘ
ਗੁਰਦੇਵ ਸਿੰਘ
ਅੰਮ੍ਰਿਤਪਾਲ ਸਿੰਘ
ਜਾਨਪਾਲ ਸਿੰਘ
ਖੁਸ਼ਪਾਲਸਿੰਘ
ਸ਼ੇਰ ਸਿੰਘ
ਹਰਦੀਪ ਸਿੰਘ
ਸ਼ੀਸ਼ਾ ਸਿੰਘ
ਬੰਤਾ ਸਿੰਘ
ਨਿਰਵੈਰ ਸਿੰਘ
ਨਛੱਤਰਸਿੰਘ
ਰਾਜ ਸਿੰਘ
ਗੁਰਬਚਨ ਸਿੰਘ
ਸਾਹਿਬ ਸਿੰਘ
ਹਰਭਜਨ ਸਿੰਘ
ਮਾਲਕ ਸਿੰਘ
ਗਗਨ ਸਿੰਘ
ਦਰਦੀਪਸਿੰਘ
ਬੂਟਾਸਿੰਘ
ਕੁਲਦੀਪਸਿੰਘ
ਗੁਰਨਾਮ ਸਿੰਘ
ਨਿਸ਼ਾਨ ਸਿੰਘ
ਬਲਬੀਰ ਸਿੰਘ
ਮਨਜੀਤ ਸਿੰਘ
ਦਿਲਬਾਗ ਸਿੰਘ
ਗੁਰਬਾਜਸਿੰਘ
ਧਰਮਪਾਲਸਿੰਘ
ਰਾਜਪਾਲਸਿੰਘ
ਰਛਪਾਲ ਸਿੰਘ
ਲਾਲ ਸਿੰਘ
ਸਤਨਾਮਸਿੰਘ



1. ਮੁਹੱਬਤ ਸਿੰਘ ਕੋਟ ਸੱਂਧਦੇ ਦਾ ਬੜਾ ਵੱਡਾ ਇਨਕਲਾਬੀ ਸੀ। ਇਸ ਦੇ ਪਾਸ ਬੜੇ ਮਫਰੂਰ ਆਉਂਦੇ ਸਨ। ਜਦ ਇਹ ਘਰ ਨਹੀਂ ਸੀ ਹੁੰਦਾ ਤਾਂ ਇਸ ਦੀ ਭੈਣ ਮਾਨ ਕੌਰ ਮਫਰੂਰਾਂ ਨੂੰ ਰੋਟੀ ਬਿਸਤਰਾ ਦਿਆ ਕਰਦੀ ਸੀ। ਕਈ-ਕਈ ਮਹੀਨੇ ਉਹਨਾਂ ਨੂੰ ਲੁਕਾ ਕੇ ਰਖਦੀ ਸੀ, ਇਸ ਖਾਨਦਾਨ ਨੇ ਅਜ਼ਾਦੀ ਜੰਗ ਵਿਚ ਸਾਰੇ ਇਲਾਕੇ ਵਿਚੋਂ ਜ਼ਿਆਦਾ ਹਿਸਾ ਪਾਇਆ।

ਜਗੀਰ ਸਿੰਘ ਕੋਟੀਆ

ਮੇਰੀ ਪੈਦਾਇਸ਼ 17 ਅਪਰੈਲ 1917 ਨੂੰ ਪਿੰਡ ਕੋਟ ਸੋਂਹਦਾ ਡਾਕਖਾਨਾ ਚੂਹੜਕਾਨਾ ਮੰਡੀ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਵਿਚ ਹੋਈ। ਮੈਂ ਪ੍ਰਾਇਮਰੀ ਪਿੰਡ ਵਿਚ, ਮਿਡਲ ਚੂਹੜਕਾਨਾ ਮੰਡੀ ਤੇ ਮੈਟਰਿਕ ਸਾਂਗਲਾ ਹਿਲ ਖਾਲਸਾ ਕਾਲਜ ਵਿਚ ਕੀਤੀ। ਮੇਰਾ ਖਾਨਦਾਨ ਦਰਮਿਆਨਾ ਜ਼ਿਮੀਂਦਾਰ ਅਤੇ ਆਪਣੇ ਇਲਾਕੇ ਵਿਚ ਕਾਫ਼ੀ ਅਸਰ ਰਸੂਖ ਰਖਦਾ ਸੀ। ਮੈਟ੍ਰਿਕ ਤੋਂ ਬਾਅਦ ਮੈਂ ਵੀ ਖੇਤੀ ਦੇ ਕੰਮ ਵਿਚ ਲੱਗ ਗਿਆ। ਮੇਰੇ ਚਾਚਾ ਕਾਮਰੇਡ ਮੁਹੱਬਤ ਸਿੰਘ ਬਹੁਤ ਸਮੇਂ ਤੋਂ ਕਮਿਊਨਿਸਟ ਪਾਰਟੀ ਵਿਚ ਕੰਮ ਕਰਦੇ ਸਨ। ਮੈਨੂੰ ਇਹਨਾਂ ਤੋਂ ਦੇਸ਼ ਦੀ ਆਜ਼ਾਦੀ ਲਈ ਕੁਝ ਕਰਨ ਦੀ ਪਰੇਰਨਾ ਮਿਲਦੀ ਰਹਿੰਦੀ ਸੀ। 1939 ਵਿਚ ਲਾਹੌਰ ਵਿਚ ਆਲ ਇੰਡੀਆ ਕਿਸਾਨ ਸਭਾ ਨੇ ਮੋਘਾ ਮੋਰਚਾ ਲਾਇਆ ਤੇ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ ਸਾਡੇ ਨੇੜੇ ਗੁਰਦੁਆਰਾ ਸੱਚਾ ਸੌਦਾ ਜਿਥੇ ਕਿ ਹਰ ਮਹੀਨੇ ਮਸਿਆ ਤੇ ਕਾਫੀ ਲੋਕ ਇਕੱਠੇ ਹੁੰਦੇ ਸਨ, ਕਿਸਾਨ ਸਭਾ ਨੇ ਵੀ ਆਪਣੀ ਕਾਨਫਰੰਸ ਉਥੇ ਰੱਖ ਦਿੱਤੀ ਤੇ ਸਾਥੀ ਤੇਜਾ ਸਿੰਘ ਚੂਹੜਕਾਨਾ ਦੀ ਪ੍ਰਧਾਨਗੀ ਹੇਠ ਲੋਕਾਂ ਨੂੰ ਮਾਰਚ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ। ਮੈਂ ਵੀ ਉਹਨਾਂ ਦੀ ਤਕਰੀਰ ਸੁਣ ਕੇ ਬੜਾ ਪ੍ਰਭਾਵਿਤ ਹੋਇਆ ਤੇ ਮੋਰਚੇ ਵਿਚ ਸ਼ਾਮਲ ਹੋਣ ਦਾ ਇਰਾਦਾ ਕਰ ਕੇ ਜਥੇ ਵਿਚ ਸ਼ਾਮਲ ਹੋ ਕੇ ਪਿੰਡ-ਪਿੰਡ ਪੁੱਜੇ ਹੋਏ ਤੇ ਲੋਕਾਂ ਨੂੰ ਨਾਲ ਲੈਂਦੇ ਹੋਏ ਤਕਰੀਬਨ 5-6 ਦਿਨਾਂ ਬਾਅਦ ਰਾਤ ਸ਼ੇਖੂਪੁਰੇ ਜਾ ਕੇ ਕੱਟੀ।


ਇਸ ਸਮੇਂ ਜਥੇ ਵਿੱਚ 500 ਲੋਕ ਇਕੱਠੇ ਹੋ ਚੁੱਕੇ ਸਨ। ਅਗਲੇ ਦਿਨ ਲਾਹੌਰ ਜਾ ਕੇ ਗ੍ਰਿਫਤਾਰੀਆਂ ਦੇਣੀਆਂ ਸਨ। ਮੇਰੇ ਘਰ ਵਾਲਿਆਂ ਨੂੰ ਪਤਾ ਲੱਗ ਗਿਆ ਸੀ ਕਿ ਮੈਂ ਜਥੇ ਵਿੱਚ ਸ਼ਾਮਲ ਹੋ ਕੇ ਲਾਹੌਰ ਗ੍ਰਿਫਤਾਰੀ ਦੇਣ ਜਾ ਰਿਹਾ ਹਾਂ। ਉਹਨਾਂ ਨੇ ਸ਼ੇਖੂਪੁਰ ਆ ਕੇ ਇਕ ਥਾਣੇਦਾਰ ਨਾਲ ਗੱਲ ਕਰ ਕੇ ਮੈਨੂੰ ਧੱਕੇ ਨਾਲ ਫੜ ਕੇ ਇਕ ਟਾਂਗੇ ਵਿਚ ਬਿਠਾ ਲਿਆ।


ਉਸ ਵੇਲੇ ਮੈਂ ਇਕੱਲਾ ਬਾਜ਼ਾਰ ਵਿੱਚ ਪਗੜੀ ਨੂੰ ਰੰਗ ਕਰਾਉਣ ਆਇਆ ਹੋਇਆ ਸਾਂ। ਮੈਂ ਆਪਣੇ ਦਿਲ ਪੱਕਾ ਪ੍ਰਣ ਕਰ ਲਿਆ ਕਿ ਪੱਗ ਜਥੇ ਵਿਚ ਸ਼ਾਮਲ ਹੋ ਕੇ ਹੀ ਬੰਨਾਂਗਾ। ਪਿੰਡ ਆ ਕੇ ਘਰ ਵਾਲਿਆਂ ਨੇ ਤਕਰੀਬਨ 2 ਦਿਨ ਮੇਰੀ ਨਿਗਰਾਨੀ ਕੀਤੀ। ਤੀਜੇ ਦਿਨ ਮੈਂ ਉਹਨਾਂ ਨੂੰ ਵਿਸ਼ਵਾਸ ਦੁਆਇਆ ਕਿ ਮੈਂ ਹੁਣ ਮੋਰਚੇ ਵਿੱਚ ਹਿੱਸਾ ਲੈਣ ਨਹੀਂ ਜਾਂਦਾ।

ਨੌਕਰਾਂ ਦੀ ਰੋਟੀ ਲੈ ਕੇ ਖੇਤ ਵਿਚ ਚਲਾ ਗਿਆ ਤੇ ਉਥੋਂ ਦੂਜੇ ਖੇਤ ਵਿਚੋਂ ਹੁੰਦਾ ਹੋਇਆ ਬਸ ਵਿਚ ਬੈਠ ਕੇ ਲਾਹੌਰ ਪਹੁੰਚ ਗਿਆ। 80 ਦੇ ਕਰੀਬ ਨਾਬਾਲਿਗ ਲੜਕੇ ਜਿਹੜੇ ਦਫਾ 144 ਤੋੜਨ ਦੇ ਜ਼ੁਰਮ ਵਿਚ ਛੱਡ ਦਿੱਤੇ ਗਏ ਸਨ, ਉਹਨਾਂ ਦਾ ਜਥਾ ਬਣ ਕੇ ਲਾਹੌਰ ਮਾਲ ਰੋਡ ਤੇ ਦਫਾ 144 ਦੀ ਉਲੰਘਣਾ ਕਰ ਕੇ ਗ੍ਰਿਫਤਾਰ ਹੋ ਗਏ। ਮਜਿਸਟਰੇਟ ਨੇ ਸਾਨੂੰ 9-9 ਮਹੀਨਿਆਂ ਦੀ ਸਜ਼ਾ ਦਿੱਤੀ ਤੇ ਨਬਾਲਿਗਾਂ ਨੂੰ 6-6 ਮਹੀਨੇ ਦੀ। ਸਜ਼ਾ ਦੇ ਕੇ ਲਾਹੌਰ ਸੈਂਟਰਲ ਜੇਲ ਭੇਜ ਦਿੱਤਾ ਗਿਆ। ਉਥੋਂ ਅਗਲੇ ਦਿਨ ਸਾਰਿਆਂ ਨੂੰ ਹੱਥਕੜੀਆਂ ਤੇ ਬੇੜੀਆਂ ਲਾ ਕੇ ਤਕਰੀਬਨ 2000 ਦੇ ਕਰੀਬ ਬੰਦਿਆਂ ਨੂੰ ਸਪੈਸ਼ਲ ਗੱਡੀ ਰਾਹੀਂ ਰਾਵਲਪਿੰਡੀ ਸੈਂਟਰਲ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਉਥੇ ਸਾਰੇ ਪੁਰਾਣੇ ਇਨਕਲਾਬੀ ਦੇਸ਼ ਭਗਤ ਜਿਹਨਾਂ ਵਿਚ ਬਾਬਾ ਸੋਹਨ ਸਿੰਘ ਭਕਨਾ, ਬਾਬਾ ਕਰਮ ਸਿੰਘ ਚੀਮਾ, ਬਾਬਾ ਕੇਸਰ ਸਿੰਘ, ਕਾਮਰੇਡ ਸੰਤਾ ਸਿੰਘ ਗੰਦੀ ਵਿੰਡ, ਬਾਬਾ ਪ੍ਰਿਥਵੀ ਸਿੰਘ ਆਜ਼ਾਦ ਤੇ ਸੱਯਦ ਅੱਤਾ ਉਲਾ ਸ਼ਾਹ ਬੁਖਾਰੀ ਤੇ ਹੋਰ ਦੇਸ਼ ਭਗਤਾਂ ਦੇ ਨਾਲ ਰਹਿਣ ਦਾ ਮੌਕਾ ਮਿਲਿਆ।

ਤਕਰੀਬਨ 6 ਮਹੀਨਿਆਂ ਪਿਛੋਂ ਸਰਕਾਰ ਅਤੇ ਕਿਸਾਨ ਸਭਾ ਵਿਚ ਸਮਝੌਤਾ ਹੋਣ ਕਰ ਕੇ ਸਾਰੇ ਕੈਦੀਆਂ ਨੂੰ ਛੱਡ ਦਿੱਤਾ ਗਿਆ। ਰਾਵਲਪਿੰਡੀ ਜੇਲ੍ਹ ਵਿਚ ਬਾਬਾ ਪ੍ਰਿਥਵੀ ਸਿੰਘ ਆਜ਼ਾਦ ਤੇ ਅੱਤਾ ਉਲਾ ਸ਼ਾਹ ਬੁਖਾਰੀ ਦੇ ਨਾਲ ਰਹਿਣ ਦਾ ਮੌਕਾ ਨਸੀਬ ਹੋਇਆ ਤੇ ਉਹਨਾਂ ਦੀਆਂ ਦਿੱਤੀਆਂ ਹੋਈਆਂ ਕੁਰਬਾਨੀਆਂ ਦਾ ਦਿਲ ਤੇ ਬੜਾ ਡੂੰਘਾ ਅਸਰ ਹੋਇਆ ਤੇ ਅੱਗੋਂ ਦੇਸ਼ ਲਈ ਕੁਝ ਕਰਨ ਦੀ ਖਾਹਿਸ਼ ਜਾਗ ਉਠੀ। ਪਿੰਡ ਆ ਕੇ ਵੀ ਧਿਆਨ ਦੇਸ਼ ਵਾਸਤੇ ਕੁਛ ਕਰਨ ਲਈ ਰਹਿੰਦਾ। ਉਹਨਾਂ ਦਿਨਾਂ ਵਿਚ ਕੀਰਤੀ ਪਾਰਟੀ ਦੇ ਲੀਡਰਾਂ ਨੇ ਆਪਣਾ ਅਖਬਾਰ ਲਾਲ ਝੰਡਾ ਕੱਢਣ ਦਾ ਫੈਸਲਾ ਕੀਤਾ ਤੇ ਉਹਨਾਂ ਨੇ ਮੇਰੇ ਚਾਚਾ ਮੁਹੱਬਤ ਸਿੰਘ ਦੇ ਰਾਹੀਂ ਮੈਨੂੰ ਲਾਹੌਰ ਬੁਲਾ ਲਿਆ। ਉਥੇ ਮੈਨੂੰ ਕਾਮਰੇਡ ਰਾਮ ਕਿਸ਼ਨ ਬੀ ਏ. ਨੈਸ਼ਨਲ, ਕਾਮਰੇਡ ਧਨਵੰਤਰੀ, ਕਾਮਰੇਡ ਗੁਰਚਰਨ ਸਿੰਘ ਸੈਂਸਰਾ, ਸੋਢੀ ਹਰਮਿੰਦਰ ਸਿੰਘ, ਕਾਮਰੇਡ ਅੱਛਰ ਸਿੰਘ ਤੇ ਕਾਮਰੇਡ ਰਾਮ ਸਿੰਘ ਦੱਤ ਨੂੰ ਮਿਲਣ ਦਾ ਮੌਕਾ ਮਿਲਿਆ। ਇਸ ਤੋਂ ਪਹਿਲਾਂ ਅੰਮ੍ਰਿਤਸਰ ਇੱਕ ਸਟੱਡੀ ਸਰਕਲ 15 ਦਿਨਾਂ ਲਈ ਕਾਮਰੇਡ ਰਾਮ ਸਿੰਘ ਦੱਤ ਨੇ ਲਾਇਆ ਸੀ। ਜਿਸ ਵਿਚ ਮੈਂ ਵੀ ਸ਼ਾਮਲ ਹੋਇਆ ਸਾਂ। ਜਿਸ ਵਿਚ ਮਾਰਕਸੀਜਮ ਤੇ ਪਾਰਟੀ ਦੇ ਖੁਫੀਆ ਕੰਮਾਂ ਦੀ ਟਰੇਨਿੰਗ ਹਾਸਲ ਕੀਤੀ।

ਕਾਮਰੇਡ ਧਨਵੰਤਰੀ ਮੈਨੂੰ ਆਪਣੇ ਨਾਲ ਬਰੈਡਲਾ ਹਾਲ ਲਾਹੌਰ ਲੈ ਗਏ ਜਿਥੇ ਕਿ ਆਲ ਇੰਡੀਆ ਕਾਂਗਰਸ ਦਾ ਦਫਤਰ ਸੀ। ਉਥੇ ਮੈਨੂੰ ਸਾਈਕਲੋ ਸਟਾਈਲ ਮਸ਼ੀਨ ਤੇ ਕੰਮ ਕਰਨ ਦੀ ਤਕਰੀਬਨ ਇਕ ਘੰਟਾ ਟਰੇਨਿੰਗ ਦਿੱਤੀ ਗਈ ਜਿਹੜੀ ਕਿ ਬਿਲਕੁਲ ਮੇਰੀ ਸਮਝ ਵਿਚ ਆ ਗਈ। ਇਸ ਤੋਂ ਬਾਅਦ ਕਾਮਰੇਡ ਧਨਵੰਤਰੀ ਨੇ ਪੁਲਿਸ ਦੀ ਨਿਗਰਾਨੀ ਹੁੰਦਿਆਂ ਹੋਇਆਂ ਵੀ ਮੈਨੂੰ ਨਾਲ ਲੈ ਕੇ ਬੀਡਨ ਰੋਡ ਤੋਂ ਨਵੀਂ ਸਾਈਕਲੋ ਸਟਾਈਲ ਮਸ਼ੀਨ ਤੇ ਦੂਜਾ ਜ਼ਰੂਰੀ ਸਮਾਨ ਲੈ ਕੇ ਬਸ ਚੜ੍ਹਾ ਦਿੱਤਾ। ਮੈਂ ਸਾਰਾ ਸਮਾਨ ਲੈ ਕੇ ਆਪਣੇ ਪਿੰਡ ਠੀਕ ਠਾਕ ਪਹੁੰਚ ਗਿਆ ਤੇ





1. ਸਰਦਾਰ ਹਰਬੰਸ ਸਿੰਘ ਉਸ ਪਿੰਡ ਦੇ ਜੰਮਪਲ ਹਨ, ਜਿਸ ਨੇ ਅਜ਼ਾਦੀ ਦੀ ਜੰਗ ਵਿਚ ਸਾਰੇ ਇਲਾਕੇ ਨਾਲੋਂ ਜ਼ਿਆਦਾ ਕੁਰਬਾਨੀ ਕੀਤੀ ਸੀ ਅਤੇ ਸਰਦਾਰ ਮੁਹੱਬਤ ਸਿੰਘ ਬੜੇ ਹੀ ਕੁਰਬਾਨੀ ਵਾਲੇ ਹਨ। ਸ: ਜੰਗੀਰ ਸਿੰਘ ਜਿਹਨਾਂ ਨੇ ਗਦਰ ਪਾਰਟੀ ਦੇ ਹੁਕਮ ਤੇ ਲਾਲ ਝੰਡਾ ਅਖਬਾਰ ਦੀ 5 ਸਾਲ ਅੰਡਰ ਗਰਾਊਂਡ ਰਹਿ ਕੇ ਸੇਵਾ ਕੀਤੀ। ਉਸ ਪਿੰਡ ਦੇ ਸ: ਹਰਬੰਸ ਸਿੰਘ ਵਿਰਕ ਸੁਪਰਿੰਟੈਂਡੈਂਟ ਸੈਂਟਰਲ ਅਕਸਾਈਜ਼ ਵਿਚ ਸਰਵਿਸ ਬੜੀ ਸ਼ਾਨ ਅਤੇ ਸਿੱਖੀ ਰਹਿਤ ਵਿਚ ਪੂਰੇ ਸਿੰਘ ਸੱਜ ਕੇ ਕਰਦੇ ਰਹੇ ਹਨ ਅਤੇ ਇਹਨਾਂ ਨੇ ਸ: ਜਗੀਰ ਸਿੰਘ ਦੇ ਕਹਿਣ ਤੇ ਵਿਰਕ ਇਤਿਹਾਸ ਵਾਸਤੇ ਆਪਣੀ ਨੇਕ ਕਮਾਈ ਵਿਚੋਂ 1100 ਰੁਪਏ ਦਿਤੇ ਅਤੇ ਨਾਲ ਇਹ ਲਫਜ਼ ਕਹੇ ਕਿ ਮੇਰੇ ਪਾਸੋਂ ਅੱਜ ਹੀ ਰੁਪੈ ਲੈ ਲਓ ਪਤਾ ਨਹੀਂ ਕੱਲ ਨੂੰ ਕੀ ਹੋਣਾ ਹੈ।

ਕੁਦਰਤ ਨੇ ਮੇਰੀ ਮਦਦ ਕੀਤੀ। ਸ਼ਾਮ ਦੇ ਸਾਢੇ ਅੱਠ ਦਾ ਸਮਾਂ ਹੋਵੇਗਾ ਸਿਰਫ ਮੁਨਸ਼ੀ ਦੀ ਬੱਤੀ ਜਗਦੀ ਸੀ। ਬਾਕੀ ਥਾਣੇ ਵਿਚ ਸਾਨੂੰ ਕੋਈ ਬੰਦਾ ਨਜ਼ਰ ਨਾ ਆਇਆ। ਡਰਾਈਵਰ ਥਾਣੇ ਦੇ ਵਿਹੜੇ ਵਿਚ ਪਹੁੰਚ ਗਿਆ ਸੀ। ਮੈਂ ਸਟੀਰਿੰਗ ਮਸ਼ੀਨ ਉਸ ਵੱਲ ਕਰ ਕੇ ਇਸ਼ਾਰਾ ਕੀਤਾ ਕਿ ਵਾਪਿਸ ਮੁੜ ਉਹ ਡਰ ਗਿਆ ਤੇ ਸਮਝਿਆ ਕਿ ਸ਼ਾਇਦ ਮੇਰੇ ਕੋਲ ਪਿਸਤੌਲ ਹੈ। ਉਹ ਚੁਪ ਚਾਪ ਪਿਛੇ ਮੁੜ ਪਿਆ ਕਾਰ ਕੋਲ ਅਪੜ ਗਿਆ ਤੇ ਮੈਂ ਉਸ ਨੂੰ ਝਾੜ ਕੇ ਕਿਹਾ ਕਿ ਇਸ ਆਪਣੀ ਮਾਂ ਨੂੰ ਚਲਾ। ਉਹ ਇਨਾਂ ਸਹਿਮਿਆ ਸੀ ਕਿ ਉਸੇ ਵਕਤ ਆਪਣੀ ਸੀਟ ਤੇ ਬੈਠ ਗਿਆ ਤੇ ਕਾਰ ਚਲਾ ਦਿੱਤੀ ਅਜੇ ਚਾਰ-ਪੰਜ ਸੌ ਗੱਜ ਅੱਗੇ ਗਏ ਹੋਵਾਂਗੇ ਕਿ ਵੇਖਿਆ ਗੁਰਚਰਨ ਸਿੰਘ ਜੁੱਤੀ ਹੱਥ ਵਿਚ ਫੜ ਕੇ ਭੱਜਾ ਜਾ ਰਿਹਾ ਸੀ ਤਾਂ ਮੈਂ ਕਾਰ ਰੋਕ ਕੇ ਉਸ ਨੂੰ ਵੀ ਨਾਲ ਬਿਠਾ ਲਿਆ, ਅੰਮ੍ਰਿਤਸਰ ਪਹੁੰਚ ਕੇ ਡਰਾਈਵਰ ਨੂੰ 20 ਰੁਪਏ ਕਿਰਾਏ ਤੋਂ ਫਾਲਤੂ ਦੇ ਕੇ ਸਵੇਰੇ ਫਿਰ ਲੋਹਗੜ੍ਹ ਦਰਵਾਜੇ ਤੇ ਮਿਲਣ ਲਈ ਕਹਿ ਕੇ ਉਸ ਤੋਂ ਜਾਨ ਛੁਡਾਈ। ਸਾਰਾ ਸਾਮਾਨ ਦੋ ਤਾਂਗਿਆਂ ਤੇ ਲੱਦ ਕੇ ਗੁਰਬਖਸ਼ ਵਿਲਾ ਜਿਹੜਾ ਕਿ ਅੰਮ੍ਰਿਤਸਰ ਖਾਲਸਾ ਕਾਲਜ ਦੇ ਸਾਹਮਣੇ ਹੈ, ਸ: ਗੁਰਬਖਸ਼ ਸਿੰਘ ਕੋਲ ਰੱਖ ਦਿੱਤਾ। ਫਿਰ ਮੈਂ ਰਾਤ ਦੀ ਗੱਡੀ ਲਾਹੌਰ ਪਹੁੰਚ ਗਿਆ। ਸਾਥੀਆਂ ਨੂੰ ਸਾਰੀ ਗੱਲਬਾਤ ਦੱਸੀ ਅਤੇ ਉਨਾਂ ਨੂੰ ਮਕਾਨ ਬਦਲਣ ਲਈ ਆਖ ਕੇ ਸਵੇਰੇ ਦੀ ਗੱਡੀ ਚੜ੍ਹ ਕੇ ਆਪਣੇ ਪਿੰਡ ਪਹੁੰਚ ਗਿਆ ਤੇ ਬਚਿਆ ਹੋਇਆ ਸਾਰਾ ਸਮਾਨ ਕਿਸੇ ਲੁਕਵੇਂ ਸਥਾਨ ਤੇ ਲੁਕਾ ਦਿੱਤਾ ਤੇ ਚੂਹੜਕਾਨਾ ਮੰਡੀ ਆਪਣੇ ਪਾਰਟੀ ਡਰਾਈਵਰ ਦੀ ਬੱਸ ਤੇ ਲਾਹੌਰ ਆ ਕੇ ਸਾਰਾ ਸਮਾਨ ਨਾਨੰਗਲ ਛੱਡ ਕੇ ਵਾਪਸ ਪਰਤਿਆ। ਇਹ ਸੱਭ ਕੁਝ ਸੈਂਸਰੇ ਨੇ ਆਪਣੀ ਕਿਤਾਬ 'ਉਹ ਵੀ ਦਿਨ ਸਨ' ਵਿਚ ਵਿਸਥਾਰ ਨਾਲ ਲਿਖੇ ਹਨ। ਜੇਕਰ ਮੈਂ ਵੀ ਲਾਪਰਵਾਹੀ ਕਰਦਾ ਤੇ ਸੈਂਸਰੇ ਦੇ ਕਹਿਣ ਤੇ ਭੱਜ ਜਾਂਦਾ ਤੇ ਸਾਰਾ ਸਮਾਨ ਤੇ ਕਾਰ ਪੁਲਿਸ ਦੇ ਕਬਜ਼ੇ ਵਿਚ ਆ ਜਾਂਦਾ ਤੇ ਬਾਅਦ ਵਿਚ ਅਸੀਂ ਵੀ ਫੜੇ ਜਾਂਦੇ ਸਾਂ ਅਤੇ ਪਾਰਟੀ ਦਾ ਸੱਭ ਤੋਂ ਕੀਮਤੀ ਸਮਾਨ ਅੰਗਰੇਜ਼ੀ ਸਰਕਾਰ ਦੇ ਹੱਥ ਆ ਜਾਂਦਾ।

1941 ਦੀ ਗੱਲ ਹੈ ਮੈਂ ਸਵੇਰੇ 10 ਵਜੇ ਆਪਣੇ ਫਾਰਮ ਤੇ ਜਿਹੜਾ ਲਾਹੌਰ ਸਰਗੋਧਾ ਸੜਕ ਤੇ ਸੀ ਆਪਣੇ ਨੌਕਰਾਂ ਤੋਂ ਕੰਮ ਕਰਵਾ ਰਿਹਾ ਸਾਂ। ਇੱਕ ਆਦਮੀ ਬੱਸ ਤੋਂ ਉਤਰ ਕੇ ਮੇਰੇ ਵੱਲ ਆਇਆ। ਮੈਨੂੰ ਸਤਿ ਸ੍ਰੀ ਅਕਾਲ ਕਹਿ ਕੇ ਪੁਛਿਆ, ਕਿ ਮੈਂ ਸਰਦਾਰ ਜੰਗੀਰ ਸਿੰਘ ਨੂੰ ਮਿਲਣਾ ਹੈ ਅਤੇ ਮੈਂ ਲਾਹੌਰ ਤੋਂ ਆਇਆ ਹਾਂ। ਉਹ ਸ਼ਕਲ ਤੋਂ ਸੀ. ਆਈ. ਡੀ. ਵਾਲਾ ਦਿੱਸਦਾ ਸੀ। ਮੈਂ ਉਸ ਨੂੰ ਕਿਹਾ ਕਿ ਮੈਂ ਉਸ ਦਾ ਭਰਾ ਹਾਂ ਤੇ ਉਹ ਬਾਹਰ ਗਏ ਹਨ। ਜਿਹੜਾ ਕੰਮ ਹੈ ਮੈਨੂੰ ਦੱਸ ਤੇ ਮੈਂ ਉਹਨੂੰ ਕਹਿ ਦਿਆਂਗਾ। ਉਹ ਮੈਨੂੰ ਜਾਣਦਾ ਨਹੀਂ ਸੀ ਅਤੇ ਕਹਿਣ ਲੱਗਾ ਕਿ ਮੈਂ ਫਿਰ ਕਿਸੇ ਦਿਨ ਆਵਾਂਗਾ।

ਉਸ ਦੇ ਜਾਣ ਤੋਂ ਬਾਅਦ ਮੇਰੇ ਦਿਮਾਗ ਵਿਚ ਆਇਆ ਕਿ ਸ਼ਾਇਦ ਇਹ ਕੋਈ ਆਪਣਾ ਹੀ ਆਦਮੀ ਹੋਵੇ ਤੇ ਕੋਈ ਖਾਸ ਸੁਨੇਹਾ ਲੈ ਕੇ ਆਇਆ ਹੋਵੇ। ਇਸ ਲਈ ਇਸ ਨੂੰ ਦੱਸ ਹੀ ਦੇਣਾ ਚਾਹੀਦਾ ਹੈ ਕਿ ਮੈਂ ਹੀ ਜੰਗੀਰ ਸਿੰਘ ਹਾਂ। ਮੈਂ ਉਸ ਨੂੰ ਸੜਕ ਤੇ ਜਾ ਕੇ ਮਿਲਿਆ ਤੇ ਕਿਹਾ ਕਿ ਮੈਂ ਹੀ ਜੰਗੀਰ ਸਿੰਘ ਹਾਂ। ਉਸ ਨੇ ਮੈਨੂੰ ਰੁਕਾ ਦਿੱਤਾ। ਮੈਂ ਲਿਖਾਈ ਪਛਾਣ ਲਈ ਕਿਉਂਕਿ ਪਹਿਲੇ ਮੈਂ ਦੂਲਾ ਸਿੰਘ ਨੂੰ ਮਿਲਦਾ ਰਹਿੰਦਾ ਸਾਂ ਅਤੇ ਉਸ ਦੀ ਹੈਂਡ ਰਾਈਟਿੰਗ ਨੂੰ ਪਛਾਣਦਾ ਸਾਂ। ਬਾਅਦ ਵਿਚ ਪਤਾ ਲੱਗਾ ਕਿ ਸੀ.ਆਈ.ਡੀ. ਦਾ ਹਵਾਲਦਾਰ ਹੰਸ ਰਾਜ ਸੀ। ਰੁਕੇ ਦੀ ਇਬਾਰਤ ਇਸ ਤਰ੍ਹਾਂ ਸੀ।

ਪਿਆਰੇ ਸਾਥੀ ਜੀ, ਰੁਕਾ ਲਿਆਉਣ ਵਾਲਾ ਆਪਣਾ ਖਾਸ ਆਦਮੀ ਹੈ। ਇਸ ਦਾ ਪੂਰਾ-ਪੂਰਾ ਭਰੋਸਾ ਕਰਨਾ, ਮੈਂ ਇਹਨੂੰ ਪੂਰੀ ਤਰ੍ਹਾਂ ਅਜ਼ਮਾ ਲਿਆ ਹੈ। ਮੇਰੀ ਸਿਹਤ ਠੀਕ ਹੈ ਫਿਕਰ ਦੀ ਕੋਈ ਗੱਲ ਨਹੀਂ। ਅੱਗੇ ਤੋਂ ਇਹਦੇ ਨਾਲ ਚਿੱਠੀ-ਪੱਤਰ ਜਾਰੀ ਰੱਖਣਾ ਤਾਂ ਕਿ ਮੈਨੂੰ ਤੁਹਾਡੇ ਬਾਰੇ ਅਤੇ ਤੁਹਾਨੂੰ ਮੇਰੇ ਬਾਰੇ ਪਤਾ ਚਲਦਾ ਰਹੇ। ਤੁਹਾਡਾ ਪਰਚਾ ਆਉਣਾ ਜਰੂਰੀ ਹੈ ਤਾਂ ਕਿ ਮੈਨੂੰ ਤਸੱਲੀ ਹੋ ਜਾਵੇ। (ਉਸ ਵਕਤ ਸਾਥੀ ਦੂਲਾ ਸਿੰਘ ਸ਼ਾਹੀ ਕਿਲ੍ਹਾ ਲਾਹੌਰ ਵਿੱਚ ਬੰਦ ਸਨ।)

ਆਪ ਦਾ ਦੂਲਾ ਸਿੰਘ

ਮੈਂ ਉਸ ਨੂੰ ਜਵਾਬ ਦੇ ਤੌਰ ਤੇ ਛੋਟਾ ਜਿਹਾ ਪਰਚਾ ਲਿਖ ਦਿੱਤਾ। ਜਿਸ ਵਿਚ ਲਿਖਿਆ ਹੋਇਆ ਸੀ :

ਪਿਆਰੇ ਸਾਥੀ ਤੁਹਾਡਾ ਰੁਕਾ ਮਿਲਿਆ। ਹਾਲਾਤ ਤੋਂ ਪਤਾ ਚਲਿਆ ਸਭ ਠੀਕ ਹੈ। ਮੈਂ ਇਹ ਰੁਕਾ ਹਾਈ ਕਮਾਂਡ ਤੱਕ ਪਹੁੰਚਾ ਦਿਆਂਗਾ ਤੇ ਉਹਨਾਂ ਨਾਲ ਸਲਾਹ ਕਰਕੇ ਤੈਨੂੰ ਪਤਾ ਕਰ ਦਿਆਂਗਾ। ਅਗੋਂ ਮਿਲਣ ਵਾਸਤੇ ਉਹਦੇ ਨਾਲ ਤਰੀਕ ਤੇ ਵਕਤ ਪੱਕਾ ਕਰ ਲਿਆ।

ਅਗਲੇ ਦਿਨ ਮੈਂ ਲਾਹੌਰ ਜਾ ਕੇ ਦੂਲਾ ਸਿੰਘ ਦਾ ਰੁਕਾ ਕਾਮਰੇਡ ਹਰਬੰਸ ਸਿੰਘ ਕਰਨਾਨਾ ਤੇ ਚੈਨ ਸਿੰਘ 'ਚੈਨ' ਨੂੰ ਦਿੱਤਾ। ਉਹ ਰੁਕਾ ਪੜ੍ਹ ਕੇ ਬਹੁਤ ਖੁਸ਼ ਹੋਏ। ਸਾਥੀ ਦੂਲਾ ਸਿੰਘ ਦੀ ਕਾਬਲੀਅਤ ਦੀ ਖੂਬ ਤਾਰੀਫ ਕੀਤੀ ਕਿ ਉਸ ਬਹੁਤ ਵੱਡਾ ਮਾਰਕਾ ਮਾਰਿਆ ਹੈ। ਜਿਸ ਸ਼ਾਹੀ ਕਿਲੇ ਵਿੱਚ ਬੰਦਾ ਕਿ ਜਿਥੇ ਚਿੜੀ ਵੀ ਨਹੀਂ ਫਟਕ ਸਕਦੀ ਉਥੇ ਸਾਡੇ ਸਾਥੀ ਨੇ ਇੱਕ ਅਜਿਹਾ ਬੰਦਾ ਲੱਭ ਲਿਆ ਹੈ ਜਿਸ ਉਤੇ ਪੂਰਾ ਭਰੋਸਾ ਕੀਤਾ ਜਾ ਸਕਦਾ ਹੈ ਤੇ ਫੈਸਲਾ ਹੋਇਆ ਕਿ ਦੂਲਾ ਸਿੰਘ ਨਾਲ ਇਹ ਸਿਲਸਿਲਾ ਅੱਗੋਂ ਵੀ ਜਾਰੀ ਰਖਿਆ ਜਾਵੇ ਤੇ ਉਸ ਬੰਦੇ ਨੂੰ ਵਕਤ ਤੇ ਮਿਲਿਆ ਜਾਵੇ।

ਲਗਾਤਾਰ ਤਿੰਨ ਸਾਲ ਆਪਣੇ ਪਿੰਡੋਂ ਹੀ ਤੇ ਫਿਰ ਨਾਨੋਨੰਗਲ ਜ਼ਿਲ੍ਹਾ ਗੁਰਦਾਸਪੁਰ ਤੇ ਕੁਝ ਸਮਾਂ ਪਿੰਡ ਵਕਵਿੰਡੀ ਥਾਣਾ ਖਾਲੜਾ ਜ਼ਿਲ੍ਹਾ ਲਾਹੌਰ ਤੋਂ ਅਖਬਾਰ ਤਿੰਨ ਭਾਸ਼ਾਵਾਂ ਉਰਦੂ, ਅੰਗਰੇਜ਼ੀ ਅਤੇ ਪੰਜਾਬੀ ਵਿਚ ਕੱਢ ਕੇ ਲਾਹੌਰ ਪਹੁੰਚਾਉਂਦਾ ਰਿਹਾ ਜਿਥੋਂ ਸਾਰੇ ਪੰਜਾਬ ਵਿਚ ਘੱਲੇ ਜਾਂਦੇ ਸਨ ਜਦੋਂ ਕਿ ਸਾਰੀ ਅੰਗਰੇਜ਼ੀ ਹਕੂਮਤ ਦਾ ਜ਼ੋਰ ਇਸ ਅਖਬਾਰ ਦੀ ਛੱਪਣ ਵਾਲੀ ਜਗ੍ਹਾ ਭੇ ਲੱਗਾ ਹੋਇਆ ਸੀ, ਅੰਗਰੇਜ਼ੀ ਤੇ ਪੰਜਾਬੀ ਦੇ ਸੰਟੈਂਸਿਲ ਪੇਪਰ ਕਾਮਰੇਡ ਗੁਰਚਰਨ ਸਿੰਘ ਟਾਈਪ ਕਰਦਾ ਹੁੰਦਾ ਸੀ ਤੇ ਉਸ ਦੀ ਗੈਰ ਹਾਜ਼ਰੀ ਵਿਚ ਮੈਂ ਟਾਈਪ ਕਰ ਲਿਆ ਕਰਦਾ ਸੀ।

ਹੁਣ ਅਖਬਾਰ ਲਾਲ ਝੰਡਾ ਹਰ ਮਹੀਨੇ ਬਗੈਰ ਕਿਸੇ ਰੁਕਾਵਟ ਤੋਂ ਛੱਪ ਕੇ ਸਾਰੇ ਹਿੰਦੁਸਤਾਨ ਵਿੱਚ ਵੰਡਿਆ ਜਾਂਦਾ ਸੀ। ਕਾਮਰੇਡ ਸ਼ਰਦਾ ਸਿੰਘ ਕੋਟਲੀ ਜ਼ਿਲ੍ਹਾ ਸ਼ੇਖੂਪੁਰਾ ਇਸ ਨੂੰ ਲਾਹੌਰ ਡਾ: ਬਾਲ ਕਿਸ਼ਨ ਸ਼ਾਹਦਰਾ ਕੋਲ ਪਹੁੰਚਾਉਂਦਾ ਸੀ ਤੇ ਕਦੀ-ਕਦੀ ਇਹ ਕੰਮ ਸਾਡਾ ਮਰਾਸੀ ਰੱਖਾ ਵੀ ਕਰ ਦਿੰਦਾ ਸੀ।

ਕੁਝ ਸਮੇਂ ਪਿਛੋਂ ਮਸ਼ੀਨ ਵਿਚ ਕੁਝ ਖਰਾਬੀ ਆ ਗਈ। ਸਿਆਹੀ ਜ਼ਿਆਦਾ ਦੇਣ ਲੱਗ ਗਈ ਤੇ ਪਰਚਾ ਪੜ੍ਹਿਆ ਨਹੀਂ ਸੀ ਜਾਂਦਾ ਤੇ ਮੈਂ ਉਸ ਦੀ ਕਵਰ ਦੀ ਚਾਬੀ ਬਾਹਰਲੇ ਪਾਸੇ ਲਟਕਾ ਦਿੱਤੀ ਤੇ ਉਹ ਠੀਕ ਕੰਮ ਕਰਨ ਲੱਗ ਪਈ। ਮਸ਼ੀਨ ਦੀ ਖਰਾਬੀ ਦੀ ਰਿਪੋਰਟ ਪਾਰਟੀ ਨੂੰ ਦਿੱਤੀ ਗਈ। ਕਾਮਰੇਡ ਰਾਮ ਸਿੰਘ ਦੱਤ ਆਪ ਮਸ਼ੀਨ ਵੇਖਣ ਲਈ ਪਿੰਡ ਆਇਆ ਮੈਂ ਉਸ ਨੂੰ ਨਾਲ ਲੈ ਕੇ ਘੋੜੇ ਤੇ ਬਿਠਾ ਕੇ ਆਪਣੇ ਚਾਚਾ ਸ: ਅਨੋਖ ਸਿੰਘ ਕੋਲ ਡੇਰਾ ਮਲ੍ਹਾ ਸਿੰਘ ਲੈ ਗਿਆ ਉਸ ਟਾਈਮ ਪਰਚਾ ਉਥੇ ਹੀ ਛੱਪਦਾ ਸੀ। ਜੁਲਾਈ ਦਾ ਮਹੀਨਾ ਸੀ ਤੇ ਰਾਤ ਦਾ ਵਕਤ ਸੀ। ਮਸ਼ੀਨ ਘੋੜਿਆਂ ਵਾਲੇ ਅਸਤਬਲ ਵਿੱਚ ਰੱਖੀ ਹੋਈ ਸੀ। ਮੱਛਰ ਤੇ ਬਦਬੋ ਤੋਂ ਘਬਰਾ ਕੇ ਦੱਤ ਸਾਹਿਬ ਕਹਿਣ ਲੱਗੇ ਕਿ ਮੈਂ ਕਿਸੇ ਮਕੈਨਿਕ ਨੂੰ ਭੇਜਾਂਗਾ।

ਉਹਨਾਂ ਨੇ ਕੁਝ ਸਮੇਂ ਪਿਛੋਂ ਇੱਕ ਮਕੈਨਿਕ ਜਿਹੜਾ ਮਿਲਟਰੀ ਦਾ ਮੇਜਰ ਸੀ ਭੇਜਿਆ। ਉਸ ਨੇ ਮਸ਼ੀਨ ਖੋਲ੍ਹ ਕੇ ਵੇਖੀ ਤੇ ਫਿੱਟ ਕੀਤੀ ਪਰ ਮਸ਼ੀਨ ਅੱਗੇ ਨਾਲੋਂ ਵੀ ਜ਼ਿਆਦਾ ਇਆਹੀ ਦੇਣ ਲੱਗ ਗਈ। ਮੈਂ ਜਿਥੇ ਚਾਬੀ ਲਟਕਾਈ ਸੀ ਉਥੇ ਤਾਲਾ ਲਟਕਾ ਦਿੱਤਾ ਥੋੜਾ ਭਾਰ ਪੈਣ ਨਾਲ ਮਸ਼ੀਨ ਫਿਰ ਠੀਕ ਹੋ ਗਈ ਤੇ ਮਕੈਨਿਕ ਸਾਹਿਬ ਕਹਿਣ ਲੱਗੇ ਕਿ ਤੁਸੀਂ ਤੇ ਮੇਰੇ ਨਾਲੋਂ ਵੀ ਜ਼ਿਆਦਾ ਮਕੈਨਿਕ ਹੋ। ਤਕਰੀਬਨ 6 ਮਹੀਨੇ ਪਿਛੋਂ ਮਸ਼ੀਨ ਆਪਣੇ ਪਿੰਡ ਲੈ ਆਂਦੀ ਤੇ ਪਰਚਾ ਉਥੇ ਛੱਪਣ ਲੱਗਾ।

ਸੰਨ 1740 ਵਿਚ ਸਤੰਬਰ ਮਹੀਨੇ ਵਿਚ ਮੈਂ ਬਾਅਦ ਦੁਪਹਿਰ ਆਪਣੀ ਹਵੇਲੀ ਵਿਚ ਦਰਖਤਾਂ ਦੀ ਛਾਂ ਹੇਠ ਮਸ਼ੀਨ ਚੋਂ ਅਖਬਾਰ ਕੱਢ ਰਿਹਾ ਸੀ। ਸਾਡੀ ਹਵੇਲੀ ਦੀ ਕੰਧ ਕੱਚੀ ਤੇ ਬਾਹਰੋਂ ਅੱਡੀਆਂ ਚੁੱਕ ਕੇ ਦੇਖਣ ਤੇ ਅੰਦਰੋਂ ਸਭ ਕੁਝ ਦਿੱਖ ਜਾਂਦਾ ਸੀ। ਮੈਂ ਕਮਰ ਸਿੱਧੀ ਕਰਨ ਲਈ ਕੁਝ ਸਮਾਂ ਕੰਮ ਬੰਦ ਕਰ ਦਿੱਤਾ ਤੇ ਵੇਖਿਆ ਕਿ ਸਾਡੇ ਪਿੰਡ ਦਾ ਨੰਬਰਦਾਰ ਲਾਭ ਸਿੰਘ ਜਿਹੜਾ ਪੁਲਿਸ ਦਾ ਮੁਖਬਰ ਸੀ ਅੰਦਰੋਂ ਝਾਕ ਰਿਹਾ ਹੈ। ਮੈਂ ਫੌਰਨ ਸਮਝ ਗਿਆ ਤੇ ਕੰਮ ਬੰਦ ਕਰ ਦਿੱਤਾ ਤੇ ਸਾਰਾ ਸਮਾਨ ਕਿਸੇ ਲੁਕਵੀਂ ਥਾਂ ਤੇ ਰੱਖ ਦਿੱਤਾ। ਦੂਜੇ ਦਿਨ ਮੈਂ ਲਾਹੌਰ ਪਾਰਟੀ ਦੇ ਹੈਡ ਕੁਆਟਰ ਗਿਆ ਤੇ ਸਾਰੀ ਗੱਲ ਉਹਨਾਂ ਨੂੰ ਦੱਸੀ ਤੇ ਫੈਸਲਾ ਹੋਇਆ ਕਿ ਸਾਰਾ ਸਮਾਨ ਲੈ ਕੇ ਲਾਹੌਰ ਆ ਜਾਵੇਂ। ਇਥੋਂ ਪਿੰਡ ਨਾਨੋਨੰਗਲ ਜ਼ਿਲ੍ਹਾ ਗੁਰਦਾਸਪੁਰ ਲੈ ਜਾਵਾਂਗੇ। ਮੈਂ ਸ਼ੇਖੂਪੁਰਾ ਤੋਂ ਟੈਕਸੀ ਲੈ ਕੇ ਪਿੰਡ ਪਹੁੰਚਿਆ ਤੇ ਸ਼ਾਮ ਨੂੰ ਲਾਹੌਰ ਪਹੁੰਚ ਗਿਆ। (ਜਲਦੀ ਵਿਚ ਮੈਨੂੰ ਪਾਰਟੀ ਡਰਾਈਵਰ ਨਾ ਮਿਲ ਸਕੇ ਜਿਹੜੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਕਰਤਾਰ ਸਿੰਘ ਤੇ ਘਨਈਆ ਸਿੰਘ ਸਨ ਤੇ ਚੂਹੜਕਾਨਾ ਤੋਂ ਬੱਸਾਂ ਚਲਾਉਂਦੇ ਸਨ।)

ਲਾਹੌਰ ਤੋਂ ਕਾਗਜ਼ ਵਗੈਰਾ ਲੱਦ ਕੇ ਤੁਰਨ ਲੱਗੇ ਤਾਂ ਡਰਾਈਵਰ ਕਹਿਣ ਲੱਗਾ ਕਿ ਇਕ ਬੋਤਲ ਸ਼ਰਾਬ ਲੈ ਲਈਏ। ਮੈਂ ਉਸ ਨੂੰ ਪੈਸੇ ਦਿੱਤੇ ਤੇ ਉਹ ਇਕ ਬੋਤਲ ਸ਼ਰਾਬ ਖਰੀਦ ਲਿਆਇਆ ਤੇ ਮੈਨੂੰ ਵੀ ਪੀਣ ਲਈ ਕਿਹਾ। ਪਾਰਟੀ ਵਿਚ ਸ਼ਰਾਬ ਪੀਣ ਦੀ ਸਖਤ ਮਨਾਹੀ ਸੀ ਤੇ ਮੈਂ ਨਾਂਹ ਕਰ ਦਿੱਤੀ। ਲਾਹੌਰ ਭਾਰਤ ਨਗਰ ਜਿਥੇ ਕਿ ਬੀਬੀ ਰਘਬੀਰ ਕੌਰ ਦਾ ਐਮ.ਐਲ ਏ. ਦਾ ਘਰ ਸੀ ਉਥੋਂ ਕਾਮਰੇਡ ਗੁਰਚਰਨ ਸਿੰਘ ਸੈਂਸਰਾ ਨੂੰ ਨਾਲ ਬਿਠਾਇਆ ਤੇ ਅੰਮ੍ਰਿਤਸਰ ਨੂੰ ਤੁਰ ਪਏ। ਜੱਲੋ ਬੱਸ ਅੱਡੇ ਤੇ ਡਰਾਈਵਰ ਨੇ ਕਾਰ ਰੋਕ ਕੇ ਇਕ ਪੈਗ ਹੋਰ ਪੀਤਾ ਤੇ ਕਾਮਰੇਡ ਸੈਂਸਰੇ ਨੂੰ ਵੀ ਪੀਣ ਲਈ ਕਿਹਾ ਪਰ ਉਸ ਨੇ ਵੀ ਨਾਂਹ ਕਰ ਦਿੱਤੀ। ਸ਼ਰਾਬ ਉਸ ਵੇਲੇ 80 ਡਿਗਰੀ ਦੀ ਸੀ। ਇਸ ਵਾਸਤੇ ਡਰਾਈਵਰ ਨੂੰ ਨਸ਼ਾ ਹੋ ਗਿਆ ਤੇ ਉਸ ਨੇ ਸਾਹਮਣੇ ਆਉਂਦੇ ਟਰੱਕ ਨਾਲ ਕਾਰ ਮਾਰੀ ਤੇ ਅਸੀਂ ਬੜੀ ਮੁਸ਼ਕਲ ਨਾਲ ਬਚੇ ਤੇ ਸੱਜੇ ਪਾਸੇ ਦਾ ਮੱਡਗਾਰਡ ਟੁੱਟ ਗਿਆ ਉਸ ਨੂੰ ਅਸਾਂ ਤਰੋੜ-ਮਰੋੜ ਕੇ ਨਾਲ ਰੱਖ ਲਿਆ। ਡਰਾਈਵਰ ਨੂੰ ਝਾੜ ਪਾਈ ਤੇ ਉਹ ਮਾਫੀ ਮੰਗਣ ਲੱਗ ਪਿਆ ਤੇ ਅੱਗੋਂ ਵਾਸਤੇ ਗਲਤੀ ਨਾ ਕਰਨ ਦਾ ਯਕੀਨ ਦਿਵਾਇਆ। ਹੋਰ ਕੋਈ ਚਾਰਾ ਵੀ ਨਹੀਂ ਸੀ ਤੇ ਅਸੀਂ ਉਥੋਂ ਤੁਰ ਪਏ। ਥਾਣਾ ਘਰੇਂਡਾ ਜ਼ਿਲ੍ਹਾ ਅੰਮ੍ਰਿਤਸਰ ਦੇ ਸਾਹਮਣੇ ਇਕ ਤਰਫ ਕਾਰ ਰੋਕ ਉਹ ਥਾਣੇ ਵੱਲ ਤੁਰ ਪਿਆ। ਮੈਂ ਸੈਂਸਰੇ ਤੋਂ ਪੁਛਿਆ ਕਿ ਹੁਣ ਕੀ ਕੀਤਾ ਜਾਵੇ ਉਹ ਕਹਿਣ ਲੱਗਾ ਕਿ ਚਲੋ ਭੱਜ ਚਲੀਏ। ਮੈਂ ਕਿਹਾ ਕਿ ਤੂੰ ਭੱਜ ਜਾ ਕਿਉਂਕਿ ਪੁਲਿਸ ਤੇਨੂੰ ਪਹਿਲਾਂ ਹੀ ਭਾਲਦੀ ਹੈ ਤੇ ਤੇਰੇ ਉਤੇ ਇਨਾਮ ਵੀ ਹੈ ਤੇ ਮੈਂ ਕੋਸ਼ਿਸ਼ ਕਰਦਾ ਹਾਂ ਕਿ ਜੇ ਪਾਰਟੀ ਦਾ ਸਮਾਨ ਬਚ ਜਾਵੇ ਤੇ ਉਹ ਭੱਜ ਪਿਆ ਮੈਂ ਸਟੀਰਿੰਗ ਮਸ਼ੀਨ ਜਿਹੜੀ ਸਮਾਨ ਦੇ ਉਤੇ ਹੀ ਪਈ ਸੀ ਹੱਥ ਵਿਚ ਫੜ ਕੇ ਥਾਣੇ ਪਹੁੰਚ ਗਿਆ।

ਲਿਖਿਆ ਸੀ ਕਿ ਡਰਨ ਦੀ ਕੋਈ ਗੱਲ ਨਹੀਂ ਤੇ ਆਪ ਬੇਖੜਕੇ ਅੰਦਰ ਆ ਜਾਵੋ। ਇਸੇ ਦੌਰਾਨ ਮੈਂ ਆਪਣੇ ਦਿਲ ਨਾਲ ਪੱਕਾ ਇਰਾਦਾ ਕਰ ਕਰ ਲਿਆ ਸੀ ਕਿ ਇਹ ਲੋਕ ਸ਼ਾਇਦ ਜਾਲ ਵਿਚ ਫਸਾ ਕੇ ਮੈਨੂੰ ਫੜ ਲੈਣ। ਮੇਰੇ ਸਪੁਰਦ ਉਸ ਵੇਲੇ ਪਾਰਟੀ ਦੇ ਬਹੁਤ ਜ਼ਰੂਰੀ ਕੰਮ ਸਨ। ਇਕ ਤੇ ਪਾਰਟੀ ਦਾ ਅਖਬਾਰ ਲਾਲ ਝੰਡਾ ਕੱਢਣਾ ਦੂਜਾ ਸਿਆਹੀ ਤੇ ਸਟੈਂਸਲ ਪੇਪਰ ਦਾ ਇੰਤਜ਼ਾਮ ਕਰਨਾ। ਅੰਗਰੇਜ਼ੀ ਤੇ ਪੰਜਾਬੀ ਦਾ ਟਾਈਪ ਕਰਨਾ ਤੇ ਉਰਦੂ ਵਿਚ ਸਾਥੀ ਅਮਰ ਸਿੰਘ ਗਿੱਲ ਪਿੰਡ ਕੱਕੜ ਤੋਂ ਲਿਖਵਾਉਣਾ ਤੇ ਛੱਪੀਆਂ ਅਖਬਾਰਾਂ ਨੂੰ ਖੁਫੀਆ ਅੱਡਿਆਂ ਤੇ ਪਹੁੰਚਾਉਣਾ। ਇਸ ਤਰਾਂ ਕਿ ਮੇਰੇ ਸਾਰੇ ਸਾਥੀਆਂ ਨੂੰ ਪਤਾ ਹੈ ਕਿ ਅਖਬਾਰ ਹਰ ਮਹੀਨੇ ਅਪਣੇ ਖੁਫੀਆ ਅੱਡਿਆਂ ਤੇ ਲਗਾਤਾਰ ਤਿੰਨ ਸਾਲ ਪਹੁੰਚਦਾ ਰਿਹਾ ਤੇ ਤੁਸੀਂ ਹੈਰਾਨ ਹੋਵੋਗੇ ਕਿ ਮੈਂ ਆਪਣੇ ਪਿੰਡੋਂ ਤੇ ਆਪਣੇ ਫਾਰਮ ਤੋਂ ਅਖਬਾਰ ਛਾਪਦਾ ਰਿਹਾ ਹਾਂ। ਮੈਂ ਸੋਚਿਆ ਕਿ ਮੇਰੀ ਗ੍ਰਿਫਤਾਰੀ ਨਾਲ ਪਾਰਟੀ ਦਾ ਅਖਬਾਰ ਵੀ ਬੰਦ ਹੋ ਜਾਵੇਗਾ ਜਿਹੜਾ ਕਿ ਪਾਰਟੀ ਲਈ ਜ਼ਿੰਦਗੀ ਤੇ ਮੌਤ ਦਾ ਸਵਾਲ ਸੀ ਅਤੇ ਪਤਾ ਨਹੀਂ ਪਾਰਟੀ ਨੂੰ ਕਿੰਨਾ ਨੁਕਸਾਨ ਹੋਵੇ। ਇਹ ਸੋਚ ਕੇ ਮੈਂ ਅੰਦਰ ਜਾਣ ਤੋਂ ਤੇ ਵਰਦੀ ਪਾਉਣ ਤੋਂ ਨਾਂਹ ਕਰ ਦਿੱਤੀ। ਹੰਸਰਾਜ ਕਾਫੀ ਸਮਝਾਉਂਦਾ ਰਿਹਾ ਕਿ ਸਾਡਾ ਯੂਨਿਟ ਬਹੁਤ ਵੱਡਾ ਹੈ, ਤੁਸੀਂ ਘਬਰਾਓ ਨਾ। ਮੈਂ ਅਗਲੀ ਤਾਰੀਖ ਮਿੱਥ ਕੇ ਉਥੋਂ ਖਿਸਕ ਆਇਆ। ਜਿਸ ਦਾ ਸਾਥੀਆਂ ਨੇ ਬੁਰਾ ਮਨਾਇਆ ਤੇ ਮੈਨੂੰ ਬੁਜ਼ਦਿਲ ਵੀ ਆਖਿਆ।

ਇਸ ਤੋਂ ਥੋੜਾ ਸਮਾਂ ਬਾਅਦ ਪਾਰਟੀ ਦੇ ਹੈੱਡ ਕੁਆਟਰ ਨਵਾਂ ਕੋਟ ਲਾਹੌਰ ਚਬੁਰਜੀ ਦੇ ਨੇੜੇ ਛਾਪਾ ਪਿਆ ਤੇ ਹਰਬੰਸ ਸਿੰਘ ਕਰਨਾਨਾ, ਚੈਨ ਸਿੰਘ 'ਚੈਨ' ਤੇ ਸ਼ਕੁੰਤਲਾ ਉਥੋਂ ਫੜ ਕੇ ਕਿਲੇ ਵਿਚ ਬੰਦ ਕਰ ਕਰ ਦਿੱਤੇ ਗਏ। ਬਾਹਰ ਪਾਰਟੀ ਦਾ ਸਾਰਾ ਕੰਮ ਠੀਕ ਤਰ੍ਹਾਂ ਚਲਦਾ ਰਿਹਾ। ਪਾਰਟੀ ਦੀ ਮੀਟਿੰਗ ਸੱਦੀ ਗਈ ਜਿਸ ਵਿਚ ਮੈਨੂੰ ਜਨਰਲ ਸੈਕਟਰੀ ਬਣਾਇਆ ਗਿਆ ਤੇ ਅਗੇ ਕਰਨ ਕੰਮ ਲਈ ਸਭ ਦੀਆਂ ਡਿਊਟੀਆਂ ਲਗਾਈਆਂ ਗਈਆਂ।

4 ਮਹੀਨੇ ਪਿਛੋਂ ਮੈਂ ਪਿੰਡ ਕੱਕੜ ਤੋਂ ਸਟੈਂਸਲ ਪੇਪਰ ਲਿਆਉਣਾ ਸੀ, ਉਹ ਲੈ ਕੇ ਸ਼ਾਮ ਨੂੰ ਮੈਂ ਆਪਣੇ ਪਿੰਡ ਵਾਪਿਸ ਆਇਆ ਕਾਫੀ ਸਮੇਂ ਤੋਂ ਸਾਡੇ ਪਿੰਡ ਦੇ ਗੁਰਦਵਾਰੇ ਵਿਚ ਸੀ.ਆਈ.ਡੀ. ਦਾ ਇਕ ਸਿਪਾਹੀ ਰਹਿੰਦਾ ਸੀ। ਮੇਰੇ ਆਉਣ ਦੀ ਇਤਲਾਹ ਉਸ ਸ਼ੇਖੂਪੁਰਾ ਹੈੱਡ ਕਵਾਟਰ ਨੂੰ ਦੇ ਦਿੱਤੀ। ਰਾਤ ਨੂੰ ਛਾਪਾ ਪਿਆ ਤੇ ਮੈਂ ਗ੍ਰਿਫਤਾਰ ਕਰ ਲਿਆ ਗਿਆ। ਉਹ ਹੈੱਡ ਕਾਂਸਟੇਬਲ ਹੰਸ ਰਾਜ ਵੀ ਨਾਲ ਸੀ। ਬਾਅਦ ਵਿਚ ਉਸ ਮੈਨੂੰ ਦਸਿਆ ਕਿ ਕਿਲੇ ਵਿਚ ਉਸ ਦਿਨ ਮੁਲਾਕਾਤ ਕਰਨ ਤੋਂ ਐਵੇਂ ਹੀ ਘਬਰਾ ਗਏ ਸੀ। ਤੁਹਾਨੂੰ ਕਿਸੇ ਨੇ ਨਹੀਂ ਸੀ ਫੜਨਾ। ਸਾਡਾ ਮਕਸਦ ਇਹਨਾਂ ਮੁਲਾਕਾਤਾਂ ਨੂੰ ਲੰਬਿਆਂ ਕਰਨਾ ਤੇ ਤੁਹਾਡੇ ਤੇ ਦੂਲਾ ਸਿੰਘ ਦੀਆਂ ਗੱਲਾਂ ਸੁਣਨੀਆਂ ਸਨ ਕਿਉਂਕਿ ਦੂਲਾ ਸਿੰਘ ਦੇ ਸੈੱਲ (CELL) ਵਿਚ ਮਾਈਕਰੋ ਫੋਨ ਲਗਾਇਆ ਹੋਇਆ ਸੀ ਤੇ ਸਾਰਾ ਕੰਮ ਵੱਡੇ ਅਫਸਰਾਂ ਦੀ ਸਲਾਹ ਨਾਲ ਹੋ ਰਿਹਾ ਸੀ ਤੇ ਮੇਰੇ ਉਤੇ ਡੀ. ਆਈ. ਜੀ. ਸੀ.ਆਈ.ਡੀ. ਮਿਸਟਰ ਵੈਸ ਤੇ ਐਸ.ਐਸ.ਪੀ. ਸੰਪੂਰਨ ਸਿੰਘ ਦੋਵੇਂ ਮਾਈਕਰੋ ਫੋਨ ਤੇ ਬੈਠੇ ਸਨ ਤੇ, ਤੁਹਾਡੇ ਮੁਲਾਕਾਤ ਦੇ ਵੇਲੇ ਅੰਦਰ ਨਾ ਆਉਣ ਤੇ ਅਫਸਰਾਂ ਨੇ ਮੈਨੂੰ ਕਾਫੀ ਝਾੜ ਪਾਈ ਕਿਉਂਕਿ ਉਹ ਕਾਫੀ ਇੰਤਜ਼ਾਰ ਕਰਨ ਤੋਂ ਬਾਅਦ ਸਖਤ ਪਰੇਸ਼ਾਨੀ ਦੀ ਹਾਲਤ ਵਿਚ ਪਿਛਾਂਹ ਆਪਣੇ ਘਰ ਵਾਪਸ ਗਏ।

ਨੇਤਾ ਜੀ ਸੁਭਾਸ਼ ਚੰਦਰ ਬੋਸ ਸਾਡੀ ਪਾਰਟੀ ਰਾਹੀਂ ਕਾਬੁਲ ਤੋਂ ਹੁੰਦੇ ਹੋਏ ਜਰਮਨੀ ਪਹੁੰਚ ਗਏ ਸਨ। ਉਹਨਾਂ ਦੇ ਭੇਜੇ ਹੋਏ 500 ਪੌਂਡ ਸੋਨੇ ਦਾ ਸਿੱਕਾ ਜਿਹੜਾ ਕਿ ਉਸ ਵੇਲੇ ਸਾਡੇ ਮੁਲਕ ਵਿਚ ਚਲਦਾ ਸੀ ਤੇ ਹੋਰ ਕਾਫੀ ਰੁਪਇਆ ਪਾਰਟੀ ਨੂੰ ਮਿਲ ਚੁਕਿਆ ਸੀ। ਰੁਪਿਆ ਤੇ ਪੌਂਡ ਸੰਭਾਲਣ ਲਈ ਮੇਰੇ ਕੋਲ ਰੱਖ ਦਿੱਤੇ ਗਏ। ਮੈਂ ਅਖਬਾਰ ਤੇ ਪੌਂਡਾਂ ਦੇ ਮਾਮਲੇ ਵਿਚ ਆਪਣੇ ਪਿੰਡ ਕੋਟ ਸੋਂਹਦਾ ਜ਼ਿਲ੍ਹਾ ਸ਼ੇਖੂਪੁਰਾ ਗਿਆ ਤੇ ਉਥੇ ਪੁਲਸ ਦੇ ਕਾਬੂ ਆ ਗਿਆ। ਪੌਂਡਾਂ ਤੋਂ ਬਿਨਾਂ ਕੋਈ ਚੀਜ਼ ਨਾ ਫੜੀ ਗਈ। ਕਾਫੀ ਸਖਤੀ ਤੇ ਮਾਰਕੁਟ ਪਿਛੋਂ ਮੈਨੂੰ ਕਿਲੇ ਵਿਚ ਬੰਦ ਕਰ ਦਿੱਤਾ ਗਿਆ। ਉਸ ਵਕਤ ਨੇਤਾ ਜੀ ਦੇ ਦੋ ਭਤੀਜੇ ਤੇ ਅਕਾਲੀ ਲੀਡਰ ਊਧਮ ਸਿੰਘ ਨਾਗੋਕੇ ਵੀ ਕਿਲੇ ਵਿਚ ਬੰਦ ਸਨ। ਤਕਰੀਬਨ 6 ਮਹੀਨੇ ਬਾਅਦ ਮੈਨੂੰ ਨਿਊ ਸੈਂਟਰਲ ਜੇਲ੍ਹ ਗੁਜਰਾਤ ਭੇਜ ਦਿੱਤਾ ਗਿਆ ਜਿਥੇ ਪੰਜਾਬ ਭਰ ਦੇ ਸਭ ਚੋਟੀ ਦੇ ਲੀਡਰ ਪਹਿਲਾਂ ਹੀ ਬੰਦ ਸਨ ਤੇ 500 ਪੌਂਡ ਪਹਿਲਾਂ ਹੀ ਗਵਰਨਰ ਦੇ ਹੁਕਮ ਨਾਲ ਜਬਤ ਕਰ ਲਏ ਗਏ ਸਨ।

ਸ਼ਾਹੀ ਕਿਲੇ ਵਿਚ ਭੁਖ ਹੜਤਾਲ

ਲਾਹੌਰ ਕਿਲੇ ਵਿਚ ਬੰਦੀ ਦੇ ਦੌਰਾਨ ਸਾਨੂੰ ਬਿਲਕੁਲ ਨਿਕੰਮੀ ਖੁਰਾਕ ਦਿੱਤੀ ਜਾਂਦੀ ਸੀ ਜਿਹੜੀ ਕਿ ਆਮ ਸੀ ਕਲਾਸ ਦੇ ਕੈਦੀ ਨੂੰ ਮਿਲਦੀ ਸੀ। ਮੈਨੂੰ ਪਤਾ ਸੀ ਕਿ ਦਿਉਲੀ ਕੈਂਪ (ਰਾਜਸਥਾਨ) ਜੇਲ੍ਹ ਜਿਥੇ ਕਿ ਸਾਰੇ ਹਿੰਦੁਸਤਾਨ ਦੇ ਚੋਟੀ ਦੇ ਲੀਡਰ ਬੰਦ ਸਨ। ਮੈਂ ਉਥੇ ਆਪਣੇ ਚਾਚੇ ਮੁਹੱਬਤ ਸਿੰਘ ਦੀ ਮੁਲਾਕਾਤ ਲਈ ਗਿਆ ਸੀ ਤੇ ਗੁਜਰਾਤ ਜੇਲ੍ਹ ਵਿਚ ਸਾਡੇ ਸਾਥੀਆਂ ਨੂੰ ਸਪੈਸ਼ਲ ਕਲਾਸ ਮਿਲੀ ਹੋਈ ਸੀ ਤੇ ਹੋਰ ਵੀ ਕਾਫੀ ਸਹੂਲਤਾਂ ਸਨ। ਮੈਂ ਭੰਗੀ ਨੂੰ ਆਪਣੇ ਭਰੋਸੇ ਵਿਚ ਲਿਆ ਤੇ ਉਸ ਨੂੰ ਦਸਿਆ ਕਿ ਸਾਨੂੰ ਇਤਨੀ ਚੰਗੀ ਤੇ ਵਾਧੂ ਖੁਰਾਕ ਮਿਲਿਆ ਕਰੇਗੀ ਜਿਸ ਵਿਚ ਕਾਫੀ ਹਿੱਸਾ ਬਚ ਜਾਵੇਗਾ ਤੇ ਤੇਰੇ ਕੰਮ ਆਇਆ ਕਰੇਗਾ। ਤੈਨੂੰ ਸਿਰਫ ਇਹ ਕਰਨਾ ਪਵੇਗਾ ਕਿ ਸਾਰੇ ਨਜ਼ਰਬੰਦਾਂ ਨੂੰ ਆਖ ਦੇ ਕਿ ਕੱਲ ਨੂੰ ਖਾਨਾ ਨਾ ਲੈਣ ਤੇ ਨਾ ਹੀ ਖਾਣ ਤੇ ਭੁਖ ਹੜਤਾਲ ਕਰ ਦੇਣ ਅਤੇ ਅਫਸਰ ਦੇ ਪੁਛਣ ਤੇ ਇਹ ਜਵਾਬ ਦੇਣ ਕਿ ਜਿਹੜਾ ਖਾਣਾ

ਮੈਂ ਪੂਰੇ ਵਕਤ ਤੇ ਬਦਾਮੀ ਬਾਗ ਰੇਲਵੇ ਸਟੇਸ਼ਨ ਦੇ ਸਾਹਮਣੇ ਗਰਾਊਂਡ ਜਿਹੜੀ ਸ਼ਾਹੀ ਕਿਲੇ ਦੇ ਬਿਲਕੁਲ ਨੇੜੇ ਸੀ ਪਹੁੰਚ ਗਿਆ। ਉਹ ਆਦਮੀ ਪਹਿਲਾਂ ਹੀ ਮੇਰਾ ਇੰਤਜ਼ਾਰ ਕਰ ਰਿਹਾ ਸੀ। ਉਸ ਮੈਨੂੰ ਇਕ ਰੁਕਾ ਦਿੱਤਾ ਜਿਹੜਾ ਕਿ ਸਾਥੀ ਦੁਲਾ ਸਿੰਘ ਦਾ ਲਿਖਿਆ ਹੋਇਆ ਸੀ। ਉਸ ਦਾ ਮਜ਼ਮੂਨ ਇਸ ਤਰ੍ਹਾਂ ਸੀ।


ਪਿਆਰੇ ਸਾਥੀ ਤੁਹਾਡਾ ਰੁਕਾ ਮਿਲ ਗਿਆ ਹੈ। ਦਿਲ ਨੂੰ ਬੜੀ ਤਸੱਲੀ ਹੋਈ ਤੇ ਨਾਲ ਖੁਸ਼ੀ ਵੀ ਹੋਈ। ਅਗੋਂ ਸਾਰੇ ਕੰਮ ਤੋਂ ਮੈਨੂੰ ਪਤਾ ਦਿੰਦੇ ਰਹੋ ਤਾਂ ਜੋ ਮੈਨੂੰ ਪਤਾ ਲੱਗਦਾ ਰਹੇ ਕਿ ਸਾਰਿਆਂ ਦੇ ਫੜੇ ਜਾਣ ਮਗਰੋਂ ਵੀ ਪਾਰਟੀ ਦਾ ਕੰਮ ਠੀਕ ਤਰ੍ਹਾਂ ਚਲ ਰਿਹਾ ਹੈ ਅਤੇ ਅਖਬਾਰ ਪੂਰੇ ਵਕਤ ਤੇ ਛੱਪ ਕੇ ਸਾਰੇ ਜ਼ਿਲ੍ਹਿਆਂ ਵਿਚ ਪਹੁੰਚ ਰਿਹਾ ਹੈ। ਕੀ ਪਾਰਟੀ ਦਾ ਰੁਪਿਆ ਕਿਸੇ ਠੀਕ ਥਾਂ ਤੇ ਪਿਆ ਹੋਇਆ ਹੈ। ਅਸਲ੍ਹਾ ਜਿਹੜਾ ਅਫਗਾਨਿਸਤਾਨ ਦੇ ਰਸਤੇ ਆਇਆ ਹੈ ਉਹ ਸਹੀ ਥਾਂ ਤੇ ਅੱਪੜ ਗਿਆ ਹੈ ? ਕੀ ਹੋਰ ਕੋਈ ਸਾਥੀ ਤਾਂ ਨਹੀਂ ਫੜਿਆ ਗਿਆ ? ਅਗਲੀ ਮੁਲਾਕਾਤ ਤੇ ਸਾਰੀਆਂ ਗੱਲਾਂ ਵੇਰਵੇ ਨਾਲ ਲਿਖਣਾ। ਥੱਲੇ ਦੁਲਾ ਸਿੰਘ ਲਿਖਿਆ ਹੋਇਆ ਸੀ।

—ਦੁਲਾ ਸਿੰਘ

ਚਿੱਠੀ ਪੜ੍ਹ ਕੇ ਮੈਨੂੰ ਹੈਰਾਨੀ ਹੋਈ ਕਿ ਕਿਲੇ ਵਿੱਚ ਬੰਦ ਸਾਥੀ ਨੂੰ ਇਹੋ ਜਿਹੇ ਸਵਾਲ ਪੁਛਣ ਦੀ ਕੀ ਲੋੜ ਹੈ ਕਿਉਂਕਿ ਇਕ ਤੇ ਉਹ ਸਾਥੀ ਬਿਲਕੁਲ ਅਨਪੜ੍ਹ ਤੇ ਸਿੱਧਾ ਸੀ। ਦੂਜਾ ਉਸ ਦਾ ਬਾਹਰ ਆਉਣਾ ਨਾ-ਮੁਮਕਿਨ ਸੀ। ਇਹੋ ਜਿਹੇ ਸਵਾਲ ਪੁਛਣ ਤੇ ਉਸ ਨੂੰ ਕੀ ਫਾਇਦਾ ਪਹੁੰਚ ਸਕਦਾ ਸੀ ਜਦੋਂਕਿ ਬਾਹਰ ਪਾਰਟੀ ਦੇ ਸਮਝਦਾਰ ਤੇ ਉੱਚ ਚੋਟੀ ਦੇ ਲੀਡਰ ਮੌਜੂਦ ਸਨ। ਮੈਨੂੰ ਪੂਰਾ ਸ਼ੱਕ ਸੀ ਕਿ ਸਾਡਾ ਸਾਥੀ ਸੀ. ਆਈ. ਡੀ. ਦਾ ਹੱਥਠੋਕਾ ਬਣਿਆ ਹੋਇਆ ਹੈ ਤੇ ਅਸਲ ਰਾਹ ਤੋਂ ਆਪਣੀ ਸਾਦਗੀ ਦੀ ਵਜ੍ਹਾ ਨਾਲ ਗਲਤ ਚੱਕਰ ਵਿੱਚ ਫਸ ਗਿਆ ਹੈ। ਖੈਰ ਮੈਂ ਰੁਕਾ ਸੰਭਾਲ ਲਿਆ ਤੇ ਉਸ ਤੋਂ ਪੁਛਿਆ ਕਿ ਜਿਹੜਾ ਇਹ ਕੰਮ ਤੂੰ ਕਰ ਰਿਹਾ ਹੈਂ, ਬਹੁਤ ਮੁਸ਼ਕਿਲ ਹੈ ਤੇ ਇਸ ਕੰਮ ਲਈ ਤੈਨੂੰ ਪੈਸੇ ਦੀ ਜ਼ਰੂਰਤ ਤੇ ਪੈਂਦੀ ਹੋਵੇਗੀ। ਅਗਰ ਤਨੂੰ ਲੋੜ ਹੈ ਤਾਂ ਦੱਸ ਦੇ। ਅਗਲੀ ਮੁਲਾਕਾਤ ਤੇ ਮੈਂ ਪੈਸੇ ਲੈਂਦਾ ਆਵਾਂਗਾ। ਕਹਿਣ ਲੱਗਾ ਮੇਰੀ ਜ਼ਮੀਰ ਤੇ ਇਜਾਜ਼ਤ ਨਹੀਂ ਦਿੰਦੀ, ਪਰ ਖਰਚ ਤੇ ਬਥੇਰਾ ਆਉਂਦਾ ਹੈ। ਠੀਕ ਸਮਝੋ ਤੇ ਪੰਜ-ਛੇ ਸੌ ਰੁਪਏ ਲੈਂਦੇ ਆਉਣਾ। ਮੁਲਾਕਾਤ ਤੋਂ ਪਿਛੋਂ ਮੈਂ ਡਿੰਗੇ-ਟੇਡੇ ਰਸਤਿਆਂ ਤੋਂ ਹੁੰਦਾ ਹੋਇਆ ਪਿੰਡ ਚੂੰਗ ਜਿਹੜਾ ਕਿ ਲਾਹੌਰ ਛਾਉਣੀ ਤੋਂ 2-3 ਮੀਲ ਦੂਰ ਸੀ, ਵੱਲ ਤੁਰ ਪਿਆ। ਇਕ ਚੌਂਕ ਤੇ ਟਰੈਫਿਕ ਰੁਕਣ ਤੇ ਮੈਂ ਖੜਾ ਹੋ ਗਿਆ, ਪਿਛੇ ਮੁੜ ਕੇ ਵੇਖਿਆ ਕਿ ਉਹ ਆਦਮੀ ਵੀ ਕੁਝ ਦੂਰੀ ਤੇ ਖੜਾ ਮੈਨੂੰ ਨਜ਼ਰ ਆਇਆ ਕਿਉਂਕਿ ਉਹ ਆਦਮੀ ਮੇਰਾ ਪਿਛਾ ਕਰ ਰਿਹਾ ਸੀ। ਪਰ ਮੈਂ ਛਾਉਣੀ ਦੀਆਂ ਸੜਕਾਂ ਤੇ ਚੱਕਰ ਲਾਉਂਦਾ ਹੋਇਆ ਪਿੰਡ ਪਹੁੰਚ ਗਿਆ। ਅਗਲੇ ਦਿਨ ਉਹ ਰੁਕਾ ਤੇ ਰਿਪੋਰਟ ਪਾਰਟੀ ਹੈੱਡ ਕਵਾਟਰ ਨੂੰ ਦਿੱਤੀ ਕਿਉਂਕਿ ਸੈਂਸਰਾ ਤੇ ਦੂਜੇ ਸਾਥੀ ਪੁਰਾਣੇ ਤਜਰਬੇਕਾਰ ਸਨ। ਇਸ ਲਈ ਉਹਨਾਂ ਦੀ ਇਸ ਦਲੀਲ ਨੂੰ ਮਜ਼ਬੂਰਨ ਮੰਨਣਾ ਪਿਆ ਕਿ ਦੁਲਾ ਸਿੰਘ ਕਦੀ ਗਲਤ ਨਹੀਂ ਚਲ ਸਕਦਾ ਤੁਸੀਂ ਐਵੇਂ ਹੀ ਸ਼ੱਕ ਕਰਦੇ ਹੋ। ਮੈਨੂੰ ਹਿਦਾਇਤ ਕੀਤੀ ਗਈ ਕਿ ਅਗੋਂ ਵਕਤ ਤੇ ਉਹਨਾਂ ਨਾਲ ਮੁਲਾਕਾਤ ਕੀਤੀ ਜਾਵੇ ਤੇ ਪੰਜ ਸੌ ਰੁਪਿਆ ਵੀ ਮੈਨੂੰ ਉਸ ਨੂੰ ਦੇਣ ਲਈ ਦਿੱਤਾ ਤੇ ਨਾਲ ਇਹ ਹਿਦਾਇਤ ਕੀਤੀ ਕਿ ਉਹਨਾਂ ਨੂੰ ਕਹਿਣਾ ਕਿ ਪਾਰਟੀ ਲੀਡਰ ਨਹੀਂ ਮਿਲੇ ਤੇ ਰੁਕੇ ਦਾ ਜਵਾਬ ਅਗਲੀ ਮੁਲਾਕਾਤ ਤੇ ਲਿਆਵਾਂਗਾ।


ਸਾਥੀ ਦੁਲਾ ਸਿੰਘ ਪੁਲਸ ਦੀ ਮਾਰ ਤੋਂ ਤੰਗ ਆ ਕੇ ਓਹਨਾਂ ਦੇ ਆਖੇ ਲਗਨ ਲੱਗ ਪਿਆ ਸੀ ਤੇ ਮੇਰਾ ਪਤਾ ਦੇ ਕੇ ਉਸ ਨੇ ਬੜੀ ਵੱਡੀ ਗਲਤੀ ਕੀਤੀ ਸੀ ਕਿਉਂਕਿ ਉਸ ਵਕਤ ਤੱਕ ਪੁਲਿਸ ਮੈਨੂੰ ਬਿਲਕੁਲ ਨਹੀਂ ਜਾਣਦੀ ਸੀ ਤੇ ਮੇਰੇ ਨਾ ਫੜੇ ਜਾਣ ਦੀ ਇਕ ਵਜ੍ਹਾ ਇਹ ਵੀ ਸੀ। ਅਗਲੀ ਮੁਲਾਕਾਤ ਲਈ ਮੈਂ ਫਿਰ ਗੁਰਦੁਆਰਾ ਡੇਰਾ ਸਾਹਿਬ ਪਹੁੰਚ ਗਿਆ। ਉਹ ਆਦਮੀ ਮੈਨੂੰ ਉਥੇ ਮਿਲ ਗਿਆ ਤੇ ਕਹਿਣ ਲੱਗਾ ਕਿ ਤੁਹਾਨੂੰ ਸਾਥੀ ਦਲਾ ਸਿੰਘ ਨੇ ਮੁਲਾਕਾਤ ਲਈ ਬੁਲਾਇਆ ਹੈ। ਜਿਸ ਸਭ ਦਾ ਇੰਤਜ਼ਾਮ ਮੈਂ ਕਰ ਰਖਿਆ ਹੈ। ਡਿਊਟੀ ਤੇ ਪੁਲਿਸ ਵਾਲੇ ਸਾਰੇ ਆਪਣੇ ਆਦਮੀ ਹੋਣਗੇ, ਤੁਸੀਂ ਬਿਲਕੁਲ ਫਿਕਰ ਨਾ ਕਰੋ। ਰਾਤ 8-00 ਵਜੇ ਤੋਂ ਬਾਅਦ ਸਾਰੇ ਅਫਸਰ ਚਲੇ ਜਾਂਦੇ ਹਨ ਤੇ ਉਹ ਤੁਹਾਨੂੰ ਮਿਲ ਕੇ ਕੁਝ ਜ਼ਬਾਨੀ ਗੱਲਾਂ ਕਰਨਾ ਚਾਹੁੰਦਾ ਹੈ। ਕਿਉਂਕਿ ਕਈ ਭੇਦ ਭਰੀਆਂ ਗੱਲਾਂ ਤੁਹਾਡੀਆਂ ਮੇਰੇ ਕੋਲੋਂ ਵੀ ਛੁਪਾ ਕੇ ਰੱਖਣ ਵਾਲੀਆਂ ਹੋਣਗੀਆਂ। ਮੈਂ ਉਸ ਨਾਲ ਵਕਤ ਤੇ ਤਾਰੀਖ ਮਿੱਥ ਲਈ ਤੇ ਨਾਲ ਇਹ ਵੀ ਕਹਿ ਦਿੱਤਾ ਕਿ ਜੇ ਮੇਰੇ ਸਾਥੀ ਮੰਨ ਗਏ ਤਾਂ ਮੁਲਾਕਾਤ ਤੇ ਆਵਾਂਗਾ ਤੇ ਰੁਪਿਆ ਮੈਂ ਉਹਨੂੰ ਜਾਣਬੁਝ ਕੇ ਨਾ ਦਿੱਤਾ ਕਿਉਂਕਿ ਮੈਂ ਸਮਝਦਾ ਸਾਂ ਸੀ. ਆਈ ਡੀ. ਵਾਲੇ ਨੂੰ ਪੈਸੇ ਦੇਣੇ ਵੱਡੀ ਗਲਤੀ ਹੋਵੇਗੀ ਮੈਂ ਆਪਣੇ ਸਾਥੀਆਂ ਨੂੰ ਆਪਣਾ ਫੈਸਲਾ ਦਸਿਆ ਤੇ ਕਿਹਾ ਕਿ ਅਸੀਂ ਇਸ ਮੁਲਾਕਾਤ ਤੋਂ ਕੀ ਲੈਣਾ ਹੈ ਉਹ ਕਿਹੜਾ ਤੇਜਾ ਸਿੰਘ ਸੁਤੰਤਰ ਹੈ ਜਿਸ ਦੇ ਬਿਨਾਂ ਪਾਰਟੀ ਦਾ ਕੰਮ ਨਹੀਂ ਚਲ ਸਕਦਾ ਫਿਰ ਵੀ ਮੈਨੂੰ ਹਿਦਾਇਤ ਦਿੱਤੀ ਗਈ ਕਿ ਦੁਲਾ ਸਿੰਘ ਨਾਲ ਮੁਲਾਕਾਤ ਕੀਤੀ ਜਾਵੇ ਇਸ ਦੇ ਬਦਲੇ ਭਾਵੇਂ ਸਾਨੂੰ ਕਿੰਨਾ ਵੀ ਨੁਕਸਾਨ ਨਾ ਉਠਾਉਣਾ ਪਵੇ। ਮੈਂ ਪਾਰਟੀ ਦੇ ਹੁਕਮ ਮੁਤਾਬਕ 8 ਵਜੇ ਰਾਤ ਗੁਰਦੁਆਰਾ ਡੇਰਾ ਸਾਹਿਬ ਅਪੜ ਗਿਆ ਜਿਹੜਾ ਸਾਹੀ ਕਿਲੇ ਦੇ ਬਿਲਕੁਲ ਸਾਹਮਣੇ ਹੈ। ਥੋੜਾ ਇੰਤਜ਼ਾਰ ਕਰਨ ਦੇ ਬਾਅਦ ਉਹ ਆਦਮੀ ਆ ਗਿਆ ਤੇ ਕਹਿਣ ਲਗਾ ਕਿ ਤੁਹਾਨੂੰ ਪੁਲਿਸ ਹਵਾਲਦਾਰ ਦੀ ਵਰਦੀ ਵਿਚ ਅੰਦਰ ਜਾਣਾ ਪਵੇਗਾ ਜਿਸ ਦਾ ਇੰਤਜ਼ਾਮ ਮੈਂ ਕੀਤਾ ਹੋਇਆ ਹੈ। ਉਹ ਵਰਦੀ ਲੈਣ ਤੇ ਹਾਲਾਤ ਦਾ ਜਾਇਜ਼ਾ ਲੈਣ ਲਈ ਕਿਲੇ ਦੇ ਅੰਦਰ ਤੁਰ ਗਿਆ। ਥੋੜੇ ਸਮੇਂ ਪਿਛੋਂ ਉਹ ਇਕ ਰੁਕਾ ਤੇ ਵਰਦੀ ਲੈ ਕੇ ਆ ਗਿਆ। ਰੁਕੇ ਵਿਚ ਦੁਲਾ ਸਿੰਘ ਨੇ

ਫੁਲਰਵੰਨ ਵਾਲੇ (ਅਮਰਪੁਰ ਯੂ.ਪੀ.)



ਕੁਰਸੀਨਾਮਾ ਅਤੇ ਵੇਰਵਾ ਜਗਜੀਤ ਸਿੰਘ ਐਡਵੋਕੇਟ (ਸ਼ਾਹਬਾਦ ਮਾਰਕੰਡਾ) ਹੁਣ ਕੁਰਕਸ਼ੇਤਰ

ਇਸ ਪ੍ਰੀਵਾਰ ਦਾ ਬਜ਼ੁਰਗ ਰਾਮ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜੰਡਿਆਲਾ ਗੁਰੂ ਕਾ (ਅੰਮ੍ਰਿਤਸਰ ਤੋਂ) ਉੱਠ ਕੇ ਸ਼ਾਹਬਾਦ ਮਾਰਕੰਡਾ ਆ ਵਸਿਆ ।



1. ਇਲੈਕਟਰੋਨਿਕ ਇੰਜੀਨੀਅਰ ਦਿੱਲੀ ਵਿਚ ਹੈ ।
2. ਯੂ ਐਸ.ਏ. ਤੋਂ ਇੰਜੀਨੀਅਰਿੰਗ ਕਰ ਕੇ ਉਥੇ ਹੀ ਵਸਿਆ ਹੋਇਆ ਹੈ ।
3. 'ਵਕਾਲਤ' ਵਿਚ ਗੋਲਡ ਮੈਡਲਿਸਟ ਹੈ । ਪੰਜਾਬ, ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿਚ ਪਰੈਕਟਿਸ ਕਰ ਰਿਹਾ ਹੈ ।

ਸਾਡੇ ਨਜ਼ਰਬੰਦ ਸਾਥੀਆਂ ਨੂੰ ਗੁਜਰਾਤ ਜੇਲ੍ਹ ਵਿਚ ਦਿੱਤਾ ਜਾਂਦਾ ਹੈ ਸਾਨੂੰ ਵੀ ਉਹ ਹੀ ਖਾਣਾ ਦਿੱਤਾ ਜਾਵੇ। ਭੰਗੀ ਨੇ ਸਾਰਿਆਂ ਨੂੰ ਇਹ ਗੱਲ ਦਿੱਤੀ ਤੇ ਅਗਲੇ ਦਿਨ ਕਿਸੇ ਨੇ ਵੀ ਖਾਣਾ ਨਾ ਲਿਆ ਤੇ ਕਿਲੇ ਵਿਚ ਭਗਦੜ ਮੱਚ ਗਈ ਕਿ ਕਿਲੇ ਵਿਚ ਸੀ.ਆਈ.ਡੀ. ਤੇ ਪੁਲਿਸ ਦਾ ਪਹਿਰਾ ਹੁੰਦਿਆਂ ਹੋਇਆਂ ਵੀ ਨਜ਼ਰਬੰਦਾਂ ਨੇ ਭੁਖ ਹੜਤਾਲ ਕਿਵੇਂ ਕਰ ਦਿੱਤੀ। ਟੈਲੀਫੋਨ ਦੀਆਂ ਘੰਟੀਆਂ ਵਜ ਉੱਠੀਆਂ ਤੇ ਸਾਰੇ ਵੱਡੇ ਅਫਸਰ ਕਿਲੇ ਵਿਚ ਇਕੱਠੇ ਹੋ ਗਏ। ਸਭ ਤੋਂ ਪੁਛਿਆ ਗਿਆ ਕਿ ਤੁਸੀਂ ਖਾਣਾ ਕਿਉਂ ਨਹੀਂ ਖਾਂਦੇ। ਸਭ ਦਾ ਇਕੋ ਹੀ ਜਵਾਬ ਸੀ ਕਿ ਜਿਹੜਾ ਖਾਣਾ ਗੁਜਰਾਤ ਜੇਲ੍ਹ ਵਿਚ ਦਿੱਤਾ ਜਾਂਦਾ ਹੈ, ਸਾਨੂੰ ਵੀ ਉਹੀ ਦਿੱਤਾ ਜਾਵੇ। 2-3 ਘੰਟੇ ਬਾਅਦ ਅਫਸਰਾਂ ਨੂੰ ਝੁਕਣਾ ਪਿਆ ਤੇ ਸਾਡੇ ਲਈ ਹੋਟਲ ਤੋਂ ਸਪੈਸ਼ਲ ਖਾਣੇ ਦਾ ਇੰਤਜ਼ਾਮ ਕਰ ਦਿੱਤਾ ਗਿਆ ਜਿਹੜਾ ਕਿ ਚੰਗਾ ਤੇ ਵਾਧੂ ਹੁੰਦਾ ਸੀ ਜਿਸ ਨਾਲ ਭੰਗੀ ਦੀ ਮੌਜ ਹੋ ਗਈ ਤੇ ਮੇਰਾ ਕੀਤਾ ਹੋਇਆ ਵਾਅਦਾ ਵੀ ਪੂਰਾ ਹੋ ਗਿਆ। ਕਿਲੇ ਵਿਚ ਸਾਡੇ ਖਿਲਾਫ ਨੇਤਾ ਜੀ ਨੂੰ ਬਾਹਰ ਭੇਜਣ ਦੀ ਸਾਜ਼ਿਸ਼ ਵਿਚ ਤੇ ਹਕੂਮਤ ਦੇ ਖਿਲਾਫ ਬਗ਼ਾਵਤ ਕਰਨ ਦੇ ਸਿਲਸਿਲੇ ਵਿਚ ਸਾਡੇ ਖਿਲਾਫ ਰਿਟਾਇਰ ਪੁਲਿਸ ਅਫਸਰਾਂ ਨੂੰ ਸੱਦ ਕੇ ਇਹ ਕੇਸ ਤਿਆਰ ਕੀਤਾ ਗਿਆ। ਇਸ ਵਕਤ ਵੱਡੀ ਜੰਗ ਸ਼ੁਰੂ ਹੋ ਚੁਕੀ ਸੀ ਤੇ ਹਿਟਲਰ ਦੇ ਖਿਲਾਫ ਅੰਗਰੇਜ਼ ਤੇ ਰੂਸੀ ਇਕੱਠੇ ਹੋ ਚੁਕੇ ਸਨ। ਜੇਕਰ ਮੁਕਦਮਾ ਚਲ ਜਾਂਦਾ ਤਾਂ ਪਤਾ ਨਹੀਂ ਕਿੰਨੀਆਂ ਲੰਮੀਆਂ ਸਜ਼ਾਵਾਂ ਸਾਨੂੰ ਦਿੱਤੀਆਂ ਜਾਂਦੀਆਂ। ਇਸ ਵਾਸਤੇ ਮੁਕਦਮਾ ਨਾ ਕਰਨ ਦਾ ਫੈਸਲਾ ਕੀਤਾ ਗਿਆ ਤੇ ਸਾਨੂੰ ਗੁਜਰਾਤ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਤਕਰੀਬਨ 18 ਮਹੀਨੇ ਬਾਅਦ ਇਕ ਅਪਰੈਲ ਨੂੰ ਸਾਨੂੰ ਸਿਰਫ 6 ਸਾਥੀਆਂ ਨੂੰ ਰਿਹਾਅ ਕਰ ਦਿੱਤਾ ਗਿਆ ਜਦੋਂ ਕਿ ਗੁਜਰਾਤ ਜੇਲ੍ਹ ਵਿਚ 120 ਦੇ ਕਰੀਬ ਪੁਰਾਣੇ ਦੇਸ਼ ਭਗਤ ਬਾਬੇ ਤੇ 37 ਸਾਥੀ ਬੰਦ ਸਨ। ਉਸ ਸਮੇਂ ਆਲ ਇੰਡੀਆ ਕਿਸਾਨ ਸਭਾ ਦਾ ਸਾਲਾਨਾ ਇਜਲਾਸ ਭਕਨਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋ ਰਿਹਾ ਸੀ ਸਾਨੂੰ ਉਸ ਮੌਕੇ ਤੇ ਰਿਹਾਅ ਕੀਤਾ ਗਿਆ। ਰਿਹਾਅ ਹੋਣ ਵਾਲਿਆਂ ਵਿਚ ਮੈਂ, ਸੋਢੀ ਹਰਮਿੰਦਰ ਸਿੰਘ, ਕਾਮਰੇਡ ਧਨਵੰਤਰੀ, ਟੀਕਾ ਰਾਮ ਸੁਖਨ ਤੇ ਰਾਮ ਸਿੰਘ ਦੱਤ ਸਾਂ। ਰਿਹਾਅ ਹੋਣ ਤੋਂ ਪਿਛੋਂ ਸੰਨ 1947 ਤਕ ਮੇਰੀ ਨਿਗਰਾਨੀ ਤੇ ਇਕ ਸਿਪਾਹੀ ਲਾ ਦਿੱਤਾ ਗਿਆ ਜਿਹੜਾ ਹਰ ਵੇਲੇ ਮੇਰੇ ਨਾਲ ਰਹਿੰਦਾ ਸੀ।

ਪਾਰਟੀ ਦੀ ਪੋਲੇਟ ਬਿਊਰੋ ਦੀਆਂ ਮੀਟਿੰਗਾਂ ਆਮ ਤੌਰ ਤੇ ਸਾਡੇ ਪਿੰਡ ਹੁੰਦੀਆਂ ਰਹਿੰਦੀਆਂ ਸਨ ਕਿਉਂਕਿ ਸਾਡਾ ਇਲਾਕਾ ਕਾਫੀ ਸੁਰਖਿਅਤ ਸਮਝਿਆ ਜਾਂਦਾ ਸੀ ਤੇ ਕਿਸੇ ਨੂੰ ਸ਼ੱਕ ਵੀ ਨਹੀਂ ਸੀ ਕਿ ਅੰਗਰੇਜ਼ ਹਕੂਮਤ ਦੇ ਖਿਲਾਫ ਇਥੇ ਕੁਝ ਨਹੀਂ ਹੁੰਦਾ ਰਹਿੰਦਾ ਹੈ। ਪਾਰਟੀ ਦੇ ਭਗੌੜੇ ਲੀਡਰ ਇਥੇ ਹੀ ਆਪਣੇ ਦਿਨ ਗੁਜ਼ਾਰਦੇ ਸਨ ਤੇ ਆਪਣੀ ਚੰਗੀ ਸਿਹਤ ਬਣਾ ਕੇ ਆਪਣੇ ਕੰਮ ਤੋਂ ਵਾਪਸ ਤੁਰ ਜਾਂਦੇ ਸਨ। ਕਾਮਰੇਡ ਤੇਜਾ ਸਿੰਘ ਸੁਤੰਤਰ, ਉਜਾਗਰ ਸਿੰਘ ਬਿਲਗਾ, ਭਗਤ ਸਿੰਘ ਬਿਲਗਾ, ਕਾਮਰੇਡ ਮੋਦਨ ਸਿੰਘ, ਸੋਢੀ ਹਰਮਿੰਦਰ ਸਿੰਘ, ਕਾਕਾ ਖੁਸ਼ਹਾਲ ਖਾਂ ਖਟਕ, ਅਜੈ ਘੋਸ਼, ਕਾ: ਸੁਸ਼ੀਲਾ ਚੈਨ ਅਤੇ ਮੁਹੰਮਦ ਇਸਮਾਈਲ ਕਲਕੱਤੇ ਵਾਲੇ ਅਤੇ ਕਈ ਬੰਗਾਲੀ ਸਾਥੀ ਕਾਫੀ ਸਮਾਂ ਸਾਡੇ ਪਿੰਡ ਵਿਚ ਹੀ ਰਹਿੰਦੇ ਰਹੇ।

ਪਾਰਟੀ ਹੈੱਡ ਕਵਾਟਰ ਦੇ ਜਿਹੜੇ ਸਾਥੀਆਂ ਨੂੰ ਮੈਂ ਜਾਣਦਾ ਸਾਂ ਉਹਨਾਂ ਤੋਂ ਬਗੈਰ ਵੀ ਕਈ ਸਾਥੀਆਂ ਨਾਲ ਵਾਹ ਪੈਂਦਾ ਸੀ। ਉਨ੍ਹਾਂ ਤੋਂ ਨਾਂ ਅਤੇ ਪਤਾ ਪੁਛਣਾ ਪਾਰਟੀ ਦੇ ਨਿਯਮਾਂ ਦੇ ਖਿਲਾਫ ਸੀ।

ਨਵਾਂ ਪਿੰਡ ਜ਼ਿਲ੍ਹਾ ਸ਼ੇਖੂਪੁਰਾ ਦੇ ਕਾਮਰੇਡ ਨਿਸ਼ਾਨ ਸਿੰਘ ਦੇ ਪਿਤਾ ਜੀ ਸ: ਮੱਖਣ ਸਿੰਘ ਸਫੈਦਪੋਸ਼ ਸਨ ਉਹ ਨਿਸ਼ਾਨ ਸਿੰਘ ਦੀ ਪਾਰਟੀ ਵਿਚ ਕੰਮ ਕਰਨ ਤੇ ਅਕਸਰ ਨਰਾਜ ਰਹਿੰਦੇ ਸਨ ਜਦੋਂ ਅਸੀਂ ਪੋਲੇਟ ਬਿਊਰੋ ਦੀ ਮੀਟਿੰਗ ਨਵਾਂ ਪਿੰਡ ਰੱਖੀ ਜਿਸ ਵਿਚ ਹਰਮਿੰਦਰ ਸਿੰਘ ਸੋਢੀ, ਹਰਬੰਸ ਸਿੰਘ ਕਰਨਾਨਾ, ਕਾ. ਚੈਨ ਸਿੰਘ ਚੈਨ, ਰਾਮ ਸਿੰਘ ਦੱਤ ਤੇ ਹੋਰਨਾਂ ਸਾਥੀਆਂ ਨੂੰ ਵੇਖ ਕੇ ਕਹਿਣ ਲੱਗੇ ਇਹ ਤਾਂ ਸਾਰੇ ਚੰਗੇ ਘਰਾਂ ਦੇ ਨੌਜਵਾਨ ਮਲੂਮ ਹੁੰਦੇ ਹਨ ਤੇ ਖੁਸ਼ ਹੋ ਕੇ ਆਪ ਦੋ ਦਿਨ ਨਿਗਰਾਨੀ ਕਰਕੇ ਸਾਡੀ ਖੂਬ ਸੇਵਾ ਕੀਤੀ ਤੇ ਅਗੇ ਤੋਂ ਨਿਸ਼ਾਨ ਸਿੰਘ ਨੂੰ ਕੰਮ ਕਰਨ ਤੋਂ ਕਦੇ ਨਾ ਰੋਕਿਆ।

ਛੋਟੇ ਕੱਦ ਦੇ ਕਾਮਰੇਡ ਦੇਵ ਦੱਤ ਅਟੱਲ ਜਿਸ ਦੇ ਨਾਲ ਮੇਰਾ ਅਖਬਾਰ ਦੇ ਕੰਮ ਵਿਚ ਵਾਹ ਪੈਂਦਾ ਸੀ ਉਹ ਅਖਬਾਰ ਲਈ ਕਾਗ਼ਜ਼, ਸਟੈਂਸਿਲ ਪੇਪਰ ਤੇ ਸਿਆਹੀ ਹਰ ਵਕਤ ਮੁਕਰਰ ਤਾਰੀਖ ਤੇ ਮਿੱਥੀ ਜਗ੍ਹਾ ਤੇ ਮਿਲ ਜਾਂਦਾ ਸੀ।

ਜਦੋਂ ਅਸੀਂ ਸਭ ਸਾਥੀ ਗੁਜਰਾਤ ਜੇਲ੍ਹ ਵਿਚ ਵਾਰੋ ਵਾਰੀ ਇਕੱਠੇ ਹੋ ਗਏ ਤੇ ਫਾਲਤੂ ਟਾਈਮ ਕਟਨ ਲਈ ਦੇਵ ਦੱਤ ਅਟੱਲ ਨੇ, ਨੇ ਮੈਨੂੰ ਸਲਾਹ ਦਿੱਤੀ ਕਿ ਤੁਸੀਂ ਹਿੰਦੀ ਪੜ੍ਹਿਆ ਕਰੋ ਕਿਉਂਕਿ ਅੰਗਰੇਜ਼ੀ ਤੋਂ ਪਿਛੋਂ ਸਾਰਾ ਲਿਟਰੇਚਰ ਇਸੇ ਭਾਸ਼ਾ ਵਿਚ ਮਿਲਦਾ ਹੈ, ਤੇ ਮੈਂ ਉਸ ਕੋਲੋਂ ਹਿੰਦੀ ਪੜ੍ਹਨੀ ਸ਼ੁਰੂ ਕਰ ਦਿੱਤੀ ਤੇ 4-5 ਮਹੀਨਿਆਂ ਵਿਚ ਖੂਬ ਪੜ੍ਹਨ ਲੱਗ ਪਿਆ। ਉਸ ਦਾ ਅਹਿਸਾਨ ਮੈਂ ਸਾਰੀ ਜ਼ਿੰਦਗੀ ਨਹੀਂ ਭੁਲਾ ਸਕਦਾ ਕਿਉਂਕਿ ਹਿੰਦੀ ਅੱਜ ਕਲ੍ਹ ਕੌਮੀ ਭਾਸ਼ਾ ਹੈ ਤੇ ਦੂਜਾ ਉਰਦੂ ਦੀ ਪੜ੍ਹਾਈ ਲਗਭਗ ਖ਼ਤਮ ਹੋ ਚੁੱਕੀ ਹੈ।

ਜਦੋਂ ਮੈਂ ਲਾਹੌਰ ਤੋਂ 500 ਪੌਂਡ ਲੈ ਕੇ ਆਪਣੇ ਪਿੰਡ ਗਿਆ। ਪਾਰਟੀ ਨੇ ਮੇਰੇ ਨਾਲ ਕਾਮਰੇਡ ਸੁਸ਼ੀਲਾ ਨੂੰ ਭੇਜਿਆ ਜਿਹੜੀ ਕਿ ਉਸ ਵੇਲੇ ਪੜ੍ਹਦੀ ਹੁੰਦੀ ਸੀ ਤੇ ਪਾਰਟੀ ਦੇ ਕੰਮ ਵਿਚ ਹਿੱਸਾ ਲੈਣਾ ਚਾਹੁੰਦੀ ਸੀ, ਪਰ ਉਸ ਦੇ ਘਰ ਵਾਲੇ ਉਸ ਨੂੰ ਇਸ ਲਾਈਨ ਵਿਚ ਨਹੀਂ ਸਨ ਆਉਣ ਦਿੰਦੇ। ਉਹ ਦੀਨਾ ਨਗਰ ਜ਼ਿਲ੍ਹਾ ਗੁਰਦਾਸਪੁਰ ਦੀ ਰਹਿਣ ਵਾਲੀ ਸੀ। ਉਹ ਕੰਮ ਕਰਨ ਵਾਸਤੇ ਆਪਣੇ ਮਾਂ-ਬਾਪ ਤੋਂ ਚੋਰੀ ਲਾਹੌਰ ਆ ਗਈ ਤੇ ਪਾਰਟੀ ਨੇ ਉਸ ਨੂੰ ਮੇਰੇ ਨਾਲ ਸਾਡੇ ਪਿੰਡ ਕੋਟ ਸੌਂਧਾ ਭੇਜ ਦਿੱਤਾ ਅਤੇ 7-8 ਮਹੀਨੇ ਉਥੇ ਰਹੀ। ਬਾਅਦ ਵਿਚ ਉਸ ਨੇ ਚੈਨ ਸਿੰਘ ਚੈਨ ਨਾਲ ਸ਼ਾਦੀ ਕਰ ਲਈ।

ਇਕ ਹੀਰਾ ਬੁੱਧੀਜੀਵੀ ਵਿਰਕ
(ਡਾ. ਜਗਜੀਤ ਸਿੰਘ ਵਿਰਕ)

5-12-92 ਦੀ ਅਜੀਤ ਅਖਬਾਰ ਵਿਚ ਡਾ. ਦਲਜੀਤ ਸਿੰਘ ਵਿਰਕ ਦੀਆਂ ਬੁਲੰਦੀਆਂ ਛੂੰਹਦੀਆਂ ਸਫਲਤਾਵਾਂ ਬਾਰੇ ਪੜ੍ਹਿਆ ਹੈ ਤੇ ਫਖਰ ਨਾਲ ਸਿਰ ਉਚਾ ਹੋਇਆ। ਸਾਡੀ ਨਵੀਂ ਪੀੜ੍ਹੀ ਇਸ ਤੋਂ ਸੇਧ ਅਤੇ ਉਤਸ਼ਾਹ ਲਵੇ, ਇਸ ਲਈ ਵੇਰਵਾ ਇਥੇ ਦੇ ਰਿਹਾ ਹਾਂ।

—ਭਗਵੰਤ ਸਿੰਘ 'ਆਜ਼ਾਦ'

ਆਪ ਦਾ ਜਨਮ 25 ਅਗਸਤ 1944 ਈ: ਨੂੰ ਪਿੰਡ ਟਪਿਆਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਲੋਪੋਕੇ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਅਕਾਦਮਿਕ ਵਿਦਿਆ ਪ੍ਰਾਪਤ ਕੀਤੀ। ਫਿਰ ਪੀ. ਏ. ਯੂ. ਲੁਧਿਆਣਾ ਤੋਂ ਨੈਸ਼ਨਲ ਮੈਰਿਟ ਸਕਾਲਰਸ਼ਿਪ ਨਾਲ ਐਮ.ਐਸ.ਸੀ. ਪਲਾਂਟ ਬਰੀਡਿੰਗ ਕੀਤੀ।

1973-76 ਵਿਚ ਇੰਗਲੈਂਡ ਦੀ ਯੂਨੀਵਰਸਿਟੀ ਆਫ ਬਰਮਿੰਘਮ ਦੇ ਵਿਸ਼ਵ ਪ੍ਰਸਿੱਧੀ ਵਾਲੇ ਜੀਵ ਵਿਗਿਆਨੀ ਡਾ. ਜੋਹਨ ਦੀ ਦੇਖ ਰੇਖ ਹੇਠ ਪੀ.ਐਚ.ਡੀ. (ਉਤਪਤੀ ਵਿਗਿਆਨ) ਕੀਤੀ।

1976-78 ਦੋ ਸਾਲ ਲਈ ਰਾਇਲ ਸੋਸਾਇਟੀ ਫਾਰ ਦਾ ਐਗਜੀਬੀਸ਼ਨ ਆਫ 1851 ਦੀ ਪੋਸਟ-ਡਾਕਟਰਲ ਫੈਲੋਸ਼ਿਪ ਆਪ ਨੂੰ ਦਿੱਤੀ ਗਈ ਅਤੇ ਇੰਗਲੈਂਡ ਦੇ ਵੱਖ-ਵੱਖ ਖੋਜ ਕੇਂਦਰਾਂ ਤੇ ਵੀ ਕੁਝ ਸਮਾਂ ਕੰਮ ਕੀਤਾ।

ਅੱਜ ਕਲ ਸੀਨੀਅਰ ਮਿਲਟਸ ਬਰੀਡਰ ਅਤੇ ਪਲਾਂਟ ਬਰੀਡਿੰਗ ਵਿਭਾਗ ਮਿਲਟਸ ਸੈਕਸ਼ਨ ਦੇ ਮੁਖੀ ਵਜੋਂ ਕੰਮ ਕਰ ਰਹੇ ਹਨ। ਆਪ ਨੂੰ ਭਾਰਤੀ ਫਾਈਟੋ-ਪੈਥਾਲੋਜੀਕਲ ਸੁਸਾਇਟੀ ਵਲੋਂ, ਯੂਨੀਵਰਸਿਟੀ ਤੇ ਖੇਤੀਬਾੜੀ ਕਾਲਜ ਦੀ ਐਸੋਸੀਏਸ਼ਨ ਵਲੋਂ, ਆਈ.ਸੀ.ਏ.ਆਰ. ਨਵੀਂ ਦਿੱਲੀ ਵਲੋਂ ਅਤੇ ਯੂਨੀਵਰਸਿਟੀ ਲੁਧਿਆਣਾ ਵਲੋਂ ਅਨੇਕਾਂ ਸਨਮਾਨ ਤੇ ਐਵਾਰਡ ਮਿਲ ਚੁਕੇ ਹਨ। ਇਸ ਤਰ੍ਹਾਂ ਡਾ. ਵਿਰਕ ਵਿਰਕ, ਗੋਤ ਦਾ ਬੜਾ ਸਨਮਾਨਿਆ ਅਤੇ ਅਗਾਂਹ ਹੋਰ ਸਨਮਾਨ ਯੋਗ ਹੀਰਾ ਹੈ।

ਸਾਂਦਲਬਾਰ ਦੇ ਦੋ ਹੋਰ ਉੱਘੇ ਵਿਅਕਤੀ

1. ਤੇਜਾ ਸਿੰਘ ਸਮੁੰਦਰੀ

ਇਹ ਠੀਕ ਏ ਕਿ ਤੇਜਾ ਸਿੰਘ ਸਮੁੰਦਰੀ ਦਾ ਜਨਮ ਪਿੰਡ ਰਾਏ ਬੁਰਜ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ ਪਰ ਤਿੰਨ ਕੁ ਸਾਲ ਹੀ ਫੌਜ ਦੀ ਨੌਕਰੀ ਕਰ ਕੇ ਛੱਡ ਆਇਆ ਅਤੇ ਜ਼ਿਲ੍ਹਾ ਲਾਇਲਪੁਰ ਦੇ ਸ਼ਹਿਰ ਸਮੁੰਦਰੀ ਦੇ ਨੇੜੇ ਹੀ ਆਬਾਦ ਹੋ ਗਏ। ਫੌਜ ਵਿਚ ਹੀ ਗਤਕੇਬਾਜ਼ੀ ਦੀ ਸਿਖਲਾਈ ਕੀਤੀ। ਸਾਂਦਲਬਾਰ ਵਿਚ ਰਹਿ ਕੇ ਹੀ ਪੰਥਕ ਸਰਗਰਮੀਆਂ ਵਿਚ ਹਿੱਸਾ ਲੈਂਦੇ ਰਹੇ।


ਨਨਕਾਣਾ ਸਾਹਿਬ ਪ੍ਰਬੰਧਕ ਕਮੇਟੀ, ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸ਼ਰੋਮਣੀ ਅਕਾਲੀ ਦਲ ਦੇ ਮੁਢਲੇ ਮੈਂਬਰਾਂ ਵਿਚੋਂ ਸਨ। ਪ੍ਰਦੇਸੀ ਖਾਲਸਾ ਅਤੇ 'ਅਕਾਲੀ' ਆਦਿ ਅਖਬਾਰਾਂ ਸਕੂਲਾਂ ਤੇ ਹੋਰ ਧਾਰਮਿਕ ਜਥੇਬੰਦੀਆਂ ਦੀ ਸਥਾਪਨਾ ਵਿਚ ਹਿੱਸਾ ਲੈਂਦੇ ਰਹੇ। ਗੁਰਮਤਿ ਪ੍ਰਚਾਰ ਲਈ ਖਾਲਸਾ ਦੀਵਾਨ ਸਮੁੰਦਰੀ ਦੀ ਨੀਂਹ ਰਖੀ ਅਤੇ ਫਿਰ ਖਾਲਸਾ ਦੀਵਾਨ, ਬਾਰ ਕਾਇਮ ਕਰਵਾਇਆ। ਗੁਰਦਵਾਰਾ ਰਕਾਬ ਗੰਜ ਦੀ ਕੰਧ 1914 ਈ: ਵਿਚ ਢਾਹੇ ਜਾਣ ਵਿਰੁਧ ਯਤਨਾਂ ਵਿਚ ਬੜੇ ਸਰਗਰਮ ਰਹੇ। ਕੁੰਜੀਆਂ ਦਾ ਮੋਰਚਾ ਤੇ ਅਜ਼ਾਦੀ ਦੇ ਸੰਘਰਸ਼ ਵਿਚ ਸਰਗਰਮ ਰਹੇ।


13 ਅਕਤੂਬਰ 1923 ਈ: ਨੂੰ ਸਮੁੰਦਰੀ ਤੇ ਹੋਰ ਸਾਥੀਆਂ ਨੂੰ 'ਸਿੱਖ ਸਾਜਿਸ਼' ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ। ਕੁਝ ਚਿਰ ਪਿਛੋਂ ਸਰਕਾਰ ਨੇ ਕੁਝ ਸ਼ਰਤਾਂ ਨਾਲ ਰਿਹਾਅ ਕਰਨ ਲਈ ਕਿਹਾ ਪਰ ਉਹਨਾਂ ਇਨਕਾਰ ਕਰ ਦਿੱਤਾ ਕਿ ਸ਼ਰਤਾਂ ਨਾਲ ਬਾਹਰ ਆਉਣ ਨਾਲੋਂ ਜੇਲ੍ਹ ਵਿਚ ਹੀ ਮਰਨਾ ਠੀਕ ਏ।

ਬਾਰ ਦਾ ਇਹ ਅਣਖੀਲਾ 17 ਜੁਲਾਈ 1926 ਨੂੰ ਜੇਲ੍ਹ ਵਿਚ ਹੀ ਚੜ੍ਹਾਈ ਕਰ ਕੇ ਜੀਵਨ ਸਫਲ ਕਰ ਗਿਆ।


2. ਅਵਤਾਰ ਸਿੰਘ ਖਾਲਸਾ

ਜ਼ਿਲ੍ਹਾ ਅਤੇ ਖਾਸ ਕਰ ਸ਼ਹਿਰ ਗੁਜਰਾਂਵਾਲਾ (ਪਾਕਿਸਤਾਨ) ਦਾ ਭਾਰਤ ਦੇਸ਼ ਦੇ ਇਤਿਹਾਸ ਅਤੇ ਸਿੱਖ ਇਤਿਹਾਸ ਵਿਚ ਬਹੁਤ ਮਹੱਤਵਪੂਰਨ ਸਥਾਨ ਰਿਹਾ ਹੈ। ਇਥੋਂ ਦੇ ਹੀ ਵਿਦਵਾਨ ਪ੍ਰਿਥੀਪਾਲ ਸਿੰਘ ਕਪੂਰ ਦੀ ਪੰਜਾਬੀ ਟ੍ਰਿਬਿਊਨ ਵਿਚ


ਗੰਡਾ ਸਿੰਘ
(ਸ਼ੇਰੋਂ ਕਾ ਡਿਬਡਿਬਾ ਯੂ.ਪੀ.)
ਤਖਤ ਸਿੰਘ
ਭਗਤ ਸਿੰਘ
(ਹੇਠਾਂ ਦੇਖੋ)
ਜਗਤ ਸਿੰਘ
ਤਰਲੋਕ ਸਿੰਘ
ਗੁਰਬਖਸ਼ ਸਿੰਘ
ਲਾਲ ਸਿੰਘ
ਸੁਰਜੀਤ ਸਿੰਘ
ਵਸਣ ਸਿੰਘ
ਸੁਖਵੰਤ ਸਿੰਘ
ਗੁਰਨੈਤ ਸਿੰਘ
ਗੁਰਭੇਜ ਸਿੰਘ
ਰਾਜਬੀਰ ਸਿੰਘ
ਜਸਵੰਤਸਿੰਘ
ਗੁਰਬਾਜਸਿੰਘ
ਗੁਰਪ੍ਰਤਾਪਸਿੰਘ
ਮੇਜਰਸਿੰਘ
ਸਾਹਿਬ ਸਿੰਘ
ਰਣਧੀਰ ਸਿੰਘ
ਹਰਦੀਪ ਸਿੰਘ
ਕੁਲਦੀਪ ਸਿੰਘ
ਸਤਨਾਮ ਸਿੰਘ
ਸੇਵਕ ਸਿੰਘ
ਗੁਰਜਿੰਦਰ ਸਿੰਘ
ਗੁਰਵਿੰਦਰ ਸਿੰਘ
ਬਲਵਿੰਦਰ ਸਿੰਘ
ਦਵਿੰਦਰ ਸਿੰਘ
ਜਤਿੰਦਰਸਿੰਘ
ਰਣਬੀਰ ਸਿੰਘ
ਰਾਜਿੰਦਰਸਿੰਘ
ਹਰਭਜਨ ਸਿੰਘ
ਇੰਦਰਪਾਲ ਸਿੰਘ


ਭਗਤ ਸਿੰਘ
ਮੇਹਰ ਸਿੰਘ
ਕਰਨੈਲ ਸਿੰਘ
ਬਲਦੇਵ ਸਿੰਘ
ਰਤਨ ਸਿੰਘ
ਅਮਰ ਸਿੰਘ
ਯਾਦਵਿੰਦਰ ਸਿਘ
ਕੁਲਵੰਤਸਿੰਘ
ਜਸਵੰਤਸਿੰਘ
ਲਖਵਿੰਦਰਸਿੰਘ
ਸੁਖਵਿੰਦਰਸਿੰਘ
ਮਨਜੀਤਸਿੰਘ
ਮੱਖਣ ਸਿੰਘ
ਸੁਲੱਖਣਸਿੰਘ
ਮਲਵਿੰਦਰ ਸਿੰਘ
ਸ਼ੇਰ ਸਿੰਘ
ਕੁਲਬੀਰ ਸਿੰਘ
ਸਤਪਾਲ ਸਿੰਘ
ਗੁਰਮੁਖ ਸਿੰਘ

ਨਿਧਾਨ ਸਿੰਘ (ਮੁਰੀਦ ਕੇ, ਲੜੀ ਜੋੜਨ ਲਈ ਪੰਨਾ 562 ਦੇਖੋ)



---

1. ਸਰਦਾਰ ਸਰੈਣ ਸਿੰਘ ਨੇ ਮਾਰਸ਼ਲ ਲਾਅ ਵਿਚ ਆਪਣੇ ਸਾਥੀਆਂ ਨਾਲ ਚੂਹੜਕਾਨਾ ਦੇ ਰੇਲਵੇ ਸਟੇਸ਼ਨ ਨੂੰ ਸਾੜਿਆ ਅਤੇ ਰੇਲ ਲਾਈਨ ਪੁੱਟੀ ਜਿਸ ਕਰ ਕੇ ਮੌਤ ਦੀ ਸਜ਼ਾ ਹੋਈ। ਬਾਅਦ ਵਿਚ ਦੋ ਸਾਲ ਕੈਦ ਕੱਟੀ। ਨਨਕਾਣਾ ਸਾਹਿਬ ਵਾਲੇ ਸਾਕੇ ਵਿਚ ਵੀ ਹਾਜ਼ਰ ਹੋਇਆ। ਸ਼ਹੀਦਾਂ ਦਾ ਸਸਕਾਰ ਰਲ ਕੇ ਕੀਤਾ। ਹੁਣ ਪੈਨਸ਼ਨ ਲੈਂਦਾ ਹੈ।
2. ਦਰਸ਼ਨ ਸਿੰਘ ਨੇ ਕਰਨਾਲ ਦੇ ਕਿਸਾਨ ਮੋਰਚੇ ਵਿਚ ਕੈਦ ਕੱਟੀ।
3. ਪੂਰਨ ਸਿੰਘ ਨੇ ਕਰਨਾਲ ਕਿਸਾਨ ਮੋਰਚੇ ਵਿਚ ਕੈਦ ਕੱਟੀ।
4. ਜਥੇਦਾਰ ਅਮੀਰ ਸਿੰਘ ਨੇ ਕਈ ਵਾਰੀ ਪੰਥਕ ਮੋਰਚਿਆਂ ਵਿਚ ਕੈਦ ਕੱਟੀ। ਕਰਨਾਲ ਦੇ ਕਿਸਾਨ ਮੋਰਚੇ ਅਤੇ 2 ਵਾਰੀ ਧਰਮ ਯੁੱਧ ਮੋਰਚੇ ਵਿਚ ਕੈਦ ਕੱਟੀ ਅਤੇ ਪੰਥ ਦੀ ਵੱਧ ਚੜ੍ਹ ਕੇ ਸੇਵਾ ਕਰਦਾ ਹੈ।
5. ਸਾਧਾ ਸਿੰਘ ਨੇ ਕਿਸਾਨ ਮੋਰਚਾ ਅਤੇ ਧਰਮ ਯੁਧ ਮੋਰਚੇ ਵਿਚ ਕੈਦ ਕੱਟੀ; ਬੁਢਣਪੁਰ ਦੇ ਬਾਗਾ ਸਿੰਘ, ਖਜ਼ਾਨ ਸਿੰਘ, ਗੁਰਦੀਪ ਸਿੰਘ, ਬਖਸ਼ੀਸ਼ ਸਿੰਘ ਨੇ ਕਿਸਾਨ ਮੋਰਚੇ ਅੰਮ੍ਰਿਤਸਰ ਵਿਚ ਕੈਦ ਕੱਟੀ।
6. ਰੇਸ਼ਮ ਸਿੰਘ ਕਨੇਡਾ ਵਿਚ ਹੈ ਅਤੇ ਚੰਗਾ ਕਾਰੋਬਾਰ ਹੈ।
7. ਹਰਿੰਦਰਪਾਲ ਸਿੰਘ ਕਨੇਡਾ ਵਿਚ ਪੜ੍ਹਾਈ ਕਰਦਾ ਹੈ।

ਰਿਪੋਰਟ ਅਨੁਸਾਰ ਨਿਸ਼ਕਾਮ ਪੰਥਕ ਸੇਵਕ ਅਵਤਾਰ ਸਿੰਘ ਖਾਲਸਾ ਦਾ ਸਨਮਾਨ ਖਾਲਸਾ ਐਜੂਕੇਸ਼ਨ ਕੌਂਸਲ ਗੁਜਰਾਂਵਾਲਾ ਦੇ ਉਪਰਾਲੇ ਨਾਲ ਕਰਨਾਲ ਵਿਖੇ ਕੀਤਾ ਗਿਆ। ਖਾਲਸਾ ਜੀ ਨੇ 1935 ਈ: ਵਿਚ ਆਪਣਾ ਰਾਜਨੀਤਿਕ ਜੀਵਨ ਅਰੰਭਿਆ ਅਤੇ ਅਗਲੇ ਹੀ ਸਾਲ ਕ੍ਰਿਪਾਨ ਦੇ ਮੋਰਚੇ ਵਿਚ ਲਾਹੌਰ ਗ੍ਰਿਫਤਾਰੀ ਦਿੱਤੀ। ਫਿਰ ਅਕਾਲੀ, ਸਿਵਲ ਨਾ-ਫੁਰਮਾਨੀ, ਇਨਫਰਾਦੀ ਸਤਿਆਗ੍ਰਹਿ, ਜੈ ਪ੍ਰਕਾਸ਼ ਨਰਾਇਣ ਦੀ ਗੁਪਤ ਲਹਿਰ, ਗੱਲ ਕੀ ਹਰ ਲਹਿਰ ਵਿੱਚ ਸ਼ਾਮਲ ਰਹੇ।

ਪਾਕਿਸਤਾਨ ਤੋਂ ਆ ਕੇ ਕਰਨਾਲ ਵੱਸੇ ਅਤੇ ਧਾਰਮਿਕ ਅਤੇ ਸਮਾਜਿਕ ਖੇਤਰ ਵਿਚ ਬਹੁਤ ਸਰਗਰਮ ਰਹਿੰਦੇ ਹਨ।

—0—


ਪਿੰਡ ਫੁੱਲਰਵੰਨ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਦਾ ਇਕ ਪ੍ਰੀਵਾਰ ਪਿੰਡ ਸ਼ੇਰ ਮਾਜਰਾ ਨੇੜੇ ਪਟਿਆਲਾ ਵਸਿਆ ਹੋਇਆ ਹੈ। ਉਸ ਦਾ ਏਨਾ ਕੁ ਕੁਰਸੀਨਾਵਾਂ ਉਹਨਾਂ ਦੇ ਇਕ ਲੜਕੇ ਨੇ ਦਿੱਤਾ ਸੀ।

ਸਾਵਨ ਸਿੰਘ
|
ਪਾਵਾ ਸਿੰਘ
|
ਜਰਨੈਲ ਸਿੰਘ
|
ਦਰਸ਼ਨ ਸਿੰਘ
|
ਗੁਰਦੀਪ ਸਿੰਘ

—0—


ਸਾਂਦਲਬਾਰ ਦੇ ਪਹਿਲਵਾਨ

1. ਗੁੰਗਾ ਪਹਿਲਵਾਨ — ਪਿੰਡ ਸੰਭੜਵਾਲ ਦੇ ਕੋਲ, ਜ਼ਿਲ੍ਹਾ ਸਿਆਲਕੋਟ
2. ਰਹੀਮ — ਗੁਜਰਾਂਵਾਲਾ
3. ਕੇਸਰ ਸਿੰਘ ਚੀਮਾ — ਗੱਜਰਾ ਜ਼ਿਲ੍ਹਾ ਲਾਇਲਪੁਰ
4. ਸੋਹਣ ਸਿਘ ਕੰਬੋਜ — ਬਹੋੜੂ ਜ਼ਿਲ੍ਹਾ ਲਾਇਲਪੁਰ




(ਪੰਨਾ 760 ਤੋਂ ਚਾਲੂ)

(ਕੁਲਕੇ ਠਗੀ ਵਾਲੇ)



(ਕੁਰਲਕੇ ਠਰੀ ਵਾਲੇ)



(ਪੰਨਾ 761 ਤੇ ਵੇਖੋ)

ਵਚਨ ਸਿੰਘ (ਲੜੀ ਜੋੜਨ ਲਈ ਪੰਨਾ 660 ਵੇਖੋ)

ਲਹਿਣਾ ਸਿੰਘ ਲਾਲ ਸਿੰਘ ਅਰੂੜ ਸਿੰਘ ਸਾਵਨ ਸਿੰਘ

ਭੰਡਾ ਸਿੰਘ

ਸੁਚਾ ਸਿੰਘ ਕੇਸਰ ਸਿੰਘ ਬੰਤਾ ਸਿੰਘ

ਰਵੇਲ ਸਿੰਘ X ਇਕਬਾਲ ਸਿੰਘ ਦਵਿੰਦਰ ਸਿੰਘ ਮਹਿੰਦਰ ਸਿੰਘ ਕੁੰਦਨ ਸਿੰਘ

ਬਲਕਾਰ ਸਿੰਘ

ਬਲਬੀਰ ਸਿੰਘ ਕੁਲਬੀਰ ਸਿੰਘ ਜਸਵੰਤ ਸਿੰਘ

ਜਾਨਪਾਲ ਸਿੰਘ ਜਸਵਿੰਦਰ ਸਿੰਘ

ਸੁਰਜੀਤ ਸਿੰਘ

ਸੇਵਾ ਸਿੰਘ ਅੰਗਰੇਜ਼ ਸਿੰਘ ਕਸ਼ਮੀਰਸਿੰਘ ਅਮੀਰਸਿੰਘ ਜਰਨੈਲ ਸਿੰਘ ਕਰਨੈਲਸਿੰਘ ਸੁਖਵਿੰਦਰਸਿੰਘ ਮੋਹਰ ਸਿੰਘ ਦਲੇਰ ਸਿੰਘ

ਗੁਰਨਾਮ ਸਿੰਘ ਅਨੂਪ ਸਿੰਘ[1] ਅਜੀਤ ਸਿੰਘ

ਮੋਹਰਸਿੰਘ ਕੁਲਦੀਪਸਿੰਘ ਜਗਤਾਰਸਿੰਘ ਸ਼ਮਸ਼ੇਰ ਸਿੰਘ ਸੁਖਚੈਨਸਿੰਘ ਕਸ਼ਮੀਰਸਿੰਘ ਕਾਬਲਸਿੰਘ ਗੁਰਮੀਤ ਸਿੰਘ

ਸਿਮਰਨਜੀਤ ਸਿੰਘ

ਗੁਰਦੀਪ ਸਿੰਘ ਹਰਚਨ ਸਿੰਘ ਅਮੀਰ ਸਿੰਘ ਹਰਦੀਪ ਸਿਘ ਗੁਜੰਤ ਸਿੰਘ ਕੁਲਬੀਰ ਸਿੰਘ

ਗੁਲਸ਼ਨ ਸਿੰਘ ਜਸਵਿੰਦਰ ਸਿੰਘ

---

1. ਜਥੇਦਾਰ ਅਨੂਪ ਸਿੰਘ ਨੇ ਐਮਰਜੰਸੀ ਵਿਚ, ਧਰਮਯੁੱਧ ਮੋਰਚੇ ਵਿਚ, ਏਸ਼ੀਆ ਖੇਡਾਂ ਵੇਲੇ ਅਤੇ ਸਮੇਂ ਸਮੇਂ ਪੰਥਕ ਲਹਿਰਾਂ ਵਿਚ ਘੇਰਾਓ ਕਰਨ, ਕਨਵੈਨਸ਼ਨਾਂ ਵੇਲੇ ਆਪ ਇਕੱਲੇ ਅਤੇ ਡਾ: ਭਗਵੰਤ ਸਿੰਘ ਵਰਗੇ ਸਾਥੀਆਂ ਨਾਲ ਜੇਲ੍ਹਾਂ ਕੱਟਦੇ ਰਹੇ। ਅੱਜ ਵੀ ਪੰਥ ਦੇ ਬੜੇ ਸਰਗਰਮ ਵਰਕਰ ਹਨ ਅਤੇ ਸਮਾਣੇ ਇਲਾਕੇ ਦੇ ਤਾਂ ਮੁਖੀ ਆਗੂ ਹਨ।

ਨੂਰੀ ਦਾ ਇਕ ਢੋਲਾ

ਮੁਲਖਾ ! ਜੇ ਨਾ ਸ਼ਰਾਬ ਖਰਾਬ ਹੁੰਦਾ.........

ਪੇਸ਼ ਕਰਤਾ :- ਦਰਸ਼ਨ ਸਿੰਘ 'ਦਰਸ਼ਨ' ਜੇ ਚੱਕੀਆ ਪਿੰਡ ਸ਼ੇਖੂਪੁਰਾ ਮੱਚੂਰੀ (ਕਰਨਾਲ)

ਕਾਲ ਬੋਲੀ, ਨਾਰਦ ਉਠਿਆ ਈ ਧਾ ਕੇ,
ਸ਼ਰਾਬ ਦੀਆਂ ਗੱਲਾਂ ਪੁੱਛ ਲੈ ਤਾਊ ਈਸਰ ਕੇ ਕੋਲੋਂ, ਜਿਸ ਇਕੋ ਹਾੜਾ ਪੀਤਾ,
ਤੇ ਵੱਤ ਲੰਘਿਆ ਨਹੀਂ ਓ ਭੈਣੀ ਸ਼ਰੀਕਾਂ ਦੀ ਕੋਲੋਂ ਬਕਰਾ ਬੁਲਾ ਕੇ ।

ਨਾਲੇ ਸ਼ਰਾਬ ਦੀਆਂ ਗੱਲਾਂ ਪੁੱਛ ਲੈ ਹਜ਼ਾਰਾ ਸਿੰਘ ਦਿਅਊ ਬੁਟਰਾਂ ਆਲੇ ਕੋਲੋਂ,
ਜਿਹੜਾ ਪਛੋਂ ਪਿਆ ਤਾਂਦਾ ਏ ਘਰ ਪੁੱਤਰ ਫੱਤੂ ਬੰਗਾਲੇ ਦੇ ਜਾ ਕੇ ।

ਨਾਲੇ ਸ਼ਰਾਬ ਦੀਆਂ ਗੱਲਾਂ ਪੁੱਛ ਲੈ ਮਾਂ ਨਜ਼ਾਮ ਲੁਹਾਰ ਦੀ ਕੋਲੋਂ,
ਜਿਹੜੀ ਨਿਮ੍ਹੇ ਵੈਣ ਕਰੇਂਦੀ ਏ, ਕਸੂਰੋਂ ਉਤਲੀ ਲਾਮ੍ਹੇ ਚੰਦਾਂ ਵਾਲੀ,
ਘਰ ਸਿੱਖ ਸੁਜੇ ਦੇ ਜਾ ਕੇ ।


ਜੇ ਕਦੀ ਮੁਲਖਾ ਸ਼ਰਾਬ ਖਰਾਬ ਨਾ ਹੁੰਦਾ, ਟਹਿਲਾ ਤੇ ਜੀਤਾ,
ਕਿਉਂ ਵਗੇ ਆਂਵਦੇ ਓਸ ਦਿਹਾੜੇ ਬਲਮਾ ਫਬਾ ਕੇ ।

ਅਰਜਨ ਸਿੰਘ ਜਾਗੋ ਕੇ ਆਖਿਆ ਸਰਾਇਣਾ ਇੰਜ ਨਹੀਂ ਜੇ ਮਰਦਾ,
ਇਹਨੂੰ ਮਾਰੋ ਸ਼ਰਾਬ ਪਿਆ ਕੇ,
ਪਹਿਲੀ ਬੋਤਲ ਪੱਟੀ ਨੇ ਤਲਾ ਤੇ, ਦੂਜੀ ਪੱਟ ਲਈ ਨੇ,
ਤਕੀਏ ਬਾਵੇ ਦੇ ਤੇ ਜਾ ਕੇ ।

ਜੇ ਕਦੀ ਮੁਲਖਾ ਸ਼ਰਾਬ ਖਰਾਬ ਨਾ ਹੁੰਦਾ, ਸਰਾਇਣੇ ਸਰਾਅ ਦੀ ਪੱਗ,
ਕਿਉਂ ਲੱਥ ਜਾਂਦੀ ਓਸ ਦਿਹਾੜੇ ਤਕੀਏ ਬਾਵੇ ਦੇ ਤੇ ਜਾ ਕੇ ।


ਨੂਰੀ ਪਿਆ ਆਂਹਦਾ ਏ,
ਟਹਿਲੇ ਤੇ ਜੀਤੇ ਸਰਾਇਣੇ ਬੇਦੋਸ਼ੇ ਨੂੰ ਮਾਰ ਘੱਤਿਆ ਈ ਮੁਲਖਾ,
ਬਦਲੇ ਕਿਉਂ ਨਾ ਦੇਸਣਗੇ, ਜਿਸ ਜਿਹੜੇ ਪੇਸ਼ ਹੋਸਣਗੇ ਦਰਗਾਹੇ ਖੁਦਾ ਦੀ ਜਾ ਕੇ ।


ਪਿੰਡ ਕਿਸ਼ਨਗੜ੍ਹ ਨੇੜੇ ਬੁਰਜੀ ਚੰਦਾ ਸਿੰਘ ਪਾਕਿਸਤਾਨ ਦਾ ਇਕ ਘਰਾਣਾ ਸਾਕਾ ਨਨਕਾਣਾ ਸਾਹਿਬ ਨਾਲ ਸਬੰਧਤ




1. ਪੂਰਨ ਸਿੰਘ ਰਾਜਪੂਤ ਪਿੰਡ ਖਰਾਜਪੁਰ ਨੇੜੇ ਰਾਜਪੁਰਾ ਨੇ ਦਸਿਆ ਕਿ ਉਸ ਦਾ ਪਿਤਾ ਕਰਤਾਰ ਸਿੰਘ ਨਨਕਾਣਾ ਸਾਹਿਬ ਚਾਬੀਆਂ ਵਾਲੇ ਮੋਰਚੇ ਵਿਚ ਕਰਤਾਰ ਸਿੰਘ ਝੱਬਰ ਵਾਲੇ ਜਥੇ ਵਿਚ ਸੀ ।

ਸਿੰਘਪੁਰਾ (ਅੰਮ੍ਰਿਤਸਰ) ਵਿਚ ਨਵਾਬ ਕਪੂਰ ਸਿੰਘ ਦੀ ਅੰਸ ਦਾ ਇਕ ਪ੍ਰੀਵਾਰ (ਭਾਨ ਸਿੰਘ ਦੀ ਜ਼ਬਾਨੀ)




ਊਤਮ ਸਿੰਘ
(ਲੜੀ ਜੋੜਨ ਲਈ ਪੰਨਾ 515 ਵੇਖੋ)
ਬਾਲ ਸਿੰਘ
ਨਿਹਾਲ ਸਿੰਘ
ਹਰਦਿਤ ਸਿੰਘ
X
ਸੁੰਦਰ ਸਿੰਘ
ਕਾਲਾ ਸਿੰਘ
ਕਰਤਾਰ ਸਿੰਘ
ਪਿਆਰਾ ਸਿੰਘ
ਜਵੰਦ ਸਿੰਘ
ਕੇਹਰ ਸਿੰਘ
ਅਵਤਾਰ ਸਿੰਘ
ਅਜੀਤ ਸਿੰਘ
ਬੂਟਾ ਸਿੰਘ
ਭਾਨ ਸਿੰਘ
ਨਿਸ਼ਾਨ ਸਿੰਘ
ਨਿਧਾਨ ਸਿੰਘ
ਅਰੂੜ ਸਿੰਘ
ਰਘਬੀਰ ਸਿੰਘ
ਕਸ਼ਮੀਰ ਸਿੰਘ
ਈਸ਼ਰ ਸਿੰਘ
ਫੌਜਾ ਸਿਘ
ਹਰਸਾ ਸਿਘ
ਜੁਆਲਾ ਸਿੰਘ
ਊਧਮ ਸਿੰਘ
ਕਪੂਰ ਸਿੰਘ
ਵਰਿਆਮ ਸਿੰਘ
X
ਵਰਸਾ ਸਿੰਘ
X
ਪਾਲਾ ਸਿੰਘ
ਵੀਰ ਸਿੰਘ
X
ਹਜ਼ਾਰਾ ਸਿੰਘ
X
ਬੰਤਾ ਸਿੰਘ
ਜਰਨੈਲ ਸਿੰਘ
ਮਾਨ ਸਿੰਘ
ਪ੍ਰਤਾਪ ਸਿੰਘ
ਮਲੂਕ ਸਿੰਘ
ਵਜਿੰਦਰ ਸਿੰਘ
X
ਸੋਹਨ ਸਿੰਘ
ਗਿਆਨ ਸਿੰਘ
ਪਰੇਮ ਸਿੰਘ
ਮਾਨ ਸਿੰਘ
ਹਰਭਜਨ ਸਿੰਘ
ਅਵਤਾਰ ਸਿੰਘ
ਕੁੰਦਨ ਸਿੰਘ
ਮੁਖਤਿਆਰ ਸਿੰਘ
ਸਤਨਾਮ ਸਿੰਘ
ਜਾਨਪਾਲ ਸਿੰਘ
ਨਿਸ਼ਾਨ ਸਿੰਘ
ਸੁਖਦੇਵ ਸਿੰਘ
ਖਲਦੇਵ ਸਿੰਘ
ਹਰਪਾਲ ਸਿੰਘ
ਹਰਜਿੰਦਰ ਸਿੰਘ
ਗੋਪਾਲ ਸਿੰਘ
ਦਿਆਲ ਸਿੰਘ
ਸਾਹਿਬ ਸਿੰਘ
ਰਜਵੰਤ ਸਿੰਘ
ਸੁਬੇਗ ਸਿੰਘ
ਜੈਮਲ ਸਿੰਘ
ਸਰਵਨ ਸਿੰਘ
ਸਰਬਜੀਤ ਸਿੰਘ
ਸੁਖਜੀਤ ਸਿੰਘ
ਗੁਰਮੀਤ ਸਿੰਘ
ਰਾਖਾ ਸਿੰਘ
ਲੱਖਾ ਸਿੰਘ
ਭਗਵਾਨਸਿੰਘ
ਸੂਬਾ ਸਿੰਘ
ਬਲਦੇਵ ਸਿੰਘ
ਜੱਸਾ ਸਿੰਘ
ਕੁਲਵਿੰਦਰ ਸਿੰਘ
ਵਜ਼ੀਰ ਸਿੰਘ
ਕੁਲਦੀਪ ਸਿੰਘ

(ਨਵਾਂ ਪਿੰਡ ਵਾਲੇ)



1. ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸੀ। ਅੰਗਰੇਜ਼ਾਂ ਵਿਰੁਧ ਲੜਾਈ ਵਿਚ ਫੱਟੜ ਹੋ ਗਿਆ। ਘਰ ਆਇਆ ਅਤੇ ਇਲਾਜ ਹੋਇਆ। ਪੇਟ ਅਤੇ ਛਾਤੀ ਵਿਚ ਟਾਂਕੇ ਲਗੇ ਸਨ। ਕੁਝ ਸਮੇਂ ਪਿਛੋਂ ਜਦੋਂ ਸਿੱਖ ਫੌਜ ਅੰਗਰੇਜ਼ਾਂ ਦੇ ਖਿਲਾਫ ਹਾਰ ਗਈ ਹੈ ਤੇ ਮੈਦਾਨ ਅੰਗਰੇਜ਼ਾਂ ਦੇ ਹੱਥ ਆ ਗਿਆ ਹੈ। ਇਹ ਖਬਰ ਜਦੋਂ ਸ: ਜਵਾਹਰ ਸਿੰਘ ਨੂੰ ਦੱਸੀ ਗਈ ਤਾਂ ਉਸੇ ਵੇਲੇ ਉਹਨਾਂ ਨੂੰ ਬਹੁਤ ਰੋਹ ਚੜ੍ਹਿਆ, ਜੋਸ਼ ਆਇਆ ਤੇ ਉਹਨਾਂ ਬਾਂਹਵਾਂ ਜ਼ਰਾ ਉਤਾਂਹ ਕਰ ਕੇ ਕਿਹਾ ਸਾਡੀ ਫੌਜ ਹਾਰ ਗਈ, ਚੂਹੜੇ ਜਿੱਤ ਗਏ। ਇਸ ਰੋਹ ਵਿਚ ਹੀ ਉਹਨਾਂ ਦੇ ਜਖਮਾਂ ਦੇ ਟਾਂਕੇ ਖੁਲ੍ਹ ਗਏ ਅਤੇ ਉਸੇ ਸਮੇਂ ਹੀ ਉਹਨਾਂ ਦੀ ਮੌਤ ਹੋ ਗਈ।

ਏਨਾ ਅਥਾਹ ਪਰਬਲ ਜਜ਼ਬਾ ਸੀ ਕੌਮ ਅਤੇ ਦੇਸ਼ ਦੇ ਹੱਕ ਵਿਚ ਅਤੇ ਵਿਦੇਸ਼ੀਆਂ ਦੇ ਵਿਰੋਧ ਵਿਚ। ਸ: ਜਵਾਹਰ ਸਿੰਘ ਨਵੇਂ ਪਿੰਡੀਏ ਦੇ ਦਿਲ ਵਿਚ ਤੇ ਰੋਮ ਰੋਮ ਵਿਚ।

ਅਸੀਂ ਰਫਿਊਜੀ ਬਣੇ

ਵਲੋਂ : ਕੁਲਵੰਤ ਸਿੰਘ ਪੁਤਰ ਸਰਦਾਰ ਬਿਸ਼ਨ ਸਿੰਘ


ਕੜਿਆਲ 17 ਚੱਕ ਲੀਲਿਆਂ ਵਾਲਾ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਹੁਣ ਪਿੰਡ ਸ਼ੇਖੂਪੁਰਾ (ਕਰਨਾਲ)

ਸਮਾਂ : ਸੰਨ 1947 ਪਾਕਿਸਤਾਨ ਅਤੇ ਹਿੰਦੁਸਤਾਨ (ਭਾਰਤ) ਦਾ ਆਪਸੀ ਵੰਡਾਰਾ ਹੋਣ ਦੇ ਦਿਨ।


ਅਸੀਂ ਲਗਭਗ 25 ਕੁ ਸੇਵਕ ਇਕੋ ਹੀ ਪਿੰਡ ਦੇ ਸਾਂ, ਜਿਹਨਾਂ ਨੇ ਇਕ ਨਿੱਕੇ ਜਿਹੇ ਜਥੇ ਦਾ ਨਾਮ ਸ਼ਹੀਦੀ ਜੱਥਾ ਰੱਖਿਆ ਹੋਇਆ ਸੀ। ਇਸੇ ਹੀ ਤਰ੍ਹਾਂ ਦੇ ਜੱਥੇ ਛੋਟੇ ਜਾਂ ਵੱਡੇ ਲਗਭਗ ਸਾਰੇ ਹੀ ਪਿੰਡਾਂ ਵਿਚ ਬਣੇ ਹੋਏ ਸਨ। ਜਿਨ੍ਹਾਂ ਵਿਚੋਂ ਲਗਭਗ ਸਭ ਨੇ ਹੀ ਪਿਆਰ ਨਾਲ 7-8 ਦਿਨ ਨਨਕਾਣਾ ਸਾਹਿਬ ਦੀ ਸੇਵਾ ਦਾ ਪ੍ਰਣ ਲਿਆ ਹੋਇਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਗੁਰਦਵਾਰਾ ਸ੍ਰੀ ਨਨਕਾਣਾ ਸਾਹਿਬ ਜੀ ਦੇ ਚਰਨਾਂ ਦੀ ਸੇਵਾ ਕਰਮਵਾਰ ਕਦੀ ਕਿਸੇ ਪਿੰਡ ਅਤੇ ਕਦੀ ਕਿਸੇ ਪਿੰਡ ਦੇ ਜਥੇ ਦੀ ਜ਼ੁੰਮੇਵਾਰੀ ਹੁੰਦੀ। ਇਹਨਾਂ ਜਥਿਆਂ ਤੇ ਸੇਵਕਾਂ ਦੀ ਲੋੜ ਇਸ ਕਾਰਨ ਪਈ ਕਿਉਂਕਿ ਭਾਰਤ-ਪਾਕਿ ਵੰਡਾਰੇ ਤੋਂ ਪਹਿਲਾਂ ਸਭ ਹਿੰਦੂ-ਸਿੱਖ, ਮੁਸਲਮਾਨ ਪਿਆਰ ਨਾਲ ਰਹਿੰਦੇ, ਹੱਸਦੇ-ਵੱਸਦੇ, ਰਸਦੇ। ਭਾਰਤ-ਪਾਕਿ ਵੰਡਾਰੇ ਦੀ ਹਵਾ ਫੈਲਣ ਨਾਲ ਸਿੱਖਾਂ ਅਤੇ ਉਹਨਾਂ ਦੇ ਪਾਵਨ ਪਵਿੱਤਰ ਗੁਰਧਾਮਾਂ ਦੀ ਬੇਅਦਬੀ ਤੇ ਲੁੱਟ-ਖੋਹ ਦਾ ਸਭ ਤੋਂ ਵੱਡਾ ਖਤਰਾ ਬਣ ਗਿਆ ਜਿਸ ਕਾਰਨ ਇਹਨਾਂ ਸ਼ਹੀਦੀ ਜਥਿਆਂ ਦੀ ਲੋੜ ਮਹਿਸੂਸ ਹੋਈ। ਪਿੰਡਾਂ ਦੇ ਜਥਿਆਂ ਦੀ ਮੁੱਢਲੀ ਸੇਵਾ ਪਿੰਡ ਨੂੰ ਕਿਸੇ ਬਾਹਰੀ ਖਤਰੇ ਤੋਂ ਮੁਕਤ ਰੱਖਣ ਅਤੇ ਹਰ ਕੁਰਬਾਨੀ ਲਈ ਤਿਆਰ ਰਹਿਣਾ ਸੀ। ਸੇਵਾ ਜਥਿਆਂ ਕੋਲ ਲੋੜ ਅਨੁਸਾਰ ਲੋਹੇ ਦੀਆਂ ਸੰਜੋਆਂ ਵੀ ਹੈ ਸਨ।

ਉਸ ਸਮੇਂ ਅੰਗਰੇਜ਼ ਹਕੂਮਤ ਦੇ ਵਿਰੋਧ ਵਿਚ ਗਿਆਨੀ ਕਰਤਾਰ ਸਿੰਘ ਜੋ ਕਿ ਉਸ ਸਮੇਂ ਦੀ ਅਤੇ ਆਮ ਇਲਾਕੇ ਦੀ ਬਹੁਤ ਹੀ ਨਿਮਰਤਾ ਅਤੇ ਪਿਆਰ ਨਾਲ ਰਹਿਨੁਮਾਈ ਕਰਦਾ ਸੀ ਅਤੇ ਕਹਿੰਦਾ ਸੀ ਕਿ ਮੈਂ ਜੂਆਂ ਵਾਲਿਆਂ ਦਾ ਹੀ ਕਰਤਾਰ ਸਿੰਘ ਜੂਆਂ ਵਾਲਾ ਹਾਂ। ਉਸ ਕਰਤਾਰ ਸਿੰਘ ਦੀ ਅਗਵਾਈ ਹੇਠ ਨਨਕਾਣਾ ਸਾਹਿਬ ਇਕ ਕਾਨਫਰੰਸ ਹੋਈ ਜੋ ਕਿ ਸਾਡੇ ਪਿੰਡ ਤੋਂ ਲਗਭਗ 10 ਕੋਹ ਦਾ ਫਾਸਲਾ ਸੀ ਉਸ ਕਾਨਫਰੰਸ ਵਿਚ ਸਾਡੇ ਪਿੰਡ ਦੀ ਵੀ ਬਹੁਤ ਸਾਰੀ ਸੰਗਤ

ਸਿੰਘਪੁਰਾ 1. ਰਾ ਮੱਲ 2. ਮਲੋ ਮੱਲ ਨੇ ਜ਼ਰ ਖਰੀਦ ਕੀਤਾ। ਅਗਾਂਹ ਕੁਝ ਪਤਾ ਨਹੀਂ ਲਗਾ। ਇਕ ਅਤਰ ਸਿੰਘ ਸੀ। ਆਸਾ ਸਿੰਘ ਦਾ ਪ੍ਰੀਵਾਰ।



ਪਿੰਡ ਭੰਡੋਰ (ਪਾਕਿਸਤਾਨ) ਦਾ ਇਕ ਪ੍ਰਵਾਰ ਅਸੰਧ (ਕਰਨਾਲ ਵਿਚ)



1. ਇਹਨਾਂ ਨੇ ਰੇਲ ਦੀ ਲਾਈਨ ਪੁੱਟੀ ਅਤੇ ਕੈਦ ਕੱਟੀ।
2. ਇਸ ਨੇ ਅਜ਼ਾਦੀ ਸੰਘਰਸ਼ ਵਿਚ ਲਾਹੌਰ ਜੇਲ੍ਹ ਵਿਚ ਕੈਦ ਕੱਟੀ।
3. ਇਸ ਬਹਾਦਰ ਨੇ ਛੋਟੀ ਉਮਰ ਵਿਚ ਫੌਜ ਦੀ ਨੌਕਰੀ ਕੀਤੀ। ਇਹ ਸ਼ੇਰ ਦਿਲ ਜਵਾਨ 1965 ਵਾਲੀ ਜੰਗ ਛੰਬ ਜੌੜੀਆਂ ਦੇ ਮੋਰਚੇ ਵਿਚ ਲੜਦਾ ਹੋਇਆ ਸ਼ਹੀਦ ਹੋ ਗਿਆ ਸੀ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਦਲਬੀਰ ਸਿੰਘ ਨੂੰ ਆਪਣੇ ਹੱਥਾਂ ਨਾਲ ਰਖਸ਼ਾ ਮੈਡਲ ਪ੍ਰਦਾਨ ਕੀਤਾ ਸੀ।

ਇਹ ਸੁਣਕੇ ਸਭੇ ਹੀ ਪਿੰਡਾਂ ਵਿਚੋਂ ਜਿਤਨੇ ਵੀ ਹੋ ਸਕੇ ਵੱਧ ਤੋਂ ਵੱਧ ਲੋਕ ਸੱਤ ਚੱਕ ਸੈਣੀਆਂ ਵੱਲ ਪੁਜ ਗਏ। ਪਿੰਡ ਦੇ ਨੇੜਿਓਂ ਹੀ ਇਕ ਰਜਵਾਹਾ ਜੋ ਕਿ ਵੱਡੀ ਚੂਹੜਕਾਣਾਂ ਨਹਿਰ 'ਚੋਂ ਨਿਕਲਦਾ ਸੀ। ਉਸ ਤੇ ਬਣੇ ਇਕ ਪੁਲ ਦੇ ਨੇੜੇ ਇਕੱਠੇ ਹੋ ਗਏ। ਇਕੱਠੇ ਹੋ ਕੇ ਇਸ ਰਾਈਫਲ ਖੋਹਣ ਵਾਲੇ ਮੁਦੇ ਤੇ ਵਿਚਾਰਾਂ ਹੋਣ ਲੱਗੀਆਂ ਕਿ ਕੀ ਹੋਣਾ ਚਾਹੀਦਾ ਹੈ ਅਤੇ ਇਹ ਸਭ ਨੇ ਮਹਿਸੂਸ ਕੀਤਾ ਕਿ ਫੌਜੀ ਦੀ ਰਾਈਫਲ ਖੋਹਣ ਨਾਲ ਫੌਜ ਜਾਂ ਕੁਝ ਫੌਜੀ ਜਾਂ ਫੌਜ ਦੇ ਅਫਸਰ ਕੁਝ ਨ ਕੁਝ ਹਰਕਤ ਵਿਚ ਜ਼ਰੂਰ ਆਉਣਗੇ। ਸੋ ਸਰਬ ਸੰਮਤੀ ਨਾਲ ਸਲਾਹ ਕਰਕੇ ਕੁਝ ਉਹਨਾਂ ਦਾ ਤਰਲਾ ਮਿੰਨਤ ਕਰਾਂਗੇ ਕਿ ਸਾਡੇ ਰਾਈਫਲ ਖੋਹਣ ਵਾਲੇ ਮੁੰਡਿਆਂ ਜਾਂ ਬੰਦਿਆਂ ਦੀ ਇਹ ਗਲਤੀ ਹੈ ਅਤੇ ਮੁਆਫ ਕੀਤਾ ਜਾਵੇ ਅਤੇ ਰਾਈਫਲ ਮੋੜ ਦਿਤੀ ਜਾਵੇ। ਅਜੇ ਇਹ ਵਿਚਾਰਾਂ ਚਲ ਹੀ ਰਹੀਆਂ ਸਨ ਕਿ ਅਚਾਨਕ ਇਕ ਫੌਜੀ ਜੀਪ ਨਹਿਰ ਦੀ ਪਟੜੀ ਤੇ ਆ ਰਹੀ ਸੀ ਹੈ ਅਤੇ ਇਹ ਸੰਭਾਵਨਾ ਕੀਤੀ ਗਈ ਕਿ ਇਹ ਜੀਪ ਉਹ ਹੀ ਫੌਜੀ ਜਾਂ ਉਸਦੇ ਅਫਸਰ ਹੀ ਹੋ ਸਕਦੇ ਹਨ ਜਿਸ ਤੋਂ ਰਾਈਫਲ ਖੋਹੀ ਗਈ ਸੀ। ਜੀਪ ਨੂੰ ਆਉਂਦੀ ਵੇਖ ਕੇ ਕੁਝ ਸਿਆਣੇ ਬਜੁਰਗ ਫੌਜੀਆਂ ਦੀ ਜੀਪ ਵੱਲ ਵਧੇ ਤਾਂ ਕਿ ਕੋਈ ਨ ਕੋਈ ਤਰਲਾ ਲਿਆ ਜਾਵੇ ਕਿ ਰਾਈਫਲ ਖੋਹਣ ਵਾਲੀ ਗਲਤੀ ਕੀਤੀ ਹੈ। ਲੇਕਿਨ ਫੌਜੀ ਜੀਪ ਵਿਚ ਬੈਠੇ ਹੋਏ ਫੌਜੀਆਂ ਨੇ ਬਜੁਰਗਾਂ ਦੀ ਕੋਈ ਵੀ ਗੱਲ ਸੁਣਨ ਤੋਂ ਪਹਿਲਾਂ ਦੂਰੋਂ ਹੀ ਰਾਈਫਲ ਦਾ ਫਾਇਰ ਖੋਲ ਦਿਤਾ ਤੇ ਸਾਰੇ ਹੀ ਸਿਆਣੇ ਬਜੁਰਗਾਂ ਨੂੰ ਜਿਨ੍ਹਾਂ ਦੀ ਗਿਣਤੀ 10-12 ਦੇ ਲਗਭਗ ਸੀ ਸਦਾ ਦੀ ਨੀਂਦ ਸੁਵਾ ਦਿਤੇ।

ਫਿਰ ਇਤਨਾ ਹੀ ਨਹੀਂ ਜੀਪ ਵਿਚ ਸਵਾਰ ਫੌਜੀਆਂ ਨੇ ਆਏ ਹੋਏ ਦੂਰੋਂ ਨੇੜਿਓਂ ਪਿੰਡਾਂ ਦੇ ਲੋਕਾਂ ਦੇ ਇਕੱਠ ਤੇ ਵੀ ਫਾਇਰ ਖੋਲ ਦਿਤਾ ਜਿਸ ਵਿਚ ਕਾਫੀ ਗਿਣਤੀ ਵਿਚ ਬਹੁਤ ਸਾਰੇ ਬੇਦੋਸ਼ੇ ਲੋਕ ਮਾਰੇ ਗਏ। ਮਾਰੇ ਗਏ ਲੋਕਾਂ ਵਿਚੋਂ ਸਾਡੇ ਪਿੰਡ ਦੇ ਜਥੇਦਾਰ ਦਲੀਪ ਸਿੰਘ ਤੋਂ ਇਲਾਵਾ ਦੇਵਾ ਸਿੰਘ, ਅਮਰ ਸਿੰਘ, ਜੰਗੀਰ ਸਿੰਘ, ਕਪੂਰ ਸਿੰਘ, ਪਿਆਰਾ ਸਿੰਘ ਸਮੇਤ ਛੇ ਬੰਦੇ ਸ਼ਹੀਦੀਆਂ ਪਾ ਗਏ। ਫੌਜੀ ਜੀਪ ਨੇ ਇਹ ਵਾਰਦਾਤ ਕਰਨ ਤੋਂ ਪਹਿਲਾਂ ਜਾਂ ਮਗਰੋਂ ਨਾ ਉਥੇ ਖਲੋਣ ਦੀ ਅਤੇ ਨ ਹੀ ਕਿਸੇ ਦੀ ਕੋਈ ਗੱਲ ਸੁਣਨ ਤੋਂ ਬਗੈਰ ਵਾਰਦਾਤ ਕਰਕੇ ਜੀਪ ਭਜਾ ਕੇ ਵਾਪਸ ਚਲੇ ਗਏ।

ਇਸ ਤੋਂ ਬਾਦ ਅਲੱਗ-2 ਪਿੰਡਾਂ ਤੋਂ ਆਏ ਲੋਕਾਂ ਦੇ ਸਮੂੰਹ ਨੇ ਅਲੱਗ-ਅਲੱਗ ਆਪੋ ਆਪਣੇ ਪਿੰਡਾਂ ਦੇ ਸ਼ਹੀਦਾਂ ਦੀਆਂ ਲਾਸ਼ਾਂ ਨੂੰ ਆਪੋ ਆਪਣੇ ਤੌਰ ਤੇ ਸੰਭਾਲ ਕੇ ਗਡਿਆਂ ਉਤੇ ਮ੍ਰਿਤਕ ਸ਼ਰੀਰਾਂ ਨੂੰ ਰੱਖਕੇ ਆਪੋ ਆਪਣੇ ਪਿੰਡ ਲੈ ਜਾ ਕੇ ਅੰਤਮ ਰਸਮ ਮੁਤਾਬਿਕ ਸਭ ਸੰਸਕਾਰ ਕਰ ਦਿਤਾ। ਜਿਸ ਵਿਚ ਕਿਸੇ ਪਿੰਡ ਦੇ 15 ਕਿਸੇ ਦੇ 20 ਕਿਸੇ ਦੇ 5 ਸਿੰਘ ਸ਼ਹੀਦ ਹੋਏ ਕੁਲ ਦੀ ਗਿਣਤੀ 100 ਦੇ ਲਗਭਗ ਸੀ ਜੋ ਸ਼ਹੀਦ ਹੋ ਗਏ। ਜਿਹਨਾਂ ਵਿਚੋਂ ਸਾਡੇ ਪਿੰਡ ਦੇ ਉਪਰੋਕਤ ਛੇ ਸਿੰਘ ਸਨ। ਜਿਨ੍ਹਾਂ ਨੂੰ ਇਕ ਹੀ ਗੱਡੇ ਤੇ ਛੇ ਦੀਆਂ ਲਾਸ਼ਾਂ ਨੂੰ ਲੱਦਕੇ ਪਿੰਡ ਲਿਆਂਦਾ ਗਿਆ ਅਤੇ ਦੋ-ਦੋ ਸਿੰਘਾਂ ਦਾ ਇਕੱਠਾ ਕੀਤਾ ਗਿਆ।

ਸਸਕਾਰ ਕਰਨ ਤੋਂ ਬਾਦ ਸਾਰੇ ਨੇੜੇ ਦੇ ਪਿੰਡਾਂ ਜਿਨ੍ਹਾਂ 'ਚੋਂ ਨੇੜਲਾ ਪਿੰਡ ਸਮਸਾ ਸੀ ਉਹ ਸਾਡੇ ਪਿੰਡ ਆਪਣਾ ਪਿੰਡ ਖਾਲੀ ਕਰਕੇ ਆ ਗਏ ਕਿਉਂਕਿ ਚਾਰ ਚੁਫੇਰੇ ਦੇ ਪਿੰਡਾਂ ਵਿਚੋਂ ਮੁਸਲਮਾਨ ਲੋਕ ਮੁਸਲਮਾਨੀ ਮਿਲਟਰੀ ਦੀ ਮਦਦ ਨਾਲ ਸਿਖਾਂ ਦੇ ਪਿੰਡਾਂ ਜਿਹਨਾਂ ਵਿਚ ਬੰਡਾਲਾ, ਝੱਬਰ, ਗੁਰਮੂਲਾ, 20 ਚੱਕ, 19 ਚੱਕ ਵਗੈਰਾ ਸਨ। ਲੁਟ-ਖੋਹ ਕਤਲੋ-ਗਾਰਦ-ਮਾਰ ਕਾਟ, ਵੱਢ-ਟੁਕ ਹੁੰਦੇ ਕਰਦੇ ਖਾਲੀ ਹੋ ਚੁਕੇ ਸਨ ਜਿਨਾਂ ਵਿਚ ਅਣ-ਗਿਣਤ ਅਤੇ ਬੇਹੱਦ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਜਿਉਂਦੀਆਂ ਜਾਨਾਂ ਲੜਕੀਆਂ, ਔਰਤਾਂ, ਮਾਵਾਂ, ਧੀਆਂ, ਭੈਣਾਂ ਨੂੰ ਆਪਣੀ ਹੱਥੀਂ ਕਈਆਂ ਨੇ ਵੱਢ-ਵੱਢ ਕੇ ਖੂਹਾਂ ਵਿਚ ਸੁੱਟ ਦਿਤਾ ਤਾਂ ਕਿ ਸਾਡੀ ਇਜਤ ਮੁਸਲਮਾਨਾਂ ਦੇ ਹੱਥ ਆ ਕੇ ਬੇਪਤੀ ਨਾ ਹੋਵੇ ਭਰੇ ਹੋਏ ਘਰ ਜਿਉਂ ਦੇ ਤਿਉਂ ਖੁਲੇ ਛੱਡ ਦਿੱਤੇ। ਮਾਲ ਡੰਗਰ ਖੋਲ੍ਹ ਦਿੱਤਾ ਗਿਆ। ਫਸਲਾਂ ਖੜੀਆਂ ਜਿਉਂ ਦੀਆਂ ਤਿਉਂ ਛੱਡ ਦਿਤੀਆਂ ਗਈਆਂ। ਚਾਰ ਚੁਫੇਰੇ ਦੇ ਸਾਰੇ ਪਿੰਡ ਖਾਲੀ ਹੋ ਜਾਣ ਤੋਂ ਬਾਦ ਸਾਡੇ ਵੀ ਪਿੰਡ ਨੇ ਕਾਫਲੇ ਦੇ ਰੂਪ ਵਿਚ ਅਤੇ ਸਮਸੇ ਦੇ ਪਿੰਡ ਵਾਸੀਆਂ ਨੇ ਜਿਤਨਾ ਕੁ ਵੀ ਹੋ ਸਕਿਆ ਦਾਣਾ-ਕਪੜਾ ਜਾਂ ਹਰ ਮਾਲ ਸਬਾਬ ਖਾਣ ਪੀਣ ਲਈ ਆਟਾ ਰਾਸ਼ਨ ਗਡਿਆਂ ਤੇ ਲਦ ਕੇ ਨਨਕਾਣਾ ਸਾਹਿਬ ਵਲ ਚੱਲ ਪਏ। ਜੋ ਨਾ ਲੈ ਕੇ ਜਾਣ ਯੋਗ ਦੁਧਾਰੂ ਜਾਂ ਵਾਹੀ ਵਾਲੇ ਪਸ਼ੂ ਸਨ ਉਹਨਾਂ ਨੂੰ ਖੁਲਾ ਹੀ ਛੱਡ ਦਿਤਾ ਗਿਆ।

ਨਨਕਾਣਾ ਸਾਹਿਬ ਆ ਕੇ ਆਲੇ-ਦੁਆਲੇ ਦੇ ਬੇਹੱਦ ਪਿੰਡਾਂ ਦੇ ਲੋਕ ਆ ਕੇ ਨਨਕਾਣਾ ਸਾਹਿਬ ਕੈਂਪ ਦੀ ਸ਼ਕਲ ਵਿਚ ਰਹਿਣ ਲੱਗ ਪਏ ਜਾਨਵਰ ਮੱਝਾਂ-ਗਊਆਂ ਜਾਂ ਬਲਦ ਖੁਲੇ ਚਾਰ ਲੈਣੇ ਜਾਂ ਖੜੀ ਫਸਲ ਕੱਟਕੇ ਪਸ਼ੂਆਂ ਨੂੰ ਖੁਵਾਣੀ ਅਤੇ ਦਾਣੇ ਖਾਣ ਲਈ ਨਨਕਾਣਾ ਸਾਹਿਬ ਗੁਰਦੁਆਰੇ ਦੀ ਕਮੇਟੀ ਨੇ ਵੀ ਖੁਲਾ-ਦਾਣਾ-ਆਟਾ ਸੰਗਤਾਂ ਨੂੰ ਦੇਣਾ ਅਰੰਭ ਦਿਤਾ। ਕੈਂਪ ਵਿਚ ਨਨਕਾਣਾ ਸਾਹਿਬ ਲਗਭਗ 20-25 ਦਿਨ ਰਹਿਣਾਂ ਪਿਆ। ਉਸ ਤੋਂ ਬਾਦ ਭਾਰਤ ਨੂੰ ਆਉਣ ਲਈ ਸਿਖਾਂ ਜਾਂ ਹਿੰਦੂਆਂ

ਹੁਮ-ਹੁਮਾ ਕੇ ਅਤੇ ਸ਼ਹੀਦੀ ਜਥਾ ਸ਼ਾਮਲ ਹੋਇਆ। ਸਮੇਂ ਦੀ ਸਰਕਾਰ ਨੇ ਉਹਨਾਂ ਵਿਚੋਂ ਕੁਝ ਕ ਸਿੰਘਾਂ ਨੂੰ ਟਰੱਕਾਂ ਵਿਚ ਬੈਠਾ ਕੇ ਰਾਵੀ ਦਰਿਆ ਪਾਰ ਭਾਈ ਫੇਰੂ ਗੁਰਦਵਾਰਾ ਸੀ ਉਥੇ ਜਾ ਕੇ ਛੱਡ ਦਿੱਤ। ਲੇਕਿਨ ਸਿੰਘ ਸੂਰਮੇ ਫਿਰ ਦਰਿਆ ਰਾਵੀ ਵਿਚੋਂ ਬੇੜੀਆਂ ਤੇ ਚੜ੍ਹਕੇ ਰਾਤੋ-ਰਾਤ ਪਾਰ ਹੋ ਕੇ ਫਿਰ ਆ ਪਹੁੰਚੇ। ਦਰਿਆ ਪਾਰ ਵਿਚ ਕਰਨ ਸ਼ਥਾਨਕ ਜੱਟ-ਜਿਮੀਂਦਾਰਾਂ ਅਪਣੀ ਪੂਰੀ ਵਾਹ ਲਾ ਕੇ ਸੇਵਾ ਨਿਭਾਈ। ਨਨਕਾਣਾ ਸਾਹਿਬ ਗੁਰਦੁਆਰੇ ਦੇ ਦੁਆਲੇ ਮੁਸਲਮਾਨ ਮਿਲਟਰੀ ਦਾ ਪਹਿਰਾ ਪੈਦਲ ਅਤੇ ਟੈਂਕਾਂ ਵਿਚ ਹਿੰਦੂ ਫਿਲਟਰੀ ਦੀ ਡਿਊਟੀ ਸੀ ਕਿ ਅੰਦਰ ਗੁਰਦੁਆਰੇ ਦੀ ਹੱਦ ਵਿਚ ਕੋਈ ਇਕੱਠ ਜਾਂ ਕਾਨਫਰੰਸ ਨਾ ਹੋਣ ਦਿੱਤੀ ਜਾਵੇ। ਜੋ ਕਿ ਸਿੱਖ ਮੱਥਾ ਟੇਕਣ ਜਾਂ ਅੰਦਰ ਜਾਣ ਦੀ ਕੋਸ਼ਿਸ਼ ਕਰਦਾ ਤਾਂ ਉਸ ਨੂੰ ਡਰਾ ਕੇ ਜਾਂ ਬੰਦੂਕਾਂ ਦੇ ਬੱਟਾਂ ਨਾਲ ਬਾਹਰ ਭਜਾ ਦਿਤਾ ਜਾਂਦਾ। ਨਨਕਾਣਾ ਸਾਹਿਬ ਦੀ ਹੱਦ ਵਿਚ ਕੰਬੋਅ ਸਿੰਘਾਂ ਦੀ ਵਸੋਂ ਕਾਫੀ ਸੀ। ਜਿਹਨਾਂ ਨੇ ਸਿੰਘਾਂ ਦੇ ਗੁਰੂ ਪਰੇਸ ਨੂੰ ਵੇਖ ਕੇ ਆਪਣੇ ਆਪਣੇ ਪਿੰਡਾਂ ਦੇ ਦਾਣੇ ਪੀਹਣ ਵਾਲੇ ਖਰਾਸ (ਬਲਦ ਚੱਕੀ) ਜੋੜ ਕੇ ਦਾਣੇ ਪੀਹ-ਪੀਹ ਕੇ ਆਟਾ ਸੰਗਤਾਂ ਦੀ ਲੰਗਰ ਸੇਵਾ ਲਈ ਸ਼ੁਰੂ ਕਰ ਦਿੱਤਾ। ਸੰਗਤ ਨੂੰ ਇਕੱਠਿਆਂ ਦੇਖ ਕੇ ਜਾਂ ਇਕਠਿਆਂ ਲੰਗਰ ਛਕਦਿਆਂ ਦੇ ਉਪਰ ਟੈਂਕ ਚੜ੍ਹਾ ਦਿੱਤੇ ਜਾਂਦੇ ਤਾਂ ਕਿ ਇਹ ਇਕੱਠ ਨਾ ਹੋਣ। ਸਰਕਾਰ ਦੀਆਂ ਇਹ ਕੋਝੀਆਂ ਚਾਲਾਂ ਨੀਤੀਆਂ ਨੂੰ ਦੇਖਦੇ ਹੋਏ ਉਸ ਸਮੇਂ ਕਾਨਫਰੰਸ ਦੀ ਅਗਵਾਈ ਕਰਨ ਵਾਲੇ ਸਾਰੇ ਨੁਮਾਇੰਦੇ ਕਿਸੇ ਨਾ ਕਿਸੇ ਰੂਪ ਵਿਚ ਭੇਸ ਵਟਾ ਕੇ ਗੁਰਦੁਆਰੇ ਅੰਦਰ ਦਾਖਲ ਹੋ ਗਏ ਜਿਹਨਾਂ ਵਿਚੋਂ ਗਿਆਨੀ ਕਰਤਾਰ ਸਿੰਘ ਜੋ ਕਿ ਲਾਇਲਪੁਰ ਦੇ ਹਲਕੇ ਦਾ ਰਹਿਣ ਵਾਲਾ ਸੀ ਨੇ ਆਪਣੇ ਸਿਰ ਤੇ ਘਾਹ ਦੀ ਪੰਡ ਰੱਖ ਕੇ ਇਕ ਗਊ ਪਾਲਕ ਬਣ ਕੇ ਨਨਕਾਣਾ ਸਾਹਿਬ ਸ਼ਹਿਰ ਦੀ ਹੱਦ ਅੰਦਰ ਦਾਖਲ ਹੋ ਗਿਆ। ਅੰਦਰ ਲਾਊਡ ਸਪੀਕਰ ਦੀ ਵਿਵਸਥਾ ਪੂਰੀ ਸੀ ਜੋ ਕਿ ਅੰਦਰ ਸਾਰੇ ਹੀ ਲੀਡਰ ਕਾਨਫਰੰਸਨ ਦੇ ਨਿਸ਼ਚਿਤ ਸਮੇਂ ਤੇ ਪੁਜ ਗਏ ਅਤੇ ਕਾਨਫਰੰਸ ਸ਼ੁਰੂ ਹੋ ਗਈ। ਕਾਨਫਰੰਸ ਦੇ ਸ਼ੁਰੂ ਹੋ ਜਾਣ ਨਾਲ ਲੀਡਰਾਂ ਨੇ ਇਹ ਅਵਾਜ਼ ਦਿੱਤੀ ਕਿ ਅਸੀਂ ਸਭ ਅੰਦਰ ਪਹੁੰਚ ਚੁਕੇ ਹਾਂ ਜੇ ਸੰਗਤਾਂ ਨੂੰ ਸਰਕਾਰ ਅੰਦਰ ਦਾਖਲ ਨਹੀਂ ਹੋਣ ਦੇਂਦੀ ਤਾਂ ਕੋਈ ਗੱਲ ਨਹੀਂ। ਸੰਗਤਾਂ ਜਿਥੇ ਕਿਤੇ ਹੋਣ ਬੈਠ ਕੇ ਪਰੋਗਰਾਮ ਸੁਣਨ, ਕਾਨਫਰੰਸ ਸ਼ੁਰੂ ਹੋ ਚੁੱਕੀ ਹੈ। ਇਹ ਵੇਖ ਕੇ ਸਰਕਾਰ ਨੇ ਆਪਣੀ ਦਮਨ ਨੀਤੀ ਵਾਲਾ ਫੌਜ ਦਾ ਘੇਰਾ ਹਟਾ ਲਿਆ ਅਤੇ ਬਾਹਰੀ ਸੰਗਤ ਛਾਲਾਂ ਮਾਰਦੀ ਕਾਨਫਰੰਸ ਵਿਚ ਦਾਖਲ ਹੋ ਗਈ। ਕਾਨਫਰੰਸ ਦਾ ਹੋਰ ਗਲਾਂ ਤੋਂ ਇਲਾਵਾ ਖਾਸ ਮੁਦਾ ਇਹ ਸੀ ਕਿ ਮੁਸਲਮਾਨਾਂ ਜਾਂ ਪਾਕਿ ਦੀ ਹੋਂਦ ਨਨਕਾਣੇ ਦੀ ਧਰਤੀ ਤੋਂ ਹੋਰ ਦੂਰ ਮਿਥੀ ਜਾਵੇ। ਇਸ ਝਗੜੇ ਦੀ ਅਤੇ ਨਨਕਾਣੇ ਸਾਹਿਬ ਦੀ ਰਾਖੀ ਲਈ ਉਸ ਸਮੇਂ ਦੀ ਪਟਿਆਲਾ ਰਿਆਸਤ ਦੇ ਰਾਜੇ ਨੇ ਮਦਦ ਵਜੋਂ ਕਾਫੀ ਅਸਲਾਂ ਤੇ ਬੰਦੂਕਾਂ ਭੇਜੀਆਂ ਸਿੱਖ ਸੰਗਤਾਂ ਲਈ। ਇਸ ਤੋਂ ਬਾਦ ਕਦੇ ਕਿਸੇ ਕਦੇ ਕਿਸੇ ਪਿੰਡ ਵਿਚ ਸੁਣਨ ਨੂੰ ਮਿਲਦਾ ਕਿ ਫਲਾਣੇ ਪਿੰਡ ਮੁਸਲਮਾਨ ਮਾਰਨ ਪੈ ਗਏ—ਲੁਟਣ ਪੈ ਗਏ। ਇਹ ਲੁੱਟ-ਖੋਹ ਤੇ ਮਾਰ ਧਾੜ ਦੀਆਂ ਵਾਰਦਾਤਾਂ ਦਿਨੋ-ਦਿਨ ਜ਼ੋਰ ਫੜਨ ਲੱਗ ਪਈਆਂ। ਹੌਲੀ ਹੌਲੀ ਇਹ ਵਾਰਦਾਤਾਂ ਸਾਡੇ ਵੀ ਨੇੜੇ ਤੱਕ ਪੁਜ ਗਈਆਂ। ਸਾਡੇ ਕੋਲ 4-5 ਮੀਲ ਦੀ ਵਿਥ ਤੇ ਇਕ ਸੱਤ ਚੱਕ ਸੈਣੀਆਂ ਦਾ ਪਿੰਡ ਸੀ। ਉਸ ਤੋਂ ਪਹਿਲਾਂ 93 ਚੱਕ (ਜ਼ਿਲਾ ਲਾਇਲਪੁਰੀ) ਦੇ ਵਾਸੀਆਂ ਨੇ ਰਲ ਕੇ ਇਕ ਸਾਂਝਾ ਰੇਡੀਓ ਖਰੀਦ ਕੇ ਲਿਆਂਦਾ ਖਬਰਾਂ ਸੁਣਨ ਲਈ। ਜਿਸ ਵਿਚ ਅਸੀਂ ਵੀ ਉਚੇਚ ਨਾਲ ਖਬਰਾਂ ਸੁਣਨ ਲਈ ਗਏ ਅਤੇ ਖਬਰਾਂ ਸੁਣਨ ਉਪਰੰਤ ਪਤਾ ਲੱਗਾ ਕਿ ਪਾਕਿਸਤਾਨ ਵੱਖਰਾ ਦੇਸ਼ ਬਣ ਗਿਆ ਹੈ ਅਤੇ ਉਸਦੀ ਹੱਦ ਵਾਘਾ ਤੱਕ ਬਣ ਚੁਕੀ ਹੈ ਅਤੇ ਨਨਕਾਣਾ ਸਾਹਿਬ ਅਤੇ ਹੋਰ ਕਈ ਗੁਰਧਾਮ ਅਤੇ ਸਿਖਾਂ ਦੇ ਬਹੁਤ ਸਾਰੇ ਬਹੁਤ ਪੁਰਾਣੀ ਅਤੇ ਜੱਦੀ ਵਸੋਂ ਵਾਲੇ ਪਿੰਡ ਅਤੇ ਬਹੁਤ ਸਾਰਾ ਇਲਾਕਾ ਪਾਕਿਸਤਾਨ ਨੂੰ ਦੇ ਦਿੱਤਾ ਗਿਆ ਹੈ।

ਇਸ ਤੋਂ ਬਾਦ ਉਪਰੋਕਤ ਜੋ ਸੱਤ ਚੱਕ ਸੈਣੀਆਂ ਦਾ ਪਿੰਡ ਸੀ ਉਸ ਦੇ ਨੇੜੇ ਤੋਂ ਇਕ ਦਿਨ ਇਕ ਮੁਸਲਮਾਨ ਫੌਜੀ ਪੈਦਲ ਆਪਣੀ ਰਾਈਫਲ ਨਾਲ ਲੈਸ ਹੋ ਕੇ ਆਰਾਮ ਨਾਲ ਗੁਜ਼ਰ ਰਿਹਾ ਸੀ। ਉਸ ਉਤੇ ਉਸ ਪਿੰਡ ਵਾਸੀਆਂ ਨੇ ਇਕੱਠੇ ਹੋ ਕੇ ਧਾਵਾਂ ਬੋਲਕੇ ਉਸ ਤੋਂ ਰਾਈਫਲ ਖੋਹ ਲਈ। ਉਪਰੰਤ ਉਹ ਫੌਜੀ ਪੈਦਲ ਹੀ ਆਪਣੇ ਨੇੜਲੇ ਹੈਡ ਕੁਆਟਰ ਜਾਂ ਦਫਤਰ ਜਾ ਕੇ ਉਥੇ ਸਾਰੀ ਆਪਣੇ ਨਾਲ ਵਾਪਰੀ ਦੱਸੀ ਉਸ ਪਿੰਡ ਦਾ ਨਾਮ ਚੂਹੜਕਾਣਾਂ ਸੀ ਜਿਥੇ ਫੌਜੀ ਨੇ ਪੈਦਲ 15-20 ਕੋਹ ਪੈਂਡਾ ਪੈਦਲ ਤੈਹ ਕਰਕੇ ਪੁਜਣਾ ਸੀ। ਲੇਕਿਨ ਫੌਜੀ ਦੀ ਰਾਈਫਲ ਖੋਹ ਲੈਣ ਉਪਰੰਤ ਜਦੋਂ ਪਿੰਡ ਦੇ ਕੁਝ ਸੂਝਵਾਨ ਵਿਅਕਤੀਆਂ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਕਿਹਾਂ ਕਿ ਇਹ ਮਾੜਾ ਕੀਤਾ ਹੈ ਅਤੇ ਹੁਣ ਇਹ ਸਭ ਨੇ ਇਹ ਵਿਉਂਤ ਬਣਾਈ ਕਿ ਨੇੜੇ ਦੇ ਸਾਰੇ ਪਿੰਡਾਂ ਵਿਚ ਇਹ ਸੂਚਨਾ ਦਿਤੀ ਜਾਵੇ ਕਿ ਸਾਨੂੰ ਮੁਸਲਮਾਨ ਮਾਰਨ ਜਾਂ ਲੁਟਣ ਪੈ ਗਏ ਹਨ ਅਤੇ ਸਾਡੀ ਮਦਦ ਕੀਤੀ ਜਾਵੇ ਕਿਉਂ ਕਿ ਇਹਨਾਂ ਸੂਝਵਾਨਾਂ ਦਾ ਇਹ ਵਿਚਾਰ ਸੀ ਕਿ ਰਾਈਫਲ ਖੋਹਣ ਵਾਲਾ ਕੰਮ ਚੰਗਾ ਨਹੀਂ ਕੀਤਾ ਅਤੇ ਹੁਣ ਸਾਰੇ ਇਲਾਕੇ ਦੇ ਸਿੱਖ ਸਾਡੀ ਕੀਤੀ ਗਲਤੀ ਤੋਂ ਛੁਟਕਾਰਾ ਦਿਵਾਉਣ ਜਾਂ ਮਦਦ ਕਰਨ ਜੋ ਮੁਨਾਸਿਬ ਹੋਵੇ। ਇਸ ਲਈ ਉਹਨਾਂ ਨੇ ਚਾਰ ਚੁਫੇਰੇ ਦੇ ਸਿੱਖਾਂ ਦੇ ਪਿੰਡਾਂ ਵਿਚ ਘੋੜੀਆਂ ਤੇ ਚੜ੍ਹਕੇ ਇਹ ਖਬਰ ਧੁਮਾ ਦਿਤੀ ਕਿ ਸਾਨੂੰ ਮੁਸਲਮਾਨ ਲੁਟਣ ਜਾਂ ਮਾਰਨ ਪੈ ਗਏ ਹਨ ਸਾਡੀ ਮਦਦ ਕਰੋ।

ਉਸ ਸਮੇਂ ਧੀ-ਭੈਣ ਦਾ ਡੋਲਾ ਵਿਆਹ ਤੋਂ ਲਿਆਂਦਾ ਜਾਇਆ ਕਰਦਾ ਸੀ ਬੈਠੇ ਸੀ, ਅਸੀਂ ਉਸ ਉਪਰ ਇਕ ਤੂੜੀ ਦੀ ਪੰਡ ਇਕ ਮਿਸਤਰੀ ਅਮਰ ਸਿੰਘ ਜੋ ਕਿ ਤਰਖਾਣ ਮਿਸਤਰੀ ਸੀ ਅਤੇ ਹਰਨਾਮ ਸਿੰਘ ਤੇ ਉਸ ਦੀ ਪਤਨੀ ਹੁੱਦਲ ਅਤੇ ਮੈਂ ਕੁਲਵੰਤ ਸਿੰਘ ਬੈਠੇ ਸੀ। ਜੋ ਇਤਨੀ ਹਲਕੀ ਸਵਾਰੀ ਤੇ ਇਤਨਾ ਵੱਧ ਭਾਰ ਹੋਣ ਕਰਕੇ ਬੈਹਲੀ ਦੇ ਪਹੀਏ ਦੀ ਧੁਰ ਪਤਲੀ ਹੋਣ ਕਾਰਨ ਜਦੋਂ ਡਿੰਗੀ ਹੋ ਜਾਂਦੀ ਤਾਂ ਉਸ ਨੂੰ ਉਤਰ ਕੇ ਸਿੱਧੀ ਕਰਕੇ ਠੀਕ ਕਰ ਕੇ ਫਿਰ ਬੈਠ ਕੇ ਭਜਾ ਕੇ ਕਾਫਲੇ ਦੇ ਨਾਲ ਰਲ ਜਾਂਦੇ ਲੇਕਿਨ ਰਾਹ ਖਰਾਬ ਅਤੇ ਭਾਰ ਵੱਧ ਤੇ ਧੁਰ ਜਾਂ (Axle) ਪਤਲਾ ਹੋਣ ਕਾਰਨ ਡਿੰਗੀ ਹੋ ਜਾਂਦੀ। ਇਹ ਸਾਨੂੰ ਕਈ ਵਾਰ ਕਰਨਾ ਪਿਆ। ਇਹ ਮੁਸ਼ਕਲ ਹੋਣ ਕਰਕੇ ਇਕ ਵਾਰ ਅਸੀਂ ਸਾਰੇ ਹੀ ਕਾਫਲੇ ਤੋਂ ਪਿਛੇ ਰਹਿ ਗਏ। ਕਾਫਲਾ ਅੱਗੇ ਲੰਘ ਗਿਆ। ਰਾਹ ਵਿਚ ਇਕ ਪਿੰਡ ਜਿਸ ਦਾ ਨਾਮ ਅਬੀਆਂ ਵਾਲਾ ਸੀ। ਜਿਸ ਵਿਚ ਸਾਰੀ ਵਸੋਂ ਵੀ ਮੁਸਲਮਾਨਾਂ ਦੀ ਅਤੇ ਕਾਫਲੇ ਦੀ ਰਾਖੀ ਮਿਲਟਰੀ ਵੀ ਮੁਸਲਮਾਨੀ ਸੀ। ਪਿੰਡ ਦੇ ਵਿਚਕਾਰੋਂ ਦੀ ਰਸਤਾ ਜਾਂ ਸੜਕ ਸੀ ਜਿਸ ਤੋਂ ਸਾਰੇ ਕਾਫਲੇ ਨੇ ਹੋ ਕੇ ਲੰਘਣਾ ਸੀ। ਪਿੰਡ ਤੋਂ ਇਕ ਮੀਲ-ਪੌਣੇ ਦੇ ਲਗਭਗ ਪਿਛੇ ਹੀ ਸਾਡੀ ਬੈਹਲੀ ਦੀ ਧੁਰੀ ਡਿੰਗੀ ਹੋ ਗਈ। ਬੈਹਲੀ ਤੇ ਉਪਰ ਕੋਈ ਤਿੰਨ ਕੁ ਤਲਵਾਰਾਂ ਵੀ ਅਸੀਂ ਰੱਖੀਆਂ ਹੋਈਆਂ ਸਨ, ਆਪਣੀ ਰਾਖੀ ਲਈ। ਧੁਰੀ (Axle) ਨੂੰ ਸਿਧੀ ਕਰਕੇ ਅਸੀਂ ਫਿਰ ਬੈਹਲੀ ਤੇ ਬੈਠ ਕੇ ਚਲ ਪਏ ਜਦੋਂ ਪਿੰਡ ਕੋਲ ਆਏ ਤਾਂ ਪਿੰਡ ਦੀ ਰਾਖੀ ਲਈ ਵੀ ਮੁਸਲਮਾਨ ਮਿਲਟਰੀ ਦਾ ਇਕ ਅਫਸਰ ਤੇ ਕੁਝ ਫੌਜੀ ਜਵਾਨਾਂ ਨੇ ਸਾਨੂੰ ਰੁਕਣ ਲਈ ਕਿਹਾ ਤੇ ਕਾਰਨ ਪੁਛਿਆ ਕਿ ਕਾਫਲੇ ਤੋਂ ਪਿਛੇ ਆਉਣ ਜਾਂ ਲੇਟ ਹੋਣ ਦਾ। ਉਹ ਅਸਾਂ ਦਸਿਆ। ਫਿਰ ਸਾਨੂੰ ਪੁਛਿਆ ਕਿ ਤੁਹਾਡੇ ਕੋਲ ਕੋਈ ਹਥਿਆਰ ਹੈ ਤਾਂ ਅਸਾਂ ਦਸਿਆ ਕਿ ਸਾਡੇ ਕੋਲ ਤਿੰਨ ਕ੍ਰਿਪਾਨਾਂ ਹਨ। ਫਿਰ ਕਿਹਾ ਉਸ ਅਫ਼ਸਰ ਨੇ ਦਿਖਾਓ। ਅਸੀਂ ਦਿਖਾਈਆਂ। ਫਿਰ ਉਸ ਅਫਸਰ ਨੇ ਕਿਹਾ ਕਿ ਇਹ ਕ੍ਰਿਪਾਨਾਂ ਇਥੇ ਹੀ ਸੁੱਟ ਦਿਉ। ਲੇਕਿਨ ਸਾਨੂੰ ਇਹ ਸ਼ੱਕ ਪੈ ਗਿਆ ਕਿ ਇਹ ਸਾਨੂੰ ਖਾਲੀ ਹਥੀਂ ਕਰ ਕੇ ਮਾਰ ਦੇਣਗੇ। ਇਸ ਸ਼ੱਕ ਵਿਚ ਅਸੀਂ ਹਥਿਆਰ ਸੁੱਟਣ ਤੋਂ ਨਾਂਹ ਕਰ ਦਿੱਤੀ। ਫਿਰ ਉਸ ਅਫਸਰ ਨੇ ਕਿਹਾ ਕਿ ਜੇ ਹਥਿਆਰ ਨਹੀਂ ਸੁਟਣੇ ਤਾਂ ਫਿਰ ਤਿਆਰ ਹੋ ਜਾਉ। ਇਤਨਾ ਕਹਿ ਕੇ ਉਸ ਨੇ ਆਪਣੇ ਇਕ ਫੌਜੀ ਨੂੰ ਸਟੇਨ ਗੰਨ ਲੋਡ ਤੇ ਤਿਆਰ ਪੋਜ਼ੀਸ਼ਨ ਵਿਚ ਖਲੋਣ ਦਾ ਉਸ ਨੂੰ ਹੁਕਮ ਦਿਤਾ। ਫੌਜੀ ਜਵਾਨ ਨੇ ਫੌਰਨ ਪੋਜ਼ੀਸ਼ਨ ਸੰਭਾਲ ਲਈ। ਇਤਨੇ ਨੂੰ ਸਾਨੂੰ ਅਫਸਰ ਨੇ ਕਿਹਾ ਕਿ ਇਕ ਲਾਈਨ ਵਿਚ ਹੋ ਜਾਉ। ਅਸੀਂ ਦੋ ਜਣੇ ਹਰਨਾਮ ਸਿੰਘ ਤੇ ਕੁਲਵੰਤ ਸਿੰਘ ਲਾਈਨ ਵਿਚ ਖਲੋ ਗਏ ਲੇਕਿਨ ਮਿਸਤਰੀ ਅਮਰ ਸਿੰਘ ਨੇ ਕਿਹਾ ਕਿ ਛੱਡੋ ਯਾਰ ਹਥਿਆਰ ਦੇ ਦਿਉ ਪਰਾਂ ਅਸਾਂ ਕ੍ਰਿਪਾਨਾਂ ਦੇ ਦਿੱਤੀਆਂ। ਕ੍ਰਿਪਾਨਾਂ ਰੱਖਣ ਤੋਂ ਬਾਦ ਅਫਸਰ ਕਹਿਣ ਲੱਗਾ ਕਿ ਜਾਉ ਹੁਣ ਚਲੇ ਜਾਉ। ਜਦੋਂ ਅਸੀਂ ਫਿਰ ਬੈਹਲੀ ਭਜਾ ਕੇ ਕਾਫਲੇ ਨਾਲ ਰਲਣ ਹੀ ਵਾਲੇ ਸੀ ਕਿ ਪਿਛੋਂ ਸੰਤ ਸਿੰਘ, ਜਰਨੈਲ ਸਿੰਘ ਤੇ ਸੂਬਾ ਸਿੰਘ ਜੋ ਕਿ ਆਪਣੇ ਮਾਲ ਡੰਗਰ ਨੂੰ ਹਿਕਦੇ ਹੋਏ ਕਾਫਲੇ ਤੋਂ ਪੱਛੜ ਕੇ ਥੋੜੇ ਹੀ ਦੂਰ ਰਹਿ ਗਏ ਸਨ। ਉਹਨਾਂ ਉਤੇ ਮੁਸਲਮਾਨਾਂ ਜੋ ਕਿ ਨੇੜੇ ਦੇ ਪਿੰਡਾਂ ਦੇ ਸਨ, 4-5 ਜਣਿਆਂ ਨੇ ਅਚਾਨਕ ਹਮਲਾ ਕਰ ਦਿੱਤਾ। ਸੰਤ ਸਿੰਘ ਨੇ ਇਕ ਵਾਰ ਤਾਂ ਡਾਂਗ ਤੇ ਰੋਕ ਲਿਆ ਅਤੇ ਦੂਸਰੇ ਨੂੰ ਅੱਗੇ ਹੱਥ ਕਰਕੇ ਰੋਕ ਤਾਂ ਲਿਆ ਲੇਕਿਨ ਬਾਹਾਂ ਜਾਂ ਹੱਥਾਂ ਤੇ ਤੇਜ਼ ਧਾਰ ਹਥਿਆਰ ਹੋਣ ਕਰ ਕੇ ਖੂਨ ਚਲਣ ਲੱਗ ਪਿਆ। ਸਿਰ ਤੋਂ ਪੱਗ ਜਾਂ ਪਰਨਾ ਲਹਿ ਗਿਆ। ਇਤਨੇ ਨੂੰ ਚਾਰੇ ਹੀ ਮੁਸਲਮਾਨ ਉਸ ਨਾਲ ਹੱਥੋ ਪਾਈ ਹੁੰਦੇ ਕਰਦੇ ਰਾਹ ਤੋਂ ਇਕ ਪਾਸੇ ਖੜੀ ਚਰ੍ਹੀ ਵਿਚ ਉਹਲਾ ਜਾਂ ਪਰਦੇ ਦਾ ਸਹਾਰਾ ਲੈ ਕੇ ਜਾ ਵੜੇ।

ਇਤਨੇ ਨੂੰ ਸਾਡੀ ਬੈਹਲੀ ਵੀ ਮੌਕੇ ਦੇ ਨੇੜੇ ਹੀ ਆ ਪਹੁੰਚੀ, ਲੇਕਿਨ ਅਸੀਂ ਮੁਸਲਮਾਨਾਂ ਨੂੰ ਤਾਂ ਨਹੀਂ ਦੇਖ ਸਕੇ ਪਰ ਉਹਨਾਂ ਸਾਡੇ ਖੜਕੇ ਜਾਂ ਨੇੜੇ ਆਉਂਦੇ ਹੋਏ ਖੜਾਕ ਤੋਂ ਜਾਂ ਕਿਸੇ ਤਰ੍ਹਾਂ ਵੀ ਭੈਭੀਤ ਹੋ ਕੇ ਸੰਤ ਸਿੰਘ ਨੂੰ ਛੱਡ ਦਿੱਤਾ ਅਤੇ ਆਪ ਭੱਜ ਗਏ। ਸੰਤ ਸਿੰਘ ਹੱਥੋ ਪਾਈ ਹੋਇਆ ਵਾਲ ਖਿਲਰੇ ਹੱਥਾਂ-ਬਾਹਾਂ ਤੋਂ ਚਲਦੇ ਖੂਨ ਨਾਲ ਲਹੂ-ਲੁਹਾਣ ਹੋਇਆ ਸਾਡੇ ਨਾਲ ਹੀ ਅੱਗੇ-ਅੱਗੇ ਫਿਰ ਆਪਣੇ ਨਾਲ ਦੇ ਜੋ ਮਾਲ ਹਿਕੀ ਆ ਰਹੇ ਸਨ, ਉਹਨਾਂ ਨਾਲ ਆ ਰਲਿਆ ਅਤੇ ਆਪਣੇ ਨਾਲ ਦੇ ਦੋਹਾਂ ਸਾਥੀਆਂ ਨੂੰ ਗੁੱਸੇ ਹੋਇਆ ਕਿ ਤੁਸੀਂ ਤਾਂ ਮੈਨੂੰ ਮਰਵਾ ਹੀ ਦੇਣ ਲੱਗੇ ਸੀ ਲੇਕਿਨ ਉਹ ਦੋਵੇਂ ਜਣੇ ਉਮਰ ਵਿਚ ਜਾਂ ਜੁਅੱਰਤ ਵਿੱਚ ਸਮਰਥ ਨਾ ਹੋਣ ਕਰਕੇ ਸੰਤ ਸਿੰਘ ਦੀ ਮਦਦ ਕਰਨ ਨਾ ਜਾ ਸਕੇ।

ਇਸ ਤਰਾਂ ਨਨਕਾਣੇ ਸਾਹਿਬ ਤੋਂ ਚਲ ਕੇ ਸਾਰੇ ਦਿਨ ਦਾ ਪੈਂਡਾ ਕਰਨ ਮਗਰੋਂ ਕਾਫਲੇ ਨੇ ਰਾਤ ਮਾਂਗਟਾਂ ਵਾਲੇ ਠਾਣੇ ਇਕ ਰਾਤ ਦੇ ਕੈਂਪ ਵਿਚ ਰੁਕਣਾ ਪੈਂਦਾ ਸੀ ਅਤੇ ਅਸੀਂ ਵੀ ਇਕ ਹੀ ਰਾਤ ਰੁਕਣ ਮਗਰੋਂ ਸਵੇਰ ਫਿਰ ਸਾਰਾ ਕਾਫਲਾ ਬਲੋ ਕੇ ਹੈਡ ਵੱਲ ਤੁਰ ਪਿਆ।

ਬਲੋ ਕੇ ਹੈਡ ਤੇ ਪਹੁੰਚਣ ਤੇ ਪਤਾ ਲੱਗਾ ਇਥੋਂ ਰਾਵੀ ਦਰਿਆ ਨੂੰ ਪਾਰ ਕਰਨ ਤੋਂ ਬਾਦ ਅੱਗੇ ਕਾਫਲੇ ਨੇ ਰਾਤ ਦਾ ਕੈਂਪ ਭਾਈ ਫੇਰੂ ਕਾ ਜਾ ਕੇ ਰੁਕਣਾ ਹੁੰਦਾ ਸੀ, ਹਰ ਕਾਫਲੇ ਤੇ ਹਰ ਇਕ ਕਾਫਲੇ ਦੇ ਇਕ-ਇਕ ਮੈਂਬਰ ਦੀ ਇਹੋ ਤਾਂਘ

ਲਈ ਰਾਵੀ ਦਰਿਆ ਉਤੇ ਬਣੇ ਦੋ ਮਾਰਗ ਸੜਕ ਮਾਰਗ ਅਤੇ ਰੇਲ ਮਾਰਗ ਹੀ ਸਨ। ਜਿਨਾਂ ਚਿਰ ਅਸੀਂ ਨਨਕਾਣਾ ਸਾਹਿਬ ਰਹੇ ਕੋਈ ਦੁਖ ਤਕਲੀਫ ਨਹੀਂ ਵੇਖੀ। ਹਾਂ ਨਨਕਾਣਾ ਸਾਹਿਬ ਰਹਿੰਦੇ ਹੋਏ ਸਾਡੇ ਪਿੰਡ ਤੋਂ ਅਗੇ ਬਦੋਰਤੇ ਪਿੰਡ ਦਾ ਇਕ ਸਿਖ ਕਪਤਾਨ ਉਸ ਸਮੇਂ ਫੋਜ ਵਿਚ ਸੀ ਜਿਸ ਦੀ ਡਿਊਟੀ ਭਾਰਤ ਵਿਚ ਸੀ ਉਹ ਇਹ ਹਾਲਾਤ ਵੇਖ-ਸੁਣਕੇ ਆਪਣੇ ਨਾਲ 20-25 ਮਰਹਟੇ ਫੌਜੀ ਲੈ ਕੇ ਆਪਣੇ ਪਾਕਿ ਵਿਚ ਬਦੋਰਤੇ ਪਿੰਡ ਵਾਸੀਆਂ ਤੇ ਆਪਣੇ ਜੀਆਂ ਨੂੰ ਰਾਜੀ ਖੁਸ਼ੀ ਭਾਰਤ ਲਿਆਉਣ ਲਈ ਜਾਂ ਪਤਾ ਲੈਣ ਲਈ ਕਿ ਠੀਕ ਠਾਕ ਹਨ ਪਾਕਿ-ਭਾਰਤ ਦੀ ਹੱਦ ਲੰਘਕੇ ਮਾਂਗਟਾਂ ਵਾਲੇ ਠਾਣੇ ਤੋਂ ਠਹਿਰਕੇ ਅਗੇ ਨਨਕਾਣੇ ਸਾਹਿਬ ਕੈਂਪ ਵਿਚ ਪੁੱਜਾ। ਉਸ ਕਪਤਾਨ ਦਾ ਨਾਮ ਖਜਾਨ ਸਿੰਘ ਬਦੋਰਤੇ ਵਾਲਾ ਸੀ। ਉਸ ਦੇ ਨਾਲ ਜੋ 20-25 ਮਰਹੱਟੇ ਫੋਜੀ ਸਨ। ਉਹਨਾਂ ਨੇ ਸਾਨੂੰ ਦਸਿਆ ਕਿ ਮਾਂਗਟਾਂ ਵਾਲੇ ਠਾਣੇ ਵਿਚ ਜਿਥੇ ਕਿ ਸਿਖਾਂ ਦੀ ਰਾਖੀ ਲਈ ਮੁਸਲਮਾਨ ਮਿਲਟਰੀ ਨਨਕਾਣੇ ਸਾਹਿਬ ਤੋਂ ਲੈ ਕੇ ਭਾਰਤ ਦੀ ਹੱਦ ਤੱਕ ਲਾਈ ਹੋਈ ਹੈ। ਕਈ ਥਾਈਂ ਇਹ ਹਾਲ ਹੋ ਰਿਹਾ ਹੈ ਕਿ ਸੁਣਿਆ ਨਹੀਂ ਜਾ ਸਕਦਾ। ਮਾਂਗਟਾਂ ਵਾਲੇ ਠਾਣੇ ਤੱਕ ਜੋ ਸਿਖ ਛੋਟੇ-ਛੋਟੇ ਗਰੁਪਾਂ ਦੀ ਸ਼ਕਲਾਂ ਵਿਚ ਚਲ ਪੈਂਦੇ ਸੀ। ਅਗੇ ਜਾਕੇ ਮਾਂਗਟਾਂ ਵਾਲੇ ਠਾਣੇ ਕੋਲ ਛੋਟਾ ਕੈਂਪ ਲੱਗਾ ਹੋਇਆ ਸੀ ਜਿਸ ਵਿਚ ਲੋਕ ਜਾ ਕੇ ਰਹਿੰਦੇ ਅਤੇ ਠਾਣੇ ਤੋਂ ਥੋੜੀ ਹੀ ਦੂਰ ਇਕ ਰਜਵਾਹਾ ਚਲਦਾ ਸੀ। ਹੁਣ ਦੇ ਸਮੇਂ ਵਾਂਗ ਥਾਂ-2 ਬਿਜਲੀ ਦੀਆਂ ਮੋਟਰਾਂ ਜਾਂ ਡੀਜਲ ਇੰਜਣ, ਟਿਊਬਵੈਲ ਜਾਂ ਨਲਕੇ ਨਹੀਂ ਸਨ ਹੁੰਦੇ ਕੇਵਲ ਖੂਹ ਜਾਂ ਰਜਵਾਹੇ, ਨਹਿਰਾਂ ਤੋਂ ਹੀ ਪੀਣ ਲਈ ਪਾਣੀ ਮਿਲ ਸਕਦਾ ਸੀ। ਜਦੋਂ ਕੋਈ ਛੋਟਾ-ਮੋਟਾ ਗਰੁਪ ਸਿਖ ਕਾਫਲਾ ਮਾਂਗਟਾਂ ਵਾਲੇ ਠਾਣੇ ਪਹੁੰਚ ਜਾਂਦਾ ਤਾਂ ਉਸ ਕੈਂਪ ਵਿਚ ਪਹੁੰਚਣ ਉਪਰੰਤ ਉਨਾਂ ਨੂੰ ਕਿਹਾ ਜਾਂਦਾ ਕਿ ਜੇ ਕਿਸੇ ਨੂੰ ਪਾਣੀ ਪੀਣ ਜਾਂ ਵਰਤਣ ਦੀ ਲੋੜ ਹੋਵੇ ਤਾਂ ਉਹ ਨਾਲ ਹੀ ਰਜਵਾਹਾ ਹੈ ਜਾ ਕੇ ਪਾਣੀ ਲੈ ਆਉ ਅਤੇ ਪਾਣੀ ਲੈਣ ਗਈ ਔਰਤ ਜਾਂ ਮਰਦ ਜਾਂ ਬੁਢੇ ਜਾਂ ਬੱਚੇ ਨੂੰ ਉਥੇ ਹੀ ਗੋਲੀ ਮਾਰਕੇ ਮਾਰ ਦਿਤਾ ਜਾਂਦਾ ਜੋ ਕਿ ਮਨੁੱਖਤਾ ਦੇ ਖੂਨ ਦੇ ਪਿਆਸੇ ਬਣ ਗਏ। ਇਹ ਗਲ ਸਾਨੂੰ ਮਰਹੱਟੇ ਫੋਜੀਆਂ ਨੇ ਦਸਿਆ ਅਤੇ ਆਪਣੇ ਕਪਤਾਨ ਦੇ ਅੰਡਰ ਵਿਚ ਰਹਿੰਦੇ ਹੋਏ ਵੀ ਉਹਨਾਂ ਨੇ ਬਹੁਤ ਗੁਸੇ ਦਾ ਪ੍ਰਗਟਾਵਾ ਕੀਤਾ ਕਿ ਅਸੀਂ ਇਹ ਬਰਦਾਸ਼ਤ ਨਹੀਂ ਕਰ ਸਕਦੇ ਸਾਨੂੰ ਇਹ ਹੁਕਮ ਨਹੀਂ ਦੇਂਦਾ, ਇਹ ਠੀਕ ਨਹੀਂ ਕਰਦਾ। ਲੇਕਿਨ ਉਹ ਕਪਤਾਨ ਆਪਣੇ 20-25 ਫੋਜੀਆਂ ਨੂੰ ਆਪਣੇ ਨਾਲ ਲੈ ਜਾ ਕੇ ਫੌਜ ਨਾਲ ਹੀ ਫੌਜ ਦਾ ਮੁਕਾਬਲਾ ਨਾ ਬਣਾਵਾਂ ਸੋਚਕੇ ਥੋੜੇ ਗਿਣਤੀ ਕਰਕੇ ਸਭ ਕੁਝ ਹੁੰਦਾ ਵੇਖ ਬਰਦਾਸ਼ਤ ਕਰਨ ਲਈ ਕੋਈ ਕੁਝ ਕਰਨ ਲਈ ਹੁਕਮ ਨਾ ਦੇਂਦਾ। 20-25 ਦਿਨ ਨਨਕਾਣਾਂ ਸਾਹਿਬ ਰੁਕਣ ਤੋਂ ਬਾਦ ਬਹੁਤ ਵਡੇ-2 ਗਰੁਪ ਕਾਫਲੇ ਦੇ ਰੂਪ ਵਿਚ ਜਿਸ ਵਿਚ ਕਈਆਂ-ਕਈਆਂ ਪਿੰਡਾਂ ਦੇ ਮਰਦ, ਔਰਤਾਂ, ਬੱਚੇ, ਬੁਢੇ, ਨੂੰਹਾਂ, ਧੀਆਂ ਸਣੇ ਜਿਸ ਵੀ ਕਿਸੇ ਕੋਲ ਸਮਰੱਥਾ ਮੁਤਾਬਿਕ ਗੱਡਾ, ਝੋਟੇ ਜਾਂ ਬੈਲ ਗਡੀਆਂ ਜਾਂ ਰੱਥ ਰੇਹੜੀ ਉਸ ਸਮੇਂ ਸੀ ਲਵੇਰੀ ਮੱਝ, ਗਾਂ ਜਾਂ ਘੋੜਾ, ਘੋੜੀ ਜੋ ਕੁਝ ਵੀ ਲੈ ਕੇ ਗੱਡੇ ਦੀ ਸਮਰਥਾ ਮੁਤਾਬਿਕ ਡੰਗਰਾਂ ਲਈ ਦਾਣਾ, ਦਲੀਆ ਅਤੇ ਅਤੇ ਆਪਣੇ ਲਈ ਦਾਣੇ ਪਿਹਾਕੇ ਆਟੇ ਦੀ ਬੋਰੀ ਜਾਂ ਵੱਧ ਰਖ ਸਕੇ ਜੀਆਂ, ਔਰਤਾਂ, ਬਚਿਆਂ ਤੇ ਬੁਢਿਆਂ ਨੂੰ ਗੱਡੇ ਤੇ ਘੋੜੀ ਤੇ ਬੈਠਾਕੇ ਬਾਕੀ ਬੰਦੇ ਮੱਝਾਂ ਜਾਂ ਹੋਰ ਮਾਲ ਪੈਦਲ ਹਿਕਦੇ ਹੋਏ ਤੁਰ ਪਏ ਜੋ ਕਿ ਕਾਫਲਾ 5-7 ਮੀਲ ਦੀ ਲੰਬਾਈ ਵਿਚ ਅਤੇ ਸੜਕ ਦੇ ਕੱਚੇ ਰਾਹ ਜੋ ਕਿ ਉਸ ਸਮੇਂ ਪਾਕਿ ਵਿਚ ਉਚੇ ਨੀਵੇਂ ਸਨ ਚਲ ਪਏ।

ਕਾਫਲੇ ਦੇ ਦੋਵੇਂ ਪਾਸੇ ਕਾਫਲੇ ਦੀ ਰਾਖੀ ਲਈ ਮੁਸਲਮਾਨ ਬਲੋਚੇ ਮਿਲਟਰੀ ਦੀ ਜੁਮੇਵਾਰੀ ਸੀ ਲੇਕਿਨ ਸਾਨੂੰ ਸਭ ਨੂੰ ਤੁਰੇ ਜਾਂਦੇ ਨੂੰ ਆਰਾਮ ਤੇ ਅਮਨ ਭੰਗ ਕਰਨ ਤੋਂ ਬਗੈਰ ਵੀ ਦੁੱਖ ਦੇ ਮਾਰੇ ਦੁੱਖੀ ਦਿਲਾਂ ਨੂੰ ਫਿਰ ਵੀ ਘੂਰ ਕੇ ਫੋਜੀ ਇਹ ਹੀ ਕਹਿੰਦੇ ਸਿੱਧੇ ਚਲੋ, ਛੇਤੀ ਚਲੋ ਜਾਂ ਐਵੇਂ ਦੇ ਬਹਾਨੇ ਪਾ ਕੇ ਵੀ ਸਾਨੂੰ ਬੰਦੂਕਾਂ ਦੇ ਬੱਟਾਂ ਨਾਲ ਮਾਰਦੇ। ਜੇ ਕਿਸੇ ਦਾ ਗੱਡਾ ਜਾਂ ਡੰਗਰ ਮਾੜਾ ਹੋਣ ਕਾਰਨ ਗੱਡਾ ਟੁਟ ਜਾਂਦਾ ਜਾਂ ਡੰਗਰ ਮਰ ਜਾਂਦਾ ਤਾਂ ਉਹ ਸਮਾਨ ਜਾਂ ਗੱਡਾ ਉਥੇ ਹੀ ਛੱਡ ਦੇਂਦਾ ਜਾ ਸਮਰਥਾ ਮੁਤਾਬਿਕ ਸਮਾਨ ਲੈ ਲੈਂਦਾ ਬਾਕੀ ਉਥੇ ਹੀ ਛੱਡ ਦੇਂਦਾ। ਮੁਸਲਮਾਨ ਮਿਲਟਰੀ ਦੇ ਨਾਲ ਬਾਹਰ-ਬਾਹਰ ਮੁਸਲਮਾਨ ਲੋਕ ਪਿੰਡਾਂ ਦੇ ਰਹਿਣ ਵਾਲੇ ਆਪਣੇ ਹੱਥਾਂ 'ਚ ਸੋਟੇ, ਡਾਂਗਾਂ, ਨੇਜੇ ਬਰਛੀ ਵਗੈਰਾ ਹਥਿਆਰ ਲੈ ਕੇ ਕਾਫਲੇ ਨੂੰ ਲੁੱਟਣ ਦੀ ਤਾਕ 'ਚ ਰਹਿੰਦੇ। ਜੇ ਕਿਸੇ ਮੁਸਲਮਾਨ ਨੂੰ ਇਕ ਮੱਝ ਦੀ ਲੋੜ ਸੀ ਉਸ ਨੇ ਮੁਸਲਮਾਨ ਫੋਜੀ ਅਗੇ ਤਰਲਾ ਲਿਆ ਕਿ ਮੈਨੂੰ ਕਾਫਲੇ 'ਚੋਂ ਇਕ ਮੱਝ ਲੈ ਦੇ ਉਸ ਨੇ ਖੋਹ ਕੇ ਮੱਝ ਕਾਫਲੇ ਤੋਂ ਬਾਹਰ ਵੱਲ ਹਿਕ ਕੇ ਮੁਸਲਮਾਨ ਅੱਗੇ ਲਾ ਕੇ ਆਪ ਝੂਠਾ ਹੀ ਇਕ ਫਾਇਰ ਹਵਾ ਵਿਚ ਕਰ ਦਿੱਤਾ ਕਿ ਲੁਟੇਰਾ ਆ ਪਿਆ ਹੈ ਅਤੇ ਉਸ ਨੂੰ ਕਿਹਾ ਤੂੰ ਮੱਝ ਹਿਕ ਕੇ ਲੈ ਜਾਹ ਲੇਕਿਨ ਕੌਣ ਫਰਿਆਦੀ ਕਿਸ ਅਗੇ ਫਰਿਆਦ ਕਰੇ ਜਦੋਂ ਰਾਖਾ ਹੀ ਖੋਹੇ।

ਸਾਡੇ ਹੀ ਪਿੰਡ ਦਾ ਸੰਤ ਜਰਨੈਲ ਸਿੰਘ ਅਤੇ ਸੂਬਾ ਸਿੰਘ ਕਾਫਲੇ ਦੇ ਨਾਲ ਮੱਝਾਂ ਹਿਕੀ ਜਾ ਰਹੇ ਸਨ ਜੋ ਕਿ ਤੁਰਦੇ ਤੁਰਦੇ ਕਾਫਲਾ ਕੁਝ ਅਗੇ ਨਿਕਲ ਗਿਆ ਅਤੇ ਇਹ ਤਿੰਨ ਜਣੇ ਸਣੇ ਡੰਗਰਾਂ ਪਿਛੇ ਰਹਿ ਗਏ। ਅਸੀਂ ਇਕ ਬੈਹਲੀ ਤੇ ਜੋ ਕਿ ਉਸ ਸਮੇਂ ਦੇ ਮੁਤਾਬਿਕ ਬਲਦਾਂ ਨਾਲ (ਵੈਹੜਕਿਆਂ) ਨਾਲ ਚਲਣ ਵਾਲੀ ਇਕ ਬਹੁਤ ਹੀ ਹਲਕੀ ਜਿਹੀ ਸਵਾਰੀ ਸੀ ਜਿਸ ਤੇ

(ਪੈਦਲ ਫੌਜ) ਸਣੇ ਪੁਲ ਅਤੇ ਹਥਿਆਰਾਂ ਤੇ ਸਾਰੇ ਇੰਤਜ਼ਾਮ ਨਾਲ ਲੈਸ ਕਰ ਕੇ ਅਤੇ ਹਵਾਈ ਜਹਾਜ਼ਾਂ ਰਾਹੀਂ ਰਾਸ਼ਨ ਲਈ ਮੂੰਗਫਲੀ ਦੀਆਂ ਬੋਰੀਆਂ ਲੱਦ ਕੇ ਕਾਫਲੇ ਲਈ ਪਹੁੰਚ ਗਏ ਸਿੱਖ ਮਿਲਟਰੀ ਦੇ ਜੁਆਨ। ਜਦੋਂ ਮਿਲਟਰੀ ਦੇ ਜੁਆਨ ਪੁਲ ਤਿਆਰ ਕਰਨ ਲਈ ਵੱਡੇ ਹੈਵੀ 10 ਪਹੀਆ ਵਹੀਕਲ ਤੇ ਲੱਦਿਆ ਸਮਾਨ ਲੈ ਕੇ ਪਹੁੰਚੇ ਤਾਂ ਅੱਗੋਂ ਪੁਲ ਤੇ ਤਾਇਨਾਤ ਮੁਸਲਮਾਨ ਮਿਲਟਰੀ ਨੇ ਸਣੇ ਪੁਲ ਵਹੀਕਲ (ਟਰੱਕ) ਨੂੰ ਲੈ ਕੇ ਪੁਲ ਤੇ ਚੜ੍ਹਨ ਤੋਂ ਰੋਕ ਦਿੱਤਾ ਅਤੇ ਕਿਹਾ ਕਿ ਇਤਨਾ ਵਜ਼ਨ ਲੱਦ ਕੇ ਅਸੀਂ ਪੁਲ ਪਾਰ ਨਹੀਂ ਕਰਨ ਦੇਣਾ। ਸੋ ਇਸ ਨਾਲ ਹੋਰ ਵੀ ਲੇਟ ਅਤੇ ਰੁਕਾਵਟ ਖੜੀ ਹੋ ਗਈ। ਫਿਰ ਸਿੱਖ ਮਿਲਟਰੀ ਦੇ ਜੁਆਨਾਂ ਜੋ ਕਿ ਪਟਿਆਲਾ ਦੀ ਰਿਆਸਤ ਵਾਲੇ ਰਾਜੇ ਨੇ ਭੇਜੇ ਸਨ, ਪੁਲ ਕੰਪਲੀਟ ਨੂੰ ਖੋਲ੍ਹ-ਖੋਲ੍ਹ ਕੇ ਥੋੜ੍ਹਾ-ਥੋੜ੍ਹਾ ਪੁਰਜ਼ਾ-ਪੁਰਜ਼ਾ ਕਰ ਕੇ ਫਿਰ ਪੁਲ ਤਿਆਰ ਕੀਤਾ। ਇਹ ਸਭ ਕੁਝ ਕਰਨ ਲਈ ਕਾਫਲੇ ਦੇ ਬੰਦਿਆਂ ਨੇ ਵੀ ਹੋ ਸਕਣ ਤੇ ਕਰ ਸਕਣ ਵਾਲੀ ਮਦਦ ਕੀਤੀ। ਜਿਸ ਵਿਚ ਸਾਨੂੰ ਕਿਹਾ ਕਿ ਤੁਸੀਂ ਵੀ ਮਿੱਟੀ ਲਤੜੋ ਜਿਥੇ ਲੋਹੇ ਦਾ ਪੁਲ ਵਿਛਾਣਾ ਸੀ। ਇਸ ਕੰਮ ਨੂੰ ਕਰਦੇ ਹੀ ਸੀ ਕਿ ਆਕਾਸ਼ ਵਿਚੋਂ ਹਵਾਈ ਜਹਾਜ਼ ਰਾਹੀਂ ਕਾਫਲੇ ਦੇ ਵਿਚ ਮੂੰਗਫਲੀ ਦੀ ਬੋਰੀ ਸੁੱਟੀ ਜੋ ਕਿ ਇਕ ਬੋਰੀ ਤਾਂ ਦਰਿਆ ਦੇ ਪਾਣੀ ਵਿਚ ਜਾ ਡਿੱਗੀ ਜੋ ਕਿ ਡਿੱਗਦੇ ਡਿੱਗਦੇ ਹੀ ਪਾਟ ਗਈ ਅਤੇ ਮੂੰਗਫਲੀ ਖਿਲਰ ਗਈ ਜੋ ਕਿ ਪਾਣੀ ਤੇ ਤਰਦੀ ਫਿਰੇ ਲੇਕਿਨ ਅੱਧੀ ਕੁ ਬੋਰੀ ਮੂੰਗਫਲੀ ਰਹਿ ਗਈ। ਜਿਸ ਨੂੰ ਫੜਨ ਲਈ ਕਾਫਲੇ ਵਿਚੋਂ ਇਕ ਗਭਰੂ ਨੇ ਪਾਣੀ ਵਿਚ ਛਾਲ ਮਾਰ ਕੇ ਮੂੰਗਫਲੀ ਦੀ ਬੋਰੀ ਨੂੰ ਫੜਨ ਗਿਆ ਲੇਕਿਨ ਬੋਰੀ ਦੇ ਹੱਥ ਵਿਚ ਆਉਣ ਤੋਂ ਪਹਿਲਾਂ ਹੀ ਉਹ ਗੱਭਰੂ ਪਾਣੀ ਡੂੰਘਾ ਹੋਣ ਕਾਰਨ ਪਾਣੀ ਵਿਚ ਡੁੱਬ ਗਿਆ, ਕੇਵਲ ਉਸ ਦੇ ਸਿਰ ਦੇ ਵਾਲ ਹੀ ਪਾਣੀ ਤੋਂ ਬਾਹਰ ਤਰਦੇ ਖੁਲ੍ਹੇ ਨਜ਼ਰ ਆਏ। ਇਹ ਦੇਖ ਪੁਲ ਬੰਨਣ ਵਾਲੇ ਸਿੱਖ ਮਿਲਟਰੀ ਦਾ ਇਕ ਜੁਆਨ ਝੱਟ ਸਣੇ ਵਰਦੀ ਪਾਣੀ ਵਿਚ ਛਾਲ ਮਾਰ ਕੇ ਉਸ ਦੀ ਜਾਨ ਬਚਾਉਂਦੇ ਹੋਏ ਕਹਿਣ ਲੱਗਾ ਕਿ ਮੂੰਗਫਲੀ ਪਿਛੇ ਜਾਨ ਦੇਣ ਲੱਗਾ ਸੈਂ।

ਇਕ ਹੋਰ ਬੋਰੀ ਜਹਾਜ਼ ਨੇ ਕਾਫਲੇ ਵਿਚ ਸੁੱਟੀ ਜੋ ਕਿ ਮੈਂ ਦੇਖ ਰਿਹਾ ਸੀ ਕਿ ਉਪਰ ਤੋਂ ਆ ਰਹੀ ਹੈ ਮੈਂ ਤਾਂ ਨੀਂਵਾ ਹੋ ਕੇ ਆਪਣਾ ਆਪ ਬਚਾ ਲਿਆ ਲੇਕਿਨ ਮੇਰੇ ਕੋਲ ਖੜੇ ਆਦਮੀ ਉਤੇ ਅਜਿਹੀ ਡਿੱਗੀ ਕਿ ਉਸ ਦੀ ਥਾਂ ਹੀ ਮੌਤ ਹੋ ਗਈ ਅਤੇ ਇਕ ਹੋਰ ਕੋਲ ਖੜੇ ਆਦਮੀ ਨੂੰ ਐਸੀ ਸੱਟ ਵੱਜੀ ਕਿ ਉਹ ਫੱਟੜ ਹੋ ਗਿਆ।

ਜਦੋਂ ਪਟਿਆਲੇ ਤੋਂ ਸਿੱਖ ਮਿਲਟਰੀ ਪਹੁੰਚ ਗਈ ਤਾਂ ਉਹਨਾਂ ਨੇ ਸਾਡੀ ਪੂਰੀ ਹਿਫਾਜ਼ਤ ਤੇ ਨਿਗਰਾਨੀ ਕੀਤੀ ਕਾਫਲੇ ਦੀ। ਇਕ ਮੁਸਲਮਾਨ ਫੌਜੀ ਕਾਫਲੇ ਵਿਚ ਬਦਨੀਯਤੀ ਨਾਲ ਫਿਰ ਰਿਹਾ ਸੀ ਕਿ ਸਿੱਖ ਮਿਲਟਰੀ ਦੇ ਜੁਆਨਾਂ ਨੇ ਉਸ ਨੂੰ ਫੌਰਨ ਘੂਰ ਕੇ ਬਾਹਰ ਨਿਕਲਣ ਲਈ ਕਿਹਾ। ਨਾਲ ਇਹ ਵੀ ਕਿਹਾ ਕਿ ਜੇਕਰ ਤੈਨੂੰ ਕਾਫਲੇ ਵਾਲੇ ਮਾਰ ਦੇਣ ਤਾਂ ਤੂੰ ਕੀਹ ਕਰ ਸਕੇਂਗਾ। ਸੋ ਉਹ ਫੌਜੀ ਮੁਸਲਮਾਨ ਕਾਫਲੇ ਤੋਂ ਬਾਹਰ ਹੋ ਗਿਆ।

ਇਸ ਤਰ੍ਹਾਂ ਪੁਲ ਬਣ ਕੇ ਤਿਆਰ ਹੋ ਜਾਣ ਮਗਰੋਂ ਕਾਫਲਾ ਦਰਿਆ ਪਾਰ ਕਰ ਕੇ ਦਰਿਆਉਂ ਪਾਰ ਨਾਲ ਲੱਗਦੇ ਪਿੰਡ ਭਾਈ ਫੇਰੂ ਕੇ ਪਹੁੰਚਿਆ ਜਿਥੇ ਜਾ ਕੇ ਸਾਡੇ ਖਾਣ ਲਈ ਚੌਲ ਮਿਲੇ। ਉਥੇ ਡੰਗਰਾਂ ਦੇ ਖਾਣ ਲਈ ਵੀ ਸਾਨੂੰ ਕਮਾਦ ਦੇ ਖੜੇ ਖੇਤਾ ਵਿਚੋਂ ਅੱਧ ਵਢਿਆ ਕਮਾਦ ਵੀ ਮਿਲ ਗਿਆ ਜੋ ਕਿ ਸਾਡੇ ਤੋਂ ਪਹਿਲਾਂ ਲੰਘੇ ਕਾਫਲੇ ਨੇ ਉਤੋਂ ਉਤੋਂ ਅੱਧਾ-ਅੱਧਾ ਕਮਾਦ ਵੱਢ ਲਿਆ ਸੀ, ਡੰਗਰਾਂ ਲਈ। ਬਾਕੀ ਦਾ ਰਹਿੰਦਾ ਅਸਾਨੂੰ ਜੜਾਂ ਤੋਂ ਹੀ ਵੱਢ ਵੱਢ ਕੇ ਡੰਗਰਾਂ ਨੂੰ ਪਾ ਕੇ ਉਹਨਾਂ ਦਾ ਗੁਜ਼ਾਰਾ ਕੀਤਾ। ਇਕ ਘੋੜਾ ਜੋ ਕਿ ਭੁੱਖ ਦੇ ਦੁੱਖ ਤੋਂ ਨਿਰਬਲ ਤੇ ਛੀਣ ਹੋ ਚੁੱਕਾ ਸੀ ਤੇ ਉਸ ਵਿਚ ਤੁਰਨ ਦੀ ਤਾਕਤ ਵੀ ਨਹੀਂ ਸੀ ਰਹੀ ਕਿ ਇਕ ਫੌਜੀ ਨੇ ਉਸ ਨੂੰ ਕੰਨ ਤੋਂ ਫੜ ਕੇ ਕਿਹਾ ਕਿ ਹੁਣ ਤਾਂ ਭਾਰਤ ਦੀ ਹੱਦ ਨੇੜੇ ਹੀ ਹੈ, ਖਿੱਚ ਕੇ ਅੱਗੇ ਨੂੰ ਲੈ ਜਾਂਦੇ ਹੋਏ ਕਿਹਾ ਕਿ ਹੁਣ ਤੂੰ ਆਪਣੀ ਹੱਦ ਅੰਦਰ ਹੀ ਜਾ ਕੇ ਮਰੀਂ ਜਾਂ ਜੀਵੀਂ। ਪੁਲ ਤੋਂ ਪਾਰ ਹੋ ਕੇ ਕਾਫਲੇ ਦੇ ਨਾਲ ਗੋਰਖਾ ਮਿਲਟਰੀ ਕਾਫਲੇ ਦੀ ਹਿਫਾਜ਼ਤ ਲਈ ਲਾ ਦਿੱਤੀ ਸੀ ਜੋ ਕਿ ਸਾਨੂੰ ਪੂਰੀ ਚੌਕਸੀ ਨਾਲ ਭਾਰਤ ਵਿਚ ਲਿਆਈ।

ਖੇਮਕਰਨ ਪਹੁੰਚਣ ਤੋਂ ਬਾਦ ਪਿੰਡ ਕੱਚੇ-ਪੱਕੇ 5-7 ਦਿਨ ਰਹੇ ਫਿਰ ਸਾਨੂੰ ਕਿਸੇ ਤੋਂ ਕੋਈ ਖਤਰਾ ਨਾ ਰਿਹਾ। ਫੌਜੀਆਂ ਦਾ ਵੀ ਪਹਿਰਾ ਡਿਊਟੀ ਖਤਮ ਹੋ ਗਈ।

ਕੁਲਵੰਤ ਸਿੰਘ ਵਿਰਕ
ਪਿੰਡ ਸ਼ੇਖੂਪੁਰਾ (ਕਰਨਾਲ)

ਹੁੰਦੀ ਕਿ ਛੇਤੀ ਰਾਹ ਦਾ ਸਫਰ ਤਹ ਕਰ ਕੇ ਆਪਣੀ ਮੰਜ਼ਿਲ ਤੇ ਪਹੁੰਚ ਕੇ ਆਰਾਮ ਕਰੀਏ। ਆਪਣੇ ਭਾਰਤ ਦੀ ਹੱਦ ਅੰਦਰ ਦਾਖਲ ਹੋ ਜਾਈਏ। ਲੇਕਿਨ ਜਦੋਂ ਬਲੋ-ਕੇ ਹੈਡ ਤੋਂ ਪਿਛੇ ਹੀ ਨਹਿਰ ਪਾਰ ਕਰਨ ਲਈ 5 ਮਿੰਟਾਂ ਲਈ ਫਾਟਕ ਖੋਲ੍ਹ ਦਿੱਤਾ ਜਾਂਦਾ। ਉਸ ਤੋਂ ਬਾਦ ਫਿਰ ਪੰਜ ਮਿੰਟਾਂ ਲਈ ਬੰਦ ਕਰਨ ਬਾਦ ਫਿਰ ਪੰਜ ਮਿੰਟਾਂ ਲਈ ਖੋਲ੍ਹ ਦਿੱਤਾ ਜਾਂਦਾ।

ਅਸੀਂ ਨਹਿਰ ਦੀ ਪੱਟੜੀ ਤੇ ਸੀ ਜੋ ਕਿ ਚੀਚੋ ਕੀ ਮਲੀਆਂ ਤੋਂ ਆ ਕੇ ਹੈਡ ਵਿਚ ਪੈਂਦੀ ਅਤੇ ਨਹਿਰ ਦੀ ਪਟੜੀ ਦੇ ਥਲਿਉਂ ਸਾਈਫਨ ਸੀ। ਸਾਈਫਨ ਤੋਂ ਤਿੰਨ ਚਾਰ ਗੱਡੇ ਅੱਗੇ ਸਨ ਅਤੇ ਅਸੀਂ ਤਿੰਨ ਚਾਰ ਗੱਡੇ ਪਿਛੇ ਸੀ ਕਿ ਸੁਨੇਹਾ ਆ ਗਿਆ ਕਿ ਹੁਣ ਕਾਫਲਾ ਅੱਜ ਨਹੀਂ ਜਾਵੇਗਾ ਵਕਤ ਖਤਮ ਹੋ ਚੁੱਕਾ ਹੈ ਅਤੇ ਇਹ ਵੀ ਪਤਾ ਲੱਗਾ ਕਿ ਜਿਤਨੇ ਬੰਦੇ ਪਾਰ ਜਾਂਦੇ ਹਨ, ਸਭ ਨੂੰ ਮਾਰ ਕੇ ਲੁੱਟ ਲਿਆ ਜਾਂਦਾ ਹੈ ਅਤੇ ਪਾਰ ਬਿਲਕੁਲ ਨਾ ਜਾਉ। ਲੇਕਿਨ ਕਾਹਲੀ ਦੇ ਮਾਰੇ ਲੋਕ ਉਥੇ ਹੀ ਅਵਾਈਂ ਮੌਤੇ ਮਾਰੇ ਗਏ। ਜਦੋਂ ਰਾਤ ਕਾਫਲਾ ਰੁਕ ਗਿਆ ਤਾਂ ਸਾਈਫਨ ਦਾ ਪੁਲ ਰਾਤੋ-ਰਾਤ ਦਰਿਆ ਨੇ ਗਾਚੀ ਵਾਂਗ ਤੋੜ ਦਿਤਾ। ਪੁਲ ਰੁੜ ਜਾਣ ਕਾਰਨ ਦਰਿਆ ਪਾਰ ਕਰਨ ਦਾ ਕੋਈ ਹੀਲਾ ਨਾ ਹੋਣ ਕਾਰਨ ਇਸੇ ਹੀ ਜਗਾਹ ਤੇ ਸਾਰੇ ਕਾਫਲੇ ਨੂੰ 20-21 ਦਿਨਾਂ ਲਈ ਰੁਕਣਾ ਪਿਆ।

ਇਸ 20-21 ਦਿਨਾਂ ਦੀ ਰੁਕਾਵਟ ਕਾਰਨ ਜੀਆਂ ਤੇ ਜਾਨਵਰਾਂ ਪਸ਼ੂਆਂ-ਮੱਝਾਂ-ਬਲਦਾਂ-ਘੋੜੇ-ਘੋੜੀਆਂ ਦਾ ਤਾਂ ਰਾਸ਼ਨ ਸੀਮਤ ਹੋਣ ਕਾਰਨ ਖਤਮ ਹੋਣਾ ਸ਼ੁਰੂ ਹੋ ਗਿਆ। ਇਹ ਸਮਾਚਾਰ ਸੁਣਕੇ ਨਨਕਾਣੇ ਸਾਹਿਬ ਤੋਂ ਇਕ ਟਰੱਕ ਕਣਕ ਦੀਆਂ ਬੋਰੀਆਂ ਦਾ ਲੱਦਕੇ ਕਾਫਲੇ ਲਈ ਭੇਜਿਆ ਗਿਆ। ਜਿਸ ਨੂੰ ਦੇਖਕੇ ਸਾਰੇ ਲੋਕ ਟਰੱਕ ਵਲ ਟੁਟ ਪਏ ਦਾਣੇ ਲਿਆਉਣ ਲਈ ਕਿਉਂਕਿ ਲਗਭਗ ਸਭ ਕੋਲੋਂ ਆਟਾ ਦਾਣਾ ਮੁੱਕ ਗਿਆ ਸੀ ਜਾਂ ਮੁੱਕਣ ਨੇੜੇ ਹੀ ਸੀ, ਲੋਕ ਭੁੱਖ ਨਾਲ, ਦੁੱਖ ਨਾਲ, ਮੌਤ ਨਾਲ ਜੂਝ ਰਹੇ ਸਨ ਦੁਖਦਾਈ ਸਫਰ ਵਿਚ ਪੈ ਕੇ। ਟਰੱਕ ਵੱਲ ਸਭ ਨੇ ਏਸਾ ਧਾਵਾ ਬੋਲਿਆ ਕਿ ਇਕ-ਇਕ ਬੋਰੀ ਵੱਲ ਚਾਰ-ਚਾਰ, ਛੇ-ਛੇ ਜਣੇ ਚੁਕਣ ਵਾਲੇ ਹੱਥ ਪਾਈ ਫਿਰਨ। ਅਸੀਂ ਵੀ ਦੋਵੇਂ ਭਰਾ ਗੁਰਦੀਪ ਸਿੰਘ ਸਣੇ ਗਏ ਅਤੇ ਜਾ ਕੇ ਅਸੀਂ ਵੀ ਇਕ ਬੋਰੀ ਤੇ ਖਲੋ ਗਏ ਤੇ ਗੁਰਦੀਪ ਸਿੰਘ ਨੇ ਬੋਰੀ ਨੂੰ ਖਿਚਿਆ ਅਤੇ ਮੈਂ ਵੀ ਉਸ ਨੂੰ ਹੱਥ ਪਾ ਕੇ ਗੁਰਦੀਪ ਸਿੰਘ ਚੁਕਾਣ ਲਈ ਉਤਾਂਹ ਚੁਕੀ ਹੀ ਸੀ ਕਿ ਗੁਰਦੀਪ ਸਿੰਘ ਦੇ ਸਿਰ ਚੁਕਣ ਤੋਂ ਪਹਿਲਾਂ ਹੀ ਕਿਸੇ ਹੋਰ ਬੰਦੇ ਨੇ ਹੇਠਾਂ ਸਿਰ ਲਾ ਕੇ ਚੁਕ ਲੈ ਜਾਣ ਦੀ ਕੋਸ਼ਿਸ਼ ਕੀਤੀ ਲੇਕਿਨ ਮੈਂ ਉਸ ਨੂੰ ਧੌਣ ਤੋਂ ਫੜਕੇ ਪਰਾਂ ਕਰ ਦਿੱਤਾ ਇਹ ਦੇਖਕੇ ਉਸ ਦਾ ਇਕ ਸਾਥੀ ਮੇਰੇ ਵੱਲ ਤਲਵਾਰ ਉਲਾਰ ਕੇ ਵਧਿਆ ਲੇਕਿਨ ਮੈਂ ਉਸਨੂੰ ਵੀ ਕਾਬੂ ਵਿਚ ਲੈ ਕੇ ਪਰਾਂ ਧੱਕ ਦਿੱਤਾ ਇਤਨੇ ਨੂੰ ਗੁਰਦੀਪ ਸਿੰਘ ਬੋਰੀ ਲੈ ਕੇ ਆਪਣੇ ਗੱਡੇ ਕੋਲ ਪਹੁੰਚ ਗਿਆ ਮਗਰੋਂ ਮੈਂ ਵੀ ਉਸ ਨੂੰ ਜਾ ਰਲਿਆ।

ਇਹਨਾਂ 20-21 ਦਿਨਾਂ ਦੇ ਅਰਸੇ 'ਚ ਬੰਦਿਆਂ ਨਾਲੋਂ ਪਸ਼ੂਆਂ ਨੂੰ ਵੱਧ ਔਖਿਆਈ ਦਾ ਸਾਹਮਣਾ ਕਰਨਾ ਪਿਆ। ਪੰਡਾਂ ਮੂੰਹੀਂ ਪੱਠੇ ਖਾਣ ਵਾਲੇ ਡੰਗਰਾਂ ਲਈ ਕਾਫਲੇ ਦੇ ਨੇੜੇ ਦੇ ਪਿੰਡਾਂ ਵਿਚੋਂ ਨਾਲ ਲੱਗਦੇ ਖੇਤਾਂ 'ਚੋਂ ਖੜੀ ਹੋਈ ਮੁੰਜੀ ਦੀ ਫਸਲ ਸਮਰੱਥਾ ਮੁਤਾਬਿਕ ਮੁੱਲ ਲੈ ਕੇ ਮਹਿੰਗੇ ਭਾਅ ਤੇ ਵੀ ਵੱਢ-ਵੱਢਕੇ ਡੰਗਰਾਂ ਨੂੰ ਪਾਵੇ। ਪਾਣੀ ਨੇੜੇ-ਤੇੜੇ ਹੋਣ ਕਰ ਕੇ ਪਾਣੀ ਭਰ ਕੇ ਜਾ ਕੇ ਸਰਕੜਾ ਕਾਈ ਤੇ ਪੱਠੀਂ ਵੀ ਵੱਢ ਕੇ ਡੰਗਰਾਂ ਨੂੰ ਢਿਡ ਭਰਨ ਲਈ ਮੁਸ਼ਕਿਲ ਝਾਕਣੀ ਪਈ ਜੇਕਰ ਕੋਈ ਕਾਫਲੇ ਤੋਂ ਬਾਹਰ ਹੋ ਕੇ ਡੰਗਰਾਂ ਨੂੰ ਚਾਰਨ ਲਈ ਇਕੱਲਾ ਜਾਂ ਦੋ ਚਾਰ ਜਾਂਦੇ ਤਾਂ ਮੁਸਲਮਾਨ ਮਿਲਟਰੀ ਕਾਫਲੇ ਦੀ ਰਾਖੀ ਲਾਈ ਹੋਣ ਕਾਰਨ ਉਹ ਵੀ ਦੁਸ਼ਮਣਾਈ ਹੀ ਕਰਦੀ ਡੰਗਰਾਂ ਨੂੰ ਭਜਾ ਦੇਣਾ ਜਾਂ ਚਾਰਨ ਗਏ ਬੰਦਿਆਂ ਨੂੰ ਮਾਰ ਕੇ ਨਾਲ ਦੇ ਪਿੰਡੋਂ ਆਏ ਮੁਸਲਮਾਨਾਂ ਨਾਲ ਰੱਲ ਕੇ ਡੰਗਰ ਉਹਨਾਂ ਨੂੰ ਦੇ ਦੇਣੇ ਜਾਂ ਥੋੜੇ ਬਹੁਤੇ ਪੈਸੇ ਲੈ ਡੰਗਰ ਦੇ ਦੇਣੇ। ਇਸ ਤਰ੍ਹਾਂ ਇਕ ਮਾਈ ਸੀ ਜਿਸ ਦੇ ਚਾਰ ਪੁੱਤਰ ਡੰਗਰ ਚਾਰਨ ਗਏ ਹੀ ਮਿਲਟਰੀ ਨੇ ਮਾਰ ਦਿਤੇ ਅਤੇ ਉਹ ਨੂੰਹਾਂ ਨੂੰ ਕੋਲ ਲੈ-ਬਹਿ ਕੇ ਵੈਣ ਪਾ ਕੇ ਰੋ ਕੁਰਲਾ ਰਹੀ ਸੀ। ਦਰਿਆ ਦੇ ਪਾਣੀ ਵਿਚ ਰੁੜੇ ਆਉਂਦੇ ਲੰਘਦੇ ਜਾਂਦੇ ਮੁਰਦਿਆਂ ਦੀਆਂ ਲਾਸ਼ਾ ਦੀ ਕੋਈ ਗਿਣਤੀ ਨਹੀਂ। ਜਿਹਨਾਂ ਦੇ ਨਾ ਤੇ ਨਾਮ, ਪਿੰਡ ਤੇ ਨਾ ਹੀ ਜਾਤ ਦਾ ਕੋਈ ਪਤਾ ਸੀ, ਲੇਕਿਨ ਸੀ ਮਨੁੱਖਤਾ ਹੀ ਜਿਸ ਦਾ ਘਾਣ ਹੋਇਆ।

ਇਕ ਦਿਨ ਕਾਫਲੇ ਦੇ ਨਾਲ ਲੱਗਦੇ ਨੇੜੇ ਦੇ ਪਿੰਡ ਵਿਚੋਂ ਕਿਸੇ ਦੀ ਤੂੜੀ ਦੀ ਧੜ ਸੀ ਜਿਸ ਉਤੇ ਕਾਫਲੇ ਦੇ ਲੋਕ ਇੰਜ ਜਾ ਪਏ ਜਿਵੇਂ ਮਰੇ ਹੋਏ ਡੰਗਰ ਤੇ ਗਿਰਝਾਂ। ਕਿਸੇ ਨੇ ਲੇ ਲਾਹਿਆ ਕਿਸੇ ਨੇ ਤੂੜੀ ਪਾਈ, ਕਿਸੇ ਨੇ ਪੱਲੀ ਪਾਈ ਕਿਸੇ ਚੁਕਾਈ, ਵੇਖਦੇ-ਵੇਖਦੇ ਹੀ ਤੂੜੀ ਦੀ ਸਾਰੀ ਧੜ ਸਾਫ ਥਾਂ ਬਣਾ ਕੇ ਰੱਖ ਦਿੱਤੀ। ਇਹ ਵੇਖ ਪਿੰਡ ਦੀ ਰਾਖੀ ਲਈ ਲਾਏ ਫੌਜੀ ਮਿਲਟਰੀ ਦੇ ਦੋ ਜਵਾਨ ਆ ਕੇ ਖੇਤ ਦੀ ਬਣੀ ਖਾਲ ਦੀ ਓਟ ਲੈ ਕੇ ਫਾਇਰ ਕਰਨ ਲੱਗ ਪਏ ਜਿਸ ਨਾਲ ਦੋ-ਇਕ ਆਦਮੀ ਮਰ ਗਏ ਕਾਫਲੇ ਦੇ। ਲੇਕਿਨ ਮਜਬੂਰੀ ਨੂੰ ਕੀ ਕਰਦੇ। 20-21 ਦਿਨਾਂ ਦੇ ਰੁਕੇ ਤੇ ਪੁਲ ਦੇ ਰੁੜਣ ਦੀ ਤੇ ਕਾਫਲੇ ਤੇ ਖਲਕਤ ਦੀ ਮੁਸ਼ਕਲ ਤੇ ਆਪਣੇ ਸਿੱਖਾਂ ਦੀ ਖਬਰ ਸੁਣ ਕੇ ਪਟਿਆਲੇ ਦੀ ਰਿਆਸਤ ਦੇ ਮੌਕੇ ਦੇ ਰਾਜੇ ਨੇ ਉਸੇ ਵਕਤ ਮਿਲਟਰੀ

ਅੰਤ ਪਾਕਿਸਤਾਨ ਦਾ ਐਲਾਨ ਹੋ ਗਿਆ ਅਤੇ ਹੱਦ ਉਥੇ ਬਣੀ ਜਿਥੋਂ ਦਾ ਕਿਸੇ ਹਿੰਦੂ, ਸਿੱਖ ਨੇ ਕਿਆਸ ਵੀ ਨਹੀਂ ਸੀ ਕੀਤਾ। ਸਿੱਖਾਂ ਦੇ ਦਿਲ ਪਹਿਲਾਂ ਹੀ ਵਲੂੰਧਰੇ ਹੋਏ ਸਨ, ਹੁਣ ਉਹ ਜੰਗਲ ਦੀ ਅੱਗ ਵਾਂਗ ਭੜਕ ਉਠੇ। ਮਾਝੇ, ਮਾਲਵੇ, ਦੁਆਬੇ ਵਿਚ ਮੁਸਲਮਾਨਾਂ ਦਾ ਕਤਲਾਮ ਸ਼ੁਰੂ ਹੋ ਗਿਆ। ਓਧਰ ਪਾਕਿਸਤਾਨ ਵਿਚ ਆਏ ਇਲਾਕਿਆਂ ਅੰਦਰ ਹਿੰਦੂਆਂ, ਸਿੱਖਾਂ ਦੇ ਮਾਰ ਪੈਣ ਲਗ ਪਈ। ਪੂਰੀ ਵਸੋਂ ਦੀ ਮੁਕੰਮਲ ਅਦਲਾ-ਬਦਲੀ ਤੋਂ ਬਿਨਾਂ ਹੋਰ ਕੋਈ ਚਾਰਾ ਨਾ ਰਹਿ ਗਿਆ। ਦੋਂਹ ਪਾਸੀਂ ਖੂਨਖਾਰ ਜਨੂੰਨੀਆਂ ਦਾ ਰਾਜ ਸੀ, ਹਰ ਥਾਂ ਤਲਵਾਰ, ਛਵ੍ਹੀਆਂ, ਬੰਦੂਕਾਂ ਚੱਲ ਰਹੀਆਂ ਸਨ। ਕੋਈ ਗੌਰਮਿੰਟ ਨਹੀਂ ਸੀ, ਕੋਈ ਕਾਨੂੰਨ ਨਹੀਂ ਸੀ, ਕਿਸੇ ਦੀ ਕਿਤੇ ਕੋਈ ਸੁਣਵਾਈ ਨਹੀਂ ਸੀ। ਲੋਕ ਜਿਊਂ ਰਹੇ ਸਨ ਰੱਬ ਦੇ ਆਸਰੇ ਜਾਂ ਆਪਣੇ ਬਾਹੂ-ਬਲ ਦੇ ਸਹਾਰੇ। ਰੇਲ, ਡਾਕ, ਤਾਰ, ਸਭ ਠੱਪ। ਪੰਜਾਬ ਵਿਚੋਂ ਨਿਕਲਣ ਵਾਲੇ ਅਖਬਾਰ ਵੀ ਤਕਰੀਬਨ ਸਭ ਬੰਦ ਸਨ। ਦੂਰ-ਦਰਾਜ ਦੇ ਇਲਾਕਿਆਂ ਵਿਚੋਂ ਖਬਰਾਂ ਕੌਣ ਪਹੁੰਚਾ ਸਕਦਾ ਸੀ ? ਡਿਪਟੀ ਕਮਿਸ਼ਨਰਾਂ ਤੇ ਗਵਰਨਰ ਤਕ ਨੂੰ ਪਤਾ ਨਹੀਂ ਸੀ ਕਿ ਕਿੱਥੇ ਕੀ ਹੋ ਰਿਹਾ ਹੈ। ਪੁਲੀਸ ਰਾਹੀਂ ਪਹੁੰਚੀਆਂ ਅੱਧ-ਪਚੱਧੀਆਂ ਖਬਰਾਂ ਰੇਡੀਓ ਵਾਲਿਆਂ ਨੂੰ ਮਿਲਦੀਆਂ ਸਨ; ਇਹੋ ਖਬਰਾਂ ਪੰਜਾਬ ਤੋਂ ਬਾਹਰ ਦੇ ਅਖਬਾਰਾਂ ਨੂੰ ਪਹੁੰਚਦੀਆਂ ਸਨ। ਅਸੀਂ ਦੂਰ-ਦੂਰ ਬੈਠ ਇਹੋ ਰੇਡੀਓ ਤੇ ਪ੍ਰਸਾਰਿਤ ਖਬਰਾਂ ਸੁਣਦੇ ਸਾਂ। ਖ਼ਬਰਾਂ 'ਤੇ ਕੋਈ ਸੈਂਸਰ ਨਹੀਂ ਸੀ; ਮਾਰ-ਧਾੜ, ਕਤਲੋ-ਗਾਰਤ ਦੀਆਂ ਜੋ ਖਬਰਾਂ ਲਾਹੌਰ ਤੱਕ ਪਹੁੰਚਦੀਆਂ ਸਨ, ਸਭ ਰੇਡੀਓ ਤੋਂ ਨਸ਼ਰ ਕਰ ਦਿੱਤੀਆਂ ਜਾਂਦੀਆਂ ਅਤੇ ਖਬਰਾਂ ਬੜੀਆਂ ਹੌਲਨਾਕ ਹੁੰਦੀਆਂ ਸਨ। ਖੂਨ-ਖਰਾਬਾ, ਤਬਾਹੀ, ਬਰਬਾਦੀ ਦੋਂਹ ਪਾਸੀਂ ਬੁਰੀ ਤਰ੍ਹਾਂ ਹੋ ਰਹੀ ਸੀ। ਅਜਿਹੇ ਹਾਲਾਤ ਵਿਚ ਮੈਨੂੰ ਕੋਈ ਆਸ ਨਹੀਂ ਸੀ ਕਿ ਸਾਡੇ ਪਿੰਡ ਬੱਚ ਕੇ ਨਿਕਲ ਸਕਣਗੇ। ਸਿੱਖਾਂ ਦੇ ਕੁਲ ਛੇ ਪਿੰਡ, ਚਾਰ-ਚੁਫੇਰੇ ਮੁਸਲਮਾਨ ਇਲਾਕਾ, ਅਠਾਰਾਂ-ਅਠਾਰਾਂ ਮੀਲ ਤੱਕ ਕੋਈ ਸ਼ਹਿਰ ਨਹੀਂ। ਅਜਿਹੇ ਥਾਂ ਤੋਂ ਅਜਿਹੇ ਹਾਲਾਤ ਵਿਚ ਬਚ ਕੇ ਕਿਵੇਂ ਨਿਕਲਿਆ ਜਾ ਸਕਦਾ ਸੀ ?

ਫੌਜੀਆਂ ਦੀਆਂ ਛੁੱਟੀਆਂ ਬੰਦ ਕਰ ਦਿੱਤੀਆਂ ਗਈਆਂ ਸਨ। ਕੁਝ ਸਿੱਖ ਜਵਾਨ ਪਲਟਣਾਂ ਵਿਚੋਂ ਆਪਣੇ ਹਥਿਆਰਾਂ ਸਮੇਤ ਭੱਜ ਕੇ ਪਿੰਡਾਂ ਵਿਚ ਪਹੁੰਚ ਗਏ ਸਨ ਅਤੇ ਆਪਣੇ ਦਿਲ ਦੀ ਭੜਾਸ ਪੂਰੀ ਤਰ੍ਹਾਂ ਕੱਢੀ ਸੀ। ਇਹ ਵੀ ਖਤਰਾ ਸੀ ਕਿ ਸਿੱਖ ਪਲਟਣਾਂ ਬੇਕਾਬੂ ਹੋ ਕੇ ਪੰਜਾਬ ਵਿਚ ਨਾ ਵੜਨ। ਇਸ ਲਈ ਬੜੀਆਂ ਪੱਕੀਆਂ ਰੋਕਾਂ ਲਾਈਆਂ ਗਈਆਂ ਸਨ। ਕਰੜੇ ਪ੍ਰਬੰਧ ਕੀਤੇ ਗਏ ਸਨ ਕਿ ਦਿੱਲੀ ਤੋਂ ਅੱਗੇ ਪੰਜਾਬ ਵੱਲ ਕੋਈ ਫੌਜੀ ਨਹੀਂ ਸੀ ਜਾ ਸਕਦਾ।

ਲਾਇਲਪੁਰ, ਸ਼ੇਖੂਪੁਰਾ, ਮਿੰਟਗੁਮਰੀ ਆਦਿ ਇਲਾਕਿਆਂ ਦੇ ਸਿੱਖਾਂ ਦੇ ਪਿੰਡ ਵੱਡਿਆਂ-ਵੱਡਿਆਂ ਕੈਂਪਾਂ ਵਿਚ ਇਕੱਠੇ ਹੋ ਗਏ ਸਨ ? ਸਾਥੋਂ ਕੁਝ ਹਟਵੇਂ ਮੀਆਂ ਚੰਨੂੰ ਦੇ ਲਾਗੇ ਦੇ ਪਿੰਡ ਮੀਆਂ ਚੰਨੂੰ ਵਿਚ ਸ: ਉਜਲ ਸਿੰਘ ਦੇ ਕਪਾਹ ਦੇ ਕਾਰਖਾਨੇ ਵਿਚ ਕੈਂਪ ਲਾਈ ਬੈਠੇ ਸਨ ਤੇ ਖਾਨੇਵਾਲ ਦੇ ਨੇੜੇ ਪਿੰਡ ਖਾਨੇਵਾਲ ਦੀ ਖੁਲ੍ਹੀ ਮੰਡੀ ਵਿਚ ਇਕੱਠੇ ਹੋ ਗਏ ਸਨ। ਇਸ ਸਾਰੇ ਸਮੇਂ ਵਿਚ ਸਾਡੇ ਇਲਾਕੇ ਦੇ ਸਿੱਖਾਂ ਦੇ ਛੇ ਪਿੰਡਾਂ ਨੂੰ ਕੋਈ ਖਬਰ ਨਹੀਂ ਸੀ ਕਿ ਬਾਹਰ ਦੁਨੀਆਂ ਵਿਚ ਕੀ ਹੋ ਰਿਹਾ ਹੈ। ਰੇਡੀਓ ਅਜੇ ਉਦੋਂ ਤੱਕ ਪਿੰਡਾਂ ਵਿਚ ਪਹੁੰਚਿਆ ਨਹੀਂ ਸੀ ਤੇ ਹੋਰ ਕਿਸੇ ਤਰ੍ਹਾਂ ਕੋਈ ਖਬਰ ਉਥੇ ਪਹੁੰਚ ਹੀ ਨਹੀਂ ਸੀ ਸਕਦੀ। ਉਂਜ ਪਿੰਡ ਵਾਲੇ ਹਰ ਘਟਨਾ ਦਾ ਟਾਕਰਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਸਨ। ਸਾਬਕਾ ਫੌਜੀਆਂ ਨੇ ਕਿਸੇ ਹਮਲੇ ਸਮੇਂ ਮੁਕਾਬਲਾ ਕਰਨ ਦੀਆਂ ਪੂਰੀਆਂ ਸਕੀਮਾਂ ਬਣਾਈਆਂ ਹੋਈਆਂ ਸਨ, ਹਰ ਆਦਮੀ ਦੀ ਡਿਊਟੀ ਨਿਸ਼ਚਿਤ ਸੀ, ਰਾਤ ਨੂੰ ਪਿੰਡਾਂ ਦੇ ਚਹੁੰ ਪਾਸੀਂ ਪੱਕਾ ਪਹਿਰਾ ਲੱਗਦਾ ਸੀ। ਗੁਆਂਢੀ ਜਾਂਗਲੀਆਂ ਨੇ ਦੋਸਤੀ ਪੂਰੀ ਨਿਭਾਈ, ਉਹਨਾਂ ਸਾਡੇ ਨਾਲ ਕੋਈ ਵਧੀਕੀ ਨਹੀਂ ਕੀਤੀ। ਇਹ ਸਭ ਕੁਝ ਠੀਕ ਸੀ, ਪਰ ਛਿਆਂ ਪਿੰਡਾਂ ਵਿਚੋਂ ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਬਾਕੀ ਪੰਜਾਬ ਵਿਚ ਕੀ ਕੁਝ ਵਾਪਰ ਰਿਹਾ ਹੈ ਤੇ ਨਾ ਹੀ ਕਿਸੇ ਨੂੰ ਕਦੇ ਇਹ ਖਿਆਲ ਆਇਆ ਸੀ ਕਿ ਸਾਨੂੰ ਇਹ ਘਰ ਛੱਡਣੇ ਪੈਣੇ ਹਨ। ਲੋਕੀ ਆਪਣਾ ਨਿੱਤ ਦਾ ਕਾਰ-ਵਿਹਾਰ ਕਰ ਰਹੇ ਸਨ, ਨਰਮੇ ਦੀ ਪੂਰੀ ਸੰਭਾਲ ਕੀਤੀ ਜਾ ਰਹੀ ਸੀ, ਚੌਕੇ-ਚੁੱਲ੍ਹੇ ਲੋੜ ਅਨੁਸਾਰ ਲਿੰਬੇ-ਪੋਚੇ ਜਾ ਰਹੇ ਸਨ, ਹਲ ਵੱਗ ਰਹੇ ਸਨ। ਦਿਨੇ ਰਾਤ ਪਾਣੀ ਦੀਆਂ ਵਾਰੀਆਂ ਸਮੇਂ ਲ ਈਆਂ ਜਾ ਰਹੀਆਂ ਸਨ ਜੀਵਨ ਬਿਲਕੁਲ ਆਮ ਵਾਂਗ ਸੀ। ਇਹ ਕੁਝ 3 ਸਤੰਬਰ 1947 ਤੱਕ ਚਲਦਾ ਰਿਹਾ। 3 ਸਤੰਬਰ ਸਵੇਰੇ ਮੇਰੇ ਭਰਾ ਜਸਵੰਤ ਸਿੰਘ ਨੇ ਮਕੱਈ ਬੀਜੀ। ਬਾਰ ਵਿਚ ਅਸੀਂ ਮਕੱਈ ਘੱਟ ਹੀ ਬੀਜਦੇ ਸਾਂ ਪਰ ਜਾਪਦਾ ਹੈ ਕਿ ਜਸਵੰਤ ਸਿੰਘ ਤੋਂ ਕੋਈ ਗੈਬੀ ਤਾਕਤ ਇਹ ਫਸਲ ਬਿਜਵਾ ਰਹੀ ਸੀ। ਅਸੀਂ ਮਕੱਈ ਬੀਜ ਕੇ ਪਾਕਿਸਤਾਨੀਆਂ ਲਈ ਛੱਡ ਆਏ ਅਤੇ ਇਧਰ ਸਾਨੂੰ ਆਉਂਦਿਆਂ ਹੀ ਪੱਕੀ-ਪਕਾਈ ਮਕੱਈ ਦੀ ਫਸਲ ਮਿਲ ਗਈ।

3 ਸਤੰਬਰ ਦੀ ਰਾਤ ਨੂੰ ਇਕ ਭਿਆਨਕ ਘਟਨਾ ਵਾਪਰੀ— ਇਕ ਨਵੀਂ ਕਿਸਮ ਦਾ ਘਲੂਘਾਰਾ। ਰੋਟੀ-ਟੁੱਕ ਖਾ ਕੇ ਲੋਕੀਂ ਵੱਖ-ਟੋਲੀਆਂ ਵਿਚ ਖੜੇ ਇਕ ਦੂਜੇ ਤੋਂ ਪੁੱਛ ਰਹੇ ਸਨ, "ਕਿਤਿਓਂ ਕੋਈ ਖਬਰ ਆਈ ਏ ?" ਪਹਿਰੇ ਵਾਲੇ ਆਪੋ-ਆਪਣੇ ਟਿਕਾਣਿਆਂ ਤੇ ਪਹੁੰਚ ਗਏ ਸਨ, ਚੌਂਗਾ ਹਨੇਰਾ ਹੋ ਚੁੱਕਾ ਸੀ। ਏਨੇ ਚਿਰ ਨੂੰ ਜਮਾਦਾਰ ਵਜ਼ੀਰ ਸਿੰਘ ਦੇ ਪੁੱਤਰ ਪ੍ਰੀਤਮ ਸਿੰਘ ਨੇ ਕੋਠੇ ਚੜ੍ਹ ਕੇ ਦੂਰਬੀਨ ਨਾਲ ਵੇਖਿਆ ਤੇ ਉੱਚੀ ਆਵਾਜ਼ ਵਿਚ ਦਸਿਆ, 'ਅਠੱਤਰ ਵਲੋਂ ਦੋ ਟਰੱਕ ਆ ਰਹੇ ਨੇ।" ਸਾਰੇ ਦੌੜ ਕੇ ਓਸ ਪਾਸੇ ਗਏ। ਦੋਂਹ ਟਰੱਕਾਂ ਦੀਆਂ ਲਾਈਟਾਂ ਸਾਫ ਦਿੱਸ ਰਹੀਆਂ ਸਨ। ਇਹ ਟਰੱਕ ਫੌਜੀ ਹੀ ਹੋ ਸਕਦੇ ਸਨ ਤੇ ਫੌਜ ਵੀ ਪਾਕਿਸਤਾਨੀ ਹੋਵੇਗੀ। ਭਾਰਤੀ ਫੌਜ ਤਾਂ ਉਸ ਸਮੇਂ ਤੱਕ ਪਾਕਿਸਤਾਨੀ ਇਲਾਕੇ

ਗੰਜੀ ਬਾਰ ਕਿਵੇਂ ਉਜੜੀ

— ਡਾ. ਹਰਕੀਰਤ ਸਿੰਘ

ਪਿਛਲੇ ਚੈਪਟਰ ਵਿਚ "ਅਸੀਂ ਰਫਿਊਜੀ ਬਣੇ" ਨਾਲ ਮਿਲਦੇ ਜੁਲਦੇ ਵੇਰਵੇ ਅਗਲੇ ਹੋਰ ਪੰਨਿਆਂ ਵਿਚ ਪੜ੍ਹੋ। ਡਾ. ਹਰਕੀਰਤ ਸਿੰਘ ਨੇ ਝਨਾਂ ਤੋਂ ਪਾਰ, ਸਾਂਦਲ ਬਾਰ ਨਾਲ ਲੱਗਦੀ 'ਗੰਜੀ ਬਾਰ' ਦੇ 1947 ਦੇ ਉਜਾੜੇ ਬਾਰੇ ਲਿਖਿਆ ਹੈ। ਉਹਨਾਂ ਦੀ ਆਗਿਆ ਨਾਲ ਉਹਨਾਂ ਦੇ ਲੇਖ ਅਗਲੇ ਕੁਝ ਪੰਨਿਆਂ ਵਿਚ ਆਮ ਪਾਠਕਾਂ ਅਤੇ ਖਾਸ ਕਰ ਇਤਿਹਾਸ ਦੇ ਵਿਦਿਆਰਥੀਆਂ ਦੀ ਜਾਣਕਾਰੀ ਲਈ ਦੇ ਰਿਹਾ ਹਾਂ। ਇਸ ਸਭ ਤੋਂ ਵਧ ਖਾਸ ਕਰ ਕੇ ਉਹਨਾਂ ਸਥਾਪਤ ਇਤਿਹਾਸਕਾਰਾਂ ਵਾਸਤੇ ਜਿਨ੍ਹਾਂ ਨੇ ਏਨੇ ਵੱਡੇ ਘਾਣਿਆ ਮਾਣਿਆਂ ਦੀ ਚੋਭ ਦਾ ਮੂਲ ਜਿੰਨਾ ਵੀ ਅਹਿਸਾਸ ਨਹੀਂ ਕੀਤਾ ਅਤੇ ਉਹਨਾਂ ਅੱਜ ਤਕ ਏਡੇ ਵੱਡੇ ਉਜਾੜਿਆਂ, ਬਰਬਾਦੀਆਂ, ਲਾਸ਼ਾਂ, ਪੜ੍ਹੇ ਲਿਖੇ ਮੂਰਖ ਬਾਦਸ਼ਾਹ ਮੁਹੰਮਦ ਤੁਗਲਕ ਵਾਂਗ ਕਰਵਾਈ ਗਈ 'ਰਈਅਤ ਤਬਦੀਲੀ' (ਰਾਜ ਤਬਦੀਲੀ ਤਾਂ ਇਤਿਹਾਸ ਵਿਚ ਆਮ ਹੁੰਦੀ ਹੀ ਰਹੀ ਹੈ) ਤੇ 45 ਵਰ੍ਹਿਆਂ ਵਿਚ ਦੋ ਹੰਝੂ ਵੀ ਨਹੀਂ ਵਹਾਏ। ਉਹਨਾਂ ਤੋਂ ਦੋ ਟੇਡੇ ਸਿਆਹੀ ਦੇ ਉਸ ਲਹੂ ਵਾਸਤੇ ਨਹੀਂ ਸਰੇ ਜਿਹੜਾ ਉਹਨਾਂ ਬਾਰਾਂ ਦੇ ਕਣ ਕਣ ਵਿਚ ਮਣ ਮਣ ਡੁਲਿਆ ਸੀ।

ਅਫਸੋਸ ! ਹਾਏ ! ਅਫਸੋਸ ਉਹਨਾਂ ਤੇ !!

(ਇਹ ਪੰਨੇ ਇਸ ਨਿਮਾਣੇ ਜਿਹੇ ਯਤਨ ਵਜੋਂ ਦੇ ਰਿਹਾ ਹਾਂ ਕਿ ਸ਼ਾਇਦ ਹੁਣ ਹੀ ਉਹਨਾਂ ਦੀ ਮਾਨਸਿਕਤਾ ਤੇ ਉਸ ਲਹੂ ਦੀ ਤਰੇਲ ਜਿਹੀ ਪਵੇ ਤੇ ਸੋਚ ਇਸ ਪਾਸੇ ਨੂੰ ਮੁੜੇ। ਉਥੇ ਬੁੱਧੀਜੀਵੀਆਂ ਬਾਰੇ ਇਹ ਕੁਝ ਲਿਖਦਿਆਂ ਮੈਨੂੰ ਤਾਂ ਸੰਗਾ ਆ ਰਹੀ ਹੈ, ਪਰ ਨੇ ਉਹ ਵੀ.........)

—ਭਗਵੰਤ ਸਿੰਘ 'ਅਜ਼ਾਦ'

ਗੰਜੀਬਾਰ ਕਿਵੇਂ ਉਜੜੀ

ਮੈਂ ਜਨਵਰੀ 1944 ਵਿਚ ਫੌਜ ਵਿਚ ਭਰਤੀ ਹੋਇਆ ਸਾਂ ਤੇ 1947 ਦੇ ਸ਼ੁਰੂ ਤੱਕ ਕਦੇ ਟੱਬਰ ਨਾਲ ਨਹੀਂ ਸਾਂ ਲੈ ਕੇ ਗਿਆ। ਜੂਨ 1947 ਵਿਚ ਮੈਨੂੰ ਫੈਮਿਲੀ ਕੁਆਰਟਰ ਮਿਲ ਗਿਆ। ਮੈਂ ਉਦੋਂ ਜੱਬਲਪੁਰ ਸਾਂ। ਮੈਂ ਆਪਣੇ ਬੱਚੇ ਲੈਣ ਬਾਰ ਵਿਚ ਆਪਣੇ ਪਿੰਡ ਗਿਆ। ਇਸ ਤੋਂ ਪਹਿਲਾਂ ਮਾਰਚ 1947 ਵਾਲੀਆਂ ਪੋਠੋਹਾਰ ਦੇ ਅਨੇਕਾਂ ਹਿੰਦੂ, ਸਿੱਖ ਮਾਰੇ ਗਏ ਸਨ; ਲੁੱਟੇ-ਪੁੱਟੇ ਤਾਂ ਸਾਰੇ ਹੀ ਗਏ ਸਨ। ਇਥੋਂ ਤਕ ਕਿ ਇਸ ਇਸ ਇਲਾਕੇ ਦੇ ਹਿੰਦੂ-ਸਿੱਖ ਆਪਣੇ ਜੱਦੀ ਘਰ ਛੱਡ ਕੇ ਪੂਰਬੀ ਪੰਜਾਬ ਵਿਚ ਜਾਂ ਅੱਗੇ ਹਿੰਦੁਸਤਾਨ ਦੇ ਜਿਹੜੇ ਵੀ ਇਲਾਕੇ ਵਿਚ ਕਿਸੇ ਨੂੰ ਟਿਕਾਣਾ ਮਿਲਿਆ, ਪਹੁੰਚ ਗਏ ਸਨ। ਇਨ੍ਹਾਂ ਗੜਬੜਾਂ ਦਾ ਪ੍ਰਭਾਵ ਮੁਲਤਾਨ ਦੇ ਜ਼ਿਲੇ ਵਿਚ ਵੀ ਪਿਆ ਸੀ। ਸਿੱਖਾਂ ਦਿਆਂ ਪਿੰਡਾਂ ਲਾਗੇ ਤਾਂ ਕੋਈ ਛੇੜਖਾਨੀ ਨਹੀਂ ਸੀ ਹੋਈ, ਪਰ ਸਾਡਿਆਂ ਇਲਾਕਿਆਂ ਤੋਂ ਦੂਰ ਮੁਸਲਮਾਨਾਂ ਦੇ ਪਿੰਡਾਂ ਵਿਚ ਵਸਦੇ ਹਿੰਦੂ ਦੁਕਾਨਦਾਰਾਂ ਦੀ ਕਾਫੀ ਲੁੱਟ-ਮਾਰ ਹੋਈ ਸੀ। ਇਸ ਦੇ ਪ੍ਰਤੀਕਰਮ ਵਜੋਂ ਹੁਣ ਮਾਝੇ, ਮਾਲਵੇ, ਦੁਆਬੇ ਵਿਚ ਸਿੱਖ ਬੜੇ ਭੜਕੇ ਹੋਏ ਸਨ ਅਤੇ ਵਾਰਦਾਤਾਂ ਵੀ ਸ਼ੁਰੂ ਹੋ ਚੁੱਕੀਆਂ ਸਨ।

ਜਦੋਂ ਮੈਂ ਆਪਣੇ ਪਿੰਡ ਪੁੱਜਾ ਤਾਂ ਮਾਹੋਲ ਕੁਝ ਸਹਿਮ ਵਾਲਾ ਜ਼ਰੂਰ ਸੀ, ਪਰ ਲੋਕਾਂ ਦੇ ਹੌਸਲੇ ਬੁਲੰਦ ਸਨ। ਕਿਸੇ ਗੜਬੜ ਦਾ ਟਾਕਰਾ ਕਰਨ ਲਈ ਉਹ ਪੂਰੀ ਤਰ੍ਹਾਂ ਤਿਆਰ ਸਨ। ਉਨ੍ਹਾਂ ਨੇ ਦੇਸੀ ਬੰਬ ਤੇ ਨਲਕਿਆਂ ਦੀਆਂ ਨਾਲਾਂ ਨਾਲ ਤੋਪਾ ਵਰਗੇ ਹਥਿਆਰ ਵੀ ਬਣਾਏ ਹੋਏ ਸਨ। ਇਸ ਸਮੇਂ ਤੱਕ ਪਾਕਿਸਤਾਨ ਬਣਨਾ ਤਾਂ ਯਕੀਨੀ ਹੋ ਚੁੱਕਾ ਸੀ ਪਰ ਉਸ ਦੀ ਹੱਦ ਕਿਥੋਂ ਤੱਕ ਹੋਵੇਗੀ, ਇਹ ਕਿਸੇ ਨੂੰ ਕੋਈ ਪਤਾ ਨਹੀਂ ਸੀ। ਸੂਝਵਾਨ ਲੋਕਾਂ ਦਾ ਇਹ ਅਨੁਮਾਨ ਸੀ ਕਿ ਪਾਕਿਸਤਾਨ ਦੀ ਹੱਦ ਰਾਵੀ ਤੋਂ ਅੱਗੇ ਨਹੀਂ ਆ ਸਕਦੀ। ਇਹ ਵੀ ਸੋਚਿਆ ਜਾ ਰਿਹਾ ਸੀ ਕਿ ਜੇ ਸਾਡਾ ਇਲਾਕਾ ਵੀ ਪਾਕਿਸਤਾਨ ਵਿਚ ਆ ਜਾਵੇ ਤਾਂ ਕੀ ਆਖਰ ਆ ਗਈ। ਰਾਜ ਬਦਲਦੇ ਰਹੇ ਹਨ; ਕਦੇ ਕਿਸੇ ਨੇ ਆਪਣੇ ਜੱਦੀ ਘਰ ਵੀ ਛੱਡੇ ਹਨ ? ਆਪਣੇ ਟਿਕਾਣਿਆਂ ਤੇ ਡਟੇ ਰਹਿਣ ਦਾ ਲੋਕਾਂ ਦਾ ਵਿਸ਼ਵਾਸ ਏਨਾ ਮਜ਼ਬੂਤ ਸੀ ਕਿ ਪਿੰਡ ਦੇ ਜਿਹੜੇ ਦੋ ਮੁਹਤਬਰ ਆਦਮੀ ਆਪਣੇ ਆਪਣੇ ਟੱਬਰ ਆਪਣੇ ਪਿਛਲੇ ਪਿੰਡਾਂ ਵਿਚ ਛੱਡ ਗਏ ਸਨ, ਪਿੰਡ ਦੀ ਪੰਚਾਇਤ ਨੇ ਉਨ੍ਹਾਂ ਨੂੰ ਆਪਣੇ ਟੱਬਰ ਵਾਪਸ ਲਿਆਉਣ ਲਈ ਭੇਜਿਆ। ਮੈਂ ਵੀ ਪਿੰਡ ਵਾਲਿਆਂ ਨੂੰ ਇਹੋ ਰਾਏ ਦਿੱਤੀ ਕਿ ਘਰ ਨਾ ਛੱਡੋ, ਜੇ ਅਸੀਂ ਪਾਕਿਸਤਾਨ ਵਿਚ ਵੀ ਆ ਜਾਈਏ, ਫੇਰ ਵੀ ਇਥੇ ਹੀ ਵੱਸਾਂਗੇ।

ਗਾਲਤ ਵਿਚ। ਕੁਝ ਇਕ ਘਰਾਂ ਦੀਆਂ ਬਰੂਹਾਂ ਅੱਗੇ ਅਜੇ ਸ਼ਰੀਂਹ ਦੇ ਪੱਤੇ ਲਟਕ ਰਹੇ ਸਨ; ਬਹੁਤਿਆਂ ਘਰਾਂ ਦੀਆਂ ਕੰਧਾਂ ਉਤੇ ਬੀਤੀ ਵਿਸਾਖੀ ਨੂੰ ਬਣਾਏ ਵੇਲ-ਬੂਟੇ ਅਜੇ ਚਮਕਦੇ ਸਨ, ਇਕ ਦੋ ਬਣੇ ਨਵੇਂ ਕੋਠਿਆਂ ਦੀਆਂ ਅਜੇ ਕੰਧਾਂ ਵੀ ਨਹੀਂ ਸਨ ਲਿੰਬੀਆਂ।

ਰੀਝਾਂ ਨਾਲ ਬਣਾਏ ਹੋਏ ਚੁਬਾਰੇ, ਉਚੇ ਗੇਟ ਜਿਨ੍ਹਾਂ ਹੇਠ ਦੀ ਲੱਦੇ ਲਦਾਏ ਊਠ ਲੰਘ ਜਾਣ, ਖੁੱਲੀਆਂ ਬੈਠਕਾਂ, ਜਿਨ੍ਹਾਂ ਵਿਚ ਦਸ ਦਸ ਪਲੰਘ ਡਹਿ ਜਾਣ। ਸਜੀਆਂ-ਸਜਾਈਆਂ ਸਬਾਤਾਂ ਜਿਨ੍ਹਾਂ ਦੀਆਂ ਪਡਛੱਤੀਆਂ ਉਤੇ ਭਾਂਤਿਆਂ ਦੀਆਂ ਟੀਂਡਾਂ ਲੱਗੀਆਂ ਹੋਈਆਂ ਸਨ, ਇਹ ਸਭ ਕੁਝ ਛੱਡ ਕੇ ਤੁਰਨਾ ਸੀ।

ਰਾਤ ਨੂੰ ਕਿਸ ਨੇ ਸੌਣਾ ਸੀ; ਕੁੱਛੜ ਵਾਲੇ ਅੰਵਾਣੇ ਵੀ ਨਾ ਸੁੱਤੇ, ਉਨ੍ਹਾਂ ਦੀ ਮਾਸੂਮ ਬੁੱਧ ਨੂੰ ਵੀ ਜਾਪਦਾ ਸੀ ਕਿ ਕੋਈ ਅਣਹੋਣੀ ਗੱਲ ਹੋ ਰਹੀ ਹੈ। ਲੋਕਾਂ ਦੋਂਹ-ਦੋਂਹ ਡੰਗਾਂ ਦੀਆਂ ਰੋਟੀਆਂ ਪਕਾ ਲਈਆਂ, ਕੁਝ ਮੱਠੀਆਂ ਕੱਢ ਲਈਆਂ, ਪੰਜੀਰੀ ਬਣਾ ਲਈ; ਜੋ ਕਿਸੇ ਨੂੰ ਸੁਝਿਆ ਕਰ ਲਿਆ।

ਸਾਡੇ ਘਰ ਦਾ ਰੱਬ ਰਾਖਾ ਸੀ। ਮੇਰੇ ਪਿਤਾ ਜੀ ਸੰਨ 1941 ਵਿਚ ਚਲਾਣਾ ਕਰ ਗਏ ਸਨ, ਜਿਸ ਸਾਲ ਮੈਂ ਬੀ.ਏ. ਕੀਤੀ ਸੀ ਉਨ੍ਹਾਂ ਦੀ ਮੌਤ ਨੇ ਮੇਰੇ ਜੀਵਨ ਦੀਆਂ ਸਾਰੀਆਂ ਸੱਧਰਾਂ ਤੇ ਪਾਣੀ ਫੇਰ ਦਿੱਤਾ ਸੀ। ਇਸ ਉਜਾੜੇ ਸਮੇਂ ਘਰ ਦੀ ਸਾਰੀ ਜ਼ਿੰਮੇਵਾਰੀ ਸਾਡੀ ਮਾਤਾ ਜੀ ਦੇ ਸਿਰ 'ਤੇ ਸੀ। ਮੇਰਾ ਛੋਟਾ ਭਰਾ ਜਸਵੰਤ ਸਿੰਘ ਅਜੇ ਮਸਾਂ ਪੰਦਰਾਂ ਸੋਲਾਂ ਸਾਲਾਂ ਦਾ ਸੀ ਤੇ ਤੀਜਾ ਸੁਰਿੰਦਰ ਸਿੰਘ ਮਸਾਂ ਦਸ ਸਾਲਾਂ ਦਾ। ਉਨ੍ਹਾਂ ਕੋਲੋਂ ਜੋ ਕੁਝ ਹੋਇਆ ਕੀਤਾ। ਸਾਡੀ ਛੋਟੀ ਭੈਣ ਵੰਤੀ (ਇੰਦਰਵੰਤ ਕੌਰ) ਵੀ ਇਨ੍ਹੀਂ ਦਿਨੀ ਸਾਡੇ ਕੋਲ ਹੀ ਸੀ; ਉਸ ਦੇ ਸਹੁਰਿਆਂ ਨੇ ਖੁਦ ਹੀ ਭੇਜੀ ਸੀ, ਕਿਉਂਕਿ ਉਹ ਨੀਲੀਬਾਰ ਵਿਚ ਬੜੇ ਕੁਥਾਂ ਬੈਠੇ ਸਨ। ਸਾਡੇ ਚਾਚੇ ਦੇ ਘਰ ਸਾਡੀ ਮਾਸੀ ਸੀ; ਇਨ੍ਹਾਂ ਦੋਂਹਾਂ ਜੀਆਂ ਨੇ ਬੜੀਆਂ ਸੱਟਾਂ ਸਹਾਰੀਆਂ ਸਨ; ਇਨ੍ਹਾਂ ਦੇ ਦੋ ਪੁੱਤਰ ਥੋੜ੍ਹੀ ਜਿਹੀ ਵਿੱਥ ਨਾਲ ਵਿਛੋੜਾ ਦੇ ਗਏ ਸਨ। ਹੁਣ ਇਨ੍ਹਾਂ ਦੀਆਂ ਤਿੰਨ ਲੜਕੀਆਂ ਸਨ ਤੇ ਕੁੱਛੜ ਇਕ ਕਾਕਾ। ਚਾਚੇ ਤੇ ਜਸਵੰਤ ਨੇ ਗੱਡੇ ਤੇ ਘਰ ਦਾ ਸਮਾਨ ਲੱਦਿਆ ਜਿੰਨਾ ਕੁ ਲੱਦਿਆ ਜਾ ਸਕਦਾ ਸੀ। ਜਮਾਦਾਰ ਨਰੈਣ ਸਿੰਘ ਹੋਰਾਂ ਨਾਲ ਸਾਡੀ ਰਿਸ਼ਤੇਦਾਰੀ ਵੀ ਸੀ, ਪਰ ਰਿਸ਼ਤੇਦਾਰੀ ਤੋਂ ਵੱਧ ਦੋਂਹਾਂ ਟੱਬਰਾਂ ਦੀ ਨਿਕਟਤਾ ਸੀ। ਉਨ੍ਹਾਂ ਕਹਿ ਭੇਜਿਆ ਸੀ ਕਿ ਸਾਡੇ ਮਾਂ ਜੀ, ਸਾਡੀ ਭੈਣ, ਮਾਸੀ ਤੇ ਉਸ ਦੇ ਬੱਚੇ ਉਨ੍ਹਾਂ ਦੇ ਟਰੱਕ 'ਤੇ ਜਾਣਗੇ; ਗੱਡੇ ਨਾਲ ਚਾਚੇ ਨੇ ਤੇ ਜਸਵੰਤ ਸਿੰਘ ਨੇ ਜਾਣਾ ਸੀ ਪਰ ਜਾਣਾ ਟਰੱਕ ਨੇ ਵੀ ਕਾਫਲੇ ਦੇ ਨਾਲ ਹੀ ਸੀ।

ਕਿਆਮਤ ਦਾ ਦਿਨ ਆ ਗਿਆ, 4 ਸਤੰਬਰ ਦਾ ਸੂਰਜ ਚੜ੍ਹਿਆ—ਅਜਿਹਾ ਸੂਰਜ ਪਹਿਲਾਂ ਕਦੇ ਨਹੀਂ ਸੀ ਚੜ੍ਹਿਆ। ਪਿੰਡ ਦੇ ਲੋਕ ਗੁਰਦੁਆਰੇ ਗਏ – ਜਿਸ ਗੁਰਦੁਆਰੇ ਦੀ ਕੰਧ ਉਤੇ ਪੱਥਰ ਲੱਗਾ ਹੋਇਆ ਸੀ, 'ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੇ ਸਵਾਈ' ਤੇ ਹੇਠਾਂ ਲਿਖਿਆ ਸੀ, '45 ਰੈਟਰੇਜ਼ ਸਿਖਜ਼—ਗੁਰਦਵਾਰਾ ਚੱਕ ਨੰਬਰ 79/15 ਐਲ—ਬਸੰਤਪੁਰਾ' ਅਰਦਾਸਾ ਸੋਧਿਆ ਅਰਦਾਸ ਵਿਚ ਕੀ ਕਿਹਾ, ਇਹ ਮੈਨੂੰ ਪਤਾ ਨਹੀਂ ਕਿਉਂਕਿ ਮੈਂ ਤਾਂ ਉਥੇ ਹਾਜ਼ਰ ਨਹੀਂ ਸਾਂ। ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਦੋ ਬੀੜਾਂ ਗੁਰਦੁਆਰੇ ਦੀਆਂ ਸਨ ਤੇ ਤੀਜੀ ਸਾਡੇ ਘਰ ਸੀ। ਇਹ ਤਿੰਨੇ ਬੀੜਾਂ ਤੇ ਰੁਮਾਲੇ ਦੋਂਹ ਟਰੱਕਾਂ ਵਿਚ ਪਾਏ ਤੇ ਇਹ ਟਰੱਕ ਲੈ ਜਾਣ ਦੀ ਜ਼ਿੰਮੇਵਾਰੀ ਸੂਬੇਦਾਰ ਮੇਜਰ ਮੱਸਾ ਸਿੰਘ ਦੇ ਭਰਾ ਹਰੀ ਸਿੰਘ ਨੇ ਲਈ (ਸੂਬੇਦਾਰ ਮੇਜਰ ਪੰਜ, ਛੇ ਸਾਲ ਪਹਿਲਾਂ ਚਲਾਣਾ ਕਰ ਗਿਆ ਸੀ)। ਹਰੀ ਸਿੰਘ ਨੇ ਘਰ ਦਾ ਹੋਰ ਸਮਾਨ ਨਹੀਂ ਸੀ ਚੁੱਕਿਆ, ਬੱਸ ਗਲ ਦਿਆਂ ਕਪੜਿਆਂ ਵਿਚ ਹੀ ਤੁਰ ਪਿਆ ਸੀ।

ਲੋਕਾਂ ਨੇ ਘਰ ਦਾ ਸਾਰਾ ਸਮਾਨ ਵਿਹੜਿਆਂ ਵਿਚ ਖਿਲਾਰਿਆ ਹੋਇਆ ਸੀ ਨਾਲ ਲੈ ਜਾਣ ਵਾਲੀਆਂ ਵਸਤਾਂ ਚੁਣ ਕੇ ਕੱਢ ਲਈਆਂ। ਹੁਣ ਪਿੰਡ ਦੇ ਮੁਸਲਮਾਨ ਕੰਮੀਆਂ ਨੂੰ ਤੇ ਹਸਾਈਆਂ ਨੂੰ ਸੱਦਿਆ ਤੇ ਕਿਹਾ, "ਜੋ ਚੁੱਕਣਾ ਹੈ, ਚੁਕ ਲਵੋ।" ਕੋਈ ਕੰਮੀ ਕਿਸੇ ਚੀਜ਼ ਨੂੰ ਹੱਥ ਨਾ ਲਾਵੇ। ਸਾਰੇ ਰੋ ਰਹੇ ਸਨ, ਕਈ ਭੁੱਬਾਂ ਮਾਰ ਰਹੇ ਸਨ। ਆਖਰ ਹੱਥੀਂ ਵਸਤਾਂ ਫੜ ਫੜ ਕੇ ਵੰਡੀਆਂ। ਸਾਡਾ ਟੱਬਰ ਕੋਈ ਬਹੁਤ ਅਮੀਰ ਘਰਾਣਾ ਨਹੀਂ ਸੀ, ਫੇਰ ਵੀ ਘਰ ਭਰਿਆ ਹੋਇਆ ਸੀ। ਰਜਾਈਆਂ ਸੰਭਾਲਣ ਲਈ ਗੁੱਜਰਾਂਵਾਲੇ ਤੋਂ ਮੰਗਾਈ ਹੋਈ ਪੇਟੀ ਗਾਮੇ ਜੁਲਾਹੇ ਨੂੰ ਚੁਕਾਈ, ਮੇਰੀ ਘਰ ਵਾਲੀ ਦੇ ਦਾਜ ਦੇ ਬਿਸਤਰੇ ਨਾਮੋ ਹਸੈਣ ਤੇ ਆਸ਼ੋ ਮਿਰਾਸਣ ਨੂੰ ਦਿੱਤੇ; ਨਵਾਰੀ ਪਲੰਘ, ਰੀਝਾਂ ਨਾਲ ਉਣੇ ਹੋਏ ਰੰਗੀਨ ਸੂਤ ਦੇ ਮੰਜੇ, ਮੇਰੀਆਂ ਭੈਣਾਂ ਮਹਿੰਦਰੋ, ਵੰਤੀ ਤੇ ਮੇਰੀ ਪਤਨੀ ਨਿਰੰਜਨ ਕੌਰ ਦੀਆਂ ਤਪੱਸਿਆ ਕਰਕੇ ਉਣੀਆਂ ਡਿਜ਼ਾਈਨਦਾਰ ਦਰੀਆਂ, ਸਿੱਧੀਆਂ ਕਰਤਾਰਪੁਰ ਤੋਂ ਮੰਗਾਈਆਂ ਹੋਈਆਂ ਕੁਰਸੀਆਂ (ਕੁਰਸੀ ਉਨ੍ਹੀਂ ਦਿਨੀਂ ਪਿੰਡਾਂ ਵਿਚ ਬੜੀ ਵੱਡੀ ਚੀਜ਼ ਮੰਨੀ ਜਾਂਦੀ ਸੀ), ਮੇਰੇ ਸੁਮਾਟਰਾ ਵਿਚੋਂ ਲਿਆਂਦੇ ਹੋਏ ਚੀਨੀ ਦੇ ਬਰਤਨ, ਸਭ ਕੁਝ ਬੜੀ ਬੇਦਰਦੀ ਨਾਲ ਸੁੱਟਿਆ—ਲੈਣ ਵਾਲੇ ਨਾਂਹ, ਨਾਂਹ ਕਰ ਰਹੇ ਸਨ, ਦੇਣ ਵਾਲੇ ਧੱਕੇ ਨਾਲ ਦੇ ਰਹੇ ਸਨ।

ਗੱਡੇ ਜੋਣ ਵਾਲੀ ਇਕ ਜੋਗ ਛੱਡ ਕੇ ਬਾਕੀ ਡੰਗਰਾਂ ਦੇ ਰੱਸੇ ਖੋਲ੍ਹ ਦਿੱਤੇ। ਕੁੰਢੀਆਂ ਮੱਝਾਂ ਜਿਨ੍ਹਾਂ ਦੇ ਹਵਾਨੇ ਚੱਡਿਆਂ ਵਿਚ ਨਹੀਂ ਸਨ ਸਮਾਉਂਦੇ, ਨਾਹਰੇ ਬਲਦ ਜਿਹੜੇ ਛਾਂਟ ਦੀ ਛੋਹ ਨਹੀਂ ਸਨ ਸਹਾਰਦੇ, ਸਾਹਨਾਂ ਵਰਗੇ ਵਹਿੜਕੇ ਜਿਹੜੇ ਘਿਓ ਦੀਆਂ ਨਾਲਾਂ ਦੇ ਦੇ ਕੇ ਪਾਲੇ

ਵਿਚੋਂ ਜਾ ਚੁੱਕੀ ਸੀ। ਪਾਕਿਸਤਾਨੀ ਫੌਜ ਦੇ ਆਉਣ ਦਾ ਕੀ ਮਤਲਬ ਹੋ ਸਕਦਾ ਸੀ ? ਜਾਂ ਤਾਂ ਪਹਿਲਾਂ ਸਿੱਖਾਂ ਦੇ ਕੇਂਦਰ ਚੱਕ 79 ਨੂੰ ਤਬਾਹ ਕਰ ਕੇ ਫੇਰ ਦੂਜਿਆਂ ਪਿੰਡਾਂ ਨੂੰ ਘੇਰਨਗੇ ਜਾਂ ਫਿਰ ਸਾਨੂੰ ਇਹ ਦੱਸਣ ਆ ਰਹੇ ਹਨ ਕਿ ਤੁਸੀਂ ਪਾਕਿਸਤਾਨ ਦੀ ਰਿਆਇਆ ਹੋ, ਡਰਨ ਦੀ ਲੋੜ ਨਹੀਂ, ਅਸੀਂ ਤੁਹਾਡੀ ਹਿਫ਼ਾਜ਼ਤ ਕਰਾਂਗੇ। ਦੋਹਾਂ ਵਿਚੋਂ ਕੋਈ ਵੀ ਅਨੁਮਾਨ ਠੀਕ ਹੋ ਸਕਦਾ ਸੀ। ਖੈਰ, ਕਿਆਸਅਰਾਈਆਂ ਲਈ ਬਹੁਤਾ ਸਮਾਂ ਨਹੀਂ ਸੀ। ਚੱਕ 78 ਸਾਡੇ ਚੱਕ ਤੋਂ ਸਿਰਫ ਮੀਲ, ਡੇਢ ਮੀਲ ਦੂਰ ਸੀ। ਛੇਤੀ ਹੀ ਇਹ ਗੱਡੀਆਂ ਸਾਡੇ ਪਿੰਡ ਦੀ ਹੱਦ ਵਿਚ ਪਹੁੰਚ ਗਈਆਂ। ਇਨ੍ਹਾਂ ਵਿਚ ਇਕ ਜੀਪ ਸੀ ਤੇ ਇਕ ਵੱਡਾ ਟਰੱਕ। ਗੱਡੀਆਂ ਸਾਡੇ ਬੰਦਿਆਂ ਦੇ ਨੇੜੇ ਆ ਕੇ ਰੁਕੀਆਂ, ਜਮਾਦਾਰ ਵਜ਼ੀਰ ਸਿੰਘ ਤੇ ਜਮਾਦਾਰ ਨਰੈਣ ਸਿੰਘ ਦਾ ਦਾ ਲੜਕਾ ਬਚਨ ਸਿੰਘ ਅੱਗੇ ਵਧੇ। ਜੀਪ ਦੀ ਸਾਹਮਣੀ ਸੀਟ ਤੋਂ ਇਕ ਫੌਜੀ ਬਾਹਰ ਨਿਕਲਿਆ। ਗੱਡੀਆਂ ਦੀਆਂ ਲਾਈਟਾਂ ਸਿੱਧੀਆਂ ਸਾਡੇ ਲੋਕਾਂ 'ਤੇ ਪੈ ਰਹੀਆਂ ਸਨ, ਇਸ ਲਈ ਉਹ ਪਛਾਣ ਨਾ ਸਕੇ ਕਿ ਬਾਹਰ ਨਿਕਲਣ ਵਾਲਾ ਫੌਜੀ ਕੌਣ ਹੈ। ਉਹ ਸਾਹਮਣੇ ਖੜੇ ਨੌਜਵਾਨ ਬਚਨ ਸਿੰਘ ਵੱਲ ਆਇਆ ਤੇ ਉਸ ਨੂੰ ਜੱਫੀ ਪਾ ਕੇ ਬੋਲਿਆ, "ਭਾ ਜੀ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਸਾਰਿਆਂ ਦੀ ਜਾਨ ਵਿਚ ਜਾਨ ਆਈ। ਇਹ ਫੌਜੀ ਕੈਪਟਨ ਬਰਕਤ ਸਿੰਘ ਸੀ, ਉਸ ਦੇ ਨਾਲ ਡੋਗਰਾ ਜਵਾਨਾਂ ਦਾ ਇਕ ਸੈਕਸ਼ਨ ਸੀ - ਅੱਠ ਜਾਂ ਦਸ ਜਵਾਨ। ਕੈਪਟਨ ਬਰਕਤ ਸਿੰਘ, ਬਚਨ ਸਿੰਘ ਦੀ ਭੈਣ ਬੀਬੀ ਤਾਰੋ ਦਾ ਦਿਓਰ ਸੀ। ਬੀਬੀ ਤਾਰੋ ਦਾ ਪਤੀ ਸਰਦਾਰ ਗਿਆਨ ਸਿੰਘ ਮਹਿਕਮਾ ਨਹਿਰ ਦੇ ਹੈਡ ਆਫਿਸ ਵਿਚ ਲਾਹੌਰ ਨੌਕਰ ਸੀ। ਕੈਪਟਨ ਬਰਕਤ ਸਿੰਘ ਦੀ ਪਲਟਣ ਵੀ ਪੰਜਾਬ ਵਿਚ ਹੀ ਸੀ। ਦੋਹਾਂ ਗੌਰਮਿੰਟਾਂ ਨੇ ਇਹ ਫੈਸਲਾ ਕੀਤਾ ਹੋਇਆ ਸੀ ਕਿ ਸਿੱਖ ਰਜਮੈਂਟ ਦੀ ਕੋਈ ਟੁਕੜੀ ਪਾਕਿਸਤਾਨੀ ਇਲਾਕੇ ਵਿਚ ਨਹੀਂ ਜਾਏਗੀ ਤੇ ਬਲੋਚ ਰਜਮੈਂਟ ਭਾਰਤੀ ਖੇਤਰ ਵਿਚ ਨਹੀਂ ਵੜੇਗੀ। ਇਸ ਲਈ ਬਰਕਤ ਸਿੰਘ ਡੋਗਰੇ ਜਵਾਨ ਨਾਲ ਲੈ ਕੇ ਆਇਆ ਸੀ ਬੀਬੀ ਤਾਰੋ ਨੇ ਉਸ ਨੂੰ ਜ਼ੋਰ ਦੇ ਕੇ ਭੇਜਿਆ ਸੀ ਆਪਣੇ ਮਾਪਿਆਂ ਨੂੰ ਕੱਢ ਕੇ ਲਿਆਉਣ ਲਈ ਜਦੋਂ ਬਰਕਤ ਸਿੰਘ ਨੇ ਦੱਸਿਆ ਕਿ ਪਿਛਲਾ ਸਾਰਾ ਇਲਾਕਾ ਤੇ ਖਾਲੀ ਹੋ ਚੁੱਕਾ ਹੈ, ਤੁਸੀਂ ਇੱਥੇ ਕੀ ਕਰਦੇ ਹੋ ? ਤਾਂ ਇਸ ਖਬਰ ਦਾ ਪ੍ਰਭਾਵ ਹੀਰੋਸ਼ੀਮਾ ਤੇ ਡਿੱਗੇ ਐਟਮ ਬੰਬ ਨਾਲੋਂ ਘੱਟ ਨਹੀਂ ਸੀ। ਹੀਰੋਸ਼ੀਮਾ ਵਾਲੇ ਤਾਂ ਸਾਰੇ ਖਤਮ ਹੋ ਗਏ, ਪਿੱਛੇ ਉਨ੍ਹਾਂ ਨੂੰ ਰੋਣ ਵਾਲਾ ਵੀ ਕੋਈ ਨਾ ਰਿਹਾ, ਬਾਰ ਤੋਂ ਉਜੜ ਕੇ ਆਏ ਲੋਕਾਂ ਦੀਆਂ ਦੋ ਪੀੜ੍ਹੀਆਂ ਅੱਜ ਤਕ ਰੋ ਰਹੀਆਂ ਹਨ ਅਤੇ ਅਗਾਂਹ ਆਉਣ ਵਾਲੇ ਪਤਾ ਨਹੀਂ ਕਦੋਂ ਤਕ ਰੋਂਦੇ ਰਹਿਣਗੇ।

ਸਾਰੇ ਇਲਾਕੇ ਨੇ ਏਕਾ ਕੀਤਾ ਹੋਇਆ ਸੀ ਕਿ ਇਕੱਲਾ ਟੱਬਰ ਘਰ ਛੱਡ ਕੇ ਕੋਈ ਨਹੀਂ ਜਾਏਗਾ, ਜੇ ਜਾਣਾ ਪਿਆ ਤਾਂ ਸਾਰੇ ਇਕੱਠੇ ਨਿਕਲਾਂਗੇ। ਬਰਕਤ ਸਿੰਘ ਨੂੰ ਇਲਾਕੇ ਦਾ ਇਹ ਫੈਸਲਾ ਸਪਸ਼ਟ ਕਰ ਦਿੱਤਾ ਗਿਆ। ਆਫਰੀਨ ਹੈ ਬੀਬੀ ਤਾਰੋ ਤੇ ਬਚਨ ਸਿੰਘ ਦੇ ਪਿਤਾ ਜਮਾਦਾਰ ਨਰੈਣ ਸਿੰਘ ਦੇ, ਜਿਸ ਨੇ ਇਲਾਕੇ ਵਲੋਂ ਕੀਤੇ ਫੈਸਲੇ ਨੂੰ ਅੰਤ ਤਕ ਨਿਭਾਇਆ। ਹੁਣ ਜਦੋਂ ਬਰਾਦਰੀ ਖਤਮ ਹੋ ਰਹੀ ਸੀ, ਭਾਈਚਾਰੇ ਵਲੋਂ ਬਾਈਕਾਟ ਜਾਂ ਤਾਹਨੇ, ਮਿਹਣੇ ਸੁਣਨ ਦਾ ਕੋਈ ਖਤਰਾ ਨਹੀਂ ਸੀ, ਜਮਾਦਾਰ ਸਾਹਿਬ ਆਪਣੇ ਪਰਿਵਾਰ ਨੂੰ ਲੈ ਕੇ ਟਰੱਕ ਵਿਚ ਆ ਸਕਦੇ ਸਕਦੇ ਸਨ, ਪਰ ਉਨ੍ਹਾਂ ਨੇ, ਭਾਈਚਾਰੇ ਦੇ ਬਿਲਕੁਲ ਵੱਖਰੇ ਹਾਲਾਤ ਵਿਚ ਕੀਤੇ ਫੈਸਲੇ ਨੂੰ ਸਿਰ-ਮੱਥੇ ਤੇ ਨਿਭਾਇਆ। ਆਫਰੀਨ ਹੈ ਕੈਪਟਨ ਬਰਕਤ ਸਿੰਘ ਦੇ, ਜਿਸ ਨੇ ਕੁੱਲ ਦਸ ਜਵਾਨਾਂ ਨਾਲ ਕੋਈ ਪੰਜ ਹਜ਼ਾਰ ਉਜੜੇ-ਪੁਜੜੇ ਲੋਕਾਂ ਦਾ ਕਾਫਲਾ ਕੋਈ ਡੇਢ ਸੌ ਮੀਲ ਦੇ ਨਿਹਾਇਤ ਖਤਰਨਾਕ ਇਲਾਕੇ ਵਿਚੋਂ ਦੀ ਲੈ ਜਾਣ ਦਾ ਹੌਂਸਲਾ ਕੀਤਾ।

ਗੁਰਦੁਆਰੇ ਦਾ ਸੰਖ ਪੂਰਿਆ ਗਿਆ, ਸਾਰਾ ਪਿੰਡ ਇਕੱਠਾ ਹੋ ਗਿਆ ਤੇ ਸਾਰਿਆਂ ਨੂੰ ਇਹ ਮੌਤ ਦੀ ਸਜ਼ਾ ਸੁਣਾਉਣ ਵਰਗੀ ਭਿਆਨਕ ਖਬਰ ਸੁਣਾ ਦਿੱਤੀ ਗਈ "ਅਸਾਂ ਭਲਕੇ ਸਵੇਰੇ ਆਪਣੇ ਘਰ-ਬਾਰ ਛੱਡ ਕੇ ਨਵੇਂ ਬਣੇ ਦੇਸ਼ ਵੱਲ ਚਾਲੇ ਪਾਉਣੇ ਹਨ, ਰਾਤੋ-ਰਾਤ ਤਿਆਰੀ ਕਰ ਲਓ।" ਗੁਰਦੁਆਰੇ ਬੈਠ ਕੇ ਹੀ ਨਾਲਦਿਆਂ ਪਿੰਡਾਂ ਨੂੰ ਚਿੱਠੀਆਂ ਲਿਖੀਆਂ ਗਈਆਂ, ਸਾਰਾ ਵੇਰਵਾ ਦੇ ਕੇ ਲਿਖ ਦਿੱਤਾ ਗਿਆ ਕਿ ਭਲਕੇ 4 ਸਤੰਬਰ ਨੂੰ ਸਵੇਰੇ 9 ਤੇ 10 ਵਜੇ ਦੇ ਦਰਮਿਆਨ ਛੰਭ ਬੰਗਲੇ ਵਾਲੇ ਪੁਲ ਕੋਲ ਪਹੁੰਚ ਜਾਓ। ਇਹ ਚਿੱਠੀਆਂ ਜਵਾਨ ਮੁੰਡਿਆਂ ਨੇ ਘੋੜੀਆਂ ਤੇ ਚੜ੍ਹ ਕੇ ਸਾਰਿਆਂ ਸਿਖਾਂ ਦਿਆਂ ਪਿੰਡਾਂ ਵਿਚ ਪਹੁੰਚਾਈਆਂ।

ਕਿਸੇ ਦੀ ਕੋਈ ਤਿਆਰੀ ਨਹੀਂ ਸੀ। ਕੁਝ ਇਕ ਘਰਾਂ ਕੋਲ ਗੱਡੇ ਵੀ ਨਹੀਂ ਸਨ। ਜਿਹੜੇ ਗੱਡੇ ਸਨ, ਉਨ੍ਹਾਂ ਨੂੰ ਵਾਂਗਣ ਦਾ ਦਾ ਟਾਈਮ ਨਹੀਂ ਸੀ, ਜ਼ਰੂਰੀ ਮੁਰੰਮਤ ਲਈ ਵੀ ਵਿਹਲ ਨਹੀਂ ਸੀ। ਹਰ ਟੱਬਰ ਨੇ ਬਹੁਤ ਜ਼ਰੂਰੀ ਬਿਸਤਰੇ ਤੇ ਕਪੜੇ ਚੁੱਕੇ, ਕੁਝ ਥੋੜੇ ਜਿਹੇ ਭਾਂਡੇ ਲਏ, ਕੁਝ ਆਟਾ, ਦਾਲ, ਲੂਣ, ਘਿਓ ਆਦਿ ਜਿੰਨਾ ਕੋਈ ਚੁੱਕ ਸਕਦਾ ਸੀ, ਚੁਕਿਆ। ਬਾਕੀ ਭਰੇ ਘਰ ਛੱਡਣੇ ਸਨ। 'ਘਰ' ਕਿੰਨਾ ਅਹਿਮ, ਕਿੱਡਾ ਮਹਾਨ, ਕਿੰਨਾ ਪਿਆਰਾ ਸ਼ਬਦ ਹੈ, ਖਾਸ ਕਰ ਪੰਜਾਬੀ ਲੋਕਾਂ ਲਈ। ਕਿਰਾਏ ਦਾ ਘਰ ਛੱਡਣ ਲੱਗਿਆਂ ਵੀ ਦਿਲ ਉਦਾਸ ਹੁੰਦਾ ਹੈ, ਇਹ ਘਰ ਤਾਂ ਸਾਡੇ ਬਜ਼ੁਰਗਾਂ ਨੇ ਕਈਆਂ ਮੋਰਚਿਆਂ ਤੇ ਤੇਗਾਂ ਮਾਰ ਕੇ ਪ੍ਰਾਪਤ ਕੀਤੇ ਸਨ। ਉਹ ਘਰ ਜਿਨ੍ਹਾਂ ਦੇ ਇਕ ਇਕ ਰੱਦੇ ਵਿਚ ਸੌ-ਸੌ ਰੀਝਾਂ ਚਿਣੀਆਂ ਹੋਈਆਂ ਸਨ, ਜਿਨ੍ਹਾਂ ਦੇ ਤੋੜੇ (ਸ਼ਤੀਰ) ਵੱਢਦਿਆਂ ਤੇ ਛਾਂਗਦਿਆਂ ਪਿੰਡ ਦੀ ਜਵਾਨੀ ਦਾ ਮੁੜ੍ਹਕਾ ਆਬੇਹਯਾਤ ਦੀਆਂ ਬੂੰਦਾਂ ਵਾਂਗ ਚੋਇਆ ਸੀ, ਜਿਨ੍ਹਾਂ ਦੀਆਂ ਕੰਧਾਂ ਲਿੰਬਦਿਆਂ ਪਿੰਡ ਦੀਆਂ ਮੁਟਿਆਰਾਂ ਨੇ ਮੁਲਤਾਨ ਦੀ ਕੜਕਦੀ ਧੁੱਪ ਵਿਚ ਹੱਸਦਿਆਂ, ਖੇਡਦਿਆਂ ਪੱਬਾਂ ਭਾਰ ਹੋ ਕੇ ਲੇਅ ਲਾਏ ਸਨ, ਜਿਨ੍ਹਾਂ ਤੇ ਫਾਸਲੇ ਪਾਉਂਦਿਆਂ ਦਿਲਾਂ ਦੀ ਡੂੰਘਾਈ ਵਿਚੋਂ ਅਸੀਸਾਂ ਨਿਕਲੀਆਂ ਸਨ; ਇਹ ਘਰ ਛੱਡਣੇ ਸਨ। ਅਸਾਂ ਨਿਹਾਇਤ ਬੇਬੱਸੀ ਦੀ

ਦੀ ਬਹਾਦਰੀ ਨਾਲ, ਤੇ ਬਰਕਤ ਸਿੰਘ ਸਰਕਾਰ ਦਾ ਭੇਜਿਆ ਨਹੀਂ ਸੀ ਗਿਆ, ਆਪਣੇ ਕੁਮਾਂਡਿੰਗ ਅਫਸਰ ਤੋਂ ਆਗਿਆ ਲੈ ਕੇ ਆਪਣੇ ਆਪ ਗਿਆ ਸੀ।

'ਸਿਧਨੈ' ਇਲਾਕੇ ਦੇ ਸਿੱਖਾਂ ਦੇ 15 ਪਿੰਡ ਤੇ ਨਾਲ ਦੇ ਪਿੰਡ ਦੇ ਹਿੰਦੂ ਆਪਣੀ ਹਿੰਮਤ ਨਾਲ ਖਾਨੇਵਾਲ ਕੈਂਪ ਵਿਚ ਪਹੁੰਚ ਗਏ, ਜਿੱਥੇ ਉਹ ਲੰਮੇ ਸਮੇਂ ਤਕ ਰੁਲਦੇ ਰਹੇ। ਇਲਾਕਾ 'ਜਹਾਨੀਆਂ' ਵਿਚ ਵੀ ਤਕਰੀਬਨ ਏਨੇ ਹੀ ਪਿੰਡ ਸਿੱਖਾਂ ਦੇ ਸਨ ਤੇ ਹਿੰਦੂ ਆਬਾਦੀ ਵੀ ਕਾਫੀ ਸੀ। ਇਨ੍ਹਾਂ ਦੀ ਕਿਸੇ ਨੇ ਸਾਰ ਨਾ ਲਈ; ਅੰਤ ਇਨ੍ਹਾਂ ਨੂੰ ਪਾਕਿਸਤਾਨੀ ਫੌਜ ਹੀ ਏਧਰ ਪਹੁੰਚਾ ਕੇ ਗਈ। ਰਾਹ ਵਿਚ ਪਾਕਿਸਤਾਨੀ ਫੌਜੀਆਂ ਨੇ ਕਾਫਲੇ ਦੇ ਸਿੱਖ ਲੀਡਰ ਨੂੰ ਮਾਰ ਦਿੱਤਾ ਤੇ ਬਾਕੀ ਕਾਫਲੇ ਨੂੰ ਪਸ਼ੂਆਂ ਵਾਂਗ ਹਿੱਕ ਕੇ ਸਰਹੱਦ ਤੇ ਛੱਡ ਗਏ। ਫੇਰ ਵੀ ਉਨ੍ਹਾਂ ਦੀ ਮਿਹਰਬਾਨੀ ਹੈ ਕਿ ਉਨ੍ਹਾਂ ਨੇ ਰਾਹ ਵਿਚ ਇਸ ਕਾਫਲੇ ਉਤੇ ਕਿਤੇ ਹਮਲਾ ਨਹੀਂ ਹੋਣ ਦਿੱਤਾ। ਕੱਚੇ ਖੂਹ ਲਾਗੇ ਸਿੱਖਾਂ, ਹਿੰਦੂਆਂ ਦੇ ਸਾਂਝੇ ਤਿੰਨ ਪਿੰਡ ਸਨ ਜੋ ਇਕ ਥਾਂ ਇਕੱਠੇ ਹੋ ਗਏ ਸਨ। ਇਨ੍ਹਾਂ ਵਿਚੋਂ ਕੁਝ ਹਿੰਮਤ ਵਾਲੇ ਲੋਕ ਰਾਤੋ-ਰਾਤ ਨਿਕਲ ਕੇ ਮੀਆਂ ਚੰਨੂੰ ਕੈਂਪ ਦੇ ਕੈਂਪ ਵਿਚ ਜਾ ਵੜੇ, ਬਾਕੀਆਂ ਉਤੇ ਅਗਲੇ ਦਿਨ ਚੁਫੇਰੇ ਦੇ ਮੁਸਲਮਾਨਾਂ ਨੇ ਹਮਲਾ ਕਰ ਦਿੱਤਾ। ਪਿੱਛੇ ਰਹੇ ਸਾਰੇ ਮਰਦ ਕਤਲ ਕਰ ਦਿੱਤੇ ਤੇ ਔਰਤਾਂ ਦੀ ਪਿੱਛੋਂ ਕੋਈ ਉਘ-ਸੁੱਘ ਨਹੀਂ ਨਿਕਲੀ। ਜ਼ਿਲਾ ਲਾਇਲਪੁਰ ਦੇ ਉਸ ਪਿੰਡ ਦੀ ਕਹਾਣੀ ਬਹੁਤਿਆਂ ਨੇ ਸੁਣੀ ਹੋਵੇਗੀ, ਜਿਸ ਨੇ 24 ਘੰਟੇ, ਜਾਂ ਇਸ ਤੋਂ ਵੀ ਜ਼ਿਆਦਾ ਸਮਾਂ ਬਾਹਰੋਂ ਆਏ ਹਜੂਮ ਦਾ ਡਟ ਕੇ ਮੁਕਾਬਲਾ ਕੀਤਾ; ਪਰ ਜਦੋਂ ਅੰਤਿਮ ਲੜਾਈ ਲਈ ਕਮਰਕੱਸੇ ਕਰਨੇ ਪਏ ਤਾਂ ਮਾਪਿਆਂ ਨੇ ਜਵਾਨ ਧੀਆਂ ਦੇ ਆਪਣੇ ਹੱਥੀਂ ਸਿਰ ਵੱਢੇ। ਸਾਂਦਲਬਾਰ ਵਿਚੋਂ ਆਇਆ ਉਹ ਅਣਖ ਦਾ ਧਨੀ ਸਿੱਖ ਅਜੇ ਜਿਊਂਦਾ ਹੈ ਜਿਸ ਨੂੰ ਇਕੱਲਾ ਵੇਖ ਕੇ, ਉਸ ਦੀ ਖੂਬਸੂਰਤ ਪਤਨੀ ਨੂੰ ਖੋਹਣ ਲਈ ਮੁਸਲਮਾਨਾਂ ਦੀ ਇਕ ਧਾੜ ਨੇ ਘੇਰ ਲਿਆ ਸੀ। ਗੈਰਤ ਦੀ ਪੁੰਜ ਮੁਟਿਆਰ ਨੇ ਪਤੀ ਨੂੰ ਵੰਗਾਰ ਕੇ ਕਿਹਾ, "ਜੇ ਗੁਰੂ ਦਾ ਸਿੱਖ ਹੈਂ ਤਾਂ ਪਹਿਲਾਂ ਮੇਰਾ ਸਿਰ ਵੱਢ ਤੇ ਫੇਰ ਇਨ੍ਹਾਂ ਵਿਚੋਂ ਅੱਧਿਆਂ ਨੂੰ ਮਾਰ ਕੇ ਮਰੀਂ।" ਜਦੋਂ ਸ਼ੇਰ ਦਿਲ ਨੌਜਵਾਨ ਪਤਨੀ ਦੀ ਧੌਣ ਵੱਢ ਕੇ ਧਾੜਵੀਆਂ ਉਤੇ ਹੱਲਾ ਕਰਨ ਲਈ ਵਧਿਆ ਤਾਂ ਪੰਡੀਆਂ, ਤੀਹਾਂ ਦੀ ਇਹ ਟੋਲੀ ਸਿੰਘ ਦੀ ਲਹੂ ਲਿਬੜੀ ਕਿਰਪਾਨ ਵੇਖ ਕੇ ਹਿਰਨਾਂ ਦੀ ਡਾਰ ਵਾਂਗ ਦੌੜ ਗਈ। ਇਸ ਨੌਜਵਾਨ ਨੇ, ਜੋ ਹੁਣ ਬਜ਼ੁਰਗ ਹੈ, ਏਧਰ ਆ ਕੇ ਦੂਜਾ ਵਿਆਹ ਨਹੀਂ ਕਰਵਾਇਆ, ਸਾਰੀ ਉਮਰ ਆਪਣੀ ਉਸ ਦੇਵੀ-ਰੂਪ ਪਤਨੀ ਦੀ ਯਾਦ ਵਿਚ ਇਕੱਲਿਆਂ ਗੁਜ਼ਾਰੀ ਹੈ, ਜਿਸ ਨੂੰ ਉਹ ਆਪਣੇ ਹੱਥੀਂ 'ਸ਼ਹੀਦ' ਕਰ ਆਇਆ ਸੀ। ਇਹੋ ਜਿਹੀਆਂ ਅਨੇਕਾਂ ਕਹਾਣੀਆਂ ਮੇਰੀ ਉਮਰ ਦੇ ਪੰਜਾਬੀਆਂ ਨੇ ਸੁਣੀਆਂ ਹੋਣਗੀਆਂ। ਪਰ ਜਦੋਂ ਪੰਜਾਬ ਦੇ ਹਿੰਦੂ-ਸਿੱਖਾਂ ਉਤੇ ਇਹ ਸਭ ਕੁਝ ਵਾਪਰ ਰਿਹਾ ਸੀ, ਦਿੱਲੀ ਵਿਚ ਆਜ਼ਾਦੀ ਮਿਲਣ ਦੀ ਖੁਸ਼ੀ ਵਿਚ ਜਸ਼ਨ ਮਨਾਏ ਜਾ ਰਹੇ ਸਨ, ਸ਼ਾਦਿਆਨੇ ਵਜ ਰਹੇ ਸਨ, ਆਤਸ਼ਬਾਜ਼ੀਆਂ ਚਲ ਰਹੀਆਂ ਸਨ, ਦੀਪਮਾਲਾਵਾਂ ਹੋ ਰਹੀਆਂ ਸਨ। ਜਿਸ ਪੰਜਾਬ ਨੇ ਆਜ਼ਾਦੀ ਦੀ ਪ੍ਰਾਪਤੀ ਲਈ ਬਾਕੀ ਸਾਰੇ ਦੇਸ਼ ਨਾਲੋਂ ਕਈ ਗੁਣਾਂ ਜ਼ਿਆਦਾ ਹਿੱਸਾ ਪਾਇਆ ਸੀ, ਉਸ ਦਾ ਕਿਸੇ ਨੂੰ ਚਿੱਤ-ਚੇਤਾ ਹੀ ਨਹੀਂ ਸੀ। (ਸ਼ੇਮ! ਸ਼ੇਮ!! ਸ਼ੇਮ!!! ਭਗਵੰਤ ਸਿੰਘ ਆਜ਼ਾਦ)

ਨਵੇਂ ਬਣੇ ਭਾਰਤ ਕੋਲ ਉਸ ਵੇਲੇ ਏਨੀ ਫੌਜ ਸੀ, ਏਨੇ ਟਰੱਕ ਸਨ, ਏਨੀਆਂ ਟਰੇਨਾਂ ਸਨ, ਕਿ ਜੇ ਸਾਡੀ ਨਵੀਂ ਬਣੀ ਸਰਕਾਰ ਨੂੰ ਪੰਜਾਬ ਦਾ ਕੁਝ ਫਿਕਰ ਹੁੰਦਾ ਤਾਂ ਉਹ ਪਾਕਿਸਤਾਨੀ ਪੰਜਾਬ ਦੀ ਹਰ ਨੁੱਕਰ ਵਿਚ ਵੱਸਦੇ ਹਿੰਦੂ-ਸਿੱਖਾਂ ਨੂੰ ਦਸਾਂ ਦਿਨਾਂ ਵਿਚ ਕੱਢ ਕੇ ਲਿਆ ਸਕਦੇ ਸਨ; ਪਰ ਇੰਜ ਜਾਪਦਾ ਹੈ ਕਿ ਪੰਜਾਬ ਦਾ ਕਿਸੇ ਨੂੰ ਧਿਆਨ ਹੀ ਨਹੀਂ ਸੀ, ਫਿਕਰ ਹੀ ਨਹੀਂ ਸੀ, ਪਰਵਾਹ ਹੀ ਨਹੀਂ ਸੀ।

ਕੁਝ ਚਿਰ ਪਿੱਛੋਂ ਮਿਸਟਰ ਜਿਨਾਹ ਨੇ ਬਿਆਨ ਦਿੱਤਾ ਸੀ ਕਿ ਭਾਰਤੀ ਪੰਜਾਬ ਵਿਚ ਤਿੰਨ ਲੱਖ ਮੁਸਲਮਾਨ ਮਾਰੇ ਗਏ ਹਨ। ਮਾਸਟਰ ਤਾਰਾ ਸਿੰਘ ਨੇ ਉਤਰ ਦਿੱਤਾ ਸੀ, "ਮਿਸਟਰ ਜਿਨਾਹ ਦਾ ਅਨੁਮਾਨ ਠੀਕ ਹੋ ਸਕਦਾ ਹੈ, ਪਰ ਪਾਕਿਸਤਾਨ ਵਿਚ ਮਾਰੇ ਗਏ ਹਿੰਦੂ-ਸਿੱਖਾਂ ਦੀ ਗਿਣਤੀ ਤਿੰਨ ਲੱਖ ਤੋਂ ਜ਼ਿਆਦਾ ਦੀ ਹੈ।" ਜੇ ਮਾਸਟਰ ਜੀ ਦੇ ਅਨੁਮਾਨ ਨੂੰ ਕੁਝ ਘੱਟ ਕਰ ਕੇ ਮਾਰੇ ਗਏ ਹਿੰਦੂ-ਸਿੱਖਾਂ ਦੀ ਗਿਣਤੀ ਢਾਈ ਲੱਖ ਵੀ ਮੰਨ ਲਈਏ, ਤਾਂ ਵੀ ਕੀ ਆਪਣੇ ਮਹਾਨ ਲੀਡਰਾਂ ਤੋਂ ਪੁੱਛਿਆ ਜਾ ਸਕਦਾ ਹੈ ਕਿ ਜਦੋਂ ਪੰਜਾਬ (ਤੇ ਬੰਗਾਲ) ਵਿਚ ਇੰਜ ਖੂਨ ਦੀਆਂ ਨਦੀਆਂ ਵਗ ਰਹੀਆਂ ਸਨ, ਦਿੱਲੀ ਵਿਚ ਕਿਸ ਖੁਸ਼ੀ ਉਤੇ ਜਸ਼ਨ ਮਨਾਏ ਜਾ ਰਹੇ ਸਨ? ਜਲਿਆਂਵਾਲਾ ਬਾਗ ਵਿਚ ਅੰਗਰੇਜ਼ਾਂ ਹੱਥੋਂ ਮਾਰੇ ਗਏ ਢਾਈ ਸੌ ਲੋਕਾਂ ਦਾ ਅੱਜ ਤਕ ਸਰਕਾਰੀ ਪੱਧਰ ਉਤੇ ਸੋਗ ਮਨਾਇਆ ਜਾਂਦਾ ਹੈ, ਉਨ੍ਹਾਂ ਦੀ ਯਾਦਗਾਰ ਵੀ ਬਣਾਈ ਗਈ ਹੈ ਪਰ ਸਾਡੀ ਆਪਣੀ ਸਰਕਾਰ ਦੀ ਅਣਗਹਿਲੀ, ਲਾਪ੍ਰਵਾਹੀ ਤੇ ਗੈਰ-ਜ਼ਿੰਮੇਵਾਰਾਨਾ ਵਤੀਰੇ ਕਾਰਨ ਮਾਰੇ ਗਏ ਢਾਈ ਲੱਖ ਦੇਸ਼ ਵਾਸੀਆਂ ਨੂੰ ਸਾਡੇ ਨੇਤਾਵਾਂ ਨੇ ਕਦੇ ਯਾਦ ਤਕ ਵੀ ਨਹੀਂ ਕੀਤਾ। ਕੀ ਪੰਜਾਬ ਵਿਚ ਮਰਨ ਵਾਲੇ ਇਨਸਾਨ ਨਹੀਂ ਸਨ?

ਖੈਰ, ਕਾਫਲਾ ਤੁਰ ਪਿਆ। ਇਹ ਕਾਫਲਾ, ਲਾਹੌਰ ਵਾਲੇ ਪਾਸਿਓਂ ਦੀ ਨਹੀਂ ਸੀ ਜਾਣਾ, ਕਿਉਂਕਿ ਉਹ ਰਾਹ ਲੰਮਾ ਸੀ ਤੇ ਵਧੇਰੇ ਖਤਰਨਾਕ ਵੀ ਸੀ। ਹੁਣ ਵਿਹਾੜੀ, ਬੂਰੇਵਾਲਾ, ਪਾਕਪਟਨ ਵਿਚੋਂ ਲੰਘ ਕੇ ਫਿਰੋਜ਼ਪੁਰ ਪਹੁੰਚਣਾ ਸੀ। ਗੱਡੇ ਸਾਰੇ ਜ਼ਿਮੀਂਦਾਰਾਂ ਕੋਲ ਵੀ ਨਹੀਂ ਸਨ, ਪਰ ਕੰਮੀਆਂ, ਰਾਹਕਾਂ, ਹਿੰਦੂ ਦੁਕਾਨਦਾਰਾਂ ਦੀ ਹਾਲਤ ਖਾਸ ਕਰ ਤਰਸਯੋਗ ਸੀ। ਇਨ੍ਹਾਂ ਦੇ ਅੰਞਾਣਿਆਂ ਤੇ ਬੁੱਢੀਆਂ ਜ਼ਨਾਨੀਆਂ ਨੂੰ ਤਾਂ ਲੋਕਾਂ ਨੇ ਕਿਸੇ-ਨਾ-ਕਿਸੇ ਤਰ੍ਹਾਂ ਗੱਡਿਆਂ ਉਤੇ ਬਿਠਾ ਲਿਆ ਸੀ, ਪਰ ਕੁਝ ਗਿਣਤੀ ਦੇ ਗੱਡੇ ਪੰਜ ਹਜ਼ਾਰ ਦੇ ਹਜੂਮ ਨੂੰ ਕਿਵੇਂ ਚੁੱਕ ਸਕਦੇ ਸਨ। ਇਨ੍ਹਾਂ ਅਧਮੋਇਆਂ 'ਮੁਸਾਫਰਾਂ' ਦੀ ਬਹੁਤ ਵੱਡੀ ਗਿਣਤੀ ਪੈਦਲ ਹੀ ਸੀ। ਗੰਜੀਬਾਰ ਦੇ ਵਸਨੀਕ ਪੈਦਲ ਚੱਲਣੋਂ ਵੀ ਨਹੀਂ ਸਨ ਡਰਦੇ,

ਸਨ, ਸਭ ਖੁੱਲ੍ਹੇ ਛੱਡ ਦਿੱਤੇ ਅਤੇ ਆਖ਼ਰੀ ਥਾਪੀ ਦੇ ਕੇ ਕਹਿ ਦਿੱਤਾ, "ਜਾਓ ਭਾਈ ਹੁਣ ਸਾਡਾ, ਤੁਹਾਡਾ ਰਿਸ਼ਤਾ ਖ਼ਤਮ ਹੋ ਗਿਆ।" ਖੁੱਲ੍ਹੇ ਛੱਡੇ ਡੰਗਰ ਵੀ ਕਿੱਲਿਆਂ ਤੋਂ ਨਾ ਹਿੱਲਣ; ਉਹ ਰਾਤ ਦੇ ਹੀ ਹੈਰਾਨੀ ਨਾਲ ਕੁਝ ਹੁੰਦਾ ਵੇਖ ਰਹੇ ਸਨ; ਕਈ ਪਸ਼ੂ ਤਾਂ ਸਾਰੀ ਰਾਤ ਬੈਠੇ ਹੀ ਨਹੀਂ ਸਨ।

ਹੁਣ ਲੋਕਾਂ ਨੇ ਕਲੇਜੇ ਤੇ ਹੱਥ ਧਰ ਕੇ ਗੱਡੇ ਜੁੱਤੇ। ਤੇ ਇੱਥੇ ਸਾਡੇ ਘਰ ਦੀ ਇਕ ਘਟਨਾ ਦਾ ਮੈਂ ਵਿਸ਼ੇਸ਼ ਜ਼ਿਕਰ ਕਰਨਾ ਚਾਹੁੰਦਾ ਹਾਂ। ਸਾਡੀ ਦਾਦੀ, ਮਾਈ ਇੰਦੋ, ਜਿਸ ਨੇ ਇਸ ਪਿੰਡ ਦੇ ਪਹਿਲੇ ਚੁਲ੍ਹੇ ਵਿਚ ਅੱਗ ਬਾਲੀ ਸੀ, ਜਿਸ ਦੀਆਂ ਪੱਕੀਆਂ ਰੋਟੀਆਂ ਅੱਧੇ ਪਿੰਡ ਨੇ ਖਾਧੀਆਂ ਸਨ, ਉਹ ਅਜੇ ਜਿਉਂਦੀ ਸੀ ਪਰ ਪਿਛਲੇ ਪੰਜਾਂ, ਛਿਆਂ ਸਾਲਾਂ ਤੋਂ ਬਿਲਕੁਲ ਅੰਨ੍ਹੀ ਸੀ। ਉਹ ਕੱਲ-ਮ-ਕੱਲੀ ਆਪਣੇ ਕਮਰੇ ਵਿਚ ਪਈ ਰਹਿੰਦੀ ਸੀ। ਨੂੰਹਾਂ ਤੇ ਪੋਤਰਿਆਂ, ਪੋਤਰੀਆਂ ਨੇ ਉਸ ਦੀ ਉਹ ਸੰਭਾਲ ਨਾ ਕੀਤੀ ਜੋ ਕਰਨੀ ਚਾਹੀਦੀ ਸੀ। ਮਾਈ ਨੇ ਆਪਣੀ ਉਮਰ ਦੇ ਪਿਛਲੇ ਸਾਲ ਬੜੇ ਔਖੇ ਕੱਟੇ। ਗੱਡਾ ਜੋ ਕੇ ਉਸ ਨੂੰ ਪਹਿਲੀ ਵਾਰ ਦੱਸਿਆ ਗਿਆ, "ਮਾਂ ਚੱਲ, ਗੱਡੇ ਤੇ ਬੈਠ, ਹੁਣ ਅਸਾਂ ਇੱਥੋਂ ਚਲੇ ਜਾਣਾ ਹੈ: ਇਥੇ ਮੁਸਲਮਾਨਾਂ ਦਾ ਰਾਜ ਹੋ ਗਿਆ ਹੈ।" ਮਾਂ ਦਾ ਹੇਠਲਾ ਸਾਹ ਹੇਠਾਂ ਤੇ ਉਤਲਾ ਉਤੇ ਹੀ ਰਹਿ ਗਿਆ। ਉਹ ਕੁਝ ਬੋਲ ਨਾ ਸਕੀ। ਉਸ ਨੂੰ ਲਿਟਾਉਣ ਲਈ ਗੱਡੇ ਉਤੇ ਥਾਂ ਬਣਾਇਆ ਹੋਇਆ ਸੀ, ਮਾਂ ਨੂੰ ਉਥੇ ਲਿਟਾ ਦਿਤਾ ਗਿਆ। ਜਿਹੜੀ ਮਾਤਾ 26 ਸਾਲ ਪਹਿਲਾਂ ਬਟਾਲੇ ਤੋਂ ਚੱਕ 79 ਤਕ ਗੱਡੇ ਤੇ ਸਫ਼ਰ ਕਰਦਿਆਂ ਰੋਜ਼ ਟੱਬਰ ਨੂੰ ਤਾਜ਼ਾ ਮੱਖਣ, ਲੱਸੀ ਦਿੰਦੀ ਰਹੀ ਸੀ ਤੇ ਪਰੌਂਠੇ ਪਕਾ ਕੇ ਦਿੰਦੀ ਰਹੀ ਸੀ, ਅੱਜ ਉਸ ਵਿਚ ਗੱਡੇ ਤੇ ਚੜ੍ਹਨ ਦੀ ਹਿੰਮਤ ਨਹੀਂ ਸੀ।

ਆਖ਼ਰ ਲੋਕਾਂ ਨੇ ਬਲਦ ਹਿੱਕੇ ਤੇ ਗੱਡੇ ਪਿੰਡੋਂ ਬਾਹਰ ਨਿਕਲੇ। ਜਮਾਦਾਰ ਵਜ਼ੀਰ ਸਿੰਘ ਦੇ ਛੋਟੇ, ਲੜਕੇ ਨਰਿੰਦਰ ਸਿੰਘ ਨੇ ਆਪਣੇ ਸਾਈਕਲ ਕੈਰੀਅਰ ਤੇ ਸਿਰਫ਼ ਹਾਰਮੋਨੀਅਮ ਰੱਖਿਆ ਹੋਇਆ ਸੀ। ਉਹ ਉਚੀ ਸੁਰ ਵਿਚ ਕਿਸੇ ਕਵੀ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਛੱਡਣ ਬਾਰੇ ਲਿਖੀ ਕਵਿਤਾ ਗਾ ਰਿਹਾ ਸੀ। ਮੈਨੂੰ ਅੱਜ ਇਸ ਕਵਿਤਾ ਦੇ ਸਿਰਫ਼ ਪਹਿਲੇ ਕੁਝ ਸ਼ਬਦ ਹੀ ਯਾਦ ਹਨ—"ਸੁਖੀਂ ਵਸੀਂ ਆਨੰਦਪੁਰੀਏ...।" ਗੱਡੇ ਪਿੰਡੋਂ ਨਿਕਲੇ ਤੇ ਨਿਕਲੇ ਵੀ ਸਾਡੇ ਆਪਣੇ ਮੁਰੱਬੇ ਵਿਚੋਂ ਦੀ ਉਸੇ ਮੁਰੱਬੇ ਵਿਚੋਂ ਦੀ ਜਿਸ ਵਿਚ ਸਾਡੇ ਬਾਬਿਆਂ ਨੇ ਚੱਕ 79 ਦਾ ਪਹਿਲਾ ਜੰਤਰਾ ਲਾਇਆ ਸੀ। ਲੋਕ ਗੱਡੇ ਹਿੱਕੀ ਜਾ ਰਹੇ ਸਨ ਤੇ ਪਿਛਾਂਹ ਮੁੜ-ਮੁੜ ਕੇ ਆਪਣੇ ਘਰਾਂ ਨੂੰ ਵੇਖਦੇ ਜਾ ਰਹੇ ਸਨ। ਕਿੱਡੇ ਵੱਡੇ ਜ਼ੇਰੇ ਦੀ ਲੋੜ ਹੈ ਏਡੀ ਵੱਡੀ ਸੱਟ ਸਹਾਰਨ ਲਈ। ਇਸ ਦਾ ਅਨੁਮਾਨ ਉਹੋ ਲੋਕ ਲਾ ਸਕਦੇ ਹਨ ਜਿਨ੍ਹਾਂ ਦੇ ਸਿਰ ਬੀਤੀ ਹੋਵੇ। ਅੰਤ ਗੱਡੇ ਛੰਭ ਬੰਗਲੇ ਵਾਲੇ ਪੁੱਲ ਤੇ ਪੁੱਜ ਗਏ ਜਿੱਥੇ ਹੋਰਨਾਂ ਪਿੰਡਾਂ ਦੇ ਲੋਕ ਸਾਡੀ ਉਡੀਕ ਕਰ ਰਹੇ ਸਨ।

ਸੱਜਣੋਂ ਇੰਜ ਉਜੜੀ ਗੰਜੀਬਾਰ ਸ਼ਬਦ 'ਉਜੜੀ' ਕਹਿ ਦੇਣਾ ਜਾਂ ਲਿਖ ਦੇਣਾ ਸੌਖਾ ਹੈ, ਪਰ ਅੱਜ 45 ਵਰ੍ਹੇ ਬੀਤਣ ਪਿਛੋਂ ਵੀ ਇਸ ਉਜਾੜੇ ਨੂੰ ਯਾਦ ਕਰਕੇ ਦਿਲ ਨੂੰ ਕਾਬੂ ਵਿਚ ਰੱਖਣਾ ਕਿਸੇ ਮਹਾਨ ਸਾਧਕ ਦਾ ਹੀ ਕਰਤਬ ਹੋ ਸਕਦਾ ਹੈ। ਇਹ ਕਥਾ ਹੈ ਸਾਡੇ ਛਿਆਂ ਪਿੰਡਾਂ ਦੀ; ਹਰ ਇਲਾਕੇ ਦੀ, ਹਰ ਪਿੰਡ ਦੀ ਆਪਣੀ ਕਹਾਣੀ ਹੈ—ਅਫ਼ਸੋਸ ਕਿ ਜੋ ਕੁਝ ਸਿੱਖ ਕੌਮ ਦੇ ਸਿਰ ਬੀਤਿਆ ਸੀ, ਉਸ ਦਾ ਇਕ ਫ਼ੀਸਦੀ ਕਿਸੇ ਨੇ ਕਲਮਬੰਦ ਨਹੀਂ ਕੀਤਾ। ਮੈਂ ਵੀ ਕੁਝ ਛੱਡਿਆ ਹੈ ਸਿਰਫ਼ ਸਿਰ ਬੀਤੀ ਦਾ ਇਹ ਪ੍ਰਛਾਵਾਂ ਜਿਹਾ ਹੀ ਪੇਸ਼ ਕੀਤਾ ਹੈ।

..........ਤੇ ਕਾਫ਼ਲਾ ਤੁਰ ਪਿਆ

—ਡਾ. ਹਰਕੀਰਤ ਸਿੰਘ

ਛੰਭ ਬੰਗਲੇ ਵਾਲੇ ਪੁਲ ਦੇ ਦੁਹੀਂ ਪਾਸੀਂ ਦੂਰ-ਦੂਰ ਤਕ ਗੱਡਿਆਂ ਦੀਆਂ ਲਾਈਨਾਂ ਲੱਗੀਆਂ ਹੋਈਆਂ ਸਨ। ਹਰ ਪਿੰਡ ਦੇ ਮੁਹਤਬਰ ਬੰਦਿਆਂ ਨੂੰ ਸੱਦ ਕੇ ਤਸੱਲੀ ਕੀਤੀ ਗਈ ਕਿ ਉਨ੍ਹਾਂ ਦੇ ਪਿੰਡ ਦੇ ਸਾਰੇ ਹਿੰਦੂ, ਸਿੱਖ ਪਹੁੰਚ ਗਏ ਹਨ। ਹੁਣ ਫ਼ੌਜੀਆਂ ਨੇ ਇਨ੍ਹਾਂ ਜਿਉਂਦੀਆਂ ਲਾਸ਼ਾਂ ਦੇ ਕਾਫਲੇ ਨੂੰ ਕੋਈ ਥੋੜੀ ਬਹੁਤ ਤਰਤੀਬ ਦੇ ਕੇ ਚੱਲਣ ਦਾ ਹੁਕਮ ਦਿੱਤਾ,...ਤੇ ਕਾਫਲਾ ਤੁਰ ਪਿਆ; ਅਜਿਹੀ ਬੇਬਸੀ, ਲਾਚਾਰੀ ਤੇ ਆਜਜ਼ੀ ਦੀ ਹਾਲਤ ਵਿਚ, ਜਿਸ ਤਰ੍ਹਾਂ ਸਿਖਾਂ ਦਾ ਕਾਫਲਾ ਪਹਿਲਾਂ ਕਦੇ ਨਹੀਂ ਸੀ ਤੁਰਿਆ। ਅਫ਼ਸੋਸ, ਸਿੱਖ ਲੀਡਰਾਂ ਦੀ ਨਾ-ਅਹਿਲੀ ਕਾਰਨ ਤੇ ਦਿੱਲੀ ਦੇ ਨਵੇਂ ਹਾਕਮਾਂ ਦੀ ਧਰੋਹ-ਭਰੀ ਨੀਤੀ ਕਾਰਨ ਸ਼ੇਰਾਂ ਦੀ ਕੌਮ ਨੂੰ ਗਿੱਦੜਾਂ ਵਾਂਗ ਭੱਜਣ ਲਈ ਮਜਬੂਰ ਹੋਣਾ ਪਿਆ। ਅੱਜ (4 ਸਤੰਬਰ, 1947) ਤਕ ਪਾਕਿਸਤਾਨ ਬਣੇ ਨੂੰ ਵੀਹ ਦਿਨ ਹੋ ਗਏ ਸਨ; ਪਾਕਿਸਤਾਨ ਦਾ ਐਲਾਨ ਤਾਂ ਕਾਫ਼ੀ ਚਿਰ ਪਹਿਲਾਂ ਦਾ ਹੋ ਗਿਆ ਸੀ, ਤੇ ਕਤਲੋ-ਗਾਰਤ ਦੋਂਹ ਪਾਸੀਂ ਕਈ ਮਹੀਨੇ ਪਹਿਲਾਂ ਤੋਂ ਚੱਲ ਰਹੀ ਸੀ ਪਰ ਅਜੇ ਤਕ ਸਾਡੀ ਕੇਂਦਰੀ ਸਰਕਾਰ ਨੇ ਪਾਕਿਸਤਾਨ ਵਿਚ ਆਏ ਦੂਰ-ਦੁਰਾਡੇ ਇਲਾਕੇ ਵਿਚੋਂ ਹਿੰਦੂਆਂ, ਸਿੱਖਾਂ ਨੂੰ ਕੱਢ ਕੇ ਲਿਆਉਣ ਲਈ ਸੋਚਿਆ ਹੀ ਨਹੀਂ ਸੀ। ਸਾਡਾ ਇਲਾਕਾ ਬਚ ਕੇ ਨਿਕਲ ਆਇਆ ਤਾਂ ਕੈਪਟਨ ਬਰਕਤ ਸਿੰਘ

ਗਿਆ। ਇਹ ਮਾਲ ਗੱਡੀ ਸੀ ਜਿਸ ਦੇ ਡੱਬੇ ਥੋੜ੍ਹੇ ਸਨ ਤੇ ਕਾਫਲੇ ਦੀ ਗਿਣਤੀ ਬਹੁਤ ਜ਼ਿਆਦਾ ਸੀ। ਲੋਕਾਂ ਨੇ ਹੁਣ ਬੜੇ ਜ਼ਰੂਰੀ ਬਿਸਤਰੇ ਤੇ ਦੋ-ਦੋ, ਚਾਰ-ਚਾਰ ਭਾਂਡੇ ਚੁੱਕੇ, ਬਾਕੀ ਸਭ ਗੱਡਿਆਂ ਉਤੇ ਹੀ ਛੱਡ ਦਿੱਤਾ। ਜ਼ਨਾਨੀਆਂ, ਬੱਚੇ ਬੁੱਢੇ ਮਾਲ ਗੱਡੀ ਦੇ ਡੱਬਿਆਂ ਦੇ ਅੰਦਰ ਡੱਕ ਦਿੱਤੇ ਤੇ ਤਕਰੀਬਨ ਸਾਰੇ ਹੀ ਮਰਦ ਗੱਡੀ ਦੀ ਛੱਤ ਉਤੇ ਬੈਠੇ।

ਮੈਂ ਇਸ ਸਬੰਧ ਵਿਚ ਤਸੱਲੀਬਖਸ਼ ਜਾਣਕਾਰੀ ਪ੍ਰਾਪਤ ਨਹੀਂ ਕਰ ਸਕਿਆ ਕਿ ਗੱਡੀ ਵਿਚ ਬੈਠਣ ਦੀ ਰਾਇ ਕੈਪਟਨ ਬਰਕਤ ਸਿੰਘ ਨੇ ਦਿੱਤੀ ਜਾਂ ਲੋਕਾਂ ਨੇ ਖੁਦ ਆਪਣਾ ਸਭ ਕੁਝ ਛੱਡ ਕੇ ਗੱਡੀ ਉਤੇ ਬੈਠਣ ਦਾ ਫੈਸਲਾ ਕੀਤਾ। ਇਹ ਵੀ ਪੱਕਾ ਪਤਾ ਨਹੀਂ ਲੱਗ ਸਕਿਆ ਕਿ ਗੱਡੀ ਨਾਲ ਗਾਰਦ ਪਾਕਿਸਤਾਨੀ ਮੁਸਲਮਾਨਾਂ ਦੀ ਸੀ ਜਾਂ ਭਾਰਤੀ ਫੌਜ ਦੀ ਟੁਕੜੀ ਸੀ। ਕੋਈ ਦੱਸਦਾ ਹੈ ਕਿ ਗਾਰਦ ਪਠਾਣਾਂ ਦੀ ਸੀ। ਕੋਈ ਕਹਿੰਦਾ ਹੈ, ਇਹ ਗੋਰਖੇ (ਜਾਂ ਜਾਟ) ਸਨ। ਇਸ ਬਾਰੇ ਵੀ ਠੀਕ ਸੂਚਨਾ ਨਹੀਂ ਮਿਲ ਸਕੀ ਕਿ ਪਾਕਿਸਤਾਨੀ ਅਫਸਰਾਂ ਨੇ ਸਾਡੇ ਕਾਫਲੇ ਨੂੰ ਇਸ ਗੱਡੀ ਵਿਚ ਬੈਠਣ ਦੀ ਆਗਿਆ ਕਿਵੇਂ ਦਿੱਤੀ।

ਗੱਡੀ 6 ਸਤੰਬਰ ਨੂੰ ਸਵੇਰੇ ਬੂਰੇਵਾਲਾ ਤੋਂ ਚੱਲੀ ਤੇ ਅਗਲੇ ਸਟੇਸ਼ਨ ਪਾਕਪਟਨ ਤੇ ਜਾ ਕੇ ਰੁਕੀ। ਇਥੇ ਪਾਕਿਸਤਾਨੀ ਪੁਲੀਸ ਨੇ ਗੱਡੀ ਤੇ ਸਵਾਰ ਲੋਕਾਂ ਤੋਂ ਸਾਰੇ ਹਥਿਆਰ ਲੈ ਲਏ-ਕਿਰਪਾਨਾਂ, ਲਾਠੀਆਂ, ਇਥੋਂ ਤਕ ਕਿ ਕਿਸੇ ਬੁੱਢੇ ਕੋਲ ਸਹਾਰੇ ਲਈ ਫੜਨ ਵਾਲੀ ਖੂੰਡੀ ਵੀ ਨਾ ਰਹਿਣ ਦਿੱਤੀ। ਗੱਡੀ ਦੇ ਦੋਹੀਂ ਪਾਸੀਂ ਮੁਸਲਮਾਨ ਹਜੂਮ ਵੀ ਜਮ੍ਹਾਂ ਹੋ ਰਿਹਾ ਸੀ। ਹੁਣ ਇਸ ਕਾਫਲੇ ਵਾਲਿਆਂ ਨੂੰ ਜਾਪਣ ਲੱਗ ਪਿਆ ਕਿ ਇਥੋਂ ਬਚਾਉਣ ਵਾਲਾ ਸਿਰਫ ਪ੍ਰਮਾਤਮਾ ਹੀ ਹੈ। ਆਪਣੇ ਫੌਜੀ ਤਾਂ ਕਾਫਲੇ ਨੂੰ ਗੱਡੀ 'ਤੇ ਬੈਠਾ ਕੇ ਲਾਹੌਰ ਨੂੰ ਚਲੇ ਗਏ ਸਨ। ਇਹ ਕਾਫਲਾ ਹੁਣ ਗੱਡੀ ਵਾਲੀ ਗਾਰਦ ਦੇ ਹਵਾਲੇ ਸੀ ਅਤੇ ਗਾਰਦ ਨੇ ਆਪਣਾ ਫਰਜ਼ ਬੜੀ ਇਮਾਨਦਾਰੀ ਤੇ ਬਹਾਦਰੀ ਨਾਲ ਨਿਭਾਇਆ। ਹਜੂਮ ਵੱਲ ਨੂੰ ਹਵਾਈ ਫਾਇਰ ਵੀ ਕੀਤੇ। ਇਕ ਆਦਮੀ ਟੈਂਕੀ ਵਿਚੋਂ ਆਉਂਦਾ ਪਾਣੀ ਬੰਦ ਕਰਨ ਲਈ ਟੈਂਕੀ ਤੇ ਚੜ੍ਹ ਰਿਹਾ ਸੀ, ਉਸ ਉਤੇ ਵੀ ਫਾਇਰ ਕੀਤਾ। ਗੱਡੀ ਦਾ ਡਰਾਈਵਰ ਗੱਡੀ ਨਾ ਚਲਾਵੇ, ਉਸ ਨੂੰ ਬੰਦੂਕ ਦੀ ਨੋਕ 'ਤੇ ਗੱਡੀ ਚਲਾਉਣ ਲਈ ਮਜਬੂਰ ਕੀਤਾ। ਗੱਡੀ ਚੱਲੀ, ਪਰ ਬੜੀ ਹੌਲੀ-ਹੌਲੀ ਰਾਹ ਵਿਚ ਛੋਟੇ-ਛੋਟੇ ਸਟੇਸ਼ਨਾਂ ਉਤੇ ਬਿਨਾਂ ਲੋੜ ਹੀ ਰੁਕਦੀ ਰਹੀ। ਗਾਰਦ ਨੂੰ ਇਕ-ਦੋਂਹ ਥਾਈਂ ਭੜਕੇ ਹੋਏ ਮੁਸਲਿਮ ਹਜੂਮ ਉਤੇ ਹਵਾਈ ਫਾਇਰ ਕਰਨੇ ਪਏ। ਅੰਤ ਤਿੰਨ ਘੰਟਿਆਂ ਦਾ ਸਫਰ ਬਾਰਾਂ, ਤੇਰਾਂ ਘੰਟਿਆਂ ਵਿਚ ਮੁਕਾ ਕੇ ਇਹ ਟਰੇਨ ਰਾਤ ਦੇ ਸੱਤ ਵਜੇ ਦੇ ਕਰੀਬ ਕਸੂਰ ਪਹੁੰਚੀ। ਕਸੂਰ ਪਹੁੰਚ ਕੇ ਇਹ ਕਾਫਲਾ ਗੱਡੀ ਤੋਂ ਲਾਹ ਦਿੱਤਾ ਗਿਆ ਅਤੇ ਬਾਕੀ ਰਾਤ ਇਨ੍ਹਾਂ ਸਹਿਮੇ ਹੋਏ, ਅਧਮੋਏ ਲੋਕਾਂ ਨੇ ਸਟੇਸ਼ਨ ਤੇ ਕੱਟੀ। ਮਹੌਲ ਬੜਾ ਖੌਫਨਾਕ ਸੀ। ਏਸੇ ਦਿਨ ਸਵੇਰੇ ਭਾਰਤ ਵਿਚੋਂ ਇਕ ਮੁਸਲਮਾਨਾਂ ਦੀ ਕੱਟੀ-ਵੱਢੀ ਗੱਡੀ ਆਈ ਸੀ, ਜਿਸ ਕਾਰਨ ਇਧਰ ਦੇ ਲੋਕ ਬੜੇ ਭੜਕੇ ਹੋਏ ਸਨ। ਪਾਕਿਸਤਾਨੀ ਪੁਲੀਸ ਇਸ ਸਿੱਖਾਂ, ਹਿੰਦੂਆਂ ਉਤੇ ਗੋਲੀ ਚਲਾਉਣ ਦਾ ਕੋਈ ਬਹਾਨਾ ਲੱਭ ਰਹੀ ਸੀ। ਲੋਕ ਨੇੜੇ ਪੈਂਦੇ ਇਕ ਨਲਕੇ ਤੋਂ ਮਸਾਂ ਬੁਲ੍ਹ ਗਿੱਲੇ ਕਰਨ ਜੋਗਾ ਪਾਣੀ ਲੈਂਦੇ ਰਹੇ, ਕਿਸੇ ਦਾ ਦੂਰ ਵਗਦੇ ਨਲਕਿਆਂ ਤੱਕ ਪਾਣੀ ਲੈਣ ਜਾਣ ਦਾ ਹੌਸਲਾ ਨਹੀਂ ਸੀ ਪੈਂਦਾ।

ਕਸੂਰ ਦੇ ਸਟੇਸ਼ਨ ਮਾਸਟਰ ਨੇ ਏਨੀ ਮਿਹਰਬਾਨੀ ਕੀਤੀ ਕਿ ਦੂਜੇ ਪਾਸੇ ਫਿਰੋਜ਼ਪੁਰ ਦੇ ਰੇਲਵੇ ਅਧਿਕਾਰੀਆਂ ਨੂੰ ਟੈਲੀਫੋਨ ਕਰ ਦਿੱਤਾ ਜੋ ਤੁਹਾਡਾ ਇਕ ਬਹੁਤ ਵੱਡਾ ਕਾਫਲਾ ਇਥੇ ਬੈਠਾ ਹੈ, ਸਵੇਰੇ ਆਪਣੀ ਟਰੇਨ ਭੇਜ ਕੇ ਉਨ੍ਹਾਂ ਨੂੰ ਲੈ ਜਾਓ। ਅਗਲੀ ਸਵੇਰ ਬੜੀ ਲੰਬੀ ਟਰੇਨ ਗਈ ਜਿਸ ਨਾਲ ਦੋ ਇੰਜਨ ਲੱਗੇ ਹੋਏ ਸਨ। ਪੂਰਾ ਕਾਫਲਾ ਸੁਖਾਲਾ ਹੀ ਇਸ ਵਿਚ ਸਮਾ ਗਿਆ। ਜਦੋਂ ਸਤਲੁਜ ਦਰਿਆ ਪਾਰ ਕਰ ਕੇ ਇਹ ਟਰੇਨ ਨਵੇਂ ਬਣੇ ਭਾਰਤ ਵਿਚ ਦਾਖਲ ਹੋਈ ਤਾਂ ਇਧਰ ਖੜੇ ਲੋਕਾਂ ਨੇ ਜੈਕਾਰਿਆਂ ਨਾਲ ਇਨ੍ਹਾਂ ਦਾ ਸਵਾਗਤ ਕੀਤਾ। ਅੱਗੋਂ ਬੈਠੇ ਲੋਕਾਂ ਨੇ ਜੈਕਾਰੇ ਛੱਡੇ, ਪਰ ਇਨ੍ਹਾਂ ਜੈਕਾਰਿਆਂ ਵਿਚ ਜੋਸ਼ ਤਾਂ ਕੀ ਹੋਣਾ ਸੀ, ਜਾਨ ਵੀ ਨਹੀਂ ਸੀ; ਇਹ ਜੈਕਾਰੇ ਨਹੀਂ ਸਨ, ਆਪਣੇ ਲੀਡਰਾਂ ਦੀ ਅਕਲ ਨੂੰ ਰੋਂਦੇ ਲੋਕਾਂ ਦੇ ਹੌਕੇ ਸਨ। ਉਨ੍ਹਾਂ ਲੋਕਾਂ ਦੇ ਹੌਕੇ ਜੋ ਆਪਣਾ ਘਰ-ਬਾਰ ਹੀ ਨਹੀਂ ਸਗੋਂ ਆਪਣੀ ਅਣਖ ਵੀ ਗਵਾ ਕੇ ਆਏ ਸਨ। ਇਸ ਇਲਾਕੇ ਦੇ ਲੋਕਾਂ ਨੇ ਆਪਣੇ ਵਿੱਤ ਦੇ ਅਨੁਸਾਰ ਕਾਫਲੇ ਦੀ ਚੰਗੀ ਸੇਵਾ ਕੀਤੀ, ਗੱਡੀ ਇਕ ਥਾਂ ਰੋਕ ਕੇ (ਸ਼ਾਇਦ 'ਹੁਸੈਨੀਵਾਲਾ' ਰੇਲਵੇ ਸਟੇਸ਼ਨ ਉਤੇ) ਗੱਡੀ ਵਿਚ ਬੈਠੇ ਲੋਕਾਂ ਨੂੰ ਰੋਟੀ, ਪਾਣੀ ਅਤੇ ਬਚਿਆਂ ਲਈ ਦੁੱਧ ਤੱਕ ਪਹੁੰਚਾਇਆ। ਫਿਰੋਜ਼ਪੁਰ ਸਟੇਸ਼ਨ ਤੇ ਲੋਕਾਂ ਨੂੰ ਕੈਂਪ ਵਿਚ ਲਿਜਾਇਆ ਗਿਆ। ਕੈਂਪ ਦਾ ਮੰਦਾ ਹਾਲ ਸੀ। ਸਰਕਾਰੀ ਮਸ਼ੀਨਰੀ ਅਜਿਹੇ ਹਾਲਾਤ ਨੂੰ ਸੰਭਾਲਣ ਲਈ ਤਿਆਰ ਨਹੀਂ ਸੀ, ਨਾ ਹੀ ਉਨ੍ਹਾਂ ਕੋਲ ਏਨੇ ਸਾਧਨ ਸਨ। ਉਪਰੰਤ ਪੰਜਾਬ ਵਿਚ ਤਾਂ ਅਜੇ ਕੋਈ ਸਰਕਾਰ ਹੀ ਨਹੀਂ ਸੀ ਤੇ ਕੇਂਦਰ ਸਰਕਾਰ ਦਾ ਇਧਰ ਕੋਈ ਧਿਆਨ ਹੀ ਨਹੀਂ ਸੀ। ਸਭ ਤੋਂ ਚੰਗਾ ਹੱਲ ਤਾਂ ਇਹ ਸੀ ਕਿ ਪੰਜਾਬ ਨੂੰ ਫੌਜ ਦੇ ਹਵਾਲੇ ਕਰ ਦਿੱਤਾ ਜਾਂਦਾ। ਫੌਜ ਪੰਜਾਬ ਦੀ ਪੂਰੀ ਸਥਿਤੀ ਨੂੰ, ਸਿਵਲ ਅਧਿਕਾਰੀਆਂ ਦੇ ਮੁਕਾਬਲੇ, ਬਹੁਤ ਚੰਗੀ ਤਰ੍ਹਾਂ ਸੰਭਾਲ ਸਕਦੀ ਸੀ; ਕੈਂਪ ਵੀ ਜੇ ਫੌਜ ਦੇ ਅਧੀਨ ਹੁੰਦੇ ਤਾਂ ਇਨ੍ਹਾਂ ਦੀ ਏਨੀ ਭੈੜੀ ਦਸ਼ਾ ਨਾ ਹੁੰਦੀ।

ਫਿਰੋਜ਼ਪੁਰ ਕੈਂਪ ਵਿਚ ਹੈਜ਼ਾ ਪਿਆ ਹੋਇਆ ਸੀ; ਨਮੂਨੀਏ ਨਾਲ ਵੀ ਮੌਤਾਂ ਹੋ ਰਹੀਆਂ ਸਨ। ਡਾਕਟਰੀ ਸਹੂਲਤਾਂ ਨਾ ਹੋਣ ਦੇ ਬਰਾਬਰ ਸਨ; ਦਵਾਈਆਂ ਤਾਂ ਮਿਲ ਹੀ ਨਹੀਂ ਸਨ ਰਹੀਆਂ। ਇਥੇ ਸਿਰ ਲਕਾਉਣ ਲਈ ਵੀ ਥਾਂ ਨਹੀਂ ਸੀ। ਸਾਡੇ ਕਾਫਲੇ ਵਿਚੋਂ ਵੀ ਘਟੋ ਘਟ ਇਕ ਬੀਬੀ ਹੈਜ਼ੇ ਨਾਲ ਮਰੀ (ਮੇਰੀ ਘਰ ਵਾਲੀ ਦੇ ਤਾਏ ਦੀ ਧੀ, ਬੀਬੀ ਮਹਿੰਦਰ ਕੌਰ) ਤੇ ਦੋ ਬੱਚੇ ਨਮੂਨੀਏ ਦਾ ਸ਼ਿਕਾਰ ਹੋਏ।

ਉਹ ਲੰਮੀਆਂ 2 ਮੰਜ਼ਲਾਂ ਉਲਾਘਣ ਦੇ ਆਦੀ ਸਨ, ਪਰ ਅਜਿਹੇ ਲੰਮੇ ਪੈਂਡੇ ਉਦੋਂ ਕੀਤੇ ਗਏ ਸਨ, ਜਦੋਂ ਸ਼ਰੀਰ ਹੀ ਨਹੀਂ ਦਿਲ ਵੀ ਜਿਊਂਦਾ ਸੀ;
ਇਸ ਵੇਲੇ ਸਰੀਰ ਹੀ ਹਿਲਜੁਲ ਰਿਹਾ ਸੀ, ਦਿਲ ਸਾਹ-ਸਤ ਗੁਆ ਚੁੱਕਾ ਸੀ, ਏਸੇ ਲਈ ਮੈਂ ਇਨ੍ਹਾਂ ਨੂੰ ਜਿਊਂਦੀਆਂ ਲਾਸ਼ਾਂ ਕਿਹਾ ਹੈ। ਇਹ
ਇਹ ਮੁਰਦੇਹਾਣ, ਇਹ ਕਬਰਾਂ ਵਿਚੋਂ ਉਗਮੀ ਜ਼ਿੰਦਗੀ ਰਿੜ੍ਹਦੀ ਜਾ ਰਹੀ ਸੀ, ਜਿਵੇਂ ਕੋਈ ਗੈਬੀ ਤਾਕਤ ਇਸ ਨੂੰ ਧੱਕੇ ਮਾਰ-ਮਾਰ ਕੇ ਰੇੜ੍ਹ ਰਹੀ
ਹੋਵੇ; ਜਿਵੇਂ ਮੌਤ ਇਨ੍ਹਾਂ ਮੁਸਾਫਰਾਂ ਨੂੰ [ਝੰਜੋੜ-ਝੰਜੋੜ ਕੇ ਆਖ ਰਹੀ ਹੋਵੇ, "ਜਾਓ, ਅਤੇ ਮੈਨੂੰ ਤੁਹਾਡੀ ਲੋੜ ਨਹੀਂ, ਜਾਓ ਕੁਝ ਚਿਰ ਹੋਰ ਇਸ
ਜ਼ਿੰਦਗੀ ਦਾ ਸਿਆਪਾ ਕਰ ਲਵੋ।" ਸੱਤਰ-ਪਝੰਤਰ ਸਾਲ ਦੇ ਬੁੱਢੇ ਹੱਥਾਂ ਵਿਚ ਡੰਗੋਰੀਆਂ ਫੜੀ ਡਿਗਦੇ-ਡੋਲਦੇ ਜਾ ਰਹੇ ਸਨ। ਅਧਖੜ ਤੀਵੀਆਂ
ਬੱਚੇ ਕੰਧਾੜੇ ਮਾਰੀ ਤੇ ਸਿਰਾਂ 'ਤੇ ਪੋਟਲੀਆਂ ਚੁੱਕੀ ਲੱਤਾਂ ਧੂਹੰਦੀਆਂ ਜਾ ਰਹੀਆਂ ਸਨ; ਦਸ-ਦਸ, ਗਿਆਰਾਂ-ਗਿਆਰਾਂ ਵਰ੍ਹਿਆਂ ਦੇ ਬੱਚਿਆਂ ਨੂੰ ਅੱਜ
ਕੋਈ ਉਂਗਲੀ ਵੀ ਫੜਨ ਲਈ ਨਹੀਂ ਸੀ ਲੱਭਦੀ।

ਪਸ਼ੂਆਂ ਦੇ ਖੁਰਾਂ ਨਾਲ, ਗੱਡਿਆਂ ਦੇ ਪਹੀਆਂ ਨਾਲ ਤੇ ਪੈਦਲ ਚੱਲਣ ਵਾਲਿਆਂ ਦੇ ਪੈਰਾਂ ਨਾਲ ਕੱਚੀ ਸੜਕ ਉਤੇ ਧੂੜ ਦੇ ਬੱਦਲ
ਉਠ ਰਹੇ ਸਨ। ਛੇਤੀ ਹੀ ਸਾਰਿਆਂ ਦਾ ਮੂੰਹ-ਸਿਰ ਘੱਟੇ ਨਾਲ ਲਿੰਬਿਆ ਗਿਆ, ਚਿਹਰੇ ਪਛਾਨਣੇ ਔਖੇ ਹੋ ਰਹੇ ਸਨ। ਫੌਜੀਆਂ ਦੀ ਜੀਪ ਅੱਗੇ, ਪਿੱਛੇ
ਚੱਕਰ ਕੱਟ ਕੇ ਛੇਤੀ ਚੱਲਣ ਦੀ ਤਾਕੀਦ ਕਰ ਰਹੀ ਸੀ ਕਿਉਂਕਿ ਅੱਜ ਤ੍ਰਿਕਾਲਾਂ ਤਕ ਵਿਹਾੜੀ ਪੁੱਜਣਾ ਸੀ, ਤਕਰੀਬਨ ਵੀਹ ਮੀਲ ਪੈਂਡਾ ਮਾਰ ਕੇ।
ਉਹ ਹਉਕੇ ਭਰਦੇ, ਹੰਝੂ ਸੁੱਟਦੇ ਡਿਗਦੇ-ਢਹਿੰਦੇ ਬੱਚਿਆਂ, ਬੁੱਢਿਆਂ ਨੂੰ ਸਹਾਰਾ ਦਿੰਦੇ ਵਾਹੋਦਾਹੀ ਚਲੇ ਜਾ ਰਹੇ ਸਨ।

ਏਥੇ ਇਕ ਘਟਨਾ ਵਾਪਰੀ ਜੋ ਸਾਡੇ ਟੱਬਰ ਲਈ ਇਸ ਮੰਜ਼ਲ ਦੀ ਸਭ ਤੋਂ ਭਿਆਨਕ ਘਟਨਾ ਹੈ। ਮੈਂ ਪਿੱਛੇ ਦੱਸ ਆਇਆ ਹਾਂ
ਕਿ ਸਾਡੇ ਗੱਡੇ ਨਾਲ ਚਾਚਾ ਦਲੀਪ ਸਿੰਘ ਤੇ ਮੇਰਾ ਭਰਾ ਜਸਵੰਤ ਸਿੰਘ ਸਨ ਅਤੇ ਵਿਚ ਲਿਟਾਈ ਹੋਈ ਸੀ ਇਸ ਕਾਫਲੇ ਦੀ ਸਭ ਤੋਂ ਬਜ਼ੁਰਗ ਮਾਈ
ਮਾਤਾ ਇੰਦੋ। ਮੇਰੀ ਭੈਣ ਬੀਬੀ ਵੰਤੀ ਨੇ ਦਸਿਆ ਹੈ ਕਿ ਵਿਹਾੜੀ ਤਕ ਸਾਡੇ ਮਾਂ ਜੀ ਵੀ ਏਸੇ ਗੱਡੇ ਵਿਚ ਸਨ। ਬਾਕੀ ਸਾਰਿਆਂ ਵਾਂਗ ਸਾਡੇ ਟੱਬਰ
ਦੇ ਜੀਅ ਵੀ ਹਉਕੇ ਭਰਦੇ ਜਾ ਰਹੇ ਸਨ। ਕਿਸੇ ਨੂੰ ਕਿਸੇ ਦੂਜੇ ਦੀ ਤਾਂ ਕੀ ਆਪਣੇ ਆਪ ਦੀ ਸੁੱਧ ਵੀ ਨਹੀਂ ਸੀ। ਅਚਾਨਕ ਕਿਸੇ ਨੂੰ ਬੁੱਢੀ ਮਾਂ ਜੀ
ਦਾ ਖਿਆਲ ਆਇਆ। ਜਦੋਂ ਉਨ੍ਹਾਂ ਨੂੰ ਟੋਹਿਆ ਤਾਂ ਉਨ੍ਹਾਂ ਦਾ ਸਿਰਫ ਸਰੀਰ ਹੀ ਗੱਡੇ ਵਿਚ ਪਿਆ ਸੀ, ਪ੍ਰਾਣ-ਪੰਖੇਰੂ ਉਡਾਰੀ ਮਾਰ ਚੁਕੇ ਸਨ।
ਮਾਂ ਜੀ ਦੀ ਆਤਮਾ ਗੰਜੀਬਾਰ ਦੀ ਜੂਹ ਵਿਚ ਹੀ ਸਰੀਰ ਨੂੰ ਅਲਵਿਦਾ ਕਹਿ ਗਈ ਸੀ। ਹੁਣ ਕੀ ਕੀਤਾ ਜਾਵੇ ? ਏਥੇ ਆਪੋ-ਧਾਪੀ ਪਈ ਹੋਈ ਸੀ।
ਕਿਸ ਨੂੰ ਵਿਹਲ ਸੀ ਮਾਂ ਜੀ ਦੀ ਦੇਹ ਨੂੰ ਅੰਤਿਮ ਇਸ਼ਨਾਨ ਕਰਾਉਣ ਦੀ, ਸਿਵਾ ਤਿਆਰ ਕਰਨ ਦੀ, ਅਰਦਾਸ ਕਰਨ ਦੀ। ਦੋਂਹ-ਤਿੰਨਾਂ ਹੋਰ
ਪਰਿਵਾਰ ਨਾਲ ਗੱਲ ਕਰਕੇ ਅੰਤ ਮਾਂ ਜੀ ਦੀ ਦੇਹ ਨੂੰ ਗਲ ਵਾਲੇ ਕਪੜਿਆਂ ਵਿਚ ਹੀ ਵਲੇਟਿਆ ਗਿਆ। ਬਿਨਾਂ ਅਰਦਾਸਾ ਸੋਧੇ, ਬਿਨਾਂ ਕਿਸੇ
ਰਸਮੋ-ਰਿਵਾਜ ਦੇ ਚਾਚੇ ਦਲੀਪ ਸਿੰਘ, ਜਸਵੰਤ ਸਿੰਘ ਤੇ ਹੌਲਦਾਰ ਕੇਸਰ ਸਿੰਘ ਨੇ ਮਾਂ ਜੀ ਦੀ ਦੇਹ ਨੂੰ ਗੱਡੇ ਤੋਂ ਚੁੱਕਿਆਂ ਤੇ ਵਿਹਾੜੀ ਵਾਲੀ
ਨਹਿਰ ਵਿਚ ਜਲ-ਪ੍ਰਵਾਹ ਕਰ ਦਿੱਤਾ। ਇਹ ਸਾਰਾ ਹਸ਼ਰ ਹੋਇਆ ਚੱਕ ਨੰਬਰ 79 ਦੀ ਸਾਂਝੀ ਮਾਤਾ ਦਾ। ਜਿਸ ਮਾਤਾ ਨੇ ਚੱਕ 79 ਦੇ ਪਹਿਲੇ
ਚੁੱਲ੍ਹੇ ਵਿਚ ਅੱਗ ਬਾਲੀ, ਜਿਸ ਨੇ ਪਿੰਡ ਵਿਚ ਆਉਣ ਵਾਲੇ ਕਈ ਨਵੇਂ ਟੱਬਰ ਧਰਵਾਸ ਦੇ-ਦੇ ਕੇ, ਘਰੋਂ ਆਟਾ, ਗੁੜ-ਸੱਕਰ, ਦੁੱਧ-ਘਿਓ ਦੇ ਦੇ
ਕੇ ਵਸਾਏ ਸਨ, ਅੱਜ ਉਸ ਨੂੰ ਖੱਫਣ ਵੀ ਨਸੀਬ ਨਾ ਹੋਇਆ। ਜਿਸ ਮਾਤਾ ਦੇ ਹੱਥਾਂ ਦੀਆਂ ਪੱਕੀਆਂ ਅੱਧੇ ਪਿੰਡ ਨੇ ਖਾਧੀਆਂ ਸਨ, ਅੱਜ ਉਸ ਦੀ
ਦੇਹ ਨੂੰ ਵੀ ਸਹਾਰਾ ਦੇਣ ਵਾਲਾ ਚੌਥਾ ਬੰਦਾ ਵੀ ਕੋਈ ਨਾ ਲੱਭਾ। ਹੁਣ ਜਦੋਂ ਮਾਤਾ ਇੰਦੋ ਦੇ ਪੋਤਰੇ, ਪੜਪੋਤਰੇ ਸਾਰੇ ਹੀ ਬੜੇ ਸੌਖੇ ਵੱਸ ਰਹੇ
ਹਨ, ਅਜੇ ਤਕ ਸਾਡੇ ਪਰਿਵਾਰ ਨੇ ਇਸ ਪਰਿਵਾਰ ਨੂੰ ਪ੍ਰਵਾਨ ਚੜ੍ਹਾਉਣ ਵਾਲੀ ਮਾਤਾ ਦੇ ਨਾਮ ਦਾ ਪਾਠ ਵੀ ਨਹੀਂ ਕਰਵਾਇਆ। ਇਹ ਸਾਡੇ
ਟੱਬਰ ਦੇ ਨਾਂ 'ਤੇ ਇਕ ਕਲੰਕ ਹੈ।

ਤਿਕਾਲਾਂ ਨੂੰ ਇਹ ਕਾਫਲਾ ਵਿਹਾੜੀ ਪਹੁੰਚ ਗਿਆ। ਪਹਿਲੀ ਮੰਜ਼ਲ ਵਿਚ ਹੀ ਦੋ ਗੱਡੇ ਟੁੱਟ ਗਏ ਕਿਉਂਕਿ ਬਿਨਾਂ ਮੁਨਾਸਬ ਤਿਆਰੀ
ਤੋਂ, ਬਿਨਾਂ ਜ਼ਰੂਰੀ ਮੁਰੰਮਤ ਤੋਂ ਅਚਾਨਕ ਤੁਰਨਾ ਪਿਆ ਸੀ। ਇਨ੍ਹਾਂ ਦੋਂਹ ਗੱਡਿਆਂ ਵਾਲਿਆਂ ਨੇ ਹੁਣ ਘਰ ਦਾ ਬਹੁਤ ਹੀ ਜ਼ਰੂਰੀ ਸਾਮਾਨ ਦੂਜਿਆਂ
ਗੱਡਿਆਂ ਤੇ ਰੱਖਿਆਂ, ਬਾਕੀ ਸਭ ਕੁਝ ਰਾਹ ਵਿਚ ਹੀ ਸੁੱਟ ਦਿੱਤਾ। ਇਕ ਘਰ ਨੇ ਆਪਣੀ ਕਪੜੇ ਸਿਊਣ ਵਾਲੀ ਮਸ਼ੀਨ ਵੀ ਏਥੇ ਸੁੱਟ ਦਿੱਤੀ —
ਇਹ ਮਸ਼ੀਨ ਉਨ੍ਹੀਂ ਦਿਨੀ ਬੜੀ ਦੁਰਲੱਭ ਵਸਤੂ ਸੀ।

ਦੂਸਰੇ ਦਿਨ ਸਵੇਰੇ ਇਹ ਕਾਫਲਾ ਬੂਰੇਵਾਲੇ ਪਹੁੰਚਣ ਲਈ ਰਵਾਨਾ ਹੋਇਆ। ਹੁਣ ਸਫਰ ਪੱਕੀ ਸੜਕ ਦਾ ਸੀ ਪਰ ਏਥੇ ਕਾਫਲੇ
ਦੀ ਗਿਣਤੀ ਹੋਰ ਵੀ ਵਧ ਗਈ ਸੀ। ਫੌਜੀਆਂ ਦੀ ਇਸ ਛੋਟੀ ਜਿਹੀ ਟੁਕੜੀ ਲਈ ਉਜੜੇ-ਪੁਜੜੇ ਤੇ ਸਾਹ-ਸਤਹੀਣ ਲੋਕਾਂ ਨੂੰ ਏਨਾ ਲੰਮਾ ਫਾਸਲਾ
ਬਚਾ ਕੇ ਲੈ ਜਾਣਾ ਕਾਫੀ ਕਠਿਨ ਸਮੱਸਿਆ ਸੀ। ਬੂਰੇਵਾਲ ਤਕ ਪਹੁੰਚਦਿਆਂ ਇਕ ਜਾਂ ਦੋ ਗੱਡੇ ਹੋਰ ਟੁੱਟੇ। ਪੈਦਲ ਤੁਰਨ ਵਾਲਿਆਂ ਵਿਚੋਂ ਕਈਆਂ
ਦੇ ਪੈਰ ਸੁੱਜ ਗਏ, ਕਈ ਬੁੱਢੇ ਸਰੀਰ ਬਿਲਕੁਲ ਹਿੰਮਤ ਹਾਰ ਗਏ। ਏਥੇ ਪੁੱਜ ਕੇ ਇਹ ਵੀ ਪਤਾ ਲਗ ਗਿਆ ਕਿ ਅਗਲਾ ਸਫਰ ਖਤਰੇ ਤੋਂ ਖਾਲੀ
ਨਹੀਂ ਕਿਉਂਕਿ ਅਗਲੇ ਇਲਾਕੇ ਵਿਚ ਭਾਰਤੀ ਪੰਜਾਬ ਵਿਚੋਂ ਮਾਰ ਖਾ ਕੇ ਆਏ ਮੁਸਲਮਾਨ ਪਹੁੰਚੇ ਹੋਏ ਸਨ। ਬੂਰੇਵਾਲਾ ਰੇਲਵੇ ਸਟੇਸ਼ਨ 'ਤੇ ਏਸੇ
ਦਿਨ ਸਵੇਰੇ ਮਹਾਜਰੀਨ ਦੀ ਇਕ ਟਰੇਨ ਫਿਰੋਜ਼ਪੁਰ ਵਲੋਂ ਆਈ ਸੀ। ਇਹ ਟਰੇਨ ਅਜੇ ਸਟੇਸ਼ਨ ਤੇ ਹੀ ਖੜ੍ਹੀ ਸੀ ਪਰ ਲੋਕ ਵਿਚੋਂ ਉਤਰ ਕੇ ਲਾਗ-
ਚਾਗ ਦੇ ਪਿੰਡਾਂ ਵਿਚ ਜਾ ਵੜੇ ਸਨ। ਇਹ ਗੱਡੀ ਏਥੋਂ ਵਾਪਸ ਜਾਣੀ ਸੀ। ਏਥੇ ਇਹ ਸਾਰਾ ਕਾਫਲਾ ਆਪਣੇ ਗੱਡੇ ਛੱਡ ਕੇ ਇਸ ਗੱਡੀ ਵਿਚ ਬੈਠ

ਸਨ। ਨਨਕਾਣਾ ਸਾਹਿਬ ਦੇ ਸ਼ਹੀਦੀ ਜਥੇ ਦਾ ਜਥੇਦਾਰ ਸ਼ਹੀਦ ਭਾਈ ਲਛਮਣ ਸਿੰਘ ਧਾਰੋਵਾਲੀ, ਸ: ਤੇਜਾ ਸਿੰਘ ਸਮੁੰਦਰੀ, ਸ਼ਹੀਦ ਸ. ਭਗਤ ਸਿੰਘ ਤੇ ਉਨ੍ਹਾਂ ਦੇ ਚਾਚਾ ਜੀ ਸ: ਅਜੀਤ ਸਿੰਘ ਸਭ ਸਾਂਦਲਬਾਰ ਦੇ ਵਸਨੀਕ ਸਨ। ਇਹ ਬਾਰ ਪਿਛਲੀ ਸਦੀ ਦੇ ਅੰਖੀਰੀ ਦਹਾਕੇ ਵਿਚ ਆਬਾਦ ਹੋਈ। ਇਸ ਨੂੰ ਨਹਿਰ 'ਲੋਇਰ ਚਨਾਬ' ਦਾ ਪਾਣੀ ਪੈਂਦਾ ਸੀ।

'ਕਿਰਾਨਾ ਬਾਰ' ਵਿਚ ਜ਼ਿਲ੍ਹਾ ਸਰਗੋਧਾ ਦਾ ਇਲਾਕਾ ਆਉਂਦਾ ਸੀ, ਜਿਸ ਦਾ ਪੁਰਾਣਾ ਨਾਂ ਸ਼ਾਹਪੁਰ ਸੀ ਤੇ ਸ਼ਾਇਦ ਹੁਣ ਵੀ ਸ਼ਾਹਪੁਰ ਬਣਾ ਦਿੱਤਾ ਗਿਆ ਹੈ। ਇਹ ਦਰਿਆ ਝਨਾਂ ਤੇ ਜਿਹਲਮ ਦੇ ਵਿਚਾਲੇ ਪੈਂਦੀ ਸੀ ਅਤੇ "ਚੱਜ ਦੁਆਬ" ਦਾ ਇਕ ਹਿੱਸਾ ਸੀ। ਕਿਰਾਨਾ ਇਕ ਪਹਾੜੀ ਦਾ ਨਾਮ ਹੈ ਜਿਸ ਤੋਂ ਇਸ ਬਾਰ ਦਾ ਨਾਮ ਵੀ 'ਕਰਾਨਾ ਬਾਰ' ਪੈ ਗਿਆ। ਇਸ ਬਾਰ ਵਿਚ ਵਧੇਰੇ ਘੋੜੀ-ਪਾਲ ਮੁਰੱਬੇ ਦਿੱਤੇ ਗਏ ਸਨ। ਫੌਜ ਦੇ ਰਿਸਾਲਿਆਂ ਵਾਸਤੇ ਚੰਗੀ ਨਸਲ ਦੇ ਘੋੜਿਆਂ ਦੀ ਲੋੜ ਸੀ। ਇਕ ਜ਼ਿਮੀਂਦਾਰ ਨੂੰ ਦੋ ਮੁਰੱਬੇ ਦਿੱਤੇ ਜਾਂਦੇ ਸਨ ਤੇ ਨਾਲ ਉਸ ਨੂੰ ਇਕ ਘੋੜੀ ਰੱਖਣੀ ਪੈਂਦੀ ਸੀ, ਜੋ ਘੋੜੀ-ਪਾਲ ਮਹਿਕਮੇ ਦੇ ਅਫ਼ਸਰ ਖਰੀਦ ਕੇ ਦਿੰਦੇ ਸਨ, ਕੀਮਤ ਜ਼ਿਮੀਂਦਾਰ ਨੂੰ ਦੇਣੀ ਪੈਂਦੀ ਸੀ। ਇਨ੍ਹਾਂ ਘੋੜੀਆਂ ਦੀ ਸੰਭਾਲ ਤੇ ਪਰਵਰਿਸ਼ ਲਈ ਉਚੇਚੇ ਯਤਨ ਕਰਨੇ ਪੈਂਦੇ ਸਨ। ਇਨ੍ਹਾਂ ਨੂੰ ਸਰਕਾਰੀ ਅਸਤਬਲਾਂ ਵਿਚ ਰੱਖੇ ਘੋੜਿਆਂ ਤੋਂ ਮਿਲਾਇਆ ਜਾਂਦਾ ਸੀ। ਜਦੋਂ ਬੱਚਾ ਸਵਾਰੀ ਜੋਗ ਹੋ ਜਾਵੇ, ਇਸ ਨੂੰ ਸਰਕਾਰ ਖਰੀਦ ਲੈਂਦੀ ਸੀ; ਕੀਮਤ ਮੁਨਾਸਿਬ ਦਿੱਤੀ ਜਾਂਦੀ ਸੀ। ਇਨ੍ਹਾਂ ਘੋੜੀਆਂ ਦਾ ਸਮੇਂ ਸਮੇਂ ਮੁਆਇਨਾ ਹੁੰਦਾ ਰਹਿੰਦਾ ਸੀ। ਜਿਸ ਜ਼ਿਮੀਂਦਾਰ ਦੀ ਘੋੜੀ ਦੋ ਜਾਂ ਤਿੰਨ ਵਾਰ ਟੁਕਾਈ ਹੋ ਜਾਵੇ ਉਸ ਤੇ ਮੁਰੱਬੇ ਜ਼ਬਤ ਹੋ ਜਾਂਦੇ ਸਨ। ਮੁਰੱਬੇ ਦਾ ਕਿਉਂਕਿ ਘੋੜੀ ਨਾਲ ਸਬੰਧ ਸੀ, ਤੇ ਘੋੜੀ ਸਿਰਫ ਇਕ ਆਦਮੀ ਦੀ ਮਲਕੀਅਤ ਹੀ ਹੋ ਸਕਦੀ ਸੀ, ਇਸ ਲਈ ਪਿਓ ਦੀ ਮੌਤ ਪਿਛੋਂ ਘੋੜੀ ਤੇ ਮੁਰੱਬੇ ਸਿਰਫ ਪੁੱਤਰ ਨੂੰ ਮਿਲਦੇ ਸਨ। ਇਹ ਸਿਲਸਿਲਾ ਦੂਜੇ ਸੰਸਾਰ ਯੁੱਧ ਤਕ ਜਾਰੀ ਰਿਹਾ। ਦੂਜੀ ਵੱਡੀ ਜੰਗ ਵਿਚ ਰਿਸਾਲੇ ਖਤਮ ਕਰਕੇ ਟੈਂਕ-ਰਜਮੈਂਟਾਂ ਵਿਚ ਬਦਲ ਦਿੱਤਾ ਗਿਆ। ਸੋ ਹੁਣ ਘੋੜੀਆਂ ਦੀ ਲੋੜ ਨਾ ਰਹਿ ਗਈ ਪਰ ਮੁਰੱਬੇ ਮਾਲਕਾਂ ਨੂੰ ਪੱਕੇ ਕਰ ਦਿੱਤੇ ਗਏ। ਇਹ ਬਾਰ ਇਸ ਸਦੀ ਦੇ ਪਹਿਲੇ ਦਹਾਕੇ ਵਿਚ ਲਾਇਲਪੁਰ ਵਾਲੀ ਬਾਰ ਤੋਂ ਕੁਝ ਪਿਛੋਂ ਆਬਾਦ ਹੋਈ। ਇਹ ਨਹਿਰ ਲੋਇਰ ਜਿਹਲਮ ਨਾਲ ਸੈਰਾਬ ਹੁੰਦੀ ਸੀ।

ਗੰਜੀ ਬਾਰ ਤੇ ਨੀਲੀ ਬਾਰ ਦੋਵੇਂ 'ਬਾਰੀ ਦੁਆਬ' ਅਰਥਾਤ ਬਿਆਸ ਤੇ ਰਾਵੀ ਦੇ ਵਿਚਾਲੇ ਦੇ ਦੱਖਣੀ ਹਿੱਸੇ ਵਿਚ ਆਉਂਦੀਆਂ ਸਨ। ਜ਼ਿਲ੍ਹਾ ਮਿੰਟਗੁਮਰੀ (ਹੁਣ ਸਾਹੀਵਾਲ) ਤੇ ਮੁਲਤਾਨ ਵਿਚ। ਗੰਜੀ ਬਾਰ ਇਸ ਇਲਾਕੇ ਦੇ ਪੱਛਮੀ ਹਿੱਸੇ ਦਾ ਨਾਮ ਸੀ, ਇਹ ਹਿੱਸਾ ਨਹਿਰ 'ਲੋਇਰ ਬਾਰੀ ਦੁਆਬ' ਨਾਲ ਆਬਾਦ ਹੋਇਆ ਸੀ। ਇਹ ਨਹਿਰ ਉਸ ਸਮੇਂ ਮੁਤਾਬਕ, ਅੰਗਰੇਜ਼ ਹੁਕਮਰਾਨਾਂ ਦੀ ਇਕ ਕਰਾਮਾਤ ਸੀ। ਰਾਵੀ ਦਾ ਪਾਣੀ ਮਾਧੋਪੁਰ ਤੋਂ ਕੱਢੀ ਨਹਿਰ 'ਅੱਪਰ ਬਾਰੀ ਦੁਆਬ' ਨੇ ਖਿੱਚ ਲਿਆ ਸੀ ਅਤੇ ਦਰਿਆ ਵਿਚ ਇਨਾ ਪਾਣੀ ਨਹੀਂ ਸੀ ਜਿਸ ਨਾਲ ਇਕ ਹੋਰ ਨਹਿਰ ਨੂੰ ਸਾਰਾ ਸਾਲ ਪਾਣੀ ਮਿਲ ਸਕਦਾ। ਇਸ ਲਈ ਦਰਿਆ ਜਿਹਲਮ ਵਿਚੋਂ ਨਹਿਰ ਕੱਢ ਕੇ ਉਸ ਦਾ ਪਾਣੀ ਝਨਾਂ ਵਿਚ ਸੁੱਟਿਆ ਗਿਆ, ਝਨਾਂ ਵਿਚੋਂ ਨਹਿਰ ਕੱਢ ਕੇ ਰਾਵੀ ਵਿਚ ਸੁੱਟੀ ਗਈ ਤੇ ਰਾਵੀ ਵਿਚੋਂ 'ਬੱਲੋਕੀ' (ਜ਼ਿਲ੍ਹਾ ਲਾਹੌਰ) ਦੇ ਸਥਾਨ ਤੋਂ 'ਲੋਇਰ ਬਾਰੀ ਦੁਆਬ' ਨਹਿਰ ਕੱਢੀ ਗਈ, ਜਿਸ ਨਾਲ ਗੰਜੀ ਬਾਰ ਆਬਾਦ ਹੋਈ। ਇਹ ਸਾਰਾ ਪ੍ਰਾਜੈਕਟ 1902-3 ਵਿਚ ਉਲੀਕਿਆ ਤੇ ਆਰੰਭਿਆ ਗਿਆ, ਪਰ ਗੰਜੀਬਾਰ 1914 ਤੋਂ 1922-23 ਤਕ ਦੇ ਸਮੇਂ ਵਿਚ ਆਬਾਦ ਹੋਈ। ਇੰਜ ਗੰਜੀ ਬਾਰ ਅਸਲ ਤਿੰਨਾਂ ਦਰਿਆਵਾਂ ਦੇ ਪਾਣੀਆਂ ਤੇ ਪਲਦੀ ਸੀ।

'ਨੀਲੀ ਬਾਰ' ਜ਼ਿਲ੍ਹਾ ਮਿੰਟਗੁਮਰੀ, ਮੁਲਤਾਨ ਦੇ ਪੂਰਬੀ ਭਾਗ ਦਾ ਨਾਮ ਹੈ, ਜਿਸ ਇਲਾਕੇ ਦੀ ਢਲਾਨ ਦਰਿਆ ਸਤਲੁਜ-ਬਿਆਸ ਵੱਲ ਨੂੰ ਹੈ। ਇਹ ਬਾਰ ਫਾਜ਼ਿਲਕਾ ਲਾਗਿਉਂ, ਸੁਲੇਮਾਨਕੀ ਦੇ ਮੁਕਾਮ ਤੋਂ ਸਤਲੁਜ-ਬਿਆਸ ਦੇ ਸਾਂਝੇ ਵਹਿਣ ਵਿਚੋਂ ਕੱਢੀ ਨਹਿਰ ਨਾਲ ਆਬਾਦ ਹੋਈ। ਇਹ ਸਭ ਤੋਂ ਪਿਛੋਂ ਆਬਾਦ ਹੋਣ ਵਾਲੀ ਬਾਰ ਹੈ, ਸੋ ਇਸ ਸਦੀ ਦੇ ਤੀਜੇ, ਚੌਥੇ ਦਹਾਕੇ ਵਿਚ ਵਸੀ। ਇਸ ਦਾ ਨਾਮ ਵੀ ਨਵਾਂ ਹੈ। ਸਾਂਦਲ ਬਾਰ, ਗੰਜੀ ਬਾਰ, ਕਿਰਾਨਾ ਬਾਰ ਦਾ ਨਾਮ ਪੁਰਾਣੇ ਫਾਰਸੀ ਸਾਹਿਤ ਵਿਚ ਮਿਲਦੇ ਹਨ, ਪਰ ਨੀਲੀ ਬਾਰ ਦਾ ਜ਼ਿਕਰ ਨਹੀਂ। ਇਸ ਦਾ 'ਨੀਲੀ ਬਾਰ' ਹੋਣ ਦਾ ਕਾਰਨ ਇਹ ਦੱਸਿਆ ਜਾਂਦਾ ਹੈ ਕਿ ਦਰਿਆ ਸਤਲੁਜ ਦਾ ਪਾਣੀ ਸਾਫ ਹੈ, ਇਸ ਵਿਚ (ਗਾਰ, ਰੇਤ, ਮਿੱਟੀ ਆਦਿ) ਦੀ ਮਿਲਾਵਟ ਬਹੁਤ ਘੱਟ ਹੁੰਦੀ ਹੈ। ਇਸ ਲਈ ਦਰਿਆ ਦਾ ਅਤੇ ਇਸ ਵਿਚੋਂ ਨਿਕਲੀ ਨਹਿਰ ਦਾ ਪਾਣੀ ਨੀਲੀ ਭਾਅ ਮਾਰਦਾ ਹੈ ਜਿਸ ਤੋਂ ਇਸ ਦਾ ਨਾਮ ਨੀਲੀ ਬਾਰ ਹੋ ਗਿਆ। ਜੇ ਇਸ ਦਾ ਕੋਈ ਹੋਰ ਕਾਰਨ ਹੈ ਤਾਂ ਇਸ ਦਾ ਮੈਨੂੰ ਪੂਰਾ ਗਿਆਨ ਨਹੀਂ।

ਇਸ ਤੋਂ ਇਲਾਵਾ ਇਕ ਹੋਰ ਛੋਟੀ ਜਿਹੀ ਬਾਰ ਸੀ, ਜੋ ਜ਼ਿਲ੍ਹਾ ਮੁਲਤਾਨ ਦੀਆਂ ਦੋ ਤਹਿਸੀਲਾਂ ਤਕ ਹੀ ਸੀਮਤ ਸੀ। ਇਸ ਬਾਰ ਦਾ ਕੋਈ ਖਾਸ ਨਾਮ ਨਹੀਂ ਸੀ ਪਰ ਇਹ 'ਸਿਧਨੈ' ਨਾਮ ਦੀ ਨਹਿਰ ਨਾਲ ਸੈਰਾਬ ਹੁੰਦੀ ਸੀ। ਇਸ ਵਿਚ ਮੁਰੱਬੇ ਨਹੀਂ 'ਕਿਤੇ' ਅਲਾਟ ਕੀਤੇ ਗਏ ਸਨ। ਇਕ ਕਿਤੇ ਵਿਚ ਤਕਰੀਬਨ 95 ਏਕੜ ਜ਼ਮੀਨ ਹੁੰਦੀ ਸੀ। 'ਸਿਧਨੈ' ਕਿਉਂਕਿ ਛਿਮਾਹੀ ਨਹਿਰ ਸੀ ਇਸ ਲਈ ਹਰ ਕਿਤੇ ਵਿਚ ਇਕ ਖੂਹ ਵੀ ਲਾਉਣਾ ਪੈਂਦਾ ਸੀ। ਇਹ ਬਾਰ ਪਿਛਲੀ ਸਦੀ ਦੇ ਅਖੀਰੀ ਦਹਾਕੇ ਵਿਚ ਵੱਸੀ। ਇਸ ਇਲਾਕੇ ਵਿਚ ਜ਼ਿਲ੍ਹਾ ਲਾਹੌਰ ਦੇ ਦੱਖਣੀ ਹਿੱਸੇ ਦੇ ਸਿੱਖ ਜ਼ਿਮੀਂਦਾਰ ਆਬਾਦ ਕੀਤੇ ਗਏ। ਭਾਵੇਂ ਇਨ੍ਹਾਂ ਦੇ ਪਿੰਡ ਬਹੁਤ ਥੋੜ੍ਹੇ ਜਿਹੇ ਸਨ, ਸਿਰਫ ਚੌਦਾਂ-ਪੰਦਰਾਂ, ਪਰ ਇਹ ਬੜੇ ਦਬਦਬੇ ਵਾਲੇ ਸਿੱਖ ਸਨ। ਚਾਰ ਚੁਫੇਰੇ ਓਸੇ ਇਲਾਕੇ ਦੇ ਪੁਰਾਣੇ ਵਸਨੀਕ ਮੁਸਲਮਾਨ ਵੱਸੇ ਹੋਏ ਸਨ, ਪਰ ਇਨ੍ਹਾਂ ਸਿੱਖਾਂ ਨੇ ਆਪਣਾ ਚੰਗਾ ਰੋਹਬ-ਦਾਬ ਬਣਾਇਆ ਹੋਇਆ ਸੀ।

ਇਥੇ ਅਧਿਕਾਰੀਆਂ ਨੇ ਜਿਹੜੇ ਪਿੰਡ ਸਾਡੇ ਕਾਫਲੇ ਦੇ ਲੋਕਾਂ ਨੂੰ ਅਲਾਟ ਕੀਤੇ, ਕੁਝ ਬੰਦੇ ਉਨ੍ਹਾਂ ਨੂੰ ਵੇਖਣ ਗਏ। ਇਥੇ ਨਿਰੀ ਦੱਭ ਉਗੀ ਹੋਈ ਸੀ; ਫਸਲ ਸ਼ਾਇਦ ਕਦੇ ਕਿਸੇ ਨੇ ਬੀਜੀ ਹੀ ਨਹੀਂ ਸੀ। ਲੋਕਾਂ ਨੇ ਸਲਾਹ ਕੀਤੀ ਕਿ ਅਜਿਹੇ ਬੰਜਰ ਇਲਾਕੇ ਵਿਚ ਬੈਠਣ ਨਾਲੋਂ ਚੰਗਾ ਹੈ ਕਿ ਆਪਣੇ ਪੁਰਾਣੇ ਪਿੰਡਾਂ ਨੂੰ ਚਲੀਏ। ਅਗਲੇ ਦਿਨ ਲੋਕੀਂ ਆਪਣੇ 26 ਸਾਲ ਪਹਿਲਾਂ ਛੱਡੇ ਪਿੰਡਾਂ ਨੂੰ ਤੁਰ ਪਏ, ਸਿਰਫ ਉਹ ਲੋਕ ਕੈਂਪ ਵਿਚ ਰਹਿ ਗਏ ਜਿਨ੍ਹਾਂ ਦਾ ਪਿਛਲਾ ਇਲਾਕਾ ਵੀ ਪਾਕਿਸਤਾਨ ਵਿਚ ਆ ਗਿਆ ਸੀ। ਇਹ ਵੀ ਜਿਥੇ ਕਿਸੇ ਨੂੰ ਥਾਂ ਲੱਭਾ ਬੈਠਦੇ ਗਏ। ਮੇਰੇ ਸਹੁਰਿਆਂ ਦਾ ਪਿੱਛਾ ਲਾਹੌਰ ਦਾ ਸੀ, ਉਹ ਤਹਿਸੀਲ ਜ਼ੀਰਾ ਦੇ ਪਿੰਡ ਢੰਡੀਆਂ ਵਿਚ ਬੈਠੇ; ਮੇਰੀ ਛੋਟੀ ਭੈਣ ਦੇ ਸਹੁਰੇ ਪਿੱਛੋਂ ਗੁਜਰਾਂਵਾਲੇ ਦੇ ਸਨ ਉਹ ਢੰਡੀਆਂ ਤੋਂ ਕੋਈ ਤਿੰਨ ਮੀਲ ਦੂਰ ਪਿੰਡ ਕਿਲੀ ਬੋਦਲਾ ਵਿਚ ਬੈਠੇ। ਮੈਂ ਅਗਲੀ ਜਨਵਰੀ ਵਿਚ ਇਨ੍ਹੀਂ ਦੋਹੀਂ ਥਾਈਂ ਗਿਆ। ਸਾਡੀ ਬਾਰ ਦੇ ਮੁਕਾਬਲੇ ਇਹ ਇਲਾਕਾ ਨਿਰਾ ਨਰਕ ਸੀ ਪਰ ਪੱਕੀ ਅਲਾਟਮੈਂਟ ਹੋਣ ਤਕ ਲੋਕਾਂ ਨੂੰ ਇਥੇ ਹੀ ਜੂਨ-ਗੁਜ਼ਾਰਾ ਕਰਨਾ ਪਿਆ।

ਇਨ੍ਹਾਂ ਪਾਕਿਸਤਾਨ ਬਣੇ ਇਲਾਕਿਆਂ ਵਿਚੋਂ ਆਏ ਸ਼ਰਨਾਰਥੀਆਂ ਨੇ ਪਹਿਲੇ ਤਿੰਨ ਚਾਰ ਸਾਲ ਕਿਸ ਤਰ੍ਹਾਂ ਬਿਤਾਏ, ਇਹ ਇਕ ਵੱਖਰਾ ਬਿਰਤਾਂਤ ਹੈ। ਅਫਸੋਸ ਹੈ ਕਿ ਇਸ ਸਮੇਂ ਦੇ ਹਾਲਾਤ ਬਾਰੇ ਕਿਸੇ ਲੇਖਕ ਨੇ ਕੁਝ ਲਿਖਣ ਦਾ ਯਤਨ ਨਹੀਂ ਕੀਤਾ। ਮੈਂ ਮੁਰੱਬਿਆਂ ਦੇ ਮਾਲਕਾਂ ਨੂੰ ਟੋਕਰੀ ਢੋਂਦੇ ਵੇਖਿਆ, ਸਰਦਾਰਾਂ ਦੇ ਪੁੱਤਾਂ ਨੂੰ ਸਿਰਾਂ ਤੇ ਬਾਲਣ ਵਾਲੀਆਂ ਲੱਕੜਾਂ ਚੁੱਕੀ ਸ਼ਹਿਰਾਂ ਦੇ ਬਾਜ਼ਾਰਾਂ ਵਿਚ ਹੋਕਾ ਦੇਂਦੇ ਵੇਖਿਆ; ਇਕ ਅਧਖੜ ਸੁਆਣੀ ਨੂੰ ਇਕ ਕਸਬੇ ਦੀਆਂ ਗਲੀਆਂ ਵਿਚ ਸਿਰ 'ਤੇ ਪਾਥੀਆਂ ਦੀ ਟੋਕਰੀ ਚੁੱਕੀ ਬੂਹੇ-ਬੂਹੇ ਵੇਚਦਿਆਂ ਵੇਖਿਆ – ਇਹ ਇਕ ਰੱਜੇ-ਪੁੱਜੇ ਘਰਾਣੇ ਦੀ ਬੀਬੀ ਸੀ। ਇਸ ਦਾ ਪਤੀ ਪਾਕਿਸਤਾਨ ਵਿਚ ਮਾਰਿਆ ਗਿਆ ਸੀ ਤੇ ਚਹੁੰ ਬੱਚਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਹੁਣ ਇਸ ਬੀਬੀ ਦੇ ਸਿਰ 'ਤੇ ਸੀ। ਜਬਲਪੁਰ ਵਿਚ ਇਕ ਪੋਠੋਹਾਰ ਵਲੋਂ ਆਇਆ ਧਨਾਢ ਹਿੰਦੂ ਹੁਣ ਸੜਕ ਦੇ ਕੰਢੇ ਬੈਠ ਲਿਲਾਰੀ ਦਾ ਕੰਮ ਕਰ ਕੇ ਟੱਬਰ ਪਾਲ ਰਿਹਾ ਸੀ। ਪੰਜਾਬੋਂ ਬਾਹਰ ਦੇ ਇਕ ਸ਼ਹਿਰ ਵਿਚ, (ਯਾਦ ਨਹੀਂ ਆ ਰਿਹਾ ਕਿਹੜਾ ਸ਼ਹਿਰ ਸੀ) ਇਕ ਬਜ਼ੁਰਗ ਹਿੰਦੂ ਜੋੜਾ ਸਬਜ਼ੀ ਤੇ ਫਲਾਂ ਦੀ ਰੇੜ੍ਹੀ ਧੱਕੀ ਜਾ ਰਿਹਾ ਸੀ। ਮਾਈ ਦੀ ਸਲਵਾਰ ਵੇਖ ਕੇ ਮੈਂ ਸਮਝ ਲਿਆ ਕਿ ਪੰਜਾਬੀ ਹਨ। ਹਾਲ-ਚਾਲ ਪੁੱਛਣ 'ਤੇ ਬਜ਼ੁਰਗ ਨੇ ਦੱਸਿਆ, "ਲਾਇਲਪੁਰ ਵਿਚ ਸਾਡਾ ਚੰਗਾ ਕਾਰੋਬਾਰ ਸੀ। ਇਕ ਪੁੱਤਰ ਤੇ ਤਿੰਨ ਧੀਆਂ ਸਨ। ਪੁੱਤਰ ਓਧਰੇ ਮਾਰਿਆ ਗਿਆ। ਧੀਆਂ ਵਿਚੋਂ ਦੋ ਇਸੇ ਸ਼ਹਿਰ ਵਿਚ ਨੇ, ਸਾਨੂੰ ਆਪਣੇ ਕੋਲ ਲੈ ਜਾਣਾ ਚਾਹੁੰਦੀਆਂ ਨੇ, ਪਰ ਅਸੀਂ ਧੀਆਂ ਦੇ ਬੂਹੇ ਨਹੀਂ ਜਾਣਾ ਚਾਹੁੰਦੇ। ਜਿੰਨਾ ਚਿਰ ਨੈਣ-ਪ੍ਰਾਣ ਚਲਦੇ ਨੇ ਆਪਣੀ ਰੋਟੀ ਆਪ ਕਮਾਵਾਂਗੇ।" ਜਦੋਂ ਬਜ਼ੁਰਗ ਇਹ ਸਭ ਕੁਝ ਸੁਣਾ ਰਿਹਾ ਸੀ, ਮਾਈ ਦੇ ਅੱਥਰੂ ਡਿੱਗ ਰਹੇ ਸਨ। ਮੈਂ ਵੀ ਆਪਣੇ ਹੰਝੂ ਨਾ ਡੱਕ ਸਕਿਆ। ਬਜ਼ੁਰਗ ਨੇ ਉਲਟਾ ਮੈਨੂੰ ਧੀਰਜ ਦਿੰਦਿਆਂ ਕਿਹਾ, "ਸਰਦਾਰ ਜੀ, ਇੰਜ ਦਿਲ ਢਾਹਿਆਂ ਕਿਵੇਂ ਗੁਜ਼ਾਰਾ ਹੋਵੇਗਾ। ਅਸੀਂ ਇਕੱਲੇ ਨਹੀਂ, ਕਈ ਹੋਰ ਸਾਡੇ ਨਾਲੋਂ ਵੀ ਮਾੜੀ ਹਾਲਤ ਵਿਚ ਨੇ, ਚੰਗੇ ਦਿਨ ਗਏ; ਮਾੜੇ ਵੀ ਬੀਤ ਜਾਣਗੇ।"

ਇਹੋ ਜਿਹੇ ਅਨੇਕਾਂ ਲੋਕ ਮੈਂ ਆਪਣੀ ਅੱਖੀਂ ਵੇਖੇ, ਪਰ ਆਫਰੀਨ ਹੈ ਪੰਜਾਬੀਆਂ ਦੇ ਕਿਸੇ ਨੇ ਕਿਸੇ ਨੇ ਕਿਸੇ ਅੱਗੇ ਹੱਥ ਨਹੀਂ ਅੱਡਿਆ। ਜਿਹੜੇ ਬਜ਼ੁਰਗ ਇਕੱਲੇ-ਇਕੱਲੇ ਰੇੜ੍ਹੀ ਵੀ ਨਹੀਂ ਸਨ ਧੱਕ ਸਕਦੇ, ਉਨ੍ਹਾਂ ਦੀ ਅਣਖ ਵੀ ਧੀਆਂ ਦੇ ਬੂਹੇ ਤਕ ਜਾਣਾ ਗਵਾਰਾ ਨਹੀਂ ਸੀ ਕਰਦੀ, ਕਿਸੇ ਪਰਾਏ ਅੱਗੇ ਸਵਾਲੀ ਹੋਣਾ ਤਾਂ ਬਹੁਤ ਵੱਡੀ ਗੱਲ ਹੈ। ਮੈਂ ਫੇਰ ਅਪੀਲ ਕਰਦਾ ਹਾਂ ਆਪਣੇ ਹਾਣੀ ਲੇਖਕਾਂ ਨੂੰ ਕਿ ਕੋਈ ਇਹੋ ਜਿਹੇ ਅੱਖੀਂ ਡਿੱਠੇ ਹਾਲਾਤ ਕਲਮਬੰਦ ਕਰ ਜਾਵੇ, ਨਹੀਂ ਤਾਂ ਹੋਰ ਪੰਜਾਹਾਂ ਸਾਲਾਂ ਨੂੰ ਕਿਸੇ ਨੇ ਅਜਿਹੀਆਂ ਕਹਾਣੀਆਂ ਉਤੇ ਵਿਸ਼ਵਾਸ਼ ਹੀ ਨਹੀਂ ਕਰਨਾ।

ਮੈਂ ਕਹਾਣੀ ਦੱਸਣੀ ਸੀ ਗੰਜੀ ਬਾਰ ਦੀ। ਪਾਠਕਾਂ ਨੇ ਵੇਖ ਲਿਆ – ਗੰਜੀ ਬਾਰ ਕਿੰਜ ਆਬਾਦ ਹੋਈ, ਕਿਵੇਂ ਵੱਸਦੀ ਰਹੀ, ਤੇ ਕਿਵੇਂ ਉਜੜੀ।

ਪੰਜਾਬ ਦੀਆਂ ਬਾਰਾਂ

—ਡਾ. ਹਰਕੀਰਤ ਸਿੰਘ

ਪੰਜਾਬ ਦੀਆਂ ਮਸ਼ਹੂਰ ਬਾਰਾਂ ਚਾਰ ਹਨ, ਸਾਂਦਲਬਾਰ, ਕਿਰਾਣਾ ਬਾਰ, ਗੰਜੀ ਬਾਰ ਅਤੇ ਨੀਲੀ ਬਾਰ। ਸਭ ਤੋਂ ਪ੍ਰਸਿੱਧ ਸੀ ਸਾਂਦਲ ਬਾਰ। ਇਹ ਬਾਰ ਦਰਿਆ ਰਾਵੀ ਤੇ ਝਨਾਂ ਦੇ ਵਿਚਾਲੇ ਪੈਂਦੀ ਹੈ। ਇਹ ਇਲਾਕਾ 'ਰਚਨਾ ਦੁਆਬ' ਦਾ ਦੱਖਣੀ ਹਿੱਸਾ ਹੈ।

ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਵਿਚ ਸਿਰਫ ਤਿੰਨ ਖਾਲਸਾ ਕਾਲਜ ਸਨ। ਖਾਲਸਾ ਕਾਲਜ ਅੰਮ੍ਰਿਤਸਰ, ਖਾਲਸਾ ਕਾਲਜ ਗੁੱਜਰਾਂਵਾਲਾ ਤੇ ਖਾਲਸਾ ਕਾਲਜ ਲਾਇਲਪੁਰ। ਇਸ ਬਾਰ ਦੇ ਸਿੱਖ ਬੜੇ ਅਸਰ-ਰਸੂਖ ਵਾਲੇ, ਜੱਠੇ ਵਾਲੇ, ਕੁਰਬਾਨੀ ਦੇ ਜਜ਼ਬੇ ਵਾਲੇ ਤੇ ਪੜ੍ਹੇ-ਲਿਖੇ

ਲੱਕੂ ਖੱਤਰੀ

(ਇਹ ਲੇਖ 'ਲੱਕੂ ਖੱਤਰੀ' ਇਸ ਲਈ ਦੇ ਰਿਹਾ ਹਾਂ ਕਿ ਇਹ ਸਾਂਦਲਬਾਰ ਦੇ ਸਭਿਆਚਾਰ ਦਾ ਸ਼ੀਸ਼ਾ ਏ। ਲੋਕਾਂ ਦੇ ਸਿਧੇ ਸਾਦੇ ਜੀਵਨ ਦਾ ਇਨ-ਬਿਨ ਨਕਸ਼ਾ ਹੈ। ਇਹ ਸਾਡੇ ਜੀਵਨ ਦੇ ਬਿੰਬ ਉਘਾੜਦਾ ਹੈ ਅਤੇ ਜੀਵਨ ਇਤਿਹਾਸ ਦੀਆਂ ਲੀਹਾਂ ਨਿਰਧਾਰਤ ਕਰਦਾ ਹੈ। ਜੇ ਰਹਿਣ ਸਹਿਣ, ਖਾਣ-ਪੀਣ ਤੇ ਸੁਭਾਅ ਖੁਲਾ-ਡੁਲ੍ਹਾ ਤੇ ਦਲੇਰੀਆਂ ਭਰਿਆ ਹੋਵੇ ਤਾਂ ਇਤਿਹਾਸ ਵੀ ਦਲੇਰੀਆਂ ਤੇ ਵਿਸ਼ਾਲਤਾ ਭਰਪੂਰ ਹੁੰਦਾ ਏ ਤੇ ਜੇ ਰੋਜ਼ਾਨਾ ਜੀਵਨ ਦੀਆਂ ਆਦਤਾਂ ਤੇ ਰਹੁ-ਰੀਤਾਂ ਮਰੂ ਤੇ ਡਰੂ ਜਿਹੀਆਂ ਹੋਣ ਤਾਂ ਇਤਿਹਾਸ ਵੀ ਮਰੀਅਲ ਤੇ ਡਰੀਅਲ ਲੀਹਾਂ ਤੇ ਘੜਿਆ ਹੋਇਆ ਹੁੰਦਾ ਹੈ। ਇਸ ਦੀਆਂ ਲਿਖਤਾਂ ਵਿਚ ਇਤਿਹਾਸ ਹੈ, ਸ਼ਾਹ ਮੁਹੰਮਦ, ਮਾਛੀਵਾੜਾ, ਸਰਹੰਦ ਤੇ ਹੋਰ ਕਿੰਨਾ ਕੁਝ ਹੈ।

ਇਹ ਲੇਖ ਅਨੂਪ ਸਿੰਘ ਵਿਰਕ ਦੀ ਕਿਤਾਬ 'ਰੂਹਾਂ ਦੇ ਰੂਬਰੂ' ਵਿਚੋਂ ਲਿਆ ਹੈ। ਇਸ ਵਿਰਕ ਦੀ ਗੱਲ ਪੰਨਾ 430 ਤੇ ਵੀ ਕੀਤੀ ਗਈ ਹੈ। ਇਸ ਦੀ ਨਵੀਂ ਕਿਤਾਬ "ਮਾਟੀ ਰੁਦਨ ਕਰੇਂਦੀ ਯਾਰ" ਵੀ ਆ ਰਹੀ ਹੈ। ਅੰਗਰੇਜ਼ੀ ਟ੍ਰਿਬਿਊਨ 30-1-94 ਦੀ ਵਿਚ ਵਿਰਕ ਬਾਰੇ ਲਿਖਿਆ ਬਹੁਤ ਹੋਇਆ ਜਸਪਾਲ ਸਿੰਘ ਦਾ ਕੁਝ ਛੱਪਿਆ ਹੈ। ਸਾਨੂੰ ਇਸ ਸਭ ਕਾਸੇ ਤੇ ਫਖਰ ਹੈ।)

—ਭਗਵੰਤ ਸਿੰਘ 'ਆਜ਼ਾਦ'

ਲੱਭੂ ਹੋਰਾਂ ਦੀ ਜ਼ਮੀਨ ਜ਼ੈਲਦਾਰ ਨੇ ਦੱਬ ਲਈ ਸੀ ਤੇ ਲੱਕੂ ਦੀ ਭੈਣ ਨੂੰ ਉਹਨੇ ਕੋਝਾ ਮਖੌਲ ਕੀਤਾ ਸੀ। ਆਂਹਦੇ ਨੇ ਪਹਿਲੀ ਛਵ੍ਹੀ ਲੱਕੂ ਨੇ ਬੱਦੋਵਾਲੀਏ ਜ਼ੈਲਦਾਰ ਦੇ ਮਾਰੀ। ਇਸ ਤੋਂ ਮਗਰੋਂ ਲੱਭੂ ਤੇ ਨਰੰਣੇ ਵਿਰਕ ਨੇ ਗੰਡਾਸਿਆਂ ਨਾਲ ਉਹਦਾ ਘਾਣ ਕਰ ਦਿੱਤਾ। ਤਿੰਨਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ। ਤੇ ਫਿਰ ਉਹ ਇਕ ਦਿਨ ਰਾਤ ਦੇ ਹਨੇਰੇ ਵਿਚ ਜੇਲੋਂ ਫਰਾਰ ਹੋ ਗਏ। ਤੇ ਸਾਂਦਲਬਾਰ ਇਲਾਕੇ ਦੇ ਬੇਤਾਜ ਬਾਦਸ਼ਾਹ ਬਣ ਗਏ। ਬਜ਼ੁਰਗ ਦੱਸਦੇ ਨੇ ਕਿ ਲੱਕੂ ਹੁਰਾਂ ਦੀ ਇਜਾਜ਼ਤ ਬਿਨਾਂ ਕੋਈ ਓਥੇ ਡਾਕਾ ਨਹੀਂ ਸੀ ਮਾਰ ਸਕਦਾ ਤੇ ਪੁਲਿਸ ਉਹਨਾਂ ਨੂੰ ਪੁੱਛੇ ਬਿਨਾਂ ਮੁਜਰਮ ਨਹੀਂ ਫੜਦੀ ਸੀ। ਤੇ ਇੰਜ ਖੱਤਰੀਆਂ ਦਾ ਮੁੰਡਾ ਲੱਕੂ ਜੱਟ ਵੈਲੀਆਂ ਦਾ ਸਿਰ ਕੱਢ ਬਣ ਗਿਆ।

ਸੰਤਾਲੀ ਦਾ ਝੱਖੜ ਝੁਲਿਆ। ਉਹਦੇ ਮਾਂ-ਬਾਪ ਤੇ ਪਹਿਲਾਂ ਹੀ ਗੁਜ਼ਰ ਚੁੱਕੇ ਸਨ। ਹੱਲਿਆਂ ਵੇਲੇ ਉਹ ਪੱਕੀ ਬੰਦੂਕ ਲੈ ਕੇ ਸਾਡੇ ਪਿੰਡ ਦੇ ਕਾਫਲੇ ਨਾਲ ਆਣ ਰਲਿਆ। ਉਹਦੇ ਆ ਜਾਣ ਨਾਲ ਲੋਕਾਂ ਦਾ ਹੌਂਸਲਾ ਏਨਾ ਵਧਿਆ ਪਈ ਜਿਵੇਂ ਹਰੀ ਸਿੰਘ ਨਲੂਆ ਉਹਨਾਂ ਦੀ ਰਾਖੀ ਲਈ ਆ ਗਿਆ ਹੋਵੇ। ਕਿਸੇ ਨੇ ਕਾਫਲੇ ਵਿਚੋਂ ਉਹਨੂੰ ਆਖਿਆ, "ਲੱਕੂ ਹੁਣ ਤੇ ਲੁੱਟਮਾਰ ਦੇ ਦਿਨ ਨੇ। ਤੇਰੇ ਕਿਹੜਾ ਅੰਞਾਣੇ ਰੁਲਦੇ ਨੇ। ਜਾਹ ਕਿਧਰੇ ਚੰਗਾ ਗੱਫਾ ਮਾਰ। ਸਾਡੇ ਨਾਲ ਤੇ ਜੋ ਬੀਤਣੀ ਏ, ਉਹ ਧੁਰੋਂ ਲਿਖੀ ਏ।" ਕਹਿੰਦੇ ਨੇ ਇਹ ਸੁਣ ਕੇ ਲੱਕੂ ਦੇ ਡੌਲਿਆਂ ਵਿਚ ਲਹੂ ਉੱਤਰ ਆਇਆ। ਸ਼ੇਰ ਵਾਂਗ ਭਬਕ ਮਾਰ ਕੇ ਬੋਲਿਆ, ਮੈਂ ਇਹਨਾਂ ਜੀਆਂ ਵਿਚ ਜੰਮਿਆ ਹਾਂ। ਮੇਰਾ ਸਿਰ ਬਾਹਵਾਂ ਇਹ ਨੇ। ਲੋਕਾਂ ਦੇ ਇਕ ਮਾਂ ਪਿਉ ਹੁੰਦੇ ਨੇ, ਮੇਰੇ ਇਹ ਸਾਰੇ ਮਾਪੇ ਨੇ। ਮਾਪਿਆਂ ਤੇ ਬਣੀ ਹੋਵੇ ਤੇ ਪੁੱਤਰ ਬਹੁੜੇ ਨਾ, ਫਿਰ ਫੋੜੇ ਤੇ ਰਗੜ ਕੇ ਲਾਉਣੀ ਹੁੰਦੀ ਏ ਔਲਾਦ। ਨਾਲੋਂ ਜੇ ਖਲੇਪੜ ਲਹਿ ਕੇ ਰਿੱਗੇ, ਤਾਂ ਵੀ ਉਹ ਕੰਧ ਦੇ ਪੈਰਾਂ ਵਿਚ ਹੀ ਡਿੱਗਦੇ। ਮੈਂ ਇਸ ਮਿੱਟੀ 'ਚੋਂ ਜੰਮਿਆ, ਇਸੇ 'ਚ ਰਲਣਾ ਈ।' ਦੱਸਦੇ ਨੇ ਉਹਨੇ ਸਿਰ ਤਲੀ ਧਰ ਕੇ ਕਾਫਲੇ ਦੀ ਰਾਖੀ ਕੀਤੀ। ਅਸੀਂ ਅੰਞਾਣੇ ਬਾਲ ਸਾਰੇ ਉਹਨੂੰ ਲੱਕੂ ਮਾਮਾ ਕਹਿ ਕੇ ਸੱਦਦੇ।

ਉਜਾੜੇ ਨੇ ਸਾਰਾ ਕੁਝ ਉਥਲ ਪੁਥਲ ਕਰ ਦਿੱਤਾ, ਜਿਵੇਂ ਨਿੱਕੇ ਬਾਲ ਮਿੱਟੀ ਦੇ ਘਰ ਬਣਾ ਕੇ ਆਪੀਂ ਉਹਨੂੰ ਪੈਰਾਂ ਨਾਲ ਮਧੋਲ ਦਿੰਦੇ ਨੇ। ਸਦੀਆਂ ਤੋਂ ਤੁਰੇ ਆਉਂਦੇ ਰਿਸ਼ਤੇ ਨਾਤੇ ਪੁਰਾਣੇ ਸ਼ਤੀਰਾਂ ਵਾਂਗੂ ਤਿੜਕ ਗਏ। ਕੱਚੇ ਕੋਠਿਆਂ ਦੀਆਂ ਕੜੀਆਂ ਵਾਂਗ ਸਭ ਸਾਕ-ਸ਼ਬੰਧੀ ਕੁਸ ਵੇਂ ਜਾਪਣ ਲੱਗ ਪਏ। ਸਭ ਪਾਸੇ ਆਪੋ ਧਾਪੀ ਦੀਆਂ ਛਿਲਤਰਾਂ ਚੁਭਣ ਲੱਗ ਪਈਆਂ। ਲੱਕੂ ਖੱਤਰੀ ਦੀ ਏਸ ਹਨੇਰੀ ਵਿਚ ਹਾਲਤ ਉਸ ਬੋਟ ਵਰਗੀ ਹੋ ਗਈ ਜ਼ਿਹਨੂੰ ਪਤਾ ਨਾ ਹੋਵੇ ਕਿ ਉਹ ਕਿਸ ਆਲ੍ਹਣੇ 'ਚੋਂ ਡਿਗਿਆ ਹੈ। ਸਭਨਾ ਨੂੰ ਸਿਰ ਲੁਕਾਣ ਲਈ ਕੋਈ ਨਾ ਕੋਈ ਕੋਠਾ ਕੁੱਲਾ ਮਿਲ ਗਿਆ। ਪਰ ਉਹ ਬੇਮਾਲਕ ਹੋਣ ਕਰਕੇ ਸਾਰੇ ਪਿੰਡ ਦਾ ਹੀ ਮਾਲਕ ਬਣ ਗਿਆ।

ਮੈਂ ਵੇਖਦਾ, ਕਦੀ ਉਹ ਸਾਡੇ ਘਰ ਬੈਠਾ ਛਾਹ ਵੇਲਾ ਖਾ ਰਿਹਾ ਹੁੰਦਾ, ਕਦੀ ਸੰਧੂਆਂ ਦੇ ਚੌਂਕੇ ਦੀ ਨਿੱਕੀ ਕੰਧ ਤੇ ਲੱਤਾਂ ਲਮਕਾ ਕੇ ਚਾਹ ਦੇ

'ਖਾਲਸਾ ਹਾਈ ਸਕੂਲ, ਖਾਨੇਵਾਲ' ਜਿਥੋਂ ਮੈਂ ਮੈਟ੍ਰਿਕ ਪਾਸ ਕੀਤੀ, ਪਹਿਲਾਂ ਇਸੇ ਇਲਾਕੇ ਦੇ ਪਿੰਡ 'ਜਵੰਦ ਸਿੰਘ ਵਾਲਾ' (ਪੰਜ ਕੱਸੀ) ਵਿਚ ਖੁੱਲ੍ਹਾ ਸੀ, ਪਿਛੋਂ ਗੰਜੀ ਬਾਰ ਆਬਾਦ ਹੋਣ ਤੇ ਨਵਾਂ ਸ਼ਹਿਰ ਖਾਨੇਵਾਲ ਵਸਿਆ ਅਤੇ ਇਹ ਸਕੂਲ ਵੀ ਉਥੇ ਬਦਲ ਦਿੱਤਾ ਗਿਆ ਕਿਉਂਕਿ ਖਾਨੇਵਾਲ ਕੇਂਦਰੀ ਸਥਾਨ ਸੀ, ਇਕ ਚੰਗਾ ਕਸਬਾ ਬਣ ਗਿਆ ਸੀ, ਰੇਲਵੇ ਜੰਕਸ਼ਨ ਸੀ। ਸ: ਨਰੈਣ ਸਿੰਘ ਜੋ ਕਾਫੀ ਸਮੇਂ ਤਕ ਗੁਰਦੁਆਰਾ ਨਨਕਾਣਾ ਸਾਹਿਬ ਦੇ ਮੈਨੇਜਰ ਰਹੇ, ਏਸੇ ਇਲਾਕੇ ਦੇ ਵਸਨੀਕ ਸਨ ਤੇ ਕੁਝ ਸਮੇਂ ਲਈ ਉਹ ਖਾਲਸਾ ਹਾਈ ਸਕੂਲ ਖਾਨੇਵਾਲ ਦੇ ਹੈਡਮਾਸਟਰ ਵੀ ਰਹੇ ਅਤੇ ਇਸੇ ਸਕੂਲ ਵਿਚ ਕੁਝ ਸਮੇਂ ਲਈ ਫਾਰਸੀ ਦਾ ਅਧਿਆਪਕ ਰਿਹਾ ਸੀ ਅਮਰ ਕਵੀ, ਪ੍ਰੋ. ਮੋਹਨ ਸਿੰਘ। ਅੱਜ ਕੱਲ੍ਹ ਇਹ ਸਕੂਲ ਸ਼ਾਹਬਾਦ ਮਾਰਕੰਡਾ (ਹਰਿਆਣਾ) ਵਿਚ ਹੈ।

ਨਹਿਰ 'ਸਿਧਨੈ' ਦਾ ਜ਼ਿਕਰ ਆਇਆ ਤਾਂ ਇਸ ਬਾਰੇ ਦੋ ਸ਼ਬਦ ਕਹਿਣ ਦੀ ਵੀ ਲੋੜ ਜਾਪਦੀ ਹੈ। 'ਸਿਧਨੈ' ਅਸਲ ਵਿਚ ਦਰਿਆ ਰਾਵੀ ਦੇ ਕੋਈ ਬਾਰਾਂ, ਤੇਰਾਂ ਮੀਲ ਲੰਮੇ ਹਿੱਸੇ ਦਾ ਨਾਮ ਹੈ, ਜਿਥੇ ਦਰਿਆ ਬਿਲਕੁਲ ਸਿੱਧਾ ਵਗਦਾ ਹੈ, ਕਿਨਾਰੇ ਵੀ ਨਹਿਰ ਦੇ ਕੰਡਿਆਂ ਵਾਂਗ ਸਿੱਧੇ ਹਨ। ਹੜ੍ਹ ਆਵੇ ਤਾਂ ਪਾਣੀ ਕੰਢਿਆਂ ਤੋਂ ਉਛਲ ਜਾਂਦਾ ਹੈ, ਪਰ ਕੰਢੇ ਟੁੱਟਦੇ ਨਹੀਂ। ਜਿਥੋਂ 'ਸਿੱਧਨੈ' ਸ਼ੁਰੂ ਹੁੰਦੀ ਹੈ, ਓਥੇ 'ਸੀਤਾ ਕੁੰਡ' ਨਾਮ ਦਾ ਤੀਰਥ ਅਸਥਾਨ ਬਣਿਆ ਹੋਇਆ ਹੈ। ਇਹ ਸਥਾਨ ਕਸਬਾ ਤਲੁੰਭਾ ਤੋਂ ਕੋਈ ਪੰਜ ਛੇ ਮੀਲ ਪੱਛਮ ਵੱਲ ਹੈ, ਅਤੇ ਮੈਂ ਇਹ ਥਾਂ ਵੇਖਿਆ ਹੋਇਆ ਹੈ ਕਿਉਂਕਿ ਮੈਂ ਸੱਤਵੀਂ, ਅੱਠਵੀਂ ਜਮਾਤ ਮਿਡਲ ਸਕੂਲ ਤਲੁੰਭਾ ਵਿਚੋਂ ਪਾਸ ਕੀਤੀਆਂ ਸਨ। ਜਿਥੇ 'ਸਿਧਨੈ' ਖਤਮ ਹੁੰਦੀ ਹੈ ਉਥੇ ਸੱਜੇ ਕਿਨਾਰੇ ਜ਼ਿਲ੍ਹਾ ਝੰਗ ਵਿਚ 'ਰਾਮ ਚੌਤਰਾ' ਤੇ ਖੱਬੇ ਕੰਢੇ (ਜ਼ਿਲ੍ਹਾ ਮੁਲਤਾਨ ਵਿਚ) 'ਲਛਮਣ ਚੌਂਤਰਾ' ਨਾਮ ਦੇ ਦੋ ਤੀਰਥ ਅਸਥਾਨ ਹਨ। ਇਥੇ ਵਿਸਾਖੀ ਦਾ ਮੇਲਾ ਲਗਦਾ ਸੀ। ਇਹ ਥਾਂ ਵੀ ਮੈਂ ਵੇਖੇ ਹੋਏ ਹਨ। ਸੀਤਾ ਕੁੰਡ ਤੇ ਰਾਮ ਚੌਤਰੇ ਦੇ ਵਿਚਾਲੇ ਦਰਿਆ ਦੇ ਕੰਢੇ ਮੁਸਲਮਾਨਾਂ ਦਾ ਇਕ ਛੋਟਾ ਜਿਹਾ ਪਿੰਡ ਹੈ, ਜਿਸ ਦਾ ਨਾਮ 'ਬਗਦਾਦ ਸ਼ਰੀਫ' ਹੈ। ਏਥੇ ਵੀ ਇਕ ਮੁਸਲਮਾਨ ਫਕੀਰ ਦੀ ਯਾਦ ਵਿਚ ਮੇਲਾ ਲਗਦਾ ਹੈ। ਇਹ ਥਾਂ ਵੀ ਮੇਰਾ ਵੇਖਿਆ ਹੋਇਆ ਹੈ ਅਤੇ ਦਰਿਆ ਇਥੇ ਵੀ ਠੀਕ ਨਹਿਰ ਵਾਂਗ ਸਿੱਧਾ ਹੈ ਅਤੇ ਕਿਨਾਰੇ ਖੜੇ ਹਨ।

ਅੰਗਰੇਜ਼ਾਂ ਦੁਆਰਾ ਬੂਟੇ ਸ਼ਾਹ ਤੋਂ ਪੰਜਾਬ ਬਾਰੇ ਲਿਖਵਾਈ ਕਿਤਾਬ ਵਿਚ 'ਸਾਂਦਲ ਦੀ ਬਾਰ', 'ਦੁੱਲੇ ਭੱਟੀ ਦੀ ਬਾਰ' ਅਤੇ 'ਗੰਜੀ ਬਾਰ' ਦੀ ਥਾਂ 'ਕੰਜੀ ਦੀ ਬਾਰ' ਲਿਖਿਆ ਹੈ, ਪਰ ਬੂਟੇ ਸ਼ਾਹ ਦੀ ਕਿਤਾਬ ਵਿਚ ਕਿਤੇ-ਕਿਤੇ ਅਸ਼ੁੱਧ ਜਾਣਕਾਰੀ ਵੀ ਦਿੱਤੀ ਗਈ ਹੈ ਤੇ ਅਟਕਲ-ਪੱਚੂ ਬਿਆਨਬਾਜ਼ੀ ਵੀ ਹੈ। 'ਸਿਧਨੈ' ਦਾ ਜ਼ਿਕਰ ਬੂਟੇ ਸ਼ਾਹ ਨੇ ਵੀ ਕੀਤਾ ਹੈ। ਰਾਵੀ ਦੇ ਉਸ ਹਿੱਸੇ ਦਾ ਜਿਸ ਨੂੰ 'ਸਿਧਨੈ' ਕਹਿੰਦੇ ਹਨ।

ਸ਼ਰਾਬ ਕੱਢਣ ਕਰ ਕੇ ਉਹਨੂੰ ਛੇ ਮਹੀਨਿਆਂ ਦੀ ਸਜ਼ਾ ਹੋ ਗਈ। ਪੰਦਰਾਂ ਅਗਸਤ ਵਾਲੇ ਦਿਨ ਕਈ ਹੋਰ ਕੈਦੀਆਂ ਨਾਲ ਉਹ ਵੀ ਰਿਹਾ ਹੋ ਕੇ ਬਾਹਰ ਆਇਆ। ਜੇਲ੍ਹ ਦੇ ਅਹਾਤੇ ਵਿਚ ਸ਼ਮਿਆਨੇ ਲੱਗੇ ਸਨ। ਲੱਕੂ ਬਾਹਰ ਨਿਕਲ ਕੇ ਸੁਭਾਉਕੀ ਕਹਿਣ ਲੱਗਾ, "ਆਹ ਤੇ ਇੰਜ ਵੇ ਜਿਵੇਂ ਜੇਲਰ ਦੀ ਕੁੜੀ ਦਾ ਸੁਅੰਬਰ ਹੋਵੇ। ਖੌਰੇ ਕਿਤੇ ਸਾਡਾ ਹੀ ਦਾਅ ਲੱਗ ਜਾਵੇ।" ਨੇੜੇ ਹੀ ਜੇਲ੍ਹ ਸੁਪਰਡੈਂਟ ਸੁਣਦਾ ਸੀ। ਅਗਲਿਆਂ ਨੇ ਛੇ ਮਹੀਨੇ ਲਈ ਹੋਰ ਠੋਕ ਦਿੱਤਾ।

ਲੱਕੂ ਨੂੰ ਕਿਸੇ ਨੇ ਚੁੱਕ ਦਿੱਤੀ ਕਿ ਪੰਡਤਾਂ ਦੇ ਬਖਸ਼ੇ ਨੇ ਉਹਦੀ ਸ਼ਰਾਬ ਫੜਾਈ ਏ। ਉਹਨੇ ਅਗਲੇ ਦਿਨ ਉਹਦੀਆਂ ਮੁਸ਼ਕਾਂ ਬੰਨ੍ਹ ਕੇ ਕੀੜਿਆਂ ਵਾਲੇ ਭੌਣ ਤੇ ਜਾ ਬਿਠਾਇਆ। ਬਖਸ਼ੇ ਦੀ ਮਾਂ ਨੇ ਰੌਲਾ ਰੱਪਾ ਪਾ ਕੇ ਮਸਾਂ ਉਹਦੀ ਜਾਨ ਛੁਡਾਈ। ਸਰਪੰਚ ਕਹਿਣ ਲੱਗਾ "ਲੱਕੂ, ਤੇਰੀ ਇਹ ਕਰਤੂਤ ਮਾੜੀ ਏ, ਪੰਡਤਾਂ ਦੇ ਮੁੰਡੇ ਤੇ ਹੱਥ ਚੁੱਕਣਾ ਕੋਈ ਸੂਰਮਗਤੀ ਨਹੀਂ।" ਲੱਕੂ ਸੁਭਾਉਕੀ ਬੋਲਿਆ, "ਸਰਪੰਚਾ, ਤੁਹਾਡੇ ਗੁਰੂ ਦੇ ਲਾਲ, ਗੰਗੂ ਬਾਹਮਣ ਨੇ ਫੜਾਏ, ਤੁਸੀਂ ਢਾਈ ਸੌ ਸਾਲ ਬਦਲਾ ਨਹੀਂ ਲੈ ਸਕੇ। ਆਖਰ ਨੂੰ ਖੱਤਰੀਆਂ ਲਈ ਖੱਤਰੀ ਦਾ ਖੂਣ ਹੀ ਖੌਲ੍ਹਣਾ ਸੀ। ਸ਼ਰਾਬ ਦਾ ਐਵੇਂ ਬਹਾਨਾ ਸੀ। ਮੈਂ ਤੇ ਉਹ ਬਦਲਾ ਲਿਆ ਏ, ਤੁਹਾਡੀ ਥਾਂ ਮੈਂ ਕਿੱਥੇ ਕਿੱਥੇ ਲੜਦਾ ਫਿਰਾਂਗਾ?"

ਹੌਲਦਾਰਾਂ ਦਾ ਬੁੱਢਾ ਮਰ ਗਿਆ। ਸਾਰਾ ਪਿੰਡ ਅਫਸੋਸ ਲਈ ਬੈਠਾ ਸੀ। ਲੱਕੂ ਨੇ ਵੀ ਜਾ ਕੇ ਰਸਮੋ ਰਸਮੀ ਅਫਸੋਸ ਕੀਤਾ। ਫਿਰ ਕੁਝ ਚਿਰ ਮਗਰੋਂ ਹੌਲਦਾਰਾਂ ਦੇ ਵੱਡੇ ਮੁੰਡੇ ਨੂੰ ਕਹਿਣ ਲੱਗਾ, ਬੀਰ੍ਹਿਆ, ਬਾਪੂ ਦਾ ਸਿਰ ਰਖਿਆ ਜੇ ਕਿ ਨਹੀਂ?" ਸਾਰੇ ਡੌਰ ਭੌਰ ਵੇਖਣ ਕਿ ਸਿਰ ਕਾਹਦੇ ਲਈ ਰੱਖਣਾ ਸੀ। ਨਿੰਮੋਝੂਣਾ ਜਿਹਾ ਹੋ ਕੇ ਬੋਲਿਆ, "ਤੁਹਾਡੇ ਬਾਬੇ ਦਾ ਸਿਰ ਬੜਾ ਵੱਡਾ ਸੀ, ਮੇਰੀ ਤੇ ਉਹਦੇ ਤੇ ਬੜੇ ਚਿਰ ਦੀ ਨਿਗ੍ਹਾ ਸੀ ਕਿ ਜਦੋਂ ਬਾਬਾ ਮਰੇਗਾ, ਉਹਦੇ ਸਿਰ ਨੂੰ ਕੂੰਡਾ ਬਣਾ ਕੇ ਸ਼ਰਦਾਈ ਘੋਟ ਕੇ ਪੀਆ ਕਰਾਂਗੇ। ਤੁਸੀਂ ਤੇ ਭੈੜਿਓ, ਉਕਾ ਹੀ ਸ਼ੁਦਾਈ ਨਿਕਲੇ ਓ।"

ਸੰਧੂਆਂ ਦੇ ਭਜਨ ਨੇ ਲੱਕੂ ਮਾਮੇ ਦਾ ਘੜਾ ਪੁੱਟ ਕੇ ਕੱਢ ਲਿਆ। ਦਾਰੂ ਕੰਮ ਦੀ ਨਿਕਲੀ। ਉਹਨੇ ਲੱਕੂ ਮਾਮੇ ਨੂੰ ਵੀ ਪਿਆਈ। ਲੱਕੂ ਬੋਲਿਆ, "ਭਜਨਿਆਂ, ਦਾਰੂ ਬੜੀ ਸਿਰੇ ਦੀ ਕੱਢੀ ਆ। ਮੈਂ ਵੀ ਤੈਨੂੰ ਦੋ ਦਿਨਾਂ ਨੂੰ ਇਹ ਤੋਂ ਵੀ ਨਾਗ ਦੀ ਬੱਚੀ ਪਿਆਵਾਂਗਾ।" ਭਜਨ ਖਚਰੀ ਜਿਹੀ ਹਾਸੀ ਹੱਸਦਿਆਂ ਆਖਣ ਲੱਗਾ, "ਮਾਮਾ ਇਹ ਉਹ ਈ ਨਾਗ ਦੀ ਬੱਚੀ ਏ। ਪਰ ਕੀਲ ਐਤਕਾਂ ਮੈਂ ਲਈ ਏ।" ਲੱਕੂ ਨੇ ਉਹਨ ਥੁੱਕਲ 'ਚ ਲੈ ਲਿਆ, "ਵਈ ਇਹ ਹੋਈ ਨਾ ਸੁਆਦ ਦੀ ਗੱਲ। ਤੂੰ ਅਸਲੀ ਭਾਣਜਾ ਨਿਕਲਿਐਂ। ਮੈਂ ਸੋਚਦਾ ਸਾਂ ਕਿ ਲੱਕੂ ਮਗਰੋਂ ਇਸ ਪਿੰਡ ਦਾ ਬਣੇਗਾ ਕੀ? ਪਰ ਤੇਰੇ 'ਚ ਲੱਗਦੀ ਏ ਕੋਈ ਕਣੀ ਹੈ। ਤੇ ਉਹ ਉੱਚੀ ਉੱਚੀ ਗਾਉਣ ਲੱਗ ਪਿਆ:—

ਜੱਟ ਨਹੀਂ ਕਿਸੇ ਦੇ ਮਾਮੇ ਸੁਣ ਲੈ ਭਾਣਜਿਆ।

ਅਕਾਲੀ ਮੋਰਚਾ ਲੱਗਿਆ। ਲੱਕੂ ਪਹਿਲੇ ਜਥੇ ਨਾਲ ਗ੍ਰਿਫਤਾਰ ਹੋ ਗਿਆ। ਸਿਰੋਂ ਘੋਲਮੋਨ, ਦਾੜ੍ਹੀ ਬਰਸੀਮ ਵਾਂਗ ਕੁਤਰੀ ਹੋਈ। ਦੂਜੇ ਸਿੰਘਾਂ ਨੇ ਕਹਿਣਾ, 'ਲੱਕੂ ਤੂੰ ਸਿੰਘ ਤੇ ਹੈ ਨਹੀਂ'। "ਝੱਟ ਉੱਤਰ ਦੇਂਦਾ ਮੁੱਢਾ ਸਿੰਘ ਆਂ। ਮੁੱਢੇ ਕਮਾਦ ਵਾਂਗ, ਬਹੁਤਾ ਮਿੱਠਾ।" ਕਾਮਰੇਡਾਂ ਦੇ ਖੁਸ਼ ਹੈਸੀਅਤੀ ਟੈਕਸ ਵਿਚ ਵੀ ਉਹਨੇ ਡਾਗਾਂ ਖਾਧੀਆਂ। ਕਿਸਾਨ ਸਾਥੀ ਜਦੋਂ ਉਹਦੀ ਭੋਇੰ ਬਾਰੇ ਪੁੱਛਦੇ, ਹੱਸ ਕੇ ਕਹਿ ਦਿੰਦਾ: "ਮੇਰੀ ਪੈਲੀ ਤੇ ਉਤਾਂਹ ਅਲਾਟ ਹੋਈ ਹੈ। ਇਥੇ ਧਰਤੀ ਤੇ ਤਾਂ ਮੈਂ ਐਵੇਂ ਤੁਹਾਡੀ ਮਦਦ ਲਈ ਬੈਠਾ ਹਾਂ। ਜਦੋਂ ਜੀ ਕਰਿਆ, ਉਥੇ ਲਗਾ ਜਾਵਾਂਗਾ।

ਨਕਸਲਬਾੜੀ ਲਹਿਰ ਨੇ ਪੰਜਾਬ ਦੇ ਖੂਨ ਨੂੰ ਇਕਦਮ ਗਰਮ ਸੂਹਾ ਬਣਾ ਦਿੱਤਾ ਸੀ। ਅਸੀਂ ਪਿੰਡ ਦੇ ਪੜ੍ਹਾਕੂ ਇਸ ਲਹਿਰ ਤੋਂ ਪ੍ਰਭਾਵਤ ਹੋਏ। ਇਹਦੇ ਬਾਰੇ ਦਰਵਾਜ਼ੇ ਬੈਠੇ ਗੱਲਾਂ ਕਰਦੇ ਰਹਿੰਦੇ। ਲੱਕੂ ਬੜੇ ਧਿਆਨ ਨਾਲ ਸੁਣਦਾ ਰਹਿੰਦਾ। ਸ਼ੇਰਾ ਕਹਿਣ ਲੱਗਾ, "ਮਾਮਾ, ਡੂੰ ਤੇ ਬੜੇ ਕਰਮ ਕੀਤੇ ਨੇ। ਗਰੀਬਾਂ ਲਈ ਵੀ ਕਦੀ ਡਾਂਗ ਤੇ ਡੇਰਾ ਕਰ ਲੈ।" ਬੋਲਿਆ, "ਆਹ ਜਿਹੜਾ ਤੁਸੀਂ ਆਪਣੇ ਆਗੂਆਂ ਦੇ ਕਨਾਂਅ ਜਿਹੇ ਲੈਂਦੇ ਓ ਨਾ, ਇਹ ਨਹੀਂ ਮੈਨੂੰ ਭਾਉਂਦੇ। ਬਾਬੇ ਗੋਬਿੰਦ ਸਿੰਘ ਦੇ ਨਾਂ ਤੇ ਮੈਂ ਸ਼ਹੀਦ ਹੋਣ ਲਈ ਤਿਆਰ ਆਂ।" ਮੈਂ ਹੱਸ ਕੇ ਆਖਿਆ, "ਇਹ ਸਾਰੇ ਬਾਬੇ ਦੇ ਚੇਲੇ ਨੇ। ਬਾਬੇ ਦਾ ਨਾਂ ਤੇ ਹੁਣ ਸਾਰੀ ਦੁਨੀਆਂ 'ਚ ਕੂਕਦੇ। ਅਸੀ ਤਾਂ ਉਹਦੇ ਹੀ ਸਿੰਘ ਆਂ।" ਕੁਝ ਮਹੀਨਿਆਂ ਮਗਰੋਂ ਪਤਾ ਚਲਿਆ ਕਿ ਲੱਕੂ ਜੋ ਲਾ-ਪਤਾ ਸੀ, ਨਕਸਲਬਾੜੀਆਂ ਵਿਚ ਜਾ ਰਲਿਐ। ਕੁਝ ਚਿਰ ਮਗਰੋਂ ਉਹ ਉਹਨਾਂ ਨਾਲ ਰੁੱਸ ਕੇ ਫਿਰ ਪਿੰਡ ਆ ਗਿਆ। ਪੁਲਸ ਨੇ ਉਹਨੂੰ ਬੜਾ ਤੰਗ ਕੀਤਾ। ਅਖੀਰ ਪਿੰਡ ਨੇ ਉਹਦੀ ਹਾਮੀ ਓਟ ਕੇ ਜਾਨ ਛੁਡਾਈ। ਜੇ ਕਿਸੇ ਨੇ ਕਹਿਣਾ, ਲੱਕੂ ਤੇ ਡਰਦਾ ਮਾਰਾ ਭੱਜ ਆਇਆ ਤਾਂ ਉਹਨੇ ਅੱਗ-ਬਗੋਲਾ ਹੋ ਕੇ ਗੁੱਸੇ ਵਿਚ ਫੁੰਕਾਰੇ ਮਾਰਦਿਆਂ ਕਹਿਣਾ "ਮੈਂ ਭੱਜਿਆ ਨਹੀਂ। ਗੱਲ ਅਸਲ ਇਹ ਵੇ ਕਿ ਮੇਰਾ ਤੇ ਉਹਨਾਂ ਦਾ ਮਜ਼੍ਹਬ ਨਹੀਂ ਰਲਦਾ। ਉਹ ਆਂਹਦੇ ਨੇ ਗੁਰੂ ਗੋਬਿੰਦ ਸਿੰਘ ਸਾਡੇ ਜਿਹਾ ਬੰਦਾ ਸੀ। ਮੈਂ ਆਹਨਾਂ ਉਹ ਅਵਤਾਰ ਸੀ। ਬੱਸ ਏਸੇ ਨੁਕਤੇ ਤੇ ਫ਼ਰਕ ਪੈ ਗਿਆ ਏ। ਉਂਜ ਉਹ ਸ਼ੇਰ ਦੂਲੇ ਨੇ। ਕਿਸੇ ਭਾਗਾਂ ਭਰੀਆਂ ਮਾਵਾਂ ਦੇ ਹੀ ਇਹੋ ਜਿਹੇ ਲਾਲ ਜੰਮਦੇ ਨੇ। ਵਾਹਿਗੁਰੂ ਉਹਨਾਂ ਦੀ ਲੰਮੀ ਉਮਰ ਕਰੇ।"

ਜੇ ਕਦੀ ਮੇਰੇ ਬਾਪੂ ਨੇ ਗਿਲਾ ਕਰਨਾ ਕਿ ਮੁੰਡੇ ਗ਼ਲਤ ਰਾਹ ਤੇ ਪੈ ਗਏ ਨੇ ਤਾਂ ਉਹਨੇ ਸਿੱਖਿਆ ਦੇਣੀ, "ਲੰਬੜਾ, ਇਹ ਦੁੱਲੇ ਭੱਟੀ ਨੇ। ਇਹਨਾਂ ਨੂੰ ਐਵੇਂ ਨ ਸਮਝ। ਤੁਹਾਥੋਂ ਤੇ ਕੱਖ ਹੋਇਆ ਨਹੀਂ। ਇਹਨਾਂ ਦਾ ਝੋਰਾ ਲੈ ਕੇ ਬਹਿ ਜਾਂਦੇ ਓ। ਜਿੱਦਣ ਕਿਸੇ ਨੇ ਚੰਗੇ ਕੰਮ ਵਿਚ

ਸੜ੍ਹਾਕੇ ਮਾਰ ਰਿਹਾ ਹੁੰਦਾ। ਲੌਢੇ ਵੇਲੇ ਭਾਈ ਜੀ ਦੇ ਕੋਲ ਗੁਰਦੁਆਰੇ ਸ਼ਰਦਾਈ ਦੇ ਕੂੰਡੇ ਕੋਲ ਬਾਹਰਲੇ ਬਿੱਲੇ ਵਾਂਗ ਛਹਿ ਲਾਈ ਬੈਠਾ ਹੁੰਦਾ। ਰੇ ਰਾਤੀਂ ਨਾਮੇ ਛੜੇ ਤੋਂ ਲਾਹਣ ਦੀ ਬਾਟੀ ਪੀ ਕੇ ਸਾਰੇ ਪਿੰਡ ਦੀ ਅਹੀ ਤਹੀ ਫੇਰ ਰਿਹਾ ਹੁੰਦਾ। ਲੱਕੂ ਨੂੰ ਕਦੇ ਕਿਸੇ ਨੇ ਝਿੜਕਿਆ ਨਹੀਂ ਸੀ। ਨਾ ਕਦੇ ਉਹਦੀ ਕਿਸੇ ਗੱਲ ਦਾ ਗੁੱਸਾ ਕੀਤਾ ਸੀ। ਜਿਥੇ ਜੀ ਕਰਦਾ ਸੌਂ ਜਾਂਦਾ, ਜਿਥੇ ਜੀ ਕਰਦਾ ਖਾ ਪੀ ਲੈਂਦਾ। ਉਹ ਹਰ ਕਿਸੇ ਨੂੰ ਮਖੌਲ ਕਰਦਾ, ਹਰ ਕਿਸੇ ਦਾ ਮੌਜੂ ਉਡਾਉਂਦਾ। ਪਰ ਜਦੋਂ ਕਿਸੇ ਤੇ ਭੀੜ ਬਣਦੀ ਉਹ ਉਹਦੇ ਦੁੱਖ ਨੂੰ ਨੀਲ-ਕੰਠ ਦੇ ਜ਼ਹਿਰ ਪੀਣ ਵਾਂਗ ਤੱਤਪਰ ਰਹਿੰਦਾ। ਪਿੰਡ ਵਿਚ ਜੇ ਕਿਧਰੇ ਲੜਾਈ ਹੁੰਦੀ, ਉਹ ਸੁਲ੍ਹਾ ਸਫਾਈ ਲਈ ਮੁਨਸਬ ਹੁੰਦਾ। ਸਾਰਾ ਪਿੰਡ ਉਹਦੇ ਪਿਆਰ ਤੋਂ ਤਰਹਿੰਦਾ ਸੀ। ਕੋਈ ਨਹੀਂ ਸੀ ਚਾਹੁੰਦਾ ਕਿ ਉਹਦੀ ਗੱਲ ਮੋੜ ਕੇ ਉਹਦਾ ਰੋਸਾ ਸਹੇੜਿਆ ਜਾਵੇ। ਉਹ ਕਿਸੇ ਇਕ ਦਾ ਨਾ ਹੋ ਕੇ ਸਾਮਲਾਟ ਵਾਂਗੂੰ ਸਰਵ-ਸਾਂਝਾ ਹੋਣ ਨੂੰ ਪ੍ਰਵਾਨਗੀ ਦਿੰਦਾ। ਮੇਰਾ ਬਾਪੂ ਹਮੇਸ਼ਾਂ ਉਹਨੂੰ ਆਦਮੀਆਂ ਦੀ ਸਾਮਲਾਟ ਕਹਿ ਕੇ ਸੱਦਦਾ। ਬਾਪੂ ਕਿਹਾ ਕਰਦਾ, "ਇਕ ਤੇ ਸ਼ਾਮਲਾਟ ਸਾਰੇ ਪਿੰਡਾਂ ਕੋਲ ਹੁੰਦੀ ਏ, ਪਰ ਸਾਡੇ ਕੋਲ ਤੇ ਦੋ ਸ਼ਾਮਲਾਟਾਂ ਨੇ।" ਤੇ ਲੱਕੂ ਅੱਗੋਂ ਹੱਸ ਕੇ ਕਹਿੰਦਾ, "ਲੰਬੜਾ, ਰੱਬ ਨੂੰ ਪਤਾ ਸੀ ਕਿ ਉਜਾੜੇ ਮਗਰੋਂ ਡੰਗਰਾਂ ਤੇ ਬੰਦਿਆਂ ਦੇ ਸੁਭਾਅ ਵਿਚ ਕੋਈ ਬਹੁਤਾ ਫਰਕ ਨਹੀਂ ਰਹਿਣਾ, ਜਿਥੇ ਚਾਹੁਣਗੇ ਦੋਵੇਂ ਧਿਰਾਂ ਬੁਰਕ ਮਾਰ ਲਿਆ ਕਰਨਗੇ।" ਉਹਦੇ ਬੋਲਾਂ ਵਿਚ ਹਮੇਸ਼ਾਂ ਫਕੀਰੀ ਰਮਜ਼ ਹੁੰਦੀ, ਜਿਹਨੂੰ ਸਮਝਣ ਲਈ ਆਪ ਵੀ ਉਸੇ ਰੌਂਅ ਵਿਚ ਆਉਣਾ ਪੈਂਦਾ।

ਉਹਦੇ ਵਿਅੰਗ ਦਾ ਨਸ਼ਾ ਅਮਲੋਂ ਟੁੱਟੇ ਅਮਲੀਆਂ ਨੂੰ ਮਿਲੇ ਮਾਵੇ ਵਰਗਾ ਹੁੰਦਾ। ਉਹਦੀਆਂ ਗਾਲਾਂ ਜਿਵੇਂ ਪੀਠੀ ਸੁੰਢ ਵਿਚ ਕੋਈ ਸ਼ੱਕਰ-ਘਿਉ ਦੀ ਕੌਲੀ ਉਲੱਦ ਦੇਵੇ। ਮੈਂ ਉਹਦੀਆਂ ਅੱਖੀਆਂ ਵਿਚ ਹਮੇਸ਼ਾਂ ਉਦਰੇਵੇਂ ਦੀ ਇਕ ਛੱਲ ਵੇਖਦਾ। ਜਦੋਂ ਉਹ ਮਖੌਲੀਏ ਅੰਦਾਜ਼ ਵਿਚ ਖੁਲ੍ਹ ਕੇ ਹੱਸ ਰਿਹਾ ਹੁੰਦਾ, ਉਹਦੇ ਕੋਇਆਂ 'ਚੋਂ ਨਿਰੰਤਰ ਪਾਣੀ ਸਿੰਮਦਾ ਰਹਿੰਦਾ, ਜਿਸ ਤਰ੍ਹਾਂ ਗਰੀ ਚਬਾਂਦਿਆਂ ਸਾਡੇ ਮੂੰਹ ਵਿਚ ਤਿਰਵਰ ਜਿਹੀ ਆ ਜਾਂਦੀ ਏ। ਜਾਂ ਜਿਵੇਂ ਪਹਿਲੀ ਤੋੜ ਦੀ ਦਾਰੂ ਦਾ ਪਹਿਲਾ ਘੁੱਟ ਭਰਦਿਆਂ ਉੱਥੂ ਆ ਜਾਂਦਾ ਏ।

ਸਾਡੇ ਪਿੰਡੋਂ ਬੰਤੇ ਮਿੱਢੇ ਦੀ ਜੰਞ ਗਈ। ਸਾਰਿਆਂ ਦੀ ਤਾੜ ਸੀ। ਰਾਜਾ ਨਾ ਲੱਭੇ। ਲੱਕੂ ਕਹਿਣ ਲੱਗਾ, "ਵਿਚੋਂ ਚੁੱਕਣਾ ਤੇ ਸੰਦੂਕ ਈ ਏ ਨਾ। ਮੈਂ ਚੁੱਕ ਲਵਾਂਗਾ। ਪਰ ਇੰਜ ਕਰੋ ਕਿ ਦੋ ਛਿੱਟਾਂ ਦਾਰੂ ਦੀਆਂ ਮੇਰੇ ਮੂੰਹ ਨੂੰ ਲਵਾ ਦਿਓ, ਫਿਰ ਸੰਗ ਨਹੀਂ ਆਏਗੀ। ਸਾਰੇ ਖੁਸ਼ ਕਿ "ਚਲੋ ਰਹਿ ਆ ਗਈ। ਜੰਞ ਸਫੇਦੋਂ ਗਈ। ਸਾਡੇ ਪਿੰਡ ਪਹਿਲਾਂ ਹੀ ਧੁੰਮ ਪਈ ਸੀ ਕਿ ਕੁੜੀ ਸਰੂ ਵਰਗੀ ਜੁਆਨ ਜਹਾਨ ਏਂ, ਤੇ ਵਿਆਂਦੜ ਬੰਤੂ ਮਿੱਢਾ ਤੇ ਉਹਦੇ ਨਾਲ ਗਾਂ ਦੇ ਗਲ ਪਏ ਡਾਹੇ ਵਰਗਾ ਲੱਗਣਾ ਏਂ। ਮਿਲਣੀ ਹੋਣ ਲੱਗੀ। ਲੱਕੂ ਸਿਰ ਤੇ ਸੰਦੂਕ ਚੁੱਕਿਆ, ਸਾਊਆਂ ਵਾਂਗ ਚੁੱਪ-ਚਾਪ ਖੜਾ ਰਿਹਾ। ਪਰ ਜਦੋਂ ਕੁੜੀ ਵਾਲਿਆਂ ਨੇ ਸ਼ਬਦ ਦੀ ਇਹ ਧਾਰਨ ਪੜ੍ਹੀ :—

ਅਸਾਂ ਸਾਜਣ ਲੱਧਾ ਜੀ ਸਾਰਾ ਜੱਗ ਢੂੰਢ ਕੇ

ਤੇ ਅਚਾਨਕ ਏਧਰੋਂ ਜਾਂਞੀਆਂ ਵਾਲੇ ਪਾਸਿਉਂ ਉੱਚੀ ਹੇਕ ਵਿਚ ਆਵਾਜ਼ ਆਈ :—

ਬੂਹੇ ਬਾਂਦਰ ਬੱਧਾ ਜੀ ਸਾਰਾ ਜੱਗ ਢੂੰਢ ਕੇ

ਲਾੜੇ ਦਾ ਪਿਉ ਮੁੜ-ਮੁੜ ਲੱਕੂ ਨੂੰ ਘੂਰੇ। ਕਈਆਂ ਨੇ ਮੋਢੇ ਵੀ ਮਾਰੇ, ਪਰ ਉਹ ਮਾਂ ਦਾ ਪੁੱਤਰ ਆਪਣੀ ਧੁਨ ਵਿਚ ਮਸਤ ਗਾਈ ਜਾਵੇ :—


ਬੂਹੇ ਬਾਂਦਰ ਬੱਧਾ ਜੀ ਸਾਰਾ ਜੱਗ ਢੂੰਢ ਕੇ

ਉਹ ਦਿਨ ਤੇ ਅਹਿ ਦਿਨ ਕਿਸੇ ਨੇ ਉਹਨੂੰ ਜੰਞੇ ਨਹੀਂ ਖੜਿਆ। ਇਹਦਾ ਕੀ ਏ, ਕਿਤੇ ਅਗਲੇ ਦੇ ਗੁੜ ਦਾ ਗ੍ਰੋਹਾ ਬਣਾ ਦਏ। ਉਹ ਬੋਲਣੋਂ ਨਹੀਂ ਸੀ ਰਹਿ ਸਕਦਾ। ਕਹੇਗਾ ਕਿ ਜੇ ਸੱਚੀ ਗੱਲ ਨਾ ਆਖਾਂ ਤਾਂ ਸਹੁੰ ਗੁਰਾਂ ਦੀ, ਮੇਰਾ ਸਾਹ ਖਿੱਚ ਕੇ ਆਣ ਲੱਗ ਪੈਂਦਾ ਏ ਤੇ ਕਈ ਦਿਨ ਬਦਹਜ਼ਮੀ ਰਹਿੰਦੀ ਏ। ਇਹੋ ਜਿਹੇ ਮਸਤ ਕਲੰਦਰ ਨੂੰ ਕਿਵੇਂ ਕੋਈ ਕੁਝ ਕਹਿ ਸਕਦਾ ਏ।

ਪੱਕੀਆਂ ਅਲਾਟਮੈਂਟਾਂ ਲਈ ਪਿੰਡ ਤਹਿਸੀਲਦਾਰ ਆਇਆ। ਸਾਰਿਆਂ ਦੇ ਟੱਕ ਸੁੱਝ ਗਏ। ਤਹਿਸੀਲਦਾਰ ਕੋਈ ਭਲਾ ਲੋਕ ਸੀ ਕਹਿਣ ਲੱਗਾ ਵਈ ਜੇ ਕਿਸੇ ਨੂੰ ਕੋਈ ਗਿਲਾ-ਗੁਜ਼ਾਰਸ਼ ਏ ਤਾਂ ਦੱਸ ਦੇਵੇ। ਲੱਕੂ ਗਲ 'ਚ ਪੱਲਾ ਪਾ ਕੇ ਭਰੀ ਪਰ੍ਹੇ ਵਿਚ ਖਲੋ ਕੇ ਆਖਣ ਲੱਗਾ, "ਮੋਤੀਆਂ ਵਾਲਿਆ, ਇਹਨਾਂ ਜੱਟਾਂ ਨੂੰ ਤੁਸੀਂ ਜ਼ਮੀਨ ਅਲਾਟ ਕਰ ਦਿੱਤੀ। ਮੈਂ ਖੱਤਰੀਆਂ ਦਾ ਮੁੰਡਾ, ਨਾ ਭੋਇੰ ਨਾ ਭਾਂਡਾ, ਇਨ੍ਹਾਂ ਅੱਕਾਂ ਵਿਚ ਕਰੀਰ ਵਾਂਗ ਆਂ। ਮੇਰੇ ਤੇ ਮੇਹਰ ਕਰੋ, ਮੇਰੀ ਵੀ ਰੋਟੀ-ਰੋਜ਼ੀ ਦਾ ਕੋਈ ਵਸੀਲਾ ਕਰ ਜਾਉ।" ਤਹਿਸੀਲਦਾਰ ਕਹਿਣ ਲੱਗਾ, "ਭਲਿਆ ਲੋਕਾ, ਤੂੰ ਹੀ ਦੱਸ ਦੇ ਕੋਈ ਰਾਹ।" ਹੱਸ ਕੇ ਕਹਿੰਦਾ, "ਮੈਨੂੰ ਪਿੰਡ ਦੀਆਂ ਮੜ੍ਹੀਆਂ ਅਲਾਟ ਕਰ ਦਿਉ। ਲੜਦੇ-ਮਰਦੇ ਤਾਂ ਇਹਨਾਂ ਰਹਿਣਾ ਈ ਏ, ਮੈਂ ਇਹਨਾਂ ਤੋਂ ਮਰਨ ਦਾ ਚਰੋਤਾ ਵਸੂਲ ਕਰ ਲਿਆ ਕਰਾਂਗਾ। ਤੇ ਮੇਰਾ ਦਾਲ ਫੁਲਕਾ ਚੱਲਦਾ ਰਹੇਗਾ।" ਸਾਰੇ ਪਿੰਡ ਦੇ ਹੱਸ ਹੱਸ ਕੇ ਢਿੱਡੀਂ ਪੀੜ ਪੈ ਗਈ। ਤਹਿਸੀਲਦਾਰ ਕਹਿਣ ਲੱਗਾ, "ਤੁਹਾਡੇ ਪਿੰਡ ਦੀ ਇਹ ਰੂਹ ਜੇ, ਇਹਨੂੰ ਸੰਭਾਲ ਕੇ ਰੱਖਿਓ।"

ਸ: ਜੋਗਿੰਦਰ ਸਿੰਘ ਮਾਨ

ਮਾਨ ਗੋਤ ਜੈਸਲਮੇਰ ਤੋਂ ਆਈ। ਉਥੇ ਮੁਸਲਮਾਨਾਂ ਨਾਲ ਲੜਾਈ ਹੋਈ। ਉਥੋਂ ਆ ਕੇ ਮਾਨ ਗੁਜ਼ਰਾਂਵਾਲੇ ਤੋਂ ਚਾਰ ਮੀਲ ਦੇ ਫਾਸਲੇ ਤੇ ਮੁਗਲ ਚੱਕ ਠਹਿਰੇ। ਜੋ ਬਜ਼ੁਰਗ ਆਏ ਸਨ, ਉਹਨਾਂ ਦੀ ਔਲਾਦ 'ਚੋਂ ਜਨਰਲ ਬੁੱਧ ਸਿੰਘ ਹੋਏ ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਉਹਨਾਂ ਦੀ ਫੌਜ ਵਿਚ ਜਰਨੈਲ ਸੀ। ਏਥੋਂ ਅਗਾਂਹ ਦਾ ਸ: ਜੋਗਿੰਦਰ ਸਿੰਘ ਮਾਨ ਅਤੇ ਸ: ਸਿਮਰਨਜੀਤ ਸਿੰਘ ਮਾਨ ਦਾ ਕੁਰਸੀ ਨਾਮਾ ਦਿੱਤਾ ਜਾਂਦਾ ਹੈ।



ਜੋਗਿੰਦਰ ਸਿੰਘ ਮਾਨ ਦਾ ਜਨਮ ਸੰਨ 1905 ਈ: ਨੂੰ ਹੋਇਆ। ਚੀਫਸ ਕਾਲਜ ਲਾਹੌਰ ਵਿਚ ਪੜ੍ਹਾਈ ਕੀਤੀ। 1929 ਵਿਚ ਸ਼ਰੋਮਣੀ ਕਮੇਟੀ ਦੇ ਮੈਂਬਰ ਬਣੇ। ਜੱਟਾਂ ਤੇ ਲੁਬਾਣਿਆਂ ਦੀ ਅੱਧੋ ਅੱਧ ਗਿਣਤੀ ਸੀ। ਦੋਹਾਂ ਨੇ ਆਪ ਨੂੰ ਨਿਰ-ਵਿਰੋਧ ਮੈਂਬਰ ਚੁਣਿਆ ਤੇ ਆਪ ਮਾਸਟਰ ਤਾਰਾ ਸਿੰਘ ਗਰੁਪ ਦੇ ਰਹੇ। 1929 ਵਿਚ ਹੀ ਸ਼ਾਹਦਰਾ ਦੇ ਆਨਰੇਰੀ ਮੈਜਿਸਟਰੇਟ ਰਹੇ।

1945 ਵਿਚ ਐਮ.ਐਲ.ਏ. ਬਣੇ। ਉਦੋਂ ਹੀ ਸ: ਮਾਨ ਸਿੰਘ ਹੰਬੋ ਵੀ ਐਮ.ਐਲ.ਏ. ਬਣੇ ਸੀ।

ਦੇਸ਼ ਵੰਡ ਪਿਛੋਂ ਰੀਹੈਬੀਲੀਟੇਸ਼ਨ ਬੋਰਡ ਪੈਪਸੂ ਦੇ ਚੇਅਰਮੈਨ ਰਹੇ। ਫਿਰ ਪੰਜਾਬ ਵਿਚ ਰੀਹੈਬੀਲੀਟੇਸ਼ਨ ਅਤੇ ਰੈਵੀਨਿਯੂ ਮੰਤਰੀ ਰਹੇ। ਉਦੋਂ ਭੀਮ ਸੈਨ ਸੱਚਰ ਮੁਖ ਮੰਤਰੀ ਸੀ। ਉਸ ਸਮੇਂ ਪੱਛਮੀ ਪੰਜਾਬ ਤੋਂ ਆਏ ਲੋਕਾਂ ਦੀ ਰੀਹੈਬੀਲੀਟੇਸ਼ਨ ਵਿਚ ਜਥੇਦਾਰ ਮਾਨ ਸਿੰਘ ਹੰਬੋ ਨੇ ਬਹੁਤ ਵੱਧ ਚੜ੍ਹ ਕੇ ਕੰਮ ਕੀਤਾ।

1952-56 ਤੱਕ ਰਾਜ ਸਭਾ ਦੇ ਮੈਂਬਰ ਰਹੇ। 1967 ਵਿਚ ਸਰਹੰਦ ਹਲਕੇ ਤੋਂ ਮਾਸਟਰ ਅਕਾਲੀ ਦਲ ਦੀ ਟਿਕਟ ਤੇ ਐਮ. ਐਲ.ਏ. ਬਣੇ ਅਤੇ ਪੰਜਾਬ ਅਸੈਂਬਲੀ ਦੇ ਸਪੀਕਰ 1967 ਤੋਂ 1972 ਤੱਕ ਰਹੇ।

---

1. **ਹੀਰਾ ਸਿੰਘ ਮਾਨ :** ਬਾਬਾ ਰਾਮ ਸਿੰਘ ਨਾਮਧਾਰੀ ਆਗੂ ਜਦ ਅੰਗਰੇਜ਼ਾਂ ਤੋਂ ਭਗੌੜੇ ਹੋਏ ਤਾਂ ਇਹਨਾਂ ਹੀਰਾ ਸਿੰਘ ਮਾਨ ਕੋਲ ਸ਼ਾਹਦਰੇ ਤਹਿਸੀਲ ਵਿਚ ਪਿੰਡ ਮਾਨਾਂ ਵਾਲੇ ਆ ਕੇ (Protection) ਸ਼ਰਨ ਲਈ ਸੀ।
2. **ਮਨਜੀਤ ਸਿੰਘ ਮਾਨ :**—ਇਹ ਆਈ. ਏ. ਐਸ. ਕੇਡਰ ਦਾ ਅਫਸਰ ਸੀ। ਇੰਕਮ ਟੇਕਸ ਕਮਿਸ਼ਨਰ ਅਹਿਮਦਾਬਾਦ ਹੁੰਦਿਆਂ ਹੋਇਆਂ 1970 ਈ: ਵਿਚ ਹਾਰਟ ਅਟੈਕ ਨਾਲ ਮੌਤ ਹੋ ਗਈ।
3. ਜਿਸ ਨੂੰ ਸ਼ਾਇਦ 1989 ਈ: ਦੇ ਪੰਜਾਬ ਦੇ ਜਨਰਲ ਚੁਨਾਵ ਵਿਚ ਸਭ ਤੋਂ ਵਧ ਵੋਟ ਦੇ ਕੇ ਅਤੇ ਫਿਰ ਪਾਰਟੀ ਨੂੰ ਸਭ ਤੋਂ ਵਧ ਮੈਂਬਰ ਜਿੱਤਾ ਕੇ ਪੰਜਾਬ ਦਾ ਅਤੇ ਸਿੱਖ ਪੰਥ ਦਾ ਸੱਭ ਤੋਂ ਵੱਧ ਸ਼ਕਤੀਸ਼ਾਲੀ ਆਗੂ ਬਣਾਇਆ ਸੀ।

ਤੁਹ ਡਾ ਨਾਂ ਲਿਆ, ਇਹਨਾਂ ਸਦਕਾ ਈ ਲੈਣਾ ਏ । ਤੁਸੀਂ ਤੇ ਸਾਰੀ ਉਮਰ ਮੱਝਾਂ ਘੋੜੀਆਂ ਦੇ ਸੰਗਲ ਖੋਲ੍ਹਣ ਬਿਨਾਂ ਕੀਤਾ ਹੀ ਕੀ ਏ ?''

ਸਰਮਾਏਦਾਰੀ ਵੱਧਣ ਫੁੱਲਣ ਨਾਲ ਪਿੰਡ ਦੀ ਨੁਹਾਰ ਵਿਚ ਫਰਕ ਪੈਣ ਲੱਗ ਪਿਆ । ਨਵੀਂ ਖੁਸ਼ਹਾਲੀ ਨੇ ਪਿੰਡਾਂ ਦੀ ਸਦੀਵੀ ਸਾਂਝ ਨੂੰ ਡਾਗਣਾ ਸ਼ੁਰੂ ਕਰ ਦਿੱਤਾ । ਮਾੜੇ ਤਕੜੇ ਦਾ ਫਰਕ ਅਮਰਵੇਲ ਵਾਂਗ ਵੱਧਣ ਲੱਗ ਪਿਆ । ਇਹ ਸਾਰਾ ਕੁਝ ਲੱਕੂ ਨੂੰ ਓਪਰਾ ਲੱਗਦਾ । ਉਹਦੇ ਇਹ ਸਾਰੀਆਂ ਹਰਕਤਾਂ ਮੇਚ ਨਾ ਆਂਦੀਆਂ । ਇਕੱਠੇ ਬਹਿ ਕੇ ਬੋਹੜ ਦੀ ਠੰਡੀ ਛਾਂ ਮਾਨਣ ਵਾਲੀ ਭਾਵਨਾ ਹੌਲੀ ਹੌਲੀ ਡੰਡਾ ਥੋਹਰ ਬਣਦੀ ਗਈ। ਇਸ ਸਾਰੇ ਬਦਲਦੇ ਮਾਹੌਲ ਨੇ ਲੱਕੂ ਖੱਤਰੀ ਨੂੰ ਬੇਹੱਦ ਉਦਾਸ ਕਰ ਦਿੱਤਾ । ਗੱਲ ਗੱਲ ਤੇ ਟਿੱਚਰਾਂ ਕਰਨ ਵਾਲਾ ਲੱਕੂ ਉਕਾ ਹੀ ਚੁੱਪ ਹੋ ਗਿਆ ।

ਪਿੰਡ ਵਿਚ ਪੰਚਾਇਤੀ ਚੋਣਾਂ ਆਈਆਂ । ਦੋ ਧੜੇ ਬਣ ਗਏ । ਇਕ ਦੂਜੇ ਦੀ ਚੁਗਲੀ ਨਿੰਦਿਆ ਲੋਕਾਂ ਦਾ ਸੁਭਾਅ ਬਣ ਗਈ। ਲੱਕੂ ਨੂੰ ਇਹ ਸਾਰਾ ਕੁਝ ਏਨਾ ਅਣਹੋਣਾ ਜਾਪਦਾ ਕਿ ਉਹਨੂੰ ਸੂਰਜ ਵੀ ਮੈਲਾ ਮੈਲਾ ਦਿੱਸਣ ਲੱਗ ਪਿਆ । ਵੋਟਾਂ ਵਾਲੇ ਦਿਨ ਪਤਾ ਨਹੀਂ ਉਹਨੂੰ ਕੀ ਹੋਇਆ। ਉਹ ਬਲਮ ਲੈ ਕੇ ਦਰਵਜ਼ੇ ਵਿਚ ਖਲੋ ਗਿਆ। ਪਹਿਲਾਂ ਉਹਨੇ ਸਰਕਾਰ ਨੂੰ ਗਾਲ੍ਹਾਂ ਕੱਢੀਆਂ, ਫਿਰ ਪਿੰਡ ਦੇ ਵੋਟਾਂ ਵਿਚ ਖੜੋਤੇ ਉਮੀਦਵਾਰਾਂ ਦੀ ਐਹੀ-ਤੈਹੀ ਫੇਰੀ ਤੇ ਫਿਰ ਅੱਖ ਦੇ ਫੋਰ ਵਿਚ ਵੋਟਾਂ ਵਾਲੀ ਸੰਦੂਕੜੀ ਚੁੱਕ ਕੇ ਗੋਹੇ ਵਾਲੇ ਖੂਹ ਵਿਚ ਜਾ ਸੁੱਟੀ । ਉਹ ਗੁੱਸੇ ਵਿਚ ਝੱਗੋ ਝੱਗ ਹੋਇਆ ਪਹਿਲਾਂ ਵਾਂਗ ਪਿੰਡ ਨੂੰ ਵੰਗਾਰਦਾ ਰਿਹਾ, ''ਨਿਕਲੋ ਬਾਹਰ ਓਇ, ਜਿਹਨੇ ਸਰਪੰਚ ਬਣਨਾ । ਅੱਗੇ ਨਹੀਂ ਜੋ ਹੱਲਿਆਂ ਵੇਲੇ ਚਾਅ ਲੱਥਾ । ਹੁਣ ਫਿਰ ਨਾਂਗਾਂ ਦੀਆਂ ਵਰਮੀਆਂ ਵਿਚ ਹੱਥ ਦੇਂਦੇ ਓ । ਫੇਰ ਸਿਵਿਆਂ ਦੀ ਰੌਣਕ ਲੱਗੇ ਓ ਵਧਉਣ । ਕੁਝ ਹੋਸ਼ ਸ਼ਰਮ ਕਰੋ ।'' ਲੱਕੂ ਦੀ ਇਸ ਹਰਕਤ ਨੇ ਪਿੰਡ ਨੂੰ ਇਕ ਵਾਰੀ ਵੋਟਾਂ ਦੇ ਨੂੰਹੇਂ ਤੋਂ ਡੰਗਣੋਂ ਬਚਾ ਲਿਆ ।

ਇਕ ਸਿਖਰ ਦੁਪਹਿਰ ਨੂੰ ਜਦੋਂ ਕਾਂ ਅੱਖ ਨਿਕਲਦੀ ਸੀ ਸਾਰਾ ਪਿੰਡ ਇਕ ਉੱਚੀ ਲੇਰ ਸੁਣ ਕੇ ਤ੍ਰਿਭਕ ਪਿਆ । ਔਰਤਾਂ ਦੇ ਵੈਣ ਸੁਣ ਕੇ ਚਿੜੀਆਂ ਦੇ ਬੋਟ ਆਹਲਣੇ 'ਚੋਂ ਡਿੱਗ ਪਏ । ਲੋਕੀ ਵਾਹੋ ਦਾਹੀ ਪਿੰਡ ਦੇ ਛੱਪੜ ਵੱਲ ਭੱਜ ਤੁਰੇ । ਪਿੰਡ ਦੇ ਗੱਭਰੂ ਜਸਪਾਲ ਦੀ ਲਾਸ਼ ਟਰੱਕ ਵਿਚ ਲਿਆਂਦੀ । ਉਹ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ ਦੱਸੀਦਾ ਸੀ । ਪਿੰਡ ਇਸ ਅਖਾਉਤੀ ਮੁਕਾਬਲੇ ਨੂੰ ਜਾਣਦਾ ਸੀ । ਉਹ ਕਿਹੜੀ ਅੱਖ ਸੀ ਜਿਹੜੀ ਲਹੂ ਦੇ ਅੱਥਰੂ ਨਾ ਰੋਈ । ਏਡਾ ਹਨੇਰ ਤੇ ਕਹਿਰ ਇਸ ਪਿੰਡ ਤੇ ਕਦੀ ਨਹੀਂ ਸੀ ਗੁਜ਼ਰਿਆ । ਪੁਲਸ ਦੇ ਪਹਿਰੇ ਵਿਚ ਸਿਵਿਆਂ ਨੂੰ ਲਾਸ਼ ਤੋਰੀ ਗਈ । ਪਿੰਡ ਦੇ ਦੁੱਧ ਚੁੰਘਦੇ ਬੱਚੇ ਤੋਂ ਲੈ ਕੇ ਬੁੱਢੇ ਠੇਰੇ ਸਭ ਸਿਵਿਆਂ ਵਿਚ ਗਏ । ਪਿਓ ਨੇ ਜਦੋਂ ਇਕਲੌਤੇ ਪੁੱਤਰ ਦੀ ਚੰਦਨ ਦੇਹੀ ਨੂੰ ਅੱਗ ਵਿਖਾਈ, ਅੱਧੇ ਲੋਕ ਬੇਹੋਸ਼ ਹੋ ਕੇ ਡਿੱਗ ਪਏ । ਅਚਾਨਕ ਕਿਧਰੋਂ ਲੱਕੂ ਲਾਲ ਹਨੇਰੀ ਵਾਂਗ ਆਇਆ । ਉਹਨੇ ਥਾਣੇਦਾਰ ਦੀ ਵੱਖੀ ਵਿਚ ਜੰਗਾਲਿਆ ਬਰਛਾ ਗੱਡ ਦਿੱਤਾ । ਪੁਲਸੀਏ ਭੈ-ਭੀਤ ਵੇਂਹਦੇ ਰਹਿ ਗਏ । ਲੱਕੂ ਨੇ ਅੱਖ ਦੇ ਫੋਰ ਵਿਚ ਜਸਪਾਲ ਦੇ ਮੱਚਦੇ ਸਿਵੇ ਵਿਚ ਛਾਲ ਮਾਰ ਦਿੱਤੀ ।

ਐਸੀ ਅਨਹੋਣੀ ਵੇਖ ਕੇ ਪਿੰਡ ਨੂੰ ਕਈ ਦਿਨ ਲੱਕੂ ਦੇ ਹਰ ਥਾਂ ਤੇ ਭੁਲੇਖੇ ਪੈਂਦੇ ਰਹੇ । ਅੰਞਾਣੇ ਨੀਂਦ ਵਿਚ ਲੱਕੂ ਮਾਮੇ ਨੂੰ ਵਾਜਾਂ ਮਾਰਦੇ ਡਰਿਆ ਕੇ ਉੱਠ ਖਲੋਂਦੇ । ਗੱਭਰੂ ਆਪਣੇ ਆਪ ਨਾਲ ਕਮਲਿਆਂ ਵਾਂਗ ਉੱਗ ਦੀ ਪਤਾਲ ਮਾਰਦੇ ਰਹਿੰਦੇ । ਬਜ਼ੁਰਗ ਉਸ ਦਰਵਾਜ਼ੇ ਵਲੋਂ ਇਕ ਟੱਕ ਮੌਤ ਨੂੰ ਉਡੀਕਦੇ ਰਹਿੰਦੇ ਤੇ ਸੁਆਣੀਆਂ ਦੁੱਧ ਦੀ ਥਾਂ ਸਵੇਰੇ ਹੰਝੂ ਰਿੜਕਦੀਆਂ ਉਹਨਾਂ ਦਾ ਮੱਖਣ ਦਾ ਪੇੜਾ ਜਸਪਾਲ ਮੱਚ ਕੇ ਸਵਾਹ ਹੋ ਗਿਆ ਸੀ ਤੇ ਸੱਤ ਭਰਾਵਾਂ ਵਰਗਾ ਲੱਕੂ ਭੈਣਾਂ ਨੂੰ ਬਿਨ੍ਹਾਂ ਮਿਲੇ ਹੀ ਵਿਦਾ ਹੋ ਗਿਆ ਸੀ । ਪਿੰਡ ਕੋਲ ਸਿਵਾਏ ਦੁੱਖਾਂ ਦੇ ਕੀਰਨੇ ਪਾਉਣ ਦੇ ਹੋਰ ਰਹਿ ਹੀ ਕੀ ਗਿਆ ਸੀ ?

ਵਿਰਕ ਦੀ ਉਪਰਲੀ ਲਿਖਤ ਵਿਰਕ ਦੀਆਂ ਹੇਠ ਲਿਖੀਆਂ ਲਾਈਨਾਂ ਦੀ ਵਿਆਖਿਆ ਹੈ :

ਫੁਲਾਂ ਵਰਗੀ ਸੋਚ ਸੀ ਸਾਡੀ, ਮਹਿਕ ਜਿਹੀਆਂ ਸਨ ਗੱਲਾਂ ।
ਭਰ ਜੋਬਨ ਦਰਿਆਵਾਂ ਵਰਗੇ, ਮੋਹ ਦੀਆਂ ਭਰੀਆਂ ਛੱਲਾਂ ।

—0—

ਲੋਕ ਤੰਤਰ ਵਰਗੀ ਰਾਜ ਬਣਤਰ ਵਿਚ ਰਾਜਸੀ ਸ਼ਕਤੀ ਬਿਨਾਂ ਧਰਮ ਆਪਣੇ ਰਸਤੇ, ਅਤੇ ਰੀਤੀ ਨਾਲ ਸੌਖੇ ਰਾਹ ਨਹੀਂ ਤੁਰ ਸਕਦਾ ਤੇ ਫਿਰ ਲੋਕਤੰਤਰ ਵਿਚ ਮਸਾਂ 2 ਪ੍ਰਤੀਸ਼ਤ ਦੀ ਗਿਣਤੀ ਹੋ ਕੇ ਸੰਵਿਧਾਨ ਵਿਚ ਇਹ ਮੰਨ ਲੈਣਾ ਕਿ ਬਹੁ ਗਿਣਤੀ ਵੋਟਾਂ ਦਾ ਰਾਜ ਮੰਨਦੇ ਹਾਂ, ਆਪਣੇ ਆਪ ਨੂੰ ਘਸਿਆਰਾ ਤੇ ਕੰਮੀਕਾਰੀ ਬਨਾਉਣ ਵਾਲੀ ਗੱਲ ਹੈ ਤੇ ਜਦ ਕਦੇ ਵੀ ਬਹੁ ਗਿਣਤੀ ਦੀ ਪ੍ਰਧਾਨਗੀ ਹੀ ਰਹਿਣਾ ਹੈ। ਪਰ ਅਸਲ ਗੱਲ ਇਹ ਹੈ ਕਿ :

ਮਾਇਆ ਮਾਂ ਜਿਨ੍ਹਾਂ ਦੀ, ਪੈਸਾ ਬਾਪ ਜਿੰਨਾ ਦਾ।
ਕਾਂਟਾ ਬਦਲਿਆ ਹੁੰਦਾ ਏ, ਆਪਣੇ ਅਪ ਤਿੰਨ੍ਹਾਂ ਦਾ।

ਜਦੋਂ ਮਾਇਆ ਮਨੁੱਖ ਨੂੰ ਚੜ੍ਹ ਗਈ ਹੋਵੇ ਤਾਂ ਮਨੁੱਖ ਨੂੰ ਸਚਾਈ, ਇਨਸਾਨੀਅਤ ਅਤੇ ਧਰਮ ਸਾਹਮਣੇ ਵੀ ਵੱਡੇ-ਵੱਡੇ ਝੂਠ ਬੋਲਣ ਅਤੇ ਵਿਖਾਵਾ ਕਰਨ ਤੇ ਲਾ ਦੇਂਦੀ ਹੈ ਉਹ ਅੰਦਰੋਂ ਹੋਰ ਹੁੰਦੇ ਹਨ ਤੇ ਬਾਹਰੋਂ ਹੋਰ ਹੋ ਜਾਂਦੇ ਹਨ ਅਤੇ ਕੌਮ ਸਾਹਮਣੇ ਝੂਠ ਦੇ ਮਖੌਟੇ ਚੜ੍ਹਾ ਚੜ੍ਹਾ ਕੇ ਪੇਸ਼ ਕਰਦੇ ਹਨ। ਇਸੇ ਤਰ੍ਹਾਂ ਹੀ ਉਸ ਵੇਲੇ ਦੀ ਸਿੱਖ ਲੀਡਰਸ਼ਿਪ ਉਤੇ ਹਾਵੀ ਬੰਦਿਆਂ ਨੇ ਹਿੰਦੂ-ਸਿੱਖ ਏਕੇ ਤੇ, ਭਾਰਤ ਸਾਡਾ ਦੇਸ਼ ਤੇ, ਸਾਰਾ ਹਿੰਦੁਸਤਾਨ ਆਪਣਾ ਹੀ ਹੋ ਜਾਏਗਾ ਆਦਿ ਆਦਿ ਦੇ ਨਾਹਰੇ ਦਿਤੇ ਤੇ ਪ੍ਰਚਾਰ ਕੀਤਾ। ਅੱਜ ਉਹਨਾਂ ਦੀ ਕੌਮ ਅਤੇ ਅੰਸ਼ ਵੱਡੇ-ਟੁੱਕੇ, ਨਿੱਕੇ ਜਿਹੇ ਪੰਜਾਬ ਦੇ ਟੁਕੜੇ ਨੂੰ ਵੀ ਆਪਣੇ ਘਰ ਵਾਂਗ ਮਾਨਣੋਂ ਮਜ਼ਬੂਰ ਹੋਈ ਬੈਠੀ ਏ ਤੇ ਕਲਪਦੀ ਹੈ ਉਹਨਾਂ ਦੇ ਜੀਅ ਨੂੰ।

ਇਹ ਸਭ ਕੁਝ ਇਸ ਲਈ ਕਿ ਰਾਜਨੀਤਕ ਸ਼ਕਤੀ ਸਾਡੇ ਕੋਲ ਸਿਰਫ 2% ਹੈ। ਜੋ ਕੁਝ ਵੀ ਨਹੀਂ ਹੁੰਦੀ ਤੇ ਅੱਜ ਆਰਥਕ, ਸਮਾਜਿਕ, ਧਾਰਮਿਕ ਜੀਵਨ ਦੇ ਹਰ ਪਹਿਲੂ ਨੂੰ ਰਾਂਜਨੀਤੀ ਦੇ ਅਧੀਨ ਕਰ ਲਿਆ ਹੈ ਅਤੇ ਕੀਤਾ ਜਾ ਰਿਹਾ ਹੈ, ਸਾਰੇ ਦੇਸ਼ ਵਿਚ ਹੀ ਵੋਟਾਂ ਦੇ ਰਾਜ ਵਿਚ ਰਾਜਨੀਤੀ ਦੀ ਤਾਕਤ ਬਹੁਗਿਣਤੀ ਦੇ ਹੱਥ ਹੁੰਦੀ ਹੈ। ਪੰਜਾਬ ਵਿਚ ਸਿੱਖਾਂ ਦੀ ਕਾਫੀ ਗਿਣਤੀ ਨੂੰ ਕੇਂਦਰੀ ਸਿੱਖ ਵਿਰੋਧੀ ਬਹੁ ਗਿਣਤੀ ਤਾਕਤ ਨੇ ਕਈ ਸਾਧਨਾਂ, ਢੰਗਾਂ ਤੇ ਹੱਥਕੰਡਿਆਂ ਨਾਲ ਖੇਰੂੰ ਖੇਰੂੰ ਕਰ ਲਿਆ ਹੋਇਆ ਹੈ ਕਿਉਂਕਿ ਅਜਿਹੀ ਵਿਚ ਬਣਤਰ ਕੇਂਦਰ ਦੀ ਨੀਤੀ ਤੋਂ ਉਲਟ ਸੂਬੇ ਦੀ ਕੋਈ ਸਰਕਾਰ ਤੇ ਲੋਕ ਸਭਿਆਚਾਰ ਬਹੁਤ ਔਖਾ ਚਲ ਤੇ ਪਲ ਸਕਦਾ ਹੈ।

ਸਾਂਦਲਬਾਰ ਦਾ ਇਕ ਸਿਤਾਰਾ ਜੋ ਸਾਰੇ ਸੰਸਾਰ ਦੇ ਆਕਾਸ਼ ਤੇ ਚਮਕਿਆ

ਯਮਲਿਆ ਕੀਹ ਲੈਣਾ, ਜੱਗ ਨਾਲ ਕਰ ਕੇ ਪਿਆਰ

ਐਸ. ਅਸ਼ੋਕ ਭੌਰਾ

(23-12-93 ਪੰਜਾਬੀ ਟ੍ਰਿਬਿਊਨ ਦੇ ਧੰਨਵਾਦ ਸਹਿਤ)

ਪੰਜਾਬੀ ਗਾਇਕੀ ਦੇ ਪ੍ਰਸੰਗ ਵਿਚ ਉਸਤਾਦ ਅਤੇ ਯੁੱਗ ਗਾਇਕ ਲਾਲ ਚੰਦ ਯਮਲਾ ਜੱਟ ਬਾਰੇ ਗੱਲ ਕਰਨ ਲੱਗਿਆਂ ਅਜ ਅੱਖ ਉਹਦੇ ਵਿਛੋੜੇ ਦੇ ਦਰਦ ਦਾ ਭਾਰ ਨਹੀਂ ਝਲਦੀ ਤੇ ਹੰਝੂ ਉਗਲ ਦਿੰਦੀ ਹੈ। ਸਮੁੱਚੇ ਪੰਜਾਬੀ ਤੇ ਗੈਰ-ਪੰਜਾਬੀ ਲੋਕਾਂ ਦਾ ਯਮਲਾ ਇਕ ਉਚੀ ਗਾਇਕ ਸੀ ਜਿਸ ਨੇ ਆਪਣੀ ਮੜ੍ਹਕ ਭਰੀ ਕਦਮਚਾਪ ਨਾਲ ਇਕ ਨਵੀਂ ਛੁਹ ਹੀ ਨਹੀਂ ਦਿੱਤੀ ਸਗੋਂ ਉਹ ਸਭ ਕੁਝ ਕੀਤਾ ਜੋ ਪੰਜਾਬੀ ਗਾਇਕੀ ਨੂੰ ਉਲਝਿਆ ਨਿਹੋਰਿਆਂ ਤੋਂ ਬਚਾਉਂਦਾ ਰਿਹਾ। ਅਸਲ ਵਿਚ ਉਹ ਅਜਿਹੀ ਸ਼ਖਸੀਅਤ ਦਾ ਪ੍ਰਛਾਵਾਂ ਸੀ ਜੋ ਫਕੀਰਾਂ ਵਾਲੀ ਬੇਪ੍ਰਵਾਹੀ, ਕਵੀਆਂ ਵਰਗੀ ਉਚੀ ਕਲਪਨਾ ਅਤੇ ਗਾਇਕਾਂ ਵਾਲੀ ਮਧੁਰਤਾ ਨਾਲ ਸਮਾਨ ਕਵਿਤਾ ਤੇ ਸੰਗੀਤ ਦਾ ਬਿੰਬ ਸਿਰਜਦਾ ਰਿਹਾ ਹੋਵੇ।

ਉਸਤਾਦ ਯਮਲੇ ਨੂੰ ਅਸੀਂ ਪੰਜਾਬੀ ਗਾਇਕੀ ਦਾ ਬਾਬਾ ਬੋਹੜ ਮੰਨਦੇ ਹਾਂ ਕਿਉਂਕਿ ਇਕ ਪੂਰਾ ਜਿਹੜਾ ਵਿਰਾਸਤੀ ਕਦਰਾਂ-ਕੀਮਤਾਂ ਨਾਲ ਜੁੜ ਕੇ ਗਾਇਕੀ ਨੂੰ ਯਮਲੇ ਤੋਂ ਤੋਰਦਾ ਹੈ, ਉਹ ਉਹਦੇ ਨਾਲ ਹੀ ਮੁੱਕ ਜਾਂਦਾ ਹੈ। ਭਾਵੇਂ ਅੱਖਾਂ ਮੀਟ ਕੇ ਆਉਣ ਵਾਲਿਆਂ ਦੀ ਉਹਦੇ ਮਗਰ ਡਾਰ ਭੱਜੀ ਆਉਂਦੀ ਰਹੀ ਹੈ ਪਰ ਇਨ੍ਹਾਂ ਵਿਚੋਂ ਕੋਈ ਵੀ ਉਹਦੇ ਜਿੰਨਾ ਪ੍ਰਭਾਵੀ ਨਹੀਂ ਹੋ ਸਕਿਆ, ਕਿਉਂਕਿ ਇਨ੍ਹਾਂ 'ਚੋਂ ਬਹੁਤਿਆਂ ਨੂੰ ਸਿਰਫ ਵਕਤੀ ਸ਼ੋਹਰਤ ਦੀ ਲਾਲਸਾ ਹੈ। ਤੂੰਬੀ ਦੇ ਇਸ ਸਮਰਾਟ ਤੇ ਬਾਬਾ ਬੋਹੜ ਦਾ ਜਨਮ 1910 ਵਿਚ ਪਾਕਿਸਤਾਨ ਦੇ ਜ਼ਿਲਾ ਲਾਇਲਪੁਰ ਦੀ ਟੋਬਾ ਟੇਕ ਸਿੰਘ ਤਹਿਸੀਲ ਵਿਚ ਪੈਂਦੇ ਚੱਕ ਨੰਬਰ 384 ਵਿਚ ਸ੍ਰੀ ਖੇੜਾ ਰਾਮ ਦੇ ਘਰ ਮਾਂ ਹਰਨਾਮ ਕੌਰ ਦੀ ਕੁੱਖੋਂ ਹੋਇਆ। ਜਿਸ ਪੀਰ ਕਟੋਰੇ ਸ਼ਾਹ ਦੀ ਯਾਦ ਵਿਚ ਆਏ ਵਰੇ 15 ਹਾੜ੍ਹ ਨੂੰ ਯਮਲੇ ਦੇ ਡੇਰੇ ਤੇ ਮੇਲਾ ਲਗਦਾ ਹੈ ਇਸ ਪੀਰ ਤੋਂ ਕਹਿੰਦੇ ਹਨ ਮਾਂ ਨੇ ਯਮਲੇ ਨੂੰ ਮੰਗ ਕੇ ਲਿਆ ਸੀ ਅਤੇ ਅਰਦਾਸ ਕੀਤੀ ਸੀ ਕਿ ਮੇਰਾ ਪੁੱਤਰ ਸੰਗੀਤ ਤੇ ਗਾਇਨ ਕਲਾ ਦਾ ਦਰਵੇਸ਼ ਬਣੇ। ਕਹਿੰਦੇ ਨੇ 9 ਵਰ੍ਹਿਆਂ ਦੀ ਉਮਰ ਵਿਚ ਯਮਲੇ ਨੇ ਲੋਕ ਪਿੜ ਵਿਚ ਗਾਇਆ। ਉਦੋਂ ਮੂੰਹ ਵੀ ਹਾਲੇ ਬੇਬੇ ਧੋਂਦੀ ਸੀ। ਸਾਂਦਲਬਾਰ ਦਾ ਇਕ ਮਾਨ ਪ੍ਰਵਾਰ ਸੂਦਕਾਂ ਨੰਗਲ (ਲਾਇਲਪੁਰ) ਦੇ ਪੰਡਤ ਸਾਹਿਬ ਦਿਆਲ ਤੇ ਫਤਿਹਦੀਨ ਵਾਲੇ ਚੌਧਰੀ ਮਜੀਦ ਤੋਂ ਸੰਗੀਤ ਕਲਾ ਦਾ ਗੂੜ੍ਹ ਗਿਆਨ ਹਾਸਲ ਕੀਤਾ। ਇਸ ਢੰਗ ਨਾਲ ਉਹ ਸਾਰੰਗੀ, ਵੰਝਲੀ, ਅਲਗੋਜ਼ਾ, ਚਿਮਟਾ, ਘੜਾ, ਥਾਲੀ ਅਤੇ ਤੂੰਬਾ ਵਾਦਨ ਵਿਚ ਇਕ ਕਿਸਮ ਨਾਲ ਮਾਸਟਰ ਜਾਂ ਤਜਰਬੇਕਾਰ ਹੋ ਗਿਆ ਸੀ। ਹੁਣ ਉਸਦਾ ਵਿਛੋੜਾ ਸਤਾਉਂਦਾ ਹੈ।

1960 ਵਿਚ ਬਾਬਾ ਮੋਦਨ ਸਿੰਘ ਨੇ ਹੇਮ ਕੁੰਟ ਟਰੱਸਟ ਬਣਾਇਆ ਅਤੇ ਇਹਨਾਂ ਨੂੰ ਵੀ ਮੈਂਬਰ ਬਣਾਇਆ। ਫਿਰ ਵਾਈਸ ਪ੍ਰੈਜ਼ੀਡੈਂਟ ਬਣੇ। 1961 ਵਿਚ ਬਾਬਾ ਮੋਦਨ ਸਿੰਘ ਦੀ ਮੌਤ ਤੋਂ ਅੱਜ ਤੱਕ ਹੇਮ ਕੁੰਟ ਟਰੱਸਟ ਦੇ ਚੇਅਰਮੈਨ ਹਨ। ਇਸ ਦੌਰਾਨ ਇਹਨਾਂ ਸੱਤ ਗੁਰਦਵਾਰੇ ਬਣਾਏ :—

1. ਹਰਦੁਆਰ 2. ਰਿਸ਼ੀ ਕੇਸ਼ 3. ਸਿਰੀ ਨਗਰ (ਗੜ੍ਹਵਾਲ) 4. ਜੋਸ਼ੀ ਮੱਠ 5. ਗੋਬਿੰਦ ਘਾਟ 6. ਗੋਬਿੰਦ ਧਾਮ 7. ਹੇਮ ਕੁੰਟ ਸਾਹਿਬ। ਇਹਨਾਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕੰਮ ਅੱਜ ਤੱਕ ਕਰ ਰਹੇ ਹਨ। ਯਾਤਰੀਆਂ ਵਾਸਤੇ ਲੰਗਰ ਤੇ ਰਿਹਾਇਸ਼ ਦਾ ਪ੍ਰਬੰਧ ਬਹੁਤ ਚੰਗੀ ਤਰ੍ਹਾਂ ਕੀਤਾ ਹੋਇਆ ਹੈ।

ਆਪ ਦੱਸਦੇ ਹਨ ਕਿ 1947 ਵਿਚ ਦੇਸ਼ ਵੰਡ ਤੋਂ ਪਹਿਲਾਂ ਅੰਗਰੇਜ਼ਾਂ ਨੇ ਬਹੁਤ ਯਤਨ ਕੀਤਾ ਕਿ ਸਿੱਖ ਦੇਸ਼ ਦੀ ਤੀਜੀ ਧਿਰ ਬਣ ਜਾਣ। ਅੰਗਰੇਜ਼ਾਂ ਕਿਹਾ ਕਿ ਅਸੀਂ ਤੁਹਾਨੂੰ ਤੀਜੀ ਧਿਰ ਬਣਾਉਂਦੇ ਹਾਂ, ਵੱਖਰੀ ਕੌਮ ਮੰਨਦੇ ਹਾਂ ਅਤੇ ਤੁਹਾਨੂੰ ਪਾਕਿਸਤਾਨ ਵਾਂਗ ਵੱਖਰੀ ਸਟੇਟ ਦੇਂਦੇ ਹਾਂ, ਉਸ ਦਾ ਨਾਂ ਖਾਲਿਸਤਾਨ ਰੱਖੋ ਜਾਂ ਭਾਵੇਂ ਹੋਰ ਰੱਖੋ। ਤੁਹਾਨੂੰ ਪਾਰਟੀਸ਼ਨ ਐਕਟ (Partition Act.) ਵਿਚ ਵੱਖਰਾ ਦੇਸ਼ ਬਣਾ ਕੇ ਦਿੰਦੇ ਹਾਂ। ਗਵਰਨਰ ਪੰਜਾਬ ਨੇ ਇਹ ਸਿਫਾਰਸ਼ ਕਰ ਕੇ ਉਪਰ ਲਿਖ ਵੀ ਭੇਜਿਆ! ਅਸੀਂ ਵੀ ਇਹੀ ਚਾਹੁੰਦੇ ਸਾਂ। ਗਿਆਨੀ ਕਰਤਾਰ ਸਿੰਘ ਤੇ ਹੋਰ ਬਹੁਤ ਆਗੂ ਵੀ ਇਹ ਹੀ ਚਾਹੁੰਦੇ ਸਨ ਤੇ ਜ਼ੋਰ ਦੇ ਕੇ ਹਾਂ ਕਰਦੇ ਸਨ।

ਪਰ ਉਸ ਵੇਲੇ ਕੌਮ ਦੀ ਵਾਗ ਡੋਰ (ਰਿਆਸਤਾਂ ਤੋਂ ਬਿਨਾਂ) ਲਗਭਗ ਮਾਸਟਰ ਤਾਰਾ ਸਿੰਘ ਦੇ ਹਥ ਵਿਚ ਸੀ ਅਤੇ ਮਾਸਟਰ ਤਾਰਾ ਸਿੰਘ ਦੇ ਕੰਨ ਵਿਚ ਜੋ ਕੁਝ ਬਲਦੇਵ ਸਿੰਘ ਫੂਕ ਮਾਰਦਾ ਅਤੇ ਖਾਸ ਕਰ ਇਸ ਮਸਲੇ ਵਿਚ ਮਾਸਟਰ ਜੀ ਉਸ ਦੀ ਫੂਕ ਨੂੰ ਹੀ ਸ਼ਬਦਾਂ ਦਾ ਰੂਪ ਦੇ ਕੇ ਪੰਥਕ ਸਟੇਜਾਂ ਅਤੇ ਮੀਟਿੰਗਾਂ ਵਿਚ ਪ੍ਰਚਾਰ ਕਰਦੇ। ਇਹ ਠੀਕ ਏ ਕਿ ਮਾਸਟਰ ਤਾਰਾ ਸਿੰਘ ਪੰਥ ਦੇ ਕਾਫੀ ਹਦ ਤਕ ਨਿਸ਼ਕਾਮ ਅਤੇ ਮਹਾਨ ਲੀਡਰ ਹੋਏ ਹਨ। ਪਰੰਤੂ ਬਲਦੇਵ ਸਿੰਘ ਉਤੇ ਨਹਿਰੂ-ਪਟੇਲ ਗਰੁਪ ਹਾਵੀ ਸੀ, ਨਾਲੇ ਉਸ ਨੂੰ ਪੰਜਾਬ ਦੇ ਬਾਹਰ ਆਪਣੇ ਕਾਰਖਾਨਿਆਂ ਤੇ ਜਾਇਦਾਦਾਂ ਦੀ ਚਿੰਤਾ ਸੀ। ਨਹਿਰੂ ਤੇ ਪਟੇਲ ਦੀ ਭਾਵੇਂ ਵਿਚਾਰਕ ਤੌਰ ਤੇ ਆਪਸ ਵਿਚ ਭਿੰਨਤਾ ਵੀ ਸੀ ਪਰ ਇਸ ਮੁੱਦੇ ਤੇ ਦੋਹਾਂ ਨੇ ਇਕ ਜਾਨ ਹੋ ਕੇ ਜ਼ੋਰ ਲਾਇਆ ਕਿ ਸਿੱਖ ਤੇ ਮੁਸਲਮਾਨ ਵੱਖਰੇ ਖੇਤਰ ਨਾ ਲੈਣ, ਪਰ ਮੁਸਲਮਾਨ ਆਗੂ ਜਿਨਾਹ ਖਰਾ ਰਿਹਾ ਅਤੇ ਮਾਸਟਰ ਤਾਰਾ ਸਿੰਘ ਦੀ ਰਾਹੀਂ ਬਲਦੇਵ ਸਿੰਘ ਸਿੱਖ ਕੌਮ ਨੂੰ ਜੁੜ ਕੇ ਧਰ ਗਿਆ। ਸਗੋਂ ਨਹਿਰੂ, ਪਟੇਲ, ਗਾਂਧੀ ਗਰੁਪ ਨੇ ਸਿੱਖ ਲੀਡਰਸ਼ਿਪ ਤੋਂ ਮੁਸਲਿਮ ਆਗੂ ਜਿਨਾਹ ਤੇ ਜ਼ੋਰ ਪੁਆਇਆ ਕਿ ਉਹ ਵੀ ਵੱਖਰੇ ਰਾਜ ਦੀ ਮੰਗ ਛੱਡ ਦੇਵੇ। ਇਸ ਸਬੰਧੀ ਇਕ ਘਟਨਾ ਏਦਾਂ ਹੈ :—

ਪਟੇਲ ਨੇ ਹੋਰ ਕਈ ਯਤਨ ਕਰਨ ਦੇ ਨਾਲ ਨਾਲ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਨੂੰ ਮੁਸਲਿਮ ਆਗੂ ਜਿਨਾਹ ਦੇ ਪਿਛੇ ਲਾਇਆ ਹੋਇਆ ਸੀ ਕਿ ਉਹ ਪਾਕਿਸਤਾਨ ਲੈਣ ਦੀ ਗੱਲ ਛੱਡ ਦੇਵੇ। ਇਸ ਸਬੰਧੀ ਪਹਿਲਾਂ ਵੀ ਮਹਾਰਾਜੇ ਨੇ ਜਿਨਾਹ ਨੂੰ ਬਹੁਤ ਕਿਹਾ ਪਰ ਉਹ ਨਾ ਮੰਨਿਆ, "ਇਕ ਦਿਨ ਮਹਾਰਾਜੇ ਨੇ (ਮੈਨੂੰ ਜੋਗਿੰਦਰ ਸਿੰਘ ਮਾਨ) ਨੂੰ ਨਾਲ ਲਿਆ ਅਤੇ ਦਿੱਲੀ ਇਮਪੀਰੀਅਲ ਹੋਟਲ ਵਿਚ ਜਿਨਾਹ ਨਾਲ ਮੁਲਾਕਾਤ ਕੀਤੀ। ਜਿਨਾਹ, ਮਹਾਰਾਜਾ ਯਾਦਵਿੰਦਰ ਸਿੰਘ ਅਤੇ ਮੈਂ ਕਮਰੇ ਵਿਚ ਤਿੰਨੇ ਹੀ ਸਾਂ। ਮਹਾਰਾਜਾ ਨੇ ਵਾਰ-ਵਾਰ ਜਿਨਾਹ ਨੂੰ ਕਿਹਾ ਕਿ ਪਾਕਿਸਤਾਨ ਦੀ ਮੰਗ ਛੱਡ ਦਿਓ ਅਤੇ ਭਾਰਤ ਨਾਲ ਇਕੱਠੇ ਰਹੋ। ਉਹ ਨਹੀਂ ਮੰਨਿਆ ਸਗੋਂ ਜ਼ੋਰ ਨਾਲ ਆਖਿਆ, ਤੁਸੀਂ ਵੀ ਆਪਣਾ ਹਿੱਸਾ ਲੈ ਲਵੋ ਸਾਨੂੰ ਤਾਂ ਰੋਕੋ ਹੀ ਨਾ। ਹੱਥ ਨਾਲ ਇਸ਼ਾਰਾ ਕਰ ਕੇ ਕਿਹਾ ਜੇ ਸਾਨੂੰ ਤਾਂ ਚਿੜੀ ਦੇ ਪੰਜੇ ਜਿੰਨਾ ਵੀ ਮਿਲੇਗਾ ਲੈ ਕੇ ਵੱਖਰੇ ਹੋਵਾਂਗੇ। ਉਥੇ ਸਾਡੀ ਹਕੂਮਤ ਹੋਵੇਗੀ। ਸਾਡਾ ਸਿੱਕਾ ਚੱਲੇਗਾ, ਸਾਡੇ ਈਮਾਨ ਨੂੰ ਵੀ ਖੁਲ੍ਹ ਹੋਵੇਗੀ। ਕੋਈ ਨਾਜਾਇਜ਼ ਬੰਧਨ ਤੇ ਗੁਲਾਮੀ ਨਹੀਂ ਹੋਵੇਗੀ। ਸਾਡਾ ਆਪਣਾ ਘਰ ਹੋਵੇਗਾ। ਅਸੀਂ ਕਿਸੇ ਜਗੀਰਦਾਰ ਜਾਂ ਕਿਸੇ ਮਾਲਕ ਦੇ ਮਹਿਲ ਜਾਂ ਹਵੇਲੀ ਦੇ ਬਾਹਰ ਉਸ ਦੀ ਥਾਂ ਵਿਚ ਬਣੀ ਹੋਈ ਝੁਗੀ ਦੇ ਵਾਸੀ (ਕੰਮੀ) ਨਹੀਂ ਬਣਾਂਗੇ, ਜਿਹਦਾ ਜਦੋਂ ਜੀਅ ਕਰੇ ਸਾਡੀ ਪੱਗ ਤੇ ਪੱਤ ਨੂੰ ਹੱਥ ਪਾ ਲਵੇ।

ਪਰ ਸਿੱਖ ਲੀਡਰਸ਼ਿਪ ਇਸ ਪਾਸੇ ਨਾ ਲੱਗੀ ਕਿਉਂਕਿ ਰਿਆਸਤਾਂ ਤੋਂ ਬਿਨਾਂ ਬਾਕੀ ਕੌਮ ਦਾ ਲੀਡਰ ਉਸ ਵੇਲੇ ਮਾਸਟਰ ਤਾਰਾ ਸਿੰਘ ਸੀ ਤੇ ਮਾਸਟਰ ਤਾਰਾ ਸਿੰਘ ਬਲਦੇਵ ਸਿੰਘ ਦੀ ਉਲੰਘਣਾ ਨਹੀਂ ਸੀ ਕਰ ਸਕਦਾ ਇਸ ਦੇ ਵੀ ਕਾਰਨ ਸਨ। ਬਲਦੇਵ ਸਿੰਘ ਸਰਮਾਏਦਾਰ ਸੀ ਤੇ ਸਰਮਾਇਆ ਕਾਰਖਾਨੇ ਤੇ ਜਾਇਦਾਦਾਂ ਸਨ ਜੋ ਪੰਜਾਬ ਤੋਂ ਬਾਹਰ ਅੱਗੇ ਭਾਰਤ ਵਿਚ ਬਹੁਤ ਲੱਗਾ ਹੋਇਆ ਸੀ ਤੇ ਮਾਇਆ ਦਾ ਖੁਸ਼ਬੋਦਾਰ ਲੇਪ ਜਿਸ ਸੋਚ ਤੇ ਚੜ੍ਹਿਆ ਹੋਵੇ ਅਤੇ ਮਾਇਆ ਦੇ ਗੂਹੜੇ ਰੰਗ ਦਾ ਪਰਦਾ ਜਿਸ ਨਜ਼ਰ ਤੇ ਪੈ ਗਿਆ ਹੋਵੇ ਅਤੇ ਜਿਹੜਾ ਮਨ ਮਾਇਆ ਦੇ ਐਸ਼ੋ ਆਰਾਮ ਤੇ ਲਗਜ਼ਰੀ ਵਿਚ ਗੁਸਿਆ ਗਿਆ ਹੋਵੇ ਉਸ ਦਾ ਧਿਆਨ ਤੇ ਅਹਿਸਾਸ ਆਪਣੇ ਨਿਜਤਵ ਤੋਂ ਉਤਾਂਹ ਉਠ ਕੇ ਸਮੁੱਚੀ ਕੌਮ ਵਾਸਤੇ ਇਨਸਾਨੀਅਤ ਦੀ ਇਸ ਕੌੜੀ ਸੱਚਾਈ ਵੱਲ ਜਾਂਦਾ ਹੀ ਨਹੀਂ ਕਿ :—

ਜੇ ਜੀਵੇ ਪੱਤ ਲੱਥੀ ਜਾਇ,
ਸਭ ਹਰਾਮ ਜੇਤਾ ਕਿਛੁ ਖਾਇ।

(ਕਪੂਰ ਸਿੰਘ ਚੀਮਾ ਸੰਗਰੂਰ ਵੱਲੋਂ ਚਿੱਠੀ)

ਪਿਆਰੇ ਭਗਵੰਤ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ ।

ਬੇਨਤੀ ਹੈ ਕਿ ਮੈਂ ਕੁਝ ਇਤਿਹਾਸਕ ਗੱਲਾਂ ਤੁਹਾਡੇ ਨਵੇਂ ਛਪ ਰਹੇ ਇਤਿਹਾਸਕ ਗਰੰਥ ਵਿਚ ਛਪਣ ਲਈ ਭੇਜ ਰਿਹਾ ਹਾਂ ।

ਵਿਰਕ ਬਰਾਦਰੀ ਦੇ ਨਾਲ ਹਰ ਔਕੜ ਤੇ ਸੰਘਰਸ਼ ਵੇਲੇ ਮੋਢੇ ਨਾਲ ਮੋਢਾ ਡਾਹ ਕੇ ਚੀਮੇ, ਚੱਠੇ, ਬਾਜਵੇ, ਗਿੱਲ, ਧਾਲੀਵਾਲ. ਸੰਧੂ ਅਤੇ ਹੋਰ ਵੀ ਸਭ ਗੋਤਾਂ ਦੇ ਸਜਨਾਂ ਨੇ ਸਾਥ ਦਿਤਾ ।

ਗੁਰਦੁਆਰਾ ਸੁਧਾਰ ਲਹਿਰ

ਇਹ ਲਹਿਰ ਚਲਾਉਣ ਦਾ ਸਿੰਘਾ ਦਾ ਇਹ ਮੰਤਵ ਸੀ ਕਿ ਗੁਰਦੁਆਰਿਆ ਵਿਚੋਂ ਕੁਰੀਤੀਆਂ ਬੰਦ ਕੀਤੀਆਂ ਜਾਣ ਅਤੇ ਗੁਰੂ ਕੀ ਗੋਲਕ ਦੇ ਕਰੋੜਾਂ ਰੁਪਏ ਜਿਹੜੇ ਮਹੰਤਾਂ ਤੇ ਪੁਜਾਰੀਆਂ ਰਾਹੀਂ ਅੰਗਰੇਜ ਸਰਕਾਰ ਵਰਤ ਰਹੀ ਹੈ, ਇਹ ਗੁਰ-ਸਥਾਨਾਂ, ਵਿਦਿਅਕ ਸੰਸਥਾਵਾਂ, ਹਸਪਤਾਲਾਂ ਆਦਿ ਤੇ ਲਾਏ ਜਾਣ । ਮਹੰਤ ਅੰਗਰੇਜਾਂ ਦੇ ਏਜੰਟ ਹੀ ਹੁੰਦੇ ਸਨ । ਜਦ ਇਲਾਕੇ ਦੇ ਸਿੰਘਾ ਨੇ ਜਥੇਬੰਦ ਹੋਣ ਲਈ ਕਾਨਫਰੰਸਾ ਸ਼ੁਰੂ ਕੀਤੀਆਂ ਅਤੇ ਸ਼ਾਂਤਮਈ ਢੰਗ ਨਾਲ ਮੋਰਚਾ ਲਾ ਕੇ ਗੁਰਦੁਆਰਿਆਂ ਦੇ ਕਬਜ਼ੇ ਲੈਣ ਦਾ ਪ੍ਰੋਗਰਾਮ ਬਣਾਇਆ ਤਾਂ ਮਹੰਤਾਂ ਨੇ ਸਰਕਾਰ ਨਾਲ ਗਿਟਮਿਟ ਕਰਕੇ ਕਬਜ਼ਾ ਲੈਣ ਆਏ ਸਿੰਘਾਂ ਨੂੰ ਕੁਚਲ ਦੇਣ ਦੇ ਬੰਦੋਬਸਤ ਕੀਤੇ ਜਿਸ ਦੀਆਂ ਉਦਾਹਰਣਾਂ ਨਨਕਾਣਾ ਸਾਹਿਬ ਦਾ ਸਾਕਾ, ਤਰਣਤਾਰਣ ਗੁਰੂ ਕੇ ਬਾਗ ਅਤੇ ਪੰਜਾ ਸਾਹਿਬ ਵਾਲੀ ਗੱਡੀ ਤੇ ਹੋਰ ਕਿੰਨੇ ਸਾਕੇ । ਨਨਕਾਣੇ ਸਾਹਿਬ ਦਾ ਸਾਕਾ ਹੋ ਜਾਣ ਤੇ ਨਰੈਣੂ ਮਹੰਤ ਤੇ ਉਹਦੇ ਗੁੰਡਿਆਂ ਨੂੰ ਆਪਣੀ ਰਖਵਾਲੀ ਵਿਚ ਸਰਕਾਰ ਛੁਪਾ ਕੇ ਬਚਾ ਲਿਆ ।

ਗੁਰਦੁਆਰਿਆਂ ਦੇ ਕਬਜ਼ਿਆਂ ਵਿਚ ਅੰਗਰੇਜਾਂ ਦੀ ਹਾਰ ਹੋਣ ਪਿਛੋਂ ਸਿੰਘਾਂ ਅਤੇ ਨਾਲ ਲਗਦਿਆਂ ਸਾਰੇ ਹੀ ਭਾਰਤੀਆਂ ਦੀ ਆਜ਼ਾਦੀ ਦੇ ਸਘਰਸ ਵਿਚ ਚੜ੍ਹਤ ਵਧਦੀ ਹੀ ਗਈ ।

—ਸਾਂਦਲਬਾਰ ਦੇ ਪਿੰਡ ਵਡੀ ਭੁਲੇਰ ਦੇ ਬਾਜਵਿਆਂ ਨੇ 1947 ਈ: ਦੀ ਦੇਸ਼ ਵੰਡ ਸਮੇਂ ਆਜਾਦੀ ਦੇ ਬੂਟੇ ਨੂੰ ਖੂਨ ਦੀ ਨਦੀ ਨਾਲ ਸਿੰਜਿਆ । ਲਗਭਗ 300 ਸਿੰਘਾਂ, ਸਿੰਘਣੀਆਂ, ਬਚਿਆਂ ਨੇ ਇਕਠਿਆਂ ਜੀਵਨ ਬਲੀਦਾਨ ਕੀਤੇ ਜਿਨ੍ਹਾਂ ਦੇ ਨਾਂ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀਆਂ ਪ੍ਰਕਰਮਾਂ ਵਿਚ ਸੰਗਮਰਮਰ ਦੇ ਪੱਥਰਾਂ ਤੇ ਉਕਰੇ ਹੋਏ ਹਨ । ਉਂਞ ਬਾਜਵਾ ਗੋਤ ਦੀ ਵਖਰੀ ਕਿਤਾਬ ਵੀ ਛਪ ਗਈ ਹੋਈ ਹੈ ।

ਆਪ ਦਾ ਸ਼ੁਭਚਿੰਤਕ

ਕਪੂਰ ਸਿੰਘ ਚੀਮਾ

ਸੰਗਰੂਰ ।

ਬੋਹ ਸਿੰਘ ਉਰਫ ਦੂਲਾ ਸਿੰਘ ਪੁੱਤਰ ਜੱਗਾ ਸਿੰਘ ਪਿੰਡ ਅਜਨਿਆਂ ਵਾਲਾ (ਸ਼ੇਖੂਪੁਰਾ) ਪਾਕਿਸਤਾਨ ਅਤੇ ਹੁਣ ਪਿੰਡ ਚੌਗਾਵਾਂ (ਕਰਨਾਲ) ਦੀ ਜ਼ਬਾਨੀ

ਮੇਰਾ ਜਨਮ 1918 ਈ: ਵਿਚ ਹੋਇਆ । 1942 ਈ: ਵਿਚ ਸਾਡੇ ਕੋਲ ਅੰਗਰੇਜ ਸਰਕਾਰ ਦੇ ਖਿਲਾਫ ਜਲਸਾ ਹੋਇਆ । ਉਸ ਵਿਚ ਗਿਆਨੀ ਕਰਤਾਰ ਸਿੰਘ ਦੇ ਲੈਕਚਰ ਨਾਲ ਮੈਨੂੰ ਬਹੁਤ ਪ੍ਰੇਰਣਾ ਹੋਈ ਤੇ ਸ਼ੇਖੂਪੁਰੇ ਸ਼ਹਿਰ ਵਿਚ ਕੋਈ ਇਕੱਠ ਹੋਣਾ ਸੀ । ਗਿਆਨੀ ਜੀ ਨੇ ਕਿਹਾ ਜੇ ਉਥੇ ਪੁਲਿਸ ਰੋਕਣ ਲਈ ਧਕਾ ਕਰੇ ਤਾਂ ਇੱਟਾਂ ਵਟਿਆਂ ਦਾ ਪ੍ਰਬੰਧ ਰਖੋ ਤੇ ਤਕੜੇ ਹੋ ਕੇ ਮਾਰੋ । ਅਸਾਂ ਇਹ ਹੀ ਕੁਝ ਕੀਤਾ । ਐਸ. ਪੀ. ਨੂੰ ਵੀ ਵੱਟੇ ਵੱਜੇ । ਹੋਰਾਂ ਦੇ ਨਾਲ ਮੈਨੂੰ ਵੀ ਗ੍ਰਿਫਤਾਰ ਕੀਤਾ ਗਿਆ । ਬੁਸਟਰ ਜੇਲ ਮੁਲਤਾਨ ਵਿਚ ਛੇ ਮਹੀਨੇ ਸਜਾ ਭੁਗਤੀ ।

ਮੇਰੇ ਪਿਤਾ ਜੀ ਦੀ ਮੌਤ ਹੋ ਗਈ ਸੀ । ਮੇਰਾ ਤਾਇਆ ਸਰਕਾਰ ਦਾ ਪਿੱਠੂ ਸੀ । ਮੈਨੂੰ ਤੇ ਮੇਰੀ ਮਾਂ ਨੂੰ ਏਨਾ ਡਰਾਇਆ ਧਮਕਾਇਆ ਕਿ ਅਸੀਂ ਮਜ਼ਬੂਰ ਹੋ ਕੇ ਪਿੰਡ ਛਡ ਗਏ ਤੇ ਤਾਏ ਨੇ ਮੈਨੂੰ ਮਰ ਗਿਆ ਲਿਖਵਾ ਕੇ ਮੇਰੀ ਜ਼ਮੀਨ ਆਪਣੇ ਨਾਂ ਲਗਵਾ ਕੇ ਸਫੇਦਪੋਸ਼ੀ ਲਈ । ਮੈਨੂੰ ਫਿਰਦੇ ਫਿਰਾਂਦੇ ਨੂੰ ਰਾਜਾ-ਸਾਂਸੀ ਦੇ ਸਰਦਾਰ ਕੋਲ ਨੌਕਰੀ ਮਿਲ ਗਈ ਤੇ ਜ਼ਿੰਦਗੀ ਦੇ ਕਈ ਔਖੇ ਸੌਖੇ ਪੜਾਵਾਂ 'ਚੋਂ ਲੰਘ ਕੇ ਹੁਣ ਏਥੇ ਪਿੰਡ ਚੁਗਾਵੇਂ ਜੀਵਨ ਬਸਰ ਹੋ ਰਿਹਾ ਹੈ ।

ਕੁਝ ਜੀਵਨ ਹਾਲ ਮੁਹੱਬਤ ਸਿੰਘ ਸੁਤੰਤਰਤਾ ਸੰਗ੍ਰਾਮੀ—ਪੁੱਤਰ ਸ. ਸਾਧੂ ਸਿੰਘ

— ਜਨਮ ਤਾਰੀਖ—7 ਜੁਲਾਈ, 1905 ਈ:

— ਬਿਨਾਂ ਮੁਕਾਬਲੇ ਮੈਂਬਰ—ਜ਼ਿਲਾ ਬੋਰਡ ਸ਼ੇਖੂਪੁਰਾ 1938

— ਡੈਲੀਗੇਟ ਮੈਂਬਰ ਕਾਂਗਰਸ (ਅਕਾਲੀ)— ਕਾਂਗਰਸ ਵਰਕਿੰਗ ਕਮੇਟੀ ਦੇ ਤ੍ਰਿਪੁਰਾ ਸੈਸ਼ਨ ਵਿਚ।

— ਅਕਤੂਬਰ 1947 ਭਾਰਤ ਸਰਕਾਰ ਦੁਆਰਾ ਸਥਾਪਤ ਸੋਸ਼ਲ ਰਲੀਫ ਫੰਡ ਦਾ ਮੈਂਬਰ।

ਜੇਲ ਯਾਤਰਾਵਾਂ :-

— 1930 ਡਾਂਡੀ ਮਾਰਚ ਵਿਚ।

— 1933 ਵਿਚ, "ਹਿੰਦੁਸਤਾਨ ਵਿਚ ਹੋਣ ਵਾਲੀ ਇਨਕਲਾਬ ਕੀ ਤਸ਼ਰਾਕੀ (Tashraqi) ਸਬੰਧੀ 8000 ਪੰਫਲੈਟ, ਅਨਾਰਕਲੀ ਚੌਂਕ ਲਾਹੌਰ ਵਿਚ ਫੜੇ ਗਏ।"

— ਲਾਹੌਰ ਨਗਰ - ਮੈਜਿਸਟਰੇਟ ਨਰਿੰਦਰ ਸਿੰਘ ਦੇ ਹੁਕਮ ਨਾਲ ਬਹੁਤ ਤਸੀਹੇ ਦਿੱਤੇ ਗਏ, ਜਾਇਦਾਦ ਜਬਤ ਹੋਈ।

— 30 ਜੂਨ 1940 ਅਤੇ ਪਿਛੋਂ ਗ੍ਰਿਫਤਾਰ - ਮਜਫਰ ਨਗਰ ਜੇਲ, ਮੁਲਤਾਨ ਜੇਲ, ਦਿਓਲੀ ਕੈਂਪ, ਗੁਜਰਾਤ ਜੇਲ, ਸਪੈਸ਼ਲ ਜੇਲ ਪੰਜਾਬ।

— ਅਗਸਤ 1942 ਵਿਚ ਰਿਹਾਈ ਹੋ ਕੇ ਨਾਲ ਹੀ ਘਰ ਵਿਚ ਹੀ ਨਜ਼ਰਬੰਦੀ ਹੋ ਗਈ। ਪਿੰਡ ਕੋਟ ਸੋਂਹਦਾ ਥਾਣਾ ਚੂਹੜਕਾਣਾ ਜ਼ਿਲਾ ਸ਼ੇਖੂਪੁਰਾ (ਪਾਕਿਸਤਾਨ) ਅਗਸਤ 1943 ਵਿਚ ਨਜ਼ਰਬੰਦੀ ਖਤਮ ਕੀਤੀ ਗਈ।

— ਨਾਦਰਸ਼ਾਹ ਦੇ ਸੱਦੇ ਤੇ ਅਫਗਾਨਿਸਤਾਨ ਗਏ। ਉਥੋਂ ਦੇ ਸ਼ਾਸਕ ਜਹੀਰ ਸ਼ਾਹ ਦੇ ਬਿਨਾਂ ਪਾਸਪੋਰਟ ਆਨਰੇਬਲ ਗੈਸਟ ਰਹੇ।

— 15-8-1972 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੁਆਰਾ ਤਾਮਰ ਪੱਤਰ ਦਿੱਤਾ ਗਿਆ।

— ਪੀਲੀ ਭੀਤ ਸ਼ਹਿਰ (ਯੂ.ਪੀ.) ਵਿਚ ਵਰਨਾਂ ਦਾ ਇਕ ਘਰ ਸੰਤੋਖ ਸਿੰਘ ਦੇ ਨਾਂ ਤੇ ਬਹੁਤ ਮਸ਼ਹੂਰ ਹੈ। 1984 ਈ: ਵਿਚ ਜਦ ਸ਼ਹਿਰ ਅਤੇ ਗੁਰਦੁਆਰੇ ਨੂੰ ਅੱਗਾਂ ਲਾਈਆਂ ਗਈਆਂ ਤਾਂ ਇਸ ਪ੍ਰਵਾਰ ਨੇ ਮੋਹਰੇ ਹੋ ਕੇ ਹੋਰਾਂ ਨੂੰ ਨਾਲ ਲੈ ਕੇ ਤਕੜਾ ਮੁਕਾਬਲਾ ਕੀਤਾ ਤੇ ਗੁਰਦੁਆਰੇ ਅਤੇ ਸਿੱਖਾਂ ਦੀਆਂ ਲਖਾਂ ਦੀਆਂ ਜਾਇਦਾਦਾਂ ਸੜਣ ਤੋਂ ਬਚਾਈਆਂ।

— ਯੂ. ਪੀ. ਮੱਧ ਪ੍ਰਦੇਸ਼ ਦੇ ਭਿਆਨਕ ਜਾਨਵਰਾਂ ਵਾਲੇ ਜੰਗਲਾਂ ਨੂੰ ਆਬਾਦ ਕਰ ਕੇ ਉਥੇ ਬਾਗਾਂ ਵਾਂਗੂ ਬਹਾਰਾਂ ਬਨਾਉਣ ਵਿਚ ਦੂਜੇ ਵੀਰਾਂ ਦੇ ਨਾਲ ਵਿਰਕਾਂ ਦਾ ਬੜਾ ਮੁੱਖ ਯੋਗਦਾਨ ਹੈ। ਵਿਰਕਾਂ ਨੇ ਉਥੇ ਬਹੁਤ ਲੰਮੇ ਚੌੜੇ ਸਿਲਸਲੇ ਖੇਤੀ ਅਤੇ ਵਪਾਰ ਵਿਚ ਵੀ ਬਣਾ ਲਏ ਹੋਏ ਹਨ।

— ਸ: ਚਰਨਜੀਤ ਸਿੰਘ ਵਿਰਕ ਹਲਕਾ ਮਝੋਲਾ ਜ਼ਿਲਾ ਪੀਲੀ ਭੀਤ ਤੋਂ ਐਮ. ਐਲ. ਏ. ਰਹਿ ਚੁਕਾ ਹੈ। ਲੋਕਾਂ ਦੇ ਕਾਫੀ ਕੰਮ ਆਉਣ ਵਾਲਾ ਸਜਨ ਹੈ।

ਇਕ ਯਾਦ


(ਕਾਬਲ ਸਿੰਘ (ਭਿੱਖੀ) ਜਲਮਾਨਾ ਦੀ ਜ਼ਬਾਨੀ—18-12-88 ਨੂੰ)

ਮੇਰਾ ਦਾਮਾਦ ਜਸਵੰਤ ਸਿੰਘ 'ਭੁੱਲਰ' ਮੈਨੇਜਰ ਮਾਰਕੀਟ ਕਮੇਟੀ, ਕੋਟਕਪੂਰਾ (ਪੰਜਾਬ) ਦੋ ਕੁ ਸਾਲ ਪਹਿਲਾਂ ਪਾਕਿਸਤਾਨ, ਹਸਨ-ਅਬਦਾਲ, ਪੰਜਾ ਸਾਹਿਬ ਗਿਆ। ਉਥੇ ਦੇ ਨਵਾਬ ਵਾਲੇ ਪੁਰਾਣੇ ਟੋਭੇ ਤੇ ਫੱਟਾ ਲੱਗਾ ਹੋਇਆ ਸੀ : **'ਟੋਭਾ ਭਿੱਖੀ ਵਿਰਕਾਂ'**

ਲਾਲੂ ਹਸਾਈ ਭੰਡਿਆਂ ਵਾਲੀ ਦਾ ਗਾਉਂਦਾ ਸੀ


ਵਰਨਾਂ ਪਿੰਡ ਦੇ ਚੋਖੇ ਲੋਕੀ ਨਾਮਧਾਰੀਏ (ਕੂਕੇ) ਬਣ ਗਏ ਹੋਏ ਸਨ, ਇਸ ਲਈ ਇਹ ਕਿਹਾ ਜਾਂਦਾ ਸੀ ਕੂਕੇ ਵਰਨਾਂ ਦੇ।

ਬੰਤਾ ਸਿੰਘ ਪੁਤਰ ਵੀਰ ਸਿੰਘ ਖਾਹਰਾ, ਜਲਮਾਨਾ (ਕਰਨਾਲ) ਨੇ ਪਾਕਿਸਤਾਨ ਸ਼ੇਖੂਪੁਰਾ ਜ਼ਿਲ੍ਹਾ ਦੇ ਡਿਪਟੀ ਕਮਿਸ਼ਨ ਦੀ ਕੋਠੀ ਤੋਂ ਅੰਗਰੇਜ਼ ਸਰਕਾਰ ਦਾ ਯੂਨੀਅਨ ਜੈਕ ਝੰਡਾ ਜੰਗੀਰ ਸਿੰਘ ਗਾਜੀ ਵਾਲੇ ਨਾਲ ਰਲ ਕੇ ਸਾੜਿਆ ਅਤੇ ਤਿਰੰਗਾ ਝੰਡਾ ਲਹਿਰਾ ਦਿੱਤਾ। ਇਕ ਵਾਰ ਦੇਸ਼ ਵਿਚ ਹਲਚਲ ਮਚ ਗਈ ਸੀ। ਉਸ ਵਿਚ ਬੰਤਾ ਸਿੰਘ ਸਜ਼ਾ ਭੁਗਤ ਕੇ ਆਇਆ। ਇਸ ਦੇ ਪ੍ਰੀਵਾਰ ਦਾ ਕੁਰਸੀਨਾਵਾਂ ਇਸ ਤਰ੍ਹਾਂ ਹੈ :-





ਬੰਤਾ ਸਿੰਘ ਖਾਹਰਾ



ਜੰਗੀਰ ਸਿੰਘ ਕੋਟੀਆ ਜਿਸ ਦੀ ਕੁਰਬਾਨੀ ਤੇ ਮਿਹਨਤ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੀ ਬਹੁਤ ਵੱਡੀ ਦੇਣ ਹੈ। ਜੀਵਨ ਹਾਲ ਪੰਨਾ 749 ਤੇ ਪੜ੍ਹੋ ਅਤੇ ਚੈਨ ਸਿੰਘ ਚੈਨ ਦੀ ਪੁਸਤਕ 'ਕਿਰਤੀ ਪਾਰਟੀ ਦਾ ਇਤਿਹਾਸ ਵਿਚ ਵੀ।'



ਸਰਾਇਣ ਸਿੰਘ ਮੁਰੀਦ ਕਾ

ਅਜ਼ਾਦੀ ਦੇ ਸੰਘਰਸ਼ ਵਿਚ ਬਹੁਤ ਸਹਿਯੋਗ ਦਿੱਤਾ। ਵੇਰਵਾ ਪੰਨਾ 759 ਤੇ ਪੜ੍ਹੋ।



ਮਾਨ ਕੌਰ

ਇਹ ਮੁਹੱਬਤ ਸਿੰਘ ਦੀ ਭੈਣ ਹੈ। ਇਸ ਨੇ ਵੀ ਲੰਗਰ ਪਾਣੀ ਤਿਆਰ ਕਰ ਕਰ ਕੇ ਸੰਘਰਸ਼ਵਾਦੀਆਂ ਨੂੰ ਛਕਾਉਣ ਦੀ ਬਹੁਤ ਸੇਵਾ ਕੀਤੀ। ਉਹਨਾਂ ਦੇ ਪੈਸੇ ਧੇਲੇ ਤੇ ਬੜੇ ਬੜੇ ਭੇਤ ਛੁਪਾ ਕੇ ਤੇ ਸੰਭਾਲ ਕੇ ਰੱਖੇ।

ਵਿਰਕ ਗੋਤ ਦੇ ਦੋ ਨਵੇਂ ਹੀਰੇ


1. ਗਿਆਨੀ ਸਾਹਿਬ ਸਿੰਘ ਬੁਤਰ ਕਸ਼ਮੀਰ ਸਿੰਘ ਪਿੰਡ ਭਿੱਖੀ ਵਾਲਾ।

2. ਗਿਆਨੀ ਪਿੰਦਰਪਾਲ ਸਿੰਘ ਪੁੱਤਰ ਹਰਦਿਆਲ ਸਿੰਘ ਪਿੰਡ ਚੂਹੜਕਾਣਾ ਹੁਣ ਠਰਵਾ ਮਾਜਰਾ (ਕਰਨਾਲ)। ਇਹਨਾਂ ਦੋਹਾਂ ਲੜਕਿਆਂ ਨੇ ਗੁਰਮਤਿ ਕਾਲਜ ਚੋਂ'ਤਾ (ਰੋਪੜ) ਤੋਂ ਗੁਰਮਤਿ ਦਾ ਕੋਰਸ ਕੀਤਾ ਹੈ। ਦੋਵੇਂ ਹੀ ਗੁਰਮਤਿ ਦੇ ਸਾਹਿਤ ਅਤੇ ਇਤਿਹਾਸ ਦੇ ਵਿਸ਼ਿਆਂ ਤੇ ਤਕਰੀਰਾਂ ਕਰਦੇ ਹਨ, ਕਥਾ ਕਰਦੇ ਹਨ ਤੇ ਕਰਦੇ ਵੀ ਹਨ ਅਰਥ ਭਰਪੂਰ ਦਲੀਲਾਂ ਨਾਲ। ਗੁਰਮਤਿ ਇਤਿਹਾਸ ਦੀ ਜਾਣਕਾਰੀ ਵਿਚ ਨਿਪੁੰਨ ਹਨ। ਵਿਆਖਿਆ ਅਜਿਹੇ ਢੰਗ ਨਾਲ ਕਰਦੇ ਹਨ ਕਿ ਗੱਲ ਬੜੀ ਚੰਗੀ ਤਰ੍ਹਾਂ ਸਪੱਸ਼ਟ ਹੋ ਜਾਂਦੀ ਹੈ।

ਪਤਾ ਲੱਗਾ ਹੈ ਕਿ ਗਿਆਨੀ ਸਾਹਿਬ ਸਿੰਘ ਤਾਂ ਸੱਦੇ ਪੱਤਰਾਂ ਤੇ ਵਿਦੇਸ਼ਾਂ ਵਿਚ ਹੋ ਆਏ ਹਨ। 'ਇਥੇ ਇਹ ਵੇਰਵਾ ਛਾਪਣ ਦਾ ਮਨੋਰਥ ਇਹ ਹੈ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਤਸ਼ਾਹ ਮਿਲੇ ਤੇ ਉਹ ਵੀ ਹੋਰ ਗਲਤ ਰੁਝਾਨਾਂ ਵਲੋਂ ਆਪਣੀਆਂ ਸੁਰਤੀਆਂ ਨੂੰ ਮੋੜ ਕੇ ਅਜਿਹੇ ਚੰਗੇ ਪਾਸੇ ਵੱਲ ਲਾਉਣ ਤੇ ਸਾਡੀ ਕੌਮ ਵਿਚ ਚੰਗੇ ਚੰਗੇ ਤੇ ਠੀਕ ਵਿਆਖਿਆਕਾਰ ਤੇ ਪ੍ਰਚਾਰਕ ਗੁਰਮਤਿ ਦੀਆਂ ਸਹੀ ਸੇਧਾਂ ਆਉਣ ਵਾਲੀ ਕੌਮ ਤੇ ਸਾਹਮਣੇ ਲਿਆਉਣ।

— ਭਗਵੰਤ ਸਿੰਘ 'ਆਜ਼ਾਦ'

ਫਲਰਵੰਨ ਜਲਮਾਨਾ (ਕਰਨਾਲ) ਵਾਲੇ।






ਤਾਰਾ ਸਿੰਘ ਐਮ.ਪੀ.
(ਅੱਜ ਕਲ੍ਹ ਮੈਂਬਰ ਪਾਰਲੀਮੈਂਟ ਹੈ, ਸਿਆਸਤ ਵਿਚ ਸਿਆਣਾ, ਸੂਝਵਾਨ ਹੈ। ਰਿਹਾਇਸ਼ ਕਰਨਾਲ ਵਿਚ ਹੈ। (ਵੇਰਵਾ ਪੰਨਾ 317 ਤੇ ਵੇਖ)



ਕਰਨਲ ਹਰਬੰਸ ਸਿੰਘ ਵਿਰਕ
ਜਨਰਲ ਕਰੀਆਪਾ ਐਵਾਰਡ ਦਿੰਦੇ ਹੋਏ। (ਵੇਰਵਾ ਪੰਨਾ 556 ਤੇ ਪੜ੍ਹੋ)



ਕਰਨਲ ਪ੍ਰਿਥੀਪਾਲ ਸਿੰਘ ਵਿਰਕ
ਪਿੰਡ ਕੜਿਆਲ, ਪ੍ਰੀਵਾਰ ਹੁਣ ਪਿੰਡ ਠਸਕਾ (ਕੁਰੂਕਸ਼ੇਤਰ)



ਕਰਨਲ ਪ੍ਰਿਥੀਪਾਲ ਸਿੰਘ ਵਿਰਕ ਦਾ ਜਨਮ 1938 ਵਿਚ ਹੋਇਆ। ਐਮ. ਏ. ਭੂਗੋਲ ਕੀਤੀ ਅਤੇ 1963 ਵਿਚ ਆਪਣੀ ਯੋਗਤਾ ਨਾਲ ਫੌਜ ਵਿਚ ਸੈਕਿੰਡ ਲੈਫਟੀਨੈਂਟ ਭਰਤੀ ਹੋ ਕੇ 1990 ਵਿਚ ਕਰਨਲ ਦੇ ਅਹੁਦੇ ਤੋਂ ਰਿਟਾਇਰ ਹੋ ਕੇ ਅੱਜ ਕਲ ਚੀਫ ਸਕਿਉਰਟੀ ਅਫਸਰ ਸਟੇਟ ਬੈਂਕ ਆਫ ਪਟਿਆਲਾ ਦੇ ਹੈੱਡ ਆਫਿਸ ਵਿਚ ਸਰਵਿਸ ਕਰ ਰਿਹਾ ਹੈ ਤੇ ਕਰਨਲ ਸਾਹਿਬ ਦਾ ਲੜਕਾ ਜਸਬੀਰ ਸਿੰਘ ਫੌਜ ਵਿਚ ਮੇਜਰ ਹੈ ਅਤੇ ਸੈਨਾ ਮੈਡਲ ਨਾਲ ਸਨਮਾਨਿਤ ਹੈ। ਇਹ ਹਨ ਪਿੰਡ ਕੜਯਾਲ ਦੇ ਚੰਗੇ ਮਨੁੱਖਾਂ ਵਿਚੋਂ।



Maharashtra Herald Dated 30 Jan. 93.

Col. J. S. Virk gets VSM

By our staff reporter

Colonel Jaswant Singh Virk, senior quality assurance officer, SQAE (Armts), Khadki has been awarded the Vishisth Seva Medal (VSM).

Col. Virk, a science graduate from Mahendra College, Patiala, of Punjab University, was commissioned in the artillery regiment in June 1966. He took active part in the 1971 operations in the western sector.


After Long Gunnery Staff Course (Officers') and Advanced Weapon Technology Course, he was permanently seconded to the DGQA Organisation.

The officer had held coveted appointments in Proof Range, Controllerate of Quality Assurance (Amn) and HQrs DQA (A), New Delhi.



Lt Gen Jagdish Singh PVSM, VrC (Retd)

1. Awarded Vir Chakra Chakra for 1965 J. K. operations in Poonchh Sector.
2. Awarded ParamVashist Sewa Menal in 1992 for dedicated Service of exceptionally high order.
3. Retired as Director General Artillery in in 1992.



'ਬਿਜਲਾ ਜੀ'

ਵੇਰਵਾ ਪਿਛੇ ਛੱਪ ਚੁਕਿਆ ਹੈ।



ਮੁਹੱਬਤ ਸਿੰਘ ਕੋਟੀਆ ਅਤੇ ਉਸ ਦੀ ਪਤਨੀ

ਅਜ਼ਾਦੀ ਦੇ ਸੰਘਰਸ਼ ਵਿਚ ਮੁਹੱਬਤ ਸਿੰਘ ਦਾ ਯੋਗਦਾਨ ਬੜੀ ਵਿਲੱਖਣ ਤਰ੍ਹਾਂ ਦਾ ਹੈ। ਕਾਮਰੇਡ ਧੰਨਵੰਤਰੀ ਤੇ ਉਸ ਕੇਡਰ ਦੇ ਸਾਰੇ ਸਾਥੀ, ਬੰਗਾਲ ਜਾਂ ਦੇਸ਼ ਦੇ ਕਿਸੇ ਕੋਨੇ 'ਚੋਂ ਵੀ ਸਰਕਾਰ ਤੋਂ ਭਗੌੜੇ ਹੋ ਕੇ ਅੰਡਰ ਗਰਾਊਂਡ ਰਹਿਣ ਲਈ ਪਿੰਡ ਕੋਟ ਸੋਂਹਦਾ ਮੁਹੱਬਤ ਸਿੰਘ ਕੋਲ ਪਹੁੰਚਦੇ। ਇਨ੍ਹਾਂ ਦੀਆਂ ਬੜੀਆਂ ਲੰਮੀਆਂ ਰੱਖਾਂ (ਮਾਲ ਡੰਗਰ ਚੁਗਣ ਵਾਸਤੇ ਜੰਗਲ ਵਿਚ ਰਖਿਆ ਹੋਇਆ ਘਾਹ) ਹੁੰਦੀਆਂ ਸਨ। ਉਹਨਾ ਵਿਚ ਸੈਂਕੜੇ ਨਹੀਂ ਹਜ਼ਾਰਾਂ ਲਿਆਰੀਆਂ ਮੱਝਾਂ ਗਾਵਾਂ ਹੁੰਦੀਆਂ ਸਨ। ਉਹਨਾਂ ਦੀ ਸੰਭਾਲ ਲਈ ਉਨ੍ਹਾਂ ਨੇ ਛੇੜੂਆਂ ਵਾਂਗ ਡੰਗਰਾ ਵਿਚ ਵਿਚਰਨਾ, ਦੁਧ ਚੋਣੇ ਤੇ ਪੌਣੇ ਰੋਟੀਆਂ ਮੁਹੱਬਤ ਸਿੰਘ ਕਿਆਂ ਪਹੁੰਚਾਉਣੀਆਂ ਕਰਨੀਆਂ ਤੇ ਉਹਨਾਂ ਬੰਦਿਆਂ ਖੁਰਾਕਾਂ ਖਾ ਖਾ ਕੇ ਵਿਹਲਿਆਂ ਰਹਿ-ਰਹਿ ਕੇ ਫਿਰ ਮੋਟੇ ਤਾਜ਼ੇ ਤੇ ਸਰਵੇ ਹੋ ਕੇ ਫਿਰ ਸੰਘਰਸ਼ ਰਾਹੇ ਆਪਣੇ ਕੰਮ ਕਰਦੇ ਚਲੇ ਜਾਣਾ।



ਤੇਜਾ ਸਿੰਘ ਚੂਹੜਕਾਣਾ

ਵੇਰਵਾ ਪੰਨਾ 573 ਤੇ ਪੜ੍ਹੋ



ਸੁਖਵਿੰਦਰ ਸਿੰਘ ਵਿਰਕ ਪੁਤਰ ਕਸਤੂਰ ਸਿੰਘ ਨੋਸ਼ਹਿਰੇ ਵਾਲਾ, ਅਸੰਧ ਕਰਨਾਲ ਰਿਹਾਇਸ਼ ਪਟਿਆਲੇ ਹੈ। ਜਦੋਂ ਮੈਨੂੰ ਪਿਤਾ ਜੀ ਦੇ ਲਗਾਤਾਰ ਬੀਮਾਰ ਰਹਿਣ ਕਰ ਕੇ ਪਟਿਆਲੇ ਤੋਂ ਪ੍ਰੀਵਾਰ ਵਾਪਸ ਲਿਆਉਣਾ ਪਿਆ ਤੇ ਬੱਚੇ ਪਿੰਡ ਸਿਆਣੇ (ਪਹੇਵਾ) ਮਕਾਨ ਬਣਾ ਕੇ ਟਿਕਾਏ ਤਾਂ ਉਸ ਪਿਛੋਂ ਮੇਰੀ ਰਿਹਾਇਸ਼ ਲਈ ਸੁਖਵਿੰਦਰ ਸਿੰਘ ਨੇ ਬੜੇ ਪ੍ਰੇਮ ਨਾਲ ਜ਼ੋਰ ਦੇ ਕੇ ਆਪਣੇ ਪਾਸ ਹੀ ਰੱਖੀ ਅਤੇ ਸਾਲਾਂ ਤੱਕ ਮੈਂ, ਜਥੇਦਾਰ ਹਰਬੰਸ ਸਿੰਘ ਤੇ ਕੋਈ ਹੋਰ ਸੱਜਨ ਵੀ ਜੋ ਇਤਿਹਾਸ ਸਬੰਧੀ ਪਹੁੰਚਿਆ, ਸਭ ਦੀ ਖੇਚਲ ਖਿੜੇ ਮੱਥੇ ਝੱਲਦੇ ਰਹੇ। ਛੋਟੇ ਬੱਚਿਆਂ ਸਮੇਤ ਸਾਰੇ ਪ੍ਰਵਾਰ ਨੇ ਇਤਿਹਾਸ ਪ੍ਰਤੀ ਸੇਵਾ ਅਤੇ ਸ਼ਰਧਾ ਭਾਵ ਨਾਲ ਸੇਵਾ ਕੀਤੀ।



ਕੁਲਬੀਰ ਸਿੰਘ ਵਿਰਕ ਪੁਤਰ ਇਕਬਾਲ ਸਿੰਘ ਮਾਂਗੇ ਵਾਲੇ, ਅਸੰਧ ਰਿਹਾਇਸ਼ ਪਟਿਆਲੇ ਹੈ। ਸੁਖਵਿੰਦਰ ਸਿੰਘ ਵਾਂਗ ਇਸ ਪ੍ਰੀਵਾਰ ਨੇ ਵੀ ਇਤਿਹਾਸ ਦੇ ਕੰਮ ਲਈ ਜਦੋਂ ਵੀ ਲੋੜ ਹੋਈ ਖੇਚਲ ਝੱਲਦੇ ਰਹੇ।

ਇਤਿਹਾਸ ਵੱਲੋਂ ਧੰਨਵਾਦ

1. ਭਾਈ ਮੂਲ ਸਿੰਘ ਗਰਮੂਲਾ (ਪਾਕਿਸਤਾਨ) ਦਾ............ਜਿਸ ਦੇ ਦਿਮਾਗ ਵਿਚ ਇਹ ਇਤਿਹਾਸ ਲਿਖੇ ਜਾਣ ਦਾ ਖਿਆਲ ਫੁੱਟਿਆ।
2. ਨਾਨਕ ਸਿੰਘ ਬਾਠ ਦਾ............ਜਿਸ ਨੇ ਇਸ ਕੰਮ ਵਿਚ ਉਦਮ ਰੱਖਿਆ ਅਤੇ ਉਦੋਂ ਹੀ ਇਸ ਕੰਮ ਦੀ ਸੁਣਾਈ ਕਰਨ ਲਈ ਇਸ਼ਤਿਹਾਰ ਛਾਪ ਕੇ ਵੰਡੇ।
3. ਭਾਈ ਜੀਵਨ ਸਿੰਘ ਚੱਕ ਜੈਦ (ਸੇਖੂਪੁਰਾ) ਪਾਕਿਸਤਾਨ ਦਾ............ਜਿਸ ਨੇ ਜੀਵਨ ਦੇ ਕਈ ਦਹਾਕੇ ਲਾ ਕੇ ਇਸ ਇਤਿਹਾਸ ਲਈ ਤੱਥਾਂ ਰੂਪੀ ਹੀਰੇ ਜਵਾਹਰ ਪਾਕਟ ਨੋਟ-ਬੁੱਕਾਂ ਵਿਚ ਇਕੱਤਰ ਕੀਤੇ।
4. ਗਿਆਨੀ ਗੁਰਇਕਬਾਲ ਸਿਘ ਕੈਪਟਨ ਦਾ...... . ...ਜਿਸ ਨੇ ਉਹਨਾਂ ਹੀਰਿਆਂ ਤੋਂ ਹਾਰ ਬਣਾਏ ਭਾਵ ਤੱਥਾਂ ਨੂੰ ਜਿੰਨੀ ਹੋ ਸਕੀ ਤਰਤੀਬ ਦੇ ਕੇ ਵਾਰਤਕ ਦਾ ਰੂਪ ਦਿੱਤਾ।
5. ਗਿਆਨੀ ਜੀ ਦੇ ਲੜਕੇ ਪਰਮਿੰਦਰ ਸਿੰਘ ਅਤੇ ਨੂੰਹ ਸਰਬਜੀਤ ਕੌਰ ਫੌਜੀ ਕਾਲੋਨੀ ਬਾਜਪੁਰ (ਯੂ. ਪੀ.) ਦਾ, ਜਿੰਨਾ ਗਿਆਨੀ ਜੀ ਦੇ ਅਕਾਲ ਚਲਾਣੇ ਮਗਰੋਂ ਕਈ ਵਰੇ ਤੱਕ ਇਤਿਹਾਸ ਦੇ ਖਰੜੇ ਨੂੰ ਸੰਭਾਲ ਕੇ ਰਖਿਆ। ਕੌਮ ਸਦਾ ਹੀ ਉਹਨਾਂ ਦੀ ਧੰਨਵਾਦੀ ਰਹੇਗੀ। ਇਹਨਾਂ ਦੀ ਪੂਰੇ ਪ੍ਰਵਾਰ ਦੀ ਫੋਟੋ ਲਾਉਣ ਦੀ ਮੇਰੀ ਬਹੁਤ ਤਮੰਨਾ ਹੈ। ਜਥੇਦਾਰ ਜੀ ਨੂੰ ਬਹੁਤ ਜ਼ੋਰ ਦੇ ਕੇ ਕਿਹਾ ਹੈ ਕਿ ਉਥੇ ਬਾਜਪੁਰ ਜਾ ਕੇ ਲਿਆ ਦਿਓ। ਪਰ ਉਹ ਢਿੱਲ ਮੱਠ ਕਰ ਰਹੇ ਹਨ। ਵੇਖੋ ਜੇ ਲੈ ਆਏ ਤਾਂ ਵਧੀਆ ਏ ਨਹੀਂ ਤਾਂ ਮੇਰੀ ਇਹ ਖਾਹਸ਼ ਅਧੂਰੀ ਹੀ ਰਹੇਗੀ।
6. ਜਥੇਦਾਰ ਹਰਬੰਸ ਸਿੰਘ ਡਾਚਰ ਦਾ............ਜਿਸ ਨੇ ਉਥੇ ਖਰੜਾ ਵੇਖ ਕੇ ਇਸ ਨੂੰ ਛਪਵਾਉਣ ਦੀ ਲਗਣ ਕੀਤੀ ਅਤੇ ਕੁਝ ਕੋਲੋਂ ਵੀ ਖਰਚ ਲਾਇਆ ਹੈ।
7. ਮੈਂ ਲਗਾਤਾਰ ਪੰਜ ਸਾਲ ਆਪਣੇ ਘਰ ਦਾ ਕੰਮ ਬਿਲਕੁਲ ਛੱਡ ਕੇ, ਏਦਾਂ ਲੱਖਾਂ ਰੁਪਏ ਦਾ ਘਰ ਦਾ ਨੁਕਸਾਨ ਕਰ ਕੇ, ਘਰੋਂ ਗੈਰ ਹਾਜ਼ਰ ਰਹਿ ਰਹਿ ਕੇ, ਪ੍ਰਵਾਰਕ ਤਕਲੀਫ਼ਾਂ ਸਹਿ ਸਹਿ ਕੇ ਅਤੇ ਫਿਰ ਹੋਰ ਪੈਸੇ ਕੋਲੋਂ ਲਾ ਲਾ ਕੇ ਇਸ ਕੰਮ ਨੂੰ ਸਿਰੇ ਚੜ੍ਹਾਇਆ। ਮੈਂ ਆਪਣੇ ਪ੍ਰਵਾਰ ਦਾ ਧੰਨਵਾਦੀ ਹਾਂ ਜਿਨ੍ਹਾਂ ਮੇਰੀ ਇਤਿਹਾਸ ਵਲ ਲਗਣ ਹੋਣ ਕਰ ਕੇ ਬਹੁਤ ਤਕਲੀਫਾਂ ਸਹੀਆਂ ਹਨ।
8. ਪਟਿਆਲੇ ਸ਼ਹਿਰ ਵਿਚ ਅਸੰਧ (ਕਰਨਾਲ) ਦੇ ਦੋ ਮੇਰੇ ਅਜ਼ੀਜ਼ ਪ੍ਰਵਾਰਾਂ ਦਾ............(1) ਸੁਖਵਿੰਦਰ ਸਿੰਘ ਪੁਤਰ ਕਸਤੂਰ ਸਿੰਘ ਨੌਸ਼ਹਿਰੇ ਵਾਲੇ (2) ਕੁਲਬੀਰ ਸਿੰਘ ਪੁੱਤਰ ਇਕਬਾਲ ਸਿੰਘ ਮਾਂਗੇ ਵਾਲੇ (3) ਭੁਪਿੰਦਰ ਸਿੰਘ ਅਤੇ ਪਰਮਜੀਤ ਸਿੰਘ ਪੁੱਤਰ ਅਮਰੀਕ ਸਿੰਘ ਮਨੇਸ ਪਿੰਡ ਦਾਤਾਲ (ਪਾਤੜਾਂ) ਇਹਨਾਂ ਸਭ ਦੇ ਸਨੇਹ ਅਤੇ ਸਹਿਯੋਗ ਸਦਕਾ ਮੈਨੂੰ ਪਟਿਆਲਾ ਓਪਰਾ ਲਗਾ ਹੀ ਨਹੀਂ ਸਮਾਂ ਆਰਾਮ ਨਾਲ ਕੱਟ ਗਿਆ।
9. ਅਖਬਾਰਾਂ ਵਾਲਿਆਂ ਦਾ..... ਜੋ ਇਸ ਕੰਮ ਦੀ ਸੁਣਾਈ ਵਾਸਤੇ ਖਬਰ ਦੇ ਤੌਰ ਤੇ ਇਸ ਬਾਰੇ ਛਾਪਦੇ ਰਹੇ।
10. ਉਹਨਾਂ ਸੱਜਨਾਂ ਦਾ ਜੋ ਡਾਕ ਰਾਹੀਂ ਜਾਂ ਆਪ ਮਿਲ ਮਿਲ ਕੇ ਬਹੁਤ ਕੀਮਤੀ ਇਤਿਹਾਸਕ ਮਸਾਲਾ ਦੇਂਦੇ ਰਹੇ।
11. ਜਦੋਂ ਪਟਿਆਲੇ ਵਿਚ 1993 ਵਿਚ ਭਿਆਨਕ ਹੜ ਆਏ ਤਾਂ ਸ਼ਹਿਰ ਵਿਚ ਕਮਰਿਆਂ ਵਿਚ ਬੰਦੇ ਬੰਦੇ ਨਾਲੋਂ ਵੀ ਵਧ ਕਈ ਥਾਈਂ ਪਾਣੀ ਫਿਰਿਆ ਉਸ ਵੇਲੇ ਤਕ ਲਗਪਗ ਪੌਣੇ ਸਤ ਸੌ ਪੰਨਾ ਛਪ ਕੇ ਸਾਰਾ ਛਪਿਆ ਕਾਗਜ਼ ਕਿਸ਼ਨ ਸਿੰਘ ਬਾਈਡਰ ਦੇ ਘਰ ਪਿਆ ਹੋਇਆ ਸੀ ਉਸ ਦੇ ਸਾਰੇ ਪ੍ਰਵਾਰ ਨੇ ਲੱਗ ਕੇ ਨਾਲ ਹੋਰ ਗਵਾਂਢੀਆਂ ਨੂੰ ਵੀ ਲਾ ਕੇ ਆਪਣਾ ਸਾਮਾਨ ਪਰਛਤੀਆਂ ਤੇ ਉਚੇ ਸੈਲਫਾਂ ਤੋਂ ਲਾਹ ਲਾਹ ਕੇ ਥੱਲੇ ਸਟਿਆ ਅਤੇ ਇਤਿਹਾਸ ਨੂੰ ਚੁੱਕ ਚੁੱਕ ਕੇ ਉਹਨਾਂ ਉਚੇ ਪਰਛਤਿਆਂ ਤੇ ਧਰਿਆ। ਬਾਕੀ ਜਿੰਨਾ ਸਾਮਾਨ ਪ੍ਰੈਸ ਤੇ ਪਿਆ ਸੀ ਉਹ ਪ੍ਰੈਸ ਵਾਲੇ ਜੋਗਿੰਦਰ ਸਿੰਘ ਅਤੇ ਉਹਦੇ ਪ੍ਰਵਾਰ ਨੇ ਏਦਾਂ ਹੀ ਬਚਾਇਆ। ਇਹਨਾਂ ਦੋਹਾਂ ਪ੍ਰਵਾਰਾਂ ਦਾ ਵੀ ਇਤਿਹਾਸ ਉਚੇਚੇ ਤੌਰ ਤੇ ਧੰਨਵਾਦੀ ਹੈ। ਸ਼ਾਬਾਸ਼!
12. ਜਥੇਦਾਰ ਅਵਤਾਰ ਸਿੰਘ ਰੱਡਕ ਅਤੇ ਜਥੇਦਾਰ ਰਘਬੀਰ ਸਿੰਘ ਠਰੀ ਦਾ......ਇਹਨਾਂ ਜਥੇਦਾਰ ਹਰਬੰਸ ਸਿੰਘ ਡਾਚਰ ਦਾ ਹੋਰ ਸਜਨਾਂ ਦੇ ਨਾਲ ਮਾਇਆ ਦੀ ਉਗਰਾਹੀ ਕਰਣ ਵਿਚ ਬਹੁਤ ਸਾਥ ਦਿਤਾ।
13. ਬਹੁਤ ਸਜਨਾਂ ਨੇ ਮਾਇਆ ਨਾਲ ਇਤਿਹਾਸ ਦੀ ਸਹਾਇਤਾ ਕੀਤੀ ਹੈ। ਧੰਨਵਾਦ।
14. ਉਸ ਪਰਮ ਪਿਤਾ ਪ੍ਰਮਾਤਮਾ ਦਾ, ਜਿਸ ਨੇ ਮੈਨੂੰ ਏਨਾ ਕੁ ਸਰੀਰਕ ਤੇ ਮਨੋਬਲ ਬਖਸ਼ੀ ਰਖਿਆ ਜਿਨ੍ਹਾਂ ਨਾਲ ਮੈਂ ਵਰ੍ਹਿਆਂ ਤਕ ਬਿਖੜੇ ਪੈਂਡੇ ਤੇ ਤੁਰ ਸਕਿਆ ਤੇ ਇਹ ਕੰਮ ਸਿਰੇ ਚੜ੍ਹਿਆ।

—ਭਗਵੰਤ ਸਿੰਘ 'ਅਜ਼ਾਦ'



ਸਾਂਦਲਬਾਰ ਦੇ ਕੁਝ ਪਿੰਡਾਂ ਦਾ ਨਕਸ਼ਾ

Printed at : PACER Printers. Virk Colony Near Bajwa Colony, Patiala-147001